PUNJAB VIDHAN SABHA

DEBATES

21st March, 1972

Vol. I—No. 1

OFFICIAL REPORT

CONTENTS

Tuesday, the 21st March, 1972

Punjab Vidhan Sabha Secretariat, Chandigarh.

Price Rs. [illegible]

PRINCIPAL OFFICERS OF THE PUNJAB VIDHAN SABHA

Speaker

Sardar Darbara Singh, B.Sc., Eng. (Nakodar)

Deputy Speaker

Dr. Kewal Krishan (Mukerian)

Secretary

Shri Krishen Swaroop

Deputy Secretaries

1. Sardar Partap Singh
2. Shri N. N. Dhar

List of Members of the Punjab Vidhan Sabha

Chief Minister

1. Giani Zail Singh, Chief Minister.

Ministers

1.	Captain Rattan Singh,	Development Minister.
2.	Sardar Umrao Singh,	Education Minister.
3.	Shri Hans Raj Sharma,	Finance Minister.
4.	Shri Gurmail Singh,	Irrigation and Power Minister

Ministers of State

1.	Shri Gian Chand Kharbanda,	Minister of State for Food and Supplies.
2.	Shri Joginder Pal Pandey,	Minister of State for Local Government and Jails.

Deputy Ministers

1.	Sardar Nasib Singh Gill	Deputy Minister, Home and Industries.
2.	Sardar Santokh Singh Randhawa,	Deputy Minister, Development, Excise and Taxation.
3.	Miss Sarla Prasher	Deputy Minister, Education.

Parliamentary Secretary

1.	Sardar Gurmej Singh	Parliamentary Secretary.

Advocate General

1. Sardar Joginder Singh Wasu.

Alphabetical List of Members showing their Party/Group affiliation in the Punjab Vidhan Sabha, Constituencies and Districts

Serial No.	Name of Member	Party/ Group affiliation	Constituency	District
1	2	3	4	5
1	Achhra Singh, Comrade ..	C.P.I.	Dhuri	Sangrur
2	Ajaib Singh Sandhu, Sardar ..	S.A.D.	Morinda (S.C.)	Ropar
3	Amir Singh Kalkat, Dr. ..	Cong.	Tanda	Hoshiarpur
4	Arjan Singh Litt, Giani ..	S.A.D.	Qila Raipur	Ludhiana
5	Arjan Singh Mastana, Comrade ..	C.P.I.	Valtoha	Amritsar
6	Balbir Singh, Sardar ..	Cong.	Jullundur Cantt.	Jullundur
7	Balmukand Sharma, Shri ..	Cong.	Ferozepur	Ferozepur
8	Bal Ram, Chaudhri	Cong.	Abohar	Ferozepur
9	Balwinder Singh Bhunder, Sardar	S.A.D.	Sardulgarh	Bhatinda
10	Basant Singh Khalsa, Sardar ..	S.A.D.	Dakha (S.C.)	Ludhiana
11	Beant Singh, Sardar ..	Cong.	Payal	Ludhiana
12	Brij Lal Goel, Shri ..	Cong.	Rajpura	Patiala
13	Brish Bhan, Shri ..	Cong.	Lehra	Sangrur
14	Chand Singh Chopra Master, Comrade	C.P.I.(M)	Sherpur (S.C.)	Sangrur
15	Dalip Chand, Master ..	Ind.	Balachaur	Hoshiarpur
16	Dana Ram, Comrade ..	C.P.I.	Lambi (S.C.)	Ferozepur
17	Darbara Singh, Sardar ..	Cong.	Nakodar	Jullundur
18	Darshan Singh Canadian, Comrade	C.P.I.	Garhshankar	Hoshiarpur
19	Darshan Singh, Chaudhri ..	Cong.	Nurmahal	Jullundur
20	Darshan Singh, K.P., Sardar ..	Cong.	Jamsher (S.C.)	Jullundur
21	Dhanna Singh Gulshan, Sardar	S.A.D.	Nathana (S.C.)	Bhatinda
22	Dilbagh Singh, Sardar ..	Cong.	Nawanshahar	Jullundur
23	Dilbagh Singh Daleke, Sardar ..	Cong.	Tarn Taran	Amritsar
24	Gian Chand Kharbanda, Shri ..	Cong	Amritsar East	Amritsar
25	Guran Das Hans, Bhagat ..	Cong.	Sham Chaurasi (S.C.)	Hoshiarpur
26	Gurbachan Singh, Jathedar ..	S.A.D.	Sunam	Sangrur
27	Gurbachan Singh, Sardar ..	Cong.	Ropar	Ropar

1	2	3	4	5
28	Gurbakhsh Singh Sibia, Sardar	Cong.	Sangrur	Sangrur
29	Gurbanta Singh, Master ..	Cong.	Kartarpur (S.C.)	Jullundur
30	Gurbrinder Kaur Brar, Mrs. ..	Cong.	Malout	Ferozepur
31	Gurcharan Singh Nihalsinghwala, Sardar	Cong.	Baghapurana	Ferozepur
32	Gurdarshan Singh, Sardar ..	Cong.	Nabha	Patiala
33	Gurdev Kaur Gill, Mrs. ..	Cong.	Moga	Ferozepur
34	Gurdev Singh Badal, Sardar ..	S.A.D.	Faridkot (S.C.)	Bhatinda
35	Gurdev Singh Bakhshiwala, Sardar	Cong.	Budhlada	Bhatinda
36	Gurdev Singh Sidhu, Sardar ..	S.A.D.	Samana (S.C.)	Patiala
37	Gurdial Saini, Shri ..	Cong.	Jullundur (North)	Jullundur
38	Gurdit Singh, Sardar ..	Cong.	Attari (S.C.)	Amritsar
39	Gurmail Singh, Shri ..	Cong.	Mahilpur (S.C.)	Hoshiarpur
40	Gurmej Singh, Sardar ..	Cong.	Verka (S.C.)	Amritsar
41	Hans Raj Sharma, Shri ..	Cong.	Banur	Patiala
42	Harbans Singh Jalal, Sardar ..	S.A.D.	Phul	Bhatinda
43	Harbhajan Singh, Doctor ..	Ind.	Adampur	Jullundur
44	Harchand Singh, Sardar ..	Cong.	Amloh (S.C.)	Patiala
45	Harcharan Singh, Sardar ..	Cong.	Ajnala	Amritsar
46	Jagat Ram, Chaudhri ..	Cong.	Banga (S.C.)	Jullundur
47	Jagdev Singh Talwandi, Sardar	S.A.D.	Raikot	Ludhiana
48	Jai Muni, Shri ..	Cong.	Dinanagar (S.C.)	Gurdaspur
49	Jangir Singh Joga, Comrade ..	C.P.I.	Mansa	Bhatinda
50	Jasdev Singh Sandhu, Sardar ..	S.A.D.	Dakala	Patiala
51	Jaswant Kaur, Shrimati ..	Cong.	Khadoor Sahib	Amritsar
52	Jaswinder Singh Brar, Sardar ..	S.A.D.	Kotkapura	Bhatinda
53	Joginder Pal Pandey, Shri ..	Cong.	Ludhiana (South)	Ludhiana
54	Kanshi Ram, Chaudhri ..	Cong.	Fazilka	Ferozepur
55	Karnail Singh Marhari, Sardar	S.A.D.	Jandiala (S.C.)	Amritsar
56	Kesho Ram Goel, Shri ..	Cong.	Bhatinda	Bhatinda
57	Kewal Krishan, Doctor ..	Cong.	Mukerian	Hoshiarpur
58	Khushhal Bahl, Shri ..	Cong.	Gurdaspur	Gurdaspur
59	Kirpal Singh Dhillon, Sardar ..	Cong.	Kapurthala	Kapurthala
60	Kirpal Singh Randhawa, Sardar	Cong.	Majitha	Amritsar

1	2	3	4	5
61	Kulwant Kaur, Shrimati ..	S.A.D.	Dharamkot	Ferozepur
62	Kundan Singh Patang Giani ..	S.A.D.	Bhadaur (S.C.)	Sangrur
63	Kundan Singh, Master ..	Cong.	Hoshiarpur	Hoshiarpur
64	Lachhman Singh, Sardar ..	Cong.	Guru Har-Sahai	Ferozepur
65	Mehtab Singh Nokerian, Comrade	C.P.I.	Jallalabad	Ferozepur
66	Mohinder Singh Sayanwala, Sardar	S.A.D.	Ferozepur Cantt.	Ferozepur
67	Nasib Singh Gill, Sardar ..	Cong.	Zira	Ferozepur
68	Parkash Singh Badal, Sardar ..	S.A.D.	Gidderbaha	Ferozepur
69	Partap Chand Bhandari, Shri ..	Cong.	Amritsar Central	Amritsar
70	Piara Ram Dhanowali, Shri ..	Cong.	Phagwara (S.C.)	Kapurthala
71	Pirthipal Singh, Sardar ..	Cong.	Amritsar South	Amritsar
72	Prehlad Singh, Sardar ..	S.A.D.	Samrala	Ludhiana
73	Prem Gupta, Shri	Cong.	Patiala	Patiala
74	Prem Singh Prem, Sardar ..	Cong.	Raipur	Patiala
75	Prithvi Singh Azad, Acharya ..	Cong.	Khanna (S.C.)	Ludhiana
76	Raj Kumar, Comrade ..	C.P.I.	Dhariwal	Gurdaspur
77	Ram Singh, Chaudhri ..	Cong.	Pathankot	Gurdaspur
78	Randhir Singh Cheema, Sardar	S.A.D.	Sirhind	Patiala
79	Rattan Singh, Captain ..	Cong.	Kum Kalan	Ludhiana
80	Sadhu Singh, Sardar ..	Cong.	Sultanpur	Kapurthala
81	Saghar Singh, Comrade ...	C.P.I.	Nihalsingh-wala (S.C.)	Ferozepur
82	Sajida Begum, Shrimati ..	Cong.	Malerkotla	Sangrur
83	Santokh Singh Randhawa, Sardar	Cong.	Fatehgarh	Gurdaspur
84	Sardari Lal Kapur, Shri ..	Cong.	Ludhiana North	Ludhiana
85	Sarla Prasher, Miss ..	Cong.	Nangal	Ropar
86	Satnam Singh Bajwa, Sardar ..	S.A.D.	Qadian	Gurdaspur
87	Satpal Singh Randhawa, Sardar	Cong.	Dasuya	Hoshiarpur
88	Satya Pal Dang, Comrade ..	C.P.I.	Amritsar West	Amritsar
89	Shamsher Singh Josh, Comrade	C.P.I.	Kharar	Ropar
90	Sohan Singh Jalalusman, Jathedar	Cong.	Beas	Amritsar
91	Sukhdev Singh Dhillon, Sardar..	S.A.D.	Talwandi Sabo	Bhatinda
92	Sukhdev Singh Dhindsa, Sardar	S.A.D.	Dhanaula	Sangrur
93	Sunder Singh, Chaudhri ..	Cong.	Narot Mehra (S.C.)	Gurdaspur

1	2	3	4	5
94	Surinder Singh Kairon, Sardar ..	Cong.	Patti	Amritsar
95	Surjit Singh Atwal, Sardar ..	Cong.	Phillaur	Jullundur
96	Surjit Singh, Sardar ..	S.A.D.	Barnala	Sangrur
97	Surjit Singh Sidhu, Sardar ..	S.A.D.	Pakka Kalan	Bhatinda
98	Tara Singh Chheena, Sardar ..	S.A.D.	Jagraon	Ludhiana
99	Ujagar Singh, Sardar ..	Cong.	Muktsar(S.C.)	Ferozepur
100	Umrao Singh, Sardar ..	Cong.	Bara Pind	Jullundur
101	Vishva Mittar Sekhri, Shri ..	Cong.	Batala	Gurdaspur
102	Waryam Singh Bhagowalia, Sardar	Cong.	Srihargobind Pur	Gurdaspur
103	Yash Pal, Shri ..	Cong.	Jullundur South	Jullundur
104	Zail Singh, Giani ..	Cong.	Anandpur Sahib	Ropar

Party-wise break-up

	Name of Party		*Strength*
1.	Congress	..	66
2.	Shiromani Akali Dal	..	25
3.	Communist Party of India	..	10
4.	Communist Party of India (Marxist)	..	1
5.	Independents	..	2
	Total	..	104

PUNJAB VIDHAN SABHA

(First Session of the Sixth Punjab Vidhan Sabha)

Tuesday the 21st March, 1972

The Vidhan Sabha met in the Punjab Vidhan Sabha Hall, Vidhan Bhavan, Sector-1, Chandigarh, at 2-00 p.m. of the Clock. Mr. Acting Speaker (Sardar Darbara Singh) in the Chair.

ANNOUNCEMENT BY THE SECRETARY REGARDING THE APPOINTMENT OF SARDAR DARBARA SINGH M.L.A., AS ACTING SPEAKER ETC.

ਸ੍ਰੀ ਸਕੱਤਰ : ਮੈਂ ਸਦਨ ਨੂੰ ਸੂਚਨਾ ਦੇਣੀ ਹੈ ਕਿ ਰਾਜਪਾਲ ਨੇ ਭਾਰਤ ਦੇ ਸੰਵਿਧਾਨ ਦੇ ਅਨੁਛੇਦ 188 ਦੁਆਰਾ ਉਨ੍ਹਾਂ ਨੂੰ ਸੌਂਪੀਆਂ ਗਈਆਂ ਸ਼ਕਤੀਆਂ ਦਾ ਪ੍ਰਯੋਗ ਕਰਦੇ ਹੋਇਆਂ ਸਰਦਾਰ ਦਰਬਾਰਾ ਸਿੰਘ, ਐਮ.ਐਲ.ਏ. ਨੂੰ ਅਜਿਹੇ ਵਿਅਕਤੀ ਦੇ ਤੌਰ ਤੇ ਨਿਯੁਕਤ ਕੀਤਾ ਹੈ ਜਿਨ੍ਹਾਂ ਦੇ ਸਾਮ੍ਹਣੇ ਪੰਜਾਬ ਵਿਧਾਨ ਸਭਾ ਦਾ ਹਰ ਮੈਂਬਰ ਆਪਣੀ ਥਾਂ ਲੈਣ ਤੋਂ ਪਹਿਲਾਂ, ਨਿਯਤ ਸਹੁੰ ਚੁਕੇਗਾ/ਪ੍ਰਤਿਗਿਆ ਕਰੇਗਾ ।

ਮੈਂ ਸਦਨ ਨੂੰ ਇਹ ਵੀ ਸੂਚਨਾ ਦੇਣੀ ਹੈ ਕਿ ਰਾਜਪਾਲ ਨੇ ਭਾਰਤ ਦੇ ਸੰਵਿਧਾਨ ਦੇ ਅਨੁਛੇਦ 180(1) ਦੁਆਰਾ ਉਨ੍ਹਾਂ ਨੂੰ ਸੌਂਪੀਆਂ ਗਈਆਂ ਸ਼ਕਤੀਆਂ ਦਾ ਪ੍ਰਯੋਗ ਕਰਦੇ ਹੋਇਆਂ ਸਰਦਾਰ ਦਰਬਾਰਾ ਸਿੰਘ ਐਮ.ਐਲ.ਏ. ਨੂੰ ਅਨੁਛੇਦ 178 ਅਧੀਨ ਸਪੀਕਰ ਦੇ ਚੁਣੇ ਜਾਣ ਤਕ ਪੰਜਾਬ ਵਿਧਾਨ ਸਭਾ ਦੇ ਸਪੀਕਰ ਦੇ ਅਹੁਦੇ ਦੇ ਫ਼ਰਜ਼ ਨਿਭਾਉਣ ਲਈ ਨਿਯੁਕਤ ਕੀਤਾ ਹੈ ।

OATH OR AFFIRMATION BY MEMBERS

Mr. Acting Speaker : Now the Members will make and subscribe the Oath/Affirmation under Article 188 of the Constitution of India.

(The following Members made and subscribed the Oath/Affirmation) :—

1	2	3
	AMRITSAR DISTRICT	
1	Arjan Singh Mastana, Comrade	Valtoha
2	Dilbagh Singh Daleke, Sardar	Taran Taran
3	Gian Chand Kharbanda, Shri	Amritsar East
4	Gurdit Singh, Sardar	Attari (S.C.)
5	Gurmej Singh, Sardar	Verka (S.C.)
6	Harcharan Singh, Sardar	Ajnala
7	Jaswant Kaur, Shrimati	Khadoor Sahib
8	Karnail Singh Marhari, Sardar	Jandiala (S.C.)
9	Kirpal Singh Randhawa, Sardar	Majitha
10	Partap Chand, Bhandari, Shri	Amritsar Central
11	Pirthipal Singh, Sardar	Amritsar South
12	Satyapal Dang, Comrade	Amritsar West
13	Sohan Singh Jalalusman, Jathedar	Beas
14	Surinder Singh Kairon, Sardar	Patti
	BHATINDA DISTRICT	
15	Balwinder Singh Bhunder, Sardar	Sardulgarh
16	Dhanna Singh Gulshan, Sardar	Nathana (S.C.)
17	Gurdev Singh Badal Sardar	Faridkot (S.C.)
18	Gurdev Singh Bakhshiwala, Sardar	Budhlada
19	Harbans Singh Jalal, Sardar	Phul
20	Jangir Singh Joga, Comrade	Mansa
21	Jaswinder Singh Brar, Sardar	Kotkapura
22	Kesho Ram Goel, Shri	Bhatinda
	BHATINDA DISTRICT—Concld	
23	Sukhdev Singh Dhillon, Sardar	Talwandi Sabo
24	Surjit Singh Sidhu, Sardar	Pakka Kalan
	FEROZEPUR DISTRICT	
25	Balmukand Sharma, Shri	Ferozepur
26	Bal Ram, Chaudhri	Abohar
27	Dana Ram, Comrade	Lambi (S.C.)
28	Gurbrinder Kaur Brar, Mrs.	Malout
29	Gurcharan Singh Nihalsinghwala, Sardar	Baghapurana
30	Gurdev Kaur Gill, Mrs.	Moga
31	Kanshi Ram Chaudhri	Fazilka
32	Kulwant Kaur, Shrimati	Dharamkot
33	Lachhman Singh Sardar	Guru Harsahai
34	Mehtab Singh Nokerian, Comrade	Jallalabad
35	Mohinder Singh Sayanwala, Sardar	Ferozepur Cantt,
36	Nasib Singh Gill, Sardar	Zira
37	Parkash Singh Badal, Sardar	Gidderbaha
38	Saghar Singh, Comrade	Nihalsinghwala (S.C.)
39	Ujagar Singh, Sardar	Muktsar (S.C.)
	GURDASPUR DISTRICT	
40	Jai Muni, Shri	Dinanagar (S.C.)
41	Khushhal Bahl, Shri	Gurdaspur
42	Raj Kumar, Comrade	Dhariwal
43	Ram Singh, Chaudhri	Pathankot
44	Santokh Singh Randhawa, Sardar	Fatehgarh

1	2	3
	GURDASPUR DISTRICT—concld.	
45	Satnam Singh Bajwa, Sardar	Qadian
46	Sunder Singh, Chaudhri	Narot Mehra (S.C.)
47	Vishwa Mitter Sekhri, Shri	Batala
48	Waryam Singh Bhagowalia, Sardar	Srihargobindpur
	HOSHIARPUR DISTRICT	
49	Amir Singh Kalkat, Doctor	Tanda
50	Dalip Chand, Master	Balachaur
51	Darshan Singh Canadian, Comrade	Garhshanker
52	Guran Dass Hans, Bhagat	Shamchaurasi (S.C.)
53	Gurmail Singh, Shri	Mahilpur (S.C.)
54	Kewal Krishan, Doctor	Mukerian
55	Kundan Singh, Master	Hoshiarpur
56	Satpal Singh Randhawa, Sardar	Dasuya
	JULLUNDUR DISTRICT	
57	Balbir Singh, Sardar	Jullundur Cantt.
58	Darshan Singh, Chaudhri	Nurmahal
59	Darshan Singh K. P., Sardar	Jamsher (S.C.)
60	Dilbagh Singh, Sardar	Nawanshahar
61	Gurbanta Singh, Master	Kartarpur (S.C)
62	Gurdial Saini, Shri	Jullundur North
63	Harbhajan Singh, Doctor	Adampur
64	Jagat Ram, Chaudhri	Banga (S.C.)
65	Surjit Singh Atwal, Sardar	Phillaur

1	2	3
	JULLUNDUR DISTRICT—concld	
66	Umrao Singh Sardar	Bara Pind
67	Yash Pal, Shri	Jullundur South
	KAPURTHALA DISTRICT	
68	Kirpal Singh Dhillon, Sardar	Kapurthala
69	Piara Ram Dhanowali, Shri	Phagwara (S.C.)
70	Sadhu Singh, Sardar	Sultanpur
	LUDHIANA DISTRICT	
71	Arjan Singh, Litt, Giani	Qila Raipur
72	Basant Singh Khalsa, Sardar	Dakha (S.C.)
73	Beant Singh, Sardar	Payal
74	Jagdev Singh Talwandi, Sardar	Raikot
75	Joginder Pal Pandey, Shri	Ludhiana South
76	Prehlad Singh, Sardar	Samrala
77	Prithvi Singh Azad, Acharya	Khanna (S.C.)
78	Rattan Singh, Captain	Kum Kalan
79	Tara Singh Chheena, Sardar	Jagraon
	PATIALA DISTRICT	
80	Brij Lal Goel, Shri	Rajpura
81	Gurdarshan Singh, Sardar	Nabha
82	Gurdev Singh, Sidhu, Sardar	Samana (S.C.)
83	Hans Raj Sharma, Shri	Banur
84	Harchand Singh, Sardar	Amloh (S.C.)
85	Jasdev Singh Sandhu, Sardar	Dakala
86	Prem Gupta, Shri	Patiala
87	Prem Singh Prem Sardar	Raipur

1	2	3
	PATIALA DISTRICT—Concld	
88	Randhir Singh Cheema, Sardar	Sirhind
	ROPAR DISTRICT	
89	Ajaib Singh Sandhu, Sardar	Morinda (S.C.)
90	Gurbachan Singh, Sardar	Ropar
91	Sarla Prasher, Miss	Nangal
92	Shamsher Singh Josh, Comrade	Kharar
93	Zail Singh, Giani	Anandpur Sahib
	SANGRUR DISTRICT	
94	Achhra Singh, Comrade	Dhuri
	SANGRUR DISTRICT—Concld	
95	Brish Bhan, Shri	Lehra
96	Chand Singh Chopra Master Comrade	Sherpore (S.C.)
97	Gurbachan Singh Lakhmirwala, Jathedar	Sunam
98	Gurbakhsh Singh Sibia, Sardar	Sangrur
99	Kundan Singh Patang, Giani	Bhadaur (S.C.)
100	Sajida Begum, Shrimati	Malerkotla
101	Sukhdev Singh Dhindsa, Sardar	Dhanaula

ਸ੍ਰੀ ਸਪੀਕਰ : ਜਿਹੜੇ ਮੈਂਬਰ ਅੱਜ ਓਥ ਨਹੀਂ ਲੈ ਸਕੇ ਉਹ ਕੱਲ ਮਿਤੀ 22 ਮਾਰਚ, 1972 ਨੂੰ ਸਵੇਰੇ 11.00 ਵਜੇ ਓਥ ਲੈ ਲੈਣਗੇ । (Those hon. Members who have not made and subscribed the Oath/Affirmation to-day, will do so tomorrow, the 22nd March, 1972 at 11.00 a.m.)

The House stands adjourned till 11.00 a. m. on Wednesday, the 22nd March, 1972.

3.35 P.M. | *(The House then adjourned till 11-00 a. m. on Wednesday, the 22nd March, 1972.)*

228--13.9.72--306--Pb. Govt. Press, Patiala

PUNJAB VIDHAN SABHA

DEBATES

22nd March, 1972

Vol. I—No. 2

OFFICIAL REPORT

CONTENTS

Wednesday, the 22nd March, *1972*

ERRATA

To

Punjab Vidhan Sabha Debates,

Dated 22nd March, 1972.

Vol. I-No. 2

Read	*For*	*Page*	*Line*
ਹੁਣ	ਹਣ	(2)6	20
ਕੁਰਸੀ	ਕਰਸੀ	(2)9	20
ਅਹੌਦੇ ਨੂੰ	ਔਹਦੇ	(2)10	7
ਮੁਤਫ਼ਿਕ	ਮਤਫਿਕ	(2)13	15

PUNJAB VIDHAN SABHA

Wednesday, the 22nd March, 1972

The Vidhan Sabha met in the Punjab Vidhan Sabha Hall. Vidhan Bhavan. Chandigarh-1, at 11 .00 a.m. of the Clock. Mr. Acting Speaker (Sardar Darbara Singh) in the Chair.

OATH OR AFFIRMATION BY MEMBERS

ਸ੍ਰੀ ਐਕਟਿੰਗ ਸਪੀਕਰ : ਕੱਲ ਪਰਤਿਗਿਆ/ਸੌਂਹ ਚੁਕਣ ਵੇਲੇ ਕੁਝ ਆਨਰੇਬਲ ਮੈਂਬਰਜ਼ ਰਹਿ ਗਏ ਸਨ । ਹੁਣ ਉਹ ਪ੍ਰਤਿਗਿਆ/ ਸੌਂਹ ਚੁਕਣਗੇ । ਸਰਦਾਰ ਸੁਰਜੀਤ ਸਿੰਘ ਜੀ ।
(Yesterday some hon. Members could not make and subscribe the Oath or Affirmat on. They may do so now. Sardar Surjit Singh Jee)

[ਇਸ ਵਕਤ ਸਰਦਾਰ ਸੁਰਜੀਤ ਸਿੰਘ (ਬਰਨਾਲਾ) ਨੇ ਪ੍ਰਤਿਗਿਆ/ਸੌਂਹ ਚੁਕੀ]

ELECTION OF SPEAKER

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) **:** ਸ੍ਰੀਮਾਨ ਜੀ, ਮੈਂ ਤਜਵੀਜ਼ ਕਰਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ, ਪੰਜਾਬ ਵਿਧਾਨ ਸਭਾ ਦੇ ਮੈਂਬਰ, ਜੋ ਇਸ ਸਮੇਂ ਇਥੇ ਹਾਜ਼ਰ ਹਨ, ਸਪੀਕਰ ਦੀ ਕੁਰਸੀ ਤੇ ਬਿਰਾਜਮਾਨ ਹੋਣ । (ਤਾੜੀਆਂ)

ਸਰਦਾਰ ਜਸਵਿੰਦਰ ਸਿੰਘ ਬਰਾੜ : ਮੈਂ ਇਸ ਗੱਲ ਦੀ ਤਾਈਦ ਕਰਦਾ ਹਾਂ । (ਤਾੜੀਆਂ)

Mr. Acting Speaker : Motion moved by the Leader of the House and seconded by the Leader of the Opposition is—

> That Sardar Darbara Singh, a Member of the Punjab Legislative Assembly, who is present in the House, do take the Chair, as the Speaker of the Assembly.

Mr. Acting Speaker: Is there any other proposal ?

Voices: No, no.

Mr. Acting Speaker: Since the name of no other Member has been proposed, I declare Sardar Darbara Singh elected as Speaker and call upon him to take the Chair. (Thumping)

(At this stage Mr. Speaker who was already in the Chair as Acting Speaker, rose in his seat and occupied the Chair again).

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ): ਸਪੀਕਰ ਸਾਹਿਬ, ਮੈਂ ਆਪ ਜੀ ਨੂੰ ਇਸ ਉਚੀ ਪਦਵੀ ਤੇ ਚੁਣੇ ਜਾਣ ਦੀ ਵਧਾਈ ਦਿੰਦਾ ਹਾਂ। ਤੁਸੀਂ ਸਪੀਕਰ ਸਾਹਿਬ, ਸਪੀਕਰ ਦੀ ਹੈਸੀਅਤ ਵਿਚ ਪਿਛਲੇ ਹਾਊਸ ਵਿਚ ਬੜਾ ਸ਼ਾਨਦਾਰ ਕੰਮ ਕੀਤਾ ਸੀ। ਸਾਡੀ ਡੈਮੋਕਰੇਸੀ ਦੀਆਂ ਰਿਵਾਇਤਾਂ ਇਹ ਕਹਿੰਦੀਆਂ ਹਨ ਕਿ ਸਪੀਕਰ ਦੀ ਦੁਬਾਰਾ ਅਲੈਕਸ਼ਨ ਜਦੋਂ ਹੋਵੇ ਤਾਂ ਉਹ ਬਿਨਾ ਮੁਕਾਬਲੇ ਚੁਣਿਆ ਜਾਇਆ ਕਰੇ। ਭਾਵੇਂ ਐਸਾ ਤਾਂ ਨਹੀਂ ਹੋ ਸਕਿਆ ਪਰ ਇਹ ਬੜੀ ਖੁਸ਼ਕਿਸਮਤੀ ਦੀ ਗੱਲ ਹੈ ਕਿ ਤੁਸੀਂ ਦੁਬਾਰਾ ਅਲੈਕਟ ਹੋ ਕੇ ਸਾਡੇ ਇਸ ਹਾਊਸ ਵਿਚ ਆਏ ਹੋ। ਔਰ ਇਸ ਰਿਵਾਇਤ ਨੂੰ ਕਾਇਮ ਰਖਣ ਲਈ ਹਾਊਸ ਨੇ ਇਹ ਫੈਸਲਾ ਕੀਤਾ ਹੈ ਕਿ ਸਰਦਾਰ ਦਰਬਾਰਾ ਸਿੰਘ ਜੀ ਹੀ ਸਪੀਕਰ ਚੁਣੇ ਜਾਣ। (ਤਾੜੀਆਂ) ਸਰਦਾਰ ਦਰਬਾਰਾ ਸਿੰਘ ਜੀ ਕਿਸੇ ਤਾਰੀਫ ਦੇ ਮੁਹਤਾਜ਼ ਨਹੀਂ। ਜਦੋਂ ਤੋਂ ਉਹ ਵਿਧਾਨ ਸਭਾ ਵਿਚ ਆਏ ਹਮੇਸ਼ਾਂ ਹੀ ਉਨ੍ਹਾਂ ਨੇ ਪੰਜਾਬ ਦੇ ਹਿੱਤਾਂ ਲਈ ਤਾਮੀਰੀ ਪ੍ਰੋਗਰਾਮ ਵਿਚ ਆਪਣੀ ਯੋਗਤਾ ਦੇ ਮੁਤਾਬਕ ਕੰਮ ਕੀਤਾ ਹੈ। ਜਦੋਂ ਇਹ ਸਪੀਕਰ ਦੀ ਕੁਰਸੀ ਤੇ ਬਿਰਾਜਮਾਨ ਹੋਏ ਉਨ੍ਹਾਂ ਨੇ ਪੂਰੀ ਨਿਰਪੱਖਤਾ ਨਾਲ ਔਰ ਸਾਰੇ ਰੂਲਾਂ ਅਤੇ ਕਾਇਦੇ ਕਾਨੂੰਨਾਂ ਨੂੰ ਬੜੇ ਠੀਕ ਤਰੀਕੇ ਨਾਲ ਇਸਤੇਮਾਲ ਕਰਕੇ ਡੈਮੋਕਰੈਟਿਕ ਰਿਵਾਇਤਾਂ ਨੂੰ ਕਾਇਮ ਰਖਿਆ। ਮੈਂ ਤੁਹਾਨੂੰ ਫਿਰ ਇਕ ਵਾਰ ਇਸ ਗਲ ਤੇ ਵਧਾਈ ਦਿੰਦਾ ਹਾਂ ਔਰ ਆਸ ਕਰਦਾ ਹਾਂ ਕਿ ਇਸ ਮਹਾਨ ਹਾਊਸ ਦੀ ਡਿਗਨਿਟੀ ਨੂੰ ਤੁਸੀਂ ਕਾਇਮ ਰਖੋਗੇ ਔਰ ਪੰਜਾਬ ਦੀ ਸੇਵਾ ਕਰਦੇ ਰਹੋਗੇ। (ਤਾੜੀਆਂ)

ਸਰਦਾਰ ਜਸਵਿੰਦਰ ਸਿੰਘ ਬਰਾੜ (ਕੋਟ ਕਪੂਰਾ): ਸਪੀਕਰ ਸਾਹਿਬ, ਮੈਂ ਤੁਹਾਡੇ ਬਤੌਰ ਸਪੀਕਰ ਚੁਣੇ ਜਾਣ ਤੇ ਤੁਹਾਨੂੰ ਵਧਾਈ ਦਿੰਦਾ ਹਾਂ ਔਰ ਇਹ ਆਸ ਕਰਦਾ ਹਾਂ ਕਿ ਜਿਸ ਤਰ੍ਹਾਂ ਤੁਸੀਂ ਪਹਿਲੀ ਵਾਰ ਨਿਰਪੱਖਤਾ, ਅਕਲਮੰਦੀ ਔਰ ਦਾਨਿਸ਼ਮੰਦੀ ਨਾਲ ਸਾਰਿਆਂ ਨੂੰ ਇਕੋ ਜਿਹਾ ਸਮਝ ਕੇ ਇਸ ਪਦਵੀ ਦਾ ਸਤਿਕਾਰ ਤੇ ਆਦਰ ਵਧਾਇਆ ਸੀ ਉਸੇ ਤਰ੍ਹਾਂ ਹੁਣ ਵੀ ਇਸ ਪੱਦਵੀ ਦਾ ਸਤਿਕਾਰ ਤੇ ਆਦਰ ਵਧਾਉਗੇ। ਮੈਂ ਜਿਆਦਾ ਕੁਝ ਨਾ ਕਹਿੰਦਾ ਹੋਇਆ, ਕਿਉਂਕਿ ਮੇਰੇ ਬਜ਼ੁਰਗ ਸਾਥੀ ਚੀਫ ਮਨਿਸਟਰ ਸਾਹਿਬ ਨੇ ਤੁਹਾਡੇ ਬਾਰੇ ਕਾਫੀ ਕੁਝ ਕਹਿ ਦਿਤਾ ਹੈ, ਮੈਂ ਤੁਹਾਨੂੰ ਇਕ ਬਾਰ ਫਿਰ ਬੇਨਤੀ ਕਰਾਂਗਾ ਕਿ ਤੁਸੀਂ ਇਸ ਪਦਵੀ ਤੇ ਉਸੇ ਤਰ੍ਹਾਂ ਹੀ ਕੰਮ ਕਰੋਗੇ ਜਿਸ ਤਰ੍ਹਾਂ ਕਿ ਤੁਸੀਂ ਪਿਛਲੀ ਵਾਰ ਨਿਰਪਕਸ਼ਤਾ ਨਾਲ ਔਰ ਦਾਨਿਸ਼ਮੰਦੀ ਨਾਲ ਕੀਤਾ ਸੀ। ਇਨ੍ਹਾਂ ਲਫ਼ਜ਼ਾਂ ਨਾਲ ਮੈਂ ਤੁਹਾਨੂੰ ਫਿਰ ਵਧਾਈ ਪੇਸ਼ ਕਰਦਾ ਹਾਂ।

ਕਾਮਰੇਡ ਸੱਤਪਾਲ ਡਾਂਗ (ਅੰਮ੍ਰਿਤਸਰ ਪੱਛਮ): ਸਪੀਕਰ ਸਾਹਿਬ, ਮੈਂ ਆਪਣੀ ਪਾਰਟੀ ਵਲੋਂ ਜਿਥੇ ਸਰਬਸੰਮਤੀ ਨਾਲ ਤੁਹਾਡੇ ਸਪੀਕਰ ਚੁਣੇ ਜਾਣ ਤੇ ਮੈਂ ਤੁਹਾਨੂੰ ਵਧਾਈ ਦਿੰਦਾ ਹਾਂ ਉਥੇ ਹਾਊਸ ਦੇ ਲੀਡਰ ਦੇ ਜਜ਼ਬਾਤ ਨਾਲ ਆਪਣੀ ਸਹਿਮਤੀ ਪ੍ਰਗਟ ਕਰਦਾ ਹੋਇਆ, ਉਨ੍ਹਾਂ ਦੇ ਜਜ਼ਬਾਤ ਦੀ ਕਦਰ ਕਰਦਾ ਹੋਇਆ ਮੈਂ ਇਹ ਵੀ ਕਹਿਣਾ ਚਾਹਵਾਂਗਾ ਕਿ ਸਪੀਕਰ ਦੇ ਔਹਦੇ ਤੇ ਸਾਡੀ ਜਮਹੂਰੀਅਤ ਦਾ ਜਿਹੜਾ ਢਾਂਚਾ ਹੈ ਉਸ ਦਾ ਕਾਫੀ ਦਾਰੋ ਮਦਾਰ ਹੈ। ਸਾਡਾ ਹਾਊਸ ਕਿਸ ਢੰਗ ਨਾਲ ਚਲਦਾ ਹੈ ਇਹ ਨਿਰਭਰ ਕਾਫੀ ਇਸ ਗੱਲ ਤੇ ਹੀ ਹੈ ਕਿ ਸਪੀਕਰ ਸਾਹਿਬ ਆਪਣੇ ਔਹਦੇ ਦੇ ਫਰਾਇਜ਼ ਕਿਸ ਤਰੀਕੇ ਨਾਲ ਤੇ ਕਿਸ ਨਿਰਪਕਸ਼ਤਾ ਨਾਲ ਪੂਰੇ ਕਰਦੇ ਹਨ ? ਭਾਵੇਂ ਉਹ ਚੁਣਨ ਤੋਂ ਪਹਿਲਾਂ ਕਿਸੇ ਵੀ ਪਾਰਟੀ ਨਾਲ ਸਬੰਧ ਰਖਦੇ ਹੋਣ। ਚੁਣੇ ਜਾਣ ਤੋਂ ਬਾਦ ਉਹ ਬਿਲਕੁਲ ਨਿਰਪੱਖ ਹੋ ਕੇ ਕੰਮ ਕਰਨ ਅਤੇ ਆਪਣੇ ਫਰਾਇਜ਼ ਨੂੰ ਸਰ ਅੰਜਾਮ ਦੇਣ। ਤੁਸੀਂ ਅਗੇ ਵੀ ਕਾਫੀ ਸਮਾ ਸਪੀਕਰ ਦੀ ਪੱਦਵੀ ਤੇ ਰਹੇ

ਹੋ ਔਰ ਤੁਸੀਂ ਆਪਣੇ ਫਰਜ਼ਾਂ ਨੂੰ ਕਾਫੀ ਚੰਗੀ ਤਰ੍ਹਾਂ ਸਰਅੰਜਾਮ ਦੇਣ ਦਾ ਯਤਨ ਕੀਤਾ ਹੈ। ਪਰ ਕੁਝ ਮੁਸ਼ਕਲਾਤ ਉਸ ਵੇਲੇ ਤੁਹਾਡੇ ਸਾਹਮਣੇ ਸਨ। ਸੰਨ 1967 ਤੋਂ ਬਾਦ ਜਿਹੜੀਆਂ ਅਸੈਂਬਲੀਆਂ ਸਾਡੀਆਂ ਚੁਣੀਆਂ ਗਈਆਂ ਉਨ੍ਹਾਂ ਅਸੈਂਬਲੀਆਂ ਵਿਚ ਕੋਈ ਪੱਕੀ ਅਤੇ ਸਥਾਈ ਤੌਰ ਤੇ ਸਰਕਾਰ ਰਹਿਣ ਦੀ ਸੰਭਾਵਨਾ ਬਹੁਤ ਘੱਟ ਸੀ। ਜਦੋਂ ਅਸੈਂਬਲੀ ਵਿਚ ਸਥਾਈ ਤੇ ਪੱਕੀ ਅਕਸਰੀਅਤ ਕਿਸੇ ਇਕ ਪਾਰਟੀ ਦੀ ਨਾ ਹੋਵੇ ਤਾਂ ਸਰਕਾਰ ਇਸੇ ਫਿਕਰ ਵਿਚ ਰਹਿੰਦੀ ਹੈ ਕਿ ਸਾਡੀ ਸਰਕਾਰ ਕਿੰਨੀ ਦੇਰ ਰਹਿਣੀ ਹੈ ਅਤੇ ਹਕੂਮਤ ਦੀ ਪਾਰਟੀ ਦਾ ਹਮੇਸ਼ਾਂ ਇਹ ਯਤਨ ਰਹਿੰਦਾ ਹੈ ਕਿ ਸਾਡੀ ਅਸੈਂਬਲੀ ਦਾ ਇਜਲਾਸ ਜਿਹੜਾ ਹੈ ਉਹ ਘੱਟ ਤੋਂ ਘੱਟ ਸਮੇਂ ਲਈ ਹੋਵੇ ਅਤੇ ਛੇਤੀ ਤੋਂ ਛੇਤੀ ਮੁਕਾ ਦਿਤਾ ਜਾਵੇ। ਕਿਉਂਕਿ ਅਸੈਂਬਲੀ ਦਾ ਇਜਲਾਸ 6 ਮਹੀਨੇ ਵਿਚ ਬੁਲਾਉਣਾ ਲਾਜ਼ਮੀ ਹੁੰਦਾ ਹੈ ਇਸ ਲਈ ਸੈਸ਼ਨ ਤਾਂ ਜ਼ਰੂਰ ਬੁਲਾਉਣਾ ਪੈਂਦਾ ਸੀ ਪਰ ਸਰਕਾਰ ਦੀ ਕੋਸ਼ਿਸ਼ ਹੁੰਦੀ ਸੀ ਕਿ ਛੇਤੀ ਤੋਂ ਛੇਤੀ ਮੁਕਾ ਦਿਤਾ ਜਾਵੇ। ਇਸ ਕਰਕੇ ਪਿਛੇ ਜਿਹੜੀ ਇਕ ਗਲਤ ਜਿਹੀ ਟਰੇਡੀਸ਼ਨ ਪੈਦਾ ਹੋ ਗਈ ਸੀ ਕਿ ਇਜਲਾਸ ਥੋੜੇ ਸਮੇਂ ਲਈ ਬੁਲਾਇਆ ਜਾਵੇ ਔਰ ਪੰਜਾਬ ਦੇ ਨਵੇਂ ਕਾਨੂੰਨ ਬਨਾਉਣ ਅਤੇ ਪੁਰਾਣੇ ਕਾਨੂੰਨਾਂ ਨੂੰ ਸੋਧਣ ਆਦਿ ਲਈ ਇਜਲਾਸ ਬੁਲਾ ਕੇ ਛੇਤੀ ਤੋਂ ਛੇਤੀ ਮੁਕਾ ਦਿਤਾ ਜਾਵੇ, ਉਸ ਟਰੇਡੀਸ਼ਨ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਇਹ ਕੁਦਰਤੀ ਗਲ ਹੈ ਕਿ ਜਿਸ ਪਾਰਟੀ ਦੀ ਸਰਕਾਰ ਹੋਵੇ ਜੇ ਉਹ ਇਜਲਾਸ ਨੂੰ ਸਦੇ ਤਾਂ ਸਪੀਕਰ ਸਾਹਿਬ ਤੇ ਹਕੂਮਤ ਦਾ ਕਾਫੀ ਦਬਾਅ ਹੁੰਦਾ ਹੈ। ਹੁਣ ਇਸ ਵੇਲੇ ਪੰਜਾਬ ਵਿਚ ਜਿਸ ਪਾਰਟੀ ਦੀ ਸਰਕਾਰ ਹੈ ਉਸ ਦੀ ਠੋਸ ਤੇ ਪੱਕੀ ਮੈਜਾਰਟੀ ਹੈ ਔਰ ਉਸ ਦੀ ਕਾਫੀ ਸਥਿਰ ਅਕਸਰੀਅਤ ਹੈ ਸੋ ਮੈਂ ਇਹ ਆਸ ਕਰਦਾ ਹਾਂ ਕਿ ਇਸ ਅਸੈਂਬਲੀ ਦੇ ਇਜਲਾਸ ਹੁਣ ਠੀਕ ਢੰਗ ਨਾਲ ਸਾਰਾ ਸਾਲ ਜਿੰਨੇ ਵੀ ਹੁਣ ਇਜਲਾਸ ਹੋਇਆ ਕਰਨਗੇ ਜਿੰਨਾ ਵੀ ਸਮਾਂ ਲੋਕਾਂ ਦੇ ਹਿੱਤਾਂ ਲਈ ਜ਼ਰੂਰੀ ਹੋਵੇਗਾ ਉਤਨੇ ਸਮੇਂ ਲਈ ਅਸੈਂਬਲੀ ਦੇ ਇਜਲਾਸ ਚਲਿਆ ਕਰਨਗੇ। ਜ਼ਰੂਰੀ ਬਹਿਸ ਨੂੰ ਘਟਾ ਕੇ ਜਾਂ ਛੇਤੀ ਛੇਤੀ ਹਾਊਸ ਨੂੰ ਮੁਲਤਵੀ ਕਰਨ ਦੀ ਹੁਣ ਲੋੜ ਨਹੀਂ ਹੋਵੇਗੀ। ਮੈਂ ਆਸ ਕਰਦਾ ਹਾਂ ਕਿ ਜਿਥੇ ਹੁਣ ਸਰਕਾਰੀ ਪਾਰਟੀ ਨੂੰ ਤੁਹਾਡੇ ਉਤੇ ਕੋਈ ਦਬਾਅ ਪਾਉਣ ਦੀ ਲੋੜ ਨਹੀਂ ਕਿਉਂਕਿ ਉਹ ਪੱਕੀ ਤੇ ਸਥਿਰ ਅਕਸਰੀਅਤ ਵਿਚ ਇਥੇ ਆਈ ਹੈ (ਤਾੜੀਆਂ) ਉਥੇ ਮੈਂ ਇਹ ਵੀ ਆਸ ਕਰਦਾ ਹਾਂ ਕਿ ਤੁਸੀਂ ਅਗੇ ਨਾਲੋਂ ਵੱਧ ਇਥੇ ਇਸ ਸਦਨ ਦੇ ਆਨਰੇਬਲ ਮੈਂਬਰਾਂ ਦੇ ਹੱਕਾਂ ਦੀ ਰਾਖੀ ਕਰੋਗੇ ਔਰ ਇਹ ਗਲ ਸੌ ਫ਼ੀ ਸਦੀ ਤੁਸੀਂ ਭੁਲ ਜਾਵੋਗੇ ਕਿ ਤੁਹਾਨੂੰ ਕਿਸ ਪਾਰਟੀ ਨੇ ਇਥੇ ਚੁਣ ਕੇ ਸਪੀਕਰ ਦੇ ਔਹਦੇ ਤੇ ਬਿਠਾਇਆ ਹੈ ਅਤੇ ਸਦਨ ਦੇ ਹੱਕਾਂ ਦੀ ਰਖਿਆ ਕਰਦਿਆਂ ਹੋਇਆਂ ਮੈਨੂੰ ਆਸ ਹੈ ਕਿ ਆਉਣ ਵਾਲੇ ਸਮੇਂ ਵਿਚ ਪੰਜਾਬ ਦੀ ਅਸੈਂਬਲੀ ਸਾਰੇ ਦੇਸ਼ ਦੀਆਂ ਅਸੈਂਬਲੀਆਂ ਵਾਸਤੇ ਨਵੀਆਂ ਰਿਵਾਇਤਾਂ ਕਾਇਮ ਕਰੇਗੀ।

ਵਿਕਾਸ ਮੰਤਰੀ (ਕੈਪਟਨ ਰਤਨ ਸਿੰਘ) : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਪਤਾ ਨਹੀਂ ਤੁਹਾਡੇ ਵਲੋਂ ਇਹ ਗਲਤੀ ਹੋਈ ਹੈ ਜਾਂ ਪਤਾ ਨਹੀਂ ਸੈਕਰੀਟੇਰੀਏਟ ਵਲੋਂ ਗਲਤੀ ਹੋ ਗਈ ਹੈ, ਮੇਰੇ ਅਕਾਲੀ ਭਰਾਵਾਂ ਨੇ ਸੀਟਿੰਗ ਵਿਚ ਕੋਤਾਹੀ ਕੀਤੀ ਹੈ, ਜਾਂ ਉਨ੍ਹਾਂ ਨੇ ਸੀਟਾਂ ਤੇ ਬੈਠਣ ਤੋਂ ਪਹਿਲਾਂ ਖਿਆਲ ਨਹੀਂ ਕੀਤਾ (ਵਿਘਨ) ਡਿਪਟੀ ਸਪੀਕਰ ਸਾਹਿਬ ਦੀ ਕੁਰਸੀ ਉਤੇ.... (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ਼ ਆਰਡਰ, ਸਰ।

ਸ੍ਰੀ ਸਪੀਕਰ: ਇਹ ਮਾਮੂਲੀ ਜਿਹੀ ਗੱਲ ਹੈ, ਤੁਸੀਂ ਤਸ਼ਰੀਫ਼ ਰਖੋ......(ਵਿਘਨ) (It is a minor thing, please resume your seat).... (*Interruption*)

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ, ਮੈਂ ਤੁਹਾਡੇ ਰਾਹੀਂ ਕੈਪਟਨ ਸਾਹਿਬ ਦੀ ਸੇਵਾ ਵਿਚ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮੇਰਾ ਖਿਆਲ ਹੈ ਕਿ ਉਨ੍ਹਾਂ ਨੇ ਉਹ ਨੋਟੀਫਿਕੇਸ਼ਨ ਜਿਹੜਾ ਤਹਾਡਾ ਰੋਜ਼ ਵਾਸਤੇ ਹੁੰਦਾ ਹੈ ਉਹ ਨਹੀਂ ਪੜ੍ਹਿਆ ਹੋਣਾ ਅੱਜ ਦੇ ਬਾਰੇ ਇਹ ਗੱਲ ਕਹੀ ਸੀ ਕਿ ਮੈਂਬਰ ਸਾਹਿਬਾਨ ਜਿਥੇ ਬੈਠਣਾ ਚਾਹੁਣ ਉਥੇ ਬੈਠ ਜਾਣ । (ਵਿਘਨ)

ਸ੍ਰੀ ਸਪੀਕਰ: ਉਹ ਕਲ ਵਾਸਤੇ ਸੀ, ਅੱਜ ਵਾਸਤੇ ਨਹੀਂ ਸੀ (ਵਿਘਨ), ਹੁਣ ਤੁਸੀਂ ਤਸ਼ਰੀਫ ਰਖੋ । (That was meant for yesterday and not for today (*Interruption*) Please resume your seat now.)

ਡਾਕਟਰ ਅਮੀਰ ਸਿੰਘ ਕਲਕਟ: ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਪਿਛਲੀ ਵੇਰ ਸਾਡੀ ਕਾਂਗਰਸ ਪਾਰਟੀ ਦੀ ਮੈਜਾਰਿਟੀ ਘੱਟ ਰਹਿ ਗਈ ਸੀ ਅਤੇ ਸਾਡੀਆਂ ਦੋ ਲਾਈਨਾਂ ਹੋਰ ਪਾਰਟੀ ਦੇ ਮੈਂਬਰ ਸਾਹਿਬਾਨ ਨੂੰ ਅਲਾਟ ਕਰ ਦਿੱਤੀਆਂ ਸਨ । ਹੁਣ ਆਪੋਜ਼ੀਸ਼ਨ ਦੀ ਕੁਲ ਤਾਦਾਦ ਕੇਵਲ 25 ਹੈ, ਇਸ ਲਈ ਸਾਡਾ ਜਿਹੜਾ ਮੌਜੂਦਾ ਸੀਟਿੰਗ ਅਰੇਂਜਮੈਂਟ ਹੈ, ਇਹ ਸੈਟਿਸਫੈਕਟਰੀ ਨਹੀਂ, ਇਸ ਲਈ ਸਾਡੀ ਸੈਟਿਸਫੈਕਸ਼ਨ ਦੇ ਮੁਤਾਬਕ ਸੀਟਿੰਗ ਅਰੇਂਜਮੈਂਟ ਦੋਬਾਰਾ ਠੀਕ ਕਰ ਦੇਣਾ ਚਾਹੀਦਾ ਹੈ । (ਵਿਘਨ)

Sardar Prem Singh Prem (Raipur): Mr. Speaker, Sir, I stand to offer my congratulations and felicitations on your unanimous election by this august House as Speaker of the Assembly.

Voices: Punjabi, Punjabi.

ਸਰਦਾਰ ਪਰੇਮ ਸਿੰਘ ਪਰੇਮ: ਸਪੀਕਰ ਸਾਹਿਬ, ਮੈਂ ਤੁਹਾਨੂੰ ਤੁਹਾਡੇ ਇਸ ਮੁਤਫ਼ਿਕਾ ਤੌਰ ਤੇ ਸਪੀਕਰ ਚੁਣੇ ਜਾਣ ਤੇ ਵਧਾਈ ਦੇਣ ਲਈ ਖੜ੍ਹਾ ਹੋਇਆ ਹਾਂ । (ਵਿਘਨ) ਤੁਸੀਂ ਜਾਣਦੇ ਹੋ ਕਿ ਸਪੀਕਰ ਲਈ ਦੋ ਮੇਨ ਕਰੈਕਟਰਿਸਟਿਕਸ ਹਨ । ਪਹਿਲੀ ਇੰਪਾਰਸ਼ੈਲਿਟੀ ਅਤੇ ਦੂਸਰੀ ਅਥਾਰਟੀ । ਜਿਥੋਂ ਤਕ ਇੰਪਾਰਸ਼ੈਲਿਟੀ, ਨਿਰਪੱਖਤਾ, ਦਾ ਤੁਅੱਲਕ ਹੈ ਮੈਨੂੰ ਪੂਰੀ ਆਸ ਹੈ ਕਿ ਤੁਸੀਂ ਜਿਸ ਤਰ੍ਹਾਂ ਅਗੇ ਵੀ ਸਪੀਕਰ ਰਹਿ ਕੇ ਇਸ ਗੱਲ ਨੂੰ ਸਾਬਤ ਕੀਤਾ ਹੈ ਹੁਣ ਵੀ ਤੁਸੀਂ ਪੂਰੀ ਨਿਰਪੱਖਤਾ ਨਾਲ ਇਸ ਹਾਊਸ ਦੀ ਕਾਰਵਾਈ ਨੂੰ ਚਲਾਉਗੇ ।

ਦੂਸਰੀ ਗੱਲ ਜਿਹੜੀ ਤੁਹਾਡੇ ਨਾਲ ਅਤੇ ਹਾਊਸ ਦੇ ਮੈਂਬਰਾਂ ਨਾਲ ਤੁਅੱਲਕ ਰਖਦੀ ਹੈ ਉਹ ਹੈ ਅਥਾਰਟੀ । ਤੁਹਾਨੂੰ ਪਤਾ ਹੋਣਾ ਹੈ ਕਿ ਹਾਊਸ ਆਫ ਕਾਮਨ ਵਿਚ, ਜਿਸ ਨੂੰ ਮੱਦਰ ਆਫ ਪਾਰਲੀਮੈਂਟ ਕਹਿੰਦੇ ਹਨ ਸ਼ੁਰੂ ਵਿਚ ਸਪੀਕਰ ਦੀ ਮੇਜ਼ ਤੇ ਇਕ ਡੰਡਾ ਜਿਹਾ ਹੁੰਦਾ ਸੀ ਜਿਸ ਨੂੰ ਮੇਜ਼ ਕਹਿੰਦੇ ਹਨ । ਉਹ ਹੁਣ ਵੀ ਉਥੇ ਰਹਿੰਦਾ ਹੈ, ਉਹ ਸਪੀਕਰ ਦੀ ਅਥਾਰਟੀ ਜ਼ਾਹਰ ਕਰਨ ਵਾਸਤੇ ਹੁੰਦਾ ਹੈ । ਪਰ ਉਹ ਡੰਡਾ ਹਿੰਦੁਸਤਾਨ ਵਿਚ ਇਸ ਕਰਕੇ

ਰਿਮੂਵ ਕਰ ਦਿਤਾ ਗਿਆ ਹੈ ਕਿਉਂਕਿ ਇਥੇ ਦੇ ਮੈਂਬਰ ਸਾਹਿਬਾਨ ਅਡੱਲਟ ਫਰੈਂਚਾਈਜ਼ ਦੁਆਰਾ ਚੁਣ ਕੇ ਆਉਂਦੇ ਹਨ । ਇਸ ਲਈ ਇਨ੍ਹਾਂ ਨੂੰ ਡੰਡਾ ਦਿਖਾਉਣ ਦੀ ਕੋਈ ਲੋੜ ਨਹੀਂ ਪੈਂਦੀ । ਇਹ ਸਪੀਕਰ ਦੀ ਅਥਾਰਟੀ ਦਾ ਸਤਿਕਾਰ ਕਰਦੇ ਹਨ । ਇਸ ਤੋਂ ਇਲਾਵਾ ਜਿਥੋਂ ਤਕ ਹਾਊਸ ਦਾ ਤਅਲੁਕ ਹੈ, ਟਰੈਜ਼ਰੀ ਬੈਂਚਿਜ਼ ਦਾ ਤਅੱਲੁਕ ਹੈ, ਜਿਸ ਤਰ੍ਹਾਂ ਆਪੋਜ਼ੀਸ਼ਨ ਦੇ ਲੀਡਰ ਨੇ ਤਾਈਦ ਕੀਤੀ ਹੈ, ਉਨ੍ਹਾਂ ਦਾ ਤਅੱਲੁਕ ਹੈ, ਮੈਂ ਸਮਝਦਾ ਹਾਂ ਕਿ ਅਸੀਂ ਸਾਰੇ ਇਸ ਹਾਊਸ ਦੀ ਡਿਗਨਿਟੀ ਨੂੰ ਕਾਇਮ ਰਖਣ ਵਾਸਤੇ ਸਪੀਕਰ ਦੀ ਅਥਾਰਿਟੀ ਨੂੰ ਪੂਰੇ ਤੌਰ ਤੇ ਮੰਨਾਗੇ ਅਤੇ ਤੁਸੀਂ ਆਪਣੀ ਅਥਾਰਿਟੀ ਨੂੰ ਪੂਰੇ ਤੌਰ ਤੇ ਚਲਾਓਗੇ । ਕੋਈ ਐਸੀ ਗੱਲ ਨਹੀਂ ਹੋਵੇਗੀ, ਜਿਸ ਦੇ ਲਈ ਮਾਰਸ਼ਲ ਭੇਜਣਾ ਪੈ ਜਾਏ ਜਾਂ ਕਿਸੇ ਨੂੰ ਚੁਕ ਕੇ ਬਾਹਰ ਲਿਜਾਣਾ ਪੈ ਜਾਏ । ਜੋ ਅੱਜ ਸ਼ੁਰੂਆਤ ਸ਼ਾਨਦਾਰ ਹੋਈ ਹੈ, ਇਹ ਦੁਗਣੀ ਤੇ ਚੁਗਣੀ ਹੋਵੇਗੀ । ਮੈਂ ਆਸ ਕਰਦਾ ਹਾਂ ਕਿ ਤੁਸੀਂ ਪੂਰੀ ਅਤੇ ਮੁਕੰਮਲ ਅਥਾਰਟੀ ਤੇ ਨਿਰਪੱਖਤਾ ਨਾਲ ਇਸ ਹਾਊਸ ਦੀ ਕਾਰਵਾਈ ਨੂੰ ਚਲਾਓਗੇ । ਸਰਬ ਸੰਮਤੀ ਨਾਲ ਸਪੀਕਰ ਚੁਣੇ ਜਾਣ ਤੇ ਮੈਂ ਆਪ ਜੀ ਨੂੰ ਤਹਿ ਦਿਲ ਤੋਂ ਵਧਾਈ ਦਿੰਦਾ ਹਾਂ ।

ਚੌਧਰੀ ਦਰਸ਼ਨ ਸਿੰਘ (ਨੂਰਮਹਿਲ): ਸਪੀਕਰ ਸਾਹਿਬ, ਆਪ ਦੀ ਮੁਤਫ਼ਿਕਾ ਚੋਣ ਇਸ ਗੱਲ ਦਾ ਸਬੂਤ ਹੈ ਕਿ ਤੁਹਾਡੇ ਇਸ ਚੁਣਾਓ ਵਿਚ ਸਾਰਾ ਹਾਊਸ ਯੂਨਾਨੀਮਸ ਹੈ ਅਤੇ ਤੁਹਾਨੂੰ ਇਸ ਸਭਾ ਦਾ ਮੁਤਫ਼ਿਕਾ ਤੌਰ ਤੇ ਸਭਾਪਤੀ ਚੁਣਿਆ ਗਿਆ ਹੈ । ਅਸੀਂ ਹਾਊਸ ਦੇ ਅੰਦਰ ਅਤੇ ਹਾਊਸ ਦੇ ਬਾਹਰ ਵੀ ਇਸ ਹਾਊਸ ਦੀ ਰਿਵਾਇਤ ਨੂੰ ਕਾਇਮ ਰਖਾਂਗੇ । ਮੈਂ ਤੁਹਾਡੇ ਕੋਲੋਂ ਆਸ ਕਰਦਾ ਹਾਂ ਕਿ ਤੁਸੀਂ ਹਾਊਸ ਦੀ ਡਿਗਨਟੀ, ਇਸ ਚੇਅਰ ਦੀ ਡਿਗਨਿਟੀ, ਖਾਸ ਕਰਕੇ ਇੰਪਾਰਸ਼ੈਲਿਟੀ ਅਤੇ ਅਥਾਰਿਟੀ ਨੂੰ ਬਰਕਰਾਰ ਰਖੋਗੇ । ਇਸ ਹਾਊਸ ਦੀ ਔਰ ਇਸ ਆਗਸਟ ਹਾਊਸ ਦੀ ਇਸ ਕੁਰਸੀ ਤੇ ਪਿਛਲੇ ਦਿਨਾਂ ਵਿਚ ਬਿਰਾਜਮਾਨ ਹੋਣ ਵਾਲੀਆਂ ਹਸਤੀਆਂ ਅੱਜ ਬਹੁਤ ਹੀ ਉੱਚੀਆਂ ਉੱਚੀਆਂ ਪਦਵੀਆਂ ਤੇ ਪਹੁੰਚ ਗਈਆਂ ਹਨ । ਜਿਸ ਤਰ੍ਹਾਂ ਡਾਕਟਰ ਸੱਤ ਪਾਲ ਜੀ ਹਨ । ਸਰਦਾਰ ਗੁਰਦਿਆਲ ਸਿੰਘ ਢਿੱਲੋਂ ਤਾਂ ਅੱਜ ਲੋਕ ਸਭਾ ਦੇ ਸਭਾਪਤੀ ਦੇ ਪੱਦ ਤੇ ਬੈਠੇ ਹਨ । ਉਨ੍ਹਾਂ ਨੇ ਇਸ ਕੁਰਸੀ ਦੀ ਡਿਗਨਿਟੀ ਨੂੰ ਪੁਰਾਣੀਆਂ ਰਿਵਾਇਤਾਂ ਰਾਹੀਂ, ਇੰਪਾਰਸ਼ੈਲਿਟੀ ਨੂੰ ਬਰਕਰਾਰ ਰਖਿਆ । ਮੈਂ ਆਪਣੀ ਪਾਰਟੀ ਵਲੋਂ ਇਸ ਹਾਊਸ ਵਿਚ ਤੁਹਾਨੂੰ ਇਹ ਯਕੀਨ ਦਿਲਾਉਂਦਾ ਹਾਂ ਕਿ ਸਾਡੀ ਪਾਰਟੀ ਹਾਊਸ ਦੀਆਂ ਰਿਵਾਇਆਤਾਂ ਨੂੰ ਔਰ ਡਿਗਨਿਟੀ ਨੂੰ ਬਰਕਰਾਰ ਰਖਣ ਲਈ ਤੁਹਾਨੂੰ ਫ਼ੁਲ ਕੋ-ਆਪ੍ਰੇਸ਼ਨ ਦੇਵੇਗੀ । ਆਖ਼ਰ ਵਿਚ ਇਸ ਸਭਾ ਦੇ ਸਭਾਪਤੀ ਚੁਣੇ ਜਾਣ ਤੇ ਮੈਂ ਆਪ ਨੂੰ ਦਿਲੀ ਮੁਬਾਰਕਬਾਦ ਦਿੰਦਾ ਹਾਂ ।

ਸਰਦਾਰ ਅਜਾਇਬ ਸਿੰਘ ਸੰਧੂ (ਮੋਰਿੰਡਾ—ਐਸ. ਸੀ.): ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਨੂੰ ਅੱਜ ਸਰਬਸੰਮਤੀ ਨਾਲ ਸਪੀਕਰ ਚੁਣੇ ਜਾਣ ਤੇ ਆਪਣੇ ਔਰ ਆਪਣੀ ਪਾਰਟੀ ਵਲੋਂ ਵਧਾਈ ਦਿੰਦਾ ਹਾ । (ਵਿਘਨ) ਤੁਹਾਡੀ ਇਸ ਗੱਲ ਵਿਚ ਅਸੀਂ ਸਾਰੇ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਖ਼ੁਸ਼ੀ ਮਹਿਸੂਸ ਕਰਦੇ ਹਾਂ ਕਿ 1969 ਵਿਚ ਅਸੀਂ ਪੰਜਾਬ ਨੂੰ ਇਕ ਚੰਗਾ, ਸੋਹਣਾ, ਸੁਚੱਜਾ, ਕਾਬਲ ਅਤੇ ਅਗਾਂਹ ਵਧੂ ਸਪੀਕਰ ਸਰਦਾਰ ਦਰਬਾਰਾ ਸਿੰਘ ਦੇ ਰੂਪ ਵਿਚ ਦਿਤਾ ਸੀ ਔਰ ਅੱਜ ਸਾਨੂੰ ਇਸ ਗੱਲ ਤੇ ਬਹੁਤ ਮਾਣ ਔਰ ਖ਼ੁਸ਼ੀ ਹੈ ਕਿ ਹਿੰਦੁਸਤਾਨ ਦੀ ਜਿਹੜੀ ਸਭ ਤੋਂ ਵੱਡੀ ਪਾਰਟੀ ਇੰਡੀਅਨ ਨੈਸ਼ਨਲ ਕਾਂਗਰਸ ਹੈ, ਉਸ ਨੇ ਅੱਜ ਤੁਹਾਡਾ ਨਾਉਂ ਪੇਸ਼ ਕੀਤਾ ਹੈ ਔਰ ਸ਼੍ਰੋਮਣੀ ਅਕਾਲੀ ਦਲ ਵਲੋਂ ਅਸੀਂ ਇਸ ਨਾਉਂ ਦੀ ਪ੍ਰੋੜ੍ਹਤਾ ਕੀਤੀ ਔਰ

[ਸਰਦਾਰ ਅਜਾਇਬ ਸਿੰਘ ਸੰਧੂ]

ਇਸ ਬੜੇ ਚੰਗੇ ਮਾਹੌਲ ਵਿਚ ਤੁਹਾਨੂੰ ਇਸ ਸਭਾ ਦਾ ਸਪੀਕਰ ਚੁਣਿਆ । ਮੈਂ ਸਮਝਦਾ ਹਾਂ ਕਿ ਇਸ ਸੈਸ਼ਨ ਵਿਚ ਚੰਗੇ ਕੰਮ ਹੋਣਗੇ ਔਰ ਮੈਂ ਇਸ ਬਾਰੇ ਤੁਹਾਨੂੰ ਵਿਸ਼ਵਾਸ ਦਿਲਾਉਣਾ ਚਾਹੁੰਦਾ ਹਾਂ ਕਿ ਸਰਦਾਰ ਪ੍ਰੇਮ ਸਿੰਘ ਪ੍ਰੇਮ ਅਤੇ ਕੈਪਟਨ ਸਾਹਿਬ ਨੂੰ ਕਿਸੇ ਕਿਸਮ ਦਾ ਕੋਈ ਖ਼ਦਸ਼ਾਹ ਸਾਡੇ ਬਾਰੇ ਨਹੀਂ ਹੋਣਾ ਚਾਹੀਦਾ....... (ਵਿਘਨ)

ਆਮ ਤੌਰ ਤੇ ਅਪੋਜ਼ੀਸ਼ਨ ਦੇ ਬੰਦਿਆਂ ਨੂੰ ਠੀਕ ਕਰਨ ਲਈ ਸਪੀਕਰ ਮਾਰਸ਼ਲ ਭੇਜਦਾ ਹੁੰਦਾ ਹੈ ਪਰ ਮੈਂ ਆਪਣੇ ਸਾਹਮਣੇ ਬੈਠੇ ਹੋਏ ਦੋਸਤਾਂ ਨੂੰ ਬੇਨਤੀ ਕਹਾਂਗਾ ਕਿ ਸਾਡੇ ਜਿੰਨੇ ਵੀ ਵਿਧਾਇਕ ਚੁਣ ਕੇ ਆਏ ਹਨ ਉਹ ਚੰਗੇ, ਨੌਜਵਾਨ, ਸੂਝਵਾਨ ਅਤੇ ਜ਼ਿੰਮੇਦਾਰੀ ਨੂੰ ਸਮਝਣ ਵਾਲੇ ਹਨ । ਅਤੇ ਅਸੀਂ ਵਾਅਦਾ ਕਰਦੇ ਹਾਂ ਕਿ ਅਸਾਡੇ ਵਲੋਂ ਕੋਈ ਇਸ ਤਰ੍ਹਾਂ ਦੀ ਗੱਲ ਨਹੀਂ ਹੋਵੇਗੀ ਜਿਸ ਵਿਚ ਕਿ ਮਾਰਸ਼ਲ ਭੇਜਣ ਦੀ ਲੋੜ ਪਏ ।

ਮੈਨੂੰ ਫ਼ਖਰ ਹੈ ਕਿ ਪੰਜਾਬ ਵਿਚ ਸਾਰੇ ਹਿੰਦੁਸਤਾਨ ਨਾਲੋਂ ਬਾਕੀ ਦੀਆਂ ਅਸੈਂਬਲੀਆਂ ਤੋਂ ਸਭ ਤੋਂ ਜ਼ਿਆਦਾ ਅੱਪੋਜ਼ੀਸ਼ਨ ਦੇ ਮੈਂਬਰਾਂ ਦੇ ਤੌਰ ਤੇ ਚੁਣ ਕੇ ਆਏ ਹਾਂ । ਇਸ ਲਈ ਅਸੀਂ ਸਮਝਦੇ ਹਾਂ ਕਿ ਸਾਡੀ ਜ਼ਿੰਮੇਦਾਰੀ ਜ਼ਿਆਦਾ ਹੈ ਅਤੇ ਇਹ ਜ਼ਿੰਮੇਦਾਰੀ ਰੂਲਿੰਗ ਪਾਰਟੀ ਦੀ ਜ਼ਿੰਮੇਦਾਰੀ ਦੇ ਬਰਾਬਰ ਹੈ। ਇਸ ਲਈ ਅਸੀਂ, ਸਪੀਕਰ ਸਾਹਿਬ, ਤੁਹਾਨੂੰ ਪੂਰੀ ਕੋਆਪਰੇਸ਼ਨ ਦਿਆਂਗੇ ਅਤੇ ਪੰਜਾਬ ਦੇ ਮੁੱਖ ਮੰਤਰੀ ਨੂੰ ਵੀ ਕੋਆਪਰੇਸ਼ਨ ਦਿਆਂਗੇ । ਜਿੰਨਾ ਕੰਮ ਹੋਵੇ ਅਸੀਂ ਇੰਡੀਪੈਂਡੈਂਟ, ਪ੍ਰੋਗਰੈਸਿਵ ਅਗਾਂਹ ਵਧੂ ਅਤੇ ਚੰਗੀ ਕਨਸਟ੍ਰਕਟਿਵ ਅਪੋਜ਼ੀਸ਼ਨ ਦੇ ਤੌਰ ਤੇ ਕੰਮ ਕਰਾਂਗੇ । ਇਹ ਭਰਾ ਤੁਹਾਡੇ ਪਾਸ ਕੋਈ ਗਿਲਾ ਭਾਵੇਂ ਕਰਨ ਸਾਡੇ ਵਲੋਂ ਤੁਹਾਨੂੰ ਕਿਸੇ ਕਿਸਮ ਦਾ ਗਿਲਾ ਕਰਨ ਦੀ ਕੋਈ ਗੁੰਜਾਇਸ਼ ਨਹੀਂ ਹੋਵੇਗੀ । (ਪ੍ਰਸੰਸ਼ਾ) ਮੈਂ ਤੁਹਾਡੇ ਪਾਸੋਂ ਆਸ ਕਰਦਾ ਹਾਂ ਕਿ ਅਜ ਅਸੀਂ ਤੁਹਾਨੂੰ ਇਸ ਅਸੈਂਬਲੀ ਦਾ ਸਰਬ ਸੰਮਤੀ ਨਾਲ ਸਭਾਪਤੀ ਚੁਣਿਆ ਹੈ ਅਤੇ ਹਣ ਤੋਂ ਬਾਅਦ ਤੁਸੀਂ ਨਾਨ-ਪੋਲੀਟੀਕਲ ਬੰਦੇ ਬਣ ਗਏ ਹੋ । ਇਸ ਲਈ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮੈਂਬਰ ਸਾਹਿਬਾਨ ਦੇ ਸਾਰੇ ਰਾਈਟਸ ਅਤੇ ਪ੍ਰਿਵਿਲਿਜ਼ ਤੁਹਾਡੇ ਹੱਥ ਵਿਚ ਹਨ । ਸਰਕਾਰ ਪਤਾ ਨਹੀਂ ਕੀ ਕਰਦੀ ਹੈ ਇਹ ਉਨ੍ਹਾਂ ਦੀ ਜ਼ਿੰਮੇਵਾਰੀ ਹੈ ਜੇ ਚੰਗਾ ਕੰਮ ਕਰਨਗੇ ਤਾਂ ਸਲਾਹਵਾਂਗੇ ਜੇਕਰ ਮੰਦਾ ਕੰਮ ਕਰਨਗੇ ਤਾਂ ਸੂਰਜ ਦੀ ਰੋਸ਼ਨੀ ਵਾਂਗ ਉਜਾਗਰ ਕਰਾਂਗੇ । ਮੈਂ ਅਰਜ਼ ਕਰਾਂਗਾ ਕਿ ਸਾਰੇ ਮੈਂਬਰ ਸਾਹਿਬਾਨ ਭਾਵੇਂ ਉਹ ਕਿਸੇ ਪਾਰਟੀ ਦੇ ਵੀ ਹਨ ਦੇ ਰਾਈਟਸ ਅਤੇ ਪ੍ਰੀਵਿਲਿਜਜ਼ ਦੀ ਪ੍ਰੋਟੈਕਸ਼ਨ ਤੁਸੀਂ ਕਰਨੀ ਹੈ । ਕੋਆਪ੍ਰੇਸ਼ਨ ਅਸੀਂ ਦਿਆਂਗੇ । ਹਾਊਸ ਨੂੰ ਤੁਸੀਂ ਚਲਾਉਣਾ ਹੈ । ਇਸ ਲਈ ਮੈਂ ਤੁਹਾਨੂੰ ਫਿਰ ਵਧਾਈ ਦਿੰਦਾ ਹਾਂ ਅਤੇ ਪ੍ਰਾਰਥਨਾ ਕਰਦਾ ਹਾਂ ਕਿ ਵਾਹਿਗੁਰੂ ਆਪ ਪਾਸੋਂ ਇਸ ਅਹੁਦੇ ਨੂੰ ਚੰਗੀ ਤਰ੍ਹਾਂ ਨਿਭਵਾਏ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ (ਖਰੜ): ਸਪੀਕਰ ਸਾਹਿਬ, ਮੈਂ ਆਪ ਜੀ ਨੂੰ ਸਰਬ ਸੰਮਤ ਚੋਣ ਤੇ ਵਧਾਈ ਦੇਣ ਲਈ ਖੜ੍ਹਾ ਹੋਇਆ ਹਾਂ । ਮੈਂ ਸਮਝਦਾ ਹਾਂ ਕਿ ਸਰਬਸੰਮਤ ਚੋਣ ਤੇ ਜਿਥੇ ਤੁਸੀਂ ਵਧਾਈ ਦੇ ਪਾਤਰ ਹੋ ਉਥੇ ਇਸ ਸਦਨ ਦੀਆਂ ਸਾਰੀਆਂ ਪਾਰਟੀਆਂ ਵੀ ਵਧਾਈ ਦੀਆਂ ਪਾਤਰ ਹਨ ਜਿਨ੍ਹਾਂ ਨੇ ਆਪ ਦੀ ਸਰਬਸੰਮਤ ਚੋਣ ਨੂੰ ਸੰਭਵ ਕੀਤਾ ਹੈ । ਇਹ ਇਸ ਸਦਨ ਦੀ ਸਿਹਤਮੰਦ ਬਣਤਰ ਦਾ ਚੰਗਾ ਸਬੂਤ ਹੈ । ਤੁਹਾਡਾ ਅਹੁਦਾ, ਸਪੀਕਰ ਸਾਹਿਬ, ਹਾਰਟ ਆਫ ਡੈਮੋਕਰੇਸੀ ਹੈ । ਤੁਹਾਡਾ ਅਹੁਦਾ ਜਮਹੂਰੀਅਤ ਦਾ ਦਿਲ ਹੈ ਤੁਹਾਡੀ ਧੜਕਣ ਤੋਂ ਜਮਹੂਰੀਅਤ ਦੀ ਸਿਹਤਮੰਦੀ ਦਾ ਸਬੂਤ ਮਿਲਦਾ ਹੈ । ਸਾਨੂੰ ਇਸ ਪੰਜਾਬ ਦੇ ਸਾਰੇ ਇਲਾਕਿਆਂ

ਨੇ ਚੁਣ ਕੇ ਇਕ ਨਵਾਂ ਪੰਜਾਬ ਬਣਾਉਣ ਲਈ ਇਥੇ ਭੇਜਿਆ ਹੈ। ਪੰਜਾਬ ਦੇ ਰੋਕੇ ਹੋਏ ਵਿਕਾਸ ਨੂੰ, ਰੁਕੀ ਹੋਈ ਤਰੱਕੀ ਨੂੰ ਅਤੇ ਪੰਜਾਬ ਦੀਆਂ ਦੂਜੀਆਂ ਸਮੱਸਿਆਵਾਂ ਨੂੰ ਹਲ ਕਰਨ ਲਈ ਸਾਨੂੰ ਪ੍ਰਤੀਨਿਧ ਚੁਣ ਕੇ ਭੇਜਿਆ ਹੈ। ਅਤੇ ਅਸੀਂ ਸਾਰਿਆਂ ਨੇ ਤੁਹਾਡੇ ਸਹਿਯੋਗ ਅਤੇ ਅਗਵਾਈ ਵਿਚ ਪੰਜਾਬ ਦੀ ਸੇਵਾ ਕਰਨੀ ਹੈ। ਪੰਜਾਬ ਦੀਆਂ ਸਮੱਸਿਆਵਾਂ ਨੂੰ ਹਲ ਕਰਨਾ ਹੈ ਵਿਧਾਨ ਸਭਾ ਦੇ ਮੈਂਬਰ ਦੇ ਤੌਰ ਤੇ ਮੈਂ ਆਸ ਕਰਦਾ ਹਾਂ ਕਿ ਤੁਸੀਂ, ਸਪੀਕਰ ਸਾਹਿਬ, ਜਿਸ ਤਰ੍ਹਾਂ ਪਿਛਲੇ ਸਮੇਂ ਸਹਿਯੋਗ, ਨਿਰਪੱਖਤਾ ਅਤੇ ਫੇਅਰਨੈਸ ਨਾਲ ਆਪਣੇ ਫਰਜ਼ ਨੂੰ ਨਿਭਾਉਂਦੇ ਰਹੇ ਹੋ ਹੁਣ ਵੀ ਨਿਭਾਉਗੇ। ਮੇਰੇ ਤੋਂ ਪਹਿਲਾਂ ਮੇਰੇ ਸਾਥੀ ਸੱਤਪਾਲ ਡਾਂਗ ਜੀ ਨੇ ਨਿਸਚਾ ਦਿਵਾਇਆ ਹੈ ਮੈਂ ਵੀ ਨਿਸਚਾ ਦਿਵਾਂਦਾ ਹਾਂ ਕਿ ਇਸ ਹਾਊਸ ਦੀ ਡਿਗਨਿਟੀ ਅਤੇ ਰਿਵਾਇਤਾਂ ਨੂੰ ਕਾਇਮ ਰਖਣ ਲਈ ਅਸੀਂ ਪੂਰਾ ਸਹਿਯੋਗ ਦਿਆਂਗੇ ਅਤੇ ਕਾਰ ਵਿਹਾਰ ਨੂੰ ਚਲਾਉਣ ਲਈ ਜਿਨ੍ਹਾਂ ਸਹਿਯੋਗ ਲੋੜੀਂਦਾ ਹੋਵੇ ਦਿਆਂਗੇ। ਅੰਤ ਵਿਚ ਮੈਂ ਫਿਰ ਆਪ ਜੀ ਦੇ ਸਰਬਸੰਮਤ ਚੋਣ ਤੇ, ਜਿਸ ਦੀ ਕਿ ਇਸ ਸਦਨ ਨੇ ਮਿਸਾਲ ਪੈਦਾ ਕੀਤੀ ਹੈ, ਆਉਣ ਵਾਲੇ ਦਿਨਾਂ ਲਈ, ਉਸ ਤੇ ਵਧਾਈ ਦੇ ਕੇ ਥਾਂ ਲੈਂਦਾ ਹਾਂ।

ਮਿਸਿਜ਼ ਗੁਰਬਰਿੰਦਰ ਕੌਰ (ਮਲੋਟ) : ਮਾਨਯੋਗ ਸਭਾਪਤੀ ਜੀ, ਤੁਹਾਨੂੰ ਇਸ ਹਾਊਸ ਵਿਚ ਸਰਵਸੰਮਤੀ ਨਾਲ ਸਪੀਕਰ ਚੁਣੇ ਜਾਣ ਤੇ ਮੈਂ ਹਾਰਦਿਕ ਵਧਾਈ ਦਿੰਦੀ ਹਾਂ। ਮੈਂ ਖੁਸ਼ੀ ਨਾਲ ਕਹਿਣਾ ਚਾਹੁੰਦੀ ਹਾਂ ਕਿ ਇਸ ਹਾਊਸ ਵਿਚ ਪੰਜ ਲੇਡੀ ਕਾਂਗਰਸ ਮੈਂਬਰਜ਼ ਅਤੇ ਇਕ ਅਕਾਲੀ ਪਾਰਟੀ ਦੀ ਲੇਡੀ ਮੈਂਬਰ ਚੁਣਕੇ ਆਈ ਹੈ। ਮੈਂ ਉਮੀਦ ਕਰਦੀ ਹਾਂ ਕਿ ਇਸ ਹਾਊਸ ਦੇ ਸਾਰੇ ਮੈਂਬਰ ਸਾਹਿਬਾਨ ਇਨ੍ਹਾਂ ਲੇਡੀ ਮੈਂਬਰਾਂ ਦੇ ਇਥੇ ਹੋਣ ਨਾਲ ਇਸ ਹਾਊਸ ਦੀ ਡਿਗਨਿਟੀ ਨੂੰ ਜਿਆਦਾ ਕਾਇਮ ਰਖਣਗੇ। ਸਪੀਕਰ ਸਾਹਿਬ, ਅਗੇ ਵੀ ਤੁਸੀਂ ਇਸ ਹਾਊਸ ਦੀ ਡਿਗਨਿਟੀ ਨੂੰ ਪੂਰੀ ਤਰਾਂ ਕਾਇਮ ਰਖਿਆ। ਔਰ ਮੈਨੂੰ ਪੂਰੀ ਤਰ੍ਹਾਂ ਉਮੀਦ ਹੈ ਕਿ ਇਸ ਹਾਊਸ ਦੀ ਡੀਬੇਟ ਦਾ ਸਟੈਂਡਰਡ ਵੀ ਉਚਾ ਹੋਵੇਗਾ ਅਤੇ ਸਾਰੇ ਭਰਾ ਇਸ ਹਾਊਸ ਵਿਚ ਅੱਛੀ ਤਰ੍ਹਾਂ ਬੀਹੇਵ ਕਰਨਗੇ ਤਾਂਕਿ ਅਸੀਂ ਮਾਣ ਨਾਲ ਆਪਣਾ ਸਿਰ ਉਚਾ ਕਰ ਸਕੀਏ। ਜਿਹੜੇ ਲੋਕ ਗੈਲਰੀਜ ਵਿਚ ਆਕੇ ਸਾਨੂੰ ਸੁਣਦੇ ਹਨ ਉਹ ਅੱਛਾ ਇਮਪ੍ਰੈਸ਼ਨ ਲੈਕੇ ਜਾਣ। ਬਾਕੀ ਜਿਸ ਤਰ੍ਹਾਂ ਸਰਦਾਰ ਪ੍ਰੇਮ ਸਿੰਘ ਹੋਰਾਂ ਨੇ ਕਿਹਾ ਹੈ ਕਿ ਇਮਪਾਰਸ਼ੀਐਲਿਟੀ ਆਫ ਦੀ ਚੇਅਰ ਜਰੂਰੀ ਹੈ ਤੁਸੀਂ ਹਰ ਇਕ ਦਾ ਖਿਆਲ ਰਖੋਗੇ। ਅਤੇ ਕਿਸੇ ਭਰਾ ਨੂੰ ਇਹ ਕਹਿਣ ਦਾ ਮੌਕਾ ਨਾ ਮਿਲੇ ਕਿ ਮੈਨੂੰ ਕੁਝ ਕਹਿਣ ਦਾ ਮੌਕਾ ਨਹੀਂ ਦਿਤਾ ਗਿਆ ਕਿਉਂਕਿ ਹਰ ਇਕ ਮੈਂਬਰ ਆਪਣੇ ਆਪਣੇ ਹਲਕੇ ਤੋਂ ਆਪਣੇ ਵੋਟਰਾਂ ਦੀਆਂ ਆਸਾਂ ਤੇ ਉਮੀਦਾਂ ਲੈ ਕੇ ਆਏ ਹਨ ਅਤੇ ਉਨ੍ਹਾਂ ਨੂੰ ਇਥੇ ਪਰਗਟ ਕਰਨਾ ਉਨ੍ਹਾਂ ਲਈ ਜਰੂਰੀ ਹੈ। ਮੈਨੂੰ ਪੂਰਨ ਆਸ ਹੈ ਕਿ ਜਿਸ ਤਰਾਂ ਗਿਆਨੀ ਜ਼ੈਲ ਸਿੰਘ ਜੀ ਨੇ, ਡਾਂਗ ਸਾਹਿਬ ਨੇ ਅਤੇ ਅਕਾਲੀ ਵੀਰਾਂ ਨੇ ਕਿਹਾ ਹੈ ਤੁਸੀਂ ਸਾਰਿਆਂ ਦੇ ਵਿਚਾਰ ਲਵੋਗੇ। ਮੇਰੀ ਇਕੋ ਹੀ ਇਛਾ ਹੈ ਕਿ ਪੰਜਾਬ ਦੀ ਅਸੈਂਬਲੀ ਦੀ ਡੀਬੇਟ ਦਾ ਪੱਧਰ ਬਹੁਤ ਉਚਾ ਹੋਵੇ। ਅੰਤ ਵਿਚ ਮੈਂ ਫਿਰ ਆਪ ਜੀ ਨੂੰ ਅਤੇ ਸਾਰੇ ਹਾਊਸ ਨੂੰ ਆਪ ਜੀ ਦੀ ਸਰਬਸੰਮਤ ਚੋਣ ਤੇ ਵਧਾਈ ਦਿੰਦੀ ਹਾਂ।

ਅਚਾਰਿਆ ਪ੍ਰਿਥਵੀ ਸਿੰਘ ਆਜ਼ਾਦ (ਧੰਨਾ ਐਸ. ਸੀ.) ਸਪੀਕਰ ਸਾਹਿਬ, ਮੇਰਾ ਵਾਸਤਾ ਪੰਜਾਬ ਦੇ ਬਹੁਤ ਸਾਰੇ ਸਪੀਕਰ ਸਾਹਿਬਾਨ ਨਾਲ ਰਿਹਾ ਹੈ ਸਰ ਸ਼ਹਾਬੁਦੀਨ ਤੋਂ ਲੈ ਕੇ ਤੁਹਾਡੇ ਤਕ। ਮੈਂ ਇਹ ਫ਼ਖਰ ਨਾਲ ਕਹਿ ਸਕਦਾ ਹਾਂ ਕਿ ਜਿਤਨੀ ਛੋਟੀ ਆਯੂ ਵਿਚ ਇਹ ਉਚ ਪਦਵੀ ਤੁਹਾਨੂੰ ਪ੍ਰਾਪਤ ਹੋਈ ਹੈ ਇਹ ਬਹੁਤ ਘਟ ਬੰਦਿਆਂ ਨੂੰ ਸਪੀਕਰ ਦਾ ਆਹੁਦਾ ਇਸ

[ਅਚਾਰਿਆ ਪ੍ਰਿਥਵੀ ਸਿੰਘ ਆਜ਼ਾਦ]

ਆਯੂ ਵਿਚ ਮਿਲਿਆ ਹੈ। ਸਪੀਕਰ ਸਾਹਿਬ, ਤੁਹਾਡੇ ਵਿਚ ਕਈ ਵਿਸ਼ੇਸ਼ਤਾਵਾਂ ਨੇ ਜਿਨਾਂ ਵਿਚੋਂ ਸਭ ਤੋਂ ਵਡੀ ਵਿਸ਼ੇਸ਼ਤਾ ਮਿੱਠ ਬੋਲੜਾ ਹੋਣਾ ਤੇ ਸਭ ਨੂੰ ਬਰਾਬਰ ਦਾ ਸਤਿਕਾਰ ਦੇਣਾ ਹੈ। ਮੈਂ ਸਮਝਦਾ ਹਾਂ ਕਿ ਜਿਸ ਸਪੀਕਰ ਦੇ ਵਿਚ ਇਹ ਗੁਣ ਹੋਣ ਉਹ ਸਪੀਕਰ ਆਪਣੇ ਇਸ ਉਸ-ਪਦ ਨੂੰ ਪੂਰੀ ਸਫਲਤਾ ਦੇ ਨਾਲ ਨਿਭਾ ਸਕਦਾ ਹੈ। ਜਦੋਂ ਸਪੀਕਰ ਇਹ ਭੁਲ ਜਾਵੇ ਕਿ ਮੈਂ ਕਿਸ ਪਾਰਟੀ ਦਾ ਹਾਂ ਉਦੋਂ ਉਹ ਸਭ ਨੂੰ ਸਮਾਨਤਾ ਦਿੰਦਾ ਹੈ। ਜਿਥੇ ਸਪੀਕਰ ਆਪਣੇ ਆਪ ਨੂੰ ਬੰਨ੍ਹ ਕੇ ਰਖਦਾ ਹੈ ਕਿ ਉਹ ਕਿਸੇ ਪਾਰਟੀ ਨਾਲ ਸਬੰਧਤ ਹੈ। ਉਹ ਆਪਣੇ ਕਰਤਵ ਪਾਲਣ ਵਿਚ ਉਖੜ ਜਾਂਦਾ ਹੈ। ਮੈਨੂੰ ਮਾਨ ਹੈ ਕਿ ਤੁਸੀਂ ਬਤੌਰ ਸਪੀਕਰ ਦੇ ਨਿਰਪਖਤਾ ਨਾਲ ਪਿਛੋਕੜ ਦੇ ਪਦ ਨੂੰ ਨਿਭਾਇਆ ਹੈ ਅਤੇ ਮੈਨੂੰ ਪੂਰਨ ਵਿਸ਼ਵਾਸ ਹੈ ਕਿ ਇਸ ਬਦਲੇ ਹੋਏ ਹਾਲਾਤ ਵਿਚ ਪੰਜਾਬ ਦੇ ਵਿਚ ਨਵੀਂ ਕਰਾਂਤੀ ਲਿਆਉਣ ਵਾਸਤੇ ਇਸ ਸਭਾ ਦਾ ਆਰੰਭ ਹੋਇਆ ਹੈ ਉਸ ਕਰਾਂਤੀ ਦੇ ਨਿਰਮਾਣ ਵਿਚ ਤੁਸੀਂ ਕਰਾਂਤੀਕਾਰੀ ਸੁਭਾ ਨਾਲ ਜੋ ਤੁਹਾਨੂੰ ਜਨਮ ਕਾਲ ਤੋਂ ਮਿਲਿਆ ਹੈ ਪੰਜਾਬ ਵਿਚ ਸੱਚੇ ਅਰਥਾਂ ਵਿਚ ਹਿਸਾ ਪਾਓਗੇ। ਅਤੇ ਪੰਜਾਬ ਦੀ ਵਿਧਾਨ ਸਭਾ ਨੂੰ ਭਾਰਤ ਦੀਆਂ ਬਾਕੀ ਵਿਧਾਨ ਸਭਾਵਾਂ ਵਿਚੋਂ ਇਕ ਆਦਰਸ਼ ਸਭਾ ਬਣਾਉਣ ਲਈ ਘਾਲਣਾ ਘਾਲੋਗੇ।

ਇਨ੍ਹਾਂ ਸ਼ਬਦਾਂ ਨਾਲ, ਸਪੀਕਰ ਸਾਹਿਬ, ਮੈਂ ਤੁਹਾਨੂੰ ਫੇਰ ਵਧਾਈ ਦਿੰਦਾ ਹਾਂ ਕਿ ਇਸ ਹਾਊਸ ਨੇ ਤੁਹਾਨੂੰ ਪੂਰਨ ਰੂਪ ਵਿਚ ਸਰਬ-ਸੰਮਤੀ ਨਾਲ ਇਸ ਸਭਾ ਦਾ ਉਚ ਆਸਨ ਪੇਸ਼ ਕੀਤਾ ਹੈ ਅਤੇ ਤੁਹਾਡਾ ਸਤਿਕਾਰ ਕੀਤਾ ਹੈ।

ਸਰਦਾਰ ਧੰਨਾ ਸਿੰਘ ਗੁਲਸ਼ਨ: (ਨਥਾਣਾ ਐਸ. ਸੀ.) ਸਪੀਕਰ ਸਾਹਿਬ ਮੈਂ ਆਪ ਨੂੰ ਵਧਾਈ ਦਿੰਦਾ ਹਾਂ। ਮੈਨੂੰ ਇਸ ਕਰਕੇ ਵੀ ਬਹੁਤ ਹੀ ਖੁਸ਼ੀ ਅਤੇ ਮਾਣ ਪ੍ਰਾਪਤ ਹੋਇਆ ਹੈ ਕਿ 1969 ਦੀਆਂ ਅਲੈਕਸ਼ਨਾਂ ਤੋਂ ਬਆਦ ਮੇਰੀ ਪਾਰਟੀ ਸ੍ਰੋਮਣੀ ਅਕਾਲੀ ਦਲ ਦੇ ਵਿਧਾਇਕਾਂ ਨੇ ਇਸ ਉਚ ਪਦਵੀ ਦੀ ਕੁਰਸੀ ਤੇ ਸੁਸ਼ੋਭਤ ਕੀਤਾ ਸੀ। ਤੁਸੀਂ ਆਪਣੀ ਯੋਗਤਾ ਨਾਲ ਇਤਨਾ ਤਜਰਬਾ ਪ੍ਰਾਪਤ ਕੀਤਾ ਕਿ ਅਜ ਦੀ ਸਾਸ਼ਨ ਚਲਾ ਰਹੀ ਪਾਰਟੀ ਨੇ ਵੀ ਤੁਹਾਨੂੰ ਇਤਨਾ ਯੋਗ ਸਮਝਿਆ ਕਿ ਉਹ ਵੀ ਇਸ ਮਹਾਨ ਅਹੁਦੇ ਲਈ ਤੁਹਾਨੂੰ ਚੁਣਨ ਦੇ ਵਿਚ ਸਫਲ ਹੋਏ, ਇਸ ਤਰਾਂ ਕਰਨ ਵਿਚ ਉਨਾਂ ਨੇ ਬੜੀ ਜ਼ਿੰਦਾ ਦਿਲੀ ਦਾ ਸਬੂਤ ਦਿਤਾ ਹੈ। ਇਤਨੇ ਥੋੜੇ ਸਮੇਂ ਵਿਚ ਤੁਸੀਂ ਆਪਣੀ ਲਿਆਕਤ ਨਾਲ ਕਾਬਲੀਅਤ ਨਾਲ ਆਪਣੀਆਂ ਸੇਵਾਵਾਂ ਦਾ ਚੋਖਾ ਫਲ ਪ੍ਰਾਪਤ ਕੀਤਾ ਹੈ। ਇਹ ਤੁਹਾਡੀ ਸੂਝ ਦਾ ਹੀ ਸਦਕਾ ਹੈ ਕਿ ਤੁਹਾਡੇ ਚੁਣੇ ਜਾਣ ਦਾ ਅਪੋਜ਼ੀਸ਼ਨ ਦੇ ਮੈਂਬਰਾਂ ਨੂੰ ਅਤੇ ਸਰਕਾਰੀ ਬੈਂਚਾਂ ਦੇ ਮੈਂਬਰਾਂ ਨੂੰ ਬੜਾ ਭਾਰੀ ਮਾਣ ਪ੍ਰਾਪਤ ਹੈ। ਇਹ ਇਕ ਬਹੁਤ ਹੀ ਗੌਰਵ ਦੀ ਗਲ ਹੋਵੇਗੀ ਕਿ ਇਸ ਹਾਊਸ ਨੂੰ ਚਲਾਉਣ ਵਾਸਤੇ ਅਜ ਤਾਈਂ ਤੁਸੀਂ ਬੜੀ ਨਿਰਪੱਖਤਾ ਨਾਲ ਕੰਮ ਕਰਦੇ ਰਹੇ ਹੋ, ਜਿਸ ਦੇ ਤਜਰਬੇ ਦੇ ਸਿਟੇ ਤੋਂ ਤੁਹਾਨੂੰ ਇਸ ਸਦਨ ਦੇ ਮਹਾਨ ਔਹਦੇ ਨੂੰ ਚਲਾਉਣ ਲਈ ਫੇਰ ਚੁਣਿਆ ਗਿਆ ਹੈ। ਸਪੀਕਰ ਸਾਹਿਬ, ਮੈਂ, ਤੁਹਾਨੂੰ ਫੇਰ ਵਧਾਈ ਦਿੰਦਾ ਹਾਂ। ਮੈਂ ਇਹ ਵੀ ਆਸ ਕਰਦਾ ਹਾਂ ਕਿ ਤੁਸੀਂ ਇਸ ਹਾਊਸ ਦੇ ਸਤਰ ਨੂੰ ਇਤਨਾ ਉਚਾ ਲੈ ਜਾਉਗੇ ਜਿਸ ਦੇ ਲਈਂ ਕਿ ਇਹ ਯੋਗ ਹੈ। ਮੈਂ ਆਪ ਨੂੰ ਇਸ ਹਾਊਸ ਦੇ ਸਪੀਕਰ ਚੁਣੇ ਜਾਣ ਤੇ ਇਕ ਵਾਰ ਫੇਰ ਹਾਰਦਿਕ ਵਧਾਈ ਦਿੰਦਾ ਹਾਂ।

ਚੋਧਰੀ ਸੁੰਦਰ ਸਿੰਘ: (ਨਰੋਟ ਮਹਿਰਾ ਐਸ. ਸੀ.) ਮੈਂ, ਸਪੀਕਰ ਸਾਹਿਬ, ਤੁਹਾਨੂੰ ਤਹਿ ਦਿਲ ਨਾਲ ਵਧਾਈ ਦੇਂਦਾ ਹਾਂ। ਤੁਹਾਡੀ ਕਾਮਯਾਬੀ ਦੀ ਵਜਾ ਇਹ ਵੀ ਹੈ ਕਿ ਤੁਸੀਂ ਬੜੇ

ਪ੍ਰੋਗਰੈਸਿਵ ਹੋ, ਸਾਨੂੰ ਉਮੀਦ ਹੈ ਕਿ ਤੁਸੀਂ ਜਿਥੇ ਹਰ ਇਕ ਪਾਰਟੀ ਨਾਲ ਮੁਸਾਵਾਤ ਦਾ ਸਲੂਕ ਇਖਤਿਆਰ ਕਰੋਗੇ ਉਥੇ ਜਿਹੜੀ ਲਿਟਲ ਸੈਕਸ਼ਨ ਸੈਡੂਲਡ ਕਾਸਟ ਦੀ ਹੈ ਤੁਸੀਂ ਇਸ ਦਾ ਵੀ ਪੂਰਾ ਖਿਆਲ ਰਖੋਗੇ ਕਿਉਂਕਿ ਅਸੀਂ ਸਾਰਿਆਂ ਨੇ ਇਸ ਦੇਸ਼ ਦੀ ਗਰੀਬੀ ਨੂੰ ਦੂਰ ਕਰਨਾ ਹੈ। ਅਸੀਂ ਉਮੀਦ ਕਰਦੇ ਹਾਂ ਕਿ ਤੁਸੀਂ ਹਰੀਜਨ ਮੈਂਬਰਾਂ ਨੂੰ ਆਪਣੇ ਦਿਲ ਦੀ ਗਲ ਕਹਿਣ ਲਈ ਪੂਰਾ ਵਕਤ ਦੇਕੇ ਉਨਾਂ ਦੀ ਐਨਕਰੇਜਮੈਂਟ ਕਰੋਗੇ, ਇਹ ਨਾ ਹੋਵੇ ਕਿ ਉਨ੍ਹਾਂ ਨੂੰ ਗਲ ਕਰਨ ਦਾ ਮੌਕਾ ਨਾ ਮਿਲੇ ਅਤੇ ਗ਼ਰੀਬ ਆਪਣੇ ਦੁਖ ਵੀ ਨਾ ਰੋ ਸਕਣ। ਇਹ ਠੀਕ ਹੈ ਕਿ ਮਿਠੇ ਖਖੜੀਆਂ ਖਰਬੂਜੇ ਵਿਰਲੀਆਂ ਵਿਰਲੀਆਂ ਬੇਲਾਂ ਨੂੰ ਹੀ ਲਗਦੇ ਹੁੰਦੇ ਹਨ, ਪਰ ਤੁਸੀ ਗਰੀਬੀ ਹਟਾਉਣ ਦੇ ਵਿਚ ਪ੍ਰੈਕਟੀਕਲੀ ਸਬੂਤ ਦੇਣਾ ਹੈ। ਅਸੀਂ ਇਸ ਮਕਸਦ ਵਿਚ ਤਦ ਤੱਕ ਅਗੇ ਨਹੀਂ ਵਧ ਸਕਦੇ ਜਦੋਂ ਤਕ ਅਸੀਂ ਗਰੀਬਾਂ ਨੂੰ ਨਾਲ ਲੈਕੇ ਅਗੇ ਨਾ ਵਧੀਏ। ਜਦੋਂ ਸਾਰੇ ਲੋਕ ਮੁਸਾਵੀ ਹੋਣਗੇ ਫੇਰ ਹੀ ਇਸ ਸੋਸ਼ਲਿਜਮ ਅਤੇ ਸੈਕੂਲਿਰਿਜਮ ਦਾ ਮਜਾ ਆਵੇਗਾ। ਇਨਾਂ ਸ਼ਬਦਾਂ ਨਾਲ ਮੈਂ ਤੁਹਾਨੂੰ ਵਧਾਈ ਦਿੰਦਾ ਹਾਂ।

ਸਰਦਾਰ ਹਰਚਰਨ ਸਿੰਘ (ਅਜਨਾਲਾ): ਸਪੀਕਰ ਸਾਹਿਬ, ਮੈਂ ਏਸ ਆਗਸਟ ਹਾਊਸ ਦੇ ਮੈਂਬਰ ਹੋਣ ਦੇ ਨਾਤੇ ਤੁਹਾਨੂੰ ਵਧਾਈ ਦੇਣ ਵਿਚ ਫ਼ਖਰ ਮਹਿਸੂਸ ਕਰਦਾ ਹਾਂ। ਮੈਂ ਇਸ ਗਲ ਤੇ ਵੀ ਤੁਹਾਨੂੰ ਹਾਰਦਿਕ ਵਧਾਈ ਪੇਸ਼ ਕਰਦਾ ਹਾਂ ਕਿ ਇਸ ਹਾਊਸ ਨੇ ਤੁਹਾਡੀ ਮੁਤਫਿਕਾ ਚੋਣ ਕੀਤੀ ਹੈ। ਮੈਨੂੰ ਪੂਰੀ ਆਸ ਹੈ ਕਿ ਤੁਸੀਂ ਇਸ ਹਾਊਸ ਦੀਆਂ ਪੂਰੀਆਂ ਰਿਵਾਇਤਾਂ ਕਾਇਮ ਰਖੋਗੇ ਜੋ ਤੁਸੀਂ ਪਹਿਲਾਂ ਵੀ ਅਤੇ ਤੁਹਾਡੇ ਤੋਂ ਪਹਿਲਾਂ ਦੇ ਸਪੀਕਰ ਸਾਹਿਬਾਨ ਵੀ ਕਾਇਮ ਰਖਦੇ ਆਏ ਹਨ। ਮੈਨੂੰ ਪੂਰੀ ਆਸ ਹੈ ਕਿ ਤੁਸੀਂ ਇਸ ਹਾਊਸ ਦੀ ਸ਼ਾਨ ਕਾਇਮ ਕਰਨ ਵਿਚ ਰਿਵਾਇਤ ਕਾਇਮ ਕਰਕੇ ਇਸ ਵਿਚ ਵਾਧਾ ਕਰੋਗੇ ਅਤੇ ਇਸ ਕੁਰਸੀ ਦੀ ਸ਼ਾਨ ਨੂੰ ਹੋਰ ਉਚਾ ਕਰੋਗੇ। ਜਿਨ੍ਹਾਂ ਰਿਵਾਇਆਤ ਕਰਕੇ ਤੁਹਾਨੂੰ ਇਸੇ ਅਹੁਦੇ ਲਈ ਚੁਣਿਆ ਗਿਆ ਹੈ। ਮੈਨੂੰ ਇਹ ਵੀ ਉਮੀਦ ਹੈ ਕਿ ਤੁਸੀਂ ਇਸ ਹਾਊਸ ਨੂੰ ਪੂਰੀ ਨਿਰਪਖਤਾ ਅਤੇ ਇੰਪਾਰਸ਼ੀਐਲਟੀ ਦੇ ਨਾਲ ਚਲਾਉਂਦੇ ਰਹੋਗੇ, ਜਿਵੇਂ ਕਿ ਇਕ ਸ਼ਾਇਰ ਨੇ ਕਿਹਾ ਹੈ ਕਿ:—

"ਮਕੀਂ ਕੇ ਹਰ ਮਕਾਂ ਕੀ ਜ਼ੇਬ ਹੈ ਗੋ ਜੇਲ ਖਾਨਾ,
ਨਸੀਬਾ ਬੜ੍ਹ ਗਿਆ ਥਾ ਹਜ਼ਰਤੇ ਯੂਸਫ ਕਾ ਜ਼ਬੈਦਾ ਸੇ।

ਮੈਨੂੰ ਪੂਰੀ ਆਸ ਹੈ ਕਿ ਤੁਸੀਂ ਇਸ ਕੁਰਸੀ ਨੂੰ ਪੂਰਾ ਮਾਣ ਦੇਵੋਗੇ। ਜਦੋਂ ਵੀ ਕੋਈ ਮੈਂਬਰ ਸਪੀਚ ਸ਼ੁਰੂ ਕਰਨਾ ਚਾਹੁੰਦਾ ਹੈ ਤਾਂ ਬੋਲਣ ਤੋਂ ਪਹਿਲਾਂ ਉਸ ਨੂੰ ਸਪੀਕਰ ਦੀ ਆਈ ਕੈਚ ਕਰਨੀ ਹੁੰਦੀ ਹੈ, ਜਿਹੜੇ ਵੀ ਮੈਂਬਰ ਤੇ ਤੁਹਾਡੀ ਨਜ਼ਰੇ ਕਰਮ ਹੋਵੇ ਉਹੀ ਡੀਬੇਟ ਵਿਚ ਹਿਸਾ ਲੈ ਸਕਦਾ ਹੈ। ਇਹ ਨਜ਼ਰੇ ਕਰਮ ਤੁਸੀ ਨਵੇਂ ਆਏ ਵਿਧਾਇਕਾਂ ਤੇ ਖਾਸ ਤੌਰ ਤੇ ਕਰਦੇ ਰਹੋਗੇ ਤਾਂ ਜੋ ਉਹ ਲੋਕ ਵੀ ਆਪਣੇ ਇਲਾਕੇ ਦੀਆਂ ਤਕਲੀਫ਼ਾਂ ਇਸ ਹਾਊਸ ਵਿਚ ਰਖ ਕੇ ਸਹੀ ਸੇਵਾ ਕਰ ਸਕਣ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਨੂੰ ਵਧਾਈ ਪੇਸ਼ ਕਰਦਾ ਹਾਂ। X X X

ਡਾਕਟਰ ਹਰਭਜਨ ਸਿੰਘ (ਆਦਮ ਪੁਰ): ਸਪੀਕਰ ਸਾਹਿਬ, ਮੈਂ ਆਪ ਦੇ ਯੂਨਾਨੀਮਸ ਚੁਣਾਓ ਤੇ ਆਪਨੂੰ ਹਾਰਦਿਕ ਵਧਾਈ ਦਿੰਦਾ ਹਾਂ। ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਵੀ

[ਡਾਕਟਰ ਹਰਭਜਨ ਸਿੰਘ]

ਵਧਾਈ ਦਿੰਦਾ ਹਾਂ ਕਿ ਉਨਾਂ ਨੇ ਇਹੋ ਜਿਹੀ ਸ਼ਖਸ਼ੀਅਤ ਦੀ ਚੋਣ ਕਰਕੇ ਬੜੀ ਸਿਆਣਪ ਕੀਤੀ ਹੈ ਜਿਸ ਨੂੰ ਇਸ ਹਾਊਸ ਦੇ ਮੈਂਬਰਾਂ ਨੇ ਮੁਤਫਿਕ ਤੌਰ ਤੇ ਮੰਨ ਲਿਆ ਹੈ । ਮੈਨੂੰ ਇਸ ਗਲ ਦਾ ਵੀ ਫਖਰ ਹਾਸਲ ਹੈ ਕਿ ਤੁਸੀਂ ਸਾਡੇ ਨਾਲੋਂ ਚੇਅਰਮੈਨ ਬਲਾਕਾਂ ਦੇ ਪੱਧਰ ਤੋਂ ਉਠ ਕੇ ਇਸ ਉਚੀ ਪਦਵੀ ਵਾਲੀ ਕੁਰਸੀ ਨੂੰ ਸੰਭਾਲਿਆ ਹੈ ਆਪ ਨੇ ਦੋ ਵਾਰ ਬਤੌਰ ਆਜਾਦ ਮੈਂਬਰ ਆਕੇ ਆਜਾਦ ਮੈਂਬਰਾਂ ਦੀ ਸ਼ਾਨ ਬੜਾਈ । (ਤਾੜੀਆਂ) ਤੁਸਾਂ ਇਸ ਕੁਰਸੀ ਦੀ ਇਜ਼ਤ ਨੂੰ ਪਹਿਲਾਂ ਵੀ ਉਚਾ ਚੁਕਿਆ ਹੁਣ ਫੇਰ ਇਸੇ ਔਹਦੇ ਸੰਭਾਲਿਆ ਹੈ । ਮੈਂ ਇਕ ਆਜਾਦ ਮੈਂਬਰ ਦੇ ਤੌਰ ਤੇ ਆਪ ਨੂੰ ਯਕੀਨ ਦਿਲਾਉਂਦਾ ਹਾਂ ਕਿ ਮੈਂ ਹਰ ਤਰਾਂ ਨਾਲ ਤੁਹਾਨੂੰ ਸਹਿਯੋਗ ਦੇਵਾਂਗਾ ਅਤੇ ਮੇਰੀ ਇਹ ਦਿਲੀ ਇਛਾ ਹੈ ਕਿ ਜਿਸ ਖੁਸ਼ ਅਸਲੂਬੀ ਦੇ ਨਾਲ ਅਤੇ ਨਿਰਪੱਖਤਾ ਦੇ ਨਾਲ ਤੁਸ਼ੀ ਇਸ ਹਾਊਸ ਦੀਆਂ ਰਵਾਇਆਤਾ ਨੂੰ ਕਾਇਮ ਰਖਿਆ ਹੈ ਹੁਣ ਫੇਰ ਉਸੇ ਤਰ੍ਹਾਂ ਹੀ ਕਾਇਮ ਰਖੋਗੇ । ਜੋ ਕਿਸੇ ਮੈਂਬਰ ਵਿਚ ਜਾਂ ਸਰਕਾਰ ਦੇ ਵਿਚ ਜਾਂ ਆਪਣੇ ਵਿਚ ਹੁਣ ਤਾਈਂ ਕੋਈ ਤਰੁਟੀ ਆ ਗਈ ਹੋਵੇ ਤਾਂ ਤੁਸੀ ਆਪਣੇ ਇਸ ਟੈਨਿਯੋਰ ਵਿਚ ਉਸ ਨੂੰ ਦੂਰ ਕਰਨ ਦੇ ਯਤਨ ਕਰੋਂਗ । ਮੈਂ ਇਕ ਵਾਰ ਫੇਰ ਆਪ ਨੂੰ ਦਿਲੀ ਮੁਬਾਰਕ ਬਾਦ ਦਿੰਦਾ ਹਾਂ ।

ਸ੍ਰੀ ਵਿਸ਼ਵਾ ਮਿਤਰ ਸੇਖਰੀ (ਬਟਾਲਾ) ਮਾਨਯੋਗ ਸਪੀਕਰ ਸਾਹਿਬ, ਮੈਂ ਇਸ ਯੂਨਾਨੀਮਸ ਚੋਣ ਤੇ ਆਪ ਨੂੰ ਹਾਰਦਿਕ ਵਧਾਈ ਦਿੰਦਾ ਹਾਂ ਅਤੇ ਮੁਬਾਰਕਬਾਦ ਪੇਸ਼ ਕਰਦਾ ਹਾਂ । ਕਈ ਮੈਂਬਰਾਂ ਨੇ ਆਪਣੀ ਸਪੀਚ ਵਿਚ ਕਹਿੰਦੇ ਹੋਇਆ ਇਹ ਨੁਕਤਾ ਚੀਨੀ ਕੀਤੀ ਕਿ ਜਦੋਂ ਸਰਦਾਰ ਦਰਬਾਰਾ ਸਿੰਘ 1969 ਵਿਚ ਚੁਣ ਕੇ ਆਏ ਤਾਂ ਉਨ੍ਹਾਂ ਨੇ ਸਾਡੀ ਪਾਰਟੀ ਵਿਚ ਰਹਿ ਕੇ ਆਪਣੀ ਡਿਊਟੀ ਨਿਭਾਈ । ਪਰ ਅੱਜ ਹਿੰਦੁਸਤਾਨ ਦੀ ਸਭ ਤੋਂ ਵਡੀ ਪਾਰਟੀ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਇਸ ਹਾਊਸ ਦੇ ਲੀਡਰ ਗਿਆਨੀ ਜ਼ੈਲ ਸਿੰਘ ਨੇ ਵੀ ਆਪ ਨੂੰ ਜ਼ਿਮੇਵਾਰੀ ਦੇ ਦਿਤੀ ਅਤੇ ਐਸਾ ਕਰਕੇ ਉਨ੍ਹਾਂ ਨੇ ਆਪਣੀ ਪਾਰਟੀ ਦਾ ਨਾਉਂ ਉਚਾ ਕੀਤਾ ਹੈ । ਸਾਨੂੰ ਪੂਰੀ ਉਮੀਦ ਹੈ ਕਿ 1969 ਦੀਆ ਚੋਣਾਂ ਤੋਂ ਬਾਅਦ ਜਿਸ ਤਰ੍ਹਾਂ ਇਸ ਹਾਊਸ ਨੂੰ ਚਲਾਇਆ ਗਿਆ ਅਤੇ ਇਸ ਹਾਊਸ ਦੀ ਸ਼ਾਨ ਨੂੰ ਉੱਚਾ ਕੀਤਾ ਗਿਆ, ਹੁਣ ਇਸ ਪਾਰਟੀ ਨੂੰ ਵੀ ਪੂਰੀ ਪੂਰੀ ਉਮੀਦ ਹੈ ਕਿ ਤੁਸੀਂ ਹੁਣ ਵੀ ਉਹੀ ਰਵਾਇਤਾਂ ਕਾਇਮ ਕਰੋਗੇ ਅਤੇ ਇਸ ਪਾਰਟੀ ਦੀਆਂ ਆਸਾਂ ਪੂਰੀਆਂ ਕਰੋਗੇ । ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਨੂੰ ਮੁਬਾਰਕਬਾਦ ਪੇਸ਼ ਕਰਦਾ ਹਾਂ ਅਤੇ ਇਸ ਦੇ ਨਾਲ ਹੀ ਗਿਆਨੀ ਜੀ ਨੂੰ ਵੀ ਮੁਬਾਰਕਬਾਦ ਪੇਸ਼ ਕਰਦਾ ਹਾਂ ਜਿਨ੍ਹਾਂ ਨੇ ਤੁਹਾਡੀ ਚੋਣ ਕੀਤੀ ।

ਸਰਦਾਰ ਕਰਨੈਲ ਸਿੰਘ ਮਰਹੜੀ (ਜੰਡਿਆਲਾ ਐਸ. ਸੀ.) : ਸਪੀਕਰ ਸਾਹਿਬ, ਮੈਂ ਇਸ ਮੌਕੇ ਤੇ ਆਪ ਨੂੰ ਵਧਾਈ ਦੇਣ ਵਾਸਤੇ ਖੜ੍ਹਾ ਹੋਇਆ ਹਾਂ । ਮੈਂ ਅੱਜ, ਲੀਡਰ ਆਫ ਦੀ ਹਾਊਸ ਨੇ ਜੋ ਤੁਹਾਡਾ ਚੁਨਾਓ ਕੀਤਾ ਹੈ, ਇਸ ਗੱਲ ਤੇ ਵੀ ਖੁਸ਼ ਹਾਂ ਕਿ ਇਨ੍ਹਾਂ ਨੇ ਵੀ ਉਸ ਨੂੰ ਹੀ ਯੋਗ ਸਮਝਿਆ ਹੈ ਜਿਹੜਾ ਕਿ ਬਾਦਲ ਸਰਕਾਰ ਨੇ ਚੁਣਿਆ ਸੀ । ਅਸੀਂ ਆਸ ਕਰਦੇ ਹਾਂ ਕਿ ਤੁਸੀਂ ਹਕੂਮਤ ਨੂੰ, ਗਰੀਬੀ ਦੂਰ ਕਰਨ ਦਾ ਜਿਹੜਾ ਨਾਹਰਾ ਲਾਇਆ ਹੈ, ਉਸ ਪਾਸੇ ਜ਼ਰੂਰ ਲਾਵੋਗੇ ਅਤੇ ਪੰਜਾਬ ਵਿਚ ਗ਼ਰੀਬੀ ਦੂਰ ਕਰਨ ਦਾ ਪੂਰਾ ਪੂਰਾ ਯਤਨ ਕਰੋਗੇ । ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਨੂੰ ਅਤੇ ਤੁਹਾਡੇ ਵੋਟਰਾਂ ਨੂੰ ਵਧਾਈ ਦਿੰਦਾ ਹਾਂ, ਜਿਨ੍ਹਾਂ ਨੇ ਇਕ ਚੰਗੇ ਸਪੀਕਰ ਨੂੰ ਏਥੇ ਚੁਣ ਕੇ ਭੇਜਿਆ ਹੈ । ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਨੂੰ ਵਧਾਈ ਦਿੰਦਾ ਹਾਂ ।

श्री यश पाल (जालंधर दक्षिण) : आज इस सदन मे कुछ नई रवायात कायम हुई हैं इस के लिये मैं आप को मुबारकबाद पेश करता हूं । मैं उम्मीद करता हूं कि जिस तरह इत्तिफाक राये से, स्पीकर साहिब, आपको चुना गया है, उसी भावना को सामने रखते हुए आप दूसरी रवायात को निभाने की पूरी कोशिश करेंगे, जमहूरी रवायात के मुताबिक आप हर कदम ऊठायेंगे ।

स्पीकर की तारीफ यह होती है कि "Speaker is a person who speaks the least." मुझे पूरी आशा है कि आप सारे मेंबरों का ख्याल रखते हुये अपना फर्ज़ भलीभांति निभायेंगे ।

इसी तरह से अपोज़ीशन की तारीफ यह होती है कि "Opposition is a body which opposes the least." । मैं उम्मीद करता हूं कि अकाली-दल सही हालात को समझ कर अपोज़ीशन का सही रोल अदा करेगा ।

एक मेंबर की तरफ से यह बात भी कही गई कि अकाली दल ने ही स्पीकर साहिब को चुना था और इस पर उन्होंने अपनी पार्टी की सूझ बूझ का ज़िक्र किया । एक आज़ाद मेंबर ने यह भी कहा कि आपको बतौर आज़ाद मेंबर के चुना गया था । इन दो तरफा बातों के सुनने से यह पता चलता है कि जितने सूझ वाले आदमी हैं आज उनकी जगह कांग्रेस में ही है । इन अलफाज़ के साथ मैं आप को मुबारकबाद देता हूं ।

ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ (ਸ਼ੇਰਪੁਰ ਐਸ. ਸੀ.) : ਮਾਨਯੋਗ ਸਪੀਕਰ ਸਾਹਿਬ, ਮੈਂ ਸਭ ਤੋਂ ਪਹਿਲਾਂ ਤੁਹਾਨੂੰ ਸਰਬਸੰਮਤੀ ਨਾਲ ਚੁਣੇ ਜਾਣ ਤੇ ਵਧਾਈ ਦਿੰਦਾ ਹਾਂ । ਸਪੀਕਰ ਸਾਰੇ ਹਾਊਸ ਨੂੰ ਚਲਾਉਣ ਵਾਲਾ ਹੁੰਦਾ ਹੈ । ਜਿਸ ਤਰ੍ਹਾਂ ਪਹਿਲਾਂ ਤੁਸੀਂ ਹਾਊਸ ਬੜੇ ਚੰਗੇ ਤਰੀਕੇ ਨਾਲ ਚਲਾਇਆ ਹੈ, ਉਸੇ ਤਰ੍ਹਾਂ ਹੁਣ ਵੀ, ਮੈਂ ਉਮੀਦ ਰੱਖਦਾ ਹਾਂ ਕਿ, ਇਸ ਹਾਊਸ ਨੂੰ ਚਲਾਉਗੇ । ਅੱਗੇ ਵਾਂਗ ਹੁਣ ਵੀ ਤੁਸੀਂ ਹਾਊਸ ਨੂੰ ਨਿਰਪੱਖ ਤਰੀਕੇ ਨਾਲ ਚਲਾਉਗੇ । ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਤੁਹਾਡੇ ਸਰਬਸੰਮਤੀ ਨਾਲ ਸਪੀਕਰ ਚੁਣੇ ਜਾਣ ਤੇ ਤੁਹਾਨੂੰ ਆਪਣੇ ਅਤੇ ਆਪਣੀ ਪਾਰਟੀ ਵਲੋਂ ਹਾਰਦਿਕ ਧੰਨਵਾਦ ਦਿੰਦਾ ਹੋਇਆ ਬੈਠਦਾ ਹਾਂ ।

ਭਗਤ ਗੁਰਾਂ ਦਾਸ ਹੰਸ (ਸ਼ਾਮਚੁਰਾਸੀ—ਐਸ. ਸੀ.) : ਮੈਂ ਤੁਹਾਡੀ ਸਰਬਸੰਮਤੀ ਨਾਲ ਚੋਣ ਹੋਣ ਤੇ ਤੁਹਾਨੂੰ ਮੁਬਾਰਕਬਾਦ ਦੇਣ ਲਈ ਖੜ੍ਹਾ ਹੋਇਆ ਹਾਂ । ਮੈਨੂੰ ਡਾਕਟਰ ਸੱਤ ਪਾਲ ਤੋਂ ਲੈਕੇ ਅੱਜ ਤਕ ਦੇ ਸਪੀਕਰ ਹੋਣ ਤਕ ਇਥੇ ਬੈਠਣ ਦਾ ਮੌਕਾ ਮਿਲਿਆ ਹੈ । (ਥੰਪਿੰਗ) ਜਿਹੜਾ ਹਾਊਸ ਦਾ ਸਪੀਕਰ ਹੁੰਦਾ ਹੈ ਉਹ ਨਿਰਪੱਖ ਹੁੰਦਾ ਹੈ । (ਸ਼ੋਰ) (ਵਿਘਨ) ਮੈਂ ਜਿਹੜੇ ਹੁਣੇ ਕੁਝ ਮੈਂਬਰ ਸਾਹਿਬਾਨ ਬੋਲ ਰਹੇ ਸਨ (ਵਿਘਨ) ਉਨ੍ਹਾਂ ਸਾਰੇ ਮੁਅਜ਼ਜ਼ ਮੈਂਬਰ ਸਾਹਿਬਾਨ ਅੱਗੇ ਬੇਨਤੀ ਕਰਾਂਗਾ ਕਿ ਹਰ ਇਕ ਮੈਂਬਰ ਨੂੰ ਆਪਣਾ ਕੇਸ ਚੰਗੇ ਢੰਗ ਨਾਲ ਦਸਣਾ ਚਾਹੀਦਾ ਹੈ । ਇਸ ਤਰ੍ਹਾਂ ਨਾਲ ਸਪੀਕਰ ਸਾਹਿਬ ਹਰ ਇਕ ਮੈਂਬਰ ਨੂੰ ਜਿਹੜਾ ਕਿ ਆਪਣੇ ਇਲਾਕੇ ਦਾ ਕੇਸ ਦਸਦਾ ਹੈ, ਉਸ ਨੂੰ ਚੰਗੀ ਤਰ੍ਹਾਂ ਨਾਲ ਸੁਣ ਸਕਣ । ਹੁਣੇ ਇਕ ਦੋਸਤ ਨੇ ਕਿਹਾ ਕਿ ਸਾਡੀ ਪਾਰਟੀ ਨੇ ਤੁਹਾਡਾ ਬੂਟਾ ਲਾਇਆ ਸੀ । ਜਿਹੜਾ ਸਪੀਕਰ ਚੁਣਿਆ

[ਭਗਤ ਗੁਰਾਂ ਦਾਸ ਹੰਸ]

ਜਾਂਦਾ ਹੈ ਉਹ ਸਾਰਿਆਂ ਦਾ ਸਾਂਝਾ ਹੋ ਜਾਂਦਾ ਹੈ । ਤੁਸੀਂ ਜਦੋਂ ਚੁਣੇ ਗਏ ਸੀ, ਉਦੋਂ ਅਕਾਲੀ ਪਾਰਟੀ ਤੋਂ ਨਹੀਂ ਚੁਣੇ ਗਏ ਸੀ ਬਲਕਿ ਤੁਹਾਡੀ ਕਾਬਲੀਅਤ ਨੂੰ ਮੁੱਖ ਰੱਖਦੇ ਹੋਏ ਤੁਹਾਨੂੰ ਮੁੰਤਖਿਬ ਕੀਤਾ ਗਿਆ ਸੀ । (ਸ਼ੋਰ) (ਵਿਘਨ) ਹੁਣ ਵੀ ਜਿਹੜਾ ਤੁਹਾਨੂੰ ਮੁੰਤਖਿਬ ਕੀਤਾ ਹੈ, ਸਾਡੇ ਚੀਫ ਮਨਿਸਟਰ ਸਾਹਿਬ ਨੇ, ਸਾਰੇ ਹਾਊਸ ਨੇ, ਤੁਸੀਂ ਚੰਗੀ ਤਰ੍ਹਾਂ ਨਾਲ ਇਸ ਨੂੰ ਚਲਾ ਸਕਦੇ ਹੋ । ਕਾਂਗਰਸ ਪਾਰਟੀ ਨੇ ਜਿਹੜੀ ਕਿ ਬਹੁ ਗਿਣਤੀ ਵਿਚ ਹੈ, ਉਸ ਨੇ ਤੁਹਾਨੂੰ ਸਿਲੈਕਟ ਕੀਤਾ ਹੈ । ਮੈਂ ਬੇਨਤੀ ਕਰਾਂਗਾ ਕਿ ਮਿਨੋਰਿਟੀ ਔਰ ਪਛੜੀਆਂ ਸ਼ਰੇਣੀਆਂ ਦਾ ਤੁਸੀਂ ਜ਼ਿਆਦਾ ਖਿਆਲ ਰਖੋਗੇ ਤਾਂ ਕਿ ਜਿਹੜਾ ਪਛੜਿਆ ਇਲਾਕਾ ਹੈ ਉਹ ਤੁਹਾਡੇ ਰਾਹੀਂ ਆਪਣੇ ਇਸ ਮੁਅਜ਼ਜ਼ ਹਾਊਸ ਨੂੰ ਆਪਣੇ ਹਾਲਾਤ ਦਸ ਸਕੇ ਅਤੇ ਉਸ ਪਛੜੇ ਇਲਾਕੇ ਦੀ ਵੀ ਕੁਝ ਡਿਵੈਲਪਮੈਂਟ ਹੋ ਸਕੇ । ਮੈਂ ਇਹ ਵੀ ਜਾਣਦਾ ਹਾਂ ਕਿ ਕੇਵਲ ਲੈਕਚਰ ਦੇਣ ਨਾਲ ਇਲਾਕੇ ਦੀ ਤਰੱਕੀ ਨਹੀਂ ਹੁੰਦੀ ਅਤੇ ਹਾਊਸ ਦਾ ਧਿਆਨ ਇਸ ਵਲ ਹੋਣਾ ਬਹੁਤ ਜ਼ਰੂਰੀ ਹੈ । ਮੈਨੂੰ ਆਸ ਹੈ ਕਿ ਸਪੀਕਰ ਸਾਹਿਬ ਨੂੰ ਸਾਰੇ ਹਾਊਸ ਦੀ ਮਿਲਵਰਤਣ ਮਿਲੇਗੀ ਅਤੇ ਜਿਹੜੇ ਵਾਇਦੇ ਅਸੀਂ ਜਨਤਾ ਨਾਲ ਕਰਕੇ ਇਥੇ ਆਏ ਹਾਂ ਉਨ੍ਹਾਂ ਵਾਇਦਿਆਂ ਨੂੰ ਅਸੀਂ ਪੂਰਾ ਕਰਾਂਗੇ । ਪਛੜੀਆਂ ਜਾਤੀਆਂ, ਇਸਤਰੀ ਜ਼ਾਤੀ ਅਤੇ ਹੋਰ ਪਛੜੇ ਵਰਗ ਦਾ ਪੂਰਾ ਪੂਰਾ ਖਿਆਲ ਰਖਿਆ ਜਾਵੇਗਾ । ਅੰਤ ਵਿਚ ਮੈਂ ਇਹ ਕਹਿੰਦਾ ਹੋਇਆ ਕਿ ਚੀਫ ਮਨਿਸਟਰ ਸਾਹਿਬ ਦੀ ਅੱਜ ਦੀ ਸਪੀਕਰ ਸਾਹਿਬ ਦੀ ਸਿਲੈਕਸ਼ਨ ਬਹੁਤ ਅਛੀ ਹੈ, ਮੈਂ ਆਪਣੀ ਜਗ੍ਹਾ ਲੈਂਦਾ ਹਾਂ । ਧੰਨਵਾਦ ।

ਸਰਦਾਰ ਗੁਰਦਰਸ਼ਨ ਸਿੰਘ (ਨਾਭਾ) ਸਪੀਕਰ ਸਾਹਿਬ, ਮੈਂ ਤੁਹਾਡੇ ਸਰਬਸੰਮਤੀ ਨਾਲ ਚੁਣੇ ਜਾਣ ਤੇ ਬਹੁਤ ਵਧਾਈ ਦਿੰਦਾ ਹਾਂ । ਇਥੇ ਜ਼ਿਕਰ ਹੋਇਆ ਹੈ ਅਕਾਲੀ ਪਾਰਟੀ ਦੀ ਤਰਫੋਂ ਕਿ 1969 ਦੀ ਚੋਣ ਵਿਚ ਤੁਹਾਨੂੰ ਉਨ੍ਹਾਂ ਨੇ ਹੀ ਇਹ ਪਦਵੀ ਦਿਤੀ ਸੀ । 1972 ਦੀ ਚੋਣ ਵਿਚ ਤੁਸੀਂ ਕਾਂਗਰਸ ਪਾਰਟੀ ਦੇ ਟਿਕਟ ਤੇ ਲੜੇ । ਉਨ੍ਹਾਂ ਨੂੰ ਛੱਡ ਕੇ ਕਿਉਂ ਆਏ ਇਹ ਤੁਹਾਡਾ ਆਪਣਾ ਫ਼ੈਸਲਾ ਸੀ । ਮੈਂ ਆਪਣੇ ਪਾਰਟੀ ਲੀਡਰ ਨੂੰ ਵੀ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਉਸ ਉੱਚੀ ਪਰੰਪਰਾ ਨੂੰ ਕਾਇਮ ਕੀਤਾ ਹੈ । ਜਦ ਸਪੀਕਰ ਚੁਣਿਆ ਜਾਵੇ ਤਾਂ ਉਹ ਸਾਰਿਆਂ ਦਾ ਸਾਂਝਾ ਹੁੰਦਾ ਹੈ । ਜਿਸ ਤਰ੍ਹਾਂ ਤੁਸੀਂ ਸਾਰੇ ਹਾਊਸ ਵਲੋਂ ਮੁਤਫਿਕ ਤੌਰ ਤੇ ਚੁਣੇ ਗਏ ਹੋ ਮੈਂ ਉਸ ਤੇ ਆਪ ਨੂੰ ਵਧਾਈ ਦਿੰਦਾ ਹਾਂ । ਮੈਨੂੰ ਆਸ ਹੈ ਕਿ ਤੁਸੀਂ ਹਾਊਸ ਦੀ ਇਸ ਪਦਵੀ ਨੂੰ ਉਚੀ ਤੋਂ ਉਚੀ ਕਰਕੇ ਵਿਖਾਉਗੇ ਜਿਸ ਤਰ੍ਹਾਂ ਕਿ ਤੁਹਾਡੇ ਪ੍ਰੈਡੀਸੈਸਰ ਸਪੀਕਰਜ਼ ਇਸ ਪਦਵੀ ਨੂੰ ਚੰਗੀ ਤਰ੍ਹਾਂ ਨਾਲ ਨਿਭਾ ਕੇ ਗਏ ਹਨ । ਮੈਂ ਆਪਣੀ ਤਰਫੋਂ, ਆਪਣੀ ਪਾਰਟੀ ਦੀ ਤਰਫੋਂ ਅਤੇ ਹਾਊਸ ਦੀ ਤਰਫੋਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਸਾਡਾ ਕੰਮ ਬੜਾ ਸ਼ਲਾਘਾਯੋਗ ਹੋਵੇਗਾ ਅਤੇ ਹਾਊਸ ਦੀਆਂ ਰਿਵਾਇਤਾਂ ਨੂੰ ਕਾਇਮ ਰਖੇਗਾ ।

ਡਾਕਟਰ ਅਮੀਰ ਸਿੰਘ ਕਲਕਟ (ਟਾਂਡਾ) : ਸਪੀਕਰ ਸਾਹਿਬ, ਮੈਂ ਤੁਹਾਨੂੰ ਹਾਰਦਿਕ ਵਧਾਈ ਦਿੰਦਾ ਹਾਂ । ਜਿਥੇ ਵਾਹਿਗੁਰੂ ਨੇ ਤੁਹਾਨੂੰ ਇਕ ਅੱਛੀ ਸਿਹਤ ਦਿਤੀ ਹੈ (ਸ਼ੋਰ) (ਵਿਘਨ) ਉਥੇ ਇਕ ਮਜ਼ਬੂਤ ਦਿਲ ਅਤੇ ਦਿਮਾਗ ਵੀ ਦਿਤਾ ਹੈ । (ਵਿਘਨ) (ਸ਼ੋਰ) ਮੈਂ ਤਾਂ ਇੰਨਾਂ ਹੀ ਕਹਿੰਦਾ ਹਾਂ ਕਿ ਬਾਦਲ ਸਾਹਿਬ ਦੇ (ਸ਼ੋਰ) (ਵਿਘਨ) ਮੈਨੂੰ ਆਸ ਹੈ ਕਿ ਤੁਸੀਂ ਇਨਸਾਫ ਨਾਲ ਅਤੇ ਚੰਗੀ ਤਰ੍ਹਾਂ ਨਾਲ ਹਾਊਸ ਨੂੰ ਚਲਾਉਂਦੇ ਰਹੋਗੇ । ਹੁਣ ਤਾਂ ਕੋਈ ਪਰਾਬਲਮ ਨਹੀਂ (ਸ਼ੋਰ) (ਵਿਘਨ) ਮੈਂ ਤੁਹਾਨੂੰ ਇਸ ਚੀਜ਼ ਦਾ ਯਕੀਨ ਦਿਵਾਉਂਦਾ ਹਾਂ ਕਿ ਪਿਛੇ ਵਾਂਗ ਤੁਹਾਨੂੰ ਇਸ ਵਾਰੀ ਕੋਈ ਤਕਲੀਫ ਨਹੀਂ ਹੋਵੇਗੀ ਅਤੇ ਤੁਸੀਂ ਹਾਊਸ ਨੂੰ ਚੰਗੀ ਤਰ੍ਹਾਂ ਨਾਲ ਚਲਾਉਂਦੇ ਰਹੋਗੇ । (ਸ਼ੋਰ) (ਵਿਘਨ)

ਚੌਧਰੀ ਕਾਂਸ਼ੀ ਰਾਮ (ਫਾਜ਼ਿਲਕਾ) : ਸਰਦਾਰ ਦਰਬਾਰਾ ਸਿੰਘ ਜੀ ਅਜ ਮੈਂ ਤੁਹਾਡੇ ਇਸ ਸਭਾ ਦੇ ਇਤਫਾਕ ਰਾਏ ਨਾਲ ਸਭਾਪਤੀ ਚੁਣੇ ਜਾਣ ਤੇ ਹਾਰਦਿਕ ਮੁਬਾਰਕਬਾਦ ਪੇਸ਼ ਕਰਦਾ ਹਾਂ । ਸਾਡੇ ਸਾਹਮਣੇ ਬੈਠੇ ਸੱਜਣਾਂ ਨੇ ਕੁਝ ਕਿਹਾ (ਸ਼ੋਰ) (ਵਿਘਨ), ਉਸ ਬਾਰੇ ਮੈਂ ਤਾਂ ਇਹ ਕਹਾਂਗਾ ਕਿ ਤੁਸੀਂ ਡਬਲ ਮੁਬਾਰਕਬਾਦ ਦੇ ਹੱਕਦਾਰ ਹੋ । ਉਨ੍ਹਾਂ ਨੇ ਇਹ ਕਹਿ ਕੇ ਤਹਾਡੀ ਕਾਬਲੀਅਤ ਨੂੰ ਐਗਜ਼ਹੀਬਿਟ ਕੀਤਾ । (ਸ਼ੋਰ) (ਵਿਘਨ)

ਸਰਦਾਰ ਗੁਰਦੇਵ ਸਿੰਘ (ਫਰੀਦਕੋਟ—ਐਸ. ਸੀ.) : ਅੱਜ ਤੁਹਾਡੀ ਸਰਬਸੰਮਤੀ ਨਾਲ ਚੋਣ ਤੇ ਮੈਂ ਆਪਣੀ ਤਰਫੋਂ, ਆਪਣੀ ਪਾਰਟੀ ਤਰਫੋਂ ਅਤੇ ਹਲਕਾ ਫਰੀਦਕੋਟ ਦੀ ਤਰਫੋਂ ਲਖ ਲਖ ਵਾਰ ਵਧਾਈ ਦਿੰਦਾ ਹਾਂ ਕਿਉਂਕਿ ਪੰਜਾਬ ਦੀ ਖੁਸ਼ਕਿਸਮਤੀ ਹੈ ਕਿ ਤੁਹਾਡੇ ਵਰਗੇ ਲਾਇਕ ਸਪੀਕਰ ਪੰਜਾਬ ਨੂੰ ਮਿਲੇ ਹਨ ਜਿਨ੍ਹਾਂ ਦੇ ਵਿਸ਼ਾਲ ਹਿਰਦੇ ਵਿਚ ਦੇਸ਼ ਲਈ ਪਿਆਰ, ਆਜ਼ਾਦੀ ਲਈ ਤੜਪ, ਗੁਲਾਮੀ ਲਈ ਨਫਰਤ, ਦੁਖੀਆਂ ਲਈ ਦਰਦ, ਭੁਲੜਾਂ ਲਈ ਖਿਮਾਂ (ਵਿਘਨ) ਮਨੁਖਤਾ ਲਈ ਖੁਲ੍ਹ-ਦਿਲੀ ਹੈ । ਇਸ ਲਈ ਪੰਜਾਬ ਦੀ ਖੁਸ਼ਕਿਸਮਤੀ ਹੈ ਕਿ ਇਸ ਵਾਰੀ ਫਿਰ ਤੁਸੀਂ ਸਪੀਕਰ ਚੁਣੇ ਗਏ ਹੋ । ਮੈਂ ਆਪਣੀ ਤਰਫੋਂ ਲਖ ਵਾਰੀ ਵਧਾਈ ਦਿੰਦਾ ਹੋਇਆ ਆਪਣੀ ਜਗ੍ਹਾ ਲੈਂਦਾ ਹਾਂ । (ਥੰਪਿੰਗ)

ਗਿਆਨੀ ਅਰਜਨ ਸਿੰਘ ਲਿਟ (ਕਿਲ੍ਹਾ ਰਾਏਪੁਰ) : ਮਾਨਯੋਗ ਸਪੀਕਰ ਸਾਹਿਬ, ਮੈਂ ਆਪਦੇ ਮਤਫਿਕ ਤੌਰ ਤੇ ਚੁਣੇ ਜਾਣ ਤੇ ਵਧਾਈ ਦਿੰਦਾ ਹਾਂ ਅਤੇ ਮੈਂ ਬਹੁਤ ਥੋੜੇ ਸ਼ਬਦਾਂ ਵਿਚ ਅਰਜ਼ ਕਰਦਾ ਹਾਂ ਕਿ ਆਪ ਜੀ ਦੀ ਚੋਣ "ਮਨ ਨੀਵਾਂ ਅਤੇ ਮਤ ਉਚੀ" ਸ਼ਬਦ ਨੂੰ ਮੁਖ ਰਖਦੇ ਹੋਏ ਕੀਤੀ ਗਈ ਹੈ । (ਵਿਘਨ) ਜਿਸ ਤਰ੍ਹਾਂ ਪਹਿਲਾਂ ਬੀਬੀ ਜੀ ਨੇ ਕਿਹਾ ਸੀ, ਮੈਂ ਅਰਜ਼ ਕਰਦਾ ਹਾਂ ਕਿ ਇਸ ਹਾਊਸ ਦੀ ਇਹੋ ਜਿਹੀ ਡਿਗਨਿਟੀ ਪੈਦਾ ਕਰਨੀ ਚਾਹੀਦੀ ਹੈ ਜਿਸ ਦੀ ਕਿ ਬਾਹਰੋਂ ਆਏ ਸਜਣ ਕਦਰ ਕਰਨ ਅਤੇ ਇਥੇ ਇਹੋ ਜਿਹੀ ਕੋਈ ਵੀ ਗੱਲ ਨਹੀਂ ਹੋਣੀ ਚਾਹੀਦੀ ਜਿਸ ਨਾਲ ਕਿ ਬਾਹਰ ਦੇ ਬੰਦੇ ਮਖੌਲ ਉਡਾਉਣ । ਅੰਤ ਵਿਚ ਮੈਂ ਫਿਰ ਆਪਣੀ ਪਾਰਟੀ ਵਲੋਂ ਵਧਾਈ ਪੇਸ਼ ਕਰਦਾ ਹਾਂ ।

चौधरी बलराम (अबोहर) : स्पीकर साहिब, सर्वसम्मति से स्पीकर चुने जाने के लिए मैं आप को हार्दिक बधाई देता हूं । कहा जाता है कि Uneasy lies the head that wears the crown. आप को स्पीकर बन जाने के बाद आप पर बहुत सी ज़िम्मेंवारियां आ पड़ी हैं । मैं उम्मीद करूंगा कि जिस तरीका से देश में सोशलिज़म की लहर चल रही है, आप भी उन इलाकों का ज्यादा ध्यान रखेंगे जहां से नुमायंदे तो यहां चुन कर आए हैं पर जिन की तरफ पहले पूरा ध्यान नहीं दिया गया । जिस तरह हाउस के तमाम मेंबर साहिबान ने यकीन दिलाया है मैं भी यकीन दिलाता हूं कि हम आप का साथ देगें और इस सूबे की सेवा करेंगे । मैं आप को बधाई देता हूं और अपना स्थान लेता हूं ।

ਸ੍ਰੀ ਪਿਆਰਾ ਰਾਮ ਧੰਨੋਵਾਲੀ: (ਫਗਵਾੜਾ, ਐਸ. ਸੀ.) ਸਪੀਕਰ ਸਾਹਿਬ, ਮੈਂ ਅੱਜ ਤੁਹਾਨੂੰ ਤੁਹਾਡੀ ਮੁਤਫਿੱਕਾ ਸਪੀਕਰ ਦੀ ਇਸ ਚੋਣ ਤੇ ਹਾਰਦਿਕ ਵਧਾਈ ਦਿੰਦਾ ਹਾਂ ਅਤੇ ਮੈਨੂੰ ਇਹ ਪੂਰਨ ਵਿਸ਼ਵਾਸ ਹੈ ਕਿ ਤੁਸੀਂ ਇਸ ਹਾਊਸ ਦੀ ਡਿਗਨਿਟੀ ਨੂੰ ਇਸ ਹਾਊਸ ਦੀ ਪਵਿੱਤਰਤਾ ਨੂੰ, ਜਿਸ ਤਰ੍ਹਾਂ ਤੁਸੀਂ ਆਪਣੇ ਪਹਿਲੇ ਅਰਸੇ ਵਿਚ ਬਹੁਤ ਅੱਛੀ ਤਰ੍ਹਾਂ ਨਾਲ ਨਿਭਾਇਆ ਹੈ, ਹੁਣ ਵੀ ਤੁਸੀਂ ਉਸ ਨੂੰ

[ਸ਼੍ਰੀ ਪਿਆਰਾ ਰਾਮ ਧੰਨੋਵਾਲੀ]

ਬੜੀ ਅਸਲੂਬੀ ਨਾਲ ਨਿਭਾਉਗੇ । ਮੈਂ ਅੱਛੀ ਤਰ੍ਹਾਂ ਨਾਲ ਜਾਣਦਾ ਹਾਂ ਕਿ ਤੁਸੀਂ ਬੜੇ ਪ੍ਰੋਗਰੈਸਿਵ, ਬੜੇ ਦ੍ਰਿੜ ਇਰਾਦੇ ਦੇ ਅਤੇ ਗਰੀਬਾਂ ਦੇ ਹਮਦਰਦ ਹੋ । ਜਿਸ ਤਰ੍ਹਾਂ ਚੌਧਰੀ ਸੁੰਦਰ ਸਿੰਘ ਜੀ ਨੇ ਤੁਹਾਨੂੰ ਵਧਾਈ ਦਿੰਦੇ ਹੋਏ ਕਿਹਾ ਸੀ ਅਤੇ ਮੈਂ ਵੀ ਕਹਿੰਦਾ ਹਾਂ ਕਿ ਅਸੀਂ ਤੁਹਾਡੇ ਕੋਲੋਂ ਆਸ ਰੱਖਾਂਗੇ ਕਿ ਤੁਸੀਂ ਪੰਜਾਬ ਦੇ ਜੋ ਸ਼ੈਡਿਊਲਡ ਕਾਸਟਸ ਜਾਂ ਬੈਕਵਰਡ ਕਲਾਸਾਂ ਦੇ ਜੋ ਮੈਂਬਰ ਹਨ ਉਨ੍ਹਾਂ ਨੂੰ ਤੁਸੀਂ ਬਹੁਤ ਸਾਰਾ ਸਮਾਂ ਦੇ ਕੇ ਸਾਡੀ ਹੌਸਲਾ ਅਫਜ਼ਾਈ ਕਰੋਗੇ ਤਾਂਕਿ ਗਰੀਬਾਂ ਦੇ ਜੋ ਮਸਲੇ ਹਨ, ਉਨ੍ਹਾਂ ਨੂੰ ਅਸੀਂ ਇਸ ਹਾਊਸ ਦੇ ਰਾਹੀਂ, ਤੁਹਾਡੇ ਜ਼ਰੀਏ ਇਸ ਹਾਊਸ ਵਿਚ ਰੱਖ ਸਕੀਏ । ਸੋ ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਨੂੰ ਫਿਰ ਹਾਰਦਿਕ ਵਧਾਈ ਦਿੰਦਾ ਹਾਂ ਕਿ ਤੁਹਾਨੂੰ ਹਾਊਸ ਨੇ ਮੁਤਫਿੱਕਾ ਤੌਰ ਤੇ ਚੁਣਿਆ ਹੈ । ਮੈਂ ਸਪੀਕਰ ਸਾਹਿਬ, ਇਕ ਗੱਲ ਜ਼ਰੂਰ ਕਹਾਂਗਾ ਕਿ ਤੁਸੀਂ ਬਿਲਕੁਲ ਸਾਡੇ ਸਾਹਮਣੇ ਹੋ ਅਤੇ ਅਸੀਂ ਵੀ ਤੁਹਾਡੇ ਸਾਹਮਣੇ ਬੈਠੇ ਹਾਂ, ਇਸ ਲਈ ਮੈਂ ਉਮੀਦ ਕਰਾਂਗਾ ਕਿ ਤੁਸੀਂ ਸਾਡੇ ਨਾਲ ਅੱਖ ਨਾਲ ਅੱਖ ਮਿਲਾ ਕੇ ਰੱਖੋਗੇ ।

ਸਰਦਾਰ ਸੁਰਜੀਤ ਸਿੰਘ ਅਟਵਾਲ (ਫਿਲੌਰ) : ਸਪੀਕਰ ਸਾਹਿਬ, ਮੈਂ ਤੁਹਾਨੂੰ ਅੱਜ ਦੀ ਇਸ ਮੁਤਫਿੱਕਾ ਚੋਣ ਤੇ ਬਹੁਤ ਬਹੁਤ ਵਧਾਈ ਦਿੰਦਾ ਹਾਂ ਅਤੇ ਆਪਣੀ ਪਾਰਟੀ ਅਤੇ ਆਪਣੀ ਪਾਰਟੀ ਦੇ ਲੀਡਰ ਨੂੰ ਵੀ ਜਿਨ੍ਹਾਂ ਨੇ ਬੜੀ ਸੂਝ ਬੂਝ ਦੇ ਨਾਲ ਤੁਹਾਡਾ ਨਾਮ ਸਪੀਕਰ ਸ਼ਿਪ ਵਾਸਤੇ ਪੇਸ਼ ਕੀਤਾ ਹੈ, ਇਸ ਲਈ ਬਹੁਤ ਮੁਬਾਰਕਬਾਦ ਪੇਸ਼ ਕਰਦਾ ਹਾਂ । ਕੇਵਲ ਇਹੀ ਨਹੀਂ ਬਲਕਿ ਬਾਕੀ ਆਪੋਜ਼ੀਸ਼ਨ ਪਾਰਟੀਆਂ, ਜਿਹੜੀਆਂ ਤੁਹਾਨੂੰ ਮੁਬਾਰਕਬਾਦ ਦੇ ਰਹੀਆਂ ਹਨ, ਤੁਹਾਡੀ ਇਸ ਮੁਤਫਿੱਕਾ ਚੁਣਾਉ ਤੇ ਧੰਨਵਾਦੀ ਹਨ। ਜਿਸ ਤਰ੍ਹਾਂ ਮੇਰੀ ਇਕ ਭੈਣ ਨੇ ਅਤੇ ਹੋਰ ਇਕ ਦੋ ਮੈਂਬਰਾਂ ਨੇ ਵੀ ਕਿਹਾ ਹੈ ਕਿ ਇਹ ਜਿਹੜਾ ਹਾਊਸ ਹੈ ਅਤੇ ਜਿਸ ਤੇ ਤੁਸੀਂ ਕੰਟਰੋਲ ਕਰ ਰਹੇ ਹੋ ਇਸ ਤਰੀਕੇ ਦੇ ਨਾਲ ਚਲਣਾ ਚਾਹੀਦਾ ਹੈ ਕਿ ਹਰ ਇਕ ਮੈਂਬਰ ਇਹ ਫੀਲ ਕਰੇ ਕਿ ਜੋ ਕੁਝ ਉਹ ਇਥੇ ਕਹਿਣ ਵਾਸਤੇ ਆਇਆ ਹੈ, ਉਹ ਕਹਿ ਸਕੇ ਅਤੇ ਜਿਹੜੇ ਸਬਜੈਕਟ ਦੇ ਉਤੇ ਗੱਲ ਹੁੰਦੀ ਪਈ ਹੋਵੇ ਉਸ ਦੇ ਮੁਤੱਲਕ ਹੀ ਉਹ ਗੱਲ ਕਰੇ। ਜੇ ਅਸੀਂ ਜ਼ਰਾ ਨਜ਼ਰ ਮਾਰਕੇ, 1969 ਦੇ ਇਲੈਕਸ਼ਨ ਦੇ ਬਾਦ ਜੋ ਕੁਝ ਇਥੇ ਹੋਇਆ, ਉਸ ਨੂੰ ਦੇਖੀਏ ਤਾਂ ਇਹ ਕੋਈ ਗੌਰਵ ਦੀ ਗੱਲ ਪਰਤੀਤ ਨਹੀਂ ਹੁੰਦੀ । ਤੁਸੀਂ ਉਸ ਨੂੰ ਬੜੀ ਨਿਰਪੱਖਤਾ ਦੇ ਨਾਲ ਚਲਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਵਾਤਾਵਰਨ ਹੀ ਅਜਿਹਾ ਸੀ ਕਿ ਸਿਵਾਏ ਇਕ ਦੂਜੇ ਉਤੇ ਚਿੱਕੜ ਸੁਟਣ ਦੇ ਹੋਰ ਦੂਜੀ ਗਲ ਨਹੀਂ ਸੀ ਹੋਈ। ਸੋ, ਮੈਂ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ, ਤੁਹਾਡੀ ਰਾਹੀਂ ਸਾਰੇ ਮੈਂਬਰਾਂ ਨੂੰ ਬਿਨੇ ਕਰਦਾ ਹਾਂ ਕਿ ਆਉ ਅਸੀਂ ਇਹ ਪਰਣ ਕਰੀਏ ਕਿ ਅਸੀਂ ਜਿਹੜੇ ਜਿਹੜੇ ਹਲਕੇ ਤੋਂ ਇਲੈਕਟ ਹੋ ਕੇ ਇਥੇ ਆਏ ਹਾਂ ਅਸੀਂ ਉਨ੍ਹਾਂ ਇਲਾਕਿਆਂ ਦੀਆਂ ਤਕਲੀਫਾਂ ਬਾਰੇ ਅਤੇ ਜੋ ਵੀ ਇਥੇ ਡਿਸਕਸ਼ਨ ਹੋ ਰਹੀ ਹੋਵੇ, ਉਸ ਦੇ ਮੁਤੱਲਕ ਹੀ ਬੋਲੀਏ । ਸਪੀਕਰ ਸਾਹਿਬ, ਤੁਸੀਂ ਜਿਸ ਨਿਰਪੱਖਤਾ ਦੇ ਨਾਲ ਕੰਮ ਕਰਦੇ ਹੋ, ਇਸ ਦੇ ਬਾਰੇ ਕਿਸੇ ਦੇ ਮਨ ਵਿਚ ਜ਼ਰਾ ਜਿੰਨਾ ਵੀ ਸ਼ੱਕ ਨਹੀਂ । ਅੰਤ ਵਿਚ ਮੈਂ ਤੁਹਾਨੂੰ ਇਸ ਹਾਊਸ ਦੇ ਸਪੀਕਰ ਚੁਣੇ ਜਾਣ ਤੇ ਫੇਰ ਹਾਰਦਿਕ ਵਧਾਈ ਦਿੰਦਾ ਹਾਂ ।

ਸਰਦਾਰ ਸੁਖਦੇਵ ਸਿੰਘ ਢਿੱਲੋਂ (ਤਲਵੰਡੀ ਸਾਬੋ) : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਨੂੰ ਸਰਬਸੰਮਤੀ ਨਾਲ ਸਪੀਕਰ ਚੁਣੇ ਜਾਣ ਤੇ ਲੱਖ ਲੱਖ ਵਧਾਈ ਦਿੰਦਾ ਹਾਂ । ਇਹ ਤੁਹਾਡੀ ਸਿਆਣਪ ਅਤੇ ਤੁਹਾਡੀ ਨਿਰਪੱਖਤਾ ਦਾ ਸਬੂਤ ਹੈ ਕਿ ਅੱਜ ਤੁਹਾਨੂੰ ਦੂਸਰੀ ਵਾਰ ਫਿਰ

ਸਰਬਸੰਮਤੀ ਨਾਲ ਸਪੀਕਰ ਚੁਣਿਆ ਗਿਆ ਹੈ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਟਰੈਜ਼ਰੀ ਬੈਂਚਿਜ਼ ਤੇ ਜੋ ਮੈਂਬਰ ਸਾਹਿਬ ਬੈਠੇ ਹਨ, ਜਿਸ ਤਰ੍ਹਾਂ ਸਰਦਾਰ ਪ੍ਰੇਮ ਸਿੰਘ ਪ੍ਰੇਮ ਨੇ ਅਤੇ ਸਰਦਾਰ ਸੁਰਜੀਤ ਸਿੰਘ ਅਟਵਾਲ ਜੀ ਨੇ ਦੂਸਰੀਆਂ ਪਾਰਟੀਆਂ ਨੂੰ ਦੋਸ਼ ਦੇਣੇ ਸ਼ੁਰੂ ਕੀਤੇ ਹਨ, ਇਹ ਠੀਕ ਨਹੀਂ ਹੈ । ਮੈਂ ਅਪੀਲ ਕਰਾਂਗਾ ਕਿ ਇਥੇ ਜਿਹੜੇ ਦੋ ਤਿੰਨ ਅਜ਼ਾਦ ਮੈਂਬਰ ਹਨ, ਜਿਸ ਵੇਲੇ ਬਹਿਸਾਂ ਹੋਇਆ ਕਰਨਗੀਆਂ ਤਾਂ ਇਨ੍ਹਾਂ ਮੈਂਬਰਾਂ ਦਾ ਵੀ ਖਿਆਲ ਰੱਖਿਆ ਕਰੋਗੇ । ਮੈਨੂੰ ਉਮੀਦ ਹੈ ਕਿ ਤੁਸੀਂ ਇਸ ਕੁਰਸੀ ਨੂੰ ਜਿਸ ਦਾ ਨਾਮ ਅੱਗੇ ਉਚਾ ਕੀਤਾ ਹੈ ਇਸੇ ਤਰ੍ਹਾਂ ਹੀ ਹੋਰ ਵੀ ਦੋ ਤਿੰਨ ਗੁਣ ਉੱਚਾ ਕਰੋਗੇ । ਮੈਂ ਤੁਹਾਨੂੰ ਅੱਜ ਸਪੀਕਰ ਚੁਣੇ ਜਾਣ ਤੇ ਮੈਂ ਸਾਰੇ ਹਾਊਸ ਦੇ ਮੈਂਬਰਾਂ ਨੂੰ ਵਧਾਈ ਦਿਆਂਗਾ ਜਿਨ੍ਹਾ ਨੇ ਤੁਹਾਨੂੰ ਸਰਬ-ਸੰਮਤੀ ਨਾਲ ਚੁਣਿਆ ਹੈ ।

ਸਰਦਾਰ ਗੁਰਮੇਜ ਸਿੰਘ (ਵੇਰਕਾ, ਐਸ. ਸੀ.) : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੈਂ ਬੜੇ ਅਦਬ ਦੇ ਨਾਲ ਬੇਨਤੀ ਕਰਦਾ ਹਾਂ ਕਿ ਅੱਜ ਤੱਕ ਪਿਛੇ ਹਾਊਸ ਦੀ ਇਹ ਰਿਵਾਇਤ ਚਲੀ ਆ ਰਹੀ ਸੀ ਕਿ ਪਾਰਟੀਆਂ ਦੇ ਲੀਡਰਾਂ ਨੇ ਮੁਬਾਰਕਬਾਦ ਦੇ ਦੇਣੀ ਅਤੇ ਉਸ ਦੇ ਬਾਅਦ ਛੁੱਟੀ ਹੋ ਜਾਂਦੀ ਸੀ । ਇਹ ਜਿਹੜਾ ਹਰ ਇਕ ਮੈਂਬਰ ਦੇ ਬੋਲਣ ਵਾਲੀ ਜਿਹੜੀ ਰਿਵਾਇਤ ਸ਼ੁਰੂ ਕੀਤੀ ਹੈ, ਇਸ ਦੀ ਮੈਨੂੰ ਸਮਝ ਨਹੀਂ ਆਈ ਕਿ ਇਹ ਕਿਉਂ ਇਸ ਤਰ੍ਹਾਂ ਕੀਤਾ ਗਿਆ ਹੈ । ਇਸ ਲਈ ਮੈਂ ਕਹਾਂਗਾ ਕਿ ਇਸ ਨੂੰ ਕਲੋਜ਼ ਕਰੋ !

ਸ੍ਰੀ ਸਪੀਕਰ : ਮੈਂ ਤਾਂ ਅੱਗੇ ਹੀ ਇਸ ਨਾਲ ਮੁਤਫਿੱਕ ਸੀ ਪਰ ਮੈਂਬਰ ਸਾਹਿਬਾਨ ਕਹਿੰਦੇ ਹਨ ਕਿ ਅਸੀਂ ਬੋਲਣਾ ਹੈ । ਮੈਂਬਰਜ਼ ਨੂੰ ਸਪੀਕਰ ਦੇ ਖਿਲਾਫ ਸ਼ਿਕਾਇਤ ਵੀ ਇਹੀ ਹੁੰਦੀ ਹੈ ਕਿ ਉਨ੍ਹਾਂ ਨੂੰ ਟਾਈਮ ਘੱਟ ਮਿਲਦਾ ਹੈ । ਇਸ ਲਈ ਜੇ ਉਨ੍ਹਾਂ ਨੂੰ ਟਾਈਮ ਮਿਲ ਜਾਂਦਾ ਹੈ ਤਾਂ ਇਹ ਮੇਰੇ ਫਰਜ਼ ਦੀ ਅਦਾਇਗੀ ਹੋ ਜਾਂਦੀ ਹੈ । ਤੁਹਾਡਾ ਸੁਝਾਉ ਬੜਾ ਠੀਕ ਹੈ ।

ਮੇਰੇ ਮਾਨਯੋਗ ਮੈਂਬਰ ਸਾਹਿਬਾਨ ਨੇ ਮੈਨੂੰ ਇਸ ਹਾਊਸ ਵਿਚ ਦੋ ਵਾਰ ਇਹ ਜਿਹੜਾ ਬਹੁਤ ਉਚਾ ਮਾਣ ਬਖਸ਼ ਕੇ ਇਕ ਇਹ ਉਚੀ ਪਦਵੀ ਦੇ ਕੇ ਨਿਵਾਜਿਆ ਹੈ, ਉਸ ਦੇ ਲਈ ਮੈਂ ਸਾਰਿਆਂ ਦਾ ਬਹੁਤ ਬਹੁਤ ਧੰਨਵਾਦੀ ਹਾਂ । (ਤਾੜੀਆਂ) ਸਦਨ ਦੇ ਲੀਡਰ ਗਿਆਨੀ ਜ਼ੈਲ ਸਿੰਘ ਜੀ, ਆਪੋਜ਼ੀਸ਼ਨ ਪਾਰਟੀ ਦੇ ਲੀਡਰ, ਡਾਂਗ ਸਾਹਿਬ, ਸਾਰੀਆਂ ਪਾਰਟੀ ਦੇ ਨੇਤਾ ਅਤੇ ਦੂਸਰੇ ਮੈਂਬਰ ਸਾਹਿਬਾਨ ਨੇ ਜਿਹੜੇ ਵਿਚਾਰ ਅਤੇ ਸ਼ੁਭ ਕਾਮਨਾਵਾਂ ਮੇਰੇ ਲਈ ਪ੍ਰਗਟ ਕੀਤੀਆਂ ਹਨ ਮੈਂ ਉਨ੍ਹਾਂ ਲਈ ਉਨ੍ਹਾਂ ਸਾਰਿਆਂ ਦਾ ਹਾਰਦਿਕ ਧੰਨਵਾਦੀ ਹਾਂ । ਕਈ ਆਨਰੇਬਲ ਮੈਂਬਰ ਸਾਹਿਬਾਨ ਨੇ ਮੇਰੇ ਮੁਤੱਲਕ ਕਈ ਐਸੀਆਂ ਗੱਲਾਂ ਵੀ ਕਹੀਆਂ ਹਨ, ਜਿਨ੍ਹਾਂ ਦੀ ਮੇਰੇ ਵਿਚ ਯੋਗਤਾ ਨਹੀਂ । ਮੈਂ ਵਿਸ਼ਵਾਸ਼ ਰੱਖਦਾ ਹਾਂ ਕਿ ਉਨ੍ਹਾਂ ਦੀਆਂ ਇਨ੍ਹਾਂ ਸ਼ੁਭ ਇਛਾਵਾਂ ਦੇ ਨਾਲ ਉਨ੍ਹਾਂ ਦੀ ਇਸ ਪ੍ਰੇਰਨਾ ਦੇ ਨਾਲ ਮੈਂ ਉਹ ਸਾਰੇ ਗੁਣ, ਜਿਹੜੇ ਕਿ ਇਸ ਆਗਸਟ ਹਾਊਸ ਵਿਚ ਇਸ ਉੱਚੀ ਪਦਵੀ ਨੂੰ ਨਿਭਾਉਣ ਲਈ ਚਾਹੀਦੇ ਹਨ, ਉਹ ਗਰਹਿਣ ਕਰਨ ਦੀ ਕੋਸ਼ਿਸ਼ ਕਰਾਂਗਾ । ਜਿਸ ਸਹਿਯੋਗ ਦਾ ਪ੍ਰਗਟਾਵਾ ਤੁਸੀਂ ਸਾਰਿਆਂ ਨੇ ਕੀਤਾ ਹੈ ਉਸ ਦੀ ਹੋਂਦ ਵਿਚ ਮੈਨੂੰ ਆਸ ਹੈ ਕਿ ਇਸ ਸਦਨ ਦੇ ਉਚੇ ਆਦਰਸ਼ਾਂ ਤੇ ਜਿਨ੍ਹਾਂ ਤੇ ਸਾਨੂੰ ਸਾਰਿਆਂ ਨੂੰ ਚੱਲਣਾ ਚਾਹੀਦਾ ਹੈ, ਉਸ ਵਿਚ ਅਸੀਂ ਸਫਲ ਹੋਵਾਂਗੇ । ਇਥੇ ਸਰਦਾਰ ਪ੍ਰੇਮ ਸਿੰਘ ਪ੍ਰੇਮ ਨੇ ਦੋ ਗੱਲਾਂ ਕਹੀਆਂ ਹਨ—ਇੰਪਾਰਸ਼ਿਅਲਟੀ ਅਤੇ ਅਥਾਰਿਟੀ । ਇਨ੍ਹਾਂ ਲਈ ਦਾਸ ਹਰ ਮੁਮਕਿਨ ਯਤਨ ਕਰੇਗਾ ਕਿ ਜਿਸ ਵੀ ਉਚੀ ਸਿਖਰ ਤੱਕ ਮੁਮਕਿਨ ਹੋਵੇ ਉਸ ਨੂੰ ਅਮਲ ਵਿਚ ਲਿਆਂਦਾ ਜਾਵੇ ।

[ਸ੍ਰੀ ਸਪੀਕਰ]

ਮੈਂ ਹਰ ਮੁਮਕਿਨ ਕੋਸ਼ਿਸ਼ ਕਰਾਂਗਾ ਕਿ ਕਿਸੀ ਕਿਸਮ ਦੀ ਕੋਈ ਸ਼ਿਕਾਇਤ ਕਿਸੇ ਵੀ ਆਨਰੇਬਲ ਮੈਂਬਰ ਨੂੰ, ਭਾਵੇਂ ਉਹ ਫਰੰਟ ਬੈਂਚਰ ਹੋਵੇ, ਜਾਂ ਬੈਕ ਬੈਂਚ ਹੋਵੇ ਕਰਨ ਦਾ ਮੌਕਾ ਨਾ ਮਿਲੇ। ਉਨ੍ਹਾਂ ਨੂੰ ਯੋਗ ਟਾਈਮ ਜਿਤਨਾ ਵੀ ਇਹ ਹਾਊਸ ਨੀਯਤ ਕਰਦਾ ਹੈ ਉਸ ਦੇ ਮੁਤਾਬਿਕ ਵੱਧ ਸਮਾਂ ਦੇਣ ਦਾ ਯਤਨ ਕਰਾਂਗਾ ਤਾਂ ਕਿ ਉਹ ਆਪਣੇ ਵਿਚਾਰ, ਆਪਣੀਆਂ ਮੰਗਾਂ ਤੇ ਆਪਣੇ ਹਲੱਕੇ ਦੀਆਂ ਲੋੜਾਂ ਇਸ ਹਾਊਸ ਅਗੇ ਤੇ ਸਰਕਾਰ ਅਗੇ ਰਖ ਸਕੇ।

ਜਿਥੋਂ ਤਕ ਅਥਾਰਟੀ ਦਾ ਸਬੰਧ ਹੈ ਉਸ ਦੇ ਲਈ ਮੈਂ ਸਮਝਦਾ ਹਾਂ ਕਿ ਇਹ ਹਾਊਸ ਸੁਪਰੀਮ ਹੈ। ਇਹ ਜਿਹੜੀ ਸੇਵਾ, ਇਹ ਜਿਹੜਾ ਮਾਣ ਤੁਸੀਂ ਮੈਨੂੰ ਬਖਸ਼ਿਆ ਹੈ ਮੈਂ ਇਸ ਨੂੰ ਪੂਰੀ ਤਨ ਦੇਹੀ ਨਾਲ ਨਿਭਾਵਾਂਗਾ। ਇਹ ਜਿਹੜੀ ਇਸ ਹਾਊਸ ਦੀ ਅਥਾਰਟੀ ਹੈ ਇਹ ਇਸ ਹਾਊਸ ਰਾਹੀਂ ਔਰ ਇਸ ਹਾਊਸ ਲਈ ਹੀ ਵਰਤੀ ਜਾਵੇਗੀ। ਇਸ ਹਾਊਸ ਵਿਚ ਦਾਸ ਇਕ ਸੇਵਾਦਾਰ ਦੀ ਹੈਸੀਅਤ ਰਖਦਾ ਹੈ। (ਤਾੜੀਆਂ) ਤੁਹਾਡੇ ਸਾਰਿਆ ਦੀ ਆਸ਼ੀਰਵਾਦ ਨਾਲ, ਤੁਹਾਡੇ ਸਾਰਿਆਂ ਦੇ ਸਹਿਯੋਗ ਨਾਲ ਤੇ ਤੁਹਾਡੇ ਸਾਰਿਆਂ ਦੀਆਂ ਸ਼ੁਭ ਇਛਾਵਾਂ ਨਾਲ ਮੈਨੂੰ ਆਸ ਹੈ ਕਿ ਆਈਨ ਦੇ ਮੁਤਾਬਕ, ਰੂਲਜ਼ ਆਫ਼ ਪ੍ਰੋਸੀਜਰਜ਼ ਅਤੇ ਕਨਡਕਟ ਆਫ ਬਿਜ਼ਨੈਸ ਦੇ ਮੁਤਾਬਿਕ ਜਾਂ ਜੋ ਸਾਡੀਆਂ ਪੁਰਾਣੀਆਂ ਰਿਵਾਇਤਾਂ ਹਨ, ਪੁਰਾਣੀਆਂ ਟਰੈਡੀਸ਼ਨਜ਼ ਹਨ ਉਨ੍ਹਾਂ ਦੇ ਮੁਤਾਬਿਕ ਦਾਸ ਆਪਣੇ ਪੂਰੇ ਜ਼ੋਰ ਨਾਲ ਇਸ ਹਾਊਸ ਨੂੰ ਪੂਰੀ ਡਿਗਨਿਟੀ ਅਤੇ ਪੂਰੇ ਡੈਕੋਰਮ ਨਾਲ ਚਲਾਉਣ ਦਾ ਯਤਨ ਕਰੇਗਾਂ।

ਇਸ ਦੇ ਨਾਲ ਹੀ ਮੈਂ ਇਹ ਵੀ ਅਰਜ਼ ਕਰਾਂਗਾ ਕਿ ਜਿਥੇ ਦਾਸ ਤੇ ਇਸ ਦੇ ਸਦਨ ਦੇ ਬਤੌਰ ਸਪੀਕਰ ਜ਼ਿਮੇਵਾਰੀਆਂ ਹਨ ਉਥੇ ਮੇਰੇ ਤੇ ਵੋਟਰਾਂ ਦੀਆਂ ਵੀ ਜਿਨ੍ਹਾਂ ਨੇ ਦਾਸ ਨੂੰ ਚੁਣ ਕੇ ਇਥੇ ਭੇਜਿਆ ਹੈ ਉਨ੍ਹਾਂ ਦੀਆਂ ਵੀ ਜ਼ਿਮੇਵਾਰੀਆਂ ਹਨ। ਪਹਿਲਾਂ ਦਾਸ ਇਕ ਨਿਰਦਲੀਏ ਦੇ ਰੂਪ ਵਿਚ ਇਥੇ ਆਇਆ ਸੀ। ਇਸ ਵਾਰ ਦਾਸ ਇੰਦਰਾ ਗਾਂਧੀ ਜੀ ਦੀ ਕਾਂਗਰਸ ਪਾਰਟੀ ਦੇ ਇਕ ਮੈਂਬਰ ਦੀ ਹੈਸੀਅਤ ਵਿਚ ਆਇਆ ਹੈ। ਜਿਥੇ ਦਾਸ ਇਸ ਸਦਨ ਦੇ ਸਪੀਕਰ ਦੀ ਹੈਸੀਅਤ ਵਿਚ ਇਥੇ ਨਿਰਪਕਸ਼ਤਾ ਨਾਲ ਬਗੈਰ ਕਿਸੇ ਡਰ ਦੇ, ਬਗੈਰ ਕਿਸੇ ਲਾਲਚ ਦੇ ਇਸ ਹਾਊਸ ਦੀ ਕਾਰਵਾਈ ਚਲਾਉਣ ਲਈ ਵਚਨ ਬੱਧ ਹੈ ਉਥੇ ਦਾਸ ਵਚਨ ਬੱਧ ਹੈ ਉਸ ਮਹਾਨ ਨੇਤਾ ਸ੍ਰੀਮਤੀ ਇੰਦਰਾ ਗਾਂਧੀ ਜੀ ਦੇ ਉਸ ਮਹਾਨ ਜਹਾਦ ਦੇ ਪ੍ਰੋਗਰਾਮ ਲਈ ਵੀ। ਉਹ ਜਹਾਦ ਹੈ ਗਰੀਬੀ ਹਟਾਉਣੀ (ਤਾੜੀਆਂ), ਹਰ ਇਕ ਨੂੰ ਰੋਟੀ, ਕਪੜਾ ਤੇ ਰਹਿਣ ਲਈ ਮਕਾਨ ਮੁਹਈਆ ਕਰਨ ਦਾ। (ਤਾੜੀਆਂ) ਸੋ ਉਸ ਫਰਜ਼ ਲਈ ਵੀ ਮੈਂ ਪੂਰਾ ਵਚਨ ਵੱਧ ਹਾਂ। ਜਿਥੋਂ ਤਕ ਸਦਨ ਦਾ ਤਲਕ ਹੈ ਉਸ ਨੂੰ ਪੂਰੀ ਨਿਰਪਕਸ਼ਤਾ ਨਾਲ ਅਤੇ ਹਰ ਇਕ ਮੈਂਬਰ ਸਾਹਿਬਾਨ ਦੀ ਭਾਵੇਂ ਉਹ ਕਿਸੀ ਵੀ ਪਾਰਟੀ ਨਾਲ ਸਬੰਧ ਰਖਦਾ ਹੋਵੇ, ਪੂਰੀ ਨਿਰਪਕਸ਼ਤਾ ਨਾਲ ਸੇਵਾ ਕਰਨ ਦਾ ਯਤਨ ਕਰਾਂਗਾ। ਜਿਥੋਂ ਤਕ ਇਸ ਹਾਊਸ ਤੋਂ ਬਾਹਰ ਦਾ ਸੰਬੰਧ ਹੈ ਉਥੇ ਮੈਂ ਬਤੌਰ ਇਕ ਡਿਸਿਪਲਨਡ ਸਿਪਾਹੀ ਦੇ ਉਸ ਮਹਾਨ ਨੇਤਾ ਦੇ ਹੁਕਮ ਦਾ ਪਾਬੰਦ ਰਹਾਂਗਾ। ਇਨ੍ਹਾਂ ਲਫਜ਼ਾਂ ਨਾਲ ਮੈਂ ਮੈਂਬਰ ਸਾਹਿਬਾਨ ਦਾ ਤਹਿ ਦਿਲ ਨਾਲ ਧੰਨਵਾਦੀ ਹਾਂ ਜਿਨ੍ਹਾਂ ਨੇ ਇਹ ਮਾਣ ਮੈਨੂੰ ਦੂਜੀ ਵਾਰ ਬਖਸ਼ ਕੇ ਇਸ ਉਚੀ ਪਦਵੀ ਤੇ ਨਿਵਾਜਿਆਂ ਹੈ। (I too held the same view but the hon. Members wanted to speak. The usual grudge the Members have against the Speaker is that they do not get enough time to speak. So if they get time to speak, then I think that I have discharged my duty. The hon. Member's suggestion is correct.

I am very thankful to all the hon. Members for doing me the great honour of twice elevating me to this high office. (Thumping) I am sincerely thankful also for the good wishes extended to me by the Leader of the House, Giani Zail Singh, Leader of the Opposition, Dang Sahib, all the Party Leaders in the House and other hon. Members. Some of the hon. Members have attributed high qualities to me which I do not possess. I am, however, confident that with their good wishes, I will be able to come up to their expectations by trying to equip myself with the qualities worthy of this high position. I am sure that with your co-operation which all of you have extended to me today, all of us will succeed in establishing healthy traditions and conventions in this House. The hon. Member Sardar Prem Singh Prem has referred to the two qualities of the Speaker, namely, impartiality and Authority. I shall try my best to bring them into play as far as possible. It shall be my earnest endeavour to see that there is no complaint from any hon. Member whether he is a front bencher or back bencher. I will give them the maximum time, out of the time fixed by the House, so that they are able to put their demands as well as the difficulties of their constituencies before the House and the Government.

So far as the authority is concerned, the House is supreme as all authority emanates from the House. I will faithfully discharge my duties with which I have been honoured. The authority conferred upon me by this House will be used through the will of the House and for the House. I am merely a humble servant of the House. (Thumping) With your blessings, co-operation and goodwill I will try my best to conduct the business of the House according to the provisions of the Constitution of India, Rules of Procedure and Conduct of Business in the Punjab Legislative Assembly, our old conventions and traditions and in keeping with the dignity and decorum of the House.

Here I may also mention that whereas some duties are cast upon me as Speaker, I also owe some duties to my electorate who have elected me and sent me here as their representative. In the last elections I was elected as an Independent Member but this time I have been elected as a member of the Indian National Congress which is being led by Smt. Indira Gandhi. Whereas, as Speaker I am duty bound to conduct the proceedings of the House in an impartial manner without any fear or favour, outside the House, I am bound to follow the revolutionary programme of our respected Leader, Smt. Indira Gandhi. That revolutionary programme is 'GARIBI HATAO' (Thumping) and to provide food, clothing and shelter to every body. (Thumping) I am duty bound for that programme also. So far as the conducting of the proceedings of this House is concerned, I will try my level best to treat every hon. Member—whether he belongs to the Ruling Party or the Opposition Party—impartially. Outside the House, I am bound, as a disciplined soldier, to follow the programme given by our great Leader. With these words, I thank all the hon. Members, from the core of my heart, for the honour conferred upon me by electing me as Speaker for the second time.)

ANNOUNCEMENTS BY THE SPEAKER

Mr. Speaker : Now there are some announcements.

BUSINESS ADVISORY COMMITTEE

Mr. Speaker : Under rule 208(1) of the Rules of Procedure and Conduct of Business in the Punjab Legislative Assembly, I nominate the following Members to serve on the Business Advisory Committee :

1. Sardar Darbara Singh, Speaker, *Ex-Officio* Chairman.
2. Captain Rattan Singh, Development Minister.
3. Sardar Umrao Singh, Education Minister.
4. Shri Hans Raj Sharma, Finance Minister.
5. Comrade Satyapal Dang.
6. Sardar Ajaib Singh Sandhu.

PANEL OF CHAIRMEN

Mr. Speaker : Under Rule 13(1) of the Rules of Procedure and Conduct of Business in the Punjab Legislative Assembly, I nominate the following Members to serve on the Panel of Chairmen :—

1. Shri Brish Bhan
2. Sardar Surjit Singh (Barnala)
3. Acharya Prithvi Singh Azad
4. Comrade Shamsher Singh Josh

Mr. Speaker : Now I would like to remind the hon. Members that the Governor would address the Members today at 3.00 P.M.

ਹਾਊਸ ਪਰਸੋਂ ਸਵੇਰੇ, ਮਿਤੀ 24 ਮਾਰਚ, 1972 ਦਿਨ ਦੇ 11.00 ਵਜੇ ਤਕ ਸਥਗਿਤ ਕੀਤਾ ਜਾਂਦਾ ਹੈ। (The House stands adjourned till 11.00 A.M. on Friday, the 24th March, 1972)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਸਾਡੀ ਬੇਨਤੀ ਹੈ ਕਿ ਅਸੀਂ ਸਾਰਿਆਂ ਨੇ ਬਾਹਰੋਂ ਆਉਣਾ ਹੈ, ਇਸ ਲਈ ਹਾਊਸ 11.00 ਵਜੇ ਦੀ ਬਜਾਏ ਦਿਨ ਦੇ 2.00 ਵਜੇ ਕਰ ਦਿਤਾ ਜਾਵੇ । (ਵਿਘਨ)

ਇਕ ਆਵਾਜ਼ ; ਇਹੀ ਟਾਈਮ ਠੀਕ ਹੈ ਜੀ । (ਵਿਘਨ)

12.08 | *(The House then adjourned till 11·00 A.M. on Friday, the 24th March, 1972.)*

203—22-8-72—306—Pb· Govt· Press, Patiala

PUNJAB VIDHAN SABHA
DEBATES

24th March, 1972

Vol. I-No. 3

OFFICIAL REPORT

CONTENTS

Friday, the 24th March, 1972

Punjab Vidhan Sabha Secretariat, Chandigarh.

Price : 3.40

ERRATA

To

PUNJAB VIDHAN SABHA DEBATES

Dated 24th March, 1972.

Volume I No. 3.

Read	For	Page	Line
ਸਾਲ	ਮਾਲ	(3) 2	13th from below
ਸ਼ਰਧਾਂਜਲੀ	ਸ਼ਰਧਜਲੀ	(3) 8	12th from below
ਵਿਚ	ਵਿਚੋਂ	(3) 11	14
ਸਰਮਾਏਦਾਰੀ	ਸ਼ਰਮਾਏਦਾਰੀ	(3) 11	15 and 16
ਹੇਠ	ਹੇਨ	(3) 29	3
1971-72	197-72	(3) 32	3th from below
ਜਾਵੇਗੀ	ਜਵੇਗੀ	(3) 34	11
1970-71	1979-71	(3) 34	12
ਤਿਆਰ	ਤਿਆਨ	(3) 34	12
ਏਜੰਸੀਆਂ	ਏਜੰੀਆਂ	(3) 38	13th from below
ਖਰਚ	ਖ ਚ	(3) 41	4th from below
ਪਰਿਵਾਰ ਨਿਯੋਜਨ	ਪਰਿਵਾਰ ਿ ਯੋਜਨ	(3) 42	11
ਸਿਫਾਰਸ਼	ਿ ਫਾਰਸ਼	(3) 43	13
ਦਵਾਈਆਂ	ਦਵ ਇਆਂ	(3) 43	3rd from below

PUNJAB VIDHAN SABHA

Friday, the 24th March, 1972

The Vidhan Sabha met in the Punjab Vidhan Sabha Hall, Vidhan Bhavan, Sector-1, Chandigarh, at 11.00 A. M. of the clock. Mr. Speaker (Sardar Darbara Singh) in the Chair.

OBITUARY REFERENCES

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) : ਮਾਨਯੋਗ ਸਪੀਕਰ ਸਾਹਿਬ, ਉਹ ਉਘੇ ਵਿਅਕਤੀ ਜਿਹੜੇ ਪਿਛਲੀ ਵਿਧਾਨ ਸਭਾ ਦੇ ਮਿਤੀ 29 ਜਨਵਰੀ, 1971 ਨੂੰ ਅਨਿਸਚਿਤ ਸਮੇਂ ਲਈ ਉਠ ਜਾਣ ਪਿਛੋਂ ਪਰਲੋਕ ਸਿਧਾਰ ਗਏ, ਕੁਝ ਪੰਜਾਬ ਸਟੇਟ ਦੇ ਸਨ ਅਤੇ ਕੁਝ ਬਾਕੀ ਦੇ ਪ੍ਰਾਂਤਾਂ ਦੇ ਸਨ, ਉਨ੍ਹਾਂ ਪ੍ਰਤੀ ਸ਼ੋਕ ਪ੍ਰਸਤਾਵ ਪੇਸ਼ ਕਰਦਾ ਹਾਂ :

ਗੁਰੂ ਜਸਵੰਤ ਸਿੰਘ ਸਾਲ 1962 ਵਿਚ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਗੁਰੂ ਹਰ ਸਹਾਏ ਚੋਣ ਹਲਕੇ ਤੋਂ ਇਕ ਆਜ਼ਾਦ ਮੈਂਬਰ ਦੀ ਹੈਸੀਅਤ ਵਿਚ ਚੁਣੇ ਗਏ ਸਨ । ਬਾਦ ਵਿਚ ਆਪ ਕਾਂਗਰਸ ਵਿਚ ਸ਼ਾਮਿਲ ਹੋ ਗਏ, ਆਪ ਇਕ ਸਾਧੂ ਸੁਭਾ ਵਿਅਕਤੀ ਸਨ ਅਤੇ ਸ੍ਰੀ ਗੁਰੂ ਰਾਮ ਦਾਸ ਜੀ ਦੇ ਵੰਸ਼ ਵਿਚੋਂ ਸਨ । 18 ਮਾਰਚ, 1971 ਨੂੰ ਦਿਲ ਦੇ ਦੌਰੇ ਕਾਰਨ ਆਪ ਜੀ ਦੀ ਮ੍ਰਿਤੂ ਹੋ ਗਈ । ਆਪ ਜੀ ਦੀ ਮ੍ਰਿਤੂ ਨਾਲ ਰਾਜ ਇਕ ਨੇਕ ਸ਼ਖਸੀਅਤ ਤੋਂ ਵਾਂਝਾ ਹੋ ਗਿਆ ਹੈ ।

ਸਰਦਾਰ ਪਰਤਾਪ ਸਿੰਘ ਇਕ ਵਡੇ ਸਮਾਜਿਕ ਵਰਕਰ ਸਨ ਅਤੇ ਸਮਾਜ ਦੇ ਦਲਿਤ ਤਬਕਿਆਂ ਦੇ ਸੁਧਾਰ ਲਈ ਉਹ ਅਣਥਕ ਜਦੋ-ਜਹਿਦ ਕਰਦੇ ਰਹੇ । ਆਪ ਸਾਲ 1930 ਤੋਂ ਹਰੀਜਨਾਂ ਦੀ ਭਲਾਈ ਦੇ ਕੰਮ ਕਰਦੇ ਆਏ ਸਨ । ਆਪ ਦਿਹਾਤੀ ਇਲਾਕਿਆਂ ਵਿਚ ਅਮਨ ਅਮਾਨ ਕਾਇਮ ਰੱਖਣ ਅਤੇ ਧਾਰਮਿਕ ਏਕਤਾ ਬਣਾਈ ਰਖਣ ਦੇ ਪੂਰੀ ਤਰ੍ਹਾਂ ਹਕ ਵਿਚ ਸਨ । ਆਪ ਪੰਜਾਬ ਵਿਧਾਨ ਸਭਾ ਦੇ ਮੈਂਬਰ ਸਨ ਅਤੇ ਸਾਲ 1950 ਵਿਚ ਰੋਪੜ ਹਲਕੇ ਤੋਂ ਕਾਂਗਰਸ ਟਿਕਟ ਤੇ ਚੁਣੇ ਗਏ ਸਨ । ਬਾਦ ਵਿਚ ਆਪ ਸ਼੍ਰੋਮਣੀ ਅਕਾਲੀ ਦਲ, ਅੰਮ੍ਰਿਤਸਰ ਦੀ ਕਾਰਜੀਕਾਰੀ ਕਮੇਟੀ ਦੇ ਮੈਂਬਰ ਬਣੇ । ਆਪ ਦਿਹਾਤ ਸੁਧਾਰ ਕਮੇਟੀ ਦੇ ਪ੍ਰਧਾਨ ਅਤੇ ਯੰਗ ਯੁਵਕ ਕਿਸਾਨ ਕਲਬ ਦੇ ਮੈਂਬਰ ਸਨ । ਆਪ ਜੀ ਦੀ ਮ੍ਰਿਤੂ ਨਾਲ ਰਾਜ ਇਕ ਵਡੇ ਸਮਾਜ ਸੇਵਕ, ਜਿਸ ਨੇ ਆਪਣਾ ਸਾਰਾ ਜੀਵਨ ਸਮਾਜ ਦੇ ਅਦਨੇ ਤਬਕਿਆਂ ਦੀ ਭਲਾਈ ਲਈ ਅਰਪਣ ਕੀਤਾ, ਤੋਂ ਵਾਂਝਿਆ ਹੋ ਗਿਆ ਹੈ । ਆਪ ਜੀ ਦੀ ਮ੍ਰਿਤੂ 29.3.1971 ਨੂੰ ਹੋਈ ।

ਸ੍ਰੀ ਗੋਰਖ ਨਾਥ ਉਨ੍ਹਾਂ ਸਵਤੰਤਰਤਾ ਸੰਗਰਾਮੀਆਂ ਵਿਚੋਂ ਸਨ ਜਿਨ੍ਹਾਂ ਨੇ ਆਜ਼ਾਦੀ ਦੀ ਪ੍ਰਾਪਤੀ ਲਈ ਅਤਿਅੰਤ ਕਠਨਾਈਆਂ ਝਲੀਆਂ । ਸਾਲ 1921 ਦੀ ਸਿਵਲ ਨਾ-ਫਰਮਾਨੀ ਲਹਿਰ ਵਿਚ ਆਪ ਨੇ ਵਿਦਿਆਰਥੀ ਹੁੰਦਿਆਂ ਹੋਇਆਂ ਵੀ ਹਿੱਸਾ ਲਿਆ । ਬਾਦ ਵਿਚ ਸਾਲ 1924 ਵਿਚ ਆਪ ਇੰਜੀਨੀਅਰੀ ਸੇਵਾ ਵਿਚ ਭਰਤੀ ਹੋਏ ਪਰ ਸਾਲ 1932 ਵਿਚ ਰਾਸ਼ਟਰੀ ਅੰਦੋਲਨ ਵਿਚ ਭਾਗ ਲੈਣ ਲਈ ਅਸਤੀਫਾ ਦੇ ਦਿਤਾ । ਦੇਸ਼ ਦੀ ਆਜ਼ਾਦੀ ਲਈ ਆਪ ਸਾਲ 1932 ਤੇ 1933 ਦੇ ਦੌਰਾਨ ਜੇਲ੍ਹ

[ਮੁੱਖ ਮੰਤਰੀ]

ਗਏ । ਸਾਲ 1952 ਵਿਚ ਆਪ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ ਅਤੇ ਉਨ੍ਹਾਂ ਨੇ ਆਪਣੇ ਇਲਾਕੇ ਦੇ ਵਿਕਾਸ ਅਤੇ ਇਥੋਂ ਦੇ ਲੋਕਾਂ ਦੇ ਜੀਵਨ ਦੇ ਸਰਬ ਪਖੀ ਵਿਕਾਸ ਲਈ ਹਰ ਸੰਭਵ ਸਹਾਇਤਾ ਕੀਤੀ । ਸਾਲ 1932 ਵਿਚ ਆਪ ਜ਼ਿਲ੍ਹਾ ਕਾਂਗਰਸ ਕਮੇਟੀ ਲਾਇਲਪੁਰ ਦੇ ਮੈਂਬਰ ਬਣੇ । ਦਸ ਸਾਲ ਤਕ ਆਪ ਜ਼ਿਲ੍ਹਾ ਕਾਂਗਰਸ ਕਮੇਟੀ ਗੁਰਦਾਸਪੁਰ ਦੇ ਪ੍ਰਧਾਨ ਰਹੇ ਅਤੇ ਬਾਅਦ ਵਿਚ ਪੰਜਾਬ ਪਰਦੇਸ਼ ਕਾਂਗਰਸ ਕਮੇਟੀ ਦੇ ਜਨਰਲ ਸਕਤਰ ਬਣੇ । ਆਪ ਜੀ ਦੀ ਮੌਤ ਨਾਲ ਰਾਜ ਇਕ ਅਜਿਹੇ ਨਿਧੜਕ ਸੁਤੰਤਰਤਾ ਸੰਗਰਾਮੀਏ ਤੋਂ ਵਾਂਝਿਆ ਹੋ ਗਿਆ ਜਿਸ ਨੇ ਲੋਕਾਂ ਦੇ ਹਿਤਾਂ ਦੇ ਕੰਮਾਂ ਵਿਚ ਪੂਰਾ ਪੂਰਾ ਹਿਸਾ ਲਿਆ ਹੈ ।

ਬਾਬੂ ਬਚਨ ਸਿੰਘ ਇਕ ਪਕੇ ਸੁਤੰਤਰਤਾ ਸੰਗਰਾਮੀਏ ਅਤੇ ਪੁਰਾਣੇ ਦੇਸ਼ ਭਗਤ ਸਨ, ਜਿਨ੍ਹਾਂ ਨੇ ਆਜ਼ਾਦੀ ਦੇ ਅੰਦੋਲਨ ਵਿਚ ਹਿੱਸਾ ਲਿਆ । ਉਹ ਇਕ ਯੋਗ ਰਾਜਸੀ ਨੇਤਾ ਸਨ, ਜਿਨ੍ਹਾਂ ਨੇ ਆਪਣੇ ਰਾਜਨੀਤਕ ਜੀਵਨ ਵਿਚ ਲਗਭਗ 12 ਸਾਲ ਦੀ ਕੈਦ ਦੀ ਸਜ਼ਾ ਭੋਗੀ । ਉਨ੍ਹਾਂ ਦਾ ਜੀਵਨ ਭਾਰਤ ਮਾਤਾ ਸੁਤੰਤਰ ਨੂੰ ਕਰਾਉਣ ਦੇ ਆਦਰਸ਼ ਨੂੰ ਸਮਰਪਿਤ ਸੀ । ਵਿਧਾਨਕਾਰ ਦੀ ਹੈਸੀਅਤ ਵਿਚ ਉਨ੍ਹਾਂ ਨੇ ਸ਼ਲਾਘਾ ਯੋਗ ਸੇਵਾ ਕੀਤੀ । ਉਹ ਪੰਜਾਬ ਵਿਧਾਨ ਸਭਾ ਦੇ ਮੈਂਬਰ ਪਹਿਲੀ ਵੇਰ 1946 ਵਿਚ ਬਣੇ ਸਨ । 1949 ਵਿਚ ਉਨ੍ਹਾਂ ਨੇ ਸਿਵਲ ਸਪਲਾਈ ਦੇ ਮੰਤਰੀ ਦੀ ਪਦਵੀ ਸੰਭਾਲੀ । ਸਾਲ 1962 ਵਿਚ ਉਹ ਲੁਧਿਆਣਾ ਉਤਰੀ ਹਲਕੇ ਤੋਂ ਸੁਤੰਤਰ ਉਮੀਦਵਾਰ ਦੇ ਤੌਰ ਤੇ ਕਾਮਯਾਬ ਹੋ ਕੇ ਵਿਧਾਨ ਸਭਾ ਦੇ ਮੈਂਬਰ ਬਣੇ । ਉਹ ਸਾਦਗੀ, ਅਣਥਕ ਮਿਹਨਤ ਅਤੇ ਸੁਹਿਰਦਤਾ ਦੀ ਮੂਰਤ ਸਨ । ਉਨ੍ਹਾਂ ਨੇ ਕਦੇ ਵੀ ਆਪਣੇ ਅਸੂਲਾਂ ਦਾ ਤਿਆਗ ਨਹੀਂ ਕੀਤਾ । ਉਨ੍ਹਾਂ ਦੀ ਮ੍ਰਿਤੂ ਨਾਲ ਪਜਾਬ ਇਕ ਮਹਾਨ ਦੇਸ਼ ਭਗਤ ਇਕ ਯੋਗ ਸਿਆਸਤਦਾਨ ਅਤੇ ਇਕ ਤਜਰਬੇਕਾਰ ਵਿਧਾਨਕਾਰ ਤੋਂ ਵਿਰਵਾ ਹੋ ਗਿਆ ਹੈ । ਉਨ੍ਹਾਂ ਦੀ ਮ੍ਰਿਤੂ 22-10-71 ਨੂੰ ਹੋਈ ਸੀ ।

ਸ੍ਰੀ ਮੋਹਨ ਲਾਲ ਜੀ ਇਕ ਸਚੇ ਦੇਸ਼ ਭਗਤ, ਉਘੇ ਸਮਾਜ ਸੇਵਕ ਅਤੇ ਪਰਸਿਧ ਵਿਧਾਇਕ ਸਨ । ਉਹ ਲਾਲਾ ਲਾਜਪਤ ਰਾਏ ਦੇ ਨਜ਼ਦੀਕੀ ਸਾਥੀ ਸਨ ਅਤੇ ਉਨ੍ਹਾਂ ਨੇ ਆਪਣਾ ਸਾਰਾ ਜੀਵਨ ਉਚੇ ਆਦਰਸ਼ਾਂ ਦੀ ਪ੍ਰਾਪਤੀ ਲਈ ਸਮਰਪਣ ਕਰ ਦਿਤਾ । ਉਹ ਸਰਵੈਂਟਸ ਆਫ਼ ਦੀ ਪੀਪਲਜ਼ ਸੁਸਾਇਟੀ ਦੇ ਲਗਭਗ 50 ਸਾਲ ਮੈਂਬਰ ਰਹੇ । ਸ੍ਰੀ ਮੋਹਨ ਲਾਲ ਨੇ ਜਲੰਧਰ ਵਿਖੇ ਗੁਲਾਬ ਦੇਵੀ ਟੀ. ਬੀ. ਹਸਪਤਾਲ ਦੀ ਸਥਾਪਨਾ ਵਿਚ ਉਘਾ ਹਿੱਸਾ ਪਾਇਆ । ਉਨ੍ਹਾਂ ਨੇ ਲਾਲਾ ਲਾਜਪਤ ਰਾਏ ਦੇ ਜਨਮ ਅਸਥਾਨ ਢੁਡੀਕੇ ਵਿਖੇ ਕਈ ਯਾਦਗਾਰਾਂ ਸਥਾਪਤ ਕਰਨ ਲਈ ਵੀ ਬਹੁਤ ਦਿਲਚਸਪੀ ਲਈ । ਉਨ੍ਹਾਂ ਦੀਆਂ ਅਣਥਕ ਕੋਸ਼ਿਸ਼ਾਂ ਸਦਕਾ ਹੀ ਚੰਡੀਗੜ੍ਹ ਵਿਖੇ ਦਵਾਰਕਾਦਾਸ ਲਾਇਬਰੇਰੀ ਸਥਾਪਤ ਹੋਈ । ਉਨ੍ਹਾਂ ਨੂੰ 3 ਮਈ 1952 ਨੂੰ ਪੰਜਾਬ ਵਿਧਾਨ ਪਰੀਸ਼ਦ ਦਾ ਮੈਂਬਰ ਨਾਮਜ਼ਦ ਕੀਤਾ ਗਿਆ । ਉਨ੍ਹਾਂ ਦਾ ਸਿਆਸੀ ਜੀਵਨ ਉਚੇ ਆਦਰਸ਼ਾਂ ਨਿਰਪਖਤਾ, ਨਿਡਰਤਾ ਅਤੇ ਸਵੈਮਾਨ ਨਾਲ ਭਰਪੂਰ ਸੀ ਜਿਸ ਕਾਰਨ ਉਨ੍ਹਾਂ ਨੂੰ ਸਦਨ ਵਿਚ ਸਾਰਿਆਂ ਪਾਸਿਆਂ ਤੋਂ ਮਾਣ, ਇਜ਼ਤ ਅਤੇ ਪਿਆਰ ਮਿਲਿਆ । ਉਨ੍ਹਾਂ ਦੇ ਅਕਾਲ ਚਲਾਣੇ ਨਾਲ ਪੰਜਾਬ ਇਕ ਉਘੇ ਸਮਾਜ ਸੇਵਕ, ਯੋਗ ਪਾਰਲੀਮੈਂਟੇਰੀਅਨ, ਪਰਸਿਧ ਲੇਖਕ ਅਤੇ ਉਚ ਸ਼ਖਸੀਅਤ ਤੋਂ ਵਾਂਝਿਆ ਹੋ ਗਿਆ ਹੈ । ਉਨ੍ਹਾਂ ਦਾ ਦਿਹਾਂਤ 18 ਫਰਵਰੀ 1972 ਨੂੰ ਹੋਇਆ ।

ਸ੍ਰੀ ਦੁਰਗਾਦਾਸ ਭਾਟੀਆ ਪਿਛਲੇ ਸਾਲ ਅੰਮ੍ਰਿਤਸਰ ਹਲਕੇ ਤੋਂ ਲੋਕ ਸਭਾ ਦੇ ਮੈਂਬਰ ਚੁਣੇ ਗਏ ਸਨ । ਉਹ ਇਕ ਵਡੇ ਵਪਾਰੀ ਤੇ ਸਿਆਣੇ ਸਿਆਸਤਦਾਨ ਸਨ । 1952 ਦੀਆਂ ਆਮ ਚੋਣਾਂ ਮਗਰੋਂ ਓਹ ਨਗਰਪਾਲਕਾ ਅੰਮ੍ਰਿਤਸਰ ਦੇ ਪਰਧਾਨ ਬਣੇ ਅਤੇ ਉਹ 13-14 ਸਾਲ ਇਸ ਪੱਦ ਤੇ ਰਹੇ । ਆਪ

ਅੰਮ੍ਰਿਤਸਰ ਦੇ ਸਿਆਸੀ ਅਤੇ ਵਿਤੀ ਖੇਤਰ ਵਿਚ ਲਾਸਾਨੀ ਹੈਸੀਅਤ ਦੇ ਮਾਲਕ ਸਨ । ਉਹ ਧਰਮ ਨਿਰਪਖਤਾ ਅਤੇ ਵੱਖ ਵੱਖ ਫਿਰਕਿਆਂ ਦੇ ਵਿਚ ਆਪਸੀ ਸਬੰਧ ਚੰਗੇ ਰਖਣ ਵਿਚ ਵਿਸ਼ਵਾਸ ਰਖਦੇ ਸਨ ਅਤੇ ਉਹ ਇਸ ਲਈ ਪੂਰੀ ਸਰਗਰਮੀ ਨਾਲ ਕੰਮ ਕਰਦੇ ਰਹੇ । ਉਨ੍ਹਾਂ ਦੀ ਮੌਤ ਨਾਲ ਅਸੀਂ ਇਕ ਉਘੇ ਸਮਾਜ ਸੇਵਕ ਨੂੰ ਖੋਹ ਬੈਠੇ ਹਾਂ ।

ਰਾਜਾ ਸੁਰਿੰਦਰ ਸਿੰਘ ਨਾਲਾਗੜ੍ਹ, ਸਾਬਕਾ ਪੈਪਸੂ ਰਾਜ ਵਿਚ ਮੰਤਰੀ ਸਨ ਅਤੇ 12 ਸਾਲ ਤੋਂ ਵਧੇਰੇ ਸਮੇਂ ਲਈ ਭਾਰਤ ਸਰਕਾਰ ਨਾਲ ਸਬੰਧਤ ਰਹੇ । ਰਾਜਾ ਸਾਹਿਬ ਯੋਜਨਾਬੰਦੀ ਕਮਿਸ਼ਨ ਅਤੇ ਕੇਂਦਰੀ ਗ੍ਰਹਿ ਮੰਤਰਾਲੇ ਦੇ ਸਲਾਹਕਾਰ ਸਨ । ਉਹ ਜ਼ਰਾਇਤੀ ਉਤਪਾਦਨ ਕਮਿਸ਼ਨਰ ਵੀ ਸਨ । ਸਾਰੀ ਉਮਰ ਉਹ ਬਿਨਾ ਤਨਖਾਹ, ਆਨਰੇਰੀ ਹੈਸੀਅਤ ਵਿਚ ਕੰਮ ਕਰਦੇ ਰਹੇ । ਉਹ ਸਟੇਟ ਫਾਰਮ ਕਾਰਪੋਰੇਸ਼ਨ ਦੇ ਚੇਅਰਮੈਨ ਵੀ ਸਨ । ਉਨ੍ਹਾਂ ਨੇ ਆਪਣਾ ਜੀਵਨ ਦੇਸ਼ ਵਿਚ ਖੇਤੀ ਬਾੜੀ ਦੇ ਸਰਬਪਖੀ ਵਿਕਾਸ ਲਈ ਅਰਪਣ ਕੀਤਾ । ਗੁਲਾਬ ਦੇ ਫੁਲਾਂ ਦੀਆਂ ਵੰਨ ਸੁਵੰਨੀਆਂ ਤੇ ਵਧੀਆ ਕਿਸਮਾਂ ਦੇ ਵਿਕਾਸ ਦੇ ਉਹ ਬਹੁਤ ਸ਼ੌਕੀਨ ਸਨ । ਉਨ੍ਹਾਂ ਦੀ ਮੌਤ ਨਾਲ ਦੇਸ਼ ਅਤੇ ਵਿਸ਼ੇਸ਼ ਤੌਰ ਤੇ ਪੰਜਾਬ ਰਾਜ ਇਕ ਉਘੇ ਖੇਤੀ ਮਾਹਿਰ ਤੇ ਇਕ ਚੰਗੇ ਸ਼ਾਸਕ ਤੋਂ ਵਾਂਝਿਆ ਹੋ ਗਿਆ ਹੈ ।

ਸਰਦਾਰ ਨਾਨਕ ਸਿੰਘ ਚੋਟੀ ਦਾ ਪੰਜਾਬੀ ਨਾਵਲਿਸਟ ਤੇ ਰੰਗਾ ਰੰਗ ਗਲਪ ਸਾਹਿਤ ਦਾ ਲੇਖਕ ਸੀ । ਸਰਦਾਰ ਨਾਨਕ ਸਿੰਘ ਉਸ ਸਾਹਿਤਕ ਪੁਨਰ ਜਾਗ੍ਰਤੀ ਦਾ ਸਚਾ ਪ੍ਰਤੀਨਿਧ ਸੀ ਜਿਸ ਨੇ ਇਸ ਸਦੀ ਦੇ ਅਰੰਭ ਤੋਂ ਹੀ ਪੰਜਾਬ ਵਿਚ ਸਮਾਜਕ ਤੇ ਰਾਜਸੀ ਚੇਤਨਾ ਲਿਆਂਦੀ । ਪੰਜਾਬ ਵਿਚ ਆਮ ਤੌਰ ਤੇ ਉਸ ਨੂੰ ਪੰਜਾਬੀ ਦਾ ਗੋਰਕੀ ਕਹਿ ਕੇ ਸਤਕਾਰਿਆ ਜਾਂਦਾ ਸੀ । ਪੰਜਾਬੀ ਸਾਹਿਤ ਦੇ ਵਿਕਾਸ ਲਈ ਉਸ ਦੀ ਦੇਣ ਬਹੁਤ ਮਹਾਨ ਹੈ । ਸਰਦਾਰ ਨਾਨਕ ਸਿੰਘ ਨੇ ਗੀਤ ਲੇਖਕ ਤੇ ਕਵੀ ਦੇ ਰੂਪ ਵਿਚ ਆਪਣਾ ਸਾਹਿਤਕ ਜੀਵਨ ਸ਼ੁਰੂ ਕੀਤਾ ਤੇ ਫਿਰ 1930 ਤੋਂ ਬਾਦ ਉਨ੍ਹਾਂ ਨੇ ਗਲਪ ਸਾਹਿਤ ਦੀ ਰਚਨਾ ਵਲ ਕਲਮ ਦਾ ਰੁਖ ਮੋੜਿਆ ਅਤੇ ਉਪਰੋ ਥੱਲੀ ਤਿੰਨ ਦਰਜਨ ਤੋਂ ਵਧ ਨਾਵਲ ਪੰਜਾਬੀ ਪਾਠਕਾਂ ਨੂੰ ਦਿਤੇ । ਉਨ੍ਹਾਂ ਦੇ ਬਹੁਤ ਸਾਰੇ ਨਾਵਲਾਂ ਦੇ ਹਿੰਦੀ, ਤੇਲਗੂ, ਕਨਾੜਾ ਅਤੇ ਹੋਰ ਬਹੁਤ ਸਾਰੀਆਂ ਭਾਰਤੀ ਭਾਸ਼ਾਵਾਂ ਅਤੇ ਰੂਸੀ ਭਾਸ਼ਾ ਵਿਚ ਅਨੁਵਾਦ ਕੀਤੇ ਗਏ ।

ਇਸ ਮਹਾਨ ਸਾਹਿਤਕਾਰ ਨੂੰ ਸਾਹਿਤਕ ਸੇਵਾ ਬਦਲੇ ਸਾਹਿਤ ਅਕੈਡਮੀ ਵਲੋਂ ਪੁਰਸਕਾਰ ਨਾਲ ਸਨਮਾਨਿਆ ਗਿਆ । ਸਰਦਾਰ ਨਾਨਕ ਸਿੰਘ ਧਰਮ ਨਿਰਪੱਖ ਦਰਿਸ਼ਟੀ ਕੋਣ ਤੋਂ ਮਾਨਵਤਾ ਦੀਆਂ ਚੰਗੇਰੀਆਂ ਸਮਾਜੀ ਤੇ ਨਿਜੀ ਕਦਰਾਂ ਦੇ ਮੁਦਈ ਸਨ । ਸਰਦਾਰ ਨਾਨਕ ਸਿੰਘ ਦੇ ਅਕਾਲ ਚਲਾਣੇ ਨਾਲ ਪੰਜਾਬ, ਪੰਜਾਬੀ ਭਾਸ਼ਾ ਦੇ ਇਕ ਮਹਾਨ ਵਿਦਵਾਨ ਤੋਂ ਵਾਂਝਾ ਹੋ ਗਿਆ ਹੈ ਜਿਸ ਨੇ ਸਾਹਿਤ ਨੂੰ ਅਧੁਨਿਕ ਰੁਚੀਆਂ ਅਨੁਸਾਰ ਮੋੜਨ ਵਿਚ ਭਾਰੀ ਹਿਸਾ ਪਾਇਆ ਹੈ ।

ਸ੍ਰੀ ਕਨ੍ਹਈਆ ਲਾਲ ਮਾਨਕ ਲਾਲ ਮੁਨਸ਼ੀ ਇਕ ਮਹਾਨ ਦੇਸ਼ ਭਗਤ ਤੇ ਰਾਸ਼ਟਰੀ ਨੇਤਾ ਸਨ । ਆਪ ਇਕ ਜੋਸ਼ੀਲੇ ਸੁਤੰਤਰਤਾ ਸੰਗਰਾਮੀਏ, ਸਿਖਿਆ ਸ਼ਾਸ਼ਤਰੀ, ਲੇਖਕ, ਸੰਵਿਧਾਨਕ ਮਾਹਰ ਅਤੇ ਭਾਰਤੀ ਕਲਾ ਤੇ ਸਭਿਆਚਾਰ ਦੇ ਉਪਾਸ਼ਕ ਸਨ । ਆਪ ਜੀ ਦਾ ਜਨਮ 30 ਦਸੰਬਰ 1887 ਨੂੰ ਗੁਜਰਾਤ ਵਿਚ ਬੜੌਦੇ ਵਿਖੇ ਹੋਇਆ । ਆਪ "ਹੋਮ ਰੂਲ ਅੰਦੋਲਨ", ਜਿਸ ਨੇ ਸਾਲ 1915 ਵਿਚ ਦੇਸ਼ ਵਿਚ ਤਰਥੱਲੀ ਮਚਾ ਦਿੱਤੀ ਸੀ, ਦੇ ਸਮੇਂ ਤੋਂ ਹੀ ਸਰਗਰਮ ਸਿਆਸਤ ਵਿਚ ਹਿਸਾ ਲੈਂਦੇ ਆਏ ਸਨ । ਸਵਤੰਤਰਤਾ ਸੰਗਰਾਮ ਵਿਚ ਆਪ ਹਮੇਸ਼ਾ ਮੋਹਰਲੀ ਕਤਾਰ ਵਿਚ ਰਹੇ ਸਨ । ਸਾਲ 1937-39 ਵਿਚ ਬੰਬਈ ਰਾਜ ਦੇ ਪਹਿਲੇ ਕਾਂਗਰਸੀ ਮੰਤਰੀ ਮੰਡਲ ਵਿਚ ਆਪ ਗ੍ਰਹਿ ਮੰਤਰੀ ਬਣੇ । 1946-52 ਦੇ ਦੌਰਾਨ ਆਪ ਸੰਵਿਧਾਨ ਸਭਾ ਅਤੇ ਆਰਜ਼ੀ ਸੰਸਦ ਦੇ ਮੈਂਬਰ ਰਹੇ । ਆਪ ਸਾਲ 1952 ਤੋਂ 1957 ਤੱਕ ਉਤਰ ਪ੍ਰਦੇਸ਼ ਦੇ ਗਵਰਨਰ ਰਹੇ । ਡਾ: ਮੁਨਸ਼ੀ ਜੀ ਨੇ ਭਾਰਤੀ ਸਭਿਆਚਾਰ ਨੂੰ ਸੁਰਜੀਤ

[ਮੁੱਖ ਮੰਤਰੀ]

ਕਰਨ ਵਿਚ ਇਕ ਮਹਾਨ ਅਤੇ ਅਹਿਮ ਹਿੱਸਾ ਪਾਇਆ। ਆਪ ਜੀ ਨੇ ਭਾਰਤੀ ਵਿਦਿਆ ਭਵਨ ਅਤੇ ਇਸ ਦੇ ਕੇਂਦਰਾਂ, ਜੋ ਦੇਸ਼ ਦੇ ਵਖ ਵਖ ਭਾਗਾਂ ਵਿਚ ਬਣੇ, ਦੀ ਸਥਾਪਨਾ ਵਿਚ ਸਹਾਇਤਾ ਕੀਤੀ। ਇਨ੍ਹਾਂ ਸੰਸਥਾਵਾਂ ਨੇ, ਭਾਰਤੀ ਸ਼ਾਨ ਲਈ ਦੁਨੀਆਂ ਵਿਚ ਮਨੁਖਤਾ ਦੀ ਖੁਸ਼ੀ ਲਈ ਸਾਡੇ ਸਭਿਆਚਾਰ ਦੀ ਦੇਣ ਦੇ ਸੰਦੇਸ਼ ਨੂੰ ਉਜਾਗਰ ਕਰਨ ਲਈ, ਇਕ ਬਹੁਤ ਵੱਡਾ ਰੋਲ ਅਦਾ ਕੀਤਾ । ਆਪ ਜੀ 8-2-71 ਨੂੰ ਸੁਰਗਵਾਸ ਹੋਏ।

ਸ੍ਰੀ ਬੀ. ਪੀ. ਚਾਲੀਹਾ ਸਾਲ 1953-57 ਦੇ ਦੌਰਾਨ ਪਹਿਲੀ ਲੋਕ ਸਭਾ ਦੇ ਮੈਂਬਰ ਰਹੇ। ਆਪ ਸਾਲ 1957 ਤੋਂ 1970 ਤਕ ਆਸਾਮ ਦੇ ਮੁੱਖ-ਮੰਤਰੀ ਰਹੇ ਜਦੋਂ ਕਿ ਉਨ੍ਹਾਂ ਨੂੰ ਸਿਹਤ ਠੀਕ ਨਾ ਹੋਣ ਕਾਰਨ ਅਹੁਦਾ ਛੱਡਣਾ ਪਿਆ। "ਨਾਗਾਲੈਂਡ ਸ਼ਾਂਤੀ ਮਿਸ਼ਨ" ਦੇ ਮੈਂਬਰ ਦੇ ਤੌਰ ਤੇ ਆਪ ਨੇ ਇਕ ਮਹੱਤਵ ਪੂਰਨ ਰੋਲ ਅਦਾ ਕੀਤਾ। ਆਪ ਇਕ ਬਹਾਦਰ ਸਵਤੰਤਰਤਾ ਸੰਗਰਾਮੀਏ ਸਨ ਅਤੇ ਸਦਾ ਹੀ ਗਰੀਬ ਤੇ ਦੱਲਿਤ ਲੋਕਾਂ ਦੇ ਹਿਤਾਂ ਲਈ ਜਦੋ ਜਹਿਦ ਕਰਦੇ ਰਹੇ। ਆਪ ਵਿਚ ਮਾਰਕੇ ਦੀ ਸੰਗਠਨ ਸਮਰੱਥਾ ਸੀ ਅਤੇ ਆਪ ਜੀ ਨੇ ਆਸਾਮ ਦੇ ਮੈਦਾਨੀ ਤੇ ਪਹਾੜੀ ਇਲਾਕੇ ਦੇ ਲੋਕਾਂ ਦੇ ਭਾਵਆਤਮਕ ਤੇ ਸਭਿਆਚਾਰਕ ਏਕੀਕਰਨ ਲਈ ਇਕ ਵਡਾ ਹਿੱਸਾ ਪਾਇਆ । ਸਾਲ 19.1 ਵਿਚ ਆਪ ਨੂੰ ਪਦਮ ਵਿਭੂਸ਼ਨ ਨਾਲ ਨਿਵਾਜਿਆ ਗਿਆ। ਆਪ ਜੀ ਦੀ ਮ੍ਰਿਤੂ ਨਾਲ ਦੇਸ਼ ਇਕ ਵਡੇ ਸਿਆਸਤਦਾਨ, ਇਕ ਬਹਾਦਰ ਸਵਤੰਤਰਤਾ ਸੰਗਰਾਮੀਏ ਅਤੇ ਇਕ ਸੁਘੜ ਨੀਤੀਵਾਨ ਤੋਂ ਵਾਂਝਾ ਹੋ ਗਿਆ। ਆਪ 25-2-1971 ਨੂੰ ਸਵਰਗ ਸਿਧਾਰ ਗਏ।

ਸ੍ਰੀ ਡੀ. ਆਰ. ਗੈਡਗਿਲ ਦੀ ਮ੍ਰਿਤੂ ਨਾਲ ਦੇਸ਼ ਆਰਥਕ ਖੇਤਰ ਦੀ ਇਕ ਅਜਿਹੀ ਮਹਾਨ ਹਸਤੀ ਖੋ ਬੈਠਾ ਹੈ ਜਿਸ ਨੇ ਪੇਸ਼ਾਵਾਰਾਨਾ ਮਹਾਰਤ ਨੂੰ ਉਚੇ ਆਦਰਸ਼ਵਾਦ ਨਾਲ ਜੋੜਿਆ ਸੀ । ਆਪ ਬੁਧੀਮਾਨ ਲੋਕਾਂ ਵਿਚੋਂ ਇਕ ਮਹਾਨ ਸ਼ਖਸ਼ੀਅਤ ਸਨ ਅਤੇ ਆਪ ਨੂੰ 40 ਸਾਲ ਤੋਂ ਵਧ ਸਮੇਂ ਲਈ ਇਕ ਉਘਾ ਵਿਗਿਆਨੀ ਤੇ ਸਿਖਿਆ ਸ਼ਾਸ਼ਤਰੀ ਮੰਨਿਆ ਜਾਂਦਾ ਰਿਹਾ । ਯੋਜਨਾ ਕਮਿਸ਼ਨ ਦੇ ਸਾਬਕਾ ਉਪ ਚੇਅਰਮੈਨ, ਸ੍ਰੀ ਡੀ. ਆਰ. ਗੈਡਗਿਲ ਨੇ ਯੋਜਨਾ ਬੰਦੀ ਦਾ ਵਿਕੇਂਦਰੀ ਕਰਨ ਕਰ ਕੇ ਇਕ ਉੱਚ ਪੱਧਰ ਤੇ ਯੋਜਨਾ ਬੰਦੀ ਸ਼ੁਰੂ ਕੀਤੀ ਅਤੇ ਰਾਸ਼ਟਰੀ ਵਿਕਾਸ ਪਰੀਸ਼ਦ ਦੁਆਰਾ ਤਿਆਰ ਕੀਤੇ ਫਾਰਮੂਲੇ ਅਨੁਸਾਰ ਰਾਜਾਂ ਨੂੰ ਕੇਂਦਰੀ ਸਹਾਇਤਾ ਦੇਣ ਦੀ ਭਾਰੀ ਸਮੱਸਿਆ ਨੂੰ ਨਜਿਠਣ ਵਿਚ ਸਹਾਇਤਾ ਕੀਤੀ। ਉਨ੍ਹਾਂ ਨੇ ਅਧਿਆਪਕ ਦੇ ਤੌਰ ਤੇ ਆਪਣਾ ਜੀਵਨ ਸ਼ੁਰੂ ਕੀਤਾ ਅਤੇ ਥੋੜ੍ਹਾ ਸਮਾਂ ਸਰਕਾਰੀ ਨੌਕਰੀ ਕਰਦੇ ਰਹੇ। ਆਪ ਪੂਨਾ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਵੀ ਰਹੇ। ਸਾਲ 1966 ਵਿਚ ਉਨ੍ਹਾਂ ਨੂੰ ਰਾਜ ਸਭਾ ਦਾ ਮੈਂਬਰ ਨਾਮਜ਼ਦ ਕੀਤਾ ਗਿਆ। ਸਾਲ 1967 ਦੀਆਂ ਚੋਣਾਂ ਤੋਂ ਬਾਦ ਆਪ ਯੋਜਨਾਂ ਕਮਿਸ਼ਨ ਦੇ ਉਪ ਚੇਅਰਮੈਨ ਬਣੇ। ਉਨ੍ਹਾਂ ਦੀ ਮ੍ਰਿਤੂ ਨਾਲ ਦੇਸ਼ ਇਕ ਸਿਖਿਆ ਸ਼ਾਸਤਰੀ ਤੇ ਅਰਥ ਵਿਗਿਆਨੀ ਖੋਹ ਬੈਠਾ ਹੈ। ਆਪ ਦੀ ਮ੍ਰਿਤੂ 1971 ਵਿਚ ਹੋਈ।

ਸ੍ਰੀ ਸ੍ਰੀ ਪ੍ਰਕਾਸ਼ਾ ਇਕ ਸੂਰਬੀਰ ਸੁਤੰਤਰਤਾ ਸੰਗਰਾਮੀਏ ਅਤੇ ਇਕ ਹੰਢੇ ਹੋਏ ਨੀਤੀਵਾਨ ਸਨ । ਉਨ੍ਹਾਂ ਨੇ 60 ਸਾਲ ਤਕ ਦੇਸ਼ ਦੀ ਵਿਲਖਣ ਸੇਵਾ ਕੀਤੀ ਅਤੇ ਰਾਜਨੀ ਪ੍ਰਸ਼ਾਸਕੀ ਅਤੇ ਸਿਆਸੀ ਖੇਤਰਾਂ ਵਿਚ ਵੱਖ ਵੱਖ ਕਿਸਮ ਦੀਆਂ ਕਈ ਜ਼ਿਮੇਵਾਰੀਆਂ ਨਿਭਾਈਆਂ । ਉਹ ਨਾ ਸਿਰਫ ਇਕ ਸਿਆਸਤਦਾਨ ਦੇ ਤੌਰ ਤੇ ਹੀ ਸਗੋਂ ਇਕ ਮਹਾਨ ਸਭਿਯ ਤੇ ਵਿਗਿਆਨਵਾਨ ਮਨੁਖ ਦੇ ਰੂਪ ਵਿਚ ਜਾਣੇ ਜਾਣਗੇ। ਉਹ ਇਕ ਮਹਾਨ ਸਿਖਿਆ ਸ਼ਾਸਤਰੀ ਤੇ ਲੋਕ ਪ੍ਰੀਯ ਲੇਖਕ ਸਨ। ਆਪਣੀ ਵਿਦਵਤਾ ਅਤੇ ਵਿਸ਼ਾਲ ਗਿਆਨ ਕਾਰਨ ਉਹ ਬੜੇ ਸਤਕਾਰੇ ਜਾਂਦੇ ਸਨ ਖਿਆਲਾਂ ਵਿਚ ਉਹ ਅਗਾਹਾਂ ਵਧੂ ਸਨ । ਸਮਾਜ ਸੁਧਾਰਾਂ, ਆਰਥਕ ਸਮੱਸਿਆਵਾਂ ਤੇ ਰਾਜਸੀ ਮਾਮਲਿਆਂ ਸਬੰਧੀ ਆਪਣੇ ਵਿਚਾਰ ਪ੍ਰਗਟ ਕਰਨ

ਵਿਚ ਦਲੇਰ ਤੇ ਬਾਅਮਨ ਸਨ । ਉਹ ਸੰਵਿਧਾਨ ਸਭਾ ਦੇ ਮੈਂਬਰ ਰਹੇ । ਬਾਦ ਵਿਚ ਉਹਨਾਂ ਨੂੰ ਪਾਕਿਸਤਾਨ ਵਿਚ ਭਾਰਤ ਦਾ ਹਾਈ ਕਮਿਸ਼ਨਰ ਨਿਯੁਕਤ ਕੀਤਾ ਗਿਆ । 1949 ਵਿਚ ਆਪ ਆਸਾਮ ਦੇ ਗਵਰਨਰ ਥਾਪੇ ਗਏ । ਉਹ ਕੇਂਦਰੀ ਮੰਤਰੀ ਮੰਡਲ ਦੇ ਮੈਂਬਰ ਵੀ ਰਹੇ, ਉਨ੍ਹਾਂ ਦੇ ਸੁਰਗਵਾਸ ਹੋ ਜਾਣ ਨਾਲ ਦੇਸ਼ ਇਕ ਪ੍ਰਸਿਧ ਸਿਆਸਤਦਾਨ, ਇਕ ਸੂਰਬੀਰ ਸੁਤੰਤਰਤਾ ਸੰਗਰਾਮੀਏ ਤੇ ਮਹਾਨ ਸਿਖਿਆ ਸ਼ਾਸਤਰੀ ਤੋਂ ਵਾਂਝਾ ਹੋ ਗਿਆ ਹੈ ।

ਸ੍ਰੀ ਬਿਨੋਦਾ ਨੰਦ ਝਾ, ਬਿਹਾਰ ਦੀ ਇਕ ਪਿਤਾਮਾ ਸ਼ਖਸੀਅਤ ਸਨ । ਇਕ ਵਿਧਾਇਕ ਅਤੇ ਬਿਹਾਰ ਦੇ ਮੁੱਖ ਮੰਤਰੀ ਦੇ ਤੌਰ ਤੇ ਅਤੇ ਇਕ ਦੂਰ ਦਰਿਸ਼ਟੀ ਵਾਲੇ ਸਿਆਸਤਦਾਨ ਵਜੋਂ ਉਨ੍ਹਾਂ ਦੀ ਸੇਵਾ ਦਾ ਰਿਕਾਰਡ ਦੇਸ਼ ਭਰ ਵਿਚ ਪ੍ਰਸਿਧ ਹੈ । ਸ੍ਰੀ ਝਾ ਬਿਹਾਰ ਦੇ ਦਰਭੰਗਾ ਚੋਣ ਹਲਕੇ ਤੋਂ ਲੋਕ ਸਭਾ ਦੇ ਮੈਂਬਰ ਸਨ । ਉਹ 1949-50 ਦੇ ਦੌਰਾਨ ਸੰਵਿਧਾਨ ਸਭਾ ਦੇ ਮੈਂਬਰ ਵੀ ਰਹੇ । ਸਾਲ 1946 ਵਿਚ ਉਹ ਬਿਹਾਰ ਮੰਤਰੀ ਮੰਡਲ ਵਿਚ ਮੰਤਰੀ ਬਣੇ । ਇਸ ਤੋਂ ਪਿਛੋਂ ਉਹ ਬਿਹਾਰ ਦੇ ਮੁੱਖ ਮੰਤਰੀ ਬਣੇ ਅਤੇ 1963 ਤਕ ਇਸੇ ਪਦ ਤੇ ਰਹੇ । ਉਹ ਇਕ ਮਹਾਨ ਵਿਦਵਾਨ ਸਨ ਜਿਨ੍ਹਾਂ ਨੇ ਦਲਿਤ ਤੇ ਪਛੜੀਆਂ ਸ਼੍ਰੇਣੀਆਂ ਦੀ ਹਾਲਤ ਨੂੰ ਸੁਧਾਰਣ ਹਿਤ ਲਗਾਤਾਰ ਤੇ ਅਣਥਕ ਸੰਘਰਸ਼ ਕੀਤਾ । ਉਹ ਇਕ ਸ਼ਕਤੀਸ਼ਾਲੀ ਸੁਤੰਤਰਤਾ ਸੰਗਰਾਮੀਏ ਤੇ ਇਕ ਹੰਢੇ ਹੋਏ ਨੀਤੀਵਾਨ ਸਨ । ਉਹ ਇਕ ਸਿਦਕਵਾਨ ਸਿਆਣੇ ਤੇ ਸਮਾਜ ਸੇਵਕ ਦੇ ਤੌਰ ਤੇ ਕੰਮ ਕਰਦੇ ਰਹੇ । ਉਨ੍ਹਾਂ ਦੀ ਮੌਤ ਨਾਲ, ਦੇਸ਼ ਇਕ ਮਾਨਯੋਗ ਬਜ਼ੁਰਗ ਨੀਤੀਵਾਨ ਤੋਂ ਵਾਂਝਾ ਹੋ ਗਿਆ ਹੈ ।

ਸ੍ਰੀ ਜੀ. ਐਮ. ਸਾਦਕ ਜੰਮੂ ਤੇ ਕਸ਼ਮੀਰ ਦੇ ਲੋਕਾਂ ਦੀ ਕਿਸਮਤ ਬਨਾਉਣ ਵਾਲੀ ਇਕ ਮਹਾਨ ਆਤਮਾ ਸਨ । ਸ੍ਰੀ ਜੀ. ਐਮ. ਸਾਦਕ, ਸ਼ਕਤੀ, ਸਥਿਰਤਾ, ਧਰਮ ਨਿਰਪੱਖਤਾ ਅਤੇ ਤਰੱਕੀ ਦੇ ਇਕ ਥੰਮ ਸਨ । ਆਜ਼ਾਦੀ ਦੇ ਇਕ ਨਿਧੜਕ ਘੁਲਾਟੀਏ ਅਤੇ ਸਮੂਹ ਨੇਕ ਕੰਮਾਂ ਹਿਤ ਜੂਝਣ ਵਾਲੇ ਉਹ ਇਕ ਲਾ ਮਿਸਾਲ ਵਿਅਕਤੀ ਸਨ । ਸ੍ਰੀ ਸਾਦਕ ਸਭਿਆਚਾਰੀ ਤੇ ਗਿਆਨ ਭਰਪੂਰ ਸੂਝਵਾਨ ਵਿਅਕਤੀ ਸਨ । ਉਹਨਾਂ ਨੇ ਆਪਣੇ ਰਾਜ ਅਤੇ ਦੇਸ਼ ਦੀ ਮਹਾਨ ਸੁਘੜਤਾ, ਸਨੇਹ ਅਤੇ ਸੂਝ ਬੂਝ ਨਾਲ ਸੇਵਾ ਕੀਤੀ । ਉਹ ਇਕ ਲਾਇਕ ਸ਼ਾਸਕ ਸਨ ਅਤੇ ਉਨ੍ਹਾਂ ਨੂੰ ਆਧੁਨਿਕ ਕਸ਼ਮੀਰ ਦੇ ਪ੍ਰਸਿਧ ਉਸਰਈਆਂ ਵਿਚੋਂ ਇਕ ਵਿਸ਼ੇਸ਼ ਵਿਅਕਤੀ ਕਰਕੇ ਜਾਣਿਆ ਜਾਵੇਗਾ । ਆਪਣੇ ਸਾਰੇ ਜੀਵਨ ਵਿਚ, ਉਹਨਾਂ ਨੇ ਰਾਜ ਦੀ ਬੜੀ ਫਰਜ਼ ਅੰਜਾਮੀ ਦੀ ਭਾਵਨਾ ਨਾਲ ਸੇਵਾ ਕੀਤੀ । ਰਾਜ ਵਿਚ ਪ੍ਰਾਇਮਰੀ ਤੋਂ ਪੋਸਟ ਗਰੇਜੂਏਟ ਪੱਧਰ ਤਕ ਵਿਦਿਆ ਨੂੰ ਮੁਫਤ ਕਰਨ ਦਾ ਸਿਹਰਾ ਉਹਨਾਂ ਦੇ ਸਿਰ ਹੀ ਹੈ । ਉਨ੍ਹਾਂ ਨੇ ਕਸ਼ਮੀਰ ਦੇ ਲੋਕਾਂ ਨੂੰ ਬੜੇ ਸਿਦਕ ਅਤੇ ਸੱਚੀ ਲਗਨ ਨਾਲ ਫਿਰਕਾ-ਪ੍ਰਸਤੀ ਅਤੇ ਪਿਛਾਂਹ ਖਿਚੂ ਪ੍ਰਭਾਵਾਂ ਤੋਂ ਬਚਾਇਆ ।

ਸਾਲ 1947 ਵਿਚ ਪਾਕਿਸਤਾਨ ਦੀ ਵੰਗਾਰ ਦਾ ਮੁਕਾਬਲਾ ਕਰਨ ਲਈ ਉਨ੍ਹਾਂ ਨੇ ਲੋਕਾਂ ਦੀ ਵਲੰਟਰੀ ਫੋਰਸ ਦਾ ਸੰਗਠਨ ਕੀਤਾ । ਫਿਰ 1965 ਦੀ ਜੰਗ ਦੇ ਦਿਨਾਂ ਵਿਚ ਉਹਨਾਂ ਦਾ ਮਿਸਾਲੀ ਵਿਉਹਾਰ ਕਸ਼ਮੀਰੀ ਲੋਕਾਂ ਦੀ ਇੱਛਾ ਸ਼ਕਤੀ ਲਈ ਇਕ ਚਾਨਣ ਮੁਨਾਰਾ ਸੀ ।

ਉਨ੍ਹਾਂ ਦੀ ਮੌਤ ਨਾਲ, ਕੌਮ ਆਪਣੇ ਅਨਿਨ ਸੁਤੰਤਰਤਾ ਸੰਗਰਾਮੀਏ ਅਤੇ ਇਕ ਅਜਿਹੇ ਮਹਾਨ ਸਿਆਸੀ ਨੇਤਾ ਤੋਂ ਵਾਂਝੀ ਹੋ ਗਈ ਹੈ ਜਿਸ ਨੇ ਸਮਾਜ-ਵਾਦ, ਕੌਮੀ ਏਕਤਾ, ਲੋਕ ਰਾਜ ਅਤੇ ਧਰਮ ਨਿਰਪੱਖਤਾ ਦੇ ਆਦਰਸ਼ਾਂ ਨੂੰ ਆਪਣੇ ਜੀਵਨ ਦਾ ਪਰਮੁਖ ਨਿਸ਼ਾਨਾ ਬਣਾਇਆ ਹੋਇਆ ਹੈ ।

ਜਨਰਲ ਸ਼ਿਵਦੇਵ ਸਿੰਘ ਜੀ ਨਾਭਾ ਨੇ ਆਪਣੀ ਜ਼ਿੰਦਗੀ ਵਿਚ ਬੜੀਆਂ ਘਟਨਾਵਾਂ ਵੇਖੀਆਂ । ਉਨ੍ਹਾਂ ਨੂੰ ਜੇਲ੍ਹ ਯਾਤਰਾ ਵੀ ਕਰਨੀ ਪਈ ਔਰ ਨਾਭਾ ਸਟੇਟ ਦੇ ਪਰਧਾਨ ਮੰਤਰੀ ਵੀ ਰਹੇ । ਉਨ੍ਹਾਂ ਨੇ ਸਾਡੇ

[ਮੁੱਖ ਮੰਤਰੀ]

ਪੈਪਸੂ ਵਿਚ ਵੀ ਮੰਤਰੀ ਦੇ ਤੌਰ ਤੇ ਸਾਡਾ ਸਾਥ ਦਿਤਾ । ਜਨਰਲ ਸ਼ਿਵਦੇਵ ਸਿੰਘ ਪੰਜਾਬ ਦੇ ਇਕ ਉਘੇ ਲੋਕ ਸੇਵਕ ਸਨ । ਗਰੀਬਾਂ ਲਈ-ਦਿਲ ਵਿਚ ਦਰਦ ਰਖਣ ਵਾਲੇ ਮਹਾਨ ਸ਼ਖਸ ਸਨ । ਉਨ੍ਹਾਂ ਦੇ ਚਲਾਣੇ ਨਾਲ ਪੰਜਾਬ ਨੂੰ ਬਹੁਤ ਘਾਟਾ ਹੋਇਆ ਹੈ ।

ਸਰਦਾਰ ਜਸਵਿੰਦਰ ਸਿੰਘ ਬਰਾੜ (ਕੋਟ ਕਪੂਰਾ) : ਸਪੀਕਰ ਸਾਹਿਬ ਗੁਰੂ ਜਸਵੰਤ ਸਿੰਘ ਜੋ ਪੰਜਾਬ ਦੀ ਇਕ ਉਚੀ ਹਸਤੀ ਰਹੇ ਹਨ, ਇਨ੍ਹਾਂ ਨੇ ਸਾਡੀ ਵਿਧਾਨ ਸਭਾ ਨੂੰ ਸ਼ਸ਼ੋਭਤ ਕੀਤਾ । ਉਹ ਗੁਰੂ ਸਾਹਿਬਾਨ ਦੀ ਔਲਾਦ ਵਿਚੋਂ ਸਨ, ਇਨ੍ਹਾਂ ਨੇ ਪੰਜਾਬ ਨੂੰ ਉਹ ਰੂਪ ਰੇਖਾ ਦੇਣ ਦੀ ਕੋਸ਼ਿਸ਼ ਕੀਤੀ ਜੋ ਕਿ ਅੱਜ ਇਥੇ ਦਿਤੀ ਜਾ ਰਹੀ ਹੈ । ਗੁਰੂ ਸਾਹਿਬਾਨ ਦੀ ਕੁਰਬਾਨੀ ਔਰ ਉਨ੍ਹਾਂ ਦੀ ਔਲਾਦ ਦੀ ਕੁਰਬਾਨੀ ਪੰਜਾਬ ਦੇ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਵਿਚ ਲਿਖੀ ਜਾਣੀ ਚਾਹੀਦੀ ਹੈ । ਗੁਰੂ ਜਸਵੰਤ ਸਿੰਘ ਜੀ ਪੰਜਾਬ ਦੇ ਇਕ ਉਘੇ ਵਿਅਕਤੀ ਸਨ, ਚੰਗੇ ਸਿਆਸਤਦਾਨ ਅਤੇ ਧਰਮ ਨਾਲ ਪਿਆਰ ਕਰਨ ਵਾਲੇ ਸਨ । ਧਰਮ ਨਾਲ ਹੀ ਕਿਸੇ ਮੁਲਕ ਨੂੰ ਉੱਚਾ ਕੀਤਾ ਜਾ ਸਕਦਾ ਹੈ । ਇਨ੍ਹਾਂ ਦੇ ਅਕਾਲ ਚਲਾਣੇ ਨਾਲ ਜਿਥੇ ਸਿਆਸੀ ਮੈਦਾਨ ਵਿਚ ਸਾਨੂੰ ਬੜੀ ਖਾਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਉਥੇ ਧਾਰਮਕ ਸੰਸਥਾਨਾਂ ਨੂੰ ਇਨ੍ਹਾਂ ਦੇ ਵਿਛੋੜੇ ਨਾਲ ਬੜਾ ਧੱਕਾ ਲਗਿਆ ਹੈ ।

ਸਰਦਾਰ ਪਰਤਾਪ ਸਿੰਘ, ਇਕ ਬੜੇ ਉਘੇ ਸੋਸ਼ਲ ਵਰਕਰ ਸਨ । ਇਨ੍ਹਾਂ ਨੇ ਹਰੀਜਨ ਵੈਲਫੇਅਰ ਵਾਸਤੇ ਜੋ ਪੰਜਾਬ ਵਿਚ ਕੰਮ ਕੀਤਾ, ਮੇਰਾ ਖਿਆਲ ਹੈ ਕਿ, ਹਿਸਟਰੀ ਵਿਚ ਵਿਹੋ ਜਿਹੇ ਘਟ ਵਿਅਕਤੀ ਹੋਣਗੇ ਜਿਨ੍ਹਾਂ ਨੇ ਪੰਜਾਬ ਦੇ ਹਰੀਜਨ ਵੈਲਫੇਅਰ ਵਰਕ ਵਾਸਤੇ ਐਨਾ ਕੰਮ ਕੀਤਾ ਹੋਵੇਗਾ । ਇਹ ਸਾਡੇ ਰੋਪੜ ਤੋਂ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ । ਮੈਂਬਰ ਚੁਣੇ ਜਾਣ ਉਪਰੰਤ ਵੀ ਇਨ੍ਹਾਂ ਨੇ ਉਸੇ ਜੋਸ਼ ਨਾਲ ਹਰੀਜਨ ਵੈਲਫੇਅਰ ਦਾ ਕੰਮ ਕੀਤਾ ਜਿਸ ਤਰ੍ਹਾਂ ਕਿ ਪਹਿਲਾਂ ਕਰਦੇ ਸਨ । ਇਨ੍ਹਾਂ ਦੇ ਅਕਾਲ ਚਲਾਣੇ ਨਾਲ ਜਿਹੜਾ ਸਮਾਜ ਨੂੰ ਧੱਕਾ ਲਗਿਆ ਹੈ ਉਸ ਦੀ ਪੂਰਤੀ ਕਰਨਾ ਪੰਜਾਬ ਦੇ ਲੋਕਾਂ ਵਾਸਤੇ ਬੜੀ ਔਖੀ ਗੱਲ ਹੈ ।

ਸ੍ਰੀ ਗੋਰਖ ਨਾਥ ਜੀ, ਪੁਰਾਣੇ ਬਜ਼ੁਰਗ ਸਨ । ਮੈਨੂੰ ਉਨ੍ਹਾਂ ਨਾਲ ਮਿਲ ਕੇ ਕੰਮ ਕਰਨ ਦਾ ਤਾਂ ਮੌਕਾ ਨਹੀਂ ਮਿਲਿਆ ਪਰ ਜੋ ਕਾਗਜ਼ਾਂ ਪੱਤਰਾਂ ਤੋਂ ਮੈਨੂੰ ਪਤਾ ਲਗਿਆ ਹੈ, ਉਸ ਦੇ ਅਧਾਰ ਤੇ ਮੈਂ ਕਹਿ ਸਕਦਾ ਹਾਂ ਕਿ ਇਹ ਇਕ ਬੜੇ ਨੇਕ ਮਨੁਖ ਸਨ ਅਤੇ ਜਿਹੜਾ ਸੋਸ਼ਲ ਵਰਕ ਇਨ੍ਹਾਂ ਨੇ ਪੰਜਾਬ ਵਾਸਤੇ ਕੀਤਾ ਉਹਦੀ ਜਿੰਨੀ ਸ਼ਲਾਘਾ ਕੀਤੀ ਜਾਵੇ ਉਤਨੀ ਥੋੜੀ ਹੈ । ਇਹੋ ਜਿਹੇ ਵਿਅਕਤੀ ਘਟ ਹੀ ਦੇਖਣ ਵਿਚ ਆਉਂਦੇ ਹਨ । ਇਨ੍ਹਾਂ ਨੇ ਸਿਵਲ ਨਾ-ਫਰਮਾਨੀ ਦੀ ਲਹਿਰ ਤੋਂ ਲੈ ਕੇ ਅਖੀਰ ਦਮ ਤਕ ਮੁਲਕ ਦੀ ਸੇਵਾ ਵਿਚ ਆਪਣਾ ਹਿੱਸਾ ਪਾਇਆ । ਇਨ੍ਹਾਂ ਦਾ ਆਦਰ, ਸਤਿਕਾਰ ਅਤੇ ਮਾਨ ਇਸ ਤਰ੍ਹਾਂ ਕਰਨਾ ਚਾਹੀਦਾ ਹੈ ਜਿਸ ਤਰ੍ਹਾਂ ਕਿ ਕੰਮ ਦੇ ਹੋਰ ਸ਼ਹੀਦਾਂ ਦਾ ਕੀਤਾ ਜ ਦਾ ਹੈ ।

ਬਾਬੂ ਬਚਨ ਸਿੰਘ, ਇਕ ਮਹਾਨ ਨੇਤਾ ਸਨ ਔਰ ਮੇਰੇ ਜਾਨਣ ਵਾਲੇ ਸਨ । ਉਨ੍ਹਾਂ ਨਾਲ ਮੇਰਾ ਉਠਣ ਬਹਿਣ ਸੀ । ਇਹ ਇਕ ਬੜੇ ਉਘੇ ਸੋਸ਼ਲ ਵਰਕਰ ਸਨ । ਇਨ੍ਹਾਂ ਦੀ ਪਰੇਰਨਾ ਨਾਲ ਹੀ ਜੋ ਮੈਂ ਅੱਜ ਬਣ ਸਕਿਆ ਹਾਂ, ਬਣਿਆਂ ਹਾਂ । ਇਹੋ ਜਿਹੇ ਬਜ਼ੁਰਗ ਦੀ ਪੰਜਾਬ ਲਈ ਅਤੇ ਸਾਰੇ ਹਿੰਦੁਸਤਾਨ ਲਈ ਜੋ ਦੇਣ ਹੈ, ਉਹਦੀ ਜਿੰਨੀ ਵੀ ਸ਼ਲਾਘਾ ਕਰੀਏ ਥੋੜੀ ਹੈ । ਮੈਂ ਸਾਰੀ ਉਮਰ ਇਨ੍ਹਾਂ ਦੀ ਜੋ ਦੇਣ ਹੈ, ਉਹ ਨਹੀਂ ਦੇ ਸਕਦਾ । ਇਨ੍ਹਾਂ ਦਾ ਸੋਸ਼ਲ ਵਰਕ ਖਾਸ ਕਰ ਕੇ ਪੰਜਾਬ ਵਾਸਤੇ, ਜ਼ਿਲ੍ਹਾ ਲੁਧਿਆਣਾ ਤੋਂ ਐਮ. ਐਲ. ਏ. ਚੁਣੇ ਜਾਣ ਤੋਂ ਬਾਅਦ ਜੋ ਹੈ, ਉਸ ਦੀ ਜਿੰਨੀ ਪਰਸ਼ੰਸਾ ਕੀਤੀ ਜਾਵੇ, ਉਹ ਥੋੜ੍ਹੀ ਹੈ । ਇਨ੍ਹਾਂ ਦੇ ਅਕਾਲ ਚਲਾਣੇ ਤੋਂ ਬਾਅਦ ਸਾਰੇ ਪੰਜਾਬ ਨੂੰ ਅਤੇ ਇਥੇ ਦੀਆਂ ਸੋਸ਼ਲ ਸੰਸਥਾਵਾਂ ਨੂੰ ਜੋ ਧਕਾ ਲਗਿਆ ਹੈ, ਉਹ ਪੂਰਾ ਕਰਨਾ ਬੜਾ ਮੁਸ਼ਕਲ ਜਾਪਦਾ ਹੈ ।

ਸ੍ਰੀ ਮੋਹਨ ਲਾਲ, ਪੁਰਾਣੇ ਬਜ਼ੁਰਗ ਸਨ । ਇਨ੍ਹਾਂ ਨੇ ਲਾਲਾ ਲਾਜਪਤ ਰਾਏ, ਜੋ ਕਿ ਹਿੰਦੁਸਤਾਨ ਦੇ ਬਾਜ਼ ਕਹੇ ਜਾਂਦੇ ਸਨ, ਤੋਂ ਪਰੇਰਨਾ ਲਈ ਅਤੇ ਦੇਸ਼ ਦੀ ਸੇਵਾ ਕੀਤੀ । ਉਨ੍ਹਾਂ ਦੇ ਮਨ ਵਿਚ ਦੇਸ਼ ਲਈ ਅਤੇ ਹਰ ਤਰ੍ਹਾਂ ਦੇ ਬੰਦਿਆਂ ਲਈ ਬੇ-ਹਦ ਪਿਆਰ ਸੀ । ਇਕ ਵਾਰੀ ਢੁਡੀਕੇ ਦੇ ਮੇਲੇ ਵਿਚ ਮੇਰਾ ਵੀ ਉਨ੍ਹਾਂ ਨਾਲ ਮੇਲ ਹੋਇਆ ਸੀ । ਉਨ੍ਹਾਂ ਵਿਚ ਸਚ ਮੁਚ ਅਥਾਹ ਪਿਆਰ ਸੀ । ਇਹ ਇਕ ਉਘੀ ਹਸਤੀ ਸਨ ਅਤੇ ਪੰਜਾਬ ਨੂੰ ਉਚੀ ਕਲਾ ਵਿਚ ਲੈ ਜਾਣ ਵਾਲੇ ਸਨ । ਇਨ੍ਹਾਂ ਦੇ ਵਿਛੋੜੇ ਨਾਲ ਜੋ ਇਥੇ ਘਾਟਾ ਪਿਆ ਹੈ ਉਹ ਮੈਂ ਮਹਿਸੂਸ ਕਰਦਾ ਹਾਂ ਕਿ ਪੂਰਾ ਕਰਨਾ ਔਖੀ ਗੱਲ ਹੈ। ਇਨ੍ਹਾਂ ਨੇ ਫਿਰਕਾਪ੍ਰਤੀ ਨੂੰ ਦੂਰ ਕਰਨ ਵਿਚ ਆਪਣਾ ਕਾਫੀ ਹਿੱਸਾ ਪਾਇਆ । ਇਹ ਉਹ ਸ਼ਖਸ ਸਨ ਜਿਨ੍ਹਾਂ ਨੂੰ ਸ਼ਖਸ ਨਾਲ ਪਿਆਰ ਸੀ ਭਾਵੇਂ ਉਹ ਹਿੰਦੂ ਹੋਵੇ, ਭਾਵੇਂ ਮੁਸਲਮਾਨ ਹੋਵੇ ਅਤੇ ਭਾਵੇਂ ਇਸਾਈ ਹੋਵੇ । ਹਰ ਮਨੁਖ ਲਈ ਇਨ੍ਹਾਂ ਦੇ ਦਿਲ ਵਿਚ ਅਥਾਹ ਅਤੇ ਸੱਚਾ ਤੇ ਸੁਚਾ ਪਿਆਰ ਸੀ । ਇਹ ਲਾਲਾ ਲਾਜਪਤ ਰਾਏ ਦੀ ਸੈਕੂਲਰਿਜ਼ਮ ਦੀ ਪਾਲਿਸੀ ਵਿਚ ਵਿਸ਼ਵਾਸ਼ ਰਖਦੇ ਸਨ । ਇਹੋ ਜਿਹੇ ਵਿਅਕਤੀ ਦੇ ਅਕਾਲ ਚਲਾਣਾ ਕਰ ਜਾਣ ਨਾਲ ਜੋ ਸਾਨੂੰ ਘਾਟਾ ਪਿਆ ਹੈ, ਉਹ ਮੁਸ਼ਕਲ ਨਾਲ ਹੀ ਪੂਰਾ ਹੋ ਸਕੇਗਾ ।

ਸ੍ਰੀ ਦੁਰਗਾ ਦਾਸ ਭਾਟੀਆ, ਅੰਮ੍ਰਿਤਸਰ ਦੇ ਇਕ ਬੜੇ ਵਪਾਰੀ ਸਨ ਅਤੇ ਸੋਸ਼ਲ ਵਰਕਰ ਸਨ । ਇਨ੍ਹਾਂ ਨਾਲ ਮਿਲ ਕੇ ਕੰਮ ਕਰਨ ਦਾ ਮੈਨੂੰ ਮੌਕਾ ਨਹੀਂ ਮਿਲਿਆ । ਇਨ੍ਹਾਂ ਨੇ ਪੰਜਾਬ ਦੇ ਵਾਤਾਵਰਨ ਨੂੰ ਠੀਕ ਰਖਣ ਵਿਚ ਜੋ ਆਪਣਾ ਹਿੱਸਾ ਪਾਇਆ ਹੈ, ਉਸ ਦੀ ਜਿੰਨੀ ਵੀ ਤਾਰੀਫ ਕੀਤੀ ਜਾਵੇ ਉਹ ਥੋੜ੍ਹੀ ਹੈ । ਇਨ੍ਹਾਂ ਦੀ ਸੋਸ਼ਲ ਵਰਕ ਦੇ ਸਿਲਸਿਲੇ ਵਿਚ ਪੰਜਾਬ ਨੂੰ ਜੋ ਦੇਣ ਹੈ, ਉਸ ਨੂੰ ਸਾਨੂੰ ਭੁਲਣਾ ਨਹੀਂ ਚਾਹੀਦਾ । ਸਾਨੂੰ ਦੁਆ ਕਰਨੀ ਚਾਹੀਦੀ ਹੈ ਕਿ ਅਕਾਲ ਪੁਰਖ ਇਨ੍ਹਾਂ ਮਹਾਂ ਪੁਰਸ਼ਾਂ ਨੂੰ ਸੁਵਰਗ ਵਿਚ ਥਾਂ ਦੇਵੇ ਅਤੇ ਇਨ੍ਹਾਂ ਦੀ ਰੂਹ ਨੂੰ ਸ਼ਾਂਤੀ ਬਖਸ਼ੇ ।

ਰਾਜਾ ਸੁਰਿੰਦਰਾ ਸਿੰਘ ਆਫ ਨਾਲਾਗੜ੍ਹ ਵਰਗੇ ਬਹੁਤ ਥੋੜ੍ਹੇ ਜਿਹੇ ਬੰਦੇ ਹੀ ਹੁੰਦੇ ਹਨ ਜਿਹੜੇ ਰਾਜਿਆਂ ਮਹਾਰਾਜਿਆਂ ਦੇ ਖਾਨਦਾਨ ਵਿਚ ਹੁੰਦੇ ਹੋਏ ਵੀ ਪੜ੍ਹਾਈ ਵਿਚ ਹਿੱਸਾ ਲੈਣ । ਉਸ ਵੇਲੇ ਇਹ ਪੁਲੀਟੀਕਲ ਕਿਤਾਬਾਂ ਪੜ੍ਹਿਆ ਕਰਦੇ ਸਨ । ਜਿਥੇ ਇਨ੍ਹਾਂ ਨੇ ਪੈਪਸੂ ਵਿਚ ਬੜਾ ਉਚਾ ਅਹੁਦਾ ਪਰਾਪਤ ਕੀਤਾ, ਉਥੇ ਰਾਜਿਆਂ ਮਹਾਰਾਜਿਆਂ ਦੇ ਖਾਨਦਾਨ ਵਿਚ ਹੁੰਦੇ ਹੋਏ ਵੀ, ਇਨ੍ਹਾਂ ਦੇ ਦਿਲ ਵਿਚ ਕਦੇ ਗਰੂਰ ਨਹੀਂ ਆਇਆ ਸੀ । ਇਹੋ ਜਿਹੇ ਉਚੇ ਖਾਨਦਾਨਾਂ ਵਿਚੋਂ ਘਟ ਹੀ ਅਜਿਹੇ ਬੰਦੇ ਹੁੰਦੇ ਹਨ ਜਿਨ੍ਹਾਂ ਨੂੰ ਕੋਈ ਫਖਰ, ਮਾਨ ਜਾਂ ਗਰੂਰ ਨਾ ਹੋਵੇ । ਇਨ੍ਹਾਂ ਦਾ ਆਮ ਲੋਕਾਂ ਨਾਲ ਵਤੀਰਾ ਬਹੁਤ ਅੱਛਾ ਸੀ । ਇਹ ਜਿਹੜਾ ਸੋਸ਼ਲਿਜ਼ਮ ਦਾ ਟੀਚਾ ਸਾਡੇ ਮੁਲਕ ਨੇ ਮਿਥਿਆ ਹੈ, ਇਹ ਇਹੋ ਜਿਹੇ ਰਾਜਿਆਂ ਮਹਾਰਾਜਿਆਂ ਦੇ ਲੋਕ ਸੇਵਾ ਕਰਨ ਨਾਲ ਹੀ ਪੂਰਾ ਹੋ ਸਕਦਾ ਹੈ । ਇਹ ਖੇਤੀ ਬਾੜੀ ਦੇ ਮਾਹਰ ਸਨ । ਵਡੇ ਵਡੇ ਇੰਸਪੈਕਟਰ, ਔਰ ਐਗਰੀਕਲਚਰ ਦੇ ਡਾਇਰੈਕਟਰ ਇਨ੍ਹਾਂ ਤੋਂ ਸਲਾਹ ਮਸ਼ਵਰਾ ਲੈਣ ਆਉਂਦੇ ਸਨ । ਜਿਸ ਤਰ੍ਹਾਂ ਇਨ੍ਹਾਂ ਦੇ ਜਾਣ ਨਾਲ ਪਾਲਿਟਿਕਸ ਨੂੰ, ਸੋਸ਼ਲ ਵੈਲਫੇਅਰ ਨੂੰ ਘਾਟਾ ਪਿਆ ਹੈ ਉਸੇ ਤਰ੍ਹਾਂ ਐਗਰੀਕਲਚਰ ਔਰ ਫੁਲ ਕਿਆਰੀਆਂ ਵੀ ਇਨ੍ਹਾਂ ਤੋਂ ਬਗੈਰ ਸੁੰਨੀਆਂ ਸੁੰਨੀਆਂ ਜਾਪਦੀਆਂ ਹਨ ।

ਸਪੀਕਰ ਸਾਹਿਬ, ਮੈਂ ਮਹਿਸੂਸ ਕਰਦਾ ਹਾਂ ਕਿ ਇਹੋ ਜਿਹੇ ਸਿਆਣੇ ਵਿਅਕਤੀਆਂ ਦੇ ਵਿਛੜ ਜਾਣ ਨਾਲ ਸਾਨੂੰ ਜੋ ਘਾਟਾ ਪਿਆ ਹੈ, ਇਹ ਪੂਰਾ ਨਹੀਂ ਹੋ ਸਕਦਾ ।

ਸ੍ਰੀ ਬੀ. ਪੀ ਚਾਲੀਹਾ, ਆਸਾਮ ਦੇ ਚੀਫ ਮਨਿਸਟਰ ਰਹੇ ਹਨ । ਮੈਨੂੰ ਇਨ੍ਹਾਂ ਨੂੰ ਵੇਖਣ ਦਾ ਮੌਕਾ ਤਾਂ ਨਹੀਂ ਮਿਲਿਆ ਪਰ ਜੋ ਕੁਝ ਮੈਂ ਇਨ੍ਹਾਂ ਬਾਰੇ ਅਖਬਾਰਾਂ ਰਾਹੀਂ ਪੜ੍ਹਿਆ ਹੈ ਜਾਂ ਸੁਣਿਆ ਹੈ, ਉਸ ਤੋਂ ਪਤਾ ਲਗਦਾ ਹੈ ਕਿ ਆਪ ਨੇ ਸਾਡੀ ਆਜ਼ਾਦੀ ਦੇ ਲਈ ਬੜਾ ਹਿੱਸਾ ਪਾਇਆ । ਉਨ੍ਹਾਂ ਆਸਾਮ ਦੇ ਹਰੀਜਨਾਂ ਦੇ ਵਾਸਤੇ ਬਹੁਤ ਕੁਝ ਕੀਤਾ । ਉਨ੍ਹਾਂ ਨੇ ਬੜੇ ਬੜੇ ਕੰਮ ਕੀਤੇ । ਅਸੀਂ ਉਨ੍ਹਾਂ

[ਸਰਦਾਰ ਜਸਵਿੰਦਰ ਸਿੰਘ ਬਰਾੜ]

ਦੀ ਕੁਰਬਾਨੀ ਨੂੰ ਭੁੱਲ ਨਹੀਂ ਸਕਦੇ। ਉਨ੍ਹਾਂ ਦੀ ਸਾਰੇ ਹਿੰਦੁਸਤਾਨ ਨੂੰ ਬੜੀ ਵਡੀ ਦੇਣ ਹੈ। ਆਸਾਮ ਦੇ ਲੋਕਾਂ ਦੇ ਜੋ ਉਨ੍ਹਾਂ ਨੇ ਅੱਖਾਂ ਦੇ ਹੰਝੂ ਪੂੰਝੇ, ਇਹ ਕੋਈ ਭੁੱਲਣ ਵਾਲੀ ਗੱਲ ਨਹੀਂ ਹੈ। ਮੈਂ ਅਕਾਲ ਪੁਰਖ ਅੱਗੇ ਅਰਦਾਸ ਕਰਦਾ ਹਾਂ ਕਿ ਸਾਡੇ ਹੁਣ ਵਾਲੇ ਅਤੇ ਆਉਣ ਵਾਲੇ ਜਿਹੜੇ ਲੀਡਰ ਹਨ, ਪ੍ਰਮਾਤਮਾ ਉਨ੍ਹਾਂ ਨੂੰ ਵੀ ਇਨ੍ਹਾਂ ਹੀ ਰਾਹਾਂ ਤੇ ਚਲਾਉਣ ਦਾ ਬਲ ਬਖਸ਼ੇ। ਇਸ ਵਿਅਕਤੀ ਨੇ ਹਿੰਦੁਸਤਾਨ ਦਾ ਨਾਮ ਬੜਾ ਉਚਾ ਕੀਤਾ ਹੈ।

ਸ੍ਰੀ ਡੀ. ਆਰ. ਗੋਡਗਿੱਲ, ਪਲਾਨਿੰਗ ਕਮਿਸ਼ਨ ਦੇ ਡਿਪਟੀ ਚੇਅਰਮੈਨ ਰਹੇ ਹਨ। ਆਪ ਹਿੰਦੁਸਤਾਨ ਦੇ ਇਕ ਬੜੇ ਉਘੇ ਵਿਅਕਤੀ ਸਨ। ਜਿਨ੍ਹਾਂ ਨੇ ਹਿੰਦੁਸਤਾਨ ਦੀ ਹਾਲਤ ਸੁਧਾਰਨ ਵਾਸਤੇ ਬੜੇ ਯਤਨ ਕੀਤੇ। ਉਨ੍ਹਾਂ ਨੇ ਜੋ ਕੰਮ ਕੀਤੇ ਹਨ ਮੇਰਾ ਖਿਆਲ ਹੈ ਕਿ ਇਸ ਦੀ ਮਿਸਾਲ ਬੜੀ ਘੱਟ ਮਿਲਦੀ ਹੈ। ਆਪ ਨੇ ਪਲੈਨਿੰਗ ਕਮਿਸ਼ਨ ਵਿਚ ਰਹਿ ਕੇ ਹਿੰਦੁਸਤਾਨ ਦੀ ਬੜੀ ਸੇਵਾ ਕੀਤੀ ਹੈ। ਸਾਡੇ ਮੁਲਕ ਨੂੰ ਸੋਸ਼ਲਿਜ਼ਮ ਦੀਆਂ ਲੀਹਾਂ ਤੇ ਚਲਾਉਣ ਲਈ ਬੜੇ ਯਤਨ ਕੀਤੇ। ਮੈਂ ਮਹਿਸੂਸ ਕਰਦਾ ਹਾਂ ਕਿ ਇਹੋ ਜਿਹੇ ਵਿਅਕਤੀ ਦੇ ਵਿਛੜ ਜਾਣ ਨਾਲ ਖਾਸ ਕਰ ਕੇ ਟੀਚਰ ਵਰਗ ਨੂੰ ਬਹੁਤ ਘਾਟਾ ਪਿਆ ਹੈ ਜੋ ਕਿ ਪੂਰਾ ਨਹੀਂ ਹੋ ਸਕਦਾ। ਮੈਂ ਪ੍ਰਮਾਤਮਾ ਅਗੇ ਅਰਦਾਸ ਕਰਦਾ ਹਾਂ ਕਿ ਅਕਾਲ ਪੁਰਖ ਉਨ੍ਹਾਂ ਦੀ ਰੂਹ ਨੂੰ ਸ਼ਾਂਤੀ ਬਖਸ਼ੇ ਅਤੇ ਉਨ੍ਹਾਂ ਦੇ ਪਰੀਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

ਸ੍ਰੀ ਪਰਕਾਸ਼ਾ ਜੀ ਮਹਾਰਾਸ਼ਟਰ ਦੇ ਗਵਰਨਰ ਰਹੇ ਹਨ। ਆਪ ਬੜੇ ਮਹਾਨ ਹਸਤੀ ਸਨ। ਇਨ੍ਹਾਂ ਨੇ ਇੰਡੀਪੈਂਡੈਂਸ ਦੀ ਮੂਵਮੈਂਟ ਵਿਚ ਬੜਾ ਵੱਧ ਚੜ੍ਹ ਕੇ ਹਿੱਸਾ ਲਿਆ। ਆਪ ਬੜੀ ਸੂਝ ਬੂਝ ਵਾਲੇ ਅਤੇ ਸਿਆਣੇ ਵਿਅਕਤੀ ਸਨ। ਇਹੋ ਜਿਹੇ ਇਨਸਾਨ ਘੱਟ ਹੀ ਮਿਲਦੇ ਹਨ। ਮੇਰਾ ਉਨ੍ਹਾਂ ਨਾਲ ਕੋਈ ਜ਼ਾਤੀ ਸਬੰਧ ਤਾਂ ਨਹੀਂ ਸੀ ਅਤੇ ਨਾ ਹੀ ਮੈਂ ਇਸ ਬਜ਼ੁਰਗ ਦੇ ਦਰਸ਼ਨ ਹੀ ਕੀਤੇ ਹਨ ਪਰ ਮੈਂ ਇਨ੍ਹਾਂ ਦੀ ਬਾਬਤ ਸੁਣਿਆ ਹੈ ਕਿ ਆਪ ਬੜੀ ਸ਼ਖਸੀਅਤ ਦੇ ਮਾਲਕ ਸਨ। ਆਪ ਦੀ ਹਿੰਦੁਸਤਾਨ ਨੂੰ ਬੜੀ ਵੱਡੀ ਦੇਣ ਹੈ। ਆਪ ਨੇ ਹਿੰਦੁਸਤਾਨ ਨੂੰ ਉਪਰ ਉਠਾਉਣ ਵਾਸਤੇ ਬੜਾ ਕੁਝ ਕੀਤਾ। ਹਿੰਦੁਸਤਾਨ ਨੂੰ ਉਸਾਰਨ ਵਾਸਤੇ, ਉਪਰ ਚੁਕਣ ਵਾਸਤੇ ਉਨ੍ਹਾਂ ਦੀ ਜੋ ਭਾਵਨਾ ਸੀ, ਉਸ ਨੂੰ ਅਸੀਂ ਭੁਲ ਨਹੀਂ ਸਕਦੇ। ਮੈਂ ਸਮਝਦਾ ਹਾਂ ਕਿ ਜਦ ਤਕ ਅਸੀਂ ਉਨ੍ਹਾਂ ਦੇ ਕਾਰਨਾਮਿਆਂ ਨੂੰ ਫਾਲੋ ਨਹੀਂ ਕਰਦੇ ਉਦੋਂ ਤਕ ਇਹ ਸ਼ਰਧਾਂਜਲੀ ਸਹੀ ਮਾਹਨਿਆਂ ਵਿਚ ਸ਼ਰਧਾਂਜਲੀ ਨਹੀਂ ਹੋਵੇਗੀ।

ਸ੍ਰੀ ਬਿਨੋਦਾ ਨੰਦ ਝਾਅ, ਐਮ. ਪੀ. ਸਨ। ਆਪ ਹਿਦੁਸਤਾਨ ਦੇ ਇਕ ਬੜੇ ਉਘੇ ਵਿਅਕਤੀ ਸਨ। ਆਪ ਚੀਫ਼ ਮਨਿਸਟਰੀ ਦੇ ਅਹੁਦੇ ਤੇ ਵੀ ਰਹੇ ਹਨ। ਆਪ ਨੇ ਚੀਫ਼ ਮਨਿਸਟਰੀ ਦੇ ਅਹੁਦੇ ਤੇ ਹੁੰਦੇ ਹੋਏ ਆਪਣੇ ਸੂਬੇ ਲਈ, ਹਿੰਦੁਸਤਾਨ ਲਈ, ਬੈਕਵਰਡ ਜਾਤੀਆਂ ਵਾਸਤੇ ਜੋ ਕੰਮ ਆਪਣੀ ਸਿਆਣਪ ਨਾਲ ਅਤੇ ਦਲੇਰੀ ਨਾਲ ਕੀਤੇ ਹਨ ਮੇਰਾ ਖਿਆਲ ਹੈ ਕਿ ਇਹ ਹਿਦੁਸਤਾਨ ਦੀ ਹਿਸਟਰੀ ਵਿਚ ਸੁਨਹਿਰੀ ਅੱਖਰਾਂ ਵਿਚ ਲਿਖਣ ਵਾਲੀ ਗੱਲ ਹੈ। ਆਪ ਨੇ ਗਰੀਬਾਂ ਵਾਸ਼ਤੇ ਜੋ ਕੰਮ ਕੀਤੇ ਹਨ ਅਤੇ ਹਿੰਦੁਸਤਾਨ ਦੀ ਸੇਵਾ ਕੀਤੀ ਹੈ, ਉਹ ਅਸੀਂ ਭੁੱਲ ਨਹੀਂ ਸਕਦੇ। ਉਨ੍ਹਾਂ ਨੇ ਇਸਤਰੀ ਜ਼ਾਤੀ ਨੂੰ ਜੋ ਤਕੜਾ ਕੀਤਾ ਹੈ, ਮੇਰਾ ਖਿਆਲ ਹੈ ਕਿ ਇਹੋ ਜਿਹੇ ਬੜੇ ਘੱਟ ਵਿਅਕਤੀ ਹੋਣਗੇ। ਉਨ੍ਹਾਂ ਦੇ ਵਿਛੜ ਜਾਣ ਨਾਲ ਸਾਨੂੰ ਜੋ ਘਾਟਾ ਪਿਆ ਹੈ ਇਹ ਘਾਟਾ ਸਾਨੂੰ ਪੂਰਾ ਕਰਨਾ ਬੜਾ ਔਖਾ ਹੋਵੇਗਾ।

ਸ੍ਰੀ ਜੀ. ਐਮ. ਸਾਦਿਕ, ਜੰਮੂ ਅਤੇ ਕਸ਼ਮੀਰ ਦੇ ਚੀਫ਼ ਮਨਿਸਟਰ ਸਨ। ਹੁਣ ਦੇ ਨੌਜਵਾਨਾਂ ਵਿਚੋਂ, ਮੇਰੇ ਸਾਥੀਆਂ ਵਿਚੋਂ, ਲੈਜਿਸਲੇਟਰਾਂ ਵਿਚੋਂ ਅਤੇ ਜਨਤਾ ਵਿਚੋਂ ਕੋਈ ਇਹੋ ਜਿਹਾ ਵਿਅਕਤੀ ਨਹੀਂ ਹੋਵੇਗਾ ਜਿਸ ਨੂੰ ਉਨ੍ਹਾਂ ਦੀ ਸ਼ਖਸੀਅਤ ਬਾਰੇ ਕੋਈ ਗਿਆਨ ਨਾ ਹੋਵੇ। ਮੈਂ ਉਨ੍ਹੀਂ ਦਿਨੀ ਕਾਲਿਜ

ਵਿਚ ਸਟੂਡੈਂਟਸ ਫੈਡਰੇਸ਼ਨ ਦਾ ਮੈਂਬਰ ਸੀ। ਆਪ ਕਮਿਊਨਿਸਟਾਂ ਦੇ ਆਗੂ ਸਨ । ਮੇਰਾ ਖਿਆਲ ਹੈ ਕਿ ਉਨ੍ਹਾਂ ਨੇ ਸ਼ਾਇਦ ਇਸ ਪਾਰਟੀ ਵਿਚ ਰਹਿਣਾ ਪਸੰਦ ਨਹੀਂ ਕੀਤਾ ਅਤੇ ਆਪ ਨੇ ਕਾਂਗਰਸ ਜੁਆਇਨ ਕੀਤੀ। ਆਪ ਨੇ ਕਸ਼ਮੀਰ ਨੂੰ ਬੜੀ ਸਥਿਰਤਾ ਅਤੇ ਤਕੜਾਈ ਦਿਤੀ ਅਤੇ ਮਜ਼ਹਬੀ ਜਨੂੰਨ ਨੂੰ ਖਤਮ ਕੀਤਾ। ਉਨ੍ਹਾਂ ਨੇ ਗਰੀਬੀ ਦੂਰ ਕਰ ਕੇ ਕਸ਼ਮੀਰ ਨੂੰ ਤਕੜਾ ਕਰਨ ਦਾ ਯਤਨ ਕੀਤਾ। ਉਨ੍ਹਾਂ ਨੇ ਬੜੇ ਬੜੇ ਕੰਮ ਕੀਤੇ ਜਿਨ੍ਹਾਂ ਦੀ ਮਿਸਾਲ ਘੱਟ ਹੀ ਮਿਲਦੀ ਹੈ। ਇਨ੍ਹਾਂ ਸਾਰੇ ਕੰਮਾਂ ਦਾ ਸਿਹਰਾ ਸ੍ਰੀ ਸਾਦਿਕ ਨੂੰ ਹੀ ਜਾਂਦਾ ਹੈ। ਉਨ੍ਹਾਂ ਨੇ ਗਰੀਬੀ ਨੂੰ ਦੂਰ ਕਰਨ ਅਤੇ ਸੋਸ਼ਲਿਜ਼ਮ ਦੀ ਪੂਰਤੀ ਵਾਸਤੇ ਅਤੇ ਆਜ਼ਾਦੀ ਦੀ ਖ਼ਾਤਰ ਜੋ ਕੰਮ ਕੀਤੇ ਹਨ, ਮੇਰਾ ਖਿਆਲ ਹੈ ਕਿ ਇਹੋ ਜਿਹੇ ਘੱਟ ਹੀ ਇਨਸਾਨ ਹੋਣਗੇ। ਮੈਂ ਮਹਿਸੂਸ ਕਰਦਾ ਹਾਂ ਕਿ ਇਹੋ ਜਿਹਾ ਨੌਜਵਾਨ ਜਿਸ ਨੇ ਕਸ਼ਮੀਰ ਨੂੰ ਸੋਸ਼ਲਿਜ਼ਮ ਦੇ ਰਾਹ ਤੇ ਲਿਆ ਕੇ ਤਕੜਾ ਕੀਤਾ ਹੈ ਅਤੇ ਜੋ ਉਨ੍ਹਾਂ ਨੇ ਹੋਰ ਕੰਮ ਕੀਤੇ ਹਨ, ਉਨਾਂ ਦੇ ਵਿਛੜ ਜਾਣ ਨਾਲ ਜੋ ਘਾਟਾ ਪਿਆ ਹੈ, ਉਹ ਪੂਰਾ ਕਰਨਾ ਮੁਸ਼ਕਲ ਹੈ।

ਜਨਰਲ ਸ਼ਿਵਦੇਵ ਸਿੰਘ ਦੇ ਬਾਰੇ ਮੈਂ ਅਰਜ਼ ਕਰਦਾ ਹਾਂ ਕਿ ਮੈਂ ਫ਼ਰੀਦਕੋਟ ਕਾਲਜ ਵਿਚ ਉਦੋਂ ਐਨ ਸੀ. ਸੀ ਦਾ ਸੀਨੀਅਰ ਹੈਡ ਸੀ ਅਤੇ ਆਪ ਪੈਪਸੂ ਦੇ ਵਜ਼ੀਰ ਸਨ। ਮੇਰਾ ਇਸ ਤੋਂ ਵੱਧ ਉਨ੍ਹਾਂ ਨਾਲ ਸਬੰਧ ਨਹੀਂ ਸੀ। ਉਹ ਮੈਨੂੰ ਵੇਖ ਕੇ ਮੈਨੂੰ ਥਾਪੜਾ ਦੇ ਕੇ ਕਹਿਣ ਲੱਗੇ ਕਿ ਜੇ ਇਹੋ ਜਿਹੇ ਜਵਾਨ ਐਨ. ਸੀ. ਸੀ. ਵਿਚ ਹੋਣ ਤਾਂ ਫਿਰ ਹਿੰਦੁਸਤਾਨ ਕਦੇ ਵੀ ਫੇਲ੍ਹ ਨਹੀਂ ਹੋ ਸਕਦਾ। ਆਪ ਰਾਜਾ ਨਾਭਾ ਦੇ ਵੇਲੇ ਉੱਚੀ ਪਦਵੀ ਤੇ ਸਨ। ਉਨ੍ਹਾਂ ਦੀ ਪੰਜਾਬ ਨੂੰ ਬਹੁਤ ਦੇਣ ਹੈ। ਪੈਪਸੂ ਵੇਲੇ ਮਨਿਸਟਰ ਦੇ ਅਹੁਦੇ ਤੇ ਹੁੰਦੇ ਹੋਏ ਨੌਜਵਾਨਾਂ ਨੂੰ ਪਰੇਰਨਾ ਦਿੰਦੇ ਹੁੰਦੇ ਸਨ ਕਿ ਸਾਡੇ ਬੱਚਿਆਂ, ਬੱਚੀਆਂ ਤੇ ਨੌਜਵਾਨਾਂ ਨੂੰ ਤਕੜਿਆਂ ਹੋਣਾ ਚਾਹੀਦਾ ਹੈ। ਉਨ੍ਹਾਂ ਨੇ ਜੋ ਮੈਨੂੰ ਥਾਪੜਾ ਦਿਤਾ ਸੀ, ਮੈਂ ਸਮਝਦਾ ਹਾਂ ਕਿ ਉਨ੍ਹਾਂ ਦੇ ਇਸ ਥਾਪੜੇ ਦੇ ਕਾਰਨ ਅੱਜ ਮੈਂ ਤੁਹਾਡੇ ਸਾਹਮਣੇ ਇਥੇ ਖੜਾ ਹਾਂ। ਮੈਂ ਸਮਝਦਾ ਹਾਂ ਕਿ ਜਿਸ ਤਰ੍ਹਾਂ ਉਨ੍ਹਾਂ ਨੇ ਅਮੀਰ ਘਰਾਣੇ ਵਿਚ ਪੈਦਾ ਹੋ ਕੇ ਇਹੋ ਜਿਹੇ ਕੰਮ ਕੀਤੇ ਹਨ, ਇਹੋ ਜਿਹੇ ਬਹੁਤ ਘੱਟ ਆਦਮੀ ਹੋਣਗੇ।

ਸ੍ਰੀ ਵਿਕਰਮ ਸਾਰਾਭਾਈ, ਅਟਾਮਿਕ ਐਨਰਜੀ ਕਮਿਸ਼ਨ ਦੇ ਚੇਅਰਮੈਨ ਸਨ । ਅੱਜ ਕੱਲ ਦੇ ਸਟੂਡੈਂਟਸ, ਨੇਤਾ ਜਾਂ ਹੋਰ ਕੋਈ ਵੀ ਸੱਜਣ ਅਤੇ ਜਨਤਾ ਵੀ ਸਾਰੇ ਹੀ ਇਸ ਨਾਮ ਤੋਂ ਵਾਕਿਫ ਹੋਣਗੇ। ਆਪ ਹਿੰਦੁਸਤਾਨ ਦੀ ਚੋਟੀ ਦੇ ਸਾਇੰਸਦਾਨਾਂ ਵਿਚੋਂ ਸਨ। ਉਨ੍ਹਾਂ ਨੇ ਆਪਣੀ ਸਿਹਤ, ਬੱਚਿਆਂ ਤੇ ਪਰੀਵਾਰ ਦੀ ਕੁਰਬਾਨੀ ਦੇ ਕੇ ਸਾਨੂੰ ਦੁਨੀਆਂ ਦੀਆਂ ਕੌਮਾਂ ਵਿਚ ਉੱਚਾ ਖੜਾ ਕਰਨ ਦੀ ਕੋਸ਼ਿਸ਼ ਕੀਤੀ ਅਤੇ ਖੜੇ ਕੀਤਾ। ਮੇਰਾ ਖਿਆਲ ਹੈ ਕਿ ਉਨ੍ਹਾਂ ਦਾ ਨਾਮ ਸਾਇੰਸਦਾਨਾਂ ਦੀ ਹਿਸਟਰੀ ਵਿਚ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਣਾ ਚਾਹੀਦਾ ਹੈ। ਐਨੇ ਉੱਚੇ ਅਹੁਦੇ ਤੇ ਹੁੰਦੇ ਹੋਏ ਅਤੇ ਇਤਨੀ ਫੈਸਿਲਿਟੀਜ਼ ਦੇ ਹੁੰਦੇ ਹੋਏ ਉਨ੍ਹਾਂ ਨੇ ਆਪਣਾ ਜ਼ਿਆਦਾ ਸਮਾਂ ਸਾਇੰਸ ਦੀ ਤਰੱਕੀ ਵੱਲ ਹੀ ਲਗਾਇਆ ਉਨ੍ਹਾਂ ਨੇ ਹਿੰਦੁਸਤਾਨ ਦਾ ਨਾਮ ਉੱਚਾ ਕੀਤਾ । ਇਹੋ ਜਿਹੇ ਸਾਇੰਸਦਾਨ ਅੱਜ ਕੱਲ ਪੈਦਾ ਕਰਨੇ ਮੁਸ਼ਕਲ ਹਨ। ਉਨ੍ਹਾਂ ਦੇ ਸਾਡੇ ਵਿਚੋਂ ਵਿਛੜ ਜਾਣ ਨਾਲ ਆਮ ਕਰਕੇ ਦੁਨੀਆਂ ਨੂੰ ਅਤੇ ਖਾਸ ਕਰਕੇ ਹਿੰਦੁਸਤਾਨ ਨੂੰ ਜੋ ਘਾਟਾ ਪਿਆ ਹੈ, ਮੇਰਾ ਖ਼ਿਆਲ ਹੈ ਕਿ ਉਹ ਪੂਰਾ ਨਹੀਂ ਹੋ ਸਕਦਾ। ਇਨ੍ਹਾਂ ਲਫ਼ਜ਼ਾਂ ਨਾਲ ਮੈਂ ਇਨ੍ਹਾਂ ਬਜ਼ੁਰਗਾਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ।

ਮੇਰੇ ਕੋਲੋਂ ਭੁਲੇਖੇ ਨਾਲ ਸ੍ਰੀ ਨਾਨਕ ਸਿੰਘ ਨਾਵਲਿਸਟ ਦਾ ਨਾਮ ਰਹਿ ਗਿਆ ਹੈ। ਆਪ ਪੰਜਾਬੀ ਦੇ ਇਕ ਬੜੇ ਵਡੇ ਵਿਦਵਾਨ ਸਨ। ਆਪ ਦੀ ਪੰਜਾਬੀ ਨੂੰ ਬੜੀ ਵੱਡੀ ਦੇਣ ਹੈ । ਆਪ ਦੇ ਨਾਵਲਾਂ ਦਾ ਅੰਗਰੇਜ਼ੀ, ਹਿੰਦੀ ਅਤੇ ਹੋਰ ਕਈ ਭਾਸ਼ਾਵਾਂ ਵਿਚ ਅਨੁਵਾਦ ਹੋਇਆ ਹੈ । ਮੇਰਾ ਖਿਆਲ ਹੈ ਕਿ

[ਸਰਦਾਰ ਜਸਵਿੰਦਰ ਸਿੰਘ ਬਰਾੜ]

ਪੰਜਾਬ ਦਾ ਬੱਚਾ ਬੱਚਾ ਉਨ੍ਹਾਂ ਦੇ ਨਾਮ ਤੋਂ ਜਾਣੂ ਹੈ । ਆਪ ਨੇ ਬੜੇ ਨਾਵਲ ਲਿਖੇ ਅਤੇ ਮਨੋਵਿਗਿਆਨਕ ਤਰੀਕੇ ਨਾਲ ਸੋਸ਼ਲ ਪਰਾਬਲਮਜ਼ ਦੇ ਹੱਲ ਲੱਭੇ । ਜਿਨ੍ਹਾਂ ਨਾਲ ਹਰ ਵਿਅਕਤੀ ਜ਼ਿਆਦਾ ਤੋਂ ਜ਼ਿਆਦਾ ਸੋਝੀਵਾਨ ਹੋ ਸਕਦਾ ਹੈ । ਆਪ ਬੜੇ ਤਕੜੇ ਲਿਖਾਰੀ ਸਨ । ਮੇਰੇ ਬਜ਼ੁਰਗ ਨਾਵਲਿਸਟ ਨੇ, ਜਿਨ੍ਹਾਂ ਨੇ ਪੰਜਾਬੀ ਵਾਸਤੇ, ਪੰਜਾਬ ਵਾਸਤੇ, ਪੰਜਾਬ ਦੀ ਕਲਚਰ ਨੂੰ ਤਕੜਾ, ਉੱਚਾ ਕਰਨ ਦੀ ਖ਼ਾਤਰ ਜੋ ਕੰਮ ਕੀਤੇ ਹਨ ਮੈਂ ਲਫ਼ਜ਼ਾਂ ਨਾਲ ਉਨ੍ਹਾਂ ਨੂੰ ਸਹੀ ਸ਼ਰਧਾਂਜਲੀ ਭੇਂਟ ਨਹੀਂ ਕਰ ਸਕਦਾ । ਮੈਂ ਪਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਅਕਾਲ ਪੁਰਖ ਉਨਾਂ ਦੀ ਰੂਹ ਨੂੰ ਸ਼ਾਂਤੀ ਦੇਵੇ । ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਬਜ਼ੁਰਗ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ ਤੇ ਆਪ ਜੀ ਦਾ ਧੰਨਵਾਦ ਕਰਦਾ ਹਾਂ ।

ਕਾਮਰੇਡ ਜੰਗੀਰ ਸਿੰਘ ਜੋਗਾ (ਮਾਨਸਾ) : ਸਪੀਕਰ ਸਾਹਿਬ, ਜਿਹੜੀਆਂ ਇਹ 16 ਹਸਤੀਆਂ ਸਾਥੋਂ ਅੱਜ ਵਿਛੜ ਗਈਆਂ ਹਨ ਉਨ੍ਹਾਂ ਵਿਚੋਂ 6-7 ਤਾਂ ਉਹ ਆਗੂ ਹਸਤੀਆਂ ਸਨ ਜਿਨ੍ਹਾਂ ਨੇ ਹਿੰਦੁਸਤਾਨ ਦੀ ਜੰਗੇ ਆਜ਼ਾਦੀ ਦੀ ਤਹਿਰੀਖ ਵਿਚ ਬੜਾ ਮਹਾਨ ਹਿੱਸਾ ਪਾਇਆ । ਬਾਬੂ ਬਚਨ ਸਿੰਘ ਜੀ ਔਰ ਸ੍ਰੀ ਗੋਰਖ ਨਾਥ ਜੀ ਨੇ ਆਪਣੇ ਬਚਪਨ ਤੋਂ ਹੀ ਹਿੰਦੁਸਤਾਨ ਦੀ ਆਜ਼ਾਦੀ ਲਈ ਜਦੋ ਜਹਿਦ ਵਿਚ ਬੜਾ ਮਹਾਨ ਹਿੱਸਾ ਪਾਇਆ । ਬਾਬੂ ਬਚਨ ਸਿੰਘ ਜੀ 12-15 ਸਾਲ ਇਸ ਆਜ਼ਾਦੀ ਦੀ ਲੜਾਈ ਲਈ ਕੈਦ ਰਹੇ ਔਰ ਆਖ਼ਰੀ ਦਮ ਤਕ ਹਿੰਦੁਸਤਾਨ ਦੀ ਸੇਵਾ ਕਰਦੇ ਰਹੇ ।

ਸ੍ਰੀ ਜੀ. ਐਮ. ਸਾਦਿਕ ਜੀ ਨੂੰ ਮੈਂ 1928 ਤੋਂ ਹੀ ਜਾਣਦਾ ਹਾਂ ਜਦੋਂ ਕਿ ਅਸੀਂ ਕਲਕਤਾ ਕਾਂਗਰਸ ਦੇ ਸੈਸ਼ਨ ਵਿਚ ਸ਼ਾਮਲ ਹੋਏ ਸੀ । ਉਨ੍ਹਾਂ ਨੇ ਹਿੰਦੁਸਤਾਨ ਵਿਚੋਂ ਰਜਵਾੜਾ ਸ਼ਾਹੀ ਨੂੰ ਖ਼ਤਮ ਕਰਨ ਲਈ ਆਪਣਾ ਪੂਰਾ ਜ਼ੋਰ ਲਾਇਆ ਔਰ ਇਸ ਰਜਵਾੜਾ ਸ਼ਾਹੀ ਨੂੰ ਖ਼ਤਮ ਕਰਨ ਲਈ ਲੜਾਈ ਲੜਦੇ ਰਹੇ । 1928 ਤੋਂ ਹੀ ਇਹ ਲੋਕਾਂ ਦੇ ਸੰਪਰਕ ਵਿਚ ਰਹੇ ਅਤੇ ਜਿਥੇ ਇਨ੍ਹਾਂ ਨੇ ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਲਈ ਜਦੋ ਜਹਿਦ ਕੀਤੀ ਉਥੇ ਇਹ ਰਜਵਾੜਾ ਸ਼ਾਹੀ ਨੂੰ ਵੀ ਖ਼ਤਮ ਕਰਨ ਲਈ ਲੜਦੇ ਰਹੇ । ਉਨ੍ਹਾਂ ਨੇ ਏਕਤਾ ਕਾਇਮ ਰਖਣ ਲਈ ਬਹੁਤ ਸੰਘਰਸ਼ ਕੀਤਾ ਜਿਸ ਦੀ ਕਿ ਮਿਸਾਲ ਸਾਡੇ ਸਾਹਮਣੇ ਹੈ । ਉਨ੍ਹਾਂ ਨੇ ਕਸ਼ਮੀਰ ਵਿਚ ਏਕਤਾ ਕਾਇਮ ਰਖੀ ਅਤੇ ਸੋਸ਼ਲਿਜ਼ਮ ਵਲ ਹਿੰਦੁਸਤਾਨ ਨੂੰ ਅਗੇ ਲੈ ਗਏ । ਉਨ੍ਹਾਂ ਦਾ ਵਿਛੜ ਜਾਣ ਨਾਲ ਸਾਨੂੰ ਬੜਾ ਦੁਖ ਹੋਇਆ ਹੈ ।

ਸਰਦਾਰ ਨਾਨਕ ਸਿੰਘ ਜੀ ਜੋ ਕਿ ਪੰਜਾਬੀ ਦੇ ਮਹਾਨ ਨਾਵਲਕਾਰ ਸਨ ਉਹ ਵੀ ਅੱਜ ਸਾਥੋਂ ਵਿਛੜ ਗਏ ਹਨ । ਉਹ ਇਕ ਗ਼ਰੀਬ ਘਰ ਵਿਚ ਪੈਦਾ ਹੋਏ ਜਿਨਾਂ ਦੀ ਕੋਈ ਉੱਚੀ ਤਾਲੀਮ ਵੀ ਨਹੀਂ ਸੀ ਪਰ ਜੋ ਹਿੱਸਾ ਉਨ੍ਹਾਂ ਨੇ ਪੰਜਾਬੀ ਨੂੰ ਅੱਗੇ ਲਿਜਾਣ ਲਈ ਔਰ ਪੰਜਾਬੀ ਨੂੰ ਉੱਚਾ ਚੁਕਣ ਲਈ ਪਾਇਆ ਉਹ ਬਹੁਤ ਸ਼ਲਾਘਾ ਯੋਗ ਹੈ । ਉਨ੍ਹਾਂ ਨੇ ਪੰਜਾਬੀ ਨੂੰ ਜੋ ਦੇਣ ਦਿਤੀ ਜੇ ਅਸੀਂ ਉਸ ਸ਼ਖ਼ਸ਼ ਨੂੰ ਪੰਜਾਬੀ ਦਾ ਪਿਤਾਮਾ ਕਹਿ ਦੇਈਏ ਤਾਂ ਇਹ ਕੋਈ ਗ਼ਲਤ ਗੱਲ ਨਹੀਂ ਹੋਵੇਗੀ । ਅੱਜ ਪੰਜਾਬੀ ਸਾਡੀ ਰਾਜ ਭਾਸ਼ਾ ਹੈ ਔਰ ਪੰਜਾਬੀ ਨੂੰ ਪਰਫੁਲਤ ਕਰਨ ਵਿਚ ਉਨ੍ਹਾਂ ਦਾ ਬਹੁਤ ਵੱਡਾ ਹਿੱਸਾ ਹੈ । ਮੈਂ ਤਾਂ ਇਹ ਵੀ ਕਹਾਂਗਾ ਕਿ ਇਹੋ ਜਿਹੇ ਮਹਾਨ ਸ਼ਖ਼ਸ਼ ਜਿਸ ਨੇ ਗ਼ਰੀਬ ਘਰ ਵਿਚ ਜਨਮ ਲੈ ਕੇ ਔਰ ਮਾਮੂਲੀ ਜਿਹੀ ਵਿਦਿਆ ਪ੍ਰਾਪਤ ਕਰ ਕੇ ਪੰਜਾਬੀ ਨੂੰ ਉੱਚਾ ਚੁਕਿਆ ਔਰ ਪੰਜਾਬੀ ਨੂੰ ਮਹਾਨ ਦੇਣ ਦਿਤੀ ਉਸ ਦੀ ਯਾਦਗਾਰ ਬਣਾਉਣ ਲਈ ਪੰਜਾਬ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ।

ਰਾਜਾ ਸੁਰਿੰਦਰ ਸਿੰਘ ਨਾਲਾਗੜ੍ਹ ਅਤੇ ਜਨਰਲ ਸ਼ਿਵਦੇਵ ਸਿੰਘ ਜੀ ਪੈਪਸੂ ਦੇ ਮੰਤਰੀ ਮੰਡਲ ਵਿਚ ਸਨ । ਉਨ੍ਹਾਂ ਨੇ ਬੜੀ ਸਿਆਣਪ ਤੇ ਸੂਝ ਬੂਝ ਨਾਲ ਮੰਤਰੀ ਮੰਡਲ ਵਿਚ ਕੰਮ ਕੀਤਾ । ਅਪੋਜ਼ੀਸ਼ਨ ਵਲ ਜਿਹੜਾ ਉਨ੍ਹਾਂ ਦਾ ਰੋਲ ਹੁੰਦਾ ਸੀ ਉਹ ਬੜਾ ਕਾਬਲੇ ਤਾਰੀਫ ਸੀ । ਉਹ ਅਪੋਜ਼ੀਸ਼ਨ ਦੀ ਗੱਲ

ਹਰ ਵੇਲੇ ਸੁਣਦੇ ਸਨ ਅਤੇ ਉਨ੍ਹਾਂ ਦੀਆਂ ਗੱਲਾਂ ਤੇ ਅਮਲ ਵੀ ਕਰਦੇ ਸਨ । ਡੈਮੋਕਰੇਸੀ ਨੂੰ ਉੱਚਾ ਲਿਜਾਣ ਵਾਸਤੇ ਮੈਂ ਸਮਝਦਾ ਹਾਂ ਕਿ ਇਹ ਜ਼ਰੂਰੀ ਹੈ ਕਿ ਆਪੋਜ਼ੀਸ਼ਨ ਵਲ ਪੂਰਾ ਪੂਰਾ ਧਿਆਨ ਦਿਤਾ ਜਾਵੇ । ਆਪੋਜ਼ੀਸ਼ਨ ਦਾ ਜਿਹੜਾ ਰੋਲ ਹੈ ਜੇ ਸਰਕਾਰੀ ਪਾਰਟੀ ਉਸ ਨੂੰ ਤਸਲੀਮ ਕਰੇ ਤਾਂ ਮੈਂ ਸਮਝਦਾ ਹਾਂ ਕਿ ਸਾਡੀ ਜਿਹੜੀ ਡੈਮੋਕਰੇਸੀ ਹੈ ਉਹ ਕਾਫ਼ੀ ਅਗੇ ਵੱਧ ਸਕਦੀ ਹੈ । ਸੋ ਇਨ੍ਹਾਂ ਦੇ ਵਿਛੜ ਜਾਣ ਤੇ ਸਾਨੂੰ ਬੜਾ ਦੁਖ ਹੈ ।

ਲਾਲਾ ਮੋਹਨ ਲਾਲ ਜੀ ਬਾਰੇ ਮੈਂ ਕਹਾਂਗਾ ਕਿ ਉਹ ਸਰਵੈਂਟ ਆਫ਼ ਪੀਪਲਜ਼ ਸੋਸਾਇਟੀ ਦੇ ਮੈਂਬਰ ਸਨ ਅਤੇ ਉਹ ਲਗਾਤਾਰ ਸਾਡੇ ਦੇਸ਼ ਦੀ ਸੇਵਾ ਕਰਦੇ ਰਹੇ । ਇਸ ਤੋਂ ਇਲਾਵਾ ਉਹ ਹਰੀਜਨਾਂ ਦੇ ਮਸਲਿਆਂ ਨੂੰ ਬੜੇ ਗੌਹ ਨਾਲ ਸੁਣਦੇ ਸਨ ਔਰ ਹਮੇਸ਼ਾਂ ਹੀ ਇਹ ਸੋਚਦੇ ਰਹਿੰਦੇ ਸਨ ਕਿ ਹਰੀਜਨਾਂ ਨੂੰ ਕਿਸ ਤਰ੍ਹਾਂ ਉੱਚਾ ਚੁਕਿਆ ਜਾਵੇ । ਉਨ੍ਹਾਂ ਨੇ ਹਰੀਜਨਾਂ ਦੀ ਭਲਾਈ ਲਈ ਵੱਧ ਤੋਂ ਵੱਧ ਕੰਮ ਕੀਤਾ ਔਰ ਉਨ੍ਹਾਂ ਨੂੰ ਉਚਾ ਚੁਕਣ ਦਾ ਕਾਫ਼ੀ ਯਤਨ ਕੀਤਾ । ਉਨ੍ਹਾਂ ਦੇ ਸਾਥੋਂ ਵਿਛੜ ਜਾਣ ਨਾਲ ਬਹੁਤ ਘਾਟਾ ਪਿਆ ਹੈ ।

ਸ੍ਰੀ ਦੁਰਗਾ ਦਾਸ ਭਾਟੀਆ ਜੋ ਕਿ ਅੰਮ੍ਰਿਤਸਰ ਮਿਊਂਸਿਪਲ ਕਮੇਟੀ ਦੇ ਪਹਿਲਾਂ ਮੈਂਬਰ ਰਹੇ ਸਨ ਅਤੇ ਫਿਰ ਮੈਂਬਰ ਪਾਰਲੀਮੈਂਟ ਵੀ ਰਹੇ । ਮੇਰਾ ਉਨ੍ਹਾਂ ਦੇ ਨਾਲ ਬੜਾ ਵਾਹ ਸੀ । ਉਹ ਇਕ ਵਪਾਰੀ ਸਨ ਔਰ ਇਕ ਇੰਡਸਟਰੀ ਦੇ ਮਾਲਕ ਸਨ ਪਰ ਉਨ੍ਹਾਂ ਵਿਚੋਂ ਕਿਸੀ ਕਿਸਮ ਦੀ ਕੋਈ ਸ਼ਰਮਾਏਦਾਰੀ ਵਾਲੀ ਬੂ ਨਹੀਂ ਸੀ । ਉਹ ਹਮੇਸ਼ਾਂ ਹੀ ਸ਼ਰਮਾਏਦਾਰੀ ਦੇ ਖਿਲਾਫ਼ ਲੜਦੇ ਸਨ ਔਰ ਚਾਹੁੰਦੇ ਸਨ ਕਿ ਇਹ ਸ਼ਰਮਾਏਦਾਰੀ ਨੂੰ ਦੇਸ਼ ਵਿਚੋਂ ਖ਼ਤਮ ਕੀਤਾ ਜਾਵੇ । ਉਹ ਗ਼ਰੀਬਾਂ ਦੇ ਬਹੁਤ ਹਮਦਰਦ ਸਨ । ਮੈਂ ਸਮਝਦਾ ਹਾਂ ਕਿ ਜੇ ਇਹੋ ਜਿਹੇ ਮੈਂਬਰ ਸਾਹਿਬਾਨ ਪਾਰਲੀਮੈਂਟ ਵਿਚ ਜਾਣ ਤਾਂ ਸਾਡੇ ਜਿਹੜਾ ਦੇਸ਼ ਦਾ ਆਰਥਕ ਢਾਂਚਾ ਹੈ ਉਹ ਬਦਲ ਸਕਦਾ ਹੈ । ਉਨ੍ਹਾਂ ਦੇ ਸਾਡੇ ਨਾਲੋਂ ਵਿਛੜ ਜਾਣ ਤੇ ਦੇਸ਼ ਨੂੰ ਇਕ ਬਹੁਤ ਵਡਾ ਘਾਟਾ ਪਿਆ ਹੈ । ।

ਸਪੀਕਰ ਸਾਹਿਬ, ਇਹ ਜੋ 16 ਹਸਤੀਆਂ ਸਾਡੇ ਕੋਲੋਂ ਅੱਜ ਵਿਛੜ ਗਈਆਂ ਹਨ ਜੇ ਇਕੱਲੇ ਇਕੱਲੇ ਦੇ ਬਾਰੇ ਕਿਹਾ ਜਾਵੇ ਤਾਂ ਕਾਫ਼ੀ ਸਮਾਂ ਲਗੇਗਾ । ਪਰ ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਅੰਤ ਵਿਚ ਇਹੀ ਕਹਾਂਗਾ ਕਿ ਇਹ ਜੋ 16 ਹਸਤੀਆਂ ਅੱਜ ਸਾਡੇ ਕੋਲੋਂ ਵਿਛੜ ਗਈਆਂ ਹਨ ਉਨ੍ਹਾਂ ਦੇ ਵਿਛੜਨ ਤੇ ਸਾਡੇ ਦੇਸ਼ ਨੂੰ ਬਹੁਤ ਘਾਟਾ ਪਿਆ ਹੈ । ਮੈਂ ਆਪਣੇ ਵਲੋਂ ਤੇ ਆਪਣੀ ਪਾਰਟੀ ਵਲੋਂ ਇਨ੍ਹਾਂ ਸਾਰੀਆਂ ਸ਼ਖ਼ਸ਼ੀਅਤਾਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ ਜਿਹੜੀਆਂ ਕਿ ਅੱਜ ਸਾਡੇ ਕੋਲੋਂ ਵਿਛੜ ਗਈਆਂ ਹਨ ।

आचार्य पृथ्वी सिंह आज़ाद : (खन्ना ऐस. सी.) स्पीकर साहिब, जिन माननीय सज्जनों की मृत्यु पर शोक प्रस्ताव इस सदन के नेता जी ने रखा है उसे देख कर मैं कहूंगा—

"जो बादाकश थे पुराने वह उठते जाते हैं,
कहीं से आबे दुआमे बका ला साकी ।"

डाक्टर विक्रम साराभाई को छोड़ कर मुझे इन सभी सज्जनों के साथ किसी न किसी रूप में सेवा करने का अवसर मिला है । डाक्टर के. ऐम. मुनशी और डाक्टर श्री प्रकाश जहां हिन्दुस्तान की जंगे आज़ादी के माने हुए सिपाही थे वहां वे हिन्दुस्तान की संस्कृति के माने हुए रखवाले भी थे । डाक्टर श्री प्रकाश जो आचार्य भगवान दास के सुपुत्र और जवाहर लाल नेहरू के सहपाठी थे, ने हिन्दुस्तान की राजनीति में हिस्सा उन्होंने डाल कर

[आचार्य पृथ्वी सिंह आज़ाद]
एक मिसाल कायम की कि आने वाली नसलें ऐसी मिसाल नहीं बना सकेंगी ।

सरदार प्रताप सिंह जी मेरे पड़ोसी थे । जो समाज सेवा वह लोगों के लिए करते रहे वह महान है, इस के बावजूद कि वह किसी दूसरी पार्टी से ताल्लुक रखते थे दूसरी पार्टी के साथ ताल्लुक रखते हुए भी वह हर काम में हमारे हिस्सेदार होते थे ।

बाबू बचन सिंह के बारे में मैं यह कहूंगा कि जिन लोगों ने लुध्याना में बाबू बचन सिंह के चौबारे में जो पोलीटीकल शिक्षा ली है वह आज भी बाबू बचन सिंह के विद्यार्थी कहलाने में फख्र समझते हैं । उन्होंने पंजाब में सोशलिज़म की तहरीक को अपने ढंग से मजबूत करके एक मिसाल कायम की थी ।

लाला मोहन लाल जी, 1925 से लेकर मरण-प्रयन्त मेरे साथ रहे । लाला मोहन लाल जी बी. ए. पास करने के तुरन्त बाद लाला लाजपत राय की पार्टी सर्वेंटस आफ पीपल सोसायटी के मैंबर बन गये । उन्होंने जिस समय समाज सेवा का काम शुरू किया, वह आज की निसबत बहुत कठिन समय था, आज यह काम बहुत आसान है । पंजाब में लाला मोहन लाल जी ने, लाला लाजपत राय की अगवाई में, अछूतोद्धार मंडल का मन्त्री रह कर जो काम किया वह आज का कोई नेता भी नहीं कर सकता । मैं तो समझता हूं कि आज पंजाब के हरिजनों की जिंदगी में जो परिवर्तन आया है वह मोहन लाल जी के किये कामों का ही फल है । लाला मोहन लाल जी महात्मा गांधी जी के हरिजन सेवा संघ के सैक्रेट्री रहे और उन्होंने उस संघ में बड़ी मेहनत से काम किया । पंजाब के विभाजन के बाद उनहोंने हमेशा याद रहने वाले काम किये । लाला मोहन लाल जी अपनी ही धुन के आदमी थे । उन्होंने गुलाब देवी मैमोरियल हस्पताल कायम कर के पंजाब की बड़ी सेवा की । लाला मोहन लाल जी ने इसी तरह ढुडीके में लाला लाजपत राय जी की यादगार कायम की । अगर वह दिन रात काम न करते तो आज ढुडीके ग्राम के अन्दर जो मैमोरियल बना है वह वहां न होता । उन्होंने लाल बहादुर शास्त्री जी के साथ मिल कर काम किया । चन्डीगढ़ में जो लाला लाजपत राय भवन बना है, वह उसमें उसी तरह काम चलाना चाहते थे जैसे लाहौर में चलता था । लाला जी तिलक स्कूल आफ पालिटिक्स में लोगों को ज़िमीदारों के कलयाण के लिये, किसानों के कलयाण के लिये, हरिजनों के कलयाण के लिये बाकायदा सबक दिया करते थे । वे इस तरह का एक स्कूल चन्डीगड़ में कायम करना चाहते थे । उनकी यह इच्छा उनके मन में ही रह गई ।

स्पीकर साहिब, नानक सिंह जी पंजाबी के एक बड़े नावलिस्ट थे । पंजाबी द्वारा उन्होंने पंजाब की बड़ी सेवा की । वे मुझे पहिली बार 1925 में मिले थे । उनकी 'सतगुर महिमा' नाम की पुस्तक लोगों के हाथों में आई और मैं ने भी "सदाए गोबिंद सिंह" लिखी । दोनों के अन्दर गुरू जी के पैगाम ही थे । मेरी पुस्तक में इन्कलाबी के पैगाम थे, जिस के कारण अंग्रेज़ सरकार ने जब्त कर ली थी । मैं ने नानक सिंह के नाम पर दे दी । जब मुझे फिर नानक सिंह जी मिले तो कहने लगे कि आप की पुस्तक तो जब्त हो गई है लेकिन मेरी पुस्तक कायम है ।

स्पीकर साहिब, जो सज्जन हम से जुदा हो गये हैं, उनकी जो खूबियाँ थीं जैसे जो त्याग और तपस्या की भावना लाला मोहन लाल में थी, जो दिहाती लोगों के जजबातों की कद्र बाबू बचन सिंह में थी, या जिस तरह फिर्कादारी का परित्याग करके श्री सादिक ने काम किया, उनको सम्मुख रख कर अगर हम काम करें तो मैं समझता हूं कि हम तभी उनको सच्ची श्रद्धांजली भेंट कर सकेंगे ।

मैं अपने माननीय मित्रों को श्रद्धांजली भेंट करते हुए परमात्मा से प्रार्थना करता हूं कि उनकी आत्मा को शांती प्रदान करे ।

ਸ੍ਰੀ ਸਪੀਕਰ : ਇਹ ਸ਼ੋਕਮਈ ਪ੍ਰਸਤਾਵ, ਜਿਹੜਾ ਗਿਆਨੀ ਜ਼ੈਲ ਸਿੰਘ ਜੀ ਨੇ ਹਾਊਸ ਵਿਚ ਰਖਿਆ ਹੈ ਸਾਡੇ ਦੇਸ਼ ਦੇ ਉਨ੍ਹਾਂ ਮਹਾਨ ਸਪੂਤਾਂ ਦਾ ਸਾਡੇ ਨਾਲੋਂ ਵਿਛੋੜੇ ਉਤੇ ਔਰ ਜਿਹੜੇ ਦੁਖ ਭਰੇ ਵਿਚਾਰ ਅਤੇ ਸ਼ਰਧਾ ਪੂਰਵਕ ਵਿਚਾਰ ਉਨ੍ਹਾਂ ਨੇ ਪ੍ਰਗਟ ਕੀਤੇ ਹਨ, ਮੈਂ ਸਮਝਦਾ ਹਾਂ ਕਿ ਸਾਰੇ ਹਾਊਸ ਦੀ ਉਸ ਦੇ ਨਾਲ ਸਹਿਮਤੀ ਹੈ ਔਰ ਹਾਊਸ ਦੀ ਆਗਿਆ ਦੇ ਨਾਲ ਇਹ ਉਨ੍ਹਾਂ ਦੇ ਪਰੀਵਾਰਾਂ ਨੂੰ ਸਾਡੇ ਇਹ ਵਿਚਾਰ ਔਰ ਉਨ੍ਹਾਂ ਨਾਲ ਹਮਦਰਦੀ ਦਾ ਜੋ ਪ੍ਰਗਟਾਵਾ ਹੈ, ਭੇਜਿਆ ਜਾਵੇ । ਇਸ ਤੋਂ ਪਹਿਲਾਂ ਮੈਂ ਹਾਊਸ ਨੂੰ ਬੇਨਤੀ ਕਰਾਂ ਕਿ ਉਹ ਉਨ੍ਹਾਂ ਮਹਾਨ ਵਿਅਕਤੀਆਂ ਲਈ ਸ਼ਰਧਾ ਔਰ ਅਕੀਦਤ ਜ਼ਾਹਰ ਕਰਨ ਲਈ ਖੜੇ ਹੋਣ, ਮੈਂ ਗਿਆਨੀ ਜ਼ੈਲ ਸਿੰਘ ਜੀ ਨੂੰ ਬੇਨਤੀ ਕਰਾਂਗਾ ਕਿ ਹਿੰਦੁਸਤਾਨ ਦੇ ਮਹਾਨ ਸ਼ਹੀਦ, ਜਿਹੜੇ ਇਸ ਬੰਗਲਾ ਦੇਸ਼ ਦੀ ਲੜਾਈ ਵਿਚ, ਸ਼ਹਿਰੀ ਅਤੇ ਫੌਜੀ, ਮਾਰੇ ਗਏ ਦੇਸ਼ ਦੀ ਰਖਸ਼ਾ ਲਈ ਅਤੇ ਬੰਗਲਾ ਦੇਸ਼ ਦੀ ਆਜ਼ਾਦੀ ਲਈ ਸ਼ਹੀਦ ਹੋਏ ਹਨ, ਉਨ੍ਹਾਂ ਲਈ ਕੁਝ ਸ਼ਬਦ ਸਾਰੇ ਹਾਊਸ ਵਲੋਂ ਅਰਪਨ ਕਰਨ । (I think the whole House agrees with the tributes paid and the condolence resolution moved by Giani Zail Singh at the regrettable separation of these great sons of India. I hope the House also shares the sentiments expressed by him while paying tributes to all of them. These expressions of sorrow and shock may, if the House agrees, be conveyed to the bereaved families. Before I request the Members to rise in their seats as a mark of respect to the departed souls, I will request Giani Zail Singh to say a few words on behalf of the whole House, as a tribute to the Indian civilians as well as the Military personnel who have laid down their lives in the cause of the freedom of Bangla Desh and in the defence of their motherland.)

ਮੁੱਖ ਮੰਤਰੀ : ਸਨਮਾਨ ਯੋਗ ਸਪੀਕਰ ਸਾਹਿਬ, ਮੈਂ ਬੰਗਲਾ ਦੇਸ਼ ਦੀ ਆਜ਼ਾਦੀ, ਮਾਨਵਤਾ ਦੇ ਸੁਚੇ ਅਤੇ ਉਚੇ ਆਦਰਸ਼ ਲੈ ਕੇ ਸ਼ਹੀਦ ਹੋਣ ਵਾਲੇ ਸ਼ਹੀਦਾਂ ਨੂੰ ਸ਼ਰਧਾਂਜਲੀ ਪੇਸ਼ ਕਰਨ ਲਈ ਇਜਾਜ਼ਤ ਮੰਗਦਾ ਹਾਂ । ਸਾਡੇ ਦੇਸ਼ ਵਿਚ ਇਹ ਗੱਲ ਹਮੇਸ਼ਾਂ ਮੰਨੀ ਗਈ ਹੈ ਕਿ ਅਸੀਂ ਬਹਾਦਰ ਹਾਂ ਅਤੇ ਬੜੀਆਂ ਕੁਰਬਾਨੀਆਂ ਕਰਦੇ ਹਾਂ ਤੇ ਬੜੇ ਤਿਆਗ ਕਰ ਸਕਦੇ ਹਾਂ । ਲੇਕਿਨ ਸਾਡੇ ਦੇਸ਼ ਦੇ ਇਤਿਹਾਸ ਵਿਚ ਏਡੀ ਵੱਡੀ ਫ਼ਤਿਹ ਕਦੇ ਪ੍ਰਾਪਤ ਨਹੀਂ ਸੀ ਹੋਈ, ਜਿਹੜੀ ਫ਼ਤਹਿ ਇਸ ਵਕਤ ਇਨ੍ਹਾਂ ਸ਼ਹੀਦਾਂ ਨੇ ਆਪਣੀਆਂ ਜਾਨਾਂ ਦੇ ਕੇ ਪ੍ਰਾਪਤ ਕਰ ਦਿੱਤੀ ਹੈ । ਸਾਡੇ ਦੇਸ਼ ਦੀ ਮਹਾਨ ਨੇਤਾ ਪ੍ਰਧਾਨ ਮੰਤਰੀ ਨੇ ਸੰਸਾਰ ਦੀਆਂ ਮਹਾਨ ਨੀਤੀਆਂ ਨੂੰ ਸਿਰੇ ਚੜ੍ਹਾਨ ਲਈ ਔਰ ਬੰਗਲਾ ਦੇਸ਼ ਨੂੰ ਆਜ਼ਾਦੀ ਦਿਲਾਉਣ ਲਈ, ਧਰਮ ਨਿਰਪੇਖਤਾ ਅਤੇ ਜਮਹੂਰੀਅੱਤ ਦੇ ਉਚੇ ਆਦਰਸ਼ਾਂ ਨੂੰ ਅਪਨਾਇਆ, ਜਿਸ ਦੇ

[ਮੁੱਖ ਮੰਤਰੀ]
ਨਾਲ ਨਾਲ ਸਿਰਫ ਹਿੰਦੁਸਤਾਨ ਦੀ ਹੀ ਨਹੀਂ ਬਲਕਿ ਸਾਰੀ ਇਿੰਨਸਾਨੀਅੱਤ ਦੀ ਗਰਦਨ ਉਚੀ ਹੋਈ ਹੈ। ਉਨ੍ਹਾਂ ਸ਼ਹੀਦਾਂ ਨੇ ਸਾਡੇ ਉਤੇ ਬੜਾ ਵੱਡਾ ਇਹਸਾਨ ਕੀਤਾ ਹੈ।

ਸਪੀਕਰ ਸਾਹਿਬ, ਉਨ੍ਹਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਅਸੀਂ ਇਸ ਗੱਲ ਦਾ ਇਹਸਾਸ ਕਰਦੇ ਹਾਂ ਕਿ ਉਨ੍ਹਾਂ ਦੇ ਰਿਸ਼ਤੇਦਾਰਾਂ, ਧਰਮ-ਪਤਨੀਆਂ, ਭਰਾਵਾਂ ਭੈਣਾਂ, ਮਾਪਿਆਂ ਅਤੇ ਪੁਤਰਾਂ ਨਾਲ ਸਾਨੂੰ ਗਹਿਰੀ ਹਮਦਰਦੀ ਹੈ ਔਰ ਉਸ ਹਮਦਰਦੀ ਦਾ ਇਜ਼ਹਾਰ ਕਰਦਿਆਂ ਹੋਇਆਂ, ਜਦੋਂ ਅਸੀਂ ਆਪਣੇ ਦੇਸ਼ ਵਿਚ ਫ਼ਤਹਿ ਦੇ ਦੀਵੇ ਜਗਾ ਰਹੇ ਸੀ ਅਤੇ ਰੋਸ਼ਨੀ ਕਰ ਰਹੇ ਸੀ ਤਾਂ ਸਾਡੀ ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਮੈਂ ਸਮਝਦੀ ਹਾਂ ਕਿ ਮੇਰੇ ਦੇਸ਼ ਅਤੇ ਮੇਰੇ ਦੇਸ਼ ਦੇ ਲੋਕਾਂ ਵਿਚ ਮਾਨਵਤਾ ਦੀ ਰੋਸ਼ਨੀ ਆ ਗਈ ਹੈ, ਸੰਸਾਰ ਦੀ ਇਿੰਨਸਾਨੀਅੱਤ ਵਿਚ ਰੋਸ਼ਨੀ ਆ ਗਈ ਹੈ, ਪਰ ਕੁਝ ਲੋਕ ਐਸੇ ਹਨ ਜਿਨ੍ਹਾਂ ਦੀਆਂ ਅੱਖਾਂ ਅਗੇ ਅੰਧੇਰਾ ਰਹਿ ਗਿਆ ਹੈ। ਉਹ ਅੰਧੇਰਾ ਉਨ੍ਹਾਂ ਅੱਖਾਂ ਅਗੇ ਆ ਗਿਆ ਹੈ ਜਿਨ੍ਹਾਂ ਦੇ ਪੁਤਰ, ਪਤੀ, ਜਿਨ੍ਹਾਂ ਦੇ ਮਾਪੇ ਸ਼ਹੀਦ ਹੋ ਗਏ ਹਨ। ਉਨ੍ਹਾਂ ਸ਼ਹੀਦਾਂ ਨੇ ਸਾਡੇ ਦੇਸ਼ ਦੀ ਆਨ ਅਤੇ ਸ਼ਾਨ ਨੂੰ ਬਰਕਰਾਰ ਰਖਣ ਲਈ ਆਪਣੀਆਂ ਜਾਨਾਂ ਦੇ ਦਿਤੀਆਂ ਹਨ। ਫ਼ੌਜੀਆਂ ਤੋਂ ਇਲਾਵਾ ਸਾਡੇ ਦੇਸ਼ ਦੇ ਸਿਵਲੀਅੱਨਾਂ ਨੇ ਦੇਸ਼ ਦੀ ਸ਼ਾਨ ਲਈ ਦਲੇਰੀ ਨਾਲ ਦੁਸ਼ਮਨਾਂ ਦੇ ਹਮਲੇ ਦਾ ਮੁਕਾਬਲਾ ਕੀਤਾ ਔਰ ਡਿਕਟੇਟਰਸ਼ਾਹੀ ਹਕੂਮਤ ਨੂੰ ਖ਼ਤਮ ਕਰਕੇ, ਉਨ੍ਹਾਂ ਲੋਕਾਂ ਨੂੰ ਆਜ਼ਾਦੀ ਦਿਲਵਾਈ ਜਿਨ੍ਹਾਂ ਦੇ ਦਸ ਲੱਖ ਆਦਮੀ ਬੜੀ ਬੇ-ਰਹਿਮੀ ਨਾਲ ਮਾਰ ਦਿਤੇ ਸਨ। ਜਿਸ ਦੇਸ਼ ਦੇ ਇਕ ਕਰੋੜ ਬੱਚੇ, ਬੁਢੇ, ਨੌਜਵਾਨ ਬੇ-ਪਨਾਹ ਹੋ ਕੇ ਸਾਡੇ ਦੇਸ਼ ਵਿਚ ਪਨਾਹ ਲੈਣ ਲਈ ਆਏ ਸਨ ਉਨ੍ਹਾਂ ਦੇ ਦੇਸ਼ ਨੂੰ ਆਜ਼ਾਦ ਕਰਾ ਕੇ ਉਨ੍ਹਾਂ ਨੂੰ ਵਾਪਸ ਆਪਣੇ ਘਰਾਂ ਵਿਚ ਭੇਜਿਆ। ਸ਼ੇਖ਼ ਮੁਜੀਬੁਰਰਹਿਮਾਨ ਨੂੰ ਜਿਸ ਲਈ ਕਬਰ ਖੋਦੀ ਜਾ ਚੁਕੀ ਸੀ, ਜਿਸ ਨੇ ਸ਼ਹੀਦ ਦੀ ਮੌਤ ਮਰ ਜਾਣਾ ਸੀ, ਉਸ ਨੂੰ ਨਾਂ ਸਿਰਫ ਆਜ਼ਾਦ ਕਰਵਾਇਆ ਬਲਕਿ ਉਸ ਨੂੰ ਆਜ਼ਾਦ ਬੰਗਲਾ ਦੇਸ਼ ਦਾ ਪ੍ਰਧਾਨ ਮੰਤਰੀ ਵੀ ਬਣਵਾਇਆ। ਇਹ ਸਾਰੀਆਂ ਬਰਕਤਾਂ ਸਾਡੀ ਪ੍ਰਧਾਨ ਮੰਤਰੀ ਦੀ ਰਹਿਨੁਮਾਈ ਦਾ ਸਦਕਾ ਹਨ। ਉਨ੍ਹਾਂ ਨੇ ਜੋ ਕੁਝ ਕਿਹਾ ਸੀ ਉਸ ਤੇ ਪੂਰੀ ਉਤਰੀ, ਲੇਕਿਨ ਸਾਡੇ ਨੌਜਵਾਨਾਂ ਨੇ ਜਿਨ੍ਹਾਂ ਨੇ ਇਸ ਕੰਮ ਲਈ ਸ਼ਹੀਦੀ ਦੇਣ ਤੋਂ ਗੁਰੇਜ਼ ਨਹੀਂ ਕੀਤਾ, ਉਨ੍ਹਾਂ ਦੀ ਯਾਦ ਹਮੇਸ਼ਾ ਲਈ ਹਿੰਦੁਸਤਾਨ ਦੇ ਲੋਕਾਂ ਦੇ ਦਿਲ ਵਿਚ ਕਾਇਮ ਰਹੇਗੀ, ਮਾਨਵਤਾ ਨੂੰ ਯਾਦ ਰਹੇਗੀ।

ਕਲ੍ਹ ਅਸੀਂ ਰਾਮਨੌਮੀ ਦਾ ਦਿਨ ਮਨਾਇਆ। ਅਸੀਂ ਰਾਮ ਜੀ ਨੂੰ ਸ਼ਰਧਾਂਜਲੀ ਭੇਂਟ ਕੀਤੀ। ਰਾਮਨੌਮੀ ਦੇ ਦਿਨ ਸਾਨੂੰ ਇਹ ਗੱਲ ਯਾਦ ਆਉਂਦੀ ਹੈ ਕਿ ਜਿਸ ਤਰ੍ਹਾਂ ਭਗਵਾਨ ਰਾਮ ਨੇ ਲੰਕਾ ਨੂੰ ਆਜ਼ਾਦ ਕਰਵਾਇਆ, ਪਰ ਲੰਕਾ ਤੇ ਰਾਜ ਨਹੀਂ ਸੀ ਕੀਤਾ, ਠੀਕ ਉਸੇ ਤਰ੍ਹਾਂ ਸਾਡੀ ਪ੍ਰਧਾਨ ਮੰਤਰੀ ਨੇ ਬੰਗਲਾ ਦੇਸ਼ ਨੂੰ ਆਜ਼ਾਦ ਕਰਵਾਇਆ, ਪਰ ਰਾਜ ਨਹੀਂ ਕੀਤਾ। ਇਹ ਤਾਨਾਸ਼ਾਹੀ ਤੇ ਸੈਕੂਲਰਇਜ਼ਮ ਦੀ ਫ਼ਤਿਹ ਹੋਈ ਹੈ। ਜਿਹੜੀਆਂ ਜ਼ਾਲਮ ਤਾਕਤਾਂ, ਉਨ੍ਹਾਂ ਜ਼ਾਲਮਾਂ ਦੀਆਂ ਹਮਾਇਤੀ ਬਣ ਕੇ ਸਾਡੇ ਸਾਹਮਣੇ ਆਈਆਂ ਸਨ ਅਤੇ ਜਿਨ੍ਹਾਂ ਦਾ ਜ਼ਿਕਰ ਕੀਤੇ ਬਿਨਾ ਮੈਂ ਰਹਿ ਨਹੀਂ ਸਕਦਾ। ਅਮਰੀਕਾ ਅਤੇ ਚਾਇਨਾ ਨੇ ਆਪਣੀ ਸਾਰੀ ਤਾਕਤ ਵਰਤੀ ਔਰ ਉਸ ਤਾਕਤ ਦੇ ਨਾਲ ਉਨ੍ਹਾਂ ਨੇ ਹਿੰਦੁਸਤਾਨ ਨੂੰ ਭੈਭੀਤ ਕਰਨ ਦਾ ਯਤਨ ਕੀਤਾ ਮਗਰ ਅਫਰੀਨ ਹੈ ਇਨ੍ਹਾਂ ਬਹਾਦਰ ਨੌਜਵਾਨਾਂ ਦੇ ਜਿਨ੍ਹਾਂ ਦੇ ਸਹਾਰੇ ਅਤੇ ਜਿਨ੍ਹਾਂ ਦੇ ਭਰੋਸੇ ਤੇ ਪ੍ਰਧਾਨ ਮੰਤਰੀ ਨੇ ਸਾਰੀ ਦੁਨੀਆਂ ਦੀਆਂ ਤਾਕਤਾਂ ਨੂੰ ਲਲਕਾਰਿਆ ਔਰ ਇਕ ਮਿਸਾਲ ਕਾਇਮ ਕਰ ਦਿਤੀ ਕਿ ਸੰਸਾਰ ਵਿਚ ਹਿੰਦੋਸਤਾਨ ਵੀ ਇਕ ਤਾਕਤ ਹੈ ਅਤੇ ਇਸ ਤਾਕਤ ਦੇ ਬਗੈਰ ਕੋਈ ਫੈਸਲਾ ਨਹੀਂ ਹੋ ਸਕਦਾ। ਇਹ ਤਾਕਤ ਉਨ੍ਹਾਂ ਮਹਾਨ ਸ਼ਹੀਦਾਂ ਨੇ ਬਖ਼ਸ਼ੀ ਹੈ। ਸਪੀਕਰ ਸਾਹਿਬ, ਮੈਂ ਇਨ੍ਹਾਂ ਥੋੜ੍ਹੇ ਲਫ਼ਜ਼ਾਂ ਵਿਚ ਸ਼ਰਧਾਂਜਲੀ ਪੇਸ਼ ਕਰਦਾ ਹਾਂ। ਇਨ੍ਹਾਂ

ਦੀ ਤਾਰੀਫ਼ ਜੇਕਰ ਕਰਦਾ ਜਾਵਾਂ ਤਾਂ ਕਈ ਦਿਨਾਂ ਵਿਚ ਵੀ ਨਹੀਂ ਮੁਕ ਸਕਦੀ। ਇਨ੍ਹਾਂ ਸ਼ਬਦਾਂ ਨਾਲ ਮੈਂ ਹਾਊਸ ਪਾਸ ਬੇਨਤੀ ਕਰਾਂਗਾ ਕਿ ਆਓ ਅਸੀਂ ਉਨ੍ਹਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰੀਏ।

ਸਰਦਾਰ ਅਜਾਇਬ ਸਿੰਘ ਸੰਧੂ (ਮੁਰਿੰਡਾ ਐਸ. ਸੀ.) : ਮਾਨਯੋਗ ਸਪੀਕਰ ਸਾਹਿਬ, ਅਸੀਂ ਇਨ੍ਹਾਂ ਮਹਾਨ ਸ਼ਹੀਦਾਂ ਨੂੰ ਜਿਹੜੇ ਬੰਗਲਾ ਦੇਸ਼ ਨੂੰ ਅਜ਼ਾਦ ਕਰਾਉਣ ਵਾਸਤੇ ਔਰ ਹਿੰਦੋਸਤਾਨ ਦੀ ਆਜ਼ਾਦੀ ਨੂੰ ਬਰਕਰਾਰ ਰੱਖਣ ਵਾਸਤੇ ਇਸ ਜੰਗ ਵਿਚ ਸ਼ਹੀਦ ਹੋਏ ਹਨ, ਉਨ੍ਹਾਂ ਨੂੰ ਆਪਣੀ ਸ਼ਰਧਾਂਜਲੀ ਭੇਟ ਕਰਨ ਵਾਸਤੇ ਮੈਂ ਆਪਣੇ ਵਲੋਂ ਔਰ ਆਪਣੀ ਪਾਰਟੀ ਵਲੋਂ ਖੜਾ ਹੋਇਆ ਹਾਂ। ਸਪੀਕਰ ਸਾਹਿਬ, ਸਾਡੇ ਬੜੇ ਧੰਨ ਭਾਗ ਨੇ ਕਿ ਇਨ੍ਹਾਂ ਸ਼ਹੀਦਾਂ ਨੇ, ਜਿਨ੍ਹਾਂ ਵਿਚ ਫ਼ੌਜੀ ਅਫ਼ਸਰ, ਫ਼ੌਜੀ ਜਵਾਨ ਔਰ ਰੈਂਕਸ ਵਾਲੇ ਅਤੇ ਟਰੱਕਾਂ ਵਾਲੇ ਸ਼ਾਮਲ ਹਨ, ਵਰ੍ਹਦੇ ਹੋਏ ਬੰਬਾਂ ਵਿਚ ਜਾਨ ਦੀ ਬਾਜ਼ੀ ਲਾ ਕੇ ਆਜ਼ਾਦੀ ਪ੍ਰਾਪਤ ਕੀਤੀ। ਜਿਥੇ ਉਨ੍ਹਾਂ ਨੇ ਬੰਗਲਾ ਦੇਸ਼ ਨੂੰ ਆਜ਼ਾਦ ਕਰਵਾਇਆ ਹੈ ਉਥੇ ਹਿੰਦੋਸਤਾਨ ਦੀਆਂ ਸੀਮਾਵਾਂ ਦੀ ਰਾਖੀ ਕਰਦਿਆਂ ਹੋਇਆਂ ਆਪਣੀ ਆਜ਼ਾਦੀ ਦੀ ਰਾਖੀ ਕੀਤੀ ਹੈ। ਮੈਂ ਇਨ੍ਹਾਂ ਸਾਰਿਆਂ ਸ਼ਹੀਦਾਂ ਨੂੰ ਆਪਣੇ ਵਲੋਂ ਔਰ ਆਪਣੀ ਪਾਰਟੀ ਵਲੋਂ ਸ਼ਰਧਾਂਜਲੀ ਭੇਟ ਕਰਦਾ ਹਾਂ। ਸਪੀਕਰ ਸਾਹਿਬ, ਇਸ ਜੰਗ ਵਿਚ ਸਾਰੇ ਹਿੰਦੁਸਤਾਨ ਨੇ ਇਕ ਹੋ ਕੇ, ਸਾਰੀਆਂ ਪਾਰਟੀਆਂ ਨੇ ਇਕ ਹੋ ਕੇ ਹਿੰਦੋਸਤਾਨ ਦੇ ਪ੍ਰਧਾਨ ਮੰਤਰੀ ਦੇ ਹੱਥ ਮਜ਼ਬੂਤ ਕੀਤੇ ਅਤੇ ਅਸੀਂ ਇਹ ਭੁਲ ਬੈਠੇ ਸੀ ਕਿ ਅਸੀਂ ਅਕਾਲੀ ਹਾਂ, ਜਨਸੰਘੀ ਹਾਂ ਜਾਂ ਕਮਿਊਨਿਸਟ ਹਾਂ ਜਾਂ ਕੋਈ ਹੋਰ ਹਾਂ ਬਲਕਿ ਇਹ ਸਮਝਕੇ ਕਿ ਇਹ ਦੇਸ਼ ਸਾਡਾ ਹੈ ਇਸ ਦੀ ਆਜ਼ਾਦੀ ਸਾਡੀ ਹੈ, ਇਸ ਦੀ ਹਿਫ਼ਾਜ਼ਤ ਸਾਡੀ ਹਿਫ਼ਾਜ਼ਤ ਹੈ। ਸਾਡੇ ਬੱਚਿਆਂ ਤੋਂ ਲੈ ਕੇ ਬੁਢਿਆਂ ਤਕ, ਭੈਣਾਂ ਤੋਂ ਲੈ ਕੇ ਮਾਤਾਵਾਂ ਤਕ, ਹਰ ਇਕ ਨੇ ਆਪਣਾ ਫ਼ਰਜ਼ ਸਮਝਿਆ ਕਿ ਇਕ ਮੁੱਠ ਹੋ ਕੇ ਲੜਨਾ ਹੈ। ਅਸੀਂ ਸਾਰਿਆਂ ਨੇ ਇਕੱਠੇ ਹੋ ਕੇ ਜੰਗ ਜਿੱਤੀ ਹੈ। ਹਿੰਦੋਸਤਾਨ ਦੇ ਲੋਕਾਂ ਨੇ ਔਰ ਹਿੰਦੋਸਤਾਨ ਦੀਆਂ ਫੌਜਾਂ, ਜਰਨੈਲਾਂ ਔਰ ਫੌਜੀਆਂ ਨੇ ਜਿੱਤੀ ਹੈ। ਸਾਨੂੰ ਉਸ ਗੱਲ ਨੂੰ ਸਾਹਮਣੇ ਰੱਖਣਾ ਚਾਹੀਦਾ ਹੈ ਕਿ ਇਹ ਜਿੱਤ ਹਿੰਦੋਸਤਾਨ ਦੇ ਲੋਕਾਂ ਦੀ ਜਿੱਤ ਹੈ, ਸ਼ਹੀਦਾਂ ਦੀ ਜਿੱਤ ਹੈ, ਇਹ ਜਿੱਤ ਕਿਸੇ ਇਕ ਪਾਰਟੀ ਦੀ ਜਿੱਤ ਨਹੀਂ। ਇਹ ਜਿੱਤ ਕਿਸੇ ਇਕ ਨੇਤਾ ਦੀ ਜਿਤ ਨਹੀਂ ਤਾਕਿ ਆਉਣ ਵਾਲੇ ਹਿੰਦੋਸਤਾਨ ਵਿਚ ਜੇਕਰ ਕੋਈ ਦੁਸ਼ਮਨ ਸਾਡੇ ਵਲ ਅੱਖ ਕਰਕੇ ਵੇਖੇ ਤਾਂ ਸਾਡੇ ਦੇਸ਼ ਦਾ ਹਰ ਇਕ ਬੱਚਾ, ਹਰ ਕਿਸਮ ਦੇ ਮਤ-ਭੇਦ ਨੂੰ ਦੂਰ ਕਰ ਕੇ, ਉਸ ਦੀ ਅੱਖ ਭੰਨ ਦੇਵੇ। ਇਸ ਕਰ ਕੇ ਮੈਂ ਬੇਨਤੀ ਕਰਦਾ ਹਾਂ ਕਿ ਇਹ ਜਿੱਤ ਸ਼ਹੀਦਾਂ ਦੀ ਜਿੱਤ ਹੈ, ਲੋਕਾਂ ਦੀ ਜਿੱਤ ਹੈ। ਇਸ ਤੋਂ ਪਹਿਲਾਂ 16 ਵਿਅਕਤੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਹੈ, ਇਨ੍ਹਾਂ ਵਿਚ ਬਾਬੂ ਬਚਨ ਸਿੰਘ ਅਤੇ ਮਾਸਟਰ ਪਰਤਾਪ ਸਿੰਘ ਜੀ ਵਰਗੇ ਗ਼ਰੀਬ ਘਰਾਣੇ ਵਿਚੋਂ ਪੈਦਾ ਹੋਕੇ ਆਏ ਸਨ ਜਿਨ੍ਹਾਂ ਨੇ ਦੇਸ਼ ਦੀ ਸੇਵਾ ਕੀਤੀ ਹੈ। ਉਨ੍ਹਾਂ ਦੇ ਨਾਲ ਹੀ ਸਾਦਿਕ ਸਾਹਿਬ ਵੀ ਸਨ ਜੋ ਘੱਟ ਗਿਣਤੀ ਵਾਲੇ ਮੁੱਖ ਮੰਤਰੀ ਸਨ। (ਵਿਘਨ)

ਸ੍ਰੀ ਸਪੀਕਰ : ਵਾਈਂਡ ਅੱਪ ਕਰ ਦਿਓ। (Please wind up)

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਵਿਚ ਉਹ ਮੁੱਖ ਮੰਤਰੀ ਸਨ ਜਿਹੜੇ ਕਿ ਘਟ ਗਿਣਤੀ ਵਾਲੇ ਸਨ। ਮੈਂ ਬੇਨਤੀ ਕਰਦਾ ਹਾਂ ਕਿ (ਵਿਘਨ) (ਟਰੈਜ਼ਰੀ ਬੈਂਚਾਂ ਵਲੋਂ ਸ਼ੋਰ)

Mr. Speaker : Order please.

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਬੇਨਤੀ ਕਰਦਾ ਹਾਂ ਕਿ ਦੇਸ਼ ਵਿਚ ਚੰਗੀਆਂ ਰਵਾਇਤਾਂ ਕਾਇਮ ਕਰਨੀਆਂ ਹਨ। ਇਸ ਲਈ ਮੈਂ ਅਰਜ਼ ਕਰਾਂਗਾ ਕਿ ਦੋ ਮਿੰਟ ਲੈਣੇ ਹਨ ਕਿਰਪਾ

[ਸਰਦਾਰ ਅਜਾਇਬ ਸਿੰਘ ਸੰਧੂ]
ਕਰਕੇ ਸੁਣੋ । ਸਾਡੀ ਪਾਰਟੀ ਨੇ ਤੁਹਾਨੂੰ ਡਿਸਟਰਬ ਨਹੀਂ ਸੀ ਕੀਤਾ । (ਵਿਘਨ)

ਸਪੀਕਰ ਸਾਹਿਬ, ਮੈਂ ਇਸ ਲਈ ਸਮਝਦਾ ਹਾਂ ਕਿ ਸਾਦਿਕ ਸਾਹਿਬ ਦੀ ਜ਼ਿੰਦਗੀ ਪਾਕ ਸਾਫ਼ ਸੀ ਜੋ ਕਿ ਘੱਟ ਗਿਣਤੀ ਵਾਲਿਆਂ ਵਿਚੋਂ ਸਨ । ਸਾਨੂੰ ਇਸ ਗੱਲ ਦਾ ਫ਼ਖ਼ਰ ਹੈ ਕਿ ਅੱਜ ਉਹ ਘੱਟ ਗਿਣਤੀ ਵਾਲੇ ਮੁੱਖ ਮੰਤ੍ਰੀਆਂ ਵਿਚੋਂ ਹੁੰਦੇ ਹੋਏ ਕੋਈ ਕਰੋੜਾਂ ਰੁਪਏ ਦਾ ਬੈਂਕ ਬੈਲੈਂਸ ਛੱਡ ਕੇ ਨਹੀਂ ਗਏ । (ਵਿਘਨ) ਮੈਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਸਾਦਿਕ ਸਾਹਿਬ ਦੀ ਸਿਖਿਆ ਤੇ ਚਲਣ । (ਵਿਘਨ) ਇਹ ਰਫੀ ਐਹਮਦ ਕਿਦਵਾਈ ... (ਵਿਘਨ)

ਸ੍ਰੀ ਸਪੀਕਰ : ਕਿਰਪਾ ਕਰਕੇ ਸੰਖੇਪ ਰੂਪ ਵਿਚ ਸ਼ਰਧਾਂਜਲੀ ਪੇਸ਼ ਕਰੋ । (Please pay the tribute in brief)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਸਿਰਫ਼ ਇਤਨੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡੇ ਜਿਹੜੇ ਗ਼ਰੀਬ ਅਤੇ ਉੱਘੇ ਸਿਆਸਤਦਾਨ ਹੋ ਗੁਜ਼ਰੇ ਹਨ 25 ਸਾਲ ਹੋ ਚੁਕੇ ਹਨ ਸਾਡੇ ਦੇਸ਼ ਨੂੰ ਆਜ਼ਾਦ ਹੋਇਆਂ, ਬਾਬੂ ਬਚਨ ਸਿੰਘ, ਮਾਸਟਰ ਪਰਤਾਪ ਸਿੰਘ ਅਤੇ ਹੋਰ ਇਨ੍ਹਾਂ ਵਰਗੇ ਸਿਆਸਤਦਾਨ ਜਿਹੜੇ ਐਕਟਿਵ ਪਾਲਿਟਿਕਸ ਤੋਂ ਰੀਟਾਇਰ ਹੋਏ ਹਨ ਉਨ੍ਹਾਂ ਦੀ ਦੇਖ ਭਾਲ ਦਾ ਪ੍ਰਬੰਧ ਨਹੀਂ ਹੋਇਆ । ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਜਿਹੜੇ ਸੱਜਣ ਚੰਗੇ ਸਿਆਣੇ ਸਿਆਸਤਦਾਨ ਹੋਣ ਅਤੇ ਐਕਟਿਵ ਪਾਲਿਟਿਕਸ ਤੋਂ ਰੀਟਾਇਰ ਹੋ ਜਾਣ, ਉਨ੍ਹਾਂ ਦੀ ਰੋਟੀ, ਇਲਾਜ, ਰਿਹਾਇਸ਼ ਲਈ ਕੋਈ ਘਰ ਬਣਾਉਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ । (ਵਿਘਨ)

ਸਰਦਾਰ ਉਮਰਾਓ ਸਿੰਘ : ਤੁਹਾਡੇ ਸੰਤ ਫਤਿਹ ਸਿੰਘ ਦਾ ਪ੍ਰਬੰਧ ਕਰ ਦੇਣ ?

ਸਰਦਾਰ ਅਜਾਇਬ ਸਿੰਘ ਸੰਧੂ : ਇਨ੍ਹਾਂ ਸ਼ਬਦਾ ਨਾਲ ਮੈਂ ਇਨ੍ਹਾਂ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਪੇਸ਼ ਕਰਦਾ ਹਾਂ ਜਿਨ੍ਹਾਂ ਨੇ ਇਸ ਦੇਸ਼ ਦੀ ਆਜ਼ਾਦੀ ਨੂੰ ਕਾਇਮ ਰੱਖਣ ਲਈ ਜਾਨਾਂ ਵਾਰੀਆਂ (ਵਿਘਨ) ।

ਸ੍ਰੀ ਸਪੀਕਰ : ਮੈਂ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਹਾਊਸ ਫਿਨਾਂਸ ਮਨਿਸਟਰ ਸਾਹਿਬ ਦੀ ਬਜਟ ਸਪੀਚ ਦੇ ਬਾਅਦ ਐਡਜਰਨ ਹੋਵੇਗਾ ਅਤੇ ਇਕ ਵਜੇ ਨਹੀਂ । ਕੀ ਹਾਊਸ ਦੇ ਸਾਰੇ ਮੈਂਬਰਾਂ ਦੀ ਸਹਿਮਤੀ ਹੈ ? (I may state that the House will be adjourned after the Budget Speech of Finance Minister instead of at 1.00 P.M. Is it the pleasure of the House ?)

ਆਵਾਜ਼ਾਂ : ਜੀ ਹਾਂ ਠੀਕ ਹੈ ।

ਸ੍ਰੀ ਸਪੀਕਰ : ਅੱਜ ਵਿਧਾਨ ਸਭਾ ਦੀ ਬੈਠਕ ਫਾਈਨੈਂਸ ਮਨਿਸਟਰ ਸਾਹਿਬ ਦੀ ਬਜਟ ਸਪੀਚ ਪੂਰੀ ਕਰਨ ਉਪ੍ਰੰਤ ਐਡਜਰਨ ਹੋਵੇਗੀ । (The House will adjourn today after the Budget Speech of the hon. Minister for Finance.)

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ (ਗੜ੍ਹਸ਼ੰਕਰ) : ਮਾਨਯੋਗ ਸਪੀਕਰ ਸਾਹਿਬ, ਮੈਂ ਆਪਣੀ ਪਾਰਟੀ ਵਲੋਂ ਉਨ੍ਹਾਂ ਮਹਾਨ ਸ਼ਹੀਦਾਂ ਜਿਨ੍ਹਾਂ ਨੇ ਪਾਕਿਸਤਾਨ ਦੇ ਖਿਲਾਫ਼ ਜੰਗ ਵਿਚ ਬਲੀਦਾਨ ਦਿਤਾ, ਦੇਸ਼ ਦੀ ਆਜ਼ਾਦੀ ਨੂੰ ਸੁਰੱਖਿਅਤ ਕੀਤਾ ਔਰ ਨਾਲ ਹੀ ਬੰਗਲਾ ਦੇਸ਼ ਨੂੰ ਆਜ਼ਾਦ ਕਰਵਾਇਆ, ਨੂੰ ਸ਼ਰਧਾਂਜਲੀ ਭੇਟ ਕਰਨਾ ਚਾਹੁੰਦਾ ਹਾਂ । ਮੈਂ ਅਰਜ਼ ਕਰਦਾ ਹਾਂ ਕਿ ਪਿਛਲੇ ਸਾਲ ਸਾਡੇ ਦੇਸ਼ ਨੇ ਜੋ ਜੰਗੇ-ਆਜ਼ਾਦੀ ਲੜੀ ਉਸ ਉਤੇ ਸਾਨੂੰ ਗੌਰਵ ਅਤੇ ਮਾਣ ਹੈ । ਹਿੰਦੋਸਤਾਨ ਦੀ ਫੌਜ ਨੇ ਬੜੀਆਂ ਜੰਗਾਂ

ਲੜੀਆਂ, ਅੰਗਰੇਜ਼ਾਂ ਦੇ ਸਮੇਂ ਵਿਚ ਵੀ ਅਤੇ ਬਾਅਦ ਵਿਚ ਵੀ, ਪਰ ਸਾਡੀ ਫੌਜ ਦੀ ਬਹਾਦਰੀ ਦੇ ਸਾਰੇ ਪੰਨੇ ਸੁਨਹਿਰੀ ਨਹੀਂ। ਉਹ ਅੰਗਰੇਜ਼ ਦੇ ਸਮੇਂ ਮੈਸੋਪੁਟੀਮੀਆਂ, ਬਰਮਾਂ, ਹਾਂਗ ਕਾਂਗ ਅਤੇ ਸ਼ੰਗਾਈ ਵਿਚ ਜਾ ਕੇ ਸ਼ਹੀਦੀਆਂ ਦਿੰਦੇ ਰਹੇ। ਲੇਕਿਨ ਉਦੋਂ ਸਾਡੀ ਫੌਜ ਦਾ ਰੋਲ ਕੁਝ ਹੋਰ ਸੀ। ਉਸ ਵੇਲੇ ਬਾਹਰਲੇ ਲੋਕ ਸਾਡੀ ਫੌਜ ਨੂੰ ਚੰਗੀ ਨਿਗਾਹ ਨਾਲ ਨਹੀਂ ਸਨ ਵੇਖਦੇ। ਪਰ ਪਿਛਲੇ 20 ਸਾਲਾਂ ਵਿਚ ਜੋ ਕੁਰਬਾਨੀਆਂ ਸਾਡੇ ਫੌਜੀਆਂ ਨੇ ਦਿਤੀਆਂ ਹਨ ਉਨ੍ਹਾਂ ਉਤੇ ਹਰ ਹਿੰਦੁਸਤਾਨੀ ਗੌਰਵ ਕਰ ਸਕਦਾ ਹੈ। ਆਪਣੀ ਧੌਣ ਉਚੀ ਕਰ ਸਕਦਾ ਹੈ। ਹਿੰਦੁਸਤਾਨੀ ਫੌਜ ਦੀਆਂ ਕੁਰਬਾਨੀਆਂ ਦੀ ਬਹੁਤ ਅਹਿਮੀਅਤ ਹੈ। ਫੌਜ ਨੇ ਨਾ ਕੇਵਲ ਦੇਸ਼ ਦੀ ਸੁਰਖਿਆ ਦਰਿੜ੍ਹਤਾ ਪੂਰਵਕ ਕੀਤੀ, ਕਿਉਂਕਿ ਹਮਲਾ ਪਹਿਲਾਂ ਪਾਕਿਸਤਾਨ ਵਲੋਂ ਕੀਤਾ ਗਿਆ ਸੀ, ਬਲਕਿ ਬੰਗਲਾ ਦੇਸ਼ ਨੂੰ ਅਜ਼ਾਦ ਵੀ ਕਰਵਾਇਆ ਹੈ। 30 ਲੱਖ ਆਦਮੀਆਂ ਦਾ ਕਤਲੇਆਮ ਹੋਇਆ। ਤਿੰਨ ਲੱਖ ਇਸਤਰੀਆਂ ਦੀ ਬੇ-ਪਤੀ ਕੀਤੀ ਗਈ। ਇਸ ਵਿਚ ਨਾ ਸਿਰਫ ਫੌਜਾਂ ਨੇ ਹੀ ਕੁਰਬਾਨੀ ਕੀਤੀ ਸਗੋਂ ਇਕ ਕਰੋੜ ਲੋਕ ਇਸ ਦੇਸ਼ ਵਿਚ ਚਲ ਕੇ ਆਏ। ਇਹੋ ਜਿਹੇ ਸਮੇਂ ਵਿਚ ਕੇਵਲ ਫੌਜਾਂ ਨੇ ਹੀ ਕੁਰਬਾਨੀ ਨਹੀਂ ਕੀਤੀ। ਮੈਂ ਇਹ ਵੀ ਕਹੇ ਬਗੈਰ ਨਹੀਂ ਰਹਿ ਸਕਦਾ ਕਿ ਕੁਝ ਸੱਜਨ ਇਹ ਕਹਿੰਦੇ ਹਨ ਕਿ ਸਭ ਕੁਝ ਫੌਜਾਂ ਨੇ ਹੀ ਕੀਤਾ ਹੈ ਪਰ ਇਹ ਸਭ ਕੁਝ ਨਾ ਕਰ ਸਕਦੀਆਂ ਜੇਕਰ ਪੁਲੀਟੀਕਲ ਲੀਡਰਸ਼ਿਪ ਦਰੁਸਤ ਨਾ ਹੁੰਦੀ (ਪ੍ਰਸ਼ੰਸਾ) ਅਤੇ ਮੈਂ ਸਮਝਦਾ ਹਾਂ ਕਿ ਦਰੁਸਤ ਲੀਡਰਸ਼ਿਪ ਜੇਕਰ ਨਾ ਹੁੰਦੀ ਤਾਂ ਕੁਰਬਾਨੀਆਂ ਵਿਅਰਥ ਜਾ ਸਕਦੀਆਂ ਸਨ ਅਤੇ ਦੇਸ਼ ਕਲੰਕਤ ਹੋ ਸਕਦਾ ਸੀ। ਮੈਂ ਤਾਂ ਸਮਝਦਾ ਹਾਂ ਕਿ ਲੀਡਰਸ਼ਿਪ ਦੀ ਮਹਾਨਤਾ ਹੈ ਕਿ ਮੁਕਤੀ ਬਹਿਨੀ ਤਿਆਰ ਕੀਤੀ ਗਈ, ਸੋਵੀਅਤ ਰੂਸ ਨਾਲ ਸੰਧੀ ਕੀਤੀ ਗਈ ਅਤੇ ਆਪ ਪਹਿਲ ਨਹੀਂ ਕੀਤੀ। ਔਰ ਜਿਸ ਵੇਲੇ ਜੰਗ ਦੇ ਆਸ਼ੇ ਪੂਰੇ ਹੋ ਗਏ ਤਾਂ ਚਾਰ ਘੰਟੇ ਵੀ ਲੜਾਈ ਨਾ ਰਹਿਣ ਦਿਤੀ ਅਤੇ ਸੀਜ਼ਫਾਇਰ ਕਰ ਕੇ ਜੰਗ-ਬੰਦੀ ਕਰ ਦਿਤੀ।

ਇਸ ਲਿਹਾਜ਼ ਨਾਲ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਸਭ ਕੁਝ ਦੇਖਦੇ ਹੋਏ ਉਸ ਪੁਲੀਟੀਕਲ ਪੱਖ ਨੂੰ ਭੁਲਣਾ ਨਹੀਂ ਚਾਹੀਦਾ। ਅੰਤਿਮ ਗੱਲ ਸਪੀਕਰ ਸਾਹਿਬ ਜਿਹੜੀ ਮੈਂ ਕਹਿਣਾ ਚਾਹੁੰਦਾ ਹਾਂ ਉਸ ਵਿਚੋਂ ਇਹ ਸਬਕ ਨਿਕਲਦਾ ਹੈ ਕਿ ਜਿਹੜਾ ਕਾਂਡ ਪਿਛਲੇ ਸਾਲ ਹੋਇਆ ਹੈ ਉਸ ਵਿਚ ਦੁਸ਼ਮਨ ਪਾਕਿਸਤਾਨ ਦੀ ਜਨਤਾ ਨਹੀਂ। ਲੜਾਈ ਤੋਂ ਪਹਿਲਾਂ ਸਾਰੇ ਪਾਕਿਸਤਾਨੀਆਂ ਨੂੰ ਸਾਡੇ ਲੋਕ ਦੁਸ਼ਮਨ ਸਮਝਦੇ ਸੀ ਪਰੰਤੂ ਪਾਕਿਸਤਾਨ ਦਾ ਅੱਧਾ ਹਿੱਸਾ ਬੰਗਲਾ ਦੇਸ਼ ਬਣ ਗਿਆ ਹੈ। ਅੱਜ ਉਸ ਬੰਗਲਾ ਦੇਸ਼ ਦੀ ਜਨਤਾ ਜਿਹੜੀ ਕਿ ਪਹਿਲਾਂ ਪਾਕਿਸਤਾਨੀ ਸੀ, ਸਾਡੇ ਮਿੱਤਰ, ਕਾਮਰੇਡ ਅਤੇ ਸਾਥੀ ਬਣ ਚੁੱਕੀ ਹੈ। ਫੌਜੀ ਯਹੀਆ ਜੁੰਡਲੀ ਸਾਡੀ ਦੁਸ਼ਮਨ ਸੀ। ਉਨ੍ਹਾਂ ਦੀ ਪਿੱਠ ਤੇ ਅਮਰੀਕੀ ਸਾਮਰਾਜ ਅਤੇ ਹੈਂਕੜ-ਬਾਜ਼ ਚੀਨ ਹੈ। ਅਜੇ ਵੀ ਉਨ੍ਹਾਂ ਦੀ ਨੀਤੀ ਹਿੰਦੁਸਤਾਨ ਵਲ ਨਹੀਂ ਬਦਲੀ ਔਰ ਜਿਹੜੀ ਰੋਜ਼ਰਜ਼ ਦੀ ਰਿਪੋਰਟ ਕੱਲ੍ਹ ਛੱਪ ਕੇ ਆਈ ਹੈ ਉਸ ਵਿਚ ਇਹ ਲਿਖਿਆ ਹੈ ਕਿ ਹਿੰਦੁਸਤਾਨ ਨੂੰ ਅਸੀਂ ਸਬਕ ਪੜ੍ਹਾਉਣਾ ਹੈ। ਉਧਰ ਚਊ-ਐਨ ਲਾਈ ਬਰਾਬਰ ਕਹਿੰਦਾ ਹੈ ਕਿ ਹਿੰਦੁਸਤਾਨ ਨੇ ਬੰਗਲਾ ਦੇਸ਼ ਉਤੇ ਕਬਜ਼ਾ ਕਰ ਲਿਆ ਹੈ। ਹਿੰਦੁਸਤਾਨ ਨੇ ਬੰਗਲਾ ਦੇਸ਼ ਨੂੰ ਗੁਲਾਮ ਬਣਾਇਆ ਹੋਇਆ ਹੈ। ਸਾਨੂੰ ਇਹ ਗੱਲ ਭੁਲਣੀ ਨਹੀਂ ਚਾਹੀਦੀ ਕਿ ਸਾਡੀ ਆਜ਼ਾਦੀ ਨੂੰ ਖ਼ਤਰਾ ਅਜੇ ਟਲਿਆ ਨਹੀਂ। ਇਸ ਲਈ ਇਹ ਜ਼ਰੂਰੀ ਹੈ ਕਿ ਜਿਹੜੀਆਂ ਦਰੁਸਤ ਪੁਲੀਟੀਕਲ ਅਤੇ ਬਦੇਸ਼ੀ ਨੀਤੀਆਂ ਹਨ, ਸਾਨੂੰ ਉਨ੍ਹਾਂ ਨੂੰ ਅਪਣਾਉਣਾ ਚਾਹੀਦਾ ਹੈ। ਆਪਣੀਆਂ ਫ਼ੌਜਾਂ ਨੂੰ ਹੋਰ ਵੀ ਮਜ਼ਬੂਤ ਬਣਾਉਣਾ ਚਾਹੀਦਾ ਹੈ। ਇਸ ਜੰਗ ਦੇ ਦੌਰਾਨ ਕਈ ਲੋਕ ਇਥੇ ਅਜਿਹੇ ਵੀ ਸਨ ਜਿਹੜੇ ਕਹਿੰਦੇ ਸਨ ਕਿ ਅਸੀਂ ਬੰਗਲਾ ਦੇਸ਼ ਇਥੇ ਹੀ ਬਣਾ ਦੇਵਾਂਗੇ। ਕਈ ਲੋਕ ਜਿਹੜੀ ਹਿੰਦੁਸਤਾਨ-ਸੋਵੀਅਤ ਦੀ ਸੰਧੀ ਹੋਈ ਹੈ, ਉਸ ਦੇ ਖ਼ਿਲਾਫ਼ ਸਨ। ਇਸ ਲਿਹਾਜ਼ ਨਾਲ ਮਾਹੌਲ ਬਿਲਕੁਲ ਬਦਲਿਆ ਹੋਇਆ ਹੈ। ਪਾਕਿਸਤਾਨ ਨੂੰ ਅਮਰੀਕੀ

[ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ]
ਸਾਮਰਾਜ ਅਤੇ ਹੈਂਕੜਸ਼ਾਹ ਚੀਨ ਪੂਰੀ ਇਮਦਾਦ ਮਿਲਣ ਕਾਰਨ ਸਾਡੀ ਆਜ਼ਾਦੀ ਨੂੰ ਖ਼ਤਰਾ ਬਣਿਆ ਹੋਇਆ ਹੈ। ਸਾਨੂੰ ਦਰੁਸਤ ਨੀਤੀਆਂ ਨੂੰ ਭੁਲਣਾ ਨਹੀਂ ਚਾਹੀਦਾ। ਇਸ ਦੇ ਨਾਲ ਹੀ ਉਨਾਂ ਬਹਾਦਰ ਫ਼ੌਜੀ ਸ਼ਹੀਦਾਂ ਨੂੰ ਯਾਦ ਰੱਖਦਿਆਂ ਹੋਇਆਂ ਮੈਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ। ਉਨ੍ਹਾਂ ਦੇ ਪਰਿਵਾਰ, ਸਬੰਧੀਆਂ ਅਤੇ ਉਨ੍ਹਾਂ ਦੇ ਬੱਚਿਆਂ ਦਾ ਖਿਆਲ ਰੱਖਣਾ ਚਾਹੀਦਾ ਹੈ। ਮੈਂ ਬੇਨਤੀ ਕਰਾਂਗਾ ਕਿ ਸਾਨੂੰ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕਰਨੀ ਚਾਹੀਦੀ ਹੈ। ਇਤਨਾ ਕਹਿ ਕੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਸ੍ਰੀ ਸਪੀਕਰ : ਸਾਡੇ ਕਈ ਸਾਥੀ ਅਤੇ ਮਹਾਨ ਹਸਤੀਆਂ ਸਾਨੂੰ ਸਦੀਵੀਂ ਵਿਛੋੜਾ ਦੇ ਗਈਆਂ ਹਨ। ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਲਈ ਅਕੀਦਤ, ਸ਼ਰਧਾ ਅਤੇ ਉਨ੍ਹਾਂ ਵੀਰਾਂ ਦੀਆਂ ਰੂਹਾਂ ਦੀ ਸ਼ਾਂਤੀ ਲਈ, ਜੋ ਸਦਗਤੀ ਪ੍ਰਾਪਤ ਕਰ ਗਏ ਹਨ, ਪ੍ਰਾਰਥਨਾ ਕਰਨ ਲਈ ਮੈਂ ਸਾਰੇ ਮੈਂਬਰਾਂ ਨੂੰ ਬੇਨਤੀ ਕਰਾਂਗਾ ਕਿ ਉਹ ਆਪਣੀ ਆਪਣੀ ਜਗ੍ਹਾ ਦੋ ਮਿੰਟ ਲਈ ਖੜੇ ਹੋ ਕੇ ਮੌਨ ਧਾਰਨ ਕਰਨ।

(ਇਸ ਵੇਲੇ ਦੋ ਮਿੰਟ ਲਈ ਸਮੂਹ ਮੈਂਬਰ ਮੌਨ ਖੜੇ ਹੋ ਗਏ)

(Some of our colleagues and great personalities have departed from us. I would request the hon. Members to rise in their seats and observe silence for two minutes as a mark of respect to the memory of departed souls and pray that they may rest in peace.)

(At this stage the House stood in silence for two minutes.)

ANNOUNCEMENT BY THE SPEAKER RE. GOVERNOR'S ADDRESS *(Laid on the Table)*

Mr. Speaker. In pursuance of Rule 18 of the Rules of Procedure and Conduct of Business in the Punjab Legislative Assembly, I have to report that the Governor was pleased to address the Punjab Vidhan Sabha on the 22nd March, 1972 under Article 176 (1) of the Constitution. A copy of the Address is laid on the Table of the House.

ਪੰਜਾਬ ਦੇ ਰਾਜਪਾਲ ਡਾਕਟਰ ਦਾਦਾ ਸਾਹਿਬ ਚਿੰਤਾਮਣੀ ਪਾਵਟੇ ਦੁਆਰਾ ਪੰਜਾਬ ਵਿਧਾਨ ਸਭਾ ਦੇ ਸਮਾਗਮ ਵਿਚ ਬੁਧਵਾਰ 22 ਮਾਰਚ 1972 ਨੂੰ ਦਿਤਾ ਗਿਆ ਭਾਸ਼ਣ।

ਮਿੱਤਰੋ,

ਮੈਂ ਆਪ ਜੀ ਨੂੰ ਨਵੀਂ ਵਿਧਾਨ ਸਭਾ ਦੇ ਪਹਿਲੇ ਸਮਾਗਮ ਵਿਚ ਜੀ ਆਇਆਂ ਕਹਿਣ ਦੀ ਖੁਸ਼ੀ ਲੈ ਰਿਹਾ ਹਾਂ ਅਤੇ ਲੋਕਾਂ ਦੁਆਰਾ ਉਨ੍ਹਾਂ ਦੇ ਪ੍ਰਤੀਨਿਧ ਚੁਣੇ ਜਾਣ ਤੇ ਆਪ ਜੀ ਨੂੰ ਹਾਰਦਿਕ ਵਧਾਈ ਦਿੰਦਾ ਹਾਂ। ਇਹ ਬੜੀ ਖ਼ੁਸ਼ੀ ਦੀ ਗੱਲ ਹੈ ਕਿ ਚੋਣਾਂ ਬਹੁਤ ਅਮਨ ਅਮਾਨ ਨਾਲ ਹੋਈਆਂ ਹਨ, ਜਿਹੜੀਆਂ ਇਸ ਗੱਲ ਨੂੰ ਪ੍ਰਗਟਾਉਂਦੀਆਂ ਹਨ ਕਿ ਲੋਕਾਂ ਅੰਦਰ ਸੋਚਣ ਸ਼ਕਤੀ ਦੀ ਪਕਿਆਈ ਤੇ ਚੇਤੰਨਤਾ ਪੂਰੀ ਤਰ੍ਹਾਂ ਆ ਚੁਕੀ ਹੈ।

ਇਹ ਬੜੇ ਦੁਖ ਦੀ ਗੱਲ ਹੈ ਕਿ ਸਾਲ ਦੇ ਦੌਰਾਨ ਕੁਝ ਉੱਘੇ ਵਿਧਾਨਕਾਰਾਂ ਅਤੇ ਲੋਕ-ਸੇਵਕਾਂ ਸ੍ਰੀ ਪ੍ਰਤਾਪ ਸਿੰਘ, ਸ੍ਰੀ ਗੋਰਖ ਨਾਥ, ਗੁਰੂ ਜਸਵੰਤ ਸਿੰਘ, ਬਾਬੂ ਬਚਨ ਸਿੰਘ, ਸ੍ਰੀ ਮੋਹਨ ਲਾਲ, ਰਾਜਾ

ਸੁਰਿੰਦਰ ਸਿੰਘ ਨਾਲਾਗੜ੍ਹ ਅਤੇ ਸ੍ਰੀ ਦੁਰਗਾ ਦਾਸ ਭਾਟੀਆ ਦੀ ਦੁਖਦਾਈ ਮਿਰਤੂ ਨਾਲ ਰਾਜ ਨੂੰ ਭਾਰੀ ਨੁਕਸਾਨ ਉਠਾਉਣਾ ਪਿਆ । ਮੈਨੂੰ ਪੂਰਣ ਵਿਸ਼ਵਾਸ਼ ਹੈ ਕਿ ਉਨ੍ਹਾਂ ਦੇ ਦੇਹਾਂਤ ਤੇ ਦੁਖ ਦਾ ਪ੍ਰਗਟਾਵਾ ਕਰਨ ਵਿਚ ਆਪ ਜੀ ਮੇਰਾ ਸਾਥ ਦਿਉਗੇ ।

1971 ਦਾ ਸਾਲ ਭਾਰੀ ਇਤਿਹਾਸਕ ਮਹੱਤਤਾ ਦਾ ਸਾਲ ਸੀ, ਜਿਸ ਦਾ ਲੋਕਾਂ ਨੂੰ ਹਮੇਸ਼ਾਂ ਲਈ ਮਾਣ ਰਹੇਗਾ । ਬਾਰ੍ਹਾਂ ਮਹੀਨਿਆਂ ਦੇ ਇਸ ਸਮੇਂ ਦੇ ਦੌਰਾਨ ਸਾਨੂੰ ਲਗਾਤਾਰ ਕਈ ਘਟਨਾਵਾਂ ਦਾ ਸਾਹਮਣਾ ਕਰਨਾ ਪਿਆ ਜਿਨ੍ਹਾਂ ਦਾ ਸਥਾਈ ਪ੍ਰਭਾਵ ਸਾਡੇ ਭਵਿਖ ਤੇ ਵੀ ਪਵੇਗਾ । ਮਾਰਚ, 1971 ਵਿਚ ਲੋਕ-ਸਭਾ ਦੀਆਂ ਚੋਣਾਂ ਹੋਈਆਂ ਸਨ । ਲੋਕਾਂ ਨੇ ਪ੍ਰਧਾਨ ਮੰਤਰੀ ਜੀ ਦੇ ਧਰਮ-ਨਿਰਪੱਖਤਾ ਅਤੇ ਸਮਾਜਕ ਬਰਾਬਰੀ ਦੇ ਪ੍ਰੋਗਰਾਮ ਸਬੰਧੀ ਉਨ੍ਹਾਂ ਦੇ ਹੱਥ ਮਜ਼ਬੂਤ ਕਰਦਿਆਂ ਹੋਇਆਂ, ਸਾਰੀਆਂ ਮਾਰੂ ਤੇ ਪਿਛਾਂਹ-ਖਿਚੂ ਨੀਤੀਆਂ ਦਾ ਪੁਰ ਜ਼ੋਰ ਨਾਲ ਖੰਡਨ ਕੀਤਾ ਸੀ ਅਤੇ ਲੋਕ-ਰਾਜ ਲਈ ਆਪਣੇ ਪਿਆਰ ਅਤੇ ਉਸ ਨੂੰ ਬਰਕਰਾਰ ਰੱਖਣ ਦੀ ਦ੍ਰਿੜ੍ਹਤਾ ਦਾ ਸ਼ਾਨਦਾਰ ਤਰੀਕੇ ਨਾਲ ਪ੍ਰਗਟਾਵਾ ਕੀਤਾ ਸੀ । ਇਹ ਠੀਕ ਵੀ ਸੀ । ਇਸ ਪਿਛੋਂ ਜਲਦੀ ਹੀ ਸਾਡੇ ਦੇਸ਼ ਨੂੰ ਬੰਗਲਾ ਦੇਸ਼ ਵਿਚ ਦਿਲਾਂ ਨੂੰ ਕੰਬਾ ਦੇਣ ਵਾਲੇ ਦੁਖਦਾਈ ਮਨੁੱਖੀ ਕਾਂਡ ਦੀ ਗੰਭੀਰ ਸਮੱਸਿਆ ਦਾ ਸਾਹਮਣਾ ਕਰਨਾ ਪੈ ਗਿਆ । ਇਨ੍ਹਾਂ ਭਿਆਨਕ ਦਿਨਾਂ ਵਿਚ ਪ੍ਰਧਾਨ ਮੰਤਰੀ ਜੀ ਦੀ ਸੁਚੱਜੀ ਤੇ ਦ੍ਰਿੜ੍ਹ ਲੀਡਰਸ਼ਿਪ ਅਤੇ ਸਾਡੇ ਵਿਦੇਸ਼ ਮੰਤਰੀ ਜੀ ਦੁਆਰਾ ਵਰਤੀ ਗਈ ਸਿਆਣਪ ਨੇ, ਜਿਸ ਤੇ ਸਾਡੇ ਰਾਜ ਦੇ ਲੋਕਾਂ ਨੂੰ ਬਹੁਤ ਮਾਣ ਹੈ, ਲੋਕਾਂ ਦਾ ਹੌਂਸਲਾ ਬਣਾਈ ਰੱਖਣ ਅਤੇ ਸਮੱਸਿਆ ਨੂੰ ਨਜਿੱਠਣ ਵਿਚ ਸਹਾਇਤਾ ਕੀਤੀ । ਭਾਰਤ-ਰੂਸ ਸੰਧੀ ਨੇ ਸਾਡੀ ਪੁਰਾਣੀ ਮਿੱਤਰਤਾ ਨੂੰ ਅਤੇ ਰੂਸੀ ਵੀਰਾਂ ਨਾਲ ਆਪਸੀ ਹਮਦਰਦੀ ਨੂੰ ਹੋਰ ਪੱਕਿਆਂ ਕੀਤਾ । ਇਨ੍ਹਾਂ ਪਿਛਲੀਆਂ ਘਟਨਾਵਾਂ ਤੋਂ, ਆਪ ਚੰਗੀ ਤਰ੍ਹਾਂ ਜਾਣੂ ਹੋ ਜਿਨ੍ਹਾਂ ਸਦਕਾ ਬੰਗਲਾ ਦੇਸ਼ ਆਜ਼ਾਦ ਹੋਇਆ, ਅਤੇ ਮੈਂ ਇਨ੍ਹਾਂ ਨੂੰ ਦੁਹਰਾਉਣ ਦੀ ਲੋੜ ਨਹੀਂ ਸਮਝਦਾ । ਮੈਂ ਵਿਸ਼ਵਾਸ ਕਰਦਾ ਹਾਂ ਕਿ ਆਪ ਸਾਰੇ ਪ੍ਰਧਾਨ ਮੰਤਰੀ ਜੀ ਨੂੰ ਉਨ੍ਹਾਂ ਦੀ ਸਿਆਣੀ ਤੇ ਨਿਧੜਕ ਲੀਡਰਸ਼ਿਪ ਲਈ ਵਧਾਈ ਦੇਣ ਵਿਚ ਮੇਰਾ ਸਾਥ ਦਿਉਗੇ, ਜਿਸ ਸਦਕਾ ਇਸ ਸਾਲ ਦੇ ਦੌਰਾਨ ਗੰਭੀਰ ਸਮੱਸਿਆਵਾਂ ਤੇ ਕਾਬੂ ਪਾਇਆ ਜਾ ਸਕਿਆ ਹੈ ਅਤੇ ਦੇਸ਼ ਨੂੰ ਮਜ਼ਬੂਤ ਬਣਾਇਆ ਗਿਆ ਹੈ । ਅੱਜ ਕੌਮਾਂਤਰੀ ਭਾਈਚਾਰੇ ਵਿਚ ਭਾਰਤ ਦਾ ਪੂਰਾ ਸਤਿਕਾਰ ਹੈ ਅਤੇ ਹਰ ਸ਼ਹਿਰੀ ਸਾਡੀਆਂ ਇਨ੍ਹਾਂ ਪ੍ਰਾਪਤੀਆਂ ਵਿਚ ਆਪਣਾ ਨਿੱਜੀ ਗੌਰਵ ਅਨੁਭਵ ਕਰਦਾ ਹੈ । ਇਸ ਸਭ ਕੁਝ ਦਾ ਸਿਹਰਾ ਸ੍ਰੀਮਤੀ ਇੰਦਰਾ ਗਾਂਧੀ ਜੀ ਦੇ ਸਿਰ ਹੀ ਹੈ ।

ਸਾਡੇ ਉੱਤੇ ਠੋਸੀ ਗਈ ਇਸ ਅਚਾਨਕ ਜੰਗ ਵਿਚ ਪੰਜਾਬ ਸਭ ਤੋਂ ਅੱਗੇ ਸੀ । ਹਥਿਆਰਬੰਦ ਸੈਨਾ ਦੇ ਸਾਡੇ ਨੌਜਵਾਨਾਂ ਨੇ, ਹਰੇਕ ਸੈਕਟਰ ਦੇ ਹਰੇਕ ਮੋਰਚੇ ਤੇ ਦੁਸ਼ਮਨ ਦੇ ਦੰਦ ਖੱਟੇ ਕੀਤੇ । ਉਨ੍ਹਾਂ ਦੁਆਰਾ ਵੱਡੀ ਗਿਣਤੀ ਵਿਚ ਜਿੱਤੇ ਗਏ ਇਨਾਮ ਉਨ੍ਹਾਂ ਦੀ ਸੂਰਬੀਰਤਾ ਤੇ ਫਰਜ਼-ਸ਼ਨਾਸੀ ਦੀ ਪ੍ਰੋੜ੍ਹਤਾ ਕਰਦੇ ਹਨ । ਉਨ੍ਹਾਂ ਦੁਆਰਾ ਕੀਤੀਆਂ ਗਈਆਂ ਸਾਰੀਆਂ ਕੁਰਬਾਨੀਆਂ ਦੇ ਸੰਕੇਤ ਵੱਜੋਂ ਮੈਂ ਵਿਸ਼ੇਸ਼ ਤੌਰ ਤੇ ਫਲਾਇੰਗ ਅਫਸਰ ਸ੍ਰੀ ਪਰਮਜੀਤ ਸਿੰਘ ਸੇਖੋਂ ਦਾ ਜ਼ਿਕਰ ਕਰਨਾ ਜ਼ਰੂਰੀ ਸਮਝਦਾ ਹਾਂ, ਜਿਨ੍ਹਾਂ ਨੂੰ ਹਵਾਈ ਫ਼ੌਜ ਵਿਚ ਪਹਿਲੀ ਵਾਰ ਪਰਮਵੀਰ ਚੱਕਰ ਪ੍ਰਦਾਨ ਕੀਤਾ ਗਿਆ । ਇਨ੍ਹਾਂ ਨੌਜਵਾਨਾਂ ਦੀਆਂ ਕੁਰਬਾਨੀਆਂ ਸਾਡੇ ਦਿਲਾਂ ਵਿਚ ਹਮੇਸ਼ਾਂ ਤਾਜ਼ਾ ਰਹਿਣਗੀਆਂ ਅਤੇ ਇਨ੍ਹਾਂ ਦੇ ਜਿਣ ਨੂੰ ਸਾਡੇ ਲੋਕ ਕਦੇ ਨਹੀਂ ਭੁਲਣਗੇ । ਹਥਿਆਰਬੰਦ ਸੈਨਾ ਦੇ ਮੈਂਬਰਾਂ ਅਤੇ ਸ਼ਹੀਦ ਜਵਾਨਾਂ ਦੇ ਆਸ਼ਰਿਤਾਂ ਅਤੇ ਪਰਿਵਾਰਾਂ ਪ੍ਰਤੀ ਸਾਡੇ ਦਿਲਾਂ ਵਿਚ ਵਿਸ਼ੇਸ਼ ਆਦਰ ਸਤਿਕਾਰ ਰਹੇਗਾ ਅਤੇ ਅਸੀਂ ਉਨ੍ਹਾਂ ਪ੍ਰਤੀ ਆਪਣੇ ਕਰਤੱਵ ਨੂੰ ਨਹੀਂ ਭੁਲਾਵਾਂਗੇ । ਉਨ੍ਹਾਂ ਦੀਆਂ ਮਹਾਨ ਕੁਰਬਾਨੀਆਂ ਦਾ ਸਿੱਲਾ ਅਸੀਂ ਕਦੇ ਨਹੀਂ ਦੇ

[ਸ੍ਰੀ ਸਪੀਕਰ]
ਸਕਦੇ, ਪਰ ਫਿਰ ਵੀ ਉਨ੍ਹਾਂ ਦੀ ਭਲਾਈ ਵਾਸਤੇ ਮੇਰੀ ਸਰਕਾਰ ਨੇ ਕੁਝ ਕੁ ਫੈਸਲੇ ਕੀਤੇ ਹਨ। ਸੂਰਬੀਰਤਾ ਲਈ ਇਨਾਮ ਪ੍ਰਾਪਤ ਕਰਨ ਵਾਲਿਆਂ ਲਈ ਨਕਦ ਇਨਾਮ ਦੇ ਦਰਾਂ ਵਿਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਗਈ ਹੈ :

	ਪੁਰਾਣੇ ਦਰ	ਨਵੇਂ ਦਰ
ਪਰਮ ਵੀਰ ਚੱਕਰ ...	10,000 ਰੁਪਏ+30 ਸਾਲਾਂ ਲਈ 500 ਰੁਪਏ ਦਾ ਸਾਲਿਆਨਾ	15,000 ਰੁਪਏ+30 ਸਾਲਾਂ ਲਈ 750 ਰੁਪਏ ਦਾ ਸਾਲਿਆਨਾ
ਮਹਾਂਵੀਰ ਚੱਕਰ	7,500 ਰੁਪਏ	10,000 ਰੁਪਏ
ਵੀਰ ਚੱਕਰ	3,000 ਰੁਪਏ	5,000 ਰੁਪਏ

ਸੀਮਾਂ ਸੁਰੱਖਿਆ ਦਲ ਦੇ ਜਵਾਨਾਂ ਅਤੇ ਹੋਮ ਗਾਰਡ ਦੇ ਵਾਲੰਟੀਅਰਾਂ ਦੁਆਰਾ ਵਿਖਾਈ ਗਈ ਬਹਾਦਰੀ ਦੀ ਸਰਕਾਰ ਭਰਪੂਰ ਪ੍ਰਸ਼ੰਸਾ ਕਰਦੀ ਹੈ ਅਤੇ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਜੰਗ ਸਮੇਂ ਹਥਿਆਰਬੰਦ ਸੈਨਾ ਦੇ ਮਾਰੇ ਗਏ, ਲਾ-ਪਤਾ ਜਾਂ ਨਕਾਰਾ ਹੋਏ ਫ਼ੌਜੀਆਂ ਨੂੰ ਮਿਲਣ-ਯੋਗ ਸਾਰੀਆਂ ਸਹੂਲਤਾਂ ਸੀਮਾਂ ਸੁਰੱਖਿਆ ਦਲ ਅਤੇ ਹੋਮਗਾਰਡ ਦੇ ਜਵਾਨਾਂ ਨੂੰ ਵੀ ਦੇ ਦਿੱਤੀਆਂ ਜਾਣ।

ਹਥਿਆਰਬੰਦ ਸੈਨਾ ਦੇ ਮੈਂਬਰਾਂ ਨੂੰ ਜੋ ਸਹਾਇਤਾ ਪੰਜਾਬ ਰੱਖਿਆ ਅਤੇ ਸੁਰੱਖਿਆ ਸਹਾਇਤਾ ਫ਼ੰਡ ਵਿਚੋਂ ਦਿਤੀ ਜਾਂਦੀ ਸੀ ਉਸ ਦੀ ਰਕਮ ਵਿਚ ਵੀ ਹੇਠ ਲਿਖੇ ਅਨੁਸਾਰ ਵਾਧਾ ਕੀਤਾ ਗਿਆ ਹੈ :

ਅਫ਼ਸਰ ... 2,000 ਤੋਂ ਵਧਾ ਕੇ 2,500 ਰੁਪਏ।

ਜਵਾਨ ... 1,000 ਤੋਂ ਵਧਾ ਕੇ 1,500 ਰੁਪਏ।

ਇਸ ਤੋਂ ਇਲਾਵਾ, ਹਥਿਆਰਬੰਦ ਸੈਨਾ ਦੇ ਫ਼ੌਜੀਆਂ, ਸੀਮਾਂ ਸੁਰੱਖਿਆ ਦਲ, ਹੋਮ ਗਾਰਡ ਅਤੇ ਜਨਰਲ ਰਿਜ਼ਰਵ ਇੰਜੀਨੀਅਰੀ ਫ਼ੋਰਸ ਦੇ ਮੈਂਬਰਾਂ ਨੂੰ, ਜਿਨ੍ਹਾਂ ਨੂੰ ਜੰਗ ਵਿਚ 20 ਤੋਂ 50 ਪ੍ਰਤੀਸ਼ਤ ਸਰੀਰਕ ਹਾਨੀ ਪਹੁੰਚੀ ਹੈ, ਇਸ ਫੰਡ ਵਿਚੋਂ ਹੇਠ ਲਿਖੇ ਦਰਾਂ ਅਨੁਸਾਰ ਵਧੀਕ ਗਰਾਂਟਾਂ ਦਿੱਤੀਆਂ ਜਾਣਗੀਆਂ :

ਅਫ਼ਸਰ ... 1,250 ਰੁਪਏ

ਜੇ. ਸੀ. ਓ. ... 750 ਰੁਪਏ

ਹੋਰ ਰੈਂਕ ... 500 ਰੁਪਏ

ਮੈਂ ਹੋਮ ਗਾਰਡ ਦੇ ਕਰਮਚਾਰੀਆਂ ਦਾ ਵਿਸ਼ੇਸ਼ ਤੌਰ ਤੇ ਜ਼ਿਕਰ ਕਰਨਾ ਚਾਹੁੰਦਾ ਹਾਂ, ਜਿਹੜੇ ਸਾਰੇ ਹੀ ਵਾਲੰਟੀਅਰ ਹਨ। ਇਨ੍ਹਾਂ ਨੇ ਹਾਲ ਦੀ ਜੰਗ ਵਿਚ ਹਥਿਆਰਬੰਦ ਸੈਨਾ ਅਤੇ ਸੀਮਾ ਸੁਰੱਖਿਆ ਦਲ ਦੇ ਮੈਂਬਰਾਂ ਨਾਲ ਮੋਢੇ ਨਾਲ ਮੋਢਾ ਡਾਹਿਆ। ਉਨ੍ਹਾਂ ਵਿਚੋਂ 11 ਵਿਅਕਤੀਆਂ ਨੇ ਕੌਮ ਲਈ ਆਪਣੀਆਂ ਜਾਨਾਂ ਵੀ ਕੁਰਬਾਨ ਕਰ ਦਿੱਤੀਆਂ। 1965 ਦੀ ਭਾਰਤ-ਪਾਕ ਜੰਗ ਵਾਂਗ ਐਤਕਾਂ ਵੀ ਰਾਜ ਦੇ ਸਿਵਲੀਅਨ ਟਰੱਕ ਡਰਾਈਵਰਾਂ ਨੇ ਫ਼ੌਜ ਦੀ ਮਦਦ ਵਿਚ ਸ਼ਾਨਦਾਰ ਕੰਮ ਕੀਤਾ।

ਇਸ ਸਰਹੱਦੀ ਰਾਜ ਦੇ ਲੋਕਾਂ ਨੇ ਆਪਣੀਆਂ ਰਿਵਾਇਤਾਂ ਨੂੰ ਕਾਇਮ ਰੱਖਦਿਆਂ ਹੋਇਆਂ ਸਾਡੀਆਂ

ਰੱਖਿਆ ਫੌਜਾਂ ਦੀ ਸ਼ਾਨਦਾਰ ਸਹਾਇਤਾ ਕੀਤੀ। ਕੌਮ ਦੀ ਆਜ਼ਾਦੀ ਅਤੇ ਏਕਤਾ ਨੂੰ ਕਾਇਮ ਰੱਖਣ ਲਈ ਵੱਡੀ ਤੋਂ ਵੱਡੀ ਕੁਰਬਾਨੀ ਵੀ ਸਾਡੇ ਲਈ ਕੋਈ ਮਹੱਤਤਾ ਨਹੀਂ ਰੱਖਦੀ। ਇਸੇ ਭਾਵਨਾ ਦਾ ਸਦਕਾ ਹਰ ਸ਼ਹਿਰੀ ਕੌਮ ਦੀ ਰੱਖਿਆ ਲਈ ਹਰ ਤਰ੍ਹਾਂ ਦੀ ਜ਼ਿੰਮੇਵਾਰੀ ਲੈਣਾ ਅਤੇ ਹਰ ਕੀਮਤ ਚੁਕਾਉਣਾ ਚਾਹੁੰਦਾ ਸੀ। ਪੰਜਾਬੀਆਂ ਦੁਆਰਾ ਵਿਖਾਈ ਗਈ ਇਸ ਭਾਵਨਾ ਲਈ ਸਮੁੱਚੇ ਰਾਸ਼ਟਰ ਨੇ ਪ੍ਰਸ਼ੰਸਾ ਕੀਤੀ ਹੈ। ਹੁਣ ਦੀ ਜੰਗ ਵਿਚ ਸਾਡੇ ਲੋਕਾਂ ਨੇ ਜੋ ਸ਼ਾਨਦਾਰ ਹਿੱਸਾ ਪਾਇਆ ਹੈ ਉਸ ਲਈ ਮੈਂ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ।

14 ਦਿਨਾਂ ਦੀ ਇਸ ਜੰਗ ਦੇ ਦੌਰਾਨ ਰਾਜ ਨੂੰ ਬਹੁਤ ਨੁਕਸਾਨ ਉਠਾਉਣਾ ਪਿਆ। ਖੇਤੀਬਾੜੀ ਅਤੇ ਉਦਯੋਗਾਂ ਦੇ ਕੰਮਾਂ ਵਿਚ ਬੜੀਆਂ ਰੁਕਾਵਟਾਂ ਪਈਆਂ ਸਾਰੀ ਟ੍ਰਾਂਸਪੋਰਟ ਰੱਖਿਆ ਫ਼ੌਜਾਂ ਦੇ ਹਵਾਲੇ ਕਰ ਦਿਤੀ ਗਈ। ਇਸ ਨਾਲ ਜ਼ਰਾਇਤੀ ਖਾਦਾਂ, ਕੱਚੇ ਮਾਲ ਅਤੇ ਤਿਆਰ ਹੋਏ ਮਾਲ ਦੀ ਢੋ-ਢੁਆਈ ਵਿਚ ਮੁਸ਼ਕਲਾਂ ਪੈਦਾ ਹੋਈਆਂ। ਸਰਹੱਦੀ ਇਲਾਕਿਆਂ ਦੇ ਸਾਡੇ ਲੋਕਾਂ ਨੇ ਦੁਸ਼ਮਣ ਦੇ ਹਮਲੇ ਦਾ ਡਟ ਕੇ ਮੁਕਾਬਲਾ ਕੀਤਾ। ਜੰਗ ਦੇ ਦੌਰਾਨ 117 ਸ਼ਹਿਰੀ ਮਾਰੇ ਗਏ। ਮੈਂ ਉਨ੍ਹਾਂ ਦੀ ਯਾਦ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਸਦਨ ਨੂੰ ਆਪਣੇ ਨਾਲ ਸ਼ਾਮਲ ਹੋਣ ਦੀ ਬੇਨਤੀ ਕਰਦਾ ਹਾਂ।

ਇਸ ਰਾਜ ਦੇ ਲੋਕਾਂ ਨੇ ਭਾਰੀ ਨੁਕਸਾਨ ਉਠਾਇਆ ਹੈ, ਭਾਵੇਂ ਉਹ ਕਿਸਾਨ, ਉਦਯੋਗਪਤੀ ਜਾਂ ਮਜ਼ਦੂਰ ਹਨ। ਉਨ੍ਹਾਂ ਨੂੰ ਸਰਕਾਰ ਪੂਰੀ ਤਰ੍ਹਾਂ ਮੁਆਵਜ਼ਾ ਨਹੀਂ ਦੇ ਸਕਦੀ। ਦੇਸ਼ ਦੀ ਖੜਗ-ਭੁਜਾ ਹੋਣ ਦੇ ਨਾਤੇ ਅਸੀਂ ਸਦਾ ਹੀ ਅਜਿਹੇ ਨੁਕਸਾਨਾਂ ਨੂੰ ਕੁਰਬਾਨੀ ਤੇ ਤਿਆਗ ਦੀ ਭਾਵਨਾ ਨਾਲ ਬਰਦਾਸ਼ਤ ਕੀਤਾ ਹੈ। ਫਿਰ ਵੀ, ਸਰਕਾਰ ਨੇ ਆਪਣੇ ਪ੍ਰਾਪਤ ਸਾਧਨਾਂ ਨਾਲ ਜੰਗ ਤੋਂ ਪੈਦਾ ਹੋਈਆਂ ਔਕੜਾਂ ਨੂੰ ਦੂਰ ਕਰਨ ਦਾ ਹਰ ਸੰਭਵ ਯਤਨ ਕੀਤਾ ਹੈ। ਜੰਗ ਕਾਰਣ ਬਹੁਤ ਸਾਰੇ ਲੋਕਾਂ ਨੂੰ ਸਰਹੱਦੀ ਜ਼ਿਲ੍ਹਿਆਂ ਵਿਚੋਂ ਕੱਢਣਾ ਪਿਆ। ਉਨ੍ਹਾਂ ਦੀ ਭਲਾਈ ਲਈ ਤੁਰਤ ਹੀ ਤਿੰਨ ਸਰਹੱਦੀ ਜ਼ਿਲ੍ਹਿਆਂ ਵਿਚ ਸਹਾਇਤਾ ਕੈਂਪ ਲਾਏ ਗਏ। ਉਨ੍ਹਾਂ ਨੂੰ ਗੁਜ਼ਾਰਾ-ਭੱਤਾ, ਕਪੜੇ, ਕੰਬਲ, ਘਰੇਗੀ ਸਮਾਨ, ਪਸ਼ੂਆਂ ਆਦਿ ਲਈ ਗਰਾਂਟਾਂ ਵੀ ਦਿਤੀਆਂ ਗਈਆਂ। ਲਗ ਭਗ 180.47 ਲਖ ਰੁਪਏ ਵੰਡੇ ਜਾ ਚੁਕੇ ਹਨ। ਦੁਸ਼ਮਨ ਦੇ ਹਮਲੇ ਕਾਰਨ ਤਬਾਹ ਹੋਏ ਮਕਾਨਾਂ, ਦੁਕਾਨਾਂ, ਸ਼ੈਡਾਂ ਅਤੇ ਸਟੋਰਾਂ ਦੀ ਉਸਾਰੀ ਅਤੇ ਮੁਰੰਮਤ ਲਈ ਗਰਾਂਟਾਂ ਅਤੇ ਕਰਜ਼ੇ ਵੀ ਦਿਤੇ ਜਾਣਗੇ। ਗੈਰ-ਕਾਸ਼ਤਕਾਰ ਪਰਿਵਾਰਾਂ ਨੂੰ ਆਪਣੇ ਆਪਣੇ ਕਿੱਤਿਆਂ ਤੇ ਧੰਧਿਆਂ ਨੂੰ ਮੁੜ ਸਥਾਪਤ ਕਰਨ ਵਈ ਗਰਾਂਟਾਂ ਅਤੇ ਕਰਜ਼ੇ ਦਿਤੇ ਜਾ ਰਹੇ ਹਨ।

ਲੜਾਈ ਦੇ ਅਸਰ ਹੇਠ ਆਏ 564 ਪਿੰਡਾਂ ਨੂੰ ਮੁੜ ਵਸਾਊ ਗਰਾਂਟਾਂ ਦੇਣ ਲਈ ਹਕਦਾਰ ਮੰਨ ਲਿਆ ਗਿਆ ਹੈ। ਸਮੁੱਚੇ ਤੌਰ ਤੇ ਇਸ ਲਈ 3,56,000 ਵਿਅਕਤੀਆਂ ਨੂੰ ਰਜਿਸਟਰ ਕੀਤਾ ਗਿਆ ਹੈ। ਉਨ੍ਹਾਂ ਨੂੰ ਗੁਜ਼ਾਰੇ ਲਈ ਗਰਾਂਟਾਂ ਵੀ ਦਿਤੀਆਂ ਗਈਆਂ ਹਨ, ਜਿਨ੍ਹਾਂ ਦੀ ਕੁਲ ਰਕਮ 284.97 ਲੱਖ ਰੁਪਏ ਬਣਦੀ ਹੈ। 117 ਸ਼ਹਿਰੀ ਸ਼ਹੀਦਾਂ ਦੇ ਪਰਿਵਾਰਾਂ ਨੂੰ 1.59 ਲੱਖ ਰੁਪਏ ਦੀਆਂ ਉਚੇਚੀਆਂ ਗਰਾਂਟਾਂ ਦਿੱਤੀਆਂ ਜਾ ਚੁਕੀਆਂ ਹਨ।

ਜੰਗ ਦੇ ਸਿੱਧੇ ਅਤੇ ਅਸਿੱਧੇ ਪ੍ਰਭਾਵਾਂ ਕਾਰਨ ਰਾਜ ਵਿਚਲੇ ਉਦਯੋਗਾਂ ਦਾ ਵੀ ਬਹੁਤ ਨੁਕਸਾਨ ਹੋਇਆ। ਭਾਰਤ ਸਰਕਾਰ ਨੇ ਰਾਜ ਸਰਕਾਰ ਦੀ ਬੇਨਤੀ ਪ੍ਰਵਾਨ ਕਰ ਲਈ ਹੈ ਅਤੇ ਹਾਲ ਦੀ ਜੰਗ ਤੋਂ ਪ੍ਰਭਾਵਤ ਹੋਏ ਛੋਟੇ ਪੈਮਾਨੇ ਦੇ ਉਦਯੋਗਾਂ ਨੂੰ ਕਰਜ਼ੇ ਦੇਣ ਵਾਸਤੇ 50 ਲੱਖ ਰੁਪਏ ਦੀ ਰਕਮ ਮਨਜ਼ੂਰ ਕੀਤੀ ਹੈ। ਮੇਰੀ ਸਰਕਾਰ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਰਾਜ ਦੇ ਉਦਯੋਗਾਂ ਨੂੰ ਆਪਣੇ ਪੈਰਾਂ ਉਤੇ ਖੜਾ ਕਰਨ ਲਈ ਇਹ ਰਕਮ ਕਾਫ਼ੀ ਨਹੀਂ ਹੋਵੇਗੀ, ਇਸ ਲਈ ਅਸੀਂ ਲੋੜੀਂਦੇ ਹੋਰ ਸਾਧਨ ਜੁਟਾਉਣ ਲਈ ਕੋਸ਼ਿਸ਼ ਕਰ ਰਹੇ ਹਾਂ।

[ਸ਼੍ਰੀ ਸਪੀਕਰ]

ਸਰਕਾਰ ਨੇ ਸਕੂਲਾਂ, ਡਿਸਪੈਂਸਰੀਆਂ, ਸੜਕਾਂ ਆਦਿ ਜਿਹੀਆਂ ਸਾਰੀਆਂ ਆਮ ਸਹੂਲਤਾਂ ਨੂੰ, ਜਿਨ੍ਹਾਂ ਨੂੰ ਜੰਗੀ ਕਾਰਵਾਈਆਂ ਕਾਰਣ ਨੁਕਸਾਨ ਪੁੱਜਾ ਹੈ, ਨਾ ਕੇਵਲ ਬਹਾਲ ਕਰਨ ਦਾ ਫੈਸਲਾ ਕੀਤਾ ਹੈ ਸਗੋਂ ਰਾਜ ਦੇ ਖਰਚੇ ਉਤੇ ਵਧਾਉਣ ਦਾ ਵੀ ਫ਼ੈਸਲਾ ਕੀਤਾ ਹੈ।

ਸਰਕਾਰ ਨੇ ਸਹਾਇਤਾ ਅਤੇ ਮੁੜ ਵਸਾਉਣ ਦੀ ਗੰਭੀਰ ਸਮੱਸਿਆ ਨੂੰ ਸਮੇਂ ਸਿਰ ਨਜਿੱਠਿਆ ਹੈ। ਢਾਈ ਮਹੀਨਿਆਂ ਦੇ ਥੋੜ੍ਹੇ ਜਿਹੇ ਸਮੇਂ ਵਿਚ ਹੀ, ਅਰਥਾਤ ਮਾਰਚ, 1972 ਦੇ ਅੱਧ ਤਕ, ਸਹਾਇਤਾ ਵਜੋਂ 500 ਲੱਖ ਰੁਪਏ ਤੋਂ ਵੱਧ ਰਕਮ ਖ਼ਰਚ ਕੀਤੀ ਜਾ ਚੁੱਕੀ ਹੈ। ਸਰਕਾਰ ਆਉਣ ਵਾਲੇ ਮਹੀਨਿਆਂ ਵਿਚ ਇਸ ਕੰਮ ਨੂੰ ਪਰਮ ਅਗੇਤ ਦੇਵੇਗੀ।

ਇਨ੍ਹਾਂ ਸਾਰੀਆਂ ਮੁਸ਼ਕਲਾਂ ਦੇ ਬਾਵਜੂਦ, ਮੇਰੀ ਸਰਕਾਰ ਨੇ ਉਨ੍ਹਾਂ ਸਾਰੇ ਆਦਰਸ਼ਾਂ ਨੂੰ ਆਪਣੇ ਸਾਹਮਣੇ ਰੱਖਣ ਦਾ ਫੈਸਲਾ ਕੀਤਾ ਹੈ, ਜਿਹੜੇ ਪ੍ਰਧਾਨ ਮੰਤਰੀ ਜੀ ਨੇ ਸਾਰੀ ਕੌਮ ਲਈ ਨਿਸਚਿਤ ਕੀਤੇ ਸਨ। ਅਸੀਂ ਆਪਣੇ ਰਾਜ ਨੂੰ ਲੋਕਰਾਜੀ, ਸਮਾਨਤਾ ਪੂਰਣ ਅਤੇ ਸਮਾਜਵਾਦੀ ਰਾਜ ਬਣਾਉਣ ਲਈ ਅਣਥੱਕ ਯਤਨ ਕਰਦੇ ਰਹਾਂਗੇ। ਅਸੀਂ ਆਪਣੇ ਹਰੀਜਨ, ਮਜ਼ਦੂਰ, ਛੋਟੇ ਕਿਸਾਨ, ਮੁਜ਼ਾਰੇ ਅਤੇ ਸਮਾਜ ਦੇ ਹੋਰ ਗਰੀਬ ਵੀਰਾਂ ਦੀ ਭਲਾਈ ਦੇ ਵਿਕਾਸ ਲਈ ਸਰਕਾਰ ਦੀਆਂ ਆਰਥਕ ਨੀਤੀਆਂ ਨੂੰ ਨਵੀਂ ਸੇਧ ਦੇਵਾਂਗੇ। ਇਹ ਕੋਈ ਦੂਰ ਦੇ ਮੰਤਵ ਨਹੀਂ ਹੋਣਗੇ, ਸਗੋਂ ਇਹ ਨਿਸਚਿਤ ਸਮੇਂ ਦੇ ਅੰਦਰ ਅੰਦਰ ਪ੍ਰਾਪਤ ਕੀਤੇ ਜਾਣ ਵਾਲੇ ਫ਼ੌਰੀ ਪ੍ਰੋਗਰਾਮ ਹੋਣਗੇ। ਮੇਰੀ ਸਰਕਾਰ ਪਿਛਲੇ ਸਾਲ ਦੇ ਦੌਰਾਨ ਪ੍ਰਾਪਤ ਕੀਤੀ ਵਿਕਾਸ-ਦਰ ਨਾਲ ਸੰਤੁਸ਼ਟ ਨਹੀਂ ਹੈ। ਰਾਸ਼ਟਰ ਦੇ 5.6 ਪ੍ਰਤੀਸ਼ਤ ਪ੍ਰਤੀ ਸਾਲ ਦੇ ਟੀਚੇ ਦੇ ਮੁਕਾਬਲੇ ਤੇ ਪੰਜਾਬ ਨੇ 6.6 ਪ੍ਰਤੀਸ਼ਤ ਵਿਕਾਸ-ਦਰ ਪ੍ਰਾਪਤ ਕੀਤੀ। ਰਾਜ ਦੇ ਮਨੁੱਖੀ ਅਤੇ ਪਦਾਰਥਕ ਸਾਧਨਾਂ ਦੀ ਬਹੁਲਤਾ, ਵਿਕਾਸ ਦੀਆਂ ਸੰਭਾਵਨਾਵਾਂ ਅਤੇ ਲੋਕਾਂ ਦੀ ਹਿੰਮਤ ਨੂੰ ਮੁੱਖ ਰਖਦਿਆਂ ਹੋਇਆਂ ਇਹ ਪ੍ਰਗਤੀ ਕੋਈ ਬਹੁਤੀ ਸੰਤੋਸ਼ਜਨਕ ਨਹੀਂ। ਪਿਛਲੇ ਕੁਝ ਸਾਲਾਂ ਤੋਂ ਰਾਜ ਵਿਚ ਚਲੀ ਆ ਰਹੀ ਅਸਥਿਰਤਾ ਹੀ ਸ਼ਾਇਦ ਇਸ ਦਾ ਮੁੱਖ ਕਾਰਨ ਹੈ। ਮੇਰੀ ਸਰਕਾਰ, ਜਿਸ ਨੇ ਜਨਤਾ ਦੀ ਭਾਰੀ ਬਹੁਸੰਮਤੀ ਦਾ ਅਦੇਸ਼ ਪ੍ਰਾਪਤ ਕੀਤਾ ਹੈ, ਦੇਸ਼ ਵਿਚ ਸਭ ਤੋਂ ਵੱਧ ਵਿਕਾਸ ਦਰ ਪ੍ਰਾਪਤ ਕਰਨ ਲਈ ਆਪਣੀਆਂ ਸਾਰੀਆਂ ਸ਼ਕਤੀਆਂ ਲਗਾ ਦੇਵੇਗੀ ਅਤੇ ਵਿਕਾਸ ਪ੍ਰੋਗਰਾਮਾਂ ਨੂੰ ਵਿਉਂਤਣ ਅਤੇ ਅਮਲ ਵਿਚ ਲਿਆਉਣ ਦੇ ਪੱਖ ਤੋਂ ਪੰਜਾਬ ਨੂੰ ਇਕ ਵਾਰੀ ਫਿਰ ਮਾਡਲ ਰਾਜ ਬਣਾ ਦੇਵੇਗੀ।

ਚੌਥੀ ਯੋਜਨਾ 293.56 ਕਰੋੜ ਰੁਪਏ ਤੋਂ ਵਧਾ ਕੇ 366.95 ਕਰੋੜ ਰੁਪਏ ਦੀ ਕਰ ਦਿਤੀ ਗਈ ਹੈ। ਪੰਜਾਬ ਵਿਚ ਬਿਜਲੀ ਅਤੇ ਪਾਣੀ ਦੀ ਸਖ਼ਤ ਘਾਟ ਹੈ, ਜਿਸ ਕਰਕੇ ਖੇਤੀਬਾੜੀ ਅਤੇ ਉਦਯੋਗ ਦੇ ਵਿਕਾਸ ਵਿਚ ਰੁਕਾਵਟ ਪੈਂਦੀ ਹੈ। ਚੌਥੀ ਯੋਜਨਾ ਦੇ ਬਾਕੀ ਰਹਿੰਦੇ ਸਾਲਾਂ ਦੇ ਦੌਰਾਨ ਬਿਜਲੀ ਅਤੇ ਪਾਣੀ ਦੇ ਸਾਧਨਾਂ ਦੇ ਵਿਕਾਸ ਉਤੇ ਵਿਸ਼ੇਸ਼ ਜ਼ੋਰ ਦਿੱਤਾ ਜਾਵੇਗਾ ਤਾਂ ਜੋ ਪੰਜਾਬ ਦੇ ਕਿਸਾਨ ਅਤੇ ਮਜ਼ਦੂਰ, ਦੋਹਾਂ ਖੇਤਰਾਂ ਵਿਚ ਤੇਜ਼ੀ ਨਾਲ ਉਤਪਾਦਨ ਵਧਾ ਸਕਣ। ਸਾਲ 1971-72 ਦੇ ਦੌਰਾਨ ਗੁਰੂ ਨਾਨਕ ਥਰਮਲ ਪਲਾਂਟ, ਉਤੇ ਖਰਚ ਵਿਚ ਠੋਸ ਵਾਧਾ ਕੀਤਾ ਜਾ ਰਿਹਾ ਹੈ। 110 ਮੈਗਾਵਾਟ ਦਾ ਪਹਿਲਾ ਯੂਨਿਟ ਸਾਲ ਦੇ ਅੰਤ ਤਕ ਅਤੇ ਦੂਜਾ ਯੂਨਿਟ ਸਾਲ 1973 ਦੇ ਅੰਤ ਤਕ ਚਾਲੂ ਹੋ ਜਾਵੇਗਾ। ਇਸ ਥਰਮਲ ਪਲਾਂਟ ਦੇ ਵਿਸਤਾਰ ਪ੍ਰਾਜੈਕਟ ਦਾ ਕੰਮ ਵੀ ਸ਼ੁਰੂ ਹੋ ਗਿਆ ਹੈ, ਜਿਸ ਵਿਚ 110/110 ਮੈਗਾਵਾਟ ਦੇ ਦੋ ਹੋਰ ਯੂਨਿਟ ਹੋਣਗੇ। ਥੀਨ ਡੈਮ ਪ੍ਰਾਜੈਕਟ ਨੂੰ ਪਰਮ ਅਗੇਤ ਦਿਤੀ ਜਾਵੇਗੀ ਅਤੇ ਸਰਕਾਰ ਨੇ ਇਸ ਸਾਲ ਦੇ ਦੌਰਾਨ ਇਸ ਉਤੇ ਕੰਮ ਸ਼ੁਰੂ ਕਰਨ ਦਾ ਪੱਕਾ ਨਿਸਚਾ ਕੀਤਾ ਹੋਇਆ ਹੈ।

ਸਾਡਾ ਰਾਜ ਇਕ ਖੇਤੀਬਾੜੀ ਪ੍ਰਧਾਨ ਰਾਜ ਹੈ। ਰਾਜ ਦੀ ਆਰਥਕ ਵਿਵਸਥਾ ਖੇਤੀ ਦੇ ਉੱਨਤ ਢੰਗਾਂ, ਰਸਾਇਣਕ ਖਾਦਾਂ ਦੀ ਵਰਤੋਂ, ਨਮੂਨੇ ਦੇ ਫ਼ਸਲ-ਚੱਕਰ ਅਪਣਾਉਣ ਅਤੇ ਪੇਂਡੂ ਲੋਕਾਂ ਲਈ

ਡੇਅਰੀ ਅਤੇ ਮੁਰਗੀ ਪਾਲਣ ਆਦਿ ਜਿਹੇ ਹੋਰ ਮਹੱਤਵ ਪੂਰਣ ਸਹਾਇਕ ਕਿੱਤਿਆਂ ਦੇ ਉਪਬੰਧ ਕਰਨ ਤੇ ਨਿਰਭਰ ਹੈ। ਇਸ ਕਰਕੇ ਰਾਜ ਦੀ ਉੱਨਤੀ ਮੁੱਖ ਰੂਪ ਵਿਚ ਦਿਹਾਤੀ ਸੈਕਟਰ ਦੀ ਉਨਤੀ ਉਤੇ ਨਿਰਭਰ ਕਰੇਗੀ। ਆਉਣ ਵਾਲੇ ਸਾਲ ਦੇ ਦੌਰਾਨ ਸਰਕਾਰ ਜ਼ਰਾਇਤੀ ਵਿਕਾਸ ਦੇ ਪ੍ਰੋਗਰਾਮਾਂ ਨੂੰ ਪੂਰੇ ਜ਼ੋਰ ਨਾਲ ਚਲਾਉਣਾ ਚਾਹੁੰਦੀ ਹੈ।ਕਣਕ ਅਧੀਨ ਰਕਬੇ ਦਾ 75 ਪ੍ਰਤੀਸ਼ਤ, ਅਰਥਾਤ 18 ਲੱਖ ਹੈਕਟੇਅਰ ਰਕਬਾ, ਕਣਕ ਦੀਆਂ ਵਧੇਰੇ ਝਾੜ ਦੇਣ ਵਾਲੀਆਂ ਕਿਸਮਾਂ ਅਧੀਨ ਲਿਆਂਦਾ ਜਾਵੇਗਾ। ਚਾਲੂ ਸਾਲ ਵਿਚ ਕਣਕ ਦੀ ਪੈਦਾਵਾਰ ਸਾਲ 1970-71 ਵਿਚ ਹੋਈ 51.45 ਲੱਖ ਮੀਟਰਿਕ ਟਨ ਤੋਂ ਵਧ ਕੇ 56 ਲੱਖ ਮੀਟਰਿਕ ਟਨ ਹੋਣ ਦੀ ਆਸ ਹੈ। ਦਸੰਬਰ ਦੀ ਜੰਗ ਦੇ ਕਾਰਣ ਪੈਦਾ ਹੋਈਆਂ ਮੁਸ਼ਕਲਾਂ ਦੇ ਬਾਵਜੂਦ ਇਹ ਪ੍ਰਾਪਤੀ ਕਰ ਲਈ ਗਈ ਹੈ। ਕਣਕ ਦੀ ਪੈਦਾਵਾਰ ਵਿਚ ਪੰਜਾਬ ਨੇ ਬੜਾ ਨਾਮਣਾ ਖਟਿਆ ਹੈ। ਚਾਵਲਾਂ ਦੀ ਪੈਦਾਵਾਰ ਵਿਚ ਵੀ ਅਜਿਹੀ ਕ੍ਰਾਂਤੀ ਲਿਆਉਣ ਲਈ ਵਧ ਤੋਂ ਵਧ ਯਤਨ ਕੀਤਾ ਜਾ ਰਿਹਾ ਹੈ। ਸਾਲ 1972-73 ਦੇ ਦੌਰਾਨ ਚਾਵਲਾਂ ਅਧੀਨ ਕੁਲ ਰਕਬੇ ਦਾ ਲਗਭਗ 75 ਪ੍ਰਤੀਸ਼ਤ, ਅਰਥਾਤ 3.30 ਲੱਖ ਹੈਕਟੇਅਰ ਰਕਬਾ ਵਧੇਰੇ ਝਾੜ ਦੇਣ ਵਾਲੀਆਂ ਕਿਸਮਾਂ ਅਧੀਨ ਲਿਆਂਦਾ ਜਾਵੇਗਾ। ਸਾਲ 1970-71 ਦੇ ਦੌਰਾਨ ਹੋਈ ਚਾਵਲਾਂ ਦੀ 6.68 ਲੱਖ ਮੀਟਰਿਕ ਟਨ ਪੈਦਾਵਾਰ ਦੇ ਮੁਕਾਬਲੇ ਸਾਲ 1972-73 ਦੇ ਦੌਰਾਨ 11 ਲੱਖ ਮੀਟਰਿਕ ਟਨ ਦੀ ਪੈਦਾਵਾਰ ਪ੍ਰਾਪਤ ਹੋ ਜਾਣ ਦੀ ਆਸ ਹੈ। ਮੈਨੂੰ ਇਹ ਗੱਲ ਦੱਸਣ ਵਿਚ ਮਾਣ ਹੈ ਕਿ ਅਗਲੇ ਸਾਲ ਪੰਜਾਬ ਚਾਵਲ ਬਰਾਮਦ ਕਰਨ ਵਾਲਾ ਮੁੱਖ ਰਾਜ ਬਣ ਜਾਵੇਗਾ ਜਿਵੇਂ ਕਿ ਉਹ ਕਣਕ ਵਿਚ ਹੈ। 1972-73 ਵਿਚ ਰਸਾਇਣਿਕ ਖਾਦਾਂ ਦੀ ਖਪਤ ਚਾਲੂ 15 ਲੱਖ ਮੀਟਰਿਕ ਟਨ ਤੋਂ ਵਧਾ ਕੇ 18.20 ਲੱਖ ਮੀਟਰਿਕ ਟਨ ਕਰ ਦਿੱਤੀ ਜਾਵੇਗੀ। ਫ਼ਸਲਾਂ ਦੀ ਸੁਰੱਖਿਆ ਦੇ ਉਪਾਵਾਂ ਉਤੇ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ ਅਤੇ 1972-73 ਦੇ ਦੌਰਾਨ 34 ਲੱਖ ਹੈਕਟੇਅਰ ਰਕਬੇ ਉਤੇ ਹਵਾਈ ਜਾਂ ਦੂਜੇ ਸਾਧਨਾਂ ਨਾਲ ਛਿੜਕਾਉ ਕੀਤਾ ਜਾਵੇਗਾ।

ਪੇਂਡੂ ਇਲਾਕੇ ਵਿਚ ਰੋਜ਼ਗਾਰ ਦੀਆਂ ਸਹੂਲਤਾਂ ਮੁਹੱਈਆ ਕਰਨ ਲਈ ਸਾਰੇ ਜ਼ਿਲ੍ਹਿਆਂ ਵਿਚ ਵਿਸ਼ੇਸ਼ ਸਕੀਮਾਂ ਸ਼ੁਰੂ ਕਰ ਦਿਤੀਆਂ ਗਈਆਂ ਹਨ ਅਤੇ ਚਾਲੂ ਸਾਲ ਦੇ ਦੌਰਾਨ ਇਸ ਕੰਮ ਲਈ 137.50 ਲਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਦੇ ਕਿਸਾਨਾਂ ਨੇ ਖੇਤੀ ਦੀਆਂ ਨਵੀਆਂ ਤਕਨੀਕਾਂ ਅਤੇ ਖੇਤੀਬਾੜੀ ਦੇ ਚੰਗੇ ਢੰਗਾਂ ਨੂੰ ਅਪਣਾ ਲਿਆ ਹੈ, ਪਰ ਇਹ ਗੱਲ ਵੀ ਜ਼ਰੂਰੀ ਹੈ ਕਿ ਅਨਾਜ ਦੀ ਪੈਦਾਵਾਰ ਨੂੰ ਬਰਕਰਾਰ ਰੱਖਣ ਲਈ ਕਿਸਾਨਾਂ ਨੂੰ ਉਚਿਤ ਲਾਹੇਵੰਦ ਕੀਮਤਾਂ ਮਿਲਦੀਆਂ ਰਹਿਣ। ਪੰਜਾਬ ਸਰਕਾਰ ਕਿਸਾਨਾਂ ਲਈ ਅਜਿਹੀ ਕੀਮਤ ਯਕੀਨੀ ਬਣਾਉਣ ਅਤੇ ਰਾਜ ਵਿਚਲੇ ਖਪਤਕਾਰਾਂ ਲਈ ਵੀ ਯੋਗ ਕੀਮਤ ਕਾਇਮ ਰੱਖਣ ਲਈ ਹਰ ਸੰਭਵ ਕੋਸ਼ਿਸ਼ ਕਰੇਗੀ।

ਕਣਕ ਪੈਦਾ ਕਰਨ ਦੇ ਖੇਤਰ ਵਿਚ ਹੋਰ ਰਾਜਾਂ ਦੇ ਆ ਜਾਣ ਨਾਲ ਅਤੇ ਅਨਾਜ ਦੀ ਪੈਦਾਵਾਰ ਵਿਚ ਸਮੁੱਚਾ ਸੁਧਾਰ ਹੋ ਜਾਣ ਕਾਰਣ ਸਾਡੇ ਲਈ ਇਹ ਜ਼ਰੂਰੀ ਹੋ ਗਿਆ ਹੈ ਕਿ ਅਸੀਂ ਆਪਣੀਆਂ ਫ਼ਸਲਾਂ ਦੀਆਂ ਕਿਸਮਾਂ ਵਿਚ ਅਦਲਾ ਬਦਲੀ ਕਰੀਏ ਅਤੇ ਤੇਲ ਦੇ ਬੀਜਾਂ, ਕਪਾਹ, ਫਲਾਂ ਦੇ ਬਾਗ਼ ਲਾਉਣ ਆਦਿ ਵਲ ਵਿਸ਼ੇਸ਼ ਧਿਆਨ ਦੇਈਏ। ਕਪਾਹ ਦੀ ਪੈਦਾਵਾਰ ਲਈ ਫਿਰੋਜ਼ਪੁਰ ਅਤੇ ਬਠਿੰਡਾ ਜ਼ਿਲ੍ਹਿਆਂ ਵਿਖੇ ਪ੍ਰਾਜੈਕਟ ਚਾਲੂ ਕੀਤੇ ਗਏ ਹਨ। ਪੰਜਾਬ ਦੇਸ਼ ਭਰ ਦੀ ਕਪਾਹ ਦੀ ਖਪਤ ਦੇ ਇਕ ਵਡੇ ਭਾਗ ਨੂੰ ਪੂਰਿਆਂ ਕਰਨ ਦੀ ਸਮਰੱਥਾ ਰਖਦਾ ਹੈ। ਇਸ ਲਈ ਵੀ ਕਿਸਾਨਾਂ ਨੂੰ ਲਾਹੇਵੰਦੀਆਂ ਕੀਮਤਾਂ ਦਿਵਾਉਣੀਆਂ ਪੈਣਗੀਆਂ। ਸਰਕਾਰ ਇਸ ਸਵਾਲ ਤੇ ਭਾਰਤ ਸਰਕਾਰ ਨਾਲ ਛੇਤੀ ਹੀ ਗਲਬਾਤ ਕਰੇਗੀ। ਤੇਲ ਦੇ ਬੀਜਾਂ ਦੀ ਪੈਦਾਵਾਰ ਵਲ ਵੀ ਵਿਸ਼ੇਸ਼ ਧਿਆਨ

[ਸ਼੍ਰੀ ਸਪੀਕਰ]
ਦਿੱਤਾ ਜਾ ਰਿਹਾ ਹੈ, ਕਿਉਂਕਿ ਇਸ ਖੇਤਰ ਵਿਚ ਵਾਧਾ ਨਾ ਕੇਵਲ ਦੇਸ਼ ਦੀ ਕਮੀ ਨੂੰ ਪੂਰਿਆਂ ਕਰੇਗਾ, ਸਗੋਂ ਕਿਸਾਨਾਂ ਦੀ ਆਰਥਕ ਹਾਲਤ ਨੂੰ ਵੀ ਵਧੇਰੇ ਸੰਤੁਲਿਤ ਬਣਾ ਦੇਵੇਗਾ ।

ਜੇ ਪੇਂਡੂ ਲੋਕਾਂ ਦੇ ਜੀਵਨ-ਪੱਧਰ ਨੂੰ ਚੰਗੇਰਾ ਬਣਾਉਣਾ ਹੈ ਤਾਂ ਜ਼ਰਾਇਤੀ ਪੈਦਾਵਾਰ ਵਿਚ ਫੇਰ-ਬਦਲ ਲਿਆਉਣਾ ਜ਼ਰੂਰੀ ਹੈ । ਡੇਅਰੀ ਵਿਕਾਸ ਅਤੇ ਪਸ਼ੂ ਪਾਲਣ ਦੇ ਖੇਤਰ ਵਿਚ ਪੰਜਾਬ ਪਛੜਿਆ ਹੋਇਆ ਹੈ । ਇਸ ਵਲ ਸਰਕਾਰ ਹੁਣ ਵਿਸ਼ੇਸ਼ ਧਿਆਨ ਦੇਣਾ ਚਾਹੁੰਦੀ ਹੈ । ਸਰਕਾਰ ਰਾਜ ਵਿਚ ਦੁੱਧ ਦੀ ਪੈਦਾਵਾਰ ਦੀਆਂ ਭਾਰੀ ਸੰਭਾਵਨਾਵਾਂ ਤੋਂ ਲਾਭ ਉਠਾਉਣਾ ਚਾਹੁੰਦੀ ਹੈ ਅਤੇ ਖੇਤੀ ਤੇ ਡੇਅਰੀ ਵਿਚਕਾਰ ਪੂਰਣ ਤਾਲ ਮੇਲ ਕਾਇਮ ਕਰਨਾ ਚਾਹੁੰਦੀ ਹੈ ਜਿਵੇਂ ਕਿ ਕੁਝ ਕੁ ਸਕੇਂਡੇਨੇਵੀਅਨ ਦੇਸ਼ਾਂ ਵਿਚ ਕੀਤਾ ਗਿਆ ਹੈ । ਦੇਸ਼ ਦੇ ਪਸ਼ੂ-ਧਨ ਦੇ ਸੁਧਾਰ ਲਈ ਰਾਜ ਸਰਕਾਰ ਨੇ ਸਵਿਸ ਸਰਕਾਰ ਦੇ ਮਿਲਵਰਤਣ ਨਾਲ ਪਟਿਆਲਾ ਅਤੇ ਸੰਗਰੂਰ ਜ਼ਿਲ੍ਹਿਆਂ ਵਿਚ ਭਾਰਤ-ਸਵਿਸ ਪ੍ਰਾਜੈਕਟ ਸ਼ੁਰੂ ਕੀਤਾ ਹੈ । ਲੁਧਿਆਣਾ ਅਤੇ ਬਠਿੰਡਾ ਵਿਚ ਦੁੱਧ ਦੇ ਪਲਾਂਟ ਸਥਾਪਤ ਕੀਤੇ ਜਾ ਰਹੇ ਹਨ ਅਤੇ ਇਹ ਛੇਤੀ ਤੋਂ ਛੇਤੀ ਮੁਕੰਮਲ ਕਰਕੇ ਚਾਲੂ ਕਰ ਦਿੱਤੇ ਜਾਣਗੇ । ਇਕ ਹੋਰ ਤਜਵੀਜ਼ ਅਨੁਸਾਰ ਗੁਜਰਾਤ ਦੇ ਪ੍ਰਸਿੱਧ ਅਮੂਲ ਪ੍ਰਾਜੈਕਟ ਦੇ ਆਧਾਰ ਤੇ ਇਕ ਸਹਿਕਾਰੀ ਮਿਲਕ ਕੰਪਲੈਕਸ ਕਾਇਮ ਕੀਤਾ ਜਾਵੇਗਾ । ਪਸ਼ੂਆਂ ਲਈ ਖੁਰਾਕ ਤਿਆਰ ਕਰਨ ਲਈ ਖੰਨੇ ਦੇ ਨੇੜੇ 100 ਮੀਟਰਿਕ ਟਨ ਪ੍ਰਤੀ ਦਿਨ ਦੀ ਸਮਰਥਾ ਦਾ ਇਕ ਪਸ਼ੂ ਚਾਰਾ ਪਲਾਂਟ ਕਾਇਮ ਕੀਤਾ ਜਾਵੇਗਾ । ਗੱਲ ਕੀ, ਸਰਕਾਰ ਪੇਂਡੂ ਖੇਤਰ ਲਈ, ਖਾਸ ਕਰਕੇ ਛੋਟੇ ਕਿਸਾਨਾਂ, ਮੁਜ਼ਾਰਿਆਂ ਅਤੇ ਭੋਂ-ਰਹਿਤ ਲੋਕਾਂ ਲਈ ਡੇਅਰੀ ਵਿਕਾਸ ਦੇ ਪ੍ਰੋਗਰਾਮ ਨੂੰ ਮੁਖ ਪ੍ਰੋਗਰਾਮ ਬਣਾਉਣਾ ਚਾਹੁੰਦੀ ਹੈ ।

ਸਹਿਕਾਰੀ ਸੰਸਥਾਵਾਂ, ਜੋ ਕਿ ਕਰਜ਼ੇ ਦੇਂਦੀਆਂ ਅਤੇ ਖੇਤੀ ਦੀ ਪੈਦਾਵਾਰ ਦੀ ਪ੍ਰਾਪਤੀ ਅਤੇ ਵੰਡ ਦਾ ਪ੍ਰਬੰਧ ਕਰਦੀਆਂ ਹਨ, ਦੀ ਤਰੱਕੀ ਜਾਰੀ ਰਹੀ ਹੈ । ਪਿਛਲੇ ਸਾਲ ਵਿਚ ਦਿੱਤੇ ਗਏ 50 ਕਰੋੜ ਰੁਪਏ ਦੇ ਫਸਲ-ਕਰਜ਼ਿਆਂ ਦੀ ਥਾਂ ਇਸ ਸਾਲ 57.26 ਕਰੋੜ ਰੁਪਏ ਦੇ ਫਸਲ-ਕਰਜ਼ੇ ਦਿਤੇ ਗਏ । ਚਾਵਲਾਂ ਦੀ ਪੈਦਾਵਾਰ ਵਿਚ ਹੋਣ ਵਾਲੇ ਵਾਧੇ ਨੂੰ ਧਿਆਨ ਵਿਚ ਰਖਦੇ ਹੋਏ ਸਹਿਕਾਰੀ ਖੇਤਰ ਵਿਚ ਚਾਵਲ ਛੜਨ ਦੇ 9 ਕਾਰਖਾਨੇ ਕਾਇਮ ਕੀਤੇ ਜਾ ਰਹੇ ਹਨ । ਸਹਿਕਾਰੀ ਸੰਸਥਾਵਾਂ ਰਾਜ ਦੀ ਅਨਾਜ ਪ੍ਰਾਪਤੀ ਵਿਚ ਇਕ ਮਹੱਤਵਪੂਰਨ ਰੋਲ ਅਦਾ ਕਰਨਗੀਆਂ । ਪੇਂਡੂ ਵਿਕਾਸ ਦੇ ਸਾਰੇ ਪ੍ਰੋਗਰਾਮਾਂ ਦੀ ਉਨਤੀ ਲਈ ਇਸ ਲਹਿਰ ਦਾ ਨਰੋਆ ਹੋਣਾ ਬੜਾ ਜ਼ਰੂਰੀ ਹੈ । ਇਸ ਲਈ ਸਰਕਾਰ ਨੇ ਇਸ ਲਹਿਰ ਦੇ ਸਾਰੇ ਪੱਖਾਂ ਉਤੇ ਮੁੜ ਵਿਚਾਰ ਕਰਨ ਅਤੇ ਇਸ ਨੂੰ ਲੋਕਰਾਜ ਅਤੇ ਲੋਕਾਂ ਦੀਆਂ ਲੋੜਾਂ ਪ੍ਰਤੀ ਜਾਗਰੂਕ ਬਣਾਉਣ ਲਈ ਲੋੜੀਂਦੇ ਉਪਾਅ ਕਰਨ ਦਾ ਨਿਸਚਾ ਕੀਤਾ ਹੈ ।

ਰਾਜ ਖੇਤੀਬਾੜੀ ਮਾਰਕੀਟਿੰਗ ਬੋਰਡ ਨੇ ਅਨਾਜ ਦੀ ਵਧਦੀ ਪੈਦਾਵਾਰ ਅਤੇ ਨਕਦੀ-ਫ਼ਸਲਾਂ ਨੂੰ ਸੰਭਾਲਣ ਲਈ ਮੰਡੀਆਂ ਨੂੰ ਅਧੁਨਿਕ ਬਣਾਉਣ ਦੇ ਆਪਣੇ ਯਤਨ ਜਾਰੀ ਰਖੇ ਹਨ । ਰਾਜ ਵਿਚ 60 ਲੱਖ ਰੁਪਏ ਦੀ ਲਾਗਤ ਨਾਲ 84 ਪੱਕੇ ਮੰਡੀ ਇਹਾਤੇ ਅਤੇ 90 ਲੱਖ ਰੁਪਏ ਦੀ ਲਾਗਤ ਨਾਲ ਛੱਤੇ ਹੋਏ ਸ਼ੈਡ ਬਣਾਏ ਜਾ ਰਹੇ ਹਨ । ਰਾਜ ਵਿਚ ਬੋਰਡ ਅਤੇ ਮਾਰਕੀਟ ਕਮੇਟੀਆਂ ਨੇ ਪੇਂਡੂ ਸੜਕਾਂ ਦੇ ਪ੍ਰੋਗਰਾਮਾਂ ਵਲ ਵੀ ਉਚੇਚਾ ਧਿਆਨ ਦਿੱਤਾ ਹੈ । ਇਸ ਮੰਤਵ ਲਈ ਸਾਲ 1971-72 ਵਿਚ 7.90 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਸੀ । 1972-73 ਦੇ ਦੌਰਾਨ ਇਸ ਮੰਤਵ ਲਈ 4 ਕਰੋੜ ਰੁਪਏ ਦੀ ਰਕਮ ਦਿਤੇ ਜਾਣ ਦੀ ਤਜਵੀਜ਼ ਹੈ । ਇਹ ਸੜਕਾਂ ਰਾਜ ਦੇ ਲੋਕ ਨਿਰਮਾਣ ਵਿਭਾਗ ਦੁਆਰਾ ਬਣਾਈਆਂ ਜਾਣਗੀਆਂ ।

ਅਨਾਜ ਦੀ ਪੈਦਾਵਾਰ ਦੇ ਵਾਧੇ ਨਾਲ ਕੇਂਦਰੀ ਭੰਡਾਰ ਲਈ ਅਨਾਜ ਦੀ ਪ੍ਰਾਪਤੀ ਦਾ ਕੰਮ ਦਿਨੋ ਦਿਨ ਵਧਦਾ ਜਾ ਰਿਹਾ ਹੈ । ਇਸ ਸਾਲ 29.36 ਲੱਖ ਮੀਟਰਿਕ ਟਨ ਕਣਕ ਪ੍ਰਾਪਤ ਕੀਤੀ ਗਈ ਸੀ । ਅਗਲੇ ਸਾਲ ਦਾ ਟੀਚਾ 34 ਲੱਖ ਮੀਟਰਿਕ ਟਨ ਮਿਥਿਆ ਗਿਆ ਹੈ । ਚਾਵਲਾਂ ਦੀ

ਪੈਦਾਵਾਰ ਵਿਚ ਵਾਧੇ ਕਾਰਣ ਪਿਛਲੇ ਸਾਲ ਦੇ 3 ਲੱਖ ਮੀਟਰਿਕ ਟਨ ਦੀ ਪ੍ਰਾਪਤੀ ਦੇ ਟੀਚੇ ਨੂੰ ਵਧਾਕੇ ਇਸ ਸਾਲ 7.2 ਲੱਖ ਮੀਟਰਿਕ ਟਨ ਕਰ ਦਿਤਾ ਗਿਆ ਹੈ।

ਕਿਉਂਕਿ ਰਾਜ ਵਿਚ ਪੈਦਾ ਹੋਣ ਵਾਲੇ ਅਨਾਜ ਦਾ ਬਹੁਤਾ ਹਿੱਸਾ ਬਾਹਰ ਭੇਜ ਦਿਤਾ ਗਿਆ ਹੈ ਇਸ ਲਈ ਸਾਨੂੰ ਅਨਾਜ ਨੂੰ ਸਟੋਰ ਕਰਨ ਅਤੇ ਉਸ ਦੀ ਢੋ-ਢੁਆਈ ਦੀ ਸਮੱਸਿਆ ਦਾ ਲਗਾਤਾਰ ਸਾਹਮਣਾ ਕਰਨਾ ਪੈਂਦਾ ਹੈ। ਰਾਜ ਵਿਚ ਸਾਲ 1968-69 ਦੀ 7.4 ਲਖ ਮੀਟਰਿਕ ਟਨ ਦੀ ਗੁਦਾਮ-ਸਮਰੱਥਾ ਵਧਾ ਕੇ ਸਾਲ 1971-72 ਦੇ ਦੌਰਾਨ 24 ਲੱਖ ਮੀਟਰਿਕ ਟਨ ਕਰ ਦਿਤੀ ਗਈ ਹੈ। ਇਹ ਵੀ ਸਾਡੀਆਂ ਲੋੜਾਂ ਲਈ ਕਾਫ਼ੀ ਨਹੀਂ ਹੈ ਅਤੇ ਸਰਕਾਰ ਆਉਣ ਵਾਲੇ ਸਾਲ ਦੇ ਦੌਰਾਨ ਗੁਦਾਮ ਸਮਰੱਥਾ ਨੂੰ ਤੇਜ਼ੀ ਨਾਲ ਵਧਾਉਣ ਦੀ ਤਜਵੀਜ਼ ਰਖਦੀ ਹੈ। ਸਰਕਾਰ ਅਨਾਜ ਨੂੰ ਰਾਜ ਤੋਂ ਬਾਹਰ ਲਿਜਾਣ ਦੀ ਢਿੱਲੀ ਰਫ਼ਤਾਰ ਬਾਰੇ ਚਿੰਤਤ ਹੈ, ਕਿਉਂ ਜੋ ਇਸ ਨਾਲ ਸਾਡੇ ਗੁਦਾਮਾਂ ਵਿਚ ਕੋਈ ਥਾਂ ਨਹੀਂ ਰਹੀ। ਅਨਾਜ ਦੀ ਥੁੜ ਵਾਲੇ ਇਲਾਕਿਆਂ ਵਿਚ ਅਨਾਜ ਛੇਤੀ ਭੇਜਣ ਦਾ ਪ੍ਰਬੰਧ ਕਰਨ ਲਈ ਉੱਚੇ ਪੱਧਰ ਤੇ ਉਪਰਾਲਾ ਕੀਤਾ ਜਾਵੇਗਾ।

ਦਸੰਬਰ, 1971 ਵਿਚ ਕਣਕ ਦੀਆਂ ਕੀਮਤਾਂ ਕੁਝ ਚੜ੍ਹ ਗਈਆਂ ਸਨ। ਫੂਡ ਕਾਰਪੋਰੇਸ਼ਨ ਆਫ਼ ਇੰਡੀਆ ਵਲੋਂ ਅਨਾਜ ਰਿਲੀਜ਼ ਕਰ ਕੇ ਅਤੇ ਸਸਤੇ ਅਨਾਜ ਦੀਆਂ ਦੁਕਾਨਾਂ ਤੇ ਕਣਕ ਅਤੇ ਚਾਵਲਾਂ ਦੀ ਵੰਡ ਸ਼ੁਰੂ ਕਰਕੇ ਕੀਮਤਾਂ ਨੂੰ ਵੱਧਣ ਤੋਂ ਰੋਕ ਦਿੱਤਾ ਗਿਆ।

ਬਨਾਸਪਤੀ ਘੀ ਅਤੇ ਸੀਮਿੰਟ ਵਰਗੀਆਂ ਹੋਰ ਲੋੜੀਂਦੀਆਂ ਵਸਤਾਂ ਦੀ ਸਪਲਾਈ ਤਸੱਲੀਬਖਸ਼ ਰਹੀ।

ਮੇਰੀ ਸਰਕਾਰ ਨੇ ਰਾਜ ਵਿਖੇ ਚੀਨੀ ਦੀ ਵੰਡ ਲਈ ਇਕਸਾਰ ਨੀਤੀ ਅਪਣਾਉਣ ਦਾ ਫੈਸਲਾ ਕੀਤਾ ਹੈ। ਇਸ ਸਬੰਧ ਵਿਚ ਪੇਂਡੂ ਅਤੇ ਸ਼ਹਿਰੀ ਲੋਕਾਂ ਵਿਚਕਾਰ ਕੋਈ ਵਿਤਕਰਾ ਨਹੀਂ ਕੀਤਾ ਜਾਵੇਗਾ।

ਰਾਜ ਕੇਵਲ ਖੇਤੀ ਬਾੜੀ ਉਤੇ ਨਿਰਭਰ ਨਹੀਂ ਰਹਿ ਸਕਦਾ। ਸੰਤੁਲਿਤ ਆਰਥਕ ਵਿਵਸਥਾ ਪ੍ਰਾਪਤ ਕਰਨ ਲਈ ਰਾਜ ਦਾ ਛੇਤੀ ਤੋਂ ਛੇਤੀ ਉਦਯੋਗੀਕਰਣ ਕਰਨਾ ਬਹੁਤ ਜ਼ਰੂਰੀ ਹੈ। ਰਾਜ ਦੇ ਛੋਟੇ ਉਦਯੋਗਪਤੀਆਂ ਅਤੇ ਕਾਮਿਆਂ ਨੇ ਰਾਜ ਵਿਚ ਛੋਟੇ ਪੱਧਰ ਦੇ ਉਦਯੋਗਾਂ ਦਾ ਜਾਲ ਵਿਛਾਉਣ ਲਈ ਸ਼ਲਾਘਾ ਯੋਗ ਕੰਮ ਕੀਤਾ ਹੈ। ਉਨ੍ਹਾਂ ਦਾ ਇਹ ਕੰਮ ਇਸ ਲਈ ਵੀ ਪ੍ਰਸ਼ੰਸਾ ਯੋਗ ਹੈ ਕਿਉਂਕਿ ਉਨ੍ਹਾਂ ਨੇ ਇਸ ਨੂੰ ਕੇਵਲ ਆਪਣੇ ਸਾਹਸ ਅਤੇ ਉੱਦਮ ਨਾਲ ਹੀ ਕੀਤਾ ਹੈ। ਤਾਂ ਵੀ ਉਹ ਵਧੇਰੇ ਚਿਰ ਲਈ ਵਡੇ ਉਦਯੋਗਾਂ ਦੀ ਸਹਾਇਤਾ ਤੋਂ ਬਿਨਾਂ, ਜਿਨ੍ਹਾਂ ਦੇ ਕਿ ਉਹ ਸਹਾਇਕ ਉਦਯੋਗ ਬਣ ਸਕਦੇ ਸਨ, ਜਾਰੀ ਨਹੀਂ ਰਖ ਸਕਦੇ। ਇਸ ਲਈ, ਮੇਰੀ ਸਰਕਾਰ ਪੰਜਾਬ ਲਈ ਵੱਡੇ ਉਦਯੋਗਾਂ ਨੂੰ ਸਰਕਾਰੀ ਖੇਤਰ ਵਿਚ ਲਗਾਉਣ ਲਈ ਉਚੇਰੇ ਪੱਧਰ ਤੇ ਪੂਰੀ ਕੋਸ਼ਿਸ਼ ਕਰੇਗੀ। ਰਾਜ ਦੀ ਉਦਯੋਗ ਵਿਕਾਸ ਕਾਰਪੋਰੇਸ਼ਨ ਨੇ ਇਸ ਸਬੰਧ ਵਿਚ ਕੁਝ ਲਸੰਸ ਅਤੇ ਪ੍ਰਵਾਨਗੀ ਪੱਤਰ ਪ੍ਰਾਪਤ ਵੀ ਕੀਤੇ ਹਨ। ਕੁਝ ਕੁ ਪ੍ਰਾਜੈਕਟਾਂ ਜਿਵੇਂ ਕਿ ਡਰਾਈ ਬੈਟਰੀ ਸੈੱਲ, ਅਤੇ ਸਟੀਲ ਬਿਲਟਸ ਲਈ ਇਕਰਾਰਨਾਮੇ ਹੋ ਚੁਕੇ ਹਨ। ਸਰਕਾਰ ਆਉਣ ਵਾਲੇ ਸਾਲ ਦੇ ਦੌਰਾਨ ਇਹ ਯਤਨ ਕਰੇਗੀ ਕਿ ਉਦਯੋਗ ਵਿਕਾਸ ਕਾਰਪੋਰੇਸ਼ਨ ਦੁਆਰਾ ਹੱਥ ਵਿਚ ਲਏ ਪ੍ਰਾਜੈਕਟਾਂ ਤੇ ਕੰਮ ਸ਼ੁਰੂ ਹੋ ਜਾਵੇ। ਰਾਜ ਦੇ ਛੋਟੇ ਉਦਯੋਗਪਤੀਆਂ ਨੂੰ ਯੋਗ ਕਰਜ਼ੇ ਅਤੇ ਕੱਚਾ ਮਾਲ ਪ੍ਰਾਪਤ ਕਰਨ ਵਿਚ ਲਗਾਤਾਰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੈ। ਇਨ੍ਹਾਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਲੋੜੀਂਦੇ ਉਪਾ ਕੀਤੇ ਜਾਣਗੇ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਕੱਚਾ ਮਾਲ ਸਿਰਫ਼ ਅਸਲੀ ਲੋੜਵੰਦਾਂ ਨੂੰ ਹੀ ਵੰਡਿਆ ਜਾਵੇ ਨਾ ਕਿ ਉਨ੍ਹਾਂ ਨੂੰ ਜਿਹੜੇ ਇਸ ਕੋਟੇ ਦੀ ਨਾਜਾਇਜ਼ ਵਰਤੋਂ ਕਰਦੇ ਹਨ। ਬਹੁਤ ਸਾਰੇ ਛੋਟੇ ਉਦਯੋਗ ਸ਼ਹਿਰਾਂ ਦੇ ਰਿਹਾਇਸ਼ੀ ਇਲਾਕਿਆਂ ਵਿਚ ਬੜੀਆਂ ਭੈੜੀਆਂ ਹਾਲਤਾਂ ਵਿਚ ਚਲ ਰਹੇ ਹਨ। ਇਨ੍ਹਾਂ ਲੋਕਾਂ ਨੂੰ ਉਦਯੋਗਕ ਬਸਤੀਆਂ ਵਿਚ ਪਲਾਟ ਦੇਣ ਲਈ ਯੋਗ ਸਕੀਮਾਂ ਬਣਾਈਆਂ ਜਾਣਗੀਆਂ,

[ਸ੍ਰੀ ਸਪੀਕਰ]
ਤਾਂ ਜੋ ਇਨ੍ਹਾਂ ਛੋਟੇ ਯੂਨਿਟਾਂ ਲਈ ਕੰਮ ਦੀਆਂ ਚੰਗੇਰੀਆਂ ਹਾਲਤਾਂ ਪੈਦਾ ਕੀਤੀਆਂ ਜਾ ਸਕਣ ।

ਹੁਣ ਦੀ ਭਾਰਤ ਪਾਕ ਜੰਗ ਦੇ ਦੌਰਾਨ ਰਾਜ ਦੇ ਉਦਯੋਗਾਂ ਨੂੰ ਭਾਰੀ ਧੱਕਾ ਲਗਾ । ਮੇਰੀ ਸਰਕਾਰ ਇਨ੍ਹਾਂ ਮੁਸ਼ਕਲਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ । ਜੰਗ ਦੇ ਅਸਰ ਹੇਠ ਆਏ ਯਨਿਟਾਂ ਦੀ ਆਰਥਕ ਸਹਾਇਤਾ ਲਈ 60 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ । ਮਾਰਚ, 1972 ਦੇ ਅੰਤ ਤਕ ਵੱਖ ਵੱਖ ਉਦਯੋਗਕ ਕਰਜ਼ਿਆਂ ਦੀਆਂ ਕਿਸ਼ਤਾਂ ਦੀ ਵਸੂਲੀ ਵੀ ਮੁਲਤਵੀ ਕਰ ਦਿਤੀ ਗਈ ਹੈ । ਵਪਾਰਕ ਬੈਂਕਾਂ ਨੂੰ ਰਾਜ ਦੇ ਵਿਸ਼ੇਸ਼ ਕਰਕੇ ਸਰਹੱਦੀ ਜ਼ਿਲ੍ਹਿਆਂ ਲਈ ਨਰਮ ਸ਼ਰਤਾਂ ਉਤੇ ਕਰਜ਼ੇ ਦੇਣ ਲਈ ਪਰੇਰਿਆ ਜਾ ਰਿਹਾ ਹੈ । ਲੋਹਾ, ਸਟੀਲ ਅਤੇ ਹੋਰ ਕੱਚਾ ਮਾਲ ਵੱਡੀ ਮਿਕਦਾਰ ਵਿਚ ਪ੍ਰਾਪਤ ਕਰਨ ਲਈ ਵੀ ਕਦਮ ਚੁਕੇ ਗਏ ਹਨ । ਰਾਜ ਦੇ ਉਦਯੋਗਾਂ ਨੂੰ ਹੋਏ ਨੁਕਸਾਨ ਬਾਰੇ ਮੇਰੀ ਸਰਕਾਰ ਪੂਰੀ ਤਰ੍ਹਾਂ ਸੁਚੇਤ ਹੈ ਅਤੇ ਹੁਣ ਤਕ ਕੀਤੇ ਗਏ ਉਪਾਵਾਂ ਤਕ ਹੀ ਬੱਸ ਨਹੀਂ ਕੀਤੀ ਜਾਵੇਗੀ । ਆਉਣ ਵਾਲੇ ਹਫ਼ਤਿਆਂ ਵਿਚ ਅਸੀਂ ਸਾਰੀਆਂ ਸਬੰਧਤ ਧਿਰਾਂ ਨਾਲ ਇਸ ਬਾਰੇ ਵਿਚਾਰ ਵਟਾਂਦਰਾ ਕਰਾਂਗੇ ਕਿ ਰਾਜ ਦੇ ਉਦਯੋਗਾਂ ਨੂੰ ਪਹਿਲਾਂ ਵਰਗੀ ਹਾਲਤ ਵਿਚ ਲਿਆਉਣ ਲਈ ਅਸੀਂ ਹੋਰ ਕੀ ਕੁਝ ਕਰ ਸਕਦੇ ਹਾਂ ।

ਪਿੰਡਾਂ ਵਿਚ ਆਵਾਜਾਈ ਦੀ ਸੌਖ ਲਈ ਸਰਕਾਰ ਨੇ ਦੋ ਸਾਲਾਂ ਦੇ ਸਮੇਂ ਵਿਚ ਹਰ ਇਕ ਪਿੰਡ ਨੂੰ ਪੱਕੀ ਸੜਕ ਨਾਲ ਜੋੜਨ ਦਾ ਫੈਸਲਾ ਕਰ ਲਿਆ ਹੈ । ਇਸ ਤੋਂ ਇਲਾਵਾ, ਹਰ ਇਕ ਪਿੰਡ ਨੂੰ ਬਿਜਲੀ ਪਹੁੰਚਾਉਣ ਦਾ ਪਰੋਗਰਾਮ ਬਹੁਤ ਤੇਜ਼ ਕਰ ਦਿੱਤਾ ਜਾਵੇਗਾ । ਆਜ਼ਾਦੀ ਮਿਲਣ ਤੋਂ 25 ਸਾਲ ਬਾਅਦ ਵੀ ਰਾਜ ਦੇ ਬਹੁਤ ਸਾਰੇ ਪਿੰਡਾਂ ਵਿਚ ਪੀਣ ਵਾਲੇ ਸਾਫ਼ ਪਾਣੀ ਦਾ ਪ੍ਰਬੰਧ ਨਹੀਂ ਹੈ । ਰਾਜ ਦੇ ਸਾਰੇ ਪਿੰਡਾਂ ਵਿਚ ਪੀਣ ਵਾਲੇ ਪਾਣੀ ਦੇ ਪ੍ਰਬੰਧ ਲਈ ਇਕ ਕਰੈਸ਼–ਪ੍ਰੋਗਰਾਮ ਸ਼ੁਰੂ ਕੀਤਾ ਜਾਵੇਗਾ ।

ਰਾਜ ਵਿਚ ਬੱਸ ਟਰਾਂਸਪੋਰਟ ਦੇ ਕੌਮੀਕਰਣ ਲਈ ਸਰਕਾਰ ਜਲਦੀ ਹੀ ਕਾਰਵਾਈ ਕਰੇਗੀ । ਪੰਜਾਬ ਰੋਡਵੇਜ਼ ਨੂੰ ਛੇਤੀ ਹੀ ਕਾਰਪੋਰੇਸ਼ਨ ਵਿਚ ਬਦਲਿਆ ਜਾ ਰਿਹਾ ਹੈ । ਆਵਾਜਾਈ ਦੀਆਂ ਸਹੂਲਤਾਂ ਦੀ ਵਧਦੀ ਮੰਗ ਨੂੰ ਪੂਰਾ ਕਰਨ ਲਈ ਰਾਜ ਦੇ ਵੱਖ ਵੱਖ ਭਾਗਾਂ ਵਿਚ ਨਵੇਂ ਰੂਟਾਂ ਤੇ ਬਸਾਂ ਚਲਾਈਆਂ ਜਾਣਗੀਆ । ਪਰ ਅਜੇ ਵੀ ਰਾਜ ਦੀਆਂ ਟ੍ਰਾਂਸਪੋਰਟ ਸੇਵਾਵਾਂ ਦੀ ਨਿਪੁੰਨਤਾ ਵਧਾਉਣ ਅਤੇ ਲੋਕਾਂ ਨਾਲ ਆਦਰ ਭਰਿਆ ਵਤੀਰਾ ਅਪਣਾਉਣ ਦੀ ਕਾਫ਼ੀ ਗੁੰਜਾਇਸ਼ ਹੈ । ਇਸ ਪਾਸੇ ਛੇਤੀ ਹੀ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ । ਸਰਕਾਰ ਨੇ ਟ੍ਰਾਂਸਪੋਰਟ ਕਰਮਚਾਰੀਆਂ ਦੀ ਹਾਲਤ ਨੂੰ ਸੁਧਾਰਨ ਲਈ ਪੰਜਾਬ ਰੋਡਵੇਜ਼ ਦੇ ਕਰਮਚਾਰੀਆਂ ਲਈ ਗਰੈਚੂਟੀ ਸਕੀਮ, ਮਿਤੀ 18 ਫਰਵਰੀ, 1967 ਤੋਂ ਪੂਰਵ ਵਰਤੀ ਪ੍ਰਭਾਵ ਨਾਲ ਲਾਗੂ ਕਰਨ ਦਾ ਫ਼ੈਸਲਾ ਕੀਤਾ ਹੈ । ਸਰਕਾਰ ਨੇ ਕਰਮਚਾਰੀਆਂ ਨੂੰ 1966-67 ਅਤੇ 1967-68 ਸਾਲਾਂ ਲਈ ਹਮਦਰਦੀ ਵਜੋਂ ਅਧਿਕ ਰਕਮਾਂ ਵੀ ਦਿੱਤੀਆਂ ਹਨ ।

ਸਰਕਾਰ, ਰਾਜ ਵਿਚ ਜ਼ਮੀਨਾਂ ਸਬੰਧੀ ਸੁਧਾਰਾਂ ਨੂੰ ਮੁਕੰਮਲ ਕਰਨ ਵਲ ਵਿਸ਼ੇਸ਼ ਧਿਆਨ ਦੇਵੇਗੀ । ਸਾਰੇ ਰਾਜ ਲਈ ਮੁਜ਼ਾਰਾਦਾਰੀ ਕਾਨੂੰਨ ਇਕਸਾਰ ਕੀਤੇ ਜਾਣਗੇ । ਸਾਰੀਆਂ ਖ਼ਾਮੀਆਂ ਦੂਰ ਕੀਤੀਆਂ ਜਾਣਗੀਆਂ ਵੱਧ ਤੋਂ ਵੱਧ ਜ਼ਮੀਨ ਦੀ ਹੱਦ ਨਿਸਚਿਤ ਕਰਨ ਦੇ ਮਨੋਰਥ ਲਈ ਪਰਵਾਰ ਨੂੰ ਇਕ ਇਕਾਈ ਸਮਝਿਆ ਜਾਵੇਗਾ । ਸਰਕਾਰ ਸਾਰੇ ਮੁਜ਼ਾਰਾਦਾਰੀ ਕਾਨੂੰਨਾਂ ਦੀ ਪਾਲਨਾ ਨੂੰ ਯਕੀਨੀ ਬਣਾਵੇਗੀ । ਸ਼ਹਿਰੀ ਜਾਇਦਾਦ ਦੀ ਵੀ ਯੋਗ ਹੱਦ ਨਿਸਚਿਤ ਕੀਤੀ ਜਾਵੇਗੀ ।

ਹੁਣ ਦੀ ਭਾਰਤ-ਪਾਕ ਜੰਗ ਦੇ ਦੌਰਾਨ ਸਰਹੱਦੀ ਇਲਾਕਿਆਂ ਦੇ ਕਿਸਾਨਾਂ ਦੇ ਨੁਕਸਾਨ ਦੀ ਤਲਾਫ਼ੀ ਲਈ ਭਾਰਤ-ਪਾਕ ਸਰਹੱਦਾਂ ਦੇ 10 ਮੀਲ ਦੇ ਅੰਦਰ ਅੰਦਰ 1971 ਦੀ ਸਾਉਣੀ ਲਈ ਭੋਂ-ਮਾਲੀਆ ਅਤੇ ਆਬਿਆਨਾ ਮਾਫ਼ ਕਰ ਦਿਤਾ ਗਿਆ ਹੈ । ਸਰਹੱਦੀ ਜ਼ਿਲ੍ਹਿਆਂ ਵਿਚ ਤਕਾਵੀ ਕਰਜ਼ਿਆਂ ਦੀ ਵਸੂਲੀ ਵੀ 30 ਅਪਰੈਲ 1972 ਤਕ ਮੁਲਤਵੀ ਕਰ ਦਿੱਤੀ ਗਈ ਹੈ ।

ਜ਼ਿਮੀਂਦਾਰੀ ਸੁਧਾਰ ਪ੍ਰੋਗਰਾਮ ਦੇ ਅਧੀਨ ਵਾਫ਼ਰ ਜ਼ਮੀਨ ਦੀ ਵਰਤੋਂ ਕਰਨਾ ਵੀ ਇਕ ਜ਼ਰੂਰੀ ਕਦਮ ਹੈ । ਇਸ ਅਨੁਸਾਰ ਲਗਭਗ 66 ਫ਼ੀ ਸਦੀ ਮੌਜੂਦਾ ਵਾਫ਼ਰ ਜ਼ਮੀਨ ਹੱਕਦਾਰ ਮੁਜ਼ਾਰਿਆਂ

ਨੂੰ ਅਲਾਟ ਕਰ ਦਿੱਤੀ ਗਈ ਹੈ । ਬਕਾਇਆ ਰਕਬਾ ਵੀ ਛੇਤੀ ਹੀ ਅਲਾਟ ਕਰ ਦਿਤਾ ਜਾਵੇਗਾ ।

ਸਰਕਾਰ ਹਰੀਜਨਾਂ ਦੀ ਭਲਾਈ ਅਤੇ ਉੱਨਤੀ ਦੀਆਂ ਸਕੀਮਾਂ ਨੂੰ ਬਣਾਉਣ ਅਤੇ ਉਨ੍ਹਾਂ ਨੂੰ ਲਾਗੂ ਕਰਨ ਵਿਚ ਸਭ ਤੋਂ ਪਹਿਲ ਦੇਵੇਗੀ । ਸਰਕਾਰ ਦੇਹਾਤੀ ਖੇਤਰਾਂ ਵਿਚ ਭੋਂ-ਰਹਿਤ ਹਰੀਜਨਾਂ ਨੂੰ ਮੁਫ਼ਤ ਰਿਹਾਇਸ਼ੀ ਪਲਾਟ ਦੇਵੇਗੀ । ਹਰ ਪਿੰਡ ਵਿੱਚ ਧਰਮਸ਼ਾਲਾਂ ਅਤੇ ਚੌਪਾਲਾਂ ਬਣਾਉਣ ਦੀਆਂ ਸਕੀਮਾਂ ਨੂੰ ਤੇਜ਼ ਕਰ ਦਿੱਤਾ ਜਾਵੇਗਾ ਅਤੇ ਇਹ ਸਹੂਲਤਾਂ ਰਾਜ ਦੇ ਹਰ ਪਿੰਡ ਵਿਚ ਦੋ ਸਾਲਾਂ ਦੇ ਅੰਦਰ ਅੰਦਰ ਮੁਹੱਈਆਂ ਕਰ ਦਿੱਤੀਆਂ ਜਾਣਗੀਆਂ । ਸਰਕਾਰ ਪੰਜਾਬ ਅਨੁਸੂਚਿਤ ਜਾਤੀਆਂ ਭੋਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੇ ਕੰਮ ਕਾਜ ਅਤੇ ਉਸਦੀ ਨਿਪੁੰਨਤਾ ਦੇ ਵਾਧੇ ਲਈ ਯੋਗ ਮੁਲਅੰਕਣ ਕਰਨ ਦਾ ਇਰਾਦਾ ਰਖਦੀ ਹੈ । ਸਰਕਾਰ ਇਸ ਬਾਰੇ ਵੀ ਇਛੁੱਕ ਹੈ ਕਿ ਹਰੀਜਨ ਭਲਾਈ ਦੀਆਂ ਵੱਖ ਵੱਖ ਸਕੀਮਾਂ ਦਾ ਲਾਭ ਕੁਝ ਇਕ ਰੱਜੇ ਪੁੱਜੇ ਹਰੀਜਨ ਪਰਵਾਰਾਂ ਨੂੰ ਪਹੁੰਚਾਉਣ ਦੀ ਥਾਂ ਹਰੀਜਨਾਂ ਦੇ ਸਭ ਤੋਂ ਗਰੀਬ ਤਬਕੇ ਦੇ ਮੈਂਬਰਾਂ ਨੂੰ ਪਹੁੰਚਾਇਆ ਜਾਵੇ ।

ਮਕਾਨਾਂ ਦੀ ਸਮੱਸਿਆ ਸਿਰਫ਼ ਹਰੀਜਨਾਂ ਦੀ ਹੀ ਨਹੀਂ, ਸਗੋਂ ਰਾਜ ਦੇ ਹੋਰ ਬਹੁਤ ਸਾਰੇ ਲੋਕ ਵੀ ਇਸ ਨੂੰ ਮਹਿਸੂਸ ਕਰਦੇ ਹਨ । ਸਰਕਾਰ ਦਾ ਉਦੇਸ਼ ਹੈ. ਕਿ ਰਾਜ ਵਿਚ ਹਰ ਪਰਿਵਾਰ ਨੂੰ ਇਕ ਛੋਟਾ ਮੋਟਾ ਮਕਾਨ ਜ਼ਰੂਰ ਦਿਤਾ ਜਾਵੇ । ਇਸ ਉਦੇਸ਼ ਲਈ ਜਲਦੀ ਹੀ ਇਕ ਰਾਜ ਹਾਊਸਿੰਗ ਬੋਰਡ ਕਾਇਮ ਕੀਤਾ ਜਾਵੇਗਾ ਅਤੇ ਸ਼ਹਿਰਾਂ ਦੇ ਨੇੜੇ ਜ਼ਮੀਨਾਂ ਦੇ ਵਿਕਾਸ ਦੀਆਂ ਸਕੀਮਾਂ, ਜਿਨ੍ਹਾਂ ਵਿਚ ਵੱਡੇ ਪੈਮਾਨੇ ਉਤੇ ਰਿਹਾਇਸ਼ੀ ਮਕਾਨ ਉਸਾਰੇ ਜਾਣਗੇ; ਬਣਾਈਆਂ ਜਾਣਗੀਆਂ । ਆਸ ਕੀਤੀ ਜਾਂਦੀ ਹੈ ਕਿ ਇਨ੍ਹਾਂ ਸਕੀਮਾਂ ਨੂੰ ਨੇਪਰੇ ਚਾੜ੍ਹਨ ਲਈ ਸਹਿਕਾਰੀ ਸਭਾਵਾਂ ਸੰਸਥਾਵੀ ਵਿੱਤ ਨੂੰ ਇਸ ਪਾਸੇ ਪ੍ਰੇਰਨ ਲਈ ਇਕ ਵੱਡਾ ਹਿੱਸਾ ਪਾਉਣਗੀਆਂ ।

ਸਮੁੱਚੇ ਵਿਕਾਸ ਲਈ ਸਿੱਖਿਆ ਇਕ ਆਧਾਰ ਪ੍ਰਦਾਨ ਕਰਦੀ ਹੈ ਅਤੇ ਕਿਸੇ ਕੌਮ ਦੀ ਤਾਕਤ ਦਾ ਨਿਰਭਰ ਉਸਦੇ ਲੋਕਾਂ ਦੇ ਗੁਣਾਂ ਉੱਤੇ ਹੁੰਦਾ ਹੈ । ਲਾਜ਼ਮੀ ਪ੍ਰਾਇਮਰੀ ਸਿੱਖਿਆ ਐਕਟ ਭਾਵੇਂ ਬਹੁਤ ਚਿਰ ਪਹਿਲਾਂ 1960 ਵਿਚ ਪਾਸ ਕੀਤਾ ਗਿਆ ਸੀ, ਫਿਰ ਵੀ ਪ੍ਰਾਇਮਰੀ ਸਿੱਖਿਆ ਵਿਚ ਬੱਚਿਆਂ ਨੂੰ ਦਾਖਲਾ ਦੇਣ ਵਿਚ ਬਦਕਿਸਮਤੀ ਨਾਲ ਸਾਡਾ ਰਾਜ ਪਿੱਛੇ ਰਿਹਾ ਹੈ । ਸਰਕਾਰ ਦੀ ਇਹ ਤੀਬਰ ਇੱਛਾ ਹੈ ਕਿ ਹਰ ਬੱਚਾ ਸਕੂਲ ਜਾਵੇ ਅਤੇ ਇਸ ਲਈ ਯੋਗ ਸਹੂਲਤਾਂ ਦਿੱਤੀਆਂ ਜਾਣਗੀਆਂ । ਇਸ ਸਾਲ 6 ਤੋਂ 11 ਸਾਲ ਦੀ ਉਮਰ ਦੇ 80 ਫ਼ੀ ਸਦੀ ਬੱਚਿਆਂ ਨੂੰ ਦਾਖ਼ਲਾ ਦੇਣ ਦਾ ਟੀਚਾ ਮਿਥਿਆ ਗਿਆ ਹੈ । ਪਰ ਆਉਣ ਵਾਲੇ ਕੁਝ ਹੀ ਸਾਲਾਂ ਵਿਚ ਇਸ ਨੂੰ 100 ਫ਼ੀ ਸਦੀ ਤਕ ਵਧਾਉਣ ਦਾ ਸਾਡਾ ਯਤਨ ਹੋਵੇਗਾ । ਸਰਕਾਰ ਜਾਣਦੀ ਹੈ ਕਿ ਛੋਟੇ ਬੱਚੇ ਸਕੂਲ ਜਾਣ ਲਈ ਬਹੁਤ ਜ਼ਿਆਦਾ ਦੂਰ ਨਹੀਂ ਜਾ ਸਕਦੇ । ਇਸ ਲਈ ਅਸੀਂ ਇਹ ਨਿਸ਼ਚਾ ਕੀਤਾ ਹੈ ਕਿ ਰਾਜ ਵਿਚ ਪ੍ਰਾਇਮਰੀ ਸਕੂਲ ਹਰ ਬੱਚੇ ਦੀ ਪਹੁੰਚ ਵਿਚ ਆ ਜਾਵੇ । ਸਿੱਖਿਆ ਦੇ ਮਿਆਰ ਨੂੰ ਚੰਗੇਰਾ ਬਣਾਉਣ ਲਈ 825 ਸਕੂਲਾਂ ਵਿਚ ਸਾਇੰਸ ਦੇ ਸਾਮਾਨ ਦਾ ਉਪਬੰਧ ਕੀਤਾ ਜਾਵੇਗਾ । ਹੁਸ਼ਿਆਰ ਵਿੱਦਿਆਰਥੀਆਂ ਨੂੰ 464 ਰੂਰਲ ਐਨਰੋਲਮੈਂਟ ਸਕਾਲਰਸ਼ਿਪ ਦਿਤੇ ਜਾਣਗੇ ਅਤੇ ਹਰ ਇਕ ਸਕਾਲਰ-ਸ਼ਿਪ 1,000 ਰੁਪਏ ਸਾਲਾਨਾ ਦਾ ਹੋਵੇਗਾ ।

ਭਾਸ਼ਾ ਵਿਭਾਗ ਪੰਜਾਬੀ ਵਿਸ਼ਵ-ਕੋਸ਼ ਨੂੰ ਛੇਤੀ ਛਪਵਾਉਣ ਦੀ ਕੋਸ਼ਿਸ਼ ਕਰ ਰਿਹਾ ਹੈ । 10,000 ਸ਼ਬਦਾਂ ਦੀ ਇਕ ਕਾਨੂੰਨੀ ਸ਼ਬਦਾਵਲੀ ਪ੍ਰਕਾਸ਼ਿਤ ਕੀਤੀ ਜਾ ਚੁਕੀ ਹੈ । ਰਾਜ ਦੇ ਲੋੜਵੰਦ ਲੇਖਕਾਂ, ਕਲਾਕਾਰਾਂ ਨੂੰ ਮੁਨਾਸਿਬ ਸਹਾਇਤਾ ਦੇਣ ਦੀ ਵੀ ਤਜ਼ਵੀਜ਼ ਹੈ । ਸਾਲ 1971-72 ਦੇ ਦੌਰਾਨ ਹਿੰਦੀ ਦੇ ਵਿਕਾਸ ਲਈ 1,78,000 ਰੁਪਏ ਦੀ ਰਕਮ ਖਰਚ ਕੀਤੀ ਜਾਣੀ ਹੈ ਅਤੇ ਵਿਭਾਗ ਰਾਸ਼ਟਰ ਭਾਸ਼ਾ ਦੇ ਵਿਕਾਸ ਲਈ ਹੋਰ ਸਕੀਮਾਂ ਤੇ ਵੀ ਵਿਚਾਰ ਕਰ ਰਿਹਾ ਹੈ ।

ਦੇਸ਼ ਵਿਚ ਖੇਡਾਂ ਨੂੰ ਉੱਨਤ ਕਰਨ ਵਿਚ ਪੰਜਾਬ ਮੋਢੀ ਰਿਹਾ ਹੈ ਅਤੇ ਬੀਤੇ ਸਮੇਂ ਦੇ ਦੌਰਾਨ ਇਸ ਨੇ ਕੌਮੀ ਟੀਮਾਂ ਲਈ ਚੋਟੀ ਦੇ ਖਿਡਾਰੀ ਦਿੱਤੇ ਹਨ । ਖੇਡਾਂ ਆਚਰਣ ਬਨਾਉਣ ਵਿਚ ਮਹੱਤਵਪੂਰਣ ਹਿੱਸਾ ਪਾਉਂਦੀਆਂ ਹਨ ਅਤੇ ਅੰਤਰ ਰਾਸ਼ਟਰੀ ਮੁਕਾਬਲਿਆਂ ਵਿਚ ਕੌਮੀ ਝੰਡੇ ਨੂੰ

[ਸ੍ਰੀ ਸਪੀਕਰ]

ਉਚਿੱਤ ਸਥਾਨ ਦਿਵਾਉਂਦੀਆਂ ਹਨ। ਮੇਰੀ ਸਰਕਾਰ ਖੇਡਾਂ ਦੇ ਉਚਿਤ ਵਿਕਾਸ ਲਈ ਲੋੜੀਂਦੇ ਖਰਚੇ ਵਿਚ ਵਾਧਾ ਕਰਨ ਦੀ ਲੋੜ ਨੂੰ ਸਮਝਦੀ ਹੈ। ਸਕੂਲਾਂ ਅਤੇ ਕਾਲਜਾਂ ਵਿਚ ਖੇਡਣ ਦੀ ਰੁਚੀ ਨੂੰ ਉਤਸਾਹਤ ਕਰਨ, ਅਤੇ ਵਿਸਵ-ਚੈਂਪੀਅਨ ਪੈਦਾ ਕਰਨ ਦੀਆਂ ਸਹੂਲਤਾਂ ਦੇਣ ਲਈ ਕਦਮ ਚੁੱਕੇ ਜਾਣਗੇ, ਜਿਹੜੇ ਭਵਿੱਖ ਵਿਚ ਰਾਸ਼ਟਰ ਦਾ ਨਾਂ ਉਚਾ ਕਰਨਗੇ।

ਸਾਲ ਦੇ ਦੌਰਾਨ ਰਾਜ ਵਿਚ ਅਮਨ ਤੇ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਕਾਬੂ ਵਿਚ ਰਹੀ। ਰਾਜ ਦੇ ਸਦਰ ਮੁਕਾਮ ਉਤੇ ਇੱਕ ਆਪਰੇਸ਼ਨ ਰੂਮ ਕਾਇਮ ਕੀਤਾ ਗਿਆ ਹੈ ਅਤੇ ਸੰਚਾਰ ਸਾਧਨਾਂ ਨੂੰ ਵੀ ਨਵੀਨਤਮ ਬਣਾ ਦਿੱਤਾ ਗਿਆ ਹੈ। ਕੁਝ ਰਾਸ਼ਟਰੀ ਜਰਨੈਲੀ ਸੜਕਾਂ ਉਤੇ ਵਾਇਰਲੈਸ ਲਗੀਆਂ ਗਡੀਆਂ ਦੁਆਰਾ ਗਸ਼ਤ ਵੀ ਸ਼ੁਰੂ ਕੀਤੀ ਗਈ ਹੈ।

ਨਵੇਂ ਸਾਲ ਦੇ ਦੌਰਾਨ ਇਸ ਕੰਮ ਦਾ ਹੋਰ ਵੀ ਵਿਸਤਾਰ ਕੀਤਾ ਜਾਵੇਗਾ। ਇਥੇ ਹੀ ਬਸ ਨਹੀਂ, ਸਰਕਾਰ ਨੇ ਪੁਲਿਸ ਦੇ ਰਵੱਈਏ ਅਤੇ ਉਸ ਦੇ ਢੰਗਾਂ ਨੂੰ ਬਦਲਣ ਦਾ ਪੱਕਾ ਨਿਸਚਾ ਕਰ ਲਿਆ ਹੈ ਤਾਂ ਜੋ ਉਹ ਜਨਤਾ ਦੇ ਸੱਚੇ ਸੇਵਾਦਾਰ ਅਤੇ ਉਨ੍ਹਾਂ ਦੀ ਭਲਾਈ ਦੇ ਰਾਖੇ ਬਣ ਸਕਣ। ਹਰੀਜਨਾਂ ਅਤੇ ਦੂਜੇ ਕਮਜ਼ੋਰ ਵਰਗਾਂ ਉੱਤੇ ਹੋ ਰਹੇ ਅਤਿਆਚਾਰ ਅਤੇ ਸਖ਼ਤੀ ਨੂੰ ਰੋਕਣ ਲਈ ਠੋਸ ਕਦਮ ਚੁਕੇ ਜਾਣਗੇ। ਜਨਤਾ ਵਲੋਂ ਕੀਤੀਆਂ ਜਾਣ ਵਾਲੀਆਂ ਸ਼ਿਕਾਇਤਾਂ ਨੂੰ ਦਰਜ ਕਰਨ ਵਿਚ ਝਿਜਕ ਜਾਂ ਢੇਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਰਾਜ ਵਿੱਚ ਪੇਸ਼ ਆਈਆਂ ਕੁਝ ਸਮਸਿਆਵਾਂ ਅਤੇ ਉਨ੍ਹਾਂ ਉਤੇ ਕਾਬੂ ਪਾਉਣ ਲਈ ਮੇਰੀ ਸਰਕਾਰ ਨੇ ਜਿਨ੍ਹਾਂ ਪਾਲਸੀਆਂ ਅਤੇ ਪ੍ਰੋਗਰਾਮਾਂ ਦੀ ਤਜਵੀਜ਼ ਕੀਤੀ ਹੈ, ਮੈਂ ਉਨ੍ਹਾਂ ਵਲ ਸੰਖੇਪ ਵਿਚ ਸੰਕੇਤ ਕਰਨ ਦਾ ਯਤਨ ਕੀਤਾ ਹੈ। ਸਾਡੀ ਸਰਕਾਰ ਸਮਾਜਵਾਦ ਲਿਆਉਣ ਲਈ ਅਤੇ ਇਕ ਅਜਿਹੀ ਨਵੀਂ ਵਿਵਸਥਾ ਲਈ ਵਚਨਬੱਧ ਹੈ ਜਿਸ ਦਾ ਆਧਾਰ ਸਮਾਜਿਕ ਨਿਆਂ ਅਤੇ ਸਮਾਜ ਦੇ ਕੰਮਜ਼ੋਰ ਵਰਗਾਂ ਦੀ ਉੱਨਤੀ ਦੇ ਅਨੁਕੂਲ ਆਰਥਿਕ ਪ੍ਰਗਤੀ ਤੇ ਹੈ। ਪ੍ਰਧਾਨ ਮੰਤਰੀ ਜੀ ਦੁਆਰਾ ਦਿੱਤੀ "ਗਰੀਬੀ ਹਟਾਓ" ਦੀ ਵੰਗਾਰ ਸਾਡੀ ਆਪਣੀ ਵੰਗਾਰ ਹੈ। ਵਿਕਾਸ ਅਤੇ ਆਰਥਕ ਉੱਨਤੀ ਦਾ ਲਾਭ ਬਹੁਤਿਆਂ ਦੀ ਥਾਂ ਥੋੜ੍ਹਿਆਂ ਨੂੰ ਪੁਜਦਾ ਰਿਹਾ ਹੈ। ਸਰਕਾਰ ਨੇ ਇਸ ਨਾ ਬਰਾਬਰੀ ਨੂੰ ਖ਼ਤਮ ਕਰਨ ਅਤੇ ਆਪਣੇ ਸਾਰੇ ਸ਼ਹਿਰੀਆਂ ਦਾ ਭਵਿੱਖ ਉਜਲ ਕਰਨ ਦਾ ਤਹੱਈਆ ਕਰ ਲਿਆ ਹੈ। ਆਉਣ ਵਾਲੇ ਦਿਨਾਂ ਵਿੱਚ ਮੇਰੀ ਸਰਕਾਰ ਇਨ੍ਹਾਂ ਆਸ਼ਿਆਂ ਨੂੰ ਅਮਲੀ ਰੂਪ ਦੇਣ ਲਈ ਲੋੜੀਂਦੀਆਂ ਨੀਤੀਆਂ ਤੇ ਪ੍ਰੋਗਰਾਮ ਬਣਾਵੇਗੀ।

ਮੈਨੂੰ ਪੂਰਾ ਵਿਸ਼ਵਾਸ ਹੈ ਕਿ ਆਪ ਦੇ ਸਹਿਯੋਗ, ਮਿਹਨਤ ਅਤੇ ਜਨਤਾ ਦੀ ਸਹਾਇਤਾ ਨਾਲ ਅਸੀਂ ਆਉਣ ਵਾਲੀ ਕਿਸੇ ਵੀ ਵੰਗਾਰ ਦਾ ਸਾਹਮਣਾ ਕਰਦੇ ਹੋਏ ਨਵੇਂ ਪੰਜਾਬ ਦਾ ਨਿਰਮਾਣ ਕਰਨ ਵਿੱਚ ਸਫ਼ਲ ਹੋਵਾਂਗੇ।

ਹੁਣ, ਮੈਂ ਇਹ ਸਭ ਕੁਝ ਆਪ ਜੀ ਦੇ ਵਿਚਾਰ ਗੋਚਰੇ ਰਖਦਾ ਹੋਇਆ ਕਾਮਨਾ ਕਰਦਾ ਹਾਂ ਕਿ ਇਸ ਨਾਲ ਸਾਡੇ ਰਾਜ ਦੀ ਖੁਸ਼ਹਾਲੀ ਤੇ ਸਥਿਰਤਾ ਵਿਚ ਵਾਧਾ ਹੋਵੇ !

ਜੈ ਹਿੰਦ।

Mr. Speaker : Now the Secretary will make some Announcements.

———

ANNOUNCEMENTS BY THE SECRETARY

ਸਕੱਤਰ : ਸ਼੍ਰੀ ਮਾਨ ਜੀ, ਮੈਂ ਸਦਨ ਨੂੰ ਸੂਚਿਤ ਕਰਦਾ ਹਾਂ ਕਿ ਸਾਲ 1970-71 ਲਈ ਵੱਖ ਵੱਖ ਕਮੇਟੀਆਂ ਦੀਆਂ ਹੇਠ ਲਿਖੀਆ ਰਿਪੋਰਟਾਂ ਪਿਛਲੀ ਵਿਧਾਨ ਸਭਾ ਦੇ ਸਪੀਕਰ ਸਾਹਿਬ ਨੂੰ ਪੇਸ਼ ਕੀਤੀਆਂ ਗਈਆਂ ਅਤੇ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 120 (ਹੁਣ ਨਿਯਮ 113) ਅਧੀਨ ਉਨ੍ਹਾਂ ਦੀ ਹਦਾਇਤ ਮਿਤੀ 2 ਅਪ੍ਰੈਲ, 1968 ਅਧੀਨ ਛਪਵਾਈਆਂ, ਪ੍ਰਕਾਸ਼ਤ ਅਤੇ ਸਰਕੂਲੇਟ ਕੀਤੀਆਂ ਗਈਆਂ :

1. ਅਧੀਨ ਵਿਧਾਨ ਕਮੇਟੀ ਦੀ ਨੌਵੀਂ ਰਿਪੋਰਟ ।
2. ਸਾਲ 1970-71 ਲਈ ਬਜਟ ਅਨੁਮਾਨਾਂ ਤੇ ਅਨੁਮਾਨ ਕਮੇਟੀ ਦੀ ਰਿਪੋਰਟ ।
3. ਸਰਕਾਰੀ ਆਸ਼ਵਾਸਨਾਂ ਸਬੰਧੀ ਕਮੇਟੀ ਦੀ ਚੌਧਵੀਂ ਰਿਪੋਰਟ ।
4. ਲੋਕ ਲੇਖਾ ਕਮੇਟੀ ਦੀ ਉਨੱਤੀਵੀਂ ਰਿਪੋਰਟ ;

ਸ਼੍ਰੀ ਮਾਨ ਜੀ, ਮੈਂ ਉਨ੍ਹਾਂ ਬਿੱਲਾਂ ਦੀ ਸੂਚੀ ਸਦਨ ਦੀ ਮੇਜ਼ ਤੇ ਰਖਦਾ ਹਾਂ ਜਿਹੜੇ ਕਿ ਪੰਜਵੀਂ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ ਪੰਜਵੇਂ ਸਮਾਗਮ, 1971 ਦੇ ਦੌਰਾਨ ਪਾਸ ਕੀਤੇ ਗਏ ਅਤੇ ਜਿਨ੍ਹਾਂ ਨੂੰ ਰਾਸ਼ਟਰਪਤੀ/ਰਾਜਪਾਲ ਦੁਆਰਾ ਸਹਿਮਤੀ ਦੇ ਦਿੱਤੀ ਗਈ ਹੈ ।

STATEMENT SHOWING THE BILLS WHICH WERE PASSED BY THE FIFTH PUNJAB VIDHAN SABHA DURING ITS FIFTH SESSION, 1971 AND WHICH HAVE SINCE BEEN ASSENTED TO BY THE PRESIDENT GOVERNOR

1. The Punjab Gram Panchayat (Amendment) Bill, 1971.
2. The Punjab Prevention of Beggary Bill, 1971.
3. The Punjab Entertainments Duty (Amendent) Bill, 1971.
4. The Punjab Urban Immovable Property Tax Amendment Bill, 1971.
5. The Punjab Entertainments Tax (Cinematograph Shows) Amendment Bill, 1971.
6. The Punjab Motor Vehicles Taxation (Amendment) Bill, 1971.
7. The Punjab Contingency Fund Amendment Bill, 1971.
8. The Punjab Appropriation Bill, 1971.
9. The Punjab Appropriation (Vote on Account) Bill, 1971.

FIRST REPORT OF THE BUSINESS ADVISORY COMMITTEE OF THE PUNJAB VIDHAN SABHA

Mr. Speaker : I have to report the Time Table of the Punjab Vidhan Sabha as contained in the First Report of the Business Advisory Committee. The Report reads :

[Mr. Speaker]

After some discussion the Committee recommended that the following business be transacted at sittings to be held during the period from 24th March, 1972 to 7th April, 1972 :

Friday, the 24th March (11.00 A.M.)	(i)	Obituary references.
	(ii)	Presentation of Supplementary Estimates (2nd Instalment), 1971-72.
	(iii)	Presentation of the Budget Estimates for the year 1972-73 alongwith the Vote-on-Account Budget.
Saturday, the 25th March		Off-day.
Sunday, the 26th March) Monday, the 27th March)		Holidays.
Tuesday, the 28th March	(i)	Election of Deputy Speaker.
	(ii)	Discussion and voting on the Vote-on-Account Budget.
	(iii)	Discussion and voting of the Supplementary Estimates (2nd Instalment) for the year 1971-72.
Wednesday, the 29th March (Forenoon)		Appropriation Bill on Vote-on-Account Budget.
Wednesday, the 29th March (Afternoon)		Appropriation Bill on the Supplementary Estimates (2nd Instalment) for the year 1971-72.
Thursday, the 30th March	(i)	Official Resolution.
	(ii)	Resolution regarding Bangla Desh, and
	(iii)	Discussion on motion regarding problems of border districts. (Time to be extended, if necessary)
Friday, the 31st March		Holiday.
Saturday, the 1st April		Off-day.
Sunday, the 2nd April		Holiday.
Monday, the 3rd April		Discussion on Governor's Address.
Tuesday, the 4th April		Discussion on Governor's Address.
Wednesday, the 5th April	(i)	Legislative Business, if any.

	(ii)	Discussion on Governor's Address.
Thursday, the 6th April		Non-Official Business.
Friday, the 7th April		Discussion on Governor's Address.

Captain Rattan Singh : Sir, I beg to move—

That this House agrees with the recommendations contained in the First Report of the Business Advisory Committee.

Mr. Speaker : Motion moved—

That this House agrees with the recommendations contained in the First Report of the Business Advisory Committee.

Mr. Speaker : Question is—

That this House agrees with the recommendations contained in the First Report of the Business Advisory Committee.

The Motion was carried.

PRESENTATION OF THE SUPPLEMENTARY ESTIMATES (2nd Instalment) FOR THE YEAR 1971-72

ਸ਼੍ਰੀ ਹੰਸ ਰਾਜ ਸ਼ਰਮਾ (ਵਿੱਤ ਮੰਤਰੀ) : ਸ਼੍ਰੀ ਮਾਨ ਜੀ, ਮੈਂ ਸਾਲ 1971-72 ਲਈ ਅਨੁਪੂਰਕ ਅਨੁਮਾਨ (ਦੂਜੀ ਕਿਸ਼ਤ) ਸਦਨ ਨੂੰ ਪੇਸ਼ ਕਰਦਾ ਹਾਂ ।

ਇਨ੍ਹਾਂ ਮੰਗਾਂ ਦੀ ਸਿਫਾਰਸ਼ ਗਵਰਨਰ ਸਾਹਿਬ ਨੇ ਕਰ ਦਿੱਤੀ ਹੈ ।

ਸ਼੍ਰੀ ਯੱਸ਼ ਪਾਲ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਕੁਝ ਕਾਲ ਅਟੈਨਸ਼ਨ ਨੋਟਿਸ ਦਿੱਤੇ ਸੀ । ਉਨ੍ਹਾਂ ਦੇ ਮੁਤੱਲਿਕ ਕੁਝ ਪਤਾ ਨਹੀਂ ਲਗਿਆ ।

ਸ਼੍ਰੀ ਸਪੀਕਰ : ਯਸ਼ ਜੀ, ਉਹ 28-3-1972 ਨੂੰ ਆਉਣਗੀਆਂ । ਅੱਜ ਟਾਈਮ ਘੱਟ ਹੋਣ ਕਾਰਣ ਖਿਮਾ ਚਾਹੁੰਦਾ ਹਾਂ । (Yash Ji, these will be taken up on the 28th March, 1972. Due to shortage of time these cannot be taken up today.)

PRESENTATION OF THE BUDGET FOR THE YEAR 1972-73 AND THE VOTE-ON-ACCOUNT BUDGET

ਸ਼੍ਰੀ ਹੰਸ ਰਾਜ ਸ਼ਰਮਾ (ਵਿੱਤ ਮੰਤਰੀ) : ਸ਼੍ਰੀ ਮਾਨ ਜੀ, ਹੁਣ ਮੈਂ ਸਾਲ 1972-73 ਦੇ ਬਜਟ ਅਨੁਮਾਨ, ਸਾਲ 1970-71 ਦੇ ਲੇਖੇ ਅਤੇ ਸਾਲ 1971-72 ਲਈ ਸੋਧੇ ਅਨੁਮਾਨ ਪੇਸ਼ ਕਰਨ ਲਈ ਖੜਾ ਹੋਇਆ ਹਾਂ । ਬਜਟ ਬਾਰੇ ਵਿਸਥਾਰ ਪੂਰਬਕ ਜ਼ਿਕਰ ਕਰਨ ਤੋਂ ਪਹਿਲਾਂ, ਮੈਂ ਉਨ੍ਹਾਂ ਅਸਾਧਾਰਣ ਹਾਲਤਾਂ ਬਾਰੇ ਵਿਸ਼ੇਸ਼ ਜ਼ਿਕਰ ਕਰਨਾ ਚਾਹਾਂਗਾ, ਜਿਨ੍ਹਾਂ ਦਾ ਕਿ ਸਾਲ 1971-72 ਦੇ ਦੌਰਾਨ ਸਮੁੱਚੇ ਦੇਸ਼ ਨੂੰ ਆਮ ਕਰ ਕੇ ਅਤੇ ਇਸ ਰਾਜ ਨੂੰ ਵਿਸ਼ੇਸ਼ ਕਰ ਕੇ ਸਾਹਮਣਾ ਕਰਨਾ ਪਿਆ । ਮਾਨਯੋਗ ਮੈਂਬਰ ਸਾਹਿਬਾਨ ਭਾਰਤ ਅਤੇ ਪਾਕਿਸਤਾਨ ਵਿਚਕਾਰਲੇ ਲਗਾਤਾਰ ਤਨਾਓ ਅਤੇ ਸਾਲ ਦੇ ਆਰੰਭ ਵਿਚ

[ਵਿੱਤ ਮੰਤਰੀ]

ਬੰਗਲਾ ਦੇਸ਼ ਦੀ ਪੈਦਾ ਹੋਈ ਸਮੱਸਿਆ ਤੋਂ ਭਲੀ ਭਾਂਤ ਜਾਣੂ ਹਨ । ਇਸ ਸਮੱਸਿਆ ਦੇ ਸਿਟੇ ਵਜੋਂ ਲਗਭੱਗ ਇਕ ਕਰੋੜ ਸ਼ਰਨਾਰਥੀਆਂ ਨੂੰ ਭਾਰਤ ਵਿਚ ਸ਼ਰਨ ਲੈਣੀ ਪਈ । ਭਾਰੀ ਗਿਣਤੀ ਵਿਚ ਸ਼ਰਨਾਰਥੀਆਂ ਦੇ ਆਉਣ ਨਾਲ ਕੇਂਦਰੀ ਸਰਕਾਰ ਤੇ ਬਹੁਤ ਮਾਲੀ ਭਾਰ ਪੈ ਗਿਆ, ਜਿਸ ਕਰਕੇ ਭਾਰਤ ਸਰਕਾਰ ਨੂੰ ਕਈ ਵਧੀਕ ਕਰ ਲਾਉਣੇ ਪਏ । ਵਿਕਰੀ-ਕਰ ਤੇ ਸਰਚਾਰਜ ਲਾਉਣ ਅਤੇ ਮੋਟਰ-ਗੱਡੀ ਕਰ ਆਦਿ ਵਧਾਉਣ ਵਰਗੇ ਵਧੀਕ ਕਰ ਰਾਜ ਸਰਕਾਰ ਦੁਆਰਾ ਲਾਏ ਗਏ, ਜਿਨ੍ਹਾਂ ਤੋਂ ਹੋਣ ਵਾਲੀ ਆਮਦਨ ਵਿਚੋਂ 2.35 ਕਰੋੜ ਰੁਪਏ ਦੀ ਰਕਮ ਕੇਂਦਰੀ ਸਰਕਾਰ ਨੂੰ ਸ਼ਰਨਾਰਥੀਆਂ ਦੀ ਸਹਾਇਤਾ ਵਾਸਤੇ ਦਿਤੀ ਜਾਵੇਗੀ ।

ਸਾਡੀਆਂ ਸਰਹੱਦਾਂ ਤੇ ਬਣੇ ਲਗਾਤਾਰ ਤਨਾਓ ਦੇ ਕਾਰਣ ਰਾਜ ਦੇ ਉਦਯੋਗਾਂ ਅਤੇ ਜ਼ਰਾਇਤ ਉਤੇ ਅਸਰ ਪੈਣਾ ਕੁਦਰਤੀ ਸੀ । ਇਸ ਨਾਲ ਵਿਸ਼ੇਸ਼ ਤੌਰ ਤੇ ਕਰਜ਼ੇ ਦੇ ਰਵਾਇਤੀ ਸਾਧਨਾਂ ਉਤੇ ਕਾਫ਼ੀ ਮਾੜਾ ਪ੍ਰਭਾਵ ਪਿਆ । ਸਾਡੀਆਂ ਰੱਖਿਆ ਦੀਆਂ ਲੋੜਾਂ ਵਧ ਜਾਣ ਦੇ ਕਾਰਣ ਰੇਲਵੇ ਅਤੇ ਸੜਕ-ਟਰਾਂਸਪੋਰਟ ਵਿਚ ਰੁਕਾਵਟਾਂ ਪੈ ਗਈਆਂ, ਜਿਸ ਦਾ ਉਦਯੋਗਾਂ ਉਤੇ ਮਾੜਾ ਅਸਰ ਪਿਆ । ਆਵਾਜਾਈ ਦੀਆਂ ਇਨ੍ਹਾਂ ਰੁਕਾਵਟਾਂ ਕਰ ਕੇ ਰਾਜ ਵਿਚ ਕੋਲੇ ਅਤੇ ਹੋਰ ਕੱਚੇ ਮਾਲ ਦੀ ਆਮਦ ਉਤੇ ਅਤੇ ਰਾਜ ਵਿਚੋਂ ਹੋਰ ਰਾਜਾਂ ਨੂੰ ਅਨਾਜ ਅਤੇ ਨਿਰਮਤ ਚੀਜ਼ਾਂ ਦੀ ਬਰਾਮਦ ਤੇ ਬਹੁਤ ਬੁਰਾ ਅਸਰ ਪਿਆ । ਸਾਲ ਦੇ ਅਖ਼ੀਰਲੇ ਮਹੀਨਿਆਂ ਵਿਚ ਤਾਂ ਇਹ ਔਖਿਆਈ ਭਿਆਨਕ ਰੂਪ ਧਾਰਣ ਕਰ ਗਈ । ਸਾਡੇ ਸਰਹੱਦੀ ਇਲਾਕਿਆਂ ਵਿਚ ਖੜੀਆਂ ਫ਼ਸਲਾਂ ਦਾ ਬਹੁਤ ਨੁਕਸਾਨ ਹੋਇਆ ਅਤੇ ਹਾੜ੍ਹੀ ਦੀ ਬਿਜਾਈ ਤੇ ਵੀ ਬੁਰਾ ਅਸਰ ਪਿਆ । ਰੱਖਿਆ ਮਨੋਰਥਾਂ ਲਈ ਪਾਣੀ ਦੇ ਵਰਤੇ ਜਾਣ ਦੇ ਫਲਸਰੂਪ ਫ਼ਸਲਾਂ ਨੂੰ ਪਾਣੀ ਦੀ ਕਮੀ ਕਾਰਣ ਬਹੁਤ ਨੁਕਸਾਨ ਪੁੱਜਾ । ਕੱਚੇ ਮਾਲ ਦੀ ਕਮੀ ਅਤੇ ਕਰਜ਼ਾ-ਸਹੂਲਤਾਂ ਦੇ ਘਟ ਜਾਣ ਕਾਰਣ ਕਈ ਉਦਯੋਗ ਯੂਨਿਟਾਂ ਨੂੰ ਆਪਣਾ ਕੰਮ-ਕਾਜ ਬੰਦ ਕਰਨਾ ਪਿਆ । ਜੰਗ ਨਾਲ ਤਕਰੀਬਨ 700 ਪਿੰਡਾਂ ਤੇ ਸਿੱਧਾ ਅਸਰ ਪਿਆ ਅਤੇ ਇਨ੍ਹਾਂ ਪਿੰਡਾਂ ਦੇ ਵਸਨੀਕਾਂ ਨੂੰ ਆਪਣੇ ਘਰ ਬਾਰ ਛੱਡਣ ਲਈ ਮਜਬੂਰ ਹੋਣਾ ਪਿਆ । ਹਾਲਾਤ ਦਾ ਸਾਹਮਣਾ ਕਰਨ ਲਈ ਸਰਕਾਰ ਨੇ ਕੁਝ ਸਹਾਇਤਾ ਕਾਰਵਾਈਆਂ ਕੀਤੀਆਂ ਜਿੱਦਾਂ ਕਿ ਸਾਉਣੀ ਦੇ ਮਾਲੀਏ ਦੀ ਮਾਫ਼ੀ, ਉਦਯੋਗ ਕਰਜ਼ਿਆਂ ਦੀ ਵਸੂਲੀ ਮੁਲਤਵੀ ਕਰਨਾ, ਬੇ-ਰੋਜ਼ਗਾਰ ਹੋ ਗਏ ਉਦਯੋਗ ਮਜ਼ਦੂਰ ਨੂੰ ਕਰਜ਼ੇ ਦੇਣੇ ਫੌਜੀ ਕਾਰਵਾਈਆਂ ਕਾਰਣ ਕਿਸੇ ਪਰਵਾਰ ਦੇ ਰੋਜ਼ੀ ਕਮਾਉਣ ਵਾਲੇ ਜਾਂ ਹੋਰ ਮੈਂਬਰ ਦੇ ਮਾਰੇ ਜਾਣ ਤੇ ਮੁਆਵਜ਼ਾ ਦੇਣਾ, ਦੇਸ਼ ਦੀ ਖ਼ਾਤਰ ਸ਼ਹੀਦ ਹੋਏ ਫੌਜੀ ਜਵਾਨਾਂ ਦੇ ਪਰਿਵਾਰਾਂ ਨੂੰ ਸਹਾਇਤਾ ਦੇਣੀ ।

Acharya Prithvi Singh Azad: On a point of order, Sir. According to the List of Business for today the Finance Minister has to first present the Supplementary Estimates (2nd Instalment) for the year 197 -72.

Finance Minister (Shri Hans Raj Sharma) : Sir, I have already presented the Supplementary Estimates. It seems the hon. Member was some where else at that time.

ਕਾਮਰੇਡ ਸੱਤਪਾਲ ਡਾਂਗ : ਸਪੀਕਰ, ਸਾਹਿਬ ਮੇਰੀ ਇਕ ਬੇਨਤੀ ਹੈ ਸਾਰਿਆਂ ਨੂੰ ਪੰਜਾਬੀ ਵਿਚ ਹੀ ਕਾਪੀਆਂ ਬਜਟ ਸਪੀਚ ਦੀਆਂ ਮਿਲੀਆਂ ਹਨ । ਪਰ ਜੇ ਅੰਗਰੇਜ਼ੀ ਵਿਚ ਕੋਈ ਮੈਂਬਰ ਚਾਹੇ ਉਸ ਨੂੰ ਅੰਗਰੇਜ਼ੀ ਵਿਚ ਅਤੇ ਜੇ ਕੋਈ ਹਿੰਦੀ ਵਿਚ ਚਾਹੇ ਉਸ ਨੂੰ ਹਿੰਦੀ ਵਿਚ ਵੀ ਮਿਲਣੀਆਂ ਚਾਹੀਦੀਆਂ ਹਨ ।

ਵਿੱਤ ਮੰਤਰੀ : ਮੈਂ ਮੈਂਬਰ ਸਾਹਿਬ ਦੀ ਵਾਕਫ਼ੀਅਤ ਲਈ ਅਰਜ਼ ਕਰਾਂਗਾਂ ਕਿ ਲਾਇਬਰੇਰੀ ਵਿਚੋਂ ਕਿਤਾਬਾਂ ਜਿਸ ਜ਼ਬਾਨ ਦੇ ਵਿਚ ਚਾਹੀਦੀਆਂ ਹੋਣ ਲਈਆਂ ਜਾ ਸਕਦੀਆਂ ਹਨ ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਨੂੰ ਕਾਪੀ ਮਿਲ ਗਈ ਹੈ ।

ਵਿੱਤ ਮੰਤਰੀ : ਇਨ੍ਹਾਂ ਸਾਰੀਆਂ ਸਹਾਇਤਾ ਕਾਰਵਾਈਆਂ ਦੇ ਕਾਰਨ ਰਾਜ ਦੇ ਮਾਲੀ ਸਾਧਨਾਂ ਤੇ ਭਾਰੀ ਬੋਝ ਪਿਆ ਹੈ ।

ਮਾਨਯੋਗ ਮੈਂਬਰ ਸਾਹਿਬਾਨ ਵਿਕਾਸ ਦੇ ਕੁਝ ਸੂਚਕ ਅੰਕ ਜਾਣਨ ਦੇ ਚਾਹਵਾਨ ਹੋਣਗੇ । ਜ਼ਰਾਇਤੀ ਉਤਪਾਦਨ ਦਾ ਸੂਚਕ ਅੰਕ 1969-70 ਵਿਚ 200.11 ਤੋਂ ਵਧ ਕੇ 1970-71 ਵਿਚ 208.97 ਹੋ ਗਿਆ, ਜਿਸ ਵਿਚ 4.4 ਫ਼ੀਸਦੀ ਦਾ ਵਾਧਾ ਹੋਇਆ । ਜਨਵਰੀ, 1971 ਤੋਂ ਅਕਤੂਬਰ, 1971 ਦੇ ਦੌਰਾਨ ਥੋਕ ਕੀਮਤਾਂ ਆਮ ਤੌਰ ਤੇ ਸਥਿਰ ਰਹੀਆਂ । ਇਸੇ ਸਮੇਂ ਲਈ ਖਪਤ ਵਸਤਾਂ ਦੀਆਂ ਪਰਚੂਨ ਕੀਮਤਾਂ ਦਾ ਸੂਚਕ ਅੰਕ ਪਿਛਲੇ ਸਾਲ ਦੇ ਉਸੇ ਸਮੇਂ ਲਈ 129.8 (ਆਧਾਰ 1966 = 100) ਦੇ ਮੁਕਾਬਲੇ ਤੇ 133.5 ਸੀ । ਇਸ ਤਰ੍ਹਾਂ ਪਰਚੂਨ ਕੀਮਤਾਂ ਵਿਚ ਵਾਧੇ ਦਾ ਰੁਝਾਨ ਰਿਹਾ ਹੈ ।

ਰਾਜ ਦੀ ਆਮਦਨ ਵਿਚ ਲਗਾਤਾਰ ਵਾਧੇ ਦਾ ਮਹੱਤਵ ਪੂਰਣ ਰੁਝਾਨ ਰਿਹਾ ਹੈ । ਇਹ ਆਮਦਨ ਸਾਲ 1968-69 ਵਿਚ 632.18 ਕਰੋੜ ਰੁਪਏ (1960-61 ਦੀਆਂ ਸਥਿਰ ਕੀਮਤਾਂ) ਤੋਂ ਵਧ ਕੇ 1969-70 ਵਿਚ 680.55 ਕਰੋੜ ਰੁਪਏ ਹੋ ਗਈ । ਇਸ ਤਰ੍ਹਾਂ ਆਮਦਨ ਵਿਚ 7.7 ਫ਼ੀ ਸਦੀ ਵਾਧਾ ਹੋਇਆ । ਜੀ ਪ੍ਰਤੀ ਆਮਦਨ 1968-69 ਵਿਚ 455 ਕਰੋੜ ਰੁਪਏ ਤੋਂ ਵਧ ਕੇ ਸਾਲ 1969-70 ਵਿਚ 470 ਰੁਪਏ ਹੋ ਗਈ, ਜਿਸ ਨਾਲ 4.4 ਫ਼ੀਸਦੀ ਦਾ ਵਾਧਾ ਹੋਇਆ । ਰਾਜ ਦੀ ਆਮਦਨ ਸਾਲ 1970-71 ਦੇ ਦੌਰਾਨ 716.94 ਕਰੋੜ ਰੁਪਏ ਹੋਣ ਦੀ ਆਸ ਹੈ । ਇਸ ਤਰ੍ਹਾਂ 1969-70 ਦੀ ਆਮਦਨ ਦੇ ਮੁਕਾਬਲੇ 5.3 ਫ਼ੀਸਦੀ ਦਾ ਵਾਧਾ ਹੋਵੇਗਾ । ਜ਼ਰਾਇਤੀ ਅਤੇ ਉਦਯੋਗ ਖੇਤਰਾਂ ਵਿਚ ਰਾਸ਼ਟਰੀ ਵਿਕਾਸ ਦੀ ਦਰ 1968-69 ਦੇ ਮੁਕਾਬਲੇ ਤੇ ਸਾਲ 1969-70 ਵਿਚ ਕ੍ਰਮਵਾਰ 5.2 ਫ਼ੀਸਦੀ ਅਤੇ 5.9 ਫ਼ੀਸਦੀ ਸੀ, ਜਦ ਕਿ ਰਾਜ ਦੀ ਆਰਥਕਤਾ ਦਾ ਵਿਕਾਸ ਦਰ ਕ੍ਰਮਵਾਰ 7.7 ਫ਼ੀਸਦੀ ਅਤੇ 6.7 ਫ਼ੀਸਦੀ ਪ੍ਰਾਪਤ ਕੀਤਾ ਗਿਆ । ਸਾਲ 1969-70 ਦੇ ਦੌਰਾਨ ਰਾਜ ਦੀ ਜੀ ਪ੍ਰਤੀ ਆਮਦਨ (1960-61 ਦੀਆਂ ਕੀਮਤਾਂ ਦੇ ਆਧਾਰ ਤੇ) 470 ਰੁਪਏ ਸੀ, ਜਦੋਂ ਕਿ ਸਮੁੱਚੇ ਦੇਸ਼ ਦੀ ਜੀ ਪ੍ਰਤੀ ਆਮਦਨ 339.4 ਰੁਪਏ ਸੀ । ਚਾਲੂ ਕੀਮਤਾਂ ਦੇ ਅਧਾਰ ਤੇ ਸਾਲ 1969-70 ਦੇ ਦੌਰਾਨ ਰਾਜ ਦੀ ਜੀ ਪ੍ਰਤੀ ਆਮਦਨ ਸਮੁੱਚੇ ਦੇਸ਼ ਦੀ 589.3 ਰੁਪਏ ਜੀ ਪ੍ਰਤੀ ਆਮਦਨ ਦੇ ਮੁਕਾਬਲੇ ਤੇ 945.00 ਰੁਪਏ ਸੀ ।

ਭਾਵੇਂ ਰਾਜ ਦੀ ਜੀ ਪ੍ਰਤੀ ਆਮਦਨ ਦੇਸ਼ ਭਰ ਵਿਚ ਸੱਭ ਤੋਂ ਵੱਧ ਹੈ, ਤਾਂ ਵੀ ਅਸੀਂ ਇਸ ਨਾਲ ਸੰਤੁਸ਼ਟ ਨਹੀਂ ਹਾਂ । ਇਸ ਆਮਦਨ ਦਾ ਵੱਡਾ ਭਾਗ ਜ਼ਰਾਇਤੀ ਖੇਤਰ ਤੋਂ ਪ੍ਰਾਪਤ ਹੁੰਦਾ ਹੈ, ਜਿਸ ਵਿਚ ਕਿ ਅਨਾਜ ਦਾ ਉਤਪਾਦਨ ਬਹੁਤ ਸ਼ਾਨਦਾਰ ਹੁੰਦਾ ਰਿਹਾ ਹੈ । ਪਰੰਤੂ, ਉਦਯੋਗ ਦੇ ਖ਼ੇਤਰ ਵਿਚ ਸਾਡਾ ਰਾਜ ਹਾਲੇ ਵੀ ਪਛੜਿਆ ਹੋਇਆ ਹੈ ਅਤੇ ਸਰਕਾਰੀ, ਸਾਂਝੇ ਜਾਂ ਪ੍ਰਾਈਵੇਟ ਖੇਤਰ ਵਿਚ ਅਮਲੀ ਤੌਰ ਤੇ ਵੱਡੇ ਉਦਯੋਗਾਂ ਤੋਂ ਵੰਚਿਤ ਹੈ । ਛੋਟੇ ਉਦਯੋਗਾਂ ਦਾ ਵਿਕਾਸ ਵੀ ਲਗ ਭਗ ਰੁਕਿਆ ਰਿਹਾ ਹੈ ਜੋ ਕਿ ਵੱਡੇ ਪੈਮਾਨੇ ਦੇ ਉਦਯੋਗਾਂ ਦੇ ਨਾ ਹੋਣ ਕਾਰਣ ਸੁਭਾਵਕ ਹੀ ਹੈ । ਇਸ ਦਾ ਕਾਰਣ

[ਵਿੱਤ ਮੰਤਰੀ]
ਵੱਡੇ ਪੈਮਾਨੇ ਦੇ ਉਦਯੋਗਾਂ ਦੇ ਵਿਕਾਸ ਦੀ ਅਣਹੋਂਦ ਹੈ ਜਿਸ ਉਤੇ ਛੋਟੇ ਉਦਯੋਗਾਂ ਦਾ ਦਾਰੋਮਦਾਰ ਹੁੰਦਾ ਹੈ । ਹੁਣ ਇਹ ਸਮੱਸਿਆ ਪੰਜਾਬ ਰਾਜ ਉਦਯੋਗ ਵਿਕਾਸ ਕਾਰਪੋਰੇਸ਼ਨ ਦੇ ਪੂਰੀ ਤਰ੍ਹਾਂ ਵਿਚਾਰ ਅਧੀਨ ਹੈ ਅਤੇ ਰਾਜ ਵਿਚ ਵੱਡੇ ਪੈਮਾਨੇ ਦੇ ਯੂਨਿਟ ਕਾਇਮ ਕਰਨ ਲਈ ਭਰਪੂਰ ਯਤਨ ਕੀਤੇ ਜਾ ਰਹੇ ਹਨ । (ਤਾੜੀਆਂ)

ਵਿਧਾਨ ਮੰਡਲ ਹੁਣੇ ਹੀ ਕਾਇਮ ਹੋਇਆ ਹੈ ਅਤੇ ਬਜਟ ਬਹੁਤ ਥੋੜ੍ਹੇ ਸਮੇਂ ਵਿਚ ਤਿਆਰ ਕੀਤਾ ਗਿਆ ਹੈ । ਨਵੀਂ ਸਰਕਾਰ ਨੂੰ ਰਾਸ਼ਟਰਪਤੀ ਰਾਜ ਦੇ ਦੌਰਾਨ ਤਿਆਰ ਕੀਤੇ ਇਸ ਬਜਟ ਦੀ ਪੂਰੀ ਪੂਰੀ ਛਾਣ ਬੀਣ ਕਰਨ ਦਾ ਸਮਾਂ ਨਹੀਂ ਮਿਲ ਸਕਿਆ । ਇਨ੍ਹਾਂ ਹਾਲਾਤ ਵਿਚ ਮੈਂ ਪਹਿਲੇ ਤਿੰਨ ਮਹੀਨਿਆਂ ਲਈ ਵੋਟ-ਆਨ-ਅਕਾਊਂਟ ਪਾਸ ਕਰਨ ਲਈ ਬੇਨਤੀ ਕਰਦਾ ਹਾਂ । ਇਨਾਂ ਤਜਵੀਜ਼ਾਂ ਨੂੰ ਨਵੀਂ ਸਰਕਾਰ ਦੀ ਨੀਤੀ ਦੇ ਅਨੁਕੂਲ ਬਣਾਉਣ ਲਈ ਲੋੜੀਂਦੀ ਤਰਮੀਮ ਤਿਆਰ ਕਰ ਲਈ ਜਾਵੇਗੀ ।

ਲੇਖੇ 1979-71 : ਸੋਧੇ ਅਨੁਮਾਨ ਤਿਆਰ ਕਰਨ ਸਮੇਂ, ਇਹ ਆਸ ਸੀ ਕਿ 1970-71 ਦਾ ਸਾਲ 1,96 ਲੱਖ ਰੁਪਏ ਦੀ ਰੋਕੜ ਬਾਕੀ ਨਾਲ ਸਮਾਪਤ ਹੋਵੇਗਾ, ਪਰੰਤੂ ਇਸ ਦੇ ਸਮਾਪਤ ਹੋਣ ਤੇ ਰੋਕੜ ਬਾਕੀ 21,38 ਲੱਖ ਰੁਪਏ ਨਿਕਲੀ, ਜਿਸ ਦੇ ਫਲਸਰੂਪ ਰੋਕੜ ਬਾਕੀ ਵਿਚ 19,42 ਲੱਖ ਰੁਪਏ ਦਾ ਵਾਧਾ ਹੋਇਆ ।

ਲੇਕਿਨ 21,38 ਲੱਖ ਰੁਪਏ ਦੀ ਇਹ ਰੋਕੜ ਬਾਕੀ ਵਾਸਤਵਿਕ ਨਹੀਂ । ਰਾਜ ਸਰਕਾਰ ਨੇ ਰੀਜ਼ਰਵ ਬੈਂਕ ਆਫ਼ ਇੰਡੀਆ ਤੋਂ 5,44 ਲੱਖ ਰੁਪਏ ਦੀਆਂ ਉਪਾ ਅਤੇ ਸਾਧਨ ਪੇਸ਼ਗੀਆਂ ਲਈਆਂ ਕਿਉਂਕਿ ਪਿਛਲੇ ਮਾਲੀ ਸਾਲ ਦੇ ਆਖਰੀ ਦਿਨਾਂ ਦੇ ਦੌਰਾਨ ਰੋਕੜ ਬਾਕੀ ਦੀ ਸਥਿਤੀ ਵਿਗੜ ਗਈ ਸੀ । ਉਪਾ ਅਤੇ ਸਾਧਨ ਪੇਸ਼ਗੀ ਵਿਚੋਂ ਲਈ ਇਸ ਰਕਮ ਕਰਕੇ ਹੀ 21,38 ਲੱਖ ਰੁਪਏ ਦੀ ਇਹ ਰੋਕੜ ਬਾਕੀ ਨਿਕਲਦੀ ਹੈ । ਇਸ ਲਈ ਪਿਛਲੇ ਮਾਲੀ ਸਾਲ ਦੇ ਅੰਤ ਤੇ ਰਾਜ ਦੀ ਰੋਕੜ ਬਾਕੀ 15,94 ਲੱਖ ਰੁਪਏ ਸੀ । ਇਸ ਵਾਧੇ ਲਈ ਜ਼ਿੰਮੇਵਾਰ ਕਾਰਣਾਂ ਦਾ ਵੇਰਵਾ ਵਿੱਤ ਸਕੱਤਰ ਦੇ ਯਾਦ-ਪੱਤਰ ਵਿਚ ਦਿੱਤਾ ਗਿਆ ਹੈ ।

ਸੋਧੇ ਅਨੁਮਾਨ 1971-72 : 1971-72 ਲਈ ਸੋਧੇ ਅਨੁਮਾਨਾਂ ਦੇ ਆਧਾਰ ਤੇ ਇਹ ਆਸ ਸੀ ਕਿ 1971-72 ਦਾ ਸਾਲ 1,96 ਲੱਖ ਰੁਪਏ ਦੀ ਰੋਕੜ ਬਾਕੀ ਨਾਲ ਸ਼ੁਰੂ ਅਤੇ ਮਨਫ਼ੀ 4,29 ਲੱਖ ਰੁਪਏ ਦੀ ਰੋਕੜ ਬਾਕੀ ਨਾਲ ਸਮਾਪਤ ਹੋਵੇਗਾ । ਹੁਣ ਤਿਆਰ ਕੀਤੇ ਸੋਧੇ ਅਨੁਮਾਨਾਂ ਅਨੁਸਾਰ ਇਹ ਸਾਲ ਮਨਫ਼ੀ 4,37 ਲੱਖ ਰੁਪਏ ਦੀ ਰੋਕੜ ਬਾਕੀ ਨਾਲ ਸਮਾਪਤ ਹੋਣ ਦੀ ਆਸ ਹੈ, ਜਿਸ ਤੋਂ ਅੰਤਮ ਬਾਕੀ ਵਿਚ 8 ਲੱਖ ਰੁਪਏ ਦਾ ਮਾਮੂਲੀ ਫ਼ਰਕ ਪਰਗਟ ਹੁੰਦਾ ਹੈ ।

ਮਾਲ ਖਾਤਾ

ਮਾਲ ਖਾਤੇ ਵਿਚ ਕੇਵਲ 43 ਲੱਖ ਰੁਪਏ ਦਾ ਵਾਧਾ ਵਿਖਾਇਆ ਗਿਆ ਹੈ । ਮਾਲ ਖਾਤੇ ਆਮਦਨ 14,71 ਲੱਖ ਰੁਪਏ (1,61,37 ਲੱਖ ਰੁਪਏ) ਅਤੇ ਮਾਲ ਖਾਤੇ ਖਰਚ 14,28 ਲੱਖ ਰੁਪਏ (1,49,36 ਲੱਖ ਰੁਪਏ ਤੋਂ 1,63,64 ਲੱਖ ਰੁਪਏ) ਹੋਰ ਵਧ ਗਿਆ ਹੈ ।

ਮਾਲ ਖਾਤੇ ਆਮਦਨ ਵਿਚ 14,71 ਲੱਖ ਰੁਪਏ ਦਾ ਵਾਧਾ ਹੋਇਆ ਹੈ । ਇਹ ਵਾਧਾ ਅੰਸ਼ਕ ਤੌਰ ਤੇ ਸਰਹੱਦੀ ਇਲਾਕਿਆਂ ਵਿਚੋਂ ਉਖੜੇ ਲੋਕਾਂ ਨੂੰ ਸਹਾਇਤਾ ਦੇਣ ਅਤੇ ਮੁੜ ਵਸਾਉਣ ਦੇ ਖ਼ਰਚ

ਨੂੰ ਪੂਰਾ ਕਰਨ ਲਈ ਭਾਰਤ ਸਰਕਾਰ ਦੇ ਫੈਸਲੇ ਅਤੇ ਅੰਸ਼ਕ ਤੌਰ ਤੇ ਕੇਂਦਰ ਦੁਆਰਾ ਚਲਾਈਆਂ ਸਕੀਮਾਂ ਲਈ ਅਧਿਕ ਸਹਾਇਤਾ ਗਰਾਂਟ ਕਰਕੇ, ਭਾਰਤ ਸਰਕਾਰ ਤੋਂ ਭਾਰੀ ਸਹਾਇਤਾ ਗਰਾਂਟ (11,69 ਲੱਖ ਰੁਪਏ) ਕਾਰਣ ਵੰਡ ਯੋਗ ਪੂਲ ਵਿਚੋਂ ਭਾਰਤ ਸਰਕਾਰ ਨਿਯਤ ਕੀਤੀਆਂ ਭਾਰੀ ਰਕਮਾਂ ਦੇ ਫਲਸਰੂਪ ਕੇਂਦਰੀ ਟੈਕਸਾਂ (2,68 ਲੱਖ ਰੁਪਏ) ਤੋਂ ਹੋਣ ਵਾਲੀ ਭਾਰੀ ਆਮਦਨ, ਰਾਜ ਆਬਕਾਰੀ ਕਰਾਂ (2,44 ਲੱਖ ਰੁਪਏ), ਵਿਕਰੀ ਟੈਕਸ (3,78 ਲੱਖ ਰੁਪਏ), ਹੋਰ ਟੈਕਸ ਅਤੇ ਡਿਊਟੀਆਂ (79 ਲੱਖ ਰੁਪਏ), ਅਸ਼ਟਾਮ ਅਤੇ ਰਜਿਸਟਰੇਸ਼ਨ (32 ਲੱਖ ਰੁਪਏ), ਨਿਆਂ-ਪ੍ਰਬੰਧ (5 ਲੱਖ ਰੁਪਏ), ਭਾਰਤ ਸਰਕਾਰ ਨੂੰ ਸਪਲਾਈ ਕੀਤੀ ਪੁਲਸ ਦੀ ਲਾਗਤ ਵਜੋਂ ਬਕਾਇਆ ਦੀਆਂ ਭਾਰੀ ਵਸੂਲੀਆਂ ਆਦਿ ਕਾਰਣ, ਪੁਲਸ (49 ਲੱਖ ਰੁਪਏ) ਫੁਟਕਲ, ਸਮਾਜਕ ਅਤੇ ਵਿਕਾਸਮਈ ਸੰਗਠਨ (12 ਲੱਖ ਰੁਪਏ), ਲਿਖਣ ਸਮਗਰੀ ਅਤੇ ਛਪਾਈ (9 ਲੱਖ ਰੁਪਏ) ਅਤੇ ਹੋਰ ਫੁਟਕਲ ਫਰਕ (14 ਲੱਖ ਰੁਪਏ) ਕਾਰਣ ਹੋਇਆ ਹੈ ।

ਫਿਰ ਵੀ, ਭਾਰੀ ਆਮਦਨ ਵਿਚ ਮੁੱਖ ਤੌਰ ਤੇ ਪੰਜਾਬ ਰਾਜ ਬਿਜਲੀ ਬੋਰਡ ਦੁਆਰਾ ਵਿਆਜ ਦੀ ਮੱਦ ਅਧੀਨ ਘਟ ਵਿਆਜ ਅਦਾ ਕਰਨ ਕਾਰਣ (5,75 ਲੱਖ ਰੁਪਏ), ਜੇਲ੍ਹਾਂ (12 ਲੱਖ ਰੁਪਏ), ਖੇਤੀ ਬਾੜੀ (27 ਲੱਖ ਰੁਪਏ) ਮਾਡਲ ਗ੍ਰਾਮ ਸਕੀਮ ਲਈ ਗੈਰ-ਸਰਕਾਰੀ ਅਤੇ ਹੋਰ ਏਜੰਸੀਆਂ ਤੋਂ ਉਨ੍ਹਾਂ ਦੇ ਹਿੱਸੇ ਦੀ ਘੱਟ ਰਕਮ ਪ੍ਰਾਪਤ ਹੋਣ ਕਾਰਣ ਸਮੂਹਕ ਵਿਕਾਸ ਪ੍ਰਾਜੈਕਟਾਂ ਅਧੀਨ (82 ਲੱਖ ਰੁਪਏ), ਵਪਾਰਕ ਅਤੇ ਹੋਰ ਅਦਾਰਿਆਂ ਤੋਂ ਲਾਭ ਅੰਸ਼ਾਂ ਅਧੀਨ 8 ਲੱਖ ਰੁਪਏ ਪੈਨਸਨਾਂ ਅਧੀਨ (6 ਲੱਖ ਰੁਪਏ), ਲਾਟਰੀ ਟਿਕਟਾਂ ਦੀ ਵਿਕਰੀ ਤੋਂ ਘਟ ਆਮਦਨ ਹੋਣ ਕਰਕੇ ਫੁਟਕਲ ਮੱਦ ਅਧੀਨ (78 ਲੱਖ ਰੁਪਏ) ਦੀ ਕਮੀ ਹੋਈ ਹੈ ।

ਮਾਲ ਖਾਤੇ ਖਰਚ ਵਿਚ 14,28 ਲੱਖ ਰੁਪਏ ਦਾ ਵਾਧਾ ਹੋਇਆ ਹੈ । ਇਹ ਵਾਧਾ ਮੁੱਖ ਤੌਰ ਤੇ ਪੰਜਾਬ ਹਥਿਆਰਬੰਦ ਪੁਲਸ ਦੀਆਂ ਅਧਿਕ ਬਟਾਲੀਅਨਾਂ, ਜ਼ਿਲ੍ਹਿਆਂ ਲਈ ਅਧਿਕ ਰੀਜ਼ਰਵ, ਜਰਨੈਲੀ ਸੜਕਾਂ ਲਈ ਵਧੇਰੇ ਸਟਾਫ ਰਖਣ, ਸੰਕਟ ਕਾਲ ਦੇ ਦੌਰਾਨ ਡਿਊਟੀ ਤੇ ਬੁਲਾਈ ਹੋਮ ਗਾਰਡ ਕਾਰਣ ਪੁਲਸ ਮੱਦ ਅਧੀਨ (1,23 ਲੱਖ ਰੁਪਏ), ਸਿੰਜਾਈ ਅਧੀਨ (18 ਲੱਖ ਰੁਪਏ), ਮੁੱਖ ਤੌਰ ਤੇ ਬਹੁਤ ਸਾਰੀਆਂ ਸੜਕਾਂ ਬਣਾਉਣ ਕਰਕੇ ਲੋਕ ਨਿਰਮਾਣ ਕਾਰਜਾਂ ਅਧੀਨ (4,06 ਲੱਖ ਰੁਪਏ), ਅਧਿਕ ਸ਼ੀਰਾ ਖਰੀਦਣ ਕਰਕੇ ਰਾਜ ਆਬਕਾਰੀ ਅਧੀਨ (11 ਲੱਖ ਰੁਪਏ), ਵਿਆਜ ਅਧੀਨ (10 ਲੱਖ ਰੁਪਏ), ਸਿੱਖਿਆ ਵਿਭਾਗ ਦੀਆਂ ਫਰਨੀਚਰ ਦੀਆਂ ਲੋੜਾਂ ਦੀ ਪੂਰਤੀ ਲਈ ਜੇਲ੍ਹਾਂ ਅਧੀਨ (14 ਲੱਖ ਰੁਪਏ), ਟ੍ਰਾਂਸਪੋਰਟ (9 ਲੱਖ ਰੁਪਏ), ਬਹੁਤ ਸਾਰੇ ਪੈਨਸ਼ਨ ਕੇਸ ਮੁਕੰਮਲ ਕਰ ਲੈਣ ਅਤੇ ਸਰਕਾਰੀ ਕਰਮਚਾਰੀਆਂ ਨੂੰ ਪੈਨਸ਼ਨ ਲਾਭ ਦੇਣ ਕਰਕੇ ਪੈਨਸ਼ਨ ਅਧੀਨ (58 ਲੱਖ ਰੁਪਏ) ਅਤੇ 8,29 ਲੱਖ ਰੁਪਏ ਦਾ ਉਹ ਅਚੇਤ ਖਰਚ, ਜੋ ਰਾਜ ਸਰਕਾਰ ਨੂੰ ਭਾਰਤ-ਪਾਕ ਜੰਗ ਕਾਰਣ ਬੇਘਰ ਹੋਏ ਵਿਅਕਤੀਆਂ ਨੂੰ ਸਹਾਇਤਾ ਦੇਣ ਅਤੇ ਮੁੜ ਵਸਾਉਣ ਉਤੇ, ਹਮਦਰਦੀ ਵਜੋਂ ਅਦਾਇਗੀਆਂ ਆਦਿ ਕਰਨ ਅਤੇ ਬੰਗਲਾ ਦੇਸ਼ ਦੇ ਸ਼ਰਨਾਰਥੀਆਂ ਦੀ ਸਹਾਇਤਾ ਦੇ ਖਰਚ ਦੀ ਪੂਰਤੀ ਲਈ ਭਾਰਤ ਸਰਕਾਰ ਨੂੰ ਅੰਸ਼ਦਾਨ ਦੇਣ ਉਤੇ ਕਰਨਾ ਪਿਆ, ਕੁਝ ਕੁ ਪੂੰਜੀਗਤ ਖਰਚ ਨੂੰ ਮਾਲ ਖਾਤੇ ਮੁਤੱਅਕਲ ਕਰਨ ਦੇ ਫੈਸਲੇ ਕਾਰਣ ਸਿੰਜਾਈ ਅਤੇ ਟ੍ਰਾਂਸਪੋਰਟ ਤੇ ਪੂੰਜੀਗਤ ਅਧੀਨ (4,89 ਲੱਖ ਰੁਪਏ) ਹੋਇਆ ਹੈ ।

[ਵਿੱਤ ਮੰਤਰੀ]

ਉਕਤ ਦਰਸਾਏ ਵਧ ਖਰਚ ਵਿਚ ਕਮੀ ਅੰਸ਼ਕ ਤੌਰ ਤੇ ਮਾਲੀਆਂ (10 ਲੱਖ ਰੁਪਏ), ਸੰਸਦ (4 ਲੱਖ ਰੁਪਏ), ਆਮ ਪ੍ਰਸ਼ਾਸ਼ਨ (45 ਲੱਖ ਰੁਪਏ), ਨਿਆਂ ਪ੍ਰਬੰਧ (7 ਲੱਖ ਰੁਪਏ), ਫੁਟਕਲ ਵਿਭਾਗ (5 ਲੱਖ ਰੁਪਏ), ਸਿੱਖਿਆ (90 ਲੱਖ ਰੁਪਏ), ਡਾਕਟਰੀ (56 ਲੱਖ ਰੁਪਏ), ਲੋਕ ਸਿਹਤ (64 ਲੱਖ ਰੁਪਏ), ਪਰਿਵਾਰ ਨਿਯੋਜਨ (8 ਲੱਖ ਰੁਪਏ), ਖੇਤੀ ਬਾੜੀ (28 ਲੱਖ ਰੁਪਏ) ਪਸ਼ੂ ਪਾਲਣ (40 ਲੱਖ ਰੁਪਏ), ਉਦਯੋਗ (10 ਲੱਖ ਰੁਪਏ), ਕਿਰਤ (38 ਲੱਖ ਰੁਪਏ) ਵਣ (4 ਲੱਖ ਰੁਪਏ), ਨਾਨ-ਪਲਾਨ ਖਰਚ ਵਿਚ ਬੱਚਤ ਕਰਨ ਲਈ 5 ਫੀ ਸਦੀ ਕਟੌਤੀ ਕਰਨ ਅਤੇ ਕੁਝ ਕੁ ਪਲਾਨ ਅਤੇ ਨਾਨ-ਪਲਾਨ ਸਕੀਮਾਂ ਲਾਗੂ ਨਾਂ ਕਰਨ/ਅੰਸ਼ਕ ਤੌਰ ਤੇ ਲਾਗੂ ਕਰਨ ਕਰਕੇ ਸਮੂਹਕ ਵਿਕਾਸ ਪ੍ਰਾਜੈਕਟ ਅਧੀਨ (69 ਲੱਖ ਰੁਪਏ) ਇਸ ਕਰਕੇ ਕਿ ਮਾਡਲ ਗ੍ਰਾਮ ਸਕੀਮ ਲਈ ਫੰਡ ਦਿਹਾਤੀ ਵਿਕਾਸ ਫੰਡ ਵਿਚ ਮੁੰਤਕਿਲ ਨਹੀਂ ਕੀਤੇ ਜਾਣਗੇ ਕਿਉਂਕਿ ਗ਼ੈਰ-ਸਰਕਾਰੀ ਏਜੰਸੀਆਂ ਤੋਂ ਬਰਾਬਰ ਦੇ ਹਿੱਸੇ ਦਾ ਅੰਸ਼ਦਾਨ ਨਹੀਂ ਆ ਰਿਹਾ ਅਤੇ ਕੁਦਰਤੀ ਆਫਤਾਂ ਲਈ ਕੀਤੇ ਉਪਬੰਧ ਦੀ ਵਰਤੋਂ ਨਾ ਕਰਨ ਕਰਕੇ ਕਾਲ ਸਹਾਇਤਾ (60 ਲੱਖ ਰੁਪਏ) ਅਤੇ ਹੋਰ ਮਾਮੂਲੀ ਫਰਕਾਂ (—1 ਲੱਖ ਰੁਪਏ ਕਾਰਣ ਹੋਈ ਹੈ ।

ਪੂੰਜੀਗਤ ਲੇਖਾ

ਪੂੰਜੀਗਤ ਖ਼ਰਚ, ਭਿੰਨ ਭਿੰਨ ਕੰਪਨੀਆਂ ਅਤੇ ਕਾਰਪੋਰੇਸ਼ਨਾਂ, ਆਦਿ ਵਿਚ ਹਿੱਸਾ ਪੂੰਜੀ ਘਟ ਲਾਉਣ ਕਰਕੇ ਉਦਯੋਗਕ ਅਤੇ ਆਰਥਕ ਵਿਕਾਸ ਅਧੀਨ (2,36 ਲਖ ਰੁਪਏ), ਬਹੁਮੰਤਵੀ ਦਰਿਆਈ ਸਕੀਮਾਂ ਅਧੀਨ (5 ਲੱਖ ਰੁਪਏ), ਭਵਨ ਅਤੇ ਮਾਰਗ ਸਕੀਮਾਂ ਨੂੰ ਅੰਸ਼ਕ ਤੌਰ ਤੇ ਲਾਗੂ ਕਰਨ ਕਰਕੇ ਲੋਕ ਨਿਰਮਾਣ ਕਾਰਜਾਂ ਅਧੀਨ (2,47 ਲੱਖ ਰੁਪਏ), ਹੋਰ ਕਾਰਜਾਂ ਅਧੀਨ (10 ਲੱਖ ਰੁਪਏ), ਕੁਲ 6.91 ਲੱਖ ਰੁਪਏ ਦੀ ਕਮੀ ਦਰਸਾਉਂਦਾ ਹੈ । ਸਿੰਜਾਈ ਕਾਰਜਾਂ ਅਤੇ ਟ੍ਰਾਂਸਪੋਰਟ ਅਧੀਨ ਵੀ 5,62 ਲੱਖ ਰੁਪਏ ਦੀ ਕਮੀ ਹੋਈ ਹੈ, ਮੁੱਖ ਤੌਰ ਤੇ ਕੁਝ ਖਰਚ ਨੂੰ ਪੂੰਜੀਗਤ ਲੇਖੇ ਵਿਚੋਂ ਮਾਲ ਖਾਤੇ ਮੁੰਤਕਿਲ ਕਰਨ ਕਰਕੇ ਹੋਈ ਹੈ । ਸਰਕਾਰੀ ਵਪਾਰ ਦੀਆਂ ਸਕੀਮਾਂ ਅਧੀਨ 3,68 ਲੱਖ ਰੁਪਏ ਦਾ ਵਾਧਾ ਹੋਇਆ ਹੈ, ਜੋ ਸਾਲ 1972-73 ਦੇ ਦੌਰਾਨ ਅਨਾਜ ਨੂੰ ਸਟੋਰ ਕਰਨ ਲਈ ਲੋੜੀਂਦੀਆਂ ਬੋਰੀਆਂ ਅਤੇ ਕਰੇਟਾਂ ਆਦਿ ਦੀ ਖਰੀਦ ਲਈ ਅਧਿਕ ਉਪਬੰਧ ਕਰਨ ਦੇ ਨਤੀਜੇ ਵਜੋਂ ਹੋਇਆ ਹੈ ।

ਸਾਲ 1970-71 ਦੇ ਦੌਰਾਨ ਪੰਜਾਬ ਅਚੇਤ ਫੰਡ ਵਿਚੋਂ ਕੁਝ ਪੇਸ਼ਗੀ ਕਰਜ਼ੇ ਮਨਜ਼ੂਰ ਕੀਤੇ ਗਏ ਸਨ ਅਤੇ ਚਾਲੂ ਵਿੱਤੀ ਸਾਲ ਦੇ ਦੌਰਾਨ ਫੰਡ ਦੀ ਕਮੀ ਪੂਰੀ ਕਰ ਲਈ ਗਈ ਹੈ, ਜਿਸ ਦੇ ਫਲ ਸਰੂਪ 20 ਲੱਖ ਰੁਪਏ ਦੀ ਰਕਮ ਜਮ੍ਹਾਂ ਪਈ ਹੈ । ਫੰਡ-ਰਹਿਤ ਰਿਣਾਂ ਅਧੀਨ ਵੀ 22 ਲੱਖ ਰੁਪਏ ਦਾ ਮਾਮੂਲੀ ਵਾਧਾ ਹੋਇਆ ਹੈ, ਜੋ ਸਰਕਾਰੀ ਕਰਮਚਾਰੀਆਂ ਦੁਆਰਾ ਉਨ੍ਹਾਂ ਦੇ ਪ੍ਰਾਵੀਡੈਂਟ ਫੰਡ ਵਿਚ ਕੀਤੇ ਜਾਣ ਵਾਲੇ ਭਾਰੀ ਅੰਸਦਾਨ ਕਾਰਣ ਹੈ ।

ਚਾਲੂ ਸਾਲ ਦੇ ਬਜਟ ਦੇ ਮੁਕਾਬਲੇ ਤੇ 'ਜਮ੍ਹਾਂ ਰਕਮਾਂ, ਪੇਸ਼ਗੀਆਂ ਅਤੇ ਭੇਜੀਆਂ ਰਕਮਾਂ ਦੀ ਮੱਦ ਅਧੀਨ 5,62 ਲੱਖ ਰੁਪਏ ਦੀ ਨਿਰੋਲ ਕਮੀ ਹੈ । ਲੇਖੇ ਦੇ ਇਸ ਭਾਗ ਅਧੀਨ ਸ਼੍ਰੇਣੀਬੱਧ ਕੀਤੇ ਲੈਣ-ਦੇਣ ਆਰਜ਼ੀ ਅਤੇ ਘਟਦੀ ਵਧਦੀ ਕਿਸਮ ਦੇ ਹਨ, ਜਿਨ੍ਹਾਂ ਦਾ ਠੀਕ-ਠੀਕ ਅਨੁਮਾਨ ਨਹੀਂ ਲਾਇਆ ਜਾ ਸਕਦਾ ।

ਜਿਥੋਂ ਤੱਕ ਸਾਲ 1972-73 ਦੇ ਬਜਟ ਦੀਆਂ ਤਜਵੀਜ਼ਾਂ ਦਾ ਸਬੰਧ ਹੈ ਇਸ ਵਿਚ 14,69 ਲੱਖ ਰੁਪਏ ਦਾ ਸਮੁੱਚਾ ਘਾਟਾ ਹੋਵੇਗਾ, ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

ਬਜਟ ਅਨੁਮਾਨ 1972-73

(ਰੁਪਏ ਲੱਖਾਂ ਵਿਚ)

(1)	ਮੁਢਲੀ ਬਾਕੀ	...	(—)4,37
(2)	ਮਾਲ ਖਾਤਾ—		
	ਆਮਦਨ	...	1,98,37
	ਖਰਚ	...	1,76,20
	ਵਾਧਾ	...	(+) 22,17
(3)	ਪੂੰਜੀਗਤ ਖਰਚ (ਨਿਰੋਲ)	...	19,40
(4)	ਸਰਕਾਰੀ ਰਿਣ		
	ਲਏ ਰਿਣ	...	1,72,67
	ਭੁਗਤਾਏ ਰਿਣ	...	1,59,30
	ਨਿਰੋਲ	...	(+) 13,37
(5)	ਕਰਜ਼ੇ ਅਤੇ ਪੇਸ਼ਗੀਆਂ—		
	ਪੇਸ਼ਗੀਆਂ	...	52,41
	ਵਸੂਲੀਆਂ	...	13,94
	ਨਿਰੋਲ		38,47
(6)	ਅੰਤਰ-ਰਾਜੀ ਨਿਪਟਾਰਾ ਲੇਖਾ—		
	ਨਿਰੋਲ	...	(+) 1,58
(7)	ਫੰਡ-ਰਹਿਤ ਰਿਣ (ਨਿਰੋਲ)	...	(+) 4,64
(8)	ਜਮ੍ਹਾਂ ਰਕਮਾਂ ਅਤੇ ਪੇਸ਼ਗੀਆਂ (ਨਿਰੋਲ)	...	(+) 5,79
(9)	ਅੰਤਮ ਬਾਕੀ	...	(—) 14,69

[ਵਿਤ ਮੰਤਰੀ]

ਮਾਲ ਖਾਤੇ ਵਿੱਚ 22,17 ਲੱਖ ਰੁਪਏ ਦਾ ਵਾਧਾ ਪ੍ਰਗਟ ਹੁੰਦਾ ਹੈ। ਮਾਲ ਖਾਤੇ ਆਮਦਨ (1,98,37 ਲੱਖ ਰੁਪਏ) ਵਿਚ ਸੋਧੇ ਹੋਏ ਅਨੁਮਾਨਾਂ (1,76,08 ਲੱਖ ਰੁਪਏ) ਦੇ ਮੁਕਾਬਲੇ ਤੇ 22,29 ਲੱਖ ਰੁਪਏ ਦਾ ਵਾਧਾ ਹੋਇਆ ਹੈ। ਆਮਦਨ ਵਿੱਚ ਇਹ ਵਾਧਾ ਵੰਡ ਯੋਗ ਪੂਲ ਵਿਚੋਂ ਭਾਰਤ ਸਰਕਾਰ ਦੁਆਰਾ ਟਿਕੀਆਂ ਵਧੇਰੀਆਂ ਰਕਮਾਂ ਕਾਰਣ ਕੇਂਦਰੀ ਕਰ (1,35 ਲੱਖ ਰੁਪਏ), ਰਾਜ ਆਬਕਾਰੀ (47 ਲੱਖ ਰੁਪਏ), ਮੋਟਰ ਗੱਡੀਆਂ ਤੇ ਟੈਕਸ (26 ਲੱਖ ਰੁਪਏ), ਵਿਕਰੀ ਕਰ (5,13 ਲੱਖ ਰੁਪਏ), ਹੋਰ ਕਰ ਅਤੇ ਡਿਊਟੀਆਂ (90 ਲੱਖ ਰੁਪਏ), ਅਸ਼ਟਾਮ ਅਤੇ ਰਜਿਸਟਰੇਸ਼ਨ (95 ਲੱਖ ਰੁਪਏ), ਪੰਜਾਬ ਰਾਜ ਬਿਜਲੀ ਬੋਰਡ ਦੁਆਰਾ ਅਦਾ ਕੀਤੇ ਜਾਣ ਵਾਲੇ ਵਧੇਰੇ ਵਿਆਜ ਕਾਰਣ ਵਿਆਜ (8,40 ਲੱਖ ਰੁਪਏ), ਜੇਲ੍ਹਾਂ (14 ਲੱਖ ਰੁਪਏ), ਸਿੱਖਿਆ (5 ਲੱਖ ਰੁਪਏ), ਖੇਤਾਬਾੜੀ (9 ਲੱਖ ਰੁਪਏ), ਸਿੰਜਾਈ (15 ਲੱਖ ਰੁਪਏ), ਹੋਰ ਬੱਸਾਂ ਚਲਾਉਣ ਦੇ ਫਲਸਰੂਪ ਤੈਅ ਕੀਤੀ ਜਾਣ ਵਾਲੀ ਅਧਿਕ ਮਾਈਲੇਜ ਕਾਰਣ ਸੜਕ ਟ੍ਰਾਂਸਪੋਰਟ (2,19 ਲੱਖ ਰੁਪਏ), ਫੁਟਕਲ (27 ਲੱਖ ਰੁਪਏ) ਮੁੱਖ ਤੌਰ ਤੇ ਯੁਧ ਕਾਰਣ ਉਖੜੇ ਹੋਏ ਵਿਅਕਤੀਆਂ ਦੀ ਸਹਾਇਤਾ ਕਰਨ ਅਤੇ ਉਨ੍ਹਾਂ ਨੂੰ ਮੁੜ ਵਸਾਉਣ ਲਈ ਰਾਜ ਸਰਕਾਰ ਦੁਆਰਾ ਕੀਤੇ ਜਾਣ ਵਾਲੇ ਖਰਚ ਦੀ ਪ੍ਰਤੀ-ਪੂਰਤੀ ਕਾਰਣ ਕੇਂਦਰੀ ਸਰਕਾਰ ਤੋਂ ਸਹਾਇਤਾ ਗਰਾਂਟ (3,31 ਲੱਖ ਰੁਪਏ) ਕਾਰਣ ਹੈ। ਆਮਦਨ ਦੇ ਉਕਤ ਵਾਧੇ ਵਿਚ ਪੁਲਸ ਦੀ ਮੱਦ (47 ਲੱਖ ਰੁਪਏ), ਸਮੂਹਿਕ ਵਿਕਾਸ (78 ਲੱਖ ਰੁਪਏ), ਲਾਭ ਅੰਸ਼ ਆਦਿ (5 ਲੱਖ ਰੁਪਏ) ਅਤੇ ਹੋਰ ਫ਼ਰਕ (4 ਲੱਖ ਰੁਪਏ) ਅਧੀਨ ਘੱਟ ਆਮਦਨ ਹੋਣ ਕਾਰਣ ਅੰਸ਼ਕ ਤੌਰ ਤੇ ਕਮੀ ਹੋਈ ਹੈ।

1,76,20 ਲੱਖ ਰੁਪਏ ਦੇ ਮਾਲ ਖਾਤੇ ਖਰਚ ਵਿਚ 1971-72 ਲਈ 1,63,64 ਲੱਖ ਰੁਪਏ ਦੇ ਸੋਧੇ ਹੋਏ ਅਨੁਮਾਨਾਂ ਦੇ ਮੁਕਾਬਲੇ ਤੇ 12,56 ਲੱਖ ਰੁਪਏ ਦਾ ਵਾਧਾ ਪ੍ਰਗਟ ਹੁੰਦਾ ਹੈ। ਇਹ ਵਾਧਾ ਮਾਲੀਆ (13 ਲੱਖ ਰੁਪਏ), ਸ਼ੀਰੇ ਦੀ ਖਰੀਦ ਕਾਰਣ ਰਾਜ ਆਬਕਾਰੀ (14 ਲੱਖ ਰੁਪਏ), ਵਿਕਰੀ ਕਰ (10 ਲੱਖ ਰੁਪਏ), ਵਿਆਜ ਕਰਜ਼ਿਆਂ ਦੀ ਅਦਾਇਗੀ ਸਬੰਧੀ ਭਾਰਤ ਸਰਕਾਰ ਅਤੇ ਵਿੱਤ ਏਜੰਸੀਆਂ ਨੂੰ ਭਾਰੀ ਅਦਾਇਗੀਆਂ ਕਾਰਣ ਰਿਣ-ਸੇਵਾਵਾਂ (2,20 ਲੱਖ ਰੁਪਏ), ਸੰਸਦ (14 ਲੱਖ ਰੁਪਏ), ਆਮ ਪ੍ਰਸ਼ਾਸਨ (96 ਲੱਖ ਰੁਪਏ), ਨਿਆਂ ਪ੍ਰਬੰਧ (18 ਲੱਖ ਰੁਪਏ) ਅਤੇ ਕਾਨੂੰਨ ਤੇ ਵਿਵਸਥਾ ਸਬੰਧੀ ਵਧੇ ਹੋਏ ਖਰਚ ਕਾਰਣ ਪੁਲਸ (45 ਲੱਖ ਰੁਪਏ) ਕਰਕੇ ਹੋਇਆ ਹੈ। ਸਿੱਖਿਆ (4,16 ਲੱਖ ਰੁਪਏ), ਡਾਕਟਰੀ (73 ਲੱਖ ਰੁਪਏ), ਲੋਕ ਸਿਹਤ (45 ਲੱਖ ਰੁਪਏ), ਪਰਿਵਾਰ ਨਿਯੋਜਨ (17 ਲੱਖ ਰੁਪਏ), ਖੇਤੀ ਬਾੜੀ ਅਤੇ ਪਸ਼ੂ ਪਾਲਣ (3,02 ਲੱਖ ਰੁਪਏ), ਸਹਿਕਾਰਤਾ ਅਤੇ ਉਦਯੋਗ (57 ਲੱਖ ਰੁਪਏ), ਕਿਰਤ ਅਤੇ ਰੋਜ਼ਗਾਰ (55 ਲੱਖ ਰੁਪਏ), ਸਿੰਜਾਈ (78 ਲੱਖ ਰੁਪਏ) ਵਣ (12 ਲੱਖ ਰੁਪਏ) ਦੀਆਂ ਮੱਦਾਂ ਅਧੀਨ ਇਹ ਵਾਧੇ ਪਲਾਨ ਸਕੀਮਾਂ ਲਈ ਕੀਤੇ ਵਧੇਰੇ ਉਪਬੰਧ ਕਾਰਣ ਹੋਏ ਹਨ। ਭਾਰੀ ਗਿਣਤੀ ਵਿਚ ਹੋਰ ਬੱਸਾਂ ਚਲਾਉਣ ਕਾਰਣ ਸੜਕ ਟ੍ਰਾਂਸਪੋਰਟ ਅਧੀਨ (1,76 ਲੱਖ ਰੁਪਏ), ਕੁਦਰਤੀ ਆਫ਼ਤਾਂ ਲਈ ਕੀਤੇ ਹੋਰ ਉਪਬੰਧਾਂ ਕਾਰਣ ਕਾਲ ਸਹਾਇਤਾ ਅਧੀਨ (61 ਲੱਖ ਰੁਪਏ), ਪੈਨਸ਼ਨਾਂ (12 ਲੱਖ ਰੁਪਏ), ਛਪਾਈ ਅਤੇ ਲਿਖਣ ਸਮੱਗਰੀ (43 ਲੱਖ ਰੁਪਏ) ਅਤੇ ਮੁੱਖ ਤੌਰ ਤੇ ਬੰਗਲਾ ਦੇਸ਼ ਦੇ ਸ਼ਰਨਾਰਥੀਆਂ ਦੀ ਸਹਾਇਤਾ ਕਰਨ ਅਤੇ ਉਨ੍ਹਾਂ ਨੂੰ ਮੁੜ ਵਸਾਉਣ ਲਈ ਖਰਚ ਸਬੰਧੀ ਕੀਤੇ ਉਪਬੰਧ ਕਾਰਣ ਫੁਟਕਲ ਦੀ ਮੱਦ ਅਧੀਨ (3,75 ਲੱਖ ਰੁਪਏ) ਦਾ ਵੀ ਵਾਧਾ ਹੋਇਆ ਹੈ। ਖਰਚੇ ਦੇ ਉਕਤ ਵਾਧੇ ਵਿਚ ਫੁਟਕਲ ਵਿਭਾਗਾਂ

ਅਧੀਨ (17 ਲੱਖ ਰੁਪਏ), ਮਾਡਲ ਗ੍ਰਾਮ ਸਕੀਮਾਂ ਲਈ ਕੀਤੇ ਗਏ ਘਟ ਉਪਬੰਧ ਕਾਰਣ ਸਮੂਹਿਕ ਵਿਕਾਸ ਪ੍ਰਾਜੈਕਟ, ਰਾਸ਼ਟਰੀ ਪਸਾਰ ਸੇਵਾ ਅਤੇ ਸਥਾਨਕ ਵਿਕਾਸ ਕਾਰਜਾਂ ਅਧੀਨ (2,01 ਲੱਖ ਰੁਪਏ), ਫੁਟਕਲ ਸਮਾਜਕ ਅਤੇ ਵਿਕਾਸਮਈ ਸੰਗਠਨ ਅਧੀਨ (35 ਲੱਖ ਰੁਪਏ), ਲੋਕ ਨਿਰਮਾਣ ਕਾਰਜਾਂ ਅਧੀਨ (4,01 ਲੱਖ ਰੁਪਏ), ਭਾਵੇਂ ਬਜਟ ਵਿਚ ਇਸ ਦਾ ਉਪਬੰਧ ਨਹੀਂ ਫਿਰ ਵੀ ਸਾਲ ਦੇ ਦੌਰਾਨ ਇਸ ਦਾ ਉਪਬੰਧ ਕੀਤਾ ਜਾਵੇਗਾ ਅਤੇ 1972-73 ਦੇ ਦੌਰਾਨ ਹੋਰ ਬੱਸਾਂ ਖਰੀਦਣ ਲਈ ਕੋਈ ਉਪਬੰਧ ਨਾ ਕੀਤੇ ਜਾਣ ਟ੍ਰਾਂਸਪੋਰਟ ਸਬੰਧੀ ਪੂੰਜੀਪਤ ਖਰਚ ਅਧੀਨ (2,44 ਲੱਖ ਰੁਪਏ) ਘਟ ਖਰਚ ਹੋਣ ਕਾਰਣ ਕਮੀ ਆਈ ਹੈ ।

ਪੂੰਜੀਗਤ ਖਰਚ ਸੋਧੇ ਹੋਏ ਅਨੁਮਾਨਾਂ ਅਨੁਸਾਰ 15,15 ਲੱਖ ਰੁਪਏ ਤੋਂ ਵਧ ਕੇ ਅਗਲੇ ਸਾਲ ਬਜਟ ਵਿਚ 19,40 ਲੱਖ ਰੁਪਏ ਹੋ ਗਿਆ ਹੈ, ਅਰਥਾਤ ਇਸ ਵਿਚ 4,25 ਲੱਖ ਰੁਪਏ ਦਾ ਵਾਧਾ ਹੋਇਆ ਹੈ ।

ਭਾਰਤ ਸਰਕਾਰ ਅਤੇ ਹੋਰਨਾਂ ਮਾਲੀ ਏਜੰਸੀਆਂ ਤੋਂ ਪ੍ਰਾਪਤ ਹੋਣ ਵਾਲੇ ਭਾਰੀ ਕਰਜ਼ਿਆਂ ਕਾਰਣ ਸਰਕਾਰੀ ਰਿਣ ਖਾਤੇ ਵਿਚ 7,16 ਲੱਖ ਰੁਪਏ ਦੀ ਨਿਰੋਲ ਰਕਮ ਦਰਸਾਈ ਗਈ ਹੈ । ਕਰਜ਼ੇ ਅਤੇ ਪੇਸ਼ਗੀਆਂ ਦੀ ਮੱਦ ਅਧੀਨ ਸਾਲ 1971-72 ਦੇ ਸੋਧੇ ਹੋਏ ਅਨੁਮਾਨਾਂ ਵਿਚ 33,85 ਲੱਖ ਰੁਪਏ ਦੇ ਮੁਕਾਬਲੇ ਤੇ ਅਗਲੇ ਸਾਲ ਦੇ ਬਜਟ ਵਿਚ 38,47 ਲੱਖ ਰੁਪਏ ਦੀ ਰਕਮ ਨਿਰੋਲ ਨਾਵੇਂ ਖਾਤੇ ਨਿਕਲਦੀ ਹੈ ਜਿਸ ਤੋਂ ਨਾਵੇਂ ਖਾਤੇ 4,62 ਲੱਖ ਰੁਪਏ ਦਾ ਵਾਧਾ ਪ੍ਰਗਟ ਹੁੰਦਾ ਹੈ, ਜਿਹੜਾ ਮੁੱਖ ਤੌਰ ਤੇ ਪੰਜਾਬ ਰਾਜ ਬਿਜਲੀ ਬੋਰਡ ਨੂੰ ਭਾਰੀ ਕਰਜ਼ੇ ਦੇ ਉਪਬੰਧ ਕਾਰਣ ਹੋਇਆ ਹੈ । ਅੰਤਰ ਰਾਜੀ ਨਿਪਟਾਰਾ ਖਾਤੇ ਅਧੀਨ 48 ਲੱਖ ਰੁਪਏ ਦਾ ਵਾਧਾ ਹੋਇਆ ਹੈ ਜੋ ਸਾਲ 1972-73 ਦੇ ਦੌਰਾਨ ਪੂਰੇ ਹੋਣ ਵਾਲੇ ਮਾਰਕਿਟ ਕਰਜ਼ੇ ਦੇ ਭੁਗਤਾਨ ਲਈ ਉਤਰਾਧਿਕਾਰੀ ਰਾਜਾਂ ਤੋਂ ਪ੍ਰਾਪਤ ਹੋਣ ਵਾਲੇ ਭਾਰੀ ਹਿੱਸੇ ਕਾਰਣ ਹੈ । ਸਰਕਾਰੀ ਕਰਮਚਾਰੀਆਂ ਦੁਆਰਾ ਉਨ੍ਹਾਂ ਦੇ ਪ੍ਰਾਵੀਡੈਂਟ ਫੰਡਾਂ ਵਿਚ ਭਾਰੀ ਅੰਸ਼ਦਾਨਾਂ ਕਾਰਣ ' ਫੰਡ ਰਹਿਤ ਰਿਣ" ਅਧੀਨ 42 ਲੱਖ ਰੁਪਏ ਦਾ ਵਾਧਾ ਹੋਇਆ ਹੈ । ਜਮ੍ਹਾਂ ਰਕਮਾਂ ਦੇ ਲੇਖਿਆਂ ਅਤੇ ਭੇਜੀਆਂ ਰਕਮਾਂ ਦੇ ਭਾਗ ਅਧੀਨ 5,79 ਲੱਖ ਰੁਪਏ ਦੀ ਰਕਮ ਜਮ੍ਹਾਂ ਖਾਤੇ ਨਿਕਲਣ ਦਾ ਅਨੁਮਾਨ ਹੈ । ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਇਸ ਭਾਗ ਦੇ ਲੈਣ ਦੇਣ ਅਸਥਾਈ ਅਤੇ ਵਧਦੇ ਘਟਦੇ ਰਹਿੰਦੇ ਹਨ ਅਤੇ ਉਨ੍ਹਾਂ ਦਾ ਠੀਕ ਠੀਕ ਅਨੁਮਾਨ ਨਹੀਂ ਲਾਇਆ ਜਾ ਸਕਦਾ ।

ਉਕਤ ਫਰਕਾਂ ਦਾ ਪੂਰਾ ਵੇਰਵਾ ਵਿੱਤ ਸਕੱਤਰ ਦੇ ਯਾਦ ਪੱਤਰ ਵਿੱਚ ਦਿੱਤਾ ਗਿਆ ਹੈ ਅਤੇ ਮਾਨਯੋਗ ਮੈਂਬਰ ਸਾਹਿਬਾਨ ਉਨ੍ਹਾਂ ਨੂੰ ਵੇਖਣ ਦੀ ਖੇਚਲ ਕਰਨ ।

ਬਜਟ ਦਸਤਾਵੇਜ਼ ਮੰਤਰੀ ਮੰਡਲ ਕਾਇਮ ਹੋਣ ਤੋਂ ਕਾਫੀ ਸਮਾਂ ਪਹਿਲਾਂ ਪਰੈਸ ਨੂੰ ਭੇਜ ਦਿੱਤੇ ਗਏ ਸਨ ਕਿਉਂਕਿ ਜੇ ਅਜਿਹਾ ਨਾ ਕੀਤਾ ਜਾਂਦਾ, ਤਾਂ ਇਹ ਵੋਟ-ਆਨ-ਅਕਾਊਂਟ ਪ੍ਰਾਪਤ ਕਰਨ ਲਈ ਰਾਜ ਵਿਧਾਨ ਮੰਡਲ ਨੂੰ ਪੇਸ਼ ਕਰਨੇ ਸੰਭਵ ਨਹੀਂ ਸਨ । ਇਸ ਲਈ ਹਾਲ ਦੀ ਘੜੀ ਸਰਕਾਰ ਨੇ ਬਿਜਲੀ ਟੈਰਿਫ ਨਾ ਵਧਾਉਣ ਦਾ ਹੀ ਫੈਸਲਾ ਕੀਤਾ ਹੈ ਜਿਸ ਤੋਂ ਕਿ 6.27 ਕਰੋੜ ਰੁਪਏ ਦੀ ਆਮਦਨ ਹੋਣ ਦੀ ਆਸ ਸੀ । ਬਜਟ ਦਾ ਇਹ ਫਰਕ ਹੋਰ ਵੀ ਵਧੇਗਾ ।

ਸਾਲਾਨਾ ਯੋਜਨਾ 1972-73.

ਚੌਥੀ ਯੋਜਨਾ ਦੇ ਦੌਰਾਨ ਰਾਜ ਦੀ ਆਰਥਕਤਾ ਵਿਚ 6.6 ਫੀ ਸਦੀ ਪ੍ਰਤੀ ਸਾਲ ਦੀ ਦਰ

[ਵਿਤ ਮੰਤਰੀ]

ਨਾਲ ਵਾਧਾ ਹੋਇਆ ਹੈ ਜਦੋਂ ਕਿ ਇਸ ਦੇ ਮੁਕਾਬਲੇ ਤੇ ਕੌਮੀ ਟੀਚੇ ਦੀ ਦਰ 5.6 ਫ਼ੀ ਸਦੀ ਪ੍ਰਤੀ ਸਾਲ ਸੀ। ਪੂੰਜੀ ਲਾਉਣ ਦੀ ਦਰਿਸ਼ਟੀ ਤੋਂ ਸਾਲ 1969-70 ਵਿਚ ਰਾਜ ਦਾ ਯੋਜਨਾ ਖਰਚ 60.04 ਕਰੋੜ ਰੁਪਏ ਸੀ ਜਿਹੜਾ ਲਗਾਤਾਰ ਵਧਦਾ ਰਿਹਾ ਅਤੇ 1970-71 ਵਿਚ ਇਹ 65.57 ਕਰੋੜ ਰੁਪਏ ਅਤੇ 1971-72 ਵਿਚ ਵਧ ਕੇ 78.85 ਕਰੋੜ ਰੁਪਏ ਹੋ ਗਿਆ। ਜ਼ਰਾਇਤੀ ਖੇਤਰ, ਜਿਹੜਾ ਕਿ ਰਾਜ ਦੀ ਆਰਥਕਤਾ ਦੀ ਰੀੜ ਦੀ ਹੱਡੀ ਹੈ, ਵਿਚ ਵੀ ਚੌਥੀ ਯੋਜਨਾ ਦੇ ਪਹਿਲੇ ਤਿੰਨ ਸਾਲਾਂ ਦੇ ਦੌਰਾਨ ਵਾਧੇ ਦੀ ਉਚੇਰੀ ਦਰ ਅਰਥਾਤ 7.2 ਫ਼ੀ ਸਦੀ ਪ੍ਰਤੀ ਸਾਲ ਪ੍ਰਾਪਤ ਕੀਤੀ ਗਈ ਜਦੋਂ ਕਿ ਚੌਥੀ ਯੋਜਨਾ ਦਾ ਟੀਚਾ 5.6 ਫ਼ੀ ਸਦੀ ਪ੍ਰਤੀ ਸਾਲ ਦਾ ਸੀ।

1972-73 ਦੀ ਸਾਲਾਨਾ ਯੋਜਨਾ ਵਾਸਤੇ ਬਜਟ ਵਿਚ 86.75 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਕੇਂਦਰੀ ਸਹਾਇਤਾ, ਜਿਹੜੀ 1971-72 ਵਿਚ 20.20 ਕਰੋੜ ਰੁਪਏ ਸੀ, ਨੂੰ 1972-73 ਲਈ ਘਟਾ ਕੇ 19.59 ਕਰੋੜ ਰੁਪਏ ਕਰ ਦਿੱਤਾ ਗਿਆ ਹੈ ਜਿਸ ਦਾ ਕਾਰਣ ਕੇਂਦਰੀ ਸਾਧਨਾਂ ਦੀ ਕਠਨ ਹਾਲਤ ਹੈ। ਲੇਕਿਨ ਰਾਜ ਦੇ ਸਾਧਨ ਵਧਾ ਕੇ 67.16 ਕਰੋੜ ਰੁਪਏ ਕਰ ਦਿੱਤੇ ਗਏ ਹਨ ... (ਤਾੜੀਆਂ) ... ਜਦੋਂ ਕਿ ਸਾਲ 1971-72 ਦਾ ਅਨੁਮਾਨ 58.64 ਕਰੋੜ ਰੁਪਏ ਸੀ।

1972-73 ਦੀ ਸਾਲਾਨਾ ਯੋਜਨਾ ਬਿਜਲੀ ਦੀ ਸਖ਼ਤ ਕਮੀ ਨੂੰ ਧਿਆਨ ਵਿਚ ਰਖਕੇ ਬਣਾਈ ਗਈ ਹੈ ਕਿਉਂ ਜੋ ਗੋਬਿੰਦ ਸਾਗਰ ਵਿਚ ਪਾਣੀ ਦੇ ਘਟ ਜਾਣ ਨਾਲ ਵਿਸ਼ੇਸ਼ ਕਰ ਕੇ ਸਾਲ 1970-71 ਅਤੇ 1971-72 ਦੇ ਦੌਰਾਨ ਰਾਜ ਨੂੰ ਬਿਜਲੀ ਦੀ ਕਮੀ ਦਾ ਸਾਹਮਣਾ ਕਰਨਾ ਪਿਆ ਸੀ। ਇਸ ਤੋਂ ਇਲਾਵਾ ਇਹ ਵੀ ਕਿਆਸ ਹੈ ਕਿ ਸ਼ਾਇਦ 1973-74 ਤਕ ਬਿਆਸ ਪ੍ਰਾਜੈਕਟ ਤੋਂ ਬਿਜਲੀ ਨਾ ਮਿਲ ਸਕੇ, ਕਿਉਂਕਿ ਇਸ ਪ੍ਰਾਜੈਕਟ ਦੇ ਮੁਕੰਮਲ ਹੋਣ ਵਿਚ ਦੇਰ ਹੋਣ ਦੀ ਸੰਭਾਵਨਾ ਹੈ। ਹੁਣ ਦੇ ਜਾਇਜ਼ੇ ਅਨੁਸਾਰ ਰਾਜ ਨੂੰ ਇਸ ਵੇਲੇ 258 ਮੈਗਾਵਾਟ ਬਿਜਲੀ ਦੀ ਥੁੜ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਹੜੀ ਚੌਥੀ ਯੋਜਨਾ ਦੇ ਅੰਤ ਤਕ ਵਧ ਕੇ 428 ਮੈਗਾਵਾਟ ਹੋ ਜਾਵੇਗੀ। ਇਸ ਲਈ 1972-73 ਦੀ ਯੋਜਨਾ ਵਿਚ ਵਧੇਰੇ ਬਿਜਲੀ ਪੈਦਾ ਕਰਨ ਤੇ ਜ਼ੋਰ ਦਿੱਤਾ ਗਿਆ ਹੈ। (ਤਾੜੀਆਂ)

ਇਸ ਸੈਕਟਰ ਲਈ ਕੁਲ ਖ਼ਰਚ ਵਿਚੋਂ 50.1 ਫ਼ੀ ਸਦੀ ਭਾਗ ਨਿੱਯਤ ਕੀਤਾ ਗਿਆ ਹੈ। (ਤਾੜੀਆਂ) ਅਤੇ ਇਹ ਪਿਛਲੇ ਸਾਲ ਲਈ 38 ਫ਼ੀ ਸਦੀ ਮੂਲ ਰਕਮ ਨਾਲੋਂ ਬਹੁਤ ਵੱਧ ਹੈ। ਗੁਰੂ ਨਾਨਕ ਬਠਿੰਡਾ ਥਰਮਲ ਪਲਾਂਟ ਦੀ ਲੋੜ ਪੂਰੀ ਕਰਨ ਲਈ ਪੂਰਾ ਪ੍ਰਬੰਧ ਕੀਤਾ ਗਿਆ ਹੈ ਜਿਸ ਦਾ ਪਹਿਲਾ ਯੂਨਿਟ 1972 ਦੇ ਅੰਤ ਤਕ ਚਾਲੂ ਹੋ ਜਾਵੇਗਾ (ਤਾੜੀਆਂ) ਮੌਜੂਦਾ ਨਿਸਚਿਤ ਪ੍ਰੋਗਰਾਮ ਅਨੁਸਾਰ ਦੂਜਾ ਯੂਨਿਟ ਅਕਤੂਬਰ, 1973 ਤਕ ਚਾਲੂ ਹੋ ਜਾਵੇਗਾ। ਇਸ ਤਰ੍ਹਾਂ ਇਨ੍ਹਾਂ ਤੋਂ ਪ੍ਰਾਪਤ ਹੋਣ ਵਾਲੀ 220 ਮੈਗਾਵਾਟ ਹੋਰ ਬਿਜਲੀ ਨਾਲ ਮੌਜੂਦਾ ਬਿਜਲੀ ਸੰਕਟ ਕਾਫੀ ਹੱਦ ਤਕ ਦੂਰ ਹੋ ਜਾਵੇਗੀ। (ਤਾੜੀਆਂ)

ਬਿਆਸ ਪ੍ਰਾਜੈਕਟ ਯੂਨਿਟ II (ਪੌਂਗ ਡੈਮ) ਦੀ ਲਾਗਤ 29 ਕਰੋੜ ਰੁਪਏ ਵੱਧ ਗਈ ਹੈ। ਇਸ ਵਾਧੇ ਵਿਚੋਂ 27 ਕਰੋੜ ਰੁਪਏ ਦੀ ਰਕਮ ਪੌਂਗ ਡੈਮ ਤੋਂ ਉਠਾਏ ਕਿਸਾਨਾਂ ਪਾਸੋਂ ਪ੍ਰਾਪਤ ਕੀਤੀ ਜ਼ਮੀਨ ਦੇ ਮੁਆਵਜ਼ੇ ਵਜੋਂ ਦੇਣੀ ਹੈ। ਅਸਲ ਵਿਚ, ਪ੍ਰਾਜੈਕਟ ਲਈ ਪ੍ਰਾਪਤ ਕੀਤੀ ਜ਼ਮੀਨ ਦੀ ਕੀਮਤ 18 ਕਰੋੜ ਰੁਪਏ ਤੋਂ ਵਧ ਕੇ 45 ਕਰੋੜ ਰੁਪਏ ਹੋ ਗਈ ਹੈ। ਰਾਜ ਸਰਕਾਰ ਕੇਂਦਰੀ

ਸਰਕਾਰ ਤੇ ਜ਼ੋਰ ਪਾ ਰਹੀ ਹੈ ਕਿ ਇਸ ਵਾਧੇ ਦਾ ਭਾਰ ਰਾਜ ਸਰਕਾਰ ਤੇ ਨਾ ਪਵੇ ।

ਇਸ ਤੋਂ ਇਲਾਵਾ ਬਿਜਲੀ ਪੈਦਾ ਕਰਨ ਵਾਲੀਆਂ ਨਵੀਆਂ ਸਕੀਮਾਂ ਜਿਵੇਂ ਗੁਰੂ ਨਾਨਕ ਬਠਿੰਡਾ ਥਰਮਲ ਵਿਸਤਾਰ ਪ੍ਰਾਜੈਕਟ, ਥੀਨ ਡੈਮ ਅਤੇ ਸ਼ਾਨਨ ਵਿਸਤਾਰ ਪ੍ਰਾਜੈਕਟ ਤੇ ਕੰਮ ਸ਼ੁਰੂ ਕਰਨ ਲਈ ਉਪਬੰਧ ਕੀਤਾ ਗਿਆ ਹੈ । ਇਹ ਪ੍ਰਾਜੈਕਟ ਭਾਰਤ ਸਰਕਾਰ ਪਾਸ ਪਰਵਾਨਗੀ ਲਈ ਵਿਚਾਰ ਅਧੀਨ ਹਨ ਅਤੇ ਇਹ ਪਰਵਾਨਗੀ ਛੇਤੀ ਲੈਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਜੋ ਇਨ੍ਹਾਂ ਪ੍ਰਾਜੈਕਟਾਂ ਨੂੰ ਜਲਦੀ ਤੋਂ ਜਲਦੀ ਸ਼ੁਰੂ ਕੀਤਾ ਜਾ ਸਕੇ । ਅਪਰ ਬਾਰੀ ਦੁਆਬ ਨਹਿਰ, ਹਾਈਡਲ ਪ੍ਰਾਜੈਕਟ ਸਟੇਜ II (15 ਮੈਗਾਵਾਟ), ਆਨੰਦਪੁਰ ਸਾਹਿਬ ਹਾਈਡਲ ਪ੍ਰਾਜੈਕਟ (110 ਮੈਗਾਵਾਟ) ਅਤੇ ਰੋਪੜ ਵਿਖੇ 1000 ਮੈਗਾਵਾਟ ਦਾ ਥਰਮਲ ਪਲਾਂਟ ਲਾਉਣ ਦੇ ਪ੍ਰਾਜੈਕਟ ਵੀ ਸਰਕਾਰ ਦੇ ਵਿਚਾਰ ਅਧੀਨ ਹਨ । (ਤਾੜੀਆਂ)

ਅਪਰ ਬਾਰੀ ਦੁਆਬ ਨਹਿਰ ਪ੍ਰਾਜੈਕਟ ਦਾ ਪਹਿਲਾ ਬਿਜਲੀ ਘਰ ਅਗਸਤ, 1971 ਵਿਚ ਚਾਲੂ ਕੀਤਾ ਗਿਆ ਸੀ । ਦੂਜੇ ਅਤੇ ਤੀਜੇ ਬਿਜਲੀ ਘਰਾਂ ਨੂੰ ਵੀ 1972-73 ਵਿਚ ਚਾਲੂ ਕਰਨ ਦੀ ਆਸ ਹੈ । ਪਿੰਡਾਂ ਵਿਚ ਬਿਜਲੀ ਪਹੁੰਚਾਣ ਲਈ ਸਾਲ 1972-73 ਵਿਚ 1,38 ਲਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ ਜੋ ਕਿ ਪੰਜਾਬ ਰਾਜ ਬਿਜਲੀ ਬੋਰਡ ਦੀ ਰੂਰਲ ਇਲੈਕਟ੍ਰੀਫੀਕੇਸ਼ਨ ਕਾਰਪੋਰੇਸ਼ਨ ਦੀ ਸਹਾਇਤਾ ਨਾਲ ਚਲਾਈ ਜਾਣ ਵਾਲੀ ਸਕੀਮ ਤੋਂ ਇਲਾਵਾ ਹੈ । ਹਰ ਪਿੰਡ ਨੂੰ ਤੇਜ਼ੀ ਨਾਲ ਬਿਜਲੀ ਦੇਣ ਦਾ ਪ੍ਰੋਗਰਾਮ ਵੀ ਜਲਦੀ ਤੋਂ ਜਲਦੀ ਸ਼ੁਰੂ ਕੀਤਾ ਜਾਵੇਗਾ । (ਤਾੜੀਆਂ)

ਖੇਤੀਬਾੜੀ ਅਤੇ ਇਸ ਨਾਲ ਸਬੰਧਤ ਪ੍ਰੋਗਰਾਮਾਂ ਵਿਚ ਸਾਲ 1972-73 ਵਿਚ ਉਚਿਤ ਵਾਧਾ ਕੀਤਾ ਗਿਆ ਹੈ ਅਤੇ ਰਾਜ ਯੋਜਨਾ ਵਿਚ 14.5 ਕਰੋੜ ਰੁਪਏ ਨਿਯਤ ਕੀਤੇ ਗਏ ਹਨ ਜਦੋਂ ਕਿ 1971-72 ਵਿਚ ਇਹ ਰਕਮ 12.6 ਕਰੋੜ ਰੁਪਏ ਸੀ । ਕਾਸ਼ਤਕਾਰਾਂ ਨੂੰ ਵਿਸ਼ਵ ਬੈਂਕ ਨਾਲ ਕੀਤੇ ਇਕਰਾਰਨਾਮੇ ਅਧੀਨ ਟਰੈਕਟਰ ਖਰੀਦਣ ਵਾਸਤੇ ਰਾਜ ਯੋਜਨਾ ਵਿਚ 3 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ । ਖੇਤੀ ਬਾੜੀ ਦੇ ਸੈਕਟਰ ਵਿਚ ਮਸ਼ੀਨਾਂ ਦੀ ਵਧੇਰੀ ਵਰਤੋਂ ਨਾਲ ਜ਼ਰਾਇਤੀ ਖੇਤਰ ਵਿਚ ਹੋਰ ਖੁਸ਼ਹਾਲੀ ਆਉਣੀ ਯਕੀਨੀ ਹੋ ਜਾਵੇਗੀ । ਰਾਜ ਯੋਜਨਾ ਖਰਚ ਵਿਚ 31 ਕਰੋੜ ਰੁਪਏ ਦੇ ਸੰਭਾਵੀ ਕਰਜ਼ੇ ਦਾ ਵਾਧਾ ਬੈਂਕਾਂ ਰਾਹੀਂ ਕੀਤਾ ਜਾਵੇਗਾ ।

ਸੜਕਾਂ ਅਤੇ ਸਮਾਜਕ ਸੇਵਾਵਾਂ ਦੇ ਵਿਕਾਸ ਨੂੰ ਰਾਜ ਦੀ ਯੋਜਨਾ ਵਿਚ ਅਹਿਮ ਥਾਂ ਦਿੱਤੀ ਜਾਵੇਗੀ । ਦੋ ਸਾਲਾਂ ਦੇ ਅੰਦਰ ਅੰਦਰ ਹਰੇਕ ਪਿੰਡ ਤਕ ਲਿੰਕ ਸੜਕਾਂ ਬਣਾਉਣ ਦਾ ਕੰਮ ਮੁਕੰਮਲ ਕੀਤਾ ਜਾਵੇਗਾ (ਤਾੜੀਆਂ) ਅਤੇ ਰੁਪਏ ਦੀ ਕਮੀ ਕਾਰਣ ਇਸ ਪ੍ਰੋਗਰਾਮ ਵਿਚ ਢਿੱਲ ਨਹੀ ਆਉਣ ਦਿੱਤੀ ਜਾਵੇਗੀ । ਸਰਕਾਰ ਦਾ ਯਤਨ ਹੋਵੇਗਾ ਕਿ ਕੋਈ ਪਿੰਡ ਵੀ ਅਜਿਹਾ ਨਾ ਰਹੇ ਜਿਸ ਵਿਚ ਪ੍ਰਾਇਮਰੀ ਸਕੂਲ ਨਾ ਹੋਵੇ ..(ਤਾੜੀਆਂ).. । ਇਸ ਵੇਲੇ 5000 ਅਜਿਹੇ ਪਿੰਡ ਹਨ ਜਿਨ੍ਹਾਂ ਵਿਚ ਪ੍ਰਾਇਮਰੀ ਸਕੂਲ ਵੀ ਨਹੀਂ । ਚਾਲੂ ਸਾਲ ਦੇ ਦੌਰਾਨ ਹੋਰ ਸਮਾਜਕ ਸੇਵਾਵਾਂ ਦੇ 7.93 ਕਰੋੜ ਰੁਪਏ ਦੇ ਖਰਚ ਨੂੰ ਵਧਾ ਕੇ ਅਗਲੇ ਸਾਲ ਵਿੱਚ 11.53 ਕਰੋੜ ਰੁਪਏ ਕਰ ਦਿੱਤਾ ਗਿਆ ਹੈ ।

ਵਿਕਾਸ ਦੀ ਤੇਜ਼ ਰਫਤਾਰ ਨੂੰ ਕਾਇਮ ਰਖਣ ਲਈ ਰਾਜ ਦੀ ਚੌਥੀ ਯੋਜਨਾ ਦਾ ਖਰਚ 293.56 ਕਰੋੜ ਰੁਪਏ ਤੋਂ ਵਧਾ ਕੇ 366.95 ਕਰੋੜ ਰੁਪਏ ਕਰ ਦਿੱਤਾ ਗਿਆ ਹੈ । ਸਾਰੇ ਦਾ ਸਾਰਾ ਵਧੀਕ ਖ਼ਰਚਾ ਰਾਜ ਦੇ ਅੰਦਰੂਨੀ ਸਾਧਨਾਂ ਤੋਂ ਹੀ ਪੂਰਾ ਕੀਤਾ ਗਿਆ ਹੈ ਜਦੋਂ ਕਿ ਕੇਂਦਰੀ

[ਵਿਤ ਮੰਤਰੀ]

ਸਹਾਇਤਾ ਦੀ ਰਕਮ 101 ਕਰੋੜ ਰੁਪਏ ਰਹੇਗੀ। ਚੌਥੀ ਯੋਜਨਾ ਦੇ ਆਕਾਰ ਵਿਚ ਵਾਧਾ, ਰਾਜ ਸਰਕਾਰ ਨੂੰ ਚੌਥੀ ਯੋਜਨਾ ਦੇ ਦੌਰਾਨ ਗੁਰੂ ਨਾਨਕ ਥਰਮਲ ਪਲਾਂਟ ਬਠਿੰਡਾ ਪੂਰਾ ਕਰਨ ਅਤੇ ਬਿਆਸ ਪ੍ਰਾਜੈਕਟ ਦੀ ਉਸਾਰੀ ਦੇ ਕੰਮ ਨੂੰ ਤੇਜ਼ ਕਰਨ ਦੇ ਯੋਗ ਬਣਾਵੇਗਾ।

ਕਾਰਗੁਜ਼ਾਰੀ ਬਜਟ :

ਕਿਸੇ ਵਿਭਾਗ ਦਾ ਕਾਰਗੁਜ਼ਾਰੀ ਬਜਟ, ਬਜਟ-ਕੰਟਰੋਲ ਦਾ ਇਕ ਮਹੱਤਵ ਪੂਰਣ ਸਾਧਨ ਹੁੰਦਾ ਹੈ ਕਿਉਂਕਿ ਇਹ ਕੀਤੇ ਜਾਣ ਵਾਲੇ ਕੰਮਾਂ ਦੀ ਸਹੀ ਪਰਿਭਾਸ਼ਾ ਕਰਦਾ ਹੈ ਅਤੇ ਮਾਇਕ ਖਰਚ ਨੂੰ ਵਾਸਤਵਿਕ ਟੀਚਿਆਂ ਨਾਲ ਮੇਲਦਾ ਹੈ। ਅਜਿਹੇ ਬਜਟ ਪਹਿਲੀ ਵਾਰੀ ਸਾਲ 1970-71 ਦੇ ਦੌਰਾਨ ਪਰਿਵਾਰ ਨਿਯੋਜਨ, ਟ੍ਰਾਂਸਪੋਰਟ ਅਤੇ ਲੋਕ ਨਿਰਮਾਣ (ਇਮਾਰਤਾਂ ਅਤੇ ਸੜਕਾਂ) ਦੇ ਵਿਭਾਗਾਂ ਲਈ ਸ਼ੁਰੂ ਕੀਤੇ ਗਏ ਸਨ। ਉਦੋਂ ਤੋਂ, ਬਜਟ ਦੀ ਇਹ ਨਵੀਂ ਤਕਨੀਕ ਹੋਰ ਵਿਭਾਗਾਂ ਲਈ ਵੀ ਵਰਤੀ ਗਈ ਹੈ ਅਤੇ ਸਾਲ 1972-73 ਲਈ ਪਰਿਵਾਰ-ਨਿਯੋਜਨ, ਮੈਡੀਕਲ, ਟ੍ਰਾਂਸਪੋਰਟ, ਲੋਕ ਨਿਰਮਾਣ ਵਿਭਾਗ (ਸਿੰਜਾਈ, ਇਮਾਰਤਾਂ ਅਤੇ ਸੜਕਾਂ ਅਤੇ ਲੋਕ ਸਿਹਤ), ਜ਼ਰਾਇਤ, ਪਸ਼ੂ-ਪਾਲਣ, ਸਹਿਕਾਰਤਾ ਪੰਜਾਬ ਰਾਜ ਛੋਟੇ ਉਦਯੋਗ ਕਾਰਪੋਰੇਸ਼ਨ, ਪੰਜਾਬ ਐਗਰੋ-ਇੰਡਸਟ੍ਰੀਜ਼ ਕਾਰਪੋਰੇਸ਼ਨ ਅਤੇ ਪੰਜਾਬ ਰਾਜ ਬਿਜਲੀ ਬੋਰਡ ਦੇ ਸਬੰਧ ਵਿਚ ਕਾਰਗੁਜ਼ਾਰੀ ਬਜਟ ਤਿਆਰ ਕੀਤੇ ਗਏ ਹਨ।

ਮੁੱਖ ਵਿਸ਼ੇਸ਼ਤਾਵਾਂ

ਮਾਨਯੋਗ ਮੈਂਬਰ ਸਾਹਿਬਾਨ ਨੂੰ, ਬਜਟ ਦਸਤਾਵੇਜ਼ਾਂ ਨਾਲ ਸਪਲਾਈ ਕੀਤੀ ਛੋਟੀ ਕਿਤਾਬ "ਪੰਜਾਬ ਪ੍ਰਗਤੀ ਦੇ ਰਾਹ ਤੇ" ਭਿੰਨ ਭਿੰਨ ਵਿਭਾਗਾਂ ਦੀਆਂ ਸਰਗਰਮੀਆਂ ਦਾ ਹਾਲ ਵਿਸਥਾਰ ਵਿੱਚ ਦਸਦੀ ਹੈ। ਇਸ ਲਈ ਇਥੋਂ ਮੈਂ ਕੇਵਲ ਕੁਝ ਵਿਸ਼ੇਸ਼ ਸਰਗਰਮੀਆਂ ਅਤੇ ਅਗਲੇ ਪ੍ਰੋਗਰਾਮਾਂ ਤੇ ਨੀਤੀਆਂ ਦਾ ਹੀ ਜ਼ਿਕਰ ਕਰਾਂਗਾ।

ਜ਼ਰਾਇਤੀ ਪੈਦਾਵਾਰ :

ਰਾਜ ਦੀ ਆਰਥਕਤਾ ਵਧੇਰੇ ਕਰਕੇ ਜ਼ਰਾਇਤੀ ਹੈ। ਇਸ ਲਈ, ਪੰਜਾਬ ਸਰਕਾਰ, ਵੱਧ ਝਾੜ ਦੇਣ ਵਾਲੀਆਂ ਕਿਸਮਾਂ ਨੂੰ ਪ੍ਰਚਲਤ ਕਰਨ, ਛੋਟੇ ਸਿੰਚਾਈ ਕਾਰਜਾਂ ਦੇ ਵਿਸਤਾਰ ਅਤੇ ਰਸਾਇਣਕ ਖਾਦਾਂ ਦੀ ਵਰਤੋਂ ਦੇ ਸਬੰਧ ਵਿਚ ਜ਼ਰਾਇਤੀ ਉਤਪਾਦਨ ਦੇ ਪ੍ਰੋਗਰਾਮਾਂ ਤੇ ਬਹੁਤ ਜ਼ੋਰ ਦੇਂਦੀ ਰਹੀ ਹੈ। ਕਣਕ ਦੀ ਪੈਦਾਵਾਰ ਦੇ ਸਬੰਧ ਵਿੱਚ ਸਾਡਾ ਰਾਜ ਪਹਿਲਾਂ ਹੀ ਸਭ ਤੋਂ ਅੱਗੇ ਲੰਘ ਚੁੱਕਾ ਹੈ ਇਸ ਲਈ ਅਸੀਂ ਹੁਣ ਚਾਵਲ ਦੀ ਪੈਦਾਵਾਰ ਵਧਾਉਣ ਦੇ ਯਤਨ ਕਰ ਰਹੇ ਹਾਂ। ਪ੍ਰੋਗਰਾਮ ਦੇ ਸ਼ੁਰੂ ਵਿਚ ਸਾਲ 1966-67 ਵਿਚ 4,400 ਹੈਕਟੇਅਰ ਰਕਬੇ ਉਤੇ ਵੱਧ ਝਾੜ ਵਾਲੀਆਂ ਕਿਸਮਾਂ ਦੇ ਚਾਵਲ ਦੀ ਕਾਸ਼ਤ ਸ਼ੁਰੂ ਕੀਤੀ ਗਈ ਸੀ। ਸਾਲ 1971-72 ਵਿਚ ਇਹ ਖੇਤਰ ਵਧਾ ਕੇ 3.03 ਲੱਖ ਹੈਕਟੇਅਰ ਕਰ ਦਿੱਤਾ ਗਿਆ। ਚਾਵਲਾਂ ਦੀ ਪੈਦਾਵਾਰ, ਸਾਲ 1970-71 ਵਿਚ 6.68 ਲੱਖ ਮੀਟਰਿਕ ਟਨ ਤੋਂ ਸਾਲ 1971-72 ਵਿਚ 9.75 ਲੱਖ ਮੀਟਰਿਕ ਟਨ ਹੋ ਗਈ। ਇਸ ਤਰ੍ਹਾਂ ਸਾਡੇ ਪੰਜਾਬ ਨੇ ਸਾਰੇ ਦੇਸ਼ ਲਈ 43 ਲੱਖ ਮੀਟਰਿਕ ਟਨ ਦੇ ਕੇਂਦਰੀ ਭੰਡਾਰ ਵਿਚ 7.5 ਲੱਖ ਮੀਟਰਿਕ ਟਨ ਚਾਵਲਾਂ ਦਾ ਹਿੱਸਾ ਪਾਇਆ (ਤਾੜੀਆਂ)। 1972-73 ਵਿਚ 3.80 ਲੱਖ ਹੈਕਟੇਅਰ ਰਕਬੇ ਵਿਚ ਵੱਧ ਝਾੜ ਵਾਲੀਆਂ ਕਿਸਮਾਂ ਦੀ ਕਾਸ਼ਤ ਕਰਨ ਦੀ

ਤਜਵੀਜ਼ ਹੈ ਜਿਸ ਨਾਲ ਚਾਵਲਾਂ ਦੀ ਪੈਦਾਵਾਰ 11 ਲੱਖ ਮੀਟਰਿਕ ਟਨ ਤਕ ਵੱਧ ਜਾਵੇਗੀ।

ਕਣਕ ਦੀ ਪੈਦਾਵਾਰ, ਸਾਲ 1966-67 ਵਿੱਚ 24.51 ਲੱਖ ਮੀਟਰਿਕ ਟਨ ਤੋਂ ਵਧ ਕੇ ਸਾਲ 1970-71 ਵਿੱਚ 51.45 ਲੱਖ ਮੀਟਰਿਕ ਟਨ ਹੋ ਗਈ। ਸਾਲ 1971-72 ਦੇ ਦੌਰਾਨ, ਹਾੜ੍ਹੀ ਦੀ ਮੁਹਿੰਮ ਚਲਾਈ ਗਈ ਸੀ ਅਤੇ ਅਨੁਮਾਨ ਲਾਇਆ ਗਿਆ ਸੀ ਕਿ ਹਾੜ੍ਹੀ ਦੀ ਇਸ ਫਸਲ ਤੋਂ 54.50 ਲੱਖ ਮੀਟਰਿਕ ਟਨ ਪੈਦਾਵਾਰ ਹੋਵੇਗੀ। ਸਰਹੱਦੀ ਜ਼ਿਲ੍ਹਿਆਂ ਵਿੱਚ ਪਾਕਿਸਤਾਨ ਨਾਲ ਜੰਗੀ ਕਾਰਵਾਈਆਂ ਦੇ ਕਾਰਣ ਲਗਭਗ 5 ਲੱਖ ਏਕੜ ਰਕਬੇ ਤੇ ਬੁਰਾ ਅਸਰ ਪਿਆ। ਪਰੰਤੂ, ਇਨ੍ਹਾਂ ਖੇਤਰਾਂ ਵਿਚ ਕਣਕ ਦੇਰ ਨਾਲ ਬੀਜਣ ਲਈ ਮੁਹਿੰਮ ਸ਼ੁਰੂ ਕੀਤੀ ਗਈ ਸੀ ਅਤੇ ਹੁਣ ਆਸ ਕੀਤੀ ਜਾਂਦੀ ਹੈ ਕਿ ਸਾਲ 1972-73 ਦੇ ਦੌਰਾਨ ਦੀ ਖੜੀ ਫਸਲ ਤੋਂ ਪੈਦਾਵਾਰ 56 ਲੱਖ ਮੀਟਰਿਕ ਟਨ ਤਕ ਹੋ ਜਾਵੇਗੀ।

ਰਾਜ ਸਰਕਾਰ ਨੇ ਫਿਰੋਜ਼ਪੁਰ ਅਤੇ ਬਠਿੰਡਾ ਜ਼ਿਲ੍ਹਿਆਂ ਵਿਚ ਕਪਾਹ ਦੀ ਪੈਦਾਵਾਰ ਵਧਾਉਣ ਲਈ ਭਾਰਤ ਸਰਕਾਰ ਦੇ ਸਹਿਯੋਗ ਨਾਲ ਵਿਸ਼ੇਸ਼ ਪ੍ਰਾਜੈਕਟ ਸ਼ੁਰੂ ਕੀਤੇ ਹਨ। ਕਪਾਹ ਦੇ ਪੌਦਿਆਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਵਿਸ਼ੇਸ਼ ਉਪਾਵਾਂ ਦੀ ਲੋੜ ਹੁੰਦੀ ਹੈ। ਇਸ ਲਈ ਕੀੜੇ ਮਾਰ ਦਵਾਈਆਂ ਛਿੜਕਣ ਨਾਲ, ਜਿਨ੍ਹਾਂ ਦੀ ਸਿਫਾਰਸ਼ ਕੀਤੀ ਗਈ ਹੈ, ਇਸ ਦੀ ਪੈਦਾਵਾਰ 40 ਫੀ ਸਦੀ ਵਧ ਜਾਣ ਦੀ ਸੰਭਾਵਨਾ ਹੈ। ਸਾਲ 1970-71 ਵਿਚ 1.19 ਲੱਖ ਹੈਕਟੇਅਰ ਦੇ ਮੁਕਾਬਲੇ ਤੇ ਸਾਲ 1971-72 ਵਿਚ 1.84 ਲੱਖ ਹੈਕਟੇਅਰ ਰਕਬੇ ਉਤੇ ਹਵਾਈ ਛਿੜਕਾਉ ਕੀਤਾ ਗਿਆ। 1972-73 ਦੇ ਦੌਰਾਨ 2.84 ਲੱਖ ਹੈਕਟੇਅਰ ਰਕਬੇ ਨੂੰ ਇਸ ਪ੍ਰੋਗਰਾਮ ਅਧੀਨ ਲਿਆਂਦਾ ਜਾਵੇਗਾ, ਜਿਸ ਨਾਲ ਕਪਾਹ ਦੀ ਉਪਜ ਸਾਲ 1971-72 ਵਿਚ 9.20 ਲੱਖ ਗੱਠਾਂ ਸੀ। ਸਾਲ 1972-73 ਵਿਚ ਇਸ ਦੀ ਪੈਦਾਵਾਰ ਹੋਰ ਵੀ ਵੱਧ ਜਾਵੇਗੀ। ਜਿਹੜਾ ਰਕਬਾ ਹਵਾਈ ਛਿੜਕਾਉ ਅਧੀਨ ਨਹੀਂ ਆਉਂਦਾ ਉਸ ਤੇ ਜ਼ਮੀਨੀ ਛਿੜਕਾਉ ਕੀਤਾ ਜਾਵੇਗਾ। ਵਧੇਰੇ ਪੈਦਾਵਾਰ ਅਤੇ ਪਾਕਿਸਤਾਨ ਨਾਲ ਹੋਈ ਗੜ ਬੜ ਕਰਕੇ ਕਪਾਹ ਦੀ ਕੀਮਤ ਤੇ ਬਹੁਤ ਬੁਰਾ ਅਸਰ ਪਿਆ ਹੈ। ਕਪਾਹ ਦੀਆਂ ਕੀਮਤਾਂ ਗਿਰਨ ਤੋਂ ਬਚਾਉਣ ਲਈ ਅਸੀਂ ਇਸ ਦੀ ਘਟੋ ਘਟ ਕੀਮਤ ਨਿਸਚਿਤ ਕਰਾਉਣ ਲਈ ਭਾਰਤ ਸਰਕਾਰ ਨੂੰ ਬੇਨਤੀ ਕਰਾਂਗੇ ਤਾਂ ਜੋ ਇਸ ਦੀ ਪੈਦਾਵਾਰ ਵਧ ਜਾਵੇ ..(ਤਾੜੀਆਂ).. ਅਤੇ ਬਦੇਸ਼ੀ ਮੁਦਰਾ ਬਚਾਈ ਜਾ ਸਕੇ। ਕਿਸਾਨਾਂ ਨੂੰ ਜਾਇਜ਼ ਮੁੱਲ ਦੇਣ ਲਈ ਜ਼ਰਾਇਤੀ ਜਿਨਸਾਂ ਦਾ ਸਰਕਾਰੀ ਵਪਾਰ ਸ਼ੁਰੂ ਕੀਤਾ ਜਾਵੇਗਾ।

ਖੇਤੀਬਾੜੀ ਵਿਚ ਤਬਦੀਲੀ ਲਿਆਉਣ ਲਈ ਹੋਰ ਕਦਮ ਚੁਕੇ ਗਏ ਹਨ ਅਤੇ 1971-72 ਦੀ ਹਾੜ੍ਹੀ ਦੀ ਫਸਲ ਤੋਂ ਤੇਲ ਦੇ ਬੀਜਾਂ ਦੀ ਖੇਤੀ ਤੇ ਜ਼ਿਆਦਾ ਜ਼ੋਰ ਦਿਤਾ ਗਿਆ ਹੈ।

ਖੰਡ ਦੀਆਂ ਮਿਲਾਂ ਦੇ ਆਸ ਪਾਸ ਦੇ ਇਲਾਕਿਆਂ ਵਿਚ ਗੰਨੇ ਦੇ ਵਿਕਾਸ ਲਈ, ਸਰਕਾਰ ਨੇ ਇਕ ਵਿਸ਼ੇਸ਼ ਸਕੀਮ ਸ਼ੁਰੂ ਕੀਤੀ ਹੈ। 20,000 ਹੈਕਟੇਅਰ ਰਕਬੇ ਵਿਚ ਹਵਾਈ ਛਿੜਕਾਉ ਕੀਤਾ ਜਾਵੇਗਾ। 10,000 ਏਕੜ ਰਕਬੇ ਵਿਚ ਭੋਂ ਸੁਧਾਰ ਦਾ ਕੰਮ ਕੀਤਾ ਜਾਵੇਗਾ ਅਤੇ 8,250 ਏਕੜ ਵਿਚ ਬੀਜ ਸੁਧ ਕਰਨ ਦੀਆਂ ਸਹੂਲਤਾਂ ਦਿੱਤੀਆਂ ਜਾਣਗੀਆਂ। ਕੀਟਨਾਸ਼ਕ ਦਵਾਇਆਂ ਦਾ ਖਰਚਾ ਸਰਕਾਰ ਅਤੇ ਮਿਲ ਮਾਲਕਾਂ ਦੁਆਰਾ 50 : 50 ਦੇ ਅਧਾਰ ਤੇ ਦਿੱਤਾ ਜਾਵੇਗਾ। 1971-72 ਵਿਚ ਗੰਨਾਂ ਉਤਪਾਦਨ 5.27 ਲੱਖ ਮੀਟਿਰਕ ਟਨ (ਗੁੜ) ਤੋਂ ਵਧ ਕੇ 1972-73 ਵਿਚ 6 ਲੱਖ ਮੀਟਰਿਕ ਟਨ ਹੋ ਜਾਣ ਦੀ ਆਸ ਹੈ।

[ਵਿੱਤ ਮੰਤਰੀ]

1971-72 ਵਿਚ ਵੱਖ ਵੱਖ ਸੰਸਥਾਵਾਂ ਜਿਵੇਂ ਕਿ ਜ਼ਰਾਇਤੀ ਰੀਫਾਈਨੈਂਸ ਕਾਰਪੋਰੇਸ਼ਨ, ਕੇਂਦਰੀ ਸਹਿਕਾਰੀ ਬੈਂਕ, ਭੋਂ-ਰਹਿਣ ਬੈਂਕਾਂ ਅਤੇ ਹੋਰ ਬੈਂਕਾ ਦੁਆਰਾ 40,000 ਟਿਊਬਵੈੱਲ ਲਾਉਣ ਲਈ 20 ਕਰੋੜ ਰੁਪਏ ਦੇ ਕਰਜ਼ੇ ਦਿੱਤੇ ਗਏ ਹਨ। ਸਾਲ 1972-73 ਵਿਚ 50,000 ਟਿਊਬਵੈੱਲ ਲਾਉਣ ਲਈ 28.10 ਕਰੋੜ ਰੁਪਏ ਦੇ ਕਰਜ਼ੇ ਦਿੱਤੇ ਜਾਣਗੇ (ਤਾੜੀਆਂ)।

ਇਸ ਸਾਲ ਰਾਸਾਇਣਕ ਖਾਦ ਦੀ ਵਧੇਰੇ ਅਤੇ ਮੁਨਾਸਬ ਵਰਤੋਂ ਤੇ ਜ਼ੋਰ ਦਿੱਤਾ ਗਿਆ ਸੀ। ਸਾਲ 1970-71 ਵਿਚ 30.57 ਕਰੋੜ ਰੁਪਏ ਦੇ ਮੁਕਾਬਲੇ ਤੇ 1971-72 ਵਿਚ 40 ਕਰੋੜ ਅਤੇ 1972-73 ਵਿਚ 45 ਕਰੋੜ ਰੁਪਏ ਦੀਆਂ ਰਸਾਇਣਿਕ ਖਾਦਾਂ ਉਧਾਰ ਤੇ ਦੇਣ ਦੇ ਟੀਚੇ ਮਿਥੇ ਗਏ ਹਨ। ਕੀਮਤਾਂ ਵਧਣ ਦੇ ਬਾਵਜੂਦ ਰਸਾਇਣਿਕ ਖਾਦਾਂ ਦੀ ਵਰਤੋਂ, 1969-70 ਵਿਚ 8.75 ਲੱਖ ਤੋਂ ਵਧ ਕੇ 1971-72 ਵਿਚ 10 ਲੱਖ ਮੀਟਰਿਕ-ਟਨ ਹੋ ਗਈ ਹੈ। ਆਸ ਕੀਤੀ ਜਾਂਦੀ ਹੈ ਕਿ 1971-72 ਵਿਚ 15 ਲਖ ਮੀਟਰਿਕ ਟਨ ਰਸਾਇਣਿਕ ਖਾਦ ਦੀ ਵਰਤੋਂ ਹੋਵੇਗੀ। ਸਾਲ 1972-73 ਲਈ 18.20 ਲਖ ਮੀਟਰਿਕ ਟਨ ਦਾ ਟੀਚਾ ਮਿਥਿਆ ਗਿਆ ਹੈ।

ਸਾਲ 1969-70 ਵਿਚ ਸਮੁੱਚੇ ਰਾਜ ਵਿਚ ਘਣੀ ਖੇਤੀ ਦੀ ਤੀਬਰਤਾ 137 ਫ਼ੀ ਸਦੀ ਸੀ। ਲੁਧਿਆਣੇ ਜ਼ਿਲ੍ਹੇ ਵਿਚ ਪ੍ਰਾਪਤ ਕੀਤੇ ਤਜਰਬੇ ਦੇ ਆਧਾਰ ਤੇ ਉਥੇ 156 ਫ਼ੀ ਸਦੀ ਤੀਬਰਤਾ ਪ੍ਰਾਪਤ ਕਰ ਲਈ ਗਈ ਸੀ ਅਤੇ ਇਸ ਦੇ ਫਲ ਸਰੂਪ ਕਣਕ ਦਾ ਔਸਤ ਝਾੜ ਸੰਸਾਰ ਵਿਚ ਸਭ ਤੋਂ ਵਧ ਹੋਣ ਲਗ ਪਿਆ ਸੀ। ਹੁਣ ਘਣੀ ਖੇਤੀ ਦੇ ਜ਼ਿਲ੍ਹਾ ਪ੍ਰੋਗਰਾਮ ਨੂੰ ਫ਼ਿਰੋਜ਼ਪੁਰ ਅਤੇ ਸੰਗਰੂਰ ਦੇ ਜ਼ਿਲ੍ਹਿਆਂ ਵਿਚ ਚਾਲੂ ਕਰ ਦਿਤਾ ਗਿਆ ਹੈ। ਉਪਜ ਵਧਾਉਣ ਦਾ ਇਕੋ ਇਕ ਤਰੀਕਾ ਬਹੁਭਾਂਤੀ ਖੇਤੀ ਕਰਨਾ ਹੈ ਕਿਉਂਕਿ ਐਕਸਟੈਂਸਿਵ ਖੇਤੀ ਦੁਆਰਾ ਬਹੁਤ ਘਟ ਲਾਭ ਪ੍ਰਾਪਤ ਹੋ ਸਕਦਾ ਹੈ। 1971-72 ਵਿਚ ਮਲੇਰਕੋਟਲਾ, ਗੁਰਦਾਸਪੁਰ ਅਤੇ ਕੋਟ ਭਾਈ ਬਲਾਕ ਵਿਚ ਇਹ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ ਅਤੇ ਸਾਲ 1972-73 ਵਿਚ 3 ਹੋਰ ਬਲਾਕਾਂ ਤਕ ਵਧਾ ਦਿਤਾ ਜਾਵੇਗਾ। ਵਧੇਰੇ ਰਕਬੇ ਨੂੰ ਦੋਹਰੀ ਫਸਲ ਹੇਠ ਲਿਆਉਣ ਨਾਲ ਸਮੁੱਚੇ ਰਾਜ ਵਿਚ ਘਣੀ ਖੇਤੀ ਦੀ ਤੀਬਰਤਾ, 1969-70 ਵਿਚ 137.20 ਫ਼ੀ ਸਦੀ ਤੋਂ ਵਧ ਕੇ 1970-71 ਵਿਚ 140.1 ਫ਼ੀ ਸਦੀ ਹੋ ਗਈ ਸੀ। 1972-73 ਵਿਚ ਇਹ 145 ਫ਼ੀ ਸਦੀ ਤਕ ਵਧ ਜਾਵੇਗੀ।

ਹੁਸ਼ਿਆਰਪੁਰ, ਰੋਪੜ, ਜਲੰਧਰ ਅਤੇ ਕਪੂਰਥਲਾ ਦੇ ਜ਼ਿਲ੍ਹਿਆਂ ਵਿਚ 3 ਮਾਰਜਨਲ ਕਿਸਾਨ ਅਤੇ ਜ਼ਰਾਇਤੀ ਮਜ਼ਦੂਰ ਏਜੰਸੀਆਂ ਰਜਿਸਟਰ ਕੀਤੀਆਂ ਗਈਆਂ ਹਨ। ਇਹ ਏਜੰਸੀਆਂ 2.5 ਏਕੜ ਤੋਂ ਘਟ ਜ਼ਮੀਨ ਵਾਲੇ ਜ਼ਿਮੀਦਾਰਾਂ ਨੂੰ ਅਤੇ ਜ਼ਰਾਇਤੀ ਮਜ਼ਦੂਰਾਂ ਨੂੰ ਕਰਜ਼ਾ ਦੇਣਗੀਆਂ (ਤਾੜੀਆਂ)। 7.5 ਏਕੜ ਤੋਂ ਘਟ ਜ਼ਮੀਨ ਵਾਲੇ ਜ਼ਿਮੀਦਾਰਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਛੋਟੇ ਕਿਸਾਨ ਅਤੇ ਵਿਕਾਸ ਏਜੰਸੀਆਂ ਸਥਾਪਤ ਕੀਤੀਆਂ ਗਈਆਂ ਹਨ। ਇਹ ਏਜੰਸੀਆਂ ਜ਼ਿਲ੍ਹਾ ਫ਼ਿਰੋਜ਼ਪੁਰ-ਅੰਮ੍ਰਿਤਸਰ ਅਤੇ ਸੰਗਰੂਰ-ਪਟਿਆਲਾ ਵਿਚ ਕੰਮ ਕਰਦੀਆਂ ਹਨ। ਅਜਿਹੇ ਕਿਸਾਨਾਂ ਦੀ ਗਿਣਤੀ ਨਿਸ਼ਚਿਤ ਕਰਨ ਦਾ ਕੰਮ ਹੁਣ ਮੁਕੰਮਲ ਕਰ ਲਿਆ ਗਿਆ ਹੈ। ਇਨ੍ਹਾਂ ਏਜੰਸੀਆਂ ਨੇ ਛੋਟੇ ਕਿਸਾਨਾਂ ਨੂੰ 3000 ਟਿਊਬਵੈੱਲਾਂ ਲਈ ਕਰਜ਼ੇ ਦਿਤੇ ਹਨ। ਛੋਟੇ ਕਿਸਾਨਾਂ ਦੀਆਂ 12 ਡੇਅਰੀ ਸਹਿਕਾਰੀ ਸਭਾਵਾਂ ਅਤੇ 5 ਮੁਰਗੀ ਪਾਲਣ ਸਹਿਕਾਰੀ ਸਭਾਵਾਂ ਵੀ ਰਜਿਸਟਰ ਕੀਤੀਆਂ ਗਈਆਂ ਹਨ। ਇਹ ਏਜੰਸੀਆਂ ਛੋਟੇ ਕਿਸਾਨਾਂ ਲਈ ਬੀਜ, ਖਾਦ ਆਦਿ ਲਈ ਸਹਾਇਤਾ ਦੇਣਗੀਆਂ। ਜਿਹੜੀਆਂ ਸੰਸਥਾਵਾਂ ਛੋਟੇ ਕਿਸਾਨਾਂ ਨੂੰ ਕਰਜ਼ੇ ਦਿੰਦੀਆਂ ਹਨ ਇਹ ਉਨ੍ਹਾਂ ਦੇ ਜੋਖਮ ਵੀ ਆਪਣੇ ਜ਼ਿੰਮੇ ਲੈਣਗੀਆਂ।

ਪੰਜਾਬ ਐਗਰੋ-ਇੰਡਸਟਰੀਜ਼ ਕਾਰਪੋਰੇਸ਼ਨ ਨੇ 1970-71 ਦੇ ਦੌਰਾਨ 1035 ਟਰੈਕਟਰ ਅਤੇ ਦਸੰਬਰ, 1971 ਤਕ 725 ਹੋਰ ਟਰੈਕਟਰ ਰਾਜ ਵਿਚ ਵੰਡੇ ਸਨ। ਸਮੁੱਚੇ ਤੌਰ ਤੇ ਵਿਸ਼ਵ ਬੈਂਕ ਟਰੈਕਟਰ ਪ੍ਰਾਜੈਕਟ ਅਧੀਨ 4000 ਟਰੈਕਟਰਾਂ ਲਈ 6000 ਦਰਖ਼ਾਸਤਾਂ ਪ੍ਰਾਪਤ ਹੋ ਚੁੱਕੀਆਂ ਹਨ। ਕਾਰਪੋਰੇਸ਼ਨ ਨੇ ਇਸ ਸਾਲ ਕਣਕ ਦੀ ਵਾਢੀ ਲਈ 20 ਹੋਰ ਕੰਬਾਈਨ ਖਰੀਦੇ। ਭੌਂ ਵਿਕਾਸ ਤੇ ਬੀਜ ਕਾਰਪੋਰੇਸ਼ਨ ਨੇ ਅਣਪੱਧਰੀ ਤੇ ਉਚੀ ਨੀਵੀਂ ਜ਼ਮੀਨ ਨੂੰ ਪੱਧਰ ਕਰਨ ਦਾ ਕੰਮ ਹੁਣ ਹੱਥ ਵਿਚ ਲੈ ਲਿਆ ਹੈ ਅਤੇ ਇਸ ਮੰਤਵ ਲਈ ਨਵੀਂ ਕਿਸਮ ਦਾ ਸਾਜ਼ ਸਮਾਨ ਜਿਵੇਂ ਬੁਲਡੋਜ਼ਰਜ਼, ਸਕ੍ਰੇਪਰਜ਼, ਸੁਪਰਲੈਂਡ ਲੈਵਲਰਜ਼ ਆਦਿ ਖਰੀਦ ਲਏ ਹਨ। ਜਲੰਧਰ ਤੇ ਲੁਧਿਆਣੇ ਜ਼ਿਲੇ ਦੇ ਬੇਟ ਦੇ ਇਲਾਕਿਆਂ ਵਿਚ ਇਸ ਕੰਮ ਨੂੰ ਬੜੀ ਸਫਲਤਾ ਨਾਲ ਆਰੰਭ ਕਰ ਦਿਤਾ ਗਿਆ ਹੈ।

ਅਨਾਜ ਦੀ ਖਰੀਦ ਕਰਨ ਵਾਲੀਆਂ ਵੱਖ ਵੱਖ ਏਜੰਸੀਆਂ ਦੀ ਸਟੋਰ ਕਰਨ ਦੀ ਸਮਰਥਾ ਜਿਹੜੀ 1970-71 ਵਿਚ 9.42 ਲੱਖ ਮੀਟਰਿਕ ਟਨ (ਮਲਕੀਅਤੀ) ਅਤੇ 6 ਲਖ ਮੀਟਰਿਕ ਟਨ (ਕਰਾਏ ਤੇ) ਸੀ ਉਹ 1971-72 ਵਿਚ ਵਧ ਕੇ 24 ਮੀਟਰਿਕ ਲਖ ਟਨ ਹੋ ਗਈ ਹੈ। 1972-73 ਵਿਚ ਇਹ ਹੋਰ ਵਧ ਕੇ 33 07 ਲਖ ਮੀਟਰਕ ਟਨ ਹੋ ਜਾਵੇਗੀ। (ਤਾੜੀਆਂ)

ਦਿਹਾਤੀ ਰੋਜ਼ਗਾਰ ਲਈ ਕਰੈਸ਼ ਸਕੀਮ :

ਦਿਹਾਤੀ ਰੋਜ਼ਗਾਰ ਲਈ ਕਰੈਸ਼ ਸਕੀਮ ਜਿਹੜੀ ਸਮੁੱਚੇ ਤੌਰ ਤੇ ਕੇਂਦਰ ਵਲੋਂ ਚਲਾਈ ਗਈ ਹੈ, ਦਿਹਾਤਾਂ ਵਿਚ ਬੇਰੋਜ਼ਗਾਰਾਂ ਨੂੰ ਰੋਜ਼ਗਾਰ ਮੁਹੱਈਆ ਕਰਨ ਲਈ ਇਸ ਸਾਲ ਤੋਂ ਅਰੰਭ ਕਰ ਦਿਤੀ ਗਈ ਹੈ। ਇਸ ਮੰਤਵ ਲਈ ਹਰ ਜ਼ਿਲ੍ਹੇ ਵਾਸਤੇ 12.50 ਲਖ ਰੁਪਏ ਮਿਥੇ ਗਏ ਹਨ। ਨਾਲੇ ਪੁਟਣ, ਬੰਨ੍ਹ ਮਾਰਨ, ਭੋਂ ਸੁਧਾਰਨ, ਵਣ ਲਾਉਣ, ਨਾਲਿਆਂ ਚੋਂ ਗਾਦ ਕੱਢਣ, ਆਦਿ ਜਿਹੇ ਮਿਹਨਤ ਵਾਲੇ ਕੰਮ ਹਥ ਵਿਚ ਲੈ ਲਏ ਗਏ ਹਨ। ਕੰਮ ਪੂਰੇ ਜ਼ੋਰਾਂ ਤੇ ਹੈ ਅਤੇ ਆਸ ਹੈ ਕਿ ਇਸ ਸਾਲ ਵਿਚ ਭਾਰਤ ਸਰਕਾਰ ਦੁਆਰਾ ਟਿੱਕੀ ਗਈ 137.50 ਲਖ ਰੁਪਏ ਦੀ ਸਾਰੀ ਰਕਮ ਖਰਚ ਹੋ ਜਾਵੇਗੀ।

ਪਸ਼ੂ ਪਾਲਨ ਅਤੇ ਡੇਅਰੀ ਵਿਕਾਸ :

ਪੰਜਾਬ ਰਾਜ ਹੁਣ ਦੁੱਧ ਅਤੇ ਦੁੱਧ ਤੋਂ ਬਣਨ ਵਾਲੀਆਂ ਚੀਜ਼ਾਂ, ਅੰਡਿਆਂ ਅਤੇ ਮਾਸ ਦੀ ਸਪਲਾਈ ਵਧਾਉਣ ਦੇ ਪੂਰੇ ਪੂਰੇ ਯਤਨ ਕਰ ਰਿਹਾ ਹੈ ਕਿਉਂ ਜੋ ਅਜਿਹੇ ਧੰਦਿਆਂ ਤੋਂ ਕਿਸਾਨਾਂ ਨੂੰ ਵਧ ਆਮਦਨ ਹੋ ਸਕਦੀ ਹੈ ਅਤੇ ਉਨ੍ਹਾਂ ਦੀ ਆਰਥਕ ਹਾਲਤ ਸੁਧਰ ਸਕਦੀ ਹੈ। ਹੁਣ ਤਕ ਅਸੀਂ ਰਾਜ ਵਿਚ ਦੁੱਧ ਪ੍ਰਾਪਤ ਕਰਨ ਲਈ ਵਧੇਰੇ ਕਰ ਕੇ ਮਝਾਂ ਹੀ ਰਖਦੇ ਹਾਂ। ਪਰੰਤੂ ਉੱਨਤ ਦੇਸ਼ਾਂ ਵਿਚ ਦੁੱਧ ਦੇਣਵਾਲਾ ਮੁੱਖ ਪਸ਼ੂ ਗਊ ਹੈ।

ਇਕ ਮਾਨਯੋਗ ਮੈਂਬਰ : (ਸ਼ਰਮਾਂ ਜੀ ਨੂੰ ਹੁਣ ਤਾਂ ਪਾਣੀ ਮੰਗਾ ਦਿਓ।)

ਵਿੱਤ ਮੰਤਰੀ : ਮੈਂ ਤਾਂ ਬਹੁਤ ਪੀ ਲਿਆ, ਇਹ ਪਾਣੀ ਤਾਂ ਹੁਣ 5 ਸਾਲ ਤੁਹਾਨੂੰ ਹੀ ਪੀਣਾ ਪੈਣਾ ਹੈ।

ਇਸੇ ਕਰ ਕੇ ਪਸ਼ੂ ਪਾਲਣ ਵਿਭਾਗ ਨੇ ਪਸ਼ੂਆਂ ਦੀ ਨਸਲ ਸੁਧਾਰਣ ਦਾ ਇਕ ਵਿਸ਼ਾਲ ਪ੍ਰੋਗਰਾਮ ਅਰੰਭ ਦਿਤਾ ਹੈ ਜਿਸ ਵਿਚ ਦੇਸੀ ਪਸ਼ੂਆਂ ਨੂੰ ਬਦੇਸ਼ੀ ਨਸਲ, ਜਿਹਾ ਕਿ ਜਰਸੀ, ਹੋਲਸਟੀਨ, ਫਰੀਜ਼ੀਅਨ ਬਰਾਊਨ ਸਵਿਸ ਅਤੇ ਰੈਡ ਡੇਨ ਨਾਲ ਦੋਗਲਾ-ਕਰਨ ਤੇ ਜ਼ੋਰ ਦਿਤਾ ਜਾਵੇਗਾ। ਅਸੀਂ ਭਾਰਤ ਸਰਕਾਰ

[ਵਿਤ ਮੰਤਰੀ]

ਨੂੰ ਬੇਨਤੀ ਕੀਤੀ ਹੈ ਕਿ ਇਸ ਪ੍ਰੋਗਰਾਮ ਲਈ ਹੋਰ ਬਦੇਸ਼ੀ ਸਾਨ ਅਤੇ ਗਊਆਂ ਦੀ ਦਰਾਮਦ ਕਰਨ ਦੀ ਆਗਿਆ ਦਿੱਤੀ ਜਾਵੇ ।

ਸਾਲ 1972-73 ਦੇ ਦੌਰਾਨ ਰਾਜ ਵਿਚ ਵੱਖ ਵੱਖ ਪਸ਼ੂ ਪਾਲਣ ਪ੍ਰੋਗਰਾਮਾਂ ਨੂੰ ਅਮਲੀ ਰੂਪ ਦੇਣ ਲਈ 1,25 ਲਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ ਜਿਸ ਵਿਚੋਂ 62.92 ਲਖ ਰੁਪਏ ਇਕਲੇ ਪਸ਼ੂਆਂ ਦੇ ਸੁਧਾਰ ਲਈ ਵਰਤੇ ਜਾਣਗੇ ।

ਬਠਿੰਡਾ ਤੇ ਲੁਧਿਆਣਾ ਵਿਖੇ 1.5 ਲਖ ਲਿਟਰ ਰੋਜ਼ ਦੀ ਸਮਰਥਾ ਵਾਲੇ ਮਿਲਕ ਪਲਾਂਟ ਸਥਾਪਤ ਕੀਤੇ ਜਾ ਰਹੇ ਹਨ । ਸਾਲ 1972-73 ਦੇ ਅੰਤ ਤਕ ਇਹ ਪਲਾਂਟ ਕ੍ਰਮਵਾਰ 75,000 ਅਤੇ 40,000 ਲਿਟਰ ਦੁੱਧ ਸਪਲਾਈ ਕਰਨ ਲਗ ਪੈਣਗੇ । ਰਾਜ ਭਰ ਵਿਚ ਦੁੱਧ ਉਤਪਾਦਕਾਂ ਦੀਆਂ ਸਹਿਕਾਰੀ ਸੰਸਥਾਵਾਂ ਜਥੇਬੰਦ ਕੀਤੀਆਂ ਜਾ ਰਹੀਆਂ ਹਨ । 'ਓਪਰੇਸ਼ਨ ਫਲਡ' ਪ੍ਰੋਗਰਾਮ ਅਧੀਨ ਪੰਜਾਬ ਡੇਅਰੀ ਸਰਗਰਮੀਆਂ ਨੂੰ ਤੇਜ਼ ਕਰਨ ਲਈ ਭਾਰਤੀ ਡੇਅਰੀ ਵਿਕਾਸ ਕਾਰਪੋਰੇਸ਼ਨ, ਰਾਜ ਵਿਚ ਡੇਅਰੀ ਕਾਰਪੋਰੇਸ਼ਨ ਪਾਸੋਂ 3.82 ਕਰੋੜ ਰੁਪਏ ਦੀ ਰਕਮ ਪ੍ਰਾਪਤ ਕਰ ਰਹੀ ਹੈ ।

ਸਾਲ 1972-73 ਖ਼ਤਮ ਹੋਣ ਤੋਂ ਪਹਿਲਾਂ, ਖੰਨੇ ਦੇ ਨੇੜੇ 100 ਮੀਟਰਿਕ ਟਨ ਰੋਜ਼ਾਨਾ ਦੀ ਸਮਰਥਾ ਵਾਲਾ ਇਕ ਪਸ਼ੂ ਚਾਰਾ ਪਲਾਂਟ ਵੀ ਸ਼ੁਰੂ ਕੀਤਾ ਜਾਵੇਗਾ ।

ਸਹਿਕਾਰਤਾ :

ਹੁਣ ਸਹਿਕਾਰੀ ਮੁਹਿਮ ਨੇ 423.14 ਕਰੋੜ ਰੁਪਏ ਦੀ ਕੁਲ ਲਗੀ ਹੋਈ ਪੂੰਜੀ ਨਾਲ ਰਾਜ ਦੇ ਸਾਰੇ ਪਿੰਡਾਂ ਨੂੰ ਆਪਣੇ ਖੇਤਰ ਵਿਚ ਲੈ ਆਂਦਾ ਹੈ । ਪिछਲੇ ਸਾਲ ਦੇ ਦੌਰਾਨ 49.90 ਕਰੋੜ ਰੁਪਏ ਦੇ ਮੁਕਾਬਲੇ ਤੇ ਇਸ ਸਾਲ 57.26 ਕਰੋੜ ਰੁਪਏ ਦੇ ਫਸਲ ਕਰਜ਼ੇ ਵੰਡੇ ਗਏ ਸਨ । ਦਿਹਾਤੀ ਆਰਥਕਤਾ ਦੇ ਵਿਕਾਸ ਲਈ 24.55 ਕਰੋੜ ਰੁਪਏ ਦ ਕਰਜ਼ੇ ਮਾਰਕਿਟਿੰਗ, ਫਾਰਮਿੰਗ ਆਦਿ ਜਿਹੇ ਹੋਰ ਮੰਤਵਾਂ ਲਈ ਵੰਡੇ ਗਏ ਸਨ । ਰਾਜ ਵਿਚ ਧਾਨ ਦੀ ਵਧ ਉਪਜ ਕਾਰਣ ਸਾਲ 1972-73 ਦੇ ਦੌਰਾਨ ਸਹਿਕਾਰੀ ਸੈਕਟਰ ਵਿਚ 9 ਰਾਈਸ ਸ਼ੈੱਲਰ ਲਾਉਣ ਦੀ ਤਜਵੀਜ਼ ਕੀਤੀ ਗਈ ਹੈ ।

ਭਾਵੇਂ ਸਹਿਕਾਰੀ ਲਹਿਰ ਨੇ ਰਾਜ ਵਿਚ ਬਹੁਤ ਉੱਨਤੀ ਕੀਤੀ ਹੈ, ਫਿਰ ਵੀ ਅਫ਼ਸੋਸ ਹੈ ਕਿ ਇਸ ਦੇ ਲਾਭ ਛੋਟੇ ਕਿਸਾਨਾਂ ਅਤੇ ਜ਼ਮੀਨ-ਰਹਿਤ ਕਾਮਿਆਂ ਤਕ ਨਹੀਂ ਪਹੁੰਚ ਸਕੇ । ਸਰਕਾਰ ਇਸ ਨਾ-ਬਰਾਬਰੀ ਨੂੰ ਖਤਮ ਕਰਨ ਦਾ ਯਤਨ ਕਰੇਗੀ । (ਤਾੜੀਆਂ)

ਪੰਜਾਬ ਰਾਜ ਸਹਿਕਾਰੀ ਸਪਲਾਈ ਅਤੇ ਮਾਰਕਿਟਿੰਗ ਫ਼ੈਡਰੇਸ਼ਨ ਕਣਕ ਖ਼ਰੀਦਣ ਅਤੇ ਰਸਾਇਣਿਕ ਖਾਦਾਂ ਵੰਡਣ ਦਾ ਕੰਮ ਲਗਾਤਾਰ ਸਫ਼ਲਤਾ ਨਾਲ ਕਰਦੀ ਰਹੀ ਹੈ । ਇਸ ਨੇ ਇਸ ਸਾਲ ਦੇ ਦੌਰਾਨ 159.60 ਕਰੋੜ ਰੁਪਏ ਦੀ ਕਣਕ ਖ਼ਰੀਦੀ ਜਦ ਕਿ ਪਿਛਲੇ ਸਾਲ 60.95 ਕਰੋੜ ਰੁਪਏ ਦੀ ਕਣਕ ਖ਼ਰੀਦੀ ਸੀ । 35.10 ਕਰੋੜ ਰੁਪਏ ਦੀ ਰਸਾਇਣਿਕ ਖਾਦ ਵੀ ਵੇਚੀ ਗਈ ।

ਭੋਂ-ਸੰਭਾਲ :

ਸਾਲ 1970-71 ਤਕ 1.74 ਲਖ ਏਕੜ ਰਕਬੇ ਵਿਚ ਭੋਂ-ਸੰਭਾਲ ਅਤੇ ਜਲ ਪ੍ਰਬੰਧ ਦੇ ਕਾਰਜ ਮੁਕੰਮਲ ਕੀਤੇ ਗਏ । ਆਸ ਹੈ ਕਿ ਸਾਲ 1971-72 ਦੇ ਦੌਰਾਨ 25,000 ਅਤੇ 1972-73

ਦੇ ਦੌਰਾਨ 35,000 ਏਕੜ ਰਕਬੇ ਦਾ ਸੁਧਾਰ ਕੀਤਾ ਜਾਵੇਗਾ । ਸਾਲ 1970-71 ਦੇ ਦੌਰਾਨ ਫਿਰੋਜ਼ਪੁਰ ਐਗ੍ਰੀਕਲਚਰ ਰੀਫਾਈਨੈਂਸ ਕਾਰਪੋਰੇਸ਼ਨ ਨੇ ਫਿਰੋਜ਼ਪੁਰ ਜ਼ਿਲ੍ਹੇ ਦੀਆਂ ਫਾਜ਼ਿਲਕਾ ਅਤੇ ਮੁਕਤਸਰ ਤਸੀਲਾਂ ਅਤੇ ਬਠਿੰਡੇ ਜ਼ਿਲ੍ਹੇ ਦੇ ਕੋਟਕਪੂਰਾ ਬਲਾਕ ਵਿਚ ਭੋਂ ਤੇ ਜਲ-ਸੰਭਾਲ ਕਾਰਜ ਚਲਾਉਣ ਦੇ 5 ਸਾਲ ਦੇ ਦਰਜੇਬੱਧ ਪ੍ਰੋਗਰਾਮ ਲਈ 3.74 ਕਰੋੜ ਰੁਪਏ ਦਾ ਸਹਾਇਤਾ-ਕਰਜ਼ਾ ਦੇਣਾ ਪ੍ਰਵਾਨ ਕੀਤਾ ਹੈ ।

ਉਦਯੋਗ :

ਪੰਜਾਬ ਰਾਜ ਉਦਯੋਗ ਵਿਕਾਸ ਕਾਰਪੋਰੇਸ਼ਨ ਨੇ ਅਗਲੇ ਤਿੰਨ ਸਾਲਾਂ ਦੇ ਦੌਰਾਨ ਕਈ ਪ੍ਰਾਜੈਕਟ ਸਥਾਪਤ ਕਰਨ ਲਈ ਇਕ ਵਿਸ਼ਾਲ ਯੋਜਨਾ ਤਿਆਰ ਕੀਤੀ ਹੈ, ਜਿਸ ਉਤੇ ਅਨੁਮਾਨਤ ਪੂੰਜੀਗਤ ਖਰਚਾ 70 ਕਰੋੜ ਰੁਪਏ ਹੋਵੇਗਾ। ਇਹ ਪ੍ਰਾਜੈਕਟ ਚਾਲੂ ਕਰਨ ਨਾਲ ਰਾਜ ਵਿਚ ਉਦਯੋਗਕ ਆਧਾਰ ਬਹੁਤ ਮਜ਼ਬੂਤ ਹੋ ਜਾਵੇਗਾ ਅਤੇ ਉਦਯੋਗਾਂ ਵਿਚ ਵਧੇਰੇ ਰੋਜ਼ਗਾਰ ਮਿਲਣ ਲਗ ਪਵੇਗਾ। ਸਰਕਾਰ, ਰਾਜ ਤੋਂ ਬਾਹਰ ਰਹਿ ਰਹੇ ਪੰਜਾਬੀਆਂ ਨੂੰ ਪੰਜਾਬ ਵਿਚ ਲੱਗਣ ਵਾਲੇ ਉਦਯੋਗਾਂ ਵਿਚ ਸਰਮਾਇਆ ਲਾਉਣ ਲਈ ਉਤਸ਼ਾਹ ਤੇ ਸਹਾਇਤਾ ਦੇਵੇਗੀ। (ਤਾੜੀਆਂ)

ਪੰਜਾਬ ਸਰਕਾਰ ਨੇ ਉਦਯੋਗਾਂ ਨੂੰ ਤੇਜ਼ੀ ਨਾਲ ਵਧਾਉਣ ਲਈ ਸਹੂਲਤਾਂ ਮੁਹੱਈਆ ਕਰਨ ਵਾਸਤੇ ਢੰਡਾਰੀ, ਮੋਹਾਲੀ ਅਤੇ ਰਾਜਪੁਰਾ ਵਿਖੇ ਤਿੰਨ ਫੋਕਲ ਪੁਆਇੰਟ ਸਥਾਪਤ ਕੀਤੇ ਹਨ ਜਿਨ੍ਹਾਂ ਲਈ 893 ਏਕੜ ਰਕਬਾ ਪਹਿਲਾਂ ਹੀ ਪ੍ਰਾਪਤ ਕਰ ਲਿਆ ਗਿਆ ਹੈ ਅਤੇ 368 ਪਲਾਟ ਵਿਕਸਿਤ ਕਰ ਦਿੱਤੇ ਗਏ ਹਨ । ਬਹੁਤ ਜਲਦੀ ਹੋਰ ਪਲਾਟ ਵਿਕਸਤ ਕੀਤੇ ਜਾਣਗੇ ।

ਵਿਸ਼ੇਸ਼ ਯਤਨਾਂ ਦੇ ਫਲ ਸਰੂਪ, ਦੇਸ਼ ਦੇ ਛੋਟੇ ਉਦਯੋਗਾਂ ਲਈ ਲੋਹੇ ਤੇ ਸਟੀਲ ਦੇ ਕੋਟੇ ਵਿਚੋਂ ਰਾਜ ਦਾ ਕੋਟਾ 8.6 ਫ਼ੀ ਸਦੀ ਤੋਂ ਵਧਾ ਕੇ 11 ਫ਼ੀ ਸਦੀ ਕਰ ਦਿਤਾ ਦਿਤਾ ਗਿਆ ਹੈ। (ਤਾੜੀਆਂ) ਲੜਾਈ ਤੋਂ ਪਹਿਲਾਂ ਅਤੇ ਪਿਛੋਂ ਵੈਗਨਾਂ ਦੀ ਤੰਗੀ ਕਾਰਣ, ਕੋਲੇ ਦੀ ਭਾਰੀ ਕਮੀ ਰਹੀ ਹੈ। ਪੰਜਾਬ ਵਿਚ ਕੋਲਾ ਢੋਣ ਲਈ ਵੈਗਨਾਂ ਪ੍ਰਾਪਤ ਕਰਨ ਵਾਸਤੇ ਉਚੇਰੀ ਪੱਧਰ ਤੇ ਯਤਨ ਕੀਤੇ ਜਾ ਰਹੇ ਹਨ।

ਸਰਕਾਰ, ਰਾਜ ਦੇ ਉਦਯੋਗਾਂ, ਵਿਸ਼ੇਸ਼ ਕਰ ਕੇ ਛੋਟੇ ਉਦਯੋਗ-ਪਤੀਆਂ ਨੂੰ, ਕੱਚਾ ਮਾਲ ਪ੍ਰਾਪਤ ਕਰਨ ਅਤੇ ਆਸਾਨ ਸ਼ਰਤਾਂ ਤੇ ਕਰਜ਼ਾ ਲੈਣ ਦੇ ਕੰਮ ਵਿਚ ਪੇਸ਼ ਆ ਰਹੀਆਂ ਮੁਸ਼ਕਲਾਂ ਤੋਂ ਭਲੀ ਭਾਂਤ ਜਾਣੂ ਹੈ। ਕੱਚਾ ਮਾਲ ਪ੍ਰਾਪਤ ਕਰਨ ਅਤੇ ਇਸ ਨੂੰ ਉਚਿਤ ਢੰਗ ਨਾਲ ਵੰਡਣ ਲਈ ਯਤਨ ਕੀਤੇ ਜਾਣਗੇ ।

ਰਾਜ ਸਰਕਾਰ ਨੇ ਉਦਯੋਗਾਂ ਨੂੰ ਸਿਧੀ ਅਤੇ ਵਪਾਰਕ ਬੈਂਕਾਂ ਰਾਹੀਂ ਮਾਲੀ ਸਹਾਇਤਾ ਦੇਣ ਲਈ ਕਦਮ ਚੁੱਕੇ ਹਨ। ਪੰਜਾਬ ਰਾਜ ਉਦਯੋਗ ਸਹਾਇਤਾ ਐਕਟ ਅਧੀਨ 50 ਲੱਖ ਰੁਪਏ ਤੋਂ ਵਧ ਰਕਮ ਵੰਡੀ ਗਈ ਹੈ। 60 ਲਖ ਰੁਪਏ ਦੀ ਹੋਰ ਰਕਮ ਛੋਟੇ ਉਦਯੋਗਪਤੀਆਂ ਨੂੰ ਕਾਰਜੀ ਪੂੰਜੀ ਕਰਜ਼ੇ ਦੇ ਰੂਪ ਵਿਚ ਦਿਤੀ ਜਾ ਰਹੀ ਹੈ।

ਪੰਜਾਬ ਰਾਜ ਉਦਯੋਗ ਸਹਾਇਤਾ ਐਕਟ ਅਧੀਨ ਕਰਜ਼ਿਆਂ ਦੀ ਵਸੂਲੀ ਦਾ ਕੰਮ ਛੇ ਮਹੀਨਿਆਂ ਲਈ ਮਿਤੀ 31 ਮਾਰਚ, 1972 ਤਕ ਮੁਲਤਵੀ ਕਰ ਦਿਤਾ ਗਿਆ ਹੈ। (ਤਾੜੀਆਂ) ਅੰਮ੍ਰਿਤਸਰ ਵਿਖੇ ਆਰਟ ਸਿਲਕ ਉਦਯੋਗ ਤੋਂ ਸੰਕਟਕਾਲੀ ਕਰਜ਼ਿਆਂ ਦੀ ਵਸੂਲੀ 31 ਜੁਲਾਈ, 1972 ਤਕ ਅਗੇ

[ਵਿੱਤ ਮੰਤਰੀ]

ਪਾ ਦਿੱਤੀ ਗਈ ਹੈ । ਇਹ ਕਦਮ ਪਾਕਿਸਤਾਨ ਨਾਲ ਹੋਈ ਲੜਾਈ ਤੋਂ ਪ੍ਰਭਾਵਿਤ ਉਦਯੋਗਾਂ ਦੀ ਸਹਾਇਤਾ ਵਜੋਂ ਚੁਕੇ ਗਏ ਹਨ ।

ਲੋਕ-ਸਿਹਤ :

ਰਾਸ਼ਟਰੀ ਜਲ ਸਪਲਾਈ ਅਤੇ ਸਫ਼ਾਈ ਪ੍ਰੋਗਰਾਮ ਦੇ ਚਾਲੂ ਹੋਣ ਤੋਂ ਬਾਦ 41 ਸ਼ਹਿਰਾਂ ਵਿਚ ਜਲ ਸਪਲਾਈ ਅਤੇ 36 ਸ਼ਹਿਰਾਂ ਵਿਚ ਜ਼ਮੀਨ ਦੋਜ਼ ਨਾਲੀਆਂ ਦਾ ਪ੍ਰਬੰਧ ਅੰਸ਼ਕ ਤੌਰ ਤੇ ਕਰ ਦਿਤਾ ਗਿਆ ਹੈ । ਦਿਹਾਤੀ ਇਲਾਕਿਆਂ ਵਿਚ 230 ਪਿੰਡਾਂ ਵਿਚ ਨਲਾਂ ਰਾਹੀਂ ਜਲ ਸਪਲਾਈ ਦਾ ਕੰਮ ਪੂਰਾ ਹੋ ਚੁਕਾ ਹੈ ਅਤੇ 260 ਪਿੰਡਾਂ ਵਿਚ ਇਹ ਕੰਮ ਚਲ ਰਿਹਾ ਹੈ ।

ਸਾਲ 1971-72 ਦੇ ਬਜਟ ਵਿਚ ਦਿਹਾਤੀ ਜਲ ਸਪਲਾਈ ਸਕੀਮ ਲਈ 180 ਲੱਖ ਰੁਪਏ ਅਤੇ ਸ਼ਹਿਰੀ ਜਲ ਅਤੇ ਜ਼ਮੀਨਦੋਜ਼ ਨਾਲੀਆਂ ਦੀਆਂ ਸਕੀਮਾਂ ਲਈ 40 ਲਖ ਰੁਪਏ ਦਾ ਉਪਬੰਧ ਹੈ । ਇਸੇ ਤਰ੍ਹਾਂ ਹੀ ਸਾਲ 1972-73 ਲਈ, 180 ਲਖ ਰੁਪਏ ਦੀ ਰਕਮ ਦਿਹਾਤੀ ਜਲ ਸਪਲਾਈ ਸਕੀਮਾਂ ਲਈ ਅਤੇ 40 ਲਖ ਰੁਪਏ ਦੀ ਰਕਮ ਸ਼ਹਿਰੀ ਜਲ ਸਪਲਾਈ ਤੇ ਜ਼ਮੀਨ ਦੋਜ਼ ਨਾਲੀਆਂ ਦੀਆਂ ਸਕੀਮਾਂ ਲਈ ਰਖੀ ਗਈ ਹੈ । ਇਸ ਖ਼ਰਚ ਨਾਲ 120 ਹੋਰ ਪਿੰਡਾਂ, 5 ਹੋਰ ਨਗਰ ਬਲਾਕਾਂ ਵਿਚ ਜਲ ਸਪਲਾਈ ਅਤੇ 5 ਹੋਰ ਨਗਰ ਬਲਾਕਾਂ ਵਿਚ ਜ਼ਮੀਨਦੋਜ਼ ਨਾਲੀਆਂ ਦਾ ਪ੍ਰਬੰਧ ਕੀਤਾ ਜਾਵੇਗਾ ।

ਸਰਕਾਰ ਆਨੰਦਪੁਰ ਸਾਹਿਬ ਅਤੇ ਮੁਕਤਸਰ ਵਿਚ ਵੀ ਜਲ ਸਪਲਾਈ ਅਤੇ ਜ਼ਮੀਨਦੋਜ਼ ਨਾਲੀਆਂ ਆਦਿ ਦਾ ਪ੍ਰਬੰਧ ਕਰਨ ਲਈ ਤਤਪਰ ਹੈ । ਇਸ ਉਦੇਸ਼ ਲਈ ਸਰਕਾਰ ਨੇ ਆਨੰਦਪੁਰ ਸਾਹਿਬ ਵਾਸਤੇ 39.76 ਲਖ ਅਤੇ ਮੁਕਤਸਰ ਲਈ 99 ਲਖ ਰੁਪਏ ਦੀ ਲਾਗਤ ਦੀਆਂ ਸਕੀਮਾਂ ਪਰਵਾਨ ਕੀਤੀਆਂ ਹਨ । (ਤਾੜੀਆਂ) ਇਸ ਮਾਲੀ ਸਾਲ ਦੇ ਅੰਤ ਤਕ 342 ਪਿੰਡਾਂ ਵਿਚ ਇੱਟਾਂ ਦੀਆਂ ਸੜਕਾਂ ਅਤੇ ਪੱਕੀਆਂ ਨਾਲੀਆਂ ਬਣਾਉਣ ਦਾ ਕੰਮ ਹਰ ਮਾਡਲ ਪਿੰਡ ਪਿਛੇ 1 ਲਖ ਰੁਪਏ ਦੀ ਅਨੁਮਾਨਤ ਲਾਗਤ ਨਾਲ ਪੂਰਾ ਕਰਨ ਦੀ ਸੰਭਾਵਨਾ ਹੈ । (ਤਾੜੀਆਂ)

ਹਰ ਪਿੰਡ ਨੂੰ ਅਤੇ ਖਾਸ ਕਰ ਕੇ ਬਿਖੜੇ ਨੀਮ ਪਹਾੜੀ ਇਲਾਕਿਆਂ ਵਿਚ ਪੀਣ ਵਾਲੇ ਪਾਣੀ ਦੀ ਸਪਲਾਈ ਯਕੀਨੀ ਬਣਾਉਣ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ । (ਤਾੜੀਆਂ)

ਸਿੰਜਾਈ :

ਥੀਨ ਡੈਮ ਪ੍ਰਾਜੈਕਟ ਸਬੰਧੀ ਜਾਂਚ ਪੜਤਾਲ ਅਤੇ ਯੋਜਨਾਬੰਦੀ ਦੇ ਕੰਮ ਵਾਸਤੇ 22 ਲਖ ਰੁਪਏ ਦੀ ਰਕਮ, ਸਾਲ 1971-72 ਵਿਚ ਰਖੀ ਗਈ ਸੀ । ਸਾਲ 1972-73 ਵਿਚ ਇਹ ਰਕਮ ਵਧਾ ਕੇ 25 ਲਖ ਰੁਪਏ ਕਰ ਦਿਤੀ ਗਈ ਹੈ । ਇਹ ਪ੍ਰਾਜੈਕਟ ਅਜੇ ਤਕ ਭਾਰਤ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਸਰਕਾਰ ਇਸ ਦੀ ਪ੍ਰਵਾਨਗੀ ਛੇਤੀ ਲੈਣ ਲਈ ਯਤਨ ਕਰੇਗੀ । (ਤਾੜੀਆਂ)

ਸਾਲ 1971-72 ਲਈ ਵਡੀਆਂ ਅਤੇ ਦਰਮਿਆਨੀਆਂ ਸਿੰਜਾਈ ਸਕੀਮਾਂ ਵਾਸਤੇ 116 ਲਖ ਰੁਪਏ ਅਤੇ ਛੋਟੀਆਂ ਸਿੰਜਾਈ ਸਕੀਮਾਂ ਲਈ 112 ਲਖ ਰੁਪਏ ਦੀ ਰਕਮ ਰਖੀ ਗਈ ਸੀ । ਸਾਲ 1972-73 ਲਈ ਵੱਡੀਆਂ ਤੇ ਦਰਮਿਆਨੀਆਂ ਸਿੰਜਾਈ ਸਕੀਮਾਂ ਲਈ 112.62 ਲਖ ਰੁਪਏ ਅਤੇ ਛੋਟੀਆਂ ਸਿੰਜਾਈ ਸਕੀਮਾਂ ਲਈ 50.85 ਲਖ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ । ਵੱਡੀਆਂ

ਦਰਮਿਆਨੀਆਂ ਅਤੇ ਛੋਟੀਆਂ ਸਿੰਜਾਈ ਸਕੀਮਾਂ ਨੂੰ ਨੇਪਰੇ ਚਾੜ੍ਹਨ ਨਾਲ ਚੌਥੀ ਯੋਜਨਾ ਦੇ ਅੰਤ ਤਕ ਸਿੰਜਾਈ ਅਧੀਨ ਰਕਬੇ ਵਿਚ ਲਗ ਭਗ 159,000 ਹੈਕਟੇਅਰ ਸਾਲਾਨਾ ਦਾ ਵਾਧਾ ਹੋਣ ਦੀ ਸੰਭਾਵਨਾ ਹੈ ।

ਰਾਜ ਵਿਚ ਹੜ੍ਹਾਂ ਦੀ ਮੁਸੀਬਤ ਤੇ ਕਾਬੂ ਪਾਉਣ ਲਈ ਲਗ ਪਗ 120 ਕਰੋੜ ਰੁਪਏ ਦੀ ਲਾਗਤ ਦੀ ਹੜ੍ਹ ਕੰਟਰੋਲ ਤੇ ਜਲ-ਨਿਕਾਸ ਦੀ ਇਕ ਮੁੱਖ ਯੋਜਨਾ ਤਿਆਰ ਕਰ ਲਈ ਗਈ ਹੈ । ਇਸ ਵਿਚ ਦਰਿਆਵਾਂ ਤੇ ਚੋਆਂ ਦੇ ਨਾਲ ਨਾਲ 904 ਕਿਲੋ ਮੀਟਰ ਲੰਮੇ ਬੰਨ੍ਹ ਮਾਰਨ ਅਤੇ 10,720 ਕਿਲੋ ਮੀਟਰ ਲੰਮੇ ਜਲ ਨਿਕਾਸ ਨਾਲੇ ਬਣਾਉਣ ਦਾ ਪ੍ਰਬੰਧ ਕੀਤਾ ਗਿਆ ਹੈ । ਮਿਤੀ 31 ਮਾਰਚ, 1972 ਤਕ ਲਗ ਭਗ 39 ਕਰੋੜ ਰੁਪਏ ਦੀ ਲਾਗਤ ਨਾਲ 666 ਕਿਲੋ ਮੀਟਰ ਲੰਮੇ ਬੰਨ੍ਹ ਅਤੇ 4,830 ਕਿਲੋ ਮੀਟਰ ਲੰਮੇ ਜਲ ਨਿਕਾਸ ਨਾਲਿਆਂ ਦਾ ਕੰਮ ਪੂਰਾ ਹੋ ਜਾਣ ਦੀ ਸੰਭਾਵਨਾ ਹੈ । ਇਸ ਉਦੇਸ਼ ਲਈ ਸਾਲ 1972-73 ਲਈ 2 ਕਰੋੜ ਰੁਪਏ ਦੀ ਰਕਮ ਮਖ਼ਸੂਸ ਕੀਤੀ ਗਈ ਹੈ । ਇਹ ਰਕਮ 65,000 ਹੈਕਟੇਅਰ ਰਕਬਾ ਬਚਾਉਣ ਲਈ ਲਗ ਭਗ 22 ਕਿਲੋ ਮੀਟਰ ਲੰਮੇ ਬੰਨ੍ਹ ਅਤੇ 200 ਕਿਲੋ ਮੀਟਰ ਲੰਮੇ ਜਲ-ਨਿਕਾਸ ਨਾਲੇ ਬਣਾਉਣ ਵਾਸਤੇ ਵਰਤੀ ਜਾਵੇਗੀ ।

ਪੰਜਾਬ ਰਾਜ ਟਿਊਬਵੈਲ ਕਾਰਪੋਰੇਸ਼ਨ 1970 ਵਿਚ 10 ਕਰੋੜ ਰੁਪਏ ਦੇ ਸ਼ਰਮਾਏ ਨਾਲ ਸਥਾਪਤ ਕੀਤੀ ਗਈ ਸੀ । ਕਾਰਪੋਰੇਸ਼ਨ ਨੇ ਨਹਿਰਾਂ ਦੇ ਪਾਣੀ ਦੀ ਸਪਲਾਈ ਵਿਚ ਵਾਧਾ ਕਰਨ ਲਈ ਸਰਹੰਦ ਨਹਿਰ ਦੇ ਨਾਲ ਨਾਲ 350 ਟਿਊਬਵੈਲ ਲਾਉਣ ਦੀ ਸਕੀਮ ਹਥ ਵਿਚ ਲੈ ਲਈ ਹੈ । ਇਸ ਸਕੀਮ ਦੀ ਅਨੁਮਾਨਤ ਲਾਗਤ 335 ਲਖ ਰੁਪਏ ਹੈ ਕਾਰਪੋਰੇਸ਼ਨ ਨੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਬਜਵਾੜਾ ਤੇ ਸਰੋਹੀਆਂ ਬਲਾਕਾਂ ਵਿਚ ਡੂੰਘੇ ਟਿਊਬਵੈਲ ਲਾਉਣ ਲਈ ਦੋ ਹੋਰ ਸਕੀਮਾਂ ਵੀ ਤਿਆਰ ਕੀਤੀਆਂ ਹਨ ।

ਗਰਾਊਂਡ ਵਾਟਰ :

ਜ਼ਮੀਨ ਉਤਲੇ ਅਤੇ ਜ਼ਮੀਨ ਦੇ ਹੇਠਲੇ ਪਾਣੀ ਦੇ ਸਾਰੇ ਸਾਧਨਾਂ ਲਈ ਵਧ ਤੋਂ ਵਧ ਲਾਹੇਵੰਦ ਵਿਕਾਸ ਸਕੀਮ ਬਣਾਉਣ ਦੇ ਉਦੇਸ਼ ਨਾਲ ਰਾਜ ਵਿਚ ਨਿਸ਼ਚਿਤ ਜਲ ਸਾਧਨਾਂ ਦੀਆਂ ਸੰਭਾਵਨਾਵਾਂ ਦਾ ਪਤਾ ਲਾਉਣ ਅਤੇ ਮੁਲਅੰਕਣ ਕਰਨ ਵਾਸਤੇ 180 ਲਖ ਰੁਪਏ ਦੀ ਲਾਗਤ ਦਾ ਇਕ ਪ੍ਰਾਜੈਕਟ ਤਿਆਰ ਕਰ ਲਿਆ ਗਿਆ ਹੈ ਜਿਹੜਾ ਕਿ ਅਗਲੇ 30 ਸਾਲਾਂ ਵਿਚ ਖੇਤੀ ਬਾੜੀ ਅਤੇ ਬਿਜਲੀ ਪੈਦਾ ਕਰਨ ਦੇ ਮਨੋਰਥਾਂ ਲਈ ਲੋੜੀਂਦੇ ਪਾਣੀ ਦਾ ਜਾਇਜ਼ਾ ਤਿਆਰ ਕਰੇਗਾ ।

ਸ਼ਹਿਰੀ ਵਿਕਾਸ :

ਸਾਡੇ ਸਾਰੇ ਵੱਡੇ ਸ਼ਹਿਰ ਬੁਰੀ ਹਾਲਤ ਵਿਚ ਹਨ ਜਿਨ੍ਹਾਂ ਨੂੰ ਸੁਧਾਰਨ ਲਈ ਵੱਡੇ ਕਾਰਜ ਸ਼ੁਰੂ ਕਰਨ ਵਾਸਤੇ ਨਗਰ ਪਾਲਕਾਵਾਂ ਕੋਲ ਕਾਫ਼ੀ ਸਾਧਨ ਨਹੀਂ ਹਨ । ਸਫ਼ਾਈ ਦੀ ਹਾਲਤ ਨੂੰ ਸੁਧਾਰਨ ਦੇ ਖ਼ਿਆਲ ਨਾਲ ਅਤੇ ਵੱਡੇ ਸ਼ਹਿਰਾਂ ਨੂੰ ਖੂਬਸੂਰਤ ਬਣਾਉਣ ਲਈ, ਰਾਜ ਸਰਕਾਰ ਨੇ 22 ਲੱਖ ਰੁਪਏ ਦਾ ਪ੍ਰਬੰਧ ਕੀਤਾ ਹੈ (ਤਾੜੀਆਂ) ।

ਸ਼ਹਿਰੀ ਵਿਕਾਸ ਵਿਭਾਗ, ਰਾਜ ਦੇ ਵੱਡੇ ਸ਼ਹਿਰਾਂ ਦੇ ਵਿਕਾਸ ਵਲ ਧਿਆਨ ਦੇ ਰਿਹਾ ਹੈ ਅਤੇ ਅੰਮ੍ਰਿਤਸਰ, ਲੁਧਿਆਣਾ, ਜਲੰਧਰ ਅਤੇ ਪਟਿਆਲਾ ਨਗਰ ਪਾਲਕਾਵਾਂ ਨੂੰ 121.56 ਲੱਖ ਰੁਪਏ ਦੇ

[ਵਿੱਤ ਮੰਤਰੀ]

ਕਰਜ਼ੇ ਅਤੇ 42.15 ਲੱਖ ਰੁਪਏ ਦੀ ਸਹਾਇਤਾ ਦਿੱਤੀ ਗਈ ਸੀ (ਤਾੜੀਆਂ) ।

ਸਾਲ 1971-72 ਵਿਚ ਰਾਜ ਸਰਕਾਰ ਨੇ ਆਪਣੇ ਸਰਹੱਦੀ ਇਲਾਕਿਆਂ ਦੀਆਂ ਨਗਰ ਪਾਲਕਾਵਾਂ ਨੂੰ ਹਾਲ ਦੀ ਹਿੰਦ ਪਾਕ ਜੰਗ ਕਾਰਣ ਉਨ੍ਹਾਂ ਦੀ ਆਮਦਨ ਵਿਚ ਹੋਏ ਨੁਕਸਾਨ ਨੂੰ ਅੰਸ਼ਕ ਤੌਰ ਤੇ ਪੂਰਾ ਕਰਨ ਲਈ 4.12 ਲੱਖ ਰੁਪਏ ਦੀ ਵਿਸ਼ੇਸ਼ ਸਹਾਇਤਾ ਦਿੱਤੀ ।

ਹਰੀਜਨਾਂ ਅਤੇ ਸਮਾਜ ਦੇ ਹੋਰ ਕਮਜ਼ੋਰ ਵਰਗਾਂ ਦੀ ਭਲਾਈ :

ਪਛੜੀਆਂ ਸ਼ਰੇਣੀਆਂ, ਵਿਮੁਕਤ, ਜਾਤੀਆਂ ਅਤੇ ਹੋਰ ਪਛੜੀਆਂ ਜਾਤੀਆਂ ਦੇ ਮੈਂਬਰਾਂ ਦੀ ਸਮਾਜਕ ਅਤੇ ਆਰਥਕ ਹਾਲਤ ਸੁਧਾਰ ਕਰਨਾ ਇਕ ਅਜਿਹੀ ਜ਼ਿੰਮੇਵਾਰੀ ਹੈ ਜਿਸ ਲਈ ਕਿ ਰਾਜ ਸਰਕਾਰ ਵਚਨ-ਬੱਧ ਹੈ।

ਸਰਦਾਰ ਕਰਨੈਲ ਸਿੰਘ ਮਰੂੜੀ : ਵਚਨ-ਬੱਧ ਤਾਂ ਬਹੁਤ ਚਿਰਾਂ ਦੀ ਹੈ ।

ਵਿੱਤ ਮੰਤਰੀ : ਪਹਿਲਾਂ ਨਹੀਂ ਬੋਲੇ ਹਰੀਜਨਾਂ ਦੇ ਭਲੇ ਲਈ ਹੁਣ ਤੁਹਾਨੂੰ ਦੁਖ ਲਗਦਾ ਹੈ ?

ਉਨ੍ਹਾਂ ਦੀ ਵਿਦਿਅਕ, ਸਮਾਜਕ ਅਤੇ ਆਰਥਕ ਹਾਲਤ ਦੇ ਸੁਧਾਰ ਲਈ ਨਿਸ਼ਬ ਪੱਖੀ ਪ੍ਰੋਗਰਾਮ ਬਣਾਏ ਗਏ ਹਨ ਅਤੇ ਇਨ੍ਹਾਂ ਤੇ ਅਮਲ ਕੀਤਾ ਜਾ ਰਿਹਾ ਹੈ । ਇਹ ਫੈਸਲਾ ਕੀਤਾ ਗਿਆ ਹੈ ਕਿ ਹਾੜੀ 1970 ਤੋਂ ਜਾਂ ਇਸ ਤੋਂ ਪਹਿਲਾਂ ਜਿਹੜੀ ਜ਼ਮੀਨ ਅਨੁਸੂਚਿਤ ਜਾਤੀਆਂ ਅਤੇ ਰਾਏ ਸਿੱਖਾਂ ਦੇ ਕਬਜ਼ੇ ਵਿਚ ਸੀ ਉਹ ਕ੍ਰਮਵਾਰ 500 ਰੁਪਏ ਅਤੇ 1,000 ਰੁਪਏ ਪ੍ਰਤੀ ਸਟੈਂਡਰਡ ਏਕੜ ਦੇ ਹਿਸਾਬ ਨਾਲ, ਉਨ੍ਹਾਂ ਨੂੰ ਦੇ ਦਿੱਤੀ ਜਾਵੇ ; ਪਰ ਸ਼ਰਤ ਇਹ ਹੈ ਕਿ ਇਹ ਜ਼ਮੀਨ ਉਨ੍ਹਾਂ ਦੀ ਆਪਣੀ ਮਾਲਕੀਅਤੀ ਜ਼ਮੀਨ ਸਮੇਤ 5 ਸਟੈਂਡਰਡ ਏਕੜ ਜਾਂ 10 ਸਧਾਰਣ ਏਕੜ ਤੋਂ ਵੱਧ ਨਾ ਹੋਵੇ ।

ਨਜ਼ੂਲ (ਹਥ ਬਦਲੀ) ਨਿਯਮ, 1956 ਅਧੀਨ ਨਜ਼ੂਲ ਜ਼ਮੀਨ ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਨੂੰ ਅਲਾਟ ਕੀਤੀ ਜਾਂਦੀ ਹੈ । ਇਨ੍ਹਾਂ ਨਿਯਮਾਂ ਵਿਚ ਤਰਮੀਮ ਕੀਤੀ ਗਈ ਹੈ ਤਾਂ ਜੋ ਉਨ੍ਹਾਂ ਨੂੰ ਅਲਾਟ ਹੋਈ ਜ਼ਮੀਨ ਦੇ ਸੁਧਾਰ ਲਈ, ਪੰਜਾਬ ਅਨੁਸੂਚਿਤ ਜਾਤੀ ਭੋਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਅਤੇ ਅਨੁਸੂਚਿਤ ਬੈਂਕਾਂ ਤੋਂ ਕਰਜ਼ੇ ਮਿਲ ਸਕਣ ।

ਪੰਜਾਬ ਭੋਂਦਾਰੀ ਸੁਰੱਖਿਆ ਐਕਟ, 1953 ਅਤੇ ਪੈਪਸੂ ਮੁਜ਼ਾਰਾਦਾਰੀ ਅਤੇ ਜ਼ਰਾਇਤੀ ਭੋਂ ਐਕਟ. 1955 ਦੇ ਉਪਬੰਧਾਂ ਅਧੀਨ ਵਾਧੂ ਰਕਬੇ ਦਾ ਲਗਭਗ 2/3 ਹਿੱਸਾ ਹੱਕਦਾਰ ਮੁਜ਼ਾਰਿਆਂ, ਜਿਨ੍ਹਾਂ ਵਿਚ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼ਰੇਣੀਆਂ ਦੇ ਮੁਜ਼ਾਰੇ ਵੀ ਸ਼ਾਮਲ ਹਨ, ਨੂੰ ਅਲਾਟ ਕਰ ਦਿੱਤਾ ਗਿਆ ਹੈ । ਫੌਜੀ ਸੇਵਾ ਕਰ ਰਹੇ ਵਿਅਕਤੀਆਂ ਦੀਆਂ ਜ਼ਮੀਨਾਂ ਨੂੰ ਇਸ ਐਕਟ ਤੋਂ ਛੋਟ ਦਿੱਤੀ ਗਈ ਹੈ । ਕੇਂਦਰੀ ਸਰਕਾਰ ਤੋਂ ਖਰੀਦੀ ਅਦਨਾ ਨਿਕਾਸੀ ਜ਼ਮੀਨ, ਲੜਾਈ ਵਿਚ ਸ਼ਹੀਦ ਹੋਏ ਫੌਜੀ ਜਵਾਨਾਂ ਦੇ ਆਸ਼ਰਿਤਾਂ, ਹਰੀਜਨਾਂ, ਪਛੜੀਆਂ ਸ਼ਰੇਣੀਆਂ ਅਤੇ ਭਾਰਤੀ ਈਸਾਈਆਂ ਨੂੰ ਅਲਾਟ ਕੀਤੀ ਜਾ ਰਹੀ ਹੈ ।

ਪਲਾਨ ਤੇ ਨਾਨ-ਪਲਾਨ ਸਕੀਮਾਂ ਅਧੀਨ ਅਨੁਸੂਚਿਤ ਜਾਤੀਆਂ ਅਤੇ ਵਿਮੁਕਤ ਜਾਤੀਆਂ ਨੂੰ ਵਜ਼ੀਫੇ ਦੇਣ ਲਈ ਅਤੇ ਮੈਟਰਿਕ ਤੋਂ ਪਹਿਲਾਂ ਅਤੇ ਮੈਟਰਿਕ ਤੋਂ ਬਾਅਦ ਦੀਆਂ ਪਰੀਖਿਆਵਾਂ ਦੀਆਂ ਫੀਸਾਂ ਦੀ ਅਦਾਇਗੀ ਕਰਨ ਦਾ ਉਪਬੰਧ ਕੀਤਾ ਗਿਆ ਹੈ । ਚਾਲੂ ਮਾਲੀ ਸਾਲ ਦੇ ਦੌਰਾਨ 1.30 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ ਅਤੇ ਅਗਲੇ ਸਾਲ ਲਈ ਵੀ ਇਤਨੀ ਹੀ ਰਕਮ

ਰਖਣ ਦੀ ਤਜਵੀਜ਼ ਹੈ। ਮੁਕਾਬਲੇ ਦੇ ਇਮਤਿਹਾਨਾਂ ਵਿਚ ਬੈਠਣ ਵਾਲੇ ਅਨੁਸੂਚਿਤ ਜਾਤੀਆਂ ਦੇ ਉਮੀਦਵਾਰਾਂ ਨੂੰ ਸਿਖਲਾਈ ਦੇਣ ਲਈ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਇਕ ਪੂਰਵ ਪਰੀਖਿਆ ਕੋਚਿੰਗ ਅਤੇ ਸਿਖਲਾਈ ਕੇਂਦਰ ਕੰਮ ਕਰ ਰਿਹਾ ਹੈ। ਇਹ ਜਿਹੜੀਆਂ ਹਰੀਜਨ ਬਸਤੀਆਂ ਵਿੱਚ ਗੰਦ ਨਜ਼ਰ ਆਉਂਦਾ ਹੈ ਅਗੋਂ ਲਈ ਉਹ ਨਜ਼ਰ ਨਹੀਂ ਆਏਗਾ।

ਪਿੰਡਾਂ ਵਿਚੋਂ ਸਮਾਜਕ ਭੇਦ ਭਾਵ ਨੂੰ ਖਤਮ ਕਰਨ ਦੇ ਵਿਚਾਰ ਨਾਲ, ਧਰਮਸ਼ਾਲਾਂ ਅਤੇ ਚੌਪਾਲਾਂ ਦੀ ਉਸਾਰੀ ਦੀ ਸਕੀਮ ਚਲ ਰਹੀ ਹੈ। ਇਕ ਹਜ਼ਾਰ ਪਿੰਡਾਂ ਵਿਚ ਧਰਮਸ਼ਾਲਾਂ ਬਣਾਈਆਂ ਜਾ ਚੁੱਕੀਆਂ ਹਨ। 500 ਹੋਰ ਪਿੰਡਾਂ ਵਿਚ ਇਨ੍ਹਾਂ ਦੀ ਉਸਾਰੀ ਦਾ ਕੰਮ ਚਲ ਰਿਹਾ ਹੈ। ਅਗਲੇ ਮਾਲੀ ਸਾਲ ਦੇ ਅੰਤ ਤਕ 1,000 ਹੋਰ ਪਿੰਡਾਂ ਨੂੰ ਇਸ ਸਕੀਮ ਦੇ ਘੇਰੇ ਵਿਚ ਲਿਆਉਣ ਦੀ ਤਜਵੀਜ਼ ਹੈ (ਤਾੜੀਆਂ)। ਹਰੀਜਨ ਬਸਤੀਆਂ ਵਿਚ ਰਹਿਣ ਸਹਿਣ ਦੀਆਂ ਹਾਲਤਾਂ ਨੂੰ ਸੁਧਾਰਣ ਲਈ ਵੀ ਕੋਸ਼ਿਸ਼ ਕੀਤੀ ਜਾਵੇਗੀ।

ਯਤੀਮਾਂ, ਗਰੀਬ, ਅਵਾਰਾ, ਗੂੰਗੇ ਤੇ ਬੋਲੇ ਬਚਿਆਂ, ਗਰੀਬ ਵਿਧਵਾਵਾਂ, ਬੁਢੇ ਅਤੇ ਨਿਰਬਲ ਲੋਕਾਂ ਅਤੇ ਸਰੀਰਕ ਤੌਰ ਤੇ ਲਾਚਾਰ, ਅੰਨੇ ਅਤੇ ਗਰੀਬ, ਸ਼ਰਨਾਰਥੀ ਇਸਤਰੀਆਂ ਨੂੰ ਵੀ ਸੰਸਥਾਈ ਅਤੇ ਗੈਰ-ਸੰਸਥਾਈ ਸੇਵਾਵਾਂ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ।

ਗਰੀਬਾਂ, ਜ਼ਮੀਨ ਰਹਿਤ ਲੋਕਾਂ, ਛੋਟੇ ਕਿਸਾਨਾਂ ਅਤੇ ਘਟ ਰੋਜ਼ਗਾਰ ਵਾਲੇ ਵਿਅਕਤੀਆਂ ਨੂੰ ਰੋਜ਼ਗਾਰ ਅਤੇ ਸਹਾਇਕ ਕੰਮ ਮੁਹੱਈਆ ਕਰਨ ਲਈ ਸਕੀਮਾਂ ਤੇ ਵਿਸ਼ੇਸ਼ ਜ਼ੋਰ ਦੇ ਕੇ ਵਿਕਾਸ ਦੇ ਕੰਮ ਨੂੰ ਤੇਜ਼ ਕਰਨਾ ਹੈ।

ਰਾਜ ਵਿਚ ਮੁਜ਼ਾਰਾਦਾਰੀ ਕਾਨੂੰਨਾਂ ਨੂੰ ਇਕਸਾਰ ਬਣਾਇਆ ਜਾਵੇਗਾ ਅਤੇ ਵਰਤਮਾਨ ਕਾਨੂੰਨਾਂ ਵਿਚ ਸਾਰੀਆਂ ਤਰੁਟੀਆਂ ਅਤੇ ਛੋਟਾਂ ਖਤਮ ਕੀਤੀਆਂ ਜਾਣਗੀਆਂ। ਜ਼ਮੀਨ ਮਾਲਕੀ ਦੀ ਸੀਮਾ ਨਿਸ਼ਚਿਤ ਕਰਨ ਦੇ ਮੰਤਵ ਲਈ ਪਰਿਵਾਰ ਨੂੰ ਇਕ ਇਕਾਈ ਦੇ ਤੌਰ ਤੇ ਮੰਨਣ ਦੀ ਤਜਵੀਜ਼ ਹੈ। ਸ਼ਹਿਰੀ ਜਾਇਦਾਦ ਉਤੇ ਯੋਗ ਸੀਮਾ ਲਾਉਣ ਦੀ ਵੀ ਤਜਵੀਜ਼ ਹੈ। ਸਰਕਾਰ ਦਾ ਉਦੇਸ਼ ਇਹ ਹੈ ਕਿ ਹਰ ਉਸ ਪਰਵਾਰ ਨੂੰ ਜਿਸ ਦੀ ਆਮਦਨ 500 ਰੁਪਏ ਤਕ ਹੈ ਅਤੇ ਜਿਸ ਵਿਚ ਹਰੀਜਨ ਵੀ ਸ਼ਾਮਲ ਹਨ, ਛੋਟਾ ਮੋਟਾ ਮਕਾਨ ਦਿਤਾ ਜਾਵੇ (ਤਾੜੀਆਂ)। ਭਾਰਤ ਸਰਕਾਰ, ਜੀਵਨ ਬੀਮਾ ਕਾਰਪੋਰੇਸ਼ਨ ਅਤੇ ਹੋਰ ਮਾਲੀ ਸੰਸਥਾਵਾਂ ਤੋਂ ਫੰਡ ਲੈਣ ਲਈ ਸਰਕਾਰ ਜ਼ਮੀਨ ਦੇ ਵਿਕਾਸ, ਰਿਹਾਇਸ਼ੀ ਮਕਾਨਾਂ ਦੀ ਵੱਡੇ ਪੈਮਾਨੇ ਤੇ ਉਸਾਰੀ ਲਈ ਇਕ ਮਕਾਨ ਉਸਾਰੀ ਬੋਰਡ ਕਾਇਮ ਕਰੇਗੀ। ਸਮਾਜ ਦੇ ਕਮਜ਼ੋਰ ਵਰਗਾਂ ਨੂੰ ਉਚਾ ਚੁਕਣ ਅਤੇ ਉਨ੍ਹਾਂ ਦੀ ਭਲਾਈ ਲਈ ਸਕੀਮਾਂ ਬਣਾਉਣ ਅਤੇ ਲਾਗੂ ਕਰਨ ਨੂੰ ਪਰਮ ਅਗੇਤ ਦਿਤੀ ਜਾਵੇਗੀ। ਇਹੋ ਜੇਹੀਆਂ ਕਾਰਵਾਈਆਂ ਨਾਲ ਹੀ ਅਸੀਂ ਧਨ ਦੀ ਸਾਂਵੀ ਵੰਡ ਕਰਨ ਅਤੇ ਕੁਝ ਕੁ ਵਿਅਕਤੀਆਂ ਦੇ ਹੱਥ ਵਿਚ ਆਰਥਕ ਸ਼ਕਤੀ ਨੂੰ ਇਕੱਠਾ ਨਾ ਹੋਣ ਦੇਣ ਦੇ ਸਮਾਜਵਾਦੀ ਨਿਸ਼ਾਨੇ ਨੂੰ ਪੂਰਾ ਕਰ ਸਕਦੇ ਹਾਂ।

ਸਿਹਤ :

ਸਾਲ 1972-73 ਦੇ ਦੌਰਾਨ ਸਮਰਾਲਾ, ਪੱਟੀ ਅਤੇ ਮਲੇਰਕੋਟਲਾ ਦੇ ਤਿੰਨ ਤਸੀਲ ਹਸਪਤਾਲਾਂ ਨੂੰ 50 ਬੈੱਡਾਂ ਦੇ ਹਸਪਤਾਲਾਂ ਵਿਚ ਬਦਲ ਦਿਤਾ ਜਾਵੇਗਾ। ਇਸ ਤੋਂ ਇਲਾਵਾ ਸਿਵਲ ਹਸਪਤਾਲ, ਫਿਰੋਜ਼ਪੁਰ ਵਿਚ ਇਕ ਪੈਡੀਆਟਰਿਕ ਕਲਿਨਿਕ ਸਥਾਪਤ ਕੀਤਾ ਜਾਵੇਗਾ ਅਤੇ ਸੰਗਰੂਰ

[ਵਿੱਤ ਮੰਤਰੀ]

ਅਤੇ ਹੁਸ਼ਿਆਰਪੁਰ ਦੇ ਸਿਵਲ ਹਸਪਤਾਲਾਂ ਵਿਚ ਖੂਨ ਬੈਂਕ ਖੋਲ੍ਹੇ ਜਾਣਗੇ। ਅੰਮ੍ਰਿਤਸਰ ਵਿਖੇ ਮਾਨਸਕ ਰੋਗੀਆਂ ਦੇ ਹਸੁਪਤਾਲ ਵਿਚ ਇਕ 60 ਬੈੱਡਾਂ ਵਾਲਾ ਨਵਾਂ ਵਾਰਡ ਸਥਾਪਤ ਕਰਨ ਦੀ ਤਜਵੀਜ਼ ਹੈ। ਸਾਲ 1972-73 ਦੇ ਦੌਰਾਨ ਦਿਹਾਤੀ ਇਲਾਕਿਆਂ ਵਿਚ 20 ਹੋਰ ਆਯੁਰਵੇਦਿਕ ਡਿਸਪੈਂਸਰੀਆਂ ਖੋਲ੍ਹੀਆਂ ਜਾਣਗੀਆਂ।

ਪਰਿਵਾਰ ਨਿਯੋਜਨ ਪ੍ਰੋਗਰਾਮ ਦੇ ਸਬੰਧ ਵਿਚ ਪੰਜਾਬ ਨੂੰ ਦੇਸ਼ ਦਾ ਸਭ ਤੋਂ ਸਫ਼ਲ ਰਾਜ ਮੰਨਿਆ ਜਾਂਦਾ ਹੈ ਅਤੇ ਸਾਡਾ ਰਾਜ ਲਗਾਤਾਰ ਰਾਸ਼ਟਰੀ ਇਨਾਮ ਜਿੱਤਦਾ ਰਿਹਾ ਹੈ। ਰਾਜ ਵਿਚ ਪੈਦਾਇਸ਼ ਦੀ ਦਰ 1961 ਵਿਚ 34 4 ਪ੍ਰਤੀ ਹਜ਼ਾਰ ਸੀ ਜਿਹੜੀ 1970 ਵਿਚ ਘਟਕੇ 27.3 ਪ੍ਰਤੀ ਹਜ਼ਾਰ ਹੋ ਗਈ। ਦੋ ਨਵੀਆਂ ਸਕੀਮਾਂ, ਅਰਥਾਤ ਡਾਕਟਰੀ ਢੰਗ ਨਾਲ ਗਰਭ ਨਿਵਾਰਣ ਦੀਆਂ ਸਹੂਲਤਾਂ ਅਤੇ ਪੋਸਟ ਮਾਰਟਮ ਪ੍ਰੋਗਰਾਮ ਨੂੰ ਸਾਲ 1972-73 ਦੇ ਦੌਰਾਨ ਲਾਗੂ ਕਰਨ/ਵਧਾਉਣ ਦੀ ਤਜਵੀਜ਼ ਹੈ।

ਸਿਹਤ ਵਿਭਾਗ ਨੇ ਜਲੰਧਰ, ਸੰਗਰੂਰ, ਬਠਿੰਡਾ, ਗੁਰਦਾਸਪੁਰ, ਪਠਾਨਕੋਟ ਅਤੇ ਬਟਾਲਾ ਵਿਖੇ ਸਿਵਲ ਹਸਪਤਾਲਾਂ ਵਿਚ ਆਊਟ ਡੋਰ ਮਰੀਜ਼ਾਂ ਲਈ ਕੰਮਕਾਰ ਦਾ ਸਮਾਂ ਵਧਾ ਕੇ 8 ਵਜੇ ਸਵੇਰ ਤੋਂ 8 ਵਜੇ ਸ਼ਾਮ ਤਕ ਕਰ ਦਿੱਤਾ ਹੈ ਅਤੇ ਇਸੇ ਤਰ੍ਹਾਂ ਇਹ ਸਮਾਂ ਬਾਕੀ ਹਸਪਤਾਲਾਂ ਵਿਚ ਵੀ ਵਾਧੂ ਅਮਲੇ ਤੋਂ ਬਗੈਰ ਵਧਾਇਆ ਜਾਵੇਗਾ (ਵਿਘਨ)।

ਸਰਦਾਰ ਗੁਰਬਚਨ ਸਿੰਘ : ਡਾਕਟਰਾਂ ਦਾ ਤਾਂ ਪ੍ਰਬੰਧ ਕਰੋ।

ਸਰਦਾਰ ਗੁਰਚਰਨ ਸਿੰਘ : ਡਾਕਟਰ ਭਗਤ ਸਿੰਘ ਦਾ ਤਾਂ ਤੁਸੀਂ ਕਰ ਹੀ ਲਿਆ ਨਾ (ਹਾਸਾ)।

ਸਿਖਿਆ :

ਵਿੱਤ ਮੰਤਰੀ : 1971-72 ਵਿਚ 80 ਸਰਕਾਰੀ ਪ੍ਰਾਇਮਰੀ ਸਕੂਲ ਖੋਲ੍ਹੇ ਗਏ। ਉਨ੍ਹਾਂ ਵਿਚੋਂ ਬਹੁਤੇ ਪਿੰਡਾਂ ਵਿਚ ਹੀ ਹਨ। 6 ਤੋਂ 11 ਸਾਲ ਦੀ ਉਮਰ ਦੇ 76.5 ਫੀ ਸਦੀ ਬਚਿਆਂ ਨੂੰ ਪਹਿਲਾਂ ਹੀ ਦਾਖਲ ਕੀਤਾ ਜਾ ਚੁਕਾ ਹੈ ਅਤੇ ਦਾਖਲੇ ਦੀ ਮੁਹਿੰਮ ਸ਼ੁਰੂ ਹੋਣ ਦੇ ਫਲ ਸਰੂਪ ਇਹ ਗਿਣਤੀ ਹੋਰ ਵੀ ਵੱਧ ਜਾਵੇਗੀ। 11 ਤੋਂ 14 ਸਾਲ ਦੀ ਉਮਰ ਦੇ ਬੱਚਿਆਂ ਦਾ ਦਾਖਲਾ 47.8 ਫੀ ਸਦੀ ਹੈ, ਜੋ ਸਰਬ ਭਾਰਤੀ ਪੱਧਰ ਤੋਂ ਘੱਟ ਨਹੀਂ।

ਸਾਲ 1971-72 ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਾਸਤੇ 104 ਲੱਖ ਰੁਪਏ ਅਤੇ ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ ਵਾਸਤੇ 65 ਲਖ ਰੁਪਏ ਅਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਾਸਤੇ 59 ਲਖ ਰੁਪਏ ਦੀ ਰਕਮ ਦਾ ਪ੍ਰਬੰਧ ਕੀਤਾ ਗਿਆ ਸੀ।

ਸਰਹੱਦੀ ਇਲਾਕਿਆਂ ਵਿਚ 4 ਸਰਕਾਰੀ ਹਾਈ ਸਕੂਲਾਂ ਦੀਆਂ ਇਮਾਰਤਾਂ ਬਣਾਈਆਂ ਗਈਆਂ। ਫਿਰੋਜ਼ਪੁਰ ਦੇ ਸਰਹੱਦੀ ਜ਼ਿਲੇ ਵਿਚ ਜ਼ੀਰੇ ਵਿਖੇ ਇਕ ਸਰਕਾਰੀ ਕਾਲਜ ਖੋਲ੍ਹਿਆ ਗਿਆ। ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਜਨਮ ਉਤਸਵ ਨੂੰ ਮਨਾਉਣ ਦੇ ਸਬੰਧ ਵਿਚ ਕਪੂਰਥਲਾ ਵਿਖੇ ਇਕ ਜ਼ਿਲ੍ਹਾ ਲਾਇਬਰੇਰੀ ਕਾਇਮ ਕੀਤੀ ਗਈ। ਇਸੇ ਤਰ੍ਹਾਂ ਦੀ ਇਕ ਲਾਇਬਰੇਰੀ ਜਲੰਧਰ ਵਿਖੇ ਵੀ ਬਣਾਈ ਜਾ ਰਹੀ ਹੈ।

ਸਾਲ 1972-73 ਦੇ ਦੌਰਾਨ ਵਿਕਾਸ ਦੀਆਂ ਸਰਗਰਮੀਆਂ ਪੂਰੇ ਜ਼ੋਰ ਨਾਲ ਜਾਰੀ ਰਖੀਆਂ ਜਾਣਗੀਆਂ । ਵਿਗਿਆਨ ਦੀ ਪੜ੍ਹਾਈ ਵਿਚ ਨਵੀਨਤਾ ਲਿਆਂਦੀ ਜਾਵੇਗੀ ਅਤੇ ਹੋਰ ਅਧਿਆਪਕਾਂ ਦਾ ਉਪਬੰਧ ਕਰ ਕੇ ਮੁਢਲੀ ਸਿਖਿਆ ਦਾ ਵਿਸਤਾਰ ਕੀਤਾ ਜਾਵੇਗਾ । ਸਕੂਲਾਂ ਵਿਚ ਕਮਰਿਆਂ ਦੀ ਘਾਟ ਨੂੰ ਪੂਰਾ ਕਰਨ ਲਈ ਸਥਾਨਕ ਸੰਸਥਾਵਾਂ ਨੂੰ 50 : 50 ਦੇ ਅਧਾਰ ਤੇ ਗਰਾਂਟ ਦੇਣ ਦੀ ਤਜਵੀਜ਼ ਹੈ । ਇਸ ਤੋਂ ਇਲਾਵਾ ਇਸੇ ਮੰਤਵ ਲਈ ਸਕੂਲਾਂ ਵਿਚ 200 ਪੱਕੇ ਸ਼ੈੱਡ ਬਣਾਏ ਜਾਣਗੇ । ਪਿੰਡ/ਬਲਾਕਾਂ ਵਿਚ ਖੇਡਾਂ ਦੇ ਮੈਦਾਨ ਬਣਾਉਣ ਲਈ ਪਿੰਡਾਂ ਦੀਆਂ ਪੰਚਾਇਤਾਂ ਨੂੰ ਗਰਾਂਟਾਂ ਦੇਣ ਦੀ ਵੀ ਤਜਵੀਜ਼ ਹੈ ।

ਖ਼ੁਰਾਕ ਤੇ ਸਪਲਾਈ :

ਸਾਲ 1971-72 ਕਣਕ ਦੀ ਰਿਕਾਰਡ ਤੋੜ ਪੈਦਾਵਾਰ ਦਾ ਸਾਲ ਸੀ । 15 ਫਰਵਰੀ, 1972 ਤਕ ਮੰਡੀਆਂ ਵਿਚ 31.4 ਲੱਖ ਮੀਟਰਿਕ ਟਨ ਅਨਾਜ ਆਇਆ ਜਦੋਂ ਕਿ ਇਸ ਦੇ ਮੁਕਾਬਲੇ ਤੇ ਪਿਛਲੇ ਸਾਲ ਇਸ ਸਮੇਂ ਦੇ ਦੌਰਾਨ 26.92 ਲੱਖ ਮੀਟਰਿਕ ਟਨ ਅਨਾਜ ਆਇਆ ਸੀ। ਕੇਂਦਰੀ ਭੰਡਾਰ ਵਾਸਤੇ ਕਣਕ ਦੀ ਪ੍ਰਾਪਤੀ ਰਾਜ ਦੇ 26 ਲਖ ਮੀਟਰਿਕ ਟਨ ਦੇ ਟੀਚੇ ਤੋਂ ਵਧ ਕੇ 30 ਲਖ ਮੀਟਰਿਕ ਟਨ ਤਕ ਪਹੁੰਚ ਜਾਣ ਦੀ ਆਸ ਹੈ ਜਦੋਂ ਕਿ ਪਿਛਲੇ ਸਾਲ ਇਹ 23.75 ਲੱਖ ਮੀਟਰਿਕ ਟਨ ਸੀ ।

ਸਰਕਾਰ ਨੇ ਸਾਲ 1972-73 ਲਈ 34 ਲੱਖ ਮੀਟਰਿਕ ਟਨ ਕਣਕ ਪ੍ਰਾਪਤ ਕਰਨ ਦਾ ਟੀਚਾ ਮਿਥਿਆ ਹੈ ਜਿਸ ਵਿਚੋਂ 14 ਲੱਖ ਮੀਟਰਿਕ ਟਨ ਖ਼ੁਰਾਕ ਅਤੇ ਸਪਲਾਈ ਵਿਭਾਗ ਖਰੀਦੇਗਾ। ਪਿਛਲੇ ਸਾਲ ਦੇ ਮੁਕਾਬਲੇ ਤੇ ਮੰਡੀਆਂ ਵਿਚ ਧਾਨ ਦੀ ਆਮਦ 50 ਫੀ ਸਦੀ ਵੱਧ ਗਈ।

(ਮਲਕੀਅਤੀ ਅਤੇ ਕਿਰਾਏ ਤੇ ਲਈ) ਸਟੋਰ-ਸਮਰਥਾ ਵਿਚ ਬਹੁਤ ਵਾਧਾ ਹੋਇਆ ਹੈ ਪਰ ਫਿਰ ਵੀ ਇਹ ਜ਼ਰੂਰਤ ਤੋਂ ਘਟ ਹੈ । ਉਚੇਰੀ ਪੱਧਰ ਤੇ ਉਪਰਾਲੇ ਕਰਨ ਬਾਵਜੂਦ ਰੇਲ ਗੱਡੀਆਂ ਪੰਜਾਬ ਵਿਚੋਂ ਬਹੁਤਾ ਅਨਾਜ ਨਹੀਂ ਲਿਜਾ ਸਕੀਆਂ, ਜਿਸ ਕਾਰਣ ਅਗਲੀ ਹਾੜ੍ਹੀ ਦੀ ਕਟਾਈ ਦੇ ਸ਼ੁਰੂ ਵਿਚ ਰਾਜ ਦੇ ਗੋਦਾਮਾਂ ਵਿਚ ਲਗ ਭਗ 19 ਲਖ ਮੀਟਰਿਕ ਟਨ ਅਨਾਜ ਪਿਆ ਹੋਵੇਗਾ। ਜੂਨ, 1972 ਤਕ 33 ਲੱਖ ਮੀਟਰਿਕ ਟਨ ਕਣਕ ਖਰੀਦਣ ਦਾ ਟੀਚਾ ਮਿਥਣ ਨਾਲ ਸਟੋਰ-ਸਮਰਥਾ ਦੀ ਸਮਸਿਆ ਗੰਭੀਰ ਬਣੀ ਰਹੇਗੀ । ਇਸ ਬਾਰੇ ਖੁਰਾਕ ਅਤੇ ਰੇਲਵੇ ਮੰਤਰਾਲਿਆਂ ਨੂੰ ਕਈ ਵਾਰ ਸੂਚਿਤ ਕੀਤਾ ਜਾ ਚੁੱਕਾ ਹੈ । ਅਣ-ਛੱਤੇ ਗੁਦਾਮਾਂ ਲਈ ਵੀ ਕਾਫੀ ਪ੍ਰਬੰਧ ਕੀਤਾ ਗਿਆ ਹੈ ।

ਪਿਛਲੇ ਸਾਲ ਦਸੰਬਰ ਵਿਚ ਕਣਕ ਦੀ ਕੀਮਤ ਵਿਚ ਕੁਝ ਤੇਜ਼ੀ ਆਈ। ਕਣਕ/ਕਣਕ ਦਾ ਆਟਾ ਅਤੇ ਚਾਵਲਾਂ ਦੀ ਵੰਡ ਤੁਰਤ ਹੀ ਸਰਕਾਰੀ ਅਤੇ ਸਸਤੇ ਭਾ ਦੀਆਂ ਦੁਕਾਨਾਂ ਰਾਹੀਂ ਸ਼ੁਰੂ ਕਰ ਦਿੱਤੀ ਗਈ। ਭਾਰਤ ਦੀ ਖੁਰਾਕ ਕਾਰਪੋਰੇਸ਼ਨ ਨੇ ਵੀ ਕਣਕ ਦੇ ਸਟਾਕ ਮੰਡੀਆਂ ਵਿਚ ਲੈ ਆਂਦੇ। ਇਨ੍ਹਾਂ ਉਪਾਵਾਂ ਨਾਲ ਕਣਕ ਦੇ ਭਾ ਵਿਚ ਕਮੀ ਆ ਗਈ ।

ਦਿਹਾਤੀ ਅਤੇ ਸ਼ਹਿਰੀ ਇਲਾਕਿਆਂ ਵਿਚ ਅਤੇ ਖਾਸ ਕਰਕੇ ਥੁੜ ਵਾਲੇ ਮਹੀਨਿਆਂ ਦੇ ਦੌਰਾਨ ਲੋਕਾਂ ਨੂੰ ਵਾਜਬ ਕੀਮਤਾਂ ਉਤੇ ਅਨਾਜ ਸਪਲਾਈ ਕਰਨ ਲਈ ਸਰਕਾਰ ਵਿਸ਼ੇਸ਼ ਉਦਮ ਕਰੇਗੀ (ਤਾੜੀਆਂ) ।

[ਵਿੱਤ ਮੰਤਰੀ]

ਜ਼ਰੂਰੀ ਵਸਤਾਂ ਦੀ ਜ਼ਖੀਰਾ ਅੰਦੋਜ਼ੀ ਅਤੇ ਚੋਰ ਬਾਜ਼ਾਰੀ ਨੂੰ ਰੋਕਣ ਵਾਸਤੇ ਰਾਜ ਸਰਕਾਰ ਨੇ ਦੋ ਹੁਕਮ, ਅਰਥਾਤ ਪੰਜਾਬ ਜ਼ਖੀਰਾ ਅੰਦੋਜ਼ੀ ਅਤੇ ਨਫਾ ਖੋਰੀ ਰੋਕੂ, ਹੁਕਮ, 1971 ਅਤੇ ਪੰਜਾਬ ਵਸਤਾਂ ਦੀਆਂ ਕੀਮਤਾਂ ਲਿਖਣ ਅਤੇ ਪ੍ਰਦਰਸ਼ਤ ਕਰਨ ਸਬੰਧੀ ਹੁਕਮ, 1971 ਜਾਰੀ ਕੀਤੇ ।

ਟ੍ਰਾਂਸਪੋਰਟ :

ਹੁਣ ਪੰਜਾਬ ਰੋਡਵੇਜ਼ ਦੀਆਂ ਬਸਾਂ ਹਰ ਰੋਜ਼ ਲਗ ਭਗ 2.39 ਲੱਖ ਕਿਲੋਮੀਟਰ ਚਲਦੀਆਂ ਹਨ ਅਤੇ ਲਗ ਭਗ 3.28 ਲੱਖ ਸਵਾਰੀਆਂ ਲਿਜਾਂਦੀਆਂ ਹਨ । ਇਨ੍ਹਾਂ ਵਿਚ 235 ਬੱਸਾਂ ਹੋਰ ਸ਼ਾਮਲ ਕੀਤੀਆਂ ਜਾ ਰਹੀਆਂ ਹਨ ਜਿਸ ਨਾਲ 1971-72 ਦੇ ਅੰਤ ਤਕ ਬੱਸਾਂ ਦੀ ਗਿਣਤੀ ਵੱਧ ਕੇ 1428 ਹੋ ਜਾਵੇਗੀ । ਸਾਲ 1972-73 ਦੇ ਦੌਰਾਨ ਵਧੇਰੀਆਂ ਬੱਸਾਂ ਸ਼ਾਮਲ ਕਰਨ ਦੀ ਸੰਭਾਵਨਾ ਹੈ ।

ਸਾਲ 1970-71 ਦੇ ਅੰਤ ਤੇ ਪੈਪਸੂ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ ਦੀਆਂ ਬਸਾਂ ਦੀ ਗਿਣਤੀ 464 ਸੀ ਅਤੇ ਇਹ ਇਕ ਲੱਖ ਕਿਲੋਮੀਟਰ ਰੋਜ਼ਾਨਾਂ ਚਲਦੀਆਂ ਸਨ । ਸਾਲ 1971-72 ਦੇ ਅੰਤ ਤੇ ਇਨ੍ਹਾਂ ਬਸਾਂ ਦੀ ਗਿਣਤੀ ਵਧ ਕੇ 648 ਹੋ ਜਾਣ ਦੀ ਸੰਭਾਵਨਾ ਹੈ । ਅਗਲੇ ਸਾਲ ਦੇ ਦੌਰਾਨ 158 ਬਸਾਂ ਹੋਰ ਸ਼ਾਮਲ ਕਰਨ ਦੀ ਤਜਵੀਜ਼ ਹੈ । ਇਸ ਦੇ ਸਿੱਟੇ ਵਜੋਂ ਸਾਲ 1971-72 ਦੇ ਅੰਤ ਤਕ ਇਨ੍ਹਾਂ ਦੀ ਰੋਜ਼ਾਨਾ ਮਾਈਲੇਜ 1.35 ਲੱਖ ਕਿ. ਮੀ. ਅਤੇ 1972-73 ਦੇ ਅੰਤ ਵਿਚ 1.68 ਲਖ ਕਿ. ਮੀ ਤਕ ਪਹੁੰਚ ਜਾਵੇਗੀ । ਸਾਡਾ ਉਦੇਸ਼ ਇਹ ਹੈ ਕਿ ਰਾਜ ਦੇ ਸਾਰੇ ਭਾਗਾਂ ਵਿਚ ਟ੍ਰਾਂਸਪੋਰਟ ਦਾ ਵਿਸਤਾਰ ਕੀਤਾ ਜਾਵੇ ।

ਸਰਕਾਰ ਦੁਆਰਾ ਲੁਧਿਆਣਾ, ਜਲੰਧਰ, ਮੁਕਤਸਰ, ਮੋਗਾ, ਨੰਗਲ ਅਤੇ ਆਨੰਦਪੁਰ ਸਾਹਿਬ ਵਿਖੇ ਬੱਸ ਅੱਡੇ ਬਣਾਏ ਜਾ ਰਹੇ ਹਨ । ਸਾਲ 1970-71 ਦੇ ਦੌਰਾਨ ਲਗ ਭਗ 40 ਬਸ-ਕਿਊ ਸ਼ੈਲਟਰ ਮੁਕੰਮਲ ਕੀਤੇ ਗਏ ਸਨ ਅਤੇ ਸਾਲ 1971-72 ਦੇ ਦੌਰਾਨ 32 ਹੋਰ ਬਸ-ਕਿਊ ਸ਼ੈਲਟਰ ਮੁਕੰਮਲ ਕਰਨ ਦੀ ਸੰਭਾਵਨਾ ਹੈ ।

ਪਟਿਆਲਾ, ਬਠਿੰਡਾ ਅਤੇ ਸੰਗਰੂਰ ਵਿਖੇ ਬਸ-ਅੱਡੇ ਉਸਾਰੀ ਅਧੀਨ ਹਨ ਅਤੇ ਸਾਲ 1973-74 ਦੇ ਮੱਧ ਤਕ ਇਨ੍ਹਾਂ ਦੇ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ । ਪਹਿਲਾਂ ਬਣੇ ਹੋਏ 13 ਬਸ-ਕਿਊ ਸ਼ੈਲਟਰਾਂ ਤੋਂ ਇਲਾਵਾ ਕਾਰਪੋਰੇਸ਼ਨ ਦੀ 135 ਬਸ-ਕਿਊ ਸ਼ੈਲਟਰ ਹੋਰ ਬਣਾਉਣ ਦੀ ਤਜਵੀਜ਼ ਹੈ ।

ਸਹਾਇਤਾ ਅਤੇ ਮੁੜ-ਵਸਾਉਣ :

ਹਾਲ ਦੀ ਜੰਗ ਕਾਰਣ ਦੁਸ਼ਮਣ ਦੀ ਗੋਲਾ ਬਾਰੀ ਦੀ ਮਾਰ ਵਿਚ ਆਉਣ ਵਾਲੇ ਪਿੰਡਾਂ ਅਤੇ ਕੁਝ ਕੁ ਕਸਬਿਆਂ ਦੀ ਸ਼ਹਿਰੀ ਆਬਾਦੀ ਨੂੰ ਆਪਣੇ ਘਰ ਛਡਣੇ ਪਏ । ਇਨ੍ਹਾਂ ਵਿਚੋਂ ਬਹੁਤੇ ਲੋਕ ਆਪਣੇ ਨਾਲ ਕਪੜੇ ਜਾਂ ਬਿਸਤਰੇ ਆਦਿ ਵੀ ਨਾ ਲਿਆ ਸਕੇ । ਉਨ੍ਹਾਂ ਵਿਚੋਂ ਕਈਆਂ ਨੂੰ ਕਾਹਲੀ ਨਾਲ ਕਢਿਆ ਗਿਆ । ਇਸ ਸਥਿਤੀ ਦਾ ਸਾਹਮਣਾ ਕਰਨ ਲਈ ਜ਼ਿਲ੍ਹਾ ਅੰਮ੍ਰਿਤਸਰ ਵਿਚ ਕੱਚਾ ਬੂਆ, ਖੇਮ ਕਰਨ, ਭਿਖੀਵਿੰਡ, ਗੱਗੋ ਬੂਆ, ਲੋਪੋਕੇ ਅਤੇ ਬਚੀਵਿੰਡ ਵਿਖੇ ਅਤੇ ਜ਼ਿਲ੍ਹਾ ਫ਼ਿਰੋਜ਼ਪੁਰ ਵਿਚ ਮਲੋਟ, ਫ਼ਾਜ਼ਿਲਕਾ ਅਤੇ ਫ਼ਿਰੋਜ਼ਪੁਰ ਵਿਖੇ ਅਤੇ ਜ਼ਿਲ੍ਹਾ ਗੁਰਦਾਸਪੁਰ ਵਿਚ ਨਿਆ, ਘਨੀਆ ਕੀ ਬੇਟ ਵਿਖੇ ਸਹਾਇਤਾ ਕੈਂਪ ਲਾਏ ਗਏ ।

ਰੱਖਿਆ ਲਈ ਤਿਆਰੀ ਦੀਆਂ ਮੁਢਲੀਆਂ ਸਟੇਜਾਂ ਵਿਚ ਸਾਡੀਆਂ ਫੌਜਾਂ ਦੀ ਆਵਾਜਾਈ ਨਾਲ ਖੜੀਆਂ ਫ਼ਸਲਾਂ ਨੂੰ ਨੁਕਸਾਨ ਪਹੁੰਚਿਆ । ਸਾਉਣੀ ਦੀ ਫਸਲ, ਵਧੇਰੇ ਕਰਕੇ ਗੰਨੇ, ਕਪਾਹ ਅਤੇ ਧਾਨ ਦਾ ਨੁਕਸਾਨ ਹੋਇਆ । ਰਖਿਆ ਮੰਤਵਾਂ ਲਈ ਪਾਣੀ ਦਾ ਵਹਾ ਬਦਲਣ ਅਤੇ ਪਹੁੰਚ ਮਾਰਗਾਂ/ਪੁਲਾਂ ਨੂੰ ਬੰਦ ਕਰਨ ਨਾਲ ਵੀ ਫਸਲਾਂ ਦਾ ਨੁਕਸਾਨ ਹੋਇਆ ।

ਸਰਹੱਦੀ ਜ਼ਿਲ੍ਹਿਆਂ ਵਿਚ ਖਾਲੀ ਕੀਤੇ ਲਗ ਭਗ 700 ਪਿੰਡਾਂ ਵਿਚੋਂ 96 ਪਿੰਡ ਅਜਿਹੇ ਹਨ ਜਿਨ੍ਹਾਂ ਵਿਚ ਅਜੇ ਵਸੋਂ ਨਹੀਂ ਹੋ ਸਕਦੀ । ਇਨ੍ਹਾਂ ਪਿੰਡਾਂ ਦੇ ਬੇ-ਘਰ ਹੋਏ ਰਜਿਸਟਰ ਕੀਤੇ ਵਿਅਕਤੀਆਂ ਦੀ ਗਿਣਤੀ 71,915 ਹੈ । ਇਨ੍ਹਾਂ ਵਿਅਕਤੀਆਂ ਨੂੰ ਕੈਸ਼ ਗਰਾਂਟਾਂ ਅਤੇ ਕਪੜਿਆਂ, ਕੰਬਲਾਂ, ਰਜ਼ਾਈਆਂ, ਬਰਤਨਾਂ ਆਦਿ ਅਤੇ ਉਨ੍ਹਾਂ ਦੇ ਪਸ਼ੂਆਂ ਲਈ ਚਾਰਾ ਖ਼ਰੀਦਣ ਵਾਸਤੇ ਵੀ ਸਹਾਇਤਾ ਦਿਤੀ ਜਾਂਦੀ ਹੈ । ਜਦ ਤਕ ਉਹ ਆਪਣੇ ਪਿੰਡਾਂ ਵਿਚ ਵਾਪਸ ਨਹੀਂ ਜਾਂਦੇ ਅਤੇ ਇਕ ਫ਼ਸਲ ਨਹੀਂ ਕੱਟ ਲੈਂਦੇ ਤਦ ਤਕ ਉਨ੍ਹਾਂ ਨੂੰ ਨਕਦ ਗਰਾਂਟਾਂ ਅਤੇ ਚਾਰਾ ਖਰੀਦਣ ਵਾਸਤੇ ਗਰਾਂਟਾਂ ਮਿਲਦੀਆਂ ਰਹਿਣਗੀਆਂ । ਜਦੋਂ ਉਨ੍ਹਾਂ ਦੇ ਪਿੰਡ ਉਨ੍ਹਾਂ ਨੂੰ ਵਸਾਉਣ ਲਈ ਵਾਪਸ ਲਏ ਜਾਣਗੇ ਤਾਂ ਉਨ੍ਹਾਂ ਨੂੰ ਦੁਸ਼ਮਣ ਦੇ ਹਮਲੇ ਨਾਲ ਤਬਾਹ ਹੋਏ ਮਕਾਨਾਂ, ਦੁਕਾਨਾਂ, ਪਸ਼ੂਆਂ ਦੇ ਚਾਰਿਆਂ ਅਤੇ ਸਟੋਰਾਂ ਦੀ ਮੁੜ ਉਸਾਰੀ ਮੁਰੰਮਤ ਲਈ ਵੀ ਗਰਾਂਟਾਂ ਤੇ ਕਰਜ਼ੇ ਦਿਤੇ ਜਾਣਗੇ । ਅਜਿਹੇ ਕਿਸਾਨਾਂ ਨੂੰ, ਜਿਨ੍ਹਾਂ ਪਾਸ ਆਪਣੇ ਪਸ਼ੂ ਅਤੇ ਸੰਦ ਨਹੀਂ ਰਹੇ ਅਤੇ ਜੋ ਆਪਣੀ ਜ਼ਮੀਨ ਤੇ ਮੁੜ ਕੰਮ ਸ਼ੁਰੂ ਕਰਨ ਲਈ ਤਿਆਰ ਹਨ, ਪਸ਼ੂ, ਸੰਦ ਅਤੇ ਖਾਦਾਂ ਖਰੀਦਣ ਵਾਸਤੇ ਹਮਦਰਦੀ ਵਜੋਂ ਗਰਾਂਟਾਂ ਦਿੱਤੀਆਂ ਜਾਣਗੀਆਂ । ਉਨ੍ਹਾਂ ਗੈਰ-ਜ਼ਰਾਇਤੀ ਧੰਦਿਆਂ ਵਾਲੇ ਪਰਿਵਾਰਾਂ ਨੂੰ ਵੀ ਗਰਾਂਟਾਂ/ਕਰਜ਼ੇ ਦਿਤੇ ਜਾਣਗੇ ਜਿਨ੍ਹਾਂ ਨੂੰ ਦੁਸ਼ਮਣ ਦੇ ਹਮਲੇ ਕਾਰਨ ਨੁਕਸਾਨ ਹੋਇਆ ਅਤੇ ਜੋ ਹੁਣ ਆਪਣੇ ਅਸਲੀ ਪਿੰਡਾਂ ਵਿਚ ਆਪਣੇ ਪੁਰਾਣੇ ਕਿੱਤੇ/ਕੰਮ ਧੰਦੇ ਕਰਨਾ ਚਾਹੁੰਦੇ ਹਨ । ਜੰਗ ਦੇ ਪ੍ਰਭਾਵ ਹੇਠ ਆਏ ਇਲਾਕਿਆਂ ਵਿਚ ਜੰਗ ਤੋਂ ਪਹਿਲਾਂ ਦੀਆਂ ਸਾਰੀਆਂ ਸਾਧਾਰਣ ਸਹੂਲਤਾਂ, ਜਿਹਾ ਕਿ ਸਕੂਲ, ਡਿਸਪੈਂਸਰੀਆਂ, ਸੜਕਾਂ ਆਦਿ ਨੂੰ ਵੀ ਸਰਕਾਰ ਛੇਤੀ ਹੀ ਬਹਾਲ ਕਰੇਗੀ ।

ਬੇਘਰ ਹੋਏ ਵਿਅਕਤੀਆਂ ਨੂੰ ਸਾਉਣੀ 1971 ਅਤੇ ਹਾੜੀ 1972 ਦੀਆਂ ਫ਼ਸਲਾਂ ਦੇ ਨੁਕਸਾਨ ਦਾ ਮੁਆਵਜ਼ਾ ਮੌਜੂਦਾ ਗਿਰਦਾਵਰੀਆਂ ਦੇ ਆਧਾਰ ਤੇ ਦਿੱਤਾ ਜਾਵੇਗਾ । ਸਿਧੇ ਤੌਰ ਤੇ ਜੰਗ ਦੇ ਅਸਰ ਹੇਠ ਆਏ 700 ਪਿੰਡਾਂ ਵਿਚੋਂ 564 ਪਿੰਡਾਂ ਨੂੰ ਤਦ ਅਰਥ ਗੁਜ਼ਾਰਾ ਗਰਾਂਟਾਂ ਦੇ ਹੱਕਦਾਰ ਮੰਨਿਆਂ ਗਿਆ ਹੈ । ਇਨ੍ਹਾਂ ਪਿੰਡਾਂ ਦੀ ਆਬਾਦੀ ਨੂੰ ਸਿਧੀ ਗੋਲਾਬਾਰੀ ਅਤੇ ਜੰਗ ਦੇ ਫੌਰੀ ਖ਼ਤਰੇ ਕਾਰਣ ਪਿੰਡਾਂ ਵਿਚੋਂ ਨਿਕਲਣਾ ਪਿਆ ਸੀ । ਇਸ ਵਰਗ ਅਧੀਨ ਕੁਲ 355882 ਵਿਅਕਤੀ ਰਜਿਸਟਰ ਕੀਤੇ ਗਏ ਹਨ । ਉਨ੍ਹਾਂ ਨੂੰ 4 ਦਸੰਬਰ, 1971 ਤੋਂ 31 ਦਸੰਬਰ, 1971 ਤਕ ਨਕਦ ਗਰਾਂਟਾਂ ਦਿਤੀਆਂ ਗਈਆਂ ਹਨ । ਇਹ ਲੋਕ ਨਿਸ਼ਚਿਤ ਸਕੇਲ ਅਨੁਸਾਰ ਮਕਾਨਾਂ ਦੀ ਮੁਰੰਮਤ ਅਤੇ ਮੁੜ ਉਸਾਰੀ ਲਈ ਹਮਦਰਦੀ ਵਜੋਂ ਗਰਾਂਟਾਂ/ਕਰਜ਼ਿਆਂ, ਪਸ਼ੂਆਂ ਅਤੇ ਜ਼ਰਾਇਤੀ ਸੰਦਾਂ ਦੀ ਹਾਨੀ ਲਈ ਗਰਾਂਟਾਂ ਅਤੇ ਕਾਰ-ਵਿਹਾਰ/ਵਪਾਰ ਚਲਾਉਣ ਲਈ ਗਰਾਂਟਾਂ/ਕਰਜ਼ਿਆਂ ਦੀ ਅਦਾਇਗੀ ਦੇ ਵੀ ਹੱਕਦਾਰ ਹਨ । ਇਹ ਗਰਾਂਟਾਂ/ਕਰਜ਼ੇ ਕੇਵਲ ਉਨਾਂ ਨੁਕਸਾਨਾਂ ਲਈ ਹੀ ਦਿੱਤੇ ਜਾਣਗੇ ਜੋ ਦੁਸ਼ਮਣ ਦੇ ਹਮਲੇ ਕਾਰਣ ਹੋਏ ਹਨ ।

ਮਿਲੀ ਸੂਚਨਾ ਅਨੁਸਾਰ, ਦੁਸ਼ਮਣ ਦੇ ਹਮਲੇ ਕਾਰਣ 117 ਸ਼ਹਿਰੀ ਸ਼ਹੀਦ ਹੋਏ ਹਨ । ਸਰਕਾਰ ਨੇ, ਜਿਨ੍ਹਾਂ ਪਰਿਵਾਰਾਂ ਦੇ ਰੋਜ਼ੀ ਕਮਾਉਣ ਵਾਲੇ ਮੈਂਬਰ ਦੀ ਮਿਰਤੂ ਹੋ ਗਈ ਹੈ, ਉਨ੍ਹਾਂ ਨੂੰ 1,500

[ਵਿੱਤ ਮੰਤਰੀ]

ਰੁਪਏ ਅਤੇ ਜਿਨ੍ਹਾਂ ਦੇ ਕਿਸੇ ਹੋਰ ਮੈਂਬਰ ਦੀ ਮਿਰਤੂ ਹੋਈ ਹੈ, ਉਨ੍ਹਾਂ ਦੇ ਨਜ਼ਦੀਕੀਆਂ ਨੂੰ 500 ਰੁਪਏ ਦਰ ਤੇ ਹਮਦਰਦੀ ਵਜੋਂ ਗਰਾਂਟਾਂ ਦੇਣ ਦਾ ਫੈਸਲਾ ਕੀਤਾ ਹੈ। ਚਾਲੂ ਸਾਲ ਦੇ ਦੌਰਾਨ ਸਹਾਇਤਾ ਵਜੋਂ ਉਪਬੰਧ ਕੀਤੇ 9 ਕਰੋੜ ਰੁਪਏ ਤੋਂ ਇਲਾਵਾ ਸਾਲ 1972-73 ਦੇ ਦੌਰਾਨ ਅਜਿਹੀ ਸਹਾਇਤਾ ਲਈ 10 ਕਰੋੜ ਰੁਪਏ ਗਰਾਂਟ ਵਜੋਂ ਅਤੇ 1 ਕਰੋੜ ਰੁਪਏ ਕਰਜ਼ੇ ਵਜੋਂ ਰਖਣ ਦੀ ਤਜਵੀਜ਼ ਹੈ।

ਵਿੱਤ ਕਮਿਸ਼ਨ :

ਮਾਨਯੋਗ ਮੈਂਬਰ ਸਾਹਿਬਾਨ ਇਸ ਸਰਹੱਦੀ ਰਾਜ ਦੀਆਂ ਖਾਸ ਸਮੱਸਿਆਵਾਂ ਤੋਂ ਜਾਣੂ ਹਨ। ਸਾਨੂੰ ਪਾਕਿਸਤਾਨ ਨਾਲ 1965 ਅਤੇ 1971 ਦੀਆਂ ਜੰਗਾਂ ਦਾ ਭਾਰੀ ਬੋਝ ਉਠਾਉਣਾ ਪਿਆ ਹੈ। ਜ਼ਰਾਇਤ ਅਤੇ ਉਦਯੋਗ ਦੇ ਪੱਖਾਂ ਤੋਂ ਸਾਡੀ ਆਰਥਕਤਾ ਬੁਰੀ ਤਰ੍ਹਾਂ ਉਖੜ ਗਈ ਹੈ ਅਤੇ ਮੈਂ, ਕਿਸਾਨਾਂ ਅਤੇ ਉਦਯੋਗ-ਪਤੀਆਂ ਨੂੰ ਸਹਾਇਤਾ ਦੇਣ ਲਈ ਕੀਤੀਆਂ ਕਾਰਵਾਈਆਂ ਦਾ ਪਹਿਲਾਂ ਹੀ ਸੰਖੇਪ ਵਿਚ ਜ਼ਿਕਰ ਕਰ ਚੁੱਕਾ ਹਾਂ ਇਥੋਂ ਤਕ ਕਿ ਆਮ ਹਾਲਾਤ ਵਿਚ ਵੀ ਰਾਜ ਨੂੰ ਘੁਸਪੈਠਾਂ, ਤੋੜ ਫੋੜ ਕਰਨ ਵਾਲੇ ਵਿਅਕਤੀਆਂ ਅਤੇ ਜਸੂਸਾਂ ਦੀਆਂ ਕਾਰਵਾਈਆਂ ਨੂੰ ਰੋਕਣ ਲਈ ਖਰਚ ਕਰਨਾ ਪੈਂਦਾ ਹੈ। ਇਹ ਕੁਝ ਵਿਸ਼ੇਸ਼ ਸਮੱਸਿਆਵਾਂ ਹਨ, ਜਿਨ੍ਹਾਂ ਨੂੰ ਪੰਜਵੇਂ ਵਿੱਤ ਕਮਿਸ਼ਨ ਨੇ ਵੀ ਠੀਕ ਤਸੱਵਰ ਕੀਤਾ ਸੀ ਪਰ ਇਨ੍ਹਾਂ ਬਾਰੇ ਪੰਜਾਬ ਨੂੰ ਕਿਸੇ ਕਿਸਮ ਦੀ ਸਹਾਇਤਾ ਨਹੀਂ ਦਿਤੀ ਗਈ।

ਛੇਵਾਂ ਵਿੱਤ ਕਮਿਸ਼ਨ ਛੇਤੀ ਹੀ ਸਥਾਪਤ ਕੀਤੇ ਜਾਣ ਦੀ ਸੰਭਾਵਨਾ ਹੈ ਜੋ ਹੋਰਨਾਂ ਗੱਲਾਂ ਦੇ ਨਾਲ ਨਾਲ ਰਾਜਾਂ ਦੀਆਂ ਵਿਸ਼ੇਸ਼ ਸਮੱਸਿਆਵਾਂ ਨੂੰ ਧਿਆਨ ਵਿਚ ਰਖਦਿਆਂ ਉਨ੍ਹਾਂ ਨੂੰ ਸਹਾਇਤਾ ਗਰਾਂਟਾਂ ਦੇਣ ਦੀ ਸਿਫਾਰਸ਼ ਕਰੇਗਾ। ਇਸ ਤੋਂ ਇਲਾਵਾ ਪਿਛੇ ਜਿਹੇ ਹੋਈ ਜੰਗ ਕਾਰਣ, ਉਦਯੋਗਕ ਅਤੇ ਜ਼ਰਾਇਤੀ ਖੇਤਰਾਂ ਵਿਚ ਰਾਜ ਦੇ ਲੋਕਾਂ ਨੂੰ ਜੋ ਸਿੱਧੇ ਤੇ ਅਸਿੱਧੇ ਨੁਕਸਾਨ ਹੋਏ ਹਨ ਉਨ੍ਹਾਂ ਦੀ ਮਾਲੀਅਤ ਕਰੋੜਾਂ ਰੁਪਏ ਬਣਦੀ ਹੈ। ਰਾਜ ਦੀ ਆਰਥਕਤਾ ਦੇ ਭਿੰਨ ਭਿੰਨ ਖੇਤਰਾਂ ਵਿਚ ਹੋਏ ਨੁਕਸਾਨਾਂ ਅਤੇ ਸਰਕਾਰ ਦੁਆਰਾ ਬਰਦਾਸ਼ਤ ਕੀਤੇ ਖਰਚ ਦੇ ਸਬੰਧ ਵਿਚ ਜ਼ਰੂਰੀ ਡੈਟਾ ਇਕੱਤਰ ਕੀਤਾ ਜਾ ਰਿਹਾ ਹੈ, ਤਾਂ ਜੋ ਪੰਜਾਬ ਆਪਣਾ ਕੇਸ ਛੇਵੇਂ ਵਿੱਤ ਕਮਿਸ਼ਨ ਅਗੇ ਮਜ਼ਬੂਤੀ ਨਾਲ ਪੇਸ਼ ਕਰ ਸਕੇ। ਸਾਨੂੰ ਆਸ ਹੈ ਕਿ ਸਰਹੱਦੀ ਰਾਜ ਹੋਣ ਦੇ ਨਾਤੇ ਸਾਡੀਆਂ ਵਿਸ਼ੇਸ਼ ਸਮੱਸਿਆਵਾਂ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਇਸ ਵੇਰ ਕਮਿਸ਼ਨ ਸਹਾਇਤਾ-ਗਰਾਂਟਾਂ ਲਈ ਸਾਡੇ ਜਾਇਜ਼ ਦਾਅਵੇ ਨੂੰ ਮੰਨੇਗਾ। ਮੈਂ ਸਦਨ ਨੂੰ ਇਹ ਯਾਦ ਦਿਵਾਉਣ ਵਿਚ ਖੁਸ਼ੀ ਮਹਿਸੂਸ ਕਰਦਾ ਹਾਂ ਕਿ ਸਾਡੇ ਸਤਿਕਾਰ ਯੋਗ ਪ੍ਰਧਾਨ ਮੰਤਰੀ ਜੀ ਨੇ ਪੰਜਾਬ ਦੇ ਆਪਣੇ ਹਾਲੀਆ ਦੌਰੇ ਸਮੇਂ ਸਾਨੂੰ ਇਹ ਯਕੀਨ ਦਿਵਾਇਆ ਸੀ ਕਿ ਇਸ ਗੱਲ ਨੂੰ ਮੁੱਖ ਰਖਦਿਆਂ ਹੋਇਆਂ ਕਿ ਸਰਹੱਦੀ ਰਾਜ ਨੇ ਪਾਕਿਸਤਾਨ ਨਾਲ ਲੜੀਆਂ ਪਿਛਲੀਆਂ ਦੋਵਾਂ ਜੰਗਾਂ ਵਿਚ ਭਾਰੀ ਨੁਕਸਾਨ ਉਠਾਇਆ ਹੈ ਅਤੇ ਇਸ ਦੇ ਸੈਨਕਾਂ ਅਤੇ ਸ਼ਹਿਰੀਆਂ ਦੋਹਾਂ ਨੇ ਅਦੁਤੀ ਬਹਾਦਰੀ ਦਾ ਸਬੂਤ ਦਿਤਾ ਹੈ, ਇਸ ਰਾਜ ਵੱਲ ਵਿਸ਼ੇਸ਼ ਧਿਆਨ ਦਿਤਾ ਜਾਵੇਗਾ। (ਤਾੜੀਆਂ)

ਮਾਲੀ ਨੀਤੀ :

ਜਿਵੇਂ ਕਿ ਪਹਿਲਾਂ ਦਸਿਆ ਜਾ ਚੁਕਿਆ ਹੈ ਬੀਤਿਆ ਸਾਲ ਬੜੀ ਅਜ਼ਮਾਇਸ਼ ਦਾ ਸਮਾਂ ਸੀ। ਇਸ ਦੇ ਬਾਵਜੂਦ ਮੈਨੂੰ ਖੁਸ਼ੀ ਹੈ ਕਿ ਰਾਜ ਦੇ ਵਿੱਤ ਪ੍ਰਬੰਧ ਨੂੰ ਸਾਵਿਆਂ ਰਖਣ ਅਤੇ ਯੋਜਨਾਬੱਧ ਵਿਕਾਸ

ਦੀ ਵਧਦੀ ਰਫਤਾਰ ਨੂੰ ਕਾਇਮ ਰਖਣ ਵਿਚ ਅਸੀਂ ਸਫਲ ਹੋ ਸਕੇ ਹਾਂ। ਪੰਜਾਬ ਸਰਕਾਰ ਸਦਾ ਸੋਚ ਸਮਝ ਕੇ ਖ਼ਰਚ ਕਰਨ ਵਿਚ ਵਿਸ਼ਵਾਸ਼ ਰਖਦੀ ਰਹੀ ਹੈ ਅਤੇ ਇਸ ਨੇ ਕਦੇ ਵੀ ਓਵਰ ਡਰਾਫਟਾਂ ਦਾ ਸਹਾਰਾ ਨਹੀਂ ਲਿਆ। ਭਾਰਤ ਸਰਕਾਰ ਨੇ ਵਿੱਤੀ ਸਥਿਰਤਾ ਕਾਇਮ ਰਖਣ ਲਈ ਪੰਜਾਬ ਦੇ ਕੰਮ ਦੀ ਕਈ ਵੇਰ ਪ੍ਰਸ਼ੰਸਾ ਕੀਤੀ ਹੈ।

ਪੰਜਾਬ ਉਨ੍ਹਾਂ ਰਾਜਾਂ ਵਿਚੋਂ ਇਕ ਹੈ ਜਿਸ ਵਿਚ ਭਾਰੀ ਟੈਕਸ ਲੱਗੇ ਹੋਏ ਹਨ। ਪੰਜਾਬ ਵਿਚ ਜੀ ਪ੍ਰਤੀ ਟੈਕਸ ਦਾ ਭਾਰ ਦੇਸ਼ ਵਿਚ ਸ਼ਾਇਦ ਸਭ ਤੋਂ ਵਧ ਹੈ ਅਤੇ ਇਸ ਲਈ ਹੋਰ ਟੈਕਸ ਲਾਉਣ ਦੀ ਘੱਟ ਗੁੰਜਾਇਸ਼ ਹੈ। (ਤਾੜੀਆਂ) ਰਾਜ ਦੇ ਕਰਾਂ ਦੀ ਉਗਰਾਹੀ ਨੂੰ ਯਕੀਨੀ ਬਣਾਉਣ ਲਈ ਅਤੇ ਟੈਕਸ ਦੀ ਚੋਰੀ ਨੂੰ ਰੋਕਣ ਲਈ ਸਰਕਾਰ ਟੈਕਸ ਦੇ ਢਾਂਚੇ ਵਿਚ ਲੋੜੀਂਦੀ ਤਬਦੀਲੀ ਕਰਨਾ ਚਾਹੁੰਦੀ ਹੈ ਅਤੇ ਇਸ ਨੂੰ ਆਸਾਨ ਬਣਾਉਣਾ ਚਾਹੁੰਦੀ ਹੈ। ਰਾਜ ਦੇ ਇਨਸਪੈਕਟਰੀ ਢਾਂਚੇ ਨੂੰ ਵੀ ਤਬਦੀਲ ਕੀਤਾ ਜਾਵੇਗਾ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਕੌਮੀ ਕੰਟਰੋਲ ਵਿਚ ਲਏ ਬੈਂਕਾਂ ਨੇ ਰਾਜ ਦੀਆਂ ਵਪਾਰਕ ਕਿਸਮ ਦੀਆਂ ਸਰਗਰਮੀਆਂ ਲਈ ਫੰਡ ਮੁਹੱਈਆ ਕਰਨ ਵਿਚ ਮੁੱਖ ਰੋਲ ਅਦਾ ਕਰਨਾ ਹੈ। ਇਸ ਤੋਂ ਪਹਿਲਾਂ ਖੁਲ੍ਹੇ ਬਜ਼ਾਰ ਵਿਚੋਂ ਜੋ ਕਰਜ਼ੇ ਲਏ ਗਏ ਸਨ ਉਹ ਕਾਫ਼ੀ ਨਹੀਂ ਸਨ। ਮਹਿਸੂਸ ਕੀਤਾ ਗਿਆ ਹੈ ਕਿ "ਹਰੀ ਕਰਾਂਤੀ" ਦੇ ਫਲ ਸਰੂਪ ਵਪਾਰਕ ਬੈਂਕਾਂ ਵਿਚ ਜਮ੍ਹਾਂ ਰਕਮਾਂ ਵਿਚ ਜੋ ਭਾਰੀ ਵਾਧਾ ਹੋਇਆ ਹੈ ਉਸ ਨੂੰ ਮੁੱਖ ਰਖਦਿਆਂ ਕਿਹਾ ਜਾ ਸਕਦਾ ਹੈ ਕਿ ਪੰਜਾਬ ਨੇ ਹੁਣ ਤਕ ਜਿੰਨਾਂ ਕਰਜ਼ਾ ਲਿਆ ਹੈ, ਉਹ ਉਸ ਤੋਂ ਵਧ ਦਾ ਹੱਕਦਾਰ ਹੈ। ਇਹ ਰਾਜ ਉਹਨਾਂ ਰਾਜਾਂ ਵਿਚੋਂ ਹੈ ਜਿਥੇ ਵਪਾਰਕ ਬੈਂਕਾਂ ਦੁਆਰਾ ਇਕੱਤਰ ਕੀਤਾ ਸਰਮਾਇਆ ਰਾਜ ਵਿਚ ਹੀ ਨਹੀਂ ਲਾਇਆ ਜਾਂਦਾ। ਇਹ ਅਨੁਮਾਨ ਲਾਇਆ ਗਿਆ ਹੈ ਕਿ ਪੰਜਾਬੀ ਕਿਸਾਨਾ ਵਲੋਂ ਬੈਂਕਾਂ ਵਿਚ ਜਮ੍ਹਾਂ ਕਰਾਈਆਂ ਰਕਮਾਂ ਦਾ ਕੇਵਲ 33 ਫ਼ੀ ਸਦੀ ਹਿਸਾ ਇਸ ਰਾਜ ਵਿਚ ਲਾਇਆ ਜਾਂਦਾ ਹੈ। ਜਦ ਕਿ ਭਾਰਤ ਸਰਕਾਰ ਅਤੇ ਰਿਜ਼ਰਵ ਬੈਂਕ ਦੁਆਰਾ ਪਿਛੇ ਜਿਹੇ ਨਿਯਤ ਕੀਤੇ ਗਏ ਮਿਆਰ ਅਨੁਸਾਰ, ਹੋਰਨਾਂ ਗੱਲਾਂ ਦੇ ਨਾਲ ਨਾਲ, ਇਹ ਉਪਬੰਧ ਕੀਤਾ ਗਿਆ ਹੈ ਕਿ ਬੈਂਕ ਦੀਆਂ ਜਮ੍ਹਾਂ ਰਕਮਾਂ ਦਾ ਘੱਟੋ ਘਟ 50 ਫ਼ੀ ਸਦੀ ਸਥਾਨਕ ਵਿਕਾਸਮਈ ਸਰਗਰਮੀਆਂ ਲਈ ਵਰਤਿਆ ਜਾਣਾ ਚਾਹੀਦਾ ਹੈ। ਇਸ ਲਈ ਇਹ ਉਚਿਤ ਹੋਵੇਗਾ ਕਿ ਰਾਜ ਨੂੰ ਪੰਜਾਬ ਰਾਜ ਬਿਜਲੀ ਬੋਰਡ, ਪੰਜਾਬ ਵਿੱਤ ਕਾਰਪੋਰੇਸ਼ਨ, ਪੰਜਾਬ ਰਾਜ ਭੋਂ ਰਹਿਨ ਬੈਂਕ ਅਤੇ ਪੰਜਾਬ ਮਾਲ ਗੁਦਾਮ ਕਾਰਪੋਰੇਸ਼ਨ ਨੂੰ, ਫੰਡ ਮੁਹੱਈਆ ਕਰਨ ਲਈ ਦਿਹਾਤੀ ਡਿਬੈਂਚਰ ਜਾਰੀ ਕਰ ਕੇ ਆਪਣੇ ਸਾਧਨ ਵਧਾਉਣ ਦੀ ਆਗਿਆ ਦਿਤੀ ਜਾਵੇ। ਇਸ ਢੰਗ ਨਾਲ ਘਟ ਤੋਂ ਘਟ 15 ਕਰੋੜ ਰੁਪਏ ਸਾਲਾਨਾ ਬੜੀ ਆਸਾਨੀ ਨਾਲ ਇਕੱਠੇ ਕੀਤੇ ਜਾ ਸਕਦੇ ਹਨ, (ਤਾੜੀਆਂ) ਕਿਉਂਕਿ ਪੰਜਾਬ ਵਿਚ ਬੈਂਕਾਂ ਕੋਲ ਬੜੀ ਵਡੀ ਰਕਮ ਜਮ੍ਹਾਂ ਪਈ ਹੈ ਅਤੇ ਹਰ ਸਾਲ ਵਧ ਰਹੀ ਹੈ। ਭਾਰਤ ਸਰਕਾਰ ਨੂੰ ਬੇਨਤੀ ਕੀਤੀ ਜਾ ਰਹੀ ਹੈ ਕਿ ਉਹ ਅਜਿਹੇ ਡਿਬੈਂਚਰਾਂ ਦੀ ਗਰੰਟੀ ਦੇਣ ਦੀ ਰਾਜ ਸਰਕਾਰ ਨੂੰ ਆਗਿਆ ਦੇਵੇ ਅਤੇ ਇਸ ਦੇ ਨਾਲ ਹੀ ਗੈਰ ਗਰੰਟੀ ਸ਼ੁਦਾ ਡਿਬੈਂਚਰਾਂ ਵਿਚ ਹਿਸਾ ਪਾਉਣ ਲਈ ਬੈਂਕਾਂ ਨੂੰ ਪ੍ਰੇਰਿਆ ਜਾ ਰਿਹਾ ਹੈ। ਵਡੇ ਪੈਮਾਨੇ ਤੇ ਸਾਧਨ ਇਕੱਤਰ ਕਰਨ ਲਈ ਕੇਂਦਰ ਅਤੇ ਰਾਜ ਵਿਚਕਾਰ ਚੰਗੇਰੇ ਸਬੰਧ ਸਮੇਂ ਦੀ ਲੋੜ ਹਨ ਕਿਉਂਕਿ ਕੋਈ ਵੀ ਰਾਜ, ਪੰਜਾਬ ਵਰਗੇ ਛੋਟੇ ਰਾਜ ਦਾ ਤਾਂ ਕਹਿਣਾ ਹੀ ਕੀ, ਨਿਰੰਤਰ ਵਿਕਾਸ ਲਈ ਲੋੜੀਂਦੇ ਵਿਸ਼ਾਲ ਢਾਂਚੇ ਨੂੰ ਉਸਾਰਨ ਲਈ ਆਪਣੇ ਸੀਮਿਤ ਸਾਧਨਾਂ ਉਤੇ ਨਿਰਭਰ ਨਹੀਂ ਕਰ ਸਕਦਾ। ਜਿਥੋਂ ਤਕ ਰਾਜ ਦੀਆਂ

[ਵਿੱਤ ਮੰਤਰੀ]
ਕੋਸ਼ਿਸ਼ਾਂ ਦਾ ਸਬੰਧ ਹੈ, ਇਹ ਦਸਣਾ ਉਚਿਤ ਹੋਵੇਗਾ ਕਿ ਯੋਜਨਾ ਦੇ ਪਹਿਲੇ ਤਿੰਨ ਸਾਲਾਂ ਵਿਚੋਂ ਚੌਥੀ ਯੋਜਨਾ ਦਾ 70 ਫ਼ੀ ਸਦੀ ਖਰਚ ਪੰਜਾਬ ਨੇ ਆਪਣੇ ਬਜਟ ਦੀਆਂ ਵਾਫ਼ਰ ਰਕਮਾਂ ਵਿਚੋਂ ਕੀਤਾ ਹੈ ਜਦ ਕਿ ਭਾਰਤ ਦੀ ਔਸਤ 59 ਫ਼ੀ ਸਦੀ ਬਣਦੀ ਹੈ। ਇਹ ਵਾਧੂ ਖਰਚਾ ਰਾਜ ਨੇ ਕੇਵਲ ਆਪਣੇ ਸਾਧਨਾਂ ਤੋਂ ਹੀ ਕੀਤਾ ਹੈ ਅਤੇ ਇਸ ਲਈ ਭਾਰਤ ਸਰਕਾਰ ਤੋਂ ਕੋਈ ਹੋਰ ਸਹਾਇਤਾ ਪ੍ਰਾਪਤ ਨਹੀਂ ਹੋਈ।

ਮਿਤੀ 28 ਮਈ, 1969 ਨੂੰ ਬਣਾਈ ਗਈ ਕਰਬੰਦੀ ਪੜਤਾਲ ਅਤੇ ਸਾਧਨ ਕਮੇਟੀ ਨੇ ਆਪਣੀ ਆਖਰੀ ਰਪੋਟ ਪੇਸ਼ ਕਰ ਦਿਤੀ ਹੈ। ਸਰਕਾਰ ਆਪਣੀਆਂ ਸਮੁਚੀਆਂ ਆਰਥਕ ਅਤੇ ਸਮਾਜਕ ਨੀਤੀਆਂ ਨੂੰ ਮੁਖ ਰਖਦੇ ਹੋਏ ਇਹ ਚਾਹੁੰਦੀ ਹੈ ਕਿ ਉਸ ਦੀ ਮਾਲੀ ਨੀਤੀ ਨੂੰ ਅਜਿਹੀ ਨਵੀਂ ਸੇਧ ਦਿਤੀ ਜਾਵੇ ਜਿਸ ਨਾਲ ਸਮੁਚੀ ਜਨਤਾ ਉਤੇ ਅਤੇ ਖਾਸ ਕਰ ਕੇ ਸਮਾਜ ਦੇ ਕਮਜ਼ੋਰ ਤਬਕੇ ਉੱਤੇ ਘਟ ਤੋਂ ਘਟ ਬੋਝ ਪਾ ਕੇ ਲੋੜੀਂਦੇ ਸਾਧਨ ਜੁਟਾਏ ਜਾਣ।

ਹਾਲ ਦੀ ਘੜੀ ਬਜਟ ਵਿਚਲਾ ਸਮੁੱਚਾ ਖੱਪਾ ਅਣਪੂਰਿਆ ਛਡਿਆ ਜਾਂਦਾ ਹੈ। ਕਿਉਂਕਿ ਦਿਹਾਤੀ ਡਿਬੈਂਚਰਾਂ, ਭਾਰੀ ਛੋਟੀਆਂ ਬਚਤਾਂ ਵਧੇਰੇ ਸੰਭਾਵੀ ਵਿੱਤ, ਰਾਜ ਕਰਾਂ ਦੇ ਬਕਾਇਆਂ ਦੀ ਉਗਰਾਹੀ ਨੂੰ ਤੇਜ਼ ਕਰਨ ਅਤੇ ਬਿਆਸ ਪ੍ਰਾਜੈਕਟ ਉਤੇ ਵਾਧੂ ਖਰਚ ਕਾਰਣ ਭਾਰਤ ਸਰਕਾਰ ਤੋਂ 7.1 ਕਰੋੜ ਰੁਪਏ ਦੀ ਵਸੂਲੀ ਤੇ ਜ਼ੋਰ ਪਾਉਣ ਨਾਲ ਹੋਰ ਸਾਧਨ ਜੁਟਾਉਣ ਦਾ ਇਰਾਦਾ ਹੈ। ਅਸੀਂ ਭਾਰਤ ਸਰਕਾਰ ਤੋਂ ਵੀ ਆਪਣੀ ਯੁਧ ਪੀੜਤ ਆਰਥਕਤਾ ਨੂੰ ਸੁਰਜੀਤ ਕਰਨ ਲਈ ਸਹਾਇਤਾ ਗਰਾਂਟ ਮੰਗਾਂਗੇ। ਖੱਪੇ ਦੇ ਕੁਝ ਭਾਗ ਦੀ ਪੂਰਤੀ ਆਮਦਨ ਕਰ ਅਤੇ ਉਤਪਾਦਨ ਕਰ ਵਰਗੇ ਕੇਂਦਰੀ ਟੈਕਸਾਂ ਦੇ ਵੰਡ ਯੋਗ ਪੂਲ ਵਿਚੋਂ ਮਿਲਣ-ਯੋਗ ਵਧੇਰੀ ਰਕਮ ਨਾਲ ਹੋ ਜਾਣ ਦੀ ਆਸ ਹੈ। ਇਸ ਪੜਾ ਤੇ ਹੋਰ ਟੈਕਸ ਲਾਉਣੇ ਉਚਿਤ ਪ੍ਰਤੀਤ ਨਹੀਂ ਹੁੰਦੇ, (ਤਾੜੀਆਂ) ਕਿਉਂਕਿ ਭਾਰਤ ਸਰਕਾਰ ਦੀ ਸਿਫ਼ਾਰਸ਼ ਤੇ ਸ਼ਰਨਾਰਥੀਆਂ ਨੂੰ ਸਹਾਇਤਾ ਦੇਣ ਦਾ ਖਰਚਾ ਪੂਰਾ ਕਰਨ ਲਈ ਨਵੰਬਰ, 1971 ਵਿਚ ਜਿਹੜੇ ਵਿਸ਼ੇਸ਼ ਕਰ ਲਾਏ ਗਏ ਸਨ, ਉਹ 1972-73 ਲਈ ਵੀ ਜਾਰੀ ਰਖੇ ਜਾ ਰਹੇ ਹਨ।

ਸਰਕਾਰੀ ਕਰਮਚਾਰੀਆਂ ਨੂੰ ਸਹਾਇਤਾ :

ਮਾਨਯੋਗ ਮੈਂਬਰ ਸਾਹਿਬਾਨ ਭਲੀ ਭਾਂਤ ਜਾਣਦੇ ਹਨ ਕਿ ਮੁੱਖ ਮੰਤਰੀ ਜੀ ਅਤੇ ਉਨ੍ਹਾਂ ਦੇ ਸਾਥੀਆਂ ਨੇ 17 ਮਾਰਚ, 1972 ਨੂੰ ਆਪਣੇ ਪਦ ਦੀ ਸਹੁੰ ਚੁਕੀ ਸੀ। ਉਨ੍ਹਾਂ ਨੇ ਸਭ ਤੋਂ ਪਹਿਲਾਂ ਮਹੱਤਵ ਪੂਰਣ ਨਿਰਣਾ ਇਹ ਲਿਆ ਹੈ ਕਿ ਸਰਕਾਰੀ ਕਰਮਚਾਰੀਆਂ ਨੂੰ ਰੀਲੀਫ਼ ਦੇਣ ਸਬੰਧੀ ਉਨ੍ਹਾਂ ਦੀ ਚਿਰੋਕਣੀ ਮੰਗ ਨੂੰ ਸਿਧਾਂਤ ਰੂਪ ਵਿਚ ਪਰਵਾਨ ਕੀਤਾ ਜਾਵੇ (ਤਾੜੀਆਂ)। ਤਜਵੀਜ਼ੀ ਸਹਾਇਤਾ ਦੇ ਵੇਰਵਿਆਂ ਨੂੰ ਹਿੰਦ ਸਰਕਾਰ ਦੇ ਫੈਸਲੇ ਨੂੰ ਮੁੱਖ ਰਖ ਕੇ ਅੰਤਮ ਰੂਪ ਦੇਣ ਲਈ ਇਕ ਸੱਤ ਮੈਂਬਰੀ ਕਮੇਟੀ ਬਣਾਈ ਗਈ ਹੈ, ਜਿਸ ਵਿਚ ਇਸ ਸਦਨ ਦੇ ਤਿੰਨ ਮੈਂਬਰ, ਕਰਮਚਾਰੀਆਂ ਦੇ ਤਿੰਨ ਪ੍ਰਤੀਨਿਧ ਅਤੇ ਵਿੱਤ ਵਿਭਾਗ ਦਾ ਇਕ ਪ੍ਰਤੀਨਿਧ ਹੋਵੇਗਾ।

ਸਰਦਾਰ ਅਜਾਇਬ ਸਿੰਘ ਸੰਧੂ : On a point of order, Sir. ਜਿਹੜੀ ਕਮੇਟੀ ਬਣਾਈ ਗਈ ਹੈ ਕੀ ਉਸ ਵਿਚ ਅਪੋਜ਼ੀਸ਼ਨ ਦਾ ਮੈਂਬਰ ਵੀ ਰਖਿਆ ਹੈ ਜਾਂ ਇਕੋ ਪਾਰਟੀ ਦੇ ਮੈਂਬਰ ਹਨ ?

ਸ੍ਰੀ ਸਪੀਕਰ : ਅਪੋਜ਼ੀਸ਼ਨ ਤਾਂ ਰਾਜ ਛੱਡ ਕੇ ਗਈ ਹੈ। (Opposition has just given up the Govt.)।

ਵਿੱਤ ਮੰਤਰੀ : ਸਰਕਾਰ, ਸਹਾਇਤਾ ਸਬੰਧੀ ਅੰਦੋਲਨ ਦੇ ਸਿੱਟੇ ਵਜੋਂ ਮੁਲਾਜ਼ਮਾਂ ਵਿਰੁਧ ਕਥਿਤ ਵਧੀਕੀਆਂ ਦੇ ਕੇਸਾਂ ਦਾ ਵੀ, ਮੈਰਿਟ ਦੇ ਆਧਾਰ ਤੇ ਨਿਰਣਾ ਕਰੇਗੀ।

ਕਰਮਚਾਰੀਆਂ ਦੀ ਫੈਡਰੇਸ਼ਨ ਨੂੰ ਮਾਨਤਾ ਦੇਣ ਅਤੇ ਸਥਾਈ ਗਲਬਾਤ ਕਮੇਟੀ ਕਾਇਮ ਕਰਨ ਸਬੰਧੀ ਮੰਗ ਦਾ ਮਾਮਲਾ ਵੀ ਇਸ ਸੱਤ ਮੈਂਬਰੀ ਕਮੇਟੀ ਨੂੰ ਸੌਂਪਿਆ ਜਾਵੇਗਾ (ਤਾੜੀਆਂ) ।

ਮਿਰਤੂ ਅਤੇ ਸੇਵਾ ਨਵਿਰਤੀ ਗਰੈਚੂਇਟੀ ਦੀ ਹੱਦ, ਮੌਜੂਦਾ 15 ਦੀ ਥਾਂ $16\frac{1}{2}$ ਮਹੀਨਿਆਂ ਦੀ ਤਨਖਾਹ ਦੇ ਬਰਾਬਰ ਕਰ ਦਿਤੀ ਗਈ ਹੈ । ਚੌਥੇ ਵਰਗ ਦੇ ਕਰਮਚਾਰੀਆਂ ਦੀ ਸੂਰਤ ਵਿਚ ਇਹ $17\frac{1}{2}$ ਮਹੀਨਿਆਂ ਦੀ ਤਨਖਾਹ ਦੇ ਬਰਾਬਰ ਕਰ ਦਿੱਤੀ ਗਈ ਹੈ । ਪਹਿਲੇ ਦਰਜੇ ਦੇ ਸ਼ਹਿਰਾਂ ਲਈ ਮਕਾਨ ਕਿਰਾਏ ਭੱਤੇ ਦੀ ਦਰ $7\frac{1}{2}$ ਫੀ ਸਦੀ ਤੋਂ ਵਧਾ ਕੇ $12\frac{1}{2}$ ਫੀ ਸਦੀ ਅਤੇ ਦੂਜੇ ਦਰਜੇ ਦੇ ਸ਼ਹਿਰਾਂ ਲਈ 5 ਫੀ ਸਦੀ ਤੋਂ ਵਧਾ ਕੇ $7\frac{1}{2}$ ਫੀ ਸਦੀ ਕਰ ਦਿੱਤੀ ਗਈ ਹੈ । ਮਕਾਨ ਕਿਰਾਏ ਭੱਤੇ ਦੀ ਰਿਆਇਤ ਖੰਨਾ, ਬਰਨਾਲਾ, ਮਾਨਸਾ, ਸੁਨਾਮ, ਮਲੋਟ ਅਤੇ ਰਾਜਪੁਰਾ ਦੇ ਨਗਰਾਂ ਨੂੰ ਵੀ ਦੇ ਦਿੱਤੀ ਗਈ ਹੈ । ਦਿੱਲੀ ਵਿਖੇ ਤਾਇਨਾਤ ਕਰਮਚਾਰੀਆਂ ਲਈ ਮਕਾਨ ਕਿਰਾਇਆ ਭੱਤਾ ਭਾਰਤ ਸਰਕਾਰ ਦੀਆਂ ਦਰਾਂ ਦੇ ਬਰਾਬਰ ਕਰ ਦਿੱਤਾ ਗਿਆ ਹੈ ।

ਉਨ੍ਹਾਂ ਸਰਕਾਰੀ ਕਰਮਚਾਰੀਆਂ ਦੇ ਪਰਿਵਾਰਾਂ ਨੂੰ, ਜਿਨ੍ਹਾਂ ਦੀ ਸੇਵਾ ਕਾਲ ਵਿਚ ਮਿਰਤੂ ਹੁੰਦੀ ਹੈ, ਸਹਾਇਤਾ ਦੇਣ ਲਈ ਸਰਕਾਰ ਨੇ 5,000 ਰੁਪਏ ਤੋਂ 15,000 ਰੁਪਏ ਤਕ ਹਮਦਰਦੀ ਵਜੋਂ ਗਰਾਂਟਾਂ ਦੇਣ ਅਤੇ ਅਜਿਹੇ ਕਰਮਚਾਰੀਆਂ ਦੇ ਪਰਿਵਾਰਾਂ ਲਈ ਮੁਫ਼ਤ ਡਾਕਟਰੀ ਸਹੂਲਤਾਂ ਦਾ ਪ੍ਰਬੰਧ ਕਰਨ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਡਿਗਰੀ ਪੱਧਰ ਤਕ ਮੁਫਤ ਸਿਖਿਆ ਦੇਣ ਦਾ ਫੈਸਲਾ ਕੀਤਾ ਹੈ । ਇਸ ਤੋਂ ਇਲਾਵਾ, ਅਜਿਹੇ ਪਰਿਵਾਰ ਨੂੰ, ਸਰਕਾਰੀ ਕਰਮਚਾਰੀ ਦੀ ਮਿਰਤੂ ਤੋਂ ਬਾਅਦ ਇਕ ਸਾਲ ਦੇ ਅਰਸੇ ਲਈ ਸਰਕਾਰੀ ਮਕਾਨ ਰਖੀ ਰਖਣ ਦੀ ਇਜਾਜ਼ਤ ਦਿੱਤੀ ਗਈ ਹੈ । ਕਿਰਾਏ ਤੇ ਲਏ ਪ੍ਰਾਈਵੇਟ ਮਕਾਨ ਦੀ ਸੂਰਤ ਵਿਚ ਸਬੰਧਤ ਪਰਿਵਾਰ ਸਾਧਾਰਣ ਮਕਾਨ-ਕਿਰਾਏ ਭੱਤੇ ਦਾ ਹੱਕਦਾਰ ਹੋਵੇਗਾ । ਇਨ੍ਹਾਂ ਸਾਰੀਆਂ ਰਿਆਇਤਾਂ ਤੇ ਲਗ ਭਗ 6 ਕਰੋੜ ਰੁਪਏ ਸਾਲਾਨਾ ਖਰਚ ਆਵੇਗਾ ।

ਧੰਨਵਾਦ :

ਇਸ ਤੋਂ ਪਹਿਲਾਂ ਕਿ ਮੈਂ ਆਪਣਾ ਭਾਸ਼ਣ ਸਮਾਪਤ ਕਰਾਂ, ਮੈਂ ਵਿੱਤ ਕਮਿਸ਼ਨਰ ਅਤੇ ਸਕੱਤਰ ਪੰਜਾਬ ਸਰਕਾਰ ਸ੍ਰੀ ਵੀ. ਪੀ. ਮਲਹੋਤਰਾ ਅਤੇ ਵਿੱਤ ਵਿਭਾਗ ਦੇ ਹੋਰ ਅਫਸਰਾਂ ਅਤੇ ਕਰਮਚਾਰੀਆਂ ਦਾ, ਜਿਨ੍ਹਾਂ ਨੇ ਪੂਰੀ ਤਨਦੇਹੀ ਨਾਲ ਕੰਮ ਕੀਤਾ ਹੈ, ਧੰਨਵਾਦ ਅਤੇ ਉਨ੍ਹਾਂ ਦੀ ਸ਼ਲਾਘਾ ਕਰਦਾ ਹਾਂ, ਜਿਸ ਸਦਕਾ ਮੈਂ ਮੰਤਰੀ ਮੰਡਲ ਬਣਨ ਦੇ ਕੁਝ ਦਿਨਾਂ ਦੇ ਅੰਦਰ ਹੀ ਇਹ ਬਜਟ ਸਦਨ ਦੇ ਸਾਹਮਣੇ ਪੇਸ਼ ਕਰਨ ਦੇ ਯੋਗ ਹੋ ਸਕਿਆ ਹਾਂ । ਮਹਾਂ ਲੇਖਾਕਾਰ, ਪੰਜਾਬ ਵਲੋਂ ਦਿਤੀ ਗਈ ਬਹੁ-ਮੁਲੀ ਸਹਾਇਤਾ ਲਈ ਵੀ ਮੈਂ ਉਨ੍ਹਾਂ ਦਾ ਧੰਨਵਾਦੀ ਹਾਂ । ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸ਼ਨਰੀ, ਚੰਡੀਗੜ੍ਹ ਅਤੇ ਉਨ੍ਹਾਂ ਦੇ ਅਮਲੇ ਦਾ ਵੀ ਮੈਂ ਧੰਨਵਾਦੀ ਹਾਂ, ਜਿਨ੍ਹਾਂ ਨੇ ਬਜਟ ਨੂੰ ਸਮੇਂ ਸਿਰ ਛਾਪਣ ਵਿਚ ਪੂਰਾ ਸਹਿਯੋਗ ਦਿਤਾ ਹੈ ।

ਹੁਣ ਸ੍ਰੀਮਾਨ ਜੀ, ਮੈਂ ਸਾਲ 1972-73 ਦੇ ਬਜਟ ਅਨੁਮਾਨ ਪੇਸ਼ ਕਰਨ ਦੀ ਆਗਿਆ ਮੰਗਦਾ ਹਾਂ ।

ਜੈ ਹਿੰਦ (ਤਾੜੀਆਂ)

Mr. Speaker : The House stands adjourned till 2.00 P.M. on Tuesday, the 28th March, 1972.

1.10 P.M. *(The House then adjourned till 2.00 P.M. on Tuesday, the 28th March, 1972)*

———

"C" 1969

Published under the authority of the Punjab Vidhan Sabha

Printed by :

SANATAN DHARAM PRESS,

Mani Majra.

(Chandi Garh)

PUNJAB VIDHAN SABHA

DEBATES

28th March, 1972

Vol. I-No. 4

OFFICIAL REPORT

CONTENTS

Tuesday, the 28th March, 1972

Rs. 12/85 P.

ERRATA

TO

PUNJAB VIDHAN SABHA

DEBATES

Dated 28th March, 1972

Vol. I—No. 4

Read	*For*	*Page*	*Line*
Comrade Raj Kumar	Comrade Raj Kumari	(4)2	19th from below
ਰਿਜ਼ਰਵ	ਿ ਜ਼ਰਵ	(4)6	3
Comrade Satya Pal Dang	Cemrade Satya Pal Dang	(4)7	4
ਸ੍ਰੀ ਸਪੀਕਰ	ਸ੍ਰੀ ਜਪੀਕਰ	(4)11	14th from below
ਡਾ: ਅਮੀਰ ਸਿੰਘ ਕਲਕਟ	ਡ:ਾਅਮੀਰ ਸਿੰਘ ਕਲਕਟ	(4)12	17th from below
ਅਰ	ਔਰ	(4)17	9th from below
ਗੱਲਾ	ਰਲਾ	(4)25	2nd from below
ਵੱਲੋਂ	ੱਲੋਂ	(4)61	7
ਸ੍ਰੀ ਵਿਸ਼ਵਾ ਮਿੱਤਰ ਸੇਖੜੀ	ਸ੍ਰੀ ਵਿਸ਼ਵਾ ਮਿੱਤਰ ਸੇਖਰ	(4)61	15
ਅਚਾਰਿਆ ਪ੍ਰਿਥਵੀ ਸਿੰਘ ਆਜ਼ਾਦ	ਅਚਾਰਿਆ ਪ੍ਰਥਵੀ ਸਿੱਘ ਆ ਜ਼ਾਦ	(4)62	4th from below
ਕਾਰਪੋਰੇਸ਼ਨ	ਕਾਰਪੋਸ਼ਨ	(4)66	12th from below
7,50,00,000	7,00,00,000	(4)79	22nd from below
ਇੰਡਸਟਰੀਅਲ	ਇੰਡਸਟਰੀਅਲਾ	(4)81	11

Vid'h
(Sard

ਵੱਲ ਿ
ਘੱਟ ਮ
ਬਿਲਕੁ
ਅਨੁਸਾ
ਬਦਲਾ

ਦੇਣ ਦੀ
pleas

ਕ
ਜ਼ਰੂਰੀ ਮ
480 ਸ਼
ਮਾਮਲੇ ਵ
ਦਾ ਧਿਆ
ਇਨ੍ਹਾਂ ਨੂੰ
ਸਰਕਾਰ

M
ve have
n the He

ਕਾਮ
ਸਲੇ ਵਲ
ਾਰੇ ਪਿੰਡ

PUNJAB VIDHAN SABHA

Tuesday, The 28th March, 1972.

The Vidhan Sabha met in the Punjab Vidhan Sabha hall, Vidhan Bhawan, Chandigarh-1, at 2-00 p.m. of the clock. Mr. Speaker (Sardar Darbara Singh) in the Chair.

CALL ATTENTION NOTICES UNDER RULE 66

(ਕ੍ਰਮ ਨੰ: 1)

ਕਾਮਰੇਡ ਦਾਨਾ ਰਾਮ: ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਲੰਬੀ ਹਲਕੇ ਦੇ ਪਿੰਡਾਂ ਵਿਚ ਨਹਿਰੀ ਪਾਣੀ ਦੀ ਅਤਿਅੰਤ ਘੱਟ ਸਪਲਾਈ ਵੱਲ ਖਾਸ ਕਰਕੇ ਅਬੋਹਰ ਸਬ-ਤਹਿਸੀਲ ਦੇ 26-27 ਪਿੰਡਾਂ ਵਿਚ ਪਾਣੀ ਬਿਲਕੁਲ ਹੀ ਨਹੀਂ ਦਿਤਾ ਜਾ ਰਿਹਾ ਹੈ ਕਿਉਂਕਿ ਇਹ ਪਿੰਡ ਚੰਡੀਗੜ੍ਹ ਅਵਾਰਡ ਦੇ ਅਨੁਸਾਰ ਹਰਿਆਣੇ ਵਿਚ ਜਾਣੇ ਹਨ । ਪਿਛਲੀ ਅਕਾਲੀ ਸਰਕਾਰ ਇਨ੍ਹਾਂ ਪਿੰਡਾਂ ਵੱਲ ਬਦਲਾ ਲਊ ਰਵੱਈਆ ਰੱਖਦੀ ਰਹੀ ਹੈ ।

ਸ੍ਰੀ ਸਪੀਕਰ: ਸਵੀਕਾਰ ਕੀਤਾ ਜਾਂਦਾ ਹੈ, ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । (Admitted. the Minister concerned may please make a statement in the House).

(ਕ੍ਰਮ ਨੰ: 2)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ ਅਰਥਾਤ, ਪੰਜਾਬ ਭਰ ਵਿਚ ਮਹਿਕਮਾ ਸਿਹਤ ਵਲੋਂ 480 ਸ਼ਿਖਸ਼ਿਤ ਦਾਈਆਂ ਦੀ 29 ਫਰਵਰੀ, 1972 ਤੋਂ ਨੌਕਰੀ ਖਤਮ ਕੀਤੇ ਜਾਣ ਦੇ ਗੰਭੀਰ ਮਾਮਲੇ ਵਲ ਦਿਵਾਉਣਾ ਚਾਹੁੰਦਾ ਹਾਂ ਅਤੇ ਇਨ੍ਹਾਂ ਪਰਵਾਰਾਂ ਦੀ ਬੇਰੁਜ਼ਗਾਰੀ ਵੱਲ ਸਰਕਾਰ ਦਾ ਧਿਆਨ ਖਿਚੱਣਾ ਚਾਹੁੰਦਾ ਹਾਂ ਅਤੇ ਇਹ ਵੀ ਜਾਣਨਾ ਚਾਹੁੰਦਾ ਹਾਂ ਕਿ ਕੀ ਸਰਕਾਰ ਇਨ੍ਹਾਂ ਨੂੰ ਕੋਈ ਬਦਲਵਾਂ ਰੋਜ਼ਗਾਰ ਦੇਣ ਉਤੇ ਵਿਚਾਰ ਕਰਨ ਨੂੰ ਤਿਆਰ ਹੈ ਜਾਂ ਕੇਂਦਰੀ ਸਰਕਾਰ ਨੂੰ ਇਸ ਮਾਮਲੇ ਉਤੇ ਮੁੜ ਵਿਚਾਰ ਕਰਨ ਲਈ, ਲਿਖਣ ਲਈ ਤਿਆਰ ਹੈ ।

Minister for Finance and Health (Shri Hans Raj Sharma): Sir, we have already taken a decision that all of them will be accommodated in the Health Department.

(ਕ੍ਰਮ ਨੰ: 3)

ਕਾਮਰੇਡ ਸਤੱਪਾਲ ਡਾਂਗ: ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਸਲੇ ਵਲ ਦਿਵਾਉਂਦਾ ਹਾਂ ਅਰਥਾਤ ਪੰਜਾਬ ਦੇ ਤਿੰਨ ਬਾਰਡਰ ਦੇ ਜ਼ਿਲ੍ਹਿਆਂ ਦੇ ਬਹੁਤ ਸਾਰੇ ਪਿੰਡ ਜਿਹੜੇ ਕਿ ਰਲੀਫ ਦੇਣ ਲਈ ਕੈਟੇਗਰੀ 'ਏ' ਵਿਚ ਆਉਣੇ ਚਾਹੀਦੇ ਸਨ

[ਕਾਮਰੇਡ ਸੱਤ ਪਾਲ ਡਾਂਗ]

ਗਲਤ ਤੌਰ ਤੇ ਕੈਟੇਗਰੀ 'ਬੀ' ਵਿਚ ਸ਼ਾਮਲ ਕਰ ਦਿਤੇ ਗਏ ਹਨ ਅਤੇ ਹੋਰ ਬਹੁਤ ਸਾਰੇ ਜਿਹੜੇ ਕਿ ਕੈਟੇਗਰੀ 'ਬੀ' ਵਿਚ ਸ਼ਾਮਲ ਕੀਤੇ ਜਾਣ ਯੋਗ ਸੀ, ਸ਼ਾਮਲ ਨਹੀਂ ਕੀਤੇ ਗਏ। ਇਸ ਸਬੰਧ ਵਿਚ ਦਿਤੇ ਗਏ ਮੈਜਰਨਾਮਿਆਂ ਦਾ ਜਾਂ ਤਾਂ ਬਿਲਕੁਲ ਫ਼ੈਸਲਾ ਹੀ ਨਹੀਂ ਕੀਤਾ ਗਿਆ ਜਾਂ ਗਲਤ ਤੌਰ ਤੇ ਰੱਦ ਕਰ ਦਿਤੇ ਗਏ ਹਨ।

ਪਿਛੇ ਜਿਹੇ ਹੋਈ ਜੰਗ ਦੇ ਕਾਰਣ ਬਹੁਤ ਸਾਰੇ ਪਿੰਡਾਂ ਦੇ ਵਿਚ ਕਿਸਾਨਾਂ ਵਲੋਂ ਕਣਕ ਦੀ ਫ਼ਸਲ ਨਾ ਬੀਜੇ ਜਾਣ ਕਰਕੇ ਜਿਨ੍ਹਾਂ ਖੇਤ-ਮਜ਼ਦੂਰਾਂ ਨੂੰ ਰੋਜ਼ਗਾਰ ਨਹੀਂ ਮਿਲ ਸਕਿਆ, ਉਨ੍ਹਾਂ ਨੂੰ ਕੋਈ ਰਲੀਫ਼ ਨਹੀਂ ਦਿਤੀ ਗਈ ਅਤੇ ਨਾ ਹੀ ਦਿਤੇ ਜਾਣ ਦੀ ਤਜਵੀਜ਼ ਹੈ।

ਇੰਡਸਟਰੀ ਵਰਕਰਾਂ ਨੂੰ, ਜਿਹੜੇ ਕਿ ਬੇਰੁਜ਼ਗਾਰ ਹੋ ਗਏ ਹਨ, ਗ੍ਰਾਂਟ ਦੀ ਥਾਂ ਤੇ ਕਰਜ਼ੇ ਦੇਣ ਦੀ ਤਜਵੀਜ਼ ਹੈ।

ਉਪਰੋਕਤ ਕਾਰਣਾਂ ਕਰਕੇ ਗੰਭੀਰ ਅਤੇ ਵਡੇ ਪੱਧਰ ਤੇ ਲੋਕਾਂ ਵਿਚ ਅਸੰਤੁਸ਼ਟਤਾ ਫੈਲੀ ਹੋਈ ਹੈ।

ਮਸਲੇ ਦੀ ਸਪੱਸ਼ਟ ਤੇ ਜ਼ਰੂਰੀ ਮਹੱਤਤਾ ਨੂੰ ਮੁੱਖ ਰਖਦੇ ਹੋਏ ਸਰਕਾਰ ਨੂੰ ਹਾਊਸ ਵਿਚ ਬਿਆਨ ਦੇਣ ਲਈ ਕਿਹਾ ਜਾਵੇ।

ਸ੍ਰੀ ਸਪੀਕਰ : ਸਵੀਕਾਰ ਕੀਤਾ ਜਾਂਦਾ ਹੈ, ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ। (Admitted. The Minister concerned may please make a statement.)

(Serial No. 5)

1 **Comrade Jangir Singh Joga:**

2 **Comrade Raj Kumari** : Sir I beg to draw the attention of the Government towards an urgent matter of public importance, namely the News Papers have carried a news indicating an order of the D.P.I. Punjab whereby selection list of nearly thousands of J.B.T. and B.Ed. Teachers would stand rejected beyond 31st March, 1972. This order is in contravention of public assurance of the Chairman of Departmental Selection Education Committee that all the selected candidates would be given employment.

There is a great resentment among the unemployed and selected J.B.T and B.Ed. teachers on account of this order.

In view of the importance of the matter the Government may please be asked to make a statement in the House.

Education Minister (S. Umrao Singh): Suitable candidates for filling the vacancies in the cadre of J. B. T. and Masters/Mistresses in the Education Department were selected by the two Departmental Committees constituted for the recruitment of subordinate services for the Department and the candidates selected by them have been given employment since 27th May, 1970 when the first list of J.B.T. candidates was issued.

2. In the year 1971 the Punjab Government constituted Subordinate Services Selection Board for the recruitment in the cadre of J.B.T. and Masters/Mistresses also fell in their purview. Since the waiting list of J.B.T. candidates was already available with the Department and the Departmental Committee had finished a lot of work regarding the selection of candidates for filling the vacancies of Masters/Mistresses, it was decided that the waiting lists prepared by these two Committees should remain valid up to 31st March, 1972 and thereafter the work was to be entrusted to the Subordinate Services Selection Board. But thereafter the S.S.S. Board was abolished and the work of recruitment was again entrusted to the Departmental Committees. Because it takes very long time to invite applications from the candidates, to scrutinise them and then call the suitable candidates for interview, therefore, it has been decided that the waiting lists which were previously to expire on 31st March, 1972 will remain operative up to 30th June, 1972.

3. There should be no basis of resentment on this account among the candidates, who are on the waiting list because candidates numbering over three times the original number of vacancies advertised have already been given employment.

4. The S.S.S. Board, originally advertised 2,207 vacancies in the month of April, 1968. The Departmental Committee selected 6800 candidates in the month of May, 1970 and upto now almost all of them have been absorbed. Similarly, in the cadre of Masters/Mistresses 819 vacancies were advertised by the Departmental Committee in the month of January, 1970. The Departmental Committee, after processing the recruitment work selected 3,400 candidates out of which more than 2000 candidates have been given employment.

5. The recommendation of the Departmental Committee constituted for the recruitment in the J.B.T. cadre to the effect that the list will remain valid for 3 years with effect from the date of issue, i.e., 27th May, 1970 was without the approval of the Government who alone is competent in the matter. As a rule, the waiting lists stand scrapped when the fresh lists of candidates selected by the Selection Committee are available.

ਸਰਦਾਰ ਉਮਰਾਓ ਸਿੰਘ : ਸਿਖਿਆ ਵਿਭਾਗ ਦੀ ਵਿਭਾਗੀ ਚੋਣ ਕਮੇਟੀ ਜੋ ਕਿ ਅਧੀਨ ਸੇਵਾਵਾਂ ਲਈ ਚੋਣ ਕਰਦੀ ਹੈ, ਨੇ ਪਿਛਲੇ ਸਾਲਾਂ ਵਿਚ ਜੇ.ਬੀ.ਟੀ. ਅਤੇ ਮਾਸਟਰਾਂ/ਮਿਸਟਰੈਸਾਂ ਦੇ ਕਾਡਰ ਵਿਚ ਆਸਾਮੀਆਂ ਭਰਨ ਲਈ ਯੋਗ ਉਮੀਦਵਾਰਾਂ ਦੀ ਚੋਣ ਕੀਤੀ ਸੀ । ਇਨ੍ਹਾਂ ਸੂਚੀਆਂ ਵਿਚੋਂ ਖਾਲੀ ਹੋਈਆਂ ਆਸਾਮੀਆਂ ਤੇ ਇਨ੍ਹਾਂ ਨੂੰ ਸੀਨੀਆਰਤਾ ਵਾਰ ਨੌਕਰ ਕੀਤਾ ਜਾ ਰਿਹਾ ਹੈ ।

2. ਪਿਛਲੇ ਸਾਲ ਪੰਜਾਬ ਸਰਕਾਰ ਨੇ ਅਧੀਨ ਸੇਵਾਵਾਂ ਚੋਣ ਬੋਰਡ ਵੱਖਰੇ ਤੌਰ ਤੇ ਕਾਇਮ ਕਰ ਦਿੱਤਾ ਸੀ ਅਤੇ ਉਸ ਦੇ ਕਾਇਮ ਕਰਨ ਉਪਰੰਤ ਵਿਭਾਗੀ ਚੋਣ ਕਮੇਟੀ ਦਾ ਕੰਮ ਅਧੀਨ ਸੇਵਾਵਾਂ ਚੋਣ ਬੋਰਡ ਦੇ ਅਧਿਕਾਰ ਖੇਤਰ ਵਿਚ ਚਲਾ ਗਿਆ ਸੀ ਕਿਉਂ ਜੋ ਸਿਖਿਆ ਵਿਭਾਗ ਕੋਲ ਜੇ.ਬੀ.ਟੀ. ਦੀਆਂ ਆਸਾਮੀਆਂ ਲਈ ਯੋਗ ਉਮੀਦਵਾਰਾਂ ਦੀਆਂ ਸੂਚੀਆਂ ਪਹਿਲਾਂ ਹੀ ਮੌਜੂਦ ਸਨ ਅਤੇ ਮਾਸਟਰਾਂ/ਮਿਸਟਰੈਸਾਂ ਦੇ ਕਾਡਰ ਲਈ ਚੋਣ ਕਮੇਟੀ ਉਮੀਦਵਾਰਾਂ ਨੂੰ ਇੰਟਰਵਿਊ ਕਰ ਰਹੀ ਸੀ, ਇਸ ਲਈ ਇਸ ਕੰਮ ਨੂੰ ਬੰਦ ਕਰਕੇ ਜੋ

[ਸਿਖਿਆ ਮੰਤਰੀ]

ਇਹ ਕੰਮ ਅਧੀਨ ਸੇਵਾਵਾਂ ਚੋਣ ਬੋਰਡ ਨੂੰ ਸੌਂਪਿਆ ਜਾਂਦਾ ਤਾਂ ਦੁਬਾਰਾ ਅਰਜ਼ੀਆਂ ਮੰਗਣ ਵਿਚ ਅਤੇ ਚੋਣ ਕਰਨ ਵਿਚ ਬਹੁਤ ਸਮਾਂ ਲੱਗ ਜਾਂਦਾ ਕਿਉਂਕਿ ਉਮੀਦਵਾਰਾਂ ਦੀ ਗਿਣਤੀ ਹਜ਼ਾਰਾਂ ਵਿਚ ਹੁੰਦੀ ਹੈ । ਇਸ ਲਈ ਪੰਜਾਬ ਸਰਕਾਰ ਨੇ 31-3-1972 ਤੱਕ ਇਨ੍ਹਾਂ ਸੂਚੀਆਂ ਨੂੰ ਹੀ ਲਾਗੂ ਰੱਖਣ ਦਾ ਫੈਸਲਾ ਕੀਤਾ ਸੀ ਅਤੇ ਇਸ ਉਪਰੰਤ ਇਹ ਕੰਮ ਅਧੀਨ ਸੇਵਾਵਾਂ ਚੋਣ ਬੋਰਡ ਕੋਲ ਚਲਿਆ ਜਾਣਾ ਸੀ । ਪਰ ਕੁਝ ਸਮੇਂ ਮਗਰੋਂ ਸਰਕਾਰ ਨੇ ਅਧੀਨ ਸੇਵਾਵਾਂ ਚੋਣ ਬੋਰਡ ਨੂੰ ਹੀ ਭੰਗ ਕਰ ਦਿੱਤਾ ਅਤੇ ਇਸ ਤਰ੍ਹਾਂ ਇਹ ਸਾਰਾ ਕੰਮ ਵਿਭਾਗੀ ਚੋਣ ਕਮੇਟੀ ਕੋਲ ਆ ਗਿਆ । ਪੰਜਾਬ ਸਰਕਾਰ ਨੇ ਹੁਣ ਫੈਸਲਾ ਕੀਤਾ ਹੈ ਕਿ ਉਪਰ ਦੱਸੇ ਕਾਡਰਾਂ ਦੀਆਂ ਤਿਆਰ ਕੀਤੀਆਂ ਸੂਚੀਆਂ ਨੂੰ ਲਾਗੂ ਰੱਖਣ ਦੀ ਮਿਆਦ 31-3-1972 ਤੋਂ ਵਧਾ ਕੇ 30-6-1972 ਕਰ ਦਿੱਤੀ ਜਾਵੇ ਕਿਉਂ ਜੋ ਨਵੀਂ ਭਰਤੀ ਕਰਨ ਵਿਚ ਕਾਫੀ ਲੰਮਾ ਸਮਾਂ ਲੱਗ ਜਾਂਦਾ ਹੈ ਅਤੇ ਇਸ ਤਰ੍ਹਾਂ ਮਹਿਕਮੇਂ ਕੋਲ ਆਸਾਮੀਆਂ ਭਰਨ ਦੇ ਕੰਮ ਵਿੱਚ ਵਿਘਨ ਪੈਂਦਾ ਹੈ । ਇੰਤਜ਼ਾਰੀਆਂ ਸੂਚੀਆਂ ਦੇ ਉਮੀਦਵਾਰਾਂ ਵਿਚ ਇਸ ਸਬੰਧ ਵਿਚ ਹੋ ਰਹੀ ਬੇਚੈਨੀ ਨਿਰਆਧਾਰ ਹੈ ਕਿਉਂਕਿ ਆਸਾਮੀਆਂ ਲਈ ਅਰਜ਼ੀਆਂ ਮੰਗਣ ਵੇਲੇ ਦੇ ਸਮੇਂ ਖਾਲੀ ਆਸਾਮੀਆਂ ਤੋਂ ਕਈ ਗੁਣਾਂ ਉਮੀਦਵਾਰ ਇਨ੍ਹਾਂ ਕਾਡਰਾਂ ਵਿਚ ਮਗਰੋਂ ਦੇ ਸਮੇਂ ਵਿਚ ਖਾਲੀ ਹੋਈਆਂ ਆਸਾਮੀਆਂ ਤੇ ਨਿਯੁਕਤ ਕੀਤੇ ਗਏ ਹਨ ਅਤੇ ਕੀਤੇ ਜਾ ਰਹੇ ਹਨ ।

3. ਅਪਰੈਲ, 1968 ਵਿਚ ਅਧੀਨ ਸੇਵਾਵਾਂ ਚੋਣ ਬੋਰਡ ਨੇ ਜਿਹੜਾ ਕਿ ਮਗਰੋਂ ਭੰਗ ਹੋ ਗਿਆ ਸੀ, ਕੁਲ 2,207 ਜੇ.ਬੀ.ਟੀ. ਅਧਿਆਪਕਾਂ ਲਈ ਆਸਾਮੀਆਂ ਖਾਲੀ ਦੱਸ ਕੇ ਇਸ਼ਤਿਹਾਰ ਦੇ ਕੇ ਅਰਜ਼ੀਆਂ ਮੰਗੀਆਂ ਸਨ । ਉਨ੍ਹਾਂ ਹੀ ਅਰਜ਼ੀਆਂ ਵਿਚੋਂ ਵਿਭਾਗੀ ਚੋਣ ਕਮੇਟੀ ਨੇ 6,800 ਉਮੀਦਵਾਰ ਚੁਣ ਕੇ ਸੂਚੀ ਤਿਆਰ ਕੀਤੀ ਸੀ ਜਿਸ ਵਿਚੋਂ ਤਕਰੀਬਨ ਸਾਰੇ ਲੱਗ ਚੁਕੇ ਹਨ ਜਾਂ ਲੱਗ ਰਹੇ ਹਨ । ਮਾਸਟਰਾਂ/ਮਿਸਟਰੈਸਾਂ ਦੇ ਕਾਡਰ ਵਿਚ 819 ਆਸਾਮੀਆਂ ਵਿਭਾਗੀ ਚੋਣ ਕਮੇਟੀ ਨੇ ਖਾਲੀ ਦੱਸ ਕੇ ਅਰਜ਼ੀਆਂ ਮੰਗੀਆਂ ਸਨ । ਉਮੀਦਵਾਰਾਂ ਵਿਚੋਂ ਵਿਭਾਗੀ ਚੋਣ ਕਮੇਟੀ ਨੇ ਉਨ੍ਹਾਂ ਵਿਚੋਂ 3,400 ਉਮੀਦਵਾਰਾਂ ਦੀ ਸੂਚੀ ਤਿਆਰ ਕੀਤੀ ਹੈ ਜਿਸ ਵਿਚੋਂ ਕਰੀਬਨ 2,000 ਤੋਂ ਵੱਧ ਨੌਕਰ ਰੱਖੇ ਜਾ ਚੁਕੇ ਹਨ ।

4. ਜੇ.ਬੀ.ਟੀ. ਆਸਾਮੀਆਂ ਦੇ ਸਬੰਧ ਵਿਚ ਚੋਣ ਕਮੇਟੀ ਵਲੋਂ ਇਹ ਸਿਫ਼ਾਰਸ਼ ਕੀਤੀ ਗਈ ਸੀ ਕਿ ਤਿਆਰ ਕੀਤੀ ਗਈ ਉਮੀਦਵਾਰਾਂ ਦੀ ਸੂਚੀ ਮਈ, 1970 ਤੋਂ ਅੱਗੇ 3 ਸਾਲ ਲਈ ਲਾਗੂ ਰਹੇਗੀ ਸਰਕਾਰ ਵਲੋਂ ਪ੍ਰਵਾਨ ਨਹੀਂ ਕੀਤੀ ਗਈ ਕਿਉਂਕਿ ਇੰਤਜਾਰੀਆਂ ਸੂਚੀਆਂ ਅਗਲੀ ਚੋਣ ਹੋਣ ਉਪਰੰਤ ਆਪਣੇ ਆਪ ਹੀ ਖ਼ਤਮ ਹੋ ਜਾਂਦੀਆਂ ਹਨ ।]

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ਼ ਆਰਡਰ ਸਰ । ਸਪੀਕਰ ਸਾਹਿਬ ਮੈਂ ਇਕ ਗਲ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ 9 ਮਹੀਨੇ ਗਵਰਨਰ ਦਾ ਰਾਜ ਰਿਹਾ ਹੈ। ਪੰਜਾਬੀ ਜੋ ਕਿ ਪੰਜਾਬ ਦੀ ਰਾਜ ਭਾਸ਼ਾ ਹੈ.... (ਵਿਘਨ) ।

ਸ੍ਰੀ ਸਪੀਕਰ: ਤੁਸੀਂ ਕਿਸ ਚੀਜ਼ ਤੇ ਬੋਲ ਰਹੇ ਹੋ ? (ਵਿਘਨ) (On what subject you are speaking ?)

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਮੇਰੀ ਬੇਨਤੀ ਸੁਣ ਤਾਂ ਲਓ (ਵਿਘਨ) ਇਹ ਰੌਲੇ ਵਾਲੀ ਗਲ ਤਾਂ ਪਹਿਲਾਂ ਹੀ ਸ਼ੁਰੂ ਕਰ ਦਿਤੀ ਹੈ (ਵਿਘਨ)

ਕੈਪਟਨ ਰਤਨ ਸਿੰਘ: ਇਹ ਤਾਂ ਤੁਹਾਡਾ ਪੁਆਇੰਟ ਆਫ਼ ਆਰਡਰ ਹੀ ਨਹੀਂ ਬਣਦਾ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਸੁਣ ਲਓ ਫਿਰ ਭਾਵੇਂ ਓਵਰ ਰੂਲ ਕਰ ਦਿਓ । 9 ਮਹੀਨੇ ਹੀ ਪੰਜਾਬ ਵਿਚ ਰਾਜ ਭਾਸ਼ਾ ਪੰਜਾਬੀ ਦੇ ਨਾਲ ਧਕਾ ਹੁੰਦਾ ਰਿਹਾ ਹੈ । ਹੁਣ ਵੀ ਚਾਹੀਦਾ ਇਹ ਸੀ ਕਿ ਵਜ਼ੀਰ ਸਾਹਿਬ ਹਾਊਸ ਵਿਚ ਪੰਜਾਬੀ ਦੇ ਵਿਚ ਜਵਾਬ ਦਿੰਦੇ । ਉਨ੍ਹਾਂ ਨੂੰ ਪੰਜਾਬੀ ਆਉਂਦੀ ਹੈ । ਉਨ੍ਹਾਂ ਨੂੰ ਪੰਜਾਬੀ ਵਿਚ ਜਵਾਬ ਪੜ੍ਹਨਾਂ ਚਾਹੀਦਾ ਸੀ, ਪਰ ਉਨ੍ਹਾ ਨੇ ਅੰਗਰੇਜ਼ੀ ਵਿਚ ਪੜ੍ਹਿਆ ਹੈ । ਇਹ ਨਹੀਂ ਹੋਣਾ ਚਾਹੀਦਾ । (ਵਿਘਨ)

ਸਰਦਾਰ ਉਮਰਾਓ ਸਿੰਘ: ਸਪੀਕਰ ਸਾਹਿਬ, ਇਨ੍ਹਾਂ ਮੋਸ਼ਨ ਪੜ੍ਹਨ ਵਾਲਿਆ ਨੂੰ ਵੀ ਕਹਿਣਾ ਚਾਹੀਦਾ ਹੈ ਕਿ ਉਹ ਪੰਜਾਬੀ ਵਿਚ ਪੜ੍ਹਨ । ਮੇਰੇ ਕੋਲ ਤਾਂ ਅੰਗਰੇਜ਼ੀ ਅਤੇ ਪੰਜਾਬੀ ਦੋਨਾਂ ਜ਼ਬਾਨਾਂ ਵਿਚ ਜਵਾਬ ਤਿਆਰ ਸੀ, ਕਿਉਂਕਿ ਮੈਂਬਰ ਸਾਹਿਬ ਨੇ ਅੰਗਰੇਜ਼ੀ ਵਿਚ ਕਾਲ-ਅਟੈਨਸ਼ਨ ਪੜ੍ਹੀ ਇਸ ਲਈ ਮੈਂ ਵੀ ਜਵਾਬ ਅੰਗਰੇਜ਼ੀ ਵਿਚ ਦਿਤਾ ਹੈ । (ਵਿਘਨ)

ਚੌਧਰੀ ਰਾਮ ਸਿੰਘ: ਮੈਂ ਤੁਹਾਡੇ ਰਾਹੀਂ ਪੰਜਾਬ ਗੌਰਮੈਂਟ ਨੂੰ ਮੁਬਾਰਕਬਾਦ ਦੇਣਾ ਚਾਹੁੰਦਾ ਹਾਂ ਕਿ ਇਸ ਵਾਰੀ ਕਾਲ-ਅਟੈਨਸ਼ਨ ਨੋਟਿਸ ਪਿਛੋਂ ਪੜ੍ਹਿਆ ਜਾਂਦਾ ਹੈ ਤੇ ਉਸ ਦਾ ਜਵਾਬ ਵਜ਼ੀਰ ਸਾਹਿਬਾਨ ਵਲੋਂ ਪਹਿਲਾਂ ਆ ਜਾਂਦਾ ਹੈ। (ਥੰਪਿੰਗ) ਵਿਘਨ) ਇਹੀ ਗੱਲ ਇਨ੍ਹਾਂ ਨੂੰ ਚੁਭ ਰਹੀ ਹੈ । (ਸ਼ੋਰ) (ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ: ਆਨ ਏ ਪੁਆਇੰਟ ਆਫ ਆਰਡਰ, ਸਰ ।

ਸ੍ਰੀ ਸਪੀਕਰ: ਬਰਾੜ ਸਾਹਿਬ, ਪੁਆਇੰਟ ਆਫ਼ ਆਰਡਰ ਦਾ ਸਕੋਪ ਬੜਾ ਲਿਮਿਟਿਡ ਹੁੰਦਾ ਹੈ । (*Addressing Sardar Jaswinder Singh Brar*: The scope of a point of order is limited.)

ਸਰਦਾਰ ਜਸਵਿੰਦਰ ਸਿੰਘ ਬਰਾੜ : ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮੈਂ ਤੁਹਾਡੇ ਰਾਹੀਂ ਵਿਦਿਆ ਮੰਤਰੀ ਦਾ ਧਿਆਨ ਇਸ ਗੱਲ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਤਿੰਨ ਮਹੀਨਿਆਂ ਦੀ ਮਿਆਦ ਦਿਤੀ ਗਈ ਹੈ, ਇਹ ਥੋੜ੍ਹੀ ਹੈ । ਇਹ ਮਿਆਦ ਵਧਾ ਕੇ ਇਕ ਸਾਲ ਕਰ ਦੇਣੀ ਚਾਹੀਦੀ ਹੈ । (ਵਿਘਨ)

ਸ੍ਰੀ ਸਪੀਕਰ: ਇਸ ਉਤੇ ਤੁਹਾਡੇ ਵਲੋਂ ਸਵਾਲ ਕਰਨ ਵਾਸਤੇ ਰੂਲਜ਼ ਪਰਮਿਟ ਨਹੀਂ ਕਰਦੇ । ਇਸ ਉਤੇ ਸਵਾਲ ਕਾਮਰੇਡ ਰਾਜ ਕੁਮਾਰ ਵਲੋਂ ਹੀ ਹੋ ਸਕਦਾ ਹੈ । ਪਲੀਜ਼ ਰਿਜ਼ਿਊਮ ਯੂਅਰ ਸੀਟ । (*Addressing Sardar Jaswinder Singh Brar*: Rules do not permit you to put a question on this statement. Only Comrade Raj Kumar is entitled to put a question on it. Please resume your seat).

ਕਾਮਰੇਡ ਸਤਪਾਲ ਡਾਂਗ: ਮੇਰੀ ਬੇਨਤੀ ਇਹ ਹੈ ਕਿ ਇਹ ਬੜੀ ਸਵਾਗਤ ਵਾਲੀ ਗੱਲ ਹੈ ਕਿ ਕਾਲ-ਅਟੈਨਸ਼ਨ ਦਾ ਜਵਾਬ ਅੱਜ ਹੀ ਦਿਤਾ ਗਿਆ ਹੈ । (ਥੰਪਿੰਗ) ਕਿਉਂਕਿ ਜਵਾਬ ਕਾਲ-ਅਟੈਨਸ਼ਨ ਦਾ ਬਹੁਤ ਲੰਮਾ ਮਿਲਿਆ ਹੈ, ਇਸ ਲਈ ਇਸ ਤੇ ਸਵਾਲ ਕਰਨ ਦਾ ਰਾਈਟ ਕਲ ਤਕ ਮੁਲਤਵੀ ਕਰ ਦਿਤਾ ਜਾਣਾ ਚਾਹੀਦਾ ਹੈ ।

ਕਾਮਰੇਡ ਰਾਜਕੁਮਾਰ : ਮੇਰੀ ਅਰਜ਼ ਹੈ ਕਿ ਕਾਲ-ਅਟੈਨਸ਼ਨ ਦਾ ਜਵਾਬ ਬਹੁਤ ਲੰਬਾਂ ਮਿਲਿਆ ਹੈ ਇਸ ਲਈ ਇਸ ਉਤੇ ਸਵਾਲ ਕਰਨ ਦਾ ਰਾਈਟ ਕਲ ਤਕ ਰਿਜ਼ਰਵ ਰਖਿਆ ਜਾਵੇ ।

ਸ੍ਰੀ ਸਪੀਕਰ : ਜੇ ਵਜ਼ੀਰ ਸਾਹਿਬ ਪਰਾਂਪਟਲੀ ਅੱਜ ਜਵਾਬ ਦੇ ਦਿੰਦੇ ਹਨ ਤਾਂ ਤੁਸੀਂ ਸਵਾਲ ਵੀ ਅੱਜ ਕਰ ਦਿਓ । (The Minister has made the statement in reply to the Call Attention Notice today, so you may put your question also to-day.)

ਸਰਦਾਰ ਧੰਨਾ ਸਿੰਘ ਗੁਲਸ਼ਨ : ਹਮੇਸ਼ਾਂ ਇਹ ਪਰੰਪਰਾ ਚਲੀ ਆ ਰਹੀ ਹੈ ਕਿ ਜਿਸ ਜ਼ਬਾਨ ਵਿਚ ਕੋਈ ਮਾਨਯੋਗ ਮੈਂਬਰ ਸਵਾਲ ਦਿੰਦਾ ਹੈ ਉਸੇ ਜ਼ਬਾਨ ਵਿਚ ਇਸ ਦਾ ਜਵਾਬ ਮਿਲਦਾ ਹੈ । ਇਸ ਬਾਰੇ ਮੇਰੀ ਅਰਜ਼ ਹੈ ਕਿ ਇਕ ਤਾਂ ਮੈਂ ਕਾਲ ਅਟੈਨਸ਼ਨ ਮੋਸ਼ਨ ਟਰੇਂਡ ਦਾਈਆਂ ਨੂੰ ਮੁੜ ਨੌਕਰੀ ਤੇ ਲਗਾਉਣ ਬਾਰੇ ਦਿਤੀ ਦੂਜੀ ਟੀਚਰਾਂ ਦੀ ਜਿਨ੍ਹਾਂ ਦੀ ਅਪਾਇੰਟਮੈਂਟ, ਪ੍ਰੋਮੋਸ਼ਨ ਹੋਣੀ ਸੀ ਅਤੇ ਉਹ ਰੋਕੀ ਗਈ, ਉਸ ਦੇ ਬਾਰੇ ਦਿਤੀ । ਉਹ ਹੁਣੇ ਮਿਲੀ ਹੈ । ਜਦ ਕਿ ਇਹ ਕਲ ਮਿਲਣੀ ਚਾਹੀਦੀ ਸੀ । ਮੈਂ ਇਹ ਦਿਤੀ ਕਲ ਸੀ ਅਤੇ ਮੈਨੂੰ ਇਹ ਅੱਜ ਮਿਲੀ ਹੈ । ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ । ਇਹ ਕੰਮ ਸਾਰਾ ਪਹਿਲੀ ਪਰੰਪਰਾ ਦੇ ਮੁਤਾਬਿਕ ਹੀ ਹੋਣਾ ਚਾਹੀਦਾ ਹੈ। (ਵਿਘਨ)

ਸ੍ਰੀ ਸਪੀਕਰ : ਮੈਂ ਤਾਂ ਇਹ ਕਹਾਂਗਾ ਕਿ ਜੇ ਸਵਾਲ ਅੰਗਰੇਜ਼ੀ ਵਿਚ ਆਉਂਦਾ ਹੈ ਤਾਂ ਵਜ਼ੀਰ ਸਾਹਿਬਾਨ ਨੂੰ ਇਸ ਦਾ ਜਵਾਬ ਪੰਜਾਬੀ ਵਿਚ ਦੇਣਾ ਚਾਹੀਦਾ ਹੈ । (I would say that the Ministers should give reply in Punjabi even if the question comes in English.)

Serial No. 8

Comrade Satyapal Dang: Sir, I beg to draw the attention of the Government towards an urgent matter of public importance, namely, the management of M/s Hindustan Embroidery Mills (Private) Ltd., Chheharta has been refusing to either provide work to the workers or to pay them all their legal dues to enable them to seek employment elsewhere. It has been refusing to pay to the workers even their earned wages and bonus due under a written agreement. It has been in fact following a policy of forcing the workers to go away without getting even their legal dues such as gratuity, retrenchment compensation etc. by starving them.

The Government has so far failed in the matter of protection of legitimate interests of the workers and this has led to serious discontentment amongst the entire working class of Chheharta and Amritsar.

In view of the obvious and urgent importance of the matter the Government may please make a statement in the House.

ਸ੍ਰੀ ਸਪੀਕਰ : ਪਰਵਾਨ ਕੀਤੀ ਜਾਂਦੀ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ । (Admitted. The Minister concerned may please

make a statement.

(Serial No. 9)

1. **Comrade Raj Kumar**
2. **Cemrade Satya Pal Dang**
3. **Comrade Jangir Singh Joga**
4. **Comrade Darshan Singh Canadian**
5. **Comrade Dana Ram**
6. **Comrade Mehtab Singh**
7. **Comrade Achhra Singh**
8. **Comrade Arjan Singh**
9. **Comrade Saggar Singh**

Sir, I beg to draw the attention of the Government towards a matter of urgent public importance namely that some of the big employers in the State have not paid and have possibly misappropriated huge amounts of Provident Fund of their workers.

The Provident Fund Commissioner has requested the concerned collectors to realize these amounts as arrears of land revenue.

Under the law, the Directors/Proprietors/Partners of the Mills in question should have been sent to the lock up at least for 40 days in each case. However, the law has not been allowed to take its course as the persons who are liable to be hauled up are rich and "influential" even though huge amounts remain unrealized.

This has created serious discontentment amongst the working class of the State.

In view of the obvious and urgent importance of the matter, the Government may please be asked to make a statement in the House.

ਸ੍ਰੀ ਸਪੀਕਰ : ਪ੍ਰਵਾਨ ਕੀਤੀ ਜਾਂਦੀ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ। (Admitted. The Minister concerned may please make a statement.)

ਕਾਮਰੇਡ ਸੱਤ ਪਾਲ ਡਾਂਗ : ਇਨ੍ਹਾਂ ਇਕ ਦੋ ਲੱਖ ਰੁਪਿਆ ਗਬਨ ਕੀਤਾ ਹੋਇਆ ਹੈ। ਇਹਦਾ ਜਵਾਬ ਹੁਣੇ ਦੇਣਾ ਚਾਹੀਦਾ ਹੈ। (ਵਿਘਨ)

(ਕ੍ਰਮ ਨੰ: 11)

ਕਾਮਰੇਡ ਜੰਗੀਰ ਸਿੰਘ ਜੋਗਾ : ਮੈਂ ਸਰਕਾਰ ਦਾ ਧਿਆਨ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ ਅਰਥਾਤ ਜ਼ਿਲ੍ਹਾ ਬਠਿੰਡਾ ਵਿਚ ਨਹਿਰੀ ਪਾਣੀ ਦੇ ਘਟਾਏ ਜਾਣ ਵਲ ਸਰਕਾਰ ਧਿਆਨ ਦੇਵੇ। ਪਿਛਲੇ ਸਮੇਂ ਇਹ ਪਾਣੀ ਇਸ ਲਈ ਘਟਾਇਆ ਗਿਆ ਸੀ ਕਿ ਜ਼ਿਲ੍ਹਾ ਬਠਿੰਡਾ ਵਿਚ ਸੇਮ ਵਧ ਗਈ ਸੀ। ਹੁਣ ਜਦੋਂ ਸੇਮ ਨਾਲੇ ਪੁਟੇ ਗਏ ਹਨ, ਇਹ ਵਿਤਕਰਾ ਦੂਰ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਇਸ ਦੇ ਇਸੇ ਤਰ੍ਹਾਂ ਰਹਿਣ ਨਾਲ ਜ਼ਿਲ੍ਹੇ ਦੇ ਕਿਸਾਨਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਰਕਾਰ ਇਸ ਬਾਰੇ ਧਿਆਨ ਦੇਵੇ।

ਸ੍ਰੀ ਸਪੀਕਰ : ਪਰਵਾਨ ਕੀਤੀ ਜਾਂਦੀ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ । (Admitted. The Minister concerned may please make a statement)

(Serial No. 16)

1. Comrade Jangir Singh Joga,
2. Comrade Shamsher Singh Josh
3. Comrade Darshan Singh Canadian
4. Comrade Mehtab Singh,
5. Comrade Raj Kumar
6. Comrade Satya Pal Dang

Sir, I beg to draw the attention of the Government towards a matter of urgent public importance, namely, the cotton growers in the State are not getting proper price for their cotton and are being fleeced in the market. The cotton corporation, not withstanding the tall claims made on its behalf, has let down the peasants. There is serious discontentment amongst the cotton-growers.

In view of the obvious and urgent importance of the matter, the Government may be asked to make a statement in the House.

ਸ੍ਰੀ ਸਪੀਕਰ : ਪਰਵਾਨ ਕੀਤੀ ਜਾਂਦੀ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ । (Admitted., The Minister concerned may please make a statement).

ਵਿਕਾਸ ਮੰਤਰੀ (ਕੈਪਟਨ ਰਤਨ ਸਿੰਘ) : ਇਹ ਠੀਕ ਗੱਲ ਹੈ ਕਿ ਕਪਾਹ ਦਾ ਭਾ ਜ਼ਿਮੀਦਾਰਾਂ ਨੂੰ ਬਹੁਤ ਘਟ ਮਿਲਿਆ ਹੈ ਔਰ ਸਰਕਾਰ ਨੇ ਬੜੀ ਕੋਸ਼ਿਸ਼ ਕੀਤੀ ਔਰ ਇਸ ਕਰਕੇ ਕਾਟਨ ਕਾਰਪੋਰੇਸ਼ਨ ਨੂੰ ਵੀ ਇਸ ਕੰਮ ਲਈ ਲਗਾਇਆ ਲੇਕਿਨ ਸਾਡੀ ਉਸ ਕੰਮ ਨਾਲ ਤਸੱਲੀ ਨਹੀਂ ਹੋਈ । ਇਸ ਲਈ ਹੀ ਗੌਰਮੈਂਟ ਆਫ਼ ਇੰਡੀਆ ਨਾਲ ਗੱਲ ਬਾਤ ਰਾਹੀਂ ਬੜਾ ਜ਼ੋਰ ਦਿਤਾ ਜਾ ਰਿਹਾ ਹੈ । ਇਹ ਮਸਲਾ ਸਾਰੇ ਹਿੰਦੁਸਤਾਨ ਦਾ ਹੈ । ਇਸ ਨਾਲ ਮੈਸੂਰ, ਗੁਜਰਾਤ, ਮਹਾਰਾਸ਼ਟਰ ਅਤੇ ਪੰਜਾਬ ਦੇ ਗਰੋਅਰਜ ਨੂੰ ਤਕਲੀਫ ਹੈ । ਇਸ ਸਬੰਧੀ ਇਥੇ ਦੀ ਸਰਕਾਰ ਵਲੋਂ ਸੈਂਟਰ ਦੀ ਸਰਕਾਰ ਤੇ ਜ਼ੋਰ ਪਾਇਆ ਜਾ ਰਿਹਾ ਹੈ । ਜਿਸ ਤਰ੍ਹਾਂ ਕਣਕ ਦੀ ਸਪੋਰਟ ਪਰਾਈਸ ਹੈ ਉਸੇ ਤਰ੍ਹਾਂ ਕਪਾਹ ਦੀ ਸਪੋਰਟ ਪਰਾਈਸ ਹੋ ਜਾਵੇ ਤਾਂ ਕਿ ਜ਼ਰੂਰੀ ਫਾਰਨ ਐਕਸਚੇਂਜ ਦਾ ਵੀ ਬਚਾਉ ਹੋ ਸਕੇ । ਇਸ ਬਾਰੇ ਸਰਕਾਰ ਬੜੀ ਕੋਸ਼ਿਸ਼ ਕਰੇਗੀ ।

ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ : ਸਮੱਸਿਆ ਇਹ ਹੈ ਕਿ ਫ਼ੌਰੀ ਤੌਰ ਤੇ ਸਰਕਾਰ ਕੀ ਸਟੈਪਸ ਚੁਕ ਰਹੀ ਹੈ। (ਸ਼ੋਰ) (ਵਿਘਨ) ਇਸ ਸਬੰਧ ਵਿਚ ਫ਼ੌਰੀ ਤੌਰ ਤੇ ਕੀ ਕਦਮ ਚੁਕੇ ਜਾ ਰਹੇ ਹਨ ।

ਵਿਕਾਸ ਮੰਤਰੀ : ਜਿਹੜਾ ਅੱਗੇ ਰਿਜ਼ਰਵ ਬੈਂਕ ਤੋਂ ਲਿੱਤਾ ਹੋਇਆ ਐਡਵਾਂਸ ਡੇਢ ਮਹੀਨੇ ਤੋਂ ਵਧ ਨਹੀਂ ਰਖਿਆ ਜਾ ਸਕਦਾ ਸੀ, ਉਹ ਹੁਣ ਰੂਲ ਰਿਲੈਕਸ ਕਰ ਦਿਤਾ ਗਿਆ ਹੈ । ਅੱਗੇ ਨਾਲੋਂ ਜ਼ਿਆਦਾ ਦੇਰ ਤਕ ਐਡਵਾਂਸ ਰਿਜ਼ਰਵ ਬੈਂਕ ਤੋਂ ਦੇਣ ਦਾ ਵੀ ਫ਼ੈਸਲਾ ਕੀਤਾ ਹੈ । (ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਇਕ ਸਵਾਲ ਪੁੱਛਣਾ ਚਾਹੁੰਦਾ ਹਾਂ । (ਵਿਘਨ) ਸਪੀਕਰ ਸਾਹਿਬ, ਮਾਮਲਾ ਬੜਾ ਅਹਿਮ ਹੈ, ਮੈਂ ਸਵਾਲ ਪੁੱਛਣਾ ਚਾਹੁੰਦਾ ਹਾਂ । (ਵਿਘਨ)

ਸ੍ਰੀ ਸਪੀਕਰ: ਡਾਂਗ ਸਾਹਿਬ, ਕੀ ਤੁਸੀਂ ਉਨ੍ਹਾਂ ਦੇ ਜਵਾਬ ਤੋਂ ਸੰਤੁਸ਼ਟ ਨਹੀਂ ਹੋ ? (*Addressing Comrade Satya Pal Dang*: Are you not satisfied with his reply)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਪੁਛੱਣਾ ਚਾਹੁੰਦਾ ਹਾਂ ਕਿ ਹਿੰਦੁਸਤਾਨ ਦੀ ਸਰਕਾਰ ਦੇ ਜਾਂ ਕਾਟਨ ਕਾਰਪੋਰੇਸ਼ਨ ਦੇ ਕੋਈ ਠੋਸ ਫੈਸਲਾ ਕਰਨ ਤੱਕ ਜਿਹੜੇ ਛੋਟੇ ਕਿਸਾਨ ਸਟਾਕ ਆਪਣੇ ਪਾਸ ਰਖ ਨਹੀਂ ਸਕਦੇ ਤੇ ਉਨ੍ਹਾਂ ਦੀ ਕਪਾਹ ਅਤੇ ਨਰਮਾ ਘੱਟ ਭਾਵ ਤੇ ਵਿਕ ਜਾਣਗੇ, ਕੀ ਸਰਕਾਰ ਉਨ੍ਹਾਂ ਨੂੰ ਸਬਸਿਡੀ ਦੇ ਕੇ ਘਾਟਾ ਪੂਰਾ ਕਰੇਗੀ ?

ਵਿਕਾਸ ਮੰਤਰੀ : ਨਹੀਂ ਜੀ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੈਂ ਸਵਾਲ ਪੁਛੱਣਾ ਚਾਹੁੰਦਾ ਹਾਂ । (ਵਿਘਨ)

ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ: ਆਨ ਏ ਪੁਆਇੰਟ ਆਫ਼ ਆਰਡਰ, ਸਰ ।

ਸ੍ਰੀ ਸਪੀਕਰ : ਨਹੀਂ ਜੀ, ਤੁਸੀਂ ਤਸ਼ਰੀਫ ਰੱਖੋ । (No, please resume your seat.)

ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ : ਸਪੀਕਰ ਸਾਹਿਬ, ਮੈਂ ਵੀ ਕਪਾਹ ਦੇ ਉਤੇ ਕਾਲ ਅਟੈਨਸ਼ਨ ਮੋਸ਼ਨ ਦਿੱਤੀ ਸੀ । It was disallowed because it was covered by the Comrade's Call-Attention Notice. Can I put a question ?

ਸ੍ਰੀ ਸਪੀਕਰ : ਜੇ ਉਹ ਡਿਸਐਲਾਉ ਹੋ ਗਈ ਹੈ ਤਾਂ ਤੁਸੀਂ ਸਵਾਲ ਕਿਸ ਤਰ੍ਹਾਂ ਕਰ ਸਕਦੇ ਹੋ ? (ਵਿਘਨ) How can the hon. Member put a question when his Call-Attention Motion has been disallowed). (*Interruption*)

ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ : ਮੈਂ ਸਵਾਲ ਜ਼ਰੂਰੀ ਪੁੱਛਣਾ ਚਾਹੁੰਦਾ ਹਾਂ । (ਵਿਘਨ) ਮੈਂ ਕਾਲ-ਅਟੈਨਸ਼ਨ ਮੋਸ਼ਨ ਦਿਤੀ ਸੀ ...... (ਵਿਘਨ)

ਸ੍ਰੀ ਸਪੀਕਰ : ਉਹ ਡਿਸਐਲਾਉ ਹੋ ਗਈ ਹੈ । (That has been disallowed,)

ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ : ਸਪੀਕਰ ਸਾਹਿਬ, ਲੋਕ ਕਪਾਹ ਦੀ ਕਾਸ਼ਤ ਨਹੀਂ ਕਰਨਗੇ। (ਵਿਘਨ) ਇੰਡਸਟਰੀ ਫ਼ੇਲ੍ਹ ਹੋ ਜਾਵੇਗੀ।

Mr. Speaker : Not allowed

(*Interruption*)

(ਕ੍ਰਮ ਨੰ : 17)

1. ਕਾਮਰੇਡ ਸੱਤ ਪਾਲ ਡਾਂਗ :
2. ਕਾਮਰੇਡ ਰਾਜਕੁਮਾਰ,
3. ਕਾਮਰੇਡ ਸ਼ਮਸ਼ੇਰ ਸਿੰਘ ਜੋਸ਼)

ਮੈਂ ਸਰਕਾਰ ਦਾ ਧਿਆਨ ਇਕ ਲੋਕ ਮਹਤਤਾ ਦੇ ਜ਼ਰੂਰੀ ਮੁਆਮਲੇ ਵਲ ਦਿਵਾਉਂਦਾ ਹਾਂ ਅਰਥਾਤ ਮਿਤੀ 25 ਸਤੰਬਰ, 1971 ਨੂੰ, ਪਿੰਡ ਕਾਰਵਾਲੀਆਂ (ਤਾਰਾਗੜ੍ਹ) ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਦੇ ਦੋ ਨੌਜਵਾਨ ਵਿਦਿਆਰਥੀ ਅਮਰਮੀਤ ਸਿੰਘ ਅਤੇ ਰਾਜਿੰਦਰ ਸਿੰਘ, ਦਿਨ ਦਿਹਾੜੇ ਸੈਂਕੜੇ ਲੋਕਾਂ ਦੀ ਹਾਜ਼ਰੀ ਵਿਚ, ਕੁਝ ਪੁਲਿਸ ਅਫਸਰਾਂ ਨੇ ਕਤਲ ਕਰ ਦਿੱਤੇ।

ਜੁਰਮ ਨੂੰ ਛਪਾਉਣ ਲਈ ਅਤੇ ਇਸ ਕਾਰਵਾਈ ਨੂੰ ਸਹੀ ਠਹਿਰਾਉਣ ਲਈ, ਪੁਲਿਸ ਨੇ ਇਕ ਮਨਘੜਤ ਕਹਾਣੀ ਬਣਾਈ ਕਿ ਇਹ ਵਿਦਿਆਰਥੀ ਨੈਕਸੇਲਾਈਟਸ ਸਨ। ਜਦੋਂ ਇਸ ਤੇ ਕਿਸੇ ਨੇ ਯਕੀਨ ਨਾ ਕੀਤਾ ਤਾਂ ਇਹ ਝੂਠੀ ਗੱਲ ਵੀ ਫੈਲਾਈ ਗਈ ਕਿ ਇਹ ਵਿਦਿਆਰਥੀ ਚੰਗੇ ਨਹੀਂ ਸਨ।

ਇਹ ਵਿਹਿਸ਼ੀਆਨਾ ਜੁਰਮ ਹੋਣ ਕਰਕੇ, ਉਸ ਇਲਾਕੇ ਦੇ ਲੋਕ ਬਹੁਤ ਗੁਸੇ ਵਿਚ ਹਨ ਅਤੇ ਸਬੰਧਤ ਅਫਸਰਾਂ ਦੀ ਮੁਅਤਲੀ ਤੇ ਉਚੇ ਪੱਧਰ ਦੀ ਜੁਡੀਸ਼ੀਅਲ ਇਨਕੁਆਇਰੀ ਦੀ ਮੰਗ ਕਰ ਰਹੇ ਹਨ।

ਸਰਕਾਰ ਨੇ ਇਸ ਜਾਇਜ਼ ਮੰਗ ਵਲ ਉਕਾ ਹੀ ਧਿਆਨ ਨਹੀਂ ਦਿੱਤਾ। ਮੈਜਿਸਟਰੇਟ ਰਾਹੀਂ ਕੀਤੀ ਜਾ ਰਹੀ ਇਨਕੁਆਇਰੀ, ਜਿਹੜੀ ਕਾਨੂੰਨ ਅਧੀਨ ਕਰਨੀ ਹੀ ਪੈਂਦੀ ਹੈ, ਆਮ ਤੌਰ ਤੇ ਜੁਰਮ ਤੇ ਪਰਦਾ ਪਾਉਣ ਲਈ ਹੀ ਹੁੰਦੀ ਹੈ ਅਤੇ ਸਚਾਈ ਜ਼ਾਹਰ ਨਹੀਂ ਕਰ ਸਕਦੀ, ਦਾ ਵਾਲਦੈਨ ਨੇ ਅਤੇ ਸਾਰੀਆਂ ਸੰਸਥਾਵਾਂ ਨੇ ਬਾਈਕਾਟ ਕਰ ਦਿੱਤਾ। ਇਥੋਂ ਤੱਕ ਕਿ ਮੈਜਿਸਟਰੇਟ ਦੀ ਇਨਕੁਆਇਰੀ ਦੀ ਰਿਪੋਰਟ ਵੀ ਅਜੇ ਤੱਕ ਛਪਵਾਈ ਨਹੀਂ ਗਈ। ਇਹ ਰਿਪੋਰਟ ਇਸ ਕਰਕੇ ਰੋਕੀ ਹੋਈ ਹੈ ਕਿ ਅਜੇ ਤਾਈਂ ਇਹ ਡਿਸਟ੍ਰਿਕਟ ਮੈਜਿਸਟਰੇਟ ਵੱਲੋਂ ਪ੍ਰਵਾਨ ਨਹੀਂ ਹੋਈ। ਭਾਵੇਂ ਐਸਾ ਕੋਈ ਕਾਨੂੰਨ ਨਹੀਂ ਹੈ ਕਿ ਉਹ ਕਿਸੇ ਰਿਪੋਰਟ ਨੂੰ ਅਕਸੈਪਟ ਨਾ ਕਰੇ।

ਇਨ੍ਹਾਂ ਸਾਰੀਆਂ ਗੱਲਾਂ ਕਰਕੇ ਲੋਕਾਂ ਵਿਚ ਗੁਸਾ ਅਤੇ ਬੇਚੈਨੀ ਹੈ। ਅਸਲ ਗੱਲ ਇਹ ਹੈ ਕਿ ਜੁਰਮ ਕਰਨ ਵਾਲੇ ਪੁਲਿਸ ਅਫਸਰਾਂ ਦੇ ਖਿਲਾਫ਼ ਕੋਈ ਐਕਸ਼ਨ ਨਹੀਂ ਲਿਆ ਗਿਆ ਅਤੇ ਉਹ ਹੋਰ ਦਲੇਰ ਬਣ ਗਏ ਹਨ।

ਇਲਾਕੇ ਦੇ ਲੋਕਾਂ ਨੂੰ ਡਰ ਹੈ ਕਿ ਇਹ ਪੁਲਿਸ ਅਫ਼ਸਰ ਇਸ ਤਰ੍ਹਾਂ ਦੇ ਹੋਰ ਜੁਰਮ ਵੀ ਕਰਨਗੇ ਅਤੇ ਹੋਰ ਜ਼ਿਆਦਾ ਮਾਸੂਮ ਲੋਕਾਂ ਦੇ ਕਤਲ ਕਰਨਗੇ, ਖਾਰ-ਬਾਜ਼ੀ ਕਰਕੇ ਜਾਂ ਮਹਿਜ਼ ਮੌਜ ਵਿਚ ਆਕੇ।

ਉਪਰੋਕਤ ਮੁਆਮਲੇ ਦੀ ਸਪਸ਼ਟ ਮਹੱਤਤਾ ਨੂੰ ਮੁੱਖ ਰਖਦੇ ਹੋਏ, ਸਰਕਾਰ ਨੂੰ ਇਸ ਬਾਰੇ ਬਿਆਨ ਦੇਣ ਲਈ ਕਿਹਾ ਜਾਵੇ।

ਸ੍ਰੀ ਸਪੀਕਰ ; ਪ੍ਰਵਾਨ ਕੀਤਾ ਜਾਂਦਾ ਹੈ, ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ । (Admitted. The Minister concerned may please make a statement.) (Intrruption)

ਸ੍ਰੀ ਸਪੀਕਰ : ਡਾਂਗ ਸਾਹਿਬ, ਮੈਜਿਸਟੀਰਅਲ ਇਨਕੁਆਇਰੀ ਦਾ ਰੀਜ਼ਲਟ ਆਇਆ ਨਹੀਂ ਕੀ ਇਹ ਸਬਜੁਡਿਸ ਕੇਸ ਨਹੀਂ ? (*Addressing Comrade Satya Pal Dang*: The result of the magisterial enquiry has not yet come in. Is it not a sub-judice case?)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਜਿਸਟੀਰੀਅਲ ਇਨਕੁਆਇਰੀ ਖ਼ਤਮ ਹੋ ਗਈ ਹੈ । ਉਸ ਨੇ ਰਿਪੋਰਟ ਦੇ ਦਿਤੀ ਹੈ ਪਰ ਗੌਰਮਿੰਟ ਨੇ ਪਬਲਿਸ਼ ਨਹੀਂ ਕੀਤੀ ਇਹ ਕਹਿ ਕੇ ਕਿ ਡਿਸਟਰਿਕਟ ਮੈਜਿਸਟਰੇਟ ਨੇਂ ਇਸ ਨੂੰ ਪ੍ਰਵਾਨ ਨਹੀਂ ਕੀਤਾ (ਵਿਘਨ) ਇਹ ਇਲਲੀਗਲ ਹੈ । (ਵਿਘਨ)

ਸ੍ਰੀ ਸਪੀਕਰ : ਡਾਂਗ ਸਾਹਿਬ, ਤੁਹਾਡੀ ਕਾਲ-ਅਟੈਨਸ਼ਨ ਮੋਸ਼ਨ ਬੜੀ ਲੰਬੀ ਹੁੰਦੀ ਹੈ । ਤੁਸੀਂ ਸੰਖੇਪ ਰੂਪ ਵਿਚ ਦਿਆ ਕਰੋ । ਲੋਕ ਸਭਾ ਵਿਚ ਇਹ ਤਿੰਨ ਚਾਰ ਲਾਈਨਾਂ ਦੀ ਹੁੰਦੀ ਹੈ ।(*Addressing Comrade Satya Pal Dang*: Your Call-Attention Motion is usually lengthy; you should give notices of motions which are short ones. In the Lok Sabha such a motion is usually of three or four lines.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਉਥੇ ਦੋ ਨੌਜਵਾਨ ਕਤਲ ਹੋਏ ਹਨ । ਪੁਲਿਸ ਆਈ. ਜੀ. ਦੀ ਉਨਾਂ ਨੂੰ ਪਰੋਟੈਕਸ਼ਨ ਹੈ । (ਵਿਘਨ) ਹੋਰ ਇਸ ਤੋਂ ਘੱਟ ਕੀ ਇਸ ਨੂੰ ਕਰ ਸਕਦਾਂ ਹਾਂ ।

ਸ੍ਰੀ ਸਪੀਕਰ : ਆਇੰਦਾ ਇਸ ਨੂੰ ਛੋਟਾ ਕਰੋ । (In future, you may please give such notices as short ones.)

ਕਾਮਰੇਡ ਸੱਤ ਪਾਲ ਡਾਂਗ : ਮੈਂ ਅੱਗੇ ਨੂੰ ਇਸ ਤਰ੍ਹਾਂ ਹੀ ਕਰਾਂਗਾ ਪਰ ਹੁਣ ਤਾਂ ਇਸ ਦਾ ਜਵਾਬ ਦਿਲਾਉ ।

ਸ੍ਰੀ ਸਪੀਕਰ : ਪਰਵਾਨ ਕੀਤੀ ਜਾਂਦੀ ਹੈ ! ਸਬੰਧਤ ਵਜ਼ੀਰ ਸਾਹਿਬ, ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । (Admitted. The hon. Minister concerned may please make a statement.)

क्रम न: 20

चौधरी केवल कृष्ण : मैं इस ध्यान-आकर्षक, प्रस्ताव द्वारा पंजाब सरकार का ध्यान अत्यन्त महत्वपूर्ण विषय की ओर दिलाना चाहता हूं कि पंजाब में चीनी (Sugar) के वितरण में भारी भेद भाव से काम लिया जा रहा है । गावों के लोगों को दो सौ ग्राम प्रति व्यक्ति चीनी मिलती है जबकि नगरों में बसने वाले लोगों को एक किलो ग्राम चीनी प्रति व्यक्ति मिल रही है । आज़ाद भारत में पंजाबी गांव निवासी भाईयों का घटिया दर्जे के नागरिक समझने का यह नाटक

[चौधरी केवल कृष्ण]

तुरन्त बन्द होना चाहिए । गावों में बसनें वाले बहादुर पंजाबी लगातार ऐसे व्यवहार को सहन नहीं कर सकते । ससते दामों पर दी जाने वाली चीनी का राशन सब के लिये समान करने के बारे में सरकार सदन में अपनी नीती स्पष्ट करे ।

ਸ੍ਰੀ ਸਪੀਕਰ : ਪਰਵਾਨ ਕੀਤੀ ਜਾਂਦੀ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । Admitted. The Hon. Minister concerned may please make a statement.

(*Serial No.* 23)

Shri Yash Paul : Sir, I beg to draw the attention of the Government towards a matter of urgent public importance, namely, the Class IV employees, called Mais, were given appointments in different districts of the State, in the Department of Education. These Mais worked for six to nine months, but they have not been given their salaries for these periods which has caused great hardship to these Mais and their famlies. The Government appointed them in anticipation of sanction, but these Mais were turned out even though they worked without salaries from six to nine months. Hence this Call-Attention Motion-

ਸ੍ਰੀ ਸਪੀਕਰ : ਸਵੀਕਾਰ ਕੀਤੀ ਜਾਂਦੀ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ (Admitted. The hon. Minister concerned may please make a statement

---

WALK OUT

ਡਾ: ਅਮੀਰ ਸਿੰਘ ਕਲਕਟ : ਆਨ ਏ ਪੁਆਇੰਟ ਆਫ ਆਰਡਰ, ਸਰ ।

ਸ੍ਰੀ ਸਪੀਕਰ : ਪਹਿਲੇ ਕਾਲ-ਅਟੈਨਸ਼ਨ ਮੋਸ਼ਨਜ਼ ਤਾਂ ਖਤਮ ਹੋ ਲੈਣ ਦਿਓ ? (Let the Call Attention Motions be finished first.)

ਡਾ. ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਮੈਂ 24 ਤਰੀਕ ਤੋਂ ਲੈ ਕੇ 28 ਤਰੀਕ ਤੱਕ ਪੰਜ ਕਾਲ–ਅਟੈਨਸ਼ਨ ਮੋਸ਼ਨਜ਼ ਦਿਤੀਆਂ ਸਨ, ਪਰ ਤੁਸੀਂ ਇਕ ਵੀ ਪਰਵਾਨ ਨਹੀਂ ਕੀਤੀ । (ਵਿਘਨ) ਇਨ੍ਹਾਂ ਵਿਚੋਂ ਬਹੁਤੀਆਂ ਕੰਡੀ ਇਲਾਕੇ ਦੀ ਡੀਵੈਲਪਮੈਂਟ ਦੇ ਵਾਸਤੇ ਸਨ । (ਵਿਘਨ)

ਸ੍ਰੀ ਸਪੀਕਰ : ਤੁਸੀਂ ਰੂਲਜ਼ ਦੇਖੋ, ਇਸ ਦਾ ਸਕੋਪ ਕੀ ਹੈ । The hon. Member may please see the rules, concerning the scope of Call–Attention Notices)

ਡਾ: ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਇਹ ਹੁਸ਼ਿਆਰਪੁਰ (ਵਿਘਨ) (ਸ਼ੋਰ) ਦੇ ਕੰਡੀ ਏਰੀਆ ਨਾਲ ਸਬੰਧਤ ਹੈ । ਤੁਸੀਂ ਮੈਨੂੰ ਲਿਖ ਕੇ ਭੇਜਿਆ ਹੈ ਕਿ It does not involve any urgency.

ਸਪੀਕਰ ਸਾਹਿਬ, ਕੰਡੀ ਹਲਕੇ ਦੀ ਜੋ ਹਾਲਤ ਹੈ, ਉਸ ਨੂੰ ਦੇਖਣਾ ਚਾਹੀਦਾ ਹੈ । ਉਥੇ ਇਨਸਾਨ ਰਹਿ ਨਹੀਂ ਸਕਦਾ । (ਵਿਘਨ) ਸਪੀਕਰ ਸਾਹਿਬ, ਜੇ ਤੁਸੀਂ ਇਸ ਨੂੰ ਪਰਵਾਨ ਨਾ ਕਰੋ ਤਾਂ ਠੀਕ ਨਹੀਂ ਹੈ । (ਵਿਘਨ) ਅੱਛਾ ਮੈਂ ਵਾਕ–ਆਊਟ ਕਰਦਾ ਹਾਂ (ਤਾੜੀਆਂ)

(ਇਸ ਸਮੇਂ ਡਾਕਟਰ ਅਮੀਰ ਸਿੰਘ ਕਲਕਟ ਵਾਕ-ਆਊਟ ਕਰ ਗਏ)

CALL ATTENTION NOTICES UNDER RULE 66

(Resumption)

(Serial No. 33)

1. Comrade Raj Kumar,
2. Comrade Dana Ram,
3. Comrade Mehtab Singh,
4. Comrade Saggar Singh,
5. Comrade Achhra Singh,
6. Comrade Jangir Singh Joga,

I beg to draw the attention of the Government towards a matter of urgent public importance, namely that in the State unlike previous periods of control on Sugar Government has not as yet introduced system of supplying Sugar for marriages, Social and religious Ceremonies etc. through appointed Depot holders on special permit. As a result of this people in the State have to undergo fleecing in Private Market by traders because of high price of free sale suger.

There is great discontentment among Middle and Poorer sections of population in the rural as well as urban areas.

In view of the urgent public importance of the matter the Government may please be asked to make a statement in the House.

ਸ੍ਰੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ, ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ । Admitted, the hon. Minister concerned may please make a Statement.)

ਸ੍ਰੀ ਸਪੀਕਰ : ਪਿਛਲੇ ਹਾਊਸ ਵਿਚ ਸਾਰੀਆਂ ਪਾਰਟੀਆਂ ਨੇ ਇਹ ਐਗਰੀ ਕੀਤਾ ਸੀ ਕਿ ਕਾਲ ਅਟੈਨਸ਼ਨ ਮੋਸ਼ਨਾਂ ਦਾ ਹਰ ਪਾਰਟੀ ਦਾ ਕੋਟਾ ਮੁਕੱਰਰ ਕੀਤਾ ਜਾਵੇ । ਮੇਰਾ ਖਿਆਲ ਹੈ ਕਿ ਜੇ ਇਸ ਵਾਰ ਵੀ ਇਹ ਫ਼ੈਸਲਾ ਕਰ ਲਿਆ ਜਾਵੇ ਕਿ ਹਰ ਪਾਰਟੀ ਦਾ ਕੋਟਾ ਮੁਕੱਰਰ ਕੀਤਾ ਜਾਵੇ ਤਾਂ ਠੀਕ ਰਹੇਗਾ । In the last House all the Political Parties had agreed to the fixing of the quota of Call Attention Notices for every Party. I think it would be better if this time also some decision in this behalf is taken.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਅਸੀਂ ਕੋਟਾ ਮੁਕੱਰਰ ਕਰ ਲਵਾਂਗੇ ਪਰ ਮੇਰੀ ਇਹ ਬੇਨਤੀ ਹੈ ਕਿ ਤੁਸੀਂ ਇਹ ਐਗਰੀ ਕੀਤਾ ਸੀ ਕਿ ਜਿਨ੍ਹਾਂ ਚਿਰ ਕੁਐਸਚਨ hour ਸ਼ੁਰੂ ਨਹੀਂ ਹੁੰਦਾ ਉਤਨੀ ਦੇਰ ਇਹ ਟਾਇਮ ਇਧਰ ਲਾਇਆ ਜਾਵੇ । (ਵਿਘਨ) ਇਹ ਤੁਸੀਂ ਐਗਰੀ ਕੀਤਾ ਸੀ । (ਵਿਘਨ)

ਸਿਖਿਆ ਮੰਤਰੀ : (ਸਰਦਾਰ ਉਮਰਾਓ ਸਿੰਘ) ਸਪੀਕਰ ਸਾਹਿਬ, ਅਸੀਂ ਕਿੰਨੀਆ ਕੁ ਕਾਲ ਅਟੈਨਸ਼ਨ ਮੋਸ਼ਨਾਂ ਦੇ ਰਿਪਲਾਈ ਦੇ ਸਕਦੇ ਹਾਂ ? (ਵਿਘਨ)

ਸ੍ਰੀ ਸਪੀਕਰ : ਤੁਹਾਡੀ ਤਾਂ ਅਨਲਿਮਿਟਿਡ ਕਪੈਸਟੀ ਹੈ । (ਵਿਘਨ) (The hon. Minister has unlimited capacity.) (Interruption)

ਸਿਖਿਆ ਮੰਤਰੀ : ਸਪੀਕਰ ਸਾਹਿਬ, ਅਸੀਂ ਤੁਹਾਡੀ ਵੀ ਤਾਂ ਕਪੈਸਟੀ ਦੇਖਣੀ ਹੈ । (ਵਿਘਨ) ਅਸੀਂ ਇਹ ਵੀ ਦੇਖਣਾ ਹੈ ਕਿ ਇਹ ਰੈਲੇਵੈਂਟ ਹੋਣ, ਅੰਡਰ ਰੂਲ ਹੋਣ ।

ਸ੍ਰੀ ਸਪੀਕਰ : ਜਿੰਨੀਆਂ ਵੀ ਕਾਲ ਅਟੈਨਸ਼ਨ ਮੋਸ਼ਨਜ਼ ਇਥੇ ਆਉਣਗੀਆਂ ਉਹ ਰੈਲੇਵੈਂਟ ਹੋਣਗੀਆਂ, ਅੰਡਰ ਰੂਲਜ਼ ਹੋਣਗੀਆਂ (ਵਿਘਨ) (The Call Attention Notices which are taken up in the House will be relevant and permissible under rules. (Interruption)

ਸਿਖਿਆ ਮੰਤਰੀ : ਸਪੀਕਰ ਸਾਹਿਬ, ਅੱਜ ਤੁਸੀਂ ਕਾਫ਼ੀ ਕਾਲ ਅਟੈਨਸ਼ਨ ਮੋਸ਼ਨਾ ਦੀ ਇਜਾਜ਼ਤ ਦੇ ਦਿਤੀ ਹੈ, ਮੇਰਾ ਖਿਆਲ ਹੈ ਕਿ ਅਗੇ ਵਾਸਤੇ ਕੋਟਾ ਫ਼ਿਕਸ ਕਰ ਲਉ ।

ਸ੍ਰੀ ਸਪੀਕਰ : ਜਿੰਨਾ ਚਿਰ ਕੁਐਸਚਨ ਨਹੀਂ ਆਉਂਦੇ ਉਤਨੀ ਦੇਰ ਮੇਰਾ ਖਿਆਲ ਹੈ ਕਿ ਜੇ ਕਾਲ ਅਟੈਨਸ਼ਨ ਮੋਸ਼ਨਾਂ ਦਾ ਸਕੋਪ ਵਾਈਡ ਹੋ ਜਾਵੇ ਤਾਂ ਠੀਕ ਰਹੇਗਾ । (ਵਿਘਨ) ਪਾਰਟੀ ਸਟਰੈਂਥ ਦੇ ਮੁਤਾਬਕ ਮੇਰਾ ਖਿਆਲ ਹੈ ਕਿ ਕਾਂਗਰਸ ਪਾਰਟੀ ਵਲੋਂ 5 ਅਕਾਲੀ ਪਾਰਟੀ ਵਲੋਂ 3 ਅਤੇ ਕਮਿਊਨਿਸਟ ਪਾਰਟੀ ਵਲੋਂ 2 ਕਾਲ ਅਟੈਨਸ਼ਨ ਮੋਸ਼ਨਾਂ ਆਉਣੀਆਂ ਚਾਹੀਦੀਆਂ ਹਨ । (ਵਿਘਨ) (Till the questions come in the House, I think it would be better if we enlarge the scope of the Call Attention Notices. (Interruption) According to the strength of the parties, I think the Congress Party may take 5 Call Attention Notices, Akali Party three and the Comunist Party two.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਜੇ ਇਹ ਫ਼ੈਸਲਾ ਤੁਹਾਡੇ ਚੈਂਬਰ ਵਿਚ ਕਰ ਲਈਏ ਤਾਂ ਠੀਕ ਰਹੇਗਾ ।

ਸ੍ਰੀ ਸਪੀਕਰ ; ਠੀਕ ਹੈ ਜੀ, ਚੈਂਬਰ ਵਿਚ ਕਰ ਲਵਾਂਗੇ । (ਵਿਘਨ) (All right, it may be decided in my Chamber.) (Interuption)

ELECTION OF DEPUTY SPEAKER

ਮੁੱਖ ਮੰਤਰੀ : (ਗਿਆਨੀ ਜ਼ੈਲ ਸਿੰਘ) ਸਨਮਾਨ ਯੋਗ ਸਪੀਕਰ ਸਾਹਿਬ, ਮੈਂ ਪ੍ਰਸਤਾਵ ਕਰਦਾ ਹਾਂ ਕਿ ਡਾਕਟਰ ਕੇਵਲ ਕ੍ਰਿਸ਼ਨ, ਪੰਜਾਬ ਵਿਧਾਨ ਸਭਾ ਦੇ ਮੈਂਬਰ ਜੋ ਇਸ ਵੇਲੇ ਹਾਊਸ ਵਿਚ ਹਾਜ਼ਰ ਹਨ, ਇਸ ਸਦਨ ਦੇ ਡਿਪਟੀ ਸਪੀਕਰ ਚੁਣੇ ਜਾਣ । (ਤਾੜੀਆਂ) (ਪ੍ਰਸ਼ੰਸਾ) ।

ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ : ਸਪੀਕਰ ਸਾਹਿਬ, ਮੈਂ ਇਸ ਮੋਸ਼ਨ ਦੀ ਜੋ ਡਾਕਟਰ ਕੇਵਲ ਕ੍ਰਿਸ਼ਨ, ਜੋ ਇਸ ਵਿਧਾਨ ਸਭਾ ਦੇ ਮੈਂਬਰ ਹਨ, ਦੇ ਡਿਪਟੀ ਸਪੀਕਰ ਚੁਣੇ ਜਾਣ ਲਈ ਪੇਸ਼ ਕੀਤੀ ਗਈ ਹੈ, ਦੀ ਤਾਈਦ ਕਰਦਾ ਹਾਂ (ਤਾੜੀਆਂ)

Mr. Speaker : Motion moved and seconded is

That Dr. Kewal Krishan, a Member of the Punjab Legislative Assembly, who is present in the House, be elected as Deputy Speaker, of the House.

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਮੈਂ ਪ੍ਰੋਪੋਜ਼ ਕਰਨ ਵਾਸਤੇ ਖੜਾ ਹੋਇਆ ਹਾਂ। (ਵਿਘਨ) ਸਪੀਕਰ ਸਾਹਿਬ ਮੈਂ ਗਿਆਨੀ ਅਰਜਨ ਸਿੰਘ ਜੀ ਦਾ ਨਾਮ ਡਿਪਟੀ ਸਪੀਕਰ ਦੀ ਪੋਸਟ ਵਾਸਤੇ ਤਜਵੀਜ਼ ਕਰਦਾ ਹਾਂ । (ਅਪੋਜ਼ੀਸ਼ਨ ਬੈਂਚਾਂ ਵਲੋਂ ਤਾੜੀਆਂ

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਗਿਆਨੀ ਅਰਜਨ ਸਿੰਘ ਦੇ ਨਾਉਂ ਦੀ ਤਜਵੀਜ ਕਰਦਾ ਹਾਂ। (ਵਿਘਨ) (ਸ਼ੋਰ) ਮੈਂ ਤਾਈਦ ਕਰਦਾ ਹਾਂ ਕਿ ਗਿਆਨੀ ਅਰਜਨ ਸਿੰਘ ਨੂੰ ਇਸ ਸਭਾ ਦਾ ਡਿਪਟੀ ਸਪੀਕਰ ਬਣਾਇਆ ਜਾਵੇ ।

ਵਿਕਾਸ ਮੰਤਰੀ (ਕੈਪਟਨ ਰਤਨ ਸਿੰਘ) : ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਹ ਜਿਹੜੀ ਤਜਵੀਜ਼ ਪਰਲੇ ਪਾਸਿਉਂ (ਅਪੋਜ਼ੀਸ਼ਨ ਬੈਂਚਾਂ ਵਲੋਂ ਇਸ਼ਾਰਾ ਕਰਦੇ ਹੋਏ) ਆਈ ਹੈ, ਇਹ ਪਰਾਪਰ ਫਾਰਮ ਵਿਚ ਨਹੀਂ ਆਈ ਇਸ ਕਰਕੇ ਇਹ ਤਜਵੀਜ਼ ਨਹੀਂ ਮੰਨਣੀ ਚਾਹੀਦੀ (ਵਿਘਨ)

ਸ੍ਰੀ ਸਪੀਕਰ : ਕੈਪਟਨ ਸਾਹਿਬ, ਤੁਹਾਡੀ ਇਹ ਗਲ ਠੀਕ ਹੈ (ਵਿਘਨ) ਇਹ ਆਪਣੀ ਤਜਵੀਜ਼ ਅਮੈਂਡ ਕਰਕੇ ਪ੍ਰਾਪਰ ਫਾਰਮ ਵਿਚ ਲਿਆਉਣ । (ਤਾੜੀਆਂ) (I agree with the hon. Minister, Captain Rattan Singh. They should amend their proposal and bring it in a proper form. (Thumping)

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਮੈਂ, ਗਿਆਨੀ ਅਰਜਨ ਸਿੰਘ ਜੋ ਇਸ ਵਿਧਾਨ ਸਭਾ ਦੇ ਮੈਂਬਰ ਹਨ ਔਰ ਇਸ ਵੇਲੇ ਹਾਊਸ ਵਿਚ ਹਾਜ਼ਰ ਹਨ, ਨੂੰ ਡਿਪਟੀ ਸਪੀਕਰ ਦੀ ਪੋਸਟ ਲਈ ਤਜਵੀਜ਼ ਕਰਦਾ ਹਾਂ ਅਤੇ ਮੈਂ ਇਹ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਨੂੰ ਡਿਪਟੀ ਸਪੀਕਰ ਬਣਾਇਆ ਜਾਵੇ । (ਵਿਘਨ) (ਅਵਾਜ਼ਾਂ ਹਾਲੀ ਵੀ ਠੀਕ ਨਹੀਂ ਮੋਸ਼ਨ) (ਵਿਘਨ) ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਇਸ ਗਲ ਦੀ ਤਾਈਦ ਕਰਦਾ ਹਾਂ ਕਿ ਗਿਆਨੀ ਅਰਜਨ ਸਿੰਘ ਨੂੰ ਇਸ ਸਦਨ ਦਾ ਡਿਪਟੀ ਸਪੀਕਰ ਚੁਣਿਆ ਜਾਵੇ । (ਵਿਘਨ)

Mr Speaker : Is there any more proposal please *(Interruption)*

ਮੈਂ ਪਹਿਲਾਂ ਡਾਕਟਰ ਕੇਵਲ ਕ੍ਰਿਸ਼ਨ ਜੀ ਦਾ ਨਾਮ ਪੁਟ ਕਰਦਾ ਹਾਂ। (Is there any more proposal, please ? *(Interruption)* First I put the name of Doctor Kewal Krishan to the vote of the House.)

Mr. Speaker : Quest on is—

That Dr. Kewal Krishan, a Member of the Punjab Legislative Assembly who is present in the House, be elected as Deputy Speaker of the House.

The Motion was carried

Mr. Speaker : Dr. Kewal Krishan is declared elected as Deputy Speaker of this House.

The other motion will not be put to the vote of the House.

(Thumping from the Treasury Benches)

(ਸ੍ਰੀ ਸਪੀਕਰ)

(ਇਸ ਵਕਤ ਮੁੱਖ ਮੰਤਰੀ ਜੀ ਅਤੇ ਵਿਕਾਸ ਮੰਤਰੀ ਜੀ ਆਪਣੀਆਂ ਸੀਟਾਂ ਤੋਂ ਉਠ ਕੇ ਡਾਕਟਰ ਕੇਵਲ ਕ੍ਰਿਸ਼ਨ ਜੀ ਦੀ ਸੀਟ ਵਲ ਗਏ ਅਤੇ ਉਨ੍ਹਾਂ ਨੂੰ ਆਪਣੀ ਸੀਟ ਤੋਂ ਉਠਾ ਕੇ ਡਿਪਟੀ ਸਪੀਕਰ ਦੀ ਸੀਟ ਤੇ ਬਿਰਾਜਮਾਨ ਕਰਵਾਉਣ ਲਈ ਲਿਆਂਦਾ) (ਤਾੜੀਆਂ) ਪ੍ਰਸ਼ੰਸਾ)
(ਇਸ ਵਕਤ ਡਾਕਟਰ ਕੇਵਲ ਕ੍ਰਿਸ਼ਨ ਜੀ ਡਿਪਟੀ ਸਪੀਕਰ ਦੀ ਸੀਟ ਤੇ ਬਿਰਾਜਮਾਨ ਹੋਏ)
(ਤਾੜੀਆਂ) (ਥੰਪਿੰਗ)

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) : ਸਨਮਾਨ ਯੋਗ ਸਪੀਕਰ ਸਾਹਿਬ, ਡਾਕਟਰ ਕੇਵਲ ਕ੍ਰਿਸ਼ਨ ਜੀ ਸਾਡੇ ਇਸ ਹਾਊਸ ਦੇ ਪਹਿਲਾਂ ਵੀ ਮੈਂਬਰ ਰਹਿ ਚੁਕੇ ਹਨ। ਉਹ ਇਕ ਲੋਕ ਸੇਵਕ ਤੇ ਸਮਾਜਵਾਦ ਦੇ ਸੁਨਿਹਰੀ ਅਸੂਲਾਂ ਤੇ ਚਲਣ ਵਾਲੇ ਮਨੁੱਖ ਹਨ । ਉਨ੍ਹਾਂ ਨੇ ਆਪਣੇ ਜੀਵਨ ਵਿਚ ਪੰਜਾਬ ਦੇ ਲੋਕਾਂ ਦਾ ਖਾਸ ਕਰਕੇ ਪਛੜੇ ਹੋਏ ਲੋਕਾਂ ਦੀ ਅਥਾਹ ਸੇਵਾ ਕੀਤੀ ਹੈ ਔਰ ਉਨ੍ਹਾਂ ਦੀ ਇਸ ਸੇਵਾ ਦੇ ਬਦਲੇ ਹੀ ਲੋਕਾਂ ਨੇ ਉਨ੍ਹਾਂ ਨੂੰ ਦੋ ਵਾਰੀ ਸਨਮਾਨ ਨਾਲ ਚੁਣ ਕੇ ਇਥੇ ਭੇਜਿਆ ਹੈ । ਡਾਕਟਰ ਕੇਵਲ ਕ੍ਰਿਸ਼ਨ ਜੀ ਇਕ ਕੁਆਲੀਫਾਈਡ ਔਰ ਇਕ ਵਿਦਵਾਨ ਸਜਣ ਹਨ । ਉਨ੍ਹਾਂ ਦਾ ਦਿਲੋ-ਦਿਮਾਗ ਫਿਰਕਾਦਾਰੀ ਦੇ ਖਿਲਾਫ ਔਰ ਨੈਸ਼ਨੇਲਿਜ਼ਮ ਦੇ ਨਾਲ ਭਰਪੂਰ ਹੈ। ਇਕ ਐਸੇ ਦੇਸ਼ ਭਗਤ ਨੂੰ ਅਸੀਂ ਡਿਪਟੀ ਸਪੀਕਰ ਦੇ ਔਹਦੇ ਤੇ ਬਿਠਾਣ ਲਗੇ ਹਾਂ ਜਿਸ ਨਾਲ ਕਿ ਇਸ ਹਾਊਸ ਦਾ ਮਾਣ ਹੋਵੇਗਾ । ਸਪੀਕਰ ਸਾਹਿਬ, ਮੈਂ ਮਹਿਸੂਸ ਕਰਦਾ ਹਾਂ ਜਿਸ ਤਰ੍ਹਾਂ ਤੁਸੀਂ ਸ਼ਾਨਦਾਰ ਰਵਾਇਤਾਂ ਦੇ ਮੁਤਾਬਿਕ ਇਸ ਹਾਊਸ ਨੂੰ ਚਲਾਇਆ ਹੈ ਔਰ ਚਲਾ ਰਹੇ ਹੋ ਉਸੇ ਤਰ੍ਹਾਂ ਮੈਨੂੰ ਇਸ ਗੱਲ ਦੀ ਵੀ ਪੂਰੀ ਆਸ ਹੈ ਕਿ ਡਿਪਟੀ ਸਪੀਕਰ ਸਾਹਿਬ ਵੀ ਉਸੇ ਤਰ੍ਹਾਂ ਸ਼ਾਨਦਾਰ ਰਵਾਇਤਾਂ ਨੂੰ ਕਾਇਮ ਰਖਦੇ ਹੋਏ ਇਸ ਹਾਓਸ ਦੀ ਸ਼ਾਨ ਨੂੰ ਬਰਕਰਾਰ ਰਖਣਗੇ । ਜੈ ਹਿੰਦ

ਸਰਦਾਰ ਜਸਵਿੰਦਰ ਸਿੰਘ ਬਰਾੜ (ਕੋਟਕਪੂਰਾ) । ਸਪੀਕਰ ਸਾਹਿਬ, ਮੈਂ ਡਾਕਟਰ ਸਾਹਿਬ ਦੇ ਡਿਪਟੀ ਸਪੀਕਰ ਚੁਣੇ ਜਾਣ ਤੇ ਆਪਣੇ ਹਿਰਦੇ ਦੀ ਤਹਿ ਤੋਂ ਵਧਾਈ ਦਿੰਦਾ ਹਾਂ ਔਰ ਨਾਲ ਦੀ ਨਾਲ ਬੇਨਤੀ ਕਰਦਾ ਹਾਂ ਸਪੀਕਰ ਸਾਹਿਬ, ਜਿਸ ਤਰ੍ਹਾਂ ਤੁਸੀਂ ਇਸ ਮੁਤਬਰਕ ਕੁਰਸੀ ਦੀ ਹੁਣ ਤਾਈਂ ਦੋ ਵਾਰ ਇਜ਼ਤ ਰਖੀ ਹੈ ਇਸੇ ਤਰ੍ਹਾਂ ਡਾਕਟਰ ਸਾਹਿਬ ਵੀ ਨਿਰਪਖਤਾ ਦੇ ਨਾਲ ਅਤੇ ਕਿਸੇ ਪਾਰਟੀ ਦੇ ਨਾਲ ਅਨਿਆਇ ਨਹੀਂ ਕਰਨਗੇ । ਹਰ ਮਸਲੇ ਨੂੰ ਨਿਰਪਖਤਾ ਦੇ ਨਾਲ ਸੁਲਝਾਉਣ ਦੀ ਇਸ ਹਾਊਸ ਵਿਚ ਕੋਸ਼ਿਸ਼ ਕਰਨਗੇ । ਨਾਲ ਹੀ ਨਾਲ ਮੈਂ ਆਪਣੇ ਬਜ਼ੁਰਗ ਨੇਤਾ ਗਿਆਨੀ ਜੀ ਅਤੇ ਉਨ੍ਹਾਂ ਦੇ ਸਜਨਾਂ ਨੂੰ ਬੇਨਤੀ ਕਰਦਾ ਹਾਂ ਕਿ ਲੋਕ ਰਾਜ ਦੀ ਚੰਗੀ ਰਿਵਾਇਤ ਹੁੰਦੀ ਜੇ ਇਸ ਹਾਊਸ ਦੀ ਡਿਪਟੀ ਸਪੀਕਰੀ ਵਾਸਤੇ ਕਿਸੇ ਆਪੋਜ਼ੀਸ਼ਨ ਦੇ ਨੁਮਾਇੰਦੇ ਨੂੰ ਚੁਣਿਆ ਜਾਂਦਾ । ਲੇਕਿਨ ਡਾਕਟਰ ਸਾਹਿਬ ਦੇ ਚੁਣੇ ਜਾਣ ਨਾਲ ਮੈਂ ਸਮਝਦਾ ਹਾਂ ਕਿ ਆਪੋਜ਼ੀਸ਼ਨ ਪਾਰਟੀਆਂ ਵੀ ਸੰਤੁਸ਼ਟ ਹਨ। (ਥੰਪਿੰਗ) ਡਾਕਟਰ ਸਾਹਿਬ, ਬੜੇ ਸੁਲਝੇ ਸੁਚੱਜੇ, ਪੜ੍ਹੇ ਲਿਖੇ ਤੇ ਨਿਆਇ ਦੇਣ ਵਾਲੇ ਵਿਅਕਤੀ ਨੇ ਦੋ ਵਾਰੀ ਉਨ੍ਹਾਂ ਦੀ ਬਾਬਤ ਜੋ ਕੁਝ ਮੈਂ ਅਖਬਾਰਾਂ ਵਿਚ ਪੜ੍ਹਿਆ ਹੈ ਜਾਂ ਜੋ ਮੈਨੂੰ ਉਨ੍ਹਾਂ ਦੀ ਬਾਬਤ ਵਾਕਫੀਅਤ ਹੈ, ਮੈਂ ਮਹਿਸੂਸ ਕਰਦਾ ਹਾਂ ਕਿ ਜੋ ਹਾਊਸ ਦੀਆਂ ਰਿਵਾਇਤਾਂ ਹਨ ਉਨ੍ਹਾਂ ਨੂੰ ਡਾਕਟਰ ਸਾਹਿਬ ਚੰਗੀ ਤਰ੍ਹਾਂ ਪੂਰਾ ਕਰਨਗੇ ਅਰ ਨਿਰਪਖਤਾ ਨਾਲ ਹਾਊਸ ਦਾ ਜੋ ਕਾਰੋਬਾਰ ਹੈ ਉਸ ਨੂੰ ਚਲਾਉਣਗੇ ।

ਮੈਂ ਆਪਣੀ ਵਧਾਈ ਸਮਾਪਤ ਕਰਨ ਤੋਂ ਪਹਿਲਾਂ ਚਿਤਾਵਨੀ ਦਿੰਦਾ ਹਾਂ, ਪ੍ਰੇਰਨਾ ਕਰਦਾ ਹਾਂ ਕਿ ਡਾਕਟਰ ਸਾਹਿਬ ਇਹ ਕੁਰਸੀ ਜਿਥੇ ਤੁਸੀਂ ਬੈਠੇ ਹੋ ਇਸ ਦਾ ਸਨਮਾਨ ਆਦਰ ਜਿਸ ਤਰ੍ਹਾਂ ਸਪੀਕਰ ਸਾਹਿਬ ਨੇ ਪਹਿਲਾਂ ਰਖਿਆ ਹੈ, ਮੇਰੇ ਖਿਆਲ ਅਨੁਸਾਰ ਤੁਸੀਂ ਵੀ ਉਸ ਤਰ੍ਹਾਂ ਰੱਖਣ ਦਾ ਯਤਨ ਕਰੋਗੇ ਇਨ੍ਹਾਂ ਗਲਾਂ ਤੋਂ ਬਾਅਦ ਔਰ ਵਧਾਈ ਦੇਣ ਤੋਂ ਬਾਅਦ ਇਕ ਵਾਰ ਫਿਰ ਵਧਾਈ ਦਿੰਦਾ ਹਾਂ ਕਿ ਜੋ ਤੁਸੀਂ ਇਸ ਕੁਰਸੀ ਤੇ ਬਿਰਾਜਮਾਨ ਹੋਣ ਲਈ ਚੁਣੇ ਗਏ ਹੋ ।

ਕਾਮਰੇਡ **ਸ਼ਮਸ਼ੇਰ ਸਿੰਘ ਜੋਸ਼** (ਖਰੜ) : ਮਾਨਯੋਗ ਸਪੀਕਰ ਸਾਹਿਬ, ਮੈਂ ਡਾਕਟਰ ਸਾਹਿਬ ਨੂੰ ਉਨ੍ਹਾਂ ਦੇ ਇਸ ਉਹਦੇ ਤੇ ਚੁਣੇ ਜਾਣ ਉਤੇ ਆਪਣੀ ਪਾਰਟੀ ਵਲੋਂ ਵਧਾਈ ਦੇਣ ਲਈ ਖੜਾ ਹੋਇਆਂ ਹਾਂ । ਸਪੀਕਰ ਸਾਹਿਬ ਤੁਹਾਡੇ ਓਹਦੇ ਅਤੇ ਡਿਪਟੀ ਸਪੀਕਰ ਸਾਹਿਬ ਦੇ ਓਹਦੇ ਦੀ ਜਮਹੂਰੀਅਤ ਦੀ ਲੋਕਤੰਤਰ ਦੀ ਬਣਤਰ ਵਿਚ ਬੜੀ ਵਿਸ਼ੇਸ਼ ਥਾਂ ਹੈ ਔਰ ਇਨ੍ਹਾਂ ਉਤੇ ਜੋ ਵੀ ਸੱਜਨ ਬ੍ਰਾਜਮਾਨ ਹੁੰਦੇ ਹਨ ਜਮਹੂਰੀਅਤ ਦੇ ਗਡੇ ਨੂੰ ਅਗੇ ਲਿਜਾਣ ਵਿਚ ਔਰ ਇਸ ਸਦਨ ਦੀ ਕਾਰਵਾਈ ਚਲਾਉਣ ਵਿਚ ਪੂਰਾ ਹੱਥ ਹੁੰਦਾ ਹੈ । ਸਪੀਕਰ ਸਾਹਿਬ ਇਨ੍ਹਾਂ ਦੇ ਹਰਮਨ ਪਿਆਰੇ ਹੋਣ ਦਾ ਇਹ ਸਬੂਤ ਹੈ ਕਿ ਉਹ ਦੂਜੀ ਵੇਰ ਇਸ ਸਦਨ ਦੇ ਮੈਂਬਰ ਚੁਣੇ ਗਏ ਹਨ ਔਰ ਬੜੀ ਵਡੀ ਗਿਣਤੀ ਦੇ ਨਾਲ ਜਿਤ ਕੇ ਆਏ ਹਨ । ਅਤੇ ਇਹੋ ਜਿਹੇ ਹੱਥਾਂ ਦੇ ਵਿਚ ਜਿਨ੍ਹਾਂ ਇਲਕਟੋਰੇਟਾਂ ਨੇ ਆਪਣੀ ਬਾਗ ਡੋਰ ਬੜੀ ਵਡੀ ਗਿਣਤੀ ਨਾਲ ਦੇ ਕੇ ਫੈਸਲਾ ਕੀਤਾ ਹੈ ਔਰ ਇਨ੍ਹਾਂ ਦਾ ਡਿਪਟੀ ਸਪੀਕਰ ਚੁਣਿਆ ਜਾਣਾ ਬੜੀ ਮਾਣ ਅਤੇ ਗੌਰਵ ਵਾਲੀ ਗਲ ਹੈ । ਸਪੀਕਰ ਸਾਹਿਬ ਮੈਂ ਇਨ੍ਹਾਂ ਨੂੰ ਵਧਾਈ ਇਸ ਪੱਖੋਂ ਵੀ ਦਿੰਦਾ ਹਾਂ ਕਿ ਸਾਡਾ ਰੋਪੜ ਦਾ ਜ਼ਿਲ੍ਹਾ ਹੁਸ਼ਿਆਰਪੁਰ ਦਾ ਜ਼ਿਲ੍ਹਾ ਅਤੇ ਗੁਰਦਾਸਪੁਰ ਦਾ ਜ਼ਿਲ੍ਹਾ ਇਹ ਪਛੜੇ ਹੋਏ ਜ਼ਿਲ੍ਹੇ ਹਨ ਅਤੇ ਉਹ ਕੰਡੀ ਦੇ ਜ਼ਿਲ੍ਹੇ ਹਨ ਔਰ ਇਹ ਉਨ੍ਹਾਂ ਜ਼ਿਲ੍ਹਿਆਂ ਦੇ ਪ੍ਰਤਿਨਿਧ ਹਨ । ਮੈਂ ਸਮਝਦਾ ਹਾਂ ਕਿ ਇਨ੍ਹਾਂ ਦੇ ਡਿਪਟੀ ਸਪੀਕਰ ਚੁਣੇ ਜਾਣ ਨਾਲ ਉਨ੍ਹਾਂ ਪਛੜੇ ਹੋਏ ਜ਼ਿਲ੍ਹਿਆਂ ਨੂੰ ਪ੍ਰਤਿਨਿਧਤਾ ਮਿਲੀ ਹੈ ਔਰ ਉਨ੍ਹਾਂ ਪਛੜਿਆਂ ਜ਼ਿਲ੍ਹਿਆਂ ਨੂੰ ਇਹ ਵਿਸ਼ਵਾਸ ਹੋ ਗਿਆ ਹੈ ਕਿ ਉਨ੍ਹਾਂ ਨੂੰ ਸਦਨ ਦੇ ਵਿਚ ਯੋਗ ਥਾਂ ਦਿਤੀ ਜਾਵੇਗੀ । ਔਰ ਯੋਗ ਮਾਣ ਦਿਤਾ ਜਾਵੇਗਾ । ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਉਨ੍ਹਾਂ ਨੂੰ ਮੁੜ ਕੇ ਇਸ ਉਚੀ ਪਦਵੀ ਤੇ ਚੁਣੇ ਜਾਣ ਦੀ ਵਧਾਈ ਆਪਣੀ ਪਾਰਟੀ ਵਲੋਂ ਪੇਸ਼ ਕਰਦਾ ਹਾਂ ।

ਸ੍ਰੀ ਸਪੀਕਰ : ਮੈਂ ਡਾਕਟਰ ਸਾਹਿਬ ਨੂੰ ਇਸ ਮਹਾਨ ਪਦਵੀ ਉਤੇ ਚੁਣੇ ਜਾਣ ਦੀ ਹਾਰਦਿਕ ਵਧਾਈ ਪੇਸ਼ ਕਰਦਾ ਹਾਂ । ਪਿਛਲੇ ਹਾਉਸ ਵਿਚ ਜਿਸ ਸੁਚੱਜੇ ਢੰਗ ਦੇ ਨਾਲ ਜਿਸ ਮੇਹਨਤ ਅੰਰ ਲਗਨ ਦੇ ਨਾਲ ਇਨ੍ਹਾਂ ਆਪਣੇ ਇਲਾਕੇ ਦੀਆਂ ਸਮਸਿਆਵਾਂ, ਸੁਆਲਾਂ ਰਾਹੀਂ, ਕਾਲ-ਅਟੈਨਸ਼ਨਾ ਰਾਹੀਂ ਜਾਂ ਹੋਰ ਆਪਣੀ ਹਾਉਸ ਵਿਚ ਬਹਿਸ ਦੇ ਦੌਰਾਨ ਲਿਆਂਦੀਆਂ ਨੇ ਔਰ ਜਿਸ ਸੰਜੀਦਗੀ ਔਰ ਸਿਆਣਪ ਦੇ ਨਾਲ ਬਹਿਸ ਵਿਚ ਹਿਸਾ ਲੈਂਦੇ ਰਹੇ ਹਨ, ਅੱਜ ਜਿਹੜਾ ਸਦਨ ਨੇ ਉਨ੍ਹਾਂ ਨੂੰ ਮਹਾਨ ਮਾਣ ਦਿਤਾ ਹੈ, ਮੈਂ ਸਮਝਦਾ ਹਾਂ ਕਿ ਇਹ ਉਨ੍ਹਾਂ ਦੇ ਬਿਲਕੁਲ ਅਨੁਕੂਲ ਹੈ । ਜਿਸ ਸਿਆਣੇ ਢੰਗ ਨਾਲ ਇਸ ਸਦਨ ਦੀ ਉਹ ਬਤੌਰ ਮੈਂਬਰ ਸੇਵਾ ਕਰਦੇ ਰਹੇ ਹਨ ਮੈਨੂੰ ਪੂਰਣ ਆਸ ਹੈ ਕਿ ਉਹ ਇਸ ਮਹਾਨ ਗੱਦੀ ਉਤੇ ਬੈਠ ਕੇ ਆਪਣੇ ਫ਼ਰਜ਼ ਨੂੰ ਪੂਰਾ ਕਰਨਗੇ । ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਡਾਕਟਰ ਸਾਹਿਬ ਨੂੰ ਹਾਰਦਿਕ ਵਧਾਈ ਪੇਸ਼ ਕਰਦਾ ਹਾਂ । (I heartily congratulate Doctor Sahib on his election to this exalted position. He

[ਸ਼੍ਰੀ ਸਪੀਕਰ]

raised the problems of the people of his constituency in a very commendable manner in the House through Questions, Call Attention Notices and speeches etc. during the tenure of last Assembly. He fully deserves the great honour conferred on him by the House to-day. He has been ably performing his duties as a Member of this House and I am confident that he will perform his duties equally successfully from this Chair. With these words I congratulate Doctor Sahib.)

ਸ਼੍ਰੀ ਡਿਪਟੀ ਸਪੀਕਰ(ਡਾਕਟਰ ਕੇਵਲ ਕ੍ਰਿਸ਼ਨ ਮੁਕੇਰੀਆਂ) : ਮਾਨਯੋਗ ਸਪੀਕਰ, ਸਾਹਿਬ ਅੱਜ ਹਾਊਸ ਦੇ ਨੇਤਾ ਨੇ ਔਰ, ਸਾਰੇ ਹਾਊਸ ਨੇ ਜਿਸ ਸਦਨ ਦੀ ਕੁਰਸੀ ਤੇ ਬਿਠਾਇਆ ਹੈ, ਮੈਂ ਸਾਰੇ ਹਾਊਸ ਦਾ ਰ.ਲੀਡਰ ਆਫ ਦੀ ਹਾਊਸ ਦਾ ਅਤੇ ਹੋਰ ਸਾਰੇ ਸਾਥੀਆਂ ਦਾ ਹਾਰਦਿਕ ਧੰਨਵਾਦ ਕਰਦਾ ਹਾਂ। ਮੈਂ ਵਿਸ਼ਵਾਸ ਦਿਲਾਉਂਦਾ ਹਾ ਕਿ ਜਿਸ ਫਰਜ਼ ਨੂੰ ਪੂਰਾ ਕਰਨ ਵਾਸਤੇ ਤੁਸੀਂ ਮੈਨੂੰ ਇਸ ਥਾਂ ਤੇ ਬਿਠਾਇਆ ਹੈ ਮੈਂ ਇਸ ਫਰਜ਼ ਦੀ ਸਾਰਿਆਂ ਦੇ ਸਹਿਯੋਗ ਨਾਲ ਪੂਰੀ ਪੂਰੀ ਅਦਾਇਗੀ ਕਰਾਂਗਾ। ਮੈਨੂੰ ਅੱਛੀ ਤਰ੍ਹਾਂ ਇਹਸਾਸ ਹੈ ਕਿ ਇਸ ਸਦਨ ਦੇ ਸਾਰੇ ਆਨਰੇਬਲ ਮੈਂਬਰ ਸਾਹਿਬਾਨ ਸਾਰੇ ਪੰਜਾਬ ਦੀ ਆਤਮਾ ਹਨ ਔਰ ਇਨ੍ਹਾਂ ਦੀ ਆਵਾਜ਼ ਸਾਰੇ ਪੰਜਾਬ ਦੀ ਆਵਾਜ਼ ਹੈ। ਇਹ ਹਰ ਹਲਕੇ ਵਿਚੋਂ ਹਜ਼ਾਰਾਂ ਵੋਟਾਂ ਲੈ ਕੇ ਚੁਣੇ ਹੋਏ ਹਨ ਅਤੇ ਇਹ ਸਾਰੇ ਪੰਜਾਬ ਦੇ ਪ੍ਰਤਿਨਿਧ ਹਨ ਔਰ ਇਨ੍ਹਾਂ ਦੀ ਆਵਾਜ਼ ਪੰਜਾਬ ਦੀ ਗਰੀਬੀ ਹਟਾਉਣ ਦੀ ਮੁਹਿਮ ਔਰ ਪੰਜਾਬ ਦੇ ਲੋਕਾਂ ਨਾਲ ਜੋ ਅਨਿਆਇ ਹੋ ਰਿਹਾ ਹੈ ਉਹ ਜਜ਼ਬਾਤ ਇਨਾਂ ਵਿਚ ਮੌਜੂਦ ਹਨ। ਉਨ੍ਹਾਂ ਦੀ ਆਵਾਜ਼ ਇਸ ਸਦਨ ਵਿਚ ਪੂਰੀ ਤਰ੍ਹਾਂ ਸੁਣੀ ਜਾਵੇਗੀ ਔਰ ਉਸ ਆਵਾਜ਼ ਦਾ ਸਾਡੀ ਸਰਕਾਰ ਉਤੇ ਅਛਾ ਅਸਰ ਹੋਵੇਗਾ ਔਰ ਆਉਣ ਵਾਲੇ ਪੰਜ ਸਾਲਾਂ ਵਿਚ ਲੋਕਾਂ ਨੂੰ ਰਾਹਤ ਮਿਲੇਗੀ। ਮੈਨੂੰ ਆਸ ਹੈ ਕਿ ਮੈਂ ਆਪਣਾ ਫਰਜ਼ ਸਾਰੇ ਸਾਥੀਆਂ ਦੇ ਸਹਿਯੋਗ ਨਾਲ ਪੂਰੀ ਤਰ੍ਹਾਂ ਨਿਭਾ ਸਕਾਂਗਾ। ਮੈਂ ਮੁੜ ਕੇ ਸਾਰੇ ਹਾਊਸ ਅਤੇ ਅਪੋਜੀਸ਼ਨ ਦੇ ਮੈਂਬਰਾਂ ਦਾ ਧੰਨਵਾਦ ਕਰਦਾ ਹਾਂ।

ਸ਼੍ਰੀ ਸਪੀਕਰ : ਹੁਣ ਹਾਊਸ ਵੋਟ ਆਨ ਐਕਾਊਂਟ ਅਤੇ ਸਪਲੀਮੈਂਟਰੀ ਐਸਟੀਮੇਟਸ ਟੇਕਅਪ ਕਰੇਗਾ। ਮੈਂ ਸ਼ਬੰਧਤ ਵਜ਼ੀਰ ਸਾਹਿਬ ਨੂੰ ਬੇਨਤੀ ਕਰਾਂਗਾਂ ਕਿ ਉਹ ਦਸ ਦੇਣ ਕਿ ਜਵਾਬ ਦੇਣ ਲਈ ਕਿੰਨਾ ਟਾਇਮ ਲੈਣਗੇ ? (Now the House will take up the Vote on Account Budget and the Supplementary Estimates. I would request the concerned Minister to please let me know, the time he will take for replying to the debate.)

ਵਿੱਤ ਮੰਤਰੀ : ਮੇਰਾ ਖ਼ਿਆਲ ਹੈ ਕਿ ਦੋਵਾਂ ਆਈਟਮਾਂ ਵਾਸਤੇ ਦਸ ਦਸ ਮਿੰਟ ਹੀ ਬਹੁਤ ਹੋਣਗੇ।

ਸ਼੍ਰੀ ਸਪੀਕਰ : ਪੌਣੇ ਤਿੰਨ ਘੰਟੇ ਵੋਟ ਆਨ ਅਕਾਊਂਟ ਲਈ ਅਤੇ ਪੌਣਾ ਘੰਟਾ ਸਪਲੀਮੈਂਟਰੀ ਐਸਟੀਮੇਟਸ ਲਈ ਰਖ ਲੈਂਦੇ ਹਾਂ ਅਤੇ ਉਸ ਦੇ ਮੁਤਾਬਕ ਵਾਈਂਡ ਅਪ ਕਰ ਲਵਾਂਗੇ ...... (We may dispose of the Vote on Account Budget in two hours and three quarters of an hour and the Supplementary Estimates in three quarters of an hour. The proceedings will be regulated accordingly)

VOTE-ON-ACCOUNT BUDGET, 1972-73

Minister for Finance (Shri Hans Raj Sharma) : Sir, I beg to move —

That Vote-on-Account for three months (viz. April, May and June, 1972) amounting to Rs. 2,72,73,67,750 as in the attached schedule be taken into consideration at once and passed.

SCHEDULE

Demand	Heads of Accounts	Amount required on Account		
		Voted	*Charged*	Total
	EXPENDITURE MET FROM REVENUE			
	A—Collection of Taxes, Dutiee and other Principal Heads of Revenues	Rs.	Rs.	Rs.
1	9—Land Revenue ..	50,28,650	*17,650*	50,46,300
2	10—State Excise Duties ..	13,04,800	*5,000*	13,09,800
3	11—Taxes on Vehicles ..	2,39,900	...	2,39,900
4	12—Sales Tax ..	16,42,400	*2,500*	16,44,900
5	13—Other Taxes and Duties ..	8,24,000	*800*	8,24,800
6	14—Stamps ..	1,97,900	..	1,97,900
7	15—Registration Fees ..	13,900	..	13,900
	Total ..	92,51,550	*25,950*	92,77,500
	B—Debt Services			
	16—Interest on Debt and other Obligations ..	..	*6,33,87,000*	6,33,87,000
	Total ..	..	*6,33,87,000*	6,33,87,000
	C—Administrative Services			
8	18—Parliament, State and Union Territory Legislatures ..	12,11,900	*17,600*	12,29,500
9.	19—General Administration ..	1,41,48,500	*3,15,700*	1,44,64,200
10.	21—Administration of Justice ..	23,47,600	*6,51,600*	29,99,200
11.	22—Jails ..	33,77,500	..	33,77,500
12.	23—Police ..	2,66,83,400	*12,800*	2,66,96,200
13.	25—Supplies and Disposals ..	1,39,950	*2,500*	1,42,450
14.	26—Miscellaneous Departments ..	16,91,300	..	16,91,300
	Total ..	4,96,00,150	*10,00,200*	5,06,00,350

D—Social and Developmental Services

	(Minister for Finance)			
15	27—Scientific Departments	1,81,300	..	1,81,300
16	28—Education	8,90,59,900	14,95,200	9,05,45 100
17	29—Medical	1,53,65,800	..	1,53,65,800
18	30—Public Health	1,36,53,000	..	1,36,53,000
19	30—A Family Planning	43,72,200	..	43,72,200
20	31—Agriculture	2,17,26,500	..	2,17,26,500
21	33—Animal Husbandry	65,83,200	..	65,83,200
22	34—Co-operation	50,36,870	750	50,37,620
23	35—Industries	44,21,500	...	44,21,500
24	37—Community Development Projects, National Extension Services and Local Development Works ..	92,45,800	..	92,45,800
25	38—Labour and Employment ..	64,74,300	..	64,74,300
26	39—Miscellaneous, Social and Development Organisations. ..	19.90,100	..	19,90,100
	Total ..	17,81,10,470	*14,85,950*	17,95,96,420

E—Multipurpose River Schemes, Irrigation and Electricity Schemes

27	42—Multipurpose River Scheme—Working expenses ..	1,19,33,220	..	1,19,33,220
	Total	1,19,33,220	...	1,19,33,222

Demand number	Heads of Account	Amount required on account		
		Voted	*Charged*	Total
		Rs	Rs	Rs
28	43—Irrigation, Navigation, Embankment and Drainage Works (Commercial) 44—Irrigation, Navigation, Embankment and Drainage Works (Non-Commercial)	1,58.80 500	..	1,58,80,500
29	48—Capital Outlay on Irrigation, Navigation Embankment and Drainage Works ..	51,80,500	..	51,80,500
30	—Charges on Irrigation Establishment ..	93,23,700	..	93,23,700
	Total ..	3,03,84,700	..	3,03,84,700

F—Public Works (including Roads and Schemes of Miscellaneous Public Improvements

31	50—Public Works ..	3,88,79,000	*42,500*	3,89,21,500
32	Charges on Buildings and Roads Establishment ...	54,17,000	*12,500*	54,29,500
33	52—Capital Outlay on Public Works ..	7,92,500	..	7,72,500
	Total ..	4,50,88,500	*55,000*	4,51,43,500

Demand number	Heads of Account	Amount required on Account Voted	Charged	Total
	G—Transport and Communications (Other than Roads,)			
		Rs	Rs	Rs
34	57—Road and Water Transport Scheme ..	2,73,55,400	*20,000*	2,73,75,400
35	60—Capital Outlay on Road and Water Transport Schemes ..	12,50,000	...	12,50,000
	Total ..	2,86,05,400	*200,00*	2,86,25,400
	I—Miscellaneous			
36	64—Famine Relief ..	28,78,930	..	28,78,930
37	65—Pension and Other Retirement Benefits ..	68,33,480	*27,500*	68,60,980
38	67—Privy Purses and Allowances of Indian Rulers ..	1,63,200	..	1,63,200
39	68—Stationery and Printing ..	44,83,100	*51,700*	45,34,800
40	70—Forests ..	36,52,320	..	36,52,320
41	71—Miscellaneous ..	4,39,75,100	*1.320*	4,39,76,420
	Total ..	6,19,86,130	*80,520*	6,20,66,650
	J—Contribution and Miscellaneous Adjustments			
42	76—Other Miscellaneous Compensation and Assignments ..	46,370	..	46,370
	Total ..	46,370	..	46,370
	K—Extraordinary items			
43	78—Pre-partition Payments ..	500	..	500
	Total ..	500	..	500
	Total Revenue Expenditure ..	41,50,06,990	*6,60,54,620*	48,10,61,610
	Capital Accounts outside the Revenue Account			
44	95—Capital Outlay on Schemes of Agricultural Improvement and Research ..	15,64,240	..	15,64,240
45	96—Capital Outlay on Industrial and Economic Development ..	2,15,41,500	..	2,15,41,500
46	98—Capital Outlay on Multipurpose River Schemes ...	4,59,23,100	..	4,59,23,100

[Minister for Finance]

47	99—Capital Outlay on Irrigation, Navigation Embankment and Drainage Works (Commercial). ..	37,89,600	..	37,89,600
48	103—Capital Outlay on Public Works ..	3,47,41,000	*75,000*	3,48,16,000
49	109—Capital Outlay on other Works ..	1,87,800	..	1,87,800
50	114—Capital Outlay on Road and Water Transport Schemes ..	83,000	..	83,000
51	120—Payment of Commuted value of Pensions ..	75,000	..	75,000
52	124—Capital Outlay on Schemes of Government Trading ..	1,34,40,25,900	..	1,34,40,25,900
	Total Capital Account out side Revenue Account ..	1,45,19,31,140	*75,000*	1,45,20,06,140
	N—Public Debt			
	Public Debt ...	..	*60,00,00,000*	60,00,00,000
	Total Public Debt ..	..	*60,00,00,000*	60,00,00,000
	Q—Loans and Advances by the State, Union Territory Governments			
53	Loans to Local Funds—Private Parties, etc. Loans to Government Servants, etc.	19,43,00,000	..	19,43,00,000
	Total Q—Loans and Advances ..	19,43,00,000	..	19,43,00,000
	Grand Total ..	2,06,12,38,130	*66,61,29,620*	2,72,73,67,750

Mr. Speaker: Motion moved.

That Vote on Account for three months (viz., April, May and June, 1972) amounting to Rs. 2,72,73,67,750 as in the attached schedule be taken into consideration at once and passed.

SHEDULE

Demand number	Head of Accounts	Amount required on Account		
		Voted	Charged	Total
		Rs.	Rs.	Rs.
	EXPENDITURE MET FROM REVENUE			
	A—Collection of Taxes, Duties and other Principal Heads of Revenues			
1	9—Land Revenue	50,28,650	*17,650*	50,46,300
2	10—State Excise Duties	13,04,800	*5,000*	13,09,800
3	11—Taxes on Vehicles	2,39,900	..	2,39,900
4	12—Sales Tax	16,42,400	2,500	16,44,900
5	13—Other Taxes and Duties	8,24,000	800	8,24,800
6	14—Stamps	1,97,900	..	1,97,900
7	15—Registration Fees	13,900	..	13,900
	Toal	92,51,550	*25,950*	92,77,500

Demand number	Heads of Accounts	Amount required on Account: Voted	Charged	Total
		Rs	Rs	Rs
	B—Debt Services			
	16—Interest on Debt and other Obligations ..		*6,33,87,000*	6,33,87,000
	Total ..		*6,33,87,000*	6,33,87,000
	C—Administrative Services			
8	18—Parliament, State and Union Territory Legislatures ..	12,11,900	*17,600*	12,29,500
9	19—General Administration ..	1,41,48,500	*3,15,700*	1,44,64,200
10	21—Administration of Justice ..	23,47,600	*6,51,600*	29,99,200
11	22—Jails ..	33,77,500	..	33,77,500
12	23—Police ..	2,66,83,400	*12,800*	2,66,96,200
13	25—Supplies and Disposals ..	1,39,950	2,500	1,42,450
14	26—Miscellaneous Departments ..	16,91 300	..	16,91,300
	Total ..	4,96,00,150	*10,00,200*	5,06,00,350
	D—Social and Developmental Services			
15	27—Scientific Department ..	1,81,300	..	1,81,300
16	28—Education ..	8,90,59,900	*14,85,200*	9,05,45,100
17	29—Medical ..	1,53,65,800	..	1,53,65,800
18	30—Public Health ..	1,36,53,000	..	1,36,53,000
19	30-A—Family Planning ..	43,72,200	..	43,72,000
20	31—Agriculture ..	2,17,26,500	..	2,17,26,500
21	33—Animal Husbandry ..	65,83,200	..	65,83,200
22	34—Co-operation ..	50,36,870	750	50,37,620
23	35—Industries ..	44,21,500	..	44,21,500
24	37—Community Development Projects, National Extension Services and Local Development Works ..	92,45,800	..	92,45,800
25	38—Labour and Employment ..	64,74,300	..	64,74,300
26	39—Miscellaneous, Social and Developmental Organisations ..	19,90,100	..	19,90,100
	Total ..	17,81,10,470	*14,85,950*	17,95,96,420
	E—Multipurpose River Schemes, Irrigation and Elecitricty Schemes			
27	42—Multipurpose River Schemes :— Working expenses ..	1,19,33,220	..	1,19,33,220
	Total ..	1,19,33,220	..	1,19,33,220
28	43—Irrigation, Navigation, Embankment and Drainage Works (Commercial); 44—Irrigation, Navigation, Embankment and Drainage Works (Non-Commercial)	1,58,80,500	..	1,58,80,500

(Minister for Finance)

Demand number	Head of Accounts		Amount required on Account	
		Voted	Charged	Total
		Rs.	Rs.	Rs.
29	48—Capital Outlay on Irrigation, Navigation, Embankment and Drainage Works ..	51,80,500	..	51,80,500
30	—Charges on Irrigation Establishment ..	93,23,700	..	93,23,700
	Total ..	3,03,84,700	..	3,03,84,700
	F—Public Works (including Roads and Schemes of Miscellaneous Public Improvements)			
31	50—Public Works ..	3,88,79,000	*42,500*	3,89,21,500
32	Charges on Building and Roads Establishment ...	54,17,000	*12,500*	54,29,500
33	52—Capital Outlay on Public Works..	7,92,000	..	7,92,500
	Total ..	4,50,88,500	*55,000*	4,51,43,500
	G—Transport and Communications (Other than Roads)			
34	57—Road and Water Transport Scheme ..	2,73,55,400	*20,000*	2,73,75,400
35	60—Capital Outlay on Road and Water Transport Schemes ..	12,50,000	..	12,50,000
	Total ..	2,86,05,400	*20,000*	2,86,25,400
	I—Miscellaneous			
36	64—Famine Relief ..	28,78,930	..	28,78,930
37	65—Pension and other Retirement Benefits ..	68,33,480	*27,500*	68,60,980
38	67—Privy Purses and Allowances of Indian Rulers ..	1,63,200		1,63,200
39	68—Stationery and Printing ..	44,83,100	*51,700*	45,34,800
40	70—Forests ..	36,52,320	..	36,52,320
41	71—Miscellaneous ..	4,39,75,100	*1,320*	4,39,76,420
	Total ..	6,19,86,130	*80,520*	6,20,66,650
	J—Contribution and Miscellaneous Adjustments			
42	76—Other Miscellaneous Compensations and Assignments ..	46,370	..	46,370
	Total ..	46,370	..	46,370
	K—Extraordinary items			
43	78—Pre-partition Payments ..	500	..	500
	Total ..	500	..	500
	Total Revenue Expenditure ..	41,50,06,990	*6,60,54,620*	48,10,61,610

Demand number	Heads of Accounts	Amount required on Account		
		Voted	*Charged*	Total
		Rs	Rs	Rs
	Capital Accounts outside the Revenue Account			
44	95—Capital Outlay on Schemes of Agricultural Improvement and Research ..	15,64,240	..	15,64,240
45	96—Capital Outlay on Industrial and Economic Development ..	2,15,41,500	..	2,15,41,500
46	98—Capital Outlay on Multipurpose River Schemes ..	4,59,23,100	..	4,59,23,100
47	99—Capital Outlay on Irrigation, Navigation, Embankment and Drainage Works (Commercial) ..	37,89,600	..	37,89,600
48	103—Capital Outlay on Public Works..	3,47,41,000	*75,000*	3,48,16,000
49	109—Capital Outlay on other Works ...	1,87,800	...	1,87,800
50	114—Capital Outlay on Road and Water Transport Scheme ..	83,000	..	83,000
51	120—Payment of Commuted value of Pensions ...	75,000	...	75,000
52	124—Capital Outlay on Schemes of Government Trading ..	1,34,40,25,900	..	1,34,40,25,900
	Total Capital Account outside the Revenue Account ..	1,45,19,31,140	*75,000*	1,45,20,06,140
	N—Public Debt			
	Public Debt ..		*60,00,00,000*	60,00,00,000
	Total Public Debt ..		*60,00,00,000*	60,00,00,000
	Q—Loans and Advances by the State, Union Territory Governments			
53	Loans to Local Funds—Private Parties, etc. / Loans to Government Servants etc. ..	19,43,00,000		19,43,00,000
	Total Q—Loans and Advances	19,43,00,000	..	19,43,00,000
	Grand Total ..	2,06,12,38,130	*66,61,29,620*	2,72,73,67,750

ਸਰਦਾਰ ਸੁਰਜੀਤ ਸਿੰਘ: (ਬਰਨਾਲਾ) ਮਾਨਯੋਗ ਸਪੀਕਰ ਸਾਹਿਬ ਜਿਸ ਸੋਹਣੇ ਢੰਗ ਦੇ ਨਾਲ ਅਤੇ ਮਿੱਠੀ ਆਵਾਜ਼ ਦੇ ਵਿਚ ਵਿੱਤ ਮੰਤਰੀ ਨੇ ਬਜਟ ਸਪੀਚ ਪੜ੍ਹੀ ਹੈ ਮੈਂ ਉਸ ਲਈ ਵਧਾਈ ਦਿੰਦਾ ਹਾਂ। ਜਿਸ ਉਤਸ਼ਾਹ ਦੇ ਨਾਲ ਬਜਟ ਸਪੀਚ ਪੜ੍ਹਨੀ ਸ਼ੁਰੂ ਕੀਤੀ ਸੀ ਤਾਂ ਮੇਰਾ ਖਿਆਲ ਸੀ ਕਿ ਬਹੁਤ ਨਵੀਂਆਂ ਗੱਲਾਂ ਇਸ ਬਜਟ ਵਿਚ ਆਉਣਗੀਆਂ, ਕੁਝ ਠੋਸ ਸੁਝਾਓ ਆਉਣਗੇ, ਕਨਸਟਰਕਟਿਵ ਗਲਾਂ ਆਉਣਗੀਆਂ ਲੇਕਿਨ ਜਿਵੇਂ ਜਿਵੇਂ ਬਜਟ ਸਪੀਚ ਦੇ ਪੰਨੇ ਪਲਟਦੇ ਗਏ ਮੇਰੀਆਂ ਆਸਾਂ ਅਤੇ ਉਮੀਦਾਂ ਘਟਦੀਆਂ ਗਈਆਂ। ਜਦੋਂ

[ਸਰਦਾਰ ਸੁਰਜੀਤ ਸਿੰਘ]

ਬਜਟ ਸਪੀਚ ਨੂੰ ਪੜ੍ਹਦੇ ਪੜ੍ਹਦੇ ਉਹ ਅਖੀਰਲੇ ਸਫੇ ਤੇ ਪੁੱਜੇ ਤਾਂ, ਸਪੀਕਰ ਸਾਹਿਬ ਮੇਰੀਆਂ ਉਹ ਆਸਾਂ ਅਤੇ ਉਮੀਦਾਂ ਵੀ ਖਤਮ ਹੋ ਗਈਆਂ । ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਹ ਬਜਟ ਥੋਥਾ ਅਤੇ ਸੱਖਣਾਂ ਬਜਟ ਹੈ । ਇਹੋ ਜਿਹਾ ਬਜਟ ਸ਼ਾਇਦ ਹੀ ਕਿਸੇ ਅਸੈਂਬਲੀ ਵਿਚ ਪਹਿਲਾਂ ਕਦੇ ਆਇਆ ਹੋਵੇ । ਸਪੀਕਰ ਸਾਹਿਬ, ਜਦੋਂ ਤੁਸੀਂ ਇਸ ਬਜਟ ਨੂੰ ਘੋਖੋਗੇ ਤਾਂ ਪਤਾ ਲਗੇਗਾ ਕਿ ਇਸ ਦੇ ਕੇਵਲ ਪੰਨੇ ਹੀ ਵਧਾਏ ਗਏ ਹਨ ਪਰ ਠੋਸ ਗੱਲ ਕੋਈ ਨਹੀਂ ਆਈ । ਵਿੱਤ ਮੰਤਰੀ ਸਾਹਿਬ ਆਪ ਵੀ ਇਹ ਮਹਿਸੂਸ ਕਰਦੇ ਰਹੇ ਹਨ ਅਤੇ ਆਖਦੇ ਰਹੇ ਹਨ ਕਿ ਸਾਨੂੰ ਸਮਾਂ ਥੋੜਾ ਮਿਲਿਆ ਹੈ ਇਸ ਲਈ ਇਸ ਬੱਜਟ ਨੂੰ ਸੰਵਾਰ ਕੇ ਨਹੀਂ ਵੇਖਿਆ ਗਿਆ । ਇਸ ਲਈ ਅਸੀਂ ਸੂਬੇ ਦੀ ਉਨਤੀ ਦੀਆਂ ਉਤਨੀਆਂ ਨਵੀਆਂ ਗਲਾਂ ਨਹੀਂ ਪਾ ਸਕੇ । ਪਰ ਮੈਂ ਸਮਝਦਾ ਹਾਂ ਕਿ ਸੂਬੇ ਦੀ ਤਰੱਕੀ ਦੀਆਂ ਸਕੀਮਾਂ ਦੇਣ ਲਈ ਇਹਨਾਂ ਪਾਸ ਕਾਫੀ ਸਮਾਂ ਸੀ ਪਰ ਇਨ੍ਹਾਂ ਨੇ ਕੋਈ ਵੀ ਗਲ ਲੋਕ ਭਲਾਈ ਦੀ ਇਸ ਵਿਚ ਇਨਟਰੋਡਿਊਸ ਨਹੀਂ ਕੀਤੀ । ਮੈਂ ਫਿਰ ਇਸ ਬੱਜਟ ਨੂੰ ਇਹ ਕਹਾਂਗਾ ਕਿ ਇਹ ਸੱਖਣਾ ਬੱਜਟ ਹੈ, ਕਿਸਾਨਾਂ ਦਾ ਮਾਰੂ ਬੱਜਟ ਹੈ ਅਤੇ ਇਹ ਵੀ ਕਹਾਂਗਾ ਕਿ ਇਹ ਸਮਾਜਵਾਦ ਤੋਂ ਦੂਰ ਕਰਨ ਵਾਲਾ ਬੱਜਟ ਹੈ । ਹਰੀਜਨ, ਜਿਨ੍ਹਾਂ ਨੂੰ ਪਛੜੀਆਂ ਸ਼ਰੇਣੀਆਂ ਕਿਹਾ ਜਾਂਦਾ ਹੈ, ਇਨ੍ਹਾਂ ਨੂੰ ਹੋਰ ਪਛਾੜਨ ਵਾਲਾ ਬੱਜਟ ਹੈ, ਗਰੀਬ ਕਿਸਾਨਾਂ ਦਾ ਗਲਾ ਘੁਟਣ ਵਾਲਾ ਬੱਜਟ ਹੈ । ਜੇਕਰ ਮੈਂ ਇਹ ਕਹਾਂ ਕਿ ਇਹ ਤਾਂ ਕੌੜੀਆਂ ਕਸੈਲੀਆਂ ਗੋਲੀਆਂ ਨੂੰ ਮਿੱਠਾ ਲਗਾ ਕੇ ਪੇਸ਼ ਕੀਤਾ ਗਿਆ ਹੈ, ਤਾਂ ਵੀ ਠੀਕ ਹੀ ਹੋਵੇਗਾ । ਸਪੀਕਰ ਸਾਹਿਬ, ਆਪ ਜਾਣਦੇ ਹੋ ਅਤੇ ਵਿੱਤ ਮੰਤਰੀ ਸਾਹਿਬ ਵੀ ਜਾਣਦੇ ਹੋਣਗੇ ਕਿ ਪੰਜਾਬ ਦੇ ਲੋਕ ਸਭ ਤੋਂ ਜ਼ਿਆਦਾ ਟੈਕਸਡ ਹਨ । ਤੇ ਇਨ੍ਹਾਂ ਨੂੰ 86 ਰੁਪਏ ਪ੍ਰਤੀ ਜੀ ਦੇ ਹਿਸਾਬ ਨਾਲ ਟੈਕਸ ਦੇਣਾ ਪੈਂਦਾ ਹੈ । ਪਰ ਲੋਕਾਂ ਨੂੰ ਇਨ੍ਹਾਂ ਨੇ ਇਸ ਬਜਟ ਰਾਹੀਂ ਕੋਈ ਰਾਹਤ ਨਹੀਂ ਦਿਤੀ । ਇਹ ਵੇਖਦੇ ਹੀ ਰਹੇ ਨੇ ਕਿ ਇਸ ਸਰਕਾਰ ਤੋਂ ਪਹਿਲੇ ਜੋ ਸਰਕਾਰਾਂ ਬਣੀਆਂ, ਭਾਵੇਂ ਉਹ ਅਕਾਲੀ ਸਰਕਾਰ ਸੀ ਯਾ ਯੂਨਾਇਟਿਡ ਫਰੰਟ ਦੀ ਸਰਕਾਰ ਸੀ, ਬਜਟ ਸਮੇਂ ਕਾਫ਼ੀ ਛੋਟਾਂ ਦਿੰਦੀ ਹੁੰਦੀ ਸੀ । ਜਿਸ ਤਰ੍ਹਾਂ ਕਿ 1967 ਵਿਚ ਯੂਨਾਇਟਿਡ ਫਰੰਟ ਦੀ ਸਰਕਾਰ ਨੇ ਟੈਕਸ ਰੀਲੀਫ ਦਿਤਾ । ਬੇਟਰਮੈਂਟ ਲੇਵੀ ਦੀ ਛੋਟ ਦਿਤੀ ਸੀ । ਬੇਟਰਮੈਂਟ ਲੇਵੀ ਇਕ ਇਸ ਕਿਸਮ ਦਾ ਟੈਕਸ ਲਗਾ ਹੋਇਆ ਸੀ ਜੋ ਲੋਕਾਂ ਲਈ ਮਾਰੂ ਸਿੱਧ ਹੋ ਰਿਹਾ ਸੀ । ਫਿਰ ਜੋ 29 ਕਰੋੜ ਬਕਾਇਆ ਵਸੂਲ ਕਰਨਾ ਸੀ ਸਰਕਾਰ ਨੇ ਉਹ ਵੀ ਮੁਆਫ ਕਰ ਦਿਤਾ ਸੀ । 5 ਸਟੈਂਡਰਡ ਏਕੜ ਤੇ ਮਾਲੀਆ ਮੁਆਫ ਕਰ ਦਿਤਾ ਸੀ (ਪ੍ਰਸ਼ੰਸਾ) । ਇਹ ਛੋਟਾਂ ਸਨ ਜਿਹੜੀਆਂ ਕਿ ਯੁਨਾਇਟਿਡ ਫਰੰਟ ਸਰਕਾਰ ਨੇ ਦਿਤੀਆਂ ਸਨ । ਅਕਾਲੀ ਸਰਕਾਰ ਦੇ ਸਮੇਂ ਪ੍ਰੋਫੈਸ਼ਨਲ ਟੈਕਸ ਅਤੇ ਪ੍ਰਾਪਰਟੀ ਟੈਕਸ ਮੁਆਫ ਕਰ ਦਿਤੇ । ਕੁੱਲ ਮੁਆਮਲਾ ਮੁਆਫ ਕਰ ਦਿਤਾ ਗਿਆ ।

(ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਡਾਕਟਰ ਕੇਵਲ ਕ੍ਰਿਸ਼ਨ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ)

(2.55)

ਫਿਰ ਹਰੀਜਨਾਂ ਤੇ ਚੌਕੀਦਾਰਾ ਟੈਕਸ ਲਗਾ ਹੋਇਆ ਸੀ ਉਹ ਵੀ ਮੁਆਫ ਕਰ ਦਿਤਾ ਗਿਆ । ਜਿਹੜਾ ਕਿ 17 ਲੱਖ ਬਣਦਾ ਸੀ । ਪਰ ਇਸ ਸਰਕਾਰ ਨੇ ਇਨ੍ਹਾਂ ਗਲਾਂ ਵਲ ਉਕਾ ਹੀ ਖਿਆਲ ਨਹੀਂ ਕੀਤਾ । ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਸੂਬੇ ਵਿਚ ਸਭ ਤੋਂ ਜ਼ਿਆਦਾ ਟੈਕਸ ਹਰੀਜਨ ਦੇਂਦੇ ਹਨ । ਇਨ੍ਹਾਂ ਨੇ ਹਰੀਜਨਾਂ ਦੀ ਉਕਾ ਹੀ ਪਰਵਾਹ ਨਹੀਂ ਕੀਤੀ ਉਨ੍ਹਾਂ ਦਾ ਕੋਈ ਖਿਆਲ ਨਹੀਂ ਰਖਿਆ. . (ਵਿਘਨ)

ਫਿਰ ਇਨ੍ਹਾਂ ਨੇ ਦਸਿਆ ਹੈ ਕਿ ਰਿਫਿਊਜੀ ਟੈਕਸ ਲਗਾ ਹੋਇਆ ਹੈ ਜਿਹੜਾ ਕਿ ਸਾਨੂੰ ਇਨ੍ਹਾਂ ਹਾਲਤਾਂ ਵਿਚ ਲਗਾਉਣਾ ਪਿਆ ਸੀ। ਇਸ ਬਾਰੇ ਮੈਂ ਇਹ ਕਹਾਂਗਾ ਕਿ ਇਸ ਸਮੇਂ ਇਹ ਵਾਧੂ ਟੈਕਸ ਹੈ ਅਤੇ ਇਸ ਤੋਂ ਪੰਜਾਬੀਆਂ ਨੂੰ ਰਾਹਤ ਹੋਣੀ ਚਾਹੀਦੀ ਹੈ। ਇਹ ਟੈਕਸ ਗਰੀਬ ਜਨਤਾ ਤੇ ਲਗਾ ਹੋਇਆ ਹੈ। ਰੁਪਏ ਮਗਰ 5 ਪੈਸੇ ਬੱਸਾਂ ਤੇ ਚੜ੍ਹਨ ਵਾਲਿਆਂ ਤੇ ਹੈ ਪਰ ਕਾਰਾਂ ਤੇ ਚੜ੍ਹਨ ਵਾਲਿਆਂ ਤੇ ਨਹੀਂ ਹੈ।

ਇਸੇ ਤਰ੍ਹਾਂ ਸੇਲਜ਼ ਟੈਕਸ ਉਤੇ ਸਪੈਸ਼ਲ ਸੈਸ 2 ਪਰਸੈਂਟ ਲਗਾ ਹੋਇਆ ਹੈ। ਅਸ਼ਟਾਮ ਤੇ ਡਿਊਟੀ ਵਧਾ ਦਿਤੀ ਗਈ ਹੈ। ਪਹਿਲਾਂ 10 ਪੈਸੇ ਦੇ ਕਾਗਜ਼ ਤੇ ਅਰਜ਼ੀ ਦਿਤੀ ਜਾ ਸਕਦੀ ਸੀ ਪਰ ਹੁਣ 10 ਪੈਸੇ ਹੋਰ ਲਾਉਣੇ ਪੈਂਦੇ ਹਨ। ਇਸ ਤਰ੍ਹਾਂ 20 ਪੈਸੇ ਲਗਾ ਕੇ ਪਟੀਸ਼ਨ ਦਿਤੀ ਜਾ ਸਕਦੀ ਹੈ। ਇਸ ਤਰ੍ਹਾਂ ਦੇ ਸਾਰੇ ਦੇ ਸਾਰੇ ਟੈਕਸ ਗਰੀਬਾਂ ਤੇ ਲਗੇ ਹੋਏ ਹਨ।

ਬੰਗਲਾ ਦੇਸ਼ ਦੇ ਨਾਮ ਤੇ ਰਿਫਿਊਜੀ ਟੈਕਸ ਲਗਦਾ ਹੈ। ਹੁਣ ਜਦੋਂ ਸਾਰੇ ਦੇ ਸਾਰੇ ਰਫਿਊਜੀ ਜਾ ਚੁਕੇ ਹਨ, ਇਸ ਦੇਸ਼ ਵਿਚੋਂ ਉਸ ਦੇਸ਼ ਵਿਚ, ਇਸ ਲਈ ਹੁਣ ਕੋਈ ਸਮਾਂ ਨਹੀਂ ਇਸ ਟੈਕਸ ਨੂੰ ਜਾਰੀ ਰਖਣ ਦਾ। ਮੈਨੂੰ ਹੈਰਾਨੀ ਹੁੰਦੀ ਹੈ ਕਿ ਲਫ਼ਾਫ਼ਿਆਂ ਉਤੇ ਅੱਜ ਵੀ ਜਦੋਂ ਅਸੀਂ ਟਿਕਟ ਬੰਗਲਾ ਦੇਸ਼ ਰੀਲੀਫ ਦੀ ਲਾਉਂਦੇ ਹਾਂ ਤਾਂ ਉਸ ਉਤੇ ਅੱਜ ਵੀ ਲੋਕੀ ਸਮਾਨ ਚੁਕੀ ਜਾਂਦੇ ਵਿਖਾਏ ਗਏ ਹਨ। ਹੁਣ ਜਦੋਂ ਕਿ ਇਹ ਚੈਪਟਰ ਹੀ ਖ਼ਤਮ ਹੋ ਚੁਕਿਆ ਹੈ ਤਾਂ ਇਸ ਨੂੰ ਬਜਟ ਵਿਚ ਨਹੀਂ ਸੀ ਲਿਆਉਣਾ ਚਾਹੀਦਾ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਰਿਫਿਊਜੀ ਟੈਕਸ ਨੂੰ ਛੇਤੀ ਤੋਂ ਛੇਤੀ ਖਤਮ ਕੀਤਾ ਜਾਵੇ।

ਇਸ ਬਜਟ ਵਿਚ ਦਸਿਆ ਗਿਆ ਹੈ ਕਿ ਡੈਫਿਸਿਟ 14.69 ਕਰੋੜ ਰੁਪਏ ਦਾ ਹੈ ਪਰ ਮੈਂ ਡਿਪਟੀ ਸਪੀਕਰ ਸਾਹਿਬ ਆਪ ਦਾ ਧਿਆਨ ਦਿਵਾਵਾਂਗਾ ਕਿ ਇਹ ਗਲ ਗਲਤ ਹੈ। ਡੈਫਿਸਿਟ ਇਸ ਨਾਲੋਂ ਬਹੁਤ ਜ਼ਿਆਦਾ ਹੈ। ਇਨ੍ਹਾਂ ਨੇ ਆਪ ਹੀ ਬਜਟ ਸਪੀਚ ਵਿਚ ਸਫ਼ਾ 14 ਤੇ ਦਸਿਆ ਹੈ ਕਿ :—"ਬਜਟ ਦਸਤਾਵੇਜ਼ ਮੰਤਰੀ ਮੰਡਲ ਕਾਇਮ ਹੋਣ ਤੋਂ ਕਾਫ਼ੀ ਸਮਾਂ ਪਹਿਲਾਂ ਪਰੈਸ ਨੂੰ ਭੇਜ ਦਿੱਤੇ ਗਏ ਸਨ ਕਿਉਂਕਿ ਜੇ ਅਜਿਹਾ ਨਾ ਕੀਤਾ, ਤਾਂ ਇਹ ਵੋਟ-ਆਨ-ਅਕਾਊਂਟ ਪ੍ਰਾਪਤ ਕਰਨ ਲਈ ਰਾਜ ਵਿਧਾਨ ਮੰਡਲ ਨੂੰ ਪੇਸ਼ ਕਰਨੇ ਸੰਭਵ ਨਹੀਂ ਸਨ। ਇਸ ਲਈ ਹਾਲ ਦੀ ਘੜੀ ਸਰਕਾਰ ਨੇ ਬਿਜਲੀ ਟੈਰਿਫ਼ ਨਾ ਵਧਾਉਣ ਦਾ ਹੀ ਫੈਸਲਾ ਕੀਤਾ ਹੈ ਜਿਸ ਤੋਂ ਕਿ 6.27 ਕਰੋੜ ਰੁਪਏ ਦੀ ਆਮਦਨ ਹੋਣ ਦੀ ਆਸ ਸੀ। ਬਜਟ ਦਾ ਇਹ ਖੱਪਾ ਹੋਰ ਵੀ ਵਧੇਗਾ"।

ਇਹ ਬੱਜਟ ਵਿਚ ਦਸਿਆ ਗਿਆ ਹੈ ਕਿ ਮੁਲਾਜ਼ਮਾਂ ਨੂੰ ਰੀਲੀਫ ਦਿਤਾ ਜਾਏਗਾ। ਮੁਲਾਜ਼ਮਾਂ ਨੂੰ ਰੀਲੀਫ ਦਾ ਤਾਂ ਜ਼ਿਕਰ ਕੀਤਾ ਗਿਆ ਹੈ ਪਰ ਅੰਤਰਮ ਰੀਲੀਫ ਦਾ ਨਾਂ ਨਹੀਂ। ਕੇਵਲ ਇਤਨਾ ਹੀ ਕਿਹਾ ਗਿਆ ਹੈ ਕਿ ਮੁਲਾਜ਼ਮਾਂ ਨੂੰ ਰੀਲੀਫ ਦਿਤਾ ਜਾਵੇਗਾ, ਇਸ ਲਈ 6 ਕਰੋੜ ਰੁਪਏ ਦੀ ਰਕਮ ਬਣੇਗੀ। ਸੋ ਇਹ ਡੈਫਿਸਿਟ ਤਕਰੀਬਨ 21 ਕਰੋੜ ਹੋ ਗਿਆ

ਸਿਖਿਆ ਤੇ ਮਾਲ ਮੰਤਰੀ : ਇਹ ਵੋਟ ਆਨ-ਅਕਾਊਂਟ ਹੈ। ਤੁਸੀਂ ਤਾਂ ਸਾਰੇ ਬੱਜਟ ਦੀ ਗਲ ਕਰ ਰਹੇ ਹੋ। (ਵਿਘਨ)..

ਸ੍ਰੀ ਡਿਪਟੀ ਸਪੀਕਰ: ਆਰਡਰ ਪਲੀਜ਼।

ਸਰਦਾਰ ਸੁਰਜੀਤ ਸਿੰਘ (ਬਰਨਾਲਾ): ਇਸ ਮਾਮਲੇ ਤੇ ਅਸੀਂ ਵੀ ਅਸੈਸਮੈਂਟ ਕਰਵਾਈ ਸੀ ਜੇ ਮਾਰਚ 1970 ਤੋਂ ਮੁਲਾਜ਼ਮਾਂ ਨੂੰ ਰੀਲੀਫ਼ ਦੇਣਾ ਹੈ ਤਾਂ ਤਿੰਨ ਸਾਲਾਂ ਦਾ ਉਹ 18 ਕਰੋੜ ਰੁਪਏ ਬਣੇਗਾ। ਇਹ 14.69 ਕਰੋੜ ਨਹੀਂ ਰਹਿਣਾ ਜਿਸ ਦਾ ਕਿ ਇਨ੍ਹਾਂ ਨੇ ਜ਼ਿਕਰ ਕੀਤਾ ਹੈ। ਇਸ ਤਰ੍ਹਾਂ ਮਿਲਾ ਕੇ ਇਹ ਕੁਲ ਡੈਫਿਸਿਟ 39 ਕਰੋੜ ਹੋ ਜਾਵੇਗਾ। ਇਹ ਦੱਸਣ ਕਿ ਕਿਸ ਤਰ੍ਹਾਂ ਨਾਲ ਇਨ੍ਹਾਂ ਨੇ ਇਸ ਡੈਫਿਸਿਟ ਨੂੰ ਮੀਟ ਕਰਨਾ ਹੈ। ਇਸ ਬੱਜਟ ਵਿਚ ਕੋਈ ਐਸੀ ਗਲ ਨਹੀਂ ਦਸੀ ਗਈ। ਇਸ ਲਈ ਇਹ ਬੱਜਟ ਇਨਕੰਮਪਲੀਟ ਹੈ। ਇਸ ਬਾਰੇ ਮੈਨੂੰ ਆਸ ਹੈ ਕਿ ਵਿੱਤ ਮੰਤਰੀ ਸਾਹਿਬ ਕੁਝ ਰੌਸ਼ਨੀ ਪਾਉਣ ਦਾ ਯਤਨ ਕਰਨਗੇ।

ਹੁਣ ਮੈਂ ਖਾਸ ਤੌਰ ਤੇ ਵਿਦਿਆ ਦੇ ਸਬੰਧ ਵਿਚ ਬੋਲਣਾ ਚਾਹਵਾਂਗਾ ਕਿਉਂਕਿ ਮੇਰਾ ਇਸ ਮਹਿਕਮੇ ਨਾਲ ਤੁਅਲਕ ਰਿਹਾ ਹੈ। ਵਿਦਿਆ ਦਾ ਜਿਥੋਂ ਤਕ ਤੁਅਲਕ ਹੈ ਇਸ ਮਾਮਲੇ ਤੇ ਇਹ ਬੱਜਟ ਸੱਖਣਾ ਰਖਿਆ ਹੈ। ਜੋ ਕੁਝ ਅਕਾਲੀ ਸਰਕਾਰ ਇਸ ਸਬੰਧ ਵਿਚ ਕਰਦੀ ਰਹੀ ਹੈ ਇਨ੍ਹਾਂ ਨੇ ਉਸ ਦਾ ਹੀ ਜ਼ਿਕਰ ਕਰ ਦਿਤਾ ਹੈ। ਜੋ ਕੁਝ ਇਨ੍ਹਾਂ ਨੇ ਕਰਨਾ ਸੀ ਉਸ ਦਾ ਕਿਧਰੇ ਵੀ ਜ਼ਿਕਰ ਨਹੀਂ ਕੀਤਾ ਗਿਆ। ਮੈਂ ਡਿਪਟੀ ਸਪੀਕਰ ਸਾਹਿਬ, ਆਪ ਜੀ ਦੀ ਤਵੱਜੋ ਦਵਾਵਾਂਗਾ ਕਿ ਸਫ਼ਾ 35 ਉਤੇ ਇਨ੍ਹਾਂ ਨੇ ਪੁਰਾਣੀਆਂ ਗਲਾਂ ਦਾ ਜ਼ਿਕਰ ਕਰਦਿਆਂ ਹੋਇਆਂ ਕਿਹਾ ਹੈ ਕਿ "1971-72 ਵਿਚ 80 ਸਰਕਾਰੀ ਪ੍ਰਾਇਮਰੀ ਸਕੂਲ ਖੋਲ੍ਹੇ ਗਏ। ਉਨ੍ਹਾਂ ਵਿਚੋਂ ਬਹੁਤ ਪਿੰਡਾਂ ਵਿਚ ਹੀ ਹਨ।....ਸਾਲ 1971-72 ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਾਸਤੇ 104 ਲੱਖ ਰੁਪਏ ਅਤੇ ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ ਵਾਸਤੇ 65 ਲੱਖ ਰੁਪਏ ਅਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਾਸਤੇ 59 ਲੱਖ ਰੁਪਏ ਦੀ ਰਕਮ ਦਾ ਪ੍ਰਬੰਧ ਕੀਤਾ ਗਿਆ ਸੀ।

ਸਰਹੱਦੀ ਇਲਾਕਿਆਂ ਵਿਚ 4 ਸਰਕਾਰੀ ਹਾਈ ਸਕੂਲਾਂ ਦੀਆਂ ਇਮਾਰਤਾਂ ਬਣਾਈਆਂ ਗਈਆਂ। ਫਿਰੋਜ਼ਪੁਰ ਦੇ ਸਰਹੱਦੀ ਜ਼ਿਲ੍ਹੇ ਵਿਚ ਜ਼ੀਰੇ ਵਿਖੇ ਇਕ ਸਰਕਾਰੀ ਕਾਲਜ ਖੋਲ੍ਹਿਆ ਗਿਆ"..

ਲੇਕਿਨ ਇਨ੍ਹਾਂ ਨੇ ਕੋਈ ਵੀ ਨਵੀਂ ਗਲ ਨਹੀਂ ਆਖੀ ਕਿ ਕਿਸੇ ਸਕੂਲ ਨੂੰ ਇਨ੍ਹਾਂ ਵੀ ਅੱਪਗਰੇਡ ਕਰਨਾ ਹੈ। ਆਪ ਨੂੰ ਯਾਦ ਹੋਵੇਗਾ ਕਿ ਅਕਾਲੀ ਸਰਕਾਰ ਨੇ 1969-70 ਵਿਚ 152 ਸਕੂਲ ਅਪਗਰੇਡ ਕੀਤੇ ਸਨ ਅਤੇ ਜਿਸ ਵੇਲੇ ਮੈਨੂੰ ਸਰਕਾਰ ਵਿਚ ਸੇਵਾ ਕਰਨ ਦਾ ਮੌਕਾ ਮਿਲਿਆਂ ਸੀ ਤਾਂ 401 ਸਕੂਲ ਅੱਪਗਰੇਡ ਕੀਤੇ ਸਨ ਅਤੇ 90 ਸਕੂਲਾਂ ਦੀ ਮੰਜੂਰੀ 1971-72 ਵਾਸਤੇ ਹੋਰ ਦਿਤੀ ਗਈ ਸੀ। ਇਹ ਜ਼ਰੂਰੀ ਸੀ ਕਿ ਪੰਜਾਬ

3-00 P.M.

ਵਿਚ ਵਿਦਿਆ ਦਾ ਵਿਕਾਸ ਕਰਨ ਦੀ ਖਾਤਰ, ਇਨ੍ਹਾਂ ਸਕੂਲਾਂ ਨੂੰ ਅੱਪਗਰੇਡ ਕੀਤਾ ਜਾਂਦਾ। ਆਪ ਨੂੰ ਪਤਾ ਹੈ ਕਿ ਆਪ ਦੀ ਆਪਣੀ ਕੰਸਟੀਚੂਐਂਸੀ ਇਕ ਬੈਕਵਰਡ ਇਲਾਕਾ ਹੈ। ਉਥੇ ਸਕੂਲ ਖੋਲ੍ਹਣ ਦੀ ਲੋੜ ਪਈ ਸੀ। ਇਸ ਬਜਟ ਵਿਚ ਸਕੂਲਾਂ ਨੂੰ ਅੱਪਗਰੇਡ ਕਰਨ ਦੇ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ। ਇਸ ਦੇ ਨਾਲ ਹੀ ਸਮਸਿਆ ਹੈ ਸਕੂਲਾਂ ਦੇ ਟੇਕ-ਓਵਰ ਕਰਨ ਦੀ। ਇਕ ਪਾਸੇ ਐਜੂਕੇਸ਼ਨ ਦੀ ਨੈਸ਼ਨੇਲਾਈਜੇਸ਼ਨ ਕਰਨ ਲਈ ਨਾਹਰਾ ਲਾਂਦੇ ਹਨ ਪਰ ਦੂਸਰੇ ਪਾਸੇ ਇਸ ਦਾ ਬਜਟ ਸਪੀਚ ਵਿਚ ਜ਼ਿਕਰ ਤਕ ਨਹੀਂ ਕਿ ਕੋਈ ਸਕੂਲ ਟੇਕ-ਓਵਰ ਕਰਨਾ ਹੈ। ਆਪ ਨੂੰ ਇਹ ਵੀ ਯਾਦ ਹੋਵੇਗਾ, ਡਿਪਟੀ ਸਪੀਕਰ ਸਾਹਿਬ, ਕਿ ਅਸੀਂ 10 ਸਕੂਲ ਇਕ ਸਾਲ ਦੇ ਅੰਦਰ ਟੇਕ-ਓਵਰ ਕੀਤੇ ਸਨ।

ਪ੍ਰਾਈਵੇਟ ਸਕੂਲ ਜਿਹੜੇ ਫੇਲਿਉਰ ਸਾਬਤ ਹੋਏ ਹਨ, ਉਨ੍ਹਾਂ ਨੂੰ ਨੇਸ਼ਨੇਲਾਈਜ਼ ਕਰਨ ਦੀ ਲੋੜ ਹੈ। ਪਰ ਇਸ ਬਜਟ ਵਿਚ ਇਸ ਤਰ੍ਹਾਂ ਦਾ ਕੋਈ ਪ੍ਰੋਵੀਜਨ ਨਹੀਂ ਕੀਤਾ ਗਿਆ। ਸਾਇੰਸ ਦੀਆਂ ਲੇਬਾਰਟਰੀਆਂ ਖੋਲ੍ਹਣ ਲਈ, ਐਗਰੀਕਲਚਰਲ ਕਲਾਸਾਂ ਸਕੂਲਾਂ ਵਿਚ ਇੰਟਰੋਡਿਊਸ ਕਰਨ ਦੀ ਖਾਤਰ ਕੋਈ ਪ੍ਰੋਵੀਜਨ ਨਹੀਂ ਬਣਾਇਆ ਗਿਆ। ਇਸ ਲਈ ਮੈਂ ਅਰਜ ਕਰਾਂਗਾ ਕਿ ਇਹ ਬਿਲਕੁਲ ਥੋਥਾ ਅਤੇ ਸੱਖਣਾ ਬਜਟ ਹੈ।

ਇਸ ਦੇ ਨਾਲ ਹੀ ਹਰੀਜਨ ਵੈਲਫੇਅਰ ਬਾਰੇ ਜ਼ਿਕਰ ਆਇਆ ਹੈ। ਮੈਨੂੰ ਇਹ ਖੁਸ਼ੀ ਹੈ ਕਿ ਜੋ ਸਕੀਮਾਂ ਅਕਾਲੀ ਸਰਕਾਰ ਦੇ ਸਮੇਂ ਜਾਰੀ ਕੀਤੀਆਂ ਗਈਆਂ ਸਨ ਉਨ੍ਹਾਂ ਨੂੰ ਜਾਰੀ ਕਰਨ ਦੀ ਖਾਤਰ ਇਨ੍ਹਾਂ ਨੇ ਪੰਨਾ 31 (ਬਜਟ ਸਪੀਚ) ਤੇ ਜ਼ਿਕਰ ਕੀਤਾ ਹੈ ਕਿ ਫਲਾਂ ਫਲਾਂ ਸਕੀਮਾਂ ਜਿਹੜੀਆਂ ਚਲ ਰਹੀਆਂ ਹਨ ਉਨ੍ਹਾਂ ਨੂੰ ਜਾਰੀ ਰਖਿਆ ਜਾਵੇਗਾ। ਅਸੀਂ ਹਰੀਜਨਾਂ ਵਾਸਤੇ ਕੁਝ ਧਰਮ ਸ਼ਾਲਾਵਾਂ ਬਣਾਉਣੀਆਂ ਸ਼ੁਰੂ ਕੀਤੀਆਂ ਸਨ। ਪਹਿਲੇ ਸਾਲ 25 ਲੱਖ ਰੁਪਏ, ਦੂਸਰੇ ਸਾਲ 50 ਲੱਖ ਰੁਪਏ ਤੇ ਪਿਛਲੇ ਸਾਲ 1971-72 ਵਿਚ 1 ਕਰੋੜ ਰੁਪਿਆ ਹਰੀਜਨਾਂ ਦੀਆਂ ਧਰਮ ਸ਼ਾਲਾਵਾਂ ਬਣਾਉਣ ਵਾਸਤੇ ਰਖਿਆ ਗਿਆ ਸੀ। ਆਪ ਜੀ ਨੂੰ ਇਹ ਹੈਰਾਨੀ ਹੋਵੇਗੀ ਕਿ ਹੁਣ ਇਸ ਬਜਟ ਵਿਚ ਮਹਿਜ਼ 55 ਲੱਖ ਰੁਪਏ ਧਰਮਸ਼ਾਲਾਵਾਂ ਬਣਾਉਣ ਦੀ ਖ਼ਾਤਰ ਰੱਖੇ ਹਨ। ਇਸ ਰਕਮ ਨਾਲ 1000 ਧਰਮਸ਼ਾਲਾਵਾਂ ਬਣਨੀਆਂ ਹਨ, 5500 ਰੁਪਏ ਇਕ ਧਰਮਸ਼ਾਲਾ ਬਣਾਉਣ ਲਈ ਦਿਤੇ ਜਾਂਦੇ ਹਨ। 1 ਕਰੋੜ ਤੋਂ ਘੱਟਾ ਕੇ 55 ਲੱਖ ਰੁਪਏ ਰਕਮ ਕਰ ਦਿਤੀ ਹੈ। ਮੈਨੂੰ ਹੈਰਾਨੀ ਹੈ ਕਿ ਦੂਸਰੇ ਪਾਸੇ ਬੈਠੇ ਹਰੀਜਨ ਇਸ ਗਲ ਨੂੰ ਕਿਵੇਂ ਸਹਿਨ ਕਰਨਗੇ, ਮੇਰੀ ਸਮਝ ਵਿਚ ਨਹੀਂ ਆਉਂਦਾ। ਉਸ ਵੇਲੇ ਮਾਸਟਰ ਗੁਰਬੰਤਾ ਸਿੰਘ ਤੇ ਚੌਧਰੀ ਸੁੰਦਰ ਸਿੰਘ ਨੇ ਅਕਾਲੀ ਮਨਿਸਟਰੀ ਦੇ ਗੱਲ ਪੈ ਪੈ ਕੇ ਕਾਰਪੋਰੇਸ਼ਨ ਦੀ ਰਕਮ ਵਧਾਉਣ ਦੀ ਗਲ ਕੀਤੀ ਸੀ। ਅਸੀਂ 5 ਕਰੋੜ ਰੁਪਏ ਹਰੀਜਨ ਵੈਲਫੇਅਰ ਕਾਰਪੋਰੇਸ਼ਨ ਦੀ ਖਾਤਰ ਰਖਿਆ ਸੀ। ਲੇਕਿਨ ਹੈਰਾਨੀ ਦੀ ਗੱਲ ਹੈ ਕਿ ਹਰੀਜਨ ਭਲਾਈ ਦਾ ਨਾਹਰਾ ਮਾਰਨ ਵਾਲਿਆਂ ਨੇ ਉਸ ਪਾਸੇ ਧਿਆਨ ਨਹੀਂ ਦਿਤਾ। ਮੈਂ ਬੇਨਤੀ ਕਰਾਂਗਾ ਕਿ ਉਸ ਪਾਸੇ ਵਲ ਪੂਰਾ ਧਿਆਨ ਦਿਤਾ ਜਾਵੇ।

ਮੈਂ ਅਰਜ ਕਰਾਂਗਾ, ਡਿਪਟੀ ਸਪੀਕਰ ਸਾਹਿਬ, ਕਿ ਇਨ੍ਹਾਂ ਨੇ ਕਿਹਾ ਹੈ ਕਿ ਪਛੜੀਆਂ ਸ਼੍ਰੇਣੀਆਂ, ਵਿਮੁਕਤ ਜਾਤੀਆਂ ਅਤੇ ਹੋਰ ਪਛੜੀਆਂ ਜਾਤੀਆਂ ਦੇ ਮੈਂਬਰਾਂ ਦੀ ਸਮਾਜਕ ਅਤੇ ਆਰਥਕ ਹਾਲਤ ਵਿਚ ਸੁਧਾਰ ਕਰਨਾ ਇਕ ਅਜਿਹੀ ਜ਼ਿੰਮੇਵਾਰੀ ਹੈ ਜਿਸ ਲਈ ਕਿ ਰਾਜ ਸਰਕਾਰ ਵਚਨ-ਬੱਧ ਹੈ। ਉਨ੍ਹਾਂ ਦੀ ਵਿਦਿਅਕ, ਸਮਾਜਕ ਅਤੇ ਆਰਥਕ ਹਾਲਤ ਦੇ ਸੁਧਾਰ ਲਈ ਸਰਬ ਪੱਖੀ ਪ੍ਰੋਗਰਾਮ ਬਣਾਏ ਗਏ ਹਨ ਅਤੇ ਇਨ੍ਹਾਂ ਤੇ ਅਮਲ ਕੀਤਾ ਜਾ ਰਿਹਾ ਹੈ। ਪਰ ਕੋਈ ਜ਼ਿਕਰ ਨਹੀਂ ਕੀਤਾ ਗਿਆ ਕਿ ਕਿਸ ਤਰ੍ਹਾਂ ਦਾ ਪ੍ਰੋਗਰਾਮ ਬਣਾਇਆ ਹੈ

ਫਿਰ ਇਸ ਤੋਂ ਬਾਅਦ ਪੰਜਾਬ ਭੋਂ-ਦਾਰੀ ਸੁਰਖਿਆ ਐਕਟ, 1953 ਅਤੇ ਪੈਪਸੂ ਮੁਜਾਰਾਦਾਰੀ ਅਤੇ ਜ਼ਰਾਇਤੀ ਭੋਂ ਐਕਟ, 1955 ਦੇ ਉਪਬੰਧਾਂ ਅਧੀਨ ਵਾਧੂ ਰਕਬੇ ਦਾ ਲਗਭਗ 2/3 ਹਿੱਸਾ, ਹੱਕਦਾਰ ਮੁਜਾਰਿਆਂ, ਜਿਨਾਂ ਵਿਚ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਮੁਜਾਰੇ ਵੀ ਸ਼ਾਮਲ ਹਨ, ਨੂੰ ਅਲਾਟ ਕਰ ਦਿਤਾ ਗਿਆ ਹੈ। ਫੌਜੀ ਸੇਵਾ ਕਰ ਰਹੇ ਵਿਅਕਤੀਆਂ ਦੀਆਂ ਜ਼ਮੀਨਾਂ ਨੂੰ ਇਸ ਐਕਟ ਤੋਂ ਛੋਟ ਦਿਤੀ ਗਈ ਹੈ। ਕੇਂਦਰੀ ਸਰਕਾਰ ਤੋਂ ਖਰੀਦੀ ਅਦਨਾ ਨਿਕਾਸੀ ਜ਼ਮੀਨ, ਲੜਾਈ ਵਿਚ ਸ਼ਹੀਦ ਹੋਏ ਫੌਜੀ ਜਵਾਨਾਂ ਦੇ ਆਸ਼ਰਿਤਾਂ, ਹਰੀਜਨਾਂ, ਪਛੜੀਆਂ ਸ਼੍ਰੇਣੀਆਂ ਅਤੇ ਭਾਰਤੀ ਈਸਾਈਆਂ ਨੂੰ

[ਸਰਦਾਰ ਸੁਰਜੀਤ ਸਿੰਘ]

ਅਲਾਟ ਕੀਤੀ ਜਾ ਰਹੀ ਹੈ । ਸਰਦਾਰ ਗੁਰਬੰਤਾ ਸਿੰਘ ਨੂੰ ਮੈਂ ਕਹਾਂਗਾ ਕਿ ਇਧਰ ਧਿਆਨ ਦੇਣ । ਮੈਂ ਸਮਝਦਾ ਹਾਂ ਕਿ ਇਸ ਬਜਟ ਨੂੰ ਪੜ੍ਹਨ ਦਾ ਅਜੇ ਤੁਸੀਂ ਉਪਾਅ ਨਹੀਂ ਕੀਤਾ । ਧਿਆਨ ਦੇਣ ਤੇ ਵੇਖੋਗੇ ਕਿ ਉਕਾ ਹੀ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਖਾਤਰ ਕੋਈ ਗਲ ਨਹੀਂ ਕੀਤੀ ਗਈ । ਮੈਂ ਅਰਜ਼ ਕਰਨਾ ਚਾਹਾਂਗਾ ਕਿ ਇਨ੍ਹਾਂ ਨੂੰ ਇਸ ਪਾਸੇ ਕੋਈ ਕਦਮ ਜ਼ਰੂਰ ਲੈਣਾ ਚਾਹੀਦਾ ਹੈ ।

ਦੂਜੇ ਮੈਂ ਫੂਡਗਰੇਨਜ਼ ਬਾਰੇ ਜ਼ਿਕਰ ਕਰਨਾ ਚਾਹੁੰਦਾ ਹੈ । ਇਹ ਇਕ ਬੜਾ ਵੱਡਾ ਮਸਲਾ ਹੈ । ਜਿਥੋਂ ਤਕ ਫੂਡਗਰੇਨਜ਼ ਦਾ ਤੁਅਲੱਕ ਹੈ, ਖਾਸ ਕਰਕੇ ਕਣਕ ਦਾ, ਸਾਲ 1966-67 ਵਿਚ ਇਹ 24.51 ਲੱਖ ਮੀਟਰਕ ਟਨ ਤੋਂ ਵੱਧ ਕੇ ਅਕਾਲੀ ਸਰਕਾਰ ਸਮੇਂ 51.45 ਲੱਖ ਮੀਟਰਕ ਟਨ, ਦੂਗਣੇ ਨਾਲੋਂ ਵੱਧ 5 ਸਾਲਾਂ ਵਿਚ ਹੋ ਗਈ ਸੀ । ਜੋ ਸਰਕਾਰਾਂ ਪਿਛੇ ਰਹੀਆਂ ਹਨ ਉਨ੍ਹਾਂ 5 ਸਾਲਾਂ ਵਿਚ ਦੁਗਣੀ ਤੋਂ ਵੱਧ ਕਰਕੇ ਵਿਖਾਈ ਸੀ । ਇਨ੍ਹਾਂ ਨੇ ਕਿਹਾ ਹੈ ਕਿ ਇਸ ਵਾਰ $1\frac{1}{2}$ ਲੱਖ ਟਨ ਹੋਰ ਵੱਧ ਜਾਵੇਗੀ । 24 ਲੱਖ ਮੀਟਰਕ ਟਨ ਤੋਂ 48 ਦੀ ਬਜਾਏ 51 ਲੱਖ ਮੀਟਰਕ ਟਨ ਕਰ ਦਿਤੀ ਸੀ । ਹੁਣ ਦੀ ਸਰਕਾਰ ਅਨਾਜ ਦੀ ਪੈਦਾਵਾਰ ਵਧਾਉਣ ਦੀ ਖ਼ਾਤਰ ਕੀ ਕਦਮ ਚੁਕ ਰਹੀ ਹੈ ? ਹੁਣ ਇਹ ਕੀਤਾ ਗਿਆ ਹੈ ਕਿ ਖਾਦ ਦੀਆਂ ਕੀਮਤਾਂ ਵਧਾ ਦਿਤੀਆਂ ਗਈਆਂ ਹਨ । ਡੀਜ਼ਲ ਦੀ ਕੀਮਤ ਵੱਧ ਗਈ ਹੈ, ਨਵੇਂ ਸੈਸ ਤੇ ਟੈਕਸ ਲਗੇ ਹਨ । ਟਰੈਕਟਰਾਂ ਦੀ ਕੀਮਤ ਵੀ ਬਹੁਤ ਵਧ ਗਈ ਹੈ । ਟਰੈਕਟਰਾਂ ਦੇ ਬਾਰੇ ਜਦ ਅਰਜ਼ ਕਰਾਂਗਾ ਤਾਂ ਦਸਾਂਗਾ ਕਿ ਕਿੰਨੇ ਟੈਕਸ ਲਗਾਏ ਗਏ ਹਨ । ਇਕ ਪਾਸੇ ਜ਼ਿਕਰ ਕੀਤਾ ਗਿਆ ਹੈ ਕਿ ਬਹੁਤ ਜ਼ਿਆਦਾ ਰਸਾਇਣਕ ਖਾਦਾਂ ਦਾ ਇਸਤੇਮਾਲ ਕੀਤਾ ਜਾਵੇਗਾ । ਲੇਕਿਨ ਜ਼ਿਆਦਾ ਰਸਾਇਣਕ ਖਾਦਾਂ ਦਾ ਇਸਤੇਮਾਲ ਮਹਿੰਗੀਆਂ ਕੀਮਤਾਂ ਕਰਕੇ ਹੋਵੇਗਾ ਜਾਂ ਸਸਤੀਆਂ ਕਾਰਣ । ਕਿਹਾ ਜਾਂਦਾ ਹੈ ਕਿ ਕਣਕ ਦੀ ਕੀਮਤ 66 ਤੋਂ 72 ਰੁਪਏ ਤਕ ਵੱਧਾ ਦਿਤੀ ਜਾਵੇਗੀ । ਮੈਂ ਅਰਜ਼ ਕਰਾਂਗਾ, ਚੂੰਕਿ ਚੀਫ ਮਨਿਸਟਰ ਸਾਹਿਬ ਹੀ ਚਲੇ ਗਏ ਹਨ, ਕਿ ਪੰਜਾਬ ਦਾ ਸੂਬਾ ਜਰਇਤ ਦਾ ਸੂਬਾ ਹੈ, ਐਗਰੀਕਲਚਰਲ ਪ੍ਰੋਵਿੰਸ ਹੈ, ਉਹ ਆਪ ਐਗਰੀਕਲਚਰਿਸਟ ਨਹੀਂ ਉਨ੍ਹਾਂ ਨੂੰ ਇਸ ਬਾਰੇ ਬਹੁਤ ਤਜ਼ਰਬਾ ਨਹੀਂ ।

ਸਰਦਾਰ ਉਮਰਾਓ ਸਿੰਘ (ਸਿੱਖਿਆ ਮੰਤਰੀ): ਜੇ ਚੀਫ ਮਨਿਸਟਰ ਸਾਹਿਬ ਚਲੇ ਗਏ ਹਨ ਤਾਂ ਸਾਡੀ ਜੁਆਇੰਟ ਰਿਸਪਾਂਸੀਬਿਲਟੀ ਹੈ ।

ਸਰਦਾਰ ਸੁਰਜੀਤ ਸਿੰਘ ਬਰਨਾਲਾ: ਮੈਂ ਤਾਂ ਕਹਿ ਰਿਹਾ ਸੀ ਕਿ ਚੀਫ ਮਨਿਸਟਰ ਸਾਹਿਬ ਇਸ ਕਿੱਤੇ ਨਾਲ ਤੁਅੱਲਕ ਨਹੀਂ ਰਖਦੇ । ਇਸ ਲਈ ਉਨ੍ਹਾਂ ਨੂੰ ਕਾਸ਼ਤਕਾਰੀ ਦਾ ਕੋਈ ਤਜ਼ਰਬਾ ਨਹੀਂ ਹੈ । ਆਪਣੀ ਕੈਬਨਿਟ ਵਿਚ ਵੀ ਐਸੇ ਆਦਮੀ ਲੈਣ ਦੀ ਕੋਸ਼ਿਸ਼ ਨਹੀਂ ਕੀਤੀ ਜਿਨ੍ਹਾਂ ਨੂੰ ਕਿ ਇਸ ਪਾਸੇ ਕਾਫ਼ੀ ਤਜ਼ਰਬਾ ਹੈ । (ਤਾੜੀਆਂ) । ਪੰਜਾਬ ਦਾ ਕਿਸਾਨ ਅੱਜ ਡਰਿਆ ਬੈਠਾ ਹੈ ਇਸ ਗਲ ਦੀ ਖਾਤਰ ਕਿ ਇਸ ਮਨਿਸਟਰੀ ਵਿਚ ਉਨ੍ਹਾਂ ਨੂੰ ਰਿਪਰੀਜ਼ੈਂਟੇਸ਼ਨ ਨਹੀਂ ਦਿਤੀ ਗਈ । ਸੁਰਿੰਦਰ ਕੌਰ ਵਰਗੇ ਵੱਡੇ ਜ਼ਿਮੀਦਾਰ ਬੈਠੇ ਹੋਏ ਹਨ ਜਿਨ੍ਹਾਂ ਨੂੰ ਥੋੜਾ ਬਹੁਤ ਖ਼ੇਤੀ ਦਾ ਤਜਰਬਾ ਹੈ । ਸਰਦਾਰ ਗੁਰਚਰਨ ਸਿੰਘ, ਸਰਦਾਰ ਬੇਅੰਤ ਸਿੰਘ ਜਿਹੜੇ ਕਿ ਚੰਗੇ ਜ਼ਿਮੀਂਦਾਰ ਨੇ, ਉਨ੍ਹਾਂ ਨੂੰ ਮੌਕਾ ਨਹੀਂ ਦਿਤਾ ਗਿਆ ਪੰਜਾਬ ਦੀ ਸੇਵਾ ਕਰਨ ਦਾ । ਮੈਨੂੰ ਡਰ ਹੈ ਕਿ ਇਹ ਜਿਹੜੀਆਂ ਕੀਮਤਾਂ ਦੇ ਮੁਕਰਰ ਕਰਨ ਵਾਸਤੇ ਚੀਫ ਮਨਿਸਟਰਜ਼ ਕਾਨਫਰੰਸ ਹੋਣੀ ਹੈ, ਉਸ ਵਿਚ ਕੀ ਫੈਸਲਾ ਹੋਵੇਗਾ । ਮੈਂ ਕਹਿਣਾ ਚਾਹੁੰਦਾ ਹਾਂ ਆਪਣੇ ਵੀਰ ਨੂੰ ਜੋ ਕਿ ਸਰਕਾਰੀ ਬੈਂਚਾਂ ਤੇ ਬੈਠੇ ਹਨ, ਚੀਫ ਮਨਿਸਟਰ ਸਾਹਿਬ

ਨੂੰ ਸਾਡੇ ਸਾਰਿਆਂ ਵਲੋਂ ਕਹਿ ਦੇਣ ਕਿ ਹੁਣ ਚੀਫ਼ ਮਨਿਸਟਰਜ਼ ਕਾਨਫਰੰਸ ਹੋਣੀ ਹੈ ਜਿਸ ਵਿਚ ਭਾਅ ਬਾਰੇ ਚਰਚਾ ਚਲੇਗੀ । ਅੱਗੇ ਪੰਜਾਬ ਦੇ ਪੱਖ ਲਈ ਕਾਫ਼ੀ ਲੜਾਈ ਹੋਈ ਵਾਕ ਆਊਟ ਹੋਏ, ਕਿ ਕਿੰਨਾ ਭਾਅ ਮਿਲਣਾ ਚਾਹੀਦਾ ਹੈ । 66 ਤੋਂ 72 ਰੁਪਏ ਦੀ ਗਲ ਬਹੁਤ ਗਲਤ ਹੈ । ਪੰਜਾਬ ਵਿਚ ਰਹਿਣ ਵਾਲੇ ਕਿਸਾਨ ਤੇ ਸਾਰਾ ਪੰਜਾਬ ਨਿਰਭਰ ਕਰਦਾ ਹੈ । ਸਾਰੀ 1700 ਕਰੋੜ ਰੁਪਏ ਦੀ ਪੈਦਾਵਾਰ ਹੈ ਜਿਸ ਵਿਚ 1400 ਕਰੋੜ ਰੁਪਏ ਦੀ ਪੈਦਾਵਾਰ ਕਿਸਾਨ ਦੀ ਹੈ । ਇਸ ਕਰਕੇ ਜੇ ਖੇਤੀ ਦੀ ਪੈਦਾਵਾਰ ਦੇ ਭਾਅ ਥੋੜ੍ਹੇ ਰਹੇ ਤਾਂ ਪੰਜਾਬ ਦਾ ਕਿਸਾਨ ਉਜੜ ਜਾਏਗਾ, ਇਹ ਸੂਬਾ ਉੱਜੜ ਜਾਵੇਗਾ ਚੂੰਕਿ ਮੈਂ ਸਮਝਦਾ ਹਾਂ ਕਿ ਜੇ ਕਿਸਾਨ ਉਜੜਦਾ ਹੈ ਤਾਂ ਦੂਸਰੇ ਕਾਮੇ ਕਿਰਤੀ ਜਿਹੜੇ ਕੰਮ ਕਰਦੇ ਹਨ ਉਹ ਵੀ ਸਾਰੇ ਨਾਲ ਦੇ ਨਾਲ ਉਜੜ ਜਾਂਦੇ ਹਨ । ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਸ ਪਾਸੇ ਖ਼ਾਸ ਧਿਆਨ ਦੇਣਾ ਚਾਹੀਦਾ ਹੈ । ਮੈਂ ਇਹ ਸੁਝਾਓ ਵੀ ਦਿਆਂਗਾ ਕਿ ਇਥੋਂ ਹਾਊਸ ਵਿਚ ਇਕ ਮਤਾ ਲਿਆਉਣਾ ਚਾਹੀਦਾ ਹੈ ਕਿ ਜਿਹੜੀਆਂ ਇਨਪੁਟਸ ਹਨ, ਰਸਾਇਣਕ ਖਾਦਾ ਹਨ, ਡੀਜ਼ਲ ਇੰਜਨ ਹਨ, ਟਰੈਕਟਰ ਹਨ, ਇਨ੍ਹਾਂ ਤੇ ਟੈਕਸ ਨਾ ਲਾਇਆ ਜਾਵੇ, ਲੈਵੀਜ਼ ਨਾ ਲਾਈਆਂ ਜਾਣ ਤਾਂ ਕਿ ਇਸ ਨਾਲ ਅਨਾਜ ਦੀ ਹੋਰ ਪੈਦਾਵਾਰ ਹੋਵੇ ।

ਮੈਂ ਟਰੈਕਟਰਾਂ ਦਾ ਜ਼ਿਕਰ ਕਰ ਰਿਹਾ ਸੀ ਜੋ ਬਾਹਰਲੇ ਦੇਸ਼ਾਂ ਤੋਂ ਮੰਗਵਾਏ ਜਾ ਰਹੇ ਸਨ । ਅਕਾਲੀ ਸਰਕਾਰ ਨੇ ਫ਼ੈਸਲਾ ਕੀਤਾ ਸੀ ਕਿ 8000 ਟਰੈਕਟਰ ਬਾਹਰ ਤੋਂ ਮੰਗਵਾ ਕੇ ਕਿਸਾਨਾਂ ਨੂੰ ਦਿਤੇ ਜਾਣ ਤਾਂ ਕਿ ਅਨਾਜ ਦੀ ਉਪਜ ਵਧੇ ਪਰ ਇਥੇ ਵਡੇ ਵਡੇ ਮਨਾਪੋਲਿਸਟਾਂ ਨੇ ਜਿਨ੍ਹਾਂ ਦਾ ਕੰਮ ਹੈ ਥੈਲੀਆਂ ਇਲੈਕਸ਼ਨਾਂ ਵਿਚ ਕਾਂਗਰਸ ਸਰਕਾਰ ਨੂੰ ਦੇਣੀਆਂ ਉਨ੍ਹਾਂ ਨੇ ਫੌਰਨ ਮਿਲ ਮਿਲਾ ਕੇ ਟਰੈਕਟਰਾਂ ਤੇ ਲੈਵੀ ਲਗਵਾ ਦਿਤੀ । ਇਮਪੋਰਟ ਟੈਕਸ ਨੂੰ ਵਧਾ ਦਿਤਾ ਗਿਆ ਅਤੇ ਸੇਲਜ਼ ਟੈਕਸ ਨੂੰ 6% ਵਧਾ ਦਿਤਾ ਗਿਆ 30% ਇਮਪੋਰਟ ਲੈਵੀ ਲਗਾ ਦਿਤੀ ਗਈ ਫਿਰ ਇਥੇ ਹੀ ਬਸ ਨਹੀਂ 10% ਸੈਸ ਅਤੇ 3% ਸਪੈਸ਼ਲ ਸੈਸ ਲਗਾ ਦਿਤਾ ਗਿਆ ਇਹ ਸਾਰਾ ਮਿਲਾ ਕੇ 49% ਤਕ ਪਹੁੰਚ ਜਾਂਦਾ ਹੈ ਜਿਹੜਾ ਟਰੈਕਟਰ ਪਹਿਲਾਂ 30 ਹਜ਼ਾਰ ਵਿਚ ਆਣਾ ਸੀ ਹੁਣ 45 ਹਜ਼ਾਰ ਵਿਚ ਪਏਗਾ । ਇਸ ਤੋਂ ਤੁਸੀਂ ਆਪ ਅੰਦਾਜ਼ਾ ਲਗਾ ਸਕਦੇ ਹੋ ਕਿ ਕਿੱਦਾਂ ਉਪਜ ਵਿਚ ਵਾਧਾ ਹੋਵੇਗਾ ਅਤੇ ਕਿਸਾਨ ਦੀ ਤਰੱਕੀ ਕਿਸ ਤਰ੍ਹਾਂ ਹੋ ਸਕਦੀ ਹੈ । ਇਨ੍ਹਾਂ ਨੇ ਇਸ ਤਰੀਕੇ ਨਾਲ ਮਨਾਪੋਲਿਸਟਾਂ ਨੂੰ ਖੁਸ਼ ਕਰਨ ਲਈ ਬਾਹਰ ਤੋਂ ਟਰੈਕਟਰ ਮੰਗਵਾਣ ਤੇ ਪਾਬੰਦੀ ਲਗਵਾ ਦਿਤੀ ਅਤੇ ਇਨ੍ਹਾਂ ਦੀਆਂ ਤਜੋਰੀਆਂ ਭਰਨ ਦਾ ਯਤਨ ਕੀਤਾ । ਨਹੀਂ ਤਾਂ ਬਾਹਰ ਤੋਂ ਮਸ਼ੀਨਰੀ ਚੰਗੀ ਅਤੇ ਘਟ ਕੀਮਤ ਤੇ ਆਣੀ ਸੀ ਅਤੇ ਉਸ ਨਾਲ ਕਿਸਾਨ ਦੀ ਉਪਜ ਵਿਚ ਵਾਧਾ ਹੋਣਾ ਸੀ ।

ਫਿਰ ਇਥੇ ਹਾਰਵੈਸਟਿੰਗ ਕੰਬਾਇਨਜ਼ ਦਾ ਜ਼ਿਕਰ ਕੀਤਾ ਗਿਆ ਹੈ । ਇਹ ਮੰਗਵਾ ਲਏ ਗਏ ਅਤੇ ਇਨ੍ਹਾਂ ਦੇ ਵਰਤੇ ਜਾਣ ਲਈ ਪਿਛਲੀ ਵੇਰ ਦਰ ਮੁਕਰੱਰ ਕਰ ਦਿਤੇ ਗਏ ਸਨ ਵਾਢੀ ਕਰਕੇ 100 ਰੁਪਏ ਫ਼ੀ ਏਕੜ ਦੇ ਹਿਸਾਬ ਨਾਲ ਕਿਸਾਨ ਨੂੰ ਦਾਣੇ ਤਿਆਰ ਮਿਲ ਜਾਣੇ ਸਨ । ਹੁਣ ਇਸ ਦਰ ਨੂੰ 120 ਰੁਪਏ ਫ਼ੀ ਏਕੜ ਤਕ ਵਧਾ ਦਿਤਾ ਗਿਆ ਹੈ । ਪਤਾ ਨਹੀਂ ਇਹ ਕਿਸ ਹਿਸਾਬ ਨਾਲ ਕੀਤਾ ਗਿਆ ਹੈ ਮਸ਼ੀਨਰੀ ਸਟੋਰ ਵਿਚ ਪਈ ਪਈ ਦਾ ਚਾਰਜ ਵਧ ਗਿਆ ਹੈ । ਹੁਣ ਆਣ ਵਾਲੀ ਫ਼ਸਲ ਦੀ ਵਾਢੀ ਲਈ 120 ਰੁਪਏ ਫ਼ੀ ਏਕੜ ਦੇ ਹਿਸਾਬ ਨਾਲ ਚਾਰਜ ਕੀਤੇ ਜਾਣਗੇ । ਜੇਕਰ ਰੇਟ ਨੇ ਇਸ ਤਰ੍ਹਾਂ ਹੀ ਵਧਣਾ ਹੈ ਤਾਂ ਉਪਜ ਨਹੀਂ ਵਧ ਸਕਦੀ ਅਤੇ ਇਸ ਤਰ੍ਹਾਂ ਕਿਸਾਨ ਸਾਰੇ ਉਜੜ ਜਾਣਗੇ । ਇਸ ਪਾਸੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ।

[ਸਰਦਾਰ ਸੁਰਜੀਤ ਸਿੰਘ]

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਪਤਾ ਹੈ ਕਿ ਪੰਜਾਬ ਦੀ 82% ਜਨਤਾ ਪਿੰਡਾਂ ਵਿਚ ਵਸਦੀ ਹੈ ਅਤੇ ਪੰਜਾਬ ਦੀ ਅਕਾਨੋਮੀ ਦਾ ਉਨ੍ਹਾਂ ਤੇ ਆਧਾਰ ਹੈ ਪਰ ਇਨ੍ਹਾਂ ਨੇ ਇਸ ਪੇਂਡੂ ਜਨਤਾ ਤੇ ਕਰਾਰੀ ਸਟ ਮਾਰੀ ਹੈ। ਪਿੰਡਾਂ ਦੀ ਡਿਵੈਲਪਮੈਂਟ ਲਈ ਕਮੂਨਿਟੀ ਬਲਾਕ ਬਣੇ ਹੋਏ ਹਨ ਇਨ੍ਹਾਂ ਨੇ ਉਨ੍ਹਾਂ ਦਾ ਬਹੁਤ ਸਾਰਾ ਖਰਚਾ ਸਲੈਸ਼ ਕਰ ਦਿਤਾ ਹੈ, ਘਟਾ ਦਿਤਾ ਹੈ। 'ਪੰਜਾਬ ਬਜਟ ਐਟ ਏ ਗਲਾਂਸ" ਦੇ ਸਫ਼ਾ 10 ਤੇ ਇਨ੍ਹਾਂ ਨੇ ਕਮੂਨਿਟੀ ਬਲਾਕਾਂ ਦੇ ਬਾਰੇ ਵਿਚ ਖ਼ਰਚ ਦੇ ਅੰਕੜੇ ਦਿਤੇ ਹਨ ਇਸ ਸਫ਼ੇ ਤੇ ਹੈਡ 'ਕਮੂਨਿਟੀ ਡਿਵੈਲਪਮੈਂਟ ਪ੍ਰਾਜੈਕਟਸ, ਨੈਸ਼ਨਲ ਐਕਸਟੈਨਸ਼ਨ ਸਰਵਿਸ ਅਤੇ ਲੋਕਲ ਡਿਵੈਲਪਮੈਂਟ ਵਰਕਸ ਦੇ ਬਾਰੇ ਵਿਚ ਖ਼ਰਚ ਦਿੱਤਾ ਹੈ। ਆਪ ਡਿਪਟੀ ਸਪੀਕਰ ਸਾਹਿਬ ਹੈਰਾਨ ਹੋਵੋਗੇ ਕਿ ਪਿਛਲੇ ਸਾਲ ਜਿਹੜਾ ਖ਼ਰਚ 70-71 ਵਿਚ ਅਕਾਲੀ ਵਜ਼ਾਰਤ ਨੇ 6 ਕਰੋੜ 85 ਲੱਖ ਰਖਿਆ ਸੀ ਇਹ ਘਟਾ ਕੇ 3 ਕਰੋੜ 62 ਲੱਖ ਕਰ ਦਿਤਾ ਗਿਆ, ਇਸ ਤਰ੍ਹਾਂ ਅਧਾ ਕਰ ਦਿਤਾ ਗਿਆ ਹੈ। ਇਨ੍ਹਾਂ ਨੇ ਮਹਿਜ਼ ਏਨੀ ਰਕਮ ਨੈਸ਼ਨਲ ਐਕਸਟੈਨਸ਼ਨ ਸਕੀਮਾਂ ਤੇ ਖਰਚ ਕਰਨੀ ਹੈ ਅਤੇ ਇਹ ਗਰੀਬ ਪੇਂਡੂ ਜਨਤਾ ਦੀ ਡਿਵੈਲਪਮੈਂਟ ਤੇ ਲਗਣੀ ਹੈ। ਇਹ ਇਨ੍ਹਾਂ ਦਾ ਧਿਆਨ ਹੈ ਪੇਂਡੂ ਜਨਤਾ ਦੀ ਤਰਕੀ ਅਤੇ ਵਿਕਾਸ ਵਲ।

ਫ਼ਿਰ ਇਹ ਖ਼ਿਆਲ ਹੋ ਸਕਦਾ ਸੀ ਕਿ ਸ਼ਾਇਦ ਪਲਾਨ ਖ਼ਰਚਾਂ ਵਿਚ ਕੋਈ ਰਕਮ ਰਖੀ ਗਈ ਹੋਵੇ ਅਤੇ ਹੋ ਸਕਦਾ ਹੈ ਕਿ ਇਨਾਂ ਨੇ ਪਲਾਨ ਖ਼ਰਚ ਵਿਚ ਇਸ ਮਦ ਅਧੀਨ ਖ਼ਰਚ ਵਧਾ ਦਿਤਾ ਹੋਵੇ ਪਰ ਜਿਥੇ ਤਕ ਪਲਾਨ ਦੇ ਖ਼ਰਚਾਂ ਦਾ ਸਬੰਧ ਹੈ ਇਨ੍ਹਾਂ ਨੇ ਸਫ਼ਾ 18 ਤੇ ਜੋ ਅੰਕੜੇ ਦਿਤੇ ਹਨ ਉਨਾਂ ਤੋਂ ਇਹ ਪਤਾ ਲਗਦਾ ਹੈ ਕਿ ਅਕਾਲੀ ਸਰਕਾਰ ਦੇ ਸਮੇਂ ਇਹ ਰਕਮ 2 ਕਰੋੜ 32 ਲੱਖ 30 ਹਜ਼ਾਰ ਰਖੀ ਗਈ ਸੀ 1970-71 ਵਿਚ ਅਤੇ ਪਿਛਲੇ ਸਾਲ ਇਸ ਰਕਮ ਨੂੰ 2 ਕਰੋੜ 32 ਲੱਖ 50 ਹਜ਼ਾਰ ਕਰ ਦਿਤਾ ਗਿਆ ਪਰ ਇਸ ਸਰਕਾਰ ਨੇ ਇਸ ਸਾਲ ਸਿਰਫ਼ 21 ਲੱਖ ਰੁਪਏ ਦੀ ਅਪਵਰਡ ਆਉਟ ਲੇ ਕੀਤਾ ਹੈ ਪਤਾ ਨਹੀਂ ਇਸ ਰਕਮ ਨਾਲ ਇਹ ਕਿਸ ਤਰੀਕੇ ਨਾਲ ਪਿੰਡਾਂ ਦੀ ਡਿਵੈਲਪਮੈਂਟ ਕਰਨਗੇ ਕਿਵੇਂ ਗਲੀਆਂ ਪੱਕੀਆਂ ਕੀਤੀਆਂ ਜਾਣਗੀਆਂ ਅਤੇ ਨਾਲੀਆਂ ਬਣਾਈਆਂ ਜਾਣਗੀਆਂ। (ਵਿਘਨ)

Mr. Deputy Speaker . One hour has been allotted to the Akali Party. 30 minutes are over.

ਸਰਦਾਰ ਸੁਰਜੀਤ ਸਿੰਘ : ਡਿਪਟੀ ਸਪੀਕਰ ਸਾਹਿਬ, ਇਥੇ ਮਾਡਲ ਪਿੰਡਾਂ ਦਾ ਜ਼ਿਕਰ ਕੀਤਾ ਗਿਆ ਅਤੇ ਇਨ੍ਹਾਂ ਨੂੰ ਅਕਾਲੀ ਸਰਕਾਰ ਦਾ ਇਹ ਕੰਮ ਚੰਗਾ ਲਗਾ। ਇਨ੍ਹਾਂ ਨੂੰ ਕੰਮ ਪਸੰਦ ਆਇਆ ਇਨ੍ਹਾਂ ਨੇ ਕਿਹਾ ਹੈ ਕਿ ਇਸ ਕੰਮ ਨੂੰ ਜਾਰੀ ਰਖਿਆ ਜਾਵੇਗਾ। ਪਰ ਇਸ ਦੇ ਬਾਰੇ ਵਿਚ ਇਨ੍ਹਾਂ ਦੇ ਟੀਚੇ ਵੇਖੋ। ਸਾਲ 71-72 ਵਿਚ ਇਕ ਇਕ ਬਲਾਕ ਵਿਚ ਦਸ ਦਸ ਪਿੰਡਾਂ ਨੂੰ ਮਾਡਲ ਵਿਲੇਜ ਬਣਾਨਾ ਸੀ। ਪ੍ਰਧਾਨ ਰਾਜ ਦੇ ਸਮੇਂ ਵਿਚ ਉਸ ਸਾਰੀ ਸਕੀਮ ਨੂੰ ਇਗਨੋਰ ਕਰ ਦਿਤਾ ਗਿਆ ਨਾ ਮਾਡਲ ਵਿਲੇਜ ਬਣਾਏ ਨਾ ਗਲੀਆਂ ਪਕੀਆਂ ਕੀਤੀਆਂ ਨਾ ਨਾਲੀਆਂ ਪੱਕੀਆਂ ਕੀਤੀਆਂ ਤੇ ਫਿਰ ਹੁਣ ਇਹ ਫ਼ੈਸਲਾ ਕੀਤਾ ਗਿਆ ਕਿ ਇਕ ਇਕ ਬਲਾਕ ਵਿਚ ਤਿੰਨ ਪਿੰਡਾਂ ਨੂੰ ਮਾਡਲ ਬਣਾਇਆ ਜਾਵੇਗਾ ਤੁਸੀਂ ਆਪ ਅੰਦਾਜ਼ਾ ਲਗਾਓ ਕਿ 342 ਪਿੰਡਾਂ ਨੂੰ ਇਨ੍ਹਾਂ ਨੇ ਮਾਡਲ ਬਣਾਨਾ ਹੈ ਜਿਥੇ ਕਿ ਇਸ ਸਮੇਂ 116 ਬਲਾਕ ਕਾਇਮ ਹਨ। ਦਸ ਦਸ ਪਿੰਡਾਂ ਦੀ ਸਕੀਮ ਨੂੰ ਘਟਾ ਕੇ ਤਿੰਨ ਪਿੰਡ ਕਰ ਦਿਤੇ ਗਏ ਫਿਰ ਇਸ ਨੂੰ ਕਿਉਂ ਨਾ ਕਿਹਾ ਜਾਵੇ ਕਿ ਇਹ ਫੋਕਾ ਬਜਟ ਹੈ ਅਤੇ ਧੋਖੇ ਵਾਲਾ ਹੈ। ਅਤੇ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਵਾਲਾ ਬਜਟ ਹੈ।

ਇਥੇ ਇਸ ਗੱਲ ਦਾ ਜ਼ਿਕਰ ਕੀਤਾ ਗਿਆ ਕਿ ਪੌਂਗ ਡੈਮ ਦੇ ਦੂਜੇ ਫੇਜ਼ ਤੇ ਕਾਫ਼ੀ ਖ਼ਰਚ ਕੀਤਾ ਜਾ ਰਿਹਾ ਹੈ । 18 ਕਰੋੜ ਲੈਂਡ ਅਕਵੀਜੀਸ਼ਨ ਵਾਸਤੇ ਚਾਹੀਦਾ ਹੈ ਪਰ ਇਨ੍ਹਾਂ ਨੂੰ ਅਸਲ ਗੱਲ ਦਾ ਪਤਾ ਨਹੀਂ ਕਿ ਇਸ ਤੇ 45 ਕਰੋੜ ਰੁਪਏ ਖ਼ਰਚ ਆ ਰਹੇ ਹਨ। ਇਸ ਦੇ ਬਾਰੇ ਵਿਚ ਬਜਟ ਸਪੀਚ ਦੇ ਪੰਨਾ 15 ਤੇ ਇਨਾਂ ਆਪ ਹੀ ਜ਼ਿਕਰ ਕੀਤਾ ਹੈ ਕਿ :

"ਬਿਆਸ ਪਰਾਜੈਕਟ ਯੂਨਿਟ 2 (ਪੌਂਗ ਡੈਮ) ਦੀ ਲਾਗਤ 29 ਕਰੋੜ ਰੁਪਏ ਵਧ ਗਈ ਹੈ, ਇਸ ਵਾਧੇ ਵਿਚੋਂ 27 ਕਰੋੜ ਰੁਪਏ ਦੀ ਰਕਮ ਪੌਂਗ ਡੈਮ ਤੋਂ ਉਠਾਏ ਕਿਸਾਨਾਂ ਪਾਸੋਂ ਪ੍ਰਾਪਤ ਕੀਤੀ ਜ਼ਮੀਨ ਦੇ ਮੁਆਵਜ਼ੇ ਵਜੋਂ ਦੇਣੀ ਹੈ । ਪ੍ਰਾਜੈਕਟ ਲਈ ਪ੍ਰਾਪਤ ਕੀਤੀ ਜ਼ਮੀਨ ਦੀ ਕੀਮਤ 18 ਕਰੋੜ ਤੋਂ ਵੱਧ ਕੇ 45 ਕਰੋੜ ਹੋ ਗਈ ਹੈ । ਇਸ ਵਿਚ ਤੁਸੀਂ ਇਕ ਨਵੀਂ ਚੀਜ਼ ਵੇਖੋਗੇ ਕਿ ਜ਼ਮੀਨ ਦੀ ਕੀਮਤ ਰਬੜ ਵਾਂਗ ਵਧ ਰਹੀ ਹੈ । 27 ਕਰੋੜ ਰੁਪਏ ਦੀ ਰਕਮ ਜ਼ਮੀਨ ਦਾ ਮੁਆਵਜ਼ਾ ਵੱਧ ਦੇਣਾ ਹੈ । ਇਹ ਸਾਰੀ ਰਕਮ ਹਿਮਾਚਲ ਪਰਦੇਸ਼ ਨੂੰ ਜਾਣੀ ਹੈ ਉਹ ਸਰਕਾਰ ਕੀਮਤ ਖਿਚ ਰਹੀ ਹੈ ਇਸ ਵਲ ਸਰਕਾਰ ਦਾ ਫੌਰੀ ਤੌਰ ਤੇ ਧਿਆਨ ਜਾਣਾ ਚਾਹੀਦਾ ਹੈ ਅਤੇ ਖਾਸ ਤੌਰ ਤੇ ਫਿਨਾਂਸ ਮਨਿਸਟਰ ਸਾਹਿਬ ਦਾ, ਮੈਂ ਇਨ੍ਹਾਂ ਨੂੰ ਕਹਾਂਗਾ ਕਿ ਇਹ ਬਹੁਤ ਸੀਰੀਅਸ ਮੈਟਰ ਹੈ ਕਿਉਂਕਿ ਪੌਂਗ ਡੈਮ ਦੀ ਜਿਹੜੀ ਜ਼ਮੀਨ ਸੀ ਇਹ ਸਾਰੀ ਦੀ ਸਾਰੀ ਹਿਮਾਚਲ ਪ੍ਰਦੇਸ਼ ਦੀ ਸੀ ਅਤੇ ਉਸ ਦੀ ਟੈਰੇਟਰੀ ਦੀ ਹੈ ਅਤੇ ਜਿਨ੍ਹਾਂ ਅਫ਼ਸਰਾਂ ਨੇ ਮੁਆਵਜ਼ਾ ਨੀਅਤ ਕਰਨਾ ਸੀ ਉਹ ਵੀ ਹਿਮਾਚਲ ਦੇ ਅਤੇ ਅਪੀਲਾਂ ਅਤੇ ਕੇਸ ਵੀ ਹਿਮਾਚਲ ਦੀਆਂ ਅਦਾਲਤਾਂ ਵਿਚ ਜਾਣੇ ਹਨ ਇਸ ਲਈ ਉਨ੍ਹਾਂ ਅਫਸਰਾਂ ਨਾਲ ਮਿਲ ਕੇ ਮੁਆਵਜ਼ਾ ਜ਼ਿਆਦਾ ਨੀਅਤ ਕਰ ਦਿਤਾ ਗਿਆ ਹੈ ਹਾਲਾਂ ਕਿ ਕੇਂਦਰੀ ਸਰਕਾਰ ਦੇ ਐਕਸਪਰਟਸ ਆਏ ਸਨ ਤਾਂ ਉਨ੍ਹਾਂ ਨੇ ਮੁਆਵਜ਼ੇ ਦੀ ਰਕਮ 18 ਕਰੋੜ ਪਾਈ ਸੀ ਅਤੇ ਇਹੀ ਅੰਦਾਜ਼ਾ ਲਗਾਇਆ ਸੀ ਪਰ ਲੈਂਡ ਅਕਵੀਜੀਸ਼ਨ ਅਫ਼ਸਰ ਉਨ੍ਹਾਂ ਦੇ ਸਨ ਅਤੇ ਉਨ੍ਹਾਂ ਦੀਆਂ ਅਦਾਲਤਾਂ ਵਿਚ ਦਫ਼ਾ 18 ਦੇ ਕੇਸ ਜਾਣੇ ਸਨ ਇਸ ਲਈ ਉਨ੍ਹਾਂ ਦਾ ਜੋ ਜੀ ਕੀਤਾ ਮੁਆਵਜ਼ਾ ਮੁਕਰੱਰ ਕਰ ਦਿਤਾ ਅਤੇ ਵਧਾ ਦਿਤਾ ਅਤੇ ਪੰਜਾਬ ਕੋਲੋਂ ਪੈਸੇ ਦਿਵਾਏ ਜਾ ਰਹੇ ਹਨ । ਇਸ ਲਈ ਮੈਂ ਕਹਾਂਗਾ ਕਿ ਇਹ ਸਰਕਾਰ ਕਾਂਗਰਸ ਦੀ ਹੈ ਅਤੇ ਇਨ੍ਹਾਂ ਦੇ ਭਰਾਵਾਂ ਦੀ ਸਰਕਾਰ ਹਿਮਾਚਲ ਪ੍ਰਦੇਸ਼ ਵਿਚ ਹੈ, ਇਹ ਕੇਂਦਰ ਦੀ ਸਰਕਾਰ ਤੇ ਜ਼ੋਰ ਪਾਣ ਅਤੇ ਇਸ ਗੱਲ ਨੂੰ ਰੋਕਣ ਇਹ ਰਕਮ ਰਬੜ ਦੀ ਤਰ੍ਹਾਂ ਨਹੀਂ ਵਧਣੀ ਚਾਹੀਦੀ ਕਿ 18 ਤੋਂ 45 ਕਰੋੜ ਬਣ ਜਾਵੇ 27 ਕਰੋੜ ਵਧ ਜਾਵੇ । ਇਸ ਦਾ ਭਾਰ ਪੰਜਾਬ ਦੀ ਗਰੀਬ ਜਨਤਾ ਤੇ ਪਏਗਾ ਇਸ ਪਾਸੇ ਧਿਆਨ ਦੇ ਕੇ ਇਸ ਰਕਮ ਨੂੰ ਘਟਾਇਆ ਜਾ ਸਕਦਾ ਹੈ । ਜੇਕਰ ਇਹ ਵੀ ਘਾਟਾ ਸ਼ਾਮਿਲ ਕਰ ਲਈਏ ਤਾਂ ਇਹ ਘਾਟਾ 14 ਕਰੋੜ ਦਾ ਨਹੀਂ ਰਹੇਗਾ ਬਹੁਤ ਵਧ ਜਾਵੇਗਾ ਇਸ ਲਈ ਇਨ੍ਹਾਂ ਨੇ ਜਿਹੜਾ ਘਾਟਾ 14 ਕਰੋੜ ਦਾ ਵਿਖਾਇਆ ਹੈ ਉਸ ਰਕਮ ਵਿਚ ਇਨ੍ਹਾਂ ਨੂੰ ਸੋਧ ਕਰਕੇ ਪੇਸ਼ ਕਰਨਾ ਚਾਹੀਦਾ ਹੈ ਤਾਂ ਕਿ ਲੋਕਾਂ ਨੂੰ ਪਤਾ ਲਗ ਸਕੇ ਕਿ ਕੁਲ ਘਾਟਾ ਕਿੰਨਾ ਹੈ ।

ਇਥੇ ਇਕ ਗੱਲ ਸਰਕਾਰੀ ਕਰਮਚਾਰੀਆਂ ਨੂੰ ਰੀਲੀਫ਼ ਦੇਣ ਦੇ ਬਾਰੇ ਵਿਚ ਕਹੀ ਗਈ ਕਿ ਅਸੀਂ ਰੀਲੀਫ ਦਿਆਂਗੇ ਪਰ ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਨੇ ਲਫਜ ਇਨਟੈਰਿਮ ਵਿਚੋਂ ਕਢ ਦਿਤਾ ਹੈ ਅਤੇ ਖਾ ਗਏ ਹਨ ਇਨ੍ਹਾਂ ਨੇ ਇਸ ਦਾ ਜਿਕਰ ਬਜਟ ਸਪੀਚ ਦੇ ਪੰਨਾ 45 ਤੇ ਕੀਤਾ ਹੈ ਕਿ ਰੀਲੀਫ ਦਿਤਾ ਜਾ ਰਿਹਾ ਹੈ ਅਤੇ ਇਹ ਇਨ੍ਹਾਂ ਦਾ

[ਸਰਦਾਰ ਸੁਰਜੀਤ ਸਿੰਘ]

ਪਹਿਲਾ ਮਹੱਤਵਪੂਰਣ ਨਿਰਣਾ ਹੈ । ਇਹ ਲਿਖਿਆ ਹੈ ਕਿ ਸਰਕਾਰੀ ਕਰਮਚਾਰੀਆਂ ਨੂੰ ਰੀਲੀਫ਼ ਦੇਣ ਸਬੰਧੀ ਉਨ੍ਹਾਂ ਦੀ ਚਿਰੋਕਣੀ ਮੰਗ ਨੂੰ ਸਿਧਾਂਤ ਰੂਪ ਵਿਚ ਪਰਵਾਨ ਕੀਤਾ ਜਾਵੇ । ਜੇਕਰ ਇਨ੍ਹਾਂ ਦਾ ਮਨਸ਼ਾ ਸਹੀ ਅਰਥਾਂ ਵਿਚ ਰੀਲੀਫ਼ ਦੇਣਾ ਸੀ ਤਾਂ ਕਿਉਂ ਨਾ ਸਪਸ਼ਟ ਸ਼ਬਦਾਂ ਵਿਚ ਇਹ ਕਿਹਾ ਗਿਆ ਕਿ ਅਸੀਂ ਸੈਂਟਰਲ ਗੌਰਮੈਂਟ ਦੇ ਆਧਾਰ ਤੇ ਰੀਲੀਫ਼ ਦਿੰਦੇ ਹਾਂ ਅਤੇ 30-3-70 ਤੋਂ ਦਿੰਦੇ ਹਾਂ । ਅਤੇ ਇਸ ਤਰ੍ਹਾਂ ਇਨ੍ਹਾਂ ਨੂੰ ਇਸ ਬਜਟ ਵਿਚ ਪਰੋਵੀਜ਼ਨ ਕਰਨੀ ਚਾਹੀਦੀ ਸੀ ਪਰ ਇਨ੍ਹਾਂ ਨੇ ਪਹਿਲਾਂ ਦਾ ਇਨਟੈਰਿਮ ਦਾ ਲਫ਼ਜ਼ ਵਿਚੋਂ ਕਟ ਦਿਤਾ ਅਤੇ ਫਿਰ ਇਕ ਸਤ ਮੈਂਬਰੀ ਕਮੇਟੀ ਬਣਾ ਦਿਤੀ ਗਈ । ਤੁਸੀਂ ਤਾਂ ਜਾਣਦੇ ਹੋ ਕਿ ਜੇਕਰ ਕਿਸੇ ਕੇਸ ਨੂੰ ਲਮਕਾਣਾ ਹੋਵੇ ਅਤੇ ਉਸ ਵਿਚ ਦਿਲ ਪਾਣੀ ਹੋਵੇ ਤਾਂ ਕਮੇਟੀ ਬਣਾ ਦਿਤੀ ਜਾਂਦੀ ਹੈ । ਇਸ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਦਾ ਮਨ ਸਾਫ਼ ਨਹੀਂ । ਇਸ ਲਈ ਮੈਂ ਕਹਾਂਗਾਂ ਕਿ ਇਨ੍ਹਾਂ ਨੂੰ ਇਨਟੈਰਿਮ ਰੀਲੀਫ਼ ਸੈਂਟਰਲ ਗੌਰਮੈਂਟ ਦੇ ਆਧਾਰ ਤੇ ਦੇਣਾ ਚਾਹੀਦਾ ਹੈ । ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਦਾ ਧੰਨਵਾਦ ਕਰਦਾ ਹੋਇਆ ਆਪਣੀ ਥਾਂ ਲੈਂਦਾ ਹਾਂ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ (ਖਰੜ): ਮਾਨ ਯੋਗ ਡਿਪਟੀ ਸਪੀਕਰ ਸਾਹਿਬ, ਵੋਟ ਆਨ ਅਕਾਉਂਟ ਤੇ ਅਜ ਇਸ ਸਦਨ ਵਿਚ ਬਹਿਸ ਹੋ ਰਹੀ ਹੈ । ਇਸ ਤੇ ਆਪਣੇ ਵਿਚਾਰ ਦੇਣ ਤੋਂ ਪਹਿਲਾਂ ਮੈਂ ਇਹ ਠੀਕ ਮੰਨਦਾ ਹਾਂ ਕਿ ਪੰਜਾਬ ਦੀ ਸਰਕਾਰ ਨੂੰ ਪੂਰਾ ਸਮਾਂ ਨਹੀਂ ਮਿਲਿਆ ਕਿ ਉਹ ਆਪਣੇ ਅਹਿਦ ਵਿਚ ਉਨ੍ਹਾਂ ਸਾਰੇ ਮੁਆਮਲਿਆਂ ਤੇ ਪੂਰਾ ਧਿਆਨ ਦੇ ਸਕੇ ਅਤੇ ਆਪਣੀਆਂ ਨੀਤੀਆਂ ਦੇ ਆਧਾਰ ਤੇ ਜ਼ਰੂਰੀ ਮੁਆਮਲਿਆਂ ਤੇ ਆਪਣੇ ਵਿਚਾਰ ਕਰਕੇ ਕੋਈ ਸੁਧਾਰ ਲਿਆ ਸਕੇ ।

ਜਿਥੋਂ ਤੱਕ ਵੋਟ ਆਨ ਅਕਾਉਂਟ ਦਾ ਸਬੰਧ ਹੈ, ਇਹ ਠੀਕ ਹੈ ਕਿ ਕੁਝ ਚੰਗੇ ਪੱਖ ਇਸ ਵਿਚ ਮੌਜੂਦ ਹਨ ਪਰ ਇਸ ਦੇ ਬਾਵਜੂਦ ਵੀ ਕੁਝ ਐਸੀਆਂ ਗੱਲਾਂ ਹਨ ਜਿਹੜੀਆਂ ਪੁਰਾਣੇ ਰੁਖ ਨੂੰ ਹੀ ਕਾਇਮ ਕਰਦੀਆਂ ਹਨ ਅਤੇ ਕੋਈ ਬੁਨਿਆਦੀ ਨੀਤੀਆਂ ਵਿਚ ਸੁਧਾਰ ਲਿਆਣ ਦੇ ਪੱਖ ਨੂੰ ਜ਼ਾਹਰ ਨਹੀਂ ਕਰਦੀਆਂ ।

ਸਭ ਤੋਂ ਪਹਿਲਾਂ ਮੈਂ ਆਰਟੀਕਲ 10 ਦੇ ਸਬੰਧ ਵਿਚ ਅਰਜ਼ ਕਰਨਾ ਚਾਹੁੰਦਾ ਹਾਂ, ਜਿਸ ਦੇ ਵਿਚ ਕਿ ਟੈਕਸਾਂ ਦਾ ਜ਼ਿਕਰ ਕੀਤਾ ਗਿਆ ਹੈ । ਸਰਕਾਰ ਲਈ ਚੰਗੀ ਗੱਲ ਤਾਂ ਇਹੋ ਸੀ ਕਿ ਉਹ ਇਕ ਮੁਸ਼ਤ ਹੀ ਇਨ੍ਹਾਂ ਟੈਕਸਾਂ ਨੂੰ ਖ਼ਤਮ ਕਰ ਦੇਂਦੀ ਕਿਉਂ ਜੋ ਇਨ੍ਹਾਂ ਦਾ ਬੋਝ ਸਿਧਾ ਗਰੀਬ ਜਨਤਾ ਤੇ ਪੈ ਰਿਹਾ ਹੈ (ਅਪੋਜ਼ੀਸ਼ਨ ਵਲੋਂ ਤਾੜੀਆਂ) ਮੈਂ ਅਰਜ਼ ਕਰਾਂ ਕਿ 31 ਮਾਰਚ, 1972 ਤਕ ਇਹ ਕੋਈ 68 ਲੱਖ ਰੁਪਿਆ ਹੈ ਜਿਹੜਾ ਸਿੱਧਾ ਜਨਤਾ ਤੋਂ ਉਗਰਾਹਿਆ ਜਾ ਰਿਹਾ ਹੈ । ਸਰਕਾਰ ਜੇ ਇਸ ਤਰ੍ਹਾਂ ਦੇ ਟੈਕਸਾਂ ਨੂੰ ਖ਼ਤਮ ਕਰ ਦੇਂਦੀ ਤਾਂ ਪੰਜਾਬ ਦੀ ਸਰਕਾਰ ਸ਼ਲਾਘਾ ਦੀ ਪਾਤਰ ਹੁੰਦੀ । ਜਿਥੋਂ ਤੱਕ ਇਸ ਗਲ ਦਾ ਤਅਾਲੁਕ ਹੈ ਕਿ ਇਨ੍ਹਾਂ ਨੇ 14 ਕਰੋੜ ਦਾ ਘਾਟਾ ਵਿਖਾਇਆ ਹੈ ਦਰਅਸਲ ਇਹ ਜੇ ਵੇਖਿਆ ਜਾਵੇ ਇਹ ਘਾਟਾ ਇਨਵਰਡਲੀ ਹੁੰਦਾ ਹੈ, ਇਹ ਸ਼ੋ ਕਰਨ ਲਈ ਕਿ ਘਾਟਾ ਹੁੰਦੇ ਹੋਏ ਵੀ ਕੋਈ ਟੈਕਸ ਸਰਕਾਰ ਨੇ ਨਹੀਂ ਲਾਇਆ । ਮੈਂ ਏਥੇ ਇਹ ਕਹਿਣਾ ਜ਼ਰੂਰੀ ਸਮਝਦਾ ਹਾਂ ਕਿ ਪੰਜਾਬ ਦੇ ਸੁਧਾਰ ਦੇ ਲਈ ਜੇ ਕਿਸੇ ਕਿਸਮ ਦੇ ਖ਼ਰਚੇ ਦੀ ਲੋੜ ਹੈ ਤਾਂ ਉਹ ਉਨ੍ਹਾਂ ਇਕਵਲੈਂਟ ਸੈਕਸ਼ਨਜ਼ ਆਫ਼ ਸੋਸਾਈਟੀਜ਼ ਦੇ ਵਿਕਾਸ ਤੇ ਖ਼ਰਚ ਕੀਤਾ ਜਾ ਸਕਦਾ ਹੈ । ਜਿਹੜਾ ਰੁਪਿਆ

ਰੂਰਲ ਡੀਵੈਲਪਮੈਂਟ ਲਈ ਚਾਹੀਦਾ ਹੈ, ਜਾਂ ਗਰੀਬ ਲੋਕਾਂ ਲਈ ਦਰਕਾਰ ਹੈ ਜੇ ਉਹ ਧਨਾਢ ਤਬਕੇ ਤੋਂ ਟੈਕਸਾਂ ਰਾਹੀਂ ਵਸੂਲ ਕੀਤਾ ਜਾਂਦਾ ਤਾਂ ਮੈਂ ਸਮਝਦਾ ਹਾਂ ਕਿ ਖਜ਼ਾਨਾ ਮੰਤਰੀ ਨੇ ਕੋਈ ਗਰੀਬਾਂ ਦੀ ਇਮਦਾਦ ਲਈ ਕਦਮ ਚੁਕੇ ਹਨ । ਜਿਹੜਾ ਪਹਿਲਾਂ ਹੀ ਟੈਕਸਾਂ ਦੇ ਬੋਝ ਹੇਠ ਦਬਿਆ ਹੋਇਆ ਹੈ ਜੇ ਉਹ ਨੂੰ ਰੀਲੀਫ਼ ਮਿਲਦਾ ਤਾਂ ਅਸੀਂ ਸਮਝਦੇ ਕਿ ਪੰਜਾਬ ਦੇ ਲੋਕਾਂ ਲਈ ਕੋਈ ਵਿਕਾਸ ਦਾ ਕੰਮ ਹੋਇਆ ਹੈ । ਜੇ ਇਹ ਰਕਮ ਹੇਠਲੇ ਤਬਕੇ ਤੋਂ ਹੀ ਇਕਠੀ ਕਰਕੇ ਪੰਜਾਬ ਦੇ ਖ਼ਜ਼ਾਨੇ ਵਿਚ ਆਉਣੀ ਹੈ ਤਾਂ ਮੈਂ ਸਮਝਦਾ ਹਾਂ ਕਿ ਇਸ ਨਾਲ ਪੰਜਾਬ ਦਾ ਵਿਕਾਸ ਨਹੀਂ ਹੋਣਾ। ਇਸ ਤੋਂ ਇਲਾਵਾ ਜੇ ਧਨ ਇਕੱਠਾ ਕਰਨਾ ਹੀ ਹੈ ਤਾਂ ਮੈਂ ਅਰਜ਼ ਕਰਾਂਗਾ ਕਿ, ਹੋਰ ਬਹੁਤ ਸਾਰੇ ਸਾਧਨ ਹਨ, ਜਿਨ੍ਹਾਂ ਰਾਹੀਂ ਧਨ ਇਕਠਾ ਕੀਤਾ ਜਾ ਸਕਦਾ ਹੈ । ਇਕ ਤਰੀਕਾ ਤਾਂ ਹੈਵੀ ਅਤੇ ਅਨਵਾਂਟਿਡ ਐਡਮਨਿਸਟਰੇਸ਼ਨ ਨੂੰ ਖ਼ਤਮ ਕਰਕੇ ਵੀ ਅਪਣਾਇਆ ਜਾ ਸਕਦਾ ਹੈ । ਕਰੋੜਾਂ ਰੁਪਿਆ ਹੈ ਜਿਹੜਾ ਪੰਜਾਬ ਦੇ ਟਾਪ ਹੈਵੀ ਐਡਮਨਿਸਟਰੇਸ਼ਨ ਤੇ ਖ਼ਰਚ ਆ ਰਿਹਾ ਹੈ ਅਤੇ ਉਸ ਪੋਸਟ ਤੇ ਜਿਥੇ ਪਹਿਲਾਂ ਇਕ ਅਫ਼ਸਰ ਹੁੰਦਾ ਸੀ ਅੱਜ ਨਵੇਂ ਨਵੇਂ ਨਾਉਂ ਦੇ ਕੇ ਵਖ ਵਖ ਪੋਸਟਾਂ ਲਈ ਖ਼ਰਚ ਕੀਤਾ ਜਾ ਰਿਹਾ ਹੈ । ਜੇ ਕਿਤੇ ਇਕ ਸੈਕਟਰੀ ਹੈ, ਨਾਲ ਜੁਆਇੰਟ ਸੈਕਟਰੀ ਹੈ, ਡਿਪਟੀ ਸੈਕਟਰੀ ਹੈ, ਕਮਿਸ਼ਨਰ ਹੈ ਤਾਂ ਨਾਲ ਇਕ ਅਡੀਸ਼ਨਲ ਕਮਿਸ਼ਨਰ ਹੈ, ਰਜਿਸਟਰਾਰ ਹੈ ਨਾਲ ਇਕ ਜੁਆਇੰਟ ਰਜਿਸਟਰਾਰ ਹੈ । ਮੈਂ ਕਹਿੰਦਾ ਹਾਂ ਕਿ ਪੋਸਟਾਂ ਦੀ ਕਰੀਏਸ਼ਨ ਦੇ ਮੁਆਮਲੇ ਵਿਚ ਖ਼ਾਸ ਤੌਰ ਤੇ ਉਪਰਲੇ ਲੈਵਲ ਤੇ ਬੜੀ ਭਾਰੀ ਗੜ-ਬੜ ਮਚੀ ਹੋਈ ਹੈ । ਮੈਂ ਸਮਝਦਾ ਹਾਂ ਇਹ ਖ਼ਰਚ ਲੋੜੀਦੀਆਂ ਪੋਸਟਾਂ ਰੱਖ ਕੇ ਬਾਕੀ ਦੀਆਂ ਜੇ ਖ਼ਤਮ ਕਰ ਦਿੱਤੀਆਂ ਜਾਣ ਤਾਂ ਸਰਕਾਰ ਦਾ ਬਹੁਤ ਸਾਰਾ ਖ਼ਰਚ ਘਟ ਸਕਦਾ ਹੈ (ਤਾੜੀਆਂ) ਜੇ ਇਸ ਤਰ੍ਹਾਂ ਦੀਆਂ ਪੋਸਟਾਂ ਦੀ ਛਾਂਟੀ ਕੀਤੀ ਜਾਵੇ ਜਿਹੜੀਆਂ ਫ਼ਾਲਤੂ ਹਨ ਤਾਂ ਇਸ ਦਾ ਇਹ ਫ਼ਾਇਦਾ ਵੀ ਹੋਵੇਗਾ ਕਿ ਪੰਜਾਬ ਨੂੰ ਕਲੀਨ ਐਡਮਨਿਸਟਰੇਸ਼ਨ ਮਿਲ ਸਕਦੀ ਹੈ । ਮੈਂ ਸਮਝਦਾ ਹਾਂ ਇਕ ਤਰ੍ਹਾਂ ਦਾ ਅਫ਼ਸਰਾਂ ਦਾ ਤਾਨਾ ਬੁਣਿਆ ਹੋਇਆ ਹੈ ਅਤੇ ਇਸ ਨੂੰ ਕਾਇਮ ਕਰਨ ਵਿਚ ਸਭ ਤੋਂ ਵਧ ਹੱਥ ਜੇ ਹੈ ਤਾਂ ਇਹ ਮੇਰੇ ਅਕਾਲੀ ਦੋਸਤਾਂ ਦਾ ਹੈ ਜਿਨ੍ਹਾਂ ਨੇ ਆਪਣੇ ਅਹਿਦ ਦੇ ਵਿਚ ਕੀਤਾ । ਮੈਂ ਗਿਆਨੀ ਜ਼ੈਲ ਸਿੰਘ ਜੀ ਨੂੰ ਕਹਾਂਗਾ ਕਿ ਉਹ ਪੁਰਾਣੀਆਂ ਰਿਵਾਇਤਾਂ ਨੂੰ ਤੋੜ ਦਿੱਤਾ ਜਾਵੇ, ਹਮੇਸ਼ਾ ਵਾਸਤੇ ਖ਼ਤਮ ਕਰ ਦਿੱਤਾ ਜਾਵੇ ਜਿਨ੍ਹਾਂ ਰਾਹੀਂ ਕਿ ਨਵੇਂ ਨਵੇਂ ਆਫ਼ੀਸਰਜ਼ ਕਾਇਮ ਕਰਨ ਲਈ ਅਕਾਲੀਆਂ ਨੇ ਪਾਈਆਂ ਸਨ । ਇਸ ਟਾਪ ਹੈਵੀ ਐਡਮਨਿਸਟਰੇਸ਼ਨ ਦੇ ਮੁਤਾਲਿਕ ਸਾਰੀਆਂ ਪਾਰਟੀਆਂ ਦੇ ਪ੍ਰਤੀਨਿਧਾਂ ਦੀ ਇਕ ਕਮੇਟੀ ਬਣਾ ਕੇ ਇਸ ਸਦਨ ਦੇ ਵਿਚ ਆਉਣੀ ਚਾਹੀਦੀ ਹੈ ਤਾਂ ਜੋ ਪੰਜਾਬ ਦੇ ਖ਼ਜ਼ਾਨੇ ਤੇ ਇਹ ਜਿਹੜਾ ਵਧਿਆ ਹੋਇਆ ਖਰਚ ਹੈ ਉਹ ਘਟ ਕੀਤਾ ਜਾ ਸਕੇ । ਇਸ ਬਾਰੇ ਮੈਂ ਵਿੱਤ ਮੰਤਰੀ ਜੀ ਨੂੰ ਇਹ ਰਾਏ ਵੀ ਦੇਵਾਂਗਾ ਕਿ ਐਡਮਨਿਸਟਰੇਸ਼ਨ ਦੇ ਮੁਤਾਲਿਕ ਜਿਹੜੀਆਂ ਰੀਟਰੈਂਚਮੈਂਟ ਅਤੇ ਰੀਸੋਰਸਿਜ਼ ਕਮੇਟੀ ਦੀਆਂ ਰਿਪੋਰਟਾਂ ਆਈਆਂ ਹਨ ਅਤੇ ਆਫ਼ੀਸਰਜ਼ ਇਨਕੁਆਇਰੀ ਕਮੇਟੀ ਦੀ ਜਿਹੜੀ ਰਿਪੋਰਟ ਹੈ ਉਸ ਨੂੰ ਘੋਖਣ ਜਿਸ ਵਿਚ ਕਿ ਬੜੇ ਪਾਜ਼ੇਟਿਵ ਸੁਝਾਓ ਦਿੱਤੇ ਗਏ ਹਨ । ਜੇ ਕਰ ਉਨ੍ਹਾਂ ਸੁਝਾਵਾਂ ਨੂੰ ਅਮਲੀ ਰੂਪ ਦੇ ਕੇ ਪੋਸਟਾਂ ਨੂੰ ਬਜਟ ਵਿਚ ਰਖਿਆ ਜਾਵੇ ਤਾਂ ਇਸ ਦੇ ਨਾਲ ਸਰਕਾਰ ਦੀ ਕਾਫ਼ੀ ਬੱਚਤ ਵੀ ਹੋਵੇਗੀ ਅਤੇ ਜਨਤਾਂ ਨੂੰ ਕਲੀਨ ਐਡਮਨਿਸ-ਟਰੇਸ਼ਨ ਵੀ ਮਿਲ ਸਕੇਗੀ । ਇਸ ਤੋਂ ਇਲਾਵਾ ਹੋਰ ਤਰੀਕੇ ਜਿਹੜੇ ਅਪਨਾਏ ਜਾ ਸਕਦੇ ਹਨ ਉਹ ਸਟੇਟ ਸੈਕਟਰ ਨੂੰ ਡੀਵੈਲਪ ਕਰਕੇ, ਸਟੇਟ ਦੇ ਰੀਸੋਰਸਿਜ਼ ਵਧਾ ਕੇ ਆਮਦਨੀ ਵਿਚ ਵਾਧਾ ਕੀਤਾ ਜਾ ਸਕਦਾ ਹੈ । ਟਰਾਂਸਪੋਰਟ ਨੇਸ਼ਨੇਲਾਈਜੇਸ਼ਨ ਦੀ ਗੱਲ ਭਾਵੇਂ ਕੀਤੀ ਹੈ ਪਰ ਪੈਪਸੂ ਅਤੇ ਪੰਜਾਬ ਦੀਆਂ ਦੋ ਟਰਾਂਸਪੋਰਟ ਕਾਰਪੋਰੇਸ਼ਨਾਂ ਹਨ ਜਿਨ੍ਹਾਂ ਤੇ ਕਿ ਡਬਲ ਖਰਚਾ ਕੀਤਾ ਜਾ

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਰਿਹਾ ਹੈ । ਜੇ ਇਨ੍ਹਾਂ ਨੂੰ ਇਕ ਕਰ ਦਿੱਤਾ ਜਾਵੇ ਤਾਂ ਸਰਕਾਰ ਦੀ ਆਮਦਨ ਦੇ ਵਿਚ ਹੋਰ ਵੀ ਵਾਧਾ ਹੋ ਸਕਦਾ ਹੈ । ਇਸ ਤੋਂ ਇਲਾਵਾ ਜੇ ਕਰ ਸਰਕਾਰ ਸੈਂਟਰ ਦੀ ਮਿਦਾਦ ਨਾਲ ਹੈਵੀ ਪਲਾਂਟਸ ਪੰਜਾਬ ਵਿਚ ਇਨਸਟਾਲ ਕਰਵਾਉਣ ਦਾ ਪ੍ਰਬੰਧ ਕਰੇ ਤਾਂ ਪੰਜਾਬ ਦੀ ਆਮਦਨ ਵਿਚ ਹੋਰ ਵੀ ਵਾਧਾ ਹੋ ਸਕਦਾ ਹੈ ।

ਇਸ ਤੋਂ ਇਲਾਵਾ ਮੈਂ ਇਕ ਗੱਲ ਹੋਰ ਜਿਹੜੀ ਅਰਜ਼ ਕਰਨੀ ਚਾਹੁੰਦਾ ਹਾਂ ਉਹ ਇਹ ਹੈ ਕਿ ਗਵਰਨਰੀ ਰਾਜ ਦੇ ਵਿਚ ਕੁਝ ਇਸ ਤਰ੍ਹਾਂ ਦੀਆਂ ਗੱਲਾਂ ਹੋਈਆਂ ਹਨ ਜਿਹੜੀਆਂ ਕਿ ਗਲਤ ਸਨ ਅਤੇ ਡਸਟਰਕਟਿਵ ਸਨ । ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਪੰਜਾਬ ਦੇ ਵਿਚ ਜਿਹੜਾ ਆਈ.ਜੀ. ਸ੍ਰੀ ਅਸ਼ਵਨੀ ਕੁਮਾਰ ਲਾਇਆ ਗਿਆ ਹੈ ਉਹ ਜਿਥੇ ਪੰਜਾਬ ਦੀ ਪੁਲੀਸ ਦਾ ਆਈ.ਜੀ. ਹੈ ਅਤੇ ਨਾਲ ਹੀ ਬਾਰਡਰ ਸਿਕਿਓਰਟੀ ਫ਼ੋਰਸਿਜ਼ ਦਾ ਇਨਚਾਰਜ ਵੀ ਹੈ । ਇਸ ਨੂੰ ਇਕ ਜਗ੍ਹਾ ਰੱਖਣਾ ਚਾਹੀਦਾ ਹੈ । ਜੇ ਪੰਜਾਬ ਦੀ ਪੁਲੀਸ ਤੇ ਰਖਣਾ ਹੈ ਤਾਂ ਇਸ ਨੂੰ ਏਥੇ ਰਖਿਆ ਜਾਵੇ ਨਹੀਂ ਜੇ ਇਸ ਦੀ ਬਾਰਡਰ ਵਿਚ ਜ਼ਰੂਰਤ ਹੋਵੇ ਉਥੇ ਲਾਇਆ ਜਾ ਸਕਦਾ ਹੈ । ਦੋਵੇਂ ਡਿਊਟੀਆਂ ਇਕ ਆਦਮੀ ਕਿਵੇਂ ਪੂਰੀ ਤਰ੍ਹਾਂ ਅਦਾ ਕਰ ਸਕਦਾ ਹੈ । ਜਿਥੇ ਸਰਕਾਰ ਇਸ ਦੀ ਲੋੜ ਸਮਝਦੀ ਹੈ ਇਸ ਨੂੰ ਉਥੇ ਹੀ ਰਹਿਣ ਦਿੱਤਾ ਜਾਵੇ । ਫੇਰ ਇਹ ਸ਼ਖਸ਼ ਇਤਨਾ ਬੇਸ਼ਗਨਾ ਹੈ ਕਿ ਜਿਥੇ ਵੀ ਇਸ ਨੂੰ ਲਾਓ ਉਥੇ ਦੀ ਗਵਰਨਮੈਂਟ ਹੀ ਬਦਲ ਜਾਂਦੀ ਹੈ । ਭੀਮ ਸੈਨ ਸਚਰ ਵੇਲੇ ਇਹ ਆਈ.ਜੀ. ਲਗਿਆ ਸੀ ਤਾਂ ਉਸ ਵੇਲੇ ਉਸ ਦੀ ਸਰਕਾਰ ਬਦਲੀ ਅਤੇ ਉਸ ਨੂੰ ਹਰਮੰਦਰ ਸਾਹਿਬ ਜਾ ਕੇ ਮੁਆਫ਼ੀ ਮੰਗ ਕੇ ਆਪਣਾ ਖਹਿੜਾ ਛੁਡਾਉਣਾ ਪਿਆ ਸੀ । ਫੇਰ ਗਵਰਮੈਂਟ ਗਵਰਨਰ ਸਾਹਿਬ ਦੀ ਵੀ ਇਸ ਦੇ ਲਗਣ ਤੇ ਹੀ ਬਦਲੀ । ਹੁਣ ਨਵੀਂ ਸਰਕਾਰ ਬਣੀ ਹੈ ਪਤਾ ਨਹੀਂ ਕਿਵੇਂ ਚਲੇਗੀ । ਇਹ ਸ਼ਖਸ਼ ਸ਼ਾਹਾਨਾ ਠਾਠ ਵਿਚ ਰਹਿੰਦਾ ਹੈ, ਇਸ ਨੇ ਆਪਣੇ ਦੋ ਕੈਂਪ ਬਣਾਏ ਹੋਏ ਹਨ । ਇਕ ਜਲੰਧਰ ਹੈ ਅਤੇ ਇਕ ਚੰਡੀਗੜ੍ਹ ਹੈ । ਇਸ ਨੇ ਦੋ ਕੋਠੀਆਂ ਰਖੀਆਂ ਹੋਈਆਂ ਹਨ. ਇਕ ਜਲੰਧਰ ਅਤੇ ਇਕ ਚੰਡੀਗੜ੍ਹ, ਇਸ ਦੇ ਪਾਸ ਦੋ ਇੰਪੋਰਟਿਡ ਕਾਰਾਂ ਹਨ, ਜਿਹੜਾ ਇਹਦਾ ਬਾਵਰਚੀ ਹੈ ਉਹ ਇਕ ਸੱਬ-ਇਨਸਪੈਕਟਰ ਦੇ ਗਰੇਡ ਦਾ ਆਦਮੀ ਹੈ । ਸਰਕਾਰੀ ਖ਼ਰਚ ਤੇ ਇਹ 98 ਵਾਰੀ ਇੰਗਲੈਂਡ ਹੋ ਆਇਆ ਹੈ । ਮੈਂ ਸਰਕਾਰ ਨੂੰ ਕਹਾਂਗਾ ਕਿ ਇਸ ਦੀ ਪੜਤਾਲ ਕਰਕੇ ਤਾਂ ਵੇਖੋ ਕਿ ਇਹ ਕਿਉਂ ਗਿਆ । ਇਹ ਆਫ਼ੀਸਰ ਅਜ ਪੰਜਾਬ ਦੇ ਵਿਚ ਬਦਨਾਮ ਹੋ ਚੁਕਾ ਹੈ, ਅਤੇ ਇਸ ਦੀ ਵਜ੍ਹਾ ਨਾਲ ਪੰਜਾਬ ਸਰਕਾਰ ਦੀ ਵੀ ਬਹੁਤ ਬਦਨਾਮੀ ਹੁੰਦੀ ਹੈ । ਇਸ ਆਈ.ਜੀ. ਦੇ ਮੁਤਾਲਿਕ ਜੇ ਵਿਚਾਰ ਲਏ ਜਾਣ ਤਾਂ ਮੈਂ ਕਹਿ ਸਕਦਾ ਹਾਂ ਕਿ Police oppression has become the rule of law after he was appointed as I.G. Punjab. ਇਸ ਦੇ ਤਸ਼ਦਦ ਅਤੇ ਜ਼ੁਲਮ ਦੇ ਕਿਸਿਆਂ ਦੀ ਚਰਚਾ ਜਗ੍ਹਾ ਜਗ੍ਹਾ ਹੋ ਰਹੀ ਹੈ । ਮੁਕਤਸਰ ਵਿਚ ਦੋ ਨੌਜਵਾਨ ਮੁੰਡਿਆਂ ਨੂੰ ਨੰਗੇ ਕਰਕੇ ਉਨ੍ਹਾਂ ਤੇ ਪੁਲੀਸ ਰਾਹੀਂ ਤਸ਼ਦਦ ਕਰਵਾਇਆ ਅਤੇ ਉਨ੍ਹਾਂ ਨੂੰ ਨੰਗਿਆਂ ਕਰਕੇ ਉਨਾਂ ਦਾ ਜਲੂਸ ਕਢਿਆ । ਇਸੇ ਤਰ੍ਹਾਂ ਤਾਰਾ-ਰੜ੍ਹ ਵਿਖੇ ਦੋ ਨੌਜਵਾਨ ਮੁੰਡਿਆਂ ਦਾ ਪੀ.ਐਸ.ਪੀ. ਨੇ ਗੋਲੀ ਦਾ ਨਿਸ਼ਾਨਾ ਬਣਾਇਆ । ਜਿਸ ਮਾਂ ਬਾਪ ਦੇ ਦੋਨੋ ਬੱਚੇ ਮਾਰੇ ਜਾਣ ਉਨਾਂ ਨੂੰ ਪੁਛੋ ਕਿ ਉਨ੍ਹਾਂ ਦੀ ਕੀ ਹਾਲਤ ਹੋਵੇਗੀ । ਜਦੋਂ ਇਹ ਨੌਜਵਾਨ ਮੁੰਡੇ ਮਾਰੇ ਗਏ ਉਸ ਵੇਲੇ ਡੀ.ਐਸ.ਪੀ., ਅਤੇ ਇੰਨਸਪੈਕਟਰ ਵੀ ਉਥੇ ਮੌਜੂਦ ਸਨ । ਅਜ ਤੱਕ ਉਸ ਮੁਆਮਲੇ ਦੀ ਕੋਈ ਇਨਕੁਆਇਰੀ ਨਹੀਂ ਹੋਈ ।

ਪਿੰਡ ਦਦਾਹੂਰ ਵਿਖੇ ਵੀ ਇਸੇ ਤਰ੍ਹਾਂ ਹੀ ਇਨਸਾਨੀਅਤ ਤੇ ਜ਼ੁਲਮ ਕੀਤਾ । ਦੋ ਨਰਸਾਂ ਨੂੰ 3-4 ਦਿਨ ਬੰਦ ਕਰਕੇ ਰਖਿਆ ਗਿਆ ਅਤੇ ਉਨ੍ਹਾਂ ਨੂੰ ਔਰਤਾਂ ਦੀ ਬਜਾਏ ਮਰਦ ਪੁਲੀਸ ਦੀ ਬੰਦੀ ਅੰਦਰ ਰਖਿਆ ਗਿਆ । ਇਸ ਆਈ.ਜੀ. ਦੇ ਕਾਰਨਾਮਿਆਂ ਦਾ ਪਿੰਡਾਂ ਦੇ ਵਿਚ ਹਾ ਹਾ ਕਾਰ ਮਚਿਆ ਹੋਇਆ ਹੈ । ਦਦਾਹੂਰ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ, ਮੈਂ ਸਰਕਾਰ ਨੂੰ ਕਹਾਂਗਾ ਕਿ ਜਿਹੜੀ ਦਦਾਹੂਰ ਦੇ ਕੇਸ ਦੇ ਵਿਚ ਇਨਕੁਆਇਰੀ ਹੋਈ ਹੈ ਉਸ ਦੀ ਰਿਪੋਰਟ ਹਾਊਸ ਦੇ ਸਾਹਮਣੇ ਰਖੀ ਜਾਵੇ ।

ਉਹ ਰਿਪੋਰਟ ਸਾਰਿਆਂ ਦੇ ਸਾਹਮਣੇ ਆਉਣੀ ਚਾਹੀਦੀ ਹੈ । ਫਿਰ ਪਤਾ ਲਗੇਗਾ ਕਿ ਕੌਣ ਸਚਾ ਹੈ, ਲੋਕ ਸਚੇ ਹਨ ਜਾਂ ਆਈ.ਜੀ. ਸਚਾ ਹੈ ।

ਫਿਰ, ਡਿਪਟੀ ਸਪੀਕਰ ਸਾਹਿਬ, ਇਸ ਵੇਲੇ ਪੰਜਾਬ ਵਿਚ 10 ਡੀ.ਆਈ.ਜੀ. ਹਨ । ਗਿਆਰਵਾਂ ਇਕ ਹੋਰ ਬਨਾਉਣ ਲਗੇ ਹਨ । ਡਿਪਟੀ ਸਪੀਕਰ ਸਾਹਿਬ, ਪੰਜਾਬ ਵਿਚ ਪੁਲੀਸ ਦੇ ਸਿਪਾਹੀ ਦੀ ਸਲਾਨਾ ਤਰਕੀ ਹੈ ਸਿਰਫ਼ ਇਕ ਰੁਪਿਆ ਅਤੇ ਅਫ਼ਸਰ ਹੋਰ ਬਨਾਉਣ ਲਗੇ ਇਹ ਢਿਲ ਨਹੀਂ ਲਾਉਂਦੇ । ਇਕ ਡੀ.ਆਈ.ਜੀ. ਤਾਂ ਇਨ੍ਹਾਂ ਨੇ ਸਿਰਫ਼ ਕੰਟਰੋਲ ਰੂਮ ਤੇ ਹੀ ਲਾ ਰਖਿਆ ਸੀ, ਉਹ ਉਥੇ ਬੈਠਾ ਬੈਠਾ 15 ਸੌ ਰੁਪਏ ਦੇ ਕਾਜੂ ਹੀ ਖਾ ਗਿਆ । (ਹਾਸਾ) ਤੁਸੀਂ ਇਨਕੁਆਇਰੀ ਹੀ ਕਰਵਾ ਲਓ ਕਿ ਕੀ ਉਸ ਨੇ ਜੰਗ ਦੇ ਦੌਰਾਨ 15 ਸੌ ਰੁਪਏ ਦੇ ਕਾਜੂ ਖਾਧੇ ਸੀ ਜਾਂ ਨਹੀਂ । ਨੌਜਵਾਨ ਤਾਂ ਸਰਹੱਦਾਂ ਉਪਰ ਮਰ ਰਹੇ ਸੀ ਤੇ ਉਹ ਕੰਟਰੋਲ ਰੂਮ ਵਿਚ ਬੈਠਾ 15 ਸੌ ਦੇ ਕਾਜੂ ਖਾ ਗਿਆ । ਫਿਰ ਢਾਈ ਹਜ਼ਾਰ ਰੁਪਏ ਦੀ ਕਰਾਕਰੀ ਖਰੀਦੀ ਗਈ ਸੈਕਟਰੀਏਟ ਵਿਚ ਬੈਠੇ ਹੋਏ । ਮੈਂ ਸਰਕਾਰ ਨੂੰ ਇਹ ਕਹਿਣਾ ਚਹੁੰਦਾ ਹਾਂ ਕਿ ਉਹ ਅਜਿਹੇ ਅਫ਼ਸਰਾਂ ਨੂੰ ਲਗਾਮ ਦੇਵੇ । ਅਸ਼ਵਨੀ ਕੁਮਾਰ ਨਾਲ ਸਾਡੀ ਕੋਈ ਜ਼ਾਤੀ ਦੁਸ਼ਮਨੀ ਨਹੀਂ ਪਰ ਪੰਜਾਬ ਦੀ ਜਨਤਾ ਤੇ ਧਕਾ ਹੋ ਰਿਹਾ ਹੈ, ਇਸ ਲਈ ਮੈਂ ਆਪਣੀ ਪਾਰਟੀ ਵਲੋਂ ਸਰਕਾਰ ਨੂੰ ਪੁਰਜ਼ੋਰ ਅਪੀਲ ਕਰਾਂਗਾ ਕਿ ਉਹ ਇਸ ਤਰ੍ਹਾਂ ਦੀਆਂ ਗੱਲਾਂ ਵਲ ਧਿਆਨ ਦੇਵੇ ।

ਇਕ ਹੋਰ ਗੱਲ ਮੈਂ ਪ੍ਰਾਸੀਕਿਊਟਿੰਗ ਏਜੰਸੀ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੂੰ ਇਹ ਚਾਹੀਦਾ ਹੈ ਕਿ ਇਸ ਪ੍ਰਾਸੀਕਿਊਟਿੰਗ ਏਜੰਸੀ ਨੂੰ ਪੁਲੀਸ ਡਿਪਾਰਟਮੈਂਟ ਤੋਂ ਵਖਰਾ ਕਰ ਦੇਵੇ । ਨਹੀਂ ਤਾਂ ਲੋਕਾਂ ਨੂੰ ਪੂਰਾ ਇਨਸਾਫ਼ ਨਹੀਂ ਮਿਲ ਸਕੇਗਾ । ਇਸ ਤੋਂ ਪਹਿਲਾਂ ਇਥੇ ਜੁਡੀਸ਼ਰੀ ਨੂੰ ਐਗਜ਼ੈਕਟਿਵ ਤੋਂ ਵਖ ਕੀਤਾ ਗਿਆ ਜੋ ਕਿ ਜਮਹੂਰੀਅਤ ਲਈ ਬਹੁਤ ਜ਼ਰੂਰੀ ਸੀ । ਹੁਣ ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਪ੍ਰਾਸੀਕਿਊਟਿੰਗ ਏਜੰਸੀ ਨੂੰ ਪੁਲੀਸ ਤੋਂ ਵਖ ਕਰ ਦੇਵੇ ਤਾਂ ਇਹ ਜਮਹੂਰੀਅਤ ਲਈ ਇਕ ਮੀਲ ਪੱਥਰ ਹੋਵੇਗਾ । ਅਤੇ ਇਸ ਲਈ ਸਰਕਾਰ ਸਾਰਿਆਂ ਦੀ ਵਧਾਈ ਦੀ ਪਾਤਰ ਹੋਵੇਗੀ ।

ਹੁਣ ਕੁਝ ਗੱਲਾਂ ਮੈਂ ਦਵੇ ਕਮਿਸ਼ਨ ਦੇ ਬਾਰੇ ਕਹਿਣਾ ਚਾਹੁੰਦਾ ਹਾਂ । ਇਕ ਸਾਬਕਾ ਮਨਿਸਟਰ, ਡਾਂਗ ਸਾਹਿਬ ਅਤੇ ਇਕ ਅਕਾਲੀ ਮਨਿਸਟਰ ਸਰਦਾਰ ਤਰਲੋਚਨ ਸਿੰਘ ਰਿਆਸਤੀ ਨੇ ਕੁਝ ਮਨਿਸਟਰਾਂ ਉਤੇ ਚਾਰਜ ਲਾਏ । ਸਰਕਾਰ ਨੇ ਉਨ੍ਹਾਂ ਤੇ ਆਪ ਪੜਤਾਲ ਕਰਵਾਈ ਤੇ ਇਹ ਪਾਇਆ ਗਿਆ ਕਿ ਕੋਈ 16-17 ਵਜ਼ੀਰ ਦੋਸ਼ੀ ਹਨ । ਪਰ ਫਿਰ ਵੀ ਗਵਰਨਰ ਸਾਹਿਬ ਨੇ ਇਹ ਫ਼ੈਸਲਾ ਕੀਤਾ ਕਿ ਅਸੀਂ ਇਸ ਵਿਚ ਪਾਰਟੀ ਨਹੀਂ ਬਣਨਾ, ਇਥੋਂ ਤਕ ਕਿ ਦਵੇ ਕਮਿਸ਼ਨ ਨੂੰ ਕੋਈ ਜ਼ਰੂਰੀ ਕਾਗਜ਼ ਅਤੇ ਫ਼ਾਈਲਾਂ ਵੀ ਇਹ ਕਹਿ ਕੇ ਨਹੀਂ ਦਿਖਾਈਆਂ

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਗਈਆਂ ਕਿ ਇਹ ਗੌਰਮਿੰਟ ਦੀ ਪ੍ਰਿਵਿਲਜ ਹੈ । ਮੈਂ ਇਸ ਬਾਰੇ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਹੁਣ ਨਵੀਂ ਸਰਕਾਰ ਆਈ ਹੈ, ਇਸ ਲਈ ਇਸ ਦਾ ਫ਼ਰਜ਼ ਬਣਦਾ ਹੈ ਕਿ ਇਹ ਦਵੇ ਕਮਿਸ਼ਨ ਦੇ ਸਾਹਮਣੇ ਇਕ ਪਾਰਟੀ........

ਸ੍ਰੀ ਡਿਪਟੀ ਸਪੀਕਰ : ਜੋਸ਼ ਸਾਹਿਬ, ਇਹ ਮਾਮਲਾ ਸਬ-ਜੁਡਿਸ ਹੈ, ਇਸ ਲਈ ਇਸ ਤੇ ਡਿਸਕਸ਼ਨ ਨਾ ਕਰੋ (*Addressing Comrade Shamsher Singh Josh* : This matter is sub-Judice. Please don't discuss it.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਕੇਵਲ ਇਹ ਹੀ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਇਸ ਕਮਿਸ਼ਨ ਦੇ ਸਾਹਮਣੇ ਇਕ ਪਾਰਟੀ ਬਣੇ । ਮੈਂ ਇਹ ਨਹੀਂ ਕਹਿੰਦਾ ਕਿ ਕਮਿਸ਼ਨ ਨੇ ਕੀ ਫ਼ੈਸਲਾ ਕਰਨਾ ਹੈ ਅਤੇ ਕੀ ਨਹੀਂ ਕਰਨਾ ਮੈਂ ਤਾਂ ਸਿਰਫ ਇਹ ਕਹਿਣਾ ਹੈ ਕਿ ਜਦੋਂ ਸਰਕਾਰ ਦੀ ਪੜਤਾਲ ਵਿਚ ਕੁਝ ਵਜ਼ੀਰ ਦੋਸ਼ੀ ਸਾਬਤ ਹੋਏ ਹਨ ਤਾਂ ਸਰਕਾਰ ਪਾਰਟੀ ਕਿਉਂ ਨਾ ਬਣੇ । ਰਿਆਸਤੀ ਸਾਹਿਬ ਅਤੇ ਡਾਂਗ ਸਾਹਿਬ ਤਾਂ ਪ੍ਰੌਸੀਕਿਊਟਿੰਗ ਕਰ ਰਹੇ ਹਨ ਪਰ ਉਨ੍ਹਾਂ ਲੋਕਾਂ ਨੇ ਸਰਕਾਰ ਦਾ, ਜਨਤਾ ਦਾ ਖਜ਼ਾਨਾ ਲੁਟ ਕੇ ਖਾਧਾ ਹੈ, ਇਸ ਲਈ ਸਰਕਾਰ ਨੂੰ ਲੋਕਾਂ ਦੇ ਹਕਾਂ ਦੀ ਰਖਿਆ ਕਰਨ ਲਈ ਇਸ ਵਿਚ ਇਕ ਪਾਰਟੀ ਬਣਨਾ ਚਾਹੀਦਾ ਹੈ । ਸ਼ੇਖ ਸਾਦੀ ਨੇ ਕਿਹਾ ਹੈ ਕਿ ਜੇ ਬਾਦਸ਼ਾਹ ਇਕ ਅੰਡੇ ਦੀ ਚੋਰੀ ਕਰਦਾ ਹੈ ਤਾਂ ਮੁਕਦਮ ਇਕ ਉਠ ਦੀ ਚੋਰੀ ਕਰੇਗਾ । ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਕੁਰਪਸ਼ਨ ਉਤੋਂ ਖ਼ਤਮ ਹੋਣੀ ਚਾਹੀਦੀ ਹੈ, ਇਹ ਹੇਠੋਂ ਨਹੀਂ ਖ਼ਤਮ ਹੋਵੇਗੀ । ਜੇ ਕੋਈ ਪਟਵਾਰੀ ਕੁਝ ਰਿਸ਼ਵਤ ਲੈ ਲੈਂਦਾ ਹੈ ਤਾਂ ਉਸ ਨੂੰ ਫੜ ਕੇ ਅੰਦਰ ਕਰ ਦਿਤਾ ਜਾਂਦਾ ਹੈ, ਪਰ ਜਿਨ੍ਹਾਂ ਨੇ ਲੱਖਾਂ ਰੁਪਿਆ ਸਰਕਾਰ ਦਾ ਖਾਂਧਾ ਹੈ, ਉਨ੍ਹਾਂ ਦੇ ਵਿਰੁਧ ਸਰਕਾਰ ਪਾਰਟੀ ਬਣਨ ਲਈ ਹੀ ਤਿਆਰ ਨਹੀਂ ਹੈ । ਮੈਂ ਇਸ ਸਦਨ ਵਿਚ ਆਪਣੀ ਪਾਰਟੀ ਵਲੋਂ ਇਹ ਮੰਗ ਕਰਦਾ ਹਾਂ ਕਿ ਸਰਕਾਰ ਇਸ ਮਾਮਲੇ ਵਿਚ ਇਕ ਪਾਰਟੀ ਬਣੇ ਅਤੇ ਸਾਰੇ ਲੋੜੀਂਦੇ ਕਾਗਜ਼ ਕਮਿਸ਼ਨ ਦੇ ਸਾਹਮਣੇ ਪੇਸ਼ ਕਰੇ ਤਾਂ ਕਿ ਜੇ ਕੋਈ ਬੇਗੁਨਾਹ ਫਸ ਗਿਆ ਹੈ ਤਾਂ ਉਹ ਛੁਟ ਜਾਵੇ ਅਤੇ ਜੇ ਕੋਈ ਦੋਸ਼ੀ ਹੈ ਤਾਂ ਉਸ ਨੂੰ ਸਜ਼ਾ ਮਿਲੇ ।

ਸ੍ਰੀ ਡਿਪਟੀ ਸਪੀਕਰ : ਜੋਸ਼ ਸਾਹਿਬ, ਇਹ ਵੋਟ ਆਨ ਅਕਾਊਂਟ ਤੇ ਡਿਸਕਸ਼ਨ ਹੋ ਰਹੀ ਹੈ, ਇਸ ਲਈ ਤੁਸੀਂ ਜਨਰਲ ਡਿਸਕਸ਼ਨ ਨਾ ਕਰੋ ਅਤੇ ਡਿਮਾਂਡਜ਼ ਬਾਰੇ ਹੀ ਬੋਲੋ । (*Addressing Comrade Shamsher Singh Josh* : The Vote-on-Account Budget is being discussed. You should speak on the demands and avoid general discussion.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਡਿਪਟੀ ਸਪੀਕਰ ਸਾਹਿਬ, ਇਹ ਵੋਟ-ਆਨ-ਅਕਾਊਂਟ ਵੀ ਜਨਰਲ ਬਜੱਟ ਦਾ ਇਕ ਹਿੱਸਾ ਹੀ ਹੁੰਦਾ ਹੈ ।

ਡਿਪਟੀ ਸਪੀਕਰ ਸਾਹਿਬ, ਜਿਥੋਂ ਤਕ ਲੈਂਡ ਦਾ ਤੁਅਲਕ ਹੈ, ਇਸ ਬਾਰੇ ਇਸ ਸਰਕਾਰ ਨੇ ਕੁਝ ਕੰਨਕਰੀਟ ਸਟੈਪਸ ਲਏ ਹਨ । ਹੁਣ ਇਸ ਨੇ ਇਕ ਐਗਰੇਰੀਅਨ ਕਾਨੂੰਨ ਬਣਾਉਣ ਦਾ ਫ਼ੈਸਲਾ ਕੀਤਾ ਹੈ, ਇਸ ਤੋਂ ਪਹਿਲਾਂ ਇਥੇ ਦੋ ਕਾਨੂੰਨ ਹੁੰਦੇ ਸੀ । ਇਕ ਪੈਪਸੂ ਦਾ ਲੈਂਡ ਟੈਨੈਂਸੀ ਐਕਟ ਅਤੇ ਇਕ ਪੰਜਾਬ ਦਾ । ਇਨ੍ਹਾਂ ਦੋਨਾਂ ਨੂੰ ਖ਼ਤਮ ਕਰਕੇ ਇਕ ਬਸਿਕ

ਐਗਰੇਰੀਅਨ ਐਕਟ ਬਨਾਉਣ ਦਾ ਜੋ ਫ਼ੈਸਲਾ ਇਸ ਸਰਕਾਰ ਨੇ ਕੀਤਾ ਹੈ ਉਹ ਬਹੁਤ ਚੰਗਾ ਹੈ ।

ਫਿਰ ਇਨ੍ਹਾਂ ਨੇ ਸੀਲਿੰਗ ਘਟਾਉਣ ਦੀ ਗਲ ਕੀਤੀ ਹੈ ਕਿ ਸੀਲਿੰਗ ਘਟਾ ਕੇ ਸ਼ਹਿਰੀ ਜਾਇਦਾਦ ਜੋ ਮਿਥੀ ਜਾਵੇਗੀ ਉਸ ਦੇ ਬਰਾਬਰ ਕਰ ਦਿਤੀ ਜਾਵੇਗੀ। ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸੀਲਿੰਗ ਤਾਂ ਘਟ ਕਰ ਦਿਤੀ ਜਾਵੇ, ਪਰ ਇਸ ਨੂੰ ਸ਼ਹਿਰੀ ਜਾਇਦਾਦ ਨਾਲ ਲਿੰਕ ਨਾ ਕੀਤਾ ਜਾਵੇ । ਹਾਲੇ ਇਸ ਬਾਰੇ ਹਾਊਸ ਨੇ ਇਕ ਮਤਾ ਪਾਸ ਕਰਨਾ ਹੈ ਅਤੇ ਉਹ ਮਤਾ ਸੈਂਟਰ ਦੀ ਸਰਕਾਰ ਨੂੰ ਭੇਜਣਾ ਹੈ, ਉਸ ਨੇ ਫਿਰ ਅਗੇ ਕਾਨੂੰਨ ਬਣਾਉਣਾ ਹੈ । ਇਸ ਵਿਚ 2 ਜਾਂ 3 ਸਾਲ ਲਗ ਜਾਣਗੇ । ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਨੂੰ ਸ਼ਹਿਰੀ ਜਾਇਦਾਦ ਨਾਲੋਂ ਡੀ-ਲਿੰਕ ਕਰਕੇ ਇਸ ਦੀ ਹੱਦ ਘਟਾ ਦਿਤੀ ਜਾਵੇ ਅਤੇ ਇਹ ਸੀਲਿੰਗ ਫ਼ੈਮਲੀ ਦੇ ਪਿਛੇ ਕਰ ਦਿਤੀ ਜਾਵੇ ਅਤੇ ਹਰ ਕਿਸਮ ਦੀਆਂ ਛੋਟਾਂ ਨੂੰ ਖ਼ਤਮ ਕਰ ਦਿਤਾ ਜਾਵੇ । ਅਜ ਗਾਰਡਨਿੰਗ ਦੇ ਨਾਂ ਤੇ ਅਤੇ ਗੁਡ ਫਾਰਮਿੰਗ ਦੇ ਨਾਂ ਤੇ ਛੋਟਾਂ ਦਿਤੀਆਂ ਹੋਈਆਂ ਹਨ, ਇਨ੍ਹਾਂ ਨੂੰ ਖ਼ਤਮ ਕਰ ਦਿਤਾ ਜਾਵੇ ਅਤੇ ਇਕ ਬੇਸਿਕ ਐਗਰੇਰੀਅਨ ਐਕਟ ਬਣਾਇਆ ਜਾਵੇ । ਹਰ ਸਰਕਾਰ ਇਸ ਮਾਮਲੇ ਨੂੰ ਲਟਕਾਉਂਦੀ ਰਹੀ ਹੈ, ਇਸ ਲਈ ਮੈਂ ਇਸ ਨਵੀਂ ਸਰਕਾਰ ਤੋਂ ਆਸ ਰਖਦਾ ਹਾਂ ਕਿ ਇਹ ਇਸ ਬਾਰੇ ਜਲਦੀ ਹੀ ਫੈਸਲਾ ਕਰਕੇ ਸੀਲਿੰਗ ਘਟਾ ਦੇਵੇਗੀ ਅਤੇ ਛੋਟਾਂ ਨੂੰ ਖ਼ਤਮ ਕਰ ਦੇਵੇਗੀ । ਨਵੀਂ ਸਰਕਾਰ ਨੇ ਇਹ ਜੋ ਫ਼ੈਸਲਾ ਕੀਤਾ ਹੈ ਕਿ ਉਹ ਫ਼ਾਲਤੂ ਜ਼ਮੀਨਾਂ ਨੂੰ ਗਰੀਬ ਹਰੀਜਨਾਂ ਤੇ ਗਰੀਬ ਕਿਸਾਨਾਂ ਵਿਚ ਵੰਡ ਦੇਵੇਗੀ । ਇਹ ਬਹੁਤ ਹੀ ਚੰਗਾ ਫ਼ੈਸਲਾ ਹੈ । ਇਸ ਨਾਲ ਇਨ੍ਹਾਂ ਗਰੀਬਾਂ ਦਾ ਵੀ ਭਲਾ ਹੋਵੇਗਾ ।

ਫਿਰ ਸਰਕਾਰ ਨੇ ਇਹ ਫ਼ੈਸਲਾ ਕੀਤਾ ਹੈ ਕਿ ਇਹ ਬੇਟ ਦੀਆਂ ਅਤੇ ਮੁਤਾਮੀ ਜ਼ਮੀਨਾਂ ਦੀ ਆਕਸ਼ਨ ਬੰਦ ਕਰ ਦੇਵੇਗੀ, ਇਹ ਵੀ ਠੀਕ ਫ਼ੈਸਲਾ ਹੈ । ਅਜ 20 ਹਜ਼ਾਰ ਗਰੀਬ ਬਾਜ਼ੀਗਰ, ਸੈਣੀ, ਝਿਊਰ ਔਰ ਨਾਈ ਅਧਿਕ ਟਬਰ ਐਸੇ ਹਨ, ਜਿਨ੍ਹਾਂ ਨੂੰ ਗਵਰਨਰੀ ਰਾਜ ਵਿਚ ਕੋਈ ਸਹੂਲਤਾਂ ਨਹੀਂ ਮਿਲੀਆਂ । ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਸਰਕਾਰ ਐਕਚੂਅਲ ਪੋਜ਼ੈਸ਼ਨ ਦੇ ਅਧਾਰ ਤੇ 5 ਸਟੈਂਡਰਡ ਏਕੜ ਜਾਂ 10 ਸਧਾਰਣ ਏਕੜ ਜ਼ਮੀਨ ਪੱਕੇ ਤੌਰ ਤੇ ਅਲਾਟ ਕਰ ਦੇਵੇ ਤਾਂ ਕਿ ਇਨ੍ਹਾਂ ਗਰੀਬਾਂ ਦਾ ਵੀ ਭਲਾ ਹੋ ਸਕੇ । ਫਿਰ ਸਰਕਾਰ ਨੇ ਇਹ ਵੀ ਇਕ ਠੀਕ ਫ਼ੈਸਲਾ ਕੀਤਾ ਹੈ ਕਿ ਹਰੀਜਨਾਂ ਨੂੰ ਦਿਤੀ ਜਾਣ ਵਾਲੀ ਜ਼ਮੀਨ ਲਾਟਰੀ ਦੇ ਰਾਹੀਂ ਦਿਤੀ ਜਾਵੇਗੀ । ਇਹ ਠੀਕ ਗਲ ਹੈ । ਨਹੀਂ ਤਾਂ ਇਹ ਹੁੰਦਾ ਹੈ ਕਿ ਅਫ਼ਸਰ ਆਪਣੀ ਮਰਜ਼ੀ ਦੇ ਨਾਲ ਹੀ ਜ਼ਮੀਨ ਦੇਈ ਜਾਂਦੇ ਹਨ, ਇਸ ਤਰੀਕੇ ਦੇ ਨਾਲ ਜਿਸ ਦੀ ਲਾਟਰੀ ਨਿਕਲ ਆਵੇਗੀ ਉਸ ਨੂੰ ਹੀ ਜ਼ਮੀਨ ਮਿਲੇਗੀ । ਫਿਰ ਡੀਗ੍ਰੇਡਿਡ ਜ਼ਮੀਨ ਹੈ । ਬਹੁਤ ਸਾਰੇ ਸਰਕਾਰ ਦੇ ਅਫ਼ਸਰਾਂ ਨੇ ਫ਼ਾਰਮ ਬਣਾਏ ਹੋਏ ਹਨ । ਜੇ ਉਨ੍ਹਾਂ ਦੀ ਪੜਤਾਲ ਕੀਤੀ ਜਾਵੇਗੀ ਤਾਂ ਹਜ਼ਾਰਾਂ ਏਕੜ ਜ਼ਮੀਨ ਨਿਕਲ ਆਵੇਗੀ । ਸਰਕਾਰ ਨੂੰ ਇਸ ਬਾਰੇ ਇਕ ਹਾਈ ਪਾਵਰ ਕਮਿਸ਼ਨ ਬਿਠਾਉਣਾ ਚਾਹੀਦਾ ਹੈ ਕਿ ਕਿਸ ਅਫ਼ਸਰ ਕੋਲ ਕਿੰਨੀ ਜ਼ਮੀਨ ਹੈ ।

ਸ੍ਰੀ ਡਿਪਟੀ ਸਪੀਕਰ : ਜੋਸ਼ ਸਾਹਿਬ, ਤੁਹਾਡੀ ਪਾਰਟੀ ਨੂੰ 30 ਮਿੰਟ ਮਿਲੇ ਹਨ, 20 ਮਿੰਟ ਤੁਸੀਂ ਬੋਲ ਚੁਕੇ ਹੋ, ਕੀ ਤੁਸੀਂ ਹੀ ਆਪਣੀ ਪਾਰਟੀ ਵਲੋਂ ਬੋਲਣਾ ਹੈ? (Thirty minutes have been allotted to the party of the hon.

[ਸ਼੍ਰੀ ਡਿਪਟੀ ਸਪੀਕਰ]

Member. He has already taken twenty minutes. Will he alone be the speakeı from his party?)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਜੀ ਹਾਂ, ਆਪਣੀ ਪਾਰਟੀ ਵਲੋਂ ਸਿਰਫ਼ ਮੈਂ ਹੀ ਬੋਲਣਾ ਹੈ ।

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਇਕ ਅਰਜ਼ ਇਹ ਕਰਦਾ ਹਾਂ ਕਿ ਰੋਪੜ, ਗੁਰਦਾਸਪੁਰ ਅਤੇ ਹੁਸ਼ਿਆਰਪੁਰ ਸਬ-ਮਾਊਂਟੇਨੀਅਸ ਇਲਾਕੇ ਹਨ । ਇਥੇ ਜੇ ਕਿਸੇ ਕਿਸਾਨ ਨੇ ਟਿਊਬਵੈਲ ਲਗਾਉਣਾ ਹੋਵੇ ਤਾਂ ਕਈ ਇਲਾਕਿਆਂ ਵਿਚ ਇਹ 14 ਸੌ ਫੁਟ ਡੂੰਘਾ ਲਾਉਣਾ ਪੈਂਦਾ ਹੈ । ਕਿਸਾਨ ਆਪ ਇਤਨਾ ਡੂੰਘਾ ਟਿਊਬਵੈਲ ਨਹੀਂ ਲਾ ਸਕਦਾ । ਇਸ ਲਈ ਉਥੇ ਪੀਣ ਦੇ ਪਾਣੀ ਦੀ ਵੀ ਬੜੀ ਕਮੀ ਹੈ । ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਥੇ ਸਰਕਾਰ ਨੂੰ ਆਪ ਟਿਊਬਵੈਲ ਲਗਾਉਣੇ ਚਾਹੀਦੇ ਹਨ । ਸਾਡੇ ਵਿੱਤ ਮੰਤਰੀ ਸਾਹਿਬ ਦੀ ਕੰਸਟੀਚੂਐਂਸੀ ਵੀ ਇਸੇ ਇਲਾਕੇ ਵਿਚ ਹੈ । ਇਹ ਲਾਲੜੂ ਤੋਂ ਪਠਾਨਕੋਟ ਤਕ ਦਾ ਇਲਾਕਾ ਵੀ ਇਸ ਵਿਚ ਆ ਜਾਂਦਾ ਹੈ । ਚੰਡੀਗੜ੍ਹ ਵੀ ਇਸੇ ਇਲਾਕੇ ਵਿਚ ਵਸਿਆ ਹੋਇਆ ਹੈ । ਮੈਂ ਕਹਿ ਸਕਦਾ ਹਾਂ ਕਿ ਇਥੇ ਦੀ ਧਰਤੀ ਬਹੁਤ ਚੰਗੀ ਹੈ ਅਤੇ ਸਵਿਟਜ਼ਰਲੈਂਡ ਦਾ ਮੁਕਾਬਲਾ ਕਰ ਸਕਦੀ ਹੈ ਜੇ ਇਸ ਨੂੰ ਪੂਰੀ ਤਰ੍ਹਾਂ ਪਾਣੀ ਮਿਲ ਸਕੇ । ਇਸ ਲਈ ਸਰਕਾਰ ਨੂੰ ਆਪ ਇਥੇ ਟਿਊਬਵੈਲਜ਼ ਲਗਾਉਣੇ ਚਾਹੀਦੇ ਹਨ ।

ਇਕ ਅਰਜ਼ ਮੈਂ ਹੋਰ ਕਰਨੀ ਚਾਹੁੰਦਾ ਹਾਂ ਕਿ ਇਸ ਤੋਂ ਪਹਿਲੀ ਅਕਾਲੀ ਸਰਕਾਰ ਨੇ ਚੰਡੀਗੜ੍ਹ ਦੇ ਨੇੜੇ ਇਕ ਹੋਰ ਚੰਡੀਗੜ੍ਹ ਵਸਾਉਣ ਦਾ ਫ਼ੈਸਲਾ ਕੀਤਾ ਸੀ । ਉਸ ਦਾ ਨਾਂ ਮੁਹਾਲੀ ਰਖਿਆ ਗਿਆ । ਮੈਂ ਖਰੜ ਦੇ ਇਲਾਕੇ ਵਿਚੋਂ ਚੁਣਿਆ ਗਿਆ ਹਾਂ ਅਤੇ ਪਿੰਡ ਕਾਂਸਲ, ਜਿਸ ਦੀ ਧਰਤੀ ਤੇ ਇਸ ਸਦਨ ਦਾ ਸਮਾਗਮ ਹੋ ਰਿਹਾ ਹੈ, ਮੈਂ ਉਸ ਦਾ ਵੀ ਨੁਮਾਇੰਦਾ ਹਾਂ । ਮੈਂ ਅਰਜ਼ ਕਰਦਾ ਹਾਂ ਕਿ ਚੰਡੀਗੜ੍ਹ ਬਣਨ ਵੇਲੇ ਇਥੇ ਬੜੀ ਐਜੀਟੇਸ਼ਨ ਚਲੀ ਸੀ ਅਤੇ ਸਰਕਾਰ ਨੇ ਸਿਰਫ਼ 17 ਪਿੰਡ ਲਏ ਸੀ ਅਤੇ ਕਿਹਾ ਸੀ ਜੇ ਚੰਡੀਗੜ੍ਹ ਨੂੰ ਵਧਾਉਣ ਦੀ ਲੋੜ ਪਈ ਤਾਂ ਉਹ ਮਨੀਮਾਜਰੇ ਵਲ ਵਧਾਉਣਗੇ । ਪਰ ਹੁਣ ਇਨ੍ਹਾਂ ਨੇ ਮੁਹਾਲੀ ਆਦਿ 8 ਪਿੰਡਾਂ ਦੀ 1,130 ਏਕੜ ਜ਼ਮੀਨ ਇਕਵਾਇਰ ਕਰ ਲਈ ਹੈ । ਚਾਹੀਦਾ ਤਾਂ ਇਹ ਸੀ ਕਿ ਇਹ ਚੰਡੀਗੜ੍ਹ ਲੈਣ ਦੀ ਕੋਸ਼ਿਸ਼ ਕਰਦੇ ਪਰ ਇਸ ਦੀ ਥਾਂ ਇਨ੍ਹਾਂ ਨੇ ਇਹ 1,130 ਏਕੜ ਜ਼ਮੀਨ 8 ਪਿੰਡਾਂ ਨੂੰ ਉਜਾੜ ਕੇ ਇੰਡਸਟਰੀਅਲ ਅਤੇ ਰੈਜ਼ੀਡੈਂਸ਼ਲ ਕਾਲੋਨੀ ਬਨਾਉਣ ਲਈ ਲੈ ਲਈ ਹੈ । ਉਧਰ ਯਾਹੀਯਾ ਖਾਂ ਦੇ ਬੰਬ ਗਿਰ ਰਹੇ ਸਨ ਅਤੇ ਇਧਰ ਸੈਕਟੈਰੀਏਟ ਤੋਂ ਉਨ੍ਹਾਂ ਲੋਕਾਂ ਨੂੰ ਉਜਾੜਨ ਦੇ ਨੋਟਿਸ ਜਾਰੀ ਹੋ ਰਹੇ ਸਨ । ਇੰਡਸਟਰੀ ਲਗਣੀ ਚਾਹੀਦੀ ਹੈ । ਪਹਿਲ ਸਟੇਟ ਇੰਡਸਟਰੀ ਨੂੰ ਦਿਉ ਅਤੇ ਪਰਾਈਵੇਟ ਇੰਡਸਟਰੀ ਆਪ ਲੋਕਾਂ ਤੋਂ ਲਵਾਉ । ਦੂਜੀ ਗਲ ਇਹ ਹੈ ਕਿ ਹਰੀਜਨ ਜਿਨ੍ਹਾਂ ਨੂੰ ਨੋਟਿਸ ਉਜੜਨ ਦੇ ਦਿਤੇ ਗਏ ਉਨ੍ਹਾਂ ਦੀ ਗਿਣਤੀ ਕੋਈ 1,200 ਦੇ ਕਰੀਬ ਸੀ । ਇਹ ਜਿਹੜਾ ਨਵਾਂ ਮੁਹਾਲੀ ਦਾ ਏਰੀਆ ਬਨਾਉਣ ਦਾ ਫ਼ੈਸਲਾ ਹੈ, ਇਸ ਨੂੰ ਵਾਪਸ ਲੈਣਾ ਚਾਹੀਦਾ ਹੈ । ਚੰਡੀਗੜ੍ਹ ਵਿਚ ਹੀ ਡਿਵੈਲਪ ਕਰਨਾ ਚਾਹੀਦਾ ਹੈ । ਚੰਡੀਗੜ੍ਹ ਪੰਜਾਬ ਵਿਚ ਲੈਣ ਵਾਸਤੇ ਯਤਨ ਕਰਨਾ ਚਾਹੀਦਾ ਹੈ । ਅਵਾਰਡ ਦਿਤੇ ਨੂੰ ਤਿੰਨ ਸਾਲ ਹੋ ਗਏ ਹਨ ਬਾਕੀ ਡੇਢ ਸਾਲ ਰਹਿ ਗਿਆ ਹੈ । ਸਰਕਾਰ ਚੰਡੀਗੜ੍ਹ ਨੂੰ ਪੰਜਾਬ ਵਿਚ ਲੈਣ ਵਾਸਤੇ ਹੋਰ ਕੋਸ਼ਿਸ਼ ਕਰੇ । ਪੰਜਾਬ ਸਰਕਾਰ ਨੂੰ ਖਰੜ ਦੀ ਤਹਿਸੀਲ ਦੇ ਹੋਰ ਪਿੰਡਾਂ ਨੂੰ ਉਜਾੜਨਾ ਛਡ ਕੇ ਕੋਈ ਹੋਰ ਤਰੀਕਾ ਅਪਨਾਉਣਾ ਚਾਹੀਦਾ ਹੈ ਜਿਸ

ਵਿਚ ਅਸੀਂ ਸਰਕਾਰ ਦੇ ਮਦਦਗਾਰ ਹੋਵਾਂਗੇ । ਹੋਰ ਸ਼ਹਿਰ ਪਟਿਆਲਾ, ਜਗਰਾਉਂ, ਲੁਧਿਆਣਾ ਆਦਿ ਦੇ ਲਾਗੇ ਬਸਤੀਆਂ ਬਣਾ ਲਉ ਲੇਕਿਨ ਚੰਡੀਗੜ੍ਹ ਦੇ ਲਾਗੇ ਬਸਤੀਆਂ ਬਣਾਉਣ ਦੀ ਲੋੜ ਨਹੀਂ ਹੈ । ਅੰਤ ਵਿਚ ਇਹ ਇਲਫਾਜ਼ ਕਹਿ ਕੇ ਮੈਂ ਆਸ ਕਰਦਾ ਹਾਂ ਕਿ ਹੁਣ ਦੀ ਨਵੀਂ ਸਰਕਾਰ ਇਸ ਵਲ ਕੋਈ ਬੁਨਿਆਦੀ ਕਦਮ ਚੁਕੇਗੀ ਤਾਂ ਕਿ ਜਿਸ ਵਚਨਾਂ ਨਾਲ ਅਸੀਂ ਇਥੇ ਸਦਨ ਵਿਚ ਆਏ ਹਾਂ ਉਨ੍ਹਾਂ ਵਚਨਾਂ ਨੂੰ ਅਸੀਂ ਪੂਰਾ ਕਰ ਸਕੀਏ । ਧੰਨਵਾਦ ।

ਸਰਦਾਰ ਬਸੰਤ ਸਿੰਘ ਖ਼ਾਲਸਾ (ਦਾਖਾ—ਐਸ. ਸੀ.) ਡਿਪਟੀ ਸਪੀਕਰ ਸਾਹਿਬ, ਮੈਂ ਇਸ ਵੋਟ-ਆਨ-ਅਕਾਊਂਟ ਤੇ ਕੋਈ ਦੋ ਚਾਰ ਮੱਦਾਂ ਜੋ ਸਰਕਾਰ ਨੇ ਰਖੀਆਂ ਹਨ, ਜਿਵੇਂ ਐਜੂਕੇਸ਼ਨ, ਮੈਡੀਕਲ ਅਤੇ ਐਗਰੀਕਲਚਰ ਆਦਿ । ਮੈਂ ਇਸ ਦੇ ਸਬੰਧ ਵਿਚ ਬੇਨਤੀ ਕਰਨਾ ਚਾਹੁੰਦਾ ਹਾਂ । ਮੇਰੀ ਬੇਨਤੀ ਇਹ ਹੈ ਕਿ ਜਿਥੋਂ ਤਕ ਵਿਦਿਆ ਦਾ ਸਵਾਲ ਹੈ ਮੈਂ ਅਰਜ਼ ਕਰਦਾ ਹਾਂ ਕਿ ਵਿਦਿਆ ਦਾ ਪਸਾਰ ਸਭ ਤੋਂ ਜ਼ਿਆਦਾ ਜ਼ਰੂਰੀ ਹੈ । ਜਿਥੋਂ ਤਕ ਦੋ, ਤਿੰਨ, ਚਾਰ ਸਾਲ ਦਾ ਤਜਰਬਾ ਮੈਂਨੂੰ ਹੋਇਆ ਹੈ, ਮੈਂ ਸਮਝਦਾ ਹਾਂ ਕਿ ਗਵਰਨਰ ਦੇ ਰਾਜ ਤੋਂ ਪਹਿਲਾਂ ਜਿੰਨੀਆਂ ਵੀ ਇਥੇ ਸਰਕਾਰਾਂ ਆਈਆਂ ਉਨ੍ਹਾਂ ਨੇ ਇਸ ਵਿਦਿਆ ਦੇ ਪਸਾਰ ਵਲ ਬਹੁਤ ਜ਼ਿਆਦਾ ਧਿਆਨ ਦਿਤਾ । ਪਹਿਲਾਂ ਸਾਲ ਦੇ ਵਿਚ 60 ਜਾਂ 40 ਸਕੂਲ ਅਪਗਰੇਡ ਕੀਤੇ ਜਾਂਦੇ ਸਨ ਲੇਕਿਨ ਸਾਂਝੇ ਮੁਹਾਜ਼ ਦੀ ਸਰਕਾਰ ਆਈ ਉਸ ਤੋਂ ਬਾਅਦ ਅਕਾਲੀ ਸਰਕਾਰ ਆਈ ਉਸ ਸਮੇਂ 150 ਤੋਂ 400 ਸਕੂਲ ਅਪਗਰੇਡ ਹੋਏ, ਬਹੁਤ ਸਾਰੇ ਸਕੂਲ ਟੇਕ- ਓਵਰ ਵੀ ਕੀਤੇ। ਪਰ, ਡਿਪਟੀ ਸਪੀਕਰ ਸਾਹਿਬ, ਪਤਾ ਨਹੀਂ ਜਦ ਦਾ ਗਵਰਨਰ ਦਾ ਰਾਜ ਆਇਆ ਹੈ ਜਿਸ ਰਾਜ ਨੂੰ ਸਹੀ ਮਾਇਨਿਆਂ ਵਿਚ ਅਸੀਂ ਕਾਂਗਰਸ ਦਾ ਰਾਜ ਕਹਿੰਦੇ ਸੀ, ਪਤਾ ਨਹੀਂ ਕੀ ਗਲ ਹੋਈ ਇਹ ਮੱਦ ਉਨ੍ਹਾਂ ਨੂੰ ਚੰਗੀ ਨਹੀਂ ਲਗੀ, ਕੋਈ ਸਕੂਲ ਅਪਗਰੇਡ ਨਹੀਂ ਕੀਤਾ ਗਿਆ । ਜਿਹੜੇ ਪਹਿਲਾਂ 10 ਸਕੂਲ ਟੇਕ-ਓਵਰ ਕੀਤੇ ਸੀ ਉਨ੍ਹਾਂ ਵਿਚ ਚਾਰ ਸਕੂਲ ਮੇਰੇ ਜ਼ਿਲ੍ਹੇ ਦੇ ਸੀ, ਇਨ੍ਹਾਂ ਨੂੰ, ਡਿਪਟੀ ਸਪੀਕਰ ਸਾਹਿਬ, ਹਾਲੇ ਤਕ ਸਰਕਾਰੀ ਪੱਧਰ ਵਿਚ ਨਹੀਂ ਲਿਆ ਗਿਆ ਹੈ । ਮੈਂ, ਡਿਪਟੀ ਸਪੀਕਰ ਸਾਹਿਬ, ਅਰਜ਼ ਕਰਦਾ ਹਾਂ ਕਿ ਇਨ੍ਹਾਂ ਸਕੂਲਾਂ ਨੂੰ ਜਿਵੇਂ ਕਿ ਮੁਲਾਂ ਪੁਰ, ਲਤਾਲਾ, ਸਾਹਨੇਵਾਲ ਅਤੇ ਹਾਂਸ ਕਲਾਂ, ਇਨ੍ਹਾਂ ਸਕੂਲਾਂ ਨੂੰ ਸਰਕਾਰੀ ਪੱਧਰ ਵਿਚ ਜਲਦੀ ਤੋਂ ਜਲਦੀ ਲਿਆ ਜਾਣਾ ਚਾਹੀਦਾ ਹੈ । ਇਸੇ ਤਰ੍ਹਾਂ ਨਾਲ ਜਿੱਥੇ ਇਨ੍ਹਾਂ ਸਕੂਲਾਂ ਦੀਆਂ ਬਿਲਡਿੰਗਾਂ ਦਾ ਸਵਾਲ ਹੈ, ਇਥੇ ਬਿਲਡਿੰਗਾਂ ਦੀ ਹਾਲਤ ਬੜੀ ਖ਼ਸਤਾ ਹੈ ਅਤੇ ਤਰਸ ਯੋਗ ਹੈ । ਕਿਸੇ ਨੇ ਇਹ ਬਿਲਡਿੰਗਾਂ ਫਿਜ਼ੀਕਲ ਤੌਰ ਤੇ ਨਹੀਂ ਦੇਖੀਆਂ ਹਨ । ਕਿਸੇ ਸਕੂਲ ਦੀ ਬਿਲਡਿੰਗ ਦੀ ਛਤ ਨਹੀਂ ਹੈ । ਜੇ ਕਿਤੇ ਛੱਤ ਹੈ ਤਾਂ ਉਹ ਲੀਕ ਕਰਦੀ ਹੈ । ਉਥੇ ਬਾਰਸ਼ਾਂ ਦੇ ਦਿਨਾਂ ਵਿਚ ਪਾਣੀ ਤਰਿਪ ਤਰਿਪ ਕਰਦਾ ਹੈ । ਇਨ੍ਹਾਂ ਸਕੂਲਾਂ ਵਲ ਮਹਿਕਮੇਂ ਨੂੰ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ । ਮੁਲਾਂ ਪੁਰ, ਹਰਨਾਮਪੁਰਾ ਨਥਾਨਾ, ਸਾਹਨੇਵਾਲ, ਤਲਵੰਡੀ ਕਲਾਂ ਬੇਟ ਇਨ੍ਹਾਂ ਸਕੂਲਾਂ ਦੀਆਂ ਬਿਲਡਿੰਗਾਂ ਬੜੀਆਂ ਖ਼ਸਤਾ ਹਨ । ਇਹ ਗਲਾਂ ਮੈਂ ਇਨ੍ਹਾਂ ਭਰਾਵਾਂ ਨੂੰ ਕਹਿ ਰਿਹਾ ਹਾਂ ਜਿਹੜੇ ਕਿ ਕਹਿ ਰਹੇ ਹਨ ਕਿ ਵਿਦਿਆ ਵਲ ਜ਼ਿਆਦਾ ਧਿਆਨ ਦਿਤਾ ਜਾ ਰਿਹਾ ਹੈ । ਇਹ ਹਾਲਤ ਹੈ ਸਾਡੇ ਸਕੂਲਾਂ ਦੀ ।

ਹੁਣ ਅੰਤ੍ਰਮ ਰਲੀਫ਼ ਦੀ ਗਲ ਲੈ ਲਵੋ, ਜਿਹੜਾ ਕਿ ਟੀਚਰਾਂ ਨੂੰ ਮਿਲਣਾ ਹੈ, ਅਤੇ ਹੋਰ ਮੁਲਾਜ਼ਮਾਂ ਨੂੰ ਮਿਲਣਾ ਹੈ । ਇਸ ਵਾਸਤੇ ਇਨ੍ਹਾਂ ਲੋਕਾਂ ਨੇ ਇਕ ਸਤ ਮੈਂਬਰੀ ਕਮੇਟੀ ਬਣਾ ਕੇ ਮੇਰੇ ਭਰਾਵਾਂ ਨਾਲ ਸਹੀ ਮਾਇਨਿਆਂ ਵਿਚ ਫਰਾਡ ਖੇਲਿਆ ਹੈ । ਅੰਤਰਮ ਰਲੀਫ਼ ਸੈਂਟਰਲ ਪੱਧਰ ਤੇ ਦੇਣਾ ਚਾਹੀਦਾ ਹੈ । ਇਹ ਮੰਗ ਮੰਨ ਲੈਣੀ ਚਾਹੀਦੀ ਹੈ । (ਸ਼ੋਰ) (ਵਿਘਨ) ਇਸ ਕਮੇਟੀ ਵਿਚ, ਡਿਪਟੀ ਸਪੀਕਰ ਸਾਹਿਬ ਜਿਹੜੀ ਮੁਲਾਜ਼ਮ ਜੁੰਡਲੀ ਇਨ੍ਹਾਂ ਦੀ ਆਪਣੀ

[ਸਰਦਾਰ ਬਸੰਤ ਸਿੰਘ ਖਾਲਸਾ]

ਸੀ, ਉਨ੍ਹਾਂ ਦੇ 3, 4 ਮੈਂਬਰ ਲੈ ਲਏ ਹਨ, ਅਤੇ ਤਿੰਨ ਮੈਂਬਰ ਇਨ੍ਹਾਂ ਨੇ ਆਪਣੇ ਲੈਜਿਸਲੇਟਰਜ਼ ਵਿਚੋਂ ਲੈ ਲਏ ਹਨ। ਇਹ ਜਿਹੜੇ ਇਨ੍ਹਾਂ ਦੀ ਆਪਣੀ ਮੁਲਾਜ਼ਮ ਜੁੰਡਲੀ ਦੇ ਮੈਂਬਰ ਲਏ ਹਨ, ਇਹ ਸਹੀ ਮਾਇਨਿਆਂ ਵਿਚ ਮੁਲਾਜ਼ਮਾਂ ਦੀ ਯੂਨੀਅਨ ਵਿਚੋਂ ਨਹੀਂ ਹਨ ਬਲਕਿ ਇਹ ਲੋਕ ਕਿਸੇ ਇਕ ਪਾਰਟੀ ਦੇ ਟਿਕਟ ਹੋਲਡਰਜ਼ ਹਨ । ਮੁਲਾਜ਼ਮਾਂ ਦੀਆਂ ਹੋਰ ਵੀ ਕਈ ਯੂਨੀਅਨਾਂ ਹਨ ਜਿਵੇਂ ਕਿ ਰਾਣਾ ਗ੍ਰੁਪ, ਵਾਲੀਆ ਗਰੁਪ ਇਨ੍ਹਾਂ ਯੂਨੀਅਨਾਂ ਨੂੰ ਬਿਲਕੁਲ ਇਗਨੋਰ ਕਰ ਦਿਤਾ ਗਿਆ ਹੈ, ਕਿਉਂਕਿ ਇਨ੍ਹਾਂ ਯੂਨੀਅਨਾਂ ਦੀ ਸਰਕਾਰ ਨਾਲ ਸਹਿਮਤੀ ਨਹੀਂ ਹੈ । ਟੀਚਰਾਂ ਵਿਚ, ਮੁਲਾਜ਼ਮਾਂ ਵਿਚ, ਅਜਿਹੀਆਂ ਪਾਰਟੀਆਂ ਬਣਾਕੇ, ਇਨ੍ਹਾਂ ਦਾ ਮੰਤਵ ਹੈ ਕਿ ਇਨ੍ਹਾਂ ਨੂੰ ਖੇਰੂੰ ਖੇਰੂੰ ਕਰ ਦਿਤਾ ਜਾਏ ।

ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਸਰਕਾਰ ਨੂੰ ਸੁਝਾਓ ਦੇਣਾ ਚਾਹੁੰਦਾ ਹਾਂ ਕਿ ਵਿਦਿਆ ਐਨਾਂ ਚੰਗਾ ਮਹਿਕਮਾ ਹੈ, ਇਸ ਦੀ ਦੇਸ਼ ਨੂੰ ਬੜੀ ਭਾਰੀ ਲੋੜ ਹੈ, ਇਸ ਵਲ ਸਰਕਾਰ ਨੂੰ ਇਕ ਬੜਾ ਚੰਗਾ ਕਰੈਸ਼ ਪਰੋਗਰਾਮ ਬਨਾਉਣਾ ਚਾਹੀਦਾ ਹੈ । ਜਿਸ ਨਾਲ ਟੀਚਰਾਂ ਦਾ, ਬਚਿਆਂ ਦਾ ਭਲਾ ਹੋ ਸਕੇ । ਇਸ ਕਰੈਸ਼ ਪਰੋਗਰਾਮ ਵਿਚ ਟੀਚਰਾਂ ਦੀ ਤਨਖਾਹ ਦਾ ਮਸਲਾ ਆਉਂਦਾ ਹੈ । ਸਕੂਲਾਂ ਵਿਚ ਬਚਿਆਂ ਨੂੰ ਜ਼ਿਆਦਾ ਦਾਖਲਾ ਕਰਾਉਣ ਦਾ ਮਸਲਾ ਆਉਂਦਾ ਹੈ । (ਸ਼ੋਰ) (ਵਿਘਨ) ਡਿਪਟੀ ਸਪੀਕਰ ਸਾਹਿਬ, ਬਚਿਆਂ ਦੀ ਸਕੂਲਾਂ ਵਿਚ ਗਿਣਤੀ ਨੂੰ ਵਧਾਉਣਾ ਚਾਹੀਦਾ ਹੈ । ਇਸ ਵਲ ਜ਼ਿਆਦਾ ਯਤਨ ਕਰਨੇ ਚਾਹੀਦੇ ਹਨ । ਇਹ ਜਿਹੜੇ ਸਕੂਲਾਂ ਵਿਚ ਜ਼ਿਆਦਾ ਬੱਚੇ ਦਾਖਲ ਕਰਾਉਣ ਵਾਸਤੇ ਮਹਿਕਮੇਂ ਵਲੋਂ ਪਰਫਾਰਮੇਂ ਭੇਜੇ ਜਾਂਦੇ ਹਨ ਤਾਂ ਕਿ 6-11 ਸਾਲ ਦੇ ਗਰੁਪ ਵਿਚ ਬੱਚੇ ਜ਼ਿਆਦਾ ਭਰਤੀ ਕਰਾਏ ਜਾਣ । ਇਸ ਵਲ ਟੀਚਰ ਸਾਹਿਬਾਨ ਵਲੋਂ ਹਰੀਜਨ ਮੁਹੱਲਿਆਂ ਵਿਚ ਜਾਕੇ ਕੋਈ ਪਰੇਰਨਾ ਨਹੀਂ ਕੀਤੀ ਜਾਂਦੀ। (ਸ਼ੋਰ) (ਵਿਘਨ)

ਸ਼੍ਰੀ ਵਿਸ਼ਵਾ ਮਿੱਤਰ ਸੇਖਰੀ : ਆਨ ਏ ਪੁਆਇੰਟ ਆਫ ਆਰਡਰ, ਸਰ । ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਨ੍ਹਾਂ ਦੀ ਸਰਕਾਰ ਨੇ ਚਾਲੀ ਹਜ਼ਾਰ ਟੀਚਰਾਂ ਨੂੰ ਰਾਤੋ ਰਾਤ ਤਬਦੀਲ ਕਰ ਦਿਤਾ ਅਤੇ ਫਿਰ ਬਚਿਆਂ ਦੀ ਭਰਤੀ ਸਕੂਲਾਂ ਵਿਚ ਕਿਸ ਨੇ ਕਰਨੀ ਸੀ । (ਵਿਘਨ)

ਸਰਦਾਰ ਬਸੰਤ ਸਿੰਘ ਖ਼ਾਲਸਾ : ਉਸ ਵੇਲੇ ਮੈਂ ਮਹਿਸੂਸ ਕਰਦਾ ਹਾਂ ਕਿ ਜੋ ਕੁਝ ਕੰਮ ਵੀ ਕੀਤਾ ਸੀ, ਉਹ ਚੰਗਾ ਕੰਮ ਸਮਝ ਕੇ ਕੀਤਾ ਸੀ । ਉਸ ਨੂੰ ਸਾਰੇ ਟੀਚਰਾਂ ਨੇ ਮੰਨਿਆਂ ਸੀ । ਜਿਹੜੀ ਤੁਹਾਡੇ ਨਾਲ ਜੁੰਡਲੀ ਰਲੀ ਹੋਈ ਸੀ, ਉਸ ਨੇ ਇਹ ਸਾਰਾ ਕੰਮ ਖਰਾਬ ਕੀਤਾ ਸੀ । ਹਾਂ ਮੈਂ ਇਹ ਅਰਜ਼ ਕਰ ਰਿਹਾ ਸੀ ਕਿ ਇਸ ਸਬੰਧ ਵਿਚ, ਵਿਦਿਆ ਦੇ ਲਈ, ਇਕ ਕਰੈਸ਼ ਪਰੋਗਰਾਮ ਚਲਾਉਣਾ ਚਾਹੀਦਾ ਹੈ ਜਿਸ ਨਾਲ ਟੀਚਰਾਂ ਦਾ ਅਤੇ ਬੱਚਿਆਂ ਦਾ ਭਲਾ ਹੋ ਸਕੇ ।

ਇਸ ਦੇ ਨਾਲ ਹੀ ਮੈਂ ਮੈਡੀਕਲ ਦੇ ਸਬੰਧ ਵਿਚ, ਡਿਪਟੀ ਸਪੀਕਰ ਸਾਹਿਬ, ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਹ ਬੜਾ ਜ਼ਰੂਰੀ ਮਹਿਕਮਾ ਹੈ । ਸਾਡੇ ਭਰਾਵਾਂ ਨੂੰ, ਸਾਡੇ ਬਚਿਆਂ ਨੂੰ ਸੇਹਤਯਾਬ ਹੋਣਾ ਚਾਹੀਦਾ ਹੈ । ਸੇਹਤਯਾਬੀ ਵਾਸਤੇ ਬਹੁਤ ਜ਼ਰੂਰੀ ਹੈ ਕਿ ਹਸਪਤਾਲਾਂ ਦੀਆਂ ਬਿਲਡਿੰਗਾਂ ਚੰਗੀਆਂ ਹੋਣ । ਇਸ ਵੇਲੇ ਹਸਪਤਾਲਾਂ ਵਿਚ ਓਪਰੇਸ਼ਨ ਕਰਨ ਲਈ ਇਨਸਟਰੂਮੈਂਟਾਂ ਦੀ ਘਾਟ ਹੈ ਮਲੌਟ (ਜ਼ਿਲਾ ਲੁਧਿਆਣਾ) ਅਤੇ ਮੇਰੇ ਆਪਣੇ ਪਿੰਡ ਅੱਡਾ ਦਾਖਾ

ਦੇ ਹਸਪਤਾਲਾਂ ਦੀ ਬਿਲਡਿੰਗਾਂ ਦੀ ਹਾਲਤ ਬਹੁਤ ਖਸਤਾ ਹੈ । ਐਨਾ ਐਨਾ ਰੇਤਾ ਉਥੇ ਪਿਆ ਹੋਇਆ ਹੈ । ਬਿਲਡਿੰਗਾਂ ਦੀ ਹਾਲਤ ਬਹੁਤ ਖਰਾਬ ਹੈ ।

ਡਿਪਟੀ ਸਪੀਕਰ ਸਾਹਿਬ, ਪਟਿਆਲਾ ਵਿਖੇ ਇਕ ਰਾਜਪੁਰਾ ਕਾਲੋਨੀ ਹੈ । ਉਥੇ ਬਿਲਡਿੰਗ ਖਸਤਾ ਹੋਣ ਕਰਕੇ ਡਾਕਟਰ ਤਾਂ ਹਸਪਤਾਲ ਤੋਂ ਬਾਹਰ ਬੈਠਦਾ ਹੈ । ਮਰੀਜ਼ਾਂ ਦਾ ਉਸ ਦੇ ਪਾਸ ਜਾਣਾ ਬੜਾ ਮੁਸ਼ਕਲ ਹੈ । ਮੈਂ ਕਹਾਂਗਾ ਕਿ ਇਨ੍ਹਾਂ ਬਿਲਡਿੰਗਾਂ ਦੇ ਮੁਤੱਲਕ ਪੂਰਾ ਪੂਰਾ ਧਿਆਨ ਦੇਣਾ ਚਾਹੀਦਾ ਹੈ ।

ਇਸ ਤੋਂ ਅੱਗੇ ਮੈਂ ਹੋਰ ਆਈਟਮ ਲੈਣਾ ਚਾਹੁੰਦਾ ਹਾਂ । ਇਹ ਹੈ ਰੀਇੰਬਰਸਮੈਂਟ ਦੇ ਮੁਤੱਲਕ । ਇਸ ਦੇ ਵਿਚ ਬੜਾ ਵੱਡਾ ਫਰਾਡ ਹੈ । ਜਿਹੜੇ ਸਾਡੇ ਗਰੀਬ ਮੁਲਾਜ਼ਮ ਹਨ ਜਾਂ ਉਨ੍ਹਾਂ ਦੇ ਜਿਹੜੇ ਬੱਚੇ ਹਨ, ਡਾਕਟਰ ਉਨ੍ਹਾਂ ਵਾਸਤੇ ਕੋਈ ਚੰਗੀ ਦਵਾਈ ਨਹੀਂ ਲਿਖਦੇ । ਉਨ੍ਹਾਂ ਦੇ ਵਾਸਤੇ ਤਾਂ ਸਲਫੇਡਾਈਜ਼ਨ ਜਾਂ ਏ.ਪੀ.ਸੀ. ਦੀਆਂ ਗੋਲੀਆਂ ਹੀ ਲਿਖ ਦਿੱਤੀਆਂ ਜਾਂਦੀਆਂ ਹਨ । ਪਰ ਜੇ ਕੋਈ ਚੰਗਾ ਬੂਟਡ ਸੂਟਡ, ਕਾਰ ਵਾਲਾ ਡਾਕਟਰ ਪਾਸ ਜਾਂਦਾ ਹੈ ਤਾਂ ਉਸ ਨੂੰ ਅੱਛੇ ਅੱਛੇ ਕੈਪਸੂਲ ਲਿਖ ਦਿਤੇ ਜਾਂਦੇ ਹਨ । ਇਸ ਲਈ ਇਸ ਦੇ ਵਿਚ ਬੜਾ ਵੱਡਾ ਫਰਾਡ ਹੈ । ਬਹੁਤ ਸਾਰੇ ਭਰਾ ਜਿਹੜੇ ਡਾਕਟਰ ਪਾਸੋਂ ਪਰਚੀਆਂ ਲਿਖਵਾ ਕੇ ਲੈ ਜਾਂਦੇ ਹਨ ਉਹ ਅੱਗੇ ਲੈ ਜਾ ਕੇ ਆਨਾ ਰੁਪਿਆ ਦੇ ਕੇ ਬਿੱਲ ਬਣਵਾ ਲੈਂਦੇ ਹਨ । ਇਸ ਤਰ੍ਹਾਂ ਫਰਾਡ ਦੇ ਨਾਲ ਇਹ ਪੈਸੇ ਹਾਸਿਲ ਕੀਤੇ ਜਾਂਦੇ ਹਨ । ਇਸ ਲਈ ਮੈਂ ਕਹਾਂਗਾ ਕਿ ਸਾਡੇ ਮੁਲਾਜ਼ਮ ਭਰਾਵਾਂ ਨੂੰ ਇਹ ਰਿਆਇਤ ਮਿਲਣੀ ਚਾਹੀਦੀ ਹੈ । ਇਹ ਰਿਆਇਤ ਸਮੁੱਚੇ ਤੌਰ ਤੇ ਉਸ ਮੁਲਾਜ਼ਮ ਭਰਾ ਦੀ ਤਨਖਾਹ ਦੇ ਨਾਲ ਲਾ ਦੇਣੀ ਚਾਹੀਦੀ ਹੈ । ਮੈਂ ਬੇਨਤੀ ਕਰਾਂਗਾ ਕਿ ਇਹ ਜਿਹੜੀ ਰਿਆਇਤ ਹੈ, ਇਹ ਬਿਲਕੁਲ ਉਨ੍ਹਾਂ ਨੂੰ ਮਿਲਣੀ ਚਾਹੀਦੀ ਹੈ । ਬਹੁਤ ਸਾਰੇ ਗਰੀਬ ਮੁਲਾਜ਼ਮ, ਜਿਨ੍ਹਾਂ ਦੇ ਬੱਚਿਆਂ ਨੂੰ ਜਾਂ ਘਰ ਵਾਲੀਂ ਜਾਂ ਬਾਪ ਨੂੰ ਕੋਈ ਵੱਡੀ ਬੀਮਾਰੀ ਹੋ ਜਾਂਦੀ ਹੈ, ਸਕਿਨ ਡੀਜ਼ੀਜ਼ ਹੋ ਜਾਂਦੀ ਹੈ ਜਾਂ ਟੀ.ਬੀ. ਆਦਿ ਹੋ ਜਾਂਦੀ ਹੈ ਜਿਸ ਕਰਕੇ ਉਨ੍ਹਾਂ ਨੂੰ ਇਲਾਜ ਕਰਾਉਣਾ ਬੜਾ ਮੁਸ਼ਕਲ ਹੋ ਜਾਂਦਾ ਹੈ, ਇਸ ਲਈ ਇਹ ਰਿਆਇਤ ਉਨ੍ਹਾਂ ਦੀ ਤਨਖਾਹ ਦੇ ਨਾਲ ਲਾ ਦੇਣੀ ਚਾਹੀਦੀ ਹੈ ।

ਇਸ ਤੋਂ ਅੱਗੇ ਮੈਂ ਐਗਰੀਕਲਚਰ ਦੇ ਮੁਤੱਲਕ ਅਰਜ਼ ਕਰਨੀ ਚਾਹੁੰਦਾ ਹਾਂ । ਐਗਰੀਕਲਚਰ ਦੇ ਸਬੰਧ ਵਿਚ ਮੈਂ ਇਹ ਬੇਨਤੀਂ ਕਰਾਂਗਾ ਕਿ ਜਿਹੜੇ ਉਨ੍ਹਾਂ ਦੇ ਭਾਅ ਮਿਥਣ ਲੱਗੇ ਹੋ, ਇਸ ਦੇ ਵੱਲ ਠੀਕ ਧਿਆਨ ਦੇਕੇ ਠੀਕ ਭਾਅ ਦੇਣੇ ਚਾਹੀਦੇ ਹਨ । ਕਿਸਾਨ ਨੂੰ ਉਸ ਦੀ ਜਿਣਸ ਦਾ ਮਾਕੂਲ ਭਾਅ ਮਿਲਣਾ ਚਾਹੀਦਾ ਹੈ । ਕਿਸਾਨ ਨੂੰ ਕਾਰਖਾਨੇਦਾਰ ਦੇ ਨਾਲ ਬਿਲਕੁਲ ਨਹੀਂ ਰਲਾਉਣਾ ਚਾਹੀਦਾ । ਕਾਰਖਾਨੇਦਾਰ ਤਾਂ ਇਕੱਲਾ ਹੀ ਕੰਟਰੋਲ ਕਰਦਾ ਹੈ, ਉਸ ਦਾ ਸਾਰਾ ਪੈਸਾ ਪੰਜਾਬ ਸਰਕਾਰ ਵੱਲੋਂ ਉਧਾਰ ਚਲਦਾ ਹੈ । ਉਸ ਦਾ ਸਾਰਾ ਪਰਿਵਾਰ ਕਾਰਾਂ, ਹਵਾਈ ਜ਼ਹਾਜ਼ਾਂ ਵਿਚ ਸਫਰ ਕਰਦਾ ਹੈ । ਉਸ ਦੀ 75% ਆਮਦਨ ਉਸ ਨੂੰ ਮਿਲਦੀ ਹੈ ਅਤੇ ਉਹ ਫਿਰ ਹੋਰ ਨਵੇਂ ਕਾਰਖਾਨੇ ਲਾਉਂਦਾ ਹੈ । ਫਿਰ ਉਸ ਦਾ ਮੁੰਡਾ ਹੋਰ ਕਾਰਖਾਨਾ ਬਣਾ ਲੈਂਦਾ ਹੈ । ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਕਿਸਾਨ ਭਾਵੇਂ ਕੋਈ ਵੀ ਹੋਵੇ, ਭਾਵੇਂ ਕੋਈ ਹਰੀਜਨ ਹੋਵੇ । ਮਾਸਟਰ ਗੁਰਬੰਤਾ ਸਿੰਘ ਜੀ ਵੀ ਬਹੁਤ ਵੱਡੇ ਕਿਸਾਨ ਹਨ । ਮੈਂ ਅਰਜ਼ ਕਰਦਾ ਹਾਂ ਕਿ ਇਸ ਦੀ ਜਿਹੜੀ ਜ਼ਮੀਨ ਦਾ ਮਸਲਾ ਹੈ ਇਸ ਨੂੰ ਠੀਕ ਕਰਨਾ ਚਾਹੀਂਦਾ ਹੈ । ਉਸ ਦੀ ਜ਼ਮੀਨ ਡੀਵਾਈਡ ਫਰਦਰ ਡੀਵਾਈਡ ਹੋ ਜਾਂਦੀ ਹੈ । ਪਹਿਲਾਂ ਉਸ ਵਿਚੋਂ ਹਿੱਸਾ ਉਸ ਦੀ ਭੈਣ ਲੈ ਜਾਂਦੀ ਹੈ ਫਿਰ ਉਸ ਦੀ

[ਸਰਦਾਰ ਬਸੰਤ ਸਿੰਘ ਖਾਲਸਾ]

ਲੜਕੀ ਅਤੇ ਫਿਰ ਉਸ ਦੇ ਮੁੰਡੇ ਲੈ ਜਾਂਦੇ ਹਨ । ਸਾਡੀ ਵੈਲਫੇਅਰ ਸਟੇਟ ਹੈ । ਇਸ ਲਈ ਮੈਂ ਅਰਜ਼ ਕਰਾਂਗਾ ਕਿ ਕਿਸਾਨ ਨੂੰ ਪੂਰੀ ਕੀਮਤ ਮਿਲਣੀ ਚਾਹੀਦੀ ਹੈ। ਇਸ ਨੇ ਹਿੰਦੁਸਤਾਨ ਦੀ ਭੁਖ ਦੂਰ ਕੀਤੀ ਹੈ, ਇਸ ਲਈ ਉਸ ਨੂੰ ਚੰਗੇ ਮਾਕੂਲ ਭਾਅ ਮਿਲਣੇ ਚਾਹੀਦੇ ਹਨ । ਜਿਹੜਾ ਗਰੀਬ ਭਰਾ ਹਰੀਜਨ ਭਰਾਵਾਂ ਲਈ ਕਣਕ ਇਕੱਠੀ ਕਰਕੇ ਸਰਕਾਰੀ ਸਟਾਕ ਵਿਚ ਰੱਖਕੇ ਸਸਤੇ ਭਾ ਤੇ ਦਿਤੀ ਜਾਵੇ ਕਿਸਾਨ ਦੀ ਉਪਜ ਦਾ ਉਸ ਨੂੰ ਸਰਕਾਰੀ ਤੌਰ ਤੇ ਪਰਚੇਜ਼ ਕਰਕੇ ਮਾਕੂਲ ਭਾਅ ਮਿਲਣਾ ਚਾਹੀਦਾ ਹੈ ਅਤੇ ਉਸ ਨੂੰ ਜਿਹੜੀਆਂ ਚੀਜ਼ਾਂ ਲੈਣੀਆਂ ਪੈਂਦੀਆਂ ਹਨ ਉਹ ਸਸਤੇ ਤੋਂ ਸਸਤੇ ਭਾਅ ਤੇ ਮਿਲਣੀਆਂ ਚਾਹੀਦੀਆਂ ਹਨ । (ਵਿਘਨ) ਭਾਵੇਂ ਉਹ ਗੁਰਬੰਤਾ ਸਿੰਘ ਹੋਵੇ ਜਾਂ ਕੋਈ ਵੀ ਹੋਵੇ ਸਭ ਨੂੰ ਚੰਗੇ ਭਾਅ ਮਿਲਣੇ ਚਾਹੀਦੇ ਹਨ ਤਾਕਿ ਕਿਤੇ ਇਹ ਨਾ ਹੋਵੇ ਕਿ ਕਿਸਾਨ ਕਣਕ ਬੀਜਣ ਤੋਂ ਹੀ ਹੱਟ ਜਾਵੇ । ਇਸ ਲਈ ਸਾਡੇ ਜਿਹੜੇ ਚੀਫ ਮਨਿਸਟਰ ਹਨ, ਉਨ੍ਹਾਂ ਨੂੰ ਇਸ ਸਬੰਧ ਵਿਚ ਪੂਰੀ ਲੜਾਈ ਲੜਨੀ ਚਾਹੀਦੀ ਹੈ ਅਤੇ ਐਗਰੀਕਲਚਰਿਸਟਸ ਵੱਲ ਪੂਰਾ ਧਿਆਨ ਦੇ ਕੇ ਉਸ ਨੂੰ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ । ਡਿਪਟੀ ਸਪੀਕਰ ਸਾਹਿਬ, ਇਤਨਾ ਕੁਝ ਕਹਿੰਦਾ ਹੋਇਆ ਮੈਂ ਆਪ ਪਾਸੋਂ ਖਿਮਾ ਮੰਗਦਾ ਹਾਂ ।

ਸਰਦਾਰ ਸੁਰਿੰਦਰ ਸਿੰਘ ਕੈਰੋਂ (ਪੱਟੀ) : ਡਿਪਟੀ ਸਪੀਕਰ ਸਾਹਿਬ, ਅਕਾਲੀ ਸਰਕਾਰ ਦੇ ਮਗਰੋਂ ਗਵਰਨਰੀ ਰਾਜ ਆਇਆ ਅਤੇ ਗਵਰਨਰੀ ਰਾਜ ਦੇ ਦੌਰਾਨ ਇਲੈਕਸ਼ਨਾਂ ਹੋਈਆਂ। ਅਤੇ ਕਾਂਗਰਸ ਪਾਰਟੀ ਨੇ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਜੀ ਦਾ ਬਣਾਇਆ ਹੋਇਆ ਸਮਾਜਵਾਦੀ ਤੇ ਗਰੀਬੀ ਹਟਾਉ ਦਾ ਪ੍ਰੋਗਰਾਮ ਲੋਕਾਂ ਦੇ ਸਾਹਮਣੇ ਰੱਖਿਆ । ਇਸ ਪ੍ਰੋਗਰਾਮ ਨਾਲ ਲੋਕਾਂ ਨੇ ਬਹੁ-ਗਿਣਤੀ ਵਿਚ ਕਾਂਗਰਸ ਨੂੰ ਸਫਲ ਬਣਾਇਆ । (ਤਾੜੀਆਂ) ਉਸ ਦੇ ਬਾਅਦ ਸਰਕਾਰ ਬਣੀ । ਮਗਰ ਪੁਰਾਣੀ ਅਕਾਲੀ ਮਨਿਸਟਰੀ ਦੀਆਂ ਚਲੀਆਂ ਆਉਂਦੀਆਂ ਰਵਾਇਤਾਂ ਇਕ ਦਿਨ ਵਿਚ ਠੀਕ ਨਹੀਂ ਸਨ ਹੋ ਸਕਦੀਆਂ । ਮੈਂ ਸ਼੍ਰੀ ਹੰਸ ਰਾਜ ਸ਼ਰਮਾ ਜੀ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਇਸ ਬੱਜਟ ਵਿਚ ਇਨ੍ਹਾਂ ਗੱਲਾਂ ਨੂੰ ਦੂਰ ਕਰਨ ‘ਦੀ ਕੋਸ਼ਿਸ਼ ਕੀਤੀ ਹੈ । ਸਮਾਂ ਥੋੜ੍ਹਾ ਸੀ, ਦੋ ਦਿਨ ਵਿਚ ਕੁਝ ਨਹੀਂ ਸੀ ਹੋ ਸਕਦਾ ਪਰ ਉਨ੍ਹਾਂ ਨੇ ਸਾਰੇ ਪ੍ਰੋਗਰਾਮਾਂ ਨੂੰ ਚੰਗੀ ਤਰ੍ਹਾਂ ਟੱਚ ਕੀਤਾ ਹੈ ਅਤੇ ਇਸੇ ਲਈ ਹੀ ਤਿੰਨ ਮਹੀਨਿਆਂ ਦਾ ਬੱਜਟ ਪੇਸ਼ ਕਰਵਾਇਆ ਹੈ । (ਤਾੜੀਆਂ) ਇਸ ਬੱਜਟ ਨੂੰ ਕਾਫੀ ਹੱਦ ਤੱਕ ਬਦਲਣਾ ਪਵੇਗਾ। (ਵਿਘਨ) ਇਹ ਪੁਰਾਣੀਆਂ ਰਵਾਇਤਾਂ ਠੀਕ ਨਹੀਂ ਸੀ । (ਤਾੜੀਆਂ) ਮੈਂ ਕਹਾਂਗਾ ਕਿ ਇਹ ਬੱਜਟ ਬੜਾ ਪ੍ਰੋਗਰੈਸਿਵ ਬੱਜਟ ਹੈ । ਕਾਮਨ ਮੈਨ, ਛੋਟਾ ਕਿਸਾਨ ਜੋ ਹੈ ਉਸ ਦੀਆਂ ਤਕਲੀਫਾਂ ਨੂੰ ਦੇਖਿਆ ਗਿਆ ਹੈ । ਇਹ ਹਰੀਜਨਾਂ ਦੀ ਭਲਾਈ ਵਾਲਾ ਬੱਜਟ ਹੈ। ਇਹ ਸੋਸ਼ਲਿਸਟ ਬੱਜਟ ਹੈ । ਇਸ ਬੱਜਟ ਦੇ ਵਿਚ ਬੜੇ ਸੁਹਣੇ ਢੰਗ ਨਾਲ ਪੰਜਾਬ ਦੀ ਆਮ ਜਨਤਾ ਦੀ ਇਕਤਸਾਦੀ ਪਰਾਬਲਮਜ਼ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ । (ਤਾੜੀਆਂ) ਇਸ ਦੇ ਨਾਲ ਪੰਜਾਬੀਆਂ ਦੀ ਪਰ ਕੈਪੀਟਾ ਇਨਕਮ ਵਧੇਗੀ ਇਹ ਪਰ ਕੈਪੀਟਾ ਇਨਕਮ 1969 ਵਿਚ 945 ਸੀ ਜਿਸ ਦੀ 46% ਐਗਰੀਕਲਚਰ ਤੋਂ ਆਈ ਇਨਕਮ ਸੀ । 14.8% ਐਨੀਮਲ ਹਸਬੰਡਰੀ ਤੋਂ ਜਾਂ ਐਗਰੀਕਲਚਰ ਤੇ ਜਿਹੜੀਆਂ ਅਧਾਰਤ ਚੀਜ਼ਾਂ ਹਨ । ਸੋ ਇਹ ਜਿਹੜੀ 61% ਇਨ੍ਹਾਂ ਤੋਂ ਇਨਕਮ ਆਈ ਸੀ ਇਸ ਨੂੰ ਵਧਾਉਣ ਦੀ ਪੂਰੀ ਕੋਸ਼ਿਸ਼ ਕੀਤੀ ਗਈ ਹੈ । ਇਸ ਬੱਜਟ ਵਿਚ ਐਗਰੀਕਲਚਰ ਪਰੋਡਕਸ਼ਨ ਵਧਾਉਣ ਵੱਲ ਪੂਰਾ ਧਿਆਨ ਦਿਤਾ ਗਿਆ ਹੈ । ਇਸ ਵੱਲ ਹੋਰ ਵਧੇਰੇ ਧਿਆਨ ਦਿੱਤਾ ਜਾਵੇ । ਫਰਟੇਲਾਈਜ਼ਰ ਲਈ ਵੱਧ ਤੋਂ ਵੱਧ ਕਰਜ਼ੇ

ਦੇ ਦਿਤੇ ਜਾਣ । ਆਬਪਾਸ਼ੀ ਦੀਆਂ ਸਕੀਮਾਂ ਵੱਲ ਪੂਰਾ-ਪੂਰਾ ਧਿਆਨ ਦਿਤਾ ਜਾਵੇ । ਫਰਟੇਲਾਈਜ਼ਰ ਵੱਲ ਧਿਆਨ ਦਿਤਾ ਜਾਵੇ ਤਾਂ ਕਿ ਫਰਟੇਲਾਈਜ਼ਰ ਵੀ ਵੱਧ ਤੋਂ ਵੱਧ ਕੀਤੀ ਜਾ ਸਕੇ । ਚੌਲਾਂ ਅਤੇ ਕਣਕ ਦੀ ਉਪਜ ਪਿਛਲੇ ਸਾਲਾਂ ਨਾਲੋਂ ਵਧਾਉਣ ਦਾ ਯਤਨ ਕੀਤਾ ਗਿਆ ਹੈ । 1970-71 ਵਿਚ 6.68 ਲੱਖ ਟਨ ਚੌਲ ਹੋਏ ਸੀ । ਇਸ ਸਾਲ 11 ਲੱਖ ਟਨ ਹੋਣਗੇ । 43 ਲੱਖ ਟਨ, ਜਿਹੜਾ ਸੈਂਟਰ ਦਾ ਪੂਲ ਹੈ ਉਸ ਦਾ ਚੌਥਾ ਹਿੱਸਾ ਦੇਣ ਲਈ ਪੂਰੀ ਕੋਸ਼ਿਸ਼ ਕੀਤੀ ਗਈ ਹੈ ਤਾਕਿ ਇਹ ਜਿਣਸਾਂ ਵੱਧ ਤੋਂ ਵੱਧ ਪੈਦਾ ਕੀਤੀਆਂ ਜਾ ਸਕਣ। ਇਥੇ ਹੀ ਬੱਸ ਨਹੀਂ ਕਣਕ ਦੀ ਹੁਣ 56 ਲੱਖ ਟੱਨ ਹੋਣ ਦੀ ਸੰਭਾਵਨਾ ਹੈ । ਕਪਾਹ ਲਈ ਵੀ ਪੂਰੀ ਕੋਸ਼ਿਸ਼ ਕੀਤੀ ਜਾਵੇ ਅਤੇ ਸਪਰੇ ਕੀਤਾ ਜਾਵੇ । ਇਹ 40% ਵੱਧ ਹੋਣ ਦੀ ਸੰਭਾਵਨਾ ਹੈ । ਬਠਿੰਡਾ, ਫਿਰੋਜ਼ਪੁਰ ਵਿਚ ਜਿਹੜੇ ਕਾਟਨ ਦੇ ਘਰ ਮੰਨੇ ਜਾਂਦੇ ਹਨ, ਉਥੇ ਸਰਕਾਰ ਨੇ ਪੂਰੀ ਤਵੱਜੋ ਦਿੱਤੀ ਹੈ ਕਿ ਉਥੇ ਸਪਰੇ ਕਰਵਾਵਾਂਗੇ । 50,000 ਟਿਊਬਵੈਲ ਲਾਉਣ ਲਈ 28.10 ਕਰੋੜ ਰੁਪਏ ਦੇ ਕਰਜ਼ੇ ਦਿਤੇ ਜਾਣਗੇ । 50 ਹਜ਼ਾਰ ਟਿਊਬਵੈਲ ਲਗਾਉਣ ਲਈ ਸਕੀਮ ਇਸ ਵਿਚ ਦਿੱਤੀ ਗਈ ਹੈ । ਮੈਂ ਸਮਝਦਾ ਹਾਂ ਕਿ ਜ਼ਿਮੀਂਦਾਰ ਲਈ ਇਹ ਬਹੁਤ ਵੱਡੀ ਗੱਲ ਹੈ । ਇਸ ਦੇ ਨਾਲ ਸਾਡੀ ਵੱਧ ਤੋਂ ਵੱਧ ਖੇਤੀ ਦੀ ਪੈਦਾਵਾਰ ਹੋਵੇਗੀ । ਇਥੇ ਹੀ ਬੱਸ ਨਹੀਂ ਮੈਂ ਅਰਜ਼ ਕਰਦਾ ਹਾਂ ਕਿ ਅਕਾਲੀ ਰਾਜ ਵਿਚ ਵੱਡੇਵੱਡੇ ਜ਼ਿਹੜੇ ਜ਼ਿਮੀਦਾਰ ਸਨ ਉਨ੍ਹਾਂ ਵੱਲ ਹੀ ਧਿਆਨ ਦਿਤਾ ਗਿਆ ਅਤੇ ਗਰੀਬ ਕਿਸਾਨਾਂ ਦਾ ਕੋਈ ਖਿਆਲ ਨਹੀਂ ਕੀਤਾ ਗਿਆ । ਇਹ ਪਹਿਲੀ ਸਮਾਜਵਾਦੀ ਸਰਕਾਰ ਹੈ ਜਿਸ ਨੇ ਛੋਟੇ ਕਿਸਾਨ ਵੱਲ ਧਿਆਨ ਦਿਤਾ ਹੈ । (ਤਾੜੀਆਂ)

ਇਸ ਬੱਜਟ ਵਿਚ ਛੋਟੇ ਕਿਸਾਨਾਂ ਵੱਲ ਖਾਸ ਖਿਆਲ ਰੱਖਿਆ ਗਿਆ ਹੈ । ਅਤੇ ਜਿਨ੍ਹਾਂ ਦੀ 2.50 ਏਕੜ ਤੋਂ ਘੱਟ ਜ਼ਮੀਨ ਹੈ, ਉਨ੍ਹਾਂ ਨੂੰ ਸਬਸਿਡੀ ਦਿਤੀ ਜਾਵੇਗੀ । ਪਰ ਅਕਾਲੀ ਸਰਕਾਰ ਨੇ ਧਨਾਢਾਂ ਦਾ ਹੀ ਖਿਆਲ ਕੀਤਾ । ਇਸ ਲਈ ਸ੍ਰੀ ਹੰਸ ਰਾਜ ਜੀ ਨੇ ਇਹ ਜਿਹੜਾ ਬੱਜਟ ਪੇਸ਼ ਕੀਤਾ ਹੈ ਇਹ ਬੜਾ ਅੱਛਾ ਬੱਜਟ ਹੈ । ਇਸ ਬੱਜਟ ਵਿਚ ਜਿਨ੍ਹਾਂ ਦੀ ਜ਼ਮੀਨ 2.50 ਏਕੜ ਤੋਂ ਘੱਟ ਹੈ ਉਨ੍ਹਾਂ ਨੂੰ ਬੜੀ ਸਹੂਲਤ ਦਿਤੀ ਹੈ । ਇਥੇ ਹੀ ਬੱਸ ਨਹੀਂ ਉਨ੍ਹਾਂ ਨੂੰ ਸਬਸਿਡੀ ਵੀ ਦਿਤੀ ਜਾਵੇਗੀ । ਇਸ ਵਿਚ ਖਾਸ ਕਰਕੇ ਹੁਸ਼ਿਆਰਪੁਰ, ਰੋਪੜ, ਕਪੂਰਥਲਾ ਅਤੇ ਜਲੰਧਰ ਦੇ ਜ਼ਿਲ੍ਹੇ ਰੱਖੇ ਹਨ ਜਿਥੇ ਛੋਟੇ ਕਿਸਾਨ ਹਨ । ਇਥੇ ਹੀ ਬੱਸ ਨਹੀਂ ਅੰਮ੍ਰਿਤਸਰ, ਫਿਰੋਜ਼ਪੁਰ ਅਤੇ ਪਟਿਆਲਾ ਵਿਚ ਇਹ ਸਕੀਮ ਅੱਗੇ ਹੀ ਲਾਗੂ ਹੈ । ਮੈਂ ਅਰਜ਼ ਕਰਦਾ ਹਾਂ ਕਿ ਇਹ ਪਹਿਲੀ ਵਾਰ ਹੈ ਜਦ ਕਿ ਛੋਟੇ ਕਿਸਾਨ ਦਾ, ਜਿਸ ਪਾਸ 2.50 ਏਕੜ ਤੋਂ ਘਟ ਜ਼ਮੀਨ ਹੈ, ਇਸ ਬੱਜਟ ਵਿਚ ਉਸ ਦਾ ਖਿਆਲ ਕੀਤਾ ਗਿਆ ਹੈ ।

4-00 p.m.

ਡਿਪਟੀ ਸਪੀਕਰ ਸਾਹਿਬ, ਇਥੇ ਹੀ ਬਸ ਨਹੀ ਇਸ ਬਜਟ ਦੇ ਵਿਚ ਇਹ ਕੋਸ਼ਿਸ਼ ਕੀਤੀ ਗਈ ਹੈ ਕਿ ਬੇਰੁਜ਼ਗਾਰੀ ਨੂੰ ਦੂਰ ਕੀਤਾ ਜਾਵੇ । ਇਸ ਬੇਰੁਜ਼ਗਾਰੀ ਨੂੰ ਦੂਰ ਕਰਨ ਲਈ ਹਰ ਇਕ ਜ਼ਿਲ੍ਹੇ ਨੂੰ $12\frac{1}{2}$ ਲੱਖ ਰੁਪਿਆ ਦਿਤਾ ਗਿਆ ਹੈ ਤਾਂ ਕਿ ਜ਼ਿਲ੍ਹੇ ਦੇ ਡੀ.ਸੀ. ਵਗੈਰਾ ਡਰੇਨਾਂ ਆਦਿ ਤੇ ਹੋਰ ਕੰਮ ਕਰਵਾ ਸਕਣ ਤੇ ਜਿਹੜੇ ਬੇਰੁਜ਼ਗਾਰ ਹਨ ਉਨ੍ਹਾਂ ਨੂੰ ਕੰਮ ਮਿਲ ਸਕੇ । ਇਸ ਤਰ੍ਹਾਂ ਬੇਰੁਜ਼ਗਾਰੀ ਨੂੰ ਦੂਰ ਕਰਨ ਦੀ ਵੀ ਕੋਸ਼ਿਸ਼ ਕੀਤੀ ਗਈ ਹੈ ।

ਇਥੇ ਹੀ ਬਸ ਨਹੀਂ, ਡਿਪਟੀ ਸਪੀਕਰ ਸਾਹਿਬ, ਮੈਂ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਨੂੰ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਸ਼ਿਡੂਲਡ ਕਾਸਟ ਅਤੇ ਬੈਕਵਰਡ ਜਾਤੀਆਂ

[ਸਰਦਾਰ ਸੁਰਿੰਦਰ ਸਿੰਘ ਕੈਰੋਂ]

ਲਈ ਇਹ ਫੈਸਲਾ ਕੀਤਾ ਹੈ ਕਿ 1970 ਤੋਂ ਜਿਸ ਜਿਸ ਪਾਸ ਜ਼ਮੀਨ ਤੇ ਕਬਜ਼ਾ ਹੈ ਉਸ ਨੂੰ ਪ੍ਰੋਪ੍ਰਾਇਟਰੀ ਰਾਈਟ ਦੇਣ ਦਾ ਐਲਾਨ ਕੀਤਾ ਹੈ । ਮੈਂ ਸਮਝਦਾ ਹਾਂ ਕਿ ਇਹ ਇਕ ਬਹੁਤ ਮਹਤਵ ਪੂਰਨ ਫੈਸਲਾ ਹੈ ਅਤੇ ਕਿਸੇ ਸਰਕਾਰ ਨੇ ਇਹੋ ਜਿਹਾ ਫੈਸਲਾ ਅਗੇ ਨਹੀਂ ਕੀਤਾ । ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਇਹ ਵੀ ਸੁਝਾਵ ਦਿੰਦਾ ਹਾਂ ਕਿ ਅਕਾਲੀ ਰਾਜ ਵਿਚ ਜਿਹੜੇ ਵੱਡੇ ਜ਼ਿਮੀਦਾਰਾਂ ਨੇ ਜ਼ਮੀਨਾਂ ਦਬ ਲਈਆਂ ਹਨ ਉਹ ਵੀ ਉਨ੍ਹਾਂ ਤੋਂ ਖੋਹ ਕੇ ਇਨ੍ਹਾਂ ਗਰੀਬ ਕਿਸਾਨਾਂ ਨੂੰ ਦਿਤੀਆਂ ਜਾਣ । (ਪ੍ਰਸ਼ੰਸਾ)

ਡਿਪਟੀ ਸਪੀਕਰ ਸਾਹਿਬ, ਜਿਥੇ ਐਗਰੀਕਲਚਰਲ ਪ੍ਰੋਡਕਸ਼ਨ ਵਧਾਉਣ ਵਲ ਧਿਆਨ ਦਿਤਾ ਗਿਆ ਹੈ ਉਥੇ ਐਨੀਮਲ ਹਸਬੈਂਡਰੀ ਵਲ ਵੀ ਧਿਆਨ ਦਿਤਾ ਗਿਆ ਹੈ । ਅੰਡੇ, ਮੀਟ ਅਤੇ ਦੁਧ ਆਦਿ ਨੂੰ ਵਧਾਉਣ ਲਈ ਵੀ ਇਹ ਸਰਕਾਰ ਪੂਰਾ ਧਿਆਨ ਦੇ ਰਹੀ ਹੈ । ਇਹ ਇਕ ਕਾਮਨ ਮੈਨ ਬਜਟ ਹੈ । ਇਸ ਸਰਕਾਰ ਨੂੰ ਬਣੀ ਨੂੰ ਹਾਲੀਂ ਬਹੁਤ ਥੋੜ੍ਹਾ ਸਮਾਂ ਹੋਇਆ ਹੈ, ਕਿਉਂਕਿ ਟਾਈਮ ਥੋੜਾ ਸੀ ਇਸ ਲਈ ਇਨ੍ਹਾਂ ਚੀਜ਼ਾਂ ਵਲ ਪੂਰਾ ਧਿਆਨ ਨਹੀਂ ਦਿਤਾ ਗਿਆ ਜੇ ਕਿਤੇ ਟਾਈਮ ਜ਼ਿਆਦਾ ਹੁੰਦਾ ਤਾਂ ਇਹ ਸਰਕਾਰ ਪ੍ਰੈਕਟੀਕਲ ਸਭ ਕੁਝ ਕਰਕੇ ਦਿਖਾਂਦੀ । (ਤਾੜੀਆਂ)

ਫਿਰ ਡਿਪਟੀ ਸਪੀਕਰ ਸਾਹਿਬ, ਇਸ ਸਰਕਾਰ ਨੇ ਇਹ ਵੀ ਫੈਸਲਾ ਕੀਤਾ ਹੈ ਕਿ ਪੰਜ ਹਜ਼ਾਰ ਪਿੰਡਾਂ ਵਿਚ ਪ੍ਰਾਇਮਰੀ ਸਕੂਲ ਖੋਲ੍ਹਣੇ ਹਨ । ਮੈਂ ਸਮਝਦਾ ਹਾਂ ਕਿ ਇਹ ਪਹਿਲੀ ਸਰਕਾਰ ਹੈ ਜਿਸਨੇ ਇਤਨਾ ਵਡਾ ਤੇ ਅਹਿਮ ਫੈਸਲਾ ਕੀਤਾ ਹੈ । ਫਿਰ ਇਥੇ ਹੀ ਬਸ ਨਹੀਂ ਡਿਪਟੀ ਸਪੀਕਰ ਸਾਹਿਬ, ਇਸ ਸਰਕਾਰ ਨੇ ਇਹ ਵੀ ਕਿਹਾ ਹੈ ਕਿ 2 ਸਾਲਾਂ ਦੇ ਅੰਦਰ ਅੰਦਰ ਲਿੰਕ ਰੋਡਜ਼ ਬਣਾ ਦਿਤੀਆਂ ਜਾਣਗੀਆਂ । ਮੈਂ ਸਮਝਦਾ ਹਾਂ ਕਿ ਅੱਗੇ ਕਿਸੇ ਸਰਕਾਰ ਨੇ ਅਜੇਹੇ ਫੈਸਲੇ ਨਹੀਂ ਕੀਤੇ ਹੋਣੇ । ਜੇ ਇਸ ਸਰਕਾਰ ਪਾਸ ਕੁਝ ਟਾਈਮ ਜ਼ਿਆਦਾ ਹੁੰਦਾ ਤਾਂ ਇਹ ਸਭ ਕੁਝ ਪ੍ਰੈਕਟੀਕਲੀ ਤੁਹਾਡੇ ਸਾਹਮਣੇ ਆਉਣਾ ਸੀ ।

ਫਿਰ ਇਥੇ ਹੀਂ ਬਸ ਨਹੀਂ ਰੂਰਲ ਅਲੈਕਟਰੀਫੀਕੇਸ਼ਨ ਦੇ ਲਈ ਵੀ ਇਸ ਸਰਕਾਰ ਨੇ ਵਾਇਦਾ ਕੀਤਾ ਹੈ । ਇਸ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਕੋਈ ਵੀ ਪਿੰਡ ਬਿਜਲੀ ਤੋਂ ਬਗੈਰ ਨਹੀਂ ਰਹੇਗਾ । ਮੈਂ ਸਮਝਦਾ ਹਾਂ ਕਿ ਹਰਿਆਣਾ ਸਟੇਟ ਸਾਡੇ ਤੋਂ ਬਹੁਤ ਪਿੱਛੇ ਹੈ ਪਰ ਉਸ ਨੇ ਹਰ ਪਿੰਡ ਵਿਚ ਬਿਜਲੀ ਪਹੁੰਚਾਉਣ ਦਾ ਯਤਨ ਕੀਤਾ ਤਾਂ ਅਸੀਂ ਇਸ ਗੱਲ ਵਿਚ ਪਿਛੇ ਰਹਿ ਗਏ । ਮੈਂ ਸਮਝਦਾ ਹਾਂ ਕਿ ਇਹ ਪਹਿਲੀ ਸਰਕਾਰ ਹੈ ਜਿਸ ਨੇ ਪਹਿਲੀ ਵਾਰ ਇਹ ਵਾਇਦਾ ਕੀਤਾ ਹੈ ਕਿ ਅਸੀਂ ਹਰ ਪਿੰਡ ਵਿਚ ਬਿਜਲੀ ਪਹੁੰਚਾਵਾਂਗੇ ।

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਹੰਸ ਰਾਜ ਸ਼ਰਮਾ ਜੀ ਨੂੰ ਵਧਾਈ ਇਸ ਗੱਲ ਤੇ ਦਿੰਦਾ ਹਾਂ ਕਿ ਇਸ ਸਾਰੇ ਬਜਟ ਵਿਚ ਕੋਈ ਨਵਾਂ ਟੈਕਸ ਨਹੀਂ ਲਾਇਆ ਗਿਆ । ਪੁਰਾਣੀਆਂ ਕੁਲੈਕਸ਼ਨਾਂ ਤੇ ਹੀ ਇਹ ਸਾਰੀਆਂ ਗੱਲਾਂ ਕਰਨ ਦੀ ਕੋਸ਼ਿਸ਼ ਕੀਤੀ ਜਾਣੀ ਹੈ ।

ਬਿਜਲੀ ਦੀਆਂ ਮੁਸ਼ਕਲਾਂ ਨੂੰ ਸਾਹਮਣੇ ਰਖ ਕੇ ਅਤੇ ਉਨ੍ਹਾਂ ਤਕਲੀਫਾਂ ਨੂੰ ਹੱਲ ਕਰਨ ਲਈ ਇਸ ਬਜਟ ਵਿਚ 50% ਅਮਾਊਂਟ ਬਿਜਲੀ ਲਈ ਆਊਟਲੇ ਕੀਤਾ ਗਿਆ ਹੈ ਜਿਸ ਨਾਲ ਕਿ ਸਾਡੀ ਇੰਡਸਟਰੀ ਕਾਫੀ ਉਨਤ ਹੋਵੇਗੀ ਅਤੇ ਟਿਊਬਵੈਲਜ਼ ਨੂੰ ਕੁਨੈਕਸ਼ਨਜ਼ ਵਗੈਰਾ ਦਿੱਤੇ ਜਾਣਗੇ ਅਤੇ ਹੋਰ ਕਈ ਤਕਲੀਫਾਂ ਨੂੰ ਹੱਲ ਕੀਤਾ ਜਾਵੇਗਾ ।

ਮੈਂ ਇਸ ਦੇ ਨਾਲ ਹੀ ਡਿਪਟੀ ਸਪੀਕਰ ਸਾਹਿਬ, ਇਹ ਵੀ ਕਹਾਂਗਾ ਕਿ ਇਹ ਪਹਿਲੀ ਵਾਰੀ ਹੈ ਕਿ ਇਸ ਬਜਟ ਵਿਚ ਸੀਲਿੰਗ ਔਨ ਲੈਂਡ, ਅਤੇ ਅਰਬਨ ਪ੍ਰਾਪਰਟੀ ਦੀ ਸੀਲਿੰਗ ਦੀ ਫਿਕਸੇਸ਼ਨ ਦਾ ਜ਼ਿਕਰ ਕੀਤਾ ਗਿਆ ਹੈ ।(ਥੰਪਿੰਗ)

ਡਿਪਟੀ ਸਪੀਕਰ ਸਾਹਿਬ, ਇਥੇ ਹੀ ਬਸ ਨਹੀਂ ਮੈਂ ਇਹ ਕਹਿੰਦਾ ਹਾਂ ਕਿ ਇਹ ਪਹਿਲੀ ਵਾਰੀ ਹੈ ਕਿ ਇਸ ਸਰਕਾਰ ਨੇ ਪੰਜਾਬ ਦੀ ਬਿਹਤਰੀ ਲਈ ਬੜੇ ਅਹਿਮ ਫੈਸਲੇ ਕੀਤੇ ਹਨ। ਪਿਛਲੀ ਸਰਕਾਰ ਵੇਲੇ ਤਾਂ ਪੰਜਾਬ ਨੂੰ ਤਾਮਲ ਨਾਡੂ ਔਰ ਬੰਬਈ ਦੇ ਵਡੇ ਵਡੇ ਵਪਾਰੀ ਹੀ ਲੁਟਦੇ ਰਹੇ। ਪੰਜਾਬ ਦਾ ਬਹੁਤ ਸਾਰਾ ਡਿਵੈਲਪਮੈਂਟ ਦਾ ਰੁਪਿਆ ਦੂਸਰਿਆਂ ਸੂਬਿਆਂ ਵਿਚ ਹੀ ਚਲਾ ਜਾਂਦਾ ਸੀ। ਫਿਰ ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਡੀਵੈਲਪਮੈਂਟ ਦੇ ਕੰਮਾਂ ਲਈ ਰੀਜ਼ਰਵ ਬੈਂਕ ਵਲੋਂ ਸਾਨੂੰ 50% ਅਮਾਊਂਟ ਮਿਲਦਾ ਸੀ ਪਰ ਪਿਛਲੇ ਸਾਲਾਂ ਵਿਚ ਇਹ 50% ਦੀ ਬਜਾਏ 33% ਹੀ ਵਰਤਦੇ ਰਹੇ ਜਿਸ ਨਾਲ ਕਿ ਪੰਜਾਬ ਦੀ ਬਿਹਤਰੀ ਵਿਚ, ਪੰਜਾਬ ਦੀ ਡਿਵੈਲਪਮੈਂਟ ਵਿਚ ਕਾਫੀ ਫਰਕ ਪੈਂਦਾ ਰਿਹਾ। ਹੁਣ ਦੀ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਅਸੀਂ ਫਾਲਤੂ ਅਮਾਊਂਟ ਵੀ ਲਿਆਵਾਂਗੇ ਔਰ ਜਿਸ ਨਾਲ ਕਿ ਡੀਵੈਲਪਮੈਂਟ ਦੇ ਕੰਮਾਂ ਵਿਚ ਕਾਫੀ ਮਦਦ ਹੋਵੇਗੀ।

ਡਿਪਟੀ ਸਪੀਕਰ ਸਾਹਿਬ, ਇੰਡਸਟਰੀ ਦੇ ਮੁਤੱਲਕ ਇਨ੍ਹਾਂ ਨੇ ਕੁਝ ਆਪਣੇ ਸੁਝਾਉ ਦਿੱਤੇ ਹਨ। ਮੈਂ ਸਮਝਦਾ ਹਾਂ ਕਿ ਪਿਛਲੇ ਸਾਲਾਂ ਵਿਚ ਅਕਾਲੀ ਸਰਕਾਰ ਵੇਲੇ ਇੰਡਸਟਰੀ ਨੇ ਪੰਜਾਬ ਦੀ ਡੀਵੈਲਪਮੈਂਟ ਵਿਚ ਕੋਈ ਬਹੁਤਾ ਹਿੱਸਾ ਨਹੀਂ ਪਾਇਆ। ਸਾਨੂੰ ਇੰਡਸਟਰੀਜ਼ ਵਾਸਤੇ ਲਾਈਸੈਂਸ ਮਿਲਦੇ ਰਹੇ ਔਰ ਵਡੀਆਂ ਵਡੀਆਂ ਇੰਡਸਟਰੀਆਂ ਵਾਸਤੇ ਲਾਈਸੈਂਸ ਮਿਲਦੇ ਰਹੇ। ਅਗਰ ਅਸੀਂ ਉਸ ਮੁਤਾਬਕ ਇੰਡਸਟਰੀਜ਼ ਜਾਰੀ ਕਰਦੇ ਤਾਂ ਮੈਂ ਸਮਝਦਾ ਹਾਂ ਕਿ ਅਜ ਪਰ ਕੈਪੀਟਾ ਇਨਕਮ 1,500 ਰੁਪਏ ਦੇ ਕਰੀਬ ਹੁੰਦੀ। ਜੇ ਚੰਗੇ ਢੰਗ ਨਾਲ ਇੰਡਸਟਰੀਜ਼ ਨੂੰ ਚਲਾਇਆ ਜਾਂਦਾ ਤਾਂ ਪੰਜਾਬ ਦੀ ਕਾਫੀ ਤਰੱਕੀ ਹੋ ਸਕਦੀ ਸੀ। ਹੋਇਆ ਕੀ? ਚੰਦ ਬਿਊਰੋਕਰੇਟਿਕ ਅਫ਼ਸਰਾਂ ਨੇ ਅਕਾਲੀ ਵਜ਼ਾਰਤ ਦੀ ਸ਼ਹਿ ਨਾਲ ਵਡੇ ਵਡੇ ਹਾਊਸਿਜ਼ ਨਾਲ ਨੈਗੋਸੀਏਸ਼ਨਜ਼ ਕੀਤੀਆਂ। ਅਸੀਂ ਇਸ ਗਲ ਤੇ ਰੌਲਾ ਵੀ ਪਾਇਆ। ਮੈਂ ਸਪੀਕਰ ਸਾਹਿਬ ਨੂੰ ਇਸ ਗਲ ਤੇ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਇਕ ਪਬਲਿਕ ਅੰਡਰ-ਟੇਕਿੰਗ ਕਮੇਟੀ ਬਣਾਈ ਔਰ ਉਸ ਕਮੇਟੀ ਨੂੰ ਇਨ੍ਹਾਂ ਸਾਰੀਆਂ ਗੱਲਾਂ ਲਈ ਅਖਤਿਆਰ ਦਿਤੇ (ਵਿਘਨ) ਡਿਪਟੀ ਸਪੀਕਰ ਸਾਹਿਬ, ਇਥੇ ਹੀ ਬਸ ਨਹੀਂ ਸਾਡੇ ਇੰਡਸਟਰੀਜ ਦੇ ਮਹਿਕਮੇ ਨੇ, ਇੰਡਸਟਰੀਅਲ ਡੀਵੈਲਪਮੈਂਟ ਕਾਰਪੋਰੇਸ਼ਨ ਨੇ ਲੱਖਾਂ ਰੁਪਏ ਕਨਸਲਟੇਸ਼ਨ ਫੀਸ ਦਿਤੀ। ਸਕੋਡਾ ਐਂਡ ਇੰਜਨੀਅਰਜ਼ ਲਿਮਿਟਿਡ ਨੂੰ 10 ਤੋਂ 15 ਲੱਖ ਰੁਪਏ ਦਿਤੇ। ਡਬਲਿਯੂ. ਐਸ. ਡਬਲਿਯੂ. ਨੂੰ ਬਿਲੈਟਸ ਲਈ 10 ਤੋਂ 12 ਲੱਖ ਰੁਪਏ ਦਿਤੇ ਜਿਹੜਾ ਕਿ ਡਾਲਮੀਆ ਦੀ ਕੁਲੈਬੋਰੇਸ਼ਨ ਨਾਲ ਸੀ। ਇਸੇ ਤਰ੍ਹਾਂ ਸੁਰਾਜ ਐਂਡ ਐਸੋਸੀਏਸ਼ਨ 15 ਤੋਂ 20 ਲੱਖ ਰੁਪਿਆ ਔਰ ਦਲਾਲ ਐਂਡ ਕੰਪਨੀ ਨੂੰ 40 ਲੱਖ ਰੁਪਿਆ ਪੋਲੀਐਸਟਰ ਪਲਾਂਟ ਲਈ ਦਿਤੇ ਗਏ। ਇਹ ਸਾਰਾ ਕੁਝ ਇਨ੍ਹਾਂ ਨੂੰ ਪਤਾ ਸੀ। (ਵਿਘਨ) ਅਸੀਂ ਇਸ ਗਲ ਤੇ ਰੌਲਾ ਵੀ ਪਾਇਆ। (ਵਿਘਨ) ਮੈਂ ਤੁਹਾਨੂੰ ਇਕ ਛੋਟੀ ਜਿਹੀ ਕਹਾਣੀ ਦਸਦਾ ਹਾਂ। ਮੈਂ ਸਰਦਾਰ ਤੇਜਾ ਸਿੰਘ ਨੂੰ ਇਕ ਵਾਰੀ ਕਿਹਾ ਕਿ ਤੁਸੀਂ 5 ਲੱਖ ਰੁਪਿਆ ਪਟਿਆਲੇ ਲਿਆ ਹੈ ਤਾਂ ਉਹ ਕਹਿਣ ਲਗਾ ਕਿ ਉਹ ਤਾਂ ਸੰਤ ਜੀ ਨੂੰ ਦੇਣਾ ਸੀ, ਮੈਂ ਕੀ ਕਰਦਾ.... (ਵਿਘਨ) (ਸ਼ੋਰ) (ਸਰਕਾਰੀ ਬੈਂਚਾਂ ਵਲੋਂ ਤਾੜੀਆਂ)

Sardar Surjit Singh : On a point of order, Mr. Deputy Speaker, a person who is not in the House should not be commented upon.

ਸਰਦਾਰ ਸੁਰਿੰਦਰ ਸਿੰਘ ਕੈਰੋਂ : ਡਿਪਟੀ ਸਪੀਕਰ ਸਾਹਿਬ, ਫਿਰ ਮੈਂ ਅਰਜ਼ ਕਰਦਾ ਹਾਂ ਕਿ ਟਾਇਰ ਟਿਊਬ ਦਾ ਕਾਰਖਾਨਾ ਡੀ. ਸੀ. ਐਮ. ਨੂੰ ਦਿਤਾ ਅਤੇ ਜਿਸ ਦੀ ਨੈਗੋਸੀਏਸ਼ਨ ਟਾਟਾ ਨਾਲ ਕੀਤੀ ਗਈ। ਇਨ੍ਹਾਂ ਗੱਲਾਂ ਨੂੰ ਦੇਖ ਕੇ ਅਸੀਂ ਰੌਲਾ ਪਾਇਆ।

[ਸਰਦਾਰ ਸੁਰਿੰਦਰ ਸਿੰਘ ਕੈਰੋਂ]

ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਾਂਗਾ ਕਿ ਪੰਜਾਬ ਵਿਚ ਇੰਡਸਟਰੀ ਦੀ ਡਿਵੈਲਪਮੈਂਟ ਨਹੀਂ ਹੋ ਸਕੀ ਇਸ ਦੀ ਸਾਰੀ ਜ਼ਿੰਮੇਵਾਰੀ ਅਕਾਲੀ ਪਾਰਟੀ ਦੇ ਮੈਂਬਰਾਂ ਤੇ ਹੈ ਜੋ ਸਾਹਮਣੇ ਬੈਠੇ ਹਨ ਔਰ ਜੋ ਜਿਤ ਕੇ ਨਹੀਂ ਆ ਸਕੇ ਉਨ੍ਹਾਂ ਤੇ ਪੈਂਦੀ ਹੈ। (ਸ਼ੇਮ ਸ਼ੇਮ ਦੀਆਂ ਅਵਾਜ਼ਾਂ) (ਵਿਘਨ) ਇਨ੍ਹਾਂ ਨੇ ਵੱਡੇ ਵੱਡੇ ਹਾਉਸਿਜ਼ ਨੂੰ ਸਾਥ ਦਿੱਤਾ ਔਰ ਇਹ ਸਾਰਾ ਕੁਝ ਫੰਡ ਇਕਠਾ ਕਰਨ ਲਈ ਕੀਤਾ ਗਿਆ ਕਿਉਂਕਿ ਇਨ੍ਹਾਂ ਨੇ ਫੰਡ ਇੱਕਠਾਂ ਕਰਨਾ ਸੀ। ਡਿਪਟੀ ਸਪੀਕਰ ਸਾਹਿਬ, ਅਗਰ ਇੰਡਸਟਰੀ ਵਿਚ ਸਾਡੀ ਤਰੱਕੀ ਨਹੀਂ ਹੋ ਸਕੀ ਤਾਂ ਇਸ ਦੇ ਜ਼ਿੰਮੇਵਾਰ ਸਾਡੇ ਸਾਹਮਣੇ ਬੈਠੇ ਸਾਥੀ ਹਨ। ਜਾਂ ਜਿਹੜੇ ਇਲੈਕਟ ਹੋ ਕੇ ਨਹੀਂ ਆਏ ਆਪਣੇ ਘਰਾਂ ਵਿਚ ਬੈਠੇ ਹਨ (ਵਿਘਨ) ਉਹ ਜ਼ਿੰਮੇਵਾਰ ਹਨ।

ਮੈਂ ਅਰਜ਼ ਕਰਦਾ ਹਾਂ ਕਿ ਇਹ ਉਹ ਹਨ ਜਿਹੜੇ ਕਿ ਵਧਾ ਚੜ੍ਹਾ ਕੇ ਦਸਦੇ ਹਨ ਕਿ ਇੰਨਾ ਘਾਟਾ ਹੈ। ਮੈਂ ਖ਼ਜ਼ਾਨਾ ਮੰਤਰੀ ਅਤੇ ਚੀਫ ਮਨਿਸਟਰ ਸਾਹਿਬ ਨੂੰ ਵਧਾਈ ਦਿੰਦਾਂ ਹਾਂ ਕਿ ਉਨ੍ਹਾਂ ਬਗੈਰ ਕਿਸੇ ਟੈਕਸ ਲਾਇਆਂ ਇਹ ਵਿਸ਼ਵਾਸ ਦਿਲਾਇਆ ਹੈ ਕਿ ਇਹ ਘਾਟਾ ਪੂਰਾ ਹੋ ਜਾਵੇਗਾ ਅਤੇ ਘਾਟਾ ਸੋਹਣੇ ਢੰਗ ਨਾਲ ਪੂਰਾ ਕਰਨ ਲਈ ਦਸਿਆ ਹੈ। ਸਾਡਾ ਪੈਸਾ ਜਿਹੜੇ ਦੂਜੇ ਸੂਬਿਆਂ ਵਾਲੇ ਲੈ ਜਾਂਦੇ ਸਨ ਉਨ੍ਹਾਂ ਬਾਰੇ ਕਿਹਾ ਹੈ ਕਿ ਬੈਂਕਾਂ ਦਾ ਰੂਲ ਡਿਬੈਂਚਰ ਕਰਾਂਗੇ। ਇਸ ਦੇ ਨਾਲ ਨਾਲ ਇਹ ਵੀ ਦਸਿਆ ਹੈ ਕਿ ਜਿਹੜਾ ਘਾਟਾ ਹੈ ਉਹ ਜਿਹੜਾ ਇਨਕਮ ਟੈਕਸ ਵਿਚ ਸ਼ੇਅਰ ਮਿਲਣਾ ਹੈ ਜਾਂ ਐਕਸਾਈਜ਼ ਡਿਊਟੀ ਵਿਚੋਂ ਹਿਸਾ ਮਿਲਣਾ ਹੈ ਰਿਕਵਰੀ ਆਫ ਏਰੀਅਰਜ਼, ਗ੍ਰਾਂਟਸ ਇੰਨ ਏਡ, ਪਲੈਨਿੰਗ ਆਫ ਲੂਪ-ਹੋਲਜ਼ ਆਦਿ ਨਾਲ ਪੂਰਾ ਕੀਤਾ ਜਾਏਗਾ। ਮੈਨੂੰ ਯਕੀਨ ਹੈ ਕਿ ਕੇਵਲ ਇਹ ਘਾਟਾ ਹੀ ਪੂਰਾ ਨਹੀਂ ਕੀਤਾ ਜਾਏਗਾ ਬਲਕਿ 25 : 30 ਕਰੋੜ ਰੁਪਈਆ ਵੱਧ ਹੋਵੇਗਾ ਜਿਸ ਦੇ ਨਾਲ ਸੂਬੇ ਦੀ ਤਰਕੀ ਦੇ ਕੰਮ ਹੋਣਗੇ।

ਇਥੇ ਹੀ ਬਸ ਨਹੀਂ ਅਸੀਂ ਇਨ੍ਹਾਂ ਨਾਲ ਲੜਦੇ ਰਹੇ ਕਿ ਮੁਲਾਜ਼ਮਾਂ ਨੂੰ ਇੰਟੈਰਿਮ ਰਿਲੀਫ ਦਿਤਾ ਜਾਏ। ਜਦੋਂ ਇਨ੍ਹਾਂ ਨੇ ਮਾਸਟਰਾਂ ਨੂੰ ਦੂਰ ਦੂਰ ਬਦਲਿਆ ਤਾਂ ਅਸੀਂ ਇਨ੍ਹਾਂ ਦੇ ਨਾਲ ਸਹਿਮਤ ਨਹੀਂ ਸੀ। ਅਸੀਂ ਕਿਹਾ ਕਿ ਮੁਲਾਜ਼ਮਾਂ ਨੂੰ ਇੰਟੈਰਿਮ ਰਿਲੀਫ ਦਿਓ, ਪਰ ਇਨ੍ਹਾਂ ਵਿਚੋਂ ਕਿਸੇ ਸਜੱਣ ਨੇ ਕਿਹਾ ਸੀ ਕਿ ਇਨ੍ਹਾਂ ਨੇ ਪੰਥ ਨੂੰ ਹਰਾਇਆ ਹੈ, ਇਸ ਲਈ ਅਸੀਂ ਇਨ੍ਹਾਂ ਨੂੰ ਇੰਟੈਰਿਮ ਰਿਲੀਫ ਨਹੀਂ ਦਿੰਦੇ। (ਵਿਘਨ) ਮੈਂ ਅਰਜ਼ ਕਰਦਾ ਹਾਂ ਕਿ ਜਿਹੜੀ ਵਿਕਟੇਮਾਈਜ਼ੇਸ਼ਨ ਮਾਸਟਰਾਂ ਨਾਲ ਕੀਤੀ ਜਾਂ ਦੂਸਰੇ ਸਰਕਾਰੀ ਮੁਲਾਜ਼ਮਾਂ ਨਾਲ ਹੋਈ ਉਹ ਠੀਕ ਨਹੀਂ ਸੀ। ਉਹ ਮੁਲਾਜ਼ਮ ਵਿਚਾਰੇ ਕੀ ਕਰਦੇ, ਇਨ੍ਹਾਂ ਦੇ ਕੋਲ ਕੋਈ ਇਕਤਸਾਦੀ ਪ੍ਰੋਗਰਾਮ ਹੀ ਨਹੀਂ ਸੀ। (ਵਿਘਨ) ਮੈਂ ਅਰਜ਼ ਕਰਦਾ ਹਾਂ ਕਿ ਬਾਕੀ ਇਨ੍ਹਾਂ ਨੇ ਅਕਾਲੀ ਸਰਕਾਰ ਵਲੋਂ ਵੱਡੇ ਵੱਡੇ ਮਹਿਕਮੇ ਬਣਾ ਦਿਤੇ, ਅਸੀਂ ਕਹਿੰਦੇ ਰਹੇ ਕਿ ਇਹ ਮਹਿਕਮੇ ਛੋਟੇ ਕਰੋ, ਗਵਰਨਰ ਰਾਜ ਵਿਚ ਤਾਂ ਇਹ ਹੋਰ ਵੀ ਬੜੇ ਹੋ ਗਏ। ਮੈਨੂੰ ਆਸ ਹੈ ਕਿ ਮੇਰੀ ਸਰਕਾਰ ਜ਼ਰੂਰ ਉਨ੍ਹਾਂ ਨੂੰ ਛੋਟੇ ਕਰੇਗੀ। ਸਾਡੀ ਸਰਕਾਰ ਇਨ੍ਹਾਂ ਬਾਰੇ ਜ਼ਰੂਰ ਸੋਚੇ- ਗੀ, ਕਿਉਂਕਿ ਇਹ ਲੋਕਾਂ ਦੀ ਸਰਕਾਰ ਹੈ, ਅਵਾਮ ਦੀ ਸਰਕਾਰ ਹੈ ਅਤੇ ਇੰਦਰਾ ਗਾਂਧੀ ਦੀ ਸਰਕਾਰ ਹੈ। (ਵਿਘਨ)

ਮੈਂ ਅਰਜ਼ ਕਰਦਾ ਹਾਂ ਕਿ ਇਹ ਰੌਲਾ ਪਾਉਂਦੇ ਫਿਰਦੇ ਹਨ ਕਿ ਜਿਨਸ ਦੇ ਭਾਅ ਘੱਟ ਰਹੇ ਹਨ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਸਾਡੀ ਸਰਕਾਰ, ਸਾਡੇ ਗਿਆਨੀ ਜੀ ਵੱਧ ਤੋਂ ਵੱਧ ਭਾਅ ਲੈ ਕੇ ਪੰਜਾਬ ਨੂੰ ਦੇਣਗੇ। ਇਸ ਦੇ ਲਈ ਉਹ ਪੂਰੀ ਲੜਾਈ ਲੜਨਗੇ

ਅਤੇ ਮੈਂ ਅਰਜ਼ ਕਰਦਾ ਹਾਂ ਕਿ ਤੁਹਾਨੂੰ ਅਗਲੇ ਸੈਸ਼ਨ ਤਕ ਪਤਾ ਲਗ ਜਾਏਗਾ ਕਿ ਇਸ ਲਈ ਗਿਆਨੀ ਜੀ ਨੇ ਕਿਤਨੀ ਲੜਾਈ ਲੜੀ । ਮੈਨੂੰ ਯਕੀਨ ਹੈ ਕਿ ਜਿੰਨਾਂ ਵੀ ਗਿਆਨੀ ਜੀ ਦਾ ਪਰਸਨਲ ਅਸਰ-ਰਸੂਖ ਹੈ ਉਸ ਨੂੰ ਵਰਤਣਗੇ ਅਤੇ ਵੱਧ ਤੋਂ ਵੱਧ ਭਾਅ ਲਿਆ ਕੇ ਦੇਣਗੇ ਅਤੇ ਇਸ ਤਰ੍ਹਾਂ ਨਾਲ ਪੰਜਾਬ ਦੀ ਸੇਵਾ ਕਰਨਗੇ । (ਵਿਘਨ) ਕਾਟਨ ਦੀ ਜੋ ਸਪੋਰਟ ਪ੍ਰਾਈਸ ਫਿਕਸ ਕੀਤੀ ਹੈ ਉਸ ਲਈ ਮੈਂ ਖ਼ਜ਼ਾਨਾ ਮੰਤਰੀ ਨੂੰ ਵਧਾਈ ਦਿੰਦਾ ਹਾਂ ।

ਬਾਕੀ ਮੈਂ ਇਹ ਵੀ ਜ਼ਰੂਰ ਕਹਾਂਗਾ ਕਿ ਇਹ ਜਿਹੜੇ ਪੁਲਿਸ ਦੇ ਮਹਿਕਮੇ ਵਿਚ 12, 13 ਡੀ.ਆਈ.ਜੀ. ਬਣਾਏ ਗਏ ਹਨ, ਇਹ ਜ਼ਰੂਰ ਘਟਾਉਣੇ ਚਾਹੀਦੇ ਹਨ । ਬਾਕੀ ਜੋ ਪਿਛੇ ਜਿਹੇ ਲੋਕਾਂ ਨਾਲ ਧੱਕਾ ਹੁੰਦਾ ਰਿਹਾ ਹੈ, ਜਿਹੜੇ ਲੋਕ ਨਕਸਲਾਈਟਸ ਕਹਿ ਕੇ ਮਾਰ ਦਿਤੇ ਹਨ ਅਤੇ ਜਿਹੜੇ ਇਸ ਆੜ ਵਿਚ ਧੱਕੇ ਕੀਤੇ ਜਾ ਰਹੇ ਹੋਣ ਉਨ੍ਹਾਂ ਨੂੰ ਬੰਦ ਕਰਨਾ ਚਾਹੀਦਾ ਹੈ । (ਵਿਘਨ)

ਇਕ ਗੱਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ ਕਿ ਜਦੋਂ ਅਕਾਲੀਆਂ ਦੀ ਸਰਕਾਰ ਸੀ ਜਥੇਦਾਰ ਤੁੜ ਨੇ ਕਿਸੇ ਤੋਂ ਪੈਸੇ ਲੈਣੇ ਸੀ, ਮੇਰੇ ਕਹਿਣ ਦਾ ਮਤਲਬ ਹੈ ਕਿ ਕਿਸੇ ਤੋਂ ਝੂਠਾ ਇਸ਼ਟਾਮ ਭਰਾਇਆ ਸੀ, ਅਕਾਲੀ ਰਾਜ ਵੇਲੇ......(ਵਿਘਨ) (ਸ਼ੋਰ)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਸ ਹਾਊਸ ਦੀ ਰਿਵਾਇਤ ਰਹੀ ਹੈ ਕਿ ਜਿਹੜਾ ਮੈਂਬਰ ਇਸ ਆਨਰੇਬਲ ਹਾਊਸ ਦਾ ਮੈਂਬਰ ਨਹੀਂ ਹੈ ਉਸਦੇ ਬਾਰੇ ਜਿਹੜਾ ਆਪਣੇ ਆਪ ਨੂੰ ਇਸ ਹਾਊਸ ਵਿਚ ਡਿਫੈਂਡ ਨਹੀਂ ਕਰ ਸਕਦਾ ਉਸ ਬਾਰੇ ਇਸ ਹਾਊਸ ਵਿਚ ਕੋਈ ਗੱਲ ਨਹੀਂ ਕਰਨੀ ਚਾਹੀਦੀ। (ਵਿਘਨ) ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਕੈਰੋਂ ਸਾਹਿਬ ਇਸ ਹਾਊਸ ਦੇ ਪੁਰਾਣੇ ਮੈਂਬਰ ਨੇ, ਅਤੇ ਇਹ ਬੜੇ ਨੌਜਵਾਨ ਮੈਂਬਰ ਨੇ, ਸਾਨੂੰ ਇਨ੍ਹਾਂ ਤੇ ਬੜੀਆਂ ਆਸਾਂ ਹਨ, ਅਸੀਂ ਚਾਹੁੰਦੇ ਹਾਂ ਕਿ ਕਿਰਪਾ ਕਰਕੇ ਇਹ ਗਲਤ ਗੱਲਾਂ ਕਰਨ ਦੀ ਇਸ ਹਾਊਸ ਵਿਚ ਕੋਸ਼ਿਸ਼ ਨਾ ਕਰਨ । ਜੇ ਕਿਸੇ ਸਾਡੇ ਲੀਡਰ ਦਾ ਇਹ ਗਲਤ ਨਾਉਂ ਲੈ ਕੇ ਗਲਤ ਗੱਲ ਕਰਨਗੇ ਤਾਂ ਅਸੀਂ ਇਨ੍ਹਾਂ ਦੇ ਸਾਰੇ ਲੀਡਰਾਂ ਨੂੰ ਲੈ ਆਵਾਂਗੇ....(ਵਿਘਨ)

ਸਰਦਾਰ ਸੁਰਿੰਦਰ ਸਿੰਘ ਕੈਰੋਂ : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਜਿਹੜੇ ਆਪਣੇ ਆਪ ਨੂੰ ਹਰੀਜਨਾਂ ਦੇ ਹਿਤੂ ਸਮਝਦੇ ਸੀ ਉਸ ਦੇ ਇਕ ਮੰਤਰੀ ਨੇ ਜਿਹੜਾ ਮੇਰੇ ਜ਼ਿਲ੍ਹੇ ਦਾ ਸੀ, ਸਾਡਾ ਗਵਾਂਢੀ ਸੀ, ਝੂਠਾ ਇਕ ਹਰੀਜਨ ਤੋਂ ਅਸ਼ਟਾਮ ਦਿਲਵਾਇਆ ਕਿ ਉਸ ਨੂੰ ਪੈਸੇ ਦੇਣ ਤੋਂ ਇਨਕਾਰ ਕੀਤਾ (ਵਿਘਨ) (ਸ਼ੋਰ)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਹ ਬੜੀ ਚੰਗੀ ਰਿਵਾਇਤ ਹੋਵੇਗੀ ਕਿ ਇਹ ਉਸ ਮੈਂਬਰ ਬਾਰੇ ਗੱਲ ਨਾ ਕਰਨ ਜਿਹੜਾ ਇਸ ਹਾਊਸ ਵਿਚ ਹਾਜ਼ਰ ਨਾ ਹੋਵੇ (ਵਿਘਨ) ਮੈਂ ਇਹ ਸਮਝਦਾ ਹਾਂ ਕਿ ਜਿਹੜਾ ਮੈਂਬਰ ਆਪਣੇ ਆਪ ਨੂੰ ਡਿਫੈਂਡ ਨਹੀਂ ਕਰ ਸਕਦਾ ਅਤੇ ਤੁਹਾਡਾ ਇਹ ਫਰਜ਼ ਹੈ ਕਿ ਉਸ ਦਾ ਨਾਉਂ ਨਾ ਲੈਣ ਦਿਉ, ਤੁਸੀਂ ਆਪਣੀ ਕੁਰਸੀ ਦਾ ਇਹਤਰਾਮ ਕਰਦੇ ਹੋਏ ਉਨ੍ਹਾਂ ਦੇ ਮੂੰਹ ਵਿਚ ਲਗਾਮ ਦਿਉ । (ਵਿਘਨ)

ਅਵਾਜ਼ਾਂ (ਟਰੈਜ਼ਰੀ ਬੈਂਚਿਜ਼ ਵਲੋਂ) **:** ਇਹ ਲਗਾਮ ਦਾ ਲਫਜ਼ ਵਾਪਸ ਲਵੋ । (ਵਿਘਨ) (ਸ਼ੋਰ)

ਖੇਤੀਬਾੜੀ ਮੰਤਰੀ (ਕੈਪਟਨ ਰਤਨ ਸਿੰਘ) : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਪਾਰਲੀਆਮੈਂਟਰੀ ਪ੍ਰੈਕਟਿਸ ਦੇ ਮੁਤਾਬਿਕ ਜਿਹੜਾ ਕਿਸੇ ਦਾ ਨਾਉਂ ਲਿਆ ਜਾ ਸਕਦਾ ਹੈ ਉਹ ਲੈਣਾ ਚਾਹੀਦਾ ਹੈ ਕਿਉਂਕਿ ਅਗੇ ਇਸ ਤਰ੍ਹਾਂ ਲੈਂਦੇ ਰਹੇ ਹਾਂ, ਲੇਕਿਨ ਅਨਪਾਰਲੀਆਮੈਂਟਰੀ ਜ਼ਬਾਨ ਇਸਤੇਮਾਲ ਨਹੀਂ ਹੋਣੀ ਚਾਹੀਦੀ। ਇਧਰੋਂ ਬਿਲਕੁਲ ਨਹੀਂ ਹੋਵੇਗੀ ਅਤੇ ਉਧਰੋਂ (ਆਪੋਜ਼ੀਸ਼ਨ ਬੈਂਚਿਜ ਵੱਲ ਇਸ਼ਾਰਾ ਕਰਦੇ ਹੋਏ) ਵੀ ਨਹੀਂ ਹੋਣੀ ਚਾਹੀਦੀ।

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਜੇ ਲਗਾਮ ਉਧਰ ਪਹੁੰਚ ਗਈ ਹੈ ਤਾਂ ਮੈਂ ਵਾਪਸ ਕਰਦਾ ਹਾਂ....(ਵਿਘਨ) (ਸ਼ੋਰ)

ਸਰਦਾਰ ਸੁਰਿੰਦਰ ਸਿੰਘ ਕੈਰੋਂ : ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਥੋੜ੍ਹਾ ਜਿਹਾ ਆਪਣੇ ਇਲਾਕੇ ਦੀਆਂ ਮੰਗਾ ਦੇ ਸਿਲਸਿਲੇ ਵਿਚ ਅਰਜ਼ ਕਰਨੀ ਚਾਹੁੰਦਾ ਹਾਂ। ਸਾਡੀ ਬਾਰਡਰ ਦੀ ਤਹਿਸੀਲ ਹੈ। ਇਥੇ ਜਿਸਤਰ੍ਹਾਂ ਡਾਂਗ ਸਾਹਿਬ ਨੇ ਕਿਹਾ ਹੈ ਕਿ ਦਸ ਮੀਲ ਦੇ ਏਰੀਆ ਤਕ ਜ਼ਮੀਂਦਾਰੀ ਮੁਆਮਲਾ ਮੁਆਫ ਹੋ ਗਿਆ ਹੈ, ਮੈਂ ਇਸ ਗੱਲ ਦੀ ਸਰਕਾਰ ਨੂੰ ਵਧਾਈ ਦਿੰਦਾ ਹਾਂ। ਲੇਕਿਨ ਮੈਂ ਅਰਜ਼ ਕਰਦਾ ਹਾਂ ਕਿ ਜਿਹੜੇ ਉਥੇ ਦੇ ਹਰੀਜਨ ਹਨ, ਗਰੀਬ ਕਿਸਾਨ ਹਨ, ਨਾਨ-ਐਗਰੀਕਲਚਰਿਸਟਸ ਹਨ, ਜਿਹੜੇ ਪਿਛੇ ਉਜੜ ਕੇ ਆਏ ਹਨ, ਉਨ੍ਹਾਂ ਨੂੰ ਕੁਝ ਨਹੀਂ ਮਿਲਿਆ, ਉਨ੍ਹਾਂ ਨੂੰ ਕੁਝ ਨਾ ਕੁਝ ਜ਼ਰੂਰ ਮਿਲਣਾ ਚਾਹੀਦਾ ਹੈ। ਮੈਂ ਸੁਝਾਉ ਦਿੰਦਾ ਹਾਂ ਕਿ ਉਸ ਇਲਾਕੇ ਦਾ ਜਿਹੜਾ ਲੈਂਡ ਰੈਵੇਨਿਉ ਹੋਵੇ, ਉਨ੍ਹਾਂ ਨੂੰ ਗਰਾਂਟਾਂ ਦੀ ਸ਼ਕਲ ਵਿਚ ਗੈਰ ਕਿਸਾਨਾਂ, ਹਰੀਜਨਾਂ ਅਤੇ ਦੂਸਰੇ ਗਰੀਬਾਂ ਨੂੰ ਦੇਣਾ ਚਾਹੀਦਾ ਹੈ।

ਇਥੇ ਹੀ ਬਸ ਨਹੀਂ, ਮੈਂ ਅਰਜ਼ ਕਰਦਾ ਹਾਂ ਕਿ ਤਰਨ ਤਾਰਨ ਅਤੇ ਪਟੀ ਸੱਬ-ਡਿਵੀਜ਼ਨ ਵਿਚ ਪਾਣੀ ਦੀ ਬੜੀ ਤਕਲੀਫ ਹੈ। ਜਿਹੜੀ ਟਿਊਬਵੈੱਲ ਕਾਰਪੋਰੇਸ਼ਨ ਬਣਾਈ ਹੈ, ਮੈਂ ਸਮਝਦਾ ਹਾਂ ਕਿ ਉਸ ਨੂੰ ਉਸ ਇਲਾਕੇ ਵੱਲ ਧਿਆਨ ਦੇਣਾ ਚਾਹੀਦਾ ਹੈ ਤਾਕਿ ਉਥੇ ਵੀ ਚੰਗੀ ਤਰ੍ਹਾਂ ਨਾਲ ਖੇਤੀਬਾੜੀ ਹੋ ਸਕੇ। ਉਥੇ ਦਾ ਪਾਣੀ ਖਾਰਾ ਹੈ, ਜਿਸ ਦੇ ਨਾਲ ਖੇਤੀ ਚੰਗੀ ਤਰ੍ਹਾਂ ਨਹੀਂ ਹੋ ਸਕਦੀ। ਮੈਂ ਆਸ ਕਰਦਾ ਹਾਂ ਕਿ ਉਥੇ ਮਿੱਠੇ ਮਾਝੇ ਤੇ ਟਿਊਬਵੈਲਜ਼ ਲਾ ਕੇ ਉਥੇ ਮਿੱਠਾ ਪਾਣੀ ਸਪਲਾਈ ਕੀਤਾ ਜਾਏਗਾ ਤਾ ਕਿ ਖੇਤੀ ਬਾੜੀ ਵਿਚ ਵਾਧਾ ਹੋ ਸਕੇ।

ਮੈਂ ਆਸ ਕਰਦਾ ਹਾਂ ਕਿ ਇਹ ਸਮਾਜਵਾਦੀ ਸਰਕਾਰ ਸਾਡੇ ਪਛੜੇ ਇਲਾਕੇ ਵਲ ਧਿਆਨ ਦੇਵੇਗੀ।

ਡਿਪਟੀ ਸਪੀਕਰ ਸਾਹਿਬ, ਮੈਂ ਜ਼ਿਆਦਾ ਟਾਈਮ ਨਾ ਲੈਂਦਾ ਹੋਇਆ ਅੰਤ ਵਿਚ ਗਿਆਨੀ ਜੀ ਨੂੰ ਅਤੇ ਖ਼ਜ਼ਾਨਾ ਮੰਤਰੀ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਏਨਾਂ ਸੋਹਣਾ ਅਤੇ ਸੁਚੱਜਾ ਬਜਟ ਇਨੇਂ ਥੋੜ੍ਹੇ ਸਮੇਂ ਵਿਚ ਪੇਸ਼ ਕਰ ਦਿਤਾ। ਜੇ ਉਨ੍ਹਾਂ ਨੂੰ ਥੋੜ੍ਹਾ ਜਿਹਾ ਟਾਈਮ ਮਿਲ ਜਾਂਦਾ ਤਾਂ ਮੈਨੂੰ ਆਸ ਹੈ ਕਿ ਉਹ ਸਪੈਸੀਫਿਕ ਗੱਲਾਂ ਬਜਟ ਵਿਚ ਲੈ ਆਉਂਦੇ ਅਤੇ ਕਿਸੇ ਨੂੰ ਬੋਲਣ ਦਾ ਮੌਕਾ ਨਾ ਦਿੰਦੇ।

ਸ੍ਰੀ ਕੇਸ਼ੋ ਰਾਮ (ਬਠਿੰਡਾ) : ਡਿਪਟੀ ਸਪੀਕਰ ਸਾਹਿਬ, ਮੈਂ ਗਿਆਨੀ ਜ਼ੈਲ ਸਿੰਘ ਜੀ ਦੀ ਵਜ਼ਾਰਤ ਨੂੰ ਅਤੇ ਖਾਸ ਤੌਰ ਤੇ ਫਾਇਨੈਂਸ ਮਨਿਸਟਰ ਸਾਹਿਬ ਨੂੰ ਮੁਬਾਰਕਬਾਦ ਦਿੰਦਾ

ਹਾਂ ਕਿ ਉਨ੍ਹਾਂ ਨੇ ਪਹਿਲੀ ਵਾਰ ਇਕ ਅਜੇਹੀ ਬੱਜਟ ਦੀ ਝਲਕ ਵਖਾਈ ਹੈ ਕਿ ਜਿਸ ਵਿਚੋਂ ਸੋਸ਼ਲਿਜ਼ਮ ਨਜ਼ਰ ਆਉਂਦਾ ਹੈ । ਇਸ ਦੇ ਅੰਦਰ 14.69 ਕਰੋੜ ਰੁਪਏ ਦਾ ਡੈਫਿਸਿਟ ਵਿਖਾਇਆ ਗਿਆ ਹੈ ਔਰ ਇਸ ਘਾਟੇ ਨੂੰ ਪੂਰਾ ਕਰਨ ਵਾਸਤੇ ਕੋਈ ਟੈਕਸ ਨਹੀਂ ਲਗਾਇਆ । ਇਸ ਲਈ ਮੈਂ ਇਨ੍ਹਾਂ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ । ਟੈਕਸ ਤਾਂ ਇਸ ਤੋਂ ਬਾਅਦ ਵੀ ਲਗਾਏ ਜਾ ਸਕਦੇ ਹਨ ਪਰ ਉਹ ਟੈਕਸ ਵੱਡੇ ਵੱਡੇ ਸਰਮਾਏਦਾਰਾਂ ਤੇ ਜਿਵੇਂ ਕਿ ਸਿਨਮਾ ਹਾਊਸਿਜ਼ ਵਾਲੇ ਹਨ ਜਿਹੜੇ ਕਿ 20 ਹਜ਼ਾਰ ਰੁਪਏ ਹਫਤੇ ਦੀ ਆਮਦਨ ਕਮਾਉਂਦੇ ਹਨ ਤੇ ਲਗਾਉਣੇ ਚਾਹੀਦੇ ਹਨ । ਫਿਰ ਵੱਡੇ ਵੱਡੇ ਟਰਾਂਸਪੋਰਟਰਜ਼ ਹਨ ਜਿਨ੍ਹਾਂ ਦੀਆਂ ਵੱਡੀਆਂ ਵੱਡੀਆਂ ਇਨਕਮਾਂ ਹਨ, ਉਨ੍ਹਾਂ ਉਤੇ ਵੀ ਟੈਕਸ ਲਗਾਏ ਜਾ ਸਕਦੇ ਹਨ । ਮੈਂ ਖਜ਼ਾਨਾਂ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜਦੋਂ ਇਹ ਅਗਾਂਹ ਨੂੰ ਬੱਜਟ ਪੇਸ਼ ਕਰਨ ਤਾਂ ਵੱਡੇ ਵੱਡੇ ਸਰਮਾਏਦਾਰਾਂ ਤੇ ਟੈਕਸ ਲਗਾਉਣ । ਵੱਡੇ ਵਡੇ ਟਰਾਂਸਪੋਰਟਰਾਂ ਤੇ ਟੈਕਸ ਲਗਾਉਣ । ਪੈਸੰਜਰ ਟੈਕਸ ਨਾ ਲਗਾਉਣ ਸਗੋਂ ਰੂਟਾਂ ਉਤੇ ਟੈਕਸ ਲਗਾਉਣ । ਐਂਟਰ-ਟੇਨਮੈਂਟ ਟੈਕਸ ਨਾ ਲਗਾਉਣ ਬਲਕਿ ਸ਼ੋ ਟੈਕਸ ਹੈਵੀਲੀ ਲਗਾਇਆ ਜਾਵੇ ।

ਇਸ ਤੋਂ ਬਾਅਦ ਮੈਂ ਆਪਣੇ ਇਲਾਕੇ ਵਲ ਆਉਂਦਾ ਹਾਂ । ਮੈਂ ਪਛੜੇ ਹੋਏ ਇਲਾਕੇ ਦਾ ਨੁਮਾਇੰਦਾ ਹਾਂ । ਮੇਰਾ ਡਿਸਟ੍ਰਿਕਟ ਬਠਿੰਡਾ ਹੈ ਜਿਹੜਾਂ ਕਿ ਪਛੜਿਆ ਹੋਇਆ ਡਿਸਟ੍ਰਿ-ਕਟ ਹੈ । ਇਸ ਇਲਾਕੇ ਵਲ ਸਰਕਾਰ ਨੇ ਕੋਈ ਧਿਆਨ ਨਹੀਂ ਦਿਤਾ । ਉਥੇ ਪੀਣ ਵਾਲਾ ਪਾਣੀ ਬੜਾ ਖਰਾਬ ਹੈ ਜਿਹੜਾ ਕਿ ਕਈ ਬੀਮਾਰੀਆਂ ਪੈਦਾ ਕਰਦਾ ਹੈ ਅਤੇ ਸਿਹਤ ਉਤੇ ਬੁਰਾਂ ਅਸਰ ਪੈਂਦਾ ਹੈ । ਮੈਂ ਖਜ਼ਾਨਾ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਪਾਸੇ ਧਿਆਨ ਦੇਣ । ਨਹਿਰੀ ਪਾਣੀ ਨੂੰ ਸ਼ੁਧ ਕਰਕੇ ਸਪਲਾਈ ਕਰਨਾ ਚਾਹੀਦਾ ਹੈ ।

ਪਾਣੀ ਘਟ ਹੋਣ ਦੇ ਕਾਰਣ ਫਸਲਾਂ ਮਾਰੀਆਂ ਜਾਂਦੀਆਂ ਹਨ । ਬਾਦਲ ਸਰਕਾਰ ਦੇ ਵੇਲੇ ਜਿਹੜਾ ਨਹਿਰੀ ਪਾਣੀ ਮਿਲਦਾ ਸੀ ਉਹ ਵੀ ਘਟ ਮਿਲਦਾ ਸੀ ਕਿਉਂਕਿ ਬਾਦਲ ਸਰਕਾਰ ਦੇ ਰਿਸ਼ਤੇਦਾਰ ਨਹਿਰਾਂ ਨੂੰ ਕੱਟ ਕਰ ਲੈਂਦੇ ਸਨ ਅਤੇ ਪਾਣੀ ਸਿਰੇ ਤਕ ਨਹੀਂ ਸੀ ਪੁਜਦਾ । ਡਿਪਟੀ ਸਪੀਕਰ ਸਾਹਿਬ ਸਰਕਾਰ ਨੂੰ ਇਸ ਪਾਸੇ ਖਾਸ ਤਵੱਜੋ ਦੇਣ ਦੀ ਲੋੜ ਹੈ ਤਾਕਿ ਫਸਲਾਂ ਨਾ ਮਾਰੀਆਂ ਜਾਣ ਅਤੇ ਕੋਈ ਆਦਮੀ ਨਹਿਰਾਂ ਨਾਂ ਕੱਟ ਸਕੇ । ਅੰਤ ਵਿਚ ਮੈਂ ਫਿਰ ਗਿਆਨੀ ਜੀ ਦੀ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਉਹ ਸਪੈਸ਼ਲ ਤੌਰ ਤੇ ਨਹਿਰਾਂ ਦੀ ਕੱਟ ਨੂੰ ਰੋਕਣ । ਅੰਤ ਵਿਚ ਮੈਂ ਖਜ਼ਾਨਾ ਮੰਤਰੀ ਸਾਹਿਬ ਨੂੰ ਵਧਾਈ ਦਿੰਦਾ ਹਾਂ ।

ਸਰਦਾਰ ਹਰਚਰਨ ਸਿੰਘ (ਅਜਨਾਲਾ) : ਡਿਪਟੀ ਸਪੀਕਰ ਸਾਹਿਬ, ਮੈਂ ਇਸ ਵਾਸਤੇ ਖੜਾ ਹੋਇਆ ਹਾਂ ਕਿ ਸਭ ਤੋਂ ਪਹਿਲਾਂ ਇਸ ਅਸੈਂਬਲੀ ਵਿਚ ਜਿਹੜਾਂ ਤਰੱਕੀ ਪਸੰਦ ਬੱਜਟ ਇਸ ਸਦਨ ਵਿਚ ਪੇਸ਼ ਹੋਇਆ ਹੈ, ਇਸ ਦੇ ਲਈ, ਮੈਂ ਆਪਣੇ ਮਕਬੂਲ ਫਾਇਨੈਂਸ ਮਨਿਸਟਰ ਸਾਹਿਬ ਨੂੰ ਔਰ ਗਿਆਨੀ ਜੀ ਦੀ ਸਰਕਾਰ ਨੂੰ ਦਿਲ ਖੋਲ੍ਹ ਕੇ ਵਧਾਈ ਦਿੰਦਾ ਹਾਂ । ਇਸ ਤੋਂ ਪਹਿਲਾਂ ਕਿ ਮੈਂ ਬੱਜਟ ਦੇ ਅੰਕੜੇ ਜਾਂ ਕੋਈ ਹੋਰ ਚੀਜ਼ ਦਸੀਂ, ਮੈਂ ਦਸਣਾ ਚਾਹੁੰਦਾ ਹਾਂ ਕਿ ਮੈਂ ਗਰੀਬ ਔਰ ਪਛੜੇ ਹੋਏ ਇਲਾਕੇ ਦਾ ਨੁਮਾਇੰਦਾ ਹਾਂ ਅਤੇ ਅਜਨਾਲਾ ਤਹਿਸੀਲ ਵਿਚੋਂ ਚੁਣ ਕੇ ਆਇਆ ਹਾਂ । ਮੇਰੇ ਮੁਖ਼ਾਲਫ ਨੀਲੀਆਂ ਔਰ ਲਾਲ ਫੌਜਾਂ ਮਿਲਕੇ, ਲੜਾਈ ਲੜਦੀਆਂ ਰਹੀਆਂ, ਲੇਕਿਨ ਮੈਂ ਉਸ ਘੋਲ ਵਿਚੋਂ ਕਾਮਯਾਬ ਹੋਇਆ ਹਾਂ । ਸਿਰਫ ਜੰਤਾ ਦੇ ਪਿਆਰ ਦੇ ਕਾਰਣ ਮੈਂ ਇਸ ਹਲਕੇ ਵਿਚੋਂ ਕਾਮਯਾਬ ਹੋਇਆ ਹਾਂ । ਜਿਸ ਵੇਲੇ ਜੰਤਾ ਨੇ ਪਿਆਰ ਦਾ ਹੜ੍ਹ ਚਲਾਇਆ ਤਾਂ ਮੈਂ ਕਾਮਯਾਬ ਹੋਇਆ । ਜਿਸ ਨੂੰ

[ਸਰਦਾਰ ਹਰਚਰਨ ਸਿੰਘ (ਅਜਨਾਲਾ)]

ਕਮਿਊਨਿਸਟ ਭਰਾ (ਸੀ. ਪੀ. ਐਮ.) ਵਾਲੇ ਦੀਵਾਰੇ ਚਾਇਨਾ ਕਹਿੰਦੇ ਸਨ ਉਸ ਦੀਵਾਰ ਵਿਚ ਕਈ ਥਾਵਾਂ ਤੇ ਸ਼ਗਾਫ ਹੋਇਆ ਅਤੇ ਮੈਂ 41,045 ਵੋਟਾਂ ਨਾਲ ਰਿਕਾਰਡ ਕਾਇਮ ਕਰ ਕੇ ਆਇਆ ਹਾਂ ।

(ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਕੀ ਹੁਣ ਦੁਵਾਰੇ ਪਾਕਿਸਤਾਨ ਬਣ ਗਿਆ ਹੈ ? (ਵਿਘਨ) ਇਹ ਬੱਜਟ ਤੇ ਬੋਲ ਰਹੇ ਹਨ ਜਾਂ ਕਿ ਆਪਣੀ ਤਾਰੀਫ ਕਰ ਰਹੇ ਹਨ ।

ਸਰਦਾਰ ਸੁਰਜੀਤ ਸਿੰਘ : ਇਹ ਵੋਟਾਂ ਦੀ ਗਿਣਤੀ ਨਹੀਂ ਹੈ ।

(ਵਿਘਨ)

ਸ੍ਰੀ ਡਿਪਟੀ ਸਪੀਕਰ : ਨੋ ਇੰਟਰੱਪਸ਼ਨਜ਼ ਪਲੀਜ਼ । ਹਾਊਸ ਦੀ ਡਿਗਨਿਟੀ ਨੂੰ ਕਾਇਮ ਰਖੋ । (ਵਿਘਨ) (No interruption please. The dignity of the House should be maintained.)

ਸਰਦਾਰ ਹਰਚਰਨ ਸਿੰਘ (ਅਜਨਾਲਾ) : ਇਹ ਜਿਹੜਾ ਬੱਜਟ ਫਾਇਨੈਂਸ ਮਨਿਸਟਰ ਸਾਹਿਬ ਨੇ ਥੋੜੇ ਅਰਸੇ ਵਿਚ ਬਣਾਇਆ ਹੈ ਔਰ ਥੋੜੇ ਅਰਸੇ ਵਿਚ ਜਿਸ ਤਰੀਕੇ ਨਾਲ ਤਰੱਕੀ ਪਸੰਦ ਬੱਜਟ, ਆਮ ਆਦਮੀ ਦਾ ਬੱਜਟ, ਸੋਸ਼ਲਿਸਟਿਕ ਬੱਜਟ ਔਰ ਸਾਧਾਰਣ ਜੀਵਨ ਨੂੰ ਉਚਾਂ ਕਰਨ ਵਾਲਾ ਬੱਜਟ, ਪੇਸ਼ ਕੀਤਾ ਹੈ, ਮੈਂ ਉਨ੍ਹਾਂ ਨੂੰ ਇਸ ਚੀਜ਼ ਦੀ ਵਧਾਈ ਦਿੰਦਾ ਹਾਂ । ਇਸ ਵਿਚ ਕੋਈ ਵੀ ਸਾਈਡ ਐਸੀ ਨਹੀਂ ਜਿਥੇ ਕਿ ਇਨ੍ਹਾਂ ਨੇ ਸਿਆਣਪ ਨਾਲ ਸਟੈਪਸ ਨਾ ਲਏ ਹੋਣ । ਮੈਂ ਇਨ੍ਹਾਂ ਆਪੋਜ਼ੀਸ਼ਨ ਵਾਲੇ ਭਰਾਵਾਂ ਨੂੰ ਕਹਾਂਗਾ ਕਿ ਅਗਰ ਕੋਈ ਕੰਮ ਚੰਗਾ ਹੋਵੇ ਤਾਂ ਤਾਈਦ ਕਰੋ । ਲੇਕਿਨ ਇਨ੍ਹਾਂ ਦੇ ਤਾਂ ਅੱਜ ਲਬ ਖੁਸ਼ਕ ਹੋਏ ਪਏ ਹਨ ਅਤੇ ਇਨ੍ਹਾਂ ਨੂੰ ਅੰਧੇਰਾ ਹੀ ਅੰਧੇਰਾ ਨਜ਼ਰ ਆਉਂਦਾ ਹੈ । ਇਨ੍ਹਾਂ ਨੂੰ ਕੋਈ ਚੰਗਾ ਕੰਮ ਨਹੀਂ ਦਿਸਦਾ ।

ਮੇਰੇ ਇਕ ਵੀਰ ਨੇ ਗੰਦਮ ਦੇ ਭਾ ਬਾਰੇ ਗੱਲ ਕੀਤੀ ਹੈ । ਮੈਂ ਡਿਪਟੀ ਸਪੀਕਰ ਸਾਹਿਬ ਇਨ੍ਹਾਂ ਨੂੰ ਯਾਦ ਦਿਲਾਣਾਂ ਚਾਹੁੰਦਾ ਹਾਂ ਕਿ ਜਿਸ ਵੇਲੇ ਇਨ੍ਹਾਂ ਦੀ ਸਰਕਾਰ ਬਣੀ ਸੀ ਤਾਂ ਕਣਕ ਦਾ ਭਾ 80-82 ਰੁਪਏ ਕੁਇੰਟਲ ਸੀ ਲੇਕਿਨ ਜਦੋਂ ਇਨ੍ਹਾਂ ਦੀ ਦੂਜੀ ਸਰਕਾਰ ਆਈ ਤਾਂ ਉਹ ਹੀ ਭਾ 76 ਰੁਪਏ ਕੁਇੰਟਲ ਹੋਇਆ ਸੀ । ਮੈਨੂੰ ਪੂਰਾ ਵਿਸ਼ਵਾਸ਼ ਹੈ ਕਿ ਇਹ ਭਾ ਗਿਆਨੀ ਜੀ ਘਟਣ ਨਹੀਂ ਦੇਣਗੇ । (ਪ੍ਰਸ਼ੰਸਾ) ਔਰ ਅਸੀਂ ਇਸ ਕੰਮ ਵਿਚ ਕਾਮਯਾਬ ਹੋਵਾਂਗੇ । (ਵਿਘਨ) ਫਿਰ ਇਸ ਬੱਜਟ ਵਿਚ ਮੁਲਾਜ਼ਮਾਂ ਨੂੰ ਦੇਣ ਵਾਸਤੇ ਰੀਲੀਫ ਦਾ ਜ਼ਿਕਰ ਆਇਆ ਹੈ । ਇਹ ਵੀ ਜ਼ਿਕਰ ਆਇਆ ਹੈ ਕਿ ਪੰਜਾਬ ਵਿਚ ਕੋਈ ਵੀ ਪਿੰਡ ਅਜਿਹਾ ਨਹੀਂ ਹੋਵੇਗਾ ਜਿਥੇ ਕਿ ਲਿੰਕ ਰੋਡ ਅਤੇ ਪ੍ਰਾਇਮਰੀ ਸਕੂਲ ਨਾ ਹੋਵੇ । ਮੈਂ ਸਮਝਦਾ ਹਾਂ ਕਿ ਇਹ ਅਗਾਂਹ ਵਧੂ ਅਤੇ ਤਰੱਕੀ ਪਸੰਦ ਕਦਮ ਹਨ ਅਤੇ ਇਨ੍ਹਾਂ ਦੀ ਸਰਾਹਣਾ ਹੋਣੀ ਚਾਹੀਦੀ ਹੈ । ਬੱਜਟ ਵਿਚ ਦਸਿਆ ਹੈ ਕਿ ਗਰੀਬ ਆਦਮੀਆਂ ਨੂੰ ਮਕਾਨ ਗੌਰਮਿੰਟ ਪ੍ਰੋਵਾਈਡ ਕਰੇਗੀ । ਇਸ ਵੇਲੇ ਐਸੇ ਲੋਕਾਂ ਦੀ ਗਿਣਤੀ ਵੀ ਬਹੁਤ ਹੈ ਜਿਨ੍ਹਾਂ ਦੇ ਮਕਾਨ ਕਾਹੀ ਅਤੇ ਸਰਕੰਡੇ ਦੇ ਬਣੇ ਹੋਏ ਹਨ । ਮਗਰ ਹੁਣ ਕੋਈ ਅਜੇਹਾ ਮਕਾਨ ਨਹੀਂ ਹੋਵੇਗਾ ਜਿਸ ਵਿਚ ਤੁਸੀਂ ਮਾਰਟਰ ਅਤੇ ਚੂਨਾ ਨਾ ਵੇਖ ਸਕੋਗੇ । ਇਸ ਲਈ ਵੀ ਮੈਂ ਗਿਆਨੀ ਜੀ ਨੂੰ ਵਧਾਈ ਦਿੰਦਾ ਹਾਂ ।

ਮੈਂ ਇਸ ਲਈ ਵੀ ਵਧਾਈ ਦੇਣੀ ਚਾਹੁੰਦਾ ਹਾਂ ਕਿ ਇਹ ਪਹਿਲਾ ਬਜਟ ਹੈ ਜਿਸ ਵਿਚ ਅਮੀਰ ਔਰ ਗਰੀਬ ਦਾ ਫਾਸਲਾ ਘਟਾਉਣ ਦਾ ਜ਼ਿਕਰ ਹੈ । ਅਰਬਨ ਪ੍ਰਾਪਰਟੀ ਉਤੇ ਸੀਲਿੰਗ ਲਗਾਉਣ ਦਾ ਜ਼ਿਕਰ ਹੈ ਅਤੇ ਇਸ ਤਰ੍ਹਾਂ ਪਬਲਿਕ ਦੀ ਡੀਮਾਂਡ ਨੂੰ ਮੀਟ ਕਰਣ ਦਾ ਯਤਨ ਕੀਤਾ ਹੈ । ਸਭ ਤੋਂ ਵੱਡੀ ਗੱਲ ਇਹ ਹੈ ਕਿ ਭਾਵੇਂ ਸਾਡੇ ਬੱਜਟ ਵਿਚ ਘਾਟਾ ਸੀ ਪਰ ਫਿਰ ਵੀ ਕੋਈ ਨਵਾਂ ਟੈਕਸ ਨਹੀਂ ਲਗਾਇਆ ਗਿਆ ਸਗੋਂ ਇਹ ਦੱਸਿਆ ਗਿਆ ਹੈ ਕਿ ਪੁਰਾਣੇ ਟੈਕਸਾਂ ਦੀ ਪੂਰੀ ਰੀਕਵਰੀ ਕੀਤੀ ਜਾਵੇਗੀ ਅਤੇ ਕੋਈ ਲੂਪ ਹੋਲ ਨਹੀਂ ਰਹਿਣ ਦਿਤਾ ਜਾਵੇਗਾ । ਸਰਕਾਰੀ ਮਸ਼ੀਨਰੀ ਦੀ ਠੀਕ ਢੰਗ ਨਾਲ ਵਰਤੋਂ ਕੀਤੀ ਜਾਵੇਗੀ । ਇਸ ਲਈ ਵੀ ਇਹ ਸਰਕਾਰ ਵਧਾਈ ਦੀ ਪਾਤਰ ਹੈ ।

ਸਾਲ 1971 ਦੇ ਵਿਚ ਤਿੰਨ ਸਰਹੱਦੀ ਜਿਲ੍ਹਿਆਂ, ਜਿਨਾਂ ਵਿਚ ਅੰਮ੍ਰਿਤਸਰ, ਗੁਰਦਾਸ-ਪੁਰ ਔਰ ਫਿਰੋਜ਼ਪੁਰ ਸ਼ਾਮਲ ਹਨ ਦੀ ਬੜੀ ਮਾੜੀ ਦਸ਼ਾ ਹੋਈ ਹੈ । ਉਨ੍ਹਾਂ ਦੇ ਘਰਾਂ ਤੇ ਸੀਲਿੰਗ ਹੁੰਦੀ ਪਈ ਸੀ । ਕਈਆਂ ਨੇ ਜਾਨਾਂ ਦਿਤੀਆਂ, ਉਨਾਂ ਲੋਕਾਂ ਨੂੰ ਰੀਲੀਫ ਦੇਣ ਬਾਰੇ ਇਸ ਬੱਜਟ ਵਿਚ ਪ੍ਰਬੰਧ ਕੀਤਾ ਗਿਆ ਹੈ ।

ਹੁਣ ਮੈਂ ਡਿਪਟੀ ਸਪੀਕਰ ਸਾਹਿਬ, ਕੁਝ ਗੱਲਾਂ ਆਪਣੇ ਇਲਾਕੇ ਦੀਆਂ ਕਹਿਣੀਆਂ ਚਾਹੁੰਦਾ ਹਾਂ ਅਤੇ ਆਸ ਹੈ ਕਿ ਗਿਆਨੀ ਜੀ ਅਤੇ ਫਾਇਨੈਂਸ ਮਨਿਸਟਰ ਸਾਹਿਬ ਇਸ ਪਾਸੇ ਵਲ ਧਿਆਨ ਦੇਣਗੇ । ਮੇਰੇ ਇਲਾਕੇ ਵਿਚ ਨਹਿਰਾਂ ਦੇ ਪਾਣੀ ਦੀ ਕਮੀ ਹੈ । ਕਈ ਐਸੇ ਪਿੰਡ ਹਨ ਜਿਨ੍ਹਾਂ ਨੇ ਕਦੀ ਬਲਬ ਦਾ ਚਾਨਣ ਵੀ ਨਹੀਂ ਵੇਖਿਆ । (ਵਿਘਨ) ਸੜਕਾਂ ਟੁੱਟੀਆਂ ਪਈਆਂ ਹਨ ਅਤੇ ਅਜੇ ਤਕ ਨਹੀਂ ਬਣਾਈਆਂ ਗਈਆਂ ।

ਸ਼ਰਦਾਰ ਅਜਾਇਬ ਸਿੰਘ ਸੰਧੂ : ਵਾਹਿਗੁਰੂ, ਵਾਹਿਗੁਰੂ ।

ਸਰਦਾਰ ਹਰਚਰਨ ਸਿੰਘ : ਅਕਾਲੀ ਸਰਕਾਰ ਵੇਲੇ ਮੇਰੇ ਹਲਕੇ ਵਲ ਕੋਈ ਧਿਆਨ ਨਹੀਂ ਦਿਤਾ ਗਿਆ । ਇਨ੍ਹਾਂ ਨੇ ਤਾਂ ਅਜਨਾਲਾ ਤਹਿਸੀਲ ਦਾ ਵਰਕਾ ਹੀ ਤਰੱਕੀ ਦੀ ਕਿਤਾਬ ਵਿਚੋਂ ਪਾੜ ਦਿਤਾ ਸੀ । (ਵਿਘਨ) ।

ਇਕ ਆਨਰੇਬਲ ਮੈਂਬਰ : ਤੁਸੀਂ 22 ਸਾਲ ਕਾਂਗਰਸ ਸਰਕਾਰ ਵੇਲੇ ਕੀ ਕਰਦੇ ਰਹੇ ਹੋ ?

ਸਰਦਾਰ ਹਰਚਰਨ ਸਿੰਘ : ਮੈਂ ਸਮਝਦਾ ਹਾਂ ਕਿ ਹੁਣ ਜਿਹੜੇ ਮੇਰੇ ਭਰਾ ਇਨਸਾਫ ਦੀਆਂ ਗਲਾਂ ਕਰਦੇ ਹਨ ਉਨ੍ਹਾਂ ਨੂੰ ਆਪਣੀ ਪੀੜ੍ਹੀ ਥੱਲੇ ਸੋਟਾ ਜ਼ਰੂਰ ਮਾਰਨਾ ਚਾਹੀਦਾ ਹੈ ਕਿ ਉਹ ਕੀ ਕਰਦੇ ਰਹੇ ਹਨ ਜਦ ਉਨ੍ਹਾਂ ਦਾ ਵੇਲਾ ਸੀ । ਮੈਂ ਸਮਝਦਾ ਹਾਂ ਕਿ ਜਿਹੜੀਆਂ ਸੜਕਾਂ ਨਾ-ਮੁਕੰਮਲ ਹਨ, ਬਾਰਡਰ ਦਾ ਇਲਾਕਾ ਹੋਣ ਕਾਰਣ ਉਨ੍ਹਾਂ ਨੂੰ ਮੁਕੰਮਲ ਕੀਤਾ ਜਾਵੇ । ਜਿਹੜੇ ਪਿੰਡ ਬਿਜਲੀ ਤੋਂ ਮਹਿਰੂਮ ਰਹੇ ਹਨ, ਉਨ੍ਹਾਂ ਨੂੰ ਬਿਜਲੀ ਦਿੱਤੀ ਜਾਵੇ । ਮੇਰੀ ਸੱਭ ਤੋਂ ਵੱਡੀ ਰਿਕੁਐਸਟ ਇਹ ਹੈ ਕਿ ਪਿਛਲੇ ਸਮੇਂ ਪੱਛੜੇ ਹੋਏ ਇਲਾਕਿਆਂ ਵਿਚ ਗੌਰਮਿੰਟ ਕਾਲਜ ਐਜੂਕੇਸ਼ਨ ਦੇਣ ਲਈ ਖੁਲ੍ਹੇ ਸਨ । ਮੇਰਾ ਅਜਨਾਲੇ ਦਾ ਇਲਾਕਾ ਬੜਾ ਪੱਛੜਿਆ ਹੋਇਆ ਇਲਾਕਾ ਹੈ । ਇਥੇ ਗੌਰਮਿੰਟ ਕਾਲਜ ਜ਼ਰੂਰ ਹੋਣਾ ਚਾਹੀਦਾ ਹੈ । ਸਾਡੇ ਲੋਕ ਗਰੀਬ ਹਨ, ਕੰਟਰੀਬਊਸ਼ਨ ਨਹੀਂ ਦੇ ਸਕਦੇ । ਮੈਨੂੰ ਪੂਰੀ ਆਸ ਹੈ ਕਿ ਗਿਆਨੀ ਜੀ, ਫਾਈਨਾਂਸ ਮਨਿਸਟਰ ਸਾਹਿਬ ਤੇ ਐਜੂਕੇਸ਼ਨ ਮਨਿਸਟਰ ਸਾਹਿਬ ਮੇਰੀ ਇਸ ਰਿਕੁਐਸਟ ਤੇ ਹਮਦਰਦੀ

[ਸਰਦਾਰ ਹਰਚਰਨ ਸਿੰਘ]

ਨਾਲ ਗੌਰ ਕਰਨਗੇ । ਆਖਿਰ ਵਿਚ ਮੈਂ ਫਾਈਨਾਂਸ ਮਨਿਸਟਰ ਸਾਹਿਬ ਨੂੰ ਵਧਾਈ ਦਿੰਦਾ ਹੈ ਕਿ ਇਸ ਰਾਜ ਵਿਚ ਇਤਨਾ ਵੱਡਾ ਤਰੱਕੀ ਪਸੰਦ ਬਜਟ ਪੇਸ਼ ਕੀਤਾ ਹੈ । ਮੈਨੂੰ ਆਸ ਹੈ ਕਿ ਅਗਲੇ 3 ਮਹੀਨਿਆਂ ਵਿਚ ਜਿਨੀਆਂ ਮੁਨਾਸਿਬ ਤਰਮੀਮਾਂ ਹੋ ਸਕਣਗੀਆਂ, ਇਸ ਨੂੰ ਤਰੱਕੀ ਪਸੰਦ ਬਣਾਉਣ ਲਈ, ਕਾਮਨਮੈਨ ਦਾ ਬਜਟ, ਸੋਸ਼ਲਿਸਟ ਬਜਟ ਬਣਾਉਣ ਲਈ, ਜ਼ਰੂਰ ਪਾਸ ਕਰਕੇ ਪੰਜਾਬ ਦੇ ਲੋਕਾਂ ਦੀ ਵਧਾਈ ਲੈਣਗੇ ।

ਸ਼੍ਰੀ ਪ੍ਰੇਮ ਗੁਪਤਾ (ਪਟਿਆਲਾ) : ਡਿਪਟੀ ਸਪੀਕਰ ਸਾਹਿਬ, ਮੈਂ ਫਾਈਨਾਂਸ ਮਨਿਸਟਰ ਸਾਹਿਬ ਨੂੰ ਇਹ ਬਜਟ ਜਿਸ ਦੇ ਵਿਚ ਪੰਜਾਬ ਦੇ ਲੋਕਾਂ ਦੀ ਤਰੱਕੀ, ਪੰਜਾਬ ਦੇ ਲੋਕਾਂ ਦੀ ਭਲਾਈ ਅਤੇ ਪੰਜਾਬ ਦੀ ਤਰੱਕੀ ਲਈ ਨਵੀਂ ਸਰਕਾਰ ਬਣਨ ਤੋਂ ਥੋੜੇ ਦਿਨਾਂ ਵਿਚ ਪੇਸ਼ ਕਰਨ ਲਈ, ਜੋ ਇਨ੍ਹਾਂ ਨੇ ਪਰੋਪੋਜ਼ਲਜ਼ ਦਿੱਤੀਆਂ ਹਨ, ਜੋ ਕਦਮ ਚੁਕਣ ਦਾ ਸਰਕਾਰ ਨੇ ਫੈਸਲਾ ਕੀਤਾ ਹੈ, ਇਨ੍ਹਾਂ ਨੂੰ ਵਧਾਈ ਦਿੰਦਾ ਹੈ । ਇਸ ਸਰਕਾਰ ਨੇ ਦੋ ਚਾਰ ਦਿਨ ਪਹਿਲਾਂ ਹੀ ਓਥ ਲਈ ਸੀ ਅਤੇ ਇਹ ਜਿਹੜਾ ਔਖਾ ਕੰਮ ਸੀ, ਇਸ ਨੂੰ ਬੜੇ ਥੋੜੇ ਸਮੇਂ ਵਿਚ ਇਹ ਗੱਲ ਸਮਝਦੇ ਹੋਏ ਕਿ ਬਜਟ ਨੂੰ ਠੀਕ ਢੰਗ ਨਾਲ, ਸਮਾਜਵਾਦੀ ਢੰਗ ਨਾਲ, ਸੋਧਣਾ ਹੈ, ਪੇਸ਼ ਕੀਤਾ ਹੈ । ਇਹ ਜਿਹੜੀਆਂ ਪਰੋਪੋਜ਼ਲਜ਼ ਆਈਆਂ ਹਨ, ਮੈਂ ਬਹੁਤੀਆਂ ਗੱਲਾਂ ਵਿਚ ਨਹੀਂ ਜਾਂਦਾ, ਮੇਰੇ ਕਈ ਦੋਸਤਾਂ ਨੇ ਪਿਛਲੀ ਸਰਕਾਰ ਦੇ ਬਾਰੇ ਜ਼ਿਕਰ ਕੀਤਾ ਹੈ ਕਿ ਅਸੀਂ ਬੜੇ ਸੁਧਾਰ ਕਰਨੇ ਚਾਹੁੰਦੇ ਸੀ । ਮੈਂ ਇਨ੍ਹਾਂ ਨੂੰ ਇਕ ਗੱਲ ਪੁਛਦਾ ਹੈ ਕਿ ਇਤਨੇ ਜੋ ਲੋਕ-ਪ੍ਰਿਯ ਪ੍ਰੋਗਰਾਮ ਸਨ ਤਾਂ ਮੂਹਰਲੀਆਂ ਲਾਈਨਾਂ ਤੇ ਬੈਠਣ ਵਾਲੇ ਸਾਬਕਾ ਵਜ਼ੀਰ ਕਿਥੇ ਚਲੇ ਗਏ । ਜਨਤਾ ਨੇ ਜਿਤਨਾ ਲੋਕ ਸਭਾ ਦੀਆਂ ਚੋਣਾਂ ਵਿਚ ਤੇ ਜਿਤਨਾ ਅਸੈਂਬਲੀ ਦੀਆਂ ਚੋਣਾਂ ਵਿਚ ਫੈਸਲਾ ਕੀਤਾ ਹੈ, ਤੁਹਾਡੇ ਸਾਹਮਣੇ ਹੀ ਹੈ, ਪੰਜਾਬ ਦੇ ਲੋਕਾਂ ਦੇ ਸਾਹਮਣੇ ਹੈ । ਮੈਂ ਫਾਈਨਾਂਸ ਮਨਿਸਟਰ ਸਾਹਿਬ ਨੂੰ ਖਾਸ ਤੌਰ ਤੇ ਇਸ ਗਲ ਤੇ ਵਧਾਈ ਦਿੰਦਾ ਹਾਂ ਕਿ ਪੰਜਾਬ ਦੇ ਵਿਚ ਜਿਸ ਮੰਗ ਦੇ ਲਈ ਜਿਸ ਆਈਟਮ ਲਈ ਬੜਾ ਘੋਲ ਹੋਇਆ, ਉਹ ਸੀ ਸਰਕਾਰੀ ਕਰਮਚਾਰੀਆਂ ਨੂੰ ਰੀਲੀਫ ਦੇਣ ਦੇ ਬਾਰੇ, ਜਿਸ ਦੀ ਕਿ ਅੱਜ ਬੜੀ ਹਮਦਰਦੀ ਆਪੋਜ਼ੀਸ਼ਨ ਦੇ ਮੈਂਬਰ ਕਰਦੇ ਹਨ ਅਤੇ ਐਲਾਨ ਕਰਦੇ ਹਨ ਕਿ ਅਸੀਂ ਤਾਂ ਭੁੱਲ ਗਏ ਸੀ । ਇਸ ਘੋਲ ਵਿਚ, ਡਿਪਟੀ ਸਪੀਕਰ ਸਾਹਿਬ, ਮੈਂ ਆਪ ਸ਼ਾਮਲ ਹੋਇਆ । ਲੇਕਿਨ ਇਸ ਘੋਲ ਨੂੰ ਅਕਾਲੀ ਪਾਰਟੀ ਦੀ ਸਰਕਾਰ ਨੇ ਉਸ ਵੇਲੇ ਜਿਸ ਗੈਰ-ਜ਼ਮਹੂਰੀ ਢੰਗ ਨਾਲ, ਜਿਸ ਡਿਕਟੇਟਰਾਨਾ ਤਰੀਕੇ ਦੇ ਨਾਲ ਅਤੇ ਪੁਲਿਸ ਨੇ ਜ਼ੁਲਮ ਕਰਕੇ ਸਰਕਾਰੀ ਕਰਮਚਾਰੀਆਂ ਨੂੰ ਪੰਜਾਬ ਵਿਚ ਦਬਾਇਆ, ਉਸ ਦੀ ਪੰਜਾਬ ਵਿਚ ਤਾਂ ਕੀ ਹਿੰਦੁਸਤਾਨ ਵਿਚ ਮਿਸਾਲ ਨਹੀਂ ਮਿਲਦੀ । ਮੈਨੂੰ ਇਕ ਗਲ ਦਾ ਪਤਾ ਹੈ ਕਿ ਪਟਿਆਲੇ ਵਿਚ ਮਾਲ ਰੋਡ ਤੇ ਹਰ ਪੈਂਟ ਤੇ ਕੋਟ ਵਾਲੇ ਬੰਦੇ ਨੂੰ ਫੜ ਕੇ ਪੁਲਿਸ ਵਾਲੇ ਬੜੀ ਬੇਰਹਿਮੀ ਨਾਲ ਘਸੀਟਕੇ ਜੇਲ੍ਹ ਵਿਚ ਭੇਜ ਦਿੰਦੇ ਸੀ । ਇਥੇ ਹੀ ਬੱਸ ਨਹੀਂ, ਇਸ ਤੋਂ ਬਾਅਦ ਪੰਜਾਬ ਦੇ ਵਿਚ, ਮੈਂ ਨਹੀਂ ਕਹਿੰਦਾ ਕਿ ਸਮਗਲਰਾਂ ਨੂੰ ਪਰੋਟੈਕਸ਼ਨ ਦਿਤੀ ਜਾਂਦੀ ਰਹੀ ਹੈ, ਸਰਕਾਰੀ ਕਰਮਚਾਰੀਆਂ ਦੀ ਰਿਹਾਈ ਲਈ ਜ਼ਮਾਨਤਾਂ ਐਗਜ਼ੈਕਟਿਵ ਮੈਜਿਸਟ੍ਰੇਟਾਂ ਨੂੰ ਕਹਿ ਕੇ ਦੋ ਦੋ ਲੱਖ ਰੁਪਏ ਲਈਆਂ ਗਈਆਂ ਸਨ । ਇਕ ਪਾਸੇ ਜਿਥੇ ਮੁਲਾਜ਼ਮ ਸਰਕਾਰੀ ਕਰਮਚਾਰੀ ਇਸ ਸਰਕਾਰ ਦਾ ਕੰਮ ਕਰਦੇ ਹਨ. ਉਥੇ ਪੁਲੀਟੀਕਲ ਗੌਰਮਿੰਟ ਨੇ ਉਨ੍ਹਾਂ ਨੂੰ ਡਰਾਉਣ, ਧਮਕਾਉਣ ਵਾਸਤੇ ਦੋ ਦੋ ਲੱਖ ਰੁਪਏ ਦੀਆਂ ਜ਼ਮਾਨਤਾਂ ਲਈਆਂ । ਇਸ ਤੋਂ ਘੱਟੀਆ ਗੱਲ ਹੋਰ ਕੀ ਹੋ ਸਕਦੀ ਹੈ । ਮੈਂ ਸਮਝਦਾ ਹਾਂ ਕਿ ਉਸ ਵੇਲੇ ਇਕ ਤਾਕਤਾਂ ਦਾ

ਨਸ਼ਾ ਸੀ, ਮੇਰੇ ਦੋਸਤਾਂ ਨੂੰ ਇਹ ਵਹਿਮ ਸੀ ਕਿ ਪੰਜਾਬ ਦੇ ਲੋਕ, ਜਦ ਅਸੀਂ ਪੰਥ ਦੇ ਖਤਰੇ ਦਾ ਨਾਂ ਲਵਾਂਗੇ, ਜਦ ਅਸੀਂ ਧਰਮ ਦਾ ਨਾਂ ਲਵਾਂਗੇ ਜਦ ਧਰਮ ਖਤਰੇ ਵਿਚ ਹੋਣ ਦਾ ਨਾਹਰਾ ਲਾਵਾਂਗੇ ਤਾਂ ਸਾਡੀ ਵੱਧ ਤੋਂ ਵੱਧ ਸਪੋਰਟ ਕਰਨਗੇ । ਅਸੀਂ ਉਸ ਵੇਲੇ ਇਹ ਗੱਲ ਕਹਿੰਦੇ ਸਾਂ ਕਿ ਇਹ ਜਿਹੜਾ ਵਹਿਮ ਹੈ ਥੋੜਾ ਜਿਹਾ ਲੋਕ ਸਭਾ ਦੀਆਂ ਚੋਣਾਂ ਵਿਚ ਲਾ ਦੇਵਾਂਗਾ ਅਤੇ ਬਾਕੀ ਦਾ ਅਸੈਂਬਲੀ ਦੀਆਂ ਚੋਣਾਂ ਵਿਚ ਲਾ ਦਿਆਂਗਾ । ਨਤੀਜਾ ਤੁਹਾਡੇ ਸਾਹਮਣੇ ਹੈ । ਮੈਂ ਆਪਣੇ ਫਾਈਨਾਂਸ ਮਨਿਸਟਰ ਸਾਹਿਬ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਜਿਥੇ ਬਜਟ ਵਿਚ ਸਰਕਾਰੀ ਕਰਮਚਾਰੀਆਂ ਬਾਰੇ ਬੜੀਆਂ ਸਹੂਲਤਾਂ ਦੇਣ ਦਾ ਵਚਨ ਕੀਤਾ ਹੈ ਉਥੇ ਜਿਹੜਾ ਨਵਾਂ ਡੈਮੋਕਰੇਟਿਕ ਪ੍ਰੋਸੈਸ ਪੰਜਾਬ ਵਿਚ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਨੇ ਕੀਤਾ ਹੈ ਕਿ ਰਿਲੀਫ ਜੋ ਕੇਂਦਰ ਦੀ ਸਰਕਾਰ ਨੇ ਕਰਮਚਾਰੀਆਂ ਨੂੰ ਦਿੱਤਾ ਹੈ, ਉਹ ਪੰਜਾਬ ਦੇ ਸਰਕਾਰੀ ਕਰਮਚਾਰੀਆਂ ਨੂੰ ਕੇਂਦਰ ਦੇ ਆਧਾਰ ਤੇ ਦੇਣ ਲਈ ਪੰਜਾਬ ਕਾਂਗਰਸ ਦੇ ਪ੍ਰਧਾਨ ਹੋਣ ਦੇ ਨਾਤੇ ਅਤੇ ਪੰਜਾਬ ਦੇ ਚੀਫ ਮਨਿਸਟਰ ਦਾ ਅਹੁਦਾ ਲੈਣ ਤੋਂ ਤੁਰੰਤ ਬਾਅਦ ਮੰਨ ਲਿਆ ਅਤੇ ਸਰਕਾਰੀ ਕਰਮਚਾਰੀਆਂ ਦੇ ਪ੍ਰਧਾਨ ਦੀ ਭੁਖ ਹੜਤਾਲ ਖੁਲ੍ਹਵਾਣ ਲਈ ਆਪ ਕੈਂਪ ਵਿਚ ਗਏ । ਦੂਜਾ ਜਿਹੜਾ ਤਰੀਕਾ ਅਪਣਾਇਆ ਕਿ ਰੀਲੀਫ ਤਾਂ ਮਿਲਦਾ ਰਹੇਗਾ ਪਰ ਇਕ ਪਰਮਾਨੈਂਟ 7 ਮੈਂਬਰੀ ਕਮੇਟੀ ਬਣਾਈ ਗਈ ਤਾਂ ਕਿ ਸਰਕਾਰੀ ਕਰਮਚਾਰੀ ਤੇ ਸਰਕਾਰ ਬੈਠ ਕੇ ਇਨ੍ਹਾਂ ਮੰਗਾਂ ਦਾ ਆਪ ਫੈਸਲਾ ਕਰੋ । ਇਕ ਪਰਮਾਨੈਂਟ ਨੈਗੋਸ਼ਿਏਟਿੰਗ ਮਸ਼ੀਨਰੀ ਜਿਹੜੀ ਕਾਫੀ ਸਮੇਂ ਤੋਂ ਕਰਮਚਾਰੀਆਂ ਦੀ ਮੰਗ ਸੀ ਅਤੇ ਜਿਸ ਨੂੰ ਪਿਛਲੇ 5 ਸਾਲਾਂ ਵਿਚ ਪੂਰੀ ਤਰ੍ਹਾਂ ਲਤਾੜਿਆ ਗਿਆ, ਉਸ ਨੂੰ ਮੰਨ ਕੇ ਪੰਜਾਬ ਦੇ ਢਾਈ ਲੱਖ ਸਰਕਾਰੀ ਕਰਮਚਾਰੀਆਂ ਦਾ ਮੈਂ ਸਮਝਦਾ ਹਾਂ ਕਿ ਕਰੈਡਿਟ ਨਹੀਂ ਲਿਆ, ਸਗੋਂ ਗਰੈਟੀਚੂਡ ਅਰਨ ਕੀਤਾ ਹੈ । ਮੈਂ ਪਟਿਆਲੇ ਦੇ ਵਿਚੋਂ ਚੋਣ ਲੜ ਕੇ ਆਇਆ ਹਾਂ । ਮੈਂ ਇਸ ਗਲ ਦਾ ਕਰੈਡਿਟ ਖੁਦ ਨਹੀਂ ਲੈਂਦਾ । ਮੈਂ ਮੰਨਦਾ ਹਾਂ ਕਿ ਜਿਤਨੀਆਂ ਵੋਟਾਂ ਮੈਨੂੰ ਪਈਆਂ ਹਨ, ਉਹ ਇੰਦਰਾ ਗਾਂਧੀ ਦੀ ਸਮਾਜਵਾਦੀ ਪਰੋਗਰਾਮ ਨੂੰ ਪਈਆਂ ਹਨ । (ਵਿਘਨ)

Mr. Deputy Speaker : Please do not interrupt.

ਸ੍ਰੀ ਪ੍ਰੇਮ ਗੁਪਤਾ : ਇਕ ਗਲ ਦਾ ਫ਼ਖਰ ਮੈਂ ਮਹਿਸੂਸ ਕਰਦਾ ਹਾਂ ਕਿ ਮੇਰੇ ਸਾਹਮਣੇ ਬੈਠੇ ਦੋਸਤਾਂ ਦੀ ਪਾਰਟੀ ਤੇ ਇਨ੍ਹਾਂ ਦੀ ਪੁਰਾਣੀ ਭਾਈਵਾਲ ਪਾਰਟੀ ਜਨਸੰਘ ਦੋਨਾਂ ਪਾਰਟੀਆਂ ਦੇ ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਕਰਾ ਕੇ ਇਸ ਹਾਊਸ ਦਾ ਮੈਂਬਰ, ਇੰਡੀਅਨ ਨੈਸ਼ਨਲ ਕਾਂਗਰਸ ਦਾਂ ਉਮੀਦਵਾਰ ਬਣ ਕੇ, ਆਇਆ ਹਾਂ । ਇਸ ਸੀਟ ਨੂੰ ਅਕਾਲੀ ਪਾਰਟੀ ਆਪਣੀ ਮਨਾਪਲੀ ਸਮਝਦੀ ਸੀ । ਲੇਕਿਨ ਪਟਿਆਲੇ ਸ਼ਹਿਰ ਦੇ ਲੋਕਾਂ ਨੇ ਨਵੇਂ ਪ੍ਰੀਵਰਤਨ ਦੇ ਵਿਚ, ਨਵੇਂ ਐਟਮਾਸਫੀਅਰ ਵਿਚ ਮੈਨੂੰ ਇੰਡੀਅਨ ਨੈਸ਼ਨਲ ਕਾਂਗਰਸ ਦੇ ਉਮੀਦਵਾਰ ਦੇ ਤੌਰ ਤੇ 8000 ਵੋਟਾਂ ਦੀ ਗਿਣਤੀ ਨਾਲ ਜਿਤਾ ਕੇ ਇਥੋਂ ਭੇਜਿਆ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਬਹੁਤ ਡੀਟੇਲ ਵਿਚ ਨਾ ਜਾਂਦਾ ਹੋਇਆ ਆਪਣੇ ਫਾਈਨਾਂਸ ਮਨਿਸਟਰ ਸਾਹਿਬ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ ਕਿ ਜਿਥੇ ਨਵੇਂ ਟੈਕਸ ਨਹੀਂ ਲਾਏ ਗਏ ਉਥੇ ਆਮ ਵਪਾਰੀ ਤਬਕਾ ਇਕ ਗੱਲ ਤੇ ਬੜਾ ਖੁਸ਼ ਹੈ ਕਿ ਪੰਜਾਬ ਵਿਚ ਉਨ੍ਹਾਂ ਤੇ ਇੰਸਪੈਕਟਰਾਂ ਦਾ ਜਿਹੜਾ ਬੜਾ ਬੋਝ ਸੀ ਉਹ ਘਟ ਜਾਵੇਗਾ । ਬਜਟ ਵਿਚ ਇਸ ਗਲ ਦਾ ਵੀ ਵਚਨ ਦਿਤਾ ਗਿਆ ਹੈ ਕਿ ਇੰਸਪੈਕਟਰਾਂ ਦੀ ਤਦਾਦ ਘਟਾ ਕੇ ਵਪਾਰੀਆਂ ਨੂੰ ਰੋਜ਼ ਰੋਜ਼ ਦੀ ਚੈਕਿੰਗ ਤੋਂ ਰਿਆਇਤ ਦਿੱਤੀ ਜਾਵੇਗੀ । ਮੈਂ ਆਪਣੇ ਫਾਈਨਾਂਸ ਮਨਿਸਟਰ ਸਾਹਿਬ ਦਾ

[ਸ਼੍ਰੀ ਪ੍ਰੇਮ ਗੁਪਤਾ]

ਅਤੇ ਸਰਕਾਰ ਦਾ ਇਸ ਗਲ ਦਾ ਬੜਾ ਧੰਨਵਾਦ ਕਰਦਾ ਹਾਂ ਕਿ ਜਿਥੇ ਕਦੇ ਵੀ ਲੋਕਾਂ ਨੂੰ ਅਜ ਤਕ ਮਕਾਨ ਬਣਾਉਣ ਵਾਸਤੇ ਜਾਂ ਲੋਕਾਂ ਦੀ ਮਕਾਨਾਂ ਦੀ ਸਮੱਸਿਆ ਵੱਲ ਧਿਆਨ ਦਿੱਤਾ ਗਿਆ ਉਥੇ ਇਹ ਪ੍ਰੋਵੀਜ਼ਨ ਕੀਤੀ ਗਈ ਹੈ ਕਿ ਪੰਜਾਬ ਦੇ ਵਿਚ ਲੋਕਾਂ ਨੂੰ ਮਕਾਨ ਬਣਾਉਣ ਵਾਸਤੇ ਸਹੂਲਤਾਂ ਦਿਤੀਆਂ ਜਾਣਗੀਆਂ, ਕਰਜ਼ੇ ਦਿਤੇ ਜਾਣਗੇ । ਮੈਂ ਆਪਣੇ ਦੋਸਤਾਂ ਨੂੰ ਇਕ ਗਲ ਦਾ ਯਕੀਨ ਦਿਵਾਂਦਾ ਹਾਂ ਕਿ ਜ਼ਰਾ 3 ਮਹੀਨੇ ਇੰਤਜ਼ਾਰ ਕਰਨ, ਤਿੰਨਾਂ ਮਹੀਨਿਆਂ ਤੋਂ ਬਾਅਦ ਵੋਟ-ਆਨ-ਅਕਾਊਂਟ ਤੋਂ ਬਾਅਦ ਸਾਡੇ ਫ਼ਾਈਨਾਂਸ ਮਨਿਸਟਰ ਸਾਹਿਬ ਕੀ ਜਲਵੇ ਲਿਆਂਦੇ ਹਨ ? ਕੀ ਇਨਕਲਾਬੀ ਪ੍ਰੋਗਰਾਮ ਪੰਜਾਬ ਵਿਚ ਬਣਦੇ ਹਨ । ਇਥੇ ਜਮਹੂਰੀਅਤ ਦਾ ਕਤਲ ਪਿਛਲੇ ਸਾਲ ਹੋਇਆ । ਕੁਰੱਪਸ਼ਨ ਬਾਰੇ ਵਜ਼ੀਰਾਂ ਦਾ 'ਦਵੇ ਕਮਿਸ਼ਨ' ਬਣਿਆ ਹੈ । ਪਰੰਤੂ ਟੇਡੇ ਤਰੀਕੇ ਨਾਲ ਇਥੇ ਕਾਫੀ ਕੁਰੱਪਸ਼ਨ ਹੋਈ ।

ਸ੍ਰੀ ਡਿਪਟੀ ਸਪੀਕਰ : ਮੈਂ ਮੈਂਬਰ ਸਾਹਿਬਾਨ ਪਾਸ ਪਰਾਰਥਨਾ ਕਰਾਂਗਾ ਕਿ ਉਹ ਹਾਊਸ ਦੀ ਡਿਗਨਿਟੀ ਅਤੇ ਪਵਿਤਰਤਾ ਨੂੰ ਕਾਇਮ ਰਖਣ । ਜੇਕਰ ਉਹ ਆਪਸ ਵਿਚ ਇਸ ਤਰ੍ਹਾਂ ਇੰਟਰੱਪਟ ਕਰਦੇ ਰਹੇ ਤਾਂ ਹਾਊਸ ਦਾ ਕੀਮਤੀ ਵਕਤ ਜ਼ਾਇਆ ਹੋਵੇਗਾ । ਇਸ ਤਰ੍ਹਾਂ ਬੈਠੇ ਬੈਠੇ ਮੈਂਬਰ ਸਾਹਿਬਾਨ ਇੰਟਰੱਪਟ ਨਾ ਕਰਨ । (ਵਿਘਨ) (I would request the hon. Members to maintain the dignity and decorum of the House. If they indulge in interruptions the precious time of the House would be wasted. The hon. Members should not interrupt like this while sitting.)

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਸਰ । ਮੈਂ ਤਾਂ ਇਹ ਕਿਹਾ ਹੈ ਕਿ ਜਿਹੜੇ ਚਾਰਜਿਜ਼ ਅਸੀਂ ਇਨ੍ਹਾਂ ਦੇ ਬਾਰੇ ਵਿਚ ਲਗਾਏ ਹਨ ਉਨ੍ਹਾਂ ਦੀ ਵੀ ਜਾਂਚ ਨਾਲ ਹੀ ਹੋ ਜਾਣੀ ਚਾਹੀਦੀ ਹੈ, ਅਸੀਂ ਤਾਂ ਇਹ ਚਾਹੁੰਦੇ ਹਾਂ ਕਿ ਜੇਕਰ ਕੋਈ ਮਾੜੇ ਹਨ ਤਾਂ ਉਨ੍ਹਾਂ ਨੂੰ ਸਜ਼ਾ ਦਿਤੀ ਜਾਵੇ ਪਰ ਇਹ ਆਪ ਤਾਂ ਆਪਣੇ ਮੂੰਹ ਮੀਆਂ ਮਿਠੂ ਨਾ ਬਣਨ । (ਵਿਘਨ)

ਸਿਖਿਆ ਮੰਤਰੀ (ਸਰਦਾਰ ਉਮਰਾਓ ਸਿੰਘ) : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦਾ ਤਾਂ ਕਮਿਸ਼ਨ ਦੇ ਨਾਂ ਤੇ ਦਿਲ ਧੜਕਦਾ ਹੈ । (ਵਿਘਨ) (ਸ਼ੋਰ)

ਸ੍ਰੀ ਪ੍ਰੇਮ ਗੁਪਤਾ: ਮੈਂ ਇਥੇ ਕੁਰਪਸ਼ਨ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ । ਬਿਜਲੀ ਬੋਰਡ ਵਿਚ ਅਤੇ ਪੈਪਸੂ ਰੋਡਵੇਜ਼ ਕਾਰਪੋਰੇਸ਼ਨ ਵਿਚ ਜਿੰਨੀ ਕੁਰਪਸ਼ਨ ਹੋਈ ਹੈ ਇਸ ਦੀ ਪੂਰੀ ਪੂਰੀ ਜਾਂਚ ਹੋਣੀ ਚਾਹੀਦੀ ਹੈ ਅਤੇ ਇਸ ਲਈ ਇਕ ਕਮਿਸ਼ਨ ਮੁਕੱਰਰ ਹੋਣਾ ਚਾਹੀਦਾ ਹੈ ਕਿ ਕਿਹੜੇ ਕਿਹੜੇ ਅਫ਼ਸਰ ਨੇ ਕਿਸ ਕਿਸ ਵਜ਼ੀਰ ਨਾਲ ਮਿਲ ਕੇ ਪੈਸੇ ਖਾਧੇ ਹਨ ਇਸ ਦੀ ਪੂਰੀ ਇਨਕੁਆਇਰੀ ਕੀਤੀ ਜਾਣੀ ਚਾਹੀਦੀ ਹੈ । ਮੈਂ ਇਸ ਦੇ ਨਾਲ ਹੀ ਆਪਣੇ ਵਿੱਤ ਮੰਤਰੀ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਪਿੰਡਾਂ ਦੇ ਸੁਧਾਰ ਅਤੇ ਸ਼ਹਿਰਾਂ ਦੇ ਸੁਧਾਰ ਲਈ ਤਰੱਕੀ ਦੇ ਰਾਹ ਤੇ ਤੇਜ਼ੀ ਨਾਲ ਕਦਮ ਚੁਕੇ ਹਨ ।

ਇਥੇ ਹੀ ਬਸ ਨਹੀਂ ਪਿਛਲੇ ਸਾਲ 500 ਦਾਈਆਂ ਦੀ ਸਮੱਸਿਆ ਸਾਹਮਣੇ ਆਈ ਕਿ ਇਨ੍ਹਾਂ ਨੂੰ ਨੌਕਰੀ ਤੋਂ ਕੱਢ ਦਿਤਾ ਗਿਆ ਪਰ ਅਸਾਡੇ ਮੁੱਖ ਮੰਤਰੀ ਸਾਹਿਬ ਨੇ ਆਪ ਆਨ

ਦੀ ਸਪਾਟ ਜਾ ਕੇ ਬੜੀ ਦ੍ਰਿੜ੍ਹਤਾ ਨਾਲ ਇਸ ਸਮੱਸਿਆ ਦਾ ਹਲ ਕੀਤਾ ਅਤੇ ਉਨ੍ਹਾਂ ਨੂੰ ਦੁਬਾਰਾ ਸਰਵਿਸ ਵਿਚ ਲੈ ਆਂਦਾ ।

ਇਕ ਗੱਲ ਦਾ ਮੈਂ ਇਥੇ ਹੋਰ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਵਿਦਿਆ ਦੇ ਖੇਤਰ ਵਿਚ ਵੀ ਨੈਸ਼ਨੇਲਾਇਜ਼ੇਸ਼ਨ ਦਾ ਕੰਮ ਤੇਜ਼ੀ ਨਾਲ ਕੀਤਾ ਜਾਣਾ ਚਾਹੀਦਾ ਹੈ । ਮੈਂ ਇਸ ਹਾਊਸ ਦੇ ਮੈਂਬਰ ਸਾਹਿਬਾਨ ਨੂੰ ਦੱਸਣਾ ਚਾਹੁੰਦਾ ਹਾਂ ਜਿਨ੍ਹਾਂ ਨੇ ਕਿ ਨੈਸ਼ਨੇਲਾਇਜ਼ੇਸ਼ਨ ਦਾ ਜ਼ਿਕਰ ਕੀਤਾ ਹੈ ਕਿ ਨੈਸ਼ਨੇਲਾਇਜ਼ੇਸ਼ਨ ਕਿਸ ਨੇ ਨਹੀਂ ਕੀਤੀ । ਜਦ ਮੈਂ ਪੰਜਾਬ ਦੀ ਲੈਜਿਸਲੇਟਿਵ ਕੌਂਸਲ ਦਾ ਮੈਂਬਰ ਸੀ ਤਾਂ 1969 ਵਿਚ ਮੈਂ ਸਕੂਲਾਂ ਅਤੇ ਕਾਲਜਾਂ ਦੀ ਨੈਸ਼ਨੇਲਾਇਜ਼ੇਸ਼ਨ ਦਾ ਰੈਜ਼ੂਲਿਊਸ਼ਨ ਲਿਆਂਦਾ ਸੀ ਪਰ ਉਸ ਸਮੇਂ ਅਕਾਲੀ ਅਤੇ ਜਨਸੰਘ ਸਰਕਾਰ ਨੇ ਇਸ ਰੈਜ਼ੂਲਿਊਸ਼ਨ ਨੂੰ ਸਕਰੇਪ ਕਰਵਾ ਦਿਤਾ (ਵਿਘਨ) (ਆਵਾਜ਼ਾਂ, ਹੁਣ ਲੈ ਆਓ) ਇਹ ਗਲ ਜ਼ਬਾਨੀ ਨਹੀਂ ਕੌਂਸਲ ਦੇ ਰੀਕਾਰਡ ਵਿਚ ਮੌਜੂਦ ਹੈ ਕਿ ਕਿਸ ਤਰ੍ਹਾਂ ਅਕਾਲੀ ਸਰਕਾਰ ਨੇ ਇਸ ਮਤੇ ਨੂੰ ਕੈਂਸਲ ਕਰਵਾ ਦਿਤਾ ਕਿ ਇਹ ਵਿਧਾਨ ਦੇ ਵਿਰੁਧ ਹੈ । ਅਜ ਇਹ ਜ਼ੋਰ ਦਿੰਦੇ ਨੇ ਕਿ ਨੈਸ਼ਨੇਲਾਇਜ਼ੇਸ਼ਨ ਹੋਣੀ ਚਾਹੀਦੀ ਹੈ ਪਰ ਉਸ ਸਮੇਂ ਇਸ ਗੱਲ ਨੂੰ ਇਨ੍ਹਾਂ ਨਜ਼ਰ ਅੰਦਾਜ਼ ਕਰ ਦਿਤਾ ਸੀ । ਤੁਸੀਂ ਆਪ ਹੀ ਅੰਦਾਜ਼ਾ ਲਗਾਓ ਕਿ ਨੈਸ਼ਨੇਲਾਇਜ਼ੇਸ਼ਨ ਦੇ ਖਿਲਾਫ਼ ਕੌਣ ਸੀ ਅਤੇ ਕੌਣ ਹੈ । ਹਾਊਸ ਨੂੰ ਪਤਾ ਹੈ ਕਿ ਇਨ੍ਹਾਂ ਨੇ ਆਪਣੀ ਸਰਕਾਰ ਦੇ ਸਮੇਂ ਕਿਸ ਤਰ੍ਹਾਂ ਜਗੀਰਦਾਰਾਂ ਅਤੇ ਮਨਾਪੋਲਿਸਟਾਂ ਦੇ ਹਿੱਤਾਂ ਦੀ ਰਾਖੀ ਕੀਤੀ । ਮੈਨੂੰ ਆਸ ਹੈ ਕਿ ਫਿਨਾਂਸ ਮਨਿਸਟਰ ਸਾਹਿਬ ਆਉਣ ਵਾਲੇ ਸਮੇਂ ਵਿਚ, ਇਸ ਪਾਸੇ ਧਿਆਨ ਦੇਣਗੇ ਕਿਉਂਕਿ ਇਹ ਅਵਾਮ ਦੀ ਸਰਕਾਰ ਹੈ । ਮੈਂ ਇਨ੍ਹਾਂ ਅਖਰਾਂ ਨਾਲ ਫਿਨਾਂਸ ਮਨਿਸਟਰ ਸਾਹਿਬ ਨੂੰ ਵਧਾਈ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਉਹ ਆਉਣ ਵਾਲੇ ਸਮੇਂ ਵਿਚ ਮਜ਼ਦੂਰਾਂ ਦੇ ਹਿੱਤ ਦੀ, ਕਿਸਾਨਾਂ ਦੇ ਹਿੱਤ ਦੀ, ਨਵੀਆਂ ਬਸਤੀਆਂ ਦੇ ਸੁਧਾਰ ਲਈ ਛੇਤੀ ਤੋਂ ਛੇਤੀ ਕਦਮ ਚੁਕਣਗੇ ਤਾਂ ਕਿ ਉਨ੍ਹਾਂ ਦੀ ਅਤੇ ਸਮੁੱਚੇ ਪੰਜਾਬ ਦੀ ਬੇਹਤਰੀ ਹੋ ਸਕੇ (ਵਿਘਨ) ।

ਸਰਦਾਰ ਹਰਬੰਸ ਸਿੰਘ (ਫੂਲ)ਜਲਾਲ: ਸਤਿਕਾਰ ਯੋਗ ਡਿਪਟੀ ਸਪੀਕਰ ਸਾਹਿਬ, ਜਿਹੜਾ ਬਜਟ ਸਰਕਾਰ ਵਲੋਂ ਪੇਸ਼ ਕੀਤਾ ਗਿਆ ਹੈ ਮੈਂ ਦਾਹਵੇ ਨਾਲ ਕਹਿ ਸਕਦਾ ਹਾਂ ਕਿ ਇਹ ਕਿਸਾਨ ਦਾ, ਛੋਟੇ ਕਿਸਾਨ ਦਾ ਮਜ਼ਦੂਰ ਦੇ ਹਿੱਤਾਂ ਦਾ ਅਤੇ ਗਰੀਬ ਜਨਤਾ ਦੇ ਹਿੱਤਾਂ ਦਾ ਵਿਰੋਧੀ ਬਜਟ ਹੈ । ਡਿਪਟੀ ਸਪੀਕਰ ਸਾਹਿਬ, ਪੰਜਾਬ ਵਿਚ ਤਿੰਨ ਮੁੱਖ ਫਸਲਾਂ ਹਨ ਕਣਕ, ਕਪਾਹ ਅਤੇ ਚਾਵਲ । ਕਣਕ ਦੀ ਫਸਲ ਅਜੇ ਮੰਡੀ ਵਿਚ ਆਉਣੀ ਹੈ ਕਪਾਹ ਅਤੇ ਚਾਵਲ ਮੰਡੀ ਵਿਚ ਆ ਗਈ ਹੈ ਪਰ ਤੁਸੀਂ ਵੇਖਿਆ ਹੋਣਾ ਹੈ ਕਿ ਚਾਵਲਾਂ ਦਾ ਭਾਅ 55 ਰੁਪਏ ਨੀਅਤ ਕੀਤਾ ਗਿਆ ਪਰ ਮੰਡੀਆਂ ਵਿਚ ਇਹ ਭਾਅ 37 ਰੁਪਏ ਦੇ ਨਜ਼ਦੀਕ ਹੈ । ਸਰਕਾਰ ਦੇ ਕਾਗਜ਼ਾਂ ਵਿਚ ਇਹ ਮੰਡੀਆਂ ਵਿਚ 55 ਰੁਪਏ ਕੀਮਤ ਹੈ ਪਰ ਮੌਕੇ ਤੇ ਖਰੀਦ 35 ਤੋਂ 40 ਦੇ ਵਿਚਕਾਰ ਹੈ ਇਸ ਤਰ੍ਹਾਂ ਜਿਹੜਾ ਘਾਟਾ ਪਿਆ ਹੈ ਇਹ ਗਰੀਬ ਕਿਸਾਨ ਤੇ ਹੈ। ਸਰਕਾਰ ਨੇ ਨੀਅਤ ਕੀਮਤ ਨੂੰ ਕਾਇਮ ਰਖਣ ਲਈ ਕੋਈ ਕਾਰਵਾਈ ਨਹੀਂ ਕੀਤੀ, ਕਿਸਾਨ ਨੂੰ ਆਪਣੀ ਉਪਜ ਦੀ ਸਹੀ ਕੀਮਤ ਦੇਣ ਵਾਸਤੇ ਕੋਈ ਕਦਮ ਸਰਕਾਰ ਨੇ ਨਹੀਂ ਚੁਕੇ ਅਤੇ ਨਾ ਹੀ ਉਨ੍ਹਾਂ ਦਾ ਕੋਈ ਜ਼ਿਕਰ ਇਸ ਬਜਟ ਵਿਚ ਕੀਤਾ ਗਿਆ ਹੈ ਅਤੇ ਅਗੋਂ ਲਈ ਕੋਈ ਵਿਸ਼ਵਾਸ਼ ਵੀ ਨਹੀਂ ਦਿਵਾਇਆ ਗਿਆ ।

ਨਰਮੇ ਅਤੇ ਕਪਾਹ ਦੇ ਸਬੰਧ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਦੋਵੇਂ ਫਸਲਾਂ ਮਾਰਕਿਟ ਵਿਚ ਆ ਗਈਆਂ ਹਨ ਭਾਵੇਂ, ਇਸ ਦੀ ਕੀਮਤ ਨੀਅਤ ਕੀਤੀ ਗਈ, ਪਿਛਲੇ ਸਾਲ 400 ਦੇ ਨੇੜੇ ਸੀ, ਪਰ ਇਹ ਨਹੀਂ ਮਿਲ ਰਹੀ । ਮੈਂਬਰ ਸਾਹਿਬਾਨ ਨੂੰ ਪਤਾ ਹੈ ਕਿ

[ਸਰਦਾਰ ਹਰਬੰਸ ਸਿੰਘ ਜਲਾਲ]

250 ਰੁਪਏ ਇਹ ਪੈਂਦੀ ਹੈ ਪਰ ਜੈਤੋਂ ਮੰਡੀ ਵਿਚ ਇਸ ਦਾ ਭਾਅ ਬਹੁਤ ਥੱਲੇ ਹੈ । ਸਰਕਾਰ ਨੇ ਇਸ ਦੀ ਕੀਮਤ ਨੂੰ ਬਰਕਰਾਰ ਰਖਣ ਲਈ ਕੋਈ ਕਦਮ ਨਹੀਂ ਚੁੱਕਿਆ ਅਤੇ ਨਾ ਹੀ ਇਸ ਦਾ ਜ਼ਿਕਰ ਕੀਤਾ ਗਿਆ ਹੈ ਕਿ ਕਿਸ ਤਰ੍ਹਾਂ ਕੀਮਤ ਨੂੰ ਕਾਇਮ ਰਖਿਆ ਜਾ ਸਕਦਾ ਹੈ । ਇਹ ਮਸਲਾ ਸਰਕਾਰ ਨੂੰ ਕੇਂਦਰ ਨਾਲ ਚੁਕਣਾ ਚਾਹੀਦਾ ਹੈ । ਇਥੇ ਕੋਈ ਵਿਸ਼ਵਾਸ਼ ਨਹੀਂ ਦਿਵਾਇਆ ਗਿਆ ਕਿ ਸਰਕਾਰ ਕੀ ਕਰ ਰਹੀ ਹੈ । ਇਹ ਮਸਲਾ ਕੇਂਦਰ ਦੇ ਧਿਆਨ ਵਿਚ ਲਿਆਣਾ ਚਾਹੀਦਾ ਹੈ । ਇਹ ਇਸ ਸਰਕਾਰ ਦੀ ਰਵਾਇਤ ਹੀ ਰਹੀ ਹੈ ਕਿ ਇਹ ਆਖ ਦਿੱਤਾ ਜਾਂਦਾ ਹੈ ਕਿ ਅਸੀਂ ਕੇਂਦਰ ਤੇ ਜ਼ੋਰ ਪਾ ਰਹੇ ਹਾਂ ਅਤੇ ਕੇਂਦਰ ਦੇ ਨਾਮ ਤੇ ਇਹ ਉਸ ਗੱਲ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਨ । ਪੰਜਾਬ ਵਿਚ ਖਾਸ ਕਰਕੇ ਬਠਿੰਡਾ, ਗੁਰਦਾਸਪੁਰ ਅਤੇ ਫਿਰੋਜ਼ਪੁਰ ਵਿਚ ਕਪਾਹ ਅਤੇ ਨਰਮੇ ਦੀ ਫਸਲ ਇਸ ਤਰ੍ਹਾਂ ਦੀ ਨੀਤੀ ਨਾਲ ਤਬਾਹ ਹੋ ਗਈ ਹੈ । ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ । ਕਣਕ ਦੀ ਕੀਮਤ 75 ਰੁਪਏ ਹੈ ਪਰ 66 ਰੁਪਏ ਖਰੀਦੀ ਗਈ ਇਹ ਕਿੰਨੇ ਦੁਖ ਦੀ ਗੱਲ ਹੈ ਕਿ ਇਸ ਪਾਸੇ ਬਿਲਕੁਲ ਧਿਆਨ ਨਹੀਂ ਦਿਤਾ ਜਾਂਦਾ । ਕਈ ਮਾਨਯੋਗ ਮੈਂਬਰ ਸਾਹਮਣੇ ਬੈਠੇ ਹਨ ਪਰ ਇਨ੍ਹਾਂ ਨੂੰ ਕੋਲਡ ਸਟੋਰ ਅਤੇ ਸਿਨਮੇ ਘਰਾਂ ਅਤੇ ਫੈਕਟਰੀਆਂ ਅਤੇ ਕਾਰਖਾਨਿਆਂ ਦਾ ਪਤਾ ਹੈ ਅਤੇ ਤਜਰਬਾ ਹੈ ਪਰ ਕਿਸਾਨ ਦੀ ਉਪਜ ਦੀ ਘੱਟ ਕੀਮਤ ਵਲ ਕੋਈ ਧਿਆਨ ਨਹੀਂ ਅਤੇ ਇਹ ਕਦੇ ਅੰਦਾਜ਼ਾ ਵੀ ਨਹੀਂ ਲਗਾ ਸਕਦੇ । ਇਨ੍ਹਾਂ ਆਪ ਕਦੇ ਵਾਹੀ ਨਹੀਂ ਕੀਤੀ ਇਸ ਲਈ ਇਨ੍ਹਾਂ ਨੂੰ ਕੀ ਪਤਾ ਹੋ ਸਕਦਾ ਹੈ ਕਿਸਾਨ ਦੀਆਂ ਤਕਲੀਫਾਂ ਦਾ । ਕਣਕ ਜਿਥੇ 75 ਜਾਂ 80 ਰੁਪਏ ਪੈਂਦੀ ਹੋਵੇ ਉਥੇ ਉਸ ਨੂੰ 66 ਰੁਪਏ ਮੁੱਲ ਦਿਤਾ ਜਾਵੇ, ਇਹ ਕੀਮਤ ਕਿਸ ਤਰ੍ਹਾਂ ਨੀਅਤ ਕੀਤੀ ਜਾ ਸਕਦੀ ਹੈ । ਇਸ ਪਾਸੇ ਧਿਆਨ ਦੇਣ ਦੀ ਲੋੜ ਹੈ ਕਿ ਕੇਂਦਰ ਕਣਕ ਦੀ ਸਹੀ ਕੀਮਤ ਬੰਨ੍ਹੇ ।

ਫਿਰ ਇਥੇ ਹਰ ਵੇਰ ਕਿਸਾਨ ਦੀ ਜ਼ਮੀਨ ਦੱਬਣ ਜਾਂ ਵੰਡਣ ਬਾਰੇ ਜ਼ਿਕਰ ਕੀਤਾ ਜਾਂਦਾ ਹੈ ਅਤੇ ਜਿੰਨੇ ਵੀ ਕਾਨੂੰਨ ਬਣਾਏ ਜਾਂਦੇ ਹਨ ਸਾਰੇ ਹੀ ਦਿਹਾਤੀ ਜ਼ਮੀਨ ਦੀ ਵੰਡ ਬਾਰੇ ਜਾਂ ਦੱਬਣ ਬਾਰੇ ਹੁੰਦੇ ਹਨ; ਸਿਨਮੇ ਘਰਾਂ ਜਾਂ ਕੋਲਡ ਸਟੋਰਾਂ ਦੀ ਸੀਲਿੰਗ ਬਾਰੇ ਕੋਈ ਕਾਨੂੰਨ ਨਹੀਂ ਆਂਦਾ । ਇਥੇ ਅਸੈਂਬਲੀ ਵਿਚ ਵੀ ਅਤੇ ਅਸੈਂਬਲੀ ਤੋਂ ਬਾਹਰ ਵੀ ਸੀਲਿੰਗ ਦੇ ਚਰਚੇ ਹੁੰਦੇ ਹਨ ਪਰ ਦਿਹਾਤੀ ਜ਼ਮੀਨ ਤੇ । ਇਥੇ ਲੀਡਰ ਆਫ ਦੀ ਹਾਊਸ ਨੇ ਸ਼ਹਿਰੀ ਜਾਇਦਾਦ ਤੇ ਸੀਲਿੰਗ ਦਾ ਜ਼ਿਕਰ ਕੀਤਾ ਹੈ ਮੈਂ ਉਸ ਨੂੰ ਜੀ ਆਇਆਂ ਆਖਦਾ ਹਾਂ ਅਤੇ ਆਸ ਕਰਦਾ ਹਾਂ ਕਿ ਸੀਲਿੰਗ ਦਿਹਾਤੀ ਜਾਇਦਾਦ ਦੇ ਨਾਲ ਨਾਲ ਸ਼ਹਿਰੀ ਜਾਇਦਾਦ ਤੇ ਵੀ ਲਗਾਈ ਜਾਣੀ ਚਾਹੀਦੀ ਹੈ । (ਪ੍ਰਸ਼ੰਸਾ)

ਇਨ੍ਹਾਂ ਨੇ ਇਥੇ ਬਿਜਲੀ ਦੇ ਬਾਰੇ ਵਿਚ ਅੰਕੜੇ ਪੇਸ਼ ਕੀਤੇ ਹਨ ਕਿ ਅਸੀਂ ਐਨੇ ਮੈਗਾਵਾਟ ਬਿਜਲੀ ਪੈਦਾ ਕਰਾਂਗੇ ਪਰ ਇਸ ਦਾ ਕੋਈ ਲਾਭ ਨਹੀਂ ਜਦ ਤਕ ਕਿ ਇਸ ਨੂੰ ਪੂਰਾ ਕਰਨ ਲਈ ਟੀਚੇ ਮੁਕੱਰਰ ਨਾ ਕੀਤੇ ਜਾਣ, ਹੱਦ ਨੀਅਤ ਹੋਣੀ ਚਾਹੀਦੀ ਹੈ ਕਿ ਇਨਾਂ ਟੀਚਾ ਬਿਜਲੀ ਪੈਦਾ ਕਰਨ ਦਾ ਮੁਕੱਰਰ ਕੀਤਾ ਗਿਆ ਹੈ ਅਤੇ ਇਨੇ ਸਮੇਂ ਵਿਚ ਇਸ ਟੀਚੇ ਨੂੰ ਪੂਰਾ ਕਰ ਦਿਤਾ ਜਾਵੇ। ਮਹੀਨਾ ਅਤੇ ਡੇਟ ਨੀਅਤ ਕੀਤੀ ਜਾਣੀ ਚਾਹੀਦੀ ਹੈ ਪਰ ਇਨ੍ਹਾਂ ਦੀ ਤਾਂ ਰਿਵਾਇਤ ਬਣੀ ਹੋਈ ਹੈ ਕਿ ਅੰਕੜੇ ਤਿਆਰ ਕਰਕੇ ਪੇਸ਼ ਕਰ ਦਿਤੇ ਗਏ ਅਤੇ ਉਨ੍ਹਾਂ ਤੇ ਅਮਲ ਨਾ ਕੀਤਾ । ਪਿਛਲੇ ਸਾਲ ਤੋਂ ਕੁਝ ਵੱਧ ਅੰਕੜੇ ਦੇ ਦਿਤੇ ਗਏ ਪਰ ਅਮਲ ਨਾ ਕੀਤਾ । ਜਿੰਨਾ ਕੰਮ ਪਿਛਲੇ ਚਾਰ ਸਾਲ ਵਿਚ ਅਕਾਲੀ ਸਰਕਾਰ ਨੇ ਕੀਤਾ ਉਸੇ ਰੇਸ਼ੋ ਨਾਲ

ਕੀਤੇ ਕੰਮ ਦੇ ਅੰਕੜੇ ਨਹੀਂ ਦਿਤੇ। ਬਿਜਲੀ ਦੇ ਬਾਰੇ ਵਿਚ ਇਨ੍ਹਾਂ ਜ਼ਿਕਰ ਕੀਤਾ ਹੈ ਪਰ ਹਾਲਤ, ਡਿਪਟੀ ਸਪੀਕਰ ਸਾਹਿਬ, ਇਹ ਹੈ ਕਿ 25% ਪਿੰਡਾਂ ਵਿਚ ਅਜੇ ਵੀ ਬਿਜਲੀ ਨਹੀਂ ਪਹੁੰਚੀ। ਬਠਿੰਡਾ ਅਤੇ ਸੰਗਰੂਰ ਵਿਚ ਇਹ ਹਾਲਤ ਹੈ ਕਿ 50 ਮਣ ਕਣਕ ਫੀ ਏਕੜ ਹੁੰਦੀ ਸੀ ਪਰ ਹੁਣ ਬਿਜਲੀ ਨਾ ਹੋਣ ਕਾਰਨ ਇਹ ਘੱਟ ਕੇ 20 ਮਣ ਰਹਿ ਗਈ ਹੈ। ਨਹਿਰ ਦਾ ਪਾਣੀ ਨਹੀਂ ਜਾਂਦਾ ਅਤੇ ਬਿਜਲੀ ਮਿਲਦੀ ਨਹੀਂ ਡੀਜ਼ਲ ਇੰਜਨ ਲਗਾਏ ਜਾਂਦੇ ਹਨ ਇਸ ਲਈ ਮੈਂ ਬੇਨਤੀ ਕਰਾਂਗਾ ਕਿ ਡੇਟ ਨੀਅਤ ਕੀਤੀ ਜਾਣੀ ਚਾਹੀਦੀ ਹੈ ਕਿ ਐਨੇ ਚਿਰ ਵਿਚ ਬਿਜਲੀ ਪਿੰਡਾਂ ਵਿਚ ਦੇ ਦਿਆਂਗੇ ਤਾ ਕਿ ਪਿੰਡਾਂ ਵਾਲੇ ਆਪਣੇ ਘਾਟੇ ਨੂੰ ਪੂਰਾ ਕਰ ਸਕਣ।

ਤੀਜੇ ਦਰਜੇ ਦੇ ਮੁਲਾਜ਼ਮਾਂ ਦੇ ਬਾਰੇ ਕਿਹਾ ਗਿਆ ਹੈ ਕਿ ਮੁਲਾਜ਼ਮਾਂ ਦੇ ਲਈ ਇਕ ਕਮੇਟੀ ਬਣਾਈ ਗਈ ਹੈ। ਇਸ ਬਾਰੇ ਡਿਪਟੀ ਸਪੀਕਰ ਸਾਹਿਬ, ਜੇ ਸਰਕਾਰ ਬੁਰਾ ਨਾ ਮਨਾਏ, ਇਤਨਾ ਹੀ ਕਹਿ ਦੇਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਜੋ ਵੀ ਰੀਲੀਫ ਦੇਣਾ ਸੀ ਸੈਂਟਰਲ ਪੈਟਰਨ ਤੇ ਉਹ ਸਰਕਾਰ ਨੂੰ ਦੇ ਦੇਣਾ ਚਾਹੀਦਾ ਸੀ। ਪਰ ਇਸ ਤਰ੍ਹਾਂ ਦੀ ਕਮੇਟੀ ਬਣਾ ਕੇ ਸੌਦਾ ਸ਼ਬਦ ਤਾਂ ਮੈਂ ਨਹੀਂ ਕਹਿੰਦਾ, ਇਹ ਜ਼ਰੂਰ ਕਹਾਂਗਾ ਕਿ ਬਲੈਕ-ਮੇਲਿੰਗ ਹੋਈ ਹੈ, ਮੁਲਾਜ਼ਮਾਂ ਨੂੰ ਟਾਲਣ ਦੀ ਕੋਸ਼ਿਸ਼ ਕੀਤੀ ਹੈ। ਫੇਰ ਜਿਤਨੇ ਵੀ ਕਮੇਟੀ ਦੇ ਵਿਚ ਮੈਂਬਰ ਪਾਏ ਗਏ ਹਨ ਉਹ ਇਕੋ ਹੀ ਧੜੇ ਦੇ ਹਨ, ਇਸੇ ਤਰ੍ਹਾਂ ਇਕ ਯੂਨੀਅਨ ਦੇ ਨਾਂ ਤੇ ਉਹ ਮੁਲਾਜ਼ਮਾਂ ਨੂੰ ਆਪੋ ਵਿਚ ਪਾੜਨ ਦੀ ਕੋਸ਼ਿਸ਼ ਕਰ ਰਹੇ ਹਨ।

ਭਾਵੇਂ ਵਿੱਤ ਮੰਤਰੀ ਨੇ ਬਜਟ ਵਿਚ 14 ਕਰੋੜ ਰੁਪਏ ਦਾ ਘਾਟਾ ਵਿਖਾਇਆ ਹੈ ਪਰ ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਆਈਟਮ ਹਨ ਜਿਹੜੇ ਘਾਟੇ ਦੇ ਹੀ ਹਨ। 6 ਕਰੋੜ ਰੁਪਏ ਬਿਜਲੀ ਦੇ ਟੈਰਿਫ ਦਾ ਘਾਟਾ ਹੈ, ਇਨ੍ਹਾਂ ਨੇ ਜਿਹੜਾ ਕਰਜ਼ਾ ਸ਼ੋ ਕੀਤਾ ਹੈ ਉਹ 13,37 ਕਰੋੜ ਦਾ ਹੈ ਪਰ ਅਸਲ ਵਿਚ ਇਨ੍ਹਾਂ ਨੂੰ 20 ਕਰੋੜ ਦੇ ਕਰੀਬ ਦੇਣਾ ਪੈਣਾ ਹੈ। ਇਹ ਜਿਹੜਾ ਦੇਣਾ ਵੱਧ ਹੈ ਅਤੇ ਵਿਖਾਇਆ ਘਟ ਹੈ ਇਹ ਇਸ ਬਜਟ ਵਿਚ 20 ਕਰੋੜ ਦਾ ਘਾਟਾ ਕਰਕੇ ਵਿਖਾਇਆ ਜਾਣਾ ਚਾਹੀਦਾ ਹੈ। ਇਹਦੇ ਵਿਚ ਟੈਕਸਾਂ ਦਾ ਬੋਝ ਜਿਹੜਾ ਪੈਣਾ ਹੈ ਉਹ ਗਰੀਬ ਕਿਸਾਨ ਅਤੇ ਖਾਸ ਕਰਕੇ ਪਛੜੀਆਂ ਸ਼੍ਰੇਣੀਆਂ ਦੇ ਲੋਕਾਂ ਤੇ ਪੈਣਾ ਹੈ। ਪਰ ਮੈਂ ਕਹਾਂਗਾ ਕਿ ਗਰੀਬ ਲੋਕਾਂ ਨੂੰ ਬਿਲਕੁਲ ਹੀ ਇਗਨੋਰ ਕੀਤਾ ਹੈ। ਜਿਹੜਾ ਕਿਸਾਨਾਂ ਨੇ ਕਰਜ਼ਾ ਲੈਕੇ ਆਪਣੇ ਕੰਮ ਚਲਾਏ ਹਨ ਅਤੇ ਉਨ੍ਹਾਂ ਦਾ ਜੇ ਟੋਟਲ ਅਨੁਮਾਨ ਲਾਇਆ ਜਾਵੇ ਤਾਂ ਉਹ 5-6 ਸੌ ਕਰੋੜ ਦਾ ਬਣਦਾ ਹੈ ਅਤੇ ਇਨ੍ਹਾਂ ਨੇ ਜਿਹੜਾ ਰੀਲੀਫ ਦਿੱਤਾ ਹੈ ਇਹ ਕੋਈ 1.30 ਕਰੋੜ ਦੇਣਾ ਹੈ। ਇਸ ਤਰ੍ਹਾਂ ਇਹ ਕੋਈ ਖਾਸ ਰੀਲੀਫ ਨਹੀਂ ਹੈ।

ਇਕ ਸੁਝਾਓ ਮੈਂ ਸਰਕਾਰ ਅਗੇ ਇਹ ਵੀ ਰਖਾਂਗਾ ਕਿ ਜਿਹੜੀਆਂ ਕੰਬਾਈਨਜ਼ ਸਰਕਾਰ ਨੇ ਕਾਰਪੋਰੇਸ਼ਨ ਰਾਹੀਂ ਖਰੀਦੀਆਂ ਹਨ, ਉਨ੍ਹਾਂ ਰਾਹੀਂ ਤੂੜੀ ਦਾ ਬਹੁਤ ਨੁਕਸਾਨ ਹੋਇਆ ਹੈ। ਇਹ ਠੀਕ ਹੈ ਕਿ ਕੰਬਾਈਨਜ਼ ਅਨਾਜ ਕਢਣ ਦੇ ਲਈ ਕਾਫੀ ਕਾਰਆਮਦ ਹਨ, ਪਰ ਜਿਸ ਤਰੀਕੇ ਨਾਲ ਅਨਾਜ ਨਿਕਲਦਾ ਹੈ, ਉਸ ਤੋਂ ਤੂੜੀ ਬਿਲਕੁਲ ਨਹੀਂ ਨਿਕਲਦੀ, ਸਾਰਾ ਨੀਰਾ ਖਰਾਬ ਹੋ ਜਾਂਦਾ ਹੈ। ਕੰਬਾਈਨਜ਼ ਨੇ ਮਾਲ ਪਸ਼ੂਆਂ ਦੀ ਖ਼ੁਰਾਕ ਨੂੰ ਪੂਰਾ ਕਰਨਾ ਤਾਂ ਕੀ ਸੀ, ਸਗੋਂ ਉਨ੍ਹਾਂ ਤੇ ਬੜੀ ਸੱਟ ਮਾਰੀ ਹੈ। ਜਿਹੜੀ ਤੂੜੀ ਦੀ ਪੰਡ

[ਸਰਦਾਰ ਹਰਬੰਸ ਸਿੰਘ ਜਲਾਲ]

2-2½ ਰੁਪਏ ਨੂੰ ਮਿਲਦੀ ਸੀ ਉਹ 5-10 ਰੁਪਏ ਤੱਕ ਵਿਕ ਰਹੀ ਹੈ । ਗ਼ਰੀਬ ਆਦਮੀ ਲਈ ਜਿਸ ਦਾ ਗੁਜ਼ਾਰਾ ਪਸ਼ੂਆਂ ਕਰਕੇ ਹੀ ਚਲਦਾ ਹੈ ਪਸ਼ੂ ਪਾਲਣੇ ਔਖੇ ਹੋ ਰਹੇ ਹਨ । ਕੰਬਾਈਨਜ਼ ਰਾਹੀਂ ਕੋਈ ਤੂੜੀ ਬਣਦੀ ਹੀ ਨਹੀਂ । ਇਸ ਲਈ ਮੈਂ ਸਰਕਾਰ ਨੂੰ ਕਹਾਂਗਾ ਕਿ ਜਿੱਥੇ ਕੰਬਾਈਨਜ਼ ਖਰੀਦੀਆਂ ਗਈਆਂ ਹਨ ਸਰਕਾਰ ਨੂੰ ਬੁਲਡੋਜ਼ਰ ਖਰੀਦ ਕੇ ਦੇਣੇ ਚਾਹੀਦੇ ਹਨ । ਅਨਾਜ ਦੀ ਪੈਦਾਵਾਰ ਦਾ ਸੇਹਰਾ ਅੱਜ ਪੰਜਾਬ ਦੇ ਕਿਸਾਨ ਦੇ ਸਿਰ ਹੈ । ਉਹ ਜ਼ਮੀਨਾਂ ਜਿਹੜੀਆਂ ਬਿਲਕੁਲ ਬੰਜਰ ਸਨ, ਜਿੱਥੇ ਕਿ ਸੈਂਕੜੇ ਸਾਲ ਤੋਂ ਕਿਸੇ ਨੇ ਅੰਨ ਦਾ ਮੂੰਹ ਨਹੀਂ ਸੀ ਵੇਖਿਆ, ਉਨ੍ਹਾਂ ਨੇ ਹਰ ਧਰਤੀ ਦੇ ਟੁਕੜੇ ਨੂੰ ਉਪਜ ਦੇਣ ਲਾ ਲਿਆ ਹੈ ਅਤੇ ਉਸ ਨੂੰ ਬਹੁਤੇ ਨਹੀਂ ਤਾਂ ਉਸ ਦੇ ਖਾਣ ਪੀਣ ਜੋਗੇ 40—50 ਮਣ ਦਾਣੇ ਤਾਂ ਆ ਹੀ ਜਾਂਦੇ ਹਨ ।

ਮੈਂ ਹਾਊਸ ਦਾ ਜ਼ਿਆਦਾ ਸਮਾਂ ਨਹੀਂ ਲੈਣਾ ਚਾਹੁੰਦਾ ਇਕ ਦੋ ਜ਼ਰੂਰੀ ਗੱਲਾਂ ਕਹਿਕੇ ਬੈਠ ਜਾਵਾਂਗਾ । ਪੰਜਾਬੀ ਸੂਬਾ ਬਣ ਜ਼ਰੂਰ ਗਿਆ ਹੈ ਪਰ ਇਸ ਬਜਟ ਵਿਚ ਕਿਤੇ ਇਹ ਜ਼ਾਹਰ ਨਹੀਂ ਹੁੰਦਾ ਕਿ ਸਰਕਾਰ ਨੇ ਰਾਸ਼ਟਰ ਭਾਸ਼ਾ ਲਈ ਜਾਂ ਪੰਜਾਬੀ ਨੂੰ ਡੀਵੈਲਪ ਕਰਨ ਵਾਸਤੇ ਕੋਈ ਰਕਮ ਰੱਖੀ ਹੋਵੇ । ਇਉਂ ਮਾਲੂਮ ਹੁੰਦਾ ਹੈ ਕਿ ਸਰਕਾਰ ਕਿਸੇ ਭਾਸ਼ਾ ਨੂੰ ਡੀਵੈਲਪ ਕਰਨ ਤੇ ਕੁਝ ਨਹੀਂ ਲਾ ਰਹੀ । (ਇਕ ਮਾਨਯੋਗ ਮੈਂਬਰ: ਤੁਹਾਡੇ ਨਾਲੋਂ ਚੰਗਾ ਖਰਚ ਕਰਾਂਗੇ) । ਇਸ ਤੋਂ ਇਲਾਵਾ ਹੁਕਮਰਾਨ ਪਾਰਟੀ ਦੇ ਮੈਂਬਰ ਖਾਸ ਤੌਰ ਤੇ ਮਨਿਸਟਰ ਸਾਹਿਬਾਨ ਚੋਣਾਂ ਵੇਲੇ ਆਪਣੇ ਇਲਾਕੇ ਦੇ ਲੋਕਾਂ ਨੂੰ ਵਿਸ਼ਵਾਸ਼ ਦਿਲਾਉਂਦੇ ਆਏ ਹਨ, ਪਰ ਇਸ ਬਜਟ ਦੇ ਸਾਹਮਣੇ ਆ ਜਾਣ ਨਾਲ ਇਹ ਕਿਤੇ ਵੀ ਸਿੱਧ ਨਹੀਂ ਹੁੰਦਾ ਕਿ ਉਨ੍ਹਾਂ ਨੇ ਜੋ ਵਾਅਦੇ ਜਨਤਾ ਨਾਲ ਕੀਤੇ ਹਨ ਉਹ ਕਿਵੇਂ ਪੂਰੇ ਹੋ ਸਕਣਗੇ । ਕਿਸਾਨ ਵੀ ਕਰਜ਼ਦਾਰ ਹੈ ਮਜ਼ਦੂਰ ਵੀ ਕਰਜ਼ਦਾਰ ਹੈ । ਇਸ ਦੀ ਵਜ੍ਹਾ ਇਹ ਕਿ ਜੋ ਕਿਸਾਨ ਨੂੰ ਮਿਲਣਾ ਹੈ ਉਸ ਦੇ ਵਿਚੋਂ ਕੁਝ ਹਿੱਸਾ ਪ੍ਰਾਫਿਟ ਦਾ ਮਜ਼ਦੂਰ ਨੂੰ ਮਿਲਣਾ ਹੈ । ਮਤਲਬ ਇਹ ਜੇ ਜ਼ਿਮੀਦਾਰ ਨੂੰ ਦੋ ਮਣ ਦਾਣੇ ਹੋਣਗੇ ਤਾਂ ਉਨ੍ਹਾਂ ਦਾ 20ਵਾਂ ਜਾਂ 30ਵਾਂ ਹਿੱਸਾ ਉਹ ਕਿਸਾਨ ਆਪਣੇ ਕਾਮਿਆਂ ਨੂੰ ਦੇਵੇਗਾ । ਜੇ ਮਾਲਕ ਹੀ ਕਰਜ਼ਦਾਰ ਹੈ ਤਾਂ ਉਸ ਦੇ ਚਾਰ ਪੈਸੇ ਲੱਗੇ ਹੋਏ ਵੀ ਉਸ ਦੇ ਪਲੇ ਨਹੀਂ ਪੈਂਦੇ ਤਾਂ ਉਹ ਆਪਣੇ ਮਜ਼ਦੂਰਾਂ ਨੂੰ ਕੀ ਦੇਵੇਗਾ । ਇਸ ਲਈ ਕਿਸਾਨ ਅਤੇ ਮਜਦੂਰਾਂ ਦਾ ਇਕ ਦੂਸਰੇ ਦੀ ਮਾਲੀ ਹਾਲਤ ਨਾਲ ਬੜਾ ਸਬੰਧ ਹੈ ਪਰ ਇਨ੍ਹਾਂ ਦੋਹਾਂ ਦੀ ਭਲਾਈ ਦੇ ਵਾਸਤੇ ਇਸ ਬਜਟ ਦੇ ਵਿਚ ਕੁਝ ਨਹੀਂ ਕਿਹਾ ਗਿਆ ਇਸ ਲਈ ਮੈਂ ਕਹਾਂਗਾ ਕਿ ਬਜਟ ਸਰਕਾਰ ਦੀ ਗੌਹ ਦਾ ਮੁੜ ਜਾਚਕ ਹੈ ।

ਸਰਦਾਰ ਗੁਰਦੇਵ ਸਿੰਘ ਸ਼ਿੱਧੂ (ਸਮਾਣਾ, ਐਸ. ਸੀ.): ਮਾਨਯੋਗ ਡਿਪਟੀ ਸਪੀਕਰ ਸਾਹਿਬ . .., (ਹਾਸਾ) (ਇਕ ਮਾਨ ਯੋਗ ਮੈਂਬਰ: ਵੇਖ ਤਾਂ ਲਓ ਕੌਣ ਹੈ)

Mr. Deputy Speaker: No interruption please.

ਕਾਮਰੇਡ ਜੰਗੀਰ ਸਿੰਘ ਜੋਗਾ: ਆਨ ਏ ਪੁਆਇੰਟ ਆਫ਼ ਆਰਡਰ ਸਰ । ਇਹ ਕੀ ਕਾਰਨ ਹੈ ਜਦੋਂ ਸਾਡੀ ਵਾਰੀ ਸੀ ਤਾਂ ਸਾਨੂੰ ਸਿਰਫ 20 ਮਿੰਟ ਬੋਲਣ ਦੀ ਆਗਿਆ ਦਿੱਤੀ ਹੁਣ ਅਕਾਲੀ ਪਾਰਟੀ ਦੇ 8 ਮੈਂਬਰ ਬੋਲ ਚੁਕੇ ਹਨ ਕੀ ਇਨ੍ਹਾਂ ਵਾਸਤੇ ਹੁਣ ਕੋਈ ਵਕਤ ਦੀ ਪਾਬੰਦੀ ਨਹੀਂ ?

Mr. Deputy Speaker: This is no point of order.

ਸਰਦਾਰ ਅਜਾਇਬ ਸਿੰਘ ਸੰਧੂ: On a point of order, Sir.

ਡਿਪਟੀ ਸਪੀਕਰ ਸਾਹਿਬ, ਜੋਗਾ ਸਾਹਿਬ ਨੂੰ ਨਾਰਾਜ਼ ਨਹੀਂ ਹੋਣਾ ਚਾਹੀਦਾ, ਉਹ ਤਾਂ ਹੁਣ ਕਾਂਗਰਸ ਵਿਚ ਹੀ ਹਨ, ਜਦੋਂ ਕਾਂਗਰਸ ਵਾਲੇ ਬੋਲਦੇ ਹਨ, ਇਨ੍ਹਾਂ ਨੂੰ ਹੁਣ ਬੋਲਣ ਦੀ ਕੋਈ ਜ਼ਰੂਰਤ ਨਹੀਂ ਹੈ ।

ਸਰਦਾਰ ਗੁਰਦੇਵ ਸਿੰਘ: ਅੱਜ ਜਿਹੜਾ ਪੰਜਾਬ ਵਿਧਾਨ ਸਭਾ ਵਿਚ ਕਾਂਗਰਸ ਦੇ ਚੁਣੇ ਹੋਏ ਨੁਮਾਇੰਦਿਆਂ ਤੋਂ ਬਜਟ, ਪੇਸ਼ ਹੋਇਆ ਹੈ, ਮੈਂ ਇਸ ਦੇ ਮੁਤਾਲਿਕ ਬਹੁਤਾ ਕੁਝ ਕਹਿਣਾ ਮੁਨਾਸਿਬ ਨਹੀਂ ਸਮਝਦਾ । ਪਰ ਇਹ ਲੋਕਾਂ ਨੂੰ, ਇਹ ਵਿਸ਼ਵਾਸ਼ ਦਿਵਾਕੇ ਆਏ ਹਨ ਕਿ ਉਹ ਗਰੀਬੀ ਖਤਮ ਕਰਨਗੇ ਅਤੇ ਪੰਜਾਬ ਦੇ ਗਰੀਬਾਂ ਦੀ ਇਮਦਾਦ ਕਰਨਗੇ । ਜਿਹੜੀ ਛਪੀ ਹੋਈ ਕਾਪੀ ਬਜਟ ਦੇ ਰੂਪ ਵਿਚ ਪੇਸ਼ ਹੋਈ ਹੈ, ਮੈਂ ਇਸ ਨੂੰ ਪਿਛਲੇ ਤਿੰਨ ਦਿਨਾਂ ਤੋਂ ਪੜ੍ਹਿਆ ਹੈ, ਇਸ ਤੋਂ ਪਤਾ ਚਲਦਾ ਹੈ ਕਿ ਇਹ ਤਾਂ ਜਿਹੜੀ ਪਾਲਿਸੀ ਅਕਾਲੀ ਦੱਲ ਨੇ ਅਪਣਾਈ ਸੀ, ਉਸ ਦੀ ਹੀ ਕਾਪੀ ਕਰਕੇ, ਫਾਈਨੈਂਸ ਸੈਕਟਰੀ ਨੇ ਦੇ ਦਿੱਤੀ ਹੈ ਅਤੇ ਸਰਕਾਰ ਨੇ ਉਹੀ ਛਪਵਾ ਕੇ ਸਾਨੂੰ ਦੇ ਦਿੱਤੀ ਹੈ, ਇਨ੍ਹਾਂ ਦਾ ਆਪਣਾ ਕੋਈ ਪ੍ਰੋਗਰਾਮ ਨਹੀਂ.... (ਵਿਘਨ)

ਸ੍ਰੀ ਵਿਸ਼ਵਾਮਿੱਤਰ ਸੇਖਰ: On a point of order, Sir,

ਆਨਰੇਬਲ ਮੈਂਬਰ ਨੇ ਜਿਹੜੀ ਇਹ ਗੱਲ ਕਹੀ ਹੈ ਕਿ ਫਾਈਨੈਂਸ ਸੈਕਟਰੀ ਨੇ ਜਿਹੜੀ ਪਿਛਲੀ ਕਾਪੀ ਦਿੱਤੀ ਉਹੀ ਛਾਪ ਦਿੱਤੀ ਇਹ ਸਰਾਸਰ ਗਲਤ ਹੈ, ਬਿਲਕੁਲ ਝੂਠ ਹੈ । (ਵਿਘਨ)

ਸਰਦਾਰ ਗੁਰਦੇਵ ਸਿੰਘ: ਸਪੀਕਰ ਸਾਹਿਬ, ਫਾਈਨੈਂਸ ਸੈਕਟਰੀ ਸਾਹਿਬ ਨੇ ਤਿਆਰ ਕਰਕੇ ਫਾਈਨੈਂਸ ਮਨਿਸਟਰ ਦੇ ਰਾਹੀਂ ਬਜਟ ਪੇਸ਼ ਕੀਤਾ ਹੈ, ਮੈਂ ਸਮਝਦਾ ਹਾਂ ਕਿ ਇਸ ਵਿਚ ਜੋ ਤਰੁਟੀਆਂ ਰਹੀਆਂ ਹਨ, ਜੋ ਕਮੀਆਂ ਰਹੀਆਂ ਹਨ, ਉਨ੍ਹਾਂ ਨੂੰ ਸਮਾਜਵਾਦ ਦੀ ਲਾਈਨ ਨਾਲ ਐਡਜਸਟ ਕਰਨ ਲਈ, ਕੁਝ ਨਹੀਂ ਕੀਤਾ ਗਿਆ । ਸਾਹਮਣੇ ਬੈਠੇ ਵੀਰ ਜੋ ਲੋਕਾਂ ਨਾਲ ਲਛੇਦਾਰ ਗੱਲਾਂ ਕਰਕੇ, ਗਰੀਬ ਅਤੇ ਹਰੀਜਨਾਂ ਨੂੰ ਲਾਰੇ ਦੇ ਕੇ ਅਤੇ ਉਨ੍ਹਾਂ ਦੀਆਂ ਵੋਟਾਂ ਲੈ ਕੇ ਇਥੇ ਆਏ ਹਨ, ਉਨ੍ਹਾਂ ਲਈ ਇਨ੍ਹਾਂ ਨੇ ਇਸ ਬਜਟ ਦੇ ਵਿਚ ਕੁਝ ਨਹੀਂ ਕੀਤਾ । ਡਿਪਟੀ ਸਪੀਕਰ ਸਾਹਿਬ. ਹੋ ਕੀ ਰਿਹਾ ਹੈ, ਅੱਜ ਨਰਮੇ ਦੀਆਂ ਕਪਾਹ ਦੀਆਂ ਕੀਮਤਾਂ ਘੱਟ ਗਈਆਂ ਹਨ । ਇਸ ਦੇ ਨਾਲ ਹੀ ਇਹ ਦੇਖੋ ਕਿ ਪ੍ਰਾਈਸ ਕੰਟਰੋਲ ਕਮਿਸ਼ਨ ਦੀਆਂ ਸਿਫਾਰਸ਼ਾਂ, ਜੋ ਉਸ ਨੇ ਆਉਣ ਵਾਲੀ ਫਸਲ ਲਈ ਕੀਤੀਆਂ ਹਨ, ਉਹ ਹਨ, 66 ਅਤੇ 72 ਰੁਪਏ । ਸ਼੍ਰੋਮਣੀ ਅਕਾਲੀ ਦੱਲ ਦੀ ਸਰਕਾਰ ਨੇ ਜੋ 76 ਰੁਪਏ ਰੇਟ ਰਖਿਆ ਸੀ ਇਨ੍ਹਾਂ ਨੇ ਉਹ ਵੀ ਘੱਟਾ ਦਿੱਤਾ ਹੈ (ਤਾੜੀਆਂ) ਮੈਂ ਸਮਝਦਾ ਹਾਂ ਕਿ ਇਸ ਦੇ ਨਾਲ ਗਰੀਬ ਕਿਸਾਨਾਂ ਦੇ ਨਾਲ ਧੱਕਾ ਹੋਇਆ ਹੈ। ਇਸ ਬਜਟ ਦੇ ਵਿਚ ਗਰੀਬਾਂ ਲਈ ਕੋਈ ਸੰਦੇਸ਼ ਨਹੀਂ ਹੈ। ਸਗੋਂ ਗਰੀਬਾਂ ਲਈ ਹੋਰ ਮਸਲੇ ਖੜੇ ਕਰ ਦਿੱਤੇ ਹਨ । ਗਰੀਬੀ ਦੂਰ ਕਰਨ ਦੇ ਇਹ ਨਾਹਰੇ ਲਾਕੇ ਆਏ ਹਨ, ਪਰ ਗਰੀਬੀ ਦੂਰ ਕਰਨ ਦਾ ਕੋਈ ਉਪਰਾਲਾ, ਇਨ੍ਹਾਂ ਨੇ ਨਹੀਂ ਕੀਤਾ, ਸਗੋਂ ਗਰੀਬੀ ਵਧਾਉਣ ਲਈ ਚਿੰਨ੍ਹ ਪੈਦਾ ਕਰ ਦਿੱਤੇ ਗਏ ਹਨ ।

[ਸਰਦਾਰ ਗੁਰਦੇਵ ਸਿੰਘ]

(ਥੰਪਿੰਗ) ਡਿਪਟੀ ਸਪੀਕਰ ਸਾਹਿਬ । (ਹਾਸਾ) (ਵਿਘਨ) ਡਿਪਟੀ ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਐਲਾਨ ਕੀਤਾ ਸੀ ਕਿ ਹਰੀਜਨਾਂ ਲਈ ਬੜਾ ਕੁਝ ਕੀਤਾ ਜਾ ਰਿਹਾ ਹੈ । (ਸ਼੍ਰੀ ਜਗਤ ਰਾਮ ਵੱਲੋਂ ਵਿਘਨ) ਜਗਤ ਰਾਮ ਤੂੰ ਬਹਿ ਜਾ ਐਵੇਂ ਨਾ ਬੋਲ । ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਮੁੱਖ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਹਰੀਜਨਾਂ ਲਈ ਬਹੁਤ ਕੁਝ ਕੀਤਾ ਜਾ ਰਿਹਾ ਹੈ । ਮੈਂ ਅਰਜ਼ ਕਰਦਾ ਹਾਂ, ਕਿ ਸ਼ਰੋਮਣੀ ਅਕਾਲੀ ਦੱਲ ਦੀ ਸਰਕਾਰ ਨੇ ਹਰੀਜਨਾਂ ਲਈ ਜੋ ਕੁਝ ਕੀਤਾ ਸੀ ਉਹੀ ਕੁਝ ਹੀ ਨਵੀਂ ਸ਼ਕਲ ਵਿਚ ਲਿਆਉਣ ਦਾ ਯਤਨ ਇਨ੍ਹਾਂ ਕੀਤਾ ਹੈ ਭਾਵੇਂ ਅਕਾਲੀ ਸਰਕਾਰ ਦੇ ਫੈਸਲਿਆਂ ਤੇ ਗਵਰਨਰੀ ਰਾਜ ਕਰਕੇ ਢਿੱਲ ਵਿਖਾਈ ਗਈ ਹੈ । ਧਰਮਸ਼ਾਲਾਵਾਂ ਅਤੇ ਫਾਈਨੈਂਸ ਕਾਰਪੋਰੇਸ਼ਨ ਦੇ ਜਿਹੜੇ ਫੈਸਲੇ ਅਕਾਲੀ ਸਰਕਾਰ ਨੇ ਹਰੀਜਨਾਂ ਦੇ ਭੱਲੇ ਲਈ ਕੀਤੇ ਸਨ, ਗਵਰਨਰੀ ਰਾਜ ਵਿਚ ਉਨ੍ਹਾਂ ਤੇ ਕੋਈ ਅਮਲ ਨਹੀਂ ਹੋਇਆ । ਅੱਜ ਤੋਂ 22 ਸਾਲ ਪਹਿਲਾਂ ਜਿਸ ਤਰ੍ਹਾਂ ਦੇ ਬਜਟ ਪੇਸ਼ ਹੁੰਦੇ ਰਹੇ ਹਨ, ਇਹ ਬਜਟ ਵੀ ਉਨ੍ਹਾਂ ਵਰਗਾ ਹੀ ਹੈ, ਜਿਸ ਵਿਚ ਇਨ੍ਹਾਂ ਨੇ ਕਿਹਾ ਕਿ, ਅਸੀਂ ਹਰੀਜਨਾਂ ਲਈ ਇਹ ਕਰਾਂਗੇ ਅਤੇ ਉਹ ਕਰਾਂਗੇ। ਹਰੀਜਨਾਂ ਨੂੰ ਦੇਣਾ ਇਨ੍ਹਾਂ ਨੇ ਕੁਝ ਨਹੀਂ ਸਿਰਫ 4 ਸਤਰਾਂ ਲਿਖ ਦਿੱਤੀਆਂ ਹਨ ਹੋਰ ਕੁਝ ਲਿਆ ਦਿੱਤਾ ਨਹੀਂ ਹੈ । (ਥੰਪਿੰਗ) ਹਾਂ ਵਾਅਦੇ ਇਨ੍ਹਾਂ ਨੇ ਬੜੇ ਕੀਤੇ ਹਨ ਹਰੀਜਨਾਂ ਨਾਲ ਕਿ ਤੁਹਾਨੂੰ ਜ਼ਮੀਨ ਦਿਆਂਗੇ, ਕਾਰੋਬਾਰ ਦੇ ਵਾਅਦੇ ਕੀਤੇ ਗਏ, ਡੇਰੀਫਾਰਮਾਂ ਦੇ ਵਾਇਦੇ ਕੀਤੇ ਗਏ, ਪੋਲਟਰੀ ਫਾਰਮਾਂ ਦੇ ਵਾਇਦੇ ਕੀਤੇ ਗਏ ਅਤੇ ਜੁਤੀਆਂ ਦੇ ਕਾਰਖਾਨੇ ਦੇ ਵਾਇਦੇ ਇਨ੍ਹਾਂ ਨੇ ਕੀਤੇ ਹਨ । (ਇਕ ਅਵਾਜ਼: ਇਹ ਜੁਤੀਆਂ ਤੋਂ ਬੜਾ ਡਰਦੇ ਹਨ ।) ਪਰ ਮੈਂ ਸਮਝਦਾ ਹਾਂ ਕਿ ਇਹ ਜੋ ਬਜਟ ਪੇਸ਼ ਕੀਤਾ ਗਿਆ ਹੈ, ਇਹ ਪੰਜਾਬ ਦੇ ਹਰੀਜਨਾਂ ਅਤੇ ਗਰੀਬ ਕਿਸਾਨਾਂ ਲਈ ਇਕ ਬੜਾ ਭਾਰੀ ਧਕਾ ਹੈ । (ਵਿਘਨ) ਸਾਡੇ ਵਿੱਤ ਮੰਤਰੀ ਸ਼ਰਮਾ ਸਾਹਿਬ ਦਾ ਦਿਲ ਪਤਾ ਨਹੀਂ ਕਿਉਂ ਘਬਰਾਈ ਜਾਂਦਾ ਹੈ ਕਿ ਉਹ ਮੁੜ ਮੁੜ ਕੇ ਗੁਲੂਕੋਸ ਦੀਆਂ ਗੋਲੀਆਂ ਖਾਈ ਜਾਂਦੇ ਹਨ । (ਹਾਸਾ) (ਵਿਘਨ) ਤੋਂ ਡਿਪਟੀ ਸਪੀਕਰ ਸਾਹਿਬ ਮੈਂ ਅਰਜ਼ ਕਰ ਰਿਹਾ ਸੀ ਕਿ ਮੁੱਖ ਮੰਤਰੀ ਸਾਹਿਬ ਇਹ ਕਹਿੰਦੇ ਹਨ ਕਿ ਹਰੀਜਨਾਂ ਨਾਲ ਇਨਸਾਫ ਹੋਵੇਗਾ, ਇਨ੍ਹਾਂ ਦੀ ਮਨਿਸਟਰੀ ਵਿਚ ਇਸ ਵੇਲੇ 10 ਮਨਿਸਟਰ ਹਨ ਹਿਸਾਬ ਨਾਲ ਤਾਂ ਉਨ੍ਹਾਂ ਵਿਚ ਢਾਈ ਹਰੀਜਨ ਮਨਿਸਟਰ ਹੋਣੇ ਚਾਹੀਦੇ ਹਨ ਪਰ ਅਸਲ ਵਿਚ ਹੈ ਪੌਣਾ ਹਰੀਜਨ ਮਨਿਸਟਰ । (ਹਾਸਾ) (ਥੰਪਿਗ)

ਸ਼੍ਰੀ ਡਿਪਟੀ ਸਪੀਕਰ: ਰੈਲੇਵੈਂਟ ਬੋਲੋ । (Please be relevant.)

ਸਰਦਾਰ ਗੁਰਦੇਵ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ, ਮੁੱਖ ਮੰਤਰੀ ਸਾਹਿਬ ਨੇ ਆਪ ਕਿਹਾ ਸੀ ਕਿ ਹਰੀਜਨਾਂ ਦੇ ਨਾਲ ਇਨਸਾਫ ਕਰਾਂਗਾ, ਪਰ ਉਨ੍ਹਾਂ ਦੀ 10 ਮਨਿਸਟਰਾਂ ਦੀ ਮਨਿਸਟਰੀ ਵਿਚ ਹਰੀਜਨਾਂ ਦੇ ਢਾਈ ਮਨਿਸਟਰ ਹੋਣੇ ਚਾਹੀਦੇ ਸੀ ਪਰ ਇਨ੍ਹਾਂ ਨੇ ਲਿਆ ਹੈ ਸਿਰਫ ਪੌਣਾ । ਅਚਾਰਿਆ ਪ੍ਰਥਵੀ ਸਿੰਘ ਆਜ਼ਾਦ ਵਰਗੇ ਪੁਰਾਣੇ ਘੁਲਾਟੀਏ ਅਤੇ ਸੂਝਵਾਨ ਜਿਨ੍ਹਾਂ ਤੋਂ ਪੰਜਾਬ ਦੇ ਭਲੇ ਦੀ ਆਸ ਕੀਤੀ ਜਾ ਸਕਦੀ ਸੀ ਅਤੇ ਚੌਧਰੀ ਸੁੰਦਰ ਸਿੰਘ ਵਰਗੇ ਦੇਸ਼ ਭਗਤ ਅਤੇ ਮਾਸਟਰ ਗੁਰਬੰਤਾ ਸਿੰਘ ਜੀ....

ਭਗਤ ਗੁਰਾਂ ਦਾਸ ਹੰਸ: ਆਨ ਏ ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਸ ਪੌਣੇ ਦਾ ਮਤਲਬ ਜਾਣਨਾ ਚਾਹੁੰਦਾ ਹਾਂ । ਸਾਡੇ ਮਨਿਸਟਰ ਸਾਹਿਬ ਤਾਂ ਗਰੈਜੁਏਟ ਹਨ ਪਰ ਇਹ ਪੌਣਾ ਕਹੀ ਜਾਂਦੇ ਹਨ । (ਹਾਸਾ)

ਸ੍ਰੀ ਡਿਪਟੀ ਸਪੀਕਰ: ਭਗਤ ਜੀ, ਇਨ੍ਹਾਂ ਦੀ ਨਜ਼ਰ ਦਾ ਕਸੂਰ ਹੈ । ਇਨ੍ਹਾਂ ਨੂੰ ਸਾਹਿਬ ਦੀ ਥਾਂ ਸਾਹਿਬਾ ਨਜ਼ਰ ਆ ਰਿਹਾ ਹੈ (ਹਾਸਾ) ਅਤੇ ਪੂਰੇ ਮਨਿਸਟਰ ਦੀ ਥਾਂ ਤੇ ਪੌਣਾ ਮਨਿਸਟਰ ਨਜ਼ਰ ਆ ਰਿਹਾ ਹੈ । (ਹਾਸਾ) (*Addressing Bhagat Guran Dass Hans*: It is due to defective eye-sight that he sees 'Sahiba' instead of 'Sahib, (Laughter) and three-fourths of a Minister instead of a full Minister.)

ਸਰਦਾਰ ਗੁਰਦੇਵ ਸਿੰਘ: ਡਿਪਟੀ ਸਪੀਕਰ ਸਾਹਿਬ, ਜਿਤਨੇ ਪੁਰਾਣੇ ਇਮਾਨਦਾਰ ਬੰਦੇ ਸੀ, ਉਨ੍ਹਾਂ ਨੂੰ ਇਨ੍ਹਾਂ ਨੇ ਗੁਠੇ ਲਾ ਦਿੱਤਾ ਹੈ । (ਥੰਪਿੰਗ) ਮਾਸਟਰ ਗੁਰਬੰਤਾ ਸਿੰਘ ਜੀ ਵੱਲ ਦੇਖੋ ਕਿਤਨੇ ਇਮਾਨਦਾਰ ਨਜ਼ਰ ਆ ਰਹੇ ਹਨ । ਇਨ੍ਹਾਂ ਨੇ ਆਪਣੀ ਜਿਤ ਨੂੰ ਪੰਜਾਬ ਵਿਚ ਇਸ ਤਰ੍ਹਾਂ ਪੇਸ਼ ਕੀਤਾ ਹੈ ਕਿ ਇਹ ਬਿਨਾਂ ਮੁਕਾਬਲੇ ਦੇ ਹੀ ਜਿਤ ਗਏ ਹਨ, ਪਰ ਇਨ੍ਹਾਂ ਨੇ ਆਪਣੇ ਵਿਰੋਧੀ ਨੂੰ ਪੈਸੇ ਦੇ ਕੇ ਬਿਠਾਇਆ ਹੈ । (ਵਿਘਨ) ਜੇ ਨਹੀਂ ਤਾਂ ਇਹ ਦੱਸਣ ਕਿ ਪਿਛਲੀਆਂ ਚੋਣਾਂ ਵਿਚ ਇਹ ਕਿਤਨੀਆਂ ਵੋਟਾਂ ਲੈ ਕੇ ਜਿਤੇ ਸੀ । (ਵਿਘਨ) ਇਨ੍ਹਾਂ ਨੂੰ ਵੀ ਗੁਠੇ ਲਾ ਦਿੱਤਾ ਗਿਆ ਹੈ ।

ਇਕ ਅਵਾਜ਼: ਸੰਤ ਜੀ ਕਿੱਥੇ ਗਏ ਹਨ ? (ਵਿਘਨ)

ਕਾਮਰੇਡ ਸਤਪਾਲ ਡਾਂਗ: ਆਨ ਏ ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਸਪੀਕਰ ਸਾਹਿਬ ਕੁਝ ਟਾਈਮ ਵੋਟ-ਆਨ-ਅਕਾਊਂਟ ਦੇ ਲਈ ਅਲਾਟ ਕਰ ਗਏ ਸੀ ਅਤੇ ਕੁਝ ਸਪਲੀਮੈਂਟਰੀ ਡਿਮਾਂਡਜ਼ ਦੇ ਲਈ। ਜੇ ਹਾਊਸ ਐਕਸਟੈਂਡ ਕਰਨਾ ਹੈ ਤਾਂ ਦੱਸ ਦਿਓ ਨਹੀਂ ਤਾਂ ਅੱਜੇ ਵੋਟ-ਆਨ-ਅਕਾਊਂਟ ਤੇ ਮਨਿਸਟਰ ਸਾਹਿਬ ਨੇ ਜਵਾਬ ਦੇਣਾ ਹੈ । ਡੇੜ ਘੰਟਾ ਸਪਲੀਮੈਂਟਰੀ ਡਿਮਾਂਡਜ਼ ਲਈ ਅਲਾਟ ਕੀਤਾ ਗਿਆ ਹੈ । ਇਸ ਲਈ ਹਾਊਸ ਨੇ ਪਹਿਲਾਂ ਜਿਹੜੀ ਟਾਈਮ ਦੀ ਅਲਾਟਮੈਂਟ ਕੀਤੀ ਹੈ ਉਸ ਤੇ ਅਮਲ ਕੀਤਾ ਜਾਵੇ ।

ਸ੍ਰੀ ਡਿਪਟੀ ਸਪੀਕਰ: ਸਪੀਕਰ ਸਾਹਿਬ ਨੇ ਕਾਂਗਰਸ ਪਾਰਟੀ ਲਈ 60 ਮਿੰਟ, ਅਕਾਲੀ ਪਾਰਟੀ ਲਈ 60 ਮਿੰਟ, ਸੀ.ਪੀ.ਆਈ. ਲਈ 30 ਮਿੰਟ ਅਤੇ....(The hon. Speaker allotted 60 minutes each to the Congress Party and the Akali Party, 30 minutes to C.P.I. ....)

ਸਰਦਾਰ ਉਮਰਾਓ ਸਿੰਘ: ਡਿਪਟੀ ਸਪੀਕਰ ਸਾਹਿਬ, ਉਹ ਦੋਨਾਂ ਆਈਟਮਾਂ ਦੇ ਲਈ ਹੈ, ਇਕ ਆਈਟਮ ਦੇ ਲਈ ਨਹੀਂ।

ਸ੍ਰੀ ਡਿਪਟੀ ਸਪੀਕਰ: ਸਪੀਕਰ ਸਾਹਿਬ ਨੇ ਜਿਹੜਾ ਟਾਈਮ ਅਲਾਟ ਕੀਤਾ ਹੈ ਕਾਰਵਾਈ ਉਸ ਦੇ ਮੁਤਾਬਕ ਚਲ ਰਹੀ ਹੈ । (ਵਿਘਨ) The proceedings

[ਸ੍ਰੀ ਡਿਪਟੀ ਸਪੀਕਰ]

are being conducted accordingto the time allotted by the hon. Speaker.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਆਨ ਏ ਪੁਆਇੰਟ ਆਫ਼ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਆਪਣੀ ਪਾਰਟੀ ਵੱਲੋਂ ਮੈਂ ਹੀ ਬੋਲਿਆ ਸੀ, ਮੈਨੂੰ ਦੱਸਿਆ ਜਾਵੇ ਕਿ ਮੈਂ ਕਿੰਨੇ ਮਿੰਟ ਬੋਲਿਆ ਸੀ ?

ਸ੍ਰੀ ਡਿਪਟੀ ਸਪੀਕਰ: ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ । (It is no point of order.)

ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ (ਸ਼ੇਰਪੁਰ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਇਹ ਜੋ ਬਜਟ ਪੇਸ਼ ਕੀਤਾ ਗਿਆ ਹੈ ਇਹ ਸਰਕਾਰ ਦੀਆਂ ਪਾਲੀਸੀਆਂ ..

ਭਗਤ ਗੁਰਾਂ ਦਾਸ ਹੰਸ: ਆਨ ਏ ਪੁਆਇੰਟ ਆਫ਼ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮੈਂ ਇਕ ਰਿਕੁਐਸਟ ਕਰਨੀ ਹੈ । ਉਧਰੋਂ ਦੋ ਮੈਂਬਰ ਬੋਲ ਚੁਕੇ ਹਨ, ਹੁਣ ਇਧਰੋਂ ਬੋਲਣਾ ਚਾਹੀਦਾ ਹੈ ।

ਸ੍ਰੀ ਡਿਪਟੀ ਸਪੀਕਰ: ਟਾਈਮ ਦੇ ਮੁਤਾਬਕ ਹੀ ਚਲ ਰਹੇ ਹਾਂ (We are proceeding according to the time allotted earlier.)

ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ: ਡਿਪਟੀ ਸਪੀਕਰ ਸਾਹਿਬ, ਇਹ ਜੋ ਬਜਟ ਪੇਸ਼ ਕੀਤਾ ਗਿਆ ਹੈ ਇਹ ਕੋਈ ਪਿਛਲੇ ਬਜਟਾਂ ਤੋਂ ਵੱਖਰਾ ਨਹੀਂ ਹੈ । ਵਿੱਤ ਮੰਤਰੀ ਸਾਹਿਬ ਨੇ ਕਿਹਾ ਸੀ ਕਿ ਵਕਤ ਥੋੜਾ ਹੋਣ ਕਰਕੇ ਉਹ ਪੂਰੀ ਤਰ੍ਹਾਂ ਛਾਣ ਬੀਣ ਨਹੀਂ ਕਰ ਸਕੇ । ਪਰ ਇਹ ਕਿਤਾਬਚਾ ਜੋ ਪੇਸ਼ ਹੋਇਆ ਹੈ ਇਹ ਪੂਰੀ ਤਰ੍ਹਾਂ ਛਾਣ ਬੀਣ ਕਰਕੇ ਹੀ ਪੇਸ਼ ਕੀਤਾ ਜਾਣਾ ਚਾਹੀਦਾ ਹੈ । ਇਹ ਬਜਟ ਜੋ ਪੇਸ਼ ਕੀਤਾ ਗਿਆ ਹੈ ਇਹ ਪੁਰਾਣੀਆਂ ਪਾਲ਼ੀਸੀਆਂ ਦੇ ਮੁਤਾਬਕ ਹੀ ਬਣਾਇਆ ਗਿਆ ਹੈ ਅਤੇ ਇਸ ਦੇ ਨਾਲ ਹਰ ਇਕ ਵਰਗ ਵਿਚ ਵਿਤਕਰਾ ਵਧਿਆ ਹੈ । (ਥੰਪਿੰਗ) ਸਾਡੇ ਪੰਜਾਬੀ ਸੂਬੇ ਦਾ ਨਿਰਭਰ ਖੇਤੀ ਤੇ ਹੈ।

ਫਿਰ ਜਿਹੜੇ ਸਾਡੇ ਹਿੰਦੁਸਤਾਨ ਦੇ ਇਜਾਰੇਦਾਰ ਹਨ ਉਹ ਚਾਹੁੰਦੇ ਹਨ ਕਿ ਜਿਹੜਾ ਪੰਜਾਬ ਦਾ ਸੂਬਾ ਹੈ ਇਹ ਸਾਡੇ ਕਾਰਖਾਨੇਦਾਰਾਂ ਲਈ ਕੱਚਾ ਮਾਲ ਤਿਆਰ ਕਰਦਾ ਰਹੇ ਔਰ ਬਜਟ ਵਿਚ ਇਹ ਕੋਈ ਨਹੀਂ ਦਸਿਆ ਗਿਆ ਕਿ ਘਾਟੇ ਨੂੰ ਪੂਰਾ ਕਰਨ ਵਾਸਤੇ ਕੀ ਕਰਨਾ ਹੈ । ਸਿਰਫ ਹਰੇ ਇਨਕਲਾਬ ਰਾਹੀਂ ਸਾਡੀ ਪੈਦਾਵਾਰ ਵਿਚ ਵਾਧਾ ਹੋਇਆ ਹੈ, ਇਹ ਗੱਲ ਤਾਂ ਠੀਕ ਹੈ । ਪਰ ਇਸ 'ਇਨਕਲਾਬ' ਨਾਲ ਗਰੀਬ ਅਤੇ ਅਮੀਰ ਦੇ ਫ਼ਰਕ ਵਿਚ ਵਾਧਾ ਵੀ ਜ਼ਿਆਦਾ ਵਧਿਆ ਹੈ । ਵਿੱਤ ਮੰਤਰੀ ਜੀ ਨੇ ਇਹ ਦਸਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਸਾਡੀ ਗਰੀਬੀ ਅਤੇ ਅਮੀਰੀ ਦਾ ਫਰਕ ਕਿਉਂ ਵਧ ਰਿਹਾ ਹੈ ਅਤੇ ਇਸ ਨੂੰ ਕਿਸ ਤਰ੍ਹਾਂ ਖਤਮ ਕਰਨਾ ਹੈ ? ਸਾਡੇ ਕਿਸਾਨਾਂ ਕੋਲ ਪੈਸਾ ਨਹੀਂ ਅਤੇ ਜਿਹੜੇ ਕਿਸਾਨ ਕੋਲ ਪੈਸਾ ਨਹੀਂ ਹੈ ਉਹ ਕਿਸ ਤਰ੍ਹਾਂ ਹਰਾ ਇਨਕਲਾਬ ਲਿਆਵੇਗਾ ? ਕਿਸਾਨਾਂ ਅਤੇ ਮਜ਼ਦੂਰਾਂ ਨੂੰ ਸੰਤੁਸ਼ਟ ਰਖਣ ਲਈ ਇਥੇ ਕਿਹਾ ਗਿਆ ਹੈ ਕਿ ਬੇਕਾਰੀ ਦੂਰ ਕੀਤੀ ਜਾਵੇਗੀ ਅਤੇ ਇਸ ਲਈ ਸਾਢੇ ਬਾਰਾਂ ਲੱਖ ਰੁਪਏ ਰਖੇ ਗਏ ਹਨ ਜਿਸ ਦੇ ਨਾਲ ਕਿ ਮਜ਼ਦੂਰ ਨੂੰ ਤਿੰਨ ਰੁਪਏ ਦਿਹਾੜੀ ਮਿਲੇਗੀ ਪਰ ਇਹ ਯਾਦ ਰਖਣਾ ਚਾਹੀਦਾ ਹੈ

ਤਿੰਨ ਰੁਪਏ ਤੇ ਅੱਜ ਕਲ ਇਕ ਆਦਮੀ ਨਹੀਂ ਮਿਲਦਾ ਹੈ । ਇਹ ਬਜਟ ਖੋਖਲਾ ਹੈ ਅਤੇ ਸਿਰਫ ਪੈਸੇ ਹਜ਼ਮ ਕਰਨ ਲਈ ਬਣਾਇਆ ਗਿਆ ਹੈ ।

ਜ਼ਮੀਨੀ ਸੁਧਾਰ ਕਰਨਾ 'ਬਹੁਤ ਜ਼ਰੂਰੀ ਹੈ । ਪਰ ਬਜਟ ਵਿਚ ਜ਼ਮੀਨੀ ਸੁਧਾਰਾਂ ਨੂੰ ਬੜਾ ਗੱਲ ਮੋਲ ਰਖਿਆ ਗਿਆ ਹੈ । ਜ਼ਮੀਨਾਂ ਦੇ ਸੁਧਾਰਾਂ ਵਾਸਤੇ ਕੋਈ ਪੈਸਾ ਨਹੀਂ ਰਖਿਆ ਗਿਆ ਹੈ । ਇਸ ਨਾਹਰੇ ਨਾਲ ਜਾਗੀਰਦਾਰਾਂ ਨੂੰ ਖੁਲ੍ਹ ਦਿਤੀ ਗਈ ਹੈ ਕਿ ਉਹ ਆਪਣੀਆਂ ਜ਼ਮੀਨਾਂ ਸਾਂਭ ਸਕਣ, ਇਕ ਦੂਜੇ ਨੂੰ ਵੇਚ ਸਕਣ । ਇਸ ਤੋਂ ਇਹ ਪਤਾ ਲਗਦਾ ਹੈ ਕਿ ਸਰਕਾਰ ਜ਼ਮੀਨੀ ਸੁਧਾਰਾਂ ਸਬੰਧੀ ਸੰਜੀਦਾ ਨਹੀਂ ਹੈ । ਜੇ ਸਰਕਾਰ ਦੀ ਨੀਯਤ ਸਾਫ ਹੈ ਤਾਂ ਇਲਾਨ ਕਰੇ ਕਿ ਜਦੋਂ ਤੋਂ ਕਾਨੂੰਨ ਬਣਾਇਆ ਜਾਵੇਗਾ ਉਦੋਂ ਤੋਂ ਕੋਈ ਆਦਮੀ ਆਪਣੀ ਜ਼ਮੀਨ ਵੰਡ ਨਹੀਂ ਸਕਦਾ ਜਾਂ ਵੇਚ ਨਹੀਂ ਸਕਦਾ ।

ਹਰੀਜਨਾਂ ਨੂੰ ਜ਼ਮੀਨਾਂ ਦੇਣ ਬਾਰੇ ਲੈ ਲਵੋ । ਇਸ ਬਾਰੇ ਵੀ ਬੜੇ ਚਿਰ ਤੋਂ ਕਿਹਾ ਜਾਂਦਾ ਹੈ । ਇਨ੍ਹਾਂ ਨੇ ਹਰੀਜਨਾਂ ਅਤੇ ਰਾਏ ਸਿਖਾਂ ਵਿਚ ਵਿਤਕਰੇ ਨੂੰ ਵਧ ਕੀਤਾ ਹੈ । ਇਹ ਜਿਹੜਾ ਰਾਏ ਸਿਖ ਅਤੇ ਹਰੀਜਨਾਂ ਦਾ ਮਸਲਾ ਲਿਆ ਗਿਆ ਹੈ, ਇਹ ਪੈਦਾ ਨਹੀਂ ਕੀਤਾ ਜਾਣਾ ਚਾਹੀਦਾ ਇਸਦੇ ਵਿਚ ਆਰਥਿਕ ਪੱਖ ਨੂੰ ਕਿਉਂ ਨਹੀਂ ਲਿਆ ਗਿਆ ਹੈ । ਜਿਹੜੇ ਬੇ-ਜ਼ਮੀਨੇ ਹਨ ਉਨ੍ਹਾਂ ਨੂੰ ਜ਼ਮੀਨਾਂ ਮਿਲਣੀਆਂ ਚਾਹੀਦੀਆਂ ਹਨ । ਇਸ ਬਾਰੇ ਸਰਕਾਰ ਖੁਲ੍ਹ ਕੇ ਇਲਾਨ ਕਰੇ । ਜਿਹੜੀਆਂ ਕੁਝ ਜ਼ਮੀਨਾਂ ਬੰਜਰ ਪਈਆਂ ਹਨ, ਪੈਦਾਵਾਰ ਦੇ ਯੋਗ ਨਹੀਂ ਹਨ, ਇਨ੍ਹਾਂ ਬਾਰੇ ਬਿਲਾ-ਮੁਆਵਜ਼ੇ ਦੇ ਮਾਲਕੀ ਦਾ ਹੱਕ ਦਿਤਾ ਜਾਵੇ ।

ਤੀਜੀ ਗੱਲ ਸੱਨਅਤ ਬਾਰੇ ਲੈ ਲਵੋ । ਵਿੱਤ ਮੰਤਰੀ ਜੀ ਨੇ ਆਪਣੇ ਬਜਟ ਵਿਚ ਇਹ ਮੰਨਿਆ ਹੈ ਕਿ ਸਾਡੇ ਪੰਜਾਬ ਵਿਚ ਸੱਨਅਤ ਦੀ ਕੋਈ ਉਸਾਰੀ ਨਹੀਂ ਹੋਈ । ਪਰ ਵਿੱਤ ਮੰਤਰੀ ਜੀ ਨੇ ਜੋ ਕਿਹਾ ਹੈ ਕਿ ਕੇਂਦਰ ਤੇ ਜ਼ੋਰ ਦਿਤਾ ਜਾਵੇਗਾ, ਉਸ ਵਿਚ ਇਹ ਨਹੀਂ ਦਸਿਆ ਗਿਆ ਕਿ ਕਿਹੋ ਜਿਹੀ ਸੱਨਅਤ ਉਸਾਰੀ ਜਾਣੀ ਚਾਹੀਦੀ ਹੈ । ਸਿਰਫ 70 ਕਰੋੜ ਰੁਪਏ ਰਖਣ ਨਾਲ ਸੱਨਅਤ ਦੀ ਉਸਾਰੀ ਨਹੀਂ ਹੁੰਦੀ ।

ਟੈਕਸਾਂ ਦੀ ਗੱਲ ਲਵੋ । ਸਾਡੇ ਬਜਟ ਵਿਚ ਟੈਕਸ ਨਹੀਂ ਲਗਾਏ ਗਏ ਸਗੋਂ ਬਜਟ ਜਿਹੜਾ ਪੇਸ਼ ਕੀਤਾ ਗਿਆ ਹੈ ਉਹ ਘਾਟੇ ਦਾ ਬਜਟ ਪੇਸ਼ ਕੀਤਾ ਗਿਆ ਹੈ । ਪਰ ਜਿਹੜਾ ਘਾਟਾ ਹੈ ਉਹ ਕਿਥੋਂ ਪੂਰਾ ਕਰਨਾ ਹੈ ? ਇਸ ਬਾਰੇ ਕੁਝ ਨਹੀਂ ਦਸਿਆ ਗਿਆ ਹੈ । ਬਜਟ ਵਿਚ ਇਹ ਨਹੀਂ ਦਸਿਆ ਕਿ ਗਰੀਬ ਤਬਕੇ ਨੂੰ ਕਿਸ ਕਿਸਮ ਦੀ ਰਿਆਇਤ ਦਿਤੀ ਗਈ ਹੈ ਅਤੇ ਅਮੀਰ ਦੀ ਆਮਦਨ ਨੂੰ ਕਿਸ ਤਰ੍ਹਾਂ ਖਿਚਿਆ ਜਾਵੇਗਾ, ਇਸ ਵਲ ਕੋਈ ਰੋਸ਼ਨੀ ਪਾਉਣ ਦੀ ਕੋਸ਼ਿਸ਼ ਨਹੀਂ ਕੀਤੀ ਗਈ । ਮੈਂ ਸਮਝਦਾ ਹਾਂ ਕਿ ਟੈਕਸ ਲਗਾਏ ਜਾਣਗੇ, ਅਤੇ ਕਿਸ ਤੇ ਲਾਏ ਜਾਣਗੇ, ਗਰੀਬਾਂ ਤੇ ਲਾਏ ਜਾਣਗੇ ਅਤੇ ਅਮੀਰਾਂ ਉਤੇ ਘਟ-ਤੋਂ-ਘਟ ਬੋਝ ਰਖਿਆ ਜਾਵੇਗਾ ।

ਰਾਜ ਪ੍ਰਬੰਧ ਦੇ ਖਰਚ ਬਾਰੇ, ਮੈਂ ਅਰਜ਼ ਕਰਾਂ ਕਿ ਸਿਰਫ ਸਪੈਸ਼ਲ ਪੁਲਿਸ ਤੇ ਹੀ ਜ਼ਿਆਦਾ ਖਰਚ ਕੀਤਾ ਗਿਆ ਹੈ । ਖਾਸ ਤੌਰ ਤੇ ਜ਼ਿਲ੍ਹਾ ਸੰਗਰੂਰ ਵਿਚ ਸਾਡੇ ਕਿਸੇ ਦੀ ਵੀ ਇਜ਼ਤ ਮਹਿਫੂਜ਼ ਨਹੀਂ ਹੈ । ਇਹੋ ਜਿਹੇ ਮਹਿਕਮਿਆਂ ਤੇ ਕਾਂਗਰਸ ਸਰਕਾਰ ਨੇ ਜ਼ਿਆਦਾ ਖਰਚ ਕੀਤਾ ਹੈ ।

[ਕਾਮਰੇਡ ਚੰਦ ਸਿੰਘ ਚੋਪੜਾ]

ਇਸ ਤੋਂ ਅੱਗੇ ਕਰਮਚਾਰੀਆਂ ਦਾ ਸਬੰਧ ਹੈ। ਬੜੇ ਚਿਰ ਤੋਂ ਕਰਮਚਾਰੀਆਂ ਦੀ ਇੰਟੈਰਮ ਰੀਲੀਫ ਦੀ ਮੰਗ ਚਲੀ ਆ ਰਹੀ ਹੈ। ਅੱਜ ਜਿਹੜੀ ਕਾਂਗਰਸ ਦੀ ਸਰਕਾਰ ਹੈ ਉਸ ਨੇ ਇਸ ਨੂੰ ਸਿਧਾਂਤਕ ਰੂਪ ਵਿਚ ਮੰਨ ਲਿਆ ਹੈ। ਅੰਤਮ ਰੂਪ ਦੇਣ ਲਈ ਇਕ ਸਤ ਮੈਂਬਰੀ ਕਮੇਟੀ ਬਣਾ ਦਿਤੀ ਹੈ। ਇਸ ਸਬੰਧੀ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਦੋਂ ਇਕ ਮੰਗ ਨੂੰ ਸਿਧਾਂਤਕ ਰੂਪ ਵਿਚ ਮੰਨ ਲਿਆ ਜਾਵੇ ਤਾਂ ਫਿਰ ਉਸ ਲਈ ਕਮੇਟੀ ਦੀ ਕੀ ਲੋੜ ਰਹਿ ਜਾਂਦੀ ਹੈ। ਇਹ ਜਿਹੜੀ ਕਮੇਟੀ ਬਣਾਈ ਗਈ ਹੈ ਇਹ ਇਕ ਫਰਾਡ ਹੈ। (ਥੰਪਿੰਗ ਆਪੋਜ਼ੀਸ਼ਨ ਵਲੋਂ) ਇਸ ਕਮੇਟੀ ਵਿਚ ਮੁਲਾਜ਼ਮਾਂ ਦੇ ਜਿਹੜੇ ਮੈਂਬਰ ਲਏ ਗਏ ਹਨ, ਉਹ ਮੁਲਾਜ਼ਮਾਂ ਦੇ ਇਕ ਵਰਗ ਦੇ ਹਨ ਅਤੇ ਬਾਕੀ ਦੇ ਮੁਲਾਜ਼ਮਾਂ ਨੂੰ ਅਖੋਂ ਓਹਲੇ ਰਖਿਆ ਗਿਆ ਹੈ। ਇਸ ਤਰ੍ਹਾਂ ਨਾਲ ਸਰਕਾਰ ਮੁਲਾਜ਼ਮਾਂ ਵਿਚ ਫੁਟ ਪਾਉਣ ਦਾ ਯਤਨ ਕਰ ਰਹੀ ਹੈ। (ਥੰਪਿੰਗ ਆਪੋਜ਼ੀਸ਼ਨ ਵਲੋਂ) ਚੋਣਾਂ ਵਿਚ ਹਰ ਪਾਰਟੀ ਇਹ ਕਹਿੰਦੀ ਸੀ ਕਿ ਅੰਤਰਮ ਰੀਲੀਫ ਦੀ ਮੰਗ ਜਾਇਜ਼ ਹੈ ਪਰ ਹੁਣ ਇਹ ਸਰਕਾਰ ਇਸ ਗੱਲ ਨੂੰ ਮੰਨਣ ਤੋਂ ਇਨਕਾਰ ਕਰ ਰਹੀ ਹੈ। ਹੁਣ ਇਹ ਅੰਤਰਮ ਰੀਲੀਫ ਦੀ ਬਜਾਏ ਰਲੀਫ ਦੇਣ ਨੂੰ ਸਿਧਾਂਤਕ ਰੂਪ ਵਿਚ ਮੰਨੀ ਹੈ ਅਤੇ ਅੰਤਰਮ ਦਾ ਲਫਜ਼ ਕੱਟ ਦਿਤਾ ਗਿਆ ਹੈ। ਜਦ ਸਰਕਾਰ ਚਲਾ ਰਹੀ ਪਾਰਟੀ ਨੇ ਇਲੈਕਸ਼ਨਾਂ ਵਿਚ ਇਹ ਮੰਨਿਆਂ ਸੀ ਕਿ ਅੰਤਰਮ ਰਲੀਫ ਸੈਂਟਰਲ ਪੱਧਰ ਤੇ ਦਿਤਾ ਜਾਵੇਗਾ ਤਾਂ ਫਿਰ ਹੁਣ ਕਿਉਂ ਇਸ ਬਾਰੇ ਇਹ ਮੁਨਕਰ ਹੋ ਰਹੇ ਹਨ। ਹਰ ਇਕ ਪਾਰਟੀ ਨੇ ਉਸ ਵੇਲੇ ਇਲੈਕਸ਼ਨਾਂ ਵੇਲੇ ਅੰਤਰਮ ਰਲੀਫ ਦੇਣ ਬਾਰੇ ਕਿਹਾ ਸੀ। ਸਰਕਾਰ ਨੂੰ ਚਾਹੀਦਾ ਹੈ ਕਿ ਮਾਰਚ, 1970 ਤੋਂ ਅੰਤਰਮ ਰਲੀਫ ਸੈਂਟਰਲ ਪਧਰ ਤੇ ਦੇ ਦੇਵੇ (ਥੰਪਿੰਗ ਆਪੋਜ਼ੀਸ਼ਨ ਵਲੋਂ) ਇਸ ਤਰ੍ਹਾਂ ਨਾਲ ਮੁਲਾਜ਼ਮਾਂ ਵਿਚ ਖਾਸ ਕਰਕੇ ਟੀਚਰਾਂ ਵਿਚ (ਸ਼ੋਰ) (ਵਿਘਨ) ਬੜਾ ਰੋਸ਼ ਪਾਇਆ ਜਾ ਰਿਹਾ ਹੈ।

ਇੱਕ ਆਵਾਜ਼ : ਅੰਤਰਮ ਰਲੀਫ ਕੀ ਹੈ ?

ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ : ਇਸ ਬਾਰੇ ਵੀ ਮੈਂ ਜ਼ਰੂਰ ਦਸਾਂਗਾ। (ਘੰਟੀ) ਕੋਠਾਰੀ ਕਮਿਸ਼ਨ ਸਬੰਧੀ ਰਹੀਆਂ ਤਰੁਟੀਆਂ ਨੂੰ ਦੂਰ ਕਰਨਾ ਚਾਹੀਦਾ ਹੈ।

ਟਰਾਂਸਪੋਰਟ ਨੂੰ ਕੌਮੀਕਰਨ ਕਰਨ ਬਾਰੇ ਮੈਂ ਅਰਜ਼ ਕਰਾਂ ਕਿ ਇਸ ਸਬੰਧ ਵਿਚ ਕੋਈ ਪੈਸਾ ਨਹੀਂ ਰਖਿਆ ਗਿਆ ਸਗੋਂ ਟਰਾਂਸਪੋਰਟ/ਰੋਡਵੇਜ਼ ਨੂੰ ਕਾਰਪੋਸ਼ਨ ਵਿਚ ਬਦਲਣ ਬਾਰੇ ਕਿਹਾ ਗਿਆ ਹੈ। । ਰੋਡਵੇਜ਼ ਨੂੰ ਕਾਰਪੋਰੇਸ਼ਨ ਵਿਚ ਬਦਲਣ ਨਾਲ ਇਨ੍ਹਾਂ ਦੇ ਵਰਕਰਾਂ ਦੀ ਮੰਗਾਂ ਤੇ ਛਾਪਾ ਮਾਰਿਆ ਗਿਆ ਹੈ। ਸਪੀਕਰ ਸਾਹਿਬ, ਇਹ ਜਿਹੜਾ ਬਜਟ ਹੈ ਇਹ ਬਿਲਕੁਲ ਪੁਰਾਣਾ ਹੈ। ਇਹ ਬੋਤਲ ਵੀ ਪੁਰਾਣੀ ਹੈ। (ਸ਼ੋਰ) (ਵਿਘਨ) ਜਿਹੜਾ ਤੁਸੀਂ ਇਲੈਕਸ਼ਨਾਂ ਵੇਲੇ ਵਿਰਕੇ ਲੋਕਾਂ ਨਾਲ ਵਾਇਦੇ ਕਰਕੇ, ਇਹ ਕੁਰਸੀਆਂ ਸਾਂਭੀਆਂ ਹਨ, ਇਹ ਬਜਟ ਉਨ੍ਹਾਂ ਲੋਕਾਂ ਲਈ, ਮਜ਼ਦੂਰਾਂ ਲਈ, ਮੁਲਾਜ਼ਮਾਂ ਲਈ ਅਤੇ ਕਿਸਾਨਾਂ ਲਈ ਹਾਨੀਕਾਰਕ ਹੈ। ਇਹ ਬਜਟ ਉਨ੍ਹਾਂ ਗਰੀਬ ਲੋਕਾਂ ਦੇ ਵਿਰੁਧ ਹੈ। (ਥੰਪਿੰਗ ਆਪੋਜ਼ੀਸ਼ਨ ਵਲੋਂ)

ਮੈਂ ਕੁਝ ਆਪਣੇ ਹਲਕੇ ਦੀ ਮੰਗ ਪੇਸ਼ ਕਰਨਾਂ ਚਾਹੁੰਦਾ ਹਾਂ। ਮੇਰਾ ਹਲਕਾ ਸ਼ੇਰਪੁਰ, ਇਹ ਬਹੁਤ ਪਛੜਿਆ ਹੋਇਆ ਇਲਾਕਾ ਹੈ। ਉਥੇ ਸਿਰਫ ਇਕ ਸੜਕ ਹੈ ਅਤੇ ਇਕ ਹਸਪਤਾਲ ਹੈ। ਬਿਜਲੀ ਦਾ ਉਥੇ ਕੋਈ ਪਰਬੰਧ ਨਹੀਂ ਹੈ। ਉਥੇ ਕੋਈ ਵੀ ਵੀਰ ਜਾਂ ਕੋਈ ਵੀ ਅਜਿਹਾ ਆਦਮੀ ਨਹੀਂ ਜਿਸ ਦੀ ਇੱਜ਼ਤ ਮਹਿਫੂਜ਼ ਹੋਵੇ। ਸ਼ੇਰਪੁਰ ਥਾਨੇ ਵਿਚ ਜਾਗੀਰ ਸਿੰਘ ਥਾਨੇਦਾਰ ਨੇ ਧਾਂਦਲੀ ਮਚਾਈ ਹੋਈ ਹੈ। ਇਸ ਦੀ ਅਦਾਲਤੀ ਜਾਂਚ ਕਰਾਈ ਜਾਵੇ।

5-20 p.m. (ਇਸ ਸਮੇਂ ਸ੍ਰੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ)

ਵਿੱਤ ਮੰਤਰੀ (ਸ੍ਰੀ ਹੰਸ ਰਾਜ ਸ਼ਰਮਾ) : ਸਪੀਕਰ ਸਾਹਿਬ, ਇਹ ਜਿਹੜਾ ਬੱਜਟ ਤਿੰਨ ਮਹੀਨਿਆਂ ਵਾਸਤੇ ਵੋਟ-ਆਨ-ਅਕਾਉਂਟ ਪੇਸ਼ ਕੀਤਾ ਗਿਆ ਹੈ, ਇਹ ਤਿੰਨ ਮਹੀਨਿਆਂ ਵਾਸਤੇ ਹੈ ਅਤੇ ਅਸਲੀ ਬੱਜਟ ਤੁਹਾਡੇ ਸਾਹਮਣੇ, ਸਦਨ ਦੇ ਸਾਹਮਣੇ ਫਿਰ ਆਵੇਗਾ ਅਤੇ ਉਸ ਦੇ ਉਤੇ ਸਾਰਿਆਂ ਨੂੰ ਬਹਿਸ ਕਰਨ ਦਾ ਮੌਕਾ ਮਿਲੇਗਾ । ਅੱਜ ਬਹੁਤ ਸਾਰੇ ਮੈਂਬਰ ਸਾਹਿਬਾਨ, ਆਪੋਜ਼ੀਸ਼ਨ ਵੱਲੋਂ ਅਤੇ ਹੋਰਨਾਂ ਨੇ ਆਪਣੇ ਆਪਣੇ ਵਿਚਾਰ ਪੇਸ਼ ਕੀਤੇ ਹਨ । ਲੇਕਿਨ ਕੁਝ ਐਸੇ ਪੁਆਇੰਟਸ ਮੇਰੇ ਦੋਸਤਾਂ ਨੇ ਰੱਖੇ ਹਨ ਜਿਥੋਂ ਇਹ ਜ਼ਾਹਿਰ ਹੁੰਦਾ ਹੈ ਕਿ ਉਨ੍ਹਾਂ ਦਾ ਆਸ਼ਾ ਹੈ ਕਿ ਇਸ ਸਰਕਾਰ ਨੇ ਜੋ ਬੱਜਟ ਵਿਚ ਤਬਦੀਲੀ ਕਰਨੀ ਸੀ ਉਹ ਕਰ ਚੁੱਕੀ ਹੈ ਅਤੇ ਇਹ ਕੋਈ ਆਖਰੀ ਚੀਜ਼ ਹੈ ਜਿਹੜੀ ਪੰਜਾਬ ਦੇ ਸਾਹਮਣੇ ਰੱਖੀ ਗਈ ਹੈ । ਸਪੀਕਰ ਸਾਹਿਬ, ਮੈਂ ਬੜੇ ਅਦਬ ਦੇ ਨਾਲ ਅਰਜ਼ ਕਰਨੀ ਚਾਹੁੰਦਾ ਹਾਂ ਕਿ ਵਕਤ ਦੀ ਬੜੀ ਕਮੀ ਸੀ ਅਤੇ ਇਸ ਵਿਚ ਕੋਈ ਸ਼ਕ ਨਹੀਂ ਕਿ ਅਗਰ ਬੱਜਟ ਛਪਵਾਉਣਾ ਵੀ ਹੁੰਦਾ ਤਾਂ ਐਨਾ ਟਾਈਮ ਨਹੀਂ ਸੀ ਅਤੇ ਸਪੀਚ ਛਪਣ ਲਈ ਵੀ ਟਾਈਮ ਨਹੀਂ ਸੀ । ਫਿਰ ਜਦੋਂ ਵਕਤ ਮਿਲਿਆ ਤਾਂ ਫਿਰ ਜੋ ਸਪੀਚ ਤੁਹਾਡੀ ਸੇਵਾ ਵਿਚ ਰੱਖਾਂਗਾ ਉਸ ਵਿਚ ਤੁਸੀਂ ਅੰਕੜੇ ਦੇਖੋਗੇ । ਜਿਸ ਤਰ੍ਹਾਂ ਮੇਰੇ ਦੋਸਤ ਸਰਦਾਰ ਸੁਰਜੀਤ ਸਿੰਘ, ਬਰਨਾਲਾ ਤੋਂ ਜਿਹੜੇ ਆਏ ਹਨ, ਉਨ੍ਹਾਂ ਨੇ ਕਿਹਾ ਹੈ ਕਿ ਕੁਝ ਚੀਜ਼ਾਂ ਸਪੀਚ ਵਿਚ ਹਨ ਲੇਕਿਨ ਉਨ੍ਹਾਂ ਦੀ ਝਲਕ ਬਾਕੀ ਕਿਤਾਬਾਂ ਵਿਚ ਨਜ਼ਰ ਨਹੀਂ ਆਉਂਦੀ । (ਵਿਘਨ) ਮੈਂ, ਸਪੀਕਰ ਸਾਹਿਬ, ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਵਾਅਦੇ ਕਰਕੇ ਇਹ ਪਾਰਟੀ ਐਨੀ ਬਹੁ-ਗਿਣਤੀ ਵਿਚ ਇਸ ਹਾਊਸ ਵਿਚ ਆਈ ਹੈ, ਉਨ੍ਹਾਂ ਨੂੰ ਮੁਖ ਰੱਖਕੇ ਇਹ ਸਾਰੀ ਤਬਦੀਲੀ ਇਸ ਵਿਚ ਕੀਤੀ ਜਾਵੇਗੀ । ਖਾਸ ਕਰਕੇ ਜਿਹੜੀਆਂ ਚੀਜ਼ਾਂ ਮੈਂ ਤੁਹਾਡੀ ਸੇਵਾ ਵਿਚ ਰੱਖੀਆਂ ਹਨ ਆਪਣੀ ਬਜਟ ਸਪੀਚ ਵਿਚ, ਉਨ੍ਹਾਂ ਤੇ ਜ਼ਿਆਦਾ ਜ਼ੋਰ ਦੇਣ ਵਾਸਤੇ ਕਈ ਜਗ੍ਹਾ ਤਬਦੀਲੀਆਂ ਕਰਨੀਆਂ ਪੈਣਗੀਆਂ । ਜਿਹੜੇ ਅੰਕੜੇ ਤੁਹਾਡੇ ਸਾਹਮਣੇ ਪੇਸ਼ ਕੀਤੇ ਗਏ ਹਨ, ਉਨ੍ਹਾਂ ਵਿਚ ਤਬਦੀਲੀਆਂ ਕਰਨੀਆਂ ਪੈਣਗੀਆਂ । ਉਨ੍ਹਾਂ ਵਿਚ ਵਾਧਾ ਕਰਨਾ ਪਵੇਗਾ । ਮਿਸਾਲ ਦੇ ਤੌਰ ਤੇ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਅਤੇ ਪਿਛਲੇ ਫਾਈਨੈਂਸ ਮਨਿਸਟਰ ਨੇ ਅਤੇ ਮੇਰੇ ਦੋਸਤ ਸਰਦਾਰ ਸੁਰਜੀਤ ਸਿੰਘ ਨੇ ਇਸ ਬਜਟ ਨੂੰ ਕਿਸਾਨ ਦਾ ਵਿਰੋਧੀ ਬਜਟ ਕਿਹਾ ਹੈ । ਹਾਲਾਂ ਕਿ ਮੈਂ ਇਨ੍ਹਾਂ ਦਿਨਾਂ ਵਿਚ ਜਿੰਨੀ ਰਕਮ ਖੇਤੀਬਾੜੀ ਤੇ ਅਤੇ ਬਿਜਲੀ ਤੇ ਅਤੇ ਇਰੀਗੇਸ਼ਨ ਤੇ ਜਾਣ ਬੁਝ ਕੇ ਈਅਰ ਮਾਰਕ ਕੀਤੀ ਹੈ ਉਹ ਸਾਰੇ ਬਜਟ ਦਾ 75 ਪ੍ਰਤੀਸ਼ਤ ਰੁਪਿਆ ਹੈ । (ਤਾੜੀਆਂ) ਇਹ ਮੈਂ ਜਿਹੜੇ ਦੂਸਰੇ ਪਾਸੇ ਮੈਂਬਰ ਬੈਠੇ ਹਨ ਕੋਈ ਉਨ੍ਹਾਂ ਨੂੰ ਖੁਸ਼ ਕਰਨ ਲਈ ਨਹੀਂ ਕਿਹਾ ਬਲਕਿ ਅਸਲੀਅਤ ਹੈ । ਇਹ, ਜਿਹੜਾ ਪੰਜਾਬੀ ਸੂਬਾ ਬਣਿਆ ਹੈ ਅਤੇ ਜਿਸ ਦੀ ਬਹੁਤ ਸਾਰੀ ਧਰਤੀ ਦੂਸਰੇ ਪਾਸੇ ਹਰਿਆਣਾ ਆਦਿ ਵਿਚ ਚਲੀ ਗਈ, ਹੋਰ ਬਹੁਤ ਸਾਰੀ ਜਾਇਦਾਦ ਅਤੇ ਪਹਾੜ ਆਦਿ ਦੂਜੇ ਸੂਬਿਆਂ ਨੂੰ ਚਲੇ ਗਏ ਹਨ, ਇਸ ਸਾਡੇ ਸੂਬੇ ਦੀ ਧਰਤੀ ਬੜੀ ਉਪਜਾਊ ਹੈ ਅਤੇ ਇਹ ਖੇਤੀਬਾੜੀ ਤੇ ਨਿਰਭਰ ਕਰਦਾ ਹੈ । ਇਸ ਲਈ ਜੇ ਖੇਤੀ ਬਾੜੀ ਨੂੰ ਪ੍ਰਫੁਲਤ ਨਾ [illegible] ਗਿਆ, ਅੱਗੇ ਨਾ ਲੈ ਜਾਇਆ ਗਿਆ ਤਾਂ ਇਹ ਸੂਬਾ ਹਮੇਸ਼ਾ ਪਿਛੇ ਰਹੇਗਾ । ਦੂਸਰੀ ਜਿਹੜੀ ਮੈਂ ਇਸ ਸਟੇਟ ਵਿਚ ਦੇਖੀ ਹੈ, ਉਹ ਇਹ ਹੈ ਕਿ ਪਿਛਲੇ ਚਾਰ

[ਵਿੱਤ ਮੰਤਰੀ]

ਪੰਜ ਸਾਲਾਂ ਵਿਚ ਮਸਲਨ 1968 ਦੇ ਅੰਦਰ ਜਿਤਨੇ ਕਾਰਖਾਨੇ ਇਸ ਰਿਆਸਤ ਦੇ ਅੰਦਰ ਚਲਦੇ ਸਨ ਅੱਜ ਉਸ ਦੇ ਨਾਲੋਂ ਘੱਟ ਕਾਰਖਾਨੇ ਚਲ ਰਹੇ ਹਨ । ਜਿੰਨੇ ਮਜ਼ਦੂਰ, ਇੰਪਲਾਈਜ 1968 ਵਿਚ ਕਾਰਖਾਨਿਆਂ ਵਿਚ ਸਨ, ਅੱਜ ਉਸ ਨਾਲੋਂ ਬਹੁਤ ਘੱਟ ਮਜ਼ਦੂਰ ਪੰਜਾਬ ਦੇ ਕਾਰਖਾਨਿਆਂ ਵਿਚ ਇੰਪਲਾਇਡ ਹਨ । ਇਹ ਸਾਰੀ ਇਨਸਟੈਬਿਲਿਟੀ ਦੀ ਵਜ੍ਹਾ ਹੈ ਕਿ ਕੋਈ ਟਿਕਵੀਂ ਸਰਕਾਰ ਇਥੇ ਜਿਆਦਾ ਤਰ 8-9 ਮਹੀਨਿਆਂ ਤੋਂ ਜ਼ਿਆਦਾ ਦੇਰ ਨਹੀਂ ਰਹਿ ਸਕੀ । ਖੇਤੀਬਾੜੀ ਦੀ ਜਾਨ ਇਕ ਹੋਰ ਚੀਜ ਵੀ ਹੈ । ਅਗਰ ਛੋਟੇ ਕਿਸਾਨ, ਬੇਜ਼ਮੀਨੇ ਜਾਂ ਹਰੀਜਨ ਜਾਂ ਦੂਸਰੇ ਮੁਜਾਰੇ ਜਿਨ੍ਹਾਂ ਦੇ ਕੋਲ ਜ਼ਮੀਨ ਬਹੁਤ ਘੱਟ ਹੈ ਅਗਰ ਉਨ੍ਹਾਂ ਦਾ ਸਟੈਂਡਰਡ ਉੱਚਾ ਕਰਨਾ ਹੈ, ਉਨਾਂ ਦੀ ਸੱਚਮੁੱਚ ਮੱਦਦ ਕਰਨੀ ਹੋਵੇ, ਕਿਉਂਕਿ ਜ਼ਮੀਨ ਭਾਰ ਜ਼ਿਆਦਾ ਤਾਂ ਚੁੱਕ ਨਹੀਂ ਸਕਦੀ ਇਕ ਲਿਮਿਟ ਤੱਕ ਹੀ ਜ਼ਮੀਨ ਭਾਰ ਚੁੱਕ ਸਕਦੀ ਹੈ ਇਸ ਲਈ ਮੈਂ ਅਰਜ਼ ਕਰਾਂਗਾ ਕਿ ਜਦ ਤੱਕ ਇੰਡਸਟਰੀਲਾਈਜ਼ਸ਼ਨ ਨਾ ਹੋਵੇ, ਜਦ ਤੱਕ ਕਾਰਖਾਨੇ ਨਾ ਬਣਨ ਉਦੋਂ ਤੱਕ ਸੂਬਾ ਅੱਗੇ ਨਹੀਂ ਜਾ ਸਕਦਾ । (ਤਾੜੀਆਂ) ਇਹ ਜਿਹੜੀ ਮੈਂ ਬੱਜਟ ਸਪੀਚ ਤੁਹਾਡੀ ਸੇਵਾ ਵਿਚ ਰੱਖੀ ਹੈ ਇਸ ਦੇ ਵਿਚ ਆਉਣ ਵਾਲੇ ਦੋ ਤਿੰਨ ਮਹੀਨਿਆਂ ਵਿਚ ਨਵੀਆਂ ਨੀਤੀਆਂ ਲਿਆਂਦੀਆਂ ਜਾਣਗੀਆਂ ਤਾਕਿ ਇਸ ਸੂਬੇ ਨੂੰ ਤਰੱਕੀ ਦੇ ਰਸਤੇ ਤੇ ਲਿਆਂਦਾ ਜਾਵੇ । ਮੇਰਾ ਖਿਆਲ ਹੈ ਕਿ ਆਪੋਜ਼ੀਸ਼ਨ ਨੂੰ ਸ਼ਾਇਦ ਇਹ ਇਲਮ ਨਹੀਂ ਕਿ ਇਸ ਸਰਕਾਰ ਦੇ ਚੀਫ ਮਨਿਸਟਰ ਖੁਦ ਇਕ ਕਿਸਾਨ ਹਨ ਲੇਕਿਨ ਜ਼ਿਮੀਂਦਾਰ ਨਹੀਂ । (ਤਾੜੀਆਂ) ਉਹ 15-16 ਏਕੜ ਜ਼ਮੀਨ ਵਾਲੇ ਕਿਸਾਨ ਹਨ ਪਰ ਵੱਡੇ ਜ਼ਿਮੀਂਦਾਰ ਨਹੀਂ। ਮੈਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਪੰਜਾਬ ਸੂਬੇ ਦੇ ਵਿਚ 97% ਐਸੇ ਲੋਕ ਹਨ ਜਿਨ੍ਹਾਂ ਕੋਲ 20 ਸਟੈਂਡਰਡ ਏਕੜ ਤੋਂ ਘੱਟ ਜ਼ਮੀਨ ਹੈ। ਮੈਂ ਇਸ ਪੁਆਇੰਟ ਤੇ ਦੇਖਿਆ ਹੈ ਕਿ 10 ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨ ਦੀ ਕੀ ਹਾਲਤ ਹੈ, 15 ਏਕੜ ਤੋਂ ਘੱਟ ਵਾਲੇ ਦੀ ਕੀ ਹਾਲਤ ਹੈ ਅਤੇ 20 ਏਕੜ ਤੋਂ ਥੱਲੇ ਵਾਲੇ ਕਿਸਾਨ ਦੀ ਕੀ ਹਾਲਤ ਹੈ ? ਇਹ ਮੇਰੇ ਆਪੋਜ਼ੀਸ਼ਨ ਦੇ ਵੀਰ ਕਹਿੰਦੇ ਹਨ ਕਿ ਇਹ ਬੱਜਟ ਕਿਸਾਨਾਂ ਦੇ ਖਿਲਾਫ ਹੈ ਪਰ ਮੈਨੂੰ ਅਫਸੋਸ ਹੈ ਕਿ ਮੈਂ ਇਹ ਜ਼ਿਮੀਦਾਰਾਂ ਦੇ ਖਿਲਾਫ ਨਹੀਂ ਬਣਾ ਸਕਿਆ । ਇਹ ਬੱਜਟ ਕਿਸਾਨ ਦੇ ਹੱਕ ਵਿਚ ਹੈ । ਇਹ 97% ਜੋ ਕਿਸਾਨ ਹਨ, ਉਨ੍ਹਾਂ ਦੇ ਹੱਕ ਵਿਚ ਹੈ । ਮੈਂ ਕਹਿੰਦਾ ਹਾਂ ਕਿ ਪਹਿਲਾਂ ਜਿਹੜੇ 3% ਵਾਲੇ ਜਿਮੀਂਦਾਰ ਹਨ ਉਨ੍ਹਾਂ ਦੇ ਹੱਥ ਵਿਚ ਇਥੋਂ ਦੀ ਲੀਡਰਸ਼ਿਪ ਰਹੀ ਹੈ ਅਤੇ ਅੱਜ ਇਨ੍ਹਾਂ ਵੱਡੇ ਲੋਕਾਂ ਦੇ ਹੱਥ ਵਿਚੋਂ ਇਹ ਨਿਕਲਕੇ 97% ਜੋ ਲੋਕ ਹਨ, ਉਨਾਂ ਵੱਲ ਜਾ ਰਹੀ ਹੈ । (ਤਾੜੀਆਂ) ਇਸ ਲਈ ਇਹ ਬਜਟ ਐਂਟੀ ਕਿਸਾਨ ਨਹੀਂ ਸਗੋਂ ਇਹ ਪਰੋ ਕਿਸਾਨ ਬੱਜਟ ਹੈ । ਕਿਉਂਕਿ ਬੜੇ ਬੜੇ ਕਾਰਖਾਨੇਦਾਰਾਂ ਦੇ ਲਾਇਸੈਂਸ ਹੁਣ ਲੈਪਸ ਨਹੀਂ ਹੋਣਗੇ । ਤਿਗੜਮਬਾਜ਼ਾਂ ਦੇ ਲਾਈਸੈਂਸ ਹੁਣ ਇਧਰ ਉਧਰ ਨਹੀਂ ਜਾਣਗੇ । ਨਾ ਹੀ ਵਲਾਇਤ ਦੀਆਂ ਸੈਰਾਂ ਹੋਣਗੀਆ । ਟਰੈਕਟਰ ਖਰੀਦਣ ਵਾਸਤੇ ਵਲਾਇਤ ਦੀਆਂ ਸੈਰਾਂ ਹੋਈਆਂ ਹਨ । (ਵਿਘਨ) ਅਮਰੀਕਾ ਦੀਆਂ ਸੈਰਾਂ ਹੋਈਆਂ ਹਨ । (ਤਾੜੀਆਂ) (ਵਿਘਨ) ਸਪੀਕਰ ਸਾਹਿਬ, ਮੈਂ ਬੜੇ ਅਦਬ ਦੇ ਨਾਲ ਤੁਹਾਡੀ ਸੇਵਾ ਵਿਚ ਅਰਜ਼ ਕਰਦਾ ਹਾਂ ਕਿ ਇਥੇ ਇੰਡਸਟਰੀ ਲੱਗੇਗੀ, ਹੈਵੀ ਇੰਡਸਟਰੀ ਲੱਗੇਗੀ । ਹੋਰ ਲਾਈਸੈਂਸ ਲਿਆਂਦੇ ਜਾਣਗੇ (ਤਾੜੀਆਂ) ਛੋਟੇ ਕਿਸਾਨ ਨੂੰ ਬਚਾਇਆ ਜਾਵੇਗਾ । ਛੋਟੀ ਇੰਡਸਟਰੀ ਨੂੰ ਬਚਾਇਆ ਜਾਵੇਗਾ ਕਿਉਂਕਿ ਛੋਟਾ ਕਿਸਾਨ ਅਤੇ ਛੋਟੀ ਇੰਡਸਟਰੀ ਰਹਿ ਨਹੀਂ ਸਕਦੀ ਜਦ ਤੱਕ ਇਸ ਨੂੰ ਵੱਡੀ ਇੰਡਸਟਰੀ ਨਾਲ ਨਾ ਜੋੜਿਆ ਜਾਵੇ । ਇਹ ਦੋਨਾਂ ਕਿਸਮਾਂ ਦੀ ਇੰਡਸਟਰੀ ਦੀ ਮੱਦਦ ਕਰਦੀ ਹੈ । ਮੇਰੇ ਦੋਸਤ

ਸਰਦਾਰ ਸੁਰਜੀਤ ਸਿੰਘ ਨੇ ਕਿਹਾ ਹੈ ਕਿ ਇਹ ਘਾਟਾ ਵੱਧ ਜਾਵੇਗਾ । ਜੋਸ਼ ਸਾਹਿਬ ਨੇ ਇਹ ਪੁਆਇੰਟ ਰੱਖਿਆ ਸੀ ਕਿ ਇਹ ਜਿਹੜਾ ਘਾਟਾ ਹੈ ਇਹ ਮਹਿਕਮੇ ਵਾਲੇ ਘਾਟਾ ਹੀ ਵਿਖਾ ਦਿੰਦੇ ਹਨ ਪਰ ਆਮਦਨ ਵੱਧ ਜਾਵੇਗੀ। ਇਸ ਦੇ ਵਿਚ ਕੋਈ ਸ਼ੱਕ ਨਹੀਂ ਕਿ ਸਾਡੀ ਆਮਦਨ ਵਧੇਗੀ । ਇਸ ਘਾਟੇ ਵਿਚ ਲਾਜ਼ਮੀ ਤੌਰ ਤੇ ਰੈਵੇਨਿਊ ਵਧ ਜਾਵੇਗਾ। ਐਕਸਾਈਜ਼ ਡਿਊਟੀ ਵਧ ਜਾਵੇਗੀ । ਹਿੰਦੁਸਤਾਨ ਦੀਆਂ ਅਖਬਾਰਾਂ ਨੇ, ਪੰਜਾਬ ਦੀਆਂ ਅਖਬਾਰਾਂ ਨੇ ਇਸ ਬੱਜਟ ਦੀ ਸ਼ਲਾਘਾ ਕੀਤੀ ਹੈ, ਤਾਰੀਫ ਕੀਤੀ ਹੈ। ਪਰ ਮੈਨੂੰ ਦੁਖ ਹੈ ਕਿ ਜੋ ਨੁਕਤਾਚੀਨੀ ਕੀਤੀ ਹੈ ਤਾਂ ਜਿਹੜੇ ਮੇਰੇ ਦੋਸਤ ਖਰੜ ਤੋਂ ਆਏ ਹਨ, ਉਨ੍ਹਾਂ ਨੇ ਨੁਕਤਾਚੀਨੀ ਕੀਤੀ ਹੈ ਕਿ ਵੱਡੇ ਜ਼ਿਮੀਂਦਾਰ ਤੇ ਕੋਈ ਟੈਕਸ ਨਹੀਂ ਲਾਇਆ ਅਤੇ ਬੜੇ ਬੜੇ ਸ਼ਹਿਰੀਆਂ ਤੇ ਕੋਈ ਟੈਕਸ ਨਹੀਂ ਲਾਇਆ। ਪਰ ਇਸ ਦੇ ਵਿਚ ਵੀ ਵਜ਼ਨ ਹੈ । (ਤਾੜੀਆਂ) ਇਹ ਜਿਹੜੀ ਐਗਜ਼ੈਂਪਸ਼ਨ ਲੈ ਕੇ ਬਹਾਨਿਆਂ ਨਾਲ ਫਾਰਮ, ਕੋਆਪਰੇਟਿਵ ਫਾਰਮਜ਼ ਅਤੇ ਬਾਗ ਆਦਿ ਲਗਾਏ ਹੋਏ ਹਨ ਅਤੇ ਪਾਣੀ ਛੋਟੇ ਕਿਸਾਨਾਂ ਦਾ ਵਰਤਿਆ ਜਾਂਦਾ ਹੈ ਇਹ ਅਗਲੇ ਤਿੰਨ ਮਹੀਨਿਆਂ ਵਿਚ ਦੇਖਿਆ ਜਾਵੇਗਾ । (ਤਾੜੀਆਂ) (ਵਿਘਨ) (ਸ਼ੋਰ) ਮੈਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਜ਼ਿਹੜਾ ਘਾਟਾ ਦੱਸਿਆ ਗਿਆ ਹੈ, ਜਿਹੜੀ ਸਪੀਚ ਮੈਂ ਤੁਹਾਡੀ ਸੇਵਾ ਵਿਚ ਰੱਖੀ ਸੀ, ਇਸ ਘਾਟੇ ਦਾ ਇੰਤਜ਼ਾਮ ਕੀਤਾ ਜਾ ਰਿਹਾ ਹੈ । ਇਸ ਦੇ ਵਿਚ ਇਕਾਨੋਮੀ ਕੀਤੀ ਜਾਵੇਗੀ ਆਪਣੇ ਬੱਜਟ ਵਿਚ ਅਤੇ ਮਨਿਸਟਰੀ ਛੋਟੀ ਰੱਖੀ ਜਾਵੇਗੀ । (ਤਾੜੀਆਂ) ਇਸ ਦੇ ਇਲਾਵਾ ਹੋਰ ਅਖਰਾਜਾਤ ਕਮ ਕੀਤੇ ਜਾਣਗੇ। ਪੰਜਾਬ ਦੀ ਟਾਪ ਹੈਵੀ ਐਡਮਨਿਸਟਰੇਸ਼ਨ ਬਨਾਉਣ ਵਿਚ ਇਹ ਜਿਹੜੀ ਇਨ੍ਹਾਂ ਦੀ ਜ਼ਿੰਮੇਵਾਰੀ ਹੈ, ਇਸ ਨੂੰ ਹਲਕਾ ਕੀਤਾ ਜਾਵੇਗਾ । (ਤਾੜੀਆਂ) ਜਿਹੜਾ ਰੁਪਿਆ ਪੰਜਾਬ ਦੇ ਕਿਸਾਨਾਂ ਦਾ, ਪੰਜਾਬ ਦੇ ਵਪਾਰੀਆਂ ਦਾ ਇਨ੍ਹਾਂ ਬੈਂਕਾਂ ਵਿਚ ਜਮ੍ਹਾਂ ਹੁੰਦਾ ਹੈ ਉਸ ਦਾ 33% ਰੁਪਿਆ ਪੰਜਾਬ ਦੇ ਅੰਦਰ ਲਗਦਾ ਹੈ । ਅਸੀਂ ਇਨ੍ਹਾਂ ਦੋ ਦਿਨਾਂ ਦੇ ਵਿਚ ਦਿਲੀ ਵਿਚ ਫਾਈਨੈਂਸ ਡੀਪਾਰਟਮੈਂਟ ਦੇ ਵਡੇ ਵਡੇ ਅਫਸਰਾਂ ਨਾਲ ਔਰ ਬੈਂਕ ਦੇ ਵਡੇ ਵਡੇ ਅਫਸਰਾਂ ਨਾਲ ਗਲ ਬਾਤ ਕੀਤੀ ਉਸ ਦੇ ਮੁਤਾਬਕ 50 ਪ੍ਰਤੀਸ਼ਤ ਪੰਜਾਬ ਦੀ ਡੀਵੈਲਪਮੈਂਟ ਤੇ ਖਰਚ ਕਰਨਾ ਚਾਹੀਦਾ ਹੈ । ਅਸੀਂ ਇਹ ਵੀ ਆਸ ਕਰਦੇ ਹਾਂ ਕਿ ਅਸੀਂ 50 ਪ੍ਰਤੀਸ਼ਤ ਤੋਂ ਵੱਧ ਲੈਣ ਦੀ ਕੋਸ਼ਿਸ਼ ਕਰਾਂਗੇ। ਅਗਰ ਸਾਡੇ ਵਿਚ ਇੰਡਸਟਰੀ ਨੂੰ ਵਧਾਉਣ ਦੀ ਸ਼ਕਤੀ ਹੋਵੇਗੀ, ਅਗਰ ਸਾਡੇ ਵਿਚ ਹਿੰਮਤ ਹੋਵੇਗੀ ਤਾਂ ਮੈਂ ਸਮਝਦਾ ਹਾਂ ਗੌਰਮਿੰਟ ਆਫ਼ ਇੰਡੀਆ ਨੂੰ ਸਾਡੀ ਮਦਦ ਕਰਨ ਵਿਚ ਕੋਈ ਇਤਰਾਜ਼ ਨਹੀਂ ਹੋਵੇਗਾ । ਇਸ ਲਈ, ਸਪੀਕਰ ਸਾਹਿਬ, ਘਾਟੇ ਦੇ ਬਾਰੇ ਜਿਹੜਾ ਉਜ਼ਰ ਮੇਰੇ ਦੋਸਤਾਂ ਨੇ ਦਸਿਆ ਹੈ ਸਮਝਦਾ ਹਾਂ ਕਿ ਉਹ ਕਾਫ਼ੀ ਹੱਦ ਤਕ ਦੂਰ ਹੋ ਜਾਵੇਗਾ ।

ਦੂਸਰੀ ਗਲ, ਸਪੀਕਰ ਸਾਹਿਬ, ਮੈਂ ਬੰਗਲਾ ਦੇਸ਼ ਦੇ ਬਾਰੇ ਵਿਚ ਕਹਿਣੀ ਚਾਹੁੰਦਾ ਹਾਂ। ਇਸ ਹਾਊਸ ਨੇ ਬੜੀ ਸ਼ਾਨ ਨਾਲ, ਬੜੀ ਇੱਜ਼ਤ ਨਾਲ ਬੰਗਲਾ ਦੇਸ਼ ਦੇ ਸ਼ਹੀਦਾਂ ਦਾ ਜ਼ਿਕਰ ਕੀਤਾ ਹੈ ਔਰ ਦੋਨਾਂ ਪਾਸਿਉਂ ਸਾਰੀਆਂ ਪਾਰਟੀਆਂ ਦੇ ਮੈਂਬਰਾਂ ਨੇ ਪ੍ਰਧਾਨ ਮੰਤਰੀ ਜੀ ਦੀ ਬੜੀਂ ਤਾਰੀਫ ਕੀਤੀ ਔਰ ਬੰਗਲਾ ਦੇਸ਼ ਦੇ ਸ਼ਹੀਦਾਂ ਦੀ ਤਾਰੀਫ਼ ਕੀਤੀ ਹੈ ਔਰ ਉਨ੍ਹਾਂ ਨੂੰ ਸ਼ਰਧਾਂਜਲੀ ਦਿਤੀ । ਲੇਕਿਨ ਇਕ ਗੱਲ, ਸਪੀਕਰ ਸਾਹਿਬ, ਮੈਂ ਕਹਿਣੀ ਚਾਹੁੰਦਾ ਹਾਂ ਕਿ ਸਿਰਫ ਪ੍ਰਧਾਨ ਮੰਤਰੀ ਜੀ ਦੀ ਤਾਰੀਫ਼ ਕਰਨ ਨਾਲ ਸਾਡੇ ਪੰਜਾਬ ਦੇ ਲੋਕਾਂ ਦਾ ਫਰਜ਼ ਨਹੀਂ ਪੂਰਾ ਹੋ ਜਾਂਦਾ । ਸਪੀਕਰ ਸਾਹਿਬ, ਜਿਥੇ ਪੰਜਾਬ ਹਮੇਸ਼ਾਂ ਇਸ ਸਾਰੇ ਦੇਸ਼ ਦੀ

[ਵਿੱਤ ਮੰਤਰੀ]

ਰਖਸ਼ਾ ਕਰਦਾ ਆਇਆ ਹੈ, ਔਰ ਖੂਨ ਬਹਾਂਦਾ ਰਿਹਾ ਹੈ, ਇੰਡਸਟਰੀਜ਼ ਦਾ ਨੁਕਸਾਨ ਕਰਾਉਂਦਾ ਰਿਹਾ ਹੈ ਉਥੇ ਪੰਜਾਬ ਨੇ ਇਸ ਗੱਲ ਦਾ ਬੀੜਾ ਉਠਾਇਆ ਸੀ ਕਿ ਇਸ ਬੰਗਲਾ ਦੇਸ਼ ਵਾਸਤੇ ਜੋ ਬਾਕੀ ਦੇ ਸੂਬੇ ਦੇਣਗੇ ਅਸੀਂ ਵੀ ਉਤਨਾ ਹੀ ਰੁਪਿਆ ਇਕੱਠਾ ਕਰਕੇ ਦੇਵਾਂਗੇ। ਅੱਜ ਅਸੀਂ ਸਾਰੇ ਜਾਣਦੇ ਹਾਂ ਕਿ ਸ਼ਰਨਾਰਥੀਆਂ ਦਾ ਜਿਹੜਾ ਮਸਲਾ ਹੈ ਉਹ ਹਾਲੀਂ ਤਕ ਪੂਰਾ ਹੱਲ ਨਹੀਂ ਹੋਇਆ। ਬੰਗਲਾ ਦੇਸ਼ ਨੂੰ ਕਿਤਨੀ ਤਬਾਹੀ ਤੋਂ ਬਾਦ ਪਾਕਿਸਤਾਨ ਨੇ ਛਡਿਆ ਹੈ। ਬੰਗਲਾ ਦੇਸ਼ ਵਿਚ ਇੰਡਸਟਰੀ ਦੇ, ਖੇਤੀ ਬਾੜੀ ਦੇ ਮਸਲੇ ਹਨ ਅਸੀਂ ਉਨ੍ਹਾਂ ਦੀ ਮਦਦ ਕਰਨੀ ਹੈ। ਜਦੋਂ ਤਕ ਉਹ ਲੋਕ ਵਸ ਨਹੀਂ ਜਾਂਦੇ ਉਦੋਂ ਤਕ ਹਿੰਦ ਸਰਕਾਰ ਉਨ੍ਹਾਂ ਦੀ ਮਦਦ ਕਰਨਾ ਚਾਹੁੰਦੀ ਹੈ। ਜਦੋਂ ਤਕ ਉਹ ਲੋਕ ਆਪਣੇ ਪੈਰਾਂ ਤੇ ਨਹੀਂ ਖੜ੍ਹੇ ਹੋ ਜਾਂਦੇ, ਹਿੰਦ ਸਰਕਾਰ ਉਨ੍ਹਾਂ ਦੀ ਮਦਦ ਕਰਨਾ ਚਾਹੁੰਦੀ ਹੈ। ਅਸੀਂ ਹਿੰਦ ਸਰਕਾਰ ਨੂੰ ਵਚਨ ਬਧ ਹਾਂ ਕਿ ਅਸੀਂ ਪੈਸਾ ਇਕੱਠਾ ਕਰਕੇ ਦੇਣਾ ਹੈ। ਮੈਂ ਸਮਝਦਾ ਹਾਂ ਕਿ ਜਿਸ ਤਰ੍ਹਾਂ ਮੈਂਬਰ ਸਾਹਿਬਾਨ ਨੇ ਉਨ੍ਹਾਂ ਦੀ ਇਥੇ ਤਾਰੀਫ਼ ਕੀਤੀ ਸੀ ਉਸ ਰੋਸ਼ਨੀ ਵਿਚ ਹੁਣ ਵੀ ਇਸ ਗੱਲ ਨੂੰ ਤੰਗ ਦਿਲੀ ਨਾਲ ਨਹੀਂ ਦੇਖਣਗੇ ਔਰ ਵੱਧ ਤੋਂ ਵੱਧ ਮਦਦ ਕਰਨਗੇ।

ਸਪੀਕਰ ਸਾਹਿਬ, ਇਕ ਬੜਾ ਸਵਾਲ ਇਥੇ ਇਹ ਕੀਤਾ ਗਿਆ ਕਿ ਸਕੂਲਾਂ ਦੀ ਅਪਗਰੇਡਿੰਗ ਵਾਸਤੇ ਕੋਈ ਰੁਪਿਆ ਨਹੀਂ ਰਖਿਆ ਗਿਆ। ਮੈਂ ਪਹਿਲਾਂ ਵੀ ਇਸ ਹਾਊਸ ਵਿਚ ਅਰਜ਼ ਕੀਤਾ ਸੀ ਕਿ 5,000 ਪਿੰਡਾਂ ਵਿਚ ਪ੍ਰਾਇਮਰੀ ਸਕੂਲ ਬਣਾਉਣ ਦਾ ਸਾਡਾ ਨਿਸ਼ਾਨਾ ਹੈ। ਪਰ ਇਸ ਦਾ ਇਹ ਮਤਲਬ ਬਿਲਕੁਲ ਨਹੀਂ ਕਿ ਅਪਗਰੇਡਿੰਗ ਵਾਸਤੇ ਰੁਪਿਆ ਨਾ ਰਖਿਆ ਜਾਵੇ। ਮੈਂ ਹਾਊਸ ਨੂੰ ਸਪੀਕਰ ਸਾਹਿਬ, ਤੁਹਾਡੇ ਰਾਹੀਂ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਅਪਗਰੇਡਿੰਗ ਦੇ ਜਿੰਨੇ ਕੇਸਿਜ਼ ਹੋਣਗੇ ਉਹ ਵੀ ਅਸੀਂ ਕਰਨ ਦੀ ਕੋਸ਼ਿਸ਼ ਕਰਾਂਗੇ। ਵੋਟ ਆਨ ਅਕਾਊਂਟ ਪਾਸ ਹੋਣ ਦੇ ਬਾਦ ਜਿੰਨਾ ਰੁਪਿਆ ਕਿਸੀ ਡਿਪਾਰਟਮੈਂਟ ਪਾਸ ਹੋਵੇਗਾ ਅਸੀਂ ਉਹ ਬਦਲ ਸਕਦੇ ਹਾਂ ਔਰ ਉਹ ਰੁਪਿਆ ਇਧਰੋਂ ਉਧਰੋ ਕੰਮਾਂ ਲਈ ਅਸੀਂ ਖਰਚ ਸਕਦੇ ਹਾਂ। 5,000 ਪ੍ਰਾਇਮਰੀ ਸਕੂਲਾਂ ਦੇ ਖੋਲ੍ਹਣ ਬਾਰੇ ਜੋ ਕਿਹਾ ਹੈ ਮੈਂ ਸਮਝਦਾ ਹਾਂ ਕਿ ਉਹ ਸਕੂਲ ਖੋਲ੍ਹਣੇ ਜ਼ਰੂਰੀ ਹਨ। ਮੈਂ ਸਮਝਦਾ ਹਾਂ ਕਿ ਇਸ ਨਾਲ ਪੰਜਾਬ ਦੀ ਸ਼ਾਨ ਉਚੀ ਹੁੰਦੀ ਹੈ ਕਿਉਂਕਿ ਜਿਹੜੇ ਛੋਟੇ ਬੱਚੇ ਹਨ, ਜਿਹੜੇ 6 ਤੋਂ 11 ਸਾਲ ਦੀ ਉਮਰ ਤਕ ਦੇ ਬੱਚੇ ਹਨ ਉਹ ਵਿਚਾਰੇ 2 ਮੀਲ ਦੀ ਦੂਰੀ ਤੇ ਸਕੂਲ ਨਹੀਂ ਜਾ ਸਕਦੇ ਉਨ੍ਹਾ ਨੂੰ ਸਕੂਲ ਛੱਡਣ ਵਾਸਤੇ ਉਨ੍ਹਾਂ ਦੇ ਨਾਲ ਇਕ ਬੰਦੇ ਨੂੰ ਜਾਣਾ ਪੈਂਦਾ ਹੈ, ਔਰ ਇਸ ਕਰਕੇ ਪ੍ਰਾਇਮਰੀ ਸਕੂਲਾਂ ਦੇ ਖੋਲ੍ਹਣ ਵਲ ਜ਼ਿਆਦਾ ਧਿਆਨ ਦਿਤਾ ਗਿਆ ਹੈ। (ਵਿਘਨ)

ਫਿਰ, ਸਪੀਕਰ ਸਾਹਿਬ, ਇਹ ਗੱਲ ਠੀਕ ਹੈ ਕਿ ਪੌਂਗ ਡੈਮ ਲਈ ਜਿਹੜੀਆਂ ਜ਼ਮੀਨਾਂ ਲਈਆਂ ਸੀ ਉਸ ਲਈ ਕਿਸਾਨਾਂ ਨੂੰ ਜਿਨ੍ਹਾਂ ਦੀਆਂ ਜ਼ਮੀਨਾਂ ਲਈਆਂ ਸੀ ਕਮਪਨਸੈਸ਼ਨ ਜ਼ਿਆਦਾ ਦੇਣਾ ਪਿਆ। ਸਪੀਕਰ ਸਾਹਿਬ, ਮੈਂ ਇਸ ਹਾਊਸ ਨੂੰ ਤੁਹਾਡੀ ਰਾਹੀਂ ਦਸਣਾ ਚਾਹੁੰਦਾ ਹਾਂ ਕਿ ਉਹ ਰੁਪਿਆ ਜਿਹੜਾ ਇਹ ਜ਼ਿਕਰ ਕਰਦੇ ਹਨ ਕਿ ਜ਼ਿਆਦਾ ਕਮਪਨਸੇਸ਼ਨ ਦੇਣਾ ਪਿਆ, ਮੈਂ ਅਰਜ਼ ਕਰਾਂ ਕਿ ਇਨ੍ਹਾਂ ਦੀ ਸਰਕਾਰ ਦੇ ਵੇਲੇ ਇਨ੍ਹਾਂ ਕੋਲੋਂ ਤਾਂ ਅਪੀਲ ਵੀ ਨਹੀਂ ਕੀਤੀ ਗਈ ਔਰ ਉਹ ਟਾਈਮ ਬਾਰਡ ਹੋ ਗਈ। ਪਰ ਫਿਰ ਵੀ ਇਹ ਨਵੀਂ ਸਰਕਾਰ, ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਭਾਰਤ ਸਰਕਾਰ ਨੂੰ ਇਹ ਆਖੇਗੀ ਤੇ ਜ਼ੋਰ ਪਾਵੇਗੀ ਕਿ ਇਸ ਕਮਪੈਨਸੇਸ਼ਨ ਦਾ ਭਾਰ ਸਾਡੇ ਉਪਰ ਨਹੀਂ ਪੈਣਾ ਚਾਹੀਦਾ ਹੈ। (ਥੰਪਿੰਗ) ਸਪੀਕਰ ਸਾਹਿਬ, ਦੂਸਰੀ ਗੱਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਖਰਚਾ

ਅਸੀਂ ਬਿਆਸ ਡੈਮ ਤੇ ਵਾਧੂ ਕੀਤਾ ਹੈ ਉਸ ਦੀ ਵੰਡ ਦੇ ਬਾਰੇ ਵਿਚ ਰਾਜਸਥਾਨ ਤੇ ਹਰਿਆਣਾ ਸਹਿਮਤ ਹੋ ਗਏ ਹਨ ।

ਦੂਸਰੀ ਇਕ ਹੋਰ ਚੀਜ਼ ਹਾਊਸ ਵਿਚ ਜੋ ਅੱਜ ਹੋਈ ਹੈ ਉਹ ਇਹ ਹੈ ਕਿ ਜਿਤਨੀਆਂ ਵੀ ਸਪੀਚਾਂ ਇਥੇ ਹੋਈਆਂ ਹਨ ਕਿਸੇ ਨੇ ਸੀਲਿੰਗ ਔਨ ਅਰਬਨ ਪ੍ਰਾਪਰਟੀ ਦੇ ਬਾਰੇ ਵਿਚ ਨਹੀਂ ਕਿਹਾ । ਅੱਜ ਕਿਸੇ ਨੇ ਇਹ ਨਹੀਂ ਕਿਹਾ ਕਿ ਸ਼ਹਿਰੀ ਪ੍ਰਾਪਰਟੀ ਤੇ ਵੀ ਸੀਲਿੰਗ ਲਾਈ ਜਾਵੇ । ਮੈਂ ਇਸ ਹਾਊਸ ਵਿਚ ਇਹ ਦਸਣਾ ਚਾਹੁੰਦਾ ਹਾਂ ਕਿ ਪਿੰਡਾਂ ਦੇ ਅੰਦਰ ਲੈਂਡ ਰੀਫਾਰਮ ਦਾ ਜੋ ਕਾਨੂੰਨ ਲਿਆਵਾਂਗੇ ਉਸ ਦੇ ਲਿਆਉਣ ਤੋਂ ਪਹਿਲਾਂ ਸ਼ਹਿਰਾਂ ਦੇ ਵਾਸਤੇ ਇਸ ਸਦਨ ਵਿਚ ਰੈਜ਼ੋਲਿਊਸ਼ਨ ਕਿ ਸ਼ਹਿਰਾਂ ਵਿਚ ਜਿਨ੍ਹਾਂ ਦੀਆਂ ਵੱਡੀਆਂ ਵੱਡੀਆਂ ਜਾਇਦਾਦਾਂ ਹਨ, ਜਿਨ੍ਹਾਂ ਦਾ ਗਠ ਜੋੜ ਤੁਹਾਡੇ ਨਾਲ (ਅਕਾਲੀ ਪਾਰਟੀ ਵਲ ਇਸ਼ਾਰਾ ਕਰਦੇ ਹੋਏ) ਰਿਹਾ ਹੈ, ਲਿਆਵਾਂਗੇ । (ਵਿਘਨ)

ਸਪੀਕਰ ਸਾਹਿਬ, ਗਿਆਨੀ ਜ਼ੈਲ ਸਿੰਘ ਜੀ ਦੀ ਵਜ਼ਾਰਤ ਨੇ ਇਹ ਅੱਜ ਹਲਫ ਲਿਆ ਹੈ ਕਿ, ਇਨ੍ਹਾਂ ਨੇ ਜਿਹੜਾ ਪਿੰਡਾਂ ਵਾਲਿਆਂ ਨੂੰ ਭੁਲੇਖੇ ਵਿਚ ਪਾਉਣ ਲਈ ਕਿਹਾ ਸੀ, ਪਿੰਡਾਂ ਦੀ ਤਰੱਕੀ, ਖਾਸ ਕਰਕੇ ਹਰੀਜਨ ਭਰਾਵਾਂ ਦੀ ਅਸੀਂ ਤਰੱਕੀ ਕਰਨੀ ਹੈ । ਅੱਜ ਇਹ ਹਰੀਜਨਾਂ ਦੇ ਹਮਦਰਦ ਬਣ ਗਏ, ਅੱਜ ਇਹ ਮੁਲਾਜ਼ਮਾਂ ਦੇ ਦਰਦੀ ਬਣ ਬੈਠੇ ਹਨ । ਅੱਜ ਇਨ੍ਹਾਂ ਨੂੰ ਇਮਪਲਾਈਜ਼ ਦਾ ਦਰਦ ਹੈ, ਹਰੀਜਨਾਂ ਦਾ ਦਰਦ ਹੈ । ਸ਼ਪੀਕਰ ਸਾਹਿਬ, ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਪਿਛਲੀ ਅਕਾਲੀ ਸਰਕਾਰ ਨੇ ਇਵੈਕਿਯੂ ਲੈਂਡ ਦੀ ਆਕਸ਼ਨ ਦਾ ਜੋ ਫੈਸਲਾ ਕੀਤਾ ਸੀ ਕਿ ਜ਼ਮੀਨ ਦੀ ਬੋਲੀ ਕੀਤੀ ਜਾਵੇ ਔਰ ਬੋਲੀ ਕਰਾਉਣ ਦੇ ਪਿਛੇ ਜਿਹੜੇ ਮਗਰਮਛ ਲਗੇ ਹੋਏ ਸੀ (ਵਿਘਨ) ਇਸ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਆਕਸ਼ਨ ਨੂੰ ਰੋਕਿਆ ਜਾਵੇ ਔਰ ਇਹ ਆਕਸ਼ਨ ਨਹੀਂ ਹੋਵੇਗੀ । (ਸਰਕਾਰੀ ਬੈਂਚਾਂ ਵਲੋਂ ਤਾੜੀਆਂ) (ਵਿਘਨ) (ਸਰਦਾਰ ਅਜਾਇਬ ਸਿੰਘ ਸਿੰਧੂ ਵਲੋਂ ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : * * * *

Mr. Speaker : Please resume your seat. (Noise) Whatever Sardar Ajaib Singh Sandhu is saying without the permission of the Chair should not be recorded).

(At this stage Sardar Ajaib Singh Sandhu again rose to speak.)

Minister for Finance (Shri Hans Raj Sharma) : I do not give way. He can't stand up. ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਮਪਲਾਈਜ਼ ਦੇ ਬਾਰੇ ਵੀ ਇਥੇ ਬੜਾ ਡਰਾਮਾ ਕੀਤਾ ਗਿਆ ਹੈ । ਗੌਰਮਿੰਟ ਇਮਪਲਾਈਜ਼ ਦੇ ਨਾਲ ਜਿੰਨਾ ਧੱਕਾ ਇਸ ਸਟੇਟ ਵਿਚ ਹੋਇਆ ਹੈ, ਟਰਾਂਸਫਰਜ਼ ਦੇ ਮਾਮਲੇ ਵਿਚ ਔਰ ਰਿਲੀਫ ਦੇਣ ਦੇ ਮਾਮਲੇ ਵਿਚ, ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦਾ ਧੱਕਾ ਕਦੇ ਵੀ ਨਹੀਂ ਹੋਇਆ । ਲੇਕਿਨ ਇਸ ਸਰਕਾਰ ਨੇ ਫੈਸਲਾ ਕੀਤਾ ਹੈ ਔਰ ਸੀ. ਪੀ. ਆਈ. (ਐਮ.) ਦੇ ਮੈਂਬਰ ਨੂੰ ਕੋਈ ਤੌਖਲਾ ਇਸ ਬਾਰੇ ਨਹੀਂ ਹੋਣਾ ਚਾਹੀਦਾ ਹੈ ।

*Not recorded as ordered by the Chair.

[ਵਿੱਤ ਮੰਤਰੀ]

ਗੌਰਮੈਂਟ ਮੁਲਾਜ਼ਮਾਂ ਵਿਚ ਕੋਈ ਫੁਟ ਨਹੀਂ ਪਾਉਣਾ ਚਾਹੁੰਦੀ। ਗੌਰਮੈਂਟ ਨੇ ਸਮੁਚੇ ਤੌਰ ਤੇ ਐਮਪਲਾਈਜ਼ ਦੇ ਨੁਮਾਇੰਦਿਆਂ ਨੂੰ ਲਿਆ ਹੈ। (ਵਿਘਨ) ਗੌਰਮੈਂਟ ਨੇ ਇਹ ਫੈਸਲਾ ਕੀਤਾ ਹੈ ਕਿ ਇਮਪਲਾਈਜ਼ ਨੂੰ ਰਿਲੀਫ਼ ਪੂਰਾ ਦਿਆਂਗੇ ਔਰ ਦਿੱਲੀ ਸਰਕਾਰ ਦੇ ਫ਼ੈਸਲੇ ਅਨੁਸਾਰ ਦਿਆਂਗੇ। (ਵਿਘਨ) ਮੈਂ ਸਪੀਕਰ ਸਾਹਿਬ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਨਟੈਰਮ ਰਿਲੀਫ਼ ਦਾ ਲਫਜ਼ ਇਸ ਵਾਸਤੇ ਇਸਤੇਮਾਲ ਨਹੀਂ ਕੀਤਾ ਗਿਆ ਹੈ, ਕਿਉਂਕਿ ਇੰਟੈਰਮ ਉਹ ਹੁੰਦਾ ਹੈ ਜੇ ਕੋਈ ਕਮਿਸ਼ਨ ਬੈਠਾ ਹੋਵੇ ਅਤੇ ਉਸ ਦੀ ਰਿਪੋਰਟ ਦੇਣ ਤੋਂ ਪਹਿਲਾਂ ਕੋਈ ਰਿਲੀਫ਼ ਦਿਤਾ ਜਾਏ। ਪੰਜਾਬ ਵਿਚ ਕੋਈ ਕਮਿਸ਼ਨ ਨਹੀਂ ਬੈਠਾ ਹੋਇਆ, ਗੌਰਮੈਂਟ ਆਫ਼ ਇੰਡੀਆ ਨੇ ਕਮਿਸ਼ਨ ਮੁਕਰਰ ਕੀਤਾ ਹੈ ਇਸ ਕਰਕੇ ਉਸ ਨੇ ਇਸ ਦਾ ਨਾਉਂ ਇੰਟੈਰਮ ਰਿਲੀਫ਼ ਦਿਤਾ ਹੈ। ਮੈਂ ਐਮਪਲਾਈਜ਼ ਨੂੰ ਰਿਲੀਫ਼ ਦਿਆਂਗਾ ਜਿਹੜਾ ਇੰਟੈਰਮ ਰਿਲੀਫ਼ ਤੋਂ ਘੱਟ ਨਹੀਂ ਹੋਵੇਗਾ। ਮੈਂ ਸਮਝਦਾ ਹਾਂ ਕਿ ਹੁਣ ਇਨ੍ਹਾਂ ਦਾ ਤੌਖਲਾ ਘੱਟ ਗਿਆ ਹੈ। ਇੰਟੈਰਮ ਦੇ ਨਾਂ ਤੇ ਲੋਕਾਂ ਨੂੰ ਭੁਲੇਖੇ ਵਿਚ ਪਾਈ ਜਾਂਦੇ ਸੀ। (ਵਿਘਨ) (ਆਪੋਜ਼ੀਸ਼ਨ ਦੇ ਬੈਂਚਿਜ਼ ਵਲੋਂ ਆਵਾਜ਼ਾਂ : (ਇੰਟੈਰਮ ਦਿਉ) ਅਸੀਂ ਦੇਣਾ ਹੈ ਔਰ ਜਿਹੜੀ ਕਮੇਟੀ ਇਸ ਸਿਲਸਿਲੇ ਵਿਚ ਬਣਾਈ ਗਈ ਹੈ, ਉਸ ਦੀਆਂ ਮੀਟਿੰਗਜ਼ ਵੀ ਸ਼ੁਰੂ ਹੋ ਗਈਆਂ ਹਨ।

ਸ੍ਰੀ ਸਪੀਕਰ : ਹੁਣ ਵਾਈਂਡ ਅੱਪ ਕਰ ਦਿਉ। (Please wind up now.)

ਵਿੱਤ ਮੰਤਰੀ : ਬਸ ਜੀ ਮੈਂ ਇਕ ਮਿੰਟ ਵਿਚ ਖ਼ਤਮ ਕਰ ਦਿੰਦਾ ਹਾਂ। (ਵਿਘਨ)

ਹੁਣ ਸਪੀਕਰ ਸਾਹਿਬ, ਮੈਂ ਹਰੀਜਨਾਂ ਦੀਆਂ ਧਰਮਸ਼ਾਲਾਵਾਂ ਬਾਰੇ ਅਰਜ਼ ਕਰਾਂਗਾ। ਹਰੀਜਨਾਂ ਦੀਆਂ ਧਰਮਸ਼ਾਲਾਵਾਂ ਬਨਾਉਣ ਦਾ ਪ੍ਰੋਗਰਾਮ ਅਸੀਂ ਇਕ ਹਜ਼ਾਰ ਪਿੰਡਾਂ ਵਿਚ ਰਖਿਆ ਹੈ। ਜੇ ਇਹ ਕਹਿਣਗੇ ਕਿ ਹਜ਼ਾਰ ਪਿੰਡ ਥੋੜੇ ਹਨ ਤਾਂ ਉਨ੍ਹਾਂ ਦੇ ਮੁਕਾਬਲੇ ਵਿਚ ਹੋਰ ਜ਼ਿਆਦਾ ਰੁਪਈਆ ਦਿਆਂਗੇ (ਥੰਪਿੰਗ)

ਇਕ ਗਲ ਹੋਰ, ਸਪੀਕਰ ਸਾਹਿਬ, ਸਮਾਜਵਾਦੀ ਨਕਸ਼ੇ ਨੂੰ ਲੈ ਕੇ, ਅਰਜ਼ ਕਰਾਂਗਾ, ਇਹ ਵੀ ਇਲੈਕਸ਼ਨਜ਼ ਲੜ ਕੇ ਆਏ ਹਨ, ਤੁਸੀਂ ਵੀ ਇਲੈਕਸ਼ਨ ਲੜ ਕੇ ਆਏ ਹੋ ਅਸੀਂ ਵੀ ਇਲੈਕਸ਼ਨਜ਼ ਲੜ ਕੇ ਆਏ ਹਾਂ। ਅਸੀਂ ਹਰੀਜਨਾਂ ਦੀਆਂ ਮਾਜਰੀਆਂ ਵਿਚ ਗਏ, ਉਨ੍ਹਾਂ ਦੀਆਂ ਬਸਤੀਆਂ ਵਿਚ ਗਏ ਉਥੇ ਬਹੁਤ ਹੀ ਗੰਦ ਸੀ। ਗਲੀਆਂ ਕੱਚੀਆਂ, ਨਾਲੀਆਂ ਕੱਚੀਆਂ, ਉਥੇ ਲੰਘਣ ਨੂੰ ਰਸਤਾ ਨਹੀਂ ਸੀ ਮਿਲਦਾ। ਮੈਂ ਆਪਣੀ ਬਜਟ ਸਪੀਚ ਵਿਚ ਜ਼ਿਕਰ ਕੀਤਾ ਹੈ ਕਿ ਉਹ ਅਸੀਂ ਪਕੀਆਂ ਕਰਾਂਗੇ ਔਰ ਜਿਹੜੀਆਂ ਸੜਕਾਂ ਦਾ ਟੀਚਾ ਰਖਿਆ ਹੈ....ਵਿਘਨ। ਮੈਂ ਇਕ ਗੱਲ ਦੱਸ ਦਿੰਦਾ ਹਾਂ ਕਿ ਹਾਊਸਿੰਗ ਬੋਰਡ ਬਹੁਤ ਜਲਦੀ ਬਣ ਰਿਹਾ ਹੈ। ਅਸੀਂ ਦੋ ਕਰੋੜ ਸੈਂਟਰ ਤੋਂ ਲਿਆਵਾਂਗੇ। ਸੈਂਟਰ ਸਰਕਾਰ ਨੇ ਕਿਹਾ ਹੈ ਕਿ ਗਰੀਬਾਂ ਵਾਸਤੇ ਪੰਜ ਸੌ ਤੋਂ ਘੱਟ ਆਮਦਨ ਵਾਲੇ ਵਾਸਤੇ ਅਗਰ ਹੋਰ ਦੋ ਕਰੋੜ ਚਾਹੀਦਾ ਹੈ ਤਾਂ ਵੀ ਦਿਆਂਗੇ। ਕੋਈ ਐਸਾ ਗਰੀਬ ਪੰਜ ਸੌ ਤੋਂ ਹੇਠਾਂ ਆਮਦਨੀ ਵਾਲਾ ਨਹੀਂ ਹੋਵੇਗਾ ਜਿਸ ਦੇ ਕੋਲ ਮਕਾਨ ਨਹੀਂ ਹੋਵੇਗਾ। (ਵਿਘਨ) ਲੋਕਾਂ ਨੇ ਜਿਹੜਾ ਫਤਵਾ ਇਸ ਪਾਰਟੀ ਦੇ ਹਕ ਵਿਚ ਦਿਤਾ ਹੈ ਔਰ ਉਸ ਪਾਰਟੀ ਦੇ ਹਕ ਵਿਚ ਦਿਤਾ ਹੈ, 13 ਵਿਚੋਂ 10 ਆਏ ਹਨ, ਉਹ ਤੁਹਾਡੇ ਸਾਮ੍ਹਣੇ ਹੈ। ਅਸੀਂ ਲੋਕਾਂ ਨਾਲ ਵਚਨ ਬੱਧ ਹਾਂ ਅਸੀਂ ਲੋਕਾਂ ਨੂੰ ਜ਼ਰੂਰੀ ਸਹੂਲਿਆਤ ਦਿਆਂਗੇ। (ਵਿਘਨ) ਅੰਤ ਵਿਚ, ਸਪੀਕਰ ਸਾਹਿਬ, ਮੈਂ ਅਰਜ਼ ਕਰਾਂਗਾ ਕਿ ਇਸ ਵੋਟ ਆਨ ਅਕਾਉਂਟ ਨੂੰ ਪਾਸ ਕਰ ਦਿਤਾ ਜਾਏ।

Mr. Speaker : Question is—

That Vote-on-Account for three months (viz., April, May and June, 1972) amounting to Rs. 2,72,73,67,750 as in the attached Schedule be taken into consideration at once and passed.

The motion was carried.

SCHEDULE

Demand number	Heads of Accounts		Amount required on Account	
		Voted	*Charged*	Total
	EXPENDITURE MET FROM REVENUE			
	A—Collection of Taxes, Duties and other Principal Heads of Revenues	Rs.	Rs.	Rs.
1	9—Land Revenue ..	50,28,650	*17,650*	50,46,300
2	10—State Excise Duties ..	13,04,800	*5,000*	13,09,800
3	11—Taxes on Vehicles ..	2,39,900	..	2,39,900
4	12—Sales Tax ..	16,42,400	*2,500*	16,44,900
5	13—Other Taxes and Duties ..	8,24,000	*800*	8,24,800
6	14—Stamps ..	1,97,900	..	1,97,900
7	15—Registration Fees ..	13,900	..	13,900
	Total ..	92,51,550	*25,950*	92,77,500
	B—Debt Services			
	16—Interest on Debt and other Obligations ..	..	*6,33,87,000*	6,33,87,000
	Total ..	..	*6,33,87,000*	6,33,87,000
	C—Administrative Services			
8	18—Parliament, State and Union Territory Legislatures ..	12,11,900	*17,600*	12,29,500
9	19—General Administration ..	1,41,48,500	*3,15,700*	1,44,64,200
10	21—Administration of Justice ..	23,47,600	*6,51,600*	29,99,200
11	22—Jails ..	33,77,500	..	33,77,500
12	23—Police ..	2,66,83,400	*12,800*	2,66,96,200
13	25—Supplies and Disposals ..	1,39,950	*2,500*	1,42,450
14	26—Miscellaneous Departments ..	16,91,300	..	16,91,300
	Total ..	4,96,00,150	*10,00,200*	5,06,00,350

[Minister of Finance]

Demand number	Heads of Account	Amount required on Account Voted	Charged	Total
		Rs.	Rs.	Rs.
	D—Social and Development Services			
15	27 Scientific Departments	.. 1,81,300	..	1,81,300
16	28—Education	.. 8,90,59,900	*14,85,200*	9,05,45,100
17	29—Medical	.. 1,53,65,800	..	1,53,65,800
18	30—Public Health	.. 1,36,53,000	..	1,36,53,000
19	30-A—Family Planning	.. 43,72,200	..	43,72,200
20	31—Agriculture	.. 2,17,26,500	..	2,17,26,500
21	33—Animal Husbandry	.. 65,83,200	..	65,83,200
22	34—Co-operation	.. 50,36.870	*750*	50,37,620
23	35—Industries	.. 44,21,500	..	44,21,500
24	37—Community Development Projects, National Extension Services and Local Development Works	.. 92,45,800	..	92,45,800
25	38—Labour and Employment	.. 64,74,300	..	64,74,300
26	39—Miscellaneous, Social and Developmental Organisations	.. 19,90,100	..	19,90,100
	Total	17,81,10,470	*14,85,950*	17,95,96,420
	E—Multipurpose River Schemes. Irrigation and Electricity Schemes			
27	42—Multipurpose River Schemes—Worker Expenses	... 1,19,33,220	...	1,19,33,2 20
	Total	.. 1,19,33,220	...	1,19,33,220
28	43—Irrigation Navigation, Embankment and Drainage Works (Commercial) / 44—Irrigation, Navigation, Embankment and Drainage Works (Non-Commercial)	1,58,80,50°	...	1,58 ,80 ,500
29	48—Capital Outlay on Irrigation, Navigation, Embankment and Drainage Works	... 51,80,500	...	51,80,500
30	—Charges on Irrigation Establishment	... 93,23,700	...	93,23,700
	Total	...3,03,84,700	...	3,03,84,700

Demand number	Heads of Accounts	Amount required on account Voted	Charged	Total
	F—Public Works (including Roads and Schemes of Miscellaneous Public Improvements)			
		Rs.	Rs.	Rs.
31	50—Public Works ...	3,88,79,000	*42,500*	3,89,21,500
32	Charges on Buildings and Roads Establishments ...	54,17,000	*12,500*	54,29,500
33	52—Capital Ontlay on Public Works ...	7,92,500	...	7,92,500
	Total ...	4,50,88,500	*55,000*	4,51,43,500
	G—Transport and Communications (Other than Roads)			
34	57—Road and Water Transport Schemes ...	2,73,55,400	*20,000*	2,73,75,400
35	60—Capital Outlay on Road and Water Transport Schemes ...	12,50,000	...	12,50,000
	Total ...	2,86,05,400	*20,000*	2,86,25,400
	I—Miscellaneous			
36	64—Famine Relief ...	28,78,930	...	28,78,930
37	65 —Pension and Other Retirement Benefits ...	68,33,480	*27,500*	68,60,980
38	67—Privy Purses and Allowances of Indian Rulers ...	1,63,200	...	1,63,200
39	68—Stati onery and Printing ...	44,83,100	*51,700*	45,34,800
40	70 —Forests ...	36,52,320	...	36,52,320
41	71—Miscellaneous ...	4,39,75,100	*1,320*	4,39,76,420
	Total ...	6,19,86,130	*80,520*	6,20,66,650
	J—Contribution and Miscellaneous Adjustments			
42	76—Other Miscellaneous Compensations and Assignments ...	46,370	...	46,370
	Total ...	46,370	...	46,370
	K—Extraordinary items			
43	78 —Pre-partition Payments ...	500	...	500
	Total ...	500	...	500
	Total Revenue Expenditure ...	41,50,06,990	*6,60,54,620*	48,10,61,610

[Minister for Finance]

Demand number	Heads of Accounts	Amount required on Account Voted	Charged	Total
	Capital Accounts outside the Revenue Account	Rs.	Rs.	Rs.
44	95—Capital Outlay on Schemes of Agricultural Improvement and Research ...	15,64,240	...	15,64,240
45	96—Capital Outlay on Industrial and Economic Development ...	2,15,41,500	...	2,15,41,500
46	98—Capital Outlay on Multipurpose River Schemes ...	4,59,23,100	...	4,59,23,100
47	99—Capital Outlay on Irrigation, Navigation, Embankment and Drainage Works (Commercial) ...	37,89,600	...	37,89,600
48	103—Capital Outlay on Public Works ...	3,47,41,000	*75,000*	3,48,16,000
49	109—Capital Outlay on other works ...	1,87,800	...	1,87,800
50	114—Capital Outlay on Road and Water Transport Schemes ...	83,000	...	83,000
51	120—Payment of Commuted value of Pensions ...	75,000	...	75,000
52	124—Capital Outlay on Schemes of Government Trading	1,34,40,25,900	...	1,34,40,25,900
	Total Capital Account outside the Revenue Account	1,45,19,31,140	*75,000*	1,45,20,06,140
	N—Public Debt			
	Public Debt ...	...	*60,00,00,000*	60,00,00,000
	Total Public Debt ...	...	*60,00,00,000*	60,00,00,000
	Q—Loans and Advances by the State, Union Territory Governments			
53	Loans to Local Funds—Private Parties, etc. Loans to Government Servants, etc.	19,43,00,000	...	19,43,00,000
	Total Q—Loans and Advances	19,43,00,000	...	19,43,00,000
	Grand Total	2,06,12,38,130	*66,61,29,620*	2,72,73,67,750

SUPPLEMENTARY ESTIMATES (SECOND INSTALMENT) 1971-72

Estimates of the Expenditure charged on the Revenues of the State

Mr. Speaker: Now the House will take up the Estimates of the Expenditure charged on the Revenues of the State. If any member wants to discuss the charged item, he may please do so.

ਕਾਮਰੇਡ ਜੰਗੀਰ ਸਿੰਘ ਜੋਗਾ (ਮਾਨਸਾ) : ਸਪੀਕਰ ਸਾਹਿਬ, ਮੈਂ ਗਵਰਨਰ ਸਾਹਿਬ ਦੀ ਮੱਦ ਜਿਸ ਦੇ ਲਈ ਤਕਰੀਬਨ 64 ਹਜਾਰ ਰੁਪਏ ਬਿਜਲੀ ਪਾਣੀ ਲਈ ਰਖੇ ਗਏ ਹਨ, ਇਸ ਦੇ ਹੱਕ ਵਿਚ ਨਹੀਂ (ਵਿਘਨ) ਅਸੀਂ ਤਾਂ ਵੈਸੇ ਵੀ ਗਵਰਨਰ ਸਾਹਿਬ ਦੀ ਬਣਤਰ ਦੇ ਹੱਕ ਵਿਚ ਨਹੀਂ, ਮੈਂ ਸਮਝਦਾ ਹਾਂ ਕਿ ਗਵਰਨਰ ਸਾਡੇ ਰਾਜ ਵਿਚ ਵਾਧੂ ਬੋਝ ਹੈ ਜਦ ਤਕ ਸਾਡਾ ਦੇਸ਼ ਤਰਕੀ ਨਾ ਕਰ ਜਾਏ (ਵਿਘਨ) ਸਾਨੂੰ ਥੋੜੇ ਖਰਚ ਵਿਚ ਰਹਿਣਾ ਚਾਹੀਦਾ ਹੈ। ਮੈਂ ਤਾਂ ਮਨਿਸਟਰਾਂ ਨੂੰ ਵੀ ਕਹਾਂਗਾ ਕਿ ਉਹ ਛੋਟੀਆਂ ਕੋਠੀਆਂ ਵਿਚ ਹੀ ਗੁਜ਼ਾਰਾ ਕਰਨ। ਪਰ ਗਵਰਨਰ ਸਾਹਿਬ ਦਾ ਇਹ ਜਿਹੜਾ 64 ਹਜ਼ਾਰ ਰੁਪਏ ਦਾ ਵਾਧਾ ਹੈ ਹੋਰ ਬਿਜਲੀ ਪਾਣੀ ਦਾ। ਮੈਂ ਸਮਝਦਾ ਹਾਂ ਕਿ ਜਿਹੜਾ ਪਹਿਲਾਂ ਹੀ ਖਰਚ ਹੈ ਉਹ ਕਾਫ਼ੀ ਹੈ ਅਤੇ ਇਸ ਤਰ੍ਹਾਂ ਇਸ ਮੱਦ ਵਿਚ ਹੋਰ ਪ੍ਰੋਵੀਜ਼ਨ ਕਰਨਾ ਲੋਕਾਂ ਉਤੇ ਬਹੁਤ ਜ਼ਿਆਦਾ ਬੋਝ ਹੈ। (ਵਿਘਨ)।

ਸ੍ਰੀ ਸਪੀਕਰ : ਜੋਗਾ ਜੀ, ਗਵਰਨਰ ਸਾਹਿਬ ਹੈਡ ਆਫ਼ ਦੀ ਸਟੇਟ ਨੇ। ਇਹ ਮਾਈਨਰ ਜਿਹੀ ਆਈਟਮ ਹੈ। ਇਸ ਤੇ ਬੋਲਣਾ ਕੋਈ ਬਹੁਤਾ ਚੰਗਾ ਲਗਦਾ ਨਹੀਂ। (*Addressing Comrade Jangir Singh Joga* : The Governor is the Head of the State. It is a minor item and it does not look nice to discuss it),

ਕਾਮਰੇਡ ਜੰਗੀਰ ਸਿੰਘ ਜੋਗਾ : ਮੈਂ ਕਹਿੰਦਾ ਹਾਂ ਕਿ ਇਹ ਜਿਹੜਾ 64 ਹਜ਼ਾਰ ਰੁਪਿਆ ਖਰਚ ਹੋਇਆ ਹੈ, ਅੱਜ ਲੋੜ ਇਸ ਗੱਲ ਦੀ ਹੈ ਕਿ, ਜਿਹੜੇ ਪੰਜਾਬ ਦੇ ਲੋਕ ਬਾਰਡਰ ਦੇ ਇਲਾਕੇ ਵਿਚ ਰਹਿੰਦੇ ਹਨ, ਜਿਹੜੇ ਹਰੀਜਨ ਭਰਾ ਹਨ ਜਿਨ੍ਹਾਂ ਕੋਲ ਝੌਂਪੜੀਆਂ ਨਹੀਂ ਹਨ ਉਨ੍ਹਾਂ ਦੀ ਬਜਾਏ ਇਹ ਗਵੱਰਨਰ ਸਾਹਿਬ ਦੇ ਮਹਲ ਤੇ ਖ਼ਰਚ ਕਰਨਾ, ਮੈਂ ਸਮਝਦਾ ਹਾਂ, ਕਿ ਬਹੁਤ ਹੀ ਅਨਿਆਇ ਦੀ ਗਲ ਹੈ।

ਸਪਲੀਮੈਂਟਰੀ ਗ੍ਰਾਂਟਸ ਦੇ ਵਿਚ ਜਿਥੋਂ ਤਕ ਹੋਮਗਾਰਡਜ਼ ਦਾ ਤਅੱਲੁਕ ਹੈ, ਉਸ ਬਾਰੇ ਮੈਂ ਅਰਜ਼ ਕਰਾਂਗਾ ਕਿ ਜਿਹੜੇ ਹੋਮਗਾਰਡਜ਼ ਦੇ ਲੋਕ ਸ਼ਹੀਦ ਹੋਏ ਹਨ ਉਨ੍ਹਾਂ ਦੇ ਪਰੀਵਾਰਾਂ ਨੂੰ ਪੈਨਸ਼ਨ ਮਿਲਨੀ ਚਾਹੀਦੀ ਹੈ। ਉਨ੍ਹਾਂ ਨੂੰ ਇਹ ਪੈਨਸ਼ਨ ਉਸ ਤਰ੍ਹਾਂ ਮਿਲਣੀ ਚਾਹੀਦੀ ਹੈ ਜਿਸ ਤਰ੍ਹਾਂ ਦੂਸਰਿਆਂ ਨੂੰ ਮਿਲਦੀ ਹੈ। ਇਸ ਤੋਂ ਇਲਾਵਾ ਜਿਹੜੇ ਦੂਸਰੇ ਲੋਕ ਬਾਰਡਰਾਂ ਤੇ ਸ਼ਹੀਦ ਹੋਏ ਹਨ ਉਨ੍ਹਾਂ ਦੇ ਪਰੀਵਾਰਾਂ ਨੂੰ ਵੀ ਪੈਨਸ਼ਨਜ਼ ਮਿਲਨੀਆਂ ਚਾਹੀਦੀਆਂ ਹਨ।

[ਕਾਮਰੇਡ ਜੰਗੀਰ ਸਿੰਘ ਜੋਗਾ]

ਇਸ ਤਰ੍ਹਾਂ, ਸਪੀਕਰ ਸਾਹਿਬ, ਉਨ੍ਹਾਂ ਮੁਲਾਜ਼ਮਾਂ ਦੇ ਲਈ 3.44 ਕਰੋੜ ਰੁਪਏ ਹੋਰ ਰਖੇ ਗਏ ਹਨ, ਜਿਨ੍ਹਾਂ ਨੇ ਬੈਂਕਾਂ ਤੋਂ ਸੂਦ ਤੇ ਰੁਪਏ ਲੈ ਕੇ ਕਣਕ ਖਰੀਦਨੀ ਹੈ। ਕਣਕ ਖਰੀਦਣ ਬਾਰੇ ਮੈਨੂੰ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਨਵੀਂ ਫ਼ਸਲ ਆ ਗਈ ਹੈ। ਹਾਲੇ ਪਹਿਲੇ ਭੰਡਾਰ ਖਾਲੀ ਨਹੀਂ ਹੋਏ। ਸਾਡੇ ਤੇ ਸੂਦ ਪੈਂਦਾ ਹੈ। ਸਾਡੀ ਸਰਕਾਰ ਨੂੰ ਨਵੀਂ ਕਣਕ ਆਉਣ ਤੋਂ ਪਹਿਲਾਂ ਪਹਿਲਾਂ ਇਹ ਸਾਰੇ ਭੰਡਾਰ ਖ਼ਾਲੀ ਕਰ ਦੇਣੇ ਚਾਹੀਦੇ ਹਨ ਤਾਂ ਕਿ ਜਿਹੜੀ ਨਵੀਂ ਕਣਕ ਆਵੇ, ਉਸ ਦੇ ਨਾਲ ਉਹ ਭੰਡਾਰ ਭਰੇ ਜਾ ਸਕਣ। ਜੇ ਉਹ ਭੰਡਾਰ ਖ਼ਾਲੀ ਨਾ ਹੋਏ ਤਾਂ ਜਿਸ ਤਰ੍ਹਾਂ ਅੱਜ ਕਪਾਹ ਤੇ ਨਰਮਾ ਰੁਲਦਾ ਹੈ ਉਸੇ ਤਰ੍ਹਾਂ ਕਣਕ ਵੀ ਰੁਲਦੀ ਰਹੇਗੀ। ਸਪੀਕਰ ਸਾਹਿਬ ਮੈਂ ਤੁਹਾਡੀ ਵਸਾਤਤ ਰਾਹੀਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਉਹ ਸਾਰੇ ਭੰਡਾਰ ਖ਼ਾਲੀ ਕਰਨੇ ਚਾਹੀਦੇ ਹਨ।

ਇਸ ਤੋਂ ਇਲਾਵਾ ਸਪੀਕਰ ਸਾਹਿਬ, ਜਿਹੜੇ ਮੁਲਾਜ਼ਮ ਹਨ ਉਨ੍ਹਾਂ ਨੂੰ ਹਾਊਸ ਰੈਂਟ ਦੇਣ ਬਾਰੇ ਕੈਟੇਗਰੀਜ਼ ਬਣਾਈਆਂ ਗਈਆਂ ਹਨ। ਕੈਟੇਗਰੀ 'ਏ' ਦਾ ਹਾਊਸ ਰੈਂਟ ਸਾਢੇ ਸੱਤ ਪਰਸੈਂਟ ਤੋਂ ਵਧਾ ਕੇ ਸਾਢੇ ਬਾਰ੍ਹਾਂ ਪਰਸੈਂਟ ਕੀਤਾ ਹੈ ਔਰ ਕੈਟੇਗਰੀ 'ਬੀ' ਦਾ ਪੰਜ ਪਰਸੈਂਟ ਤੋਂ ਵਧਾ ਕੇ ਸਾਢ ਸੱਤ ਪਰਸੈਂਟ ਕੀਤਾ ਗਿਆ ਹੈ। ਮੈਂ ਸਮਝਦਾ ਹਾਂ ਕਿ ਜਿਹੜੇ ਬਾਰਡਰ ਦੇ ਇਲਾਕੇ ਦੇ ਕਰਮਚਾਰੀ ਹਨ ਉਨ੍ਹਾਂ ਨੂੰ ਹਾਊਸ ਰੈਂਟ ਦੇ ਸਿਲਸਿਲੇ ਵਿਚ ਕੈਟੇਗਰੀ 'ਏ' ਵਿਚ ਲਿਆਉਣਾ ਚਾਹੀਦਾ ਹੈ (ਵਿਘਨ)। ਜਿਹੜੇ ਬਾਰਡਰ ਤੇ ਕਰਮਚਾਰੀ ਰਹਿੰਦੇ ਹਨ ਉਨ੍ਹਾਂ ਨੂੰ ਬੜੀਆਂ ਮੁਸ਼ਕਲਾਂ ਪੇਸ਼ ਆਉਂਦੀਆਂ ਹਨ। ਉਹ ਆਪਣੀ ਜਾਨ ਨੂੰ ਖ਼ਤਰੇ ਵਿਚ ਪਾ ਕੇ ਉਥੇ ਮੁਲਾਜ਼ਮਤ ਕਰਦੇ ਹਨ। ਇਸ ਲਈ ਉਨ੍ਹਾਂ ਨੂੰ ਕੈਟੇਗਰੀ 'ਏ' ਵਿਚ ਲਿਆਉਣਾ ਚਾਹੀਦਾ ਹੈ।

ਸਪੀਕਰ ਸਾਹਿਬ, ਇਸ ਵਿਚ ਇਕ ਜੇਲ੍ਹਾਂ ਵਾਸਤੇ 5.66 ਲੱਖ ਰੁਪਏ ਰਖੇ ਗਏ ਹਨ। ਸਾਡੇ ਅਕਾਲੀ ਭਰਾ ਬੜਾ ਸ਼ੋਰ ਮਚਾਉਂਦੇ ਹਨ (ਵਿਘਨ) (ਸ਼ੋਰ) ਇਨ੍ਹਾਂ ਦੇ ਵੇਲੇ ਅਸੀਂ ਬੀੜਾਂ ਦਾ ਮੋਰਚਾ ਲਗਾਇਆ ਸੀ, ਇਨ੍ਹਾਂ ਵਲੋਂ ਸਾਨੂੰ 'ਸੀ' ਕਲਾਸ ਦਿਤੀ ਗਈ ਸੀ। ਪਰ ਇਹ ਜੰਗ ਦੇ ਸਮੇਂ ਮੌਜ ਮੇਲੇ ਕਰਦੇ ਰਹੇ ਹਨ। (*Interruptions*)

Mr. Speaker: Please resume your seat. There are 15 demands which are to be discussed today. If the hon. Members agree, all these demands will be deemed to have been read and moved as per past practice.

Has it the approval of the House?

Voices: Yes, Yes.

That a supplementary sum not exceeding Rs. 42,950 be granted to the Governor to defray the charges that will come in course of payment for the year ending 31st March, 1972 in respect of 14—Stamps.

That a Supplementary sum not exceeding Rs. 7,35,000 be granted to the Governor to defray the charges that will come in course of payment for the year ending 31st March, 1972 in respect of 22—Jails.

That a Supplementary sum not exceeding Rs. 21,90,000 be granted to the Governor to defray the charges that will come in course of payment for the year ending 31st March, 1972 in respect of 23—Police.

That a Supplementary sum not exceeding Rs. 11,300 be granted to the Governor to defray the charges that will come in course of payment for the year ending 31st March, 1972 in respect of 25—Supplies and Disposals.

That a Supplementary sum not exceeding Rs. 1,40,560 be granted to the Governor to defray the charges that will come in course of payment for the year ending 31st March, 1972 in respect of 34—Co-operation.

That a Supplementary sum not exceeding Rs. 2,17,24,500 be granted to the Governor to defray the charges that will come in course of payment for the year ending 31st March, 1972 in respect of 48—Capital Outlay on Irrigation, Navigation, Embankment and Drainage Works.

That a Supplementary sum not exceeding Rs. 12,08,37,000 be granted to the Governor to defray the charges that will come in course of payment for the year ending 31st March, 1972 in respect of 50—Public Works.

That a Supplementary sum not exceeding Rs. 23,07,670 be granted to the Governor to defray the charges that will come in course of payment for the year ending 31st March, 1972 in respect of 57—Road and Water Transport Schemes.

That a Supplementary sum not exceeding Rs. 2,78,50,000 be granted to the Governor to defray the charges that will come in course of payment for the year ending 31st March, 1972 in respect of 60—Capital Outlay on Road and Water Transport Schemes.

That a Supplementary sum not exceeding Rs. 63,89,150 be granted to the Governor to defray the charges that will come in course of payment for the year ending 31st March, 1972 in respect of 65—Pensions and Retirement benefits.

That a Supplementary sum not exceeding Rs. 7,50,00,000 be granted to Governor to defray the charges that will come in course of payment for the year ending 31st March, 1972 in respect of 71—Miscellaneous.

That a Supplementary sum not exceeding Rs. 1,00,000 be granted to the Governor to defray the charges that will come in course of payment for the year ending 31st March, 1972 in respect of 120—Payment of Commuted Value of Pensions.

That a Supplementary sum not exceeding Rs. 5,14,98,900 be granted to the Governor to defray the charges that will come in course of payment for the year ending 31st March, 1972 in respect of Loans to Local Funds, Private Parties, etc.

That a Supplementary sum not exceeding Rs. 10 be granted to the Governor to defray the charges that will come in course of payment for the year ending 31st March, 1972 in respect of 96—Capital Outlay on Industrial and Economic Development.

That a Supplementary sum not exceeding Rs. 10 be granted to the Governor to defray the charges that will come in course of payment for the year ending 31st March, 1972 in respect of 103—Capital Outlay on Public Works.

Mr. Speaker : I would request the hon. Members, while raising discussion the demand on which the discussion is sought to be raised may please be indicated by the hon. Member concerned.

ਸਿਖਿਆ ਮੰਤਰੀ : ਸਪੀਕਰ ਸਾਹਿਬ, ਗਿਲੋਟੀਨ ਕਿਸ ਵੇਲੇ ਅਪਲਾਈ ਕਰਨਾ ਹੈ ਜੀ ?

ਸ੍ਰੀ ਸਪੀਕਰ : 6.10 ਤੇ ਗਿਲੋਟੀਨ ਅਪਲਾਈ ਕੀਤਾ ਜਾਵੇਗਾ । (Guillotine will be applied at 6.10 p.m.)

ਸਰਦਾਰ ਜਸਦੇਵ ਸਿੰਘ ਸੰਧੂ (ਡਕਾਲਾ)ਸਪੀਕਰ ਸਾਹਿਬ, ਜਿਹੜੀਆਂ ਸਪਲੀਮੈਂਟਰੀ ਡੀਮਾਂਡਜ਼ ਪੇਸ਼ ਹੋਈਆਂ ਹਨ ਇਨ੍ਹਾਂ ਵਿਚ ਸਭ ਤੋਂ ਪਹਿਲੀ ਗਲ ਤਾਂ ਇਹ ਹੈ ਕਿ ਕਾਮਰੇਡ ਜੰਗੀਰ ਸਿਘ ਜੋਗਾ ਜੀ ਨੇ ਇਤਰਾਜ਼ ਕੀਤਾ ਸੀ ਕਿ ਗਵਰਨਰ ਸਾਹਿਬ ਦੀ ਕੋਠੀ ਲਈ 64 ਹਜ਼ਾਰ 220 ਰੁਪਏ ਰਖੇ ਹਨ । ਜਾਂ ਉਨ੍ਹਾਂ ਲਈ ਕੋਈ ਨਵਾਂ ਮਕਾਨ ਬਣਾਇਆ ਜਾ ਰਿਹਾ ਹੈ। ਇਹ ਗਲਤ ਹੈ । (ਵਿਘਨ)

(ਇਸ ਵੇਲੇ ਸਰਦਾਰ ਅਜਾਇਬ ਸਿੰਘ ਸੰਧੂ ਕੁਝ ਬੋਲ ਰਹੇ ਸਨ)

ਸ੍ਰੀ ਸਪੀਕਰ : ਸੰਧੂ ਸਾਹਿਬ, ਤੁਸੀਂ ਤਾਂ ਪੁਰਾਣੇ ਪਾਰਲੀਮੈਂਟੇਰੀਅਨ ਹੋ । ਤੁਸੀਂ ਤਾਂ ਜਾਣਦੇ ਹੋ ਕਿ ਇਹ ਆਈਟਮ ਖਤਮ ਹੋ ਚੁੱਕੀ ਹੈ । (ਵਿਘਨ) (*Addressing Sardar Ajaib Singh Sandhu* : You are an old parliamentarian. You know that this item is no more under discussion now.)

ਸਰਦਾਰ ਜਸਦੇਵ ਸਿੰਘ ਸੰਧੂ : ਜੋ ਡੀਮਾਂਡਜ਼ ਇਸ ਵੇਲੇ ਸਾਡੇ ਕੋਲੋਂ ਪਾਸ ਕਰਵਾਈਆਂ ਜਾ ਰਹੀਆਂ ਹਨ ਉਨ੍ਹਾਂ ਬਾਰੇ ਮੈਂ ਦੋ-ਤਿੰਨ ਗੱਲਾਂ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ । ਇਨ੍ਹਾਂ ਨੇ ਗਵਰਨਰ ਸਾਹਿਬ ਦੇ ਐਡਰੇਸ ਵਿਚ ਵੀ ਅਤੇ ਇਸ ਬੱਜਟ ਵਿਚ ਵੀ ਇਹ ਜ਼ਿਕਰ ਕੀਤਾ ਹੈ ਕਿ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕੀਤਾ ਜਾਵੇਗਾ। ਸਰਕਾਰ ਨੇ 60.40 ਦੀ ਸਕੀਮ ਨੂੰ ਲਾਗੂ ਕਰਨ ਵਾਸਤੇ ਜੋ ਰਕਮ ਮੰਗੀ ਹੈ ਮੈਂ ਸਮਝਦਾ ਹਾਂ ਕਿ ਸਰਕਾਰ ਇਸ ਪ੍ਰੋਗਰਾਮ ਨੂੰ ਜਿਹੜਾ ਕਿ ਕਈ ਸਾਲਾਂ ਤੋਂ ਬਣਿਆ ਹੋਇਆ ਹੈ ਸਰਕਾਰ ਉਸ ਨੂੰ ਸਹੀ ਤੌਰ ਤੇ ਲਾਗੂ ਕਰਨ ਵਿਚ ਨਾਕਾਮਯਾਬ ਰਹੀ ਹੈ। ਮੈਂ ਸਮਝਦਾ ਹਾਂ ਕਿ ਉਸ ਦੇ ਰਸਤੇ ਵਿਚ ਕਦੀ ਮਹਿਕਮੇ ਵਾਲੇ ਕੋਈ ਰੁਕਾਵਟ ਪਾ ਦਿੰਦੇ ਰਹੇ ਅਤੇ ਕਦੇ ਫਾਇਨੈਂਸ ਘੱਟ ਹੋਣ ਜਾਂ ਹੋਰ ਅੜਚਣਾਂ ਕਾਰਨ ਸਰਕਾਰ ਲਾਗੂ ਨਹੀਂ ਕਰ ਸਕੀ। ਇਸ ਤਰ੍ਹਾਂ ਹੀ ਇਸ ਕੰਮ ਲਈ ਜਿਹੜੀ ਰਕਮ ਰਖੀ ਗਈ ਹੈ ਇਹ ਬਹੁਤ ਥੋੜ੍ਹੀ ਹੈ, ਅਤੇ ਮੈਨੂੰ ਡਰ ਹੈ ਕਿ ਸਰਕਾਰ ਇਸ ਕੰਮ ਨੂੰ ਪੂਰਾ ਨਹੀਂ ਕਰ ਸਕੇਗੀ । ਫਿਰ ਉਹ ਲੋਕ ਜਿਨ੍ਹਾਂ ਨੇ ਰੂਟਸ ਜ਼ਿਆਦਾ ਲਏ ਹੋਏ ਹਨ ਉਨ੍ਹਾਂ ਤੇ ਰੁਕਾਵਟ ਪਾਉਣੀ ਹੈ । (ਵਿਘਨ)

ਸ੍ਰੀ ਸਪੀਕਰ : ਕਿਹੜੀ ਆਈਟਮ ਤੇ ਬੋਲਦੇ ਹੋ ? (ਵਿਘਨ) (On which item the hon. Member is speaking ?)

ਸਰਦਾਰ ਜਸਦੇਵ ਸਿਘ ਸੰਧੂ : ਸਪੀਕਰ ਸਾਹਿਬ, ਮੈਂ ਡੀਮਾਂਡ ਨੰਬਰ 33 ਤੇ ਬੋਲ ਰਿਹਾ ਹਾਂ। ਇਸ ਵਿਚ ਬਾਰਡਰ ਰੋਡਜ਼ ਲਈ ਰਕਮ ਰਖੀ ਗਈ ਹੈ। ਸਟਾਕਸ ਖਰੀਦਣ ਵਾਸਤੇ ਲੋਕ ਨਿਰਮਾਣ ਵਿਭਾਗ ਲਈ 8 ਕਰੋੜ 33 ਲੱਖ ਰੁਪਏ ਮੰਗੇ ਗਏ ਹਨ । ਵੇਖਣਾ ਇਹ ਹੈ ਕਿ ਜਿਹੜੀ ਰਕਮ ਇਸ ਕੰਮ ਲਈ ਮੰਗੀ ਗਈ ਹੈ, ਕੀ ਉਹ ਪ੍ਰਾਪਰਲੀ ਯੂਟੀਲਾਈਜ਼ ਵੀ

ਹੁੰਦੀ ਹੈ ਕਿ ਨਹੀਂ । ਜਿਹੜੀਆਂ ਪਿਛਲੇ ਦੋ ਸਾਲਾਂ ਤੋਂ ਸੜਕਾਂ ਸ਼ੁਰੂ ਹੋਈਆਂ ਹੋਈਆਂ ਹਨ ਉਹ ਉਥੇ ਹੀ ਪਈਆਂ ਹਨ ਔਰ ਪਿਛਲੇ ਸਾਲ ਵਿਚ ਕੋਈ ਨਵੀਂ ਸੜਕ ਸ਼ੁਰੂ ਨਹੀਂ ਹੋਈ। ਇਸ ਲਈ ਮੈਂ ਕਹਾਂਗਾਂ ਕਿ ਕੋਈ ਕੰਮ ਵੀ ਹੱਥ ਵਿਚ ਨਾ ਲਓ ਜਦ ਤਕ ਕਿ ਪਹਿਲਾ ਕੰਮ ਪੂਰਾ ਨਾ ਹੋ ਜਾਵੇ । ਸਰਕਾਰ ਨੇ ਕਿਹਾ ਹੈ ਕਿ ਹਰ ਇਕ ਪਿੰਡ ਲਿੰਕ ਰੋਡ ਰਾਹੀਂ ਮਿਲਾ ਦੇਣਾ ਹੈ ਪਰ ਇਹ ਸਕੀਮ ਕਿਧਰੇ ਕਾਗਜ਼ਾਂ ਵਿਚ ਹੀ ਨਾ ਧਰੀ ਰਹਿ ਜਾਵੇ । ਸਕੀਮਾਂ ਪੂਰੀਆਂ ਹੋਣੀਆਂ ਚਾਹੀਦੀਆਂ ਹਨ । (ਵਿਘਨ)

ਸਪੀਕਰ ਸਾਹਿਬ, ਮੈਂ ਤੁਹਾਡਾ ਇਸ ਗੱਲ ਵਲ ਵੀ ਧਿਆਨ ਦਵਾਉਣਾ ਚਾਹੁੰਦਾ ਹਾਂ ਕਿ ਜਿਹੜੇ ਇੰਡਸਟਰੀਅਲ ਵਰਕਰਜ਼ ਹਨ (ਘੰਟੀ)..(ਵਿਘਨ)

Mr. Speaker : Please resume your seat now.

ਸਰਦਾਰ ਜਸਦੇਵ ਸਿੰਘ ਸੰਧੂ : Please let me wind up. ਸੋ ਸਪੀਕਰ ਸਾਹਿਬ, ਜਿਹੜੇ ਜੰਗ ਨਾਲ ਪ੍ਰਭਾਵਤ ਹੋਏ ਇੰਡਸਟਰੀਅਲਾ ਵਰਕਰਜ਼ ਹਨ ਉਨ੍ਹਾਂ ਨੂੰ ਸਹੂਲਤਾਂ ਦੇਣ ਵਾਸਤੇ ਸਿਰਫ 5 ਲੱਖ ਰੁਪਏ ਰਖੇ ਗਏ ਹਨ । ਇਹ ਰਕਮ ਬਹੁਤ ਥੋੜ੍ਹੀ ਹੈ ਜਦੋਂ ਕਿ ਇੰਡਸਟਰੀਅਲਿਸਟਾਂ ਵਾਸਤੇ ਕਰਜ਼ੇ ਦੇਣ ਲਈ ਇਕ ਕਰੋੜ 50 ਲੱਖ ਦੀ ਭਾਰੀ ਰਕਮ ਰਖੀ ਗਈ ਹੈ । ਇਸ ਤੋਂ ਸਾਫ ਜ਼ਾਹਰ ਹੁੰਦਾ ਹੈ ਕਿ ਇਹ ਸਰਕਾਰ ਵਰਕਰਾਂ ਦੀ ਮਦਦ ਨਹੀਂ ਕਰਨਾ ਚਾਹੁੰਦੀ ਅਤੇ ਕਾਰਖਾਨੇਦਾਰਾਂ ਅਤੇ ਸਰਮਾਏਦਾਰਾਂ ਦੀ ਮਦਦ ਕਰਨਾ ਚਾਹੁੰਦੀ ਹੈ । ਇਸ ਤੋਂ ਪਤਾ ਲਗਦਾ ਹੈ ਕਿ ਇਹ ਸਰਕਾਰ ਸਮਾਜਵਾਦ ਦੀ ਕਿਤਨੀ ਕੁ ਹਮਾਇਤੀ ਹੈ । ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਸ ਨੂੰ ਮਜ਼ਦੂਰਾਂ ਨੂੰ ਵੱਧ ਤੋਂ ਵੱਧ ਰੀਲੀਫ ਦੇਣਾ ਚਾਹੀਦਾ ਹੈ ਅਤੇ ਕਾਰਖਾਨੇਦਾਰਾਂ ਦਾ ਧਿਆਨ ਘੱਟ ਰਖਣਾ ਚਾਹੀਦਾ ਹੈ । ਇਸ ਲਈ ਮੈਂ ਸਮਝਦਾ ਹਾਂ ਕਿ ਜਿਹੜੀਆਂ ਗੱਲਾਂ ਮੈਂ ਦਸੀਆਂ ਹਨ ਉਨ੍ਹਾਂ ਵਲ ਵਿੱਤ ਮੰਤਰੀ ਸਾਹਿਬ ਅਗੇ ਤੋਂ ਧਿਆਨ ਰਖਣਗੇ । (ਵਿਘਨ)

Sardar Prem Singh Prem : On a point of order, Sir.

Mr Speaker : What is your point of order ?

Sardar Prem Singh Prem : Sir, my point of order is that the speech made by the hon. Member from Dakala, Sardar Jasdev Singh Sandhu, concerns the Budget relating to the Vote-on-Account and not the supplementary Grants, the amount of which has already been spent.

Mr. Speaker : I agree with the hon. Member, Sardar Prem Singh Prem.

ਕਾਮਰੇਡ ਜੰਗੀਰ ਸਿੰਘ ਜੋਗਾ : ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਇਹ ਪੰਜਾਬੀ ਵਿਚ ਬੋਲਿਆ ਕਰਨ । (ਵਿਘਨ)

ਵਿੱਤ ਮੰਤਰੀ : ਸਪੀਕਰ ਸਾਹਿਬ, ਜਿਹੜੀਆਂ ਸਪਲੀਮੈਂਟਰੀ ਡੀਮਾਂਡਜ਼ ਮੈਂ ਸਦਨ ਦੀ ਸੇਵਾ ਵਿਚ ਰਖੀਆਂ ਹਨ ਇਹ ਪਹਿਲਾਂ ਹੀ ਖਰਚ ਹੋ ਚੁਕੀਆ ਹਨ । ਇਸ ਵਾਸਤੇ ਸੰਧੂ ਸਾਹਿਬ ਨੂੰ ਗਲਤ ਫਹਿਮੀ ਹੋਈ ਹੈ । ਜਿਹੜਾ ਇਨ੍ਹਾਂ ਨੇ ਦਸਿਆਂ ਹੈ ਉਹ ਵੋਟ-ਆਨ-ਅਕਾਊਂਟ ਵਿਚ ਆਉਣਾ ਹੈ । ..(ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਅਸੀਂ ਤਾਂ ਤੁਹਾਨੂੰ ਬੁਲਾ ਰਹੇ ਹਾਂ ਸਾਨੂੰ ਤਾਂ ਸਭ ਪਤਾ ਹੈ ।

ਵਿੱਤ ਮੰਤਰੀ : ਜਿਹੜੀਆਂ ਸੜਕਾਂ ਸ਼ੁਰੂ ਕਰਵਾ ਕੇ ਵਿਚੋਂ ਛੱਡੀਆਂ ਗਈਆਂ ਸਨ ਉਨ੍ਹਾਂ ਨੂੰ ਮੁਕੰਮਲ ਕਰਵਾ ਰਹੇ ਹਾਂ । ਇਹ ਰੁਪਿਆ ਲਗਾ ਕੇ ਵੀ ਉਨ੍ਹਾਂ ਤੇ ਕੁਝ ਨਹੀਂ ਹੋਇਆ.. (ਵਿਘਨ)

Mr Speaker : Order, please.

ਅਵਾਜ਼ਾਂ : ਕੁਝ ਵੀ ਨਹੀਂ ਹੋਇਆ ? (ਵਿਘਨ)

ਵਿੱਤ ਮੰਤਰੀ : ਇਹ ਤੁਹਾਡੀ ਕਾਰਵਾਈ ਕੀਤੀ ਹੋਈ ਹੈ ਕਿ ਜਿਹੜੀ ਗੌਰਮਿੰਟ ਆਵੇ ਪਿਛਲੇ ਸਾਲ ਦੇ ਕੰਮ ਚਾਲੂ ਰਖੇ । ਮੈਂ ਅਰਜ਼ ਕਰਦਾ ਹਾਂ ਕਿ ਸਦਨ ਇਨ੍ਹਾਂ ਡੀਮਾਂਡਜ਼ ਨੂੰ ਪਾਸ ਕਰੇ ।

Mr. Speaker . Now, I apply the Guillotine.

Mr. Speaker : Question is—That a Supplementary sum not exceeding Rs. 42,950 be granted to the Governor to defray the charges that will come in course of payment for the year ending 31st March, 1972 in respect of 14—Stamps.

The motion was carried

Mr. Speaker : Question is—That a Supplementary sum not exceeding Rs. 7,35,000 be granted to the Governor to defray the charges that will come in course of payment for the year ending 31st March, 1972 in respect of 22—Jails.

The motion was carried

Mr. Speaker : Question is—That a Supplementary sum not exceeding Rs. 21,90,000 be granted to the Governor to defray the charges that will come in course of payment for the year ending 31st March, 1972 in respect of 23—Police.

The motion was carried

Mr. Speaker : Question is—That a Supplementary sum not exceeding Rs. 11,390 be granted to the Governor to defray the charges that will come in course of payment for the year ending 31st March, 1972 in respect of 25—Supplies and sposals.

The motion was carried

Mr. Speaker : Question is—That a Supplementary sum not exceeding Rs. 1,40,560 be granted to the Governor to defray the charges that will come in course of payment for the year ending 31st March, 1972 in respect of 34—Co-operaon.

The motion was carried

Mr. Speaker : Question is—That a Supplementary sum not exceeding Rs. 2,17,24,500 be granted to the Governor to defray the charges that will come in course of payment for the year ending 31st March, 1972 in respect of 48—Capital Outlay on Irrigation, Navigation, Embankment and Drainage Works.

The motion was carried

Mr. Speaker : Question is—That a Supplementary sum not exceeding Rs. 12,08,37,000 be granted to the Governor to defray the charges that will come in course of payment for the year ending 31st March, 1972 in retpect of 50—Public Works.

The motion was carried

Mr. Speaker : Question is—That a Supplementary sum not exceeding Rs. 23,07,670 be granted to the Governor to defray the charges that will come in course of payment for the year ending 31st March, 1972 in respect of 57—Road and Water Transport Schemes.

The motion was carried

Mr. Speaker : Question is—That a Supplementary sum not exceeding Rs. 2,78,60,000 be granted to the Governor to defray the charges that will come in course of payment for the year ending 31st March, 1972 in respect of 60—Capital Outlay on Road and Water Transport Schemes.

The motion was carried

Mr. Speaker : Qustion is—That a Supplementary sum not exceeding Rs. 63,89,150 be granted to the Governor to defray the charges that will come in course of payment for the year ending 31st March, 1972 in respect of 65—Pensions and other Retirement Benefits.

The motion was carried

Mr. Speaker : Question is—That a Supplementary sum not exceeding Rs. 7,50,00,000 be granted to the Governor to defray the charges that will come in course of payment for the year ending 31st March, 1972 in respect of 71—Miscellaneous.

The motion was carried

Mr. Speaker : Question is—That a Supplementary sum not exceeding Rs. 1,00,000 be granted to the Governor to defray the charges that will come in course of payment for the year ending 31st March, 1972 in respect of 120—Payment of Commuted Value of Pensions.

The motion was carried

Mr. Speaker : Question is—That a Supplementary sum not exceeding Rs. 5,14,98,900 be granted to the Governor to defray the charges that will come in course of payment for the year ending 31st March, 1972 in respect of Loans to Local Funds—Private Parties, etc.

The motion was carried

Mr. Speaker : Question is—That a Supplementary sum not exceeding Rs. 10 be granted to the Governor to defray the charges that will come in course of payment for the year ending 31st March, 1972 in respect of 96—Capital Outlay on Industrial and Economic Development.

The motion was carried

Mr. Speaker : Question is—That a Supplementary sum not exceeding Rs. 10 be granted to the Governor to defray the charges that will come in course of payment for the year ending 31st March, 1972 in respect of 103—Capital Outlay on Public Works.

The motion was carried

Mr. Speaker : The House stands adjourned till 9.00 a. m. on Wednesday, the 29th March, 1972.

6.05 p.m.	(*The House then adjourned till* 9.00 *a.m. on Wednesday, the* 29*th March,* 1972)

230—15-9-72—284 Copies—Pb. Govt. Press, Patiala.

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

PUNJAB VIDHAN SABHA DEBATES

29th March, 1972 (Morning Sitting)

Vol. I - No. 5

OFFICIAL REPORT

CONTENTS

Wednesday, the 29th March, 1972

Punjab Vidhan Sabha Secretariat, Chandigarh.

Price 3.10

ERRATA

To

Punjab Vidhan Sabha Debates,

Dated the 29th March, 1972

(Morning Sitting)

Vol.I-No. 5.

Read	For	Page	Line
available	aviilable	(5) 3	14th from below
representations	rcpresentations	(5) 3	5th from below
order	crder	(5) 3	2nd from below
figures	figrues	(5) 3	last
Motion	molin	(5) 7	11th from below
इवैक्वी लैंड	एकुवईलैंड	(5) 12	3rd from below & last
कई	लई	(5) 13	15th from below
आचार्य पृथ्वी सिंह	आचार्य पुथ्बी सिंह	(5) 14	12
आज़ाद	आजाद	(5) 15	6
इस्तेमाल	इस्देमाल	(5) 16	3rd from below
ਕਹਿੰਦੇ	ਕਿਹੰਦੇ	(5) 17	6th from below
(ਵਿਘਨ)	(ਵਘਨ)	(5) 18	9th from below
ਪੰਜਾਬੀ	ਪੰਜਬੀ	(5) 18	7th -do-
ਵੜ ਕੇ ਗੋਲੀਆਂ ਚਲਵਾਈਆਂ	ਵੜ ਗੋਲੀਆਂ ਚਲਵਾਣੀਆਂ	(5) 23	10
ਦਿਆਂਗਾ	ਦਿਅ ਗਾ	(5) 30	7th from below
ਕਰਨ	ਚਰਨ	(5) 33	13
ਨਿਚਲਾ	ਿ ਚਲਾ	(5) 33	7th from below
ਅਸੀਂ	ਅ ੀਂ	(5) 38	7
ਨਸਾਂ	ਨੰਸਾਂ	(5) 40	7th from below
ਹੋਵੇਗੀ	ਹੇਵੇਗਾ	(5) 52	2
ਛੇਤੀ ਤੋਂ ਛੇਤੀ	ਛੇਤੀ ਤੋਂ	(5) 53	12

PUNJAB VIDHAN SABHA

Wednesday the 29th March, 1972 (Morning Sitting)

The Vidhan Sabha met in the Punjab Vidhan Sabha Hall, Vidhan Bhavan Sector-1, Chandigarh, at 9.00 a.m of the clock. Mr. Speaker (Sardar Darbara Singh) in the Chair.

CALL ATTENTION NOTICES UNDER RULE 66

ਸ੍ਰੀ ਸਪੀਕਰ : ਹੁਣ ਕਾਲ ਅਟੈਨਸ਼ਨ ਨੋਟਿਸ ਟੇਕ ਅੱਪ ਕੀਤੇ ਜਾਣਗੇ । ਧਿਆਨ ਦਿਵਾਉ ਪ੍ਰਸਤਾਵ ਨੰ: 39, ਵਲੋਂ ਕਾਮਰੇਡ ਸੱਤਪਾਲ ਡਾਂਗ ਅਤੇ ਹੋਰ ਮੈਂਬਰ ਸਾਹਿਬਾਨ । (Now we will take up the Call Attention Notices. Call Attention Notice No. 39 stands in the name of Comrade Satya Pal Dang and others.)

SERIAL NO. 39

Comrade Satyapal Dang, Comrade Darshan Singh Canadian, Comrade Achhara Singh, Comrade Jangir Singh Joga, Comrade Rajkumar Dhariwal, Comrade Dana Ram, Comrade Arjan Singh, Comrade Shamsher Singh Josh, Comrade Mehtab Singh : Sir, we beg to draw the attention of the Government towards a matter of urgent public importance, namely, the teachers-lecturers & professors— of aided collges in the State have been feeling aggrieved since long because of utter and complete lack of security of service, absence of full parity in grades and scales of pay and complete lack of parity in other conditions of service etc. They have been through their Union making representations and requesting legislation to ensure security of service and appropriate administrative action to meet their other just demands. With no result forthcoming, they have now been forced to agitatie. A Dharana is being staged outside the Vidhan Sabha today (28.3.72) by the college teachers from all over the State.

In view of the obvious and urgent importance of the matter, the Government may please be asked to make a statement in the House.

ਸ੍ਰੀ ਸਪੀਕਰ : ਸਵੀਕਾਰ ਕੀਤਾ ਜਾਂਦਾ ਹੈ ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ । (Admitted. The Minister concerned may please make a statement.)

ਸਿਖਿਆ ਮੰਤਰੀ : (ਸਰਦਾਰ ਉਮਰਾਓ ਸਿੰਘ) ਸਪੀਕਰ ਸਾਹਿਬ, ਇਹ ਜਿਹੜਾ ਧਿਆਨ ਦਿਵਾਉ ਪਰਸਤਾਵ ਆਪ ਜੀ ਨੇ ਪਰਵਾਨ ਕੀਤਾ ਹੈ ਅਤੇ ਇਸ ਦੇ ਸਬੰਧ ਵਿਚ ਬਿਆਨ ਦੇਣ ਲਈ

[ਸਿਖਿਆ ਮੰਤਰੀ]

ਹੁਕਮ ਕੀਤਾ ਹੈ ਮੈ ਇਸ ਦੇ ਬਾਰੇ ਵਿਚ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਨਾਨ ਗੌਰਮਿੰਟ ਏਡਿਡ ਸਕੂਲਾਂ ਅਤੇ ਕਾਲਜਾਂ ਦੇ ਪਰੋਫੈਸਰ ਸਾਹਿਬਾਨ ਵਲੋਂ ਕਲ੍ਹ ਇਥੇ ਧਰਨਾ ਦਿੱਤਾ ਗਿਆ ਸੀ ਅਤੇ ਉਨ੍ਹਾਂ ਦਾ ਇਕ ਡੈਪੂਟੇਸ਼ਨ ਵੀ ਮੈਨੂੰ ਕਲ੍ਹ ਇਥੇ ਮਿਲਿਆ ਸੀ ਅਤੇ ਉਨ੍ਹਾਂ ਨੇ ਇੱਕ ਮੈਮੋਰੰਡਮ ਦਿੱਤਾ ਸੀ। ਮੈਂ ਉਨ੍ਹਾਂ ਨਾਲ ਵਾਅਦਾ ਕੀਤਾ ਹੈ ਕਿ ਉਨ੍ਹਾਂ ਦੀਆਂ ਡੀਮਾਂਡਜ਼ ਤੇ ਸਰਕਾਰ ਹਮਦਰਦੀ ਨਾਲ ਵਿਚਾਰ ਕਰੇਗੀ ਅਤੇ ਪੂਰਾ ਗੌਰ ਕਰਕੇ ਕੋਈ ਇਸ ਤਰ੍ਹਾਂ ਦਾ ਇੰਤਜ਼ਾਮ ਕਰੇਗੀ ਕਿ ਜਿਸ ਨਾਲ ਉਨ੍ਹਾਂ ਨੂੰ ਸਰਵਿਸ ਦੀ ਸਿਕਿਉਰਿਟੀ ਮਿਲ ਸਕੇ। ਇਸ ਤੋਂ ਪਹਿਲਾਂ ਯੂਨੀਵਰਸਿਟੀ ਦੇ ਕੁਝ ਰੈਗੂਲੇਸ਼ਨ ਬਣੇ ਹੋਏ ਹਨ ਜਿਨ੍ਹਾਂ ਵਿਚ ਐਫੀਲੀਏਟਿਡ ਕਾਲਜਾਂ ਦੇ ਟੀਚਰਾਂ ਨੂੰ ਸਿਕਿਉਰਿਟੀ ਆਫ ਸਰਵਿਸ ਮਿਲੀ ਹੋਈ ਹੈ ਪਰ ਇਨ੍ਹਾਂ ਰੈਗੂਲੇਸ਼ਨਾਂ ਨਾਲ ਕਲ੍ਹ ਵਾਲੇ ਡੈਪੂਟੇਸ਼ਨ ਵਾਲੇ ਪ੍ਰੋਫੈਸਰਾਂ ਦੀ ਤਸੱਲੀ ਨਹੀਂ ਹੋਈ। ਇਸ ਲਈ ਮੈਂ ਇਹ ਵਿਸ਼ਵਾਸ਼ ਦਿਵਾਉਂਦਾ ਹਾਂ ਕਿ ਜੇਕਰ ਯੂਨੀਵਰਸਿਟੀ ਦੇ ਰੈਗੂਲੇਸ਼ਨਾਂ ਵਿਚ ਤਬਦੀਲੀ ਕਰਨ ਦੀ ਲੋੜ ਪਈ ਤਾਂ ਵੀ ਕਰ ਦਿਤੀ ਜਾਵੇਗੀ ਅਤੇ ਜੇਕਰ ਇਸ ਸਬੰਧ ਵਿਚ ਲਾਅ ਲਿਆਉਣਾ ਪਿਆ ਤਾਂ ਉਹ ਵੀ ਇਸ ਹਾਊਸ ਵਿਚ ਲਿਆਂਦਾ ਜਾਵੇਗਾ ਤਾਂ ਕਿ ਇਨ੍ਹਾਂ ਪ੍ਰੋਫੈਸਰਾਂ ਨੂੰ ਸਿਕਿਉਰਿਟੀ ਆਫ਼ ਸਰਵਿਸ ਮਿਲ ਸਕੇ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਕੀ ਵਜ਼ੀਰ ਸਾਹਿਬ ਇਹ ਦਸਣਗੇ ਕਿ ਜੂਨ ਸੈਸ਼ਨ ਵਿਚ ਇਸ ਸਬੰਧ ਵਿਚ ਬਿੱਲ ਇਸ ਅਸੈਂਬਲੀ ਵਿਚ ਪੇਸ਼ ਕਰ ਦਿਤਾ ਜਾਵੇਗਾ ਤਾਂ ਕਿ ਇਨ੍ਹਾਂ ਲਈ ਸਰਵਿਸ ਦੀ ਸਿਕਿਉਰਿਟੀ ਲਿਆਉਂਦੀ ਜਾ ਸਕੇ?

ਸਿਖਿਆ ਮੰਤਰੀ : ਮੈਂ ਤਾਂ ਅਰਜ਼ ਕੀਤਾ ਹੈ ਕਿ ਕਲ੍ਹ ਹੀ ਤਾਂ ਮੈਮੋਰੰਡਮ ਮਿਲਿਆ ਹੈ ਅਤੇ ਮੇਰੇ ਇਸ ਅਸ਼ਵਾਸਨ ਦੇਣ ਤੇ ਹੀ ਉਨ੍ਹਾਂ ਨੇ ਆਪਣਾ ਧਰਨਾ ਹਟਾਇਆਂ ਹੈ ਕਿ ਸਰਕਾਰ ਇਸ ਸਿਕਿਉਰਿਟੀ ਆਫ ਸਰਵਿਸ ਲਿਆਉਣ ਲਈ ਜਲਦੀ ਤੋਂ ਜਲਦੀ ਕਾਰਵਾਈ ਕਰੇਗੀ।

ਸ੍ਰੀ ਸਪੀਕਰ : ਹੁਣ ਮੰਤਰੀ ਸਾਹਿਬ ਇਕ ਧਿਆਨ ਦਿਵਾਊ ਪ੍ਰਸਤਾਵ ਦੇ ਸਬੰਧ ਵਿਚ ਉੱਤਰ ਸਭਾ ਦੀ ਮੇਜ਼ ਤੇ ਲੇ ਕਰਨਗੇ। (Now a Minister will lay on the Table of the House a statement in reply to Call Attention Notice).

STATEMENT IN REPLY TO CALL ATTENTION NOTICE No. 3 LAID ON THE TABLE OF THE HOUSE

ਸਿਖਿਆ ਮੰਤਰੀ : (ਸਰਦਾਰ ਉਮਰਾਓ ਸਿੰਘ) ਸਪੀਕਰ ਸਾਹਿਬ, ਮੈਂ ਧਿਆਨ ਦਿਵਾਊ ਪਰਸਤਾਵ ਨੰ: 3 ਦਾ ਉੱਤਰ ਸਭਾ ਦੀ ਮੇਜ਼ ਤੇ ਰਖਦਾ ਹਾਂ।

(SERIAL NO. 3)

Comrade Satya Pal Dang, Comrade Arjan Singh, Comrade Mehtab Singh and Comrade Raj Kumar Dhariwal : Sir, we beg to draw the attention of the Government towards a matter of urgent public importance, namely, in the three border districts of Punjab, a large number of villages which deserved to be placed in category 'A' for purpose of relief have been wrongly placed in category 'B' and many more which deserved to be placed in category 'B' have not been so placed. Representations made

in this respect have not been decided at all or have been wrongly rejected.

No relief has been given or is proposed to be given to agricultural labourers who did not get employment because in a number of villages new wheat crop could not be sown by the peasants for reasons connected with the recent war.

Industrial workers who were rendered unemployed are proposed to be given loans instead of grants.

The above has led to serious and large scale public discontentment.

In view of the obvious and urgent importance of the matter, the Government may please be asked to make a statement in the House.

Sardar Umrao Singh (Minister in Charge, Relief and Resettlement Deptt.): On account of Indo-Pakistan hostilities of 1971, a large number of persons residing in the villages on the border were uprooted from their original places of residences. For the purpose of providing relief and resettlement assistance, the affected villages have been categorised as 'A' and 'B'. Category 'A' villages are those which are not available to the civilian population for occupation either on account of enemy occupation or requirements of our own army from defence point of view. Any village which is still not available for occupation is to be treated as category 'A' and the residents there of are to be provided relief admissible to the residents of category 'A' villages The number of villages falling under category 'A' is Amritsar (38), Ferozepur (46) and Gurdaspur (12) total being 96 in all. The uprooted people of these villages are required to be registered in order to enable them to receive relief benefits as allowed by the Government. The total number of such people so far registered is 71,950.

2. 'B' category villages are such from where the population had to move out on account of direct shelling or imminent threat of war. These villages were, however, available for occupation after cessation of hostilities and the civilian population have since gone back and resettled there. The criteria fixed for identification of category 'B' villages is as under :—

(a) There was actul shelling by the enemy ;

(b) The position of the enemy guns ; and

(c) Migration of the village pepole owing to the war threat.

Mostly villages situated within two-three miles belt from the international border have been included in 'B' category and its number is 564 with a population of 3,56,657.

3 All the representations receivod for inclusion into category 'A' or category 'B' villages, have been sent to the Deputy Commissioners of the border districts who have been advised to dispose them of expeditiously. They have been advised to record a detailed order about the final decision supported by facts and figrues. Instructions have been issued to the

[Education Minister]

Deputy Commissioners to dispose of all the pending representations by 10th April, 1972 at the latest

4. The Hon'ble Members have not given the names of the particular villages which are required to be considered for inclusion into category 'A' or category 'B'. In case the names of such villages are reported, the matter can be looked into.

5. Relief or resettlement assistance is to be provided to the uprooted persons in accordance with the schemes approved by the Government of India. Such of the agriculturist and non-agriculturist families who suffered losses during the hostilities are to be paid grants and loans as a token of financial assistance to resettle themselves in their previous avocations. Grant/Loan is payable only in respect of losses caused by enemy action, the mere fact of displacement would not suffice for the purpose; physical loss of property due to enemy action would also have to be established. However, we have already taken up the matter with the Government of India to provide resettlement assistance to the agricultural labourers as well.

6. Interest free loan has been sanctioned for disbursement amongst industrial workers rendered unemployed as a result of Indo-Pak war A sum of Rs. 10 lakhs has been sanctioned for this purpose. This is on the same pattern of the assistance as was sanctioned after the war of 1965. In fact, the maximum amount of loan to be granted to a worker has been raised from two months average wages or Rs. 200/- whichever is less to three months average wages or Rs 300/- whichever is less. It has also been decided this time that a minimum amount of Rs. 50/- will be advanced to an industrial worker who is eligible for grant of this assistance The loan has also been made repayable in 30 monthly instalments instead of 20 instalments The terms of assistance provided to the industrial workers have thus been considerably liberalized after the present Indo-Pak war.

7. A statement indicating the details of the amount disbursed as ex-gratia grant to the war affected people of Punjab, under various items, is laid on the table of the House.

Progress Report Re-Relief including Ex-Gratia/Grants Paid for the week ending 26th March, 1972.

Amount distribuied in Lakhs

S. No.	Item for which cash grant is given	Amritsar	Ferozepur	Gurdaspur	Bhatinda	Total	Remarks
1	2	3	4	5	6	7	8
1	Crop Compensation	10 23	20.68	1.89	1.36	34.16	
	a) Defensive preparations						
	b) War Operations		2.50	—		2.50	
2	Cash dole paid	82.03	43.29	27.38		152.70	
3	Adhoc maintenance grant (Category 'B' Villages)	97.98	152.98	35.91		286.87	
4	Fodder grant	16.09	10.31	2.05		28.45	
5	Blankets/Quilts in Grant 'In Cash'	6.49	2 39	0.20		9.08	
6	Clothing grant	0.10	0.36	0 03		0.40	
7	Utensils grant	1.32	0.64	0.05		2.01	
8	Marriage grant	0.20	0.03	0.10		0.24	
9	Ex-gratia grant for houses damaged	1.13	0.28	0.34	0.13	1.88	
10	Agricultural implements			0.002		0.002	
11	Ex-gratia grant for cattle killed	0.05	0.5	0.10	0.01	0.72	
12	Ex-gratia grant for civilians killed/ injurd.	0.46	0.44	0.65	0.08	1.63	
	Total :	215.99	234.46	68.612	1.58	520.642	

Say Rs. 520.64 Lakhs

[Education Minister]

Progress Report Regarding Distribution of Relief/Ex-gratia Grants Amongst the Uprooted Persons. for the Week Ending 26th March, 1972

S. No.	Item	Units	Amritsar	Ferozepore	Gurdaspur	Bhatinda	Total
1	Villages not available for occupation (Category 'A')	Number	38	46	12	—	96
2	Persons registered :						
	(a) In camps	,,	2811				2811
	(b) Outside camps	,,	37508	26431	5200		69139
	Total	,,	40319	26431	5200		71950
3	Villages/towns identified as Category 'B' (Villages affected but now available for occupation)		162	244	158		564
4	Population identified Category 'B'	,,	1,41,780	1,54,000	60,877		3,56,657

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਮੈਂ ਇਸ ਉੱਤਰ ਦੇ ਸਬੰਧ ਵਿਚ ਸਵਾਲ ਕਰਨਾ ਹੈ ਪਰ ਮੈਨੂੰ ਇਸ ਉੱਤਰ ਦੀ ਕਾਪੀ ਨਹੀਂ ਮਿਲੀ । ਮੰਤਰੀ ਸਾਹਿਬ ਨੂੰ ਕਿਹਾ ਜਾਵੇ ਕਿ ਇਸ ਨੂੰ ਹਾਉਸ ਵਿਚ ਪੜ੍ਹ ਕੇ ਸੁਣਾ ਦੇਣ ਕਿ ਇਹ ਕਿਸ ਦੇ ਸਬੰਧ ਵਿਚ ਹੈ ।

ਮੰਤਰੀ : ਜੇਕਰ ਸਪੀਕਰ ਸਾਹਿਬ ਆਪ ਆਗਿਆ ਦਿਉ ਤਾਂ ਪੜ੍ਹ ਕੇ ਵੀ ਸੁਣਾ ਸਕਦਾ ਹਾਂ । ਇਹ ਬਾਰਡਰ ਏਰੀਆ ਦੇ ਮੁਤਾਲਿਕ ਹੈ । (ਵਿਘਨ)

ਸ੍ਰੀ ਸਪੀਕਰ : ਇਹ ਤਾਂ ਤਿੰਨ ਸਫੇ ਦਾ ਉੱਤਰ ਹੈ ਤੁਸੀਂ ਇਸ ਤੇ ਸਵਾਲ ਕਲ੍ਹ ਕਰ ਲੈਣਾ । (The reply to this Call Attention Notice covers three pages. The hon. Member may ask a question on this reply tomorrow.)

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ ਕਾਲ ਅਟੈਨਸ਼ਨ ਦੇ ਬਾਰੇ ਵਿਚ ਇਕ ਪਰੋਸੀਜਰ ਤਹਿ ਹੈ ਕਿ ਜਵਾਬ ਪੜ੍ਹ ਕੇ ਸੁਣਾ ਦਿਤਾ ਜਾਂਦਾ ਹੈ ਅਤੇ ਫਿਰ ਸਵਾਲ ਪੁਛ ਲਿਆ ਜਾਂਦਾ ਹੈ । (ਵਿਘਨ)

ਸ੍ਰੀ ਸਪੀਕਰ : ਇਸ ਮਤੇ ਦਾ ਉੱਤਰ ਸਭਾ ਦੀ ਮੇਜ਼ ਤੇ ਮੰਤਰੀ ਸਾਹਿਬ ਵਲੋਂ ਲੈ ਕਰ ਦਿਤਾ ਗਿਆ ਹੈ । ਤੁਸੀਂ ਕਲ੍ਹ ਇਸ ਦੇ ਸਬੰਧ ਵਿਚ ਸਵਾਲ ਕਰ ਲੈਣਾ । (The reply to the Call Attention Notice has been laid on the Table of the House. The hon. Member may ask a question tomorrow.)

THE PUNJAB APPROPRIATION (VOTE-ON-ACCOUNT) BILL, 1972

Minister for Finance (Shri Hans Raj Sharma) : Sir, I beg to introduce the Punjab Appropriation (Vote-on-Account) Bill, 1972,

Minister For Finance : Sir, I beg to move—

> That the Punjab Appropriation (Vote-on-Account) Bill, 1972 be taken into consideration at once.

Mr. Speaker : molin moved :

> That the Punjab Appropriation (Vote-on-Account) Bill, 1972 be taken into consideration at once.

Under Sub-Rule (2) of Rule 179 of the Rules of Procedure and Conduct of Business in the Punjab Legislative Assembly Guillotine will be applied at 12.30 P.M.

PERSONAL EXPLANATION BY MASTER GURBANTA SINGH

ਮਾਸਟਰ ਗੁਰਬੰਤਾ ਸਿੰਘ : (ਕਰਤਾਰਪੁਰ, ਅਨੁਸੂਚਿਤ ਜਾਤੀ) ਸਪੀਕਰ ਸਾਹਿਬ, ਮੈਂ ਪਰਸਨਲ ਐਕਸਪਲੇਨੇਸ਼ਨ ਦੇਣ ਲਈ ਖੜਾ ਹੋਇਆ ਹਾਂ । ਕਲ੍ਹ ਉਧਰੋਂ ਕੁਝ ਦੋਸਤਾਂ ਨੇ ਮੇਰੇ ਮੁਤਾਲਿਕ ਗਲਾਂ ਕਹੀਆਂ ਸਨ ਅਤੇ ਕਾਫੀ ਪਰਚਾਰ ਕੀਤਾ ਸੀ ਕਿ ਮੈਂ ਇਲੈਕਸ਼ਨ ਅਨਅਪੋਜ਼ਡ ਜਿਤ ਕੇ ਆਇਆ ਹਾਂ । ਇਸ ਵਿਚ ਕੋਈ ਸੌਦੇਬਾਜ਼ੀ ਕੀਤੀ ਹੈ (ਵਿਘਨ) ਮੈਂ ਪੂਰੇ ਜ਼ੋਰ ਨਾਲ ਕਹਾਂਗਾ ਕਿ ਇਹ ਗਲ ਗ਼ਲਤ

[ਮਾਸਟਰ ਗੁਰਬੰਤਾ ਸਿੰਘ]

ਹੈ । ਸਪੀਕਰ ਸਾਹਿਬ, ਤੁਸੀ ਜਾਣਦੇ ਹੋ ਕਿ ਜਲੰਧਰ ਅਤੇ ਹੁਸ਼ਿਆਰਪੁਰ ਵਿੱਚ ਤਾਂ ਅਕਾਲੀ ਉੱਕਾ ਹੀ ਨਠ ਗਏ ਹਨ । ਇਨ੍ਹਾਂ ਨੇ ਮੇਰੇ ਬਰਖਿਲਾਫ ਵਲੈਤੋਂ ਆਦਮੀ ਲਿਆ ਕੇ ਖੜਾ ਕੀਤਾ ਸੀ । ਪਿਛਲੀ ਵੇਰ ਵੀ ਉਸਨੂੰ ਖੜਾ ਕੀਤਾ ਸੀ ਪਰ ਉਹ 14 ਹਜ਼ਾਰ ਦੀਆਂ ਵੋਟਾਂ ਤੋਂ ਹਾਰ ਗਿਆ ਸੀ । ਹੁਣ ਉਸਨੂੰ ਥਮੀਆਂ ਦੇ ਦੇ ਕੇ ਖੜਾ ਕੀਤਾ (ਪ੍ਰਸ਼ੰਸਾ) (ਹਾਸਾ) ਅਤੇ ਉਹ ਪਿੰਡਾਂ ਵਿਚ ਫਿਰਿਆ, ਅਕਾਲੀ ਵਰਕਰਾਂ ਨੂੰ ਮਿਲਿਆ ਅਤੇ ਹੋ ਸਕਦਾ ਹੈ ਉਥੇ ਉਸ ਨੇ ਕੋਈ ਗਲ ਇਸ ਤਰ੍ਹਾਂ ਦੇ ਮਤਲਬ ਦੀ ਕੀਤੀ ਹੋਵੇ ਪਰ ਜਦ ਹਾਲਤ ਦਾ ਪਤਾ ਲਗ ਗਿਆ ਤਾਂ ਜਾਨ ਬਚਾ ਕੇ ਨਠ ਗਿਆ । ਜਲੰਧਰ ਜ਼ਿਲ੍ਹੇ ਵਿਚ ਤਾਂ ਅਕਾਲੀ ਸਾਰੇ ਹੀ ਨਠ ਗਏ ਹਨ (ਪ੍ਰਸ਼ੰਸਾ) ਅਤੇ ਇਨ੍ਹਾਂ ਦਾ ਉਸ ਇਲਾਕੇ ਵਿਚ ਤਾਂ ਜਨਾਜ਼ਾ ਹੀ ਨਿਕਲ ਗਿਆ ਹੈ । ਸਪੀਕਰ ਸਾਹਿਬ, ਮੈਂ ਤਾਂ ਆਪਣੇ ਹਲਕੇ ਦੇ ਵੋਟਰਾਂ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਮੇਰਾ ਸਾਥ ਦਿਤਾ ਅਤੇ ਅਕਾਲੀ ਦੁੰਮ ਦਬਾ ਕੇ ਉਥੋਂ ਨੱਠ ਗਏ । ਇਨ੍ਹਾਂ ਜਿਹੜੀ ਸੌਦੇਬਾਜ਼ੀ ਦੀ ਗੱਲ ਕੀਤੀ ਹੈ ਇਹ ਬਿਲਕੁਲ ਗਲਤ ਹੈ । ਮੇਰੇ ਹਲਕੇ ਦੇ ਵੋਟਰਾਂ ਨੇ ਮੈਨੂੰ ਮਾਣ ਦਿਤਾ ਹੈ ਅਤੇ ਮੈਂ ਪਿਛਲੀਆਂ ਅੱਠ ਨੌਂ ਇਲੈਕਸ਼ਨਾਂ ਜਿੱਤ ਕੇ ਆਇਆ ਹਾਂ, ਉਨ੍ਹਾਂ ਨਾਲ ਮੈਨੂੰ ਪਿਆਰ ਹੈ ਅਤੇ ਲੋਕ ਵੀ ਮੈਨੂੰ ਪਿਆਰ ਦਿੰਦੇ ਹਨ, ਕਰਤਾਰਪੁਰ ਦੇ ਹਲਕੇ ਵਿਚ ਤਾਂ ਅਕਾਲੀ ਕਦੇ ਵੀ ਖੜਾ ਨਹੀਂ ਹੋ ਸਕਦਾ । ਉਥੇ ਜਾ ਕੇ ਵੇਖੋ ਹਲਕਾ ਮੂੰਹ ਬੋਲਦਾ ਹੈ ਸੜਕਾਂ ਪਕੀਆਂ, ਸਕੂਲ ਅਤੇ ਹਰ ਤਰ੍ਹਾਂ ਦੀਆਂ ਸਹੂਲਤਾਂ ਹਨ ਕੋਈ ਵੀ ਹਲਕਾ ਉਸ ਦੀ ਰੀਸ ਨਹੀਂ ਕਰ ਸਕਦਾ । ਸਪੀਕਰ ਸਾਹਿਬ, ਮੈਂ ਇਹੋ ਅਰਜ਼ ਕਰਨਾ ਸੀ, ਕਿ ਇਨ੍ਹਾਂ ਨੇ ਜੋ ਕੁਝ ਕਲ੍ਹ ਕਿਹਾ ਸੀ ਉਹ ਬਿਲਕੁਲ ਗਲਤ ਕਿਹਾ ਸੀ, ਝੂਠ ਕਿਹਾ ਸੀ, ਇਸ ਲਈ ਮੈਂ ਇਸ ਗੱਲ ਨੂੰ ਕਲੀਅਰ ਕਰਨ ਵਾਸਤੇ ਖੜ੍ਹਾ ਹੋਇਆ ਸੀ ।

ਸ਼੍ਰੀ ਸਪੀਕਰ : ਮਾਸਟਰ ਜੀ, ਝੂਠ ਸ਼ਬਦ ਤਾਂ ਅਨਪਾਰਲੀਮੈਂਟਰੀ ਹੈ । (Master ji, the word "Jhooth" is unparliamentary)

ਮਾਸਟਰ ਗੁਰਬੰਤਾ ਸਿੰਘ : ਅੱਛਾ ਜੀ ਮੈਂ ਝੂਠ ਸ਼ਬਦ ਵਾਪਸ ਲੈਂਦਾ ਹਾਂ, ਇਸ ਦੀ ਬਜਾਏ ਮੈਂ ਗਲਤ ਕਹਿੰਦਾ ਹਾਂ । (ਵਿਘਨ)

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਜਦੋਂ ਇਹ ਵਿਸ਼ਾ ਹੀ ਅੱਜ ਦੀ ਬਹਿਸ ਦੇ ਵਿਚ ਨਹੀਂ ਹੈ, ਮੈਂ ਜਾਨਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਬਹਿਸ ਕਿਉਂ ਏਥੇ ਛੇੜੀ .... (ਵਿਘਨ)

ਸ਼੍ਰੀ ਸਪੀਕਰ : (ਵਿਘਨ) Please resume your seat ਗੁਲਸ਼ਨ ਜੀ ਤੁਸੀਂ ਤਾਂ ਇਕ ਪੁਰਾਣੇ ਪਾਰਲੀਮੈਂਟੇਰੀਅਨ ਹੋ, ਤੁਸੀਂ ਵੀ ਨਹੀਂ ਬੈਠਦੇ । (Gulshan ji, you are an old parliamentarian, you should resume your seat.)

ਸਰਦਾਰ ਗੁਰਬਚਨ ਸਿੰਘ : ਅੱਜ ਇਹਨਾਂ ਨੂੰ ਕਹਿ ਕੇ ਬੁਲਾਇਆ ਗਿਆ ਹੈ : ਜਦੋਂ ਇਹ ਗੱਲ ਕਹੀ ਗਈ ਸੀ, ਇਹ ਗ਼ੈਰ ਹਾਜ਼ਰ ਨਹੀਂ ਸਨ ਇਹ ਏਥੇ ਸਨ ਪਰ ਉਦੋਂ ਇਹ ਬੈਠੇ ਰਹੇ, ਉਦੋਂ ਇਹ ਕਿਉਂ ਨਾ ਬੋਲੇ । ਅਜ ਬੋਲਦੇ ਨੇ ਤਿੰਨ ਵਾਰੀ ਉਥੇ ਅਸੀਂ ਕਾਂਗਰਸੀਆਂ ਦੀ ਗੋਡੀ ਲਗਵਾਈ... . (ਵਿਘਨ)

ਸ਼੍ਰੀ ਸਪੀਕਰ : Order, order please. ਅੰਪਰੋਪ੍ਰੀਏਸ਼ਨ ਬਿਲ ਤੇ ਜੇ ਕੋਈ ਮੈਂਬਰ ਬੋਲਣਾ ਚਾਹੇ ਬੋਲ ਸਕਦਾ ਹੈ । (If any hon. Member wants to speak on the Appropriation Bill, he can do so.)

THE PUNJAB APPROPRIATION (VOTE ON ACCOUNT) BILL, 1972 (RESUMPTION OF DISCUSSION)

आचार्य पृथ्वी सिंह आजाद (खन्ना, एस० सी०) : स्पीकर साहिब, रीऐप्रोप्रीऐशन बिल आज सदन के सामने है, इस के लिए मैं अपने नामदार खज़ाना मन्त्री को बधाई देने के लिए खड़ा हुआ हूं, । (तालियां) बधाई इस लिए भी देता हूं क्योंकि बजट में ऐसी सफूर्ती शायद ही सदन के सामने कभी आई हो । चाहे यह घाटे का बजट है मगर कई वर्षों के बाद उन बुनियादी बातों को आधार मान कर बनाया गया है । जिनकी उसारी से किसी राज्य की बुनियादों को और उसकी आर्थिक और राजनीतिक अवस्था को उसारा जा सके । अध्यक्ष महोदय 196 वें वर्ष और इसके अन्तिम चरण तक का जो समय था वह पंजाब के बरसफायेक इतिहास में स्वर्ण अक्षरों में लिखा जाएगा । यह शब्द मैं इस लिए कह रहा हूं क्योंकि 1947 से लेकर 1966 तक इस उजड़े हुए बाग को बनाने के लिए कांग्रेस की सरकार बनी रही । उस अर्सा में पंजाब ने हिन्दोस्तान के नक्शा में ही नहीं बल्कि इस दुनियां के नक्शा में गौरवपूर्ण स्थान बना लिया था पर सन् 1966 के पश्चात राजनैतिक दशा ने ऐसा मोड़ लिया कि जिस की वजह से इस सूबे के आर्थिक, सामाजिक और राजनैतिक तरक्की के पथ पर आगे बढ़े जा रहे कदमों को इस तरह जकड़ा कि जो कुछ पिछले 20 साल में किया था, जो तरक्की पंजाब की हुई थी, उसको $4\frac{1}{2}$ वर्ष में ही समाप्त करके रख दिया । कल मेरे प्रिय मित्र, जी कि आज विरोधी पक्ष में बैठे हैं, और जो शिक्षा मन्त्री भी रह चुके हैं, जब बोल रहे थे तो मैं यह महसूस कर रहा था कि अगर आज आप अपना हृदय मन्थन करें तो आप से इतिहास के पंडित, जो विद्या राजनीति के माहर हैं, आप से यह जानने के लिए उत्सुक होंगे कि पिछले 20 वर्षों में पंजाब ने क्या कमाया था और उसके बाद अब क्या रह गया है । इन $4\frac{1}{2}$ वर्षों में जब से पंजाब के अन्दर एक ऐसी राजसी पार्टी को सता मिली जो राजनीतिक और आर्थिक सिद्धान्त पर धर्म निरपेक्ष की बजाये फिरकादारी के आधार पर आई थी इस थोड़े से समय के अन्दर पंजाब में बहुत कुछ हुआ । इस पार्टी के माननीय नेता ने, अभी परसों चौथ की बात है, अपनी पार्टी को तलाक देकर एकता की कदर की अगर यह काम पांच साल पहले हो जाता तो पंजाब का नक्शा ही बदल जाता । यानि—

'की मेरे कतल के बाद उसने जफ़ा से तोबा,
हाये उस ज़ूद पशेमां का पशेमां होना ।'

(इस समय श्री उपाध्यक्ष सदन के सिंघासन पर विराजमान हुए)

जो लोग शिकायतें करते हैं कि आखिर क्या बात है एक ही दिन पंजाब बना था । मगर आज तीनों तरक्की के पथ पर कहां हैं । डिप्टी स्पीकर साहिब, अगर आप दिल्ली से आगे निकल जाएं या दिल्ली से जगाधरी की तरफ आएं या उधर दिल्ली से गुड़गांव को

[आचार्य पृथ्वी सिंह आज़ाद]

चलें तो पता चल जाएगा कि पंजाब और हरियाणा जिनका जन्म एक ही समय पर हुआ था, में से हरियाणा आज कितना आगे है । हरियाणे के मेरे जैसे कांग्रेसी आज फखर से सर ऊंचा करके चलते हैं और जिस हरियाणा को मेरे अकाली दोस्त कहते थे कि यह भूखा मर जाएगा आप देखें आज आर्थिक क्षेत्र में, इन्डस्ट्री में या चाहे कोई भी क्षेत्र है आगे ही नज़र आएगा । इसका सही कारण यह है कि हरियाणा की लीडरशिप उस पार्टी के हाथों में थी जिसको सही अगवाही श्रीमती इन्दिरा गान्धी जैसे लीडरों से मिलती थी । मगर पंजाब में राजसत्ता उस वक्त उन लोगों के हाथों में थी जो आज तक धर्म के नाम पर ही लड़ते आये हैं । इस पार्टी ने कभी समझ बूझ से कोई काम नहीं किया । बल्कि कुर्सी के लिए अपने जाति मुफाद के लिए लड़ते रहे और इस पंजाब का सत्यानाश कर दिया । (तालियां) । मैं यह कहूंगा कि जब तक पंजाब में इस पार्टी का सबज कदम रहा इस स्टेट का शीराज़ा बिखरता चला गया । मैं आप से कहना चाहता हूं कि आज पाँच वर्ष के बाद फिर इन्दिरा गान्धी के नेतृत्व में जिस पार्टी ने राजसत्ता को सम्भाला है, उसको फिर पंजाब में समाजवाद लाने के लिए प्रयत्न करना पड़ेगा । मैं यह बात दावे से कहूंगा कि जब तक हज़ार वर्ष पछड़ी दलित जातियों की तरक्की नहीं होगी उनको बराबर का स्थान नहीं दिया जाएगा उस वक्त तक पैदावार को न कोई बढ़ावा मिलेगा और न तरक्की होगी । देश को सही आज़ादी का पात्र उस वक्त तक कोई भी नही कहा जा सकता । जो कुछ आज इस ऐप्रोप्रीऐशन बिल के द्वारा हम देना चाहते हैं यह सब सकीमें धरी की धरी रह जाएंगी अगर नये दृष्टिकोण से इनको कार्याचित न किया गया यह सारी सकीमें कागज़ों पर ही धरी रह जाएंगी ।

कल ख़ज़ाना मंत्री ने यहाँ कहा कि 75 फी सदी रुपया पंजाब में खेती करने वाले किसानों के लिए रखा गया है । मैं इस से सहमत हूं कि यह पंजाब की भलाई के लिए है । लेकिन डिप्टी स्पीकर साहब, अगर पड़ताल की जाए तो पता चलेगा कि माज़ी में जो रुपया सरकार किसानों की भलाई के लिए रखती रही है उस में से लगभग 80 फी सदी रुपया एन बड़े बड़े जिमीदारों की जेब में गया है जो कि समाज को कंट्रोल करते हैं । लैंड मारटगेज बैंक और कोप्रेटिव सोसाइटियां कितनी हीं हैं परन्तु यदि कोई इन्क्वारी कमेटी बिठाई जाए और इस चीज की पड़ताल करवाई जाए कि जिन किसानों के पास 10 एकड़ या इस से कम ज़मीन है और जिनकी हालत साधारण हरीजन जैसी है, उन को इन बैंकों और सोसाइटियों से कितना कर्ज़ दिया गया है तो सारी पोज़ीशन स्पष्ट हो जाएगी । यह 10 एकड़ वाले किसान साधारण हरीजनों जैसे ही हैं । जैसे साधारण हरीजन मेहनत मज़दूरी करके अपना गुज़ारा करता है, उसी प्रकार छोटे किसानों को भी मेहनत मज़दूरी करनी पड़ती है । इन्क्वारी से पता चलेगा कि लाखों रुपया बडे बड़े ज़िमीदारों को कर्ज़ दिया गया है और यह बड़े बड़े पूंजीपति हैं । मैं अर्ज़ करूंगा कि अगर सरकार ने लोगों की

सहायता करनी है तो वह छोटे छोटे किसानों की करे । इस प्रकार ही हमारा समाज, समाजवाद की ओर जाएगा । जो कि इस सरकार का लक्ष्य है ।

कल यहां पर अ ंगरीकल्चरल प्राइस कंट्रोल कमिशन की रिपोर्ट की चर्चा हुई । इस के बारे में मुतज़ाद राएं हैं । एक पक्ष यह कहता है कि ज़िमींदार की जो पैदावार है उस की कीमत बढ़नी चाहिए । दूसरा पक्ष यह कहता हैं कि कीमतें इतनी होनी चाहिएं कि कन्ज़्यूमर की कमर न टूट जाए । मैं समझता हूं कि अगर सरकार यह समझती है कि यह कीमतें कम है तो वह किसानों को सबसिडी दे दे । लेकिन कीमत इतनी होनी चाहिए जिस से कि आम कन्ज़्यूमर को भी अनाज सस्ता मिल सके । यह न हो कि किसान भी रोता रहे कि उस को उस की पैदावार की कीमत कम मिली है और कन्ज़्यूमर इस लिए रोता रहे कि उस को अनाज मह ंगा मिल रहा है । इस लिए सरकार को अनाज के लिए किसानों को सबसिडी देनी चाहिए ।

दूसरी बात मैं यह अर्ज करूंगा कि कीमयाई खाद जो शुरू में 10 रुपया थैल मिलती थी आज उस की कीमतें आसमान तक जा पहूंची हैं । सरकार को यह सोचना चाहिए कि यह कीमतें किस प्रकार कम की जा सकती हैं । आज खाद की कीमत बढ़ गई है, बिजली की कीमत बढ़ गई है, टयूबवैल लगाने के लिए जो इंजन दिए जाते हैं, उन की भी कीमत बढ़ गई है । इस की वजह से अनाज की पैदावार की भी कीमतें बढ़ गई हैं । सरकार को यह कीमते ं कम करनी चाहिएं ताकि किसान सस्ता अनाज पैदा कर सके तथा लोगों को भी सस्ता अनाज मिल सके ।

इस से अगली बात मैं सरकार से यह कहूंगा कि वह जिन गरीब लोगों की वोटें यहां आई हैं, अगर उन गरीबों की तरफ ध्यान न दिया गया तो यहां डैमोक्रेसी नहीं पनप सकेगी । कल मेरे मित्रों ने यहाँ संकेत दिया कि मुख्य मंत्री जी ज़िमीदार नहीं हैं । मैं कहना चाहता हूं कि अगर गांधी जी, श्री जवाहर लाल जी नेहरू मोलाना आज़ाद, सरदार पटेल, डा० रजिन्द्र प्रसाद और डा० अम्बेदकर आदि ने यह कंस्टीचूशन न बनाया होता तो एक ज्ञानी ज़ैल सिंह तो क्या लाखों ज्ञानी ज़ैल सिंह भी मुख्य मंत्री नहीं बन सकते थे । यह डा० अम्बेदकर के बनाए हुए विधान की ही कृपा है कि आज यह यहां मुख्य मंत्री हैं । अगर यह विधान न होता तो यहीं डैमोक्रेसी न होती बल्कि जाटोक्रेसी या डाँगोक्रेसी होती । (विघ्न) (ਸਰਦਾਰ ਉਮਰਾਓ ਸਿੰਘ ਨੂੰ ਦਸ ਦਿਉ) मैं यह कहना चाहता हूं कि ईस विधान ने ही जाटोक्रेसी को समाप्त कर दिया है । (विघ्न)

Mr. Deputy Speaker : Please don't interrupt.

आचार्य पृथ्वी सिंह आज़ाद : डिप्टी स्पीकर साहिब, मैं ने किसी को इन्ट्रप्ट नहीं किया है । अगर मेरे दोस्त मुझे भी इन्ट्रप्ट न करें तो इन की मेहरबानी होगी ।

[आचार्य पृथ्वी सिंह आज़ाद]

तो डिप्टी स्पीकर साहिब, मैं इस बात को कहना चाहता हूं कि आज राजनीति एक नए मोड़ पर आ गई है । जो कमज़ोर और दबा हुआ वर्ग है अगर आज यह सरकार उस को मज़बूत नहीं करती, उस को ऊपर नहीं उठाती तो यह सरकार एक कदम भी नहीं चल सकती । इस लिए मैं आप के द्वारा इस सरकार से कहना चाहता हूं कि हरीजन समाज, कमज़ोर और पिछड़े हुए वर्ग के लिए जो स्कीमें बनाई गई हैं वह घिसी पिटी स्कीमें हैं जो कि 1948 से चलती आ रही हैं । कल यहां मेरे मित्रों ने कहा कि धर्मशालाएं बना दी हैं । मैं अर्ज करता हूं कि इन धर्मशालायों से मेरे हरिजन समाज को रोटी नहीं मिल सकती, उस को शिक्षा नहीं मिल सकती (इक आवाज़ : उन्हां नूं तेल दिउ, विच) नहीं मैं कहना चाहता हूं कि आप जरूर यह धर्मशालाएं बनाएं अगर आप के पास फंड्ज़ हों । मुझे इस बात से खुशी होती है कि इस पिछड़े और गरीब वर्ग के पास भी बैठने के लिए कोई स्थान है । लेकिन मैं यह कहना चाहता हूं कि इन से हरीजनों का कल्याण नहीं हो सकता । इन का कल्याण तो तब हो सकता है जब इन्हें कृषि के लिए जमीन मिले । इन को इन के हिस्स के बराबर इंडस्ट्री में भाग मिले । इन को खेती करने के लिए रुपये मिलें । मैं यह अर्ज करना चाहता हू कि जो कोआप्रेटिव सोसाइटियां हैं इन में से गरीब हरीजनों को कोई कर्ज नहीं मिलता । यह जो कोआप्रेटिव सोसाइटियां और बैंक हैं यह इन फैक्ट नान-कोआप्रेटिव बैंक और सोसाइटियां हैं । जिस हलके का मैं नुमाइंदा हूं वहां पर बहुत से बड़े बड़े ज़िमीदार हैं जिन्हों ने लाखों रुपए ले रखे हैं । जब कुछ दिन पहले इन्क्वायरी होने लगी तो चंडीगढ़ से टेलीफून करवा के वो रुकवा दी गई ।

इक माननोग मैंबर : हुण करवा लउ ।

आचार्य पृथ्वी सिंह आज़ाद : मैं वित्त मंत्री से कहूंगा कि इस की इन्क्वायरी करवाएं कि पंजाब में जो कोआप्रेटिव बैंक हैं इन्हों ने कितना कर्ज गरीब किसानों और हरीजनों को दिया है और कितना उन बड़े बड़े ज़िमीदारों को दिया है जिन के पास 200, 200 एकड़ जमीन है । यहां लैंड रिफार्म की बात कही गई है । लेकिन उस में जो प्रोवीज़ो रख दिया गया है उस से सारा मज़ा किरकिरा हो गया है । जो सरप्लस ज़मीन निकली है वह बड़े बड़े सरदार ले गए है । किसी हरीजन को सरप्लस ज़मीन नहीं मिली । उस किसान को भी कोई सरप्लस ज़मीन नहीं मिली जिस के पास 2 एकड़ ज़मीन है । जितनी सरप्लस ज़मीन निकलती है उस को सरकार के अफसर तथा कर्मचारी ले जाते हैं । मैं ने पिछली सरकार को इस बारे में चिट्ठियां भी लिखी थीं लेकिन उस के कानों पर जूं नहीं रेंगी । सरदार गुरबन्ता सिंह जी ने केंद्री सरकार से झगड़ कर यह फैसला करवाया था कि एकुवईलैंड हरीजनों को अलाट की जाए । लेकिन किसी हरीजन को इस किस्म की कोई ज़मीन नहीं मिली । जो भी ज़मीनें थीं वह बड़े बड़े सरदार ले गए । पिछली असैम्बली जो कि टूट चुकी है, उस में ऐक मैंबर ने कागज पेश किए थे कि कितनी एकुवईलैंड पर एक

मिनिस्टर के रिश्तेदारों ने तथा जथ्थेदारों ने कबजा कर लिया है।

ਆਵਾਜ਼ਾਂ : ਗਲਤ ਹੈ, ਗਲਤ ਹੈ।

आचार्य पृथ्वी सिंह आजाद : डिप्टी स्पीकर साहब, मैं गैर–जिम्मेदारी से बात नहीं कर रहा हूं। मैं दावे के साथ कह सकता हूं कि अगर मेरी बात गलत साबत हो जाए तो जो सजा हाऊस मुझे देगा, मैं भुगतने के लिए तैयार हूं। (थम्पिग)

डिप्टी स्पीकर साहिब, मैं आप से दरख्वास्त करूंगा कि एक हाऊस कमेटी बनाई जाए वह जो कई लाख एकड़ ज़मीन नोमीनल प्राईस पर केंद्र सरकार से ली गई थी और हरीजन समाज के लिए ली गई थी, उस के बारे में पड़ताल करें कि आया यह ज़मीन ठीक तरह से तक्सीम हुई है या नहीं। मैं यह समझता हूं कि यह जमीन ठीक तरह से तक्सीम नहीं हुई। हुआ क्या ? जिला रोपड़ में एक इलाका है, जहां से हमारे चीफ मिनिस्टर साहिब चुन कर आए है-आनन्दपुर साहिब हलके का सन 1947 से वहां के गांव में हरिजन आबाद किए हुए हैं। अब जब वह जमीन आबाद हो गई तो पहिले एक सरदार ने उसे लेने की कोशिश की और जब वह इसे ले न सका तब फिर एक दिल्ली का चौधरी आया और जब वह भी न ले सका तब सरकार को रात को खाब आया और वह सारी की सारी ज़मीन जंगलात के लिये 500 रुपए में बांट दी। 1947 से इस ज़मीन पर हरिजन आबाद हैं, वहां पर लोग खेती करते हैं। चीफ मिनिस्टर साहिब को जब वह एम० एल० ए० थे, तब मैं इन को वहां ले गया था। वहां पर एक भी द्रख्त जंगलात वालों ने नहीं लगाया। बेट का इलाका है। कई साल हुए वहां एक सरदार भूरा सिंह ने कई बीघे जमीन अलाट करवा ली। उस ज़मीन पर हरिजन काश्त करते थे। इस सरदार साहिब का एक रिश्तेदार वज़ीर था, गवर्नर भी रहा है। इनके बन बोते पर इस ने ज़मीन खाली करवानी चाही मेरे साथी कामरेड शमशेर सिंह जोश और इनके दूसरे साथियों ने वहां पर जाकर सत्याग्रह किया, जलसे किए। वहां पर गोली चली और हरिजन मरे। मेरे दोस्त जेल में रहे। मुकद्दमें का फैसला हुआ और ज़मीन हरिजनों के कब्जे में रही। डिप्टी स्पीकर साहिब, इन दोस्तों की सरकार चली गई है। जब तक ज़मीन सरदार भूरा सिंह के कब्जे में रही सन 1947 से लेकर सन 1969 तक तब तक अलाटमैंट जायज थी। हाईकोर्ट तक मुकद्दमा गया। फ़ैसला हुआ कि ज़मीन हरिजनों से छुड़वाई नहीं जा सकती। इस पर स्वर्गवासी सरकार ने आर्डर जारी कर दिया। हरिजन अदालत में गए और वहां पर यह फैसला हुआ कि अलाटमैंट आर्डर गलत हुए हैं।

तो मैं अर्ज करना चाहता हूं कि सरकार पर बड़ा जोर पड़ता रहा है इस सिलसिले में। इसी तरह से एक और आदमी ने ज़मीन खरीदी। जब उस ने देखा कि कब्जा नहीं मिलता तो पुलिस के साथ मिल कर हरिजन लड़कों को बाहर बुलाया उन में से एक लड़का तो भाग गया लेकिन दूसरे को गोली से उड़ा दिया गया। उसके बाद यह कह दिया कि वह तो

[आचार्य पृथ्वी सिंह आज़ाद]

Naxalite था। इस सिलसिले में मैंने सरकार को चिट्ठी लिखी और गवर्नर साहिब को मिला कि वह Naxalite नहीं था। बात यह थी कि क्योंकि उस ने जमीन का कब्जा नहीं दिया इस लिए उस को गोली से उड़ा दिया गया (शोर) (विघ्न)।

डिप्टी स्पीकर साहिब, Morinda के नज़दीक एक गांव है Rattan Garh। वहां जत्थेदार के मुकाबले में एक रामदासिया इलैक्शन जीत कर सरपंच बन गया। उस रामदासिए को मारने के लिए एक षडयन्त्र रचा गया (शोर) (विघ्न) और उस को गोली से उड़ा दिया गया।

ਸਰਦਾਰ ਗੁਰਚਰਨ ਸਿੰਘ : On a point of order, Sir। ਜਥੇਦਾਰ ਦੀ ਕੀ ਡੈਫੀਨੀਸ਼ਨ ਹੁੰਦੀ ਹੈ ?

Mr Deputy Speaker : No point of order.

आचार्य पृथ्वी सिंह आज़ाद : मैं अर्ज़ कर रहा था कि उस सरपंच को गोली से उड़ा दिया गया फिर बाद में यह कह दिया कि सरदार प्रीतम सिंह को Naxalite ने मारा है। मैंने शिकायत की कि उन आदमियों को पकड़ा जाए। अब उस समय के चीफ मिनिस्टर यहां बैठे नहीं हैं। यह न घर के रहे न घाट के। और पुलिस Naxalite को देखती फिरती है। सरकार को चाहिए कि काम करने के तरीके को बदला जाए। अगर सरकार केवल अपने सैक्रिट्रियों के बलबोते पर ही काम करके समाजवाद लाना चाहती है तो यह नहीं लाया जा सकता। अगर जनता के नुमायंदे इस काम में सहयोग दें तो हर गरीब को बराबरी का दर्जा मिले तब समाजवाद आ सकता है।

डिप्टी स्पीकर साहिब, अब मैं भाषा की बात करने लगा हूं। मैं पंजाबी का विरोधी नहीं मैं पंजाबी से प्यार करता हूं और इसका लेखक भी हूं। जो मेरे सामने बैंचों पर भाई बैठे हैं उनमें से शायद एक भी मेरे बराबर लेख न लिख सके। (शोर) (विघ्न) मैं जानबूझ कर हिन्दी बोलता हूं। (विघ्न) इस लिए बोलता हूं क्योंकि यह मेरे दोस्त जो सामने बैठ हैं इनकी हिन्दी से दुशमनी है। मेरे दोस्तों ने पंजाब से तालीम का माध्यम मात्र भाषा को बना दिया। ठीक है, सिद्धांतक रूप से इसमें किसी को एतराज़ नहीं हो सकता लेकिन क्रियात्मक रूप से भी देखना चाहिए। जितने भी बड़े बड़े सरदार, जिमीदार, बड़े अफसर हैं इन के बच्चे Convents या Public स्कूलों में पढ़ते हैं। गरीबों के बच्चे उन स्कूलों में पढ़ते हैं जहां बैठने के लिए टाट भी नहीं होते। और पंजाबी में पढ़ाई ऊड़ा आड़ा से शुरू करते हैं। गरीबों के बच्चे Central Service में I. F. S. या I. P. S. में हिस्सा नहीं ले सकते। और इन Services में केवल बड़े बड़े सरदारों या अमीर आदमियों के बच्चे ही हिस्सा ले सकते हैं। इस सिलसिले में मैंने पिछले छे सालों के आंकड़े इकट्ठे किए हैं और इनको देखने से पता चलता है कि जो बच्चे I. A. S., I. F. S., या I. P. S.

में लिए गए हैं उन में से 95 फीसदी वह बच्चे हैं जो कि बड़े बड़े सरदारों, जिमीदारो, बड़े अफसरों या businessmen के लड़के हैं । या बड़े कारखानेदारों के बच्चे हैं जिन को केन्द्र की सर्विसिज़ में लिया गया है । इनमें गरीबों के बच्चे नहीं हैं । (शोर) (विघ्न)

ਇੱਕ ਆਵਾਜ਼ : ਇਨ੍ਹਾਂ ਦੇ ਆਪਣੇ ਬੱਚਿਆਂ (ਵਿਘਨ) (ਸ਼ੋਰ)

Mr. Deputy Speaker : Order, order please.

आचार्य पृथ्वी सिंह आज़ाद : मेरे दोस्तों ने मेरे लड़के का नाम लिया है । मेरे दो लड़के हैं । एक की पढ़ाई का माध्यम हिन्दी है और दूसरे का पंजाबी है । जिसने हिन्दी माध्यम रखा वह तो I. F. S. में ले लिया गया और जिस ने पंजाबी में पढ़ाई की वह अभी तक घर बैठा है । तो मैं अर्ज कर रहा था, डिप्टी स्पीकर साहिब, कि इस सरकार को तालीम का सिलसिला बदल देना चाहिए । सुप्रीम कोर्ट का फैसला है । जो सरकार सुप्रीम कोर्ट जैसी उच्च अदालत के फैसले को अपने राज में लागू नहीं कर सकती है उस सरकार से आशा नहीं की जा सकती कि वह लोगों के साथ इन्साफ करेगी । पढ़ाई के बारे में कोई पाबंदी नहीं होनी चाहिए । मेरे बच्चे ने अगर पंजाब सरकार की नौकरी करनी है तो वह पंजाबी में पढ़ाई शुरू करेगा ।

अगर मेरे बच्चे ने पंजाब सरकार की नौकरी नहीं करनी है तो उसको छुट्टी होनी चाहिए कि वह अपनी मर्जी से अंग्रेजी पढ़े या हिन्दी पढ़े आदि । इस तरह की पाबंदियां लगा कर बच्चों को मारा जा रहा है । मैं सरकार को निवेदन करूंगा कि वे जो पब्लिक स्कूल हैं, जिन में से ढाई सौ या तीन सौ रुपए महीने की फीस दी जाती है, सरकार की तरफ से एक ऐसा पब्लिक स्कूल खोलना चाहिए जिस में कम से कम हजार बच्चे हों और उन में पांच सौ बच्चे हरीजनों के हो, ढाई सौ बच्चे उनके हों जिनके पास 10 एकड़ से कम जमीन है और ढाई सौ दूसरे हों । Constitution के मुताबिक equal opportunity प्रत्येक को मिलनी चाहिए । एक बच्चा ऐसा है जिस को कपड़ा नहीं मिलता, किताब नहीं मिलती और रोटी नहीं मिलती । और एक ऐसा है जिस को जिन्दगी की हर एक जरूरत पूरी करने के लिए तमाम चीजें हासिल हैं । मैं कहता हूं कि अगर Reservation न होती तो पिछड़े वर्ग का कोई भी बच्चा उन नौकरियों पर न पहुंच सकता जहां वे पहुंचे हैं । हमारे साथ मजाक हो रहा है । सरदार प्रताप सिंह कैरों के समय एक आर्डर हुआ था और वह आर्डर Supreme Court के फैसले के मुताबिक हुआ था कि Services में उन्हें प्रमोशन मिलेगी और 1966 में वह आर्डर वापिस हो गया । एक आदमी को जिस को Scheduled Caste होने के कारण प्रोमोशन मिलनी थी, सैक्रेटरी ने जान बूझ कर उस का रिकार्ड खराब किया ताकि उसको प्रोमोशन न मिल सके (विघ्न) मैं इस तरह की और कई मिसालें दे सकता हूं (विघ्न) S. S. Board वाले I. A. S. और I. C. S. आफीसरों के आगे सर नहीं उठा सकते । किसी I. A. S. आफीसर का मामला आ जाए

[आचार्य पृथ्वी सिंह आज़ाद]

और Chief Minister के पास पहुंच जाए (विघ्न) सरदार गुरबंता सिंह के पास पहुंच जाए तो उस के ऊपर कोई disciplinary action नहीं होना और अगर मुझे या सरदार गुरबंता सिंह को इस के बारे में कहा जाए तो उस को शो काज़ नोटिस दे दिया जाता है कि आप political बातों में आ जाते हैं। (विघ्न) मैं सरकार को कहूंगा कि एक हाई पावर्ड कमेटी बनाई जानी चाहिए जो हरीजनों का इन्ट्रैस्ट वाच करे ताकि उनके साथ कोई ज्यादती न हो। 20 तारीख को एक पोस्ट का Public Service Commission में नौकरी का Interview था। महकमे ने देखा कि यह जो applicant हैं यह हरीजन है और उसके मुकाबला में एक एम० ए० है जो नान-हरीजन है। पोस्ट रिज़र्व थी। दो मास पहले पोस्ट advertise हुई थी। 20 तारीख को interview रखा गया सैक्रेटरी साहिब ने चिट्ठी लिखी कि पोस्ट कमिशन के purview से वापिस ले ली है और यह reserve नहीं है। (विघ्न) यह बातें ठीक नहीं हैं।

डिप्टी स्पीकर साहिब, गवर्नर के राज में एक बड़े आफीसर के खिलाफ इल्ज़ाम लगे और उस की इन्कवायरी हो रही है और उस enquiry के आधार पर शायद वह नौकरी पर नहीं रह सकता। मुझे मुआफ करना हमारी सरकार ने बगैर उसकी पिछली फाइल देखे और उस के किरदार को देखे बगैर, गवर्नर ने एक आर्डर किया और उन्होंने उस आफीसर को वापिस लगा लिया और जो हरीजन है वह बटे खाते पड़ रहे हैं। (विघ्न) इस लिए मैं आप के थ्रू सरकार के पास निवेदन करता हूं कि एक High Powered Committee बनाई जाए। उस में इस हाऊस के मैंबर हों, Communist Party के मैंबर हों और आपोज़ीशन के मैंबर हों जो यह देखें कि इस स्टेट में पिछड़े हुए वर्ग के साथ कैसा अन्याय हो रहा है और किस तरीका से इसे ठीक किया जा सकता हैं। डिप्टी स्पीकर साहिब, मैं आप के थ्रू हाऊस के नेता को कहना चाहता हूं कि उन लोगों के प्रताप से आप को यह पदवी मिली है, जो मिल नहीं सकती थी। हमें हज़ारों साल तक दबा कर रखा गया। चाहे मैं हूं चाहे हाऊस का नेता हो। इस लिए मैं हाऊस के नेता को कहूंगा जो कि यहां मौजूद नहीं है कि पूरी शक्ति के साथ जो Screw लूज़ हैं उनको इतना कसा जाए ताकि कोई भी ढीला न कर सके। (विघ्न) हमें डर नहीं हैं। (विघ्न) जो लोग कहते हैं कि टांके लगवाएं। मैं Leader of the House को कहूंगा कि पेच इस तरीका से कसे जाएं ताकि समाजवाद को या इसकी छत कोई तोड़ न सके। इस सूबे की चार पांच साल के अन्दर आर्थिक अवस्था तबाह हो गई है इस सूबे में नई industry नहीं आई 19 industries इस सूबे में आई पर उन में से तीन या चार industries ही लग सकीं। मैं कहूंगा कि इस सरकार को सैंटर के साथ पूरे असर रसूख इस्तेमाल करके industry के लिए पूरी कोशिश करनी चाहिए ताकि कोई ऐसा गांव या शहर न हो जहां industry न हो और कोई छोटा ज़िमींदार या मज़दूर जो हैं उनकी आर्थिक अवस्था में सुधार न हो।

खेती के जरिए हम तरक्की कर सकते हैं। इस के साथ ही Village Industry के लिए भी कोशिश करनी चाहिए।

इस सरकार ने programme बनाए हैं कि 2 वर्ष के अंदर अंदर हर एक गांव को सड़क के साथ जोड़ना है, हर एक गांव को बिजली देनी है। अगर इतने काम यह सरकार 2 वर्षों में कर दे तो मैं गौरव के साथ कह सकता हूं कि जिमींदार की हालत बदल जाएगी। जिस जिमींदार को अपना अनाज मंडी में ले जाने के लिए पक्की सड़क मिल जाए पानी के लिए टयूबवैल हो तो उसका काया कलप हो जाती है।

डिप्टी स्पीकर साहिब, इतना कुछ कहने के बाद मैं अपने हल्के की बाबत कहना चाहता हूं जहां से मैं जीत कर आया हूं। पिछली सरकार ने जो demarcation की है पोल माजरा से जलाहा तक 30 मील का फासला है यह attached है माछीवाड़ा के साथ समराला लगता है। जिमींदारों का वास्ता ब्लाक से होता है इस लिए मैं अर्ज करूंगा कि उन की demarcation होनी चाहिए। मैं कहूंगा कि माछीवाड़ा के साथ समराला हो जाए और समराला के साथ खन्ना का ब्लाक हो जाए। इन लफजों के साथ मैं अपनी सरकार से कहूंगा कि यह जो बजट उन्होंने Appropriation Bill द्वारा दिया है, अगर इसको पूरी तरह implement किया जाए समुचे अर्थों में समाजवाद की स्थापना हो जाएगी अगर सरकार आफीसरों पर डिपैंड करती है तो पंजाब के अन्दर इस ने जो एक नया दौर लाने का इरादा किया है वह कुछ नहीं होगा। इन शब्दों के साथ मैं आप का धन्यवाद करता हूं जो आपने मुझे टाईम दिया है।

ਸਰਦਾਰ ਅਜਾਇਬ ਸਿੰਘ ਸੰਧੂ : (ਮੋਰਿੰਡਾ, ਐਸ. ਸੀ-) ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੇਰੇ ਤੋਂ ਪਹਿਲਾਂ ਅਚਾਰੀਆ ਪ੍ਰਿਥਵੀ ਸਿੰਘ ਅਜ਼ਾਦ ਨੇ ਇਸ ਸਰਕਾਰ ਦੀ ਕਾਫੀ ਝੋਲੀ ਚੁਕਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਕੁਝ ਗੱਲਾਂ ਚੰਗੀਆਂ ਵੀ ਕਹੀਆਂ ਜਿਨ੍ਹਾਂ ਦੀ ਕਿ ਮੈਂ ਸ਼ਲਾਘਾ ਵੀ ਕਰਾਂਗਾ। ਪਰ ਮੈਂ ਇਨ੍ਹਾਂ ਦੀ ਸੇਵਾ ਵਿਚ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਉਮਰ ਵਿਚ ਜੋ ਇਨ੍ਹਾਂ ਨੇ ਝੋਲੀ ਚੁਕਣ ਦਾ ਕੰਮ ਕੀਤਾ ਹੈ, ਇਹ ਠੀਕ ਨਹੀਂ। ਜੇ ਕੋਈ ਨਿਆਣਾ ਹੁੰਦਾ ਜਾਂ ਕੋਈ ਥੋੜ੍ਹਾ ਸਿਆਣਾ ਹੁੰਦਾ ਜੇ ਉਹ ਇਹ ਕੰਮ ਕਰਦਾ ਤਾਂ ਠੀਕ ਸੀ ਪਰ ਇਹੋ ਜਿਹੇ ਜੋ 70 ਸਾਲ ਦੇ ਬੁਢੇ ਵੀ ਝੋਲੀ ਚੁਕਣ ਦਾ ਕੰਮ ਕਰਨ ਤਾਂ ਇਹ ਬੜੀ ਮਾੜੀ ਗੱਲ ਹੈ। (ਆਪੋਜ਼ੀਸ਼ਨ ਬੈਂਚਾਂ ਵਲੋਂ ਤਾੜੀਆਂ) (ਪ੍ਰਸ਼ੰਸਾ) ਡਿਪਟੀ ਸਪੀਕਰ ਸਾਹਿਬ,ਮੇਰੇ ਬਜ਼ੁਰਗ ਨੇ ਜੋ ਰਿਸ਼ਤੇ ਵਿਚ ਮੇਰੇ ਚਾਚਾ ਜੀ ਵੀ ਲਗਦੇ ਹਨ ਔਰ ਮੈਂ ਉਨ੍ਹਾਂ ਦਾ ਬੜਾ ਰਿਗਾਰਡ ਵੀ ਕਰਦਾ ਹਾਂ, ਇਹ ਗੱਲ ਬਹੁਤ ਗਲਤ ਕੀਤੀ ਹੈ। ਮੈਂ ਇਲੈਕਸ਼ਨ ਵੀ ਇਨ੍ਹਾਂ ਦੇ ਖਿਲਾਫ ਲੜਦਾ ਰਿਹਾ ਹਾਂ ਮੈਂ ਇਨ੍ਹਾਂ ਨੂੰ ਇਹ ਵੀ ਕਿਹਾ ਕਿ ਪੰਜਾਬੀ ਬੋਲੋ ਪਰ ਇਹ ਕਹਿੰਦੇ ਰਹੇ ਨਹੀਂ ਬੋਲਣੀ ਤਾਂ ਮੈਂ ਇਨ੍ਹਾਂ ਨੂੰ ਕਿਹਾ ਕਿ ਅਸੀਂ ਟੇਸ਼ਨ ਤੁਹਾਡਾ ਚੁਕਣਾ ਹੈ। ਤੇ ਡਿਪਟੀ ਸਪੀਕਰ ਸਾਹਿਬ, ਮੈਨੂੰ ਇਸ ਗੱਲ ਤੇ ਬੜਾ ਦੁਖ ਹੈ ਕਿ ਮੇਰੇ ਇਹ ਜੋ ਬਜ਼ੁਰਗ ਮੈਂਬਰ ਹਨ ਔਰ ਜੋ ਬੜੇ ਪੁਰਾਣੇ ਪਾਰਲੀਮੈਂਟਰੀਅਨ ਹਨ ਔਰ ਪੰਜਾਬ ਦੇ ਇਕ ਵੇਲੇ ਐਕਟਿੰਗ ਮੁਖ ਮੰਤਰੀ ਵੀ ਰਹੇ ਹਨ ਜੇ ਉਹ ਪੰਜਾਬ ਦੀ ਰਾਸ਼ਟਰ ਭਾਸ਼ਾ ਜੋ ਪੰਜਾਬੀ ਹੈ ਉਸ ਵਿਚ ਸਿਰਫ ਇਸ ਕਰ ਕੇ ਨਹੀਂ ਬੋਲਣਾ ਚਾਹੁੰਦੇ ਕਿਉਂ ਕਿ ਆਪੋਜ਼ੀਸ਼ਨ ਵਾਲੇ ਹਿੰਦੀ ਨਾਲ ਨਫਰਤ ਕਰਦੇ ਹਨ। ਇਹ ਮੇਰੇ ਇਕ ਬਜ਼ੁਰਗ ਮੈਂਬਰ

[ਸਰਦਾਰ ਅਜਾਇਬ ਸਿੰਘ ਸੰਧੂ]

ਸਾਹਿਬ ਨੇ ਬੜੀ ਗਲਤ ਬਿਆਨੀ ਜਿਹੀ ਕੀਤੀ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਪੰਜਾਬੀ, ਹਿੰਦੀ, ਉਰਦੂ, ਅੰਗਰੇਜ਼ੀ, ਫਾਰਸੀ ਔਰ ਹੋਰ ਕਈ ਜ਼ਬਾਨਾਂ ਜਾਣਦਾ ਹਾਂ, ਜੇ ਮੈਂ ਪੰਜਾਬੀ ਵਿਚ ਬੋਲਦਾ ਹਾਂ ਤਾਂ ਇਹ ਮੇਰੇ ਬਜ਼ੁਰਗ ਮੈਂਬਰ ਜੋ ਖਰੜ ਤੋਂ ਆਏ ਹਨ ਔਰ ਪੰਜਾਬੀ ਇਹ ਕਹਿੰਦੇ ਵੀ ਹਨ ਕਿ ਚੰਗੀ ਤਰ੍ਹਾਂ ਜਾਣਦੇ ਹਨ, ਜੇ ਪੰਜਾਬੀ ਵਿਚ ਨਾ ਬੋਲਣ ਔਰ ਕਣਕ ਦੀ ਥਾਂ ਗੰਦਮ ਹੀ ਕਹਿਣ ਤਾਂ ਮੈਂ ਸਮਝਦਾ ਹਾਂ ਕਿ ਇਹ ਗੱਲ ਇਨ੍ਹਾਂ ਨੂੰ ਸਜਦੀ ਨਹੀਂ। ਜੇ ਇਨ੍ਹਾਂ ਨੇ ਕਣਕ ਖਾਣੀ ਹੈ ਔਰ ਕਣਕ ਖਾ ਕੇ ਗੰਦਮ ਵਾਲੀ ਗਲ ਕਹਿਣੀ ਹੈ ਤਾਂ ਮੈਂ ਸਮਝਦਾ ਹਾਂ ਕਿ ਇਨ੍ਹਾਂ ਨੂੰ ਕੋਈ ਗੰਦਮ ਗੰਦਮ ਵਾਲੀ ਥਾਂ ਹੀ ਲਭਣੀ ਚਾਹੀਦੀ ਹੈ। (ਆਪੋਜ਼ੀਸ਼ਨ ਬੈਂਚਾਂ ਵਲੋਂ ਤਾੜੀਆਂ) (ਵਘਨ)

ਸ੍ਰੀ ਡਿਪਟੀ ਸਪੀਕਰ : ਸੰਧੂ ਸਾਹਿਬ, ਤੁਸੀਂ ਐਪਰੋਪ੍ਰੀਏਸ਼ਨ ਬਿਲ ਤੇ ਹੀ ਬੋਲੋ। (ਵਿਘਨ) (Sandhu Sahib, please Confine yourself to the Appropriation Bill.) (Interruption)

ਸ੍ਰੀ ਵਿਸ਼ਵਾ ਮਿੱਤਰ ਸੇਖਰੀ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਹ ਤਾਂ ਚਾਚੇ ਭਤੀਜੇ ਵਾਲੀ ਲੜਾਈ ਲੜਦੇ ਨਜ਼ਰ ਆਉਂਦੇ ਹਨ, ਇਹ ਕੋਈ ਐਪਰੋਪ੍ਰੀਏਸ਼ਨ ਬਿਲ ਤੇ ਤਾਂ ਕੋਈ ਗਲ ਕਹਿ ਨਹੀਂ ਰਹੇ ... (ਵਿਘਨ)

Mr Deputy Speaker : Please take your seat. This is no point of order. (Interruption)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਾਂਗਾ ਕਿ ਜਿਤਨਾ ਚਿਰ ਮੈਂ ਬੋਲਾਂ, ਮੈਨੂੰ ਇੰਟਰਪਟ ਕਰਨ ਦੀ ਕੋਸ਼ਿਸ਼ ਨਾ ਕਰੋ। ਤੁਸੀਂ ਇਨ੍ਹਾਂ ਨੂੰ ਬੜੀ ਅਛੀ ਤਰ੍ਹਾਂ ਸੁਣਿਆਂ ਹੈ ਔਰ ਇਨ੍ਹਾਂ ਨੂੰ ਆਪਣੇ ਘਰ ਦੇ ਬੰਦੇ ਸਮਝ ਕੇ ਸੁਣਿਆਂ ਹੈ, ਮੈਨੂੰ ਵੀ ਆਪਣਾ ਬੰਦਾ ਸਮਝ ਕੇ ਆਰਾਮ ਨਾਲ ਸੁਣੋ। (ਵਿਘਨ)

ਸ੍ਰੀ ਵਿਸ਼ਵਾ ਮਿਤਰ ਸੇਖਰੀ : ਡਿਪਟੀ ਸਪੀਕਰ ਸਾਹਿਬ, ਮੈਂ ਇਸ ਗੱਲ ਤੇ ਤੁਹਾਡੀ ਰੂਲਿੰਗ ਚਾਹੁੰਦਾ ਹਾਂ ਕਿ ਕੀ ਕੋਈ ਮੈਂਬਰ ਇਸ ਤਰ੍ਹਾਂ ਚਾਚੇ ਭਤੀਜੇ ਦੀਆਂ ਆਪਣੀਆਂ ਕਹਾਣੀਆਂ ਕਹਿ ਸਕਦਾ ਹੈ। (ਵਘਨ) ਇਹ ਹਾਊਸ ਦਾ ਵਕਤ ਜ਼ਾਇਆ ਹੋ ਰਿਹਾ ਹੈ। (ਵਘਨ)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਪੰਜਾਬ ਦੀ ਰਾਜ ਭਾਸ਼ਾ ਪੰਜਾਬੀ ਹੈ ਔਰ ਇਹ ਪੰਜਬੀ ਰਹੇਗੀ। ਜਿਹੜੇ ਇਹੋ ਜਿਹੇ ਮੇਰੇ ਬਜ਼ੁਰਗ ਮੈਂਬਰ ਸਾਹਿਬਾਨ ਹਨ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਪੰਜਾਬੀ ਨਾਲ ਇਨਸਾਫ ਕਰਨ। ਪੰਜਾਬ ਵਿਚ ਨੌਂ ਮਹੀਨੇ ਗਵਰਨਰ ਸਾਹਿਬ ਦਾ ਰਾਜ ਰਿਹਾ ਹੈ ਉਨ੍ਹਾਂ ਨੇ ਵੀ ਪੰਜਾਬੀ ਨੂੰ ਯੋਗ ਥਾਂ ਨਹੀਂ ਦਿਤੀ ਤਾਂ ਮੈਂ ਸਮਝਦਾ ਹਾਂ ਕਿ ਇਹੋ ਜਿਹੇ ਬਜ਼ੁਰਗਾਂ ਦੀ ਹੀ ਮਿਹਰਬਾਨੀ ਸੀ। ਗਵਰਨਰ ਸਾਹਿਬ ਬਾਹਰੋਂ ਆਏ ਹਨ ਉਨ੍ਹਾਂ ਨੂੰ ਇਨ੍ਹਾਂ ਨੇ ਠੀਕ ਤਰ੍ਹਾਂ ਨਾਲ ਕੰਮ ਨਹੀਂ ਕਰਨ ਦਿਤਾ। (ਵਿਘਨ) (ਸ਼ੋਰ)

ਦੂਜੀ ਗੱਲ ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਰਨੀ ਚਾਹੁੰਦਾ ਹਾਂ ਕਿ ਇਸ ਸਦਨ ਵਿਚ ਮੇਰੀ ਪਾਰਟੀ ਦੇ ਲੀਡਰ ਦਾ ਜ਼ਿਕਰ ਕੀਤਾ ਗਿਆ ਹੈ। ਮੈਂ ਕਲ੍ਹ ਵੀ ਇਹ ਕਿਹਾ ਸੀ ਕਿ ਜਿਹੜੇ ਲੀਡਰ

ਸਾਹਿਬ ਇਸ ਸਦਨ ਵਿਚ ਮੌਜੂਦ ਨਾ ਹੋਣ, ਉਨ੍ਹਾਂ ਬਾਰੇ ਇਸ ਸਦਨ ਵਿਚ ਜ਼ਿਕਰ ਨਹੀਂ ਕੀਤਾ ਜਾਣਾ ਚਾਹੀਦਾ । ਇਨ੍ਹਾਂ ਮੇਰੇ ਭਰਾਵਾਂ ਨੇ ਸੰਤ ਬਾਬਾ ਫਤਹਿ ਸਿੰਘ ਜੀ ਦਾ ਜ਼ਿਕਰ ਕੀਤਾ ਹੈ । (ਵਿਘਨ)

Mr. Deputy Speaker : No interruption please.

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਦੇ ਪੋਤੜਿਆਂ ਦਾ ਵਾਕਿਫ ਹਾਂ । (ਵਿਘਨ)

ਡਿਪਟੀ ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਸੰਤ ਬਾਬਾ ਫਤਿਹ ਸਿੰਘ ਜੀ ਦੀ ਮਿਟੀ ਦੇ ਬਰਾਬਰ ਵੀ ਨਹੀਂ ਹਨ । ਇਹ ਲੋਕ ਉਨ੍ਹਾਂ ਦੀ ਪੈਰਾਂ ਦੀ ਧੂੜੀ ਦੇ ਬਰਾਬਰ ਵੀ ਨਹੀਂ ਹਨ । ਅਜ ਉਹ ਪੰਜਾਬ ਦੇ ਲੋਕਾਂ, ਪੰਜਾਬ ਦੇ ਲੋਕਾਂ ਦੇ ਦਿਲਾਂ ਦੇ ਬਾਦਸ਼ਾਹ ਹਨ । ਕੀ ਹੋਇਆ ਜੇ ਇਹ ਅੱਜ ਲੋਕਾਂ ਨੂੰ ਨਜਾਇਜ਼ ਸ਼ਰਾਬਾਂ ਵੰਡ ਕੇ, ਲੋਕਾਂ ਨੂੰ ਪੈਸੇ ਵੰਡ ਕੇ ਔਰ ਉਨ੍ਹਾਂ ਤੋਂ ਵੋਟਾਂ ਇਸ ਢੰਗ ਨਾਲ ਲੈ ਕੇ ਜਿੱਤ ਕੇ ਇਥੇ ਆ ਗਏ ਹਨ । ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਾਂਗਾ ਕਿ ਜਿਹੜਾ ਕੈਂਡੀਡੇਟ ਮੇਰੇ ਹਲਕੇ ਵਿਚ ਮੇਰੇ ਖਿਲਾਫ ਕਾਂਗਰਸ ਪਾਰਟੀ ਦਾ ਖੜਾ ਕੀਤਾ ਗਿਆ ਸੀ ਮੈਂ ਉਸ ਦੇ ਬਾਰੇ ਜ਼ਿਕਰ ਕਰਦਾ ਹਾਂ । ਮੇਰਾ ਖਿਆਲ ਹੈ ਕਿ ਉਸ ਸਖਸ਼ ਨੇ ਹਿੰਦੁਸਤਾਨ ਦੀ ਕੋਈ ਪਾਰਟੀ ਨਹੀਂ ਛਡੀ । ਕਾਂਗਰਸ ਪਾਰਟੀ ਤੋਂ ਸ਼ੁਰੂ ਹੋ ਕੇ ਉਸ ਨੇ ਸਾਰੀਆਂ ਪਾਰਟੀਆਂ ਬਦਲੀਆਂ ਔਰ ਫਿਰ ਮੁੜ ਕਾਂਗਰਸ ਪਾਰਟੀ ਵਿਚ ਜਾ ਰਲਿਆ । ਜਿਸ ਤਰ੍ਹਾਂ ਜ਼ਮੀਨ ਗੋਲ ਹੈ ਔਰ ਮੁੜ ਉਸੇ ਥਾਂ ਪੁਆਇੰਟ ਤੇ ਪਹੁੰਚ ਜਾਂਦੀ ਹੈ, ਉਹ ਸਖਸ਼ ਵੀ ਸਾਰੀਆਂ ਪਾਰਟੀਆਂ ਬਦਲ ਕੇ ਕਾਂਗਰਸ ਵਿਚ ਮੁੜ ਜਾ ਰਲਿਆ । ਮੈਨੂੰ ਡਿਪਟੀ ਸਪੀਕਰ ਸਾਹਿਬ, ਪਤਾ ਹੈ ਕਿ ਕਿਸ ਤਰ੍ਹਾਂ ਸ਼ਰਾਬਾਂ ਵੰਡੀਆਂ ਗਈਆਂ, ਕਿਸ ਤਰ੍ਹਾਂ ਲੋਕਾਂ ਨੂੰ ਪੈਸੇ ਵੰਡੇ ਗਏ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਹੁਣ ਜਿਹੜੀ ਇਲੈਕਸ਼ਨ ਹੋਈ ਹੈ, ਇਸ ਦੇ ਵਿਚ ਗਵਰਨਰ ਸਾਹਿਬ ਨੇ, ਇਸ ਐਡਮਨਿਸਟਰੇਸ਼ਨ ਨੇ ਕਰੋੜਾਂ ਰੁਪਏ ਦਾ ਰਿਲੀਫ ਗੁਰਦਾਸਪੁਰ, ਫਿਰੋਜ਼ਪੁਰ ਔਰ ਬਠਿੰਡੇ ਦੇ ਇਲਾਕਿਆਂ ਵਿਚ ... (ਵਿਘਨ)

ਸਿਖਿਆ ਮੰਤਰੀ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਐਪਰੋਪ੍ਰੀਏਸ਼ਨ ਬਿਲ ਦੀ ਕਿਹੜੀ ਕਲਾਜ਼ ਤੇ ਬੋਲ ਰਹੇ ਹਨ ? (ਵਿਘਨ)

Mr. Deputy Speaker : Please take your seat(ਵਿਘਨ) ਮੈਂ ਆਨਰੇਬਲ ਮੈਂਬਰ ਨੂੰ ਰਿਕੁਐਸਟ ਕਰਾਂਗਾ ਕਿ ਉਹ ਐਪਰੋਪ੍ਰੀਏਸ਼ਨ ਬਿਲ ਤੇ ਹੀ ਬੋਲਣ । (ਵਿਘਨ) (Please take your seat. (interruption) I would request the hon. Member to confine himself to the Appropriation Bill) (Interruption)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੈਂ ਐਪਰੋਪ੍ਰੀਏਸ਼ਨ ਬਿਲ ਤੇ ਹੀ ਬੋਲ ਰਿਹਾ ਹਾਂ । ਇਨ੍ਹਾਂ ਨੇ ਪੈਸੇ ਦੀ ਮੰਗ ਕੀਤੀ ਹੈ । ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਪੈਸੇ ਕਿਸ ਤਰ੍ਹਾਂ ਗਲਤ ਢੰਗ ਨਾਲ ਵੰਡੇ ਹਨ । ਮੈਂ ਇਸ ਗਲ ਦਾ ਹੀ ਜ਼ਿਕਰ ਕਰ ਰਿਹਾ ਹਾਂ, ਮੈਂ ਕੋਈ ਬਾਹਰ ਜਾਣ ਦੀ ਕੋਸ਼ਿਸ਼ ਨਹੀਂ ਕਰ ਰਿਹਾ । (ਵਿਘਨ)

ਤੇ ਡਿਪਟੀ ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰ ਰਿਹਾ ਸੀ ਕਿ 11 ਮਾਰਚ ਨੂੰ ਪੰਜਾਬ ਵਿਚ ਇਲੈਕਸ਼ਨ ਹੋਈ । ਜਿਹੜੇ ਗੁਰਦਾਸਪੁਰ, ਫਿਰੋਜ਼ਪੁਰ ਔਰ ਅੰਮ੍ਰਿਤਸਰ ਆਦਿ ਦੇ ਜਿਹੜੇ ਬਾਰਡਰ ਦੇ

[ਸਰਦਾਰ ਅਜਾਇਬ ਸਿੰਘ ਸੰਧੂ]

ਨਾਲ ਲਗਦੇ ਹਲਕੇ ਹਨ, ਮੈਂ ਇਹ ਚਾਰਜ ਲਾਉਂਦਾ ਹਾਂ ਔਰ ਇਹ ਬਿਲਕੁਲ ਠੀਕ ਹੈ ਕਿ ਇਲੈਕਸ਼ਨ ਤੋਂ ਦੋ ਦਿਨ ਪਹਿਲਾਂ ਕਰੋੜਾਂ ਰੁਪਏ ਦਾ ਰਿਲੀਫ ਇਨ੍ਹਾਂ ਨੇ (ਸਰਕਾਰ ਨੇ, ਗਵਰਨਰ ਸਾਹਿਬ ਦੀ ਸਰਕਾਰ ਨੇ) ਕਾਂਗਰਸ ਕੈਂਡੀਡੇਟ ਦੇ ਕਹਿਣ ਤੇ ਵੰਡਿਆ ਹੈ ਔਰ ਇਹ ਇਸੇ ਕਰਕੇ ਇਥੇ ਜਿਤ ਕੇ ਆ ਗਏ ਹਨ। ਅੱਜ ਇਹ ਸੰਤ ਬਾਬਾ ਫਤਿਹ ਸਿੰਘ ਜੀ ਦੀਆਂ ਗਲਾਂ ਕਰਦੇ ਹਨ । ਸਾਡੇ ਸੰਤ ਬਾਬਾ ਫਤਿਹ ਸਿੰਘ ਦੇ ਕਿਸੇ ਵੀ ਬੰਦੇ ਨੇ ਲੋਕਾਂ ਨੂੰ ਸ਼ਰਾਬਾਂ ਨਹੀਂ ਪਿਲਾਈਆਂ, ਕਿਸੇ ਨੂੰ ਰੁਪਏ ਨਹੀਂ ਦਿਤੇ । (ਵਿਘਨ) (ਸ਼ੋਰ)

(ਇਸ ਵਕਤ ਚੌਧਰੀ ਜਗਤ ਰਾਮ ਜੀ ਕੁਝ ਕਹਿਣ ਲਈ ਖੜ੍ਹੇ ਹੋਏ)

Mr. Deputy Speaker : Chaudhri Jagat Ram, please take your seat.

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਇਹ ਵਿਚਾਰਾ 15 ਸਾਲਾਂ ਤੋਂ ਕਦੇ ਕਦੇ ਆਉਂਦਾ ਹੈ, (ਵਿਘਨ) ਕਾਂਗਰਸ ਵਾਲੇ ਇਸ ਦੀ ਸਿੰਘਣੀ ਦਾ ਪ੍ਰਬੰਧ ਵੀ ਨਹੀਂ ਕਰ ਸਕੇ । ਇਸ ਲਈ ਮੈਂ ਮੁੱਖ ਮੰਤਰੀ ਸਾਹਿਬ ਨੂੰ ਕਹਾਂਗਾ ਕਿ ਉਹ ਇਨ੍ਹਾਂ ਵਾਸਤੇ ਵੀ ਕੋਈ ਨਾ ਕੋਈ ਪ੍ਰੋਵੀਜ਼ਨ ਕਰਨ । (ਵਿਘਨ)

ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਾਡੇ ਸਰਦਾਰ ਸੁਰਜੀਤ ਸਿੰਘ ਵਰਗੇ ਮੈਂਬਰ ਵੀ ਬੈਠੇ ਹਨ ਜਿਹੜੇ ਕਾਂਗਰਸ ਵਾਲਿਆਂ ਦੀਆਂ ਜ਼ਮਾਨਤਾਂ ਜ਼ਬਤ ਕਰਵਾ ਕੇ ਆਏ ਹਨ । ਇਲੈਕਸ਼ਨਾਂ ਜਿੱਤੀ ਦੀਆਂ ਵੀ ਨੇ ਅਤੇ ਹਾਰੀ ਦੀਆਂ ਵੀ ਨੇ (ਵਿਘਨ) ਅਸੀਂ ਇਨ੍ਹਾਂ ਨੂੰ ਤਿੰਨ ਸਾਲ ਗੁਠੇ ਲਾ ਕੇ ਰਖਿਆ ਹੈ । (ਵਿਘਨ) (ਟਰੇਜ਼ਰੀ ਬੈਂਚਾਂ ਵਲ ਇਸ਼ਾਰਾ ਕਰਦੇ ਹੋਏ) ਤੁਹਾਡੇ ਵਿਚ ਹੀ ਭੱਦਰ ਪੁਰਸ਼ ਬੈਠੇ ਹਨ, ਤੁਹਾਡੀ ਸੇਵਾ ਤਾਂ ਉਹ ਹੀ ਕਰ ਲੈਣਗੇ (ਵਿਘਨ)

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਹਰਿਆਣੇ ਦਾ ਜ਼ਿਕਰ ਕੀਤਾ ਹੈ ਕਿ ਹਰਿਆਣਾ ਵਿਚ ਡਿਵੈਲਪਮੈਂਟ ਬਹੁਤ ਹੋ ਗਈ ਹੈ । ਇਨ੍ਹਾਂ ਨੂੰ ਪੁਛੋ ਜਿੰਨਾਂ ਪੈਸਾ ਹਰਿਆਣੇ ਨੂੰ ਸੈਂਟਰ ਨੇ ਦਿਤਾ ਕੀ ਉਤਨਾ ਸਾਨੂੰ ਵੀ ਦਿਤਾ ? (ਚੌਧਰੀ ਜਗਤ ਰਾਮ ਵਲੋਂ ਵਿਘਨ : ਤੁਸੀਂ ਨਾਲਾਇਕ ਸੀ) ਤੁਹਾਡੀ ਲਿਆਕਤ ਦਾ ਹੁਣੇ ਪਤਾ ਚਲ ਜਾਏਗਾ (ਵਿਘਨ) । ਜੇ ਤਿੰਨ ਸਾਲਾਂ ਵਿਚ ਅਸੀ ਡਿਵੈਲਪਮੈਂਟ ਦਾ ਕੰਮ ਘਟ ਕੀਤਾ ਹੈ ਅਤੇ ਹਰਿਆਣੇ ਨੇ ਵੱਧ ਕੀਤਾ ਹੈ ਤਾਂ ਇਸ ਦੀ ਜ਼ਿਮੇਂਵਾਰੀ ਸੈਂਟਰ ਸਰਕਾਰ ਦੀ ਹੈ, ਜਿਸ ਨੇ ਸਾਨੂੰ ਇਕ ਇੰਡਸਟਰੀ ਵੀ ਨਹੀਂ ਦਿਤੀ, ਜਿਸ ਨੇ ਪੰਜਾਬ ਦੀ ਸਰਕਾਰ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਹੈ । (ਵਿਘਨ) (ਟਰੇਜ਼ਰੀ ਬੈਂਚਾਂ ਵੱਲ ਇਸ਼ਾਰਾ ਕਰਦੇ ਹੋਏ) ਦੋਸਤੋ ਅਸੀਂ ਮਾੜੇ ਸਹੀ, ਸਾਡੀ ਸਰਕਾਰ ਮਾੜੀ ਸਹੀ, ਤੁਸੀਂ ਭੱਦਰ ਪੁਰਸ਼ ਹੋ । ਮੈਂ ਤੁਹਾਨੂੰ ਹੱਥ ਬੰਨ੍ਹ ਕੇ ਬੇਨਤੀ ਕਰਦਾ ਹਾਂ ਕਿ ਜੇ ਪੰਜਾਬ ਦਾ ਕੁਝ ਸੰਵਾਰਨਾ ਹੈ ਤਾਂ ਤੁਸੀਂ ਜਾਉ, ਉਸ ਦੇ ਕੋਲ ਜਿਸ ਨੂੰ ਤੁਸੀਂ ਦੁਰਗਾ ਮਾਤਾ ਕਹਿੰਦੇ ਹੋ, ਭਾਰਤ ਮਾਤਾ ਕਹਿੰਦੇ ਹੋ, ਬੀਬੀ ਇੰਦਰਾ ਗਾਂਧੀ ਦੀ ਸੇਵਾ ਵਿਚ ਬੇਨਤੀ ਕਰੋ ਕਿ ਪੰਜਾਬ ਦੇ ਨਾਲ ਅਨਿਆਇ ਨਾ ਕਰੇ । ਮੁੰਡੇ ਸਾਡੇ ਮਰਵਾਉਂਦੇ ਹੋ ਅਤੇ ਕਾਰਖਾਨੇ ਦੂਜੇ ਸੂਬਿਆਂ ਨੂੰ ਦਿੰਦੇ ਹੋ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਗਿਆਨੀ ਜ਼ੈਲ ਸਿੰਘ ਜੀ ਨੂੰ ਕਿ ਸਾਰੇ ਦੇ ਸਾਰੇ 66 ਮੈਂਬਰ ਤੁਹਾਡੇ ਨਾਲ ਹਨ, 10 ਕਾਮਰੇਡ ਮੈਂਬਰ ਹਨ, ਜੇ 76 ਦੇ ਨਾਲ ਕੋਈ ਗਲ ਨਾ ਬਣੇ ਤਾਂ ਸਾਨੂੰ ਲੈ ਚਲੋ ਅਸੀਂ ਆਪੋਜ਼ੀਸ਼ਨ ਵਾਲੇ ਕਹਾਂਗੇ ਕਿ ਬੀਬੀ ਰਾਣੀ ਸਾਡੇ ਪੰਜਾਬ ਦਾ ਕੋਈ ਭਲਾ ਕਰ । (ਵਿਘਨ) ਡਿਪਟੀ

ਸਪੀਕਰ ਸਾਹਿਬ, ਜਿਥੇ ਸਰਦਾਰ ਗੁਰਚਰਨ ਸਿੰਘ ਵਰਗੇ ਸ਼ਾਹਨਵਾਜ਼ ਬੈਠੇ ਹੋਣ ਉਥੇ ਪਰਵੱਕ ਕਰਨ ਦੀ ਲੋੜ ਨਹੀਂ । (ਵਿਘਨ)

ਡਿਪਟੀ ਸਪੀਕਰ ਸਾਹਿਬ, ਇਹ ਬਜਟ ਤੁਹਾਡੇ ਸਾਮ੍ਹਣੇ ਆਇਆ । ਕਿਹਾ ਗਿਆ ਕਿ ਇਕ ਸੋਹਣੇ ਮੰਤਰੀ ਨੇ ਇਕ ਸੋਹਣੇ ਢੰਗ ਨਾਲ, ਸੋਹਣੇ ਤਰੀਕੇ ਨਾਲ ਪੇਸ਼ ਕੀਤਾ ਹੈ । (ਵਿਘਨ) ਮੈਂ ਵੀ ਆਪਣੇ ਵਿੱਤ ਮੰਤਰੀ ਨੂੰ ਵਧਾਈ ਦਿੰਦਾ ਹਾਂ, ਇਨ੍ਹਾਂ ਨੇ ਹੋਰ ਢੰਗ ਦੇ ਨਾਲ ਦਿਤੀ ਮੈਂ ਹੋਰ ਢੰਗ ਦੇ ਨਾਲ ਦਿੰਦਾ ਹਾਂ । ਡਿਪਟੀ ਸਪੀਕਰ ਸਾਹਿਬ, ਬੜੇ ਖ਼ੂਬਸੂਰਤ, ਬੜੇ ਸੋਹਣੇ ਅਤੇ ਬੜੇ ਨਾਜ਼ੁਕ (ਵਿਘਨ) ਮੰਤਰੀ ਹਨ, ਨਵੀਂ ਨਵੀਂ ਇਲੈਕਸ਼ਨ ਜਿੱਤ ਕੇ ਆਏ ਸਨ, ਇਨ੍ਹਾਂ ਨੇ ਕਿਹਾ ਇਹ ਜਿਹੜੀ ਬਜਟ ਤਕਰੀਰ ਹੈ ਇਹ ਵਿੱਤ ਸਕੱਤਰ ਦੇ ਸਿਰ ਤੇ ਚੜ੍ਹਾ ਦਿਤੀ ਜੋ ਕੁਝ ਉਸ ਨੇ ਤਿਆਰ ਕਰ ਦਿਤਾ, ਬੜੇ ਖ਼ੂਬਸੂਰਤ ਢੰਗ ਨਾਲ ਇਨ੍ਹਾਂ ਨੇ ਹਾਊਸ ਵਿਚ ਪੜ੍ਹ ਦਿਤੀ ਕਿਉਂ ਜੋ ਇਨ੍ਹਾਂ ਨੂੰ ਮੇਹਨਤ ਨਾ ਕਰਨੀ ਪਈ । ਮੈਂ ਇਸ ਗਲ ਦੀ ਵਧਾਈ ਦਿੰਦਾ ਹਾਂ, ਜੇ ਇਹ ਮੇਹਨਤ ਕਰਕੇ ਆ ਜਾਂਦੇ ਤਾਂ ਅਸੀਂ ਬੋਲਦੇ ਕਿਸ ਤਰ੍ਹਾਂ ? (ਵਿਘਨ)

ਚੌਧਰੀ ਸੁੰਦਰ ਸਿੰਘ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਸਰਦਾਰ ਅਜਾਇਬ ਸਿੰਘ ਨੇ ਗਲ ਕੋਈ ਹੋਰ ਕਹਿਣੀ ਸੀ ਤੇ ਕਹਿ ਗਏ ਹੋਰ. ਇਨ੍ਹਾਂ ਦਾ ਗਲਾ ਪਾਟ ਗਿਆ ਹੈ ਤੇ ਆਵਾਜ਼ ਦੇ ਫਟ ਜਾਣ ਨਾਲ ਇਨ੍ਹਾਂ ਦੇ ਮੂੰਹੋਂ ਕੁਝ ਹੋਰ ਨਿਕਲ ਗਿਆ (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੈਂ ਚੌਧਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੂੰ ਸਾਡਾ ਧਿਆਨ ਹੈ । (ਵਿਘਨ) ਡਿਪਟੀ ਸਪੀਕਰ ਸਾਹਿਬ, ਇਲੈਕਸ਼ਨਜ਼ ਵਿਚ ਇਨ੍ਹਾਂ ਨੇ ਕਿਹਾ ਗਰੀਬੀ ਹਟਾਉਣ ਬਾਰੇ ਅਤੇ ਸਮਾਜਵਾਦ ਲਿਆਉਣ ਬਾਰੇ । ਜੋ ਸਮਾਜਵਾਦ ਦੀਆਂ ਝਲਕਾਂ ਗਵਰਨਰ ਸਾਹਿਬ ਦੇ ਐਡਰੈਸ ਵਿਚ ਔਰ ਵਿੱਤ ਮੰਤਰੀ ਦੇ ਭਾਸ਼ਣ ਵਿਚ ਨੇ ਉਹ ਮੇਰਾ ਖ਼ਿਆਲ ਹੈ ਕਿ ਕੋਈ ਖ਼ਾਸ ਦੂਰਬੀਨ ਨਾਲ ਨਜ਼ਰ ਆਉਣ ਤਾਂ ਮੈਂ ਕਹਿ ਨਹੀਂ ਸਕਦਾ ਪਰ ਮੈਨੂੰ ਤਾਂ ਕੋਈ ਝਲਕ ਉਨ੍ਹਾਂ ਵਿਚ ਨਜ਼ਰ ਨਹੀਂ ਆਈ । ਮੈਂ ਤਾਂ ਇਹ ਕਹਾਂਗਾ ਕਿ ਜਿੰਨੇ ਕੰਮ ਅਕਾਲੀ ਸਰਕਾਰ ਕਰ ਗਈ ਹੈ, ਵਿੱਤ ਸਕੱਤਰ ਨੂੰ ਪਤਾ ਸੀ ਕਿ ਅਕਾਲੀ ਸਰਕਾਰ ਨੇ ਆਉਣਾ ਸੀ, ਉਹੋ ਜਿਹਾ ਭਾਸ਼ਣ ਬਣਾ ਕੇ ਦੇ ਦਿਤਾ ਅਤੇ ਇਨ੍ਹਾਂ ਨੂੰ ਉਹੀ ਪੜ੍ਹਨਾ ਪੈ ਗਿਆ ਅਤੇ ਉਸ ਨੇ ਉਹੀ ਗਲ ਕਹਿ ਦਿਤੀ ਜਿਹੜੀ ਸਾਡੀ ਅਕਾਲੀ ਸਰਕਾਰ ਨੇ ਕੀਤੀ ਸੀ । ਇਨ੍ਹਾਂ ਨੇ ਕੋਈ ਇਕ ਸਕੀਮ ਕਿਸੇ ਖੇਤਰ ਵਿਚ ਪਲਿਊ ਨਹੀਂ ਪਾਈ । ਫਿਰ ਇਹ ਕਹਿੰਦੇ ਹਨ ਕਿ ਅਸੀਂ ਕੋਈ ਟੈਕਸ ਨਹੀਂ ਲਾਇਆ । (ਵਿਘਨ) ਡਿਪਟੀ ਸਪੀਕਰ ਸਾਹਿਬ, ਪਿਛਲੇ 22 ਸਾਲਾਂ ਵਿਚ ਕੋਈ ਦਿਨ ਐਸਾ ਨਹੀਂ ਸੀ ਜਾਂਦਾ ਜੋ ਇਹ ਟੈਕਸ ਨਹੀਂ ਸੀ ਲਗਾਉਂਦੇ । 22 ਸਾਲਾਂ ਵਿਚ ਇਨ੍ਹਾਂ ਨੇ ਹਰ ਚੀਜ਼ ਤੇ ਟੈਕਸ ਲਗਾ ਦਿਤਾ । ਫਿਰ ਸਾਡੀ ਸਰਕਾਰ ਆਈ, ਉਸ ਨੇ ਸਾਰੇ ਟੈਕਸ ਮੁਆਫ਼ ਕੀਤੇ । ਸਾਨੂੰ ਫ਼ਖ਼ਰ ਹੈ ਕਿ ਸਾਡੀ ਅਕਾਲੀ ਸਰਕਾਰ ਨੇ ਤਿੰਨ ਸਾਲਾਂ ਵਿਚ ਇਕ ਨਵੇਂ ਪੈਸੇ ਦਾ ਕੋਈ ਨਵਾਂ ਟੈਕਸ ਨਹੀਂ ਲਾਇਆ ਸੀ, ਬਲਕਿ ਕਰੋੜਾਂ ਰੁਪਏ ਦੇ ਟੈਕਸ ਮਾਫ਼ ਕੀਤੇ । (ਵਿਘਨ) ਇਹ ਕਹਿੰਦੇ ਹਨ ਕਿ ਅਸੀਂ ਕੋਈ ਨਵਾਂ ਟੈਕਸ ਨਹੀਂ ਲਾਇਆ । ਮੈਂ ਇਨ੍ਹਾਂ ਤੋਂ ਪੁਛਦਾ ਹਾਂ ਕਿ ਇਹ ਕਿਸ ਤਰ੍ਹਾਂ ਕਹਿ ਸਕਦੇ ਹਨ ਕਿ ਇਨ੍ਹਾਂ ਨੇ ਕੋਈ ਟੈਕਸ ਨਹੀਂ ਲਾਇਆ। ਤੁਸੀਂ ਪੰਜਾਬ ਵਿਚ ਨਹੀਂ ਲਾਇਆ ਤੇ ਦੁਰਗਾ ਮਾਤਾ ਨੇ ਦੋ ਅਰਬ ਰੁਪਏ ਦੇ ਟੈਕਸ ਲਾਏ ਹਨ । (ਵਿਘਨ)

ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮਾਨਨੀਏ ਸਦੱਸ ਨੇ ਆਪਣੀ ਸਪੀਚ ਵਿਚ ਦੋ ਤਿੰਨ ਵਾਰ ਦੁਰਗਾ ਮਾਤਾ ਦਾ ਸ਼ਬਦ ਪ੍ਰਯੋਗ ਕੀਤਾ ਹੈ। ਇਹ ਇਕ ਧਾਰਮਿਕ ਸ਼ਬਦ ਹੈ, ਇਹ ਸ਼੍ਰੀਮਤੀ ਇੰਦਰਾ ਗਾਂਧੀ ਲਈ ਦੁਰਗਾ ਮਾਤਾ ਅਤੇ ਭਾਰਤ ਮਾਤਾ ਦਾ ਸ਼ਬਦ ਇਸਤੇਮਾਲ ਕਰਦੇ ਹਨ, ਇਹ ਨਹੀਂ ਚਾਹੀਦਾ ਹੈ। ਜਿੰਨੀ ਵੇਰ ਇਹ ਸ਼ਬਦ ਆਇਆ ਹੈ ਇਹ ਐਕਸਪੰਜ ਹੋਣਾ ਚਾਹੀਦਾ ਹੈ...(ਵਿਘਨ)।

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਜੇ ਇਨ੍ਹਾਂ ਨੇ ਦੁਰਗਾ ਮਾਤਾ ਦਾ ਸ਼ਬਦ ਉਨ੍ਹਾਂ ਲਈ ਨਹੀਂ ਵਰਤਿਆ ਤਾਂ ਮੈਂ ਵਾਪਸ ਲੈਂਦਾ ਹਾਂ। ਮੈਂ ਤਾਂ ਉਨ੍ਹਾਂ ਨੂੰ ਸ਼੍ਰੀਮਤੀ ਇੰਦਰਾ ਗਾਂਧੀ ਕਹਿੰਦਾ ਹਾਂ ਜਾਂ ਬੀਬੀ ਇੰਦਰਾ ਗਾਂਧੀ ਕਹਿੰਦਾ ਹਾਂ (ਵਿਘਨ) । ਇਹ ਬਜ਼ੁਰਗ ਤਾਂ ਗਾਂਧੀ ਜੀ ਨੂੰ ਵੀ ਭਗਵਾਨ ਕਹਿੰਦੇ ਹਨ (ਵਿਘਨ) ਉਹ ਬੀਬੀ ਸਾਡੇ ਦੇਸ਼ ਦੀ ਪ੍ਰਧਾਨ ਮੰਤਰੀ ਹੈ ਮੈਂ ਤਾਂ ਸ਼੍ਰੀਮਤੀ ਪ੍ਰਧਾਨ ਮੰਤਰੀ ਅਤੇ ਸ਼੍ਰੀਮਤੀ ਇੰਦਰਾ ਗਾਂਧੀ ਕਹਾਂਗਾ।

ਸੋ ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ, ਹੁਣ ਗਿਆਨੀ ਜੀ ਆ ਗਏ ਹਨ। ਇਹ ਜਿਸ ਦਿਨ ਲੀਡਰ ਬਣੇ ਤਾਂ ਇਨ੍ਹਾਂ ਨੇ ਪਹਿਲੇ ਦਿਨ 15 ਨੁਕਾਤੀ ਪ੍ਰੋਗਰਾਮ ਛਾਪਿਆ ਫਿਰ ਇਨ੍ਹਾਂ ਨੂੰ ਸਾਥੀਆਂ ਨੇ ਕਿਹਾ...(ਵਿਘਨ)।

ਡਾਕਟਰ ਅਮੀਰ ਸਿੰਘ ਕਲਕੱਟ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਹ ਕਿਸ ਮੱਦ ਤੇ ਬੋਲ ਰਹੇ ਹਨ.. (ਵਿਘਨ)।

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਪਹਿਲਾਂ ਜੋ ਪ੍ਰੋਗਰਾਮ ਆਇਆ ਉਹ ਤਾਂ ਸੀ 15 ਨੁਕਾਤੀ। ਫਿਰ ਕਾਮਰੇਡਾਂ ਨੇ ਇਨ੍ਹਾਂ ਨੂੰ ਕਿਹਾ ਕਿ ਇਹ ਤਾਂ ਗਲਤ ਹੈ ਅਤੇ ਇਹ ਬਣ ਗਿਆ 12 ਨੁਕਾਤੀ ਔਰ ਜਦੋਂ ਬਜਟ ਸਪੀਚ ਅਤੇ ਐਡਰੈਸ ਆਇਆ ਤਾਂ ਇਹ ਸਾਰੇ ਨੁਕਤੇ ਉੜ ਗਏ। ਇਨ੍ਹਾਂ ਨੇ ਕਿਹਾ ਕਿ ਹਰੀਜਨਾਂ ਦੀ ਭਲਾਈ ਦਾ ਬਹੁਤ ਕੰਮ ਕਰਾਂਗੇ। ਮੈਂ ਕਹਿਣਾ ਚਾਹੁੰਦਾ ਹਾਂ ਕਿ 104 ਮੈਂਬਰਾਂ ਦੇ ਹਾਊਸ ਵਿਚ ਉਨ੍ਹਾਂ ਵਿਚੋਂ 23 ਮੈਂਬਰ ਹਨ, ਪਰ ਉਨ੍ਹਾਂ ਨੇ ਜਿਹੜੇ 10 ਮੰਤਰੀ ਬਣਾਏ ਹਨ ਉਸ ਦੇ ਹਿਸਾਬ ਨਾਲ ਉਨ੍ਹਾਂ ਦੇ ਢਾਈ ਮੈਂਬਰ ਬਣਾਉਣੇ ਚਾਹੀਦੇ ਸੀ, ਪਰ ਇਨ੍ਹਾਂ ਨੇ ਇਕ ਹੀ ਬਣਾਇਆ ਹੈ। ਅਕਾਲੀਆਂ ਨੇ ਤਾਂ ਪੰਜ ਬਣਾਏ ਸੀ, ਪਰ ਇਨ੍ਹਾਂ ਨੇ ਜਿਹੜਾ ਇਕ ਬਣਾਇਆ ਹੈ ਸਾਨੂੰ ਤਾਂ ਕੋਈ ਇਤਰਾਜ਼ ਨਹੀਂ...(ਵਿਘਨ)।

ਸ਼੍ਰੀ ਖੁਸ਼ਹਾਲ ਬਹਿਲ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਜਿਹੜੀ ਇਹ ਸਾਰੀ ਗਲ ਬਾਤ ਮੈਂਬਰ ਸਾਹਿਬ ਕਰ ਰਹੇ ਹਨ ਇਹ ਕਿਸ ਮੱਦ ਦੇ ਥਲੇ ਕਰ ਰਹੇ ਹਨ, ਇਸ ਦਾ ਮਤੇ ਨਾਲ ਕੀ ਸਬੰਧ ਹੈ ..(ਵਿਘਨ)।

Mr. Deputy Speaker : Shri Ajaib Singh ji, please be relevant.

ਕਾਮਰੇਡ ਜੰਗੀਰ ਸਿੰਘ ਜੋਗਾ : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜਾ ਵਜ਼ੀਰਾਂ ਦੇ ਮੁਤੱਲਕ ਕਹਿ ਗਏ ਹਨ, ਮੈਂ ਇਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਤਾਂ 30 ਮਨਿਸਟਰ ਬਣਾ ਦਿਤੇ ਸਨ...(ਵਿਘਨ)।

Mr. Deputy Speaker : Please resume your seat.

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਜੋਗਾ ਸਾਹਿਬ ਨੇ ਚੰਗੀ ਤਰ੍ਹਾਂ ਮੈਨੂੰ ਸੁਣਿਆ ਨਹੀਂ .. ... (ਵਿਘਨ) । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਗਿਆਨੀ ਜੀ ਨੂੰ ਕਿ ਇਹ ਮੇਰੇ ਬਜ਼ੁਰਗਾਂ ਦੇ ਤੌਰ ਤੇ ਹਨ...ਵਿਘਨ । ਤੁਸੀਂ ਹਰੀਜਨਾਂ ਨੂੰ ਤੰਗ ਕਰਨਾ ਹੈ ਜਾਂ ਉਨ੍ਹਾਂ ਨੂੰ ਕੋਈ ਸਹੂਲਤਾਂ ਵੀ ਦੇਣੀਆਂ ਹਨ । ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਤੁਸੀਂ ਹਰੀਜਨਾਂ ਵਿਚੋਂ ਕੋਈ ਵਜ਼ੀਰ ਬਣਾ ਰਹੇ ਹੋ ਤਾਂ ਅਸੀਂ ਆਪੋਜ਼ੀਸ਼ਨ ਵਾਲੇ ਕੋਈ ਇਤਰਾਜ਼ ਨਹੀਂ ਕਰਾਂਗੇ ।

ਇਸੇ ਤਰ੍ਹਾਂ ਹੀ ਡਿਪਟੀ ਸਪੀਕਰ ਸਾਹਿਬ, ਮੈਂ ਹੁਣ ਇਕ ਅਜਿਹੇ ਸੱਜਣ ਦੀ ਗਲ ਕਰਨੀ ਚਾਹੁੰਦਾ ਹਾਂ ਜਿਸ ਦਾ ਜ਼ਿਕਰ ਕਲ ਵੀ ਆਇਆ ਹੈ । ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਨੇ ਉਸ ਵਿਅਕਤੀ ਦਾ ਜ਼ਿਕਰ ਕੀਤਾ ਸੀ । ਉਹ ਪੰਜਾਬ ਦੇ ਆਈ. ਜੀ. ਹਨ । ਮੈਂ ਸਮਝਦਾ ਹਾਂ ਕਿ X X X ਨਾਲ ਮੈਨੂੰ ਕੋਈ ਗਿਲਾ ਨਹੀਂ, ਕੋਈ ਪਰਸਨਲ ਗਰਜ ਨਹੀਂ ਲੇਕਿਨ ਅਸੀਂ ਮਹਿਸੂਸ ਕਰਦੇ ਹਾ ਕਿ ਇਹ ਉਹ X X X ਹੈ ਜਿਸ ਨੇ ਸ੍ਰੀ ਹਰਮੰਦਰ ਸਾਹਿਬ ਵਿਚ ਵੜ ਗੋਲੀਆਂ ਚਲਵਾਣੀਆਂ ਸਨ । ਮੈਂ ਸਮਝਦਾ ਹਾਂ ਕਿ ਉਨ੍ਹਾਂ ਨੂੰ ਆਈ. ਜੀ. ਲਾਉਣਾ ਪੰਜਾਬ ਦੀ ਜੰਤਾ ਦੇ ਸੈਂਟੀਮੈਂਟਸ ਨਾਲ ਖੇਡਣਾ ਹੈ । ਇਹੋ ਜਿਹਾ ਆਈ. ਜੀ. ਨਹੀਂ ਸੀ ਲਾਉਣਾ ਚਾਹੀਦਾ ।

ਚੌਧਰੀ ਰਾਮ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਜਿਹੜਾ ਅਫਸਰ ਇਥੇ ਹਾਊਸ ਵਿਚ ਜਵਾਬ ਨਾ ਦੇ ਸਕਦਾ ਹੋਵੇ, ਕੀ ਉਸ ਦਾ ਨਾਉਂ ਇਥੇ ਲਿਆ ਜਾ ਸਕਦਾ ਹੈ ? (ਵਿਘਨ)

ਸ੍ਰੀ ਡਿਪਟੀ ਸ਼ਪੀਕਰ : ਨਾਉਂ ਰਿਕਾਰਡ ਨਾ ਕੀਤਾ ਜਾਵੇ । (ਵਿਘਨ) (The name of the officer who cannot give reply in the House should not be recorded.)

ਸਰਦਾਰ ਅਜਾਇਬ ਸਿੰਘ ਸੰਧੂ : ਜੇਕਰ ਤੁਹਾਨੂੰ X X X ਨਾਲ ਗਿਲਾ ਹੈ ਤਾਂ ਮੈਂ ਇਹ ਲਫਜ਼ ਵਾਪਸ ਲੈਂਦਾ ਹਾਂ । ਲੇਕਿਨ ਇਹੋ ਜਿਹਾ ਆਈ. ਜੀ. ਨਹੀਂ ਵੇਖਿਆ ਜਿਹੜਾ ਕਿ ਸੈਂਟਰ ਦਾ ਵੀ ਆਈ. ਜੀ. ਹੋਵੇ ਔਰ ਸੂਬੇ ਦਾ ਵੀ ਹੋਵੇ । ਲੇਕਿਨ ਇਹ ਆਈ. ਜੀ. ਸੈਂਟਰ ਦਾ ਅਤੇ ਸਟੇਟ ਦਾ ਇਕੋ ਹੀ ਹੈ । (ਵਿਘਨ)

ਸ੍ਰੀ ਡਿਪਟੀ ਸਪੀਕਰ : ਮਿਸਟਰ ਸੰਧੂ, ਤੁਸੀਂ ਐਪ੍ਰਾਪਰੀਏਸ਼ਨ ਬਿਲ ਤੇ ਹੀ ਬੋਲੋ । ਤੁਹਾਡੀ ਸਪੀਚ ਇਰੈਲੇਵੈਂਟ ਹੈ । (ਵਿਘਨ) (The hon. Member, Mr. Sandhu, should speak on the Appropriation Bill. His speech is irrelevant.)

ਸ੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਸੰਧੂ ਸਾਹਿਬ ਇਰਰੈਲੇਵੈਂਟ ਬੋਲ ਰਹੇ ਹਨ । ਜਿਹੜਾ ਬੰਦਾ ਹਾਊਸ ਵਿਚ ਹਾਜ਼ਰ ਨਾ ਹੋਵੇ ਉਸ ਦੀ ਜ਼ਾਤ ਦੇ ਖਿਲਾਫ ਕਿਸੇ ਦਾ ਬੋਲਣਾ ਗਲਤ ਹੈ ।

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਨਾਉਂ ਨਹੀਂ ਲੈਂਦਾ । ਮੈਂ ਤਾਂ ਪਰੈਜ਼ੰਟ ਆਈ. ਜੀ. ਬਾਰੇ ਬੋਲ ਰਿਹਾ ਹਾਂ ।

*Not recorded as ordered by the Chair.

ਸ੍ਰੀ ਡਿਪਟੀ ਸਪੀਕਰ : ਮੈਂ ਸੰਧੂ ਸਾਹਿਬ ਦੀ ਖਿਦਮਤ ਵਿਚ ਅਰਜ਼ ਕਰਾਂਗਾ ਕਿ ਉਹ ਹਾਊਸ ਦੀਆਂ ਰਵਾਇਤਾਂ ਨੂੰ ਕਾਇਮ ਰਖਣ। ਜਿਹੜਾ ਬਿਲ ਪੇਸ਼ ਹੋਇਆ ਹੈ ਉਸ ਉਤੇ ਹੀ ਬੋਲਣ। 80 ਪਰਸੈਂਟ ਸਪੀਚ ਉਨ੍ਹਾਂ ਦੀ ਇਰੈਲੇਵੈਂਟ ਹੈ। ਮੈਂ ਅਰਜ਼ ਕਰਾਂਗਾ ਕਿ ਤੁਸੀਂ ਕਿੰਨਾਂ ਅਰਸਾ ਬੋਲਣਾ ਚਾਹੋਗੇ ? (I would request the hon. Member, S. Ajaib Singh Sandhu, that he should maintain the conventions of the House. He should speak on the Bill which is now before the House. His 80% speech is irrelevant. How much time he would like to take more ?)

ਸਰਦਾਰ ਅਜਾਇਬ ਸਿੰਘ ਸੰਧੂ : ਜਿਤਨਾ ਮੇਰੀ ਪਾਰਟੀ ਦਾ ਬਾਕੀ ਟਾਈਮ ਹੈ। ਡਿਪਟੀ ਸਪੀਕਰ ਸਾਹਿਬ, ਜਦੋਂ ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਬੋਲ ਰਹੇ ਸਨ ਉਸ ਵਕਤ ਤਾਂ ਤੁਸੀਂ ਇਕ ਵਾਰ ਵੀ ਨਹੀਂ ਸੀ ਕਿਹਾ ਕਿ ਉਹ ਇਰੈਲੇਵੈਂਟ ਬੋਲ ਰਹੇ ਹਨ। (ਵਿਘਨ)

ਸਰਦਾਰ ਉਮਰਾਓ ਸਿੰਘ : ਕੀ ਤੁਸਾਂ ਇਤਰਾਜ ਕੀਤਾ ਸੀ ਉਸ ਵੇਲੇ ?

ਸਰਦਾਰ ਧੰਨਾ ਸਿੰਘ ਗੁਲਸ਼ਨ : ਡਿਪਟੀ ਸਪੀਕਰ ਸਾਹਿਬ ਜਿਹੜੇ ਸੱਜਣ ਪੁਆਇੰਟ ਆਫ ਆਰਡਰ ਤੇ ਬੋਲੇ ਹੋਨ ਉਨ੍ਹਾਂ ਨੂੰ ਇਹ ਵੀ ਨਹੀਂ ਪਤਾ ਕਿ ਪੁਆਇੰਟ ਆਫ ਆਰਡਰ ਕੀ ਹੁੰਦਾ ਹੈ। (ਵਿਘਨ)

Mr. Deputy Speaker : This is no point of order.

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਾਬਕਾ ਮੁਖ ਮੰਤਰੀ ਸ੍ਰੀ ਭੀਮ ਸੈਨ ਸੱਚਰ ਨੂੰ ਇਸ ਆਈ. ਜੀ ਦੇ ਕਾਰਣ ਹੀ ਅਸਤੀਫਾ ਦੇਣਾ ਪਿਆ ਸੀ ਅਤੇ ਇਸ ਆਈ. ਜੀ. ਨੇ ਹੀ ਉਸ ਦਾ ਭੋਗ ਪਾ ਦਿਤਾ ਸੀ। ਹੁਣ ਇਹ ਗਿਆਨੀ ਜੀ ਦਾ ਭੋਗ ਪਾਉਣ ਦਾ ਪ੍ਰਬੰਧ ਕਰ ਰਹੇ ਹਨ। ਪਰ ਇਸ ਤੋਂ ਪਹਿਲਾਂ ਕਿ ਉਹ ਗਿਆਨੀ ਜੀ ਦਾ ਭੋਗ ਪਾਉਣ ਮੈਂ ਗਿਆਨੀ ਜੀ ਨੂੰ ਕਹਾਂਗਾ ਕਿ ਉਹ ਹੀ ਇਸ ਆਈ. ਜੀ. ਦਾ ਭੋਗ ਪਾ ਦੇਣ। (ਵਿਘਨ)

ਆਵਾਜ਼ਾਂ : ਤੁਹਾਡੇ ਸੰਤ ਫਤਿਹ ਸਿੰਘ ਜੀ ਦਾ ਤਾਂ ਭੋਗ ਪਾਇਆ ਗਿਆ ਹੈ। (ਵਿਘਨ)

ਸ੍ਰੀ ਵਿਸ਼ਵਾ ਮਿੱਤਰ ਸੇਖਰੀ : ਆਨ ਏ ਪੁਆਇੰਟ ਆਫ ਆਰਡਰ ਸਰ। ਸਪੀਕਰ ਸਾਹਿਬ ਸਰਦਾਰ ਅਜਾਇਬ ਸਿੰਘ ਸੰਧੂ ਨੂੰ ਇਸ ਕਾਰਣ ਆਈ. ਜੀ. ਸਾਹਿਬ ਦੀ ਯਾਦ ਆਉਂਦੀ ਹੈ ਕਿਉ ਕਿ ਉਨ੍ਹਾਂ ਨੇ ਆਉਂਦਿਆਂ ਹੀ ਅਕਾਲੀ ਗੁੰਡਾ ਗਰਦੀ ਨੂੰ ਖ਼ਤਮ ਕਰ ਦਿੱਤਾ ਹੈ। (ਵਿਘਨ) (ਪ੍ਰਸੰਸ਼ਾ)

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (ਵਿਘਨ) (This is no point of order.)

ਸਰਦਾਰ ਉਮਰਾਓ ਸਿੰਘ : ਡਿਪਟੀ ਸਪੀਕਰ ਸਾਹਿਬ, ਜਿਹੜਾ ਸਰਕਾਰੀ ਕਰਮਚਾਰੀ ਹਾਊਸ ਵਿਚ ਹਾਜ਼ਰ ਨਾ ਹੋਵੇ, ਕੀ ਉਸ ਦੇ ਕੰਡਕਟ ਬਾਰੇ ਕੋਈ ਮੈਂਬਰ ਬੋਲ ਸਕਦਾ ਹੈ ?

ਸਰਦਾਰ ਅਜਾਇਬ ਸਿੰਘ ਸੰਧੂ : ਕਲ ਤੁਸੀਂ ਬੋਲਦੇ ਰਹੇ ਹੋ, ਹੁਣ ਤੁਸੀਂ ਵੀ ਸੁਣੋ।

ਸ੍ਰੀ ਡਿਪਟੀ ਸਪੀਕਰ : ਮੇਰੀ ਰੂਲਿੰਗ ਹੈ ਕਿ ਕੋਈ ਵੀ ਮੈਂਬਰ ਉਸ ਅਫਸਰ ਬਾਰੇ ਨਹੀਂ

ਬੋਲ ਸਕਦਾ ਜੋ ਹਾਊਸ ਵਿਚ ਹਾਜ਼ਰ ਨਾ ਹੋਵੇ ਅਤੇ ਆਪਣੇ ਆਪ ਨੂੰ ਡੀਫੈਂਡ ਨਾ ਕਰ ਸਕਦਾ ਹੋਵੇ। ਆਨਰੇਬਲ ਮੈਂਬਰ ਇਸ ਚੀਜ਼ ਦਾ ਖਿਆਲ ਰਖਣ। (My ruling is that no hon. Member can speak about the officer, who is not present in the House and as such may not be able to defend himself. The hon. Member should keep this in view.)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਜੇਕਰ ਮੈਂ ਨਾਉਂ ਲੈ ਕੇ ਬੋਲਾਂ ਤਾਂ ਮਾੜੀ ਗਲ ਹੈ। ਮੈਂ ਤਾਂ ਪਰੇਜ਼ੈਂਟ ਆਈ. ਜੀ. ਦੀ ਗਲ ਕਰ ਰਿਹਾ ਹਾਂ। ਜਿਹੜੇ ਕਿ ਡਿਪਾਰਟਮੈਂਟ ਦੇ ਹੈਡ ਹਨ।

ਚੌਧਰੀ ਰਾਮ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਇਹ ਇਸ ਵਾਸਤੇ ਆਈ. ਜੀ ਸਾਹਿਬ ਦਾ ਨਾਮ ਘੜੀ-ਘੜੀ ਲੈ ਰਹੇ ਹਨ ਕਿਉਂਕਿ ਉਨ੍ਹਾਂ ਨੇ ਹਰਮੰਦਰ ਸਾਹਿਬ ਜਾਕੇ —(ਵਿਘਨ) (ਸ਼ੋਰ)

Mr. Deputy Speaker : No interruptions please.

ਸ਼੍ਰੀਮਤੀ ਗੁਰਚਰਿੰਦਰ ਕੌਰ : ਆਨ ਏ ਪੁਆਇੰਟ ਆਫ ਆਰਡਰ ਸਰ। ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਅਸੀਂ ਸਵਾ ਘੰਟਾ ਹਾਊਸ ਦਾ ਵੇਸਟ ਕਰ ਚੁਕੇ ਹਾਂ। ਮੈਂਬਰ ਸਾਹਿਬਾਨ ਨੂੰ ਚਾਹੀਦਾ ਹੈ ਕਿ ਐਪ੍ਰੋਪਰੀਏਸ਼ਨ ਬਿਲ ਤੇ ਹੀ ਬੋਲਣ ਤਾਂ ਕਿ ਆਉਣ ਵਾਲੇ ਸਮੇਂ ਵਿਚ ਜੋ ਸੋਸ਼ਲ ਵੈਲਫੇਅਰ ਐਕਟਿਵਿਟੀਜ਼ ਉਤੇ ਖਰਚ ਹੋਣਾ ਹੈ ਉਸ ਦੇ ਬਾਰੇ ਵਿਚ ਸਾਰੇ ਸੱਜਣਾਂ ਨੂੰ ਜਿਹੜੇ ਕਿ ਗੈਲਰੀਜ਼ ਵਿਚ ਬੈਠੇ ਹਨ ਪਤਾ ਲਗ ਸਕੇ। ਇਸ ਤਰ੍ਹਾਂ ਇਕ ਦੂਜੇ ਨੂੰ ਗਾਲ੍ਹਾਂ ਨਹੀਂ ਕੱਢਣੀਆਂ ਚਾਹੀਦੀਆਂ।

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਡਿਪਟੀ ਸਪੀਕਰ ਸਾਹਿਬ, ਆਪ ਜੀ ਦੇ ਰਾਹੀਂ ਬੀਬੀ ਜੀ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਆਈ. ਜੀ. ਦਾ ਵੋਟ ਆਨ ਅਕਾਊਂਟ ਵਿਚ ਜ਼ਿਕਰ ਆਇਆ ਹੈ। ਕਿਉਂਕਿ ਪੈਸੇ ਮੰਗੇ ਹਨ ਤਿੰਨ ਚਾਰ ਮਹੀਨਿਆਂ ਵਾਸਤੇ ਇਸ ਲਈ ਮੈਂ ਉਨ੍ਹਾਂ ਬਾਰੇ ਠੀਕ ਹੀ ਬੋਲ ਰਿਹਾ ਹਾਂ। (ਵਿਘਨ)

ਸ੍ਰੀ ਡਿਪਟੀ ਸਪੀਕਰ : ਤੁਸੀਂ ਜੇਕਰ ਬਹਿਸ ਤੇ ਇਸ ਤਰ੍ਹਾਂ ਬੋਲਣਾ ਸੀ ਤਾਂ ਤੁਹਾਨੂੰ ਕਲ ਕੱਟ ਮੋਸ਼ਨਜ਼ ਦੇਣੀ ਚਾਹੀਦੀ ਸੀ। ਹੁਣ ਤੁਸੀਂ ਆਪਣੀ ਸਪੀਚ ਨੂੰ ਕਨਕਲੂਡ ਕਰੋ। (ਵਿਘਨ) ਜੇ ਹੋਰ ਕਿਸੇ ਨੇ ਤੁਹਾਡੀ ਪਾਰਟੀ ਵਿਚੋਂ ਨਹੀਂ ਬੋਲਣਾ ਤਾਂ ਤੁਸੀਂ ਬੋਲਦੇ ਰਹੋ। (It would have been better if the hon. Member had given notice of the Cut Motions yesterday in order to raise discussion on such matters. He should conclude his speech now. If no other member from your party wants to speak, then you can continue.)

ਸਰਦਾਰ ਅਜਾਇਬ ਸਿੰਘ ਸੰਧੂ : ਮੇਰੀ ਪਾਰਟੀ ਨੇ ਮੈਨੂੰ ਆਗਿਆ ਦਿਤੀ ਹੈ ਕਿ ਜਿੰਨਾਂ ਟਾਈਮ ਤੁਸੀਂ ਦੇ ਸਕਦੇ ਹੋ ਮੈਂ ਬੋਲਦਾ ਰਹਾਂ। ਮੈਂ ਅਰਜ਼ ਕਰਨਾ ਚਾਹੁੰਦਾ ਹਾਂ, ਡਿਪਟੀ ਸਪੀਕਰ ਸਾਹਿਬ, ਕਿ ਪੰਜਾਬ ਦੇ 11 ਜ਼ਿਲ੍ਹੇ ਹਨ। 11 ਜ਼ਿਲ੍ਹਿਆਂ ਵਿਚ 10 ਮੰਤਰੀ ਹਨ ਲੇਕਿਨ ਡੀ. ਆਈ. ਜੀ. 12 ਹੋ ਗਏ ਹਨ। ਇਹ ਖਰਚ ਘਟਾਇਆ ਜਾ ਰਿਹਾ ਹੈ ਜਾਂ ਵਧਾਇਆ ਜਾ ਰਿਹਾ ਹੈ। ਇਹ 12

[ਸਰਦਾਰ ਅਜਾਇਬ ਸਿੰਘ ਸੰਧੂ]

ਡੀ. ਆਈ. ਜੀ. ਅੱਜ ਪੰਜਾਬ ਵਿਚ ਹਨ । 2:3 ਡੀ. ਆਈ. ਜੀ. ਵਿਚਾਰੇ ਗਲੀਆਂ ਵਿਚ ਫਿਰਦੇ ਹਨ । ਤੁਹਾਡਾ ਆਈ. ਜੀ. ਸਰਦਾਰ ਰਣਜੀਤ ਸਿੰਘ ਗਰੇਵਾਲ ਨੂੰ ਚਾਰਜ ਨਹੀਂ ਦਿੰਦਾ । ਇਕ ਉਧਰ ਬੈਠੇ ਬਜ਼ੁਰਗ ਹਰੀਜਨ ਮੈਂਬਰ ਦਾ ਪੁਤਰ, ਪ੍ਰਕਾਸ਼ ਚੰਦ ਹੈ । ਉਸ ਨੂੰ ਵੀ ਨਹੀ ਲਾਇਆ ਹੋਇਆ ਹੈ । ਮੈਂ ਬੇਨਤੀ ਕਰਾਂਗਾ ਕਿ ਉਹ ਮੁਖ ਮੰਤਰੀ ਸਾਹਿਬ ਨੂੰ ਕਹਿਣ ਅਤੇ ਆਪਣੇ ਪੁੱਤਰ ਨੂੰ ਕਿਧਰੇ ਲਵਾ ਦੇਣ ।

ਸ੍ਰੀ ਵਿਸ਼ਵਾ ਮਿੱਤਰ ਸੇਖਰੀ : ਡਿਪਟੀ ਸਪੀਕਰ ਸਾਹਿਬ, ਜਿਹੜਾ ਤੁਸੀਂ ਡੀਸੀਜ਼ਨ ਦਿੱਤਾ ਹੈ ਕਿ ਕਿਸੇ ਅਫਸਰ ਦਾ ਨਾਂ ਲੈਕੇ ਗਲ ਨਹੀਂ ਕੀਤੀ ਜਾਵੇਗੀ, ਉਸ ਤੇ ਅਮਲ ਨਹੀਂ ਹੋ ਰਿਹਾ, ਇਨ੍ਹਾਂ ਨੇ ਪ੍ਰਕਾਸ਼ ਚੰਦ ਦਾ ਨਾਂ ਲਿਆ ਹੈ (ਵਿਘਨ)

Mr. Deputy Speaker : Please resume your seat.

ਸ੍ਰੀ ਵਿਸ਼ਵਾ ਮਿੱਤਰ ਸੇਖਰੀ : * * * (ਸ਼ੋਰ)

Mr. Deputy Speaker : Please do not record personal remarks.

ਸ੍ਰੀ ਖੁਸ਼ਹਾਲ ਬਹਿਲ : ਮੈਂ, ਡਿਪਟੀ ਸਪੀਕਰ ਸਾਹਿਬ, ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਨਾਂ ਇਨ੍ਹਾਂ ਦੀ ਸਪੀਚ ਵਿਚ ਆਏ ਹਨ ਅਤੇ ਜਿਸ ਦੇ ਮੁਤਅੱਲਕ ਤੁਸੀਂ ਰੂਲਿੰਗ ਵੀ ਦਿੱਤੀ ਹੈ, ਉਹ ਐਕਸਪੰਜ ਕਰ ਦਿਉ ।

ਸ੍ਰੀ ਡਿਪਟੀ ਸਪੀਕਰ : ਜਿਹੜੇ ਜ਼ਰੂਰੀ ਸਨ ਉਹ ਐਕਸਪੰਜ ਹੋ ਗਏ ਹਨ । (The undesirable words have been expunged.)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਸਾਡੀ ਇਕ ਪੀ. ਏ. ਪੀ. ਦੀ ਬਟਾਲਿਅਨ ਸੀ ਜਿਹੜੀ ਕਿ ਵਾਘਾ ਬਾਰਡਰ ਤੇ ਕੰਮ ਕਰਦੀ ਸੀ । ਉਸ ਇਕੱਲੀ ਦੀ ਇਕੱਲੀ ਬਟਾਲਿਅਨ ਨੇ ਕੋਈ 10 ਕਰੋੜ ਰੁਪਏ ਦੀ ਸਮਗਲਿੰਗ ਕੀਤੀ ਹੈ । ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਸੀ. ਬੀ. ਆਈ. ਦੀ ਰਿਪੋਰਟ ਆਈ । ਪ੍ਰਾਈਮ ਮਨਿਸਟਰ ਸਾਹਿਬ, ਨੇ ਉਸ ਸਾਰੀ ਦੀ ਸਾਰੀ ਬਟਾਲਿਅਨ ਨੂੰ ਉਥੋਂ ਦੂਰ ਭੇਜ ਦਿੱਤਾ ਹੈ । ਇਸ ਲਈ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਅੱਜ ਇਸ ਪੁਲਿਸ ਰਾਜ ਵਿਚ, ਜਿਹੜਾ 9 ਮਹੀਨੇ ਰਿਹਾ ਹੈ, ਗਰੀਬ ਜ਼ਿਮੀਂਦਾਰਾਂ ਦੇ ਮੁੰਡਿਆਂ ਨੂੰ ਨਕਸਲਬਾੜੀ ਕਹਿ ਕੇ ਉਨ੍ਹਾਂ ਨੂੰ ਦਿਨ ਦਿਹਾੜੇ ਕਤਲ ਕੀਤਾ ਗਿਆ ਹੈ । ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਮੋਰਿੰਡਾ ਸ਼ਹਿਰ ਵਿਚ ਸ਼ਾਮ ਦੇ 4 ਵਜੇ ਦੋ ਪੁਲਿਸ ਅਫਸਰ ਇਕ ਜੀਪ ਵਿਚ ਆਏ ਅਤੇ ਚੋਰਾਕੀ ਦੇ ਹਰੀਜਨ ਮੁੰਡੇ ਨੂੰ ਜਿਸ ਦਾ ਨਾਂ ਦਿਆਲ ਸਿੰਘ ਹੈ, ਉਸ ਨੂੰ ਲੈ ਗਏ । 6 ਮਹੀਨੇ ਹੋ ਗਏ ਹਨ ਜਦ ਉਸ ਨੂੰ ਫੜ ਕੇ ਲੈ ਗਏ ਸੀ ਪਰੰਤੂ ਅੱਜ ਤਕ, ਡਿਪਟੀ ਸਪੀਕਰ ਸਾਹਿਬ, ਉਹ ਵਾਪਸ ਨਹੀਂ ਆਇਆ ਹੈ । ਮੈਂ ਅਰਜ਼ ਕਰਦਾ ਹਾਂ ਕਿ ਇਹੋ ਜਿਹੇ ਮਾੜੇ ਕੰਮ ਹੁੰਦੇ ਰਹੇ ਹਨ । ਦੱਦਾਹੂਰ ਅਤੇ ਤਾਰਾ ਗੜ੍ਹ ਦੇ ਸਾਕੇ ਵਿਚ ਕਿਸ ਤਰ੍ਹਾਂ ਲੜਕੀਆਂ ਦੀ ਬੇਇੱਜ਼ਤੀ ਕੀਤੀ ਗਈ, ਇਹ ਕੋਈ ਲੋਕ ਰਾਜ ਦਾ ਕੰਮ ਹੈ । ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਦੇ ਇਸ ਸਮੇਂ ਦੇ ਆਈ. ਜੀ. ਨੂੰ ਇਕ ਪਾਸੇ ਰੱਖਣਾ ਚਾਹੀਦਾ ਹੈ । ਕਿਸੇ ਹੋਰ ਨੂੰ ਆਈ. ਜੀ. ਲਾਉਣਾ ਚਾਹੀਦਾ ਹੈ । ਇਨ੍ਹਾਂ ਨੂੰ ਸੈਂਟਰ ਵਿਚ ਵਾਪਸ ਭੇਜਣਾ ਚਾਹੀਦਾ ਹੈ । ਪੰਜਾਬ ਦਾ ਹੋਰ ਕੋਈ ਅਫਸਰ ਜਿਸ ਨੂੰ ਕਿ ਪੰਜਾਬ ਦਾ ਖਿਆਲ ਹੋਵੇ, ਸਾਰੇ ਪੰਜਾਬ ਦੇ ਲੋਕਾਂ ਦਾ ਖਿਆਲ ਹੋਵੇ, ਉਸ ਨੂੰ ਲਾਉ । ਇਕ ਗਲ ਮੈਂ ਹੋਰ ਕਰਨੀ ਚਾਹੁੰਦਾ ਹਾਂ ਅਤੇ ਉਸ

*Not recorded as ordered by the Chair.

ਤੋਂ ਬਾਦ ਆਪਣੀ ਸਪੀਚ ਸਮਾਪਤ ਕਰ ਦਿਆਂਗਾ। (ਸ਼ੋਰ) (ਵਿਘਨ)

Mr. Deputy Speaker : Do not interrupt please.

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਇਸ ਕਾਂਗਰਸ ਸਰਕਾਰ ਨੇ ਮਨਿਸਟਰੀ ਬਣਾਉਣ ਤੋਂ ਪਹਿਲਾਂ, ਗਿਆਨੀ ਜ਼ੈਲ ਸਿੰਘ ਨੇ ਬਤੌਰ ਕਾਂਗਰਸ ਦੇ ਪ੍ਰਧਾਨ ਦੇ ਪੰਜਾਬ ਦੇ ਜਿਹੜੇ ਸਰਕਾਰੀ ਕਰਮਚਾਰੀ ਸੀ ਉਨ੍ਹਾਂ ਨੂੰ ਬੜਾ ਐਕਸਪਲਾਇਟ ਕੀਤਾ। ਰੋਜ਼ ਬਿਆਨ ਦਿੰਦੇ ਰਹੇ ਕਿ ਮੈਂ ਤੁਹਾਨੂੰ ਇਨਟੈਰਿਮ ਰੀਲੀਫ ਦਿਆਂਗਾ। ਸ੍ਰੀਮਤੀ ਇੰਦਰਾ ਗਾਂਧੀ ਜੀ ਨੂੰ ਮਿਲਾਉਂਦੇ ਰਹੇ। 9 ਮਹੀਨਿਆਂ ਵਿਚ ਮੇਰਾ ਖਿਆਲ ਹੈ ਕਿ ਸੈਂਕੜੇ ਮੀਟਿੰਗਾਂ ਹੋਈਆਂ ਔਰ ਇਹ ਉਨ੍ਹਾਂ ਨੂੰ ਵਿਸ਼ਵਾਸ਼ ਦਿਵਾਉਂਦੇ ਰਹੇ ਕਿ ਤੁਹਾਨੂੰ ਇਨਟੈਰਿਮ ਰੀਲੀਫ ਦਿਆਗੇ, ਤੁਹਾਡੀਆਂ ਮੰਗਾਂ ਮੰਨਾਂਗੇ। ਲੇਕਿਨ ਮੁਖ ਮੰਤਰੀ ਬਣਨ ਤੋ ਬਾਦ ਇਨ੍ਹਾਂ ਨੂੰ ਚਾਹੀਦਾ ਸੀ ਕਿ ਜਿਹੜੀ ਗਲ ਇਕ ਦੋ ਸਾਲ ਪਹਿਲਾਂ ਪ੍ਰਾਈਮ ਮਨਿਸਟਰ ਨੇ ਇਨ ਪ੍ਰਿੰਸੀਪਲ ਮੰਨ ਲਈ ਸੀ ਅਤੇ ਜਿਹੜੀ ਉਸ ਤੋਂ ਬਾਦ ਸਰਦਾਰ ਲਛਮਣ ਸਿੰਘ ਗਿੱਲ ਨੇ ਕਿਹਾ ਸੀ ਕਿ ਜਿਨ੍ਹਾਂ ਇਨਟੈਰਿਮ ਰੀਲੀਫ ਸੈਂਟਰ ਵਾਲੇ ਦੇਣਗੇ ਉਹੀ ਹੀ ਪੰਜਾਬ ਦੇ ਮੁਲਾਜ਼ਮਾਂ ਨੂੰ ਦਿੱਤਾ ਜਾਵੇਗਾ। (ਵਿਘਨ) । ਇਸ ਲਈ ਗਿਆਨੀ ਜੀ ਨੂੰ ਚਾਹੀਦਾ ਸੀ ਕਿ ਮੁਖ ਮੰਤਰੀ ਬਣਨ ਤੋਂ ਬਾਦ ਇਹ ਐਲਾਨ ਕਰਦੇ ਕਿ ਪੰਜਾਬ ਦੇ ਮੁਲਾਜ਼ਮਾਂ ਦਾ ਮੈਂ ਧੰਨਵਾਦ ਕਰਦਾ ਹਾਂ ਕਿ ਇਹ ਮੇਰੀ ਗਲ ਮੰਨਦੇ ਰਹੇ ਹਨ। ਮੈਂ ਤੁਹਾਨੂੰ ਇਨਟੈਰਿਮ ਰੀਲੀਫ ਦਿੰਦਾ ਹਾਂ। ਲੇਕਿਨ ਇਨ੍ਹਾਂ ਨੇ ਗਲਤ ਗਲ ਕੀਤੀ ਹੈ। ਮੈਨੂੰ ਗਿਆਨੀ ਜੀ ਤੇ ਕੋਈ ਸ਼ਕ ਨਹੀਂ। ਲੇਕਿਨ ਮੈਂ ਗਿਆਨੀ ਜੀ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਸ ਢੰਗ ਨਾਲ ਤੁਸੀਂ ਇਸ ਦਾ ਫੈਸਲਾ ਕੀਤਾ ਹੈ ਮੈਨੂੰ ਉਸ ਤੇ ਦੁੱਖ ਹੈ। ਤੁਸੀਂ ਇਕ 7 ਮੈਂਬਰੀ ਕਮੇਟੀ ਬਣਾਈ ਹੈ। ਡਿਪਟੀ ਸਪੀਕਰ ਸਾਹਿਬ ਉਸ 7 ਮੈਂਬਰੀ ਕਮੇਟੀ ਦੇ ਵਿਚ ਮੈਂਬਰ ਕਿਹੋ ਜਿਹੇ ਹਨ। ਕੁਝ ਕਾਂਗਰਸੀ ਹਨ ਅਤੇ ਕੁਝ ਇਨ੍ਹਾਂ ਦੇ ਸੱਜੇ ਖੱਬੇ ਸਾਥੀ ਕਮਿਊਨਿਸਟ ਹਨ, ਜਿਨ੍ਹਾਂ ਨੂੰ ਮੈਂ ਅੱਜ ਕਲ ਸਰਕਾਰ ਨਵਾਜ਼ ਕਹਿੰਦਾ ਹਾਂ। ਦੂਜੇ ਉਹ ਸਰਕਾਰੀ ਮੁਲਾਜ਼ਮ ਲਏ ਗਏ ਹਨ ਜਿਹੜੇ ਕਿ ਇਨ੍ਹਾਂ ਦੇ* * *

Mr. Deputy Speaker : Words x x x should not from part of the proceedings.

ਸਰਦਾਰ ਅਜਾਇਬ ਸਿੰਘ ਸੰਧੂ : ਸਰਕਾਰੀ ਮੁਲਾਜ਼ਮ ਇਨ੍ਹਾਂ ਦੇ ਨਾਲ ਦਿਨ ਰਾਤ ਤੁਰਦੇ ਰਹੇ ਹਨ। ਮੈਂ ਅਰਜ਼ ਕਰਾਂ ਕਿ ਤੁਸੀਂ ਇਕ ਕਮੇਟੀ ਦੇ ਵਿਚ ਸਾਡਾ ਕੋਈ ਨੁਮਾਇੰਦਾ ਲਉ ਜਾਂ ਨਾਂ ਲਉ, ਜਿਤਨੀ ਸ਼ਾਬਾਸ਼ ਤੁਸੀਂ ਲੈਣਾ ਚਾਹੁੰਦੇ ਹੋ ਲੈ ਲਉ। ਸਾਨੂੰ ਗਾਲ੍ਹਾਂ ਦਿਉ ਸਾਨੂੰ ਕੋਈ ਇਤਰਾਜ਼ ਨਹੀਂ। ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਇਮਪਲਾਈਜ਼ ਨਾਲ ਫਰਾਡ ਨਾ ਕਰੋਣ। ਮੈਨੂੰ ਪਤਾ ਹੈ ਕਿ ਇਹ ਕਮੇਟੀ ਬਣਾ ਕੇ ਤੁਸੀਂ ਇਹ ਸੈਸ਼ਨ ਟਪਾਉਣਾ ਹੈ ਅਤੇ ਇਹ ਸੈਸ਼ਨ ਟਪਾਕੇ ਤੁਸੀਂ ਇਨ੍ਹਾਂ ਕਰਮਚਾਰੀਆਂ ਨੂੰ ਕੁਝ ਵੀ ਨਹੀਂ ਦੇਣਾ। ਜੇ ਦਿਉਗੇ ਤਾਂ ਸੁਆਗਤ ਕਰਾਂਗੇ ਤੇ ਧੰਨਵਾਦ ਕਰਾਂਗੇ। ਡਿਪਟੀ ਸਪੀਕਰ ਸਾਹਿਬ, ਮੈਨੂੰ ਯਾਦ ਹੈ ਕਿ ਲੋਕ ਸਭਾ ਦੀਆਂ ਅਲੈਕਸ਼ਨਾਂ ਵਿਚ ਅਤੇ ਅਸੈਂਬਲੀ ਦੀਆਂ ਅਲੈਕਸ਼ਨਾਂ ਵਿਚ ਜਿਹੜੇ ਕਰਮਚਾਰੀ ਇਨ੍ਹਾਂ ਦੀ ਮੱਦਦ ਕਰਦੇ ਰਹੇ ਹਨ, ਮੈਂ ਉਨ੍ਹਾਂ ਦੇ ਨਾਂ ਨਹੀਂ ਦੇਣਾ ਚਾਹੁੰਦਾ, ਇਨ੍ਹਾਂ ਨੂੰ ਰਾਜ ਗੱਦੀ ਤੇ ਲਿਆਉਣ ਵਾਸਤੇ ਕਰਮਚਾਰੀਆਂ ਨੇ ਖਾਸਾ ਹਿਸਾ ਪਾਇਆ ਹੈ। ਮੇਰੇ ਹਲਕੇ ਵਿਚ ਲੋਕ ਸਭਾ ਦੀਆਂ ਅਲੈਕਸ਼ਨਾਂ ਵੇਲੇ ਮੈਂ ਇਨ੍ਹਾਂ ਕਰਮਚਾਰੀਆਂ ਦੀ ਫੈਡਰੇਸ਼ਨ

*Expunged as ordered by the Chair.

[ਸਰਦਾਰ ਅਜਾਇਬ ਸਿੰਘ ਸੰਧੂ]

ਦੇ ਜਨਰਲ ਸੈਕਟਰੀ ਨੂੰ ਕਾਂਗਰਸੀ ਅਤੇ ਕਮਿਊਨਿਸਟਾਂ ਦੇ ਝੰਡੇ ਲੈ ਕੇ ਪ੍ਰਚਾਰ ਕਰਦੇ ਵੇਖਿਆ ਹੈ। ਮੈਂ ਤੁਹਾਡੀ ਮਾਰਫਤ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਰੱਬ ਦੇ ਵਾਸਤੇ ਤੁਸੀਂ ਏਕਾ ਰੱਖੋ। ਤੁਹਾਨੂੰ ਕਾਂਗਰਸੀ ਅਤੇ ਕਮਿਊਨਿਸਟ ਆਪਣੇ ਲਾਭ ਵਾਸਤੇ ਇਸਤੇਮਾਲ ਕਰਕੇ ਤੁਹਾਡੇ ਵਿਚ ਫੁੱਟ ਪਾਉਣਾ ਚਾਹੁੰਦੇ ਹਨ। ਇਨ੍ਹਾਂ ਹੁਣ ਤਕ ਤੁਹਾਡੀਆਂ ਮੰਗਾਂ ਨਹੀਂ ਮੰਨੀਆਂ, ਇਹ ਤੁਹਾਡੇ ਵਿਚ ਫੁਟ ਪਾਉਣ ਕਰਕੇ ਹੈ। ਇਨ੍ਹਾਂ ਨੇ ਆਪਣੇ ਪਿਠੂ ਇਕੱਠੇ ਕੀਤੇ, ਪੰਜਾਬ ਦੇ ਇਮਪਲਾਈਜ਼ ਨੂੰ ਪਾੜਿਆ, ਨਹੀ ਤਾਂ ਮੈਂ ਸਮਝਦਾ ਹਾਂ ਕਿਸੇ ਵੀ ਏਕੇ ਸਾਹਮਣੇ ਕੋਈ ਸਰਕਾਰ ਖੜ੍ਹੇ ਨਹੀਂ ਸਕਦੀ। ਇਸ ਕਰਕੇ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਆਖੇ ਨਾ ਚਲੋ। ਤੁਸੀਂ ਆਪਣੀ ਇੰਡੀਪੈਂਡੈਂਟ ਯੂਨੀਅਨ ਰੱਖੋ। ਇਮਪਲਾਈਜ਼ ਨੂੰ ਕੇਵਲ ਇਮਪਲਾਈ ਰਹਿਣਾ ਚਾਹੀਦਾ ਹੈ। ਉਸ ਦੇ ਨਿੱਜੀ ਕੋਈ ਵੀ ਵਿਚਾਰ ਹੋ ਸਕਦੇ ਹਨ। ਉਹ ਕਿਸੇ ਪਾਰਟੀ ਨਾਲ ਆਪਣੀ ਵਿਚਾਰਧਾਰਾ ਰੱਖ ਸਕਦਾ ਹੈ। ਲੇਕਿਨ ਉਸ ਨੂੰ ਇਹ ਨਹੀਂ ਚਾਹੀਦਾ ਕਿ ਉਹ ਕਿਸੇ ਪਾਰਟੀ ਦਾ ਝੰਡਾ ਚੁਕ ਕੇ ਉਸ ਦਾ ਪ੍ਰਚਾਰ ਕਰੇ। ਮੈਂ ਚਾਰਜ ਲਾਉਂਦਾ ਹਾਂ ਕਿ ਇਹ ਜਿਹੜੇ ਕਰਮਚਾਰੀ ਇਨ੍ਹਾਂ ਨੇ ਇਸ ਕਮੇਟੀ ਵਿਚ ਲਏ ਹਨ, ਇਹ ਕਮਿਊਨਿਸਟਾਂ ਔਰ ਕਾਂਗਰਸੀਆਂ ਦੀ ਅਲੈਕਸ਼ਨਾਂ ਵਿਚ ਮੱਦਦ ਕਰਦੇ ਰਹੇ ਹਨ। ਇਹ ਸ਼ਬਦ ਕਹਿ ਕੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ (ਗੜ੍ਹ ਸ਼ੰਕਰ): ਡਿਪਟੀ ਸਪੀਕਰ ਸਾਹਿਬ, ਜਿਹੜਾ ਸੀਮਿਤ ਸਮੇਂ ਲਈ ਬਜਟ ਵਿੱਤ ਮੰਤਰੀ ਸਾਹਿਬ ਨੇ ਪੇਸ਼ ਕੀਤਾ ਹੈ ਇਸ ਦੇ ਜਿੰਨੇ ਵੀ ਸੁਚੱਜੇ ਪੱਖ ਨੇ, ਮੈਂ ਆਪਣੀ ਪਾਰਟੀ ਵਲੋਂ ਉਨ੍ਹਾਂ ਦਾ ਸਵਾਗਤ ਕਰਦਾ ਹਾਂ (ਪ੍ਰਸੰਸਾ) ਇਨ੍ਹਾਂ ਦਾ ਉਲੇਖ ਇਸ ਤਰ੍ਹਾਂ ਕਰਦਾ ਹਾਂ ਕਿ ਇਸ ਬਜਟ ਵਿਚ ਕੋਈ ਨਵਾਂ ਟੈਕਸ ਨਹੀਂ ਲਗਾਇਆ ਗਿਆ, ਸ਼ਹਿਰੀ ਅਤੇ ਦਿਹਾਤੀ ਜਾਇਦਾਦ ਦੀ ਹੱਦ ਮੁਕਰੱਰ ਕਰਨ ਦਾ ਜ਼ਿਕਰ ਕੀਤਾ ਗਿਆ ਹੈ, ਸਾਰੇ ਪੰਜਾਬ ਵਿਚ ਯੂਨੀਫਾਰਮ ਇਕ ਸਾਰ ਜ਼ਮੀਨੀ ਪਾਲੇਸੀ ਧਾਰਨ ਕਰਕੇ ਕਾਨੂੰਨ ਬਣਾਇਆ ਜਾਵੇਗਾ। ਟ੍ਰਾਂਸਪੋਰਟ ਨੂੰ ਨੈਸ਼ਨੇਲਾਇਜ਼ ਕੀਤਾ ਜਾਵੇਗਾ, ਦੋ ਸਾਲਾਂ ਵਿਚ ਹਰ ਪਿੰਡ ਵਿਚ ਸੜਕ ਅਤੇ ਪੀਣ ਦੇ ਪਾਣੀ ਦਾ ਪ੍ਰਬੰਧ ਕਰ ਦਿੱਤਾ ਜਾਵੇਗਾ। 5 ਹਜ਼ਾਰ ਪ੍ਰਾਇਮਰੀ ਸਕੂਲ ਖੋਲੇ ਜਾਣਗੇ ਅਤੇ ਸਰਕਾਰੀ ਮੁਲਾਜ਼ਮਾਂ ਨੂੰ ਅੰਤਰਮ ਰੀਲੀਫ ਦਿਤਾ ਜਾਵੇਗਾ, ਰਿਹਾਇਸ਼ ਲਈ ਅਛੂਤ ਭਰਾਵਾਂ ਨੂੰ ਘਰ ਬਣਾ ਕੇ ਦਿਤੇ ਜਾਣਗੇ ਅਤੇ ਰਿਹਾਇਸ਼ੀ ਪਲਾਟ ਦਿਤੇ ਜਾਣਗੇ। ਇਹ ਸਾਰੀਆਂ ਸੁਚੱਜੀਆਂ ਗੱਲਾਂ ਹਨ ਅਤੇ ਮੈਂ ਅਕਾਲੀ ਪਾਰਟੀ ਦੇ ਮੈਂਬਰ ਸਾਹਿਬਾਨ ਨੂੰ ਕਹਾਂਗਾ ਕਿ ਇਨ੍ਹਾਂ ਨੂੰ ਆਪਣੀਆਂ ਅੱਖਾਂ ਤੇ ਤਅਸਬ ਦੀ ਪੱਟੀ ਬੰਨ੍ਹ ਕੇ ਨਾਂ ਵੇਖੋ ਅਤੇ ਦਾਨਿਸ਼ਮੰਦੀ ਤੋਂ ਕੰਮ ਲੈਣਾ ਚਾਹੀਦਾ ਹੈ। ਇਹ ਕੰਮ ਸਰਕਾਰ ਪੰਜਾਬ ਦੇ ਲੋਕਾਂ ਦੀ ਭਲਾਈ ਲਈ ਕਰ ਰਹੀ ਹੈ ਅਤੇ ਪੰਜਾਬ ਦੇ ਭਲੇ ਦੀਆਂ ਗੱਲਾਂ ਹੀ ਇਥੇ ਕਰਨੀਆਂ ਚਾਹੀਦੀਆਂ ਹਨ। ਜਿਹੜੀ ਜ਼ਿਮੇਵਾਰੀ ਇਸ ਸਰਕਾਰ ਨੇ ਲੋਕ ਕਲਿਆਣ ਲਈ ਚੁਕੀ ਹੈ, ਉਸ ਨੂੰ ਸਥਾਪਿਤ ਕਰਨ ਲਈ ਤਕੜੇ ਘੋਲ ਦੀ ਲੋੜ ਹੈ।

ਮੈਂ ਸਮਝਦਾ ਹਾਂ ਕਿ ਇਸ ਦੇ ਪੱਖ ਤੋਂ ਇਸ ਸੀਮਾਂ ਬਧ ਬਜਟ ਵਿਚ ਕੁਝ ਤਰੁਟੀਆਂ ਹਨ ਜਿਨ੍ਹਾਂ ਦੇ ਬਾਰੇ ਵਿਚ ਪ੍ਰਬੰਧ ਕਰਨ ਦੀ ਲੋੜ ਹੈ। ਇਸ ਸਬੰਧ ਵਿਚ ਮੈਂ ਆਪਣੀ ਪਾਰਟੀ ਦੇ ਸੁਝਾ ਇਸ ਸਦਨ ਦੇ ਸਾਹਮਣੇ ਰਖਣਾ ਚਾਹੁੰਦਾ ਹਾਂ।

ਮਿਸਾਲ ਵਜੋਂ ਇਸ ਗਲ ਦਾ ਜ਼ਿਕਰ ਕੀਤਾ ਗਿਆ ਹੈ ਕਿ ਸ਼ਹਿਰੀ ਜਾਇਦਾਦ ਦੀ ਸੀਲਿੰਗ ਦੇ ਬਾਰੇ ਵਿਚ ਮਤਾ ਪਾਸ ਕਰਕੇ ਭੇਜਿਆ ਜਾਵੇਗਾ। ਫਿਰ ਇਸ ਗਲ ਦਾ ਜ਼ਿਕਰ ਕੀਤਾ ਗਿਆ ਹੈ ਕਿ ਟੈਕਸ

ਨਹੀਂ ਲਗਾਇਆ ਗਿਆ ਇਹ ਠੀਕ ਹੈ ਪਰ ਜੇਕਰ ਗਰੀਬ ਤੇ ਟੈਕਸ ਨਹੀਂ ਲਗਾਇਆ ਗਿਆ ਤਾਂ ਅਮੀਰ ਤੇ ਵੀ ਟੈਕਸ ਨਹੀਂ ਲਗਾਇਆ ਗਿਆ। ਜੇਕਰ ਮਾਲੀ ਸਾਧਨ ਨਾਂ ਹੋਣਗੇ ਤਾਂ ਤੁਹਾਡੇ ਜਿਹੜੇ ਨਿਸ਼ਾਨੇ ਰੱਖੇ ਹੋਏ ਹਨ ਉਹ ਸਿਰੇ ਨਹੀਂ ਚੜ੍ਹ ਸਕਣਗੇ । ਮੈਂ ਇਸ ਦੇ ਬਾਰੇ ਵਿਚ ਵਿੱਤ ਮੰਤਰੀ ਸਾਹਿਬ ਨੂੰ ਅਰਜ਼ ਕਰਾਂਗਾ ਕਿ ਜਿਹੜੀਆਂ ਸਕੀਮਾਂ ਅਤੇ ਨਿਸ਼ਾਨੇ ਇਸ ਸਰਕਾਰ ਨੇ ਮਿਥੇ ਹਨ ਉਨ੍ਹਾਂ ਨੂੰ ਪੂਰਾ ਕਰਨ ਲਈ ਸਾਧਨ ਲੋੜੀਂਦੇ ਹਨ ਇਸ ਲਈ ਪੂਰੀ ਜਾਂਚ ਕੀਤੀ ਜਾਣੀ ਚਾਹੀਦੀ ਹੈ । ਜਿਸ ਤਰ੍ਹਾਂ ਵਾਂਚੂ ਕਮਿਸ਼ਨ ਨੇ ਸਾਰੇ ਦੇਸ਼ ਵਿਚ ਪੜਤਾਲ ਕਰਕੇ ਰਿਪੋਰਟ ਤਿਆਰ ਕੀਤੀ ਹੈ ਕਿ ਟੈਕਸ ਦੀ ਚੋਰੀ ਕਿਨੀ ਅਤੇ ਕਿਸ ਹਦ ਤਕ ਹੁੰਦੀ ਹੈ ਅਤੇ ਕਿੰਨੀ ਰਕਮ ਬਲੈਕ ਵਿਚ ਜਾਂਦੀ ਹੈ ਇਸ ਤਰ੍ਹਾਂ ਇਥੇ ਪੰਜਾਬ ਵਿਚ ਵੀ ਪੜਤਾਲ ਹੋਣੀ ਚਾਹੀਦੀ ਹੈ ਤਾਂ ਕਿ ਸਾਧਨ ਮਿਲ ਸਕਣ। ਇਸੇ ਤਰ੍ਹਾਂ ਹੋਰ ਵੀ ਕਈ ਸਾਧਨ ਹਨ ਟ੍ਰਾਂਸਪੋਰਟ ਦਾ ਕੌਮੀਕਰਨ ਫੌਰੀ ਤੌਰ ਤੇ ਕੀਤਾ ਜਾ ਸਕਦਾ ਹੈ । ਇਸ ਦੇ ਨਾਲ ਹੀ ਕਈ ਸ਼ਹਿਰਾਂ ਦੀ ਆਬਾਦੀ ਵਧ ਰਹੀ ਹੈ ਅਤੇ ਐਕਸਪੈਨਸ਼ਨ ਹੋ ਰਹੀ ਹੈ । ਜਿਹੜੀਆਂ ਜ਼ਮੀਨਾਂ ਸ਼ਹਿਰਾਂ ਦੇ ਨਾਲ ਨਾਲ ਹਨ ਉਨ੍ਹਾਂ ਦੀਆਂ ਕੀਮਤਾਂ ਵਧ ਗਈਆਂ ਹਨ ਅਤੇ ਉਨ੍ਹਾਂ ਕੀਮਤਾਂ ਦਾ ਮੈਨੀਪੁਲੇਸ਼ਨ ਕਰਕੇ ਇਹ ਕਾਰੋਬਾਰੀ ਭਰਾਵਾਂ ਪਾਸ ਵੇਚੀਆਂ ਜਾ ਰਹੀਆਂ ਹਨ। ਇਥੇ ਵੀ ਹਰਿਆਨੇ ਵਾਂਗ ਕਰਨਾ ਚਾਹੀਦਾ ਹੈ ਕਿ ਜਿਥੇ ਵੀ ਸ਼ਹਿਰੀ ਆਬਾਦੀ ਦੇ ਵਧਣ ਦਾ ਅਮਕਾਨ ਹੈ ਉਥੇ ਸ਼ਹਿਰ ਦੇ ਨਾਲ ਲਗਦੀ ਸਾਰੀ ਜ਼ਮੀਨ ਐਕਵਾਇਰ ਕਰ ਲੈਣੀ ਚਾਹੀਦੀ ਹੈ ਤਾਂ ਕਿ ਇਹ ਜ਼ਮੀਨ ਲੋੜਵੰਦਾਂ ਨੂੰ ਅਲਾਟ ਕੀਤੀ ਜਾ ਸਕੇ ਅਤੇ ਇਸ ਵਿਚ ਜਿਹੜੀ ਇਸ ਵਕਤ ਮੁਨਾਫਾਖੋਰੀ ਕੀਤੀ ਜਾ ਰਹੀ ਹੈ ਉਸ ਨੂੰ ਖਤਮ ਕਰ ਦਿਤਾ ਜਾਵੇ । ਇਸ ਨਾਲ ਆਮਦਨ ਦਾ ਇਕ ਵੱਡਾ ਸਾਧਨ ਸਰਕਾਰ ਪਾਸ ਆ ਜਾਵੇਗਾ।

ਇਸ ਤੋਂ ਉਪ੍ਰੰਤ ਮੈਂ ਟੈਕਸ ਕੁਲੈਕਸ਼ਨ ਦੀ ਮਸ਼ੀਨਰੀ ਦੇ ਬਾਰੇ ਵਿਚ ਜ਼ਿਕਰ ਕਰਨਾ ਚਾਹੁੰਦਾ ਹਾਂ। ਪੰਜਾਬ ਵਿਚ ਅੱਜ ਅਨੇਕਾਂ ਹੀ ਕੰਪਨੀਆਂ ਫਰਮਾਂ ਇੰਡਸਟ੍ਰੀਅਲ ਅਦਾਰੇ ਅਤੇ ਪਰਾਈਵੇਟ ਲੋਕ ਹਨ ਜਿਹੜੇ ਇਨਕਮਟੈਕਸ ਦੀ ਚੋਰੀ ਕਰਦੇ ਹਨ, ਕਿਤਾਬਾਂ ਦੂਹਰੀਆਂ ਰਖੀਆਂ ਹੋਈਆਂ ਹਨ ਅਤੇ ਜਾਹਲੀ ਕਾਰਵਾਈ ਕਰਦੇ ਹਨ। ਇਸ ਦਾ ਅਸਰ ਗਰੀਬ ਉਤੇ ਪੈਂਦਾ ਹੈ। ਟੈਕਸ ਘੱਟ ਇਕੱਠੇ ਹੋਣ ਕਾਰਨ ਗਰੀਬ ਦਾ ਲਹੂ ਪੀਤਾ ਜਾਂਦਾ ਹੈ। ਇਸ ਪਾਸੇ ਜਲਦੀ ਤੋਂ ਜਲਦੀ ਇੰਤਜ਼ਾਮ ਕਰਨਾ ਚਾਹੀਦਾ ਹੈ ਤਾਂ ਕਿ ਟੈਕਸ ਚੋਰੀ ਦੇ ਮਘੋਰੇ ਖਤਮ ਕੀਤੇ ਜਾ ਸਕਣ।

ਮੈਂ ਸਮਝਦਾ ਹਾਂ ਕਿ ਇਸ ਸਦਨ ਦੇ ਮੈਂਬਰ ਸਾਹਿਬਾਨ ਵਲੋਂ ਐਸੀਆਂ ਗਲਾਂ ਆਉਣੀਆਂ ਚਾਹੀਦੀਆਂ ਹਨ ਜਿਨ੍ਹਾਂ ਵਿਚ ਵਜ਼ਨ ਹੋਵੇ ਅਤੇ ਤਥਾਂ ਤੇ ਆਧਾਰਿਤ ਹੋਣ। ਇਥੇ ਕੇਵਲ ਲੋਕ ਭਲਾਈ ਨੂੰ ਸਾਹਮਣੇ ਰਖਣਾ ਚਾਹੀਦਾ ਹੈ । ਇਥੇ ਅਕਾਲੀ ਵੀਰਾਂ ਵਲੋਂ ਗਲਾਂ ਕਹੀਆਂ ਗਈਆਂ ਕਿ ਅਕਾਲੀ ਸਰਕਾਰ ਵੇਲੇ ਕੋਈ ਟੈਕਸ ਨਹੀਂ ਸੀ ਲਗਾਇਆ ਗਿਆ । ਇਹ ਪੰਜ ਜਾਂ ਚਾਰ ਸਾਲ ਦੀ ਗਲ ਕਰ ਦਿੰਦੇ ਹਨ ਪਰ ਮੈਂ ਇਨ੍ਹਾਂ ਪਾਸੋਂ ਪੁਛਦਾ ਹਾਂ ਕਿ ਪਸੰਜਰ ਟੈਕਸ 25 ਪੈਸੇ ਤੋਂ 35 ਪੈਸੇ ਕਿਸਨੇ ਕੀਤਾ ਸੀ, ਮਾਰਕਿਟ ਕਮੇਟੀ ਦੀ ਫੀਸ 60 ਪੈਸੇ ਤੋਂ ਇਕ ਰੁਪਿਆ ਕਿਸ ਕੀਤਾ ਸੀ । ਫਿਰ ਹਸਪਤਾਲਾਂ ਦੀ ਪਰਚੀ ਜਿਥੇ ਕਿ ਗਰੀਬ ਆਦਮੀ ਇਲਾਜ ਲਈ ਜਾਂਦਾ ਹੈ ਇਹ ਫੀਸ 10 ਤੋਂ 25 ਪੈਸੇ ਕਿਸ ਨੇ ਕੀਤੀ ਸੀ। (ਪ੍ਰਸ਼ੰਸਾ) ਇਥੇ ਹੀ ਬਸ ਨਹੀਂ ਪਕੇ ਕਾਗਜ਼ ਦੀ ਕੀਮਤ 5 ਪੈਸੇ ਤੋਂ 10 ਪੈਸੇ ਕਿਸ ਸਰਕਾਰ ਦੇ ਵੇਲੇ ਕੀਤੀ ਗਈ ਸੀ। ਫਿਰ ਸ਼ਰਾਬ ਦੇ ਠੇਕੇਦਾਰਾਂ ਨੂੰ ਪੰਜ ਕਰੋੜ ਦੀ ਛੋਟ ਸਰਦਾਰ ਗੁਰਨਾਮ ਸਿੰਘ ਦੀ ਵਜ਼ਾਰਤ ਵਿੱਚ ਦਿਤੀ ਗਈ ਸੀ । ਮੈਂ ਇਹ ਗਲਾਂ ਤਾਹਨਾ ਦੇ ਕੇ ਨਹੀਂ ਕਹਿ

[ਕਾਮਰੇਡ ਦਰਸ਼ਨ ਸਿੰਘ ਕਨੇਡੀਅਨ]

ਰਿਹਾ ਸਗੋਂ ਇਸ ਲਈ ਕਹਿ ਰਿਹਾ ਹਾਂ ਕਿ ਇਥੇ ਸੁਝਾਵ ਆਉਣੇ ਚਾਹੀਦੇ ਹਨ ਪੰਜਾਬ ਦੇ ਭਲੇ ਲਈ, ਪੰਜਾਬ ਦੀ ਜੰਨਤਾ ਦੀ ਭਲਾਈ ਅਤੇ ਹਿੱਤ ਦੇ ਬਾਰੇ ਵਿਚ । ਇਥੇ ਕਿਹਾ ਗਿਆ ਕਿ ਇਸ ਸਦਨ ਵਿਚ ਪੰਜਾਬ ਦੀ ਆਤਮਾ ਬੈਠੀ ਹੈ ਤਾਂ ਉਸ ਆਤਮਾ ਦੀ ਇਕ ਆਵਾਜ਼ ਹੋਣੀ ਚਾਹੀਦੀ ਹੈ । ਇਸ ਤਰ੍ਹਾਂ ਅਗੜ ਦੁਗੜ ਗਲਾਂ ਕਰਨ ਨਾਲ ਪੰਜਾਬ ਦਾ ਭਲਾ ਨਹੀਂ ਹੋ ਸਕਦਾ । ਸਰਕਾਰ ਜਿਹੜੀ ਵੀ ਆਵੇ ਉਸ ਦੀ ਨੀਤੀ ਤੇ ਨੁਕਤਾਚੀਨੀ ਕਰੋ ਪਰ ਜਿਹੜੇ ਤੱਥ ਹੋਣ ਉਨ੍ਹਾਂ ਦੇ ਬਾਰੇ ਵਿਚ ਗੱਲ ਮੋੜ ਤੋੜ ਕੇ ਪੇਸ਼ ਨਹੀਂ ਕਰਨੀ ਚਾਹੀਦੀ ।

ਇਥੇ ਵੈਲਥ ਟੈਕਸ ਦੇ ਬਾਰੇ ਵਿਚ ਜ਼ਿਕਰ ਕੀਤਾ ਗਿਆ । ਇਸ ਦਾ ਜ਼ਿਕਰ ਟ੍ਰਿਬਯੂਨ ਵਿਚ ਆਇਆ ਅਤੇ ਇਹ ਅੰਦਾਜ਼ਾ ਲਗਾਇਆ ਗਿਆ ਕਿ ਇਸ ਦਾ ਅਸਰ 20 ਹਜ਼ਾਰ ਕਾਸ਼ਤਕਾਰਾਂ ਉਤੇ ਪਏਗਾ ਜਿਹੜਾ ਕਿ ਪੰਜਾਬ ਵਿਚ ਵਸਦਾ ਹੈ । ਪੰਜਾਬ ਵਿੱਚ ਕੁਲ 7 ਲੱਖ ਕਾਸ਼ਤਕਾਰ ਹੈ ਜਿਨ੍ਹਾਂ ਵਿਚੋਂ 20 ਹਜ਼ਾਰ ਅਜੇਹਾ ਹੈ ਜਿਸ ਤੇ ਵੈਲਥ ਟੈਕਸ ਲਗਣਾ ਹੈ । ਅਕਾਲੀ ਰਾਜ ਵੇਲੇ ਇਸ ਉਪਰ ਜਲਸੇ ਜਲੂਸ ਕੀਤੇ ਗਏ । ਸ: ਗੁਰਨਾਮ ਸਿੰਘ ਨੇ ਡਿਪਟੀ ਕਮਿਸ਼ਨਰ ਸਾਹਿਬਾਨ ਨੂੰ ਕਿਹਾ ਕਿ ਇਸ ਟੈਕਸ ਦੀ ਉਗਰਾਹੀ ਨਾ ਕੀਤੀ ਜਾਵੇ, ਹਾਲ ਕਿ ਇਹ ਟੈਕਸ ਅਮੀਰਾਂ ਤੇ ਲਗਣਾ ਸੀ । ਜੇਕਰ ਗਰੀਬ ਉਤੇ ਟੈਕਸ ਇਹ ਅਕਾਲੀ ਸਰਕਾਰ ਆਪ ਲਗਾਵੇ ਤਾਂ ਇਨ੍ਹਾਂ ਨੂੰ ਕੋਈ ਹਮਦਰਦੀ ਨਾ ਹੋਈ । ਹਸਪਤਾਲਾਂ ਦੀਆਂ ਪਰਚੀਆਂ ਦੀ ਫੀਸ ਵਧਾ ਦਿਤੀ ਗਈ, ਕਾਗਜ਼ ਪੱਕੇ ਦੀ ਕੀਮਤ ਵਧਾ ਦਿਤੀ ਗਈ ਤਾਂ ਇਹ ਇਨ੍ਹਾਂ ਨੂੰ ਬੁਰੀ ਨਾ ਲਗੀ ।

ਇਸ ਤੋਂ ਅੱਗੇ ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਹੁਸ਼ਿਆਰਪੁਰ ਅਤੇ ਜਲੰਧਰ ਵਿਚ ਇਕ ਪੇਚੀਦਗੀ ਪੈਦਾ ਹੋ ਗਈ ਹੈ ਕਿ ਉਥੇ ਵਲਾਇਤ ਤੋਂ ਪੈਸਾ ਆਉਂਦਾ ਹੈ ਅਤੇ ਜ਼ਮੀਨ ਕਿਉਂਕਿ ਥੋੜੀ ਹੈ, ਇਸ ਲਈ ਕੀਮਤ ਵਧ ਰਹੀ ਹੈ । ਉਸ ਪੈਸੇ ਨਾਲ ਕਿਧਰੇ ਕਿਧਰੇ 25 ਹਜ਼ਾਰ ਰੁਪਏ ਏਕੜ ਤੋਂ ਵੀ ਖਰੀਦ ਕਰ ਲਈ ਜਾਂਦੀ ਹੈ । ਜਦ ਇਵੈਲੂਏਸ਼ਨ ਹੁੰਦੀ ਹੈ ਤਾਂ ਉਸ ਦੀ ਕੀਮਤ ਦੀ ਪੰਜ ਸਾਲਾ ਔਸਤ ਵਧ ਜਾਂਦੀ ਹੈ । ਕੁਝ ਰਕਮ ਤਾਂ ਹਕ ਸ਼ੁਫ਼ੇ ਦੇ ਡਰ ਕਰਕੇ ਵਧ ਲਿਖਵਾਈ ਜਾਂਦੀ ਹੈ ਅਤੇ ਔਸਤ ਕਈ ਵੇਰ 15 ਹਜ਼ਾਰ ਰੁਪਏ ਏਕੜ ਘੱਟ ਜਾਂਦੀ ਹੈ । ਇਸ ਤਰ੍ਹਾਂ ਜਿਹੜੇ ਅਸੈਸਮੈਂਟ ਅਫਸਰ ਹਨ ਉਹ 10 ਏਕੜ ਅਤੇ 20 ਏਕੜ ਵਾਲਿਆਂ ਨੂੰ ਵੀ ਨੋਟਿਸ ਜਾਰੀ ਕਰ ਦਿੰਦੇ ਹਨ । ਇਸ ਟੈਕਸ ਦੇ ਬਾਰੇ ਵਿਚ ਜਿਸ ਕਾਰਨ ਦਰਮਿਆਨੇ ਕਿਸਾਨਾਂ ਨੂੰ ਵੀ ਵਕੀਲਾਂ ਪਾਸ ਦੌੜਨਾ ਪੈਂਦਾ ਹੈ ਤੇ ਪੈਸੇ ਖਰਚਣੇ ਪੈਂਦੇ ਹਨ ਅਤੇ ਉਹ ਰਕਮ ਸਰਕਾਰ ਪਾਸ ਵੀ ਨਹੀਂ ਆਉਂਦੀ ਵਕੀਲਾਂ ਪਾਸ ਚਲੀ ਜਾਂਦੀ ਹੈ । ਇਸ ਲਈ ਮੈਂ ਇਸ ਸਰਕਾਰ ਨੂੰ ਸੁਝਾ ਦਿਅ ਗਾ ਕਿ ਉਹ ਇਸ ਦੇ ਬਾਰੇ ਵਿਚ ਸੈਂਟਰ ਤੋਂ ਹੱਦ ਮੁਕਰੱਰ ਕਰਵਾ ਲੈਣ, 20 ਏਕੜ ਹੱਦ ਮੁਕਰੱਰ ਹੋ ਜਾਵੇ ਤਾਂ ਕਿ ਕਿਸਾਨ ਸ਼ਾਂਤੀ ਨਾਲ ਰਹਿ ਸਕੇ ਅਤੇ ਪਰੇਸ਼ਾਨ ਨਾਂ ਹੋਵੇ ।

ਇਕ ਗੱਲ ਜ਼ਮੀਨ ਦੇ ਬਾਰੇ ਵਿਚ ਇਕਸਾਰ ਕਾਨੂੰਨ ਬਨਾਉਣ ਦੇ ਬਾਰੇ ਵਿਚ ਕਹੀ ਗਈ ਹੈ । ਇਹ ਚੰਗੀ ਗੱਲ ਹੈ ਅਤੇ ਵਿੱਤ ਮੰਤਰੀ ਸਾਹਿਬ ਨੇ ਵਚਨ ਦਿਤਾ ਹੈ ਕਿ ਸੀਲਿੰਗ ਦੇ ਕਾਨੂੰਨ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇਗਾ ਅਤੇ ਇਕਸਾਰ ਲੈਜਿਸਲੇਸ਼ਨ ਲਿਆਂਦੀ ਜਾਵੇਗੀ । ਮੈਂ ਇਥੇ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਦ ਲੈਜਿਸਲੇਸ਼ਨ ਇਕਸਾਰ ਕੀਤੀ ਜਾਵੇ ਤਾਂ ਪੈਪਸੂ ਐਕਟ ਨੂੰ ਆਧਾਰ

ਬਣਾਇਆ ਜਾਵੇ ਜਿਸ ਵਿਚ ਕੁਝ ਤਰੱਕੀ ਪਸੰਦ ਮਦਾਂ ਹਨ, ਪੰਜਾਬ ਦਾ ਕਾਨੂੰਨ ਸਾਹਮਣੇ ਨਾ ਰਖਿਆ ਜਾਵੇ । ਅਤੇ ਇਹ ਇਕਸਾਰ ਕਾਨੂੰਨ ਜੰਨਤਾ ਦੇ ਹਿੱਤਾਂ ਦੇ ਅਨੁਕੂਲ ਹੋਵੇ । ਮੇਰੀ ਪਾਰਟੀ ਦੀ ਇਸ ਬਾਰੇ ਜਿਹੜੀ ਨੀਤੀ ਹੈ ਮੈਂ ਸਪਸ਼ਟ ਕਰ ਦੇਣੀ ਚਾਹੁੰਦਾ ਹਾਂ ਕਿ ਸੀਲਿੰਗ 20 ਏਕੜ ਤੋਂ ਲੈਕੇ 30 ਏਕੜ ਤਕ ਮੁਕਰੱਰ ਕੀਤੀ ਜਾਵੇ । ਇਹ 10 ਏਕੜ ਦਾ ਪਾੜਾ ਇਸ ਲਈ ਰਖਿਆ ਗਿਆ ਹੈ ਕਿ ਸੀਲਿੰਗ ਪਰਵਾਰ ਪ੍ਰਤੀ ਹੋਣੀ ਚਾਹੀਦੀ ਹੈ, ਜੀ ਪਰਤੀ ਨਹੀਂ । ਜਿਸ ਕਿਸਾਨ ਦਾ ਛੋਟਾ ਪਰਵਾਰ ਹੈ ਇਕ ਜਾਂ ਦੋ ਬੱਚੇ ਹਨ ਉਸ ਦੀ ਹੱਦ 20 ਏਕੜ ਤੋਂ ਸ਼ੁਰੂ ਕਰ ਦੇਣੀ ਚਾਹੀਦੀ ਹੈ । ਪਰ ਕਈ ਅਜੇਹੇ ਪਰਵਾਰ ਵੀ ਹੋਣਗੇ ਜਿਨ੍ਹਾਂ ਵਿਚ ਪੰਜ ਛੇ ਜਾਂ ਸਤ ਬੱਚੇ ਹੋਣ ਤਾਂ ਇਸ ਹੱਦ ਨੂੰ 30 ਏਕੜ ਤਕ ਲਿਜ ਇਆ ਜਾ ਸਕਦਾ ਹੈ, ਇਹ ਵਰਕ ਆਊਟ ਕੀਤਾ ਜਾ ਸਕਦਾ ਹੈ । (ਵਿਘਨ) ਇਸ ਦੇ ਨਾਲ ਹੀ ਕੁਆਲੇਟੀ ਦਾ ਵੀ ਜ਼ਿਕਰ ਕਰਨਾ ਜ਼ਰੂਰੀ ਹੈ ਕਿਉਂਕਿ ਇਸ ਦਾ ਧਿਆਨ ਰਖਣਾ ਪਏਗਾ । ਜੇਕਰ ਮੇਰੇ ਇਲਾਕੇ ਕੰਡੀ ਦੇ ਕਈ ਪਿੰਡਾਂ ਵਿਚ 150 ਏਕੜ ਦੀ ਵੀ ਸੀਲਿੰਗ ਮੁਕਰੱਰ ਕਰ ਦਿਤੀ ਜਾਵੇ ਤਾਂ ਵੀ ਕਿਸਾਨ ਰੱਜ ਕੇ ਰੋਟੀ ਨਹੀਂ ਖਾ ਸਕਦਾ । ਇਸ ਲਈ ਹੱਦ ਮੁਕਰੱਰ ਕਰਨ ਸਮੇਂ ਇਨ੍ਹਾਂ ਗੱਲਾਂ ਦਾ ਖਿਆਲ ਰਖਣਾ ਚਾਹੀਦਾ ਹੈ ।

ਇਕ ਗੱਲ ਮੈਂ ਹੋਰ ਇਸੇ ਹੀ ਸਬੰਧ ਵਿਚ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਲੂਪਹੋਲਜ਼ ਅਤੇ ਮਘੋਰੇ ਰਖੇ ਹੋਏ ਹਨ ਉਨ੍ਹਾਂ ਨੂੰ ਬੰਦ ਕਰਨਾ ਚਾਹੀਦਾ ਹੈ, ਗਾਰਡਨ ਦੇ ਨਾਮ ਤੇ ਜਾਂ ਗੁਡ ਫਾਰਮਿੰਗ ਦੇ ਨਾਮ ਤੇ ਜਾਂ ਕਿਸੇ ਹੋਰ ਗੱਲ ਦੇ ਨਾਮ ਉਤੇ ਕੋਈ ਰਿਆਇਤ ਨਹੀਂ ਦੇਣੀ ਚਾਹੀਦੀ । ਵਿੱਤ ਮੰਤਰੀ ਸਾਹਿਬ ਮੰਨਦੇ ਹਨ ਕਿ 90% ਕਿਸਾਨ ਅਜੇਹੇ ਹਨ ਜਿਨ੍ਹਾਂ ਪਾਸ 20 ਏਕੜ ਤੋਂ ਘੱਟ ਜ਼ਮੀਨ ਹੈ ਪਰ ਦੂਜੇ ਪਾਸੇ ਐਸੇ ਮਾਲਕ ਵੀ ਹਨ ਜੋ 100-500 ਜਾਂ ਹਜ਼ਾਰ ਏਕੜ ਤਕ ਵੀ ਇਸ ਆੜ ਵਿਚ ਅਤੇ ਇਸ ਤਰ੍ਹਾਂ ਦੇ ਲੂਪਹੋਲਜ਼ ਅਧੀਨ ਜ਼ਮੀਨਾਂ ਸਾਂਭੀ ਬੈਠੇ ਹਨ । ਫਿਰ ਜਿਥੇ ਅਸੀਂ ਮੋਰਚਾ ਲਾਇਆ ਸੀ ਬੇਦੀਆਂ ਦਾ ਫਾਰਮ ਉਥੇ ਬੇਦੀ ਟੱਬਰ 3200 ਏਕੜ ਜ਼ਮੀਨ ਹੈ ਅਤੇ 150 ਆਦਮੀਆਂ ਦੇ ਨਾਮ ਤੇ ਬੇਨਾਮੀ ਕੀਤੀ ਹੋਈ ਹੈ ਇਨ੍ਹਾਂ ਵਿਚ ਕੋਈ ਮਾਮੂਲੀ ਆਦਮੀ ਨਹੀਂ, ਕੋਈ ਤਾਂ ਹਾਈ ਕੋਰਟ ਦਾ ਜੱਜ ਹੈ, ਕੋਈ ਸਰਕਾਰ ਦਾ ਵੱਡਾ ਅਫਸਰ ਹੈ, ਕੋਈ ਕਮਿਸ਼ਨਰ ਹੈ ਅਤੇ ਦੂਜੇ ਪਾਸੇ ਇਹ ਹਾਲਤ ਹੈ ਕਿ ਖੇਤ ਮਜ਼ਦੂਰਾਂ ਪਾਸ ਝੋਂਪੜੀ ਵੀ ਨਹੀਂ ਅਤੇ ਜ਼ਮੀਨ ਨਹੀਂ ਜਿਹੜੀ ਕਿ ਦਿਤੀ ਜਾ ਸਕੇ ਕਿਉਂਕਿ ਇਨ੍ਹਾਂ ਨੇ ਲਕੋਈ ਹੋਈ ਹੈ । ਇਸ ਲਈ ਮੈਂ ਕਹਾਂਗਾ ਕਿ ਜੇ ਕੋਈ ਕਾਨੂੰਨ ਇਸ ਹਾਊਸ ਨੇ ਪਾਸ ਕਰਨਾ ਹੈ ਉਹ ਰੀਟਰੋਸਪੈਕਟਿਵ ਇਫੈਕਟ ਤੋਂ ਹੋਣਾ ਚਾਹੀਦਾ ਹੈ । ਜਿਹੜਾ ਅੱਜ ਪਾਸ ਕਰਦੇ ਹਾਂ ਉਹ ਸਾਲ ਡੇਢ ਸਾਲ ਤੋਂ ਪਹਿਲਾਂ ਲਾਗੂ ਹੋਵੇ । ਇਹ ਪ੍ਰਬੰਧ ਛੇਤੀ ਤੋਂ ਛੇਤੀ ਹੋਣਾ ਚਾਹੀਦਾ ਸੀ ਪਰ 5-7 ਸਾਲ ਦਾ ਇਹ ਰੌਲਾ ਚਲਿਆ ਆ ਰਿਹਾ ਹੈ, ਜਿਸ ਨਾਲ ਸਹੀ ਗੱਲ ਨਹੀਂ ਬਣ ਸਕਦੀ । ਕਾਨੂੰਨ ਬਨਾਉਣ ਦੀ ਦੇਰੀ ਵਿਚ ਜ਼ਮੀਨਾਂ ਏਧਰ ਓਧਰ ਨਾਉਂ ਲਵਾ ਕੇ ਖੁਰਦ-ਬੁਰਦ ਕੀਤੀਆਂ ਜਾਂਦੀਆਂ ਹਨ । ਮੈਂ ਸਰਕਾਰ ਨੂੰ ਸਰਪਲਸ ਜ਼ਮੀਨਾਂ ਦੇ ਮੁਤਾਲਿਕ ਵੀ ਕਹਾਂਗਾ ਕਿ ਉਹ ਸਰਪਲਸ ਜ਼ਮੀਨਾਂ ਨੂੰ ਆਪਣੇ ਹਥ ਵਿਚ ਲਵੇ ਅਤੇ ਉਨ੍ਹਾਂ ਨੂੰ ਗਰੀਬ ਕਿਸਾਨਾਂ ਦੇ ਵਿਚ ਵੰਡੇ । 1967 ਤੋਂ ਇਹ ਗੱਲ ਚਲੀ ਆਉਂਦੀ ਹੈ, ਸਰਕਾਰ ਅਜੇ ਤੱਕ ਇਸ ਬਾਰੇ ਕੁਝ ਨਹੀਂ ਕਰ ਸਕੀ ਗੱਲ ਉਥੇ ਦੀ ਉਥੇ ਹੀ ਹੈ । ਇਕ ਗੱਲ ਵਿੱਤ ਮੰਤਰੀ ਜੀ ਨੇ ਇਹ ਵੀ ਕਹੀ ਸੀ ਕਿ ਨਕਾਸੀ ਜ਼ਮੀਨ ਦੀ ਨੀਲਾਮੀ ਬੰਦ ਕੀਤੀ ਜਾਵੇਗੀ । ਨਕਾਸੀ ਜ਼ਮੀਨਾਂ ਦੀ ਨੀਲਾਮੀ ਦਾ ਫੈਸਲਾ ਬਾਦਲ ਸਰਕਾਰ ਨੇ ਕੀਤਾ ਤੇ ਪਹਿਲਾਂ ਸਰਦਾਰ ਪ੍ਰਤਾਪ ਸਿੰਘ ਕੈਰੋਂ ਦੀ ਹਕੂਮਤ ਵੇਲੇ ਵੀ ਹੋਇਆ ਸੀ । ਮੇਰੀ ਪਾਰਟੀ ਨੇ ਨੀਲਾਮੀ ਦੇ ਵਿਰੁਧ ਸਖਤ ਐਜੀਟੇਸ਼ਨ ਕੀਤੀ ਸੀ, ਉਨ੍ਹਾਂ ਨੂੰ ਪੁਲਿਸ ਦੀਆਂ ਮਾਰਾਂ ਕੁਟਾਂ ਵੀ ਖਾਣੀਆਂ ਪਈਆਂ, ਜੇਲ੍ਹਾਂ ਦੇ ਵਿਚ ਵੀ ਗਏ, ਇਸ ਐਜੀਟੇਸ਼ਨ ਤੋਂ

[ਕਾਮਰੇਡ ਦਰਸ਼ਨ ਸਿੰਘ ਕਨੇਡੀਅਨ]

ਬਾਅਦ ਸਰਕਾਰ ਨੂੰ ਇਸ ਨੀਲਾਮੀ ਦੀ ਬੰਦੀ ਦਾ ਫੈਸਲਾ ਕਰਨਾ ਪਿਆ । ਹੁਣ ਸਵਾਲ ਹੈ ਇਹ ਜ਼ਮੀਨ ਦੇਣ ਦਾ । ਸਾਰਿਆਂ ਨੂੰ ਇਕੋ ਰੇਟ ਤੇ ਮਿਲਣੀ ਚਾਹੀਦੀ ਹੈ, ਇਹ ਨਹੀਂ ਕਿ ਰਾਏ ਸਿਖ ਨੂੰ ਹੋਰ ਕੀਮਤ ਤੇ ਮਿਲੇ ਅਤੇ ਹਰੀਜਨ ਨੂੰ ਹੋਰ ਕੀਮਤ ਤੇ ਦਿੱਤੀ ਜਾਵੇ । ਹਰ ਪਰਵਾਰ ਨੂੰ 5 ਏਕੜ ਜ਼ਮੀਨ ਦਿੱਤੀ ਜਾਵੇ ਉਹ ਦਾ ਦਰ ਵੀ ਇਕੋ ਹੋਣਾ ਚਾਹੀਦਾ ਹੈ, ਇਹ ਨਾਂ ਹੋਵੇ ਕਿ ਹਰੀਜਨਾਂ ਨੂੰ 500/- ਏਕੜ ਅਤੇ ਰਾਏ ਸਿਖਾਂ ਲਈ 1000/- ਦਾ ਰੇਟ ਮੁਕਰੱਰ ਹੋਵੇ । ਮੇਰੀ ਪਾਰਟੀ ਇਸ ਗੱਲ ਨਾਲ ਵੀ ਸਹਿਮਤ ਨਹੀਂ ਕਿ ਜਿਹੜੇ ਗ਼ਰੀਬ ਆਦਮੀ 5 ਏਕੜ ਜਾਂ ਇਸ ਤੋਂ ਵੀ ਘੱਟ ਜ਼ਮੀਨਾਂ ਤੇ ਆਬਾਦ ਹੋਏ ਬੈਠੇ ਹਨ ਉਨ੍ਹਾਂ ਨੂੰ ਉਖਾੜਿਆ ਜਾਵੇ । ਸਾਡੀ ਖ਼ਾਹਿਸ਼ ਹੈ ਕਿ ਸਾਰਿਆਂ ਨੂੰ, 500/- ਏਕੜ ਦੇ ਦਰ ਨਾਲ ਦਿੱਤੀ ਜਾਵੇ ਅਤੇ ਗ਼ਰੀਬ ਨੂੰ ਉਜਾੜਿਆ ਵੀ ਨਾ ਜਾਵੇ । ਅੱਜ ਸੈਂਕੜੇ ਥਾਵਾਂ ਤੇ ਲੋਕਾਂ ਨੇ 100-100 ਏਕੜ ਦੇ ਫਾਰਮ ਬਣਾਏ ਹੋਏ ਹਨ । ਉਥੋਂ ਗ਼ਰੀਬ ਲੋਕਾਂ ਨੂੰ ਪੁਲੀਸ ਦੀ ਇਮਦਾਦ ਨਾਲ ਕੁਟ ਕੁਟ ਕੇ ਕੱਢ ਦਿੱਤਾ, ਉਹ ਬੇਕਾਰ ਹੋ ਗਏ ਹਨ । ਇਹ ਨਜਾਇਜ਼ ਕਬਜ਼ੇ ਖਤਮ ਹੋਣੇ ਚਾਹੀਦੇ ਹਨ । ਫੇਰ ਜ਼ਮੀਨ ਦੇਣ ਦਾ ਇਹ ਤਰੀਕਾ ਇਖਤਿਆਰ ਹੋਣਾ ਚਾਹੀਦਾ ਹੈ ਕਿ ਜਿਹੜਾ ਬੇਜ਼ਮੀਨਾਂ ਹਰੀਜਨ ਉਸ ਪਿੰਡ ਦਾ ਹੈ ਪਹਿਲਾਂ ਉਸ ਨੂੰ ਜ਼ਮੀਨ ਦੇਣੀ ਚਾਹੀਦੀ ਹੈ, ਫੇਰ ਦੂਸਰੇ ਲੋਕਾਂ ਨੂੰ ਦੇਣੀ ਚਾਹੀਦੀ ਹੈ । ਕਿਸੇ ਨਾਲ ਵੀ ਕਿਸੇ ਤਰ੍ਹਾਂ ਦੀ ਕੋਈ ਡਿਸਕਰੀਮੀਨੇਸ਼ਨ ਨਹੀਂ ਹੋਣੀ ਚਾਹੀਦੀ, ਜ਼ਮੀਨ ਹੱਕਦਾਰ ਨੂੰ ਹੀ ਮਿਲਣੀ ਚਾਹੀਦੀ । ਜੇਕਰ ਅਰਜ਼ੀਆਂ ਵਧੇਰੇ ਹੋਣ ਤਾਂ ਜ਼ਮੀਨ ਲਾਟਰੀ ਰਾਹੀ ਤਕਸੀਮ ਕਰਨੀ ਚਾਹੀਦੀ ਹੈ ।

ਇਕ ਦੋ ਗੱਲਾਂ ਮੈਂ ਸੱਨਤੀ ਲੇਬਰ ਬਾਰੇ ਵੀ ਅਰਜ਼ ਕਰਨੀਆਂ ਚਾਹੁੰਦਾ ਹਾਂ, ਜਿਥੋਂ ਤਕ ਪੰਜਾਬ ਦਾ ਦੂਸਰੀਆਂ ਸਟੇਟਾਂ ਦੇ ਮੁਕਾਬਲੇ ਵਿਚ ਆਰਥਕ ਹਾਲਤ ਦਾ ਸਵਾਲ ਹੈ ਇਹ ਦੂਸਰੀਆਂ ਸਟੇਟਾਂ ਦੀ ਨਿਸਬਤ ਇਕ ਪ੍ਰਫੁਲਤ ਸਟੇਟ ਹੈ । ਪਰ ਏਥੇ ਮਜ਼ਦੂਰ ਦੀ ਕੀ ਦਸ਼ਾ ਹੈ । ਇਸ ਬਾਰੇ ਮੇਰੇ ਕੁਝ ਭਰਾਵਾਂ ਨੇ ਪਹਿਲਾਂ ਵੀ ਬੋਲਿਆ ਹੈ । ਮੈਂ ਉਨ੍ਹਾਂ ਦੀ ਸਹੀ ਪੁਜ਼ੀਸ਼ਨ ਬਾਰੇ ਕੁਝ ਆਂਕੜੇ ਹਾਊਸ ਦੇ ਸਾਹਮਣੇ ਰਖਣੇ ਚਾਹੁੰਦਾ ਹਾਂ । ਹਿੰਦੁਸਤਾਨ ਦੇ ਇਕ ਮਜ਼ਦੂਰ ਦੀ ਸਾਲਾਨਾ ਔਸਤ ਆਮਦਨ 2449/- ਹੈ, ਮਧ-ਪ੍ਰਦੇਸ਼ ਦੀ ਔਸਤ ਆਮਦਨ 3539/- ਹੈ ਇਸ ਦੇ ਨਾਲ ਦੀਆਂ ਸਟੇਟਾਂ, ਹਰਿਆਣੇ ਦੇ ਇਕ ਮਜ਼ਦੂਰ ਦੀ ਸਾਲਾਨਾ ਔਸਤ ਆਮਦਨ 2254/- ਹੈ, ਹਿਮਾਚਲ ਦੀ ਔਸਤ ਆਮਦਨ 2115/- ਹੈ ਅਤੇ ਪੰਜਾਬ ਦੀ ਮਹਿਜ਼ 1744/- ਹੈ । ਮੈਂ ਸਰਕਾਰ ਨੂੰ ਅਰਜ਼ ਕਰਾਂਗਾ ਕਿ ਤੁਸੀਂ ਸਨਅਤ ਦਾ ਪਸਾਰ ਕਰਨਾ ਹੈ । ਮਜ਼ਦੂਰ ਵਰਗ ਮਿਲਾਂ ਦੇ ਮਜ਼ਦੂਰਾਂ ਨੂੰ ਜੇ ਉੱਚਾ ਚੁੱਕਿਆ ਜਾਵੇਗਾ ਤਦ ਹੀ ਇਹ ਸਟੇਟ ਸੱਨਤ ਵਿਚ ਤਰੱਕੀ ਕਰ ਸਕਦੀ ਹੈ ।

10.00 A. M. (ਇਸ ਵੇਲੇ ਸ੍ਰੀ ਬ੍ਰਿਸ਼ ਭਾਨ, ਮੈਂਬਰ ਪੈਨਲ ਆਫ ਚੇਅਰਮੈਨ ਨੇ ਸਦਾਰਤ ਦੀ ਕੁਰਸੀ ਸੰਭਾਲੀ ।)

ਟੈਕਸਟਾਈਲ ਲੇਬਰ ਕਮੇਟੀ ਨੇ ਆਪਣੀ ਇਕ ਰਿਪੋਰਟ ਵਿਚ ਵੀ ਇਹ ਸ਼ਫਾਰਸ਼ ਕੀਤੀ ਹੈ ਕਿ ਘੱਟ ਤੋਂ ਘੱਟ ਪ੍ਰਤੀ ਜੀ ਇਕ ਵਰਕਰ ਦੀ 230/- ਮਾਹਵਾਰ ਆਮਦਨ ਹੋਣੀ ਚਾਹੀਦੀ ਹੈ । ਇਸ ਲਈ ਮੈਂ ਲੇਬਰ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਉਹ ਜੇ ਹੋਰ ਕੁਝ ਨਹੀਂ ਤਾਂ ਘੱਟ ਤੋਂ ਘੱਟ 200/- ਤੱਕ ਤਾਂ ਜ਼ਰੂਰ ਪ੍ਰਬੰਧ ਕਰਨਗੇ ਤਾਂ ਜੋ ਉਨ੍ਹਾਂ ਨੂੰ ਕੁਝ ਅਪ ਲਿਫਟ ਕਰ ਦਿੱਤਾ ਜਾਵੇ । ਜਦੋਂ ਸ੍ਰੀ ਕ੍ਰਿਸ਼ਨ

ਲਾਲ ਪੰਜਾਬ ਦੇ ਲੇਬਰ ਮਨਿਸਟਰ ਸਨ ਅਸੀਂ ਕਈ ਦਫਾ ਡੇਪੂਟੇਸਨ ਲੈਕੇ ਸ੍ਰੀ ਕ੍ਰਿਸ਼ਨ ਲਾਲ ਨੂੰ ਫਗਵਾੜੇ ਦੇ ਮਿਲ ਮਜ਼ਦੂਰਾਂ ਦੀ ਹਾਲਤ ਸੁਧਾਰਨ ਲਈ ਮਿਲੇ, ਪਰ ਉਹ ਆਖਣ ਲਗੇ "ਭਾਈ ਮੈਂ ਕਿਆ ਕਰ ਸਕਤਾ ਹੂੰ ਯਹਿ ਤੋ ਕੁਸ਼ਤੀ ਹੈ ਮਿਲ ਮਾਲਕ ਕੀ ਔਰ ਮਜ਼ਦੂਰ ਕੀ" ਜੇ ਤੁਸੀਂ ਵੀ ਕੁਸ਼ਤੀਆਂ ਕਰਾਉਣੀਆਂ ਹਨ ਉਹ ਜੁਦਾ ਗੱਲ ਹੈ ਪਰ ਜੇ ਮਜ਼ਦੂਰਾਂ ਦੀ ਹਾਲਤ ਸੁਧਾਰਨੀ ਹੈ ਤਾਂ ਹੁਣ ਵੇਲਾ ਹੈ, ਇਸ ਨੂੰ ਸੁਧਾਰਨ ਦਾ। ਇਸ ਸਮਸਿਆ ਦਾ ਛੇਤੀ ਤੋਂ ਛੇਤੀ ਕੋਈ ਹਲ ਕਢਿਆ ਜਾਵੇ।

ਚੇਅਰਮੈਨ ਸਾਹਿਬ, ਹੁਣ ਮੈਂ ਇਕ ਦੋ ਗੱਲਾਂ ਆਪਣੇ ਟੀਚਰ ਭਰਾਵਾਂ ਦੇ ਮੁਤਾਲਿਕ ਅਤੇ ਇਸ ਮਨਿਸਟਰੀ ਦੇ ਐਕਸਟੈਂਡ ਕਰਨ ਦਾ ਜੋ ਚਰਚਾ ਹੋ ਰਹਾ ਹੈ ਉਨ੍ਹਾਂ ਬਾਰੇ ਕਹਿਣੀਆਂ ਜ਼ਰੂਰੀ ਸਮਝਦਾ ਹਾਂ (ਇਕ ਮਾਨ ਯੋਗ ਮੈਂਬਰ : ਕੀ ਤੁਸੀਂ ਸਲਾਹੀਏ ਹੋ।) ਮੈਂ ਆਪਣੀ ਸਲਾਹ ਦੇ ਦੇਣੀ ਹੈ ਇਹ ਭਾਵੇਂ ਮੰਨਣ ਜਾਂ ਨਾ ਮੰਨਣ। ਟੀਚਰਾਂ ਬਾਰੇ ਮੈਂ ਪਹਿਲਾਂ ਅਰਜ਼ ਕਰ ਦੇਣੀ ਚਾਹੁੰਦਾ ਹਾਂ। ਏਥੇ ਵਿੱਤ ਮੰਤਰੀ ਜੀ ਨੇ ਕਿਹਾ ਕਿ ਪੰਜਾਬ ਵਿਚ 5 ਹਜ਼ਾਰ ਪ੍ਰਾਇਮਰੀ ਸਕੂਲ ਖੋਲ੍ਹੇ ਜਾਣਗੇ। ਇਹ ਇਕ ਬੜੀ ਖੁਸ਼ੀ ਦੀ ਗੱਲ ਹੈ ਅਸੀਂ ਉਨ੍ਹਾਂ ਦੀ ਤਜਵੀਜ਼ ਦਾ ਸੁਆਗਤ ਕਰਦੇ ਹਾਂ। ਇਸ ਦੇ ਨਾਲ ਹੀ ਮੈਂ ਇਹ ਵੀ ਕਹਾਂਗਾ ਕਿ ਜਿਹੜੇ ਸਕੂਲ ਕਾਇਮ ਹੋ ਚੁਕੇ ਹਨ ਉਨ੍ਹਾਂ ਨੂੰ ਅਪ ਗਰੇਡ ਕਰਨਾ ਚਾਹੀਦਾ ਹੈ ਤਾਂ ਜੋ ਤਾਲੀਮ ਵਿਚ ਕੁਝ ਸੁਧਾਰ ਹੋ ਸਕੇ। ਅਪ ਗਰੇਡ ਕਰਨ ਬਾਰੇ ਮੈਂ ਆਪਣੇ ਤਾਲੀਮ ਦੇ ਵਜ਼ੀਰ ਨਾਲ ਗੱਲ ਕੀਤੀ, ਉਨ੍ਹਾਂ ਨੇ ਕਿਹਾ ਕਿ ਮੈਂ ਇਸ ਬਾਰੇ ਸੋਚ ਰਿਹਾ ਹਾਂ। ਭਾਵੇਂ ਅਕਾਲੀ ਪਹਿਲੇ ਹੀ ਅਗਲੇ ਪੰਜ ਸਾਲ ਦਾ ਕੋਟਾ ਤਾਲੀਮ ਦੇ ਖੇਤਰ ਵਿਚ ਪੂਰਾ ਕਰ ਗਏ ਹਨ ਪਰ ਫੇਰ ਵੀ ਇਸ ਵਿਚ ਸੁਧਾਰ ਲਿਆਉਣਾ ਨਹਾਇਤ ਜ਼ਰੂਰੀ ਹੈ, ਉਨ੍ਹਾਂ ਨੂੰ ਅਪਗਰੇਡ ਕਰਨਾ, ਤਾਲੀਮ ਨੂੰ ਬੇਹਤਰ ਬਣਾਉਣਾ ਇਸ ਸਰਕਾਰ ਦਾ ਸਭ ਤੋਂ ਵੱਡਾ ਫਰਜ਼ ਹੈ। ਟੀਚਰਾਂ ਨੇ ਆਪਣੀਆਂ ਮੰਗਾਂ ਮਨਵਾਉਣ ਲਈ ਪਿਛਲੀ ਦਫਾ 2-3 ਵਾਰ ਧਰਨੇ ਰਖੇ। ਕਈ ਹੋਰ ਮੰਗਾਂ ਨੂੰ ਨਜ਼ਰ ਅੰਦਾਜ਼ ਕੀਤਾ ਜਾ ਸਕਦਾ ਹੈ ਪਰ ਉਹ ਲੋਕ ਜਿਹੜੇ ਮੁਲਕ ਦੀ ਨਵੀਂ ਪੁਸ਼ਤ ਦੀ ਕਿਸਮਤ ਬਣਾਉਣ ਵਾਲੇ ਹਨ, ਸਰਕਾਰ ਨੂੰ ਉਨ੍ਹਾਂ ਨੂੰ ਨਜ਼ਰ ਅੰਦਾਜ਼ ਨਹੀਂ ਕਰਨਾ ਚਾਹੀਦਾ, ਜੇ ਇਹ ਲੋਕ ਸੰਤੁਸ਼ਟ ਹੋਣਗੇ ਤਦ ਇਸ ਮੁਲਕ ਦੀ ਜ਼ਮਹੂਰੀਅਤ ਦਾ ਢਾਂਚਾ ਠੀਕ ਢੰਗ ਨਾਲ ਚਲ ਸਕਦਾ ਹੈ। ਪਿਛਲੇ ਦਿਨਾਂ ਦੇ ਵਿਚ ਜਿਹੜੀਆਂ ਮੰਗਾਂ ਰਖੀਆਂ ਗਈਆਂ ਸਨ, ਉਨ੍ਹਾਂ ਵਿਚੋਂ ਇਕ ਮੰਗ ਇਨ੍ਹਾਂ ਲੋਕਾਂ ਦੀ ਇਹ ਵੀ ਸੀ ਕਿ ਸਾਰਿਆਂ ਸਕੂਲਾਂ ਦਾ ਕੌਮੀ ਕਰਨ ਕੀਤਾ ਜਾਵੇ, ਜਿਹੜੇ ਵੀ ਪ੍ਰਾਈਵੇਟ ਸਕੂਲ, ਖਾਲਸਾ ਸਕੂਲ, ਸਨਾਤਨ ਸਕੂਲ ਜਾਂ ਆਰੀਆ ਸਕੂਲ ਹਨ, ਇਨ੍ਹਾਂ ਸਾਰਿਆਂ ਦਾ ਕੌਮੀ ਕਰਨ ਹੋਣਾ ਚਾਹੀਦਾ ਹੈ। ਭਾਵੇਂ ਇਹਨਾਂ ਇਨਸਟੀਚਿਊਸ਼ਨਾਂ ਨੇ ਵਿਦਿਆ ਦੇ ਖੇਤਰ ਵਿਚ ਕੁਝ ਨਾ ਕੁਝ ਸੇਵਾ ਕੀਤੀ ਹੈ ਪਰ ਅਜ ਵੀ ਸਰਕਾਰ ਨੂੰ ਹੋਰ ਵਿਦਿਆ ਦੇ ਖੇਤਰ ਵਿਚ ਕੌਮੀ ਕਰਨ ਜ਼ਰੂਰ ਕਰਨਾ ਚਾਹੀਦਾ ਹੈ। ਮੈਨੇਜਿੰਗ ਕਮੇਟੀਆਂ ਇਹਨਾਂ ਇਨਸਟੀਚਿਊਸ਼ਨਾਂ ਨੂੰ ਮੁਨਾਫਾਖੋਰੀ ਦੇ ਲਿਹਾਜ਼ ਨਾਲ ਚਲਾਉਂਦੀਆਂ ਹਨ ਜਿਸ ਕਰਕੇ ਹੇਠਲਾ ਸਟਾਫ ਖੁਸ਼ ਨਹੀਂ ਹੋ ਸਕਦਾ। ਇਸ ਲਿਹਾਜ਼ ਨਾਲ ਵਿਦਿਆ ਵਿਚ ਵੀ ਸਹੀ ਉੱਨਤੀ ਨਹੀਂ ਹੁੰਦੀ ਨਜ਼ਰ ਆਉਂਦੀ। ਇਸ ਲਈ ਸਰਕਾਰ ਨੂੰ ਸੋਚਣਾ ਪੈਣਾ ਹੈ ਕਿ ਇਨ੍ਹਾਂ ਸਕੂਲਾਂ ਨੂੰ ਸਰਕਾਰੀ ਖੇਤਰ ਦੇ ਅੰਦਰ ਲਿਆਂਦਾ ਜਾਵੇ।

ਮੈਂ ਇਹ ਮੰਨਦਾ ਹਾਂ ਕਿ ਘੱਟ ਗਿਣਤੀ ਦੇ ਹੱਕਾਂ ਦੀ ਰਾਖੀ ਹੋਣੀ ਚਾਹੀਦੀ ਹੈ ਭਾਵੇਂ ਉਹ ਬੋਲੀ ਬਾਰੇ ਹੋਣ ਜਾਂ ਕੋਈ ਹੋਰ। ਪਰ ਇਸ ਤਰ੍ਹਾਂ ਦੇ ਸਕੂਲਾਂ ਨੂੰ ਹੁਣ ਨਹੀਂ ਚਲਣ ਦੇਣਾ ਚਾਹੀਦਾ ਭਾਵੇਂ ਇਸ ਲਈ ਵਿਧਾਨ ਵਿਚ ਸੋਧ ਕਰਨੀ ਪਵੇ। ਇਸ ਤਰ੍ਹਾਂ ਦੀਆਂ ਗੱਲਾਂ ਹੁਣ ਨਹੀਂ ਚਲ ਸਕਦੀਆਂ। ਮੈਂ ਸਰਕਾਰ ਨੂੰ ਕਹਾਂਗਾ ਕਿ ਉਹ ਪਹਿਲਾਂ ਹੀ ਅਜਿਹੇ ਸਕੂਲਾਂ ਦੇ ਘਾਟੇ ਦਾ 95% ਦਿੰਦੀ ਹੈ। ਪਰ

[ਕਾਮਰੇਡ ਦਰਸ਼ਨ ਸਿੰਘ ਕਨੇਡੀਅਨ]

ਹੁੰਦਾਂ ਅਗੇ ਕੀ ਹੈ ਕਿ 250 ਰੁਪਏ ਲਿਖਵਾ ਕੇ ਦਿਤੇ 150 ਰੁਪਏ ਜਾਂਦੇ ਹਨ । ਫਿਰ ਇਥੋਂ ਇਨ੍ਹਾਂ ਸਕੂਲਾਂ ਲਈ ਉਗਰਾਹੀ ਕੀਤੀ ਜਾਂਦੀ ਹੈ ਅਤੇ ਉਹ ਰਕਮ ਵੀ ਮੈਨੇਜਿੰਗ ਕਮੇਟੀਆਂ ਨੂੰ ਭੇਜ ਦਿਤੀ ਜਾਂਦੀ ਹੈ । ਪਰ ਜੋ ਟੀਚਰ ਹਨ ਉਨ੍ਹਾਂ ਨੂੰ 5, 5 ਅਤੇ 6, 6 ਮਹੀਨੇ ਤਨਖਾਹ ਨਹੀਂ ਦਿਤੀ ਜਾਂਦੀ । ਇਸ ਤਰ੍ਹਾਂ ਦਾ ਸਿਲਸਿਲਾ ਜ਼ਿਆਦਾ ਦੇਰ ਤਕ ਨਹੀਂ ਚਲ ਸਕਦਾ । ਇਸ ਵਿਚ ਤਬਦੀਲੀ ਕਰਨੀ ਚਾਹੀਦੀ ਹੈ । ਮੈਂ ਅਰਜ਼ ਕਰਾਂਗਾ ਕਿ ਸਰਕਾਰ ਪਹਿਲਾਂ ਹੀ 95% ਰਕਮ ਉਨ੍ਹਾਂ ਸਕੂਲਾਂ ਨੂੰ ਭੇਜਦੀ ਹੈ । ਉਹ ਰਕਮ ਉਥੇ ਭੇਜਣ ਦੀ ਥਾਂ ਤੇ ਉਨ੍ਹਾਂ ਕਮੇਟੀਆਂ ਤੋਂ ਹੀ 5% ਰਕਮ ਇਥੇ ਮੰਗਵਾ ਲਈ ਜਾਵੇ ਅਤੇ ਉਨ੍ਹਾਂ ਦੇ ਟੀਚਰਾਂ ਨੂੰ ਤਨਖਾਹ ਸਿਧੀ ਇਥੋਂ ਹੀ ਦਿੱਤੀ ਜਾਵੇ । ਇਸ ਨਾਲ ਉਨ੍ਹਾਂ ਟੀਚਰਾਂ ਦੀ ਸ਼ਿਕਾਇਤ ਦੂਰ ਹੋ ਜਾਵੇਗੀ । ਜੇ ਉਹ 5% ਹਾਲੇ ਇਥੇ ਨਹੀਂ ਮੰਗਵਾ ਸਕਦੀ ਤਾਂ ਘੱਟੋ ਘੱਟ ਤਨਖਾਹ ਵੰਡਣ ਦਾ ਕੰਮ ਡੀ. ਈ. ਓਜ਼. ਨੂੰ ਸੌਂਪ ਦਿਤਾ ਜਾਵੇ । ਇਸ ਤਰ੍ਹਾਂ ਵੀ ਇਹ ਮਸਲਾ ਹਲ ਹੋ ਜਾਵੇਗਾ ।

ਫਿਰ ਪ੍ਰਾਈਵੇਟ ਟੀਚਰਾਂ ਦੀ ਸੁਰਖਿਆ ਬਾਰੇ ਇਕ ਕਾਨੂੰਨ ਬਣਿਆ ਹੋਇਆ ਹੈ । ਉਸ ਵਿਚ ਕੁਝ ਖਾਮੀਆਂ ਹਨ ਜੋ ਦੂਰ ਹੋਣੀਆਂ ਚਾਹੀਦੀਆਂ ਹਨ ।

ਇਸੇ ਤਰ੍ਹਾਂ ਪ੍ਰਾਈਵੇਟ ਕਾਲਜਾਂ ਦੇ ਪ੍ਰੋਫੈਸਰਾਂ ਦੀ ਨੌਕਰੀ ਦੀ ਸੁਰਖਿਆ ਲਈ ਕੋਈ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ । ਮੈਂ ਸਰਕਾਰ ਨੂੰ ਕਹਾਂਗਾ ਕਿ ਉਹ ਇਸੇ ਸਾਲ ਵਿਚ ਜੂਨ ਦੇ ਮਹੀਨੇ ਹੋਣ ਵਾਲੇ ਸੈਸ਼ਨ ਵਿਚ ਇਸ ਤਰ੍ਹਾਂ ਦਾ ਕੋਈ ਕਾਨੂੰਨ ਬਣਾਵੇ । ਇਸ ਤਰ੍ਹਾਂ ਉਨ੍ਹਾਂ ਦੀਆਂ ਜਿਹੜੀਆਂ ਜਾਇਜ਼ ਮੰਗਾਂ ਹਨ ਉਹ ਮੰਗਾਂ ਮੰਨ ਲੈਣੀਆਂ ਚਾਹੀਦੀਆਂ ਹਨ । ਇਸੇ ਤਰ੍ਹਾਂ ਉਨ੍ਹਾਂ ਦੀਆਂ ਕੁਝ ਹੋਰ ਮੰਗਾਂ ਹਨ ਕਿ ਉਨ੍ਹਾਂ ਦੀ ਤਨਖਾਹ ਸਰਕਾਰੀ ਕਾਲਜਾਂ ਦੇ ਪ੍ਰੋਫੈਸਰਾਂ ਦੇ ਬਰਾਬਰ ਹੋਵੇ ਅਤੇ ਉਨ੍ਹਾਂ ਨੂੰ ਵੀ ਹਾਊਸ ਰੈਂਟ ਵਗੈਰਾ ਮਿਲੇ । ਇਹ ਉਨ੍ਹਾਂ ਦੀਆਂ ਜਾਇਜ਼ ਮੰਗਾਂ ਹਨ ਇਹ ਜ਼ਰੂਰ ਪ੍ਰਵਾਣ ਕਰਨੀਆਂ ਚਾਹੀਦੀਆਂ ਹਨ ।

ਫਿਰ ਮੈਂ ਵਜ਼ਾਰਤ ਵਿਚ ਵਾਧੇ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ । ਮੈਂ ਗਿਆਨੀ ਜੀ ਅਤੇ ਕਾਂਗਰਸ ਪਾਰਟੀ ਨੂੰ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਕੇਵਲ 10 ਮਨਿਸਟਰ ਬਣਾਏ ਹਨ, ਉਸ ਗੱਲ ਦੀ ਲੋਕਾਂ ਵਿਚ ਬੜੀ ਪ੍ਰਸ਼ੰਸਾ ਹੋ ਰਹੀ ਹੈ । ਕਿਤੇ ਇਸ ਪ੍ਰਸ਼ੰਸਾ ਨੂੰ, ਇਸ ਗੁਡਵਿਲ ਨੂੰ ਗੰਵਾ ਨਾ ਦੇਣਾ । ਬੜੇ ਬੜੇ ਦਬਾ ਪੈਣਗੇ, ਇਸ ਲਈ । ਕਿਉਂਕਿ ਪ੍ਰੈਜ਼ੀਡੈਂਟਸ ਹੀ ਅਜਿਹੇ ਹਨ ਕਿ 57 ਮੈਂਬਰਾਂ ਵਿਚੋਂ 34 ਮੈਂਬਰ ਮਨਿਸਟਰ ਹੋ ਗਏ । ਉਹ ਤਾਂ ਲਾੜੇ ਬਣ ਗਏ ਤੇ ਬਾਕੀ 23 ਵੀ ਸਰਵਾਲੇ ਬਣੇ ਹੁੰਦੇ ਹਨ । (ਹਾਸਾ) ਉਹ 23 ਵੀ ਸੋਚਣ ਕਿ ਪਹਿਲੇ ਸੁਰਗਵਾਸ ਹੋਣ ਤਾਂ ਸਾਡੀ ਵਾਰੀ ਆਏ । (ਹਾਸਾ) ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਗਲਤ ਗੱਲਾਂ ਦੀ ਪੈਰਵੀ ਨਾ ਕੀਤੀ ਜਾਵੇ । ਸੈਂਟਰ ਦੀ ਪਾਰਲੀਮੈਂਟ ਦੀ ਕਮੇਟੀ ਨੇ ਜਿਸ ਨੇ ਕਿ ਦਲ ਬਦਲੀਆਂ ਰੋਕਣ ਲਈ ਅਤੇ ਹੋਰ ਅਜਿਹੀਆਂ ਗੱਲਾਂ ਲਈ ਸਿਫ਼ਾਰਸ਼ਾਂ ਕੀਤੀਆਂ ਸੀ ਉਸ ਨੇ ਇਕ ਸਿਫ਼ਾਰਸ਼ ਇਹ ਕੀਤੀ ਸੀ ਕਿ ਮਨਿਸਟਰਾਂ ਦੀ ਗਿਣਤੀ ਸਾਰੇ ਮੈਂਬਰਾਂ ਦੀ ਗਿਣਤੀ ਦਾ 10% ਹੋਣੀ ਚਾਹੀਦੀ ਹੈ । ਇਸ ਹਿਸਾਬ ਨਾਲ ਸਾਡੇ ਹਾਊਸ ਵਿਚ ਮੈਂਬਰ ਹਨ 104 ਅਤੇ ਇਥੇ ਅੱਧਾ ਮਨਿਸਟਰ ਹੋਰ ਬਣ ਸਕਦਾ ਹੈ । ਮੈਂ ਇਹ ਅਰਜ਼ ਕਰਦਾ ਹਾਂ ਕਿ ਕਿਤੇ ਇਹ ਗੱਲ ਇਹ ਨਾ

ਕਹਿਣ ਲਗ ਪੈਣ ਕਿ ਇਹ ਡਿਪਟੀ ਹੈ, ਇਹ ਸਟੇਟ ਮਨਿਸਟਰ ਹੈ, ਇਸ ਲਈ ਇਨ੍ਹਾਂ ਦੀ ਗਿਣਤੀ ਨਹੀਂ ਹੋਣੀ ਚਾਹੀਦੀ । ਭਾਵੇਂ ਇਨ੍ਹਾਂ ਸਾਰਿਆਂ ਨੂੰ ਤੁਸੀ ਪੂਰੇ ਮਨਿਸਟਰ ਬਣਾ ਦਿਓ, ਪਰ ਗਿਣਤੀ ਨਹੀਂ ਵਧਣੀ ਚ ਹੀਦੀ । ਜੇ ਇਸ ਤਰ੍ਹਾਂ ਘਰ ਨਹੀਂ ਪੂਰਾ ਹੁੰਦਾ ਤਾਂ ਰੋਟੇਸ਼ਨ ਵਿਚ ਮਨਿਸਟਰ ਬਣਾ ਦਿਓ । ਇਕ ਜਾਂ ਡੇਢ ਸਾਲ ਦੀ ਵਾਰੀ ਬੰਨ੍ਹ ਲਓ (ਹਾਸਾ) ਪਰ ਗਿਣਤੀ ਵਧਾਉਣੀ ਇਕ ਅਯੋਗ ਗੱਲ ਹੋਵੇਗੀ । ਇਸ ਲਈ ਮੈਂ ਕਹਾਂਗਾ ਕਿ ਸੈਂਟਰ ਦੀ ਉਸ ਕਮੇਟੀ ਦੀ ਸਿਫ਼ਾਰਸ਼ ਮੰਨ ਕੇ ਵਜ਼ਾਰਤ ਵਿਚ ਵਾਧਾ ਨਾ ਕਰੋ । ਨਹੀਂ ਤਾਂ ਇਹ ਗੱਲ ਚੰਗੀ ਨਹੀ ਹੋਵੇਗੀ ।

ਹੁਣ ਮੈਂ ਅੰਤਰਿਮ ਰਲੀਫ਼ ਦੀ ਗੱਲ ਕਰਦਾ ਹਾਂ । ਇਥੇ ਇਹ ਗੱਲ ਕਹੀ ਗਈ ਸੀ ਕਿ 7 ਮੈਂਬਰਾਂ ਦੀ ਕਮੇਟੀ ਬਣਾ ਕੇ ਇਹ ਗੱਲ ਖਟਾਈ ਵਿਚ ਪਾ ਦਿੱਤੀ ਗਈ ਹੈ । ਮੈਂ ਇਨ੍ਹਾਂ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਤੁਹਾਡੇ ਸਮੇਂ ਤੋਂ ਹੀ ਇਹ ਮਾਮਲਾ ਲਟਕਦਾ ਆ ਰਿਹਾ ਹੈ, ਤੁਸੀਂ ਹੀ ਇਸ ਨੂੰ ਸੁਲਝਾ ਦਿੰਦੇ । (ਸਰਕਾਰੀ ਬੈਂਚਾਂ ਵਲੋਂ ਥੰਪਿੰਗ) ਫਿਰ ਜੇ ਇਹ ਮਾਮਲਾ 15-20 ਦਿਨ ਜਾਂ ਮਹੀਨਾ ਲਟਕਦਾ ਰਹੇ ਤਾਂ ਸ਼ਿਕਾਇਤ ਕਰੋ, ਵਾਰਨਿੰਗ ਜ਼ਰੂਰ ਦਿਉ । ਪਰ ਜੇ ਕੋਈ ਉਸਾਰੀ ਵਾਲੀ ਗੱਲ ਹੋਈ ਹੈ ਤਾਂ ਉਸ ਬਾਰੇ ਇਸ ਤਰ੍ਹਾਂ ਕਿਉਂ ਕਿਹਾ ਜਾਵੇ, ਇਹ ਕੋਈ ਠੀਕ ਗੱਲ ਵੀ ਨਹੀਂ । ਫਿਰ ਵੀ ਮੈਂ ਫਾਈਨੈਂਸ ਮਨਿਸਟਰ ਸਾਹਿਬ ਨੂੰ ਅਰਜ਼ ਕਰਾਂਗਾ ਕਿ ਉਹ ਇਸ ਕਮੇਟੀ ਨੂੰ ਤੇਜ਼ੀ ਨਾਲ ਹਰਕਤ ਦੇਣ ਅਤੇ ਇਸ ਸੈਸ਼ਨ ਦੇ ਵਿਚ ਵਿਚ ਹੀ ਇਸ ਬਾਰੇ ਅੰਤਮ ਫੈਸਲਾ ਕਰ ਦਿੱਤਾ ਜਾਵੇ । (ਥੰਪਿੰਗ) ਤਾਂ ਕਿ ਮੁਲਾਜ਼ਮ ਆਪਣਾ ਕੰਮ ਸਚਾਈ ਅਤੇ ਈਮਾਨਦਾਰੀ ਨਾਲ ਕਰ ਸਕਣ । ਅਤੇ ਪੰਜਾਬ ਦੇ ਗਲੋਂ ਇਹ ਮਸਲਾ ਲੱਥ ਜਾਵੇ ।

ਫਿਰ ਮੈਂ ਆਪਣੇ ਹਲਕੇ ਦੀ ਗੱਲ ਕਰਦਾ ਹਾਂ । ਮੇਰੀ ਕੰਸਟੀਚੂਐਂਸੀ ਗੜ੍ਹ ਸ਼ੰਕਰ ਹੈ । ਇਹ ਕੰਢੀ ਦਾ ਇਲਾਕਾ ਹੈ । ਇਹ ਇਸ ਕਿਸਮ ਦਾ ਇਲਾਕਾ ਹੈ ਜਿਸ ਕਿਸਮ ਦਾ ਲਾਲੜੂ ਤੋਂ ਲੈ ਕੇ ਪਠਾਨਕੋਟ ਤਕ ਹੈ । ਇਸ ਕਰਕੇ ਇਨ੍ਹਾਂ ਇਲਾਕਿਆਂ ਦੀ ਸਮਸਿਆ ਇਕ ਸਾਂਝੀ ਸਮਸਿਆ ਬਣ ਜਾਂਦੀ ਹੈ । ਅਸੀਂ ਬਜਾ ਤੌਰ ਤੇ ਫਖਰ ਕਰ ਸਕਦੇ ਹਾਂ, ਗਰੀਨ ਰੈਵੋਲੀਊਸ਼ਨ ਨਾਲ ਸਾਡੀ ਸਟੇਟ ਵਿਚ ਅਨਾਜ ਜ਼ਿਆਦਾ ਪੈਦਾ ਹੋਇਆ ਹੈ । ਫਿਰ ਜਿਥੋਂ ਤਕ ਟਰਾਂਸਪੋਰਟ ਦਾ ਸਬੰਧ ਹੈ, ਇਸ ਦਾ ਵੀ ਬੜਾ ਚੰਗਾ ਪ੍ਰਬੰਧ ਹੈ । ਪਰ ਕੀ ਸਾਰੇ ਪੰਜਾਬ ਦੀ ਇਹੋ ਅਵਸਥਾ ਹੈ ? ਨਹੀਂ ਮੈਂ ਸਦਨ ਦਾ ਧਿਆਨ ਇਸ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਬਹੁਤ ਸਾਰੇ ਇਲਾਕੇ ਐਸੇ ਹਨ ਜਿਥੇ ਗਰੀਨ ਰੈਵੋਲਿਊਸ਼ਨ ਨਾਂ ਮਾਤਰ ਵੀ ਨਹੀਂ ਆਇਆ । ਜਿਥੇ ਪਾਣੀ ਨਹੀਂ, ਬਿਜਲੀ ਨਹੀਂ ਉਥੇ ਕਿਸ ਤਰ੍ਹਾਂ ਗਰੀਨ ਰੈਵੋਲਿਊਸ਼ਨ ਆ ਸਕਦਾ ਹੈ । ਆਜ਼ਾਦੀ ਆਈ ਨੂੰ 25 ਸਾਲ ਹੋ ਗਏ ਹਨ ਪਰ ਹਾਲਤ ਇਹ ਹੈ ਕਿ ਜਿਥੇ ਅੰਮ੍ਰਿਤਸਰ ਜ਼ਿਲੇ ਵਿਚ 92% ਖੇਤਾਂ ਦੀ ਇਰੀਗੇਸ਼ਨ ਹੁੰਦੀ ਹੈ ਉਥੇ ਮੇਰੇ ਹਲਕੇ ਵਿਚ ਸਿਰਫ਼ 22% ਦੀ ।

Mr. Chairman : Only two minutes are more please.

ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ : ਜੇ ਦੋ ਮਿੰਟ ਹਨ ਤਾਂ ਤੀਸਰਾ ਬਲੈਕ ਵਿਚ ਦੇ ਦਿਉ । (ਹਾਸਾ) ਮੈਂ ਦੋ ਕੁ ਗੱਲਾਂ ਕਹਿਣੀਆਂ ਹਨ । ਮੈਂ ਅਰਜ਼ ਕਰਦਾ ਹਾਂ ਕਿ ਕਈ ਭਰਾ ਕਹਿਣਗੇ ਕਿ ਇਹ ਪਹਾੜੀ ਇਲਾਕਾ ਹੈ । ਮੈਂ ਉਨ੍ਹਾਂ ਨੂੰ ਇਹ ਜਵਾਬ ਦੇਣਾ ਚਾਹੁੰਦਾ ਹਾਂ ਕਿ ਭਾਖੜੇ ਤੋਂ 300 ਮੀਲ ਦੂਰ ਲੁਹਾਰੂ ਅਤੇ ਮੋਹਿੰਦਰਗੜ੍ਹ ਦੀ ਜ਼ਮੀਨ ਨੂੰ ਤਾਂ ਪਾਣੀ ਦਿੱਤਾ ਜਾ ਸਕਦਾ ਹੈ ਪਰ ਕੀ ਕਾਰਣ ਹੈ ਕਿ ਇਹ ਇਲਾਕਾ ਜੋ ਕਿ ਰੋਪੜ ਤੋਂ ਸਿਰਫ਼ ਵੀਹ ਤੀਹ ਮੀਲ ਤੇ ਹੈ, ਇਥੇ ਪਾਣੀ ਨਹੀਂ ਪੁਚਾਇਆ

[ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ]

ਜਾ ਸਕਦਾ ? ਮੈਂ ਦਸਣਾ ਚਾਹੁੰਦਾ ਹਾਂ ਕਿ ਜਿਥੇ ਬਾਕੀ ਪੰਜਾਬ ਵਿਚ ਖੇਤਾਂ ਦੀ ਏਕੜ ਪ੍ਰਤੀ ਪੈਦਾਵਾਰ ਕਵਿੰਟਲਾਂ ਵਿਚ ਤੋਲੀ ਜਾਂਦੀ ਹੈ, ਮੇਰੇ ਹਲਕੇ ਵਿਚ ਕਈ ਇਲਾਕੇ ਐਸੇ ਹਨ ਜਿਥੇ ਅਜੇ ਵੀ ਏਕੜ ਪ੍ਰਤੀ ਪੈਦਾਵਾਰ ਕਿਲੋਆਂ ਵਿਚ ਹੁੰਦੀ ਹੈ। ਉਥੇ ਮੁਠੀ ਸਾਗ ਦੀ ਵੀ ਨਹੀਂ ਲਭਦੀ । ਪਸ਼ੂਆਂ, ਡੰਗਰਾਂ ਲਈ ਹਰਾ ਚਾਰਾ ਨਹੀਂ ਮਿਲਦਾ । ਉਸ ਇਲਾਕੇ ਵਿਚ ਤੂੜੀ ਦਾ ਭਾਅ 20 ਰੁਪਏ ਕੁਇੰਟਲ ਹੈ ਜਦੋਂ ਕਿ ਬਾਕੀ ਪੰਜਾਬ ਵਿਚ ਤੂੜੀ ਨੂੰ ਕੋਈ ਪੁਛਦਾ ਨਹੀਂ ਜਾਂ ਉਹ 10 ਰੁਪਏ ਕਵਿੰਟਲ ਵਿਕਦੀ ਹੈ । ਉਥੇ ਦਰਜਨਾਂ ਪਿੰਡ ਅਜਿਹੇ ਹਨ ਜਿਥੇ ਟੱਬਰਾਂ ਦਾ ਗੁਜ਼ਾਰਾ ਨਹੀਂ ਹੁੰਦਾ । ਫਿਰ ਸਕੀਮਾਂ ਕਿਸ ਕਿਸਮ ਦੀਆਂ ਬਣਾਈਆਂ ਜਾਂਦੀਆਂ ਹਨ, ਇਸ ਬਾਰੇ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ। ਮਾਹਲ ਪੁਰ ਦੇ ਇਲਾਕੇ ਵਿਚ ਸਰਕਾਰ ਨੇ 92 ਟਿਊਬਵੈਲ ਲਗਾਉਣ ਦਾ ਫੈਸਲਾ ਕੀਤਾ। ਉਨ੍ਹਾਂ ਵਿਚੋਂ 45 ਟਿਊਬਵੈਲ ਅਜੇਹੇ ਇਲਾਕੇ ਵਿਚ ਲਾਏ ਜਾਣਗੇ ਜਿਹੜਾ ਕਿ ਮੈਦਾਨੀ ਇਲਾਕਾਂ ਹੈ ਅਤੇ ਪਾਣੀ ਆਮ ਮਿਲਦਾ ਹੈ । ਉਨ੍ਹਾਂ ਵਿਚੋਂ 42 ਟਿਊਬਵੈਲ ਅਜਿਹੇ ਇਲਾਕੇ ਵਿਚ ਹਨ ਜਿਥੇ ਕਿ ਰਲਿਆ ਮਿਲਿਆ ਇਲਾਕਾ ਹੈ ਕੁਝ ਮੈਦਾਨੀ ਅਤੇ ਕੁਝ ਪਹਾੜੀ। ਪਰ 25 ਅਜਿਹੇ ਪਹਾੜੀ ਦੇ ਪੈਰਾਂ ਵਿਚ ਪਿੰਡ ਹਨ ਜਿਥੇ ਕਿ ਪੀਣ ਲਈ ਪਾਣੀ ਵੀ ਨਹੀਂ ਮਿਲਦਾ, ਉਨ੍ਹਾਂ 25 ਪਿੰਡਾਂ ਲਈ ਕੇਵਲ 6 ਟਿਊਬਵੈਲ ਦਿਤੇ ਹਨ ।

Mr. Chairman : Wind up please.

ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ : (ਘੰਟੀ) ਫਿਰ ਮੈਂ ਚੋਆਂ ਬਾਰੇ ਗੱਲ ਕਰਨੀ ਚਾਹੁੰਦਾ ਹਾਂ। ਉਥੇ 45 ਚੋਅ ਹਨ । 25 ਸਾਲ ਹੋ ਗਏ ਹਨ ਪਰ ਸਰਕਾਰ ਇਹ ਪ੍ਰਬੰਧ ਨਹੀਂ ਕਰ ਸਕੀ ਕਿ ਇਹ ਚੋਅ ਟੇਮ ਕਰ ਲਏ ਜਾਣ ।

ਸੜਕਾਂ ਦੇ ਮਾਮਲੇ ਵਿਚ ਇਹ ਕਿਹਾ ਗਿਆ ਹੈ ਕਿ ਹਰ ਪਿੰਡ ਨੂੰ ਦੋ ਸਾਲ ਵਿਚ ਲਿੰਕ ਰੋਡਜ਼ ਨਾਲ ਮਿਲਾ ਦਿੱਤਾ ਜਾਵੇਗਾ । ਮੇਰੇ ਇਲਾਕੇ ਵਿਚ ਗੜ੍ਹ ਸ਼ੰਕਰ ਤੋਂ ਲੈਕੇ ਦਸੂਹਾ ਤਕ ਦੇਖ ਲਵੋ ਰਸਤੇ ਵਿਚ 45 ਚੋਅ ਹਨ ਅਤੇ ਇਥੇ ਦੋ ਤਿੰਨ ਪੁਲ ਬਣਨ ਦੇ ਸਵਾਏ 25 ਸਾਲ ਵਿਚ ਕੋਈ ਹੋਰ ਪੁਲ ਨਹੀਂ ਬਣੇ ਹਨ । ਇਸੇ ਤਰ੍ਹਾਂ ਸੜਕ ਵੇਖ ਲਵੋ ਹੁਸ਼ਿਆਰਪੁਰ ਦੇ ਇਲਾਕੇ ਵਿਚ ਸਵਾਏ ਇਕ ਸੜਕ ਦੇ ਹੋਰ ਕੁਝ ਨਹੀਂ ਹੈ । ਇਸ ਵਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ । ਬਗੈਰ ਪੁਲਾਂ ਦੇ, ਸੜਕਾਂ ਦੇ ਸਾਰਾ ਸਿਲਸਿਲਾ ਹੀ ਰੁਕ ਜਾਂਦਾ ਹੈ । ਕਾਰ ਬਾਰ ਬੰਦ ਹੋ ਜਾਂਦਾ ਹੈ । (ਘੰਟੀ)

ਸ੍ਰੀ ਸਭਾਪਤੀ : ਤੁਹਾਡਾ ਟਾਈਮ ਹੋ ਚੁਕਿਆ । (Your time is over)

ਡਾਕਟਰ ਅਮੀਰ ਸਿੰਘ ਕਲਕਟ (ਟਾਂਡਾ) : ਚੇਅਰਮੈਨ ਸਾਹਿਬ, ਮੈਂ ਵਿੱਤ ਮੰਤਰੀ ਸਾਹਿਬ ਨੂੰ ਹਾਰਦਿਕ ਵਧਾਈ ਦਿੰਦਾ ਹਾਂ ਕਿਉਂਕਿ ਉਨ੍ਹਾਂ ਨੇ ਸਾਨੂੰ ਇਕ ਅੱਛਾ ਬਜਟ ਦਿੱਤਾ ਹੈ, ਇਕ ਸੋਹਣਾ ਬਜਟ ਦਿੱਤਾ ਹੈ । ਇਨ੍ਹਾਂ ਦੇ ਬਜਟ ਤੋਂ ਜ਼ਾਹਿਰ ਹੁੰਦਾ ਹੈ ਕਿ ਉਨ੍ਹਾਂ ਨੇ ਕਾਫੀ ਮਿਹਨਤ ਕੀਤੀ ਹੈ । ਉਨ੍ਹਾਂ ਨੇ ਮਿਡ ਨਾਈਟ ਆਇਲ ਬਰਨ ਕਰਕੇ ਇਹ ਸੁਲਝਿਆ ਹੋਇਆ ਬਜਟ ਦਿੱਤਾ ਹੈ । ਇਨ੍ਹਾਂ ਨੌਜਵਾਨ ਵਿੱਤ ਮੰਤਰੀ ਜੀ ਨੇ ਜਿਹੜੇ ਕਿ ਇਕ ਫਾਈਨੈਂਸ਼ਲ ਜੀਨੀਅਸ ਜਾਪਦੇ ਹਨ ਬੜਾ ਸੋਹਣਾ ਬਜਟ ਦਿੱਤਾ ਹੈ । ਪਰ ਚੇਅਰਮੈਨ ਸਾਹਿਬ ਇਹ ਜ਼ਰੂਰ ਮੈਂ ਕਹਾਗਾ ਕਿ ਇਸ ਸਾਡੀ ਨੌਜਵਾਨ ਵਜ਼ਾਰਤ ਨੇ ਜੋ ਇਸ ਸੂਬੇ ਦਾ ਚਾਰਜ ਲਿਆ ਹੈ ਇਸ ਤੇ ਪੰਜਾਬ ਦੀ ਜਨਤਾ ਨੂੰ ਕਾਫੀ ਉਮੀਦਾਂ ਹਨ । ਇਹ ਜਿਹੜਾ ਸਾਡਾ ਸੂਬਾ ਪੰਜ, ਛੇ ਸਾਲ ਤੋਂ ਉਜੜਿਆ ਹੈ, ਇਥੇ ਲੋਕਾਂ ਨੂੰ ਬੇਰਹਿਮੀ ਨਾਲ ਲਤਾੜਿਆ ਗਿਆ ਹੈ (ਸ਼ੋਰ)

(ਵਿਘਨ) ਪਹਿਲੀ ਹੇਰ-ਫੇਰ ਸਰਕਾਰ ਨੇ ਜੋ ਇਨ੍ਹਾਂ ਨੂੰ ਖਰਾਬ ਕੀਤਾ ਹੈ, ਉਹ ਲੋਕ ਹੁਣ ਇਸ ਸਰਕਾਰ ਤੋਂ ਅੱਛੇ ਕੰਮਾਂ ਦੀ ਆਸ ਲਾਈ ਬੈਠੇ ਹਨ। ਇਥੇ ਜਿਹੜਾ ਕੁਰੱਪਸ਼ਨ ਦਾ ਰਾਜ ਰਿਹਾ ਹੈ, ਇਥੇ ਸਫਾਰਸ਼ੀ ਰਾਜ ਰਿਹਾ ਹੈ (ਸ਼ੋਰ) (ਵਿਘਨ) ਉਸ ਤੋਂ ਲੋਕਾਂ ਦੀ ਖਲਾਸੀ ਹੋਣੀ ਚਾਹੀਦੀ ਹੈ।

ਚੇਅਰਮੈਨ ਸਾਹਿਬ, ਇਸ ਬਜਟ ਵਿਚ ਇਕ ਚੀਜ਼ ਕਹੀ ਗਈ ਹੈ, ਇਸ ਵਿਚ ਸਾਡੇ ਵਿੱਤ ਮੰਤਰੀ ਜੀ ਨੇ ਕਿਹਾ ਹੈ ਕਿ ਕੋਈ ਨਏ ਟੈਕਸ ਨਹੀਂ ਲਗਾਏ ਜਾਣਗੇ। ਮੈਂ ਇਸ ਚੀਜ਼ ਨੂੰ ਪਸੰਦ ਨਹੀਂ ਕਰਦਾ ਹਾਂ। ਪੰਜਾਬ ਦੀ ਬਹਿਬੂਦੀ ਵਾਸਤੇ ਇਥੇ ਟੈਕਸ ਲਗਣੇ ਚਾਹੀਦੇ ਹਨ । ਪਰ ਟੈਕਸ ਉਨ੍ਹਾਂ ਲੋਕਾਂ ਤੇ ਲਗਣੇ ਚਾਹੀਦੇ ਹਨ ਜਿਹੜੇ ਇਹ ਦੇ ਕਰ ਸਕਣ। ਅਮੀਰਾਂ ਤੇ ਜ਼ਮੀਂਦਾਰਾਂ ਤੇ ਅਤੇ ਬਿਜ਼ਨੈਸ ਮੈਨਾਂ ਤੇ ਇਹ ਟੈਕਸ ਲਗਣੇ ਚਾਹੀਦੇ ਹਨ। ਕਲ ਇਹ ਕਾਲ ਅਟੈਨਸ਼ਨ ਨੋਟਿਸ ਮੈਂ ਦਿੱਤਾ ਸੀ, ਉਹਦੇ ਰਾਹੀਂ ਮੈਂ ਕਿਹਾ ਸੀ ਕਿ ਸਾਡੇ ਵਾਇਦੇ ਅਵਾਮ ਨਾਲ ਗਰੀਬੀ ਹਟਾਉਣ ਦੇ ਹਨ। ਸਾਡੇ ਪਰਧਾਨ ਮੰਤਰੀ ਦਾ ਵਾਇਦਾ ਵੀ ਗਰੀਬੀ ਹਟਾਉਣ ਦਾ ਹੈ। ਉਸ ਨੂੰ ਸਾਨੂੰ ਪੂਰਾ ਕਰਨ ਵਾਸਤੇ ਇਸ ਬਜਟ ਰਾਹੀਂ ਛੇਤੀ ਤੋਂ ਛੇਤੀ ਅਜਿਹੇ ਕੰਮ ਕਰਨੇ ਚਾਹੀਦੇ ਹਨ ਜਿਨ੍ਹਾਂ ਨਾਲ ਗਰੀਬ ਲੋਕਾਂ ਦੀਆਂ ਜਿਹੜੀਆਂ ਆਸਾਂ ਲਗੀਆਂ ਹੋਈਆਂ ਹਨ ਉਹ ਪੂਰੀਆਂ ਹੋ ਸਕਣ। ਇਹ ਲੋਕ ਲੱਖਾਂ ਵਰ੍ਹਿਆਂ ਤੋਂ ਓਪਰੈਸਡ ਹਨ। ਇਨ੍ਹਾਂ ਲੋਕਾਂ ਨੂੰ ਉਪਰ ਚੁਕਣਾ ਹੈ। ਇਹ ਅਸੀਂ ਤਦ ਹੀ ਕਰ ਸਕਦੇ ਹਾਂ ਜੇ ਅਗਲਾ ਬਜਟ ਜਿਹੜਾ ਆ ਰਿਹਾ ਹੈ ਉਹ ਸਾਰੇ ਦਾ ਸਾਰਾ ਗਰੀਬੀ ਹਟਾਉਣ ਲਈ ਰਖਿਆ ਜਾਵੇ । ਇਹ ਹੋਰ ਵੀ ਚੰਗਾ ਹੋਵੇਗਾ ਜੇ ਅਗਲਾ ਸਾਡਾ ਪੰਜ ਸਾਲ ਦਾ ਬਜਟ ਗਰੀਬੀ ਹਟਾਉਣ ਤੇ ਲਗਾਇਆ ਜਾਵੇ । ਇਸ ਤਰ੍ਹਾਂ ਨਾਲ ਅਸੀਂ ਮੁਬਾਰਕਬਾਦ ਦੇ ਮੁਸਤਹਿੱਕ ਹੋਵਾਂਗੇ। ਉਹ ਬਜਟ ਕਿਸ ਤਰ੍ਹਾਂ ਲਿਆਈਏ, ਮੈਂ ਸੁਜੈਸਟ ਕਰਾਂਗਾ ਕਿ ਇਥੇ ਅਕਾਲੀ ਸਰਕਾਰ ਨੇ ਧਰਮਸ਼ਾਲਾਵਾਂ ਦਾ ਰਵਾਜ ਪਾਇਆ ਅਤੇ ਇਸ ਤਰ੍ਹਾਂ ਕਰਕੇ ਗਰੀਬ ਅਵਾਮ ਨਾਲ ਇਕ ਬੜਾ ਵੱਡਾ ਮਖੌਲ ਕੀਤਾ (ਸ਼ੋਰ) (ਵਿਘਨ) ਇਹ ਧਰਮਸ਼ਾਲਾਂ ਬਣਵਾਕੇ ਵੀ ਇਨ੍ਹਾਂ ਲੋਕਾਂ ਤੇ ਉਸ ਸਰਕਾਰ ਨੇ ਕੋਈ ਅਹਿਸਾਨ ਨਹੀਂ ਕੀਤਾ । ਇਕ ਗਰੀਬ ਇਨਸਾਨ ਹੈ ਉਸ ਦੇ ਵੀਹ ਜਣਿਆਂ ਦਾ ਟੱਬਰ ਹੈ ਅਤੇ ਉਹ ਸਾਰੇ ਜਣੇ ਇਕ ਕਮਰੇ ਵਿਚ ਹੀ ਰਹਿ ਰਹੇ ਹਨ। 25 ਸਾਲ ਆਜ਼ਾਦ ਹੋਏ ਨੂੰ ਹੋ ਗਏ ਹਨ ਪਰ ਹਾਲੇ ਤਕ ਇਹ ਗਰੀਬ ਲੋਕ ਉਸੇ ਤਰ੍ਹਾਂ ਹੀ ਪਿਸੇ ਜਾ ਰਹੇ ਹਨ। ਜਦ ਅਮੀਰ ਅਤੇ ਗਰੀਬ ਨੂੰ ਇਕੋ ਤਰ੍ਹਾਂ ਦਾ ਵੋਟ ਦੇਣ ਦਾ ਹੱਕ ਹੈ ਤਾਂ ਹਾਲਾਤ ਇਹ ਵੀ ਮੰਗ ਕਰਦੇ ਹਨ ਕਿ ਇਨ੍ਹਾਂ ਗਰੀਬ ਲੋਕਾਂ ਨੂੰ ਸੋਸ਼ਲ ਜਸਟਿਸ ਦੇਣਾ ਚਾਹੀਦਾ ਹੈ। ਇਥੇ ਸੋਸ਼ਲਿਜ਼ਮ ਲਿਆਉਣਾ ਚਾਹੀਦਾ ਹੈ । ਇਨ੍ਹਾਂ ਨੂੰ ਪੂਰੀ ਸਹਾਇਤਾ ਦੇਣੀ ਚਾਹੀਦੀ ਹੈ। ਸਰਕਾਰ ਵਲੋਂ ਇਨ੍ਹਾਂ ਲਈ ਮੌਡਲ ਹਰੀਜਨ ਕਾਲੋਨੀਜ਼ ਬਣਾਈਆਂ ਜਾਣੀਆਂ ਚਾਹੀਦੀਆਂ ਹਨ। ਇਥੇ ਫਰੀ ਇਲੈਕਟ੍ਰੀਸਿਟੀ, ਵਾਟਰ ਦਾ ਪਰਬੰਧ ਕਰਨਾ ਚਾਹੀਦਾ ਹੈ। ਅਜਿਹੇ ਕੰਮ ਕਰਨੇ ਚਾਹੀਦੇ ਹਨ ਜਿਨ੍ਹਾਂ ਨਾਲ ਗਰੀਬੀ ਹਟਨ ਵਿਚ ਮਦਦ ਮਿਲ ਸਕੇ। ਮੈਂ, ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਸਰਕਾਰ ਨੂੰ ਕਹਾਂਗਾ ਕਿ ਇਸ ਵੱਲ ਜਲਦੀ ਤੋਂ ਜਲਦੀ ਧਿਆਨ ਦੇਣਾ ਚਾਹੀਦਾ ਹੈ। (ਸ਼ੋਰ) (ਵਿਘਨ)

ਚੇਅਰਮੈਨ ਸਾਹਿਬ, ਇਥੇ ਡਿਮਾਂਡ ਨੰ: 9 ਲੈਂਡ ਰੈਵੀਨਿਊ ਦਾ ਜ਼ਿਕਰ ਕੀਤਾ ਗਿਆ ਹੈ। ਪੰਜ ਏਕੜ ਤਕ ਅਕਾਲੀ ਸਰਕਾਰ ਨੇ ਮਾਮਲਾ ਮਾਫ ਕੀਤਾ। ਪਰ ਪਿਛਲੀ ਸਰਕਾਰ ਰੈਡ-ਟੇਪੇਜ਼ਮ ਵਿਚ ਹੀ ਬਿਲੀਵ ਕਰਦੀ ਸੀ ਅਤੇ ਹਾਲੇ ਤਕ ਇਹ ਮਾਮਲਾ ਸੁਲਝਿਆ ਨਹੀਂ ਹੈ । ਇਹ ਮਾਮਲਾ ਜਲਦੀ ਤੋਂ ਜਲਦੀ ਮਾਫ ਕਰਨਾ ਚਾਹੀਦਾ ਹੈ। ਇਹ ਇਕ ਹੋਰ ਡਿਫੀਕਲਟੀ ਪੈਦਾ ਹੋ ਗਈ ਹੈ। ਸਾਡੇ ਕਈ

[ਡਾਕਟਰ ਅਮੀਰ ਸਿਘ ਕਲਕਟ]

ਲੋਕਾਂ ਨੂੰ ਜਿਨ੍ਹਾਂ ਦੇ ਬੱਚੇ ਫੌਜ ਵਿਚ ਸਨ ਉਨ੍ਹਾਂ ਨੂੰ ਵਾਰ ਜਾਗੀਰਾਂ ਮਿਲਦੀਆਂ ਹੁੰਦੀਆਂ ਸਨ । ਇਨ੍ਹਾਂ ਤੇ ਮਾਲੀਆ ਮਾਫ ਹੋਇਆ ਕਰਦਾ ਸੀ । ਸਾਡੇ ਦੁਆਬੇ ਦੇ ਇਲਾਕੇ ਵਿਚ ਵੀ ਅਜਿਹੇ ਕਈ ਕੇਸ ਹਨ । ਪਰ ਉਥੇ ਤਹਿਸੀਲਦਾਰ ਇਨ੍ਹਾਂ ਲੋਕਾਂ ਨੂੰ ਪੁਛਦਾ ਹੀ ਨਹੀਂ । ਰੈਵੀਨਿਊ ਪਟਵਾਰੀ ਮਾਮਲਾ ਲੈਂਦਾ ਹੈ । ਇਸ ਲਈ ਇਸ ਪਾਸੇ ਵਲ ਵੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ।

ਐਕਸਾਈਜ਼ ਪਾਲਿਸੀ ਬਾਰੇ ਮੈਂ ਅਰਜ਼ ਕਰਾਂ ਕਿ ਮਹਾਤਮਾਂ ਜੀ ਦੀ ਸੈਂਟੇਨਰੀ ਤੇ ਮੈਂ ਤੇ ਖਰਬੰਦਾ ਜੀ ਅਸੀਂ ਦੋਹਾਂ ਜਨਿਆਂ ਨੇ ਐਕਸਾਈਜ਼ ਅਫਸਰਾਂ ਨੂੰ ਪਰਾਹੀਬੀਸ਼ਨ ਬਾਰੇ ਕਿਹਾ ਸੀ ਔਰ ਇਹ ਕਿਹਾ ਸੀ ਕਿ ਜੇ ਸਾਡੀ ਸਰਕਾਰ ਬਣੀ ਤਾਂ ਅਸੀਂ ਜ਼ਰੂਰ ਆਪਣੀ ਸਰਕਾਰ ਨੂੰ ਮਜ਼ਬੂਰ ਕਰਾਂਗੇ ਕਿ ਪਰਾਹੀਬੀਸ਼ਨ ਵਲ ਸਾਨੂੰ ਚਲਣਾ ਚਾਹੀਦਾ ਹੈ । ਜਿਹੜੀਆਂ ਸਰਕਾਰਾਂ ਸ਼ਰਾਬ ਤੇ ਚਲਦੀਆਂ ਹਨ ਉਹ ਬਹੁਤ ਦੇਰ ਤਕ ਨਹੀਂ ਚਲ ਸਕਦੀਆਂ । ਰੈਵੇਨਿਊ ਅਰਨ ਕਰਨ ਵਾਲੀਆਂ ਸਰਕਾਰਾਂ ਜ਼ਿਆਦਾ ਦੇਰ ਤਕ ਚਲਦੀਆਂ ਨਹੀਂ ਰਹਿ ਸਕਦੀਆਂ । ਸਾਡੇ ਰਾਸ਼ਟਰ ਪਿਤਾ ਨੇ ਪਰਾਹੀਬੀਸ਼ਨ ਦਾ ਨਾਅਰਾ ਦਿੱਤਾ ਹੈ । ਇਸ ਨਾਅਰੇ ਦੇ ਮੁਤਾਬਿਕ ਜ਼ਰੂਰ ਚਲਣਾ ਚਾਹੀਦਾ ਹੈ । ਟੈਕਸੇਸ਼ਨ ਲਈ ਹੋਰ ਸਾਧਨ ਲੱਭਣੇ ਚਾਹੀਦੇ ਹਨ । ਕੈਪਸੂਲ ਘੋਲ ਕੇ ਸ਼ਰਾਬ ਤੋਂ ਅਕਾਲੀ ਸਰਕਾਰ ਦੇ ਵਜ਼ੀਰਾਂ ਨੇ ਕਰੋੜਾਂ ਰੁਪਿਆ ਖਟਿਆ (ਸ਼ੋਰ) (ਵਿਘਨ) ਇਹ ਜਿਹੜੀਆਂ ਹੁਣ ਸਾਡੀ ਸਰਕਾਰ ਨੂੰ ਉਲਝਨਾਂ ਪਈਆਂ ਹਨ ਇਨ੍ਹਾਂ ਨੂੰ ਸੁਲਝਾਉਣਾ ਚਾਹੀਦਾ ਹੈ । ਇਸ ਪਾਲਿਸੀ ਵੱਲ ਸਾਡੀ ਸਰਕਾਰ ਨੂੰ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ । ਐਕਸਾਈਜ਼ ਡਿਪਾਰਟਮੈਂਟ ਵਿਚ ਇਨ੍ਹਾਂ ਖਾਮੀਆਂ ਨੂੰ ਮੈਂ ਆਸ ਰਖਦਾ ਹਾਂ ਕਿ ਸਾਡੀ ਸਰਕਾਰ ਦੂਰ ਕਰੇਗੀ । ਇਹ ਐਨਸ਼ਿਉਰ ਕਰਨਾ ਚਾਹੀਦਾ ਹੈ ਕਿ ਲੋਕਾਂ ਨੂੰ ਅੱਛੀ ਸਹਿਤਯਾਫਤਾ ਸ਼ਰਾਬ ਮਿਲੇ । ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ ਕਿ ਕੈਪਸੂਲ ਦੀ ਘੁਲੀ ਹੋਈ ਸ਼ਰਾਬ ਲੋਕਾਂ ਨੂੰ ਮਿਲੇ । ਤੁਹਾਨੂੰ ਸਾਰਿਆਂ ਨੂੰ ਪਤਾ ਹੀ ਹੈ ਕਿ ਪਿਛੇ ਜਿਹੇ ਦਿੱਲੀ ਵਿਚ ਕੈਪਸੂਲ ਦੀ ਸ਼ਰਾਬ ਨਾਲ ਕਈ ਬੰਦੇ ਮਰ ਗਏ ਸਨ । (ਸ਼ੋਰ) (ਵਿਘਨ) ਸੰਤ ਫਤਹਿ ਸਿੰਘ ਇਕ ਬੁਢੇ ਲੀਡਰ ਹਨ ਉਥੇ ਦਿੱਲੀ ਇੰਦਰਾ ਜੀ ਬੈਠੇ ਹਨ ਅਤੇ ਕਿਸੇ ਦੀ ਮਜਾਲ ਨਹੀਂ ਕਿ ਇਹੋ ਜਿਹਾ ਕੰਮ ਕਰ ਸਕੇ ।

ਚੇਅਰਮੈਨ ਸਾਹਿਬ, ਜਿਥੋਂ ਤਕ ਲਾਅ ਐਂਡ ਆਰਡਰ ਦਾ ਤਾਲੁਕ ਹੈ ਪੰਜਾਬ ਵਿਚ ਇਕ ਨੌਜਵਾਨ ਅਤੇ ਇਮਾਨਦਾਰ ਆਈ. ਜੀ. ਹੈ ਅਤੇ ਇਹ ਇਕ ਚੰਗਾ ਬੰਦਾ ਹੈ । ਇਸ ਨੂੰ ਤਰੱਕੀ ਮਿਲਣੀ ਚਾਹੀਦੀ ਹੈ । ਇਸ ਨੂੰ ਦੋ ਮਹਿਕਮੇ ਨਹੀਂ ਬਲਕਿ ਚਾਰ ਮਹਿਕਮੇ ਦਿਉ । ਹਰ ਇਕ ਆਦਮੀ ਦੀ ਆਪਣੀ ਆਪਣੀ ਕੈਪੇਸਿਟੀ ਹੁੰਦੀ ਹੈ । ਇੰਡੋ-ਪਾਕ ਦੀ ਲੜਾਈ ਵੇਲੇ ਇਨ੍ਹਾਂ ਨੇ ਕਿੰਨਾ ਕੰਮ ਕੀਤਾ । ਫਿਰੋਜ਼ਪੁਰ ਸੈਕਟਰ ਤੋਂ ਕਿੰਨੇ ਹਥਿਆਰ ਪਕੜ ਕੇ ਲਿਆਂਦੇ । ਇਹ ਸਾਰਾ ਕੰਮ ਬੀ. ਐਸ. ਐਫ. ਨੇ ਕੀਤਾ । ਕਿਸੇ ਆਦਮੀ ਦੇ ਚੰਗੇ ਕੰਮ ਦੀ ਸ਼ਲਾਘਾ ਕਰਨੀ ਚਾਹੀਦੀ ਹੈ । ਸ਼ੋਰ) (ਵਿਘਨ)

ਹੁਣ ਮੈਂ ਸੇਲਜ਼ ਟੈਕਸ ਦੇ ਬਾਰੇ ਦੱਸਦਾ ਹਾਂ । ਇਸ ਦੇ ਵਿਚ ਸਾਨੂੰ ਜ਼ਰੂਰ ਸਿੰਪਲੀਫੀਕੇਸ਼ਨ ਲਿਆਉਣੀ ਚਾਹੀਦੀ ਹੈ । ਸੇਲਜ਼ ਟੈਕਸ ਇਕ ਥਾਂ ਤੇ ਲਗਣਾ ਚਾਹੀਦਾ ਹੈ । ਇਸ ਦੇ ਵਿਚ ਲੀਕੇਜ ਬਹੁਤ ਹੈ । ਜੇ ਸਾਡੇ ਲੋਕ ਈਮਾਨਦਾਰੀ ਨਾਲ ਅਤੇ ਚੰਗੀ ਤਰ੍ਹਾਂ ਸੇਲਜ਼ ਟੈਕਸ ਦੇਣ ਤਾਂ ਫਿਰ ਹੋਰ ਟੈਕਸ ਲਾਉਣ ਦੀ ਲੋੜ ਨਹੀਂ । ਸਟੇਟ ਦੇ ਹੋਰ ਮਸਲਿਆਂ ਦੇ ਮੁਤਅੱਲਿਕ ਮੈਂ ਦੱਸਦਾ ਹਾਂ, ਚੇਅਰਮੈਨ ਸਾਹਿਬ,

ਮੈਂ ਤੁਹਾਡੇ ਰਾਹੀਂ ਕਹਾਂਗਾ ਕਿ (ਵਿਘਨ) ਕੱਲ ਵੀ ਮੈਂ ਹਾਊਸ ਵਿਚੋਂ ਵਾਕ ਆਊਟ ਕੀਤਾ ਸੀ ਅਕਾਲੀ ਸਰਕਾਰ ਦੇ ਖਿਲਾਫ, ਜੋ ਉਨ੍ਹਾਂ ਨੇ ਕੰਮ ਕੀਤੇ ਹਨ। ਮੈਂ ਕਾਲ ਅਟੈਨਸ਼ਨ ਮੋਸ਼ਨ ਦਿੱਤੀ ਸੀ ਕਿ ਐਮ ਐਲ. ਏਜ਼. ਦੀਆਂ ਜਿਹੜੀਆਂ ਤਨਖਾਹਾਂ ਵਧੀਆਂ ਹਨ, ਸਾਨੂੰ ਜੋ ਟਰੇਵਲਿੰਗ ਅਲਾਊਂਸ ਦਿੱਤਾ ਜਾਂਦਾ ਹੈ ਅਤੇ ਹੋਰ ਇਨ੍ਹਾਂ ਸਾਡੇ ਸਾਥੀਆਂ ਦੇ ਨਾਲ ਜਿਸ ਤਰ੍ਹਾਂ ਆਪਣੀਆਂ ਜ਼ਨਾਨੀਆਂ ਲੈ ਜਾਣ ਦੀ ਇਜਾਜ਼ਤ ਹੈ, ਉਹ ਅਸਲ ਵਿਚ ਟਰੈਵਲ ਨਹੀਂ ਕਰਦੇ ਅਤੇ ਇਥੇ ਆ ਕੇ ਝੂਠ ਬੋਲ ਕੇ ਕਲਰਕਾਂ ਨੂੰ ਬਿੱਲ ਬਣਾ ਕੇ ਦਿੰਦੇ ਹਨ। ਇਸ ਲਈ ਮੈਂ ਕਹਾਂਗਾ ਕਿ ਇਹ ਜਿਹੜਾ ਅਕਾਲੀ ਸਰਕਾਰ ਦੇ ਜ਼ਮਾਨੇ ਵਿਚ ਸਾਡੇ ਖਜ਼ਾਨੇ ਤੇ ਇਤਨੇ ਪੈਸੇ ਦਾ ਵਾਧੂ ਬੋਝ ਪਾਇਆ ਗਿਆ ਸੀ, ਇਸ ਨੂੰ ਵਾਪਿਸ ਕਰ ਦੇਣਾ ਚਾਹੀਦਾ ਹੈ। ਮੈਂ ਸਾਰੇ ਐਮ. ਐਲ. ਏਜ਼. ਨੂੰ ਕਹਾਂਗਾ ਕਿ ਅਸੀਂ ਇਥੇ ਸੇਵਾ ਕਰਨ ਵਾਸਤੇ ਆਏ ਹਾਂ ਅਤੇ ਕੋਈ ਪੈਸੇ ਕਮਾਉਣ ਦੇ ਵਾਸਤੇ ਨਹੀਂ ਆਏ। ਜੇ ਅਸੀਂ ਪੈਸਾ ਕਮਾਉਣਾ ਹੋਵੇ ਤਾਂ ਜਿਹੜਾ ਤੀਹ ਚਾਲੀ ਹਜ਼ਾਰ ਰੁਪਿਆ ਇਲੈਕਸ਼ਨ ਤੇ ਲਾ ਕੇ ਜਿੱਤ ਕੇ ਇਥੇ ਆਉਂਦੇ ਹਾਂ, ਉਸ ਦੇ ਨਾਲੋਂ ਤਾਂ ਜੇ ਬਾਹਰ ਦੁਕਾਨ ਪਾ ਲਈ ਜਾਵੇ ਤਾਂ ਕਾਫੀ ਆਮਦਨ ਹੋ ਜਾਵੇਗੀ। ਸੋ ਇਸ ਤਰ੍ਹਾਂ ਦੀ ਕੁਰੱਪਸ਼ਨ ਕਰਨਾ ਅਤੇ ਇਸ ਪੈਸੇ ਨਾਲ ਗੁਲਛਰੇ ਉਡਾਉਣਾ ਇਹ ਠੀਕ ਨਹੀਂ ਹੈ। ਮੈਂ ਅਰਜ਼ ਕਰਾਂਗਾ ਕਿ ਸਾਨੂੰ, ਸਾਡੇ ਸੂਬੇ ਨੂੰ ਇਹੋ ਜਿਹੇ ਮੈਂਬਰਾਂ ਦੀ ਲੋੜ ਹੈ ਜੋ ਦਰਖਤਾਂ ਹੇਠ ਬੈਠਕੇ ਅਸੈਂਬਲੀ ਲਗਾ ਸਕਣ ਅਤੇ ਇਹ ਠੀਕ ਨਹੀਂ ਕਿ ਇਹੋ ਜਿਹੀਆਂ ਏਅਰ ਕੰਡੀਸ਼ੰਡ ਕੋਠੀਆਂ ਵਿਚ ਬੈਠਕੇ ਆਪਣੇ ਦਿਮਾਗ ਦਾ ਇਜ਼ਹਾਰ ਕਰੀਏ। (ਵਿਘਨ)

ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਜਨਰਲ ਐਡਮਨਿਸਟਰੇਸ਼ਨ ਤੇ ਜ਼ਰੂਰ ਕੁਝ ਕਹਾਂਗਾ। ਅਕਾਲੀ ਸਰਕਾਰ ਦੇ ਵੇਲੇ ਜਦ ਇਹ ਬਣੀ ਸੀ ਤਾਂ ਮੈਂ ਸਮਝਦਾ ਸੀ ਕਿ ਇਹ ਸਰਕਾਰ ਹਿੱਲਣ ਵਾਲੀ ਨਹੀਂ ਹੈ ਪਰ ਇਨ੍ਹਾਂ ਦੀ ਸਰਕਾਰ ਦੇ ਕੰਮਾਂ ਨੇ ਇਨ੍ਹਾਂ ਦਾ ਮਹੱਲ ਹਿਲਾ ਦਿੱਤਾ। (ਵਿਘਨ) ਚੇਅਰਮੈਨ ਸਾਹਿਬ, ਮੈਂ ਐਗਜ਼ੈਂਪਲ ਦਿੰਦਾ ਹਾਂ, ਸਾਡੇ ਹੁਸ਼ਿਆਰਪੁਰ ਦੇ ਜ਼ਿਲ੍ਹੇ ਵਿਚ ਇਕ ਹੈਡਮਾਸਟਰ ਦੀ ਬਦਲੀ ਹੋ ਗਈ। ਉਹ ਮੇਰੇ ਕੋਲ ਆਏ। ਉਨ੍ਹਾਂ ਨੇ ਦੱਸਿਆ ਕਿ ਇਰੀਗੇਸ਼ਨ ਮਨਿਸਟਰ ਦੇ ਹਲਕੇ ਦੇ ਇਕ ਬੰਦੇ ਨੇ ਸਾਨੂੰ ਕਿਹਾ ਹੈ ਕਿ ਪੰਜ ਸੌ ਰੁਪਿਆ ਦਿਓ ਤਾਂ ਕੰਮ ਹੋ ਜਾਵੇਗਾ ਪਰ ਉਹ ਗਰੀਬ ਸੀ ਅਤੇ ਦੇ ਨਹੀਂ ਸੀ ਸਕਦਾ। ਫਿਰ ਉਨ੍ਹਾਂ ਨੇ ਮੈਨੂੰ ਕਿਹਾ ਕਿ ਇਹ ਆਪਣੇ ਹਲਕੇ ਦਾ ਐਮ. ਐਲ. ਏ. ਹੈ ਪਤਾ ਨਹੀਂ ਕੁਝ ਕਰ ਸਕਦਾ ਹੋਵੇ। ਖੈਰ ਮੈਂ ਐਜੂਕੇਸ਼ਨ ਮਨਿਸਟਰ ਸਾਹਿਬ ਦੇ ਪਾਸ ਗਿਆ। ਮੈਂ ਉਸ ਐਜੂਕੇਸ਼ਨ ਮਨਿਸਟਰ ਦੀ ਜ਼ਰੂਰ ਤਾਰੀਫ ਕਰਾਂਗਾ। ਮੈਂ ਉਥੇ ਉਨ੍ਹਾਂ ਪਾਸ ਗਿਆ ਤਾਂ ਉਨ੍ਹਾਂ ਨੇ ਝੱਟ ਬਦਲੀ ਰੋਕ ਦਿੱਤੀ। ਸੋ ਇਸ ਕਿਸਮ ਦੀ ਕੁਰੱਪਸ਼ਨ ਹੁੰਦੀ ਰਹੀ ਹੈ। (ਵਿਘਨ) ਮੈਂ ਇਹ ਜ਼ਿੰਮੇਵਾਰੀ ਨਾਲ ਕਹਿੰਦਾ ਹਾਂ ਕਿ ਇਨ੍ਹਾਂ ਕੰਮਾਂ ਦੇ ਕਾਰਨ ਹੀ ਇਹ ਅਕਾਲੀ ਸਰਕਾਰ ਦੋ ਸਾਲਾਂ ਦੇ ਵਿਚ ਹਲਾ ਦਿੱਤੀ ਗਈ। ਮੈਂ ਤਾਂ ਇਨ੍ਹਾਂ ਨੂੰ ਉਦੋਂ ਵੀ ਕਿਹਾ ਕਰਦਾ ਸੀ ਕਿ ਤੁਸੀਂ ਸੇਵਾ ਦੇ ਕੇਂਦਰ ਵਿਚ ਆਏ ਹੋ ਅਤੇ ਤੁਸੀਂ ਪੁਰਾਣੇ ਅਕਾਲੀ ਵੀਰਾਂ ਤੋਂ ਜੋ ਕੁਝ ਸਿਖਿਆ ਹੈ ਉਨ੍ਹਾਂ ਨੂੰ ਭੁੱਲ ਕੇ ਅਤੇ ਜਿਸ ਤਰ੍ਹਾਂ ਸਾਗ ਦੀ ਰੋਟੀ ਖਾ ਕੇ ਗੁਜ਼ਾਰਾ ਕਰਦੇ ਹੁੰਦੇ ਸੀ, ਉਸ ਤਰ੍ਹਾਂ ਕਰੋ ਅਤੇ ਕੁਰਬਾਨੀਆਂ ਕਰੋ ਅਤੇ ਇਨ੍ਹਾਂ ਲੰਜਾਂ ਤੋਂ ਬਾਜ਼ ਆ ਜਾਵੋ। ਮੈਂ ਕਹਿੰਦਾ ਰਿਹਾ ਕਿ ਜੋ ਤੁਸੀਂ ਕੰਮ ਕਰ ਰਹੇ ਹੋ, ਇਹ ਖਰਾਬ ਕਰ ਰਹੇ ਹੋ। ਇਸ ਦਾ ਨਤੀਜਾ ਇਹ ਨਿਕਲਿਆ ਕਿ ਅੱਜ ਜਨਤਾ ਨੇ ਇਨ੍ਹਾਂ ਦੇ ਖਿਲਾਫ ਫਤਵਾ ਦਿੱਤਾ ਹੈ। (ਵਿਘਨ) ਮੈਂ ਆਪਣੀ ਸਰਕਾਰ ਨੂੰ ਕਹਾਂਗਾ ਕਿ ਤੁਸੀਂ ਇਸ ਤਰ੍ਹਾਂ ਨਾ ਕਰਨਾ। ਤੁਸੀਂ ਈਮਾਨਦਾਰੀ ਤੇ ਰਹਿਣਾ। ਸਾਨੂੰ ਐਡਮਨਿਸਟਰੇਸ਼ਨ ਵਿਚ ਈਮਾਨਦਾਰੀ ਲਿਆਉਣੀ ਚਾਹੀਦੀ ਹੈ। ਈਮਾਨਦਾਰ ਦੀ

[ਡਾਕਟਰ ਅਮੀਰ ਸਿੰਘ ਕਲਕਟ]

ਜ਼ਰੂਰ ਕਦਰ ਕਰਨੀ ਚਾਹੀਦੀ ਹੈ । ਇਹ ਨਾ ਹੋਵੇ ਕਿ ਜਿਸ ਤਰ੍ਹਾਂ ਇਥੇ ਆਮ ਰਵਾਇਤ ਹੈ ਕਿ ਜਿਹੜੇ ਝੋਲੀ ਚੁੱਕ ਅਫਸਰ ਹੁੰਦੇ ਹਨ, ਉਹ ਈਮਾਨਦਾਰ ਅਫਸਰਾਂ ਦੇ ਉਤੇ ਤਰੱਕੀ ਪਾ ਜਾਂਦੇ ਹਨ । ਇਸ ਲਈ ਈਮਾਨਦਾਰੀ ਦੀ ਕਦਰ ਕਰਨੀ ਚਾਹੀਦੀ ਹੈ । ਮੈਨੂੰ ਯਾਦ ਹੈ ਕਿ ਕੋਈ ਵੀ ਜਿਹੜੀ ਫਾਰੇਨ ਗੌਰਮਿੰਟ ਹੁੰਦੀ ਹੈ ਉਹ ਕੁਰੱਪਸ਼ਨ ਦੇ ਉੱਤੇ ਬੇਸਡ ਹੁੰਦੀ ਹੈ । ਪਰ ਉਹ ਰਹਿੰਦੀ ਵੀ ਥੋੜ੍ਹਾ ਚਿਰ ਹੀ ਹੈ । ਮੈਂ ਬੇਨਤੀ ਕਰਾਂਗਾ ਕਿ ਸਾਨੂੰ ਆਪਣੀ ਪੁਲਿਟੀਕਲ ਲਾਈਫ ਨੂੰ ਕੁਰੱਪਸ਼ਨ ਦਾ ਜਿਹੜਾ ਕੈਂਸਰ ਹੈ, ਇਸ ਨੂੰ ਪਾਸ ਕਰਨਾ ਚਾਹੀਦਾ ਹੈ ; ਹੀਂ ਤਾਂ ਐਜ਼ ਏ ਅਜ਼ਾਦ ਨੇਸ਼ਨ ਅਸੀਂ ਬਹੁਤੀ ਦੇਰ ਜੀ ਨਹੀਂ ਸਕਾਂਗੇ । ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਲੀਡਰ ਆਫ ਦੀ ਹਾਊਸ ਨੂੰ ਅਤੇ ਮਨਿਸਟਰੀ ਨੂੰ ਕਹਾਂਗਾ ਕਿ ਇਹ ਜਿਹੜੀ ਪਰਾਈਸ ਲਾਈਨ ਹੈ ਇਸ ਨੂੰ ਇਕ ਥਾਂ ਤੇ ਲਿਆਈਏ, ਇਸ ਨੂੰ ਸਟੇਬਲ ਕਰੀਏ ਇਸ ਦੇ ਵਿਚ ਹੀ ਸਾਡੀ ਕਾਮਯਾਬੀ ਹੋਵੇਗੀ ਤਾਂ ਹੀ ਅਸੀਂ ਇਸ ਸਟੇਟ ਨੂੰ ਚੰਗੀ ਐਡਮਨਿਸਟਰੇਸ਼ਨ ਦੇ ਸਕਾਂਗੇ । ਜਿਹੜੇ ਰੋਜ਼ ਇੰਪਲਾਈਜ਼ ਦੇ ਝਗੜੇ ਹੁੰਦੇ ਹਨ, ਉਹ ਹਟ ਜਾਣਗੇ । ਸਾਨੂੰ ਆਪਣੀ ਐਨਰਜੀ ਪਰਾਈਸ ਲਾਈਨ ਨੂੰ ਕੰਟਰੋਲ ਕਰਨ ਦੇ ਵਾਸਤੇ ਲਾਉਣੀ ਚਾਹੀਦੀ ਹੈ । ਇਹ ਸਟੇਟ ਨੂੰ ਬੜੀ ਬੁਰੀ ਤਰ੍ਹਾਂ ਇਫੈਕਟ ਕਰਦੀ ਹੈ । (ਵਿਘਨ) ਜਿਹੜੇ ਅਕਾਲੀ ਕਹਿੰਦੇ ਹਨ ਕਿ ਜੇ ਖੰਡ ਦੀ ਕੀਮਤ 3 ਰੁਪਏ ਕਿੱਲੋ ਨਾਂ ਹੁੰਦੀ ਤਾਂ ਇਹ ਜਿਹੜੇ ਮੈਂਬਰ ਜਿੱਤ ਕੇ ਆਏ ਹਨ, ਇਹ ਵੀ ਨਾ ਆਉਂਦੇ । (ਵਿਘਨ) ਸੋ ਇਹ ਚੀਜ਼ ਜਨਤਾ ਨੂੰ ਬੜਾ ਅਫੈਕਟ ਕਰਦੀ ਹੈ । ਇਸ ਲਈ ਮੈਂ ਕਹਾਂਗਾ ਕਿ ਪਰਾਈਸ ਲਾਈਨ ਨੂੰ ਹੋਲਡ ਕਰਨਾ ਚਾਹੀਦਾ ਹੈ ।

ਚੇਅਰਮੈਨ ਸਾਹਿਬ, ਇਸ ਤੋਂ ਅੱਗੇ ਮੈਂ ਪੁਲਿਸ ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ । ਪੁਲਿਸ ਦੇ ਆਈ. ਜੀ. ਬੜੇ ਚੰਗੇ ਹਨ । ਪਰ ਮੈਂ ਉਨ੍ਹਾਂ ਨੂੰ ਚਿਤਾਵਨੀ ਦਿਆਂਗਾ ਕਿ ਕੁਰੱਪਸ਼ਨ ਹਾਲਾਂ ਵੀ ਪੁਲਿਸ ਡੀਪਾਰਟਮੈਂਟ ਵਿਚੋਂ ਹਟੀ ਨਹੀਂ । ਅਕਾਲੀ ਵਜ਼ਾਰਤ ਵੇਲੇ ਪੰਜ ਤੋਂ ਦਸ ਹਜ਼ਾਰ ਰੁਪਿਆ ਲੈ ਕੇ ਥਾਣੇਦਾਰ ਨੂੰ ਬਦਲਿਆ ਜਾਂਦਾ ਸੀ । (ਵਿਘਨ) ਹੁਣ ਇਕ ਤਕੜੀ ਸਰਕਾਰ ਆਈ ਹੈ ਕਾਂਗਰਸ ਦੀ ਸਰਕਾਰ । ਇਹ ਕਾਂਗਰਸ ਦੇ ਵਰਕਰਾਂ ਦੀ ਸਰਕਾਰ ਹੈ । ਇਹ ਸਰਦਾਰ ਗੁਰਮੇਲ ਸਿੰਘ ਜਿਹੇ ਸਿਆਣਿਆਂ ਆਦਮੀਆਂ ਅਤੇ ਈਮਾਨਦਾਰ ਆਦਮੀਆਂ ਦੀ ਸਰਕਾਰ ਹੈ, ਜਿਹੜੇ ਕਿ ਕੁਰੱਪਸ਼ਨ ਨਹੀਂ ਹੋਣ ਦੇਣਗੇ ।

ਇਸ ਤੋਂ ਅੱਗੇ ਚੇਅਰਮੈਨ ਸਾਹਿਬ, ਮੈਂ ਐਜੂਕੇਸ਼ਨ ਦੀ ਬਾਬਤ ਕੁਝ ਕਹਿਣਾ ਚਾਹੁੰਦਾ ਹਾਂ । ਸਾਡੇ ਫਾਈਨੈਂਸ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਪੰਜ ਹਜ਼ਾਰ ਪ੍ਰਾਇਮਰੀ ਸਕੂਲ ਖੋਲ੍ਹੇ ਜਾ ਰਹੇ ਹਨ । ਮੈਂ ਕਹਾਂਗਾ ਕਿ ਐਜੂਕੇਸ਼ਨ ਬੜੀ ਜ਼ਰੂਰੀ ਹੈ । ਉਥੇ ਸਕੂਲਾਂ ਵਿਚ ਟੀਚਰ ਕੰਮ ਨਹੀਂ ਕਰਦੇ । (ਵਿਘਨ)

Mr. Chairman : Two minutes more please.

ਡਾਕਟਰ ਅਮੀਰ ਸਿੰਘ ਕਲਕਟ : ਚੇਅਰਮੈਨ ਸਾਹਿਬ, ਪੰਜ ਮਿੰਟ ਹੋਰ ਦੇ ਦਿਉ । ਸਾਨੂੰ ਪ੍ਰਾਇਮਰੀ ਐਜੂਕੇਸ਼ਨ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ । ਕਿਉਂਕਿ ਅਸੀਂ ਜਿਹੜੀ ਫਿਊਚਰ ਜੇਨਰੇਸ਼ਨ ਬਣਾਉਣੀ ਹੈ, ਫਿਊਚਰ ਨੇਸ਼ਨ ਬਣਾਉਣੀ ਹੈ, ਉਹ ਇਸ ਦੇ ਉੱਤੇ ਹੀ ਨਿਰਭਰ ਕਰਦੀ ਹੈ ।

ਇਸ ਲਈ ਪ੍ਰਾਇਮਰੀ ਐਜੂਕੇਸ਼ਨ ਤੇ ਜ਼ਿਆਦਾ ਤੋਂ ਜ਼ਿਆਦਾ ਖਰਚ ਕਰਨਾ ਚਾਹੀਦਾ ਹੈ। ਪ੍ਰਾਇਮਰੀ ਐਜੂਕੇਸ਼ਨ ਦੇ ਜਿਹੜੇ ਟੀਚਰ ਹਨ, ਉਹ ਬੜੇ ਹਾਈਲੀ ਕੁਆਲੀਫਾਈਡ ਹੋਣੇ ਚਾਹੀਦੇ ਹਨ। ਉਨ੍ਹਾਂ ਦੀਆਂ ਤਨਖਾਹਾਂ ਜ਼ਿਆਦਾ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਵਾਸਤੇ ਹਾਊਸਿੰਗ ਕਾਲੋਨੀਜ਼ ਆਦਿ ਦਾ ਪ੍ਰਬੰਧ ਹੋਣਾ ਚਾਹੀਦਾ ਹੈ।

ਹੁਣ ਮੈਂ ਮੈਡੀਕਲ ਦੇ ਬਾਰੇ ਕੁਝ ਕਹਿੰਦਾ ਹਾਂ। ਜਿਥੇ ਅਸੀਂ ਪਿੰਡਾਂ ਨੂੰ ਮਾਡਲ ਬਣਾ ਰਹੇ ਹਾਂ, ਜਿਥੇ ਹਰ ਪਿੰਡ ਨੂੰ ਸੜਕ ਜਾਵੇਗੀ ਉਥੇ ਸਾਡੇ ਜਿਹੜੇ ਡਾਇਰੈਕਟਰ, ਹੈਲਥ ਸਰਵਿਸਿਜ਼ ਹਨ, ਉਨ੍ਹਾਂ ਨੇ ਇਕ ਪਲਾਨ ਲਿਆਂਦੀ ਹੈ ਕਿ ਮੈਡੀਕਲ ਸਰਵਿਸ ਨੂੰ ਪਿੰਡਾਂ ਵਿਚ ਲੈ ਜਾਣਾ ਹੈ। ਮੈਂ ਕਹਾਂਗਾ ਕਿ ਇਹ ਮੈਡੀਕਲ ਸਰਵਿਸ ਜ਼ਰੂਰ ਪਿੰਡਾਂ ਵਾਲਿਆਂ ਨੂੰ ਦੇਣੀ ਚਾਹੀਦੀ ਹੈ। ਹਸਪਤਾਲਾਂ ਨੂੰ ਡੀਸੈਂਟਰੇਲਾਈਜ਼ ਕਰਕੇ ਪਿੰਡਾਂ ਵਿਚ ਲੈ ਜਾ ਕੇ ਪਿੰਡਾਂ ਨੂੰ ਮੈਡੀਕਲ ਏਡ ਦੇਣੀ ਚਾਹੀਦੀ ਹੈ। ਤੁਰਦੀਆਂ ਫਿਰਦੀਆਂ ਡਿਸਪੈਂਸਰੀਆਂ ਬਣਾਉਣੀਆਂ ਚਾਹੀਦੀਆਂ ਹਨ। ਇਸ ਪਾਸੇ ਜ਼ਿਆਦਾ ਤੋਂ ਜ਼ਿਆਦਾ ਖਰਚ ਕਰਨਾ ਚਾਹੀਦਾ ਹੈ।

ਹੁਣ ਮੈਂ ਮਿਊਂਸਪਲ ਕਮੇਟੀਜ਼ ਦੀ ਬਾਬਤ ਕੁਝ ਕਹਿਣਾ ਚਾਹੁੰਦਾ ਹਾਂ। ਸਰਕਾਰ ਦਾ ਵਾਅਦਾ ਸੀ ਕਿ ਇਹ ਜਿਹੜਾ ਹਾਊਸ ਟੈਕਸ ਮਿਊਂਸਪਲ ਕਮੇਟੀਜ਼ ਦਾ ਹੈ, ਇਹ ਹਟਾਵਾਂਗੇ। ਮੈਂ ਕਹਿੰਦਾ ਹਾਂ ਕਿ ਇਹ ਹਟਾ ਦੇਣਾ ਚਾਹੀਦਾ ਹੈ। (ਵਿਘਨ) ਮਿਊਂਸਪਲ ਕਮੇਟੀਜ਼ ਗੰਦੀ ਤਰ੍ਹਾਂ ਚਲ ਰਹੀਆਂ ਹਨ। ਮੈਂ ਟਾਂਡਾ ਮਿਊਂਸਪੈਲਿਟੀ ਦਾ ਪ੍ਰਧਾਨ ਹਾਂ। ਉਥੋਂ ਹਾਊਸ ਟੈਕਸ ਹਟਾਉਣ ਲਈ ਮੈਂ ਕਹਾਂਗਾ ਕਿ ਇਹ ਹਟਾ ਦੇਣਾ ਚਾਹੀਦਾ ਹੈ।

ਹੁਣ ਮੈਂ ਆਪਣੇ ਹਲਕੇ ਦੀ ਬਾਬਤ ਵੀ ਕੁਝ ਅਰਜ਼ ਕਰਨੀ ਚਾਹੁੰਦਾ ਹਾਂ। ਜਿਸ ਤਰ੍ਹਾਂ ਕੈਨੇਡੀਅਨ ਸਾਹਿਬ ਨੇ ਕਿਹਾ ਹੈ ਕਿ ਉਹ ਕੰਡੀ ਦਾ ਏਰੀਆ ਹੈ। ਚੇਅਰਮੈਨ ਸਾਹਿਬ, ਇਸ ਬਾਰੇ ਮੈਂ ਕੱਲ ਹਾਊਸ ਵਿਚੋਂ ਵਾਕ ਆਊਟ ਵੀ ਕੀਤਾ ਸੀ। (ਵਿਘਨ) ਜੇ ਕਿਤੇ ਤੁਹਾਨੂੰ ਇਹ ਏਰੀਆ ਦੇਖਣ ਦਾ ਮੌਕਾ ਮਿਲੇ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਉਥੇ ਹਾਲਾਂ ਵੀ 25 ਸਾਲਾਂ ਦੀ ਆਜ਼ਾਦੀ ਨਹੀਂ ਗਈ। ਉਥੇ ਨਾ ਕੋਈ ਸੜਕ ਹੈ, ਨਾ ਕੋਈ ਸਕੂਲ ਹੈ ਅਤੇ ਨਾ ਹੀ ਕੋਈ ਹਸਪਤਾਲ ਹੈ। (ਘੰਟੀ) ਉਥੇ ਇਨਸਾਨ ਦੀ ਹਾਲਤ ਬਹੁਤ ਬੁਰੀ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਸ ਸਰਕਾਰ ਨੂੰ ਇਸ ਕੰਡੀ ਦੇ ਏਰੀਆ ਦੀ ਡੀਵੈਲਪਮੈਂਟ ਲਈ ਟਾਪ ਪਰਾਇਰਟੀ ਦੇਣੀ ਚਾਹੀਦੀ ਹੈ। ਬਿਜਲੀ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ। ਉਥੇ ਫਲੈਟ ਰੇਟ ਜਿਹੜਾ ਜਾਗੀਰਦਾਰਾਂ ਦੀ ਸਰਕਾਰ ਨੇ ਆਪਣਿਆਂ ਆਦਮੀਆਂ ਨੂੰ ਰਜਾਉਣ ਵਾਸਤੇ ਲਾਇਆ ਸੀ, ਇਹ ਫਲੈਟ ਰੇਟ ਹਟਾ ਦੇਣਾ ਚਾਹੀਦਾ ਹੈ। (ਵਿਘਨ) ਜ਼ਿਹੜੇ ਵੱਡੇ ਵੱਡੇ ਜਾਗੀਰਦਾਰ ਹਨ, ਉਹ ਇੰਪਲਾਈਜ਼ ਨਾਲ ਮਿਲਕੇ ਬਿਜਲੀ ਦਾ ਕੋਈ ਖਰਚ ਨਹੀਂ ਦਿੰਦੇ, ਹੀਟਰ ਦਾ ਖਰਚ ਨਹੀਂ ਦਿੰਦੇ। ਚੇਅਰਮੈਨ ਸਾਹਿਬ, ਜੇ ਕਿਤੇ ਤੁਹਾਨੂੰ ਹਵਾਈ ਜਹਾਜ਼ ਰਾਹੀਂ ਰਾਤ ਨੂੰ ਸਫਰ ਕਰਨ ਦਾ ਮੌਕਾ ਮਿਲੇ ਤਾਂ ਤੁਸੀਂ ਰਾਤ ਵੇਲੇ ਦੇਖੋਗੇ ਕਿ ਇਸ ਤਰ੍ਹਾਂ ਪਰਤੀਤ ਹੋਵੇਗਾ ਜਿਸ ਤਰ੍ਹਾਂ ਪੰਜਾਬ ਵਿਚ ਦੀਵਾਲੀ ਮਨਾਈ ਜਾ ਰਹੀ ਹੋਵੇ। ਮਤਲਬ ਕਿ ਢਾਈ ਸੌ ਤੋਂ ਲੈ ਕੇ ਪੰਜ ਸੌ ਵਾਟ ਦੇ ਬਲਬ ਲਗੇ ਹੁੰਦੇ ਹਨ। ਇਹ ਦਿਨ ਵੇਲੇ ਵੀ ਜਗਦੇ ਰਹਿੰਦੇ ਹਨ ਜਦ ਕਿ ਪਹਿਲੇ ਦਿਨ ਨੂੰ ਬਿਜਲੀ ਜਗਾਉਣਾ ਜਾਂ ਚਾਨਣ ਕਰਨਾ ਠੀਕ ਨਹੀਂ ਸੀ ਸਮਝਿਆ ਜਾਂਦਾ। (ਘੰਟੀ) ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ।

ਤੇ ਚੇਅਰਮੈਨ ਸਾਹਿਬ, ਮੈਂ ਬਿਜਲੀ ਮੰਤਰੀ ਸਾਹਿਬ, ਨੂੰ ਇਹ ਕਹਾਂਗਾ ਕਿ ਉਹ ਇਸ ਵਲ ਧਿਆਨ ਦੇਣ।

[ਡਾਕਟਰ ਅਮੀਰ ਸਿੰਘ ਕਲਕਟ]

ਆਖਿਰ ਵਿਚ ਮੈਂ, ਚੇਅਰਮੈਨ ਸਾਹਿਬ, ਆਪ ਦਾ ਬੜਾ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ ਔਰ ਆਪਣੀ ਇਸ ਸਰਕਾਰ ਨੂੰ ਵਧਾਈ ਦਿੰਦਾ ਹਾਂ ਔਰ ਉਮੀਦ ਕਰਦਾ ਹਾਂ ਕਿ ਉਥੇ ਚੰਗੇ ਚੰਗੇ ਕੰਮ ਕਰਦੀ ਰਹੇਗੀ ਔਰ ਇਸੇ ਤਰ੍ਹਾਂ ਮੁਬਾਰਕਬਾਦਾਂ ਲੈਂਦੀ ਰਹੇਗੀ । ਆਪ ਦਾ ਸ਼ੁਕਰੀਆ ।

ਸਰਦਾਰ ਧੰਨਾ ਸਿੰਘ ਗੁਲਸ਼ਨ : (ਨਥਾਣਾ, ਐਸ. ਸੀ.) ਚੇਅਰਮੈਨ ਸਾਹਿਬ, ਇਸ ਵੇਲੇ ਜੋ ਅਸੀਂ ਐਪਰੋਪ੍ਰੀਏਸ਼ਨ ਬਿਲ ਤੇ ਬਹਿਸ ਕਰ ਰਹੇ ਹਾਂ... ... ...

ਸ਼੍ਰੀ ਸਭਾਪਤੀ : ਗੁਲਸ਼ਨ ਜੀ, ਤੁਸੀਂ 20 ਮਿੰਟ ਬੋਲ ਸਕਦੇ ਹੋ । (ਵਿਘਨ) (Gulshan jee, you can speak for twenty minutes only.) (Interruption)

ਸਰਦਾਰ ਧੰਨਾ ਸਿੰਘ ਗੁਲਸ਼ਨ : ਬਹੁਤ ਅੱਛਾ ਜੀ । ਤੇ ਚੇਅਰਮੈਨ ਸਾਹਿਬ, ਪੰਜਾਬ ਸਰਕਾਰ ਨੂੰ ਅਸੀਂ 2 ਅਰਬ 72 ਕਰੋੜ 73 ਲੱਖ 67 ਹਜ਼ਾਰ 750 ਰੁਪਏ ਖਰਚ ਕਰਨ ਲਈ ਦੇਣੇ ਹਨ । ਇਹ ਬਿਲ ਘਾਟੇ ਦਾ ਹੈ ਅਤੇ ਇਸ ਦੇ ਵਿਚ 14 ਕਰੋੜ 69 ਲੱਖ ਰੁਪਏ ਦਾ ਘਾਟਾ ਦਿਖਾਇਆ ਗਿਆ ਹੈ । ਵਜ਼ੀਰ ਖ਼ਜ਼ਾਨਾ ਦੇ ਆਪਣੇ ਸ਼ਬਦਾਂ ਦੇ ਮੁਤਾਬਿਕ ਜੇ ਇਸ ਬਿਲ ਨੂੰ ਬੁਢੇ ਲਾੜੇ ਦੇ ਸੰਪਰਕ ਤੇ ਸੱਜ ਵਿਆਹੀ ਮੁਟਿਆਰ ਰੂਪੀ ਵਜ਼ਾਰਤ ਤੋਂ ਇਕ ਲੰਗੜਾ ਬੱਚਾ ਜੰਮਿਆ ਕਹੀਏ ਤਾਂ ਇਹ ਠੀਕ ਹੀ ਹੋਵੇਗਾ । ਕਿਉਂਕਿ ਇਸ ਬਿਲ ਦੀਆਂ ਉਹ ਮੱਦਾਂ ਜਿਹੜੀਆਂ ਪਹਿਲੀ ਪਿਛਲੀ ਸਰਕਾਰ ਨੇ ਬਣਾ ਕੇ ਰਖੀਆਂ ਸਨ ਉਹੀ ਚੁਕ ਕੇ ਸਾਰੀਆਂ ਦੀਆਂ ਸਾਰੀਆਂ ਲੈ ਆਂਦੀਆਂ ਹਨ ਔਰ ਇਸ ਦੇ ਵਿਚ ਕੋਈ ਵਾਧੇ ਦੀ ਗੱਲ ਨਹੀਂ ਕੀਤੀ ਗਈ । ਚੇਅਰਮੈਨ ਸਾਹਿਬ, ਸਰਕਾਰ ਨੇ ਘਾਟਾ ਦਿਖਾਇਆ ਹੈ ਔਰ ਨਾਲ ਲਗਦੇ ਟੈਕਸ ਬਾਰੇ ਇਹ ਗੱਲ ਕਹੀ ਹੈ ਕਿ ਹੋਰ ਟੈਕਸ ਨਹੀਂ ਲਗਣਾ ਤਾਂ ਮੈਂ ਸਮਝਦਾ ਹਾਂ ਕਿ ਇਹ ਵੀ ਇਕ ਜਨਤਾ ਨਾਲ ਧੋਖਾ ਕੀਤਾ ਜਾ ਰਿਹਾ ਹੈ ਕਿਉਂਕਿ ਜੋ ਰੀਜ਼ਨ ਇਨ੍ਹਾਂ ਨੇ ਦਿੱਤੇ ਹਨ ਉਹ ਆਪ ਦੇ ਸਾਹਮਣੇ ਹੀ ਹਨ । (ਵਿਘਨ) ਚੇਅਰਮੈਨ ਸਾਹਿਬ, ਕਿਹਾ ਗਿਆ ਹੈ ਕਿ ਜਿਹੜੇ ਉਜੜੇ ਭਰਾ ਹਨ, ਉਜੜਿਆਂ ਦੀ ਗਿਣਤੀ ਵੀ 3 ਲੱਖ 56 ਹਜ਼ਾਰ ਸਰਕਾਰੀ ਅੰਕੜਿਆਂ ਦੇ ਮੁਤਾਬਕ ਦੱਸੀ ਗਈ ਔਰ ਇਹ ਵੀ ਦੱਸਿਆ ਗਿਆ ਹੈ ਕਿ 117 ਸ਼ਹਿਰੀ ਮਰੇ ਹਨ, ਉਜੜੇ ਭਰਾਵਾਂ ਨੂੰ ਵਸਾਇਆ ਜਾਵੇਗਾ । ਇਹ ਜਿਹੜੇ ਲੋਕ ਉਜੜੇ ਹਨ ਉਨ੍ਹਾਂ ਨੂੰ ਵਸਾਉਣ ਵਾਸਤੇ ਤਾਂ ਸਰਕਾਰ ਨੇ ਪਹਿਲਾਂ ਹੀ ਪੈਸੇ ਇਕੱਠੇ ਕਰ ਲਏ ਸਨ । (ਵਿਘਨ) ਚੇਅਰਮੈਨ ਸਾਹਿਬ, ਤੁਹਾਨੂੰ ਪਤਾ ਹੋਵੇਗਾ ਕਿ ਬੰਗਲਾ ਦੇਸ਼ ਦੇ ਫੰਡ ਲਈ ਅਜੇ ਵੀ ਟੈਕਸ ਟਿਕਟਾਂ ਤੇ, ਲਫਾਫਿਆਂ ਤੇ, ਮੋਟਰਾਂ ਗੱਡੀਆਂ ਤੇ ਰੇਲਾਂ ਤੇ ਸਫ਼ਰ ਕਰਨ ਵਾਲਿਆਂ ਨੂੰ ਦੇਣਾ ਪੈਂਦਾ ਹੈ । ਚੇਅਰਮੈਨ ਸਾਹਿਬ, ਇਹ ਫੰਡ ਲੋਕਾਂ ਤੋਂ ਪਹਿਲਾਂ ਵੀ ਇਕੱਠਾ ਕੀਤਾ ਗਿਆ ਤੇ ਹੁਣ ਵੀ ਕੀਤਾ ਜਾ ਰਿਹਾ ਹੈ ਜਦੋਂ ਕਿ ਬੰਗਲਾ ਦੇਸ਼ ਦੇ ਸ਼ਰਨਾਰਥੀ ਸਾਰੇ ਦੇ ਸਾਰੇ ਆਪਣੇ ਦੇਸ਼ ਚਲੇ ਗਏ ਹਨ ਔਰ ਸਰਕਾਰ ਉਥੇ ਦੀ ਕਾਇਮ ਹੋ ਗਈ ਹੈ । ਬੈਂਕਾਂ ਤੇ ਉਨ੍ਹਾਂ ਦਾ ਆਪਣਾ ਕਬਜ਼ਾ ਹੋ ਗਿਆ ਹੈ । ਹਿੰਦੁਸਤਾਨ ਦੀ ਪਰੈਸ ਵਿਚੋਂ ਉਹ ਨੋਟ ਛਪਵਾ ਕੇ ਆਪਣੇ ਦੇਸ਼ ਲੈ ਗਏ ਹਨ ਔਰ ਸਾਰਾ ਕਾਰੋਬਾਰ ਬੰਗਲਾ ਦੇਸ਼ ਨੇ ਆਪਣਾ ਸੰਭਾਲ ਲਿਆ ਹੈ ਲੇਕਿਨ ਟੈਕਸ ਜਿਹੜਾ ਹੈ ਉਹ ਉਨ੍ਹਾਂ ਲੋਕਾਂ ਤੋਂ ਵੀ ਜੋ 3 ਲੱਖ 56 ਹਜ਼ਾਰ ਉਜੜ ਕੇ ਬੈਠੇ ਹਨ ਜਿਨ੍ਹਾਂ ਕੋਲ ਰਹਿਣ ਲਈ ਕੁੱਲੀ ਨਹੀਂ, ਖਾਣ ਲਈ ਗੁੱਲੀ ਨਹੀਂ ਔਰ ਪਾਉਣ ਲਈ ਜੁੱਲੀ ਨਹੀਂ, ਵਸੂਲ ਕੀਤਾ ਜਾ ਰਿਹਾ ਹੈ । (ਵਿਘਨ)

ਚੇਅਰਮੈਨ ਸਾਹਿਬ, ਪੰਜਾਬ ਦੇ ਲੋਕਾਂ ਨਾਲ ਹਿੰਦ ਦੀ ਸਰਕਾਰ ਨੇ ਸਦਾ ਹੀ ਵਿਤਕਰਾ ਕੀਤਾ ਹੈ। ਤੁਹਾਨੂੰ ਪਤਾ ਹੀ ਹੈ ਕਿ ਪੰਜਾਬ ਹਰ ਜੰਗ ਵਿਚ ਸਭ ਤੋਂ ਜ਼ਿਆਦਾ ਮਾਰ ਖਾਂਦਾ ਹੈ, ਪੰਜਾਬ ਦਾ ਕਿਸਾਨ ਉਜੜਦਾ ਹੈ, ਪੰਜਾਬ ਦਾ ਛੋਟਾ ਦੁਕਾਨਦਾਰ ਉਜੜਦਾ ਹੈ, ਪੰਜਾਬ ਦਾ ਗਰੀਬ ਹਰੀਜਨ ਉਜੜਦਾ ਹੈ। ਲੇਕਿਨ ਇਹ ਸਰਕਾਰ ਉਨ੍ਹਾਂ ਵੱਲ ਕੋਈ ਧਿਆਨ ਨਹੀਂ ਦਿੰਦੀ ਅਤੇ ਵਿਤਕਰੇ ਭਰਿਆ ਸਲੂਕ ਕਰਦੀ ਹੈ। ਚੇਅਰਮੈਨ ਸਾਹਿਬ, ਤੁਹਾਨੂੰ ਪਤਾ ਹੋਵੇਗਾ ਕਿ ਪੰਜਾਬ ਦੇ ਵਿਚ ਟਰੱਕਾਂ ਵਾਲਿਆਂ ਨੇ ਪਿਛਲੀ ਲੜਾਈ ਵਿਚ ਵੀ ਤੇ ਹੁਣ ਦੀ ਲੜਾਈ ਵਿਚ ਵੀ ਆਪਣੀਆਂ ਜਾਨਾਂ ਹੀਲ ਦਿੱਤੀਆਂ। ਪੰਜਾਬ ਦੇ ਟਰਾਂਸਪੋਰਟ ਦੇ ਮਾਲਕਾਂ ਨੇ ਇਸ ਲੜਾਈ ਵਿਚ ਆਪਣਾ ਵੱਧ ਤੋਂ ਵੱਧ ਹਿੱਸਾ ਪਾਇਆ। ਪੰਜਾਬ ਤੋਂ ਬਾਹਰ ਦੇ ਜੋ ਟਰੱਕ ਲਏ ਸਨ, ਸਾਰੇ ਹਿੰਦੁਸਤਾਨ ਕੋਲ ਇਸ ਕੰਮ ਲਈ 13,000 ਤੋਂ ਵੱਧ ਟਰੱਕ ਨਹੀਂ ਸਨ ਲੇਕਿਨ ਇਕੱਲੇ ਪੰਜਾਬ ਨੇ 3,500 ਟਰੱਕ ਦਿੱਤੇ ਹਨ ਲੇਕਿਨ ਪੰਜਾਬ ਦੇ ਟਰੱਕਾਂ ਵਾਲਿਆਂ ਨਾਲ ਵਿਤਕਰਾ ਕੀਤਾ ਗਿਆ। ਇਹ ਵਿਤਕਰਾ ਕਿਸ ਤਰ੍ਹਾਂ ਕੀਤਾ ਗਿਆ? ਚੇਅਰਮੈਨ ਸਾਹਿਬ, ਜਿਹੜੇ ਟਰੱਕ ਬਾਹਰੋਂ ਆਏ ਉਨ੍ਹਾਂ ਨੂੰ 125/- ਰੁਪਏ ਰੋਜ਼ਾਨਾ ਮਿਲਦੇ ਸਨ ਲੇਕਿਨ ਪੰਜਾਬ ਦੇ ਟਰੱਕ ਮਾਲਕਾਂ ਨੂੰ ਕੇਵਲ 75/- ਰੁਪਏ ਰੋਜ਼ਾਨਾ ਦਿੱਤੇ ਗਏ। ਉਹ ਲੋਕ ਵਿਚਾਰੇ ਸ਼ਹੀਦ ਵੀ ਹੋਏ, ਜ਼ਖਮੀ ਵੀ ਹੋਏ। ਇਸ ਲਈ ਮੈਂ ਸਮਝਦਾ ਹਾਂ ਕਿ ਕੇਂਦਰ ਦੀ ਸਰਕਾਰ ਭਾਵੇਂ ਪੰਜਾਬ ਨੂੰ ਦੇਸ਼ ਦੀ ਖੜਗਭੁਜਾ ਕਹਿੰਦੀ ਹੈ ਲੇਕਿਨ ਇਸ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਦੀ ਹੈ। (ਵਿਘਨ)

ਚੇਅਰਮੈਨ ਸਾਹਿਬ, ਇਹ ਜਿਹੜਾ ਕਿਹਾ ਗਿਆ ਹੈ ਕਿ 14 ਕਰੋੜ ਰੁਪਏ ਦਾ ਘਾਟਾ ਪਿਆ ਹੈ ਔਰ ਇਹ ਇਸ ਕਰਕੇ ਪਿਆ ਹੈ ਕਿ ਇਹ ਰੁਪਿਆ ਉਨ੍ਹਾਂ ਲੋਕਾਂ ਨੂੰ ਦੇਣਾ ਪੈ ਗਿਆ ਜਿਹੜੇ ਲੋਕ ਉਜੜ ਗਏ ਸਨ ਔਰ ਉਨ੍ਹਾਂ ਨੂੰ ਵਸਾਉਣ ਵਾਸਤੇ ਇਹ ਰੁਪਿਆ ਖਰਚ ਹੋ ਗਿਆ। (ਵਿਘਨ) ਪਰ ਮੈਂ ਕਹਿੰਦਾ ਹਾਂ ਕਿ ਕਿਸੇ ਉਜੜੇ ਬੰਦੇ ਨੂੰ ਵਸਾਉਣ ਦੀ ਕੋਸ਼ਿਸ਼ ਨਹੀਂ ਕੀਤੀ ਗਈ। (ਵਿਘਨ) ਚੇਅਰਮੈਨ ਸਾਹਿਬ, ਜੇ ਮੈਂ ਇਹ ਕਹਾਂ ਕਿ ਇਹ ਸਾਰੇ ਦਾ ਸਾਰਾ ਫੰਡ ਜੋ ਇਕੱਠਾ ਕੀਤਾ ਗਿਆ ਹੈ ਉਹ ਕਾਂਗਰਸ ਨੂੰ ਇਲੈਕਸ਼ਨਾਂ ਵਿਚ ਜਿਤਾਉਣ ਲਈ ਖਰਚ ਕੀਤਾ ਗਿਆ ਤਾਂ ਇਹ ਕੋਈ ਗਲਤ ਗੱਲ ਨਹੀਂ ਹੋਵੇਗੀ। (ਵਿਘਨ)

ਚੇਅਰਮੈਨ ਸਾਹਿਬ, ਕੁਝ ਇਹ ਕਿਹਾ ਗਿਆ ਹੈ ਕਿ ਪੰਜਾਬ ਵਿਚ ਕਾਰਖਾਨੇਦਾਰੀ ਘੱਟ ਹੈ। ਬਿਜ਼ਨੇਸ ਮੈਨ ਜਿਹੜਾ ਹੁੰਦਾ ਹੈ, ਉਹ ਬੜਾ ਸਿਆਣਾ ਹੁੰਦਾ ਹੈ। ਜੇ ਆਏ ਸਾਲ ਨਹੀਂ ਤਾਂ ਤੀਜੇ ਸਾਲ ਨਹੀਂ ਤਾਂ ਤੀਜੇ ਸਾਲ ਪੰਜਾਬ ਦੇ ਉੱਤੇ ਜੰਗ ਠੋਸੀ ਜਾਂਦੀ ਹੈ। ਜਦੋਂ ਵੀ ਕੋਈ ਲੜਾਈ ਹੁੰਦੀ ਹੈ ਤਾਂ ਪੰਜਾਬ ਨੂੰ ਕੁਰਬਾਨੀ ਕਰਨੀ ਪੈਂਦੀ ਹੈ ਔਰ ਸਾਰੀ ਜੰਗ ਉਸੇ ਤੇ ਹੀ ਠੋਸੀ ਜਾਂਦੀ ਹੈ। ਲੇਕਿਨ ਸਹੂਲਤਾਂ ਲੈਣ ਵੇਲੇ ਹੋਰ ਸਟੇਟਾਂ ਸਹੂਲਤਾਂ ਲੈ ਜਾਂਦੀਆਂ ਹਨ। ਬਿਜ਼ਨੇਸ ਮੈਨ ਜਿਹੜਾ ਹੈ ਉਹ ਪੰਜਾਬ ਵਿਚ ਇਸ ਕਰਕੇ ਕਾਰਖਾਨੇ ਵਗੈਰਾ ਲਾਉਣ ਨੂੰ ਤਿਆਰ ਨਹੀਂ ਕਿਉਂਕਿ ਉਹ ਸੋਚਦਾ ਹੈ ਕਿ ਹਿੰਦੁਸਤਾਨ ਦੀ ਸਰਕਾਰ ਪੰਜਾਬ ਦੇ ਨਾਲ ਵਿਤਕਰਾ ਕਰਦੀ ਹੈ ਔਰ ਜੇ ਕੋਈ ਨੁਕਸਾਨ ਹੁੰਦਾ ਹੈ ਉਸ ਵੱਲ ਕੋਈ ਧਿਆਨ ਨਹੀਂ ਦਿੰਦੀ। ਔਰ ਜੋ ਸਹੂਲਤਾਂ ਦੇਣੀਆਂ ਹੁੰਦੀਆਂ ਹਨ ਉਹ ਪੰਜਾਬ ਨੂੰ ਨਹੀਂ ਬਲਕਿ ਦੂਸਰੇ ਸੂਬੇ ਜਿਸ ਤਰ੍ਹਾਂ ਮੱਧ ਪ੍ਰਦੇਸ਼ ਆਦਿ ਨੂੰ ਦਿੱਤੀ ਹੈ। ਸੋ ਇਸ ਤਰ੍ਹਾਂ ਚੇਅਰਮੈਨ ਸਾਹਿਬ, ਪੰਜਾਬ ਵਿਚ ਕਾਰਖਾਨੇਦਾਰੀ ਘੱਟਦੀ ਜਾ ਰਹੀ ਹੈ।

ਫਿਰ ਚੇਅਰਮੈਨ ਸਾਹਿਬ, ਇਥੇ ਪਛੜੀਆਂ ਸ਼ਰੇਣੀਆਂ ਦੇ ਲੋਕਾਂ ਦੇ ਨਾਮ ਤੇ ਬੜਾ ਰੌਲਾ ਪਾਇਆ

[ਸਰਦਾਰ ਧੰਨਾ ਸਿੰਘ ਗੁਲਸ਼ਨ]

ਜਾ ਰਿਹਾ ਹੈ । ਹਰ ਪਾਰਟੀ, ਹਰ ਆਦਮੀ ਇਹ ਗੱਲ ਕਹਿੰਦਾ ਹੈ ਕਿ ਪਛੜੀਆਂ ਸ਼ਰੇਣੀਆਂ ਦੇ ਲੋਕਾਂ ਨੂੰ ਉੱਚਾ ਚੁਕਿਆ ਜਾਵੇ, ਉਨ੍ਹਾਂ ਲੋਕਾਂ ਨੂੰ ਜ਼ਮੀਨ ਦਿੱਤੀ ਜਾਵੇ । ਚੇਅਰਮੈਨ ਸਾਹਿਬ, ਮੈਂ ਕਈ ਵਾਰੀ ਸੋਚਦਾ ਹੁੰਦਾ ਸੀ ਕਿ ਅਮਰੀਕਾ ਨਾਲ ਸਾਡੀ ਦੋਸਤੀ ਨਹੀਂ ਰਹੀ ਹੈ ਔਰ ਅਮਰੀਕਾ ਚੰਦਰਮਾ ਤਕ ਪਹੁੰਚ ਗਿਆ ਹੈ ਔਰ ਉਥੇ ਉਸ ਨੇ ਕੋਈ ਜ਼ਮੀਨ ਦੀ ਤਲਾਸ਼ ਵੀ ਕੀਤੀ । ਬੀਬੀ ਇੰਦਰਾ ਗਾਂਧੀ ਜਿਹੜਾ ਸਮਾਜਵਾਦ ਦਾ ਨਾਹਰਾ ਦਿੰਦੀ ਆ ਰਹੀ ਹੈ ਔਰ ਪਛੜੀਆਂ ਸ਼ਰੇਣੀਆਂ ਦੀ, ਹਰੀਜਨਾਂ ਦੀ ਆਬਾਦੀ ਜਿਹੜੀ ਕਿ ਹਿੰਦੁਸਤਾਨ ਦੀ ਆਬਾਦੀ ਦਾ ਤਕਰੀਬਨ ਚੌਥਾ ਹਿੱਸਾ ਹੈ ਉਸ ਨੂੰ ਜ਼ਮੀਨ ਸ਼ਾਇਦ ਚੰਦਰਮਾ ਤੇ ਹੀ ਦੇਣੀ ਹੋਵੇ । (ਵਿਘਨ) ਪਰ ਹੁਣ ਤਾਂ ਸਾਡੀ ਅਮਰੀਕਾ ਨਾਲ ਵੀ ਯਾਰੀ ਟੁਟ ਗਈ ਹੈ । (ਵਿਘਨ) ਚੇਅਰਮੈਨ ਸਾਹਿਬ, ਮੈਂ ਸਰਕਾਰੀ ਅੰਕੜਿਆਂ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ । ਜਨਾਬ, 1962 ਵਿਚ ਪੰਜਾਬ ਦੀ ਸਰਕਾਰ ਨੇ ਇਹ ਕਿਹਾ ਕਿ ਸੈਂਟਰ ਦੀ ਸਰਕਾਰ ਤੋਂ ਜ਼ਮੀਨ ਖਰੀਦੀ । ਜੋ ਬਿਕਾਸੀ ਜ਼ਮੀਨ ਸੀ, ਜੋ ਬੇਰਾਨੀ ਜ਼ਮੀਨ ਸੀ ਉਹ 5/- ਰੁਪਏ ਪਰ ਏਕੜ ਦੇ ਹਿਸਾਬ ਨਾਲ ਔਰ 100 ਰੁਪਏ ਏਕੜ ਦੇ ਹਿਸਾਬ ਨਾਲ ਨਹਿਰੀ ਜ਼ਮੀਨ ਖਰੀਦੀ, ਇਹ ਕਹਿ ਕੇ ਕਿ ਅਸੀਂ ਇਹ ਜ਼ਮੀਨ ਹਰੀਜਨਾਂ ਨੂੰ ਦੇਣੀ ਹੈ । ਮੈਂ ਪਾਰਲੀਮੈਂਟ ਵਿਚ 1962 ਵਿਚ ਇਹ ਸਵਾਲ ਕੀਤਾ ਸੀ ਔਰ ਸਵਰਗੀ ਮੋਹਰ ਚੰਦ ਜੀ ਨੇ ਇਹ ਅੰਕੜੇ ਦਿੱਤੇ ਸੀ ਕਿ 1 ਲੱਖ ਏਕੜ ਤੋਂ ਵੱਧ ਜ਼ਮੀਨ ਪੰਜਾਬ ਸਰਕਾਰ ਨੇ ਇਸ ਹਿਸਾਬ ਨਾਲ ਖਰੀਦੀ ।

ਲੇਕਿਨ ਉਨ੍ਹਾਂ ਲੋਕਾਂ ਨੂੰ ਵੰਡੀ ਕਿਵੇਂ ਕੋਈ 450 ਰੁਪਏ ਤੋਂ ਬੋਲੀ ਸ਼ੁਰੂ ਕਰਕੇ ਹਜ਼ਾਰ ਹਜ਼ਾਰ ਤਕ ਬਾਈ ਬਾਈ ਸੌ ਰੁਪਏ ਤਕ ਇਨ੍ਹਾਂ ਨੇ ਚੜ੍ਹਾ ਬੋਲੀ ਦਿੱਤੀ, ਕਾਂਗਰਸ ਸਰਕਾਰ ਨੇ । ਲੇਕਿਨ ਕਹਿੰਦੇ ਇਹ ਹਨ ਕਿ ਅਸੀਂ ਹਰੀਜਨਾਂ ਨੂੰ ਉੱਚਾ ਚੜ੍ਹਾਵਾਂਗੇ । ਉੱਚਾ ਚੜ੍ਹਾਨ ਵਾਸਤੇ ਪਤਾ ਨਹੀਂ ਕਿਹੜੀ ਥਾਂ ਇਹ ਲੈ ਜਾਣਗੇ । (ਡਾਂਗ ਸਾਹਿਬ ਵਲੋਂ ਇੰਟਰਪਸ਼ਨ : ਮਕਾਲੀਆਂ ਨੇ ਕੀ ਕੀਤਾ 4 : 5 ਸਾਲਾਂ ਵਿਚ ?) ਚੇਅਰਮੈਨ ਸਾਹਿਬ, ਯੋਜਨਾ ਦੇ ਤਹਿਤ ਸਰਕਾਰ ਨੇ ਜੋ ਕੁਲ ਉਪਬੰਧ ਕੀਤੇ ਜਾਂ ਜੋ ਰਕਮ ਰਖੀ ਹੈ ਮੈਂ ਉਸ ਦੇ ਕੁਝ ਆਂਕੜੇ ਤੁਹਾਡੇ ਸਾਮ੍ਹਣੇ ਰਖਦਾ ਹਾਂ । ਇਨ੍ਹਾਂ ਨੇ ਸਿਖਿਆ ਵਾਸਤੇ 22 ਲੱਖ ਰੁਪਏ ਵਿਦਿਆਰਥੀਆਂ ਨੂੰ ਵਜ਼ੀਫਿਆਂ ਲਈ ਦੇਣਾ ਹੈ । ਕਿਰਤ ਤੇ ਰੁਜ਼ਗਾਰ ਵਾਸਤੇ 13 ਲੱਖ 50 ਹਜ਼ਾਰ ਰੁਪਏ ਇਨ੍ਹਾਂ ਨੇ ਰਖੇ, ਯਾਨੀ ਇਸ ਤਰ੍ਹਾਂ ਫੁਟਕਲ ਅਤੇ ਹੋਰ ਬਾਕੀ ਦੀਆਂ ਮੱਦਾਂ ਪਾ ਕੇ ਕੋਈ 50 ਲੱਖ 33 ਹਜ਼ਾਰ ਰੁਪਏ ਇਸ ਤਰ੍ਹਾਂ ਰਖੇ ਹਨ । ਲੇਕਿਨ 23 ਲੱਖ ਦੇ ਕਰੀਬ ਹਰੀਜਨਾਂ ਦੀ ਪੰਜਾਬ ਵਿਚ ਆਬਾਦੀ ਹੈ ਤੇ ਜੇ ਅੰਦਾਜ਼ਾ ਲਾਇਆ ਜਾਏ ਤਾਂ ਇਕ ਸਾਲ ਵਿਚ ਇਕ ਜੀ ਪ੍ਰਤਿ ਸਵਾ ਦੋ ਰੁਪਏ ਤੋਂ ਵੀ ਘੱਟ ਰਕਮ ਬੈਠਦੀ ਹੈ । ਮੈਨੂੰ ਨਹੀਂ ਪਤਾ ਕਿ ਉਹ ਇਨ੍ਹਾਂ ਸਵਾ ਦੋ ਰੁਪਏ ਨਾਲ ਤੇਲ ਲੈਣਗੇ, ਜਾਂ ਇਹ ਕਾਂਗਰਸ ਦੇ ਸਮਾਜਵਾਦ ਨੇ ਜਿਹੜੀ ਚੀਨੀ ਸਾਢੇ ਤਿੰਨ ਰੁਪਏ ਕਿਲੋ ਕਰ ਦਿੱਤੀ ਹੈ, ਸਾਬਣ ਦੇ ਤੇਲ ਮਹਿੰਗੇ ਕਰ ਦਿੱਤੇ ਹਨ, ਜਾਂ ਮਿਟੀ ਦੇ ਤੇਲ ਤੇ ਛੇ ਪੈਸੇ ਪ੍ਰਤਿ ਲਿਟਰ ਵਧਾ ਦਿੱਤਾ ਹੈ, ਇਹ ਚੀਜ਼ਾਂ ਲੈਣਗੇ । ਕੀ ਇਹ ਸਮਾਜਵਾਦ ਹੈ ? ਪਹਿਲੀ ਵਾਰੀ ਸਮਾਜਵਾਦ ਦਾ ਉਦਘਾਟਨ ਕੀਤਾ ਬੀਬੀ ਇੰਦਰਾ ਗਾਂਧੀ ਨੇ ਪਾਰਲੀਆਮੈਂਟ ਦੀਆਂ ਮੱਧ ਚੋਣਾਂ ਵੇਲੇ । ਇਹ ਗੱਲ ਕਹਿ ਕੇ ਨਾਅਰਾ ਲਾਇਆ ਕਿ ਅਸੀਂ ਸਾਰਿਆਂ ਨੂੰ ਬਰਾਬਰ ਕਰਨਾ ਹੈ । ਗਰੀਬੀ ਦੂਰ ਕਰਨੀ ਹੈ । ਇਸ ਦਾ ਉਦਘਾਟਨ ਕਦੋਂ ਹੋਇਆ ? ਇਹ ਉਦੋਂ ਹੋਇਆ ਕਿ ਛੋਟਿਆਂ ਕਾਰਖਾਨਿਆਂ ਵਿਚ ਛੋਟੀਆਂ ਕਾਰਾਂ ਕੱਢਣ ਵਾਸਤੇ ਕਿਸੇ ਨੂੰ ਲਾਈਸੈਂਸ ਦੇਣਾ ਹੈ । ਔਰ ਇਹ ਲਾਇਸੈਂਸ ਵੀ ਦੇਣਾ ਗਰੀਬਾਂ ਨੂੰ ਹੈ । ਪਰ ਇਹ ਦਿੱਤਾ ਕਿਸ ਨੂੰ ਦਿੱਤਾ ? ਇਹ

ਸਭ ਤੋਂ ਗਰੀਬ ਇਕ ਵਿਧਵਾ ਦੇ ਮੁੰਡੇ ਅਤੇ ਇਕ ਉੱਤਮ ਸ਼੍ਰੇਣੀ ਵਿਚ, ਉਹ ਸੀ ਇੰਦਰਾ ਗਾਂਧੀ ਦਾ ਮੁੰਡਾ। ਹੋਰ ਇਨ੍ਹਾਂ ਨੂੰ ਉਹ ਲਾਇਸੈਂਸ ਲੈਣ ਵਾਲਾ ਸਾਰੇ ਭਾਰਤ ਵਿਚੋਂ ਕੋਈ ਨਾ ਲਭਾ। ਸੋ ਮੈਂ ਕਹਿਣਾ ਚਾਹੁੰਦਾ ਹਾਂ ਕਿ ਹਰੀਜਨਾਂ ਲਈ ਇਹ ਸਾਰੇ ਨਾਅਰੇ ਲਾਉਂਦੇ ਰਹਿੰਦੇ ਹਨ, ਪਰ ਇਸ ਵਿਚ ਬਹੁਤੀ ਜਾਨ ਨਜ਼ਰ ਨਹੀਂ ਆਉਂਦੀ। ਇਸ ਕਰਕੇ ਚੇਅਰਮੈਨ ਸਾਹਿਬ ਮੈਂ ਕਹਿੰਦਾ ਹਾਂ ਕਿ ਮੈਂ ਇਨ੍ਹਾਂ ਦਾ ਹੋਰ ਬਹੁਤ ਕੁਝ ਦੇਖਿਆ ਹੈ। ਮੈਨੂੰ ਇਕ ਗੱਲ ਦੀ ਖੁਸ਼ੀ ਹੈ ਕਿ ਸਾਡੇ ਖ਼ਜ਼ਾਨਾ ਮੰਤਰੀ ਨੇ, ਸਾਡੇ ਜ਼ੋਰ ਦੇਣ ਤੇ ਵੀ ਅਤੇ ਆਪੋਜ਼ੀਸ਼ਨ ਦੇ ਮੁਜ਼ਾਹਿਰਾ ਕਰਨ ਤੇ ਪੰਜ ਸੌ ਟਰੇਂਡ ਦਾਈਆਂ ਨੂੰ ਮੁੜ ਕੇ ਨੌਕਰੀ ਤੇ ਲਾਉਣ ਦਾ ਸ਼ਲਾਘਾਯੋਗ ਕਦਮ ਚੁਕਿਆ ਹੈ। ਇਸ ਤਰ੍ਹਾਂ ਜਿਹੜੇ ਟੀਚਰਜ਼ ਹਨ ਜਾਂ ਪ੍ਰਾਈਵੇਟ ਕਾਲਜਾਂ ਦੇ ਮਾਸਟਰ ਹਨ ਜਾਂ ਜਿਹੜੇ ਬਾਕੀ ਦੇ ਸਕੂਲਾਂ ਦੇ ਮਾਸਟਰ ਹਨ ਉਨ੍ਹਾਂ ਨੂੰ ਵੀ ਕੁਝ ਦੇਣ ਵਾਸਤੇ ਸਰਕਾਰ ਨੇ ਯਕੀਨ ਦਿਲਾਇਆ ਹੈ। ਜਿਹੜੇ ਚੰਗੇ ਕੰਮ ਹਨ ਅਸੀਂ ਉਨ੍ਹਾਂ ਨੂੰ ਚੰਗਾ ਕਹਿਣਾ ਹੈ। ਮੈਂ ਵਿੱਤ ਮੰਤਰੀ ਦੀ ਸ਼ਲਾਘਾ ਕਰਦਾ ਬਤੌਰ ਕਿ ਜਿਸ ਤਰ੍ਹਾਂ ਉਨ੍ਹਾਂ ਨੇ ਅੰਤ੍ਰਿਮ ਰਿਲੀਫ਼ ਦੇਣ ਦਾ ਫੈਸਲਾ ਬਾਰ ਬਾਰ ਦੋਹਰਾਇਆ ਹੈ (ਅਵਾਜ਼ਾਂ : ਅੰਤ੍ਰਿਮ ਨਹੀਂ ਰਿਲੀਫ਼) ਇਨ੍ਹਾਂ ਨੇ ਅੰਤ੍ਰਿਮ ਨਹੀਂ ਕਿਹਾ ਰਿਲੀਫ਼ ਹੀ ਕਿਹਾ ਹੈ। ਰਿਲੀਫ਼ ਦੋ ਰੁਪਏ ਵੀ ਹੋ ਸਕਦਾ ਹੈ ਰਿਲੀਫ਼ ਇਕ ਰੁਪਿਆ ਵੀ ਹੋ ਸਕਦਾ ਹੈ। ਰਿਲੀਫ਼ ਸ਼ਰਨਾਰਥੀਆਂ ਨੂੰ ਦਿੱਤਾ ਜਾਂਦਾ ਹੈ ਇਹ ਸ਼ਾਇਦ ਮੁਲਾਜ਼ਮਾਂ ਨੂੰ ਸ਼ਰਨਾਰਥੀ ਹੀ ਸਮਝਦੇ ਹਨ ਅਤੇ ਉਨ੍ਹਾਂ ਨੂੰ ਰਿਲੀਫ਼ ਦੇ ਦੇਣਗੇ।

ਤੇ ਚੇਅਰਮੈਨ ਸਾਹਿਬ ਮੈਨੂੰ ਸ਼ੱਕ ਪੈਂਦਾ ਹੈ ਕਿ ਜਿਵੇਂ ਪਾਰਲੀਮੈਂਟ ਦੇ ਇਲੈਕਸ਼ਨ ਵੇਲੇ ਇਹ ਦੋ ਤਿੰਨ ਵਾਰ ਡੈਪੂਟੇਸ਼ਨ ਲੈ ਕੇ ਦਿੱਲੀ ਜਾ ਕੇ ਮਿਲੇ ਤੇ ਵਾਇਦੇ ਕੀਤੇ ਅਤੇ ਹੁਣ ਤਾਈਂ ਉਹ ਉਸੇ ਤਰ੍ਹਾਂ ਚਲੇ ਆ ਰਹੇ ਹਨ। ਹੁਣ ਇਕ ਕਮੇਟੀ ਬਣਾ ਦਿੱਤੀ। ਮੈਂ ਸਮਝਦਾ ਹਾਂ ਕਿ ਇਹ ਸੈਸ਼ਨ ਟਪਾਉਣ ਦੀ ਗੱਲ ਹੀ ਹੈ, ਕਿਉਂਕਿ ਉਸ ਕਮੇਟੀ ਦੀ ਕੋਈ ਮਿਆਦ ਮੁਕਰੱਰ ਨਹੀਂ। ਇਹ ਵੀ ਨਹੀਂ ਦੱਸਿਆ ਕਿ ਕਦੋਂ ਤੋਂ ਲੈ ਕੇ ਇਹ ਕਮੇਟੀ ਕੰਮ ਕਰੇਗੀ ਔਰ ਇਹ ਰਿਪੋਰਟ ਕਦੋਂ ਦੇਵੇਗੀ। ਅਗਰ ਕੋਈ ਤਾਰੀਖ ਮਿਥੀ ਜਾਂਦੀ, ਜਿਹੜੀ ਕਿ ਮੈਂ ਵਿੱਤ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਆਪਣੀ ਜਵਾਬੀ ਤਕਰੀਰ ਵਿਚ ਇਹ ਸਮਾਂ ਮਿਥ ਦੇਣ ਔਰ ਵਾਇਦਾ ਕਰ ਦੇਣ ਕਿ ਇਕ ਮਹੀਨੇ ਵਿਚ, ਦੋ ਮਹੀਨਿਆਂ ਵਿਚ ਜਾਂ ਛੇ ਮਹੀਨਿਆਂ ਵਿਚ ਇਨ੍ਹਾਂ ਨੂੰ ਰਿਲੀਫ਼ ਦਿੱਤਾ ਜਾਏਗਾ। ਤਾਂ ਮੈਂ ਸਮਝਾਂਗਾ ਕਿ ਕੋਈ ਅੱਗੇ ਵਧੂ ਕਦਮ ਹੋਵੇਗਾ। ਵਰਨਾਂ ਤਾਂ ਇਹ ਕਹਿ ਕੇ ਕਿ ਟੈਕਸ ਕੋਈ ਨਹੀਂ ਲਾਇਆ ਇਹ ਇਕ ਧੋਖਾ ਹੋਵੇਗਾ, ਇਥੇ ਮੁਲਾਜ਼ਮਾਂ ਨਾਲ ਬੜਾ ਭਾਰੀ ਧੱਕਾ ਹੋਵੇਗਾ। ਮੈਂ ਬਹੁਤ ਜ਼ਿਆਦਾ ਸਮਾਂ ਨਹੀਂ ਲੈਣਾ ਚਾਹੁੰਦਾ ਮੈਂ ਹੁਣ ਆਪਣੇ ਇਲਾਕੇ ਬਾਰੇ ਵੀ ਕੁਝ ਅਤੇ ਕੁਝ ਪਛੜੀਆਂ ਸ਼੍ਰੇਣੀਆਂ ਦੇ ਲੋਕਾਂ ਲਈ ਸੁਝਾਉ ਦੇਣਾ ਚਾਹੁੰਦਾ ਹਾਂ।

ਚੇਅਰਮੈਨ ਸਾਹਿਬ, ਜ਼ਮੀਨ ਸਰਕਾਰ ਨੇ ਸੈਂਟਰ ਗੌਰਮਿੰਟ ਤੋਂ ਲਈ। ਵੈਸੇ ਤਾਂ ਉਹ ਹੁਣ ਰਹੀ ਨਹੀਂ, ਕਿਉਂਕਿ ਉਹ ਵਜ਼ੀਰਾਂ ਨੇ ਆਪਸ ਵਿਚ ਹੀ ਵੰਡ ਲਈ ਲੇਕਿਨ ਜੇ ਕਿਤੇ ਰਹਿੰਦੀ ਹੈ ਤਾਂ ਸਰਕਾਰ ਨੂੰ ਚਾਹੀਦਾ ਹੈ ਜਿਸ ਕੀਮਤ ਤੇ ਸੈਂਟਰ ਗੌਰਮੈਂਟ ਤੋਂ ਲਈ ਹੈ ਪੰਜ ਰੁਪਏ ਪ੍ਰਤਿ ਏਕੜ ਅਤੇ ਨਹਿਰੀ ਸੌ ਰੁਪਏ ਪ੍ਰਤਿ ਏਕੜ, ਅਸੀਂ ਕਹਿੰਦੇ ਹਾਂ ਕਿ ਉਹ ਜ਼ਮੀਨ ਉਸੇ ਭਾ ਤੇ ਉਨ੍ਹਾਂ ਲੋਕਾਂ ਨੂੰ ਦੇਣੀ ਚਾਹੀਦੀ ਹੈ ਜਿਹੜੇ ਉਨ੍ਹਾਂ ਜ਼ਮੀਨਾਂ ਤੇ ਕਾਬਜ਼ ਹਨ। ਇਹ ਗੱਲ ਆਖੀ ਗਈ ਕਈ ਮੈਂਬਰਜ਼ ਸਾਹਿਬਾਨ ਵਲੋਂ ਕਿ ਇਹ ਚੰਗਾ ਕੰਮ ਹੈ ਕਿ ਜ਼ਮੀਨਾਂ ਦੀ ਨੀਲਾਮੀ ਰੋਕੀ ਗਈ ਹੈ ਅਤੇ ਜ਼ਮੀਨਾਂ ਲਾਟਰੀ ਨਾਲ ਦਿੱਤੀਆਂ ਜਾਣਗੀਆਂ। ਪਰ ਮੈਂ ਇਸ ਦੇ ਨਾਲ ਸਹਿਮਤ ਨਹੀਂ ਹਾਂ, ਮੈਂ ਐਗਰੀ ਨਹੀਂ ਕਰਾਂਗਾ। ਕਿਉਂਕਿ ਜਿਥੋਂ

[ਸਰਦਾਰ ਧੰਨਾ ਸਿੰਘ ਗੁਲਸ਼ਨ]

ਤਕ ਲਾਟਰੀ ਦਾ ਤੁਅੱਲਕ ਹੈ ਉਹ ਹਰ ਕੋਈ ਪਾ ਸਕਦਾ ਹੈ। ਜਿਹੜਾ ਦਿੱਲੀ ਸ਼ਹਿਰ ਵਿਚ ਬੈਠਾ ਹੈ ਅਤੇ ਉਹ ਦੁਕਾਨ ਦਾ ਕੰਮ ਕਰਦਾ ਹੈ, ਜਿਸ ਨੂੰ ਜ਼ਮੀਨ ਦਾ ਪਤਾ ਤਕ ਨਹੀ ਉਹ ਵੀ ਲਾਟਰੀ ਪਾ ਦਿੰਦਾ ਹੈ, ਅਗਰ ਲਾਟਰੀ ਉਸ ਦੇ ਨਾਉਂ ਦੀ ਨਿਕਲ ਆਉਂਦੀ ਹੈ ਤਾਂ ਜਿਹੜਾ ਖੇਤੀ ਦਾ ਕੰਮ ਕਰਦਾ ਹੈ ਉਸ ਦਾ ਹੱਕ ਮਾਰਿਆ ਜਾਏਗਾ। ਇਸ ਕਰਕੇ ਮੈਂ ਸਮਝਦਾ ਹਾਂ ਕਿ ਜਿਹੜਾ ਲਾਟਰੀ ਦਾ ਪਾਉਣਾ ਹੈ ਇਹ ਮਾੜਾ ਹੋਵੇਗਾ। ਜਿਹੜਾ ਆਦਮੀ ਸ਼ਹਿਰ ਵਿਚ ਦੁਕਾਨਦਾਰੀ ਦਾ ਕੰਮ ਕਰਦਾ ਹੈ ਜਿਸ ਨੇ ਕਦੀ ਜ਼ਮੀਨ ਤੇ ਪੈਰ ਤਕ ਨਹੀਂ ਪਾਇਆ ਉਸ ਨੂੰ ਇਸ ਤਰ੍ਹਾਂ ਜ਼ਮੀਨ ਦੇ ਦੇਣੀ, ਮੈਂ ਇਸ ਦੇ ਨਾਲ ਸਹਿਮਤ ਨਹੀਂ। ਜੇ ਕਰ ਸਰਕਾਰ ਜ਼ਮੀਨ ਦੇਂਦੀ ਹੈ ਤਾਂ ਉਸੇ ਭਾਅ ਤੇ ਦੇਵੇ ਜਿਸ ਭਾਅ ਤੇ ਸੈਂਟਰ ਤੋਂ ਗਰੀਬਾਂ/ਹਰੀਜਨਾਂ ਨੂੰ ਦੇਣ ਵਾਸਤੇ ਲਈ ਹੈ।

ਸਰਕਾਰ ਸੱਨਤ ਵਾਸਤੇਕਰਜ਼ੇ ਦਿੰਦੀ ਹੈ ਸਾਢੇ ਤਿੰਨ ਪ੍ਰਤਿਸ਼ਤ ਉਤੇ ਅਤੇ ਬਾਕੀਆਂ ਨੂੰ ਸਾਢੇ ਸਤ ਪ੍ਰਤਿਸ਼ਤ ਤੇ। ਲੇਕਿਨ ਮੈਂ ਸਰਕਾਰ ਨੂੰ ਸੁਝਾਓ ਦਿਆਂਗਾ ਕਿ ਜੋ ਹਰੀਜਨਾਂ ਨੂੰ ਜਾਂ ਛੋਟੇ ਦੁਕਾਨਦਾਰਾਂ ਨੂੰ ਜਿਹੜੇ ਦਸਤਕਾਰੀ ਦਾ ਕੰਮ ਕਰਦੇ ਹਨ ਉਨ੍ਹਾਂ ਨੂੰ ਜਿਹੜਾ ਕਰਜ਼ਾ ਦੇਣਾ ਹੈ ਉਹ ਸੂਦ ਤੋਂ ਰਹਿਤ ਕਰਜ਼ਾ ਹੋਣਾ ਚਾਹੀਦਾ ਹੈ। ਉਸ ਉਤੇ ਕੋਈ ਸੂਦ ਨਹੀਂ ਦੇਣਾ ਚਾਹੀਦਾ। ਸਰਕਾਰ ਇਸ਼ਟਾਮ ਦੇ ਕਾਗਜ਼ ਤੇ ਜ਼ਮੀਨ ਲਿਖਵਾਉਂਦੀ ਹੈ। ਮੈਂ ਦੇਖਿਆ ਹੈ ਕਿ ਇਹ 2, 3 ਜ਼ਾਮਨ ਲੈਂਦੇ ਹਨ। ਪਹਿਲਾਂ ਤਾਂ ਇਹ ਕਿਹਾ ਜਾਂਦਾ ਹੈ ਕਿ ਅਗਰ ਦਸ ਏਕੜ ਜ਼ਮੀਨ ਦਾ ਦਸ ਹਜ਼ਾਰ ਲੈਣਾ ਹੈ ਤਾਂ 20 ਹਜ਼ਾਰ ਦੇ ਜ਼ਾਮਨ ਲੈ ਕੇ ਆਵੋ, ਜੇ 20 ਹਜ਼ਾਰ ਲੈਣਾ ਹੈ ਤਾਂ 50 ਹਜ਼ਾਰ ਦੇ ਜ਼ਾਮਨ ਲੈ ਕੇ ਆਵੋ। ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਵਿੱਤ ਮੰਤਰੀ ਸਾਹਿਬ ਨੂੰ ਕਹਾਂਗਾ ਕਿ ... (ਵਿਘਨ)।

ਭਗਤ ਗੁਰਾਂਦਾਸ ਹੰਸ: ਚੇਅਰਮੈਨ ਸਾਹਿਬ, ਆਨਰੇਬਲ ਮੈਂਬਰ ਸਾਹਿਬ, ਪਾਰਲੀਆਮੈਂਟ ਦੇ ਮੈਂਬਰ ਰਹੇ ਹਨ, ਇਨ੍ਹਾਂ ਨੂੰ ਇਹ ਪਤਾ ਨਹੀਂ ਕਿ ਇਹ ਜਿਹੜਾ ਸਾਢੇ ਸੱਤ ਪ੍ਰਤਿਸ਼ਤ ਸੂਦ ਕੀਤਾ ਹੈ ਇਹ ਅਕਾਲੀ ਸਰਕਾਰ ਨੇ ਹੀ ਕੀਤਾ ਹੈ ... (ਵਿਘਨ)।

ਸਰਦਾਰ ਧੰਨਾ ਸਿੰਘ ਗੁਲਸ਼ਨ: ਭਗਤ ਜੀ, ਇਨ੍ਹਾਂ ਨੇ ਤਾਂ ਤਿੰਨ ਪ੍ਰਤਿਸ਼ਤ ਕੀਤਾ ਸੀ ਅਤੇ ਇਹ ਤੁਹਾਡੇ ਗਵਰਨਰ ਦੇ ਰਾਜ ਵਿਚ ਸਾਢੇ ਸੱਤ ਪ੍ਰਤਿਸ਼ਤ ਦਾ ਫ਼ੈਸਲਾ ਹੋਇਆ ਹੈ। ਇਸ ਬਾਰੇ ਮੈਨੂੰ ਕੁਝ ਇਸ ਕਰਕੇ ਵੀ ਪਤਾ ਹੈ ਕਿਉਂਕਿ ਜਿਹੜੀਆਂ ਜ਼ਿਲਿਆਂ ਵਿਚ ਇੰਡਸਟਰੀਜ਼ ਦੇ ਕਰਜ਼ੇ ਦੇਣ ਵਾਲੀਆਂ ਕਮੇਟੀਆਂ ਹਨ ਮੈਂ ਉਨ੍ਹਾਂ ਵਿਚੋਂ ਇਕ ਕਮੇਟੀ ਦਾ ਮੈਂਬਰ ਹਾਂ ਔਰ ਪਿਛਲੇ ਸਾਲ ਸਾਢੇ ਤਿੰਨ ਪ੍ਰਤਿਸ਼ਤ ਸੂਦ ਤੇ ਕਰਜ਼ੇ ਦਿੱਤੇ। ਹੁਣ ਉਨ੍ਹਾਂ ਤੋਂ ਸਾਢੇ ਸੱਤ ਪ੍ਰਤਿਸ਼ਤ ਦੀ ਦਰ ਨਾਲ ਵਸੂਲ ਰਹੇ ਹਨ। ਇਹ ਗਵਰਨਰ ਦੇ ਕਾਂਗਰਸ ਰਾਜ ਵਿਚ ਸਾਢੇ ਸੱਤ ਫ਼ੀ ਸਦੀ ਹੋਇਆ। ਇਨ੍ਹਾਂ ਨੂੰ ਆਪ ਪਤਾ ਹੀ ਨਹੀਂ ਕਿ ਇਹ ਗਵਰਨਰ ਸਾਹਿਬ ਨੇ ਵਧਾਇਆ ਹੈ ਜਾਂ ਅਕਾਲੀ ਸਰਕਾਰ ਨੇ। ਇਸ ਕਰਕੇ ਮੈਂ ਕਹਿ ਰਿਹਾ ਸੀ ਕਿ ਉਹ ਕਰਜ਼ੇ ਜ਼ਮਾਨਤ ਤੋਂ ਬਗੈਰ ਦਿੱਤੇ ਜਾਣ ਕਿਉਂਕਿ ਇਕ ਤਾਂ ਜਿਹੜੇ ਇਸ਼ਟਾਮ ਦੇ ਕਾਗਜ਼ ਹਨ ਉਹ 70-75 ਰੁਪਏ ਦੇ ਆਉਂਦੇ ਹਨ।

ਇਹ ਖਰਚਾ ਹਟਾਉਣਾ ਚਾਹੀਦਾ ਹੈ। ਦੂਸਰੀ ਜਿਹੜੀ ਸ਼ਰਤ ਜ਼ਮਾਨਤ ਦੀ ਰਖੀ ਹੋਈ ਹੈ ਇਸ ਤੋਂ ਮੁਕਤ ਕਰਨਾ ਚਾਹੀਦਾ ਹੈ।

ਇਸ ਤੋਂ ਅੱਗੇ ਮੈਂ ਇਹ ਬੇਨਤੀ ਕਰਾਂਗਾ ਕਿ ਸਰਕਾਰ ਜਿਸ ਭਾਅ ਤੇ ਕੇਂਦਰ ਪਾਸੋਂ ਜ਼ਮੀਨ ਖਰੀਦੀ ਹੈ ਉਸੇ ਹੀ ਭਾਅ ਤੇ ਵੇਚੇ। ਸਰਕਾਰ ਨੂੰ ਇਸ ਵਿਚੋਂ ਪ੍ਰਾਫਿਟ ਨਹੀਂ ਲੈਣਾ ਚਾਹੀਦਾ।

ਹੁਣ ਮੈਂ ਆਪਣੇ ਹਲਕੇ ਬਾਰੇ ਅਰਜ਼ ਕਰਾਂਗਾ। ਚੇਅਰਮੈਨ ਸਾਹਿਬ, ਮੇਰਾ ਹਲਕਾ ਨਥਾਣਾ, ਜ਼ਿਲ੍ਹਾ ਬਠਿੰਡਾ ਵਿਚ ਹੈ। ਇਸ ਹਲਕੇ ਵਿਚ ਕਈ ਐਸੇ ਪਿੰਡ ਹਨ ਜਿਨ੍ਹਾਂ ਵਿਚ ਸਕੂਲਾਂ, ਹਸਪਤਾਲਾਂ, ਬਿਜਲੀ ਅਤੇ ਸੜਕਾਂ ਦੀ ਭਾਰੀ ਲੋੜ ਹੈ। ਮੈਂ ਇਹ ਗੱਲ ਬੜੇ ਫਖਰ ਨਾਲ ਕਹਿ ਸਕਦਾ ਹਾਂ ਕਿ ਮੇਰੇ ਆਪਣੇ ਜ਼ਿਲ੍ਹੇ ਦੇ ਗਿਆਨੀ ਜੀ ਅੱਜ ਚੀਫ ਮਨਿਸਟਰ ਹਨ। (ਵਿਘਨ) ਅਸੀਂ ਉਸ ਵੇਲੇ ਤੋਂ ਇਕੱਠੇ ਹਾਂ ਜਦੋਂ ਕਿ ਮੇਰਾ ਜੱਥਾ ਕਵੀਸਰੀ ਗਾਇਆ ਕਰਦਾ ਸੀ ਅਤੇ ਗਿਆਨੀ ਜੀ ਵਾਜਾ ਤੇ ਢੋਲਕ ਨਾਲ ਕੀਰਤਨ ਕਰਦੇ ਹੁੰਦੇ ਸੀ। ਅਸੀਂ ਹਮ-ਪੇਸ਼ਾ ਹਾਂ। (ਵਿਘਨ)

ਆਵਾਜ਼ਾਂ : ਉਹ ਤਾਂ ਜ਼ਿਲ੍ਹਾ ਰੋਪੜ ਦੇ ਹਨ।

ਸਰਦਾਰ ਧੰਨਾ ਸਿੰਘ ਗੁਲਸ਼ਨ : ਕਿਉਂਕਿ ਉਥੇ ਇਨ੍ਹਾਂ ਨੂੰ ਲੋਕਾਂ ਨੇ ਮੂੰਹ ਨਹੀਂ ਲਾਇਆ। ਇਸ ਲਈ ਇਹ ਰੋਪੜ ਚਲੇ ਗਏ ਅਤੇ ਜਦੋਂ ਉਥੇ ਵੀ ਕੋਈ ਮੂੰਹ ਨਹੀਂ ਲਾਏਗਾ ਤਾਂ ਸ਼ਾਇਦ ਇਹ ਹਿਮਾਚਲ ਵਿਚ ਹੀ ਵੋਟਾਂ ਲੈਣ ਲਈ ਚਲੇ ਜਾਣ। (ਵਿਘਨ) (ਹਾਸਾ)

ਫਿਰ ਜੈਤੋ ਤੋਂ ਗੋਨਿਆਣਾ-ਕੋਟਕਪੂਰਾ ਤੋਂ ਬਠਿੰਡਾਂ ਨੂੰ ਰੇਲਵੇ ਲਾਈਨ ਦੇ ਨਾਲ ਨਾਲ ਜਰਨੈਲੀ ਸੜਕ ਨਿਕਲਦੀ ਹੈ। ਗਿਆਨੀ ਜ਼ੈਲ ਸਿੰਘ ਜੀ ਪੈਪਸੂ ਵਿਚ ਵੀ ਵਜ਼ੀਰ ਰਹੇ ਲੇਕਿਨ ਉਹ ਸੜਕ ਜਿਹੜੀ ਕਿ ਲੋਕਾਂ ਦੀ ਜਾਇਜ਼ ਮੰਗ ਹੈ, ਪੂਰੀ ਨਹੀਂ ਹੋ ਸਕੀ। ਇਸ ਲਈ ਮੇਰੀ ਸਰਕਾਰ ਪਾਸ ਬੇਨਤੀ ਹੈ ਕਿ ਉਹ ਇਸ ਸੜਕ ਨੂੰ ਪੱਕੀ ਕਰਾਉਣ ਤਾਂ ਜੋ ਲੋਕਾਂ ਦੀ ਦੇਰ ਤੋਂ ਚਲੀ ਆ ਰਹੀ ਮੰਗ ਪੂਰੀ ਹੋ ਸਕੇ।

11.40 ਇਕ ਮੈਂ ਹੋਰ ਬੇਨਤੀ ਕਰਦਾ ਹਾਂ ਕਿ ਮੇਰੇ ਇਲਾਕੇ ਵਿਚ ਪਾਣੀ ਦੀ ਬੜੀ ਕਿੱਲਤ ਹੈ। ਬਠਿੰਡੇ ਦਾ ਇਹੋ ਜਿਹਾ ਜ਼ਿਲ੍ਹਾ ਹੈ ਜਿਹੜਾ ਕਿ ਸਰਹੱਦ ਨਾਲ ਲਗਦਾ ਹੈ। ਉਥੇ ਦਾ ਕਿਸਾਨ ਬੜਾ ਹਿੰਮਤੀ ਹੈ, ਲੇਕਿਨ ਪਾਣੀ ਘੱਟ ਮਿਲਣ ਕਾਰਨ ਫਸਲ ਪੂਰੀ ਨਹੀਂ ਉਗਾ ਸਕਦਾ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਉਥੇ ਕਿਸਾਨ ਦੀ ਸਹਾਇਤਾ ਕਰੇ ਅਤੇ ਉਸ ਲਈ ਪਾਣੀ ਦਾ ਪ੍ਰਬੰਧ ਕਰੇ।

ਮੈਨੂੰ ਪੂਰਾ ਭਰੋਸਾ ਹੈ ਕਿ ਵਿੱਤ ਮੰਤਰੀ ਸਾਹਿਬ ਮੇਰੀਆਂ ਇਹ ਬੇਨਤੀਆਂ ਅਤੇ ਸੁਝਾਉ ਜੋ ਮੈਂ ਦਿੱਤੇ ਹਨ, ਉਨ੍ਹਾਂ ਨੂੰ ਧਿਆਨ ਵਿਚ ਰਖਣਗੇ। ਇਨ੍ਹਾਂ ਸ਼ਬਦਾਂ ਨਾਲ ਚੇਅਰਮੈਨ ਸਾਹਿਬ, ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ।

ਗਿਆਨੀ ਕੁੰਦਨ ਸਿੰਘ ਪਤੰਗ : ਸਾਨੂੰ ਕੋਈ ਇਤਰਾਜ਼ ਨਹੀਂ। (ਵਿਘਨ) ਮੈਂ ਹਿੰਦੀ ਦੀਆਂ ਕਿਤਾਬਾਂ 22 ਸਾਲ ਪੜ੍ਹੀਆਂ ਹਨ। ਹਿੰਦੀ ਨਾਲ ਮੈਨੂੰ ਬੜਾ ਪ੍ਰੇਮ ਹੈ ਅਤੇ ਹਿੰਦੀ ਦੀ ਕਵਿਤਾ ਪੜ੍ਹਨਾ ਮੇਰਾ ਪੇਸ਼ਾ ਹੈ।

ਸ਼੍ਰੀ ਚੇਅਰਮੈਨ : ਜੱਥੇਦਾਰ ਜੀ, ਬੈਠੋ। (Jathedar Sahib, please resume your seat.)

श्री बलराम (अबोहर) : चेयरमैन साहिब, पहिले तो मैं सरकार को और माननीय वित्त मन्त्री साहब को बधाई देना चाहता हूं। इन के पास समय थोड़ा था लेकिन फिर भी इन्होंने गागर में सागर बंद कर दिया। यह बात तो केवल एनक लगाने की होती है अगर कोई हरी एनक लगा ले तो उसे हरा ही हरा नज़र आता है और अगर काली ऐनक लगा ले तो (विघन)

ਗਿਆਨੀ ਕੁੰਦਨ ਸਿੰਘ ਪਤੰਗ : ਤੁਸੀਂ ਤਾਂ ਆਪਣੀ ਐਨਕ ਉਤਾਰ ਲਈ ਹੋਈ ਹੈ।

श्री बलराम : चेयरमैन साहिब, देखना यह होता है कि बजट में ग़रीबों के लिए क्या कुछ रखा गया है। इस बजट में ग़रीबों के लिए मकान बनाने के लिए जो रकम रखी गई है वह सराहनीय है। वैसे तो पंछी को भी रहने के लिए घोंसला चाहिए। इन्हों ने ग़रीब जनता के लिए इस बजट में जो कुछ भी रखा है उस के लिए यह सरकार बधाई की पात्र है। (विघ्न)

ਗਿਆਨੀ ਕੁੰਦਨ ਸਿੰਘ ਪਤੰਗ : ਚੇਅਰਮੈਨ ਸਾਹਿਬ ਇਨ੍ਹਾਂ ਨੂੰ ਕਹੋ ਕਿ ਪੰਜਾਬੀ ਵਿਚ ਬੋਲਣ।

श्री बलराम : मैं तो जमहूरियत की भाषा में बोल रहा हूं। पंजाबी हो या हिन्दी हो मुझे कोई भेद भाव नहीं है। (विघ्न)

ਗਿਆਨੀ ਕੁੰਦਨ ਸਿੰਘ ਪਤੰਗ : ਤਾਂ ਫਿਰ ਪੰਜਾਬੀ ਵਿਚ ਬੋਲੋ।

श्री बलराम : जो हमारी मदर टंग है, मात्री भाषा है नैशनल लैंग्वेज है वह मैं बोल रहा हूं इस के बारे में कोई एतराज़ नहीं होना चाहिए। (विघन)

चेयरमैन साहिब, इस बजट में जो घाटा दिखाया गया है उस को पूरा करने के लिए कोइ टैक्स नहीं लगाया गया। बिजली के बारे में भी कोई टैक्स नहीं लगाया इस लिए मैं इस सरकार को बधाई देता हूं। इस के साथ ही वित्त मन्त्री को कहूंगा कि जो हमारा सोशलिज़म का नाहरा है और जो सोशल वैलफेयर की स्कीमें हैं वह किसी खास एक इलाके के लिए नहीं होनी चाहिएं। हमारे हलके के साथ जिस तरह अकाली सरकार ने वरताव किया वह ब्यान नहीं किया जा सकता। इस तरह का सलूक किसी भी इलाके के साथ नहीं होना चाहिए। अब मैं पीने के पानी के बारे में निवेदन करना चाहता हूं। नहरों की मद्दों के बारे में रकम रखी गई है उस में मेरे हलका की नहरों के लिए रकम कम है। मेरे हलका में नहरों में पानी कम आता है इस लिए इस इलाके की डवैलपमैंट सही ढंग से नहीं हो रही और पैदावार कम होती है। अकाली सरकार ने नहरों के बारे में गलत कदम उठाए और पानी का इन्तज़ाम ठीक नहीं किया। नाजाइज काम होते रहे हैं। मैं ने बासी साहिब को भी रिक्वैस्ट की थी और बताया था कि नहर के पानी की चोरी को रोका जाए। मोघे काट लिए जाते थे इन्हें रोका जाए और इस तरह के अनियाए से लोगों को बचाया जाए। मेरे

रोका नहीं जा सकता । चाहे जमीन 5 एकड़, 10, 100 या 200 एकड़ हो हमें हरीजनों को, लैंडलैस लोगों को इकट्ठा करके मीनज आफ प्रोडक्शन दें, टरैक्टर आदि देकर उनको कहें कि जब तक इस में खेती ठीक और संचारू रूप से होती है तब तक आप इस के जिमींदार हैं । मैं अपने तजरबे से यह बता रहा हूं । मैं देखकर आया हूं ईस्ट जर्मनी में जहां कोमनिजम है । कोआपरेटिव बेसिज पर काम होता है । वहां 50, 60 हजार ऐकड़ के फार्म हैं, मालिक कोई नहीं, सभी खेतीं करते हैं । जिसके पास 200 ऐकड़ जमीन है वह भी खेती करता है और जिसके पास जमीन नहीं वह भी खेती करता है । हम वह ढांचा तो यहां नहीं खींच सकते लेकिन हमें नैशनालाईजेशन जरूर करनी पड़ेगी तांकि पैदावार बढ़ सके ।

अब मैं स्कूलों के बारे में कुछ बताना चाहता हूं । कितने स्कूल अपग्रेड करने हैं और कितने प्राइमरी स्कूल खोलने हैं । यह देखना चाहिए कि किस इलाके में कितने स्कूल हैं । यह न हो कि अंधा बांटे शीरनीयां दुबारा दुबारा अपने घर वालों को दे । आज मास्टर गुरबन्ता सिंह ने कहा कि यह देखा जाए कि मेरी कांस्टीच्युएंसी में कितनी सड़कें हैं, कितनी नहरें हैं और कितने स्कूल है । मेरे दिल को अगर आप फाड़ कर देखें तो लोग तड़पते दिखाई देंगे । सब कुछ होते हुए हमारी तर्फ ध्यान नहीं दिया गया । मैं अकाली भाईयों से कहूंगा कि जो बर्ताव हमारे साथ हुआ था ऐसा नहीं होना चाहिए था । (विघ्न) कई लोग मर कर अमर हो जाते है लेकिन यह जान बचाने की खातिर जिन्दा रह कर भी मर गए । मैं तो यह कहूंगा कि जिन्दा रहने की कोशिश में कभी लोग मर भी जाते हैं ।

श्री उपाध्यक्ष : आप का दो मिन्ट का और समय है । (There are only two minutes left more for the hon. Member to speak.)

श्री बलराम : मैं कन्क्लूड ही कर रहा हूं । मैं तो इतना ही कहना चाहता हूं कि जिन बातों का जिक्र मैं ने किया है उस के बारे में माननीय वित्त मन्त्री साहिब ध्यान दें और हर इलाके में सही अर्थों में सोशलिजम लाया जाए । और आज तक जो भेद भाव की ऐनक सरकार की आंखों पर लगी हुई थी अब नहीं रहेगी और आगे जो तमाम सकीमें जालंधर और अमृतसर को ही दी जाती थीं अब बाकी के जिलों को दी जाएंगी । मैं अंत में उम्मीद करता हूं कि माननीय वित्त मंत्री इन सब बातों को ध्यान में रखेगे ता कि हर इलाका बराबर की तरक्की कर सके ।

ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ (ਜਲਾਲਾਬਾਦ) : ਡਿਪਟੀ ਸਪੀਕਰ ਸਾਹਿਬ ਅੱਜ ਜਿਹੜਾ ਅਪਰੋਪਰੀਏਸ਼ਨ ਬਿਲ ਹਾਊਸ ਵਿਚ ਚਾਰ ਮਹੀਨੇ ਦੇ ਖਰਚ ਕੀਤੇ ਜਾਣ ਲਈ ਪੇਸ਼ ਕੀਤਾ ਗਿਆ ਹੈ ਇਸ ਤੇ ਬੋਲਣ ਲਈ ਖੜਾ ਹੋਇਆ ਹਾਂ । ਜਦ ਵਿੱਤ ਮੰਤਰੀ ਸਾਹਿਬ ਵਲੋਂ ਬਜਟ ਪੇਸ਼ ਕੀਤਾ ਗਿਆ ਤਾਂ ਅਖਬਾਰਾਂ ਵਿਚ ਇਸ ਦੇ ਬਾਰੇ ਵਿਚ ਮੋਟੀਆਂ ਸੁਰਖੀਆਂ ਛਪੀਆਂ ਲੋਕਾਂ ਨੇ ਸਮਝਿਆ ਕਿ ਨਵੀਂ ਸਰਕਾਰ ਆਈ ਹੈ ਅਤੇ ਅਵਾਮ ਦੀ ਅਤੇ ਗਰੀਬਾਂ ਦੀਆਂ ਸਮਸਿਆਵਾਂ ਦਾ ਹਲ ਇਸ ਵਿਚ ਹੋਵੇਗਾ ।

[ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ]

ਇਨ੍ਹਾਂ ਵਲੋਂ ਜ਼ਾਰੀ ਕੀਤੀਆਂ ਸਕੀਮਾਂ ਨਾਲ ਸਮੁਚੇ ਪੰਜਾਬ ਦੀ ਤਰੱਕੀ ਹੋਵੇਗਾ ਅਤੇ ਇਸ ਖੁਸ਼ੀ ਨਾਲ ਸਾਰੇ ਪੰਜਾਬ ਵਿਚ ਇਕ ਖੁਸ਼ੀ ਦੀ ਲਹਿਰ ਦੌੜ ਗਈ। ਇਹ ਠੀਕ ਹੈ ਕਿ ਜਿਨੀਆਂ ਸਕੀਮਾਂ ਇਨ੍ਹਾਂ ਨੇ ਪੇਸ਼ ਕੀਤੀਆਂ ਹਨ ਜੇਕਰ ਇਨ੍ਹਾਂ ਨੂੰ ਸਹੀ ਮਹਿਨਿਆਂ ਵਿਚ ਲਾਗੂ ਕੀਤਾ ਜਾਵੇ ਤਾਂ ਤਰੱਕੀ ਹੋ ਸਕਦੀ ਹੈ ਜੇਕਰ ਅਫਸਰ ਉਪਰ ਤੋਂ ਹੇਠਾਂ ਤਕ ਸਖਤੀ ਨਾਲ ਅਮਲ ਕਰਾਨ ਤਾਂ ਜਿੰਨੀਆਂ ਵੀ ਤਰੁਟੀਆਂ ਸਨ ਉਹ ਦੂਰ ਕੀਤੀਆਂ ਜਾ ਸਕਦੀਆਂ ਹਨ। (ਘੰਟੀ)

ਸ੍ਰੀ ਡਿਪਟੀ ਸਪੀਕਰ: ਤੁਸੀਂ ਪੰਜ ਮਿੰਟ ਵਿਚ ਹੀ ਆਪਣੀ ਗੱਲ ਕਹਿ ਲਉ। (Please wind up within five minutes.)

ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ: ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਪਹਿਲੀ ਵੇਰ ਬੋਲਣ ਲਗਾ ਹਾਂ ਇਸ ਲਈ ਮੈਨੂੰ ਵਕਤ ਜ਼ਿਆਦਾ ਦਿੱਤਾ ਜਾਵੇ। ਮੈਂ ਸਭ ਤੋਂ ਪਹਿਲਾਂ ਪਾਣੀ ਦੀ ਸਮਸਿਆ ਨੂੰ ਲੈਂਦਾ ਹਾਂ। ਪਿਛੇ ਕਈ ਸਰਕਾਰਾਂ ਆਈਆਂ ਪਰ ਮੇਰੇ ਇਲਾਕੇ ਦੀ ਪਾਣੀ ਦੀ ਸਮਸਿਆ ਨੂੰ ਹੱਲ ਨਹੀਂ ਕੀਤਾ ਜਾ ਸਕਿਆ। ਪਾਣੀ ਦੇ ਮਾਮਲੇ ਵਿਚ ਜਿੰਨਾਂ ਭਰਿਸ਼ਟਾਚਾਰ ਇਸ ਸਮੇਂ ਹੈ ਅੱਗੇ ਕਦੇ ਵੀ ਨਹੀਂ ਹੋਇਆ ਅਤੇ ਇਸ ਕਾਰਨ ਕਿਸਾਨ ਵਿਚ ਭਾਰੀ ਬੇਚੈਨੀ ਹੈ। ਡਿਪਟੀ ਸਪੀਕਰ ਸਾਹਿਬ, ਨਹਿਰਾਂ ਫੁਲ ਚਲਦੀਆਂ ਹਨ ਪਰ ਇਨ੍ਹਾਂ ਨੂੰ ਕਟ ਲਿਆ ਜਾਂਦਾ ਹੈ ਅਤੇ ਵੱਡੇ ਵੱਡੇ ਆਪਣੀਆਂ ਜ਼ਮੀਨਾਂ ਨੂੰ ਪਾਣੀ ਲਾ ਲੈਂਦੇ ਹਨ ਫਿਰ ਵਾਰਾਬੰਦੀ ਵਿਚ ਹਫਤੇ ਵਿਚ ਵਾਰੀ ਨਹੀਂ ਆਉਂਦੀ ਅਤੇ ਵੱਡੇ ਵੱਡੇ ਜਾਗੀਰਦਾਰ ਅਤੇ ਲੈਂਡਲਾਰਡ ਨਹਿਰ ਦੇ ਮਹਿਕਮੇਂ ਦੇ ਅਫ਼ਸਰਾਂ ਨਾਲ ਮਿਲ ਕੇ ਮੋਘਿਆਂ ਦਾ ਮੂੰਹ ਮੋੜ ਲੈਂਦੇ ਹਨ ਅਤੇ ਕਈ ਵਾਰੀਆਂ ਛੋਟੇ ਕਿਸਾਨ ਦੀਆਂ ਸੁਕੀਆਂ ਹੀ ਲੰਘ ਜਾਂਦੀਆਂ ਹਨ। ਇਹ ਹਾਲ ਹੈ ਜਿਥੇ ਬਾਰਾਂ ਮਹੀਨੇ ਪਾਣੀ ਚਲਦਾ ਹੈ। ਕਿਸਾਨ ਦੀ ਹਾਲਤ ਇਸ ਇਲਾਕੇ ਵਿਚ ਬਹੁਤ ਮਾੜੀ ਹੈ। ਹੁਣ ਇਸ ਸਰਕਾਰ ਪਾਸੋਂ ਆਸ ਕੀਤੀ ਜਾ ਰਹੀ ਹੈ ਕਿ ਇਸ ਗੱਲ ਵਿਚ ਰੋਕ ਪਾਉਣ ਤਾਂ ਪਾਣੀ ਪੂਰਾ ਦਿੱਤਾ ਜਾ ਸਕੇ ਅਤੇ ਇਸ ਗੱਲ ਦਾ ਪੂਰਾ ਇੰਤਜ਼ਾਮ ਕੀਤਾ ਜਾਵੇ ਕਿ ਪਾਣੀ ਮਿਲੇ ਅਤੇ ਜਿਨ੍ਹਾਂ ਅਫ਼ਸਰਾਂ ਨਾਲ ਮਿਲ ਕੇ ਪਾਣੀ ਦੇਣ ਵਿਚ ਹੇਰਾ ਫੇਰੀ ਕੀਤੀ ਜਾਂਦੀ ਹੈ ਉਨ੍ਹਾਂ ਦੇ ਵਿਰੁਧ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। (ਵਿਘਨ) ਇਕ ਪਾਸੇ ਤਾਂ ਵੱਡੇ ਜ਼ਿਮੀਂਦਾਰਾਂ ਨੇ ਜ਼ਮੀਨ ਸਰਪਲਸ ਦਬਾਈ ਹੋਈ ਹੈ ਹੇਰਾਫੇਰੀ ਕਰਕੇ ਅਤੇ ਦੂਜੇ ਪਾਸੇ ਬਾਗਾਂ ਦੇ ਨਾਮ ਤੇ ਅਤੇ ਗੁਡ ਫਾਰਮਿੰਗ ਦੇ ਨਾਮ ਤੇ ਪਾਣੀ ਜ਼ਿਆਦਾ ਲੈ ਜਾਂਦੇ ਹਨ ਅਤੇ ਇਸ ਦੇ ਨਾਲ ਹੀ ਹੇਰਾਫੇਰੀ ਕਰਕੇ ਗਰੀਬ ਕਿਸਾਨ ਦਾ ਪਾਣੀ ਵੀ ਮਾਰ ਲੈਂਦੇ ਹਨ। ਇਸ ਲਈ ਮੈਂ ਸਰਕਾਰ ਪਾਸ ਇਹ ਕਹਾਂਗਾ ਕਿ ਇਸ ਤਰ੍ਹਾਂ ਬਾਗਾਂ ਅਤੇ ਗੁਡ ਫ਼ਾਰਮਿੰਗ ਦੇ ਨਾਮ ਤੇ ਜਿਹੜਾ ਪਾਣੀ ਵਾਧੂ ਦਿੱਤਾ ਜਾ ਰਿਹਾ ਹੈ ਇਸ ਨੂੰ ਮਨਸੂਖ ਕਰ ਦੇਣਾ ਚਾਹੀਦਾ ਹੈ ਤਾਂ ਕਿ ਪਾਣੀ ਪੂਰਾ ਮਿਲ ਸਕੇ ਅਤੇ ਕਿਸਾਨੀ ਤਬਾਹ ਹੋਣ ਤੋਂ ਬਚਾਈ ਜਾ ਸਕੇ।

ਇਕ ਗੱਲ ਬਾਰਡਰ ਦੇ ਇਲਾਕੇ ਦੇ ਸਬੰਧ ਵਿਚ ਕਹਿਣਾ ਚਾਹੁੰਦਾ ਹਾਂ ਉਥੇ ਇਕ ਗੰਭੀਰ ਸਮਸਿਆ ਪੈਦਾ ਹੋ ਗਈ ਹੈ ਕਿ ਰੀਲੀਫ ਅਤੇ ਗਰਾਂਟਾਂ ਨਹੀਂ ਦਿੱਤੀਆਂ ਜਾ ਰਹੀਆਂ। ਜਦ ਅਫ਼ਸਰਾਂ ਪਾਸ ਕਿਹਾ ਗਿਆ ਤਾਂ ਪਤਾ ਇਹ ਲਗਾ ਕਿ ਕੁਝ ਸਟਾਫ ਇਸ ਕੰਮ ਲਈ ਰਖਿਆ ਹੋਇਆ ਸੀ ਜਿਹੜਾ ਹੁਣ ਵਾਪਸ ਚਲਾ ਗਿਆ ਹੈ ਅਤੇ ਇਹ ਕੰਮ ਵਿਚੇ ਹੀ ਰਹਿ ਗਿਆ ਹੈ। ਇਹ ਗਰਾਂਟਾਂ ਟਾਇਮ ਨਾਲ ਜਾਰੀ ਨਹੀਂ

इलाके में मोघे देने चाहिए ता कि पानी की कमी को दूर किया जा सके और किसान पूरी पैदावार कर सके। मैं इरिगेशन मंत्री को रिक्वैस्ट करूंगा कि जहाँ पर महकमे के कर्मचारियों और अफसरों से मिल कर इस तरस पानी काट लिया जाता था और पानी का रुख बदला जाता था उस की जांच हो और जिम्मेवार अफसरों को सजा देना चाहिए और आने वाले पूरे बजट में इस के बारे में पूरा सुझाव दिया जाय ता कि पानी की चोरी को हमेशा के लिए बंद कर दिया जाए। इस के साथ ही यह भी सुझाव दूंगा कि मोघे पक्के कर लिए जाएं तां कि कट ना किए जा सके और लोगों को एतराज न हो और पानी मिल सके।

जहां तक लैंड मारट्गेज बैंकों का संबंध है उस के द्वारा जो कर्जे दिए जाते हैं उन का तरीका अच्छा नहीं और कई तरह की कठनाइयां किसान को उठानी पड़ती हैं। इस कर्जा देने के तरीके को सिम्प्लीफाई कर देना चाहिए ता कि किसान आसानी से कर्जा प्राप्त कर सके।

दूसरी बात मैं पीने के पानी के बारे में करूंगा। हमारे यहां लोग किस तरह से रहते हैं। जिन हरीजनों के पास कोई बैल गाड़ी नहीं होती उनके लिये 7, 8 मील से कैनाल से पानी ला कर पीने में काफी तकलीफ होती है। हमारे इलाके में किस तरह लोग पानी के लिए तरसते हैं जबकि पानी हमारे पास है। दूसरा जिस तरीके से पानी दिया जाता है वह बिल्कुल गलत है। जिस समय पानी की जरूरत होती है उस समय नहीं दिया जाता और जिस समय जरूरत नहीं होती उस समय पानी चलता है।

अब मैं सड़कों के बारे में कुछ कहूंगा। मद में इस तरफ पैसा रखना चाहिए। एक टारगेट फिक्स होना चाहिये कि कितने अरसे में कितनी सड़कें तैयार हो जाएंगी। रिसपांसेबिलटी फिक्स करनी चाहिये। सकीम बनाने से कोई फायदा नहीं। अगर काम P. W. D. के हाथ सौंप दिया जाए और रिसपांसेबिलटी किसी की नहीं तो काम पूरा होने की सम्भावना नहीं। हमारे इलाके में एक सड़क सैंटर की तर्फ से मंजूर हुई थी। मगर अभी तक कुछ ठीक नहीं बनी। वह सड़क हवाई जहाज की तरह ऊपर उठती है। उसकी अलाईनमैंट ठीक नहीं हो पाती। इस किसम की बात आइंदा कम होनी चाहिए।

हमारे इलाके की यह हालत है कि अगर किसी आदमी को सजा देनी हो तो पांच सात मील वहाँ पैदल चला दिया जाए। घर पहुंचने पर उसकी ऐसी दशा होगी जैसे कि कबर में से मुर्दा उठा कर लाया गया हो। तीन तीन फुट गर्द जम जाता है। यह हालत कब तक रहेगी। बजट में इस तरफ कुछ न कुछ रकम रखनी चाहिये।

हरीजनों के लिये हम बहुत कुछ करते हैं। लेकिन मैं समझता हूं कि अभी बहुत कुछ करना बाकी है। तालीम देना बहुत जरूरी है। अगर बच्चों के खाने का बन्दोबस्त सरकार नहीं कर सकती तो जितनी किताबों की उनको जरूरत हो उसका जरूर इन्तजाम किया जाए।

[श्री बलराम]

1000 धर्मशालाओं के मुताल्लिक शर्मा जी ने कहा है। जिस जिस गांव में आप जाएंगे, आप यह महसूस करेंगे कि जब कोई शादी होती है या कोई मेला होता है तो ठहरने के लिये जगह नहीं होती। कृपया करके साल में यह धर्मशालाएं बनवा दी जाएं।

अब रह गई किसानों की बात। बड़े किसान तो केवल एक या दो प्रतिशत होंगे। जिस ऐरिये से मैं तुअल्लक रखता हूं उसके आंकड़े मैं बताता हूं। अबोहर और फाजिलका के लोग नर्मे की 2 लाख गांठ पैदा करते हैं। 200 से 250 रुपये कुइंटिल काटन का भाव था जो कि आज 175 रुपए रह गया है। 100 रुपये का फर्क निकलता है। इन 2 लाख गांठों में से कम से कम 5 करोड़ रुपये का लोगों को नुकसान हुआ है। मेरे पास आंकड़े मौजूद हैं जो मैं सदन के सामने पेश करता हूं। इस के हिसाब से 225 रुपये कुइंटिल से खर्च बनता है इस लिए 250 रुपये सपोर्ट प्राईस होनी चाहिए। जिससे इन्सान जिन्दा रह सके।

आप खाते देखिए, कोआपरेटिव सोसाईटियां, कोआपरेटिव बैंक या प्राइवेट बैंकर्ज, मर्चेंटस के खाते देखिए तो पता लगेगा कि किसान कितना कर्जे के नीचे दबा हुआ है। आप प्रासपेरिटी की बात करते हैं लेकिन यह नहीं देखते कि उनकी हालत क्या है। अगर पंजाब ने तरक्की करनी है तो रूरल ईकानोमी को जरूर ऊंचा उठाना पड़ेगा। इस को भुलाया नहीं जा सकता। सोशलिज़म के नाम से क्या होगा। यह बात नहीं कि भाव कम नहीं करने चाहिए। कनज्युमर को ठीक प्राईस पर चीज़ मिले पर इस का मतलब यह नहीं कि किसान का गला काट दें।

हमारे हलके में जिस तरीके से पानी पहुंचता है उसका हल मौजूद है। खरीफ की फसल कितनी होती है और रबी की फसल कितनी होती है। 50 प्रतिशत को तो पानी मिलता ही नहीं। एक पानी मिला, बीज डाल दिया। पैसा खर्च किया। लेकिन पकने का सवाल ही पैदा नहीं होता।

एक शाही कमिशन गया था यह देखने के लिए कि क्या इस इलाके के लोगों के साथ ज्यादती होती है? लेकिन जिस तरीके से लोगों की आंखों में धूल झोंकी गई उसका कोई अन्दाजा नहीं। उन्होंने आंकड़े पेश कर दिये थे कि 10000 ऐकड़ काशत हुई इतनी नर्मा और कनक की काशत हुई। लेकिन यह नहीं बताया गया कि फसल पक्की तक नहीं। तीन साल में एक साल उसकी फसल तबाह हो जाती है और कुछ बचा नहीं सकता। एक साल की सटे से तीन साल पैरों पर खड़ा नहीं हो सकता।

फिर झक्कड़, आंधी, तूफान आ जाते हैं ओले बरसते हैं। किसान यह सब कुछ सहन नहीं कर पाता। यह किसान ही है जिसके इर्द गिर्द सब कुछ घूमता है। 10 साल या 15 साल के बाद हमें हर मीनज़ आफ प्रोडक्शन को नैशनलाईज़ करना पड़ेगा। इस बहाव को

ਕੀਤੀਆਂ ਜ਼ਾ ਰਹੀਆਂ ਜਿਸ ਕਾਰਨ ਬਾਰਡਰ ਦੇ ਲੋਕਾਂ ਨੂੰ ਭਾਰੀ ਔਖਿਆਈ ਪੈਦਾ ਹੋ ਗਈ ਹੈ। ਇਸ ਮਹਿਕਮੇ ਵਿਚ ਜਿਹੜਾ ਭ੍ਰਿਸ਼ਟਾਚਾਰ ਹੈ ਇਸ ਨੂੰ ਖਤਮ ਕਰਨਾ ਚਾਹੀਦਾ ਹੈ। (ਵਿਘਨ)

12-04 P. M. | (ਇਸ ਸਮੇਂ ਸਪੀਕਰ ਸਾਹਿਬ ਨੇ ਕੁਰਸੀ ਸੰਭਾਲੀ)

Mr. Speaker : Please wind up.

ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ : ਸਪੀਕਰ ਸਾਹਿਬ, ਮੈਂ ਖਤਮ ਹੀ ਕਰਨ ਲਗਾ ਹਾਂ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਗਰਾਂਟਾਂ ਜਿਹੜੀਆਂ ਨਹੀਂ ਦਿੱਤੀਆਂ ਜਾ ਰਹੀਆਂ ਇਨ੍ਹਾਂ ਦੇ ਬਾਰੇ ਵਿਚ ਤਹਿਕੀਕਾਤ ਕੀਤੀ ਜਾਣੀ ਚਾਹੀਦੀ ਹੈ ਅਤੇ ਜੇਕਰ ਉਥੇ ਸਟਾਫ ਦੀ ਕਮੀ ਹੈ ਜਾਂ ਕੋਈ ਹੋਰ ਕਾਰਨ ਹੈ ਉਸ ਨੂੰ ਦੂਰ ਕਰਕੇ ਜਲਦੀ ਤੋਂ ਜਲਦੀ ਗਰਾਂਟਾਂ ਅਤੇ ਰੀਲੀਫ ਦੇਣ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ। ਇਸ ਦੇ ਨਾਲ ਹੀ ਜਿਹੜੇ ਸਵੀਲੀਅਨ ਉਥੇ ਸ਼ਹੀਦ ਹੋਏ ਹਨ ਉਨ੍ਹਾਂ ਦੇ ਲਵਾਕੀਨ ਨੂੰ ਪੈਨਸ਼ਨਾਂ ਦੇਣ ਦੇ ਬਾਰੇ ਵਿਚ ਵੀ ਅਟਕਾ ਪਿਆ ਹੋਇਆ ਹੈ। ਇਕ ਤਾਂ ਸ਼ਹੀਦ ਹੋਏ ਅਤੇ ਫਿਰ ਪਿੰਡਾਂ ਨੂੰ ਫੌਜੀ ਕਾਰਵਾਈ ਕਾਰਨ ਉਜੜਨਾ ਪਿਆ ਤੇ ਫਿਰ ਉਨ੍ਹਾਂ ਨੂੰ ਰੀਲੀਫ ਅਤੇ ਗਰਾਂਟਾਂ ਨਹੀਂ ਦਿੱਤੀਆਂ ਜਾ ਰਹੀਆਂ, ਇਸ ਗੱਲ ਦਾ ਛੇਤੀ ਤੋਂ ਪ੍ਰਬੰਧ ਕਰਨਾ ਚਾਹੀਦਾ ਹੈ। ਕਿਉਂਕਿ ਉਨ੍ਹਾਂ ਨੂੰ ਗਰਾਂਟਾਂ ਦੇਣ ਵਿਚ ਦੇਰੀ, ਉਨ੍ਹਾਂ ਨਾਲ ਬੇਇਨਸਾਫੀ ਹੈ (ਘੰਟੀ)

Mr. Speaker : Please resume your seat.

ਵਿੱਤ ਮੰਤਰੀ : ਸਪੀਕਰ ਸਾਹਿਬ, ਅਪਰੋਪਰੀਏਸ਼ਨ ਬਿਲ ਦੇ ਬਾਰੇ ਵਿਚ ਮਾਨਯੋਗ ਮੈਂਬਰ ਸਾਹਿਬਾਨ ਨੇ ਡਿਸਕਸ਼ਨ ਕੀਤੀ ਹੈ ਉਨ੍ਹਾਂ ਨੇ ਕੁਝ ਸੁਝਾਵ ਵੀ ਦਿਤੇ ਹਨ, ਮੈਂ ਕੁਝ ਗੱਲਾਂ ਦਾ ਜ਼ਿਕਰ ਤੁਹਾਡੀ ਵਸਾਤਤ ਨਾਲ ਕਰਨਾ ਚਾਹੁੰਦਾ ਹਾਂ।

ਇਥੇ ਟੈਕਸ ਦੇ ਬਾਰੇ ਵਿਚ ਗੱਲ ਕੀਤੀ ਗਈ ਹੈ। ਦਰਅਸਲ ਟੈਕਸ ਦਾ ਨਾ ਲਗਾਣਾ ਇਕ ਆਪਣੀ ਅਹਮੀਅਤ ਦੀ ਗੱਲ ਹੈ। ਮੇਰਾ ਖਿਆਲ ਹੈ ਕੁਝ ਮੈਂਬਰ ਇਸ ਗੱਲ ਦੀ ਮਹੱਤਤਾ ਨੂੰ ਚੰਗੀ ਤਰ੍ਹਾਂ ਨਾਲ ਨਹੀਂ ਸਮਝ ਸਕੇ। ਗੱਲ ਇਹ ਹੈ ਕਿ ਟੈਕਸ ਇਸ ਲਈ ਕੋਈ ਨਹੀਂ ਲਗਾਇਆ ਗਿਆ ਤਾਂ ਕਿ ਅਸੀਂ ਬਚਤ ਕਰ ਸਕੀਏ ਅਤੇ ਜ਼ਿਆਦਾ ਤੋਂ ਜ਼ਿਆਦਾ ਰੀਸੋਰਸਿਜ਼ ਦੇਖ ਸਕੀਏ ਅਤੇ ਜੁਟਾ ਸਕੀਏ ਅਤੇ ਸਾਰੇ ਸਾਧਨ ਵੇਖ ਕੇ ਇਸ ਸਰਕਾਰ ਦੀ ਖਾਹਿਸ਼ ਹੈ ਕਿ ਘੱਟ ਤੋਂ ਘੱਟ ਬੋਝ ਪੰਜਾਬ ਦੀ ਜਨਤਾ ਤੇ ਪਾਇਆ ਜਾਵੇ। ਇਹੋ ਹੀ ਮੁਖ ਮਨੋਰਥ ਇਸ ਸਰਕਾਰ ਦਾ ਹੈ ਜਿਸ ਕਾਰਨ ਕਰਕੇ ਕੋਈ ਨਵਾਂ ਟੈਕਸ ਨਹੀਂ ਲਗਾਇਆ ਗਿਆ। ਟੈਕਸ ਦੀ ਚੋਰੀ ਅਤੇ ਟੈਕਸ ਦੀ ਸਿੰਪਲੀਫਿਕੇਸ਼ਨ ਦਾ ਜਿਥੇ ਤਕ ਸਬੰਧ ਹੈ, ਮੈਂ ਇਸ ਦਾ ਜ਼ਿਕਰ ਆਪਣੀ ਬਜਟ ਸਪੀਚ ਵਿਚ ਵੀ ਕੀਤਾ ਸੀ ਕਿ ਇਸ ਸਰਕਾਰ ਨੇ ਇਸ ਟੈਕਸ ਦੀ ਚੋਰੀ ਨੂੰ ਰੋਕਣਾ ਹੈ ਅਤੇ ਟੈਕਸਾਂ ਨੂੰ ਸਿੰਪਲੀਫਾਈ ਕਰਨਾ ਹੈ। ਇਸ ਦੇ ਨਾਲ ਹੀ ਜਿਹੜਾ ਇਨਸਪੈਕਟੋਰੇਟ ਸਿਸਟਮ ਹੈ, ਇਸ ਨੂੰ ਇਸ ਸਰਕਾਰ ਨੇ ਰੈਸ਼ਨੇਲਾਇਜ਼ ਵੀ ਕਰਨਾ ਹੈ। ਇਹ ਇਸ ਕਿਸਮ ਦੇ ਸਟੈਪਸ ਹਨ ਜਿਨ੍ਹਾਂ ਕਾਰਨ ਸਾਧਨ ਮਿਲ ਜਾਣਗੇ। ਇਸ ਪੱਖ ਵਿਚ ਕੁਝ ਤਜਵੀਜ਼ਾਂ ਵਪਾਰੀਆਂ ਵਲੋਂ, ਟ੍ਰੇਡਰਜ਼ ਵਲੋਂ ਆਈਆਂ ਹਨ ਅਤੇ ਉਨ੍ਹਾਂ ਦੀਆਂ ਕੁਝ ਤਕਲੀਫਾਂ ਵੀ ਹਨ ਉਨ੍ਹਾਂ ਨੂੰ ਅਸੀਂ ਦੂਰ ਕਰਨਾ ਹੈ ਅਤੇ ਜਿਹੜੀਆਂ ਖਾਮੀਆਂ ਹਨ ਟੈਕਸ ਕੁਲੈਕਸ਼ਨ ਵਿੱਚ ਉਨ੍ਹਾਂ ਨੂੰ ਦੂਰ ਕਰਨਾ ਹੈ।

[ਵਿੱਤ ਮੰਤਰੀ]

ਇਸ ਦੇ ਨਾਲ ਹੀ, ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਜਿਹੜਾ ਅਸੀਂ ਪਲਾਨ ਦਾ ਬਜਟ ਰਖਿਆ ਹੈ ਇਸ ਵਿਚ 76 ਕਰੋੜ ਤੋਂ ਵਧਾ ਕੇ 86 . 75 ਕਰੋੜ ਕਰ ਦਿਤਾ ਹੈ। ਇਹ ਵਾਧਾ ਇਸ ਲਈ ਕੀਤਾ ਗਿਆ ਹੈ ਕਿ ਪੰਜਾਬ ਵਿਚ ਵੈਲਫੇਅਰ ਸਕੀਮਾਂ, ਐਜੂਕੇਸ਼ਨ ਆਦਿ ਸਕੀਮਾਂ ਤੇ ਖਰਚ ਕੀਤਾ ਜਾ ਸਕੇ। ਇਸ ਵਿਚ ਕੇਂਦਰ ਸਰਕਾਰ ਨੂੰ ਵੀ ਮਨਾਇਆ ਹੈ ਅਤੇ ਕਿਹਾ ਹੈ ਕਿ 76 ਕਰੋੜ ਨਾਲ ਅਸਾਡਾ ਗੁਜ਼ਾਰਾ ਨਹੀਂ ਹੋਣਾ, ਇਸ ਲਈ ਇਸ ਨੂੰ ਵਧਾ ਕੇ 86 . 75 ਕਰੋੜ ਕਰ ਦਿਤਾ ਗਿਆ ਹੈ ਜਿਹੜਾ ਕਿ ਇਸ ਸਾਲ ਅਸੀਂ ਖਰਚ ਕਰਨਾ ਹੈ। (ਪ੍ਰਸ਼ੰਸਾ)

ਇਥੇ ਘਾਟੇ ਦਾ ਜ਼ਿਕਰ ਕੀਤਾ ਗਿਆ ਹੈ ਇਹ ਜਿਹੜਾ ਘਾਟਾ ਇਨ੍ਹਾਂ ਨੂੰ ਨਜ਼ਰ ਆਉਂਦਾ ਹੈ ਇਹ ਕੇਵਲ ਪੰਜਾਬ ਵਿਚ ਹੀ ਨਹੀਂ ਬਾਕੀ ਦੇ ਕਈ ਰਾਜਾਂ ਵਿਚ ਵੀ ਘਾਟੇ ਦਾ ਬਜਟ ਪੇਸ਼ ਕੀਤਾ ਗਿਆ ਹੈ; ਆਂਧਰਾ ਵਿਚ 38 ਕਰੋੜ ਦਾ ਘਾਟਾ, ਬਿਹਾਰ ਵਿਚ 33 ਕਰੋੜ, ਪਛਮੀ ਬੰਗਾਲ ਵਿਚ 5 . 45 ਕਰੋੜ, ਹਰਿਆਣਾ ਵਿਚ 15 . 22 ਕਰੋੜ ਦਾ ਘਾਟਾ ਵਿਖਾਇਆ ਗਿਆ ਹੈ ਜਿਸ ਲਈ ਡੈਫਿਸ਼ਿਟ ਬਜਟ ਵੇਖ ਕੇ ਘਬਰਾਣ ਦੀ ਕੋਈ ਲੋੜ ਨਹੀਂ ਘਾਟਾ। ਪੂਰਾ ਕਰ ਲਿਆ ਜਾਵੇਗਾ ਅਤੇ ਗਰੀਬਾਂ ਤੇ ਬੋਝ ਨਹੀਂ ਪਾਇਆ ਜਾਵੇਗਾ। ਜੇਕਰ ਪਾਇਆ ਵੀ ਗਿਆ ਤਾਂ ਉਨ੍ਹਾਂ ਤੇ ਬੋਝ ਪਾਵਾਂਗੇ ਜੋ ਪੇ ਕਰ ਸਕਦੇ ਹੋਣ।

ਇਸ ਗੱਲ ਵਲ ਵੀ ਧਿਆਨ ਦਿਵਾਇਆ ਗਿਆ ਹੈ ਕਿ ਜਿਹੜੀ ਇਵੈਕਯੂਈ ਜ਼ਮੀਨ ਖਰੀਦੀ ਗਈ ਹੈ, ਉਹ ਸਹੀ ਢੰਗ ਨਾਲ ਨਹੀਂ ਦਿੱਤੀ ਗਈ। ਇਸ ਦੇ ਬਾਰੇ ਵਿਚ ਹਰੀਜਨ ਦੋਸਤਾਂ ਨੇ ਬਹੁਤ ਚਰਚਾ ਕੀਤਾ ਹੈ।

ਸਪੀਕਰ ਸਾਹਿਬ, ਮੈਂ ਚੀਫ ਮਨਿਸਟਰ ਸਾਹਿਬ ਦੀ ਮਨਜ਼ੂਰੀ ਨਾਲ ਹਾਊਸ ਵਿਚ ਐਲਾਨ ਕਰਨ ਤੇ ਖੁਸ਼ੀ ਮਹਿਸੂਸ ਕਰਦਾ ਹਾਂ ਕਿ ਜਿਹੜੀਆਂ ਸ਼ਕਾਇਤਾਂ ਹਾਊਸ ਵਿਚ ਮੇਰੇ ਹਰੀਜਨ ਦੋਸਤਾਂ ਨੇ ਕੀਤੀਆਂ ਹਨ ਉਨ੍ਹਾਂ ਦੀ ਪੜਤਾਲ ਕਰਨ ਵਾਸਤੇ ਇਕ ਕਮੇਟੀ ਮੁਕੱਰਰ ਕੀਤੀ ਜਾਵੇਗੀ। ਜਿਨ੍ਹਾਂ ਲੋਕਾਂ ਨੇ ਇਨਫਲੂਐਂਸ ਨਾਲ ਜ਼ਬਰਦਸਤੀ ਕਬਜ਼ੇ ਕੀਤੇ ਹਨ ਉਨ੍ਹਾਂ ਦੀ ਪੜਤਾਲ ਕਰਾਈ ਜਾਵੇਗੀ ਅਤੇ ਉਹ ਜ਼ਮੀਨਾਂ ਹਰੀਜਨ ਨੂੰ ਵਾਪਸ ਦਿਲਾਈਆਂ ਜਾਣਗੀਆਂ। ਇਸ ਕਮੇਟੀ ਵਿਚ ਲੀਡਰ ਆਫ ਅਪੋਜ਼ੀਸ਼ਨ ਦੇ ਨੁਮਾਇੰਦੇ, ਸੀ. ਪੀ. ਆਈ. ਦੇ ਨੁਮਾਇੰਦੇ ਅਤੇ ਇਸ ਪਾਰਟੀ ਦੇ ਨੁਮਾਇੰਦੇ ਵੀ ਹੋਣਗੇ। ਇਸ ਸਾਰੀ ਗੱਲ ਦੀ ਇਹ ਕਮੇਟੀ ਪੜਤਾਲ ਕਰੇਗੀ ਕਿ ਕਿਵੇਂ ਜ਼ਮੀਨ ਖੁਰਦ-ਬੁਰਦ ਕੀਤੀ ਗਈ (ਤਾੜੀਆਂ) ਮੈਂਬਰਾਂ ਦੀ ਤਸੱਲੀ ਲਈ ਮੈਂ ਇਹ ਵੀ ਕਹਿ ਦੇਣਾ ਚਾਹੁੰਦਾ ਹਾਂ ਕਿ ਇਹ ਕਮੇਟੀ ਬਹੁਤ ਜਲਦ ਮੁਕੱਰਰ ਕੀਤੀ ਜਾਵੇਗੀ।

ਇਸ ਗੱਲ ਦਾ ਜ਼ਿਕਰ ਕੈਨੇਡੀਅਨ ਸਾਹਿਬ ਨੇ ਖਾਸ ਤੌਰ ਤੇ ਵਾਂਚੂ ਕਮਿਸ਼ਨ ਦੇ ਮੁਤਾਲਿਕ ਕੀਤਾ ਸੀ। ਸਰਕਾਰ ਟੈਕਸ ਦੇ ਬਾਰੇ ਖਾਸ ਤੌਰ ਤੇ ਮੁਹਤਾਤ ਹੈ। ਸਰਕਾਰ ਦੀ ਭਾਵਨਾਂ ਇਹ ਹੈ ਕਿ ਲੋਕਾਂ ਤੇ ਟੈਕਸਾਂ ਦਾ ਬੋਝ ਨਾ ਪਵੇ, ਇਹ ਵਜਾਹ ਹੈ ਕਿ ਅਸੀਂ ਟੋਟਲ ਆਊਟ ਲੇ ਪਲੇਨ ਬੜ੍ਹਾ ਕੇ 293 ਕਰੋੜ ਤੋਂ 355 ਕਰੋੜ ਕਰ ਦਿੱਤਾ ਹੈ। ਇਥੇ ਪੰਜਾਬ ਦੇ ਛੇਵੇਂ ਕਮਿਸ਼ਨ ਦੇ ਮੁਤਾਲਿਕ ਵੀ ਜ਼ਿਕਰ ਆਇਆ, ਮੈਂ ਇਸ ਬਾਰੇ ਅਰਜ਼ ਕਰਾਂ ਕਿ ਇਸ ਵਿਚ ਸਰਕਾਰ ਦਾ ਕੋਈ ਹੱਥ ਨਹੀਂ, ਇਹ ਸਾਰੀ ਕਾਰਵਾਈ ਇਕ ਰੂਲ ਦੇ ਤਹਿਤ ਹੁੰਦੀ ਹੈ। ਏਥੋਂ ਤੱਕ ਕਿ ਸਰਦਾਰ ਪ੍ਰਤਾਪ ਸਿੰਘ ਕੈਰੋਂ ਦੇ ਖਿਲਾਫ ਇਕ

ਕਮਿਸ਼ਨ ਬਣਿਆ, ਅਕਾਲੀ ਵਜ਼ੀਰਾਂ ਦੀ ਇਨਕੁਆਇਰੀ ਦੇ ਮੁਤਾਲਿਕ ਵੀ ਇਹ ਕਮਿਸ਼ਨ ਮੁਕੱਰਰ ਕੀਤਾ ਗਿਆ ਹੈ । । ਸਰਕਾਰ ਨੇ ਇਹ ਪਾਲਿਸੀ ਡੀਸਾਈਡ ਨਹੀਂ ਕੀਤੀ, ਇਹ ਸੈਂਟਰ ਦੀ ਹੈ । ਹਾਂ ਜੇ ਕਿਸੇ ਸਬੂਤ ਦੀ ਲੋੜ ਹੋਵੇਗੀ ਕਿਸੇ ਕਾਗਜ਼ ਪੱਤਰ ਦੀ ਜ਼ਰੂਰਤ ਹੋਵੇਗੀ, ਅਸੀਂ ਦੇਵਾਂਗੇ । ਫਾਈਲਾਂ ਦੀ ਲੋੜ ਹੋਵੇਗੀ ਅਸੀਂ ਦੇਵਾਂਗੇ । ਇਹ ਕੋਈ ਨਵੀਂ ਗੱਲ ਨਹੀਂ ਕਮਿਸ਼ਨ ਬਣਦੇ ਆਏ ਹਨ, ਕੁਰੱਪਸਨ ਦੇ ਮੁਤਾਲਿਕ ਇਨਕੁਆਰੀਆਂ ਹੋਈਆਂ ਹਨ, ਜਿਹੜੇ ਅਪੋਜ਼ੀਸ਼ਨ ਵਿਚ ਬੈਠੇ ਹਨ ਜੇਕਰ ਉਨ੍ਹਾਂ ਦੇ ਖਿਲਾਫ ਵੀ ਜੇ ਕੋਈ ਇਲਜ਼ਾਮ ਤਰਾਸ਼ੀ ਹੋਵੇ ਅਤੇ ਉਸ ਲਈ ਕੋਈ ਕਮਿਸ਼ਨ ਬਣੇ ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਵੈਲਕਮ ਕਰਨਾ ਚਾਹੀਦਾ ਹੈ । ਇਕ ਹੋਰ ਚੀਜ਼ ਵੱਲ ਵੀ ਮੈਂ ਆਪਦਾ ਧਿਆਨ ਦਵਾਉਣਾ ਚਾਹੁੰਦਾ ਹਾਂ ਉਹ ਕਿ ਸਰਵਿਸਿਜ਼ ਦੇ ਵਿਚ ਹਰੀਜਨਾਂ ਦੀ ਨੁਮਾਇੰਦਗੀ ਸਰਕਾਰ ਨੇ 22% ਮੁਕੱਰਰ ਕੀਤੀ ਸੀ । ਇਹ ਗੱਲ ਮੈਂ ਮੰਨਦਾ ਹਾਂ ਕਿ ਉਹ ਨੁਮਾਇੰਦਗੀ ਅਜੇ ਤੱਕ ਪੂਰੀ ਨਹੀਂ ਮਿਲੀ, ਸਾਡੀ ਸਰਕਾਰ ਇਹ ਨੁਮਾਇੰਦਗੀ ਪੂਰੀ ਕਰਨ ਲਈ ਜਿਨੇ ਵੱਧ ਤੋਂ ਵੱਧ ਹਰੀਜਨ ਮਿਲਣਗੇ ਉਨ੍ਹਾਂ ਨੂੰ ਲਾਵੇਗੀ, ਇਸ ਪਾਸੇ ਸਰਕਾਰ ਕੋਈ ਵੀ ਕੋਤਾਹੀ ਨਹੀਂ ਕਰੇਗੀ । ਪੰਜਾਬ ਦੀ ਜਨਤਾ ਨੇ ਉਨ੍ਹਾਂ ਲੋਕਾਂ ਨੂੰ ਹੁਣ ਖਤਮ ਕਰ ਦਿੱਤਾ ਹੈ ਜਿਹੜੇ ਹਰੀਜਨਾਂ ਨਾਲ ਵਿਤਕਰਾ ਕਰਦੇ ਸੀ ।

ਇਕ ਗੱਲ ਇਥੇ ਕੁਝ ਮੈਂਬਰਾਂ ਨੇ ਕਹੀ ਹੈ ਕਿ ਇਥੇ ਪੰਜਾਬੀ ਬੋਲੀ ਵਿਚ ਗੱਲ ਬਾਤ ਕੀਤੀ ਜਾਵੇ, ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਆਪਣੀ ਬਜਟ ਸਪੀਚ ਪੰਜਾਬੀ ਦੇ ਵਿਚ ਪੜ੍ਹੀ । ਇਸੇ ਤਰ੍ਹਾਂ ਪੰਜਾਬ ਸਰਕਾਰ ਨੇ ਜੋ ਨੀਤੀ ਪੰਜਾਬੀ ਦੇ ਮੁਤਾਲਿਕ ਅਪਣਾਈ ਹੈ ਅਸੀਂ ਵੀ ਉਸ ਨੂੰ ਪੂਰਾ ਕਰਾਂਗੇ । ਪੰਜਾਬੀ ਇਸ ਰਾਜ ਦੀ ਬੋਲੀ ਹੈ ਅਸੀਂ ਚਾਹੁੰਦੇ ਹਾਂ ਕਿ ਪੰਜਾਬੀ ਨੂੰ ਜ਼ਿਆਦਾ ਤੋਂ ਜ਼ਿਆਦਾ ਤਰੱਕੀ ਦਿੱਤੀ ਜਾਵੇ । ਜਿੱਥੋਂ ਤਕ ਹਿੰਦੀ ਦਾ ਸਬੰਧ ਹੈ ਹਿੰਦੀ ਨੈਸ਼ਨਲ ਲੈਂਗੁਏਜ਼ ਹੈ, ਇਹ ਸਾਡੀ ਲਿੰਕ ਲੈਂਗੁਏਜ਼ ਹੈ ਅਸੀਂ ਪੰਜਾਬੀਆਂ ਨੂੰ ਹਿੰਦੀ ਤੋਂ ਵੀ ਦੂਰ ਨਹੀਂ ਰਖਣਾ ਚਾਹੁੰਦੇ ਕਿਉਂ ਜੋ ਪੰਜਾਬੀਆਂ ਨੇ ਸੈਂਟਰਲ ਸਰਵਿਸਿਜ਼ ਵਿਚ ਵੀ ਹਿੱਸਾ ਲੈਣਾ ਹੈ । ਆਈ. ਏ. ਐਸ. ਸਰਵਿਸਿਜ਼ ਹਨ ਹੋਰ ਵੱਡੇ ਵੱਡੇ ਅਹੁਦੇ ਹਨ ਅਸੀਂ ਕਿਸੇ ਤਰ੍ਹਾਂ ਵੀ ਪੰਜਾਬੀਆਂ ਨੂੰ ਹਿੰਦੀ ਖੇਤਰ ਦੇ ਵਿਚ ਦੂਸਰੀਆਂ ਸਟੇਟਾਂ ਦੀ ਨਿਸਬਤ ਪਿਛੇ ਨਹੀਂ ਵੇਖਣਾ ਚਾਹੁੰਦੇ । ਮੈਂ ਉਨ੍ਹਾਂ ਮੈਂਬਰ ਸਾਹਿਬਾਨ ਨੂੰ ਇਹ ਗੱਲ ਯਾਦ ਕਰਾਉਣੀ ਚਾਹੁੰਦਾ ਹਾਂ ਕਿ ਜਦੋਂ ਸਰਦਾਰ ਲਛਮਣ ਸਿੰਘ ਗਿੱਲ ਨੇ ਪੰਜਾਬੀ ਰਾਜ ਸ਼ਾਸ਼ਨ ਲਈ ਅਪਨਾਉਣ ਲਈ ਕਿਹਾ ਸੀ ਤਾਂ ਇਹੀ ਲੋਕ ਪਿਛੇ ਖੜੋਤੇ ਸੀ (ਵਿਘਨ) ਸਪੀਕਰ ਸਾਹਿਬ ਤੁਹਾਨੂੰ ਤਾਂ ਸਾਰੀ ਸਪੀਚ ਹੀ ਯਾਦ ਹੋਣੀ ਹੈ, ਜੋ ਕੁਝ ਇਹ ਦੋਸਤ ਕਹਿੰਦੇ ਹੁੰਦੇ ਸੀ । ਇਨ੍ਹਾਂ ਦੋਸਤਾਂ ਦੀ ਤਾਂ ਆਦਤ ਹੀ ਹੈ ਪਹਿਲਾਂ ਕਿਸੇ ਨੂੰ ਅੱਗੇ ਕਰਦੇ ਹਨ ਫੇਰ ਉਸ ਦੀਆਂ ਲੱਤਾਂ ਖਿੱਚਦੇ ਹਨ । ਇਨ੍ਹਾਂ ਨੇ ਸਰਦਾਰ ਪਰਤਾਪ ਸਿੰਘ ਨਾਲ ਇਹੋ ਕੁਝ ਕੀਤਾ, ਲਛਮਣ ਸਿੰਘ ਗਿੱਲ ਨਾਲ ਵੀ ਇਹੋ ਕੁਝ ਕੀਤਾ, ਇਸੇ ਤਰ੍ਹਾਂ ਗੁਰਨਾਮ ਸਿੰਘ ਦਾ ਹਾਲ ਕੀਤਾ, ਸਪੀਕਰ ਸਾਹਿਬ ਇਹ ਸਾਰੀਆਂ ਗੱਲਾਂ ਤੁਹਾਡੇ ਸਾਹਮਣੇ ਹੀ ਹਨ । ਮੈਂ ਇਹ ਗੱਲ ਫਖਰ ਨਾਲ ਕਹਿ ਸਕਦਾ ਹਾਂ ਕਿ ਜਿੱਥੋਂ ਤੱਕ ਪੰਜਾਬੀ ਜ਼ਬਾਨ ਦਾ ਤੁਅੱਲਕ ਹੈ, ਗਿਆਨੀ ਜ਼ੈਲ ਸਿੰਘ ਦੀ ਸਰਕਾਰ ਪੰਜਾਬੀ ਨਾਲ ਕੋਈ ਵਿਤਕਰਾ ਨਹੀਂ ਕਰੇਗੀ । ਇਹ ਸਰਕਾਰ ਪੰਜਾਬੀ ਨੂੰ ਰਾਜ ਸ਼ਾਸ਼ਨ ਤੇ ਬਠਾਉਣ ਵਾਲੀ ਹੈ, ਨਾਲ ਹੀ ਸਰਕਾਰ ਦੀ ਇਹ ਵੀ ਨੀਤੀ ਹੈ ਕਿ ਹਿੰਦੀ ਨੂੰ ਵੀ ਉਹ ਪੰਜਾਬੀਆਂ ਤੋਂ ਦੂਰ ਨਹੀਂ ਲੈ ਜਾਵੇਗੀ, ਕਿਉਂ ਜੋ ਇਹ ਸਰਕਾਰ ਨਹੀਂ ਚਾਹੁੰਦੀ ਕਿ ਪੰਜਾਬੀਆਂ ਦਾ ਕੋਈ ਨੁਕਸਾਨ ਹੋਵੇ, ਭਾਵੇਂ ਉਹ ਕਿਤੇ ਵੀ ਕਿਉਂ ਨਾ ਹੋਣ । ਅੰਤ ਵਿਚ ਸਪੀਕਰ ਸਾਹਿਬ ਮੈਂ ਤੁਹਾਡੀ ਅਜਾਜ਼ਤ ਨਾਲ ਮੂਵ ਕਰਦਾ ਹਾਂ ਕਿ ਇਹ ਬਿਲ ਪਾਸ ਕਰ ਦਿਤਾ ਜਾਵੇ ।

Mr. Speaker : Now the guillotine is applied.

Mr Speaker : Question is :

That the Punjab Appropriation (Vote-on-Account) Bill be taken into consideration at once.

The motion was carried.

Clause 2.

Mr. Speaker : Question is—

That Clause 2 stand part of the Bill.

The motion was carried.

Clause 3.

Mr. Speaker : Question is

That Clause 8 stand part of the Bill.

The Motion was carried.

SCHEDULE.

Mr. Speaker : Question is

That the Schedule stand part of the Bill.

The motion was carried.

Clause 1.

Mr. Speaker : Question is

That Clause 1 stand part of the Bill.

The motion was carried.

TITLE

Mr. Speaker : Question is

That the title be the Title of the Bill.

The motion was carried.

Mr. Speaker : Question is

That the Punjab Appropriation (Vote-on-Account) Bill be passed.

The motion was carried.

Mr. Speaker : The House stands adjourned till 2.30 P. M. today, the 29th March, 1972.

12.13 p.m *(The Sabha then adjourned till 2.30 P. M. the 2·th March, 1972.)*

"C" 1973

Published under the authority of the Punjab Vidhan Sabha. and Printed by the SANATAN DHARAM PRESS, MANIMAJRA *Chandigarh for the Controller of Printing & Stationery, Pb., Patiala*

6

Punjab Vidhan Sabha Debates

29th March, 1972

(Afternoon Sitting)

Vol. I—No. 6

OFFICIAL REPORT

CONTENTS

Wednesday, the 29th March, 1972

(*Afternoon Sitting*)

Punjab Vidhan Sabha Secretariat, Chandigarh.

Price Rs. : 18.00

The
Sector-1,
Darbara

TH

M
the Pu

PUNJAB VIDHAN SABHA

Wednesday, the 29th March, 1972

(Afternoon Sitting)

The Vidhan Sabha met in the Punjab Vidhan Sabha Hall, Vidhan Bhavan Sector-1, Chandigarh, at 2-30 P.M. of the Clock. Mr. Speaker (Sardar Darbara Singh) in the Chair.

THE PUNJAB APPROPRIATION BILL, 1972

Minister for Finance (Shri Hans Raj Sharma) : Sir, I beg to introduce the Punjab Appropriation Bill, 1972.

Minister for Finance (Shri Hans Raj Sharma) : Sir, I beg to move:—

That the Punjab Appropriation Bill, 1972 be taken into consideration at once.

Mr. Speaker : Motion moved—

That the Punjab Appropriation Bill, 1972 be taken into consideration at once.

ਸਰਦਾਰ ਜਸਵਿੰਦਰ ਸਿੰਘ ਬਰਾੜ (ਕੋਟ ਕਪੂਰਾ) : ਸਪੀਕਰ ਸਾਹਿਬ, (ਥੰਪਿੰਗ) ਮੈਂ ਇਹ ਮਹਿਸੂਸ ਕਰਦਾ ਹਾਂ ਕਿ ਇਹ ਜੋ ਬਿਲ ਅੱਜ ਇਸ ਹਾਊਸ ਵਿਚ ਪੇਸ਼ ਕੀਤਾ ਗਿਆ ਹੈ ਅਤੇ ਪਾਸ ਕਰਨ ਨੂੰ ਕਿਹਾ ਗਿਆ ਹੈ, ਇਸ ਵਿਚ ਪੰਜਾਬ ਦੀਆਂ ਜਿਹੜੀਆਂ ਲੋੜਾਂ ਸਨ, ਜੋ ਜ਼ਰੂਰੀ ਚੀਜ਼ਾਂ ਇਸ ਵਿਚ ਚਾਹੀਦੀਆਂ ਸਨ, ਉਨ੍ਹਾਂ ਤੋਂ ਇਸਨੂੰ ਸੱਖਣਾ ਰਖਿਆ ਗਿਆ ਹੈ, ਅਤੇ ਉਨ੍ਹਾਂ ਗਲਾਂ ਤੇ ਅਮਲ ਨਹੀਂ ਕੀਤਾ ਗਿਆ ਜਿਨ੍ਹਾਂ ਦੀ ਕਿ ਬਹੁਤ ਲੋੜ ਸੀ।

ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਸ ਵਿਚ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰਨ ਵਾਸਤੇ ਕਿਹਾ ਗਿਆ ਹੈ। ਮੇਰਾ ਵਿਚਾਰ ਹੈ ਕਿ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰਨਾ ਦੂਜੇ ਨੰਬਰ ਤੇ ਆਉਂਦਾ ਹੈ। ਸਭ ਤੋਂ ਪਹਿਲਾਂ ਜੋ ਵੱਡੀ ਟਰਾਂਸਪੋਰਟ ਹੈ ਅਤੇ ਜਿਸ ਤੇ ਵੱਡੇ ਵੱਡੇ ਇਜ਼ਾਰੇਦਾਰਾਂ ਦੀ ਇਜ਼ਾਰੇਦਾਰੀ ਹੈ, ਵਿਤ ਮੰਤਰੀ ਸਾਹਿਬ ਨੂੰ ਸੱਭ ਤੋਂ ਪਹਿਲਾਂ ਉਨ੍ਹਾਂ ਨੂੰ ਨੈਸ਼ਨੇਲਾਈਜ਼ ਕਰਨ ਲਈ ਸਟੈਪ ਚੁੱਕਣੇ ਚਾਹੀਦੇ ਹਨ। ਮੈਂ ਸਮਝਦਾ ਹਾਂ ਕਿ ਸਰਕਾਰੀ ਬੈਂਚਾਂ ਤੇ ਬੈਠੇ ਵੀਰਾਂ ਨੂੰ ਇਸ ਗਲ ਦਾ ਧਿਆਨ ਨਹੀਂ ਰਿਹਾ ਕਿ ਉਨ੍ਹਾਂ ਦੇ ਸਾਥੀ ਹੀ ਵੱਡੇ ਵੱਡੇ ਇਜ਼ਾਰੇਦਾਰ ਹਨ ਜਿਨ੍ਹਾਂ ਦੀ ਕਿ ਟਰਾਂਸਪੋਰਟ ਤੇ ਇਜ਼ਾਰੇਦਾਰੀ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਸਭ ਤੋਂ ਪਹਿਲਾਂ ਉਹ ਨੈਸ਼ਨੇਲਾਈਜ਼ ਹੋਣੀ ਚਾਹੀਦੀ ਹੈ, ਸਿਰਫ 50 ਕੁ ਰੂਟਾਂ ਨੂੰ ਹੀ ਨੈਸ਼ਨੇਲਾਈਜ਼ ਕਰਨ ਦਾ ਕੋਈ ਅਸਰ ਨਹੀਂ ਹੋਵੇਗਾ।

ਫਿਰ, ਸਪੀਕਰ ਸਾਹਿਬ, ਮੈਂ ਸਟੇਟ ਟਰੇਡਿੰਗ ਦੀ ਗੱਲ ਲੈਂਦਾ ਹਾਂ। ਇਹ ਸਟੇਟ ਟਰੇਡਿੰਗ ਅਕਾਲੀ ਦਲ ਦੀ ਸਰਕਾਰ ਨੇ ਜਿਸ ਨੂੰ ਕਿ ਮੈਂ ਲੋਕਾਂ ਦੀ ਸਰਕਾਰ ਸਮਝਦਾ ਹਾਂ (ਵਿਘਨ) ਉਸ ਨੇ ਸਿਰੇ ਚੜ੍ਹਾਉਣ ਦੀ ਕੋਸ਼ਿਸ਼ ਕੀਤੀ ਸੀ। ਹੁਣ ਵਿੱਤ ਮੰਤਰੀ ਸਾਹਿਬ ਨੇ ਉਸ ਨੂੰ ਸਿਰੇ ਚੜ੍ਹਾਉਣ ਦੀ ਜਿਹੜੀ ਗੱਲ ਕੀਤੀ ਹੈ, ਮੈਂ ਉਸ ਨੂੰ ਇਕ ਫੋਕਾ ਅਤੇ ਥੋਥਾ ਸੁਝਾਓ ਸਮਝਦਾ ਹਾਂ। (ਥੰਪਿੰਗ)

[ਸਰਦਾਰ ਜਸਵਿੰਦਰ ਸਿੰਘ ਬਰਾੜ]

ਉਨ੍ਹਾਂ ਨੇ ਸਿਰਫ ਲਿਖ ਕੇ ਇਹ ਸਫੇ ਹੀ ਭਰੇ ਹਨ, ਕੋਈ ਠੋਸ ਪ੍ਰੋਗਰਾਮ ਨਹੀਂ ਦਿੱਤਾ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਬਾਰੇ ਕੋਈ ਠੋਸ ਪ੍ਰੋਗਰਾਮ ਬਣਾਓ, ਤਾਂਕਿ ਦਲਾਲਾਂ ਦੀ ਦਲਾਲੀ ਖਤਮ ਕੀਤੀ ਜਾ ਸਕੇ ਅਤੇ ਵਿਚੋਲਿਆਂ ਨੂੰ ਵਿਚੋਂ ਹਟਾਇਆ ਜਾ ਸਕੇ। ਵਿਚ ਇਕ ਆਦਮੀ ਪਾਉਣ ਨਾਲ ਲੁੱਟ-ਖਸੁੱਟ ਹੁੰਦੀ ਹੈ। ਮੈਂ ਸਮਝਦਾ ਹਾਂ ਕਿ ਸੋਸ਼ਲਿਜ਼ਮ ਦਾ ਫੋਕਾ ਨਾਹਰਾ ਲਾਉਣਾ ਠੀਕ ਨਹੀਂ ਹੈ। ਕੋਈ ਠੋਸ ਪ੍ਰੋਗਰਾਮ ਰਖਣਾ ਚਾਹੀਦਾ ਹੈ। ਬਜਟ ਵਿਚ ਅਜਿਹੀ ਕਿਹੜੀ ਨਿਰੋਈ ਠੋਸ ਚੀਜ਼ ਲਿਆਂਦੀ ਗਈ ਹੈ ਜਿਹੜੀ ਕਿ ਇਨ੍ਹਾਂ ਸੋਸ਼ਲਿਜ਼ਮ ਦਾ ਨਾਹਰਾ ਲਾਉਣ ਵਾਲਿਆਂ ਲਈ ਸ਼ੋਭਦੀ ਸੀ।

ਫਿਰ ਮੈਂ ਲਿੰਕ ਰੋਡਜ਼ ਦਾ ਜ਼ਿਕਰ ਕਰਦਾ ਹਾਂ। ਅਕਾਲੀ ਦਲ ਦੀ ਸਰਕਾਰ ਨੇ ਜਿਸ ਨੂੰ ਕਿ ਮੈਂ ਲੋਕਾਂ ਦੀ ਸਰਕਾਰ ਕਹਿਣਾ ਜ਼ਿਆਦਾ ਚੰਗਾ ਸਮਝਦਾ ਹਾਂ, ਜੋ ਕਿ ਭਾਵੇਂ ਕਈ ਕਮੀਆਂ ਪੇਸ਼ੀਆਂ ਕਰਕੇ ਉਹ ਸਰਕਾਰ ਟੁੱਟਦੀ ਭੱਜਦੀ ਰਹੀ। ਲਿੰਕ ਰੋਡਜ਼ ਅਤੇ ਕਰੈਸ਼ ਪ੍ਰੋਗਰਾਮ ਬਣਾਏ ਸੀ। ਇਨ੍ਹਾਂ ਮਹਾਂਪੁਰਸ਼ਾਂ ਦੀ ਕਿਰਪਾ ਕਰਕੇ ਕਈ ਝਖੜ ਆਏ, ਭਾਵੇਂ ਸਰਕਾਰ ਦੇ ਵਜ਼ੀਰ ਅਤੇ ਚੀਫ ਮਨਿਸਟਰ ਬਦਲਦੇ ਰਹੇ, ਪਰ ਫਿਰ ਵੀ ਉਸ ਲੋਕਾਂ ਦੀ ਸਰਕਾਰ ਨੇ ਇਸ ਪ੍ਰੋਗਰਾਮ ਤੇ ਇਸ ਤਰ੍ਹਾਂ ਅਮਲ ਕੀਤਾ, ਇਸ ਤਰ੍ਹਾਂ ਸਿਰੇ ਚਾੜ੍ਹਨ ਦੀ ਕੋਸ਼ਿਸ਼ ਕੀਤੀ ਜਿਸ ਨਾਲ ਕਿ ਲੋਕਾਂ ਨੂੰ ਮਹਿਸੂਸ ਹੋ ਗਿਆ ਕਿ ਸਰਕਾਰ ਲਿੰਕ ਰੋਡਜ਼ ਅਤੇ ਕਰੈਸ਼ ਪ੍ਰੋਗਰਾਮ ਲਈ ਕੁਝ ਕਰ ਰਹੀ ਹੈ।

ਸ੍ਰੀ ਸਪੀਕਰ : ਬਰਾੜ ਸਾਹਿਬ, ਸਪਲੀਮੈਂਟਰੀ ਐਸਟੀਮੇਟਸ ਦਾ ਸਕੋਪ ਬੜਾ ਲਿਮਿਟਡ ਜਿਹਾ ਹੁੰਦਾ ਹੈ।

(Addressing hon. Member Sardar Jaswinder Singh Brar) The Scope of the discussion on Supplementary Estimates is very limited

ਸਰਦਾਰ ਜਸਵਿੰਦਰ ਸਿੰਘ ਬਰਾੜ : ਇਹ ਬਹੁਤ ਜ਼ਰੂਰੀ ਹੈ ਜੀ।

ਵਿਕਾਸ ਮੰਤਰੀ : ਕੋਈ ਗਲ ਨਹੀਂ ਜੀ ਬੋਲ ਲੈਣ ਦਿਓ, ਇਹ ਨਵੇਂ ਹਨ। (ਹਾਸਾ)

ਸਰਦਾਰ ਜਸਵਿੰਦਰ ਸਿੰਘ ਬਰਾੜ : ਕੋਈ ਗਲ ਨਹੀਂ ਜੋ ਪੁਰਾਣੇ ਹਨ ਉਹ ਵੀ ਪਹਿਲਾਂ ਇਸੇ ਤਰ੍ਹਾਂ ਹੀ ਬੋਲ ਕੇ ਗਏ ਹਨ। ਸੋ ਸਪੀਕਰ ਸਾਹਿਬ ਮੈਂ ਅਰਜ਼ ਕਰਦਾ ਹਾਂ ਕਿ ਅਕਾਲੀ ਦਲ ਦੀ ਸਰਕਾਰ ਨੇ ਲਿੰਕ ਰੋਡਜ ਵਾਸਤੇ 7 ਕਰੋੜ 24 ਲੱਖ ਰੁਪਿਆ ਰਖਿਆ ਸੀ ਪਰ ਇਨ੍ਹਾਂ ਨੇ ਘਟਾ ਕੇ ਜੋ ਮੈਂ ਪੜ੍ਹਿਆ ਹੈ, ਉਹ 6 ਕਰੋੜ 50 ਲੱਖ ਕਰ ਦਿੱਤਾ ਹੈ। (ਵਿਘਨ)

Acharya Prithvi Singh Azad : On a Point of Order, Mr. Speaker. Through you Sir, I would like to know in which demand the amount mentioned by my hon. friend is given. We are discussing Supplementary Demands and that amount is no where mentioned in the Supplementary Demands.

Sardar Jaswinder Singh Brar : I am just coming to the point.

ਸ੍ਰੀ ਸਪੀਕਰ : ਬਰਾੜ ਸਾਹਿਬ, ਅਚਾਰੀਆ ਜੀ ਕਹਿੰਦੇ ਤਾਂ ਠੀਕ ਹਨ। ਇਸ ਦਾ ਸਕੋਪ ਬੜਾ ਲਿਮਿਟਡ ਜਿਹਾ ਹੈ।

(Addressing Sardar Jaswinder Singh Brar) Acharya Prithvi Singh Azad is correct when he says that the scope of discussion on Supplementary Estimates is very limited.

ਸਰਦਾਰ ਸਤਨਾਮ ਸਿੰਘ ਬਾਜਵਾ : ਗੱਲ ਲਿੰਕ ਰੋਡਜ਼ ਦੀ ਚਲ ਰਹੀ ਹੈ ਜੀ ਇਸ ਲਈ ਇਹ ਗੱਲ ਲਿੰਕ ਕਰਦੀ ਹੈ। (ਹਾਸਾ)

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਹੁਣ ਅਚਾਰੀਆ ਜੀ ਨੇ ਪੁਆਇੰਟ ਆਫ ਆਰਡਰ ਉਠਾਇਆ ਹੈ ਪਰ ਇਹ ਆਪ ਸਵੇਰੇ ਬੋਲਦੇ ਹੋਏ ਹਰਿਆਣੇ ਦੀਆਂ ਸਰਹੱਦਾਂ ਵੀ ਪਾਰ ਕਰ ਗਏ ਸੀ। ਡਿਪਟੀ ਸਪੀਕਰ ਸਾਹਿਬ ਨੇ ....

ਸ੍ਰੀ ਸਪੀਕਰ : ਹੁਣ ਉਹ ਹੱਦਾਂ ਤੁਸੀਂ ਕਵਰ ਕਰ ਲਈਆਂ ਹਨ।
(you have exceeded that limit now.)

ਸਰਦਾਰ ਜਸਵਿੰਦਰ ਸਿੰਘ ਬਰਾੜ : ਤੇ, ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਅਕਾਲੀ ਦਲ ਦੀ ਸਰਕਾਰ ਨੇ 7 ਕਰੋੜ 24 ਲੱਖ ਰੁਪਿਆ ਰੱਖਿਆ ਸੀ ਪਰ ਇਨ੍ਹਾਂ ਨੇ ਘਟਾ ਕੇ 6 ਕਰੋੜ 50 ਲੱਖ ਕਰ ਦਿਤਾ ਹੈ। ਇਹ ਇਸ ਵਿਚ ਇਕ ਊਣਤਾਈ ਰੱਖੀ ਗਈ ਹੈ। ਇਹ ਪੰਜਾਬ ਦੇ ਲੋਕਾਂ ਨਾਲ ਧੱਕਾ ਕੀਤਾ ਗਿਆ ਹੈ।

ਫਿਰ, ਸਪੀਕਰ ਸਾਹਿਬ, ਅਗਲੀ ਗੱਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਮੈਂ ਮਹਿਸੂਸ ਕਰਦਾ ਹਾਂ ਕਿ ਜਦੋਂ ਇਥੇ ਅਕਾਲੀ ਦਲ ਦੀ ਸਰਕਾਰ ਸੀ ਤਾਂ ਉਸ ਵੇਲੇ ਸੈਂਟਰ ਦੀ ਸਰਕਾਰ ਨੇ ਉਸ ਨਾਲ ਵਿਤਕਰਾ ਕੀਤਾ। ਉਥੇ ਵੀ ਇਨ੍ਹਾਂ ਮਹਾਂਪੁਰਸ਼ਾਂ ਦੀ ਹੀ ਸਰਕਾਰ ਹੈ। ਜਦੋਂ ਵੀ ਪੈਸੇ ਟਕੇ ਦੀ ਲੋੜ ਹੁੰਦੀ ਸੀ ....

Dr. Amir Singh Kalkat : On a point of Order, Mr. Speaker. The Hon. Member is making a mis-statement here and defaming the Central Government. Millions of rupees lapsed in their regime. They say that the Central Government treated us step-motherly. It is not correct.

ਸਰਦਾਰ ਜਸਵਿੰਦਰ ਸਿੰਘ ਬਰਾੜ: ਉਨ੍ਹਾਂ ਦਾ ਹੋਸਟਾਈਲ ਐਟੀਚਿਊਡ ਰਿਹਾ ਹੈ। ਫਿਰ ਵੀ ਅਕਾਲੀ ਦਲ ਦੀ ਸਰਕਾਰ ਨੇ ਡਿਵੈਲਪਮੈਂਟ ਦੇ ਏਨੇ ਕੰਮ ਕੀਤੇ ਕਿ ਲੋਕਾਂ ਨੇ ਮਹਿਸੂਸ ਕੀਤਾ ਕਿ ਉਨ੍ਹਾਂ ਦੀ ਆਪਣੀ ਸਰਕਾਰ ਉਨ੍ਹਾਂ ਵਾਸਤੇ ਕੁਝ ਕਰਦੀ ਪਈ ਹੈ।

ਫਿਰ, ਸਪੀਕਰ ਸਾਹਿਬ, ਮੈਂ ਰੇਲਵੇ ਲਿੰਕਸ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਮੈਂ ਸਮਝਦਾ ਹਾਂ ਕਿ ਇਸ ਦਾ ਜ਼ਿਕਰ ਹੋਣਾ ਬਹੁਤ ਜ਼ਰੂਰੀ ਸੀ। ਘੱਟੋ ਘੱਟ ਚੰਡੀਗੜ੍ਹ ਦਾ ਪੰਜਾਬ ਦੇ ਬਾਕੀ ਵੱਡੇ ਵੱਡੇ ਸਟੇਸ਼ਨਾਂ ਦੇ ਨਾਲ ਲਿੰਕ ਹੋਣਾ ਚਾਹੀਦਾ ਸੀ। ਇਹ ਸੈਂਟਰ ਦੀ ਸਰਕਾਰ ਕਰ ਸਕਦੀ ਹੈ, ਪਰ ਇਸਦਾ ਕੋਈ ਯਤਨ ਨਹੀਂ ਕੀਤਾ ਗਿਆ। ਇਹ ਵੀ ਇਕ ਊਣਤਾਈ ਰਹਿ ਗਈ ਹੈ। ਉਥੇ ਵੀ ਇਨ੍ਹਾਂ ਹੀ ਮਹਾਂਪੁਰਸ਼ਾਂ ਦੀ ਸਰਕਾਰ ਹੈ........

ਸ੍ਰੀ ਸਪੀਕਰ : ਇਹ ਤਾਂ ਅਕਾਲੀ ਦਲ ਦੇ ਵੇਲੇ ਦੇ ਹੀ ਸਪਲੀਮੈਂਟਰੀ ਐਸਟੀਮੇਟਸ ਹਨ ਕੋਈ ਓਰੀਜਨਲ ਬਜਟ ਨਹੀਂ ਹੈ। (ਵਿਘਨ)
(This is not an original Budget. These Supplementary Estimates relate to the period of the Akali Government.)

ਸਰਦਾਰ ਜਸਵਿੰਦਰ ਸਿੰਘ ਬਰਾੜ: ਟੈਕਸਾਂ ਦੇ ਬਾਰੇ ਵਿਚ ਮੈਂ ਅਰਜ਼ ਕਰਦਾ ਹਾਂ ਕਿ ਬਜਟ ਸੈਸ਼ਨ ਤੋਂ ਮਗਰੋਂ ਟੈਕਸ ਲਗਾਉਣ ਦੀ ਇਨ੍ਹਾਂ ਨੇ ਵਿਉਂਤ ਬਣਾਈ ਹੈ। (ਸ਼ੋਰ) (ਵਿਘਨ) ਸਪੀਕਰ

[ਸਰਦਾਰ ਜਸਵਿੰਦਰ ਸਿੰਘ ਬਰਾੜ]

ਸਾਹਿਬ, ਪੰਜਾਬ ਦੇ ਕਿਸਾਨ ਵਾਸਤੇ ਇਸ ਬਜਟ ਵਿਚ ਮੇਰੇ ਖਿਆਲ ਵਿਚ ਕੋਈ ਅਜਿਹੀ ਗਲ ਨਹੀਂ ਰੱਖੀ ਗਈ ਜੋ ਵਿੱਤ ਮੰਤਰੀ ਜੀ ਨੇ ਫਰਮਾਇਆ ਸੀ ਕਿ ਇਸ ਬਜਟ ਵਿਚ ਕਿਸਾਨਾਂ ਵਾਸਤੇ ਵਾਹੀ-ਕਾਰਾਂ ਵਾਸਤੇ 75 ਫੀ ਸਦੀ ਪੈਸੇ ਰੱਖੇ ਗਏ ਹਨ। ਅੰਕੜਿਆਂ ਤੋਂ ਮਾਲੂਮ ਹੁੰਦਾ ਹੈ ਕਿ ਇਨ੍ਹਾਂ ਦੀ ਇਹ ਮਿਸ-ਸਟੇਟਮੈਂਟ ਹੀ ਸੀ । ਇਸ ਬਜਟ ਵਿਚ ਕਿਸਾਨਾਂ ਵਾਸਤੇ ਕੁਝ ਨਹੀਂ ਰਖਿਆ ਗਿਆ।

ਸ੍ਰੀ ਸਪੀਕਰ: ਸਵੇਰ ਵਾਲੀ ਗੱਲ ਹੋਰ ਸੀ ਅਤੇ ਹੁਣ ਕੁਝ ਹੋਰ ਹੋ ਰਹੀ ਹੈ। ਤੁਸੀਂ ਇਨ੍ਹਾਂ ਦੋਨਾਂ ਨੂੰ ਇਕੱਠਾ ਕਰ ਦਿਤਾ ਹੈ। (ਸ਼ੋਰ) (ਵਿਘਨ)

(The subject under discussion now is quite different from the one discussed in the Morning Session. The hon. Member has mixed up both of them.)

ਸਰਦਾਰ ਜਸਵਿੰਦਰ ਸਿੰਘ ਬਰਾੜ: ਸਪੀਕਰ ਸਾਹਿਬ, ਕਿਸਾਨਾਂ ਵਾਸਤੇ ਪ੍ਰਾਈਸਿਜ਼ ਗਲਤ ਨਿਯੁਕਤ ਕੀਤੀਆਂ ਹਨ। ਕਿਸਾਨਾਂ ਵਾਸਤੇ ਬਜਟ ਵਿਚ ਮਾਰੂ ਨੀਤੀ ਅਪਣਾਈ ਗਈ ਹੈ। ਇਸੇ ਨੀਤੀ ਦੇ ਕਾਰਨ ਕਾਟਨ ਦੀ ਪੈਦਾਵਾਰ ਤੇ ਡਾਕਾ ਮਾਰਿਆ ਗਿਆ ਹੈ। ਬੱਜਟ ਵਿਚ ਉਨ੍ਹਾਂ ਦੀ ਸਹੂਲਤ ਵਾਸਤੇ ਕੋਈ ਚੀਜ਼ ਨਹੀਂ ਰੱਖੀ ਗਈ । ਜ਼ਿਆਦਾ ਪਾਣੀ ਦੇਣ ਵਾਸਤੇ ਜਾਂ ਨਹਿਰਾਂ, ਕੱਸੀਆਂ ਆਦਿ ਪੱਕੀਆਂ ਕਰਨ ਵਾਸਤੇ ਕੋਈ ਪ੍ਰਬੰਧ ਨਹੀਂ ਕੀਤਾ ਗਿਆ । ਪੰਜਾਬ ਦੇ ਕਿਸਾਨ ਨਾਲ ਹੀ ਸਾਰੇ ਹਿੰਦੁਸਤਾਨ ਦੀ ਜਨਤਾ ਜਿਉਂਦੀ ਹੈ। ਇਨ੍ਹਾਂ ਸਦਕੇ ਹੀ ਅਸੀਂ ਇਥੇ ਬੈਠੇ ਹਾਂ। ਕਿਸਾਨਾਂ ਵਾਸਤੇ ਬਜਟ ਵਿਚ ਬਹੁਤ ਜ਼ਿਆਦਾ ਸਹੂਲਤਾਂ ਚਾਹੀਦੀਆਂ ਸਨ। ਕਾਟਨ ਦੀਆਂ ਪ੍ਰਾਈਸਿਜ਼ ਸਹੀ ਤੌਰ ਤੇ ਨਹੀਂ ਨਿਯੁਕਤ ਕੀਤੀਆਂ ਗਈਆਂ । ਮੈਂ ਸਮਝਦਾ ਹਾਂ ਕਿ ਸਰਕਾਰ ਨੇ ਕਿਸਾਨ ਮਾਰੂ ਤਰੀਕਾ ਅਪਣਾਇਆ ਹੈ।

ਸ੍ਰੀ ਸਪੀਕਰ: ਇਹ ਕਿਹੜੀ ਡਿਮਾਂਡ ਤੇ ਬੋਲ ਰਹੇ ਹੋ ?

(On which demand is the Hon. Member speaking ?)

ਸਰਦਾਰ ਜਸਵਿੰਦਰ ਸਿੰਘ ਬਰਾੜ: ਮੈਂ ਤਾਂ ਇੰਟਰ-ਲਿੰਕਡ ਬੋਲ ਰਿਹਾ ਹਾਂ । ਜੋ ਬਜਟ ਹੈ ਇਸ ਵਿਚ ਮੈਂ ਸਮਝਦਾ ਹਾਂ ਕਿ 14 ਕਰੋੜ 68 ਲੱਖ ਰੁਪਏ ਦਾ ਹੁਣ ਡੈਫੀਸਿਟ ਹੈ ਅਤੇ ਇਸ ਨੇ ਅੱਗੇ ਜਾ ਕੇ 45 ਕਰੋੜ ਰੁਪਏ ਡੈਫੀਸਿਟ ਹੋ ਜਾਣਾ ਹੈ। ਜਿਹੜੇ ਹੁਣ ਟੈਕਸ ਨਹੀਂ ਲਗਾਏ ਗਏ, ਇਹ ਲੋਕਾਂ ਨੂੰ ਇਸ ਵਿਚਾਰਧਾਰਾ ਤੋਂ ਉਹਲਾ ਰਖਿਆ ਗਿਆ ਹੈ। ਇਸ ਚੀਜ਼ ਤੋਂ ਲੋਕਾਂ ਨੂੰ ਜਾਣੂ ਨਹੀਂ ਕਰਾਇਆ ਗਿਆ ਕਿ ਟੈਕਸ ਸੈਸ਼ਨ ਤੇ ਬਾਅਦ ਲਗਾਏ ਜਾਣਗੇ। ਇਸ ਨਾਲ ਪੰਜਾਬ ਦੇ ਲੋਕਾਂ ਤੇ ਮਾਰੂ ਅਸਰ ਪਵੇਗਾ। ਹਰੀਜਨਾਂ ਦੀ ਭਲਾਈ ਵਾਸਤੇ ਜਾਂ ਪਿੰਡਾਂ ਦੀ ਜਨਤਾ ਨੂੰ ਉੱਚਾ ਚੁੱਕਣ ਵਾਸਤੇ ਜੋ ਇਹ ਸਰਕਾਰ ਦਾਅਵਾ ਕਰਦੀ ਹੈ, ਬਜਟ ਨੂੰ ਵੇਖਣ ਤੋਂ ਪਤਾ ਲਗਦਾ ਹੈ ਕਿ ਇਹ ਸਰਕਾਰ ਦਾ ਦਾਅਵਾ ਗਲਤ ਹੈ। ਹਰੀਜਨਾਂ ਵਾਸਤੇ ਸਰਕਾਰ ਨੂੰ ਜ਼ਿਆਦਾ ਕੰਮ ਕਰਨਾ ਚਾਹੀਦਾ ਹੈ। ਅਕਾਲੀ ਸਰਕਾਰ ਜਿਸ ਨੂੰ ਹਰੀਜਨਾਂ ਦੇ ਵਿਰੁੱਧ ਸਰਕਾਰ ਦੱਸਿਆ ਜਾਂਦਾ ਸੀ ਉਸ ਸਰਕਾਰ ਨੇ ਇਨ੍ਹਾਂ ਵਾਸਤੇ 5 ਕਰੋੜ ਰੁਪਏ ਦੀ ਕਾਰਪੋਰੇਸ਼ਨ ਬਣਾਈ ਔਰ ਇਸ ਤੋਂ ਇਲਾਵਾ ਇਨ੍ਹਾਂ ਵੀਰਾਂ ਵਾਸਤੇ ਧਰਮਸ਼ਾਲਾਂ ਬਣਾਈਆਂ । ਜਿੰਨੀਆਂ ਹੁਣ ਇਨ੍ਹਾਂ ਵਾਸਤੇ ਧਰਮਸ਼ਾਲਾਂ ਰੱਖੀਆਂ ਗਈਆਂ ਹਨ ਉਸ ਤੋਂ ਕਿਤੇ ਦੁੱਗਣੀਆਂ ਤਿੱਗਣੀਆਂ ਧਰਮਸ਼ਾਲਾਂ ਅਕਾਲੀ ਸਰਕਾਰ ਨੇ ਬਣਾਈਆਂ ਸੀ । ਇਨ੍ਹਾਂ ਗਰੀਬ ਹਰੀਜਨਾਂ ਵਾਸਤੇ ਸਮਾਲ ਸਕੇਲ ਇੰਡਸਟਰੀ ਰੱਖਣੀ ਚਾਹੀਦੀ ਸੀ ਪਰ ਸਪਲੀਮੈਂਟਰੀ ਡਿਮਾਂਡਜ਼ ਅਤੇ

ਦੂਜੇ ਬਜਟ ਨੂੰ ਵੇਖਣ ਤੋਂ ਇਹ ਪਤਾ ਲਗਦਾ ਹੈ ਕਿ ਇਨ੍ਹਾਂ ਗਰੀਬ ਹਰੀਜਨਾਂ ਅਤੇ ਗਰੀਬ ਪੇਂਡੂ ਜਨਤਾ ਵਾਸਤੇ ਇਸ ਕੰਮ ਲਈ ਕੋਈ ਰਕਮ ਨਹੀਂ ਰੱਖੀ ਗਈ। ਇਸ ਨਾਲ ਇਹ ਗਰੀਬ ਵਰਗ ਦੇ ਲੋਕ ਕਿਸ ਤਰ੍ਹਾਂ ਆਪਣੇ ਪੈਰਾਂ ਤੇ ਖੜੇ ਹੋ ਸਕਦੇ ਹਨ ਤੇ ਨਿੱਗਰ ਸਿਟੀਜ਼ਨ ਬਣ ਸਕਦੇ ਹਨ। ਇਹ ਸਾਡੇ ਸਾਹਮਣੇ ਬੈਠੇ ਭਰਾ ਆਪਣੇ ਆਪ ਨੂੰ ਹਰੀਜਨਾਂ ਦੇ ਬੜੇ ਹਮਾਇਤੀ ਕਹਿੰਦੇ ਹਨ, ਪਰ ਜੇ ਇਨ੍ਹਾਂ ਦਾ ਇਹ ਦਾਅਵਾ ਸੱਚ ਹੈ ਤਾਂ ਇਨ੍ਹਾਂ ਨੂੰ ਇਨ੍ਹਾਂ ਹਰੀਜਨ ਭਰਾਵਾਂ ਵਾਸਤੇ ਸਰਕਾਰੀ ਨੌਕਰੀਆਂ ਵਿਚ 50 ਪ੍ਰਤੀਸ਼ਤ ਰੈਜ਼ਰਵੇਸ਼ਨ ਕਰ ਦੇਣੀ ਚਾਹੀਦੀ ਹੈ।

2.45 ਸ਼ਾਮ (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਸਾਹਿਬ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਡਿਪਟੀ ਸਪੀਕਰ ਸਾਹਿਬ, ਇਹ ਲੋਕ ਸਮਝਦੇ ਹਨ ਕਿ ਇਹ ਗੁਲਾਮੀ ਦੀ ਜ਼ਿੰਦਗੀ ਬਤੀਤ ਕਰਦੇ ਹਨ। ਰੈਜ਼ਰਵੇਸ਼ਨ ਕਰਕੇ ਇਨ੍ਹਾਂ ਨੂੰ ਅਸੀਂ ਉੱਚਾ ਲਿਜਾ ਸਕਦੇ ਹਾਂ। ਸਵੇਰੇ ਮੇਰੇ ਬਜ਼ੁਰਗ ਨੇਤਾ ਸ੍ਰੀ ਪ੍ਰਿਥਵੀ ਸਿੰਘ ਆਜ਼ਾਦ ਨੇ ਹਰੀਜਨਾਂ ਵਾਸਤੇ ਕੁਝ ਗੱਲਾਂ ਕਹੀਆਂ। ਮੈਂ ਬੇਨਤੀ ਕਰਾਂਗਾ ਕਿ ਇਹ ਮੇਰੇ ਵੀਰ ਸੋਸ਼ਲਿਜ਼ਮ ਦਾ ਢੰਡੋਰਾ ਤਾਂ ਪਿੱਟਦੇ ਫਿਰਦੇ ਹਨ ਪਰ ਪਰੈਕਟੀਕਲੀ ਕੁਝ ਨਹੀਂ ਹੋ ਰਿਹਾ। ਜਿਹੜਾ ਇਨ੍ਹਾਂ ਨੇ ਬੈਂਕਾਂ ਦਾ ਕੌਮੀਕਰਨ ਕੀਤਾ ਸੀ, ਜੇ ਉਹ ਸਾਰਾ ਪੈਸਾ ਹਰੀਜਨਾਂ ਲਈ ਖਰਚਿਆ ਜਾਂਦਾ ਤਾਂ ਇਨ੍ਹਾਂ ਦਾ ਸਟੈਂਡਰਡ ਆਫ ਲਿਵਿੰਗ ਉੱਚਾ ਹੋ ਜਾਣਾ ਸੀ। ਇਹ ਲੋਕ ਵੀ ਆਪਣੇ ਆਪਣੇ ਬਾਲ ਬੱਚਿਆਂ ਨੂੰ, ਆਪਣੇ ਪਰੀਵਾਰਾਂ ਨੂੰ ਚੰਗੀ ਤਰ੍ਹਾਂ ਪਾਲ ਪੋਸ ਸਕਦੇ। ਆਜ਼ਾਦ ਸਾਹਿਬ ਨੇ ਕਿਹਾ ਕਿ ਬੜੇ ਬੜੇ ਕਾਰਖਾਨੇਦਾਰਾਂ ਦੇ ਬੱਚੇ ਪਬਲਿਕ ਸਕੂਲਾਂ ਵਿਚ ਪੜ੍ਹਦੇ ਹਨ ਪਰ ਮੈਂ ਅਰਜ਼ ਕਰਦਾ ਹਾਂ ਕਿ ਜੇ ਕਾਰਖਾਨਿਆਂ ਵਿਚ ਇਨ੍ਹਾਂ ਹਰੀਜਨ ਲੋਕਾਂ ਨੂੰ 50 ਪ੍ਰਤੀਸ਼ਤ ਹਿੱਸਾ ਦਿੱਤਾ ਜਾਂਦਾ ਤਾਂ 25 ਸਾਲ ਹੋ ਗਏ ਦੇਸ਼ ਆਜ਼ਾਦ ਹੋਏ ਨੂੰ, ਇਨ੍ਹਾਂ ਹਰੀਜਨਾਂ ਦੇ ਬੱਚੇ ਵੀ ਅੱਜ ਪਬਲਿਕ ਸਕੂਲਾਂ ਵਿਚ ਪੜ੍ਹਦੇ ਹੁੰਦੇ ਅਤੇ ਇਹ ਲੋਕ ਅੱਜ ਆਪਣੇ ਆਪ ਵਿਚ ਕਿਸੇ ਕਿਸਮ ਦੀ ਊਣਤਾਈ ਮਹਿਸੂਸ ਨਾ ਕਰਦੇ ਹੁੰਦੇ। ਇਹ ਜਿਹੜੇ ਮੇਰੇ ਵੀਰ ਸਰਕਾਰੀ ਬੈਂਚਾਂ ਤੇ ਬੈਠੇ ਹਨ, ਇਨ੍ਹਾਂ ਨੂੰ ਮੈਂ ਸੁਝਾਓ ਦਿੰਦਾ ਹਾਂ ਕਿ ਇਨ੍ਹਾਂ ਨੂੰ ਇਮਾਨਦਾਰੀ ਨਾਲ ਹਰੀਜਨਾਂ ਦੀ ਮਦਦ ਕਰਨੀ ਚਾਹੀਦੀ ਹੈ। ਇਨ੍ਹਾਂ ਪਛੜੇ ਹੋਏ ਲੋਕਾਂ ਨੂੰ ਵੀ ਆਪਣੇ ਵਰਗਾ ਬਣਾਉਣਾ ਚਾਹੀਦਾ ਹੈ। ਅਕਾਲੀ ਸਰਕਾਰ ਨੇ ਹਰ ਥਾਂ ਸਰਕਾਰੀ ਤੌਰ ਤੇ ਮਿਉਂਸਪੈਲਟੀਆਂ ਤੋਂ ਪੈਸੇ ਲੈ ਕੇ ਸਾਂਝੇ ਤੌਰ ਤੇ ਦੁਕਾਨਾਂ ਬਣਾਈਆਂ ਹਨ। ਇਹ ਦੁਕਾਨਾਂ ਕਿਸੇ ਕਾਰਖਾਨੇਦਾਰਾਂ ਨੂੰ ਨਹੀਂ ਬਲਕਿ ਗਰੀਬ ਹਰੀਜਨਾਂ ਨੂੰ ਇਹ ਦੁਕਾਨਾਂ ਅਲਾਟ ਹੋਣੀਆਂ ਚਾਹੀਦੀਆਂ ਹਨ। ਇਸ ਵੱਲ ਚੌਧਰੀ ਸਾਹਿਬ ਨੂੰ ਧਿਆਨ ਨਾਲ ਸੁਣਨਾ ਚਾਹੀਦਾ ਹੈ। ਲੁਧਿਆਣਾ ਵਿਚ ਜਿਹੜੀਆਂ ਦੁਕਾਨਾਂ ਸਟੇਸ਼ਨ ਦੇ ਨਾਲ ਬਣੀਆਂ ਹਨ, ਇਸ ਸਬੰਧ ਵਿਚ ਮੈਂ ਚੀਫ ਮਨਿਸਟਰ ਸਾਹਿਬ, ਵਜ਼ੀਰਾਂ ਨੂੰ ਅਤੇ ਹੋਰ ਸਰਕਾਰੀ ਬੈਂਚਾਂ ਵਾਲਿਆਂ ਨੂੰ ਬੇਨਤੀ ਕਰਦਾ ਹਾਂ ਕਿ ਜੋ ਇਨ੍ਹਾਂ ਢੰਡੋਰਾ ਫੇਰਿਆ ਹੈ ਹਰੀਜਨਾਂ ਨੂੰ ਉੱਚਾ ਚੁਕਣ ਦਾ, ਇਨ੍ਹਾਂ ਨੂੰ ਮੇਰਾ ਇਹ ਸੁਝਾਓ ਹੈ ਕਿ ਇਹ ਸਾਰੀਆਂ ਦੀਆਂ ਸਾਰੀਆਂ ਦੁਕਾਨਾਂ ਅਤੇ ਮਕਾਨ ਸਵਰਨ ਜਾਤੀਆਂ ਨੂੰ ਨਾ ਦਿੱਤੇ ਜਾਣ ਬਲਕਿ ਬਿਨਾ ਵਿਤਕਰੇ ਦੇ ਇਹ ਹਰੀਜਨਾਂ ਨੂੰ ਅਲਾਟ ਕੀਤੇ ਜਾਣੇ ਚਾਹੀਦੇ ਹਨ। ਪਰੈਸ ਵਾਲੇ ਅਤੇ ਹੋਰ ਜਿੰਨੇ ਸਦਨ ਵਿਚ ਆਦਮੀ ਬੈਠੇ ਹਨ ਉਨ੍ਹਾਂ ਦੇ ਗਿਆਤ ਲਈ ਮੈਂ ਦੱਸਣਾ ਚਾਹੁੰਦਾ ਹਾਂ ਕਿ ਤਿੰਨ ਰੁਪਏ ਮਿਨੀਮਮ ਵੇਜਿਜ਼ ਅਕਾਲੀ ਸਰਕਾਰ ਨੇ ਮੁਕੱਰਰ ਕੀਤੇ ਸਨ। (ਵਿਘਨ) ਲੇਕਿਨ ਸਰਕਾਰੀ ਬੈਂਚਾਂ ਵਾਲਿਆਂ ਨੂੰ ਮੈਂ ਬੇਨਤੀ ਕਰਦਾ ਹਾਂ ਕਿ ਇਕ ਬਿੱਲ ਅਸੰਬਲੀ ਸੈਸ਼ਨ ਵਿਚ ਪੇਸ਼ ਕਰਨ ਜਿਸ ਵਿਚ ਖੇਤ ਮਜ਼ਦੂਰਾਂ ਲਈ, ਕਾਰਖਾਨਿਆਂ ਦੇ ਮਜ਼ਦੂਰਾਂ ਲਈ ਘਟ-ਤੋਂ ਘਟ ਉਜਰਤ ਮੁਕੱਰਰ ਕਰ ਦਿੱਤੀ ਜਾਵੇ। ਇਸ ਸਿਲਸਿਲੇ ਵਿਚ ਮੈਂ ਸੁਝਾਓ ਦਿੰਦਾ ਹਾਂ ਕਿ ਇਹ ਘੱਟ ਤੋਂ ਘੱਟ ਉਜਰਤ ਉਨ੍ਹਾਂ ਲੋਕਾਂ ਲਈ ਪੰਜ ਰੁਪਏ ਫੀ ਦਿਹਾੜੀ ਹੋਣੀ ਚਾਹੀਦੀ ਹੈ। ਇਸ ਨਾਲ ਉਹ ਗਰੀਬ ਲੋਕ ਆਪਣੇ ਬਾਲ ਬੱਚਿਆਂ ਦਾ ਪੇਟ ਭਰ ਸਕਣਗੇ। ਜੇ ਇਸ ਤੋਂ ਵਧ ਉਜਰਤ ਮੁਕਰਰ

[ਸਰਦਾਰ ਜਸਵਿੰਦਰ ਸਿੰਘ ਬਰਾੜ]

ਕਰ ਦੇਣ ਤਾਂ ਇਹ ਇਸ ਪਛੜੇ ਵਰਗ ਦੇ ਲੋਕਾਂ ਨਾਲ ਇਨਸਾਫ ਕਰਨਗੇ ਅਤੇ ਸਾਡੀ ਸਹਾਇਤਾ ਇਸ ਕੰਮ ਵਿਚ ਪਰਾਪਤ ਕਰਨਗੇ। (ਵਿਘਨ) ਰੂਲਿੰਗ ਪਾਰਟੀ ਨੇ ਢਾਈ ਲੱਖ ਦੀ ਪਰਾਪਰਟੀ ਦਾ ਸੁਝਾਓ ਦਿੱਤਾ ਹੈ, ਅਸੀਂ ਇਸ ਦਾ ਖੁਲੇ ਦਿਲ ਨਾਲ ਸਵਾਗਤ ਕਰਦੇ ਹਾਂ ਅਤੇ ਪਰੇਰਨਾ ਕਰਦੇ ਹਾਂ ਕਿ ਜੇ ਨੇਕ ਨੀਤੀ ਨਾਲ ਇਸ ਤੇ ਅਮਲ ਕਰਨਾ ਚਾਹੁੰਦੇ ਹੋ ਤਾਂ ਛੇ ਮਹੀਨਿਆਂ ਦੇ ਅੰਦਰ ਅੰਦਰ ਇਸ ਤੇ ਅਮਲ ਕਰਨਾ ਚਾਹੀਦਾ ਹੈ। ਇਸ ਸਿਲਸਿਲੇ ਵਿਚ ਇਕ ਕਮੇਟੀ ਬਣਨੀ ਚਾਹੀਦੀ ਹੈ ਜਿਸ ਵਿਚ ਹਰੀਜਨਾਂ ਦੇ ਮੈਂਬਰ ਹੋਣ ਅਤੇ ਵਿਰੋਧੀ ਪਾਰਟੀ ਦੇ ਮੈਂਬਰ ਵੀ ਲਏ ਜਾਣ। ਇਹ ਕਮੇਟੀ ਦੇਖੇ ਕਿ ਕਿਸ ਦੀ ਢਾਈ ਲੱਖ ਤੋਂ ਪਰਾਪਰਟੀ ਵੱਧ ਹੈ ਅਤੇ ਜਿਸ ਕੋਲ ਵੱਧ ਹੋਵੇ ਉਸ ਤੋਂ ਲੈ ਕੇ ਗਰੀਬ ਹਰੀਜਨਾਂ ਨੂੰ ਅਤੇ ਹੋਰ ਗਰੀਬ ਵਰਗ ਨੂੰ ਵੰਡ ਦਿਤੀ ਜਾਣੀ ਚਾਹੀਦੀ ਹੈ। (ਥੰਪਿੰਗ) (ਵਿਘਨ)

ਡਾਕਟਰ ਅਮੀਰ ਸਿੰਘ ਕਲਕਟ : ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਲੀਡਰ ਆਫ ਦੀ ਆਪੋਜ਼ੀਸ਼ਨ ਨੂੰ ਪੁੱਛਦਾ ਹਾਂ ਕਿ ਪਿੰਡਾਂ ਵਿਚ ਇਨ੍ਹਾਂ ਦੀ ਪਾਰਟੀ ਵਾਲੇ ਘਾਹ ਖੋਦਣ ਨਹੀਂ ਦਿੰਦੇ। (ਵਿਘਨ)

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।
(This is no point of order)

ਸਰਦਾਰ ਜਸਵਿੰਦਰ ਸਿਘ ਬਰਾੜ: ਮੈਂ ਇਨ੍ਹਾਂ ਨੂੰ ਜਵਾਬ ਦਿੰਦਾ ਹਾਂ। ਸਿਰ ਫਿਰੇ ਹਰ ਥਾਂ ਮਿਲ ਸਕਦੇ ਹਨ। (ਵਿਘਨ)

ਵਿਕਾਸ ਮੰਤਰੀ : ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਕੀ ਆਪੋਜ਼ੀਸ਼ਨ ਦੇ ਲੀਡਰ ਦੀ ਤਕਰੀਰ ਰੈਲੇਵੇਂਟ ਹੈ ?

ਸ੍ਰੀ ਡਿਪਟੀ ਸਪੀਕਰ : ਤੁਸੀਂ ਆਪ ਹੀ ਇਜਾਜ਼ਤ ਦਿੱਤੀ ਹੈ।
(You your-self have given the consent to raise such matter)

ਵਿਕਾਸ ਮੰਤਰੀ : ਮੇਰਾ ਉਨ੍ਹਾਂ ਨਾਲ ਕੋਈ ਝਗੜਾ ਨਹੀਂ ਹੈ।

ਸਰਦਾਰ ਜਸਵਿੰਦਰ ਸਿੰਘ ਬਰਾੜ: ਤੁਸੀਂ ਆਪ ਹੀ ਸਵੇਰੇ ਇਸ ਸਭ ਕਾਸੇ ਦੀ ਬੋਲਣ ਦੀ ਇਜਾਜ਼ਤ ਦਿੱਤੀ ਸੀ। (ਵਿਘਨ)

ਸ੍ਰੀ ਡਿਪਟੀ ਸਪੀਕਰ : ਤੁਸੀਂ ਆਪਣੇ ਪੁਆਇੰਟ ਤੇ ਆਓ।
(please come to the point).

ਸਰਦਾਰ ਜਸਵਿੰਦਰ ਸਿੰਘ ਬਰਾੜ : ਮੈਂ ਆਪਣੇ ਪੁਆਇੰਟ ਤੇ ਆ ਰਿਹਾ ਹਾਂ। ਸਮਾਲ ਸਕੇਲ ਇੰਡਸਟਰੀ ਦੇ ਮੁਤੱਲਕ ਮੈਂ, ਡਿਪਟੀ ਸਪੀਕਰ ਸਾਹਿਬ, ਅਰਜ਼ ਕਰਦਾ ਹਾਂ ਕਿ ਹੁਣ ਤੱਕ ਕਿਸਾਨ ਨੇ ਕੋਈ ਕਿੱਲਾ ਜ਼ਮੀਨ ਗਹਿਣੇ ਆਦਿ ਰੱਖਕੇ ਕੋਈ ਆਰਾ ਵਗੈਰਾ ਨਹੀਂ ਲਾਇਆ ... (ਵਿਘਨ)

ਚੌਧਰੀ ਰਾਮ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਇਹ ਕਿਸ ਡੀਮਾਂਡ ਤੇ ਬੋਲ ਰਹੇ ਹਨ ? (ਵਿਘਨ)

ਸ੍ਰੀ ਡਿਪਟੀ ਸਪੀਕਰ : ਤੁਸੀਂ ਥੋੜ੍ਹਾਂ ਜਿਹਾ ਟੌਲਰੇਟ ਕਰੋ (ਵਿਘਨ) (Please have the patience to listen.)

ਸਰਦਾਰ ਜਸਵਿੰਦਰ ਸਿੰਘ ਬਰਾੜ: ਮੈਂ ਕਹਿਣਾ ਚਾਹੁੰਦਾ ਹਾਂ ਕਿ ਪਿੰਡਾਂ ਵਿਚ ਸਮਾਲ ਸਕੇਲ ਇੰਡਸਟਰੀ ਹਰੀਜਨ ਭਰਾਵਾਂ ਨੂੰ ਦੇਣੀ ਚਾਹੀਦੀ ਹੈ ਅਤੇ ਅਜਾਰੇਦਾਰਾਂ ਅਤੇ ਵੱਡੇ ਵੱਡੇ ਜ਼ਿਮੀ-ਦਾਰਾਂ ਅਤੇ ਲੈਂਡ ਲਾਰਡਾਂ ਨੂੰ ਨਹੀਂ ਦੇਣੀ ਚਾਹੀਦੀ । ਜੇ ਨਹੀਂ ਦਿੱਤੀ ਤਾਂ ਮੈਂ ਅਰਜ਼ ਕਰਾਂਗਾ ਕਿ ਉਹ ਹਰੀਜਨ ਨੂੰ ਦੇਣੀ ਚਾਹੀਦੀ ਹੈ ਤਾਕਿ ਪਿੰਡਾਂ ਵਿਚ ਸਮਾਲ ਸਕੇਲ ਇੰਡਸਟਰੀ ਲਗਾ ਕੇ ਉਥੇ ਬੁਨੈਣਾ, ਜੁੱਤੀਆਂ ਅਤੇ ਹੋਰ ਸਾਮਾਨ ਬਣਾਉਣ ਦੇ ਕਾਰਖਾਨੇ ਲੱਗ ਸਕਣ ਅਤੇ ਉਹ ਵਿਚਾਰੇ ਕੁਝ ਪੈਸੇ ਕਮਾ ਸਕਣ ਅਤੇ ਆਪਣੇ ਬੱਚਿਆਂ ਨੂੰ ਤਾਲੀਮ ਦਿਵਾ ਸਕਣ। (ਵਿਘਨ) ਮੈਂ, ਡਿਪਟੀ ਸਪੀਕਰ ਸਾਹਿਬ, ਬੇਨਤੀ ਕਰਦਾ ਹਾਂ ਕਿ ਸਿਰ ਫਿਰੇ ਹਰ ਪਾਰਟੀ ਵਿਚ ਹੁੰਦੇ ਹਨ । (ਵਿਘਨ) ਜੇ ਉਨ੍ਹਾਂ ਨੂੰ ਕੋਈ ਖੇਤ ਵਿਚ ਜਾਣੋਂ ਰੋਕਦਾ ਹੈ ਤਾਂ ਹੋ ਸਕਦਾ ਹੈ ਕਿ ਤੁਹਾਡੇ ਵਿਚੋਂ ਕੋਈ ਰੋਕਦਾ ਹੋਵੇ। (ਵਿਘਨ) ਮੇਰੇ ਕੋਲ ਤਾਂ ਪੰਜ ਛੇ ਏਕੜ ਜ਼ਮੀਨ ਹੈ । (ਵਿਘਨ) ਦੁਕਾਨਦਾਰਾਂ, ਛੋਟੇ ਦੁਕਾਨਦਾਰਾਂ ਨਾਲ ਵਾਅਦੇ ਕਰਦੇ ਹਨ ਅਤੇ ਛੋਟੇ ਕਿਸਾਨ ਨਾਲ ਵਾਅਦੇ ਕਰਦੇ ਹਨ ਕਿ ਅਸੀਂ ਤੁਹਾਨੂੰ ਖੁਸ਼ਹਾਲ ਕਰਾਂਗੇ । ਮੈਂ ਕਹਿੰਦਾ ਹਾਂ ਕਿ ਦੁਕਾਨਦਾਰ ਦਾ ਤਾਂ ਬੁਰਾ ਹਾਲ ਹੈ । ਛੇ ਛੇ ਇਨਸ-ਪੈਕਟਰ ਇਕ ਇਕ ਮੰਡੀ ਵਿਚ ਰੱਖੇ ਹੋਏ ਹਨ। ਇਕ ਆ ਜਾਂਦਾ ਹੈ ਤਾਂ ਦੂਸਰਾ ਚਲਾ ਜਾਂਦਾ ਹੈ। ਇਸ ਤਰ੍ਹਾਂ ਇਕ ਚਲਾ ਜਾਂਦਾ ਹੈ ਤਾਂ ਦੂਸਰਾ ਆ ਜਾਂਦਾ ਹੈ। ਇਸ ਤਰ੍ਹਾਂ ਉਹ ਵੀਹ ਵੀਹ, ਤੀਹ ਤੀਹ ਰੁਪਏ ਕਮਾ ਲੈਂਦੇ ਹਨ। (ਵਿਘਨ) ਮੈਂ ਉਨ੍ਹਾਂ ਦੇ ਨਾਮ ਲੈਣਾ ਠੀਕ ਨਹੀਂ ਸਮਝਦਾ। ਕਈ ਅਫਸਰਾਂ ਦੀਆਂ ਜੇਬਾਂ ਭਰੀਆਂ ਜਾਂਦੀਆਂ ਹਨ। ਮੈਂ ਆਪਣੇ ਸਾਹਮਣੇ ਬੈਠੇ ਟਰੈਜ਼ਰੀ ਬੈਂਚਾਂ ਵਾਲੇ ਦੋਸਤਾਂ ਨੂੰ ਬੇਨਤੀ ਕਰਦਾ ਹਾਂ ਕਿ ਇਹ ਜਿਹੜਾ ਦੁਕਾਨਦਾਰਾਂ ਆਦਿ ਦੇ ਉਤੇ ਇਨਸਪੈਕਟਰੀ ਰਾਜ ਹੈ, ਇਸ ਨੂੰ ਖਤਮ ਕਰਨਾ ਚਾਹੀਦਾ ਹੈ ਅਤੇ ਇਹ ਵੇਖਣਾ ਚਾਹੀਦਾ ਹੈ ਕਿ ਇਨ੍ਹਾਂ ਇਨਸ-ਪੈਕਟਰਾਂ ਕੋਲ ਪਹਿਲੇ ਜਾਇਦਾਦ ਕਿਤਨੀ ਸੀ ਅਤੇ ਫਿਰ ਜੇ ਵਧੀ ਹੈ ਤਾਂ ਕਿਸ ਤਰ੍ਹਾਂ ਵਧੀ ਹੈ। ਉਹ ਪੈਸੇ ਖਾ ਖਾ ਕੇ ਮੋਟੇ ਹੋ ਰਹੇ ਹਨ। ਉਨ੍ਹਾਂ ਨੂੰ ਮੋਟੇ ਨਹੀਂ ਹੋਣ ਦੇਣਾ ਚਾਹੀਦਾ । (ਵਿਘਨ) ਮੈਂ ਇਹ ਬੇਨਤੀ ਕਰਦਾ ਹਾਂ ਕਿ ਜੋ ਟੈਕਸ ਦੁਕਾਨਦਾਰ, ਗਰੀਬ ਅਤੇ ਦਰਮਿਆਨੇ ਤਬਕੇ ਦੇ ਲੋਕਾਂ ਤੇ ਲੱਗਦਾ ਹੈ, ਇਹ ਨਹੀਂ ਲੱਗਣਾ ਚਾਹੀਦਾ ਸਗੋਂ ਇਹ ਟੈਕਸ ਸੋਰਸ ਤੇ ਲੱਗਣਾ ਚਾਹੀਦਾ ਹੈ। ਇਹ ਵੱਡੇ ਵੱਡੇ ਕਾਰਖਾਨੇਦਾਰਾਂ ਤੇ ਲੱਗਣਾ ਚਾਹੀਦਾ ਹੈ ਅਤੇ ਸਾਧਾਰਨ ਲੋਕਾਂ ਤੇ ਨਹੀਂ ਲੱਗਣਾ ਚਾਹੀਦਾ। ਇਹ ਸਰਕਾਰ ਨੂੰ ਛੇਤੀ ਤੋਂ ਛੇਤੀ ਕਰ ਦੇਣਾ ਚਾਹੀਦਾ ਹੈ। ਮੇਰਾ ਭਾਵ ਹੈ ਕਿ ਇਹ ਟੈਕਸ ਸੋਰਸ ਤੇ ਲੱਗਣਾ ਚਾਹੀਦਾ ਹੈ ਅਤੇ ਵਿਚਲਿਆਂ ਨੂੰ ਕੋਈ ਟੈਕਸ ਨਹੀਂ ਲਗਣਾ ਚਾਹੀਦਾ। ਇਸੇ ਤਰ੍ਹਾਂ ਨਮੂਨੇ ਭਰੇ ਜਾਂਦੇ ਹਨ। ਕਿਸ ਤਰ੍ਹਾਂ ਗਰੀਬ ਦੁਕਾਨਦਾਰਾਂ ਨੂੰ ਤੰਗ ਕੀਤਾ ਜਾਂਦਾ ਹੈ। ਮੈਨੂੰ ਪਤਾ ਹੈ ਕਿ ਇਲੈਕਸ਼ਨਾਂ ਵਿਚ ਮੇਰੇ ਹਲਕੇ ਵਿਚ ਇਨਸਪੈਕਟਰ ਕਿਸ ਤਰ੍ਹਾਂ ਜਾਣਕੇ ਤੰਗ ਕਰਦੇ ਸਨ ਕਿ ਚਲੋ ਤੁਹਾਨੂੰ ਕਾਂਗਰਸ ਕੋਲ ਲੈ ਚਲੀਏ। ਜੇ ਕੋਈ ਨਹੀਂ ਸੀ ਆਖੇ ਲਗਦਾ ਤਾਂ ਉਸ ਦੇ ਨਮੂਨੇ ਭਰੇ ਗਏ। ਇਸੇ ਤਰ੍ਹਾਂ ਕਰਕੇ ਇਹ ਜਿਤ ਕੇ ਆਏ ਹਨ। (ਵਿਘਨ) ਮੈਂ ਗਿਆਨੀ ਜ਼ੈਲ ਸਿੰਘ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਦੁਕਾਨਦਾਰ ਪਾਈਆ ਪਾਈਆ ਚੀਜ਼ ਵੇਚਦੇ ਹਨ ਉਨ੍ਹਾਂ ਵਿਚਾਰਿਆ ਨੇ ਕੀ ਮਿਲਾਵਟ ਕਰਨੀ ਹੈ, ਮਿਲਾਵਟ ਤਾਂ ਉਹ ਕਰਦੇ ਹਨ ਜਿਨ੍ਹਾਂ ਨੇ ਦੋ ਦੋ ਸੌ ਮਣ ਹਲਦੀ ਪੀਸ ਕੇ ਛੋਟਿਆਂ ਦੁਕਾਨਦਾਰਾਂ ਨੂੰ ਦੇਣੀ ਹੈ ਅਤੇ ਵਿਚ ਹੀ ਲਿੱਦ ਮਿਲਾ ਦਿੰਦੇ ਹਨ ਫਿਰ ਛਾਪੇ ਮਾਰੇ ਜਾਂਦੇ ਹਨ ਅਤੇ ਇਸ ਤਰੀਕੇ ਨਾਲ ਛੋਟੇ, ਗਰੀਬ ਦੁਕਾਨਦਾਰ ਕਾਬੂ ਆ ਜਾਂਦੇ ਹਨ। ਫਿਰ ਉਨ੍ਹਾਂ ਦੇ ਨਮੂਨੇ ਭਰੇ ਜਾਂਦੇ ਹਨ। ਮੈ ਰੂਲਿੰਗ ਪਾਰਟੀ ਦੇ ਮੈਂਬਰਜ਼ ਨੂੰ ਕਹਾਂਗਾ ਕਿ ਉਨ੍ਹਾਂ, ਮੇਰਾ ਖਿਆਲ ਹੈ, ਕੋਈ ਅਮਲ ਨਹੀਂ ਕਰਨਾ। (ਵਿਘਨ) ਇਸ ਤੋਂ ਬਾਅਦ, ਡਿਪਟੀ

[ਸਰਦਾਰ ਜਸਵਿੰਦਰ ਸਿੰਘ ਬਰਾੜ]

ਸਪੀਕਰ ਸਾਹਿਬ, ਸਰਕਾਰੀ ਕਰਮਚਾਰੀਆਂ ਵਾਸਤੇ ਜੋ ਵਾਅਦੇ ਕੀਤੇ ਗਏ ਰਿਲੀਫ ਦੇਣ ਦੇ। ਅਕਾਲੀ ਸਰਕਾਰ ਨੇ ਨਹੀਂ ਇੰਟੈਰਮ ਰਿਲੀਫ ਦਿੱਤੀ। ਮੈਂ ਪਹਿਲਾਂ ਕਿਹਾ ਹੈ ਕਿ ਚਾਹੇ ਕੋਈ ਸਰਕਾਰ ਹੋਵੇ, ਅਕਾਲੀ ਸਰਕਾਰ ਹੋਵੇ, ਜਨਸੰਘ ਦੀ ਸਰਕਾਰ ਹੋਵੇ ਜਾਂ ਕਾਂਗਰਸ ਦੀ ਸਰਕਾਰ ਹੋਵੇ, ਜੋ ਵੀ ਗਲਤੀ ਕਰਦੇ ਹਨ, ਉਸ ਨੂੰ ਸੁਧਾਰਨਾ ਚਾਹੀਦਾ ਹੈ। ਜੇ ਅਕਾਲੀ ਸਰਕਾਰ ਨੇ ਨਹੀਂ ਦਿੱਤੀ ਤਾਂ ਇਸ ਸਰਕਾਰ ਨੂੰ ਦੇ ਦੇਣੀ ਚਾਹੀਦੀ ਹੈ। ਇਨ੍ਹਾਂ ਨੇ ਸਿਰਫ ਇਹੋ ਕਰਨਾ ਹੈ ਕਿ ਤੁਹਾਨੂੰ ਇੰਟੈਰਮ ਰਿਲੀਫ ਦੇ ਦਿੱਤੀ ਹੈ ਅਤੇ ਫਲਾਣੀ ਤਰੀਕ ਤੋਂ ਦਿੱਤੀ ਹੈ, ਇਹ ਕਹਿਣਾ ਕਿ ਦੇ ਦਿਆਂਗੇ ਇਹ ਠੀਕ ਨਹੀਂ ਹੈ। (ਵਿਘਨ) ਫਾਈਨੈਂਸ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਕਮਿਸ਼ਨ ਮੁਕੱਰਰ ਹੋਣਾ ਚਾਹੀਦਾ ਹੈ। ਮੈਂ ਕਹਿੰਦਾ ਹਾਂ ਕਿ ਦਿੱਲੀ ਵਿਚ ਵੀ ਤੁਹਾਡੀ ਆਪਣੀ ਸਰਕਾਰ ਹੈ (ਵਿਘਨ) ਮੇਰੇ ਨਾਲ ਅਕਲ ਦੀ ਗੱਲ ਕਰਿਆ ਕਰੋ। (ਵਿਘਨ) (ਸ਼ੋਰ)

ਸ੍ਰੀ ਗੁਰਦਿਆਲ ਸੈਣੀ : ਆਨ ਏ ਪੁਆਇੰਟ ਆਫ ਆਰਡਰ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਮੇਰੇ ਨਾਲ ਅਕਲ ਦੀ ਗੱਲ ਕਰੋ ਅਤੇ ਬਾਕੀਆਂ ਨਾਲ ਬੇ-ਅਕਲ ਦੀਆਂ ਗੱਲਾਂ ਕਰੋ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਲਫਜ਼ ਠੀਕ ਨਹੀਂ ਹਨ। (ਵਿਘਨ)

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।
(This is no point of order.)

Minister for Education: Mr. Deputy Speaker, Sir, the Leader of the Opposition should be relevant.

Sardar Jaswinder Singh Brar : I am just coming to the point. I am touching only the important points.

Mr. Deputy Speaker : The Hon. Member has been saying these words for the last fifteen minutes.

Sardar Jaswinder Singh Brar : I am just summing up, Sir.

ਇਨ੍ਹਾਂ ਸਰਕਾਰੀ ਕਰਮਚਾਰੀਆਂ ਨੂੰ ਰਿਲੀਫ ਦੇਣ ਲਈ ਬੜਾ ਜ਼ੋਰ ਲਾਇਆ ਪਰ ਇਤਨਾ ਹੀ ਕਹਿ ਦਿੱਤਾ ਕਿ ਕਮੇਟੀ ਬਣਾਈ ਹੈ, ਤੁਹਾਨੂੰ ਰਿਲੀਫ ਦਿਆਂਗੇ। ਇਨ੍ਹਾਂ ਨੇ ਸਿਰਫ ਇਤਨਾਂ ਹੀ ਕਹਿਣਾ ਸੀ ਕਿ ਅਸੀਂ ਫਲਾਣੀ ਤਰੀਕ ਨੂੰ ਤੁਹਾਨੂੰ ਰਿਲੀਫ ਦੇ ਦਿੱਤੀ ਹੈ। ਪਰ ਇਨ੍ਹਾਂ ਨੇ ਇਹ ਗੱਲ ਨਹੀਂ ਕੀਤੀ ਅਤੇ ਉਨ੍ਹਾਂ ਨਾਲ ਅਨਿਆਏ ਕੀਤਾ ਗਿਆ। ਲਾਰਾ ਲੱਪਾ ਲਗਾਈ ਰੱਖਿਆ। (ਵਿਘਨ) ਮੈਂ ਦੱਸਦਾ ਹਾਂ ਕਿ ਜਦ ਵੀ ਕਮੇਟੀਆਂ ਬਣਾਈਆਂ ਜਾਂਦੀਆਂ ਹਨ ਤਾਂ ਉਹ ਸਿਰਫ ਲਾਰਾ ਲਾਉਣ ਵਾਸਤੇ ਹੀ ਹੁੰਦੀਆਂ ਹਨ। ਜੇ ਕੁਝ ਦੇਣਾ ਹੁੰਦਾ ਹੈ ਤਾਂ ਪਹਿਲਾਂ ਹੀ ਦੇ ਦਿੱਤਾ ਜਾਂਦਾ ਹੈ। ਮੈਂ ਇਹ ਮਹਿਸੂਸ ਕਰਦਾ ਹਾਂ ਕਿ ਇਹ ਜੋ ਬੱਜਟ ਪੇਸ਼ ਕੀਤਾ ਗਿਆ ਹੈ ਅਤੇ ਇਸ ਦੇ ਵਿਚ ਜੋ ਡਿਮਾਂਡਜ਼ ਰੱਖੀਆਂ ਗਈਆਂ ਹਨ, ਇਸ ਦੇ ਵਿਚ ਐਜੂਕੇਸ਼ਨ ਦੇ ਵਾਸਤੇ ਐਨਾ ਕੁਝ ਨਹੀਂ ਰੱਖਿਆ ਗਿਆ ਜਿੰਨਾ ਕਿ ਇਕ ਖਾਂਦੀ ਪੀਂਦੀ ਸਟੇਟ ਵਿਚ ਰੱਖਿਆ ਜਾਣਾ ਚਾਹੀਦਾ ਹੈ। (ਵਿਘਨ) ਮੈਂ ਦੱਸਦਾ ਹਾਂ ਕਿ ਕਸ਼ਮੀਰ ਇਕ ਉਹ ਸਟੇਟ ਹੈ ਜਿਥੇ ਗਰੀਬ ਲੋਕ ਭੁੱਖੇ ਮਰਦੇ ਹਨ ਅਤੇ ਉਥੋਂ ਲੋਕ ਪੰਜਾਬ ਵਿਚ ਆ ਕੇ ਮਜ਼ਦੂਰੀ ਕਰਦੇ ਹਨ। ਉਨ੍ਹਾਂ ਨੂੰ ਪਹਿਲੀ ਤੋਂ ਆਖਿਰ ਤੱਕ ਪੜ੍ਹਾਈ ਮੁਫ਼ਤ ਦਿੱਤੀ ਜਾਂਦੀ ਹੈ। ਪਰ ਇਸ ਸੂਬੇ ਵਿਚ ਐਜੂਕੇਸ਼ਨ ਨੂੰ ਫਰੀ ਨਹੀਂ ਕੀਤਾ ਗਿਆ। ਮੈਂ ਮਹਿਸੂਸ ਕਰਦਾ ਹਾਂ ਕਿ ਐਜੂਕੇਸ਼ਨ ਪਹਿਲੀ ਤੋਂ ਲੈ ਕੇ ਉਪਰ ਤੱਕ ਫਰੀ ਕਰ ਦੇਣੀ ਚਾਹੀਦੀ ਸੀ ਤਾਕਿ ਬੱਚੇ ਜੋ ਪੜ੍ਹਨ ਵਾਲੇ ਹਨ ਉਨ੍ਹਾਂ ਦਾ ਮਾਂ ਬਾਪ ਦੇ ਸਿਰ ਤੋਂ ਬੋਝ ਹਟ ਜਾਵੇ। ਕਸ਼ਮੀਰ ਦੀ ਮਿਸਾਲ

ਸਾਡੇ ਸਾਹਮਣੇ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਐਜੂਕੇਸ਼ਨ ਫਰੀ ਕਰਨ ਵਾਸਤੇ ਆਪ ਨੂੰ ਪੂਰਾ ਯਤਨ ਕਰਨਾ ਚਾਹੀਦਾ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਸਮ ਅੱਪ ਕਰਨ ਤੋਂ ਪਹਿਲਾਂ ਮੈਂ ਬੇਨਤੀ ਕਰਦਾ ਹਾਂ ਕਿ ਫਰੀਦਕੋਟ ਇਕ ਇਤਿਹਾਸਕ ਜਗ੍ਹਾ ਹੈ ਉਸ ਸ਼ਹਿਰ ਨੇ ਗਿਆਨੀ ਜ਼ੈਲ ਸਿੰਘ ਵਰਗੇ ਨੇਤਾ ਅਤੇ ਮੇਰੇ ਵਰਗੇ ਨਿਮਾਣੇ ਨੂੰ ਜਨਮ ਦਿੱਤਾ ਹੈ। ਉਥੋਂ ਦੀਆਂ ਕੌਲੀਆਂ, ਗਿਲਾਸ ਆਦਿ ਸਾਰੇ ਲੁੱਟ ਕੇ ਪੈਪਸੂ ਵੇਲੇ ਪਟਿਆਲੇ ਲਿਆਂਦੇ ਗਏ। ਇਹ ਚੀਜ਼ਾਂ ਉਸੇ ਸ਼ਕਲ ਵਿਚ ਵਾਪਿਸ ਆਉਣੀਆਂ ਚਾਹੀਦੀਆਂ ਹਨ ਅਤੇ ਜੇ ਉਸ ਸ਼ਕਲ ਵਿਚ ਨਹੀਂ ਤਾਂ ਉਤਨੇ ਪੈਸੇ ਲੈ ਕੇ ਉਤਨੀਆਂ ਚੀਜ਼ਾਂ ਦੇਣੀਆਂ ਚਾਹੀਦੀਆਂ ਹਨ। ਬਾਬਾ ਫਰੀਦ ਦਾ ਨਾਮ ਸਾਰੇ ਹਿੰਦੁਸਤਾਨ ਵਿਚ ਬੜਾ ਮਸ਼ਹੂਰ ਹੈ। ਫਰੀਦਕੋਟ ਵਿਖੇ ਉਨ੍ਹਾਂ ਨੇ ਡੇਰਾ ਲਾਇਆ ਅਤੇ ਫਰੀਦਕੋਟ ਨੂੰ ਉਜਾਗਰ ਕੀਤਾ। ਇਸ ਲਈ ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਰਾਏ ਦਿਆਂਗਾ ਕਿ ਇਸ ਬੱਜਟ ਦੇ ਵਿਚ ਜਾਂ ਹੋਰ ਜਿਥੇ ਰੱਖ ਸਕਦੇ ਹਨ, ਪੈਸਾ ਇਸ ਵਾਸਤੇ ਰੱਖਣਾ ਚਾਹੀਦਾ ਹੈ ਅਤੇ ਬਾਬਾ ਫਰੀਦ ਦੇ ਨਾਮ ਤੇ ਇਕ ਯੂਨੀਵਰਸਿਟੀ ਬਣਾ ਕੇ ਮੁਸਲਮਾਨ ਵਰਗ ਨੂੰ ਵੀ ਦੱਸਿਆ ਜਾਵੇ ਕਿ ਹਰ ਪੰਜਾਬੀ ਉਨ੍ਹਾਂ ਦੀ ਕਦਰ ਕਰਦਾ ਹੈ।

ਡਿਪਟੀ ਸਪੀਕਰ ਸਾਹਿਬ, ਇਸੇ ਤਰ੍ਹਾਂ ਇੰਡਸਟਰੀ ਵਲ ਵੀ ਕੋਟਕਪੂਰੇ ਔਰ ਫਰੀਦਕੋਟ ਵਿਚ ਧਿਆਨ ਦੇਣਾ ਚਾਹੀਦਾ ਹੈ। ਫਰੀਦਕੋਟ ਦੇ ਵਿਚ ਸ਼ੁਗਰਕੇਨ ਦੀ ਮਿੱਲ ਲਾਉਣੀ ਚਾਹੀਦੀ ਹੈ। ਫਰੀਦ-ਕੋਟ ਤੇ ਕੋਟਕਪੂਰਾ ਉਹ ਸ਼ਹਿਰ ਹਨ ਜਿਸ ਨੇ ਇੰਡੀਪੈਂਡੈਂਸ ਦੀ ਲੜਾਈ ਵਿਚ ਬੜੇ ਮਹਾਨ ਨੇਤਾਵਾਂ ਨੂੰ ਜਨਮ ਦਿੱਤਾ। ਉਥੇ ਖ਼ੂਨ ਦਾ ਇਤਿਹਾਸ ਲਿਖਿਆ ਗਿਆ ਹੈ ਲੇਕਿਨ ਮੇਰੀ ਅਰਜ਼ ਹੈ ਕਿ ਉਸ ਇਲਾਕੇ ਨੂੰ ਕਿਸੀ ਵੀ ਸ਼ਕਲ ਵਿਚ ਕੋਈ ਰਿਲੀਫ ਨਹੀਂ ਮਿਲਿਆ। ਹੁਣ ਮੈਂ ਸਮਝਦਾ ਹਾਂ ਕਿ ਚੀਫ਼ ਮਨਿਸਟਰ ਗਿਆਨੀ ਜ਼ੈਲ ਸਿੰਘ ਜੀ ਕੋਲ ਰਾਜ ਭਾਗ ਆਇਆ ਹੈ ਔਰ ਉਸ ਇਲਾਕੇ ਵਲ ਇਨ੍ਹਾਂ ਨੂੰ ਧਿਆਨ ਦੇਣਾ ਚਾਹੀਦਾ ਹੈ। ਉਥੇ ਲੜਕਿਆਂ ਦਾ ਇਕ ਕਾਲਜ ਖੋਲ੍ਹਣਾ ਚਾਹੀਦਾ ਹੈ। ਇਕ ਲੜਕੀਆਂ ਦਾ ਕਾਲਜ ਸਦਾ ਰਾਮ ਦੇ ਨਾਮ ਦਾ ਹੈ ਉਸ ਕਾਲਜ ਨੂੰ ਏਡ ਵਗੈਰਾ ਦੇ ਕੇ ਉਸ ਨੂੰ ਉਨਤ ਕਰਨਾ ਚਾਹੀਦਾ ਹੈ ਜਾਂ ਸਰਕਾਰ ਨੂੰ ਉਸ ਸਕੂਲ ਨੂੰ ਆਪਣੇ ਕੰਟਰੋਲ ਵਿਚ ਲੈ ਲੈਣਾ ਚਾਹੀਦਾ ਹੈ। ਇਸੇ ਤਰ੍ਹਾਂ ਮੈਂ ਇਹ ਵੀ ਕਹਾਂਗਾ ਕਿ ਜੈਤੋ ਵਿਚ ਜੋ ਮੇਰੇ ਹਲਕੇ ਵਿਚ ਹੈ, ਸਵਾ 17 ਏਕੜ ਪੈਲੀ ਕਾਲਜ ਵਾਸਤੇ ਸ਼੍ਰੋਮਣੀ ਪ੍ਰਬੰਧਕ ਕਮੇਟੀ ਨੇ ਦਿੱਤੀ ਸੀ ਪਰ ਹਾਲੀ ਤਕ ਕੁਝ ਨਹੀਂ ਕੀਤਾ ਗਿਆ, ਮੈਂ ਅਰਜ਼ ਕਰਾਂਗਾ ਕਿ ਛੇਤੀ ਤੋਂ ਛੇਤੀ ਕਾਲਜ ਵਾਸਤੇ ਗਰਾਂਟ ਵਗੈਰਾ ਦਿੱਤੀ ਜਾਵੇ ਤਾਂ ਜੋ ਉਸ ਕਾਲਜ ਵਿਚ ਜੁਲਾਈ ਵਿਚ ਕਲਾਸਾਂ ਚਾਲੂ ਹੋ ਸਕਣ।

ਇਸੇ ਤਰਾਂ, ਡਿਪਟੀ ਸਪੀਕਰ ਸਾਹਿਬ, ਜਿਸ ਤਰ੍ਹਾਂ ਬਿਹਾਰ ਔਰ ਮਦਰਾਸ ਆਦਿ ਵਿਚ ਸਟੀਲ ਦੇ ਪਲਾਂਟ ਲੱਗੇ ਹੋਏ ਹਨ, ਸਾਡੇ ਪੰਜਾਬ ਨੂੰ ਇਸ ਤਰ੍ਹਾਂ ਦਾ ਕੋਈ ਵੀ ਵੱਡਾ ਪਲਾਂਟ ਨਹੀਂ ਦਿੱਤਾ ਗਿਆ। ਪੰਜਾਬ ਦੀ ਸ਼ਾਨ ਨੂੰ ਉਚਾ ਕਰਨ ਵਾਸਤੇ, ਪੰਜਾਬ ਨੂੰ ਉਨਤ ਕਰਨ ਵਾਸਤੇ, ਮੈਂ ਸਮਝਦਾ ਹਾਂ ਕਿ ਜੈਤੋ ਦੇ ਵਿਚ ਇਕ ਸਟੀਲ ਪਲਾਂਟ ਲਾਉਣਾ ਚਾਹੀਦਾ ਹੈ।

ਸਮ ਅੱਪ ਕਰਨ ਤੋਂ ਪਹਿਲਾਂ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਾਂਗਾ ਕਿ ਮੇਰੀ ਪਾਰਟੀ ਦਾ ਇਹ ਆਦਰਸ਼ ਹੈ ਕਿ ਗੁਰੂ ਨਾਨਕ ਦੇ ਸੋਸ਼ਲਿਜ਼ਮ ਦੇ ਜਿੰਨੇ ਪ੍ਰੋਗਰਾਮ ਹਨ ਉਨ੍ਹਾਂ ਤੇ ਵੱਧ ਤੋਂ ਵੱਧ ਚਲਿਆ ਜਾਵੇ ਔਰ ਮੈਂ ਆਪਣੀਆਂ ਥੋੜ੍ਹੀਆਂ ਜਿਹੀਆਂ ਗਲਾਂ ਵਿਚ ਕੁਝ ਪ੍ਰੋਗਰਾਮ ਦਸਣ ਦਾ ਯਤਨ ਕੀਤਾ ਹੈ। ਸਾਡੀ ਪਾਰਟੀ ਗੁਰੂ ਨਾਨਕ ਦੇ ਚਲਾਏ ਮਾਰਗ ਤੇ ਚਲਣ ਵਾਲੀ ਹੈ। ਮੈਂ ਕਹਾਂਗਾ ਕਿ ਜੇ ਰੂਲਿੰਗ ਪਾਰਟੀ ਕੋਈ ਕਨਸਟਰੱਕਟਿਵ ਕੰਮ ਕਰੇਗੀ ਤਾਂ ਅਸੀਂ ਉਨ੍ਹਾਂ ਦੀ ਐਪਰੀਸੀਏਸ਼ਨ ਕਰਾਂਗੇ ਔਰ ਹਰ ਥਾਂ ਉਨ੍ਹਾਂ ਦੀ ਪ੍ਰਸ਼ੰਸਾ ਕਰਾਂਗਾ (ਤਾੜੀਆਂ) ਪਰ ਜਿਥੇ ਇਹ

[ਸਰਦਾਰ ਜਸਵਿੰਦਰ ਸਿੰਘ ਬਰਾੜ]

ਕੋਈ ਗਲ ਐਸੀ ਕਰਨਗੇ ਜਿਹੜੀ ਪੰਜਾਬ ਦੇ ਹਿੱਤ ਵਿਚ ਨਾ ਹੋਵੇ, ਜਿਹੜੀ ਕਿ ਪੰਜਾਬ ਲਈ ਚੰਗੀ ਨਾ ਹੋਵੇ ਉਥੇ ਅਸੀਂ ਇਨ੍ਹਾਂ ਦੀ ਪੂਰੀ ਨੁਕਤਾਚੀਨੀ ਕਰਾਂਗੇ ਔਰ ਨੁਕਤਾਚੀਨੀ ਵੀ ਅਸੀਂ ਕਨਸਟਰੱਕਟਿਵ ਕਰਾਂਗੇ। (ਤਾੜੀਆਂ) ਇਨ੍ਹਾਂ ਨੂੰ ਉਹ ਕੰਮ ਕਰਨੇ ਚਾਹੀਦੇ ਹਨ ਜਿਸ ਨਾਲ ਕਿ ਪੰਜਾਬ ਦੀ ਔਰ ਸਾਰੇ ਹਿੰਦੁਸਤਾਨ ਦੀ ਦਿਨ ਦੁਗਣੀ ਤੇ ਰਾਤ ਚੌਗਣੀ ਤਰੱਕੀ ਹੋਵੇ। ਇਨ੍ਹਾਂ ਲਫਜ਼ਾਂ ਨਾਲ ਮੈਂ ਆਪ ਦਾ ਸ਼ੁਕਰੀਆ ਅਦਾ ਕਰਦਾ ਹਾਂ।

ਭਗਤ ਗੁਰਾਂ ਦਾਸ ਹੰਸ (ਸ਼ਾਮ ਚੌਰਾਸੀ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਵਕਤ ਦਿੱਤਾ ਹੈ। ਇਹ ਠੀਕ ਹੈ ਕਿ ਸਪਲੀਮੈਂਟਰੀ ਡਿਮਾਂਡਜ਼ ਤੇ ਵਿਚਾਰ ਹੋ ਰਹੀ ਹੈ ਪਰ ਇਸ ਵੇਲੇ ਇਥੇ ਹੋਰ ਤਰ੍ਹਾਂ ਦੇ ਵਿਚਾਰ ਚਲ ਰਹੇ ਹਨ, ਮੈਨੂੰ ਉਮੀਦ ਹੈ ਕਿ ਤੁਸੀਂ ਮੈਨੂੰ ਵੀ ਇਸ ਤਰ੍ਹਾਂ ਕਰਨ ਤੋਂ ਨਹੀਂ ਰੋਕੋਗੇ। (ਹਾਸਾ) ਡਿਪਟੀ ਸਪੀਕਰ ਸਾਹਿਬ, ਆਨਰੇਬਲ ਮੈਂਬਰ ਜੋ ਆਪੋਜ਼ੀਸ਼ਨ ਪਾਰਟੀ ਦੇ ਲੀਡਰ ਹਨ, ਨੇ ਬਹੁਤ ਸਮਾਂ ਹਰੀਜਨਾਂ ਦੇ ਬਾਰੇ ਹੀ ਲਾਇਆ ਹੈ ਪਰ ਮੈਂ ਕਹਿੰਦਾ ਹਾਂ--

'ਕਾਂਟਾ ਚੁਭੇ ਕਿਸੀ ਕੋ ਤੜਪਤੇ ਹੈਂ ਹਮ ਅਮੀਰ,
ਸਾਰੇ ਜਹਾਂ ਕਾ ਦਰਦ ਹਮਾਰੇ ਜ਼ਿਗਰ ਮੇਂ ਹੈ।'

ਇਹ ਲੋਕ ਗਲਾਂ ਬਾਤਾਂ ਕਰਕੇ ਹੀ ਘਰ ਪੂਰਾ ਕਰਨ ਦੀ ਕੋਸ਼ਿਸ਼ ਕਰਦੇ ਹਨ ਪਰ ਅਮਲੀ ਤੌਰ ਤੇ ਕੋਈ ਵੀ ਗਲ ਕਰਨ ਦੀ ਕੋਸ਼ਿਸ਼ ਇਹ ਨਹੀਂ ਕਰਦੇ। ਆਪੋਜ਼ੀਸ਼ਨ ਦੇ ਲੀਡਰ ਸਾਹਿਬ ਨੇ ਦਸਿਆ ਹੈ ਕਿ ਹਰੀਜਨਾਂ ਵਾਸਤੇ ਅਸੀਂ ਬਹੁਤ ਕੀਤਾ ਹੈ, ਪਰ ਕੀਤਾ ਇਨ੍ਹਾਂ ਨੇ ਕੁਝ ਵੀ ਨਹੀਂ। ਮੈਂ ਇਹ ਕਹਿੰਦਾ ਹਾਂ ਕਿ ਜੋ ਕੰਮ ਹਰੀਜਨਾਂ ਦੇ ਲਈ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਜਿਹੜੀ ਕਿ ਕਾਂਗਰਸ ਦੀ ਸਰਕਾਰ ਹੈ, ਨੇ ਕੀਤੇ ਹਨ ਉਹ ਕਿਸੀ ਵੀ ਸਰਕਾਰ ਨੇ ਨਹੀਂ ਕੀਤੇ। (ਵਿਘਨ) ਇਨ੍ਹਾਂ ਨੇ ਛੂਆ ਛੂਤ ਦਾ ਜ਼ਿਕਰ ਕੀਤਾ ਹੈ ਪਰ ਮੈਂ ਕਹਿੰਦਾ ਹਾਂ ਕਿ ਗੁਰੂ ਨਾਨਕ ਤਾਂ ਸਰਬਤ ਦਾ ਭਲਾ ਚਾਹੁੰਦਾ ਸੀ :

'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ'

ਪਰ ਗੁਰੂ ਨਾਨਕ ਨੂੰ ਮੰਨਣ ਵਾਲੇ ਇਹ ਭਰਾ (ਅਕਾਲੀ ਪਾਰਟੀ ਵਲ ਇਸ਼ਾਰਾ ਕਰਦੇ ਹੋਏ) ਵੈਸੇ ਮੰਨਦੇ ਤਾਂ ਅਸੀਂ ਸਾਰੇ ਗੁਰੂ ਨਾਨਕ ਦੇਵ ਜੀ ਨੂੰ ਹਾਂ ਪਰ ਇਹ ਦਾਅਵੇਦਾਰ ਬਣਦੇ ਹਨ, ਕਿਸੇ ਦਾ ਵੀ ਭਲਾ ਨਹੀਂ ਚਾਹੁੰਦੇ। ਇਹ ਛੂਆ ਛਾਤ ਆਪ ਕਰਦੇ ਹਨ । (ਵਿਘਨ) ਡਿਪਟੀ ਸਪੀਕਰ ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਹ ਛੂਆ ਛਾਤ ਨੂੰ ਖ਼ਤਮ ਕਰਨ ਲਈ ਪੰਜ ਪਿਆਰੇ ਪਹਿਲਾਂ ਸਾਜੇ, ਉਨ੍ਹਾਂ ਨੂੰ ਅੰਮ੍ਰਿਤ ਛਕਾਇਆ ਔਰ ਫਿਰ ਉਨ੍ਹਾਂ ਤੋਂ ਆਪ ਅੰਮ੍ਰਿਤ ਛਕਿਆ। ਪਰ ਇਨ੍ਹਾਂ ਦੇ ਬਾਰੇ (ਅਕਾਲੀ ਪਾਰਟੀ ਵਲ ਇਸ਼ਾਰਾ ਕਰਦੇ ਹੋਏ) ਡਿਪਟੀ ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਜੇ ਕਿਸੇ ਗਰੀਬ ਹਰੀਜਨ ਵਿਚਾਰੇ ਦੇ ਘਰ ਗੁਰੂ ਮਹਾਰਾਜ ਦਾ ਪ੍ਰਕਾਸ਼ ਕੀਤਾ ਜਾਂਦਾ ਹੈ ਤਾਂ ਇਹ ਜਿਹੜੇ ਗੁਰੂ ਨਾਨਕ ਦੇ ਜ਼ਿਆਦਾ ਦਾਅਵੇਦਾਰ ਕਹਾਉਂਦੇ ਹਨ, ਭੋਗ ਪੈਣ ਤੋਂ ਪਹਿਲਾਂ ਹੀ ਪ੍ਰਸ਼ਾਦ ਵੇਲੇ ਉਥੇ ਕੋਈ ਨਾ ਕੋਈ ਬਹਾਨਾ ਕਰਕੇ ਉਥੋਂ ਉਠ ਆਉਂਦੇ ਹਨ। (ਵਿਘਨ) (ਸ਼ੇਮ ਸ਼ੇਮ ਦੀਆਂ ਆਵਾਜ਼ਾਂ)

ਡਿਪਟੀ ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਕਾਂਗਰਸ ਰਾਜ ਨੇ ਲੋਕਾਂ ਨੂੰ ਇਨਸਾਨੀ ਜੀਵਨ ਦਿੱਤਾ ਹੈ। ਅੱਜ ਕਾਂਗਰਸ ਦੀ ਬਦੌਲਤ ਨਾਲ ਹੀ ਹੋਟਲਾਂ ਵਿਚ ਜਾਂ ਜਿਥੇ ਕਿਤੇ

ਵੀ ਦੇਖ ਲਓ ਜਿਥੇ ਵਡੇ ਤੋਂ ਵੱਡਾ ਆਦਮੀ ਰੋਟੀ ਖਾ ਸਕਦਾ ਹੈ ਉਥੇ ਇਕ ਗਰੀਬ ਜੁਤੀਆਂ ਸੀਣ ਵਾਲਾ ਔਰ ਸੜਕਾਂ ਸਾਫ਼ ਕਰਨ ਵਾਲਾ ਆਦਮੀ ਵੀ ਬੈਠ ਕੇ ਰੋਟੀ ਖਾ ਸਕਦਾ ਹੈ। ਕਾਂਗਰਸ ਨੇ ਇਨਸਾਨੀ ਜੀਵਨ ਦਿੱਤਾ ਹੈ। ਇਹ ਕਹਿੰਦੇ ਹਨ ਕਿ ਕਾਂਗਰਸ ਨੇ ਹਰੀਜਨਾਂ ਲਈ ਕੁਝ ਕੀਤਾ ਹੀ ਨਹੀਂ । (ਵਿਘਨ)

ਗੁਰਦੁਆਰੇ ਸਭ ਦੇ ਸਾਂਝੇ ਹਨ, ਗੁਰਦੁਆਰੇ ਗੁਰੂਆਂ ਦੇ ਹਨ--- (ਵਿਘਨ) (ਸ਼ੋਰ)

ਸ੍ਰੀ ਡਿਪਟੀ ਸਪੀਕਰ : ਭਗਤ ਜੀ, ਚੇਅਰ ਨੂੰ ਐਡਰੈਸ ਕਰੋ। (ਵਿਘਨ) Bhagat ji, please address the Chair) (*Interruptions*)

ਸਰਦਾਰ ਰਣਧੀਰ ਸਿੰਘ ਚੀਮਾ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਭਗਤ ਜੀ ਕਹਿੰਦੇ ਹਨ ਕਿ ਕਾਂਗਰਸ ਇਕੱਠੇ ਬਿਠਾ ਕੇ ਲੰਗਰ ਛਕਾਉਂਦੀ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਾਂਗਰਸ ਨੇ ਕਿੱਥੇ ਲੰਗਰ ਲਗਾਇਆ ਹੋਇਆ ਹੈ। (ਵਿਘਨ)

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ । (This is no point of order)

ਭਗਤ ਗੁਰਾਂ ਦਾਸ ਹੰਸ : ਡਿਪਟੀ ਸਪੀਕਰ ਸਾਹਿਬ, ਇਥੇ ਜਦੋਂ ਸਰਦਾਰ ਪ੍ਰਤਾਪ ਸਿੰਘ ਜੀ ਦੀ ਹਕੂਮਤ ਸੀ ਉਨ੍ਹਾਂ ਨੇ ਕਿਹਾ ਕਿ ਹਰੀਜਨਾਂ ਦੀ ਭਲਾਈ ਲਈ ਫੰਡ ਇਕੱਠਾ ਕਰਨਾ ਹੈ ਔਰ ਪੰਜ ਕਰੋੜ ਰੁਪਿਆ ਹਰੀਜਨਾਂ ਵਾਸਤੇ ਜਮ੍ਹਾਂ ਕੀਤਾ ਗਿਆ। ਉਨ੍ਹਾਂ ਨੇ ਇਕ ਛਾਬੜੀ ਲਾਉਣ ਵਾਲੇ ਨੂੰ ਵੀ ਕਿਹਾ ਕਿ ਭਈ ਇਨ੍ਹਾਂ ਗਰੀਬ ਹਰੀਜਨਾਂ ਵਾਸਤੇ ਅਸੀਂ ਕੁਝ ਕਰਨਾ ਹੈ। ਪਰ ਇਹਨਾਂ ਅਕਾਲੀਆਂ ਦੀ ਜਦੋਂ ਹਕੂਮਤ ਆਈ ਤਾਂ ਇਹ 5 ਕਰੋੜ ਤਾਂ ਛਕ ਗਈ ਔਰ ਹਰੀਜਨਾਂ ਲਈ ਕੀਤਾ ਕੁਝ ਨਹੀਂ (ਵਿਘਨ) ਅਸੀਂ ਬੜਾ ਰੌਲਾ ਪਾਇਆ ਕਿ ਭਈ ਜੇ ਹੋਰ ਕੁਝ ਨਹੀਂ ਕਰਨਾ ਤਾਂ ਸਾਡਾ ਇਹ ਪੰਜ ਕਰੋੜ ਰੁਪਿਆ ਤਾਂ ਦਿਓ। (ਵਿਘਨ) ਇਹ ਪੰਜ ਕਰੋੜ ਰੁਪਿਆ ਤਾਂ ਹਜ਼ਮ ਕਰ ਗਏ ਪਰ 50 ਲੱਖ ਰੁਪਿਆ ਸਾਡੇ ਲਈ ਮਨਜ਼ੂਰ ਕੀਤਾ। ਇਨ੍ਹਾਂ ਨੇ ਇਕੋ ਕੰਮ ਕੀਤਾ ਹੈ ਕਿ ਹਰੀਜਨ ਵਿਚਾਰਿਆਂ ਤੋਂ ਜ਼ਮੀਨ ਖੋਹ ਲਓ, ਨਾ ਮਕਾਨ ਬਣਾਉਣ ਲਈ ਲੋਨ ਵਗੈਰਾ ਦਿਓ। ਇਕੋ ਕੰਮ ਜਿਹੜਾ ਕੀਤਾ ਉਹ ਇਹ ਕੀਤਾ ਕਿ ਸਭ ਕੁਝ ਖੋਹ ਕੇ ਇਨ੍ਹਾਂ ਵਿਚਾਰਿਆਂ ਨੂੰ ਧਰਮ-ਸ਼ਾਲਾਂ ਵਿਚ ਬਿਠਾ ਦਿਓ। ਸਾਨੂੰ ਇਨ੍ਹਾਂ ਨੇ ਧਰਮਸ਼ਾਲਾਂ ਵਲ ਤੋਰ ਦਿੱਤਾ। ਸਾਡੀ ਡੀਵੈਲਪਮੈਂਟ ਦੀ ਥਾਂ ਤੇ ਇਨ੍ਹਾਂ ਨੇ ਸਾਨੂੰ ਧਰਮਸ਼ਾਲਾਂ ਦਿੱਤੀਆਂ ਔਰ ਧਰਮਸ਼ਾਲਾਂ ਵੀ ਉਥੇ ਬਣਾਈਆਂ ਜਿਥੇ ਅਕਾਲੀ ਭਰਾਵਾਂ ਨੇ ਕਿਹਾ ....

ਸਰਦਾਰ ਕਰਨੈਲ ਸਿੰਘ ਮਰੜੀ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਹਰੀਜਨਾਂ ਦੇ ਬਾਰੇ ਇਨ੍ਹਾਂ ਕਿਹਾ .... (ਵਿਘਨ)

Mr. Deputy Speaker : This is no point order. Please resume your seat.

ਚੌਧਰੀ ਜਗਤ ਰਾਮ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਨ੍ਹਾਂ ਦੀ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ) ਏਡੀ ਵੱਡੀ ਫ਼ਰਾਖਦਿਲੀ ਹੈ ਹਰੀਜਨਾਂ ਲਈ ਕਿ ਇਕ ਹਰੀਜਨ ਭਰਾ ਬੋਲ ਰਿਹਾ ਹੈ ਉਸ ਨੂੰ ਬੋਲਣ ਤਕ ਨਹੀਂ ਦਿੰਦੇ (ਵਿਘਨ)

ਵਿਕਾਸ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਹਾਊਸ ਦੇ ਵਿਚ ਜੇ ਕਿਸੇ ਆਨਰੇਬਲ ਮੈਂਬਰ ਦਾ ਨਾਂ ਲੈਣਾ ਹੋਵੇ ਤਾਂ ਉਸ ਨੂੰ ਜੇਕਰ ਆਨਰੇਬਲ

[ਵਿਕਾਸ ਮੰਤਰੀ]
ਮੈਂਬਰ ਨਹੀਂ ਕਹਿ ਸਕਦੇ ਇਹ ਮੇਰੇ ਦੋਸਤ ਤਾਂ ਮਾਨਯੋਗ ਮੈਂਬਰ ਹੀ ਕਹਿ ਦੇਣ । ਮੈਂ ਸਿਰਫ਼ ਇਤਨੀ ਅਰਜ਼ ਕਰਨੀ ਹੈ ਕਿ ਜੇਕਰ ਇਹ ਸਾਹਿਬਾਨ ਨਹੀਂ ਕਹਿੰਦੇ ਤਾਂ ਕਮ-ਅਜ਼-ਕਮ ਇਨ੍ਹਾਂ ਨੂੰ ਪੁਆਇੰਟ ਆਊਟ ਜ਼ਰੂਰ ਕਰ ਦੇਣਾ ਚਾਹੀਦਾ ਹੈ। (ਵਿਘਨ)

ਭਗਤ ਗੁਰਾਂ ਦਾਸ ਹੰਸ : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਮੇਰੇ ਆਨਰੇਬਲ ਮੈਂਬਰ ਸਾਹਿਬ, ਜਿਹੜੇ ਪਾਰਲੀਮੈਂਟ ਦੇ ਵੀ ਮੈਂਬਰ ਰਹਿ ਚੁੱਕੇ ਹਨ, ਉਨ੍ਹਾਂ ਨੇ ਆਪਣੀ ਸਪੀਚ ਵਿਚ ਕਹਿ ਦਿੱਤਾ ਕਿ ਇਨ੍ਹਾਂ ਨੇ ਹਰੀਜਨਾਂ ਵਾਸਤੇ ਕੁਝ ਨਹੀਂ ਕੀਤਾ ਅਤੇ ਨਾਲ ਹੀ ਨਾਲ ਇਹ ਵੀ ਕਹਿ ਦਿੱਤਾ ਕਿ ਜਿਹੜਾ ਇਹ ਅੱਛਾ ਕੰਮ ਕਰਨਗੇ ਅਸੀਂ ਉਸ ਦੀ ਸ਼ਲਾਘਾ ਕਰਾਂਗੇ । ਡਿਪਟੀ ਸਪੀਕਰ ਸਾਹਿਬ, ਅਸੀਂ ਇਕ ਰੈਜ਼ੋਲਿਊਸ਼ਨ ਪਾਸ ਕੀਤਾ ਕਿ ਹਰੀਜਨਾਂ ਦੇ ਕੋਲ ਪੈਸੇ ਕੋਈ ਨਹੀਂ, ਉਨ੍ਹਾਂ ਤੋਂ ਅੰਗੂਠੇ ਲਵਾਕੇ ਉਨ੍ਹਾਂ ਨੂੰ ਜ਼ਮੀਨ ਦੇ ਦਿਓ ਅਤੇ ਇਸ ਤਰ੍ਹਾਂ ਹਰੀਜਨਾਂ ਨੂੰ ਜ਼ਮੀਨ ਮਿਲ ਜਾਂਦੀ ਸੀ, ਪਰ ਇਨ੍ਹਾਂ ਮੇਰੇ ਵੀਰਾਂ ਨੇ (ਆਪੋਜ਼ੀਸ਼ਨ ਦੇ ਬੈਂਚਾਂ ਵੱਲ ਇਸ਼ਾਰਾ ਕਰਦੇ ਹੋਏ) ਆ ਕੇ ਉਹ ਜ਼ਮੀਨ ਦੇਣੀ ਬੰਦ ਕਰ ਦਿੱਤੀ। ਮੈਨੂੰ ਇਸ ਗਲ ਦਾ ਬੜਾ ਅਫਸੋਸ ਹੈ ਕਿ ਜਦੋਂ ਉਸ ਆਨਰੇਬਲ ਮੈਂਬਰ ਨੇ ਇਹ ਕਿਹਾ ਕਿ ਉਹ ਇਸ ਕਰਕੇ ਬੰਦ ਕਰ ਦਿੱਤੀ ਹੈ ਤਾਂ ਕਿ ਇਨ੍ਹਾਂ ਨੂੰ ਚੰਨ ਤੇ ਜ਼ਮੀਨ ਲਭ ਦੇਈਏ ਅਤੇ ਨਾਲ ਹੀ ਕਹਿ ਦਿੱਤਾ ਕਿ ਹੁਣ ਚੂੰਕਿ ਅਮਰੀਕਾ ਨਾਲ ਦੋਸਤੀ ਟੁੱਟ ਗਈ ਹੈ ਇਸ ਲਈ ਜ਼ਮੀਨ ਤਾਂ ਉਥੇ ਵੀ ਨਹੀਂ ਮਿਲਣੀ ... (ਵਿਘਨ) ਮੈਨੂੰ ਇਸ ਗੱਲ ਦਾ ਦੁੱਖ ਹੈ ਕਿ ਉਹ ਭਰਾ ਹਰੀਜਨ ਹੁੰਦਾ ਹੋਇਆ ਵੀ ਹਰੀਜਨਾਂ ਦੇ ਹਿਤ ਦੀ ਕੋਈ ਗਲ ਨਹੀਂ ਕਰ ਸਕਿਆ। ਅਸੀਂ ਇਹ ਫੈਸਲਾ ਕੀਤਾ ਸੀ ਕਿ ਜਿਹੜੀ ਜ਼ਮੀਨ ਹਰੀਜਨਾਂ ਨੂੰ ਦੇਣੀ ਹੈ ਉਹ ਬੋਲੀ ਰਾਹੀਂ ਦਿੱਤੀ ਜਾਏ ਅਤੇ ਜਿਹੜੇ ਵੱਧ ਪੈਸੇ ਆਉਣ ਉਹ ਹਰੀਜਨ ਕਲਿਆਣ ਫੰਡ ਵਿਚ ਰਖੇ ਜਾਣ ਤਾਕਿ ਹਰੀਜਨਾਂ ਨੂੰ ਉਨ੍ਹਾਂ ਪੈਸਿਆਂ ਦਾ ਕੋਈ ਫਾਇਦਾ ਹੋ ਸਕੇ ਪਰ ਉਹ ਪੈਸੇ ਵੀ ਮੇਰੇ ਇਧਰ ਬੈਠੇ ਵੀਰ ਹਜ਼ਮ ਕਰ ਗਏ। ਇਹ ਤਾਂ ਹੈ ਇਨ੍ਹਾਂ ਦੇ ਕਲਿਆਨ ਫੰਡ ਦਾ ਹਾਲ। ਹੁਣ ਮੈਂ ਕਾਰ-ਪੋਰੇਸ਼ਨ ਦੇ ਬਾਰੇ ਵਿਚ ਕੁਝ ਅਰਜ਼ ਕਰਨੀ ਚਾਹੁੰਦਾ ਹਾਂ। ਕਾਰਪੋਰੇਸ਼ਨ ਦੇ ਜਿਹੜੇ ਡਾਇਰੈਕਟਰ ਲਗੇ ਜਾਂ ਜਿਹੜੇ ਆਨਰੇਬਲ ਚੇਅਰਮੈਨ ਸਨ ਉਨ੍ਹਾਂ ਨੇ ਬੜੇ ਉਤਸ਼ਾਹ ਨਾਲ ਲੋਕਾਂ ਨੂੰ ਪੈਸੇ ਦੇਣ ਦਾ ਯਤਨ ਕੀਤਾ। ਇਹ ਠੀਕ ਹੈ ਕਿ ਕਈ ਐਸੇ ਕਰਜ਼ੇ ਸਨ ਕਿ ਜੇ ਕਿਸੇ ਨੇ ਹਜ਼ਾਰ ਰੁਪਿਆ ਕਰਜ਼ਾ ਲੈਣਾ ਹੈ ਤਾਂ ਪੰਜ ਸੌ ਰੁਪਏ ਤਾਂ ਕਰਜ਼ਾ ਦਿਲਾਉਣ ਵਾਲੇ ਅਫ਼ਸਰ ਹੀ ਖਾ ਗਏ ਅਤੇ ਕਰਜ਼ਾ ਲੈਣ ਵਾਲੇ ਦੇ ਪੱਲੇ ਤਾਂ ਕੇਵਲ ਪੰਜ ਸੌ ਹੀ ਪਿਆ। ਫਿਰ ਇਨ੍ਹਾਂ ਨੇ ਕਿਹਾ ਕਿ ਵੱਡੇ ਕਰਜ਼ੇ ਦਿਉ ਤਾਕਿ ਹਰੀਜਨ ਚੰਗਾ ਜੀਵਨ ਬਿਤਾ ਸਕਣ। ਉਸ ਵਕਤ ਤਾਂ ਇਨ੍ਹਾਂ ਨੇ ਬੜੀ ਫ਼ਰਾਖਦਿਲੀ ਨਾਲ ਕਹਿ ਦਿੱਤਾ ਕਿ ਅਸੀਂ 5 ਕਰੋੜ ਰੁਪਏ ਵਾਪਸ ਕਰ ਦਿਆਂਗੇ। ਉਸ ਦੇ ਬਾਰੇ ਡਿਪਟੀ ਸਪੀਕਰ ਸਾਹਿਬ ਇਨ੍ਹਾਂ ਨੇ ਮਿਹਰਬਾਨੀ ਕੀਤੀ (ਵਿਘਨ) ਪਰ ਉਸ ਦੇ ਵਿਚੋਂ ਹਾਲੇ, ਤਾਈਂ ਇਕ ਕਰੋੜ ਦੀ ਇਕ ਕਿਸ਼ਤ ਹੀ ਦਿੱਤੀ ਅਤੇ ਕਾਰਪੋਰੇਸ਼ਨ ਨੂੰ ਅੱਜ ਤਕ ਦੂਸਰੀ ਕਿਸ਼ਤ ਨਹੀਂ ਮਿਲੀ । ਲੋਕਾਂ ਦੀਆਂ ਕਰਜ਼ੇ ਲਈ ਕਿੰਨੀਆਂ ਦਰਖ਼ਾਸਤਾਂ ਕਿੰਨੇ ਕਿੰਨੇ ਚਿਰਾਂ ਤੋਂ ਪਈਆਂ ਹੋਈਆਂ ਹਨ, ਮੈਂ ਆਪਣੀ ਸਰਕਾਰ ਨੂੰ ਖ਼ਾਸ ਕਰਕੇ ਚੀਫ਼ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਉਨ੍ਹਾਂ ਦੀਆਂ ਦਰਖ਼ਾਸਤਾਂ ਬਾਰੇ ਖ਼ਾਸ ਧਿਆਨ ਦਿੱਤਾ ਜਾਏ ਅਤੇ ਦੂਸਰੇ ਜਿਹੜੀ ਰਜਿਸਟਰੇਸ਼ਨ ਫ਼ੀਸ ਹੈ ਉਹ ਮੁਆਫ਼ ਹੋਣੀ ਚਾਹੀਦੀ ਹੈ । (ਵਿਘਨ) ਡਿਪਟੀ ਸਪੀਕਰ ਸਾਹਿਬ, ਦੂਸਰੀ ਜਿਹੜੀ ਮੈਂ ਗਲ ਕਰਨੀ ਚਾਹੁੰਦਾ ਹਾਂ ਉਹ ਇਹ ਹੈ ਕਿ ਇਸ ਕਰਜ਼ੇ ਤੇ ਜਿਹੜਾ ਸੂਦ ਵਸੂਲ ਕੀਤਾ ਜਾਂਦਾ ਹੈ ਉਹ ਸਾਢੇ ਸੱਤ ਫੀ ਸਦੀ ਹੈ ਅਤੇ ਜਿਹੜਾ ਇੰਡਸਟਰੀ ਦੇ ਕਰਜ਼ੇ ਤੇ ਲਿਆ ਜਾਂਦਾ ਹੈ ਉਹ ਤਿੰਨ ਪ੍ਰਤੀਸ਼ਤ ਹੈ। ਮੈਂ ਆਪਣੇ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਅਗਰ ਹਰੀਜਨਾਂ ਦਾ ਕਲਿਆਣ ਕਰਨਾ ਹੈ ਤਾਂ ਇਸ ਕਰਜ਼ੇ ਤੇ ਜਿਹੜੀ ਸੂਦ

ਦੀ ਦਰ ਹੈ ਉਹ ਤਿੰਨ ਪਰਸੈਂਟ ਹੋਣੀ ਚਾਹੀਦੀ ਹੈ ਅਤੇ ਇਹ ਜਿਹੜੀ ਰਜਿਸਟਰੇਸ਼ਨ ਫ਼ੀਸ ਹੈ ਇਹ ਨਹੀਂ ਹੋਣੀ ਚਾਹੀਦੀ।

ਇਸ ਤੋਂ ਅਗੇ ਜਿਹੜਾ ਇਹ ਕਦਮ ਉਠਾਇਆ ਹੈ ਕਿ ਦੋ ਸਾਲਾਂ ਦੇ ਅੰਦਰ ਅੰਦਰ ਹਰ ਪਿੰਡ ਵਿਚ ਬਿਜਲੀ ਪਹੁੰਚ ਜਾਏਗੀ ਅਤੇ ਲਿੰਕ ਰੋਡਜ਼ ਸਾਰੇ ਪਿੰਡਾਂ ਵਿਚ ਚਲੀਆਂ ਜਾਣਗੀਆਂ: ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਇਸ ਤਰ੍ਹਾਂ ਨਾਂ ਹੋਵੇ ਜਿਸ ਤਰ੍ਹਾਂ ਇਨ੍ਹਾਂ ਅਕਾਲੀਆਂ ਨੇ ਕੀਤਾ। ਜਿੰਨਾਂ ਵੀ ਰੁਪਿਆ ਇਨ੍ਹਾਂ ਦੇ ਸਮੇਂ ਖ਼ਰਚ ਹੋਇਆ ਉਹ ਸਿਰਫ਼ ਸੰਗਰੂਰ ਅਤੇ ਬਠਿੰਡਾ ਜ਼ਿਲ੍ਹਿਆਂ ਤੇ ਖ਼ਰਚ ਹੋਇਆ (ਵਿਘਨ) ਹੁਸ਼ਿਆਰਪੁਰ ਜਿਹੜਾ ਕਿ ਇਕ ਬਹੁਤ ਹੀ ਪਛੜਿਆ ਹੋਇਆ ਇਲਾਕਾ ਹੈ ਉਸ ਵਲ ਕੋਈ ਧਿਆਨ ਤਕ ਨਹੀਂ ਦਿੱਤਾ। ਮੈਨੂੰ ਇਸ ਗਲ ਦਾ ਫ਼ਖਰ ਹੈ ਕਿ ਹੁਸ਼ਿਆਰਪੁਰ ਉਹ ਜ਼ਿਲ੍ਹਾ ਹੈ ਜਿਥੇ ਭਾਖੜਾ ਨਹਿਰ ਨਿਕਲੀ ਜਿਸ ਦੇ ਨਾਲ ਸਾਰੇ ਪੰਜਾਬ ਦੀ ਧਰਤੀ ਸੈਰਾਬ ਹੁੰਦੀ ਹੈ। ਇਹ ਠੀਕ ਹੈ ਕਿ ਜਿਥੋਂ ਪਾਣੀ ਬਿਜਲੀ ਨਿਕਲੀ ਹੈ ਉਸ ਇਲਾਕੇ ਨੂੰ ਕੋਈ ਫ਼ਾਇਦਾ ਨਹੀਂ ਹੋਇਆ, ਕਿਉਂਕਿ ਉਹ ਤਾਂ ਦੂਸਰੇ ਜ਼ਿਲ੍ਹਿਆਂ ਨੂੰ ਚਲੀ ਗਈ। ਮੈਂ ਅਰਜ਼ ਕਰਦਾ ਹਾਂ ਕਿ ਸਾਡਾ ਜਿਹੜਾ ਜ਼ਿਲ੍ਹਾ ਹੈ ਇਹ ਬੜਾ ਪਛੜਿਆ ਹੋਇਆ ਹੈ, ਪਰ ਇਥੇ ਜਿਹੜੀ ਅੱਛੀ ਜ਼ਮੀਨ ਪਈ ਹੈ ਅਗਰ ਉਸ ਦੇ 12-12 ਏਕੜ ਦੇ ਪਲਾਟ ਬਣਾ ਕੇ, ਟਿਊਬਵੈਲਜ਼ ਲਗਾ ਕੇ ਗੌਰਮੈਂਟ ਆਪਣਾ ਖ਼ਰਚਾ ਕਰਕੇ ਗਰੀਬ ਕਿਸਾਨਾਂ/ਹਰੀਜਨਾਂ ਨੂੰ ਦੇਵੇ ਕੀਮਤਨ ਅਸੀਂ ਉਸ ਦੀ ਕੀਮਤ ਦੇਣ ਲਈ ਤਿਆਰ ਹਾਂ ਪਰ ਸ਼ਰਤ ਇਹ ਹੈ ਕਿ ਉਹ ਜਿਹੜੀ ਜ਼ਮੀਨ ਹੈ ਕਾਬਲੇਕਾਸ਼ਤ ਦੀ ਸ਼ਕਲ ਵਿਚ ਦੇਣੀ ਚਾਹੀਦੀ ਹੈ। ਇਸ ਦੇ ਨਾਲ ਇਕ ਤਾਂ ਇਹ ਫਾਇਦਾ ਹੋਵੇਗਾ ਕਿ ਦੇਸ਼ ਵਿਚ ਅਨਾਜ ਦਾ ਵਾਧਾ ਹੋਵੇਗਾ ਤੇ ਦੂਸਰੇ ਗਰੀਬ ਹਰੀਜਨ/ਕਿਸਾਨ ਆਪਣੀ ਰੋਟੀ ਕਮਾ ਕੇ ਖਾ ਸਕਣਗੇ। ਸੋ ਮੇਰੀ ਬੇਨਤੀ ਇਹ ਹੈ ਕਿ ਸਾਨੂੰ ਇਸ ਤਰਫ਼ ਧਿਆਨ ਦੇਣਾ ਚਾਹੀਦਾ ਹੈ। (ਵਿਘਨ)

ਦੂਸਰੇ, ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਕਿਸਾਨਾਂ ਦੇ ਮੁਤੱਲਕ ਕਿਹਾ ਹੈ। ਇਹ ਠੀਕ ਹੈ ਕਿ ਜਿਹੜੇ ਕਿਸਾਨ ਹਨ ਉਨ੍ਹਾਂ ਨੇ ਸਾਡੇ ਦੇਸ਼ ਦਾ ਨਾਂ ਉਚਾ ਕੀਤਾ ਹੈ, ਜਿਸ ਤਰ੍ਹਾਂ ਸਾਡੇ ਸਿਪਾਹੀ ਮਹਾਜ਼ ਤੇ ਲੜ ਕੇ ਦੇਸ਼ ਦੀ ਰਖਸ਼ਾ ਕਰਦੇ ਹਨ, ਕਿਸਾਨ ਆਪਣੇ ਮਹਾਜ਼ ਤੇ ਲੜਦਾ ਹੈ। ਜੇਕਰ ਕਿਸਾਨ ਅਨਾਜ ਨਾ ਪੈਦਾ ਕਰੇ ਤਾਂ ਸਾਡੇ ਸਾਰੇ ਕੰਮ ਰਹਿ ਜਾਣ। ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜਿਹੜੀ ਅਨਾਜ ਦੀ ਕੀਮਤ ਹੈ ਉਹ ਕਿਸਾਨ ਨੂੰ ਪੂਰੀ ਮਿਲਣੀ ਚਾਹੀਦੀ ਹੈ ਔਰ ਇਸ ਦੇ ਨਾਲ ਨਾਲ ਕਿਸਾਨ ਨੂੰ ਹੋਰ ਫੈਸਿਲੀਟੀਜ਼ ਮਿਲਣੀਆਂ ਚਾਹੀਦੀਆਂ ਹਨ। ਮੈਂ ਤਾਂ ਇਥੋਂ ਤਕ ਕਹਾਂਗਾ ਕਿ ਖੇਤੀਬਾੜੀ ਦੇ ਕੰਮ ਲਈ ਕਿਸਾਨ ਨੂੰ ਬਿਜਲੀ ਫ਼ਰੀ ਮਿਲਣੀ ਚਾਹੀਦੀ ਹੈ। ਇਸ ਤੋਂ ਇਲਾਵਾ ਔਜ਼ਾਰ ਜਿਹੜੇ ਹਨ ਉਨ੍ਹਾਂ ਦੀ ਸਪਲਾਈ ਲਈ ਕਿਸਾਨ ਨੂੰ ਪਿੰਡਾਂ ਵਿਚ ਹੀ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ। ਜਿਹੜੀ ਖਾਦ ਹੈ ਉਹ ਵੀ ਪਿੰਡਾਂ ਦੇ ਵਿਚ ਹੀ ਮਿਲਣੀ ਚਾਹੀਦੀ ਹੈ, ਉਹ ਸ਼ਹਿਰਾਂ ਵਿਚ ਧਕੇ ਨਾ ਖਾਂਦੇ ਫਿਰਨ ਉਨ੍ਹਾਂ ਨੂੰ ਹਰ ਕਿਸਮ ਦੀ ਸਹਾਇਤਾ ਮਿਲਣੀ ਚਾਹੀਦੀ ਹੈ ਤਾਕਿ ਉਹ ਉਤਸ਼ਾਹ ਨਾਲ ਅਨਾਜ ਪੈਦਾ ਕਰਨ; ਜਿਸ ਦੇ ਨਾਲ ਦੇਸ਼ ਖੁਸ਼ਹਾਲ ਹੋ ਸਕੇ ਅਤੇ ਕਿਸਾਨ ਜ਼ਿਆਦਾ ਕੰਮ ਕਰੇ। ਮੈਂ ਨੁਕਤਾਚੀਨੀ ਨਹੀਂ ਕਰਨੀ ਚਾਹੁੰਦਾ, ਜਿਸ ਤਰ੍ਹਾਂ ਸਾਡਾ ਮਹਿਕਮਾ ਜ਼ਰਾਇਤ ਹੈ ਉਥੇ ਦੇ ਕਈ ਐਸੇ ਅਫ਼ਸਰ ਵੀ ਹਨ ਜਿਨ੍ਹਾਂ ਨੂੰ ਇਹ ਵੀ ਪਤਾ ਨਹੀਂ ਕਿ ਕਿਹੜੀ ਫ਼ਸਲ ਕਿਸ ਸਮੇਂ ਬੀਜਣੀ ਹੈ। ਇਹ ਠੀਕ ਹੈ ਕਿ ਸਾਡੀ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਨੇ ਬੜੇ ਚੰਗੇ ਕੰਮ ਕੀਤੇ ਹਨ ਜਿਸ ਦੇ ਕਾਰਣ ਸਾਡੇ ਦੇਸ਼ ਨੇ ਸੰਸਾਰ ਵਿਚ ਨਾਮ ਪੈਦਾ ਕੀਤਾ ਹੈ।

ਇਸ ਤੋਂ ਅੱਗੇ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਲੜਾਈ ਦੇ ਦਿਨਾਂ ਵਿਚ ਰੇਡੀਓ ਨੇ ਬੜਾ ਕੰਮ ਕੀਤਾ, ਸਾਰੇ ਕਿਸਾਨ ਆਪਣੇ ਘਰਾਂ ਵਿਚ ਬੈਠ ਕੇ ਸਾਰੇ ਲੜਾਈ ਦੇ ਹਾਲਾਤ ਰੇਡੀਓ

[ਭਗਤ ਗੁਰਾਂ ਦਾਸ ਹੰਸ]

ਰਾਹੀਂ ਸੁਣਦੇ ਰਹਿੰਦੇ ਸਨ ਅਤੇ ਲੜਾਈ ਬਾਰੇ ਉਨ੍ਹਾਂ ਨੂੰ ਪੂਰੀ ਪੂਰੀ ਵਾਕਫ਼ੀਅਤ ਹੁੰਦੀ ਰਹਿੰਦੀ ਸੀ। ਠੀਕ ਉਸੇ ਤਰ੍ਹਾਂ ਅਗਰ ਜ਼ਰਾਇਤ ਦੇ ਪ੍ਰੋਗਰਾਮ ਰੇਡੀਓ ਰਾਹੀਂ ਦਿੱਤੇ ਜਾਣ ਅਤੇ ਮਹਿਕਮਾ ਜ਼ਰਾਇਤ ਦੇ ਅਫ਼ਸਰ ਪਿੰਡ ਪਿੰਡ ਜਾ ਕੇ ਠੀਕ ਤਰ੍ਹਾਂ ਨਾਲ ਕੰਮ ਕਰਨ ਅਤੇ ਲੋਕਾਂ ਨੂੰ ਨਵੇਂ ਤਰੀਕੇ ਬਿਜਾਈ ਦੇ ਦਸਣ, ਪਾਰਟੀਬਾਜ਼ੀ ਵਿਚ ਨਾ ਪੈਣ, ਤਾਂ ਕਿਸਾਨਾਂ ਦਾ ਕੰਮ ਬਹੁਤ ਅੱਛਾ ਹੋ ਸਕਦਾ ਹੈ।

ਡਿਪਟੀ ਸਪੀਕਰ ਸਾਹਿਬ, ਭਾਵੇਂ ਕਹਿਣਾ ਮੁਨਾਸਬ ਨਹੀਂ, ਮੈਂ ਤੁਹਾਨੂੰ ਇਕ ਵਾਕਿਆ ਦਸਦਾ ਹਾਂ ਕਿ ਇਹ ਜਿਹੜੇ ਅਕਾਲੀ ਭਰਾ ਆਪਣੇ ਆਪ ਨੂੰ ਬੜੇ ਭਗਤ ਕਹਿੰਦੇ ਹਨ, ਦਸ ਦਿਨਾਂ ਦਾ ਵਾਕਿਆ ਹੈ ਕਿ 'ਫਤੌਵਾਲ ਅਤੇ ਢੰਡੇ ਪਿੰਡਾਂ ਦਾ ਵਾਕਿਆ ਹੈ ਉਥੇ ਦੇ ਪਿੰਡਾਂ ਦੇ ਅਕਾਲੀ ਸਿੱਖਾਂ ਨੇ ਕੁਝ ਹਰੀਜਨਾਂ ਨੂੰ ਸ਼ਰਾਬ ਪਿਲਾ ਕੇ ਹਰੀਜਨਾਂ ਨੂੰ ਕੁਟਾਇਆ ਕਿਉਂਕਿ ਉਨ੍ਹਾਂ ਹਰੀਜਨਾਂ ਨੇ ਕਾਂਗਰਸ ਨੂੰ ਵੋਟ ਪਾਈ ਔਰ ਉਹ ਵਿਚਾਰੇ ਰਿਪੋਰਟ ਲਿਖਾਉਣ ਲਈ ਜਦੋਂ ਬੁਲੋਵਾਲ ਥਾਣੇ ਵਿਚ ਗਏ ਤਾਂ ਉਥੇ ਦਾ ਥਾਣੇਦਾਰ ਕਹਿਣ ਲਗਾ ਕਿ ਪਹਿਲੋਂ ਨਲਕਾ ਲਗਵਾ ਕੇ ਦਿਓ ਤਾਂ ਰਿਪੋਰਟ ਲਿਖਾਂਗਾ; ਸੋ ਮੇਰੇ ਕਹਿਣ ਦਾ ਮਤਲਬ ਹੈ ਕਿ ਇਹ ਚੀਜ਼ਾਂ ਇਨ੍ਹਾਂ ਅਕਾਲੀ ਭਰਾਵਾਂ ਨੇ ਉਨ੍ਹਾਂ ਨੂੰ ਸਿਖਾਈਆਂ ਹੋਈਆਂ ਹਨ। ਇਹ ਚੀਜ਼ਾਂ ਬੰਦ ਹੋਣੀਆਂ ਚਾਹੀਦੀਆਂ ਹਨ। ਇਸੇ ਤਰ੍ਹਾਂ ਦਾ ਇਕ ਹੋਰ ਵਾਕਿਆ ਹੋਇਆ ਕਿ ਫਤੌਵਾਲ, ਢੰਡੇ ਪਿੰਡ ਵਿਚ ਇਕ ਆਦਮੀ ਦਾ ਖ਼ੂਨ ਕਰ ਦਿਤਾ। ਜਦੋਂ ਪੁੱਛਿਆ ਤਾਂ ਕਹਿਣ ਲਗੇ ਕਿ ਇਹ ਆਲੂ ਚੁਕਦਾ ਸੀ। ਮੈਂ ਕਿਹਾ ਕਿ 10-20 ਕਿਲੋ ਆਲੂਆਂ ਦੇ ਬਦਲੇ ਖ਼ੂਨ ਕਰ ਦੇਣਾ ਕਿਥੋਂ ਦੀ ਸ਼ਰਾਫ਼ਤ ਹੈ। ਉਸ ਦੀ ਜਦੋਂ ਰਿਪੋਰਟ ਲਿਖਾਉਣ ਗਏ ਤਾਂ ਉਸ ਦੀ ਰਿਪੋਰਟ ਤਕ ਦਰਜ ਨਹੀਂ ਹੋਣ ਦਿੱਤੀ। ਮੈਂ ਕਹਿੰਦਾ ਹਾਂ ਕਿ ਅਗਰ ਇਹ ਮੇਰੇ ਵੀਰ ਸਾਲ ਛੇ ਮਹੀਨੇ ਹੋਰ ਰਹਿ ਜਾਂਦੇ ਤਾਂ ਹਰੀਜਨ ਤਾਂ ਖ਼ਤਮ ਹੀ ਹੋ ਜਾਣੇ ਸਨ।

(ਇਸ ਸਮੇਂ ਸ੍ਰੀ ਸਪੀਕਰ ਨੇ ਕੁਰਸੀ ਸੰਭਾਲੀ)

ਭਗਤ ਗੁਰਾਂ ਦਾਸ ਹੰਸ: ਸਪੀਕਰ ਸਾਹਿਬ, ਪਰਮਾਤਮਾ ਦੇ ਘਰ ਇਨਸਾਫ ਹੈ; ਬੇਇਨਸਾਫੀ ਨਹੀਂ। ਸਪੀਕਰ ਸਾਹਿਬ, ਅਜੇਹੇ ਪਿੰਡ ਵੀ ਹਨ ਜਿਥੇ ਦੇ ਲੋਕਾਂ ਨੇ ਪੱਥਰ ਵੱਟੇ ਆਪ ਲਿਆ ਕੇ ਦਿੱਤੇ ਅਤੇ ਸਰਕਾਰ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਦੀ ਲਿੰਕ ਰੋਡ ਬਣਾ ਦਿੱਤੀ ਜਾਵੇ ਪਰ ਸਰਕਾਰ ਇਹ ਕੰਮ ਵੀ ਨਾ ਕਰ ਸਕੀ। ਸਰਕਾਰ ਨੂੰ ਇਤਨਾ ਤੰਗ ਨਜ਼ਰੀਆ ਨਹੀਂ ਰਖਣਾ ਚਾਹੀਦਾ। ਲੋਕਾਂ ਦੀ ਮੰਗ ਨੂੰ ਜਿਥੇ ਕਿ ਲੋਕ ਹੀ ਇਤਨੇ ਉਤਸ਼ਾਹਜਨਕ ਹੋਣ ਪੂਰਾ ਕਰਨਾ ਚਾਹੀਦਾ ਹੈ।

ਸ੍ਰੀ ਸਪੀਕਰ: ਭਗਤ ਜੀ, ਬਸ ਕਰੋ। (Please conclude your speech)

ਭਗਤ ਗੁਰਾਂ ਦਾਸ ਹੰਸ: ਜਨਾਬ, ਮੈਂ ਕੁਝ ਹਰੀਜਨਾਂ ਦੇ ਬਾਰੇ ਵੀ ਕਹਿਣਾ ਚਾਹੁੰਦਾ ਹਾਂ।

Mr. Speaker: Please resume your seat.

ਭਗਤ ਗੁਰਾਂ ਦਾਸ ਹੰਸ: ਬੱਸ ਜੀ; ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਦਾ ਧੰਨਵਾਦ ਕਰਦਾ ਹਾਂ।

ਕਾਮਰੇਡ ਰਾਜ ਕੁਮਾਰ (ਧਾਰੀਵਾਲ): ਸਪੀਕਰ ਸਾਹਿਬ, ਇਸ ਬੱਜਟ ਵਿਚ ਇਸ ਸਮੇਂ ਸਪਲੀਮੈਂਟਰੀ ਡੀਮਾਂਡਜ਼ ਉਤੇ ਬਹਿਸ ਹੋ ਰਹੀ ਹੈ। ਜਿਹੜੀ ਖਰਚਿਆਂ ਦੀ ਮੰਗ ਕੀਤੀ ਗਈ ਹੈ ਉਨ੍ਹਾਂ ਨੂੰ ਵੇਖਣ ਪਸਚਾਤ ਮੈਂ ਮਹਿਸੂਸ ਕਰਦਾ ਹਾਂ ਕਿ ਇਸ ਨੇ ਬੜੇ ਹੀ ਗੰਭੀਰ ਸਵਾਲ ਉਠਾ ਦਿੱਤੇ ਹਨ। ਮਿਸਾਲ ਦੇ ਤੌਰ ਤੇ 69,220 ਰੁਪਏ ਦਾ ਖਰਚਾ 9 ਨੰਬਰ ਡੀਮਾਂਡ ਦੇ ਅਧੀਨ ਰਖਿਆ ਗਿਆ

ਹੈ ਜਿਹੜਾ ਕਿ ਗਵਰਨਰ ਸਾਹਿਬ ਤੇ ਖਰਚ ਕੀਤਾ ਗਿਆ ਹੈ। ਮੈਂ ਇਸ ਮੌਕੇ ਉਤੇ ਸਦਨ ਦਾ ਇਸ ਗਲ ਵਲ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਗਵਰਨਰ ਸਾਹਿਬ ਦੀ ਇਨਸਟੀਚਿਊਸ਼ਨ ਹੀ ਮੌਜੂਦਾ ਡੈਮੋਕਰੇਟਿਕ ਸੈਟਅੱਪ ਦੇ ਅੰਦਰ ਔਰ ਇਸ ਡੈਮੋਕਰੇਸੀ ਦੀ ਅਵਾਮੀ ਜਮਹੂਰੀਅਤ ਵਿਚ ਇਕ ਅਜੇਹੀ ਫਾਲਤੂ ਇਨਸਟੀਚਿਊਸ਼ਨ ਦਾ ਰੂਪ ਧਾਰਨ ਕਰਦੀ ਜਾ ਰਹੀ ਹੈ ਜਿਹੜੀ ਕਿ ਇਸ ਸਮੇਂ ਨਹੀਂ ਚਾਹੀਦੀ। ਕਈ ਦਫਾ ਅਜੇਹੇ ਵਾਕਿਆ ਹੋਏ ਜਿਸ ਵੇਲੇ ਇਸ ਇਨਸਟੀਚਿਊਸ਼ਨ ਦਾ ਟਕਰਾਓ ਸਦਨਾਂ ਨਾਲ ਹੋਇਆ, ਕਈ ਦਫਾ ਇਸ ਇਨਸਟੀਚਿਊਸ਼ਨ ਦਾ ਟਕਰਾਓ ਹੋਰ ਕਈ ਜਮਹੂਰੀ ਅਦਾਰਿਆਂ ਨਾਲ ਹੋਇਆ।

ਸ੍ਰੀ ਸਪੀਕਰ : ਰਾਜ ਕੁਮਾਰ ਜੀ, ਇਹ ਖਰਚਿਆਂ ਦੀ ਬਹਿਸ ਹੈ। ਤੁਸੀਂ ਰੈਲੇਵੈਂਟ ਬੋਲੋ। **(The House is discussing the expenditure already incurred. Please be relevant)**

ਕਾਮਰੇਡ ਰਾਜ ਕੁਮਾਰ : ਮੈਂ ਬਿਲਕੁਲ ਰੈਲੇਵੈਂਟ ਹਾਂ ਜੀ। (ਵਿਘਨ)

Mr. Speaker : It is not relevant

ਕਾਮਰੇਡ ਰਾਜ ਕੁਮਾਰ : ਮੈਂ ਤਾਂ, ਸਪੀਕਰ ਸਾਹਿਬ, ਇਹ ਅਰਜ਼ ਕਰ ਰਿਹਾ ਸੀ ਕਿ ਗਵਰਨਰ ਸਾਹਿਬ ਦੀ ਇਸਟੈਬਲਿਸ਼ਮੈਂਟ ਅਤੇ ਉਨ੍ਹਾਂ ਦੇ ਮੇਨਟੀਨੈਂਸ ਲਈ ਜਿਹੜਾ ਖਰਚ.. .. (ਵਿਘਨ)

ਸ੍ਰੀ ਸਪੀਕਰ : ਇਹ ਪੁਆਇੰਟ ਆਊਟ ਕਰੋ ਕਿ ਇਸ ਵਿਚ ਐਕਸਟਰੈਵੇਗੈਂਸ ਕਿਥੇ ਹੈ। **(You may point out the extravagance therein)**

ਕਾਮਰੇਡ ਰਾਜ ਕੁਮਾਰ : ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਜੇਕਰ ਅਸੀਂ ਠੀਕ ਢੰਗ ਨਾਲ ਖਰਚ ਕਰੀਏ ਅਤੇ ਫਾਲਤੂ ਖਰਚ ਬਚਾਈਏ ਤਾਂ ਅਖਰਾਜਾਤ ਵਿਚ ਕਮੀ ਹੋ ਸਕਦੀ ਹੈ।

ਫਿਰ ਹੋਮਗਾਰਡ ਦੀ ਟ੍ਰੇਨਿੰਗ ਦੇ ਸਬੰਧ ਵਿਚ ਜੋ ਖਰਚ ਕੀਤੇ ਗਏ ਹਨ ਮੈਂ ਇਸ ਮਹਿਕਮੇ ਦੇ ਅੰਦਰ, ਪਰਟਿਕੂਲਰਲੀ ਹੋਮਗਾਰਡ ਦੇ ਮਹਿਕਮੇ ਦੇ ਅੰਦਰ ਕੀ ਹੋ ਰਿਹਾ ਹੈ ਉਸ ਦਾ ਜ਼ਿਕਰ ਕਰਾਂ। ਸਪੀਕਰ ਸਾਹਿਬ, ਇਸ ਮੰਗ ਦੇ ਵਿਚ ਜ਼ਿਕਰ ਆਇਆ ਹੈ ਕਿ ਹੋਮਗਾਰਡ ਦੇ ਇਕ ਸਿਪਾਹੀ ਨੂੰ 4 ਰੁਪਏ ਰੋਜ਼ ਔਰ ਸੱਤ ਰੁਪਏ ਰੋਜ਼ ਤਕ ਦਿੱਤੇ ਗਏ ਹਨ। ਇਹ ਗਲ ਸਾਡੇ ਵੇਖਣ ਵਿਚ ਆਈ ਹੈ ਕਿ ਚਾਰ ਰੁਪਏ ਰੋਜ਼ ਤਕ ਪੇਮੈਂਟਾਂ ਹੋਈਆਂ ਹਨ ਲੇਕਿਨ ਸੱਤ ਰੁਪਏ ਪੇਮੈਂਟਾਂ ਕਿਤੇ ਵੀ ਨਹੀਂ ਹੋਈ। ਇਸ ਲਈ ਮੈਂ ਇਹ ਜ਼ਰੂਰ ਕਹਾਂਗਾ ਕਿ ਇਸ ਮਾਮਲੇ ਦੇ ਉਤੇ ਸਰਕਾਰ ਚੰਗੀ ਤਰ੍ਹਾਂ ਵਿਚਾਰ ਕਰਵਾਏ ਔਰ ਖੋਜ ਕਰੇ ਕਿ ਆਇਆ ਇਹ 7 ਰੁਪਏ ਦੀ ਪੇਮੈਂਟ ਵਾਜਿਬ ਹੈ ਜਾਂ ਨਹੀਂ ਅਤੇ ਕਿਸੇ ਕਿਸਮ ਦਾ ਫਾਲਤੂ ਰੁਪਿਆ ਚਾਰਜ ਤਾਂ ਨਹੀਂ ਕੀਤਾ ਗਿਆ।

ਇਸ ਤੋਂ ਇਲਾਵਾ ਮੈਂ ਤੁਹਾਡੀ ਵਿਸਾਸਤ ਨਾਲ ਹਾਊਸ ਦਾ ਧਿਆਨ ਟਰਾਂਸਪੋਰਟ ਦੀ ਮਦ ਥੱਲੇ ਕੀਤੇ ਗਏ ਖਰਚਿਆਂ ਵਲ ਦਵਾਉਣਾ ਚਾਹੁੰਦਾ ਹਾਂ। ਟਰਾਂਸਪੋਰਟ ਮਹਿਕਮੇ ਦਾ ਪ੍ਰਬੰਧ ਨਿਹਾਇਤ ਹੀ ਖਰਾਬ ਹੈ। ਟ੍ਰਾਂਸਪੋਰਟ ਦੇ ਮਹਿਕਮੇ ਬਾਰੇ ਇਹ ਤਵੱਕੋ ਕੀਤੀ ਜਾਂਦੀ ਸੀ ਕਿ ਨੈਸ਼ਨੇਲਾਈਜੇਸ਼ਨ ਤੋਂ ਬਾਅਦ ਵੱਧ ਤੋਂ ਵੱਧ ਲੋਕ ਸੇਵਾ ਕਰੇਗਾ ਪਰ ਅੱਜ ਇਹ ਹਾਟ ਬੈਡ ਆਫ ਕੁਰੱਪਸ਼ਨ, ਹਾਟ ਬੈਡ ਆਫ ਵੇਸਟੇਜ ਬਣ ਗਿਆ ਹੈ। ਇਥੇ ਬਹੁਤ ਜ਼ਿਆਦਾ ਵੇਸਟਫੁਲ ਅਖਰਾਜਾਤ ਹੋ ਰਹੇ ਹਨ ਅਤੇ ਇਨ੍ਹਾਂ ਨੂੰ ਰੋਕਣ ਲਈ ਕੋਈ ਵੀ ਉਚੇਚਾ ਪ੍ਰਬੰਧ ਨਹੀਂ ਕੀਤਾ ਗਿਆ। ਇਸ ਲਈ ਸਰਕਾਰ ਇਸ ਬਾਰੇ ਖੋਜ ਕਰਵਾਏ ਤਾਕਿ ਇਨ੍ਹਾਂ ਅਖਰਾਜਾਤ ਵਿਚ ਕਮੀ ਹੋ ਸਕੇ। ਨਹੀਂ ਤਾਂ ਇਹ ਮਹਿਕਮਾਂ ਸਾਡੇ ਉਤੇ ਇਕ ਬੋਝ ਬਣਦਾ ਚਲਾ

[ਕਾਮਰੇਡ ਰਾਜ ਕੁਮਾਰ]

ਜਾਵੇਗਾ। ਕੀ ਇਸ ਸਮੇਂ ਉਤੇ ਮੁਨਾਸਿਬ ਨਹੀਂ ਹੋਵੇਗਾ ਕਿ ਜੋ ਹਰਿਆਣੇ ਵਿਚ ਪੈਟਰਨ ਹੈ ਉਸੇ ਨੂੰ ਹੀ ਅਪਣਾਇਆ ਜਾਵੇ ? ਉਸ ਪੈਟਰਨ ਦੇ ਅਪਣਾਉਣ ਨਾਲ ਇਕ ਪਾਸੇ ਤਾਂ ਆਮਦਨ ਵਧਣ ਦੇ ਮੌਕੇ ਮਿਲਣਗੇ ਅਤੇ ਦੂਜੇ ਪਾਸੇ ਕੁਝ ਅਖਰਾਜਾਤ ਘਟ ਹੋ ਜਾਣਗੇ।

ਫਿਰ ਭੁਸੀਂ ਜਲੰਧਰ ਅਤੇ ਲੁਧਿਆਣੇ ਦੇ ਬੱਸ ਅੱਡੇ ਵੇਖ ਲਵੋਂ। (ਵਿਘਨ) ਮੈਂ ਦੋਹਾਂ ਦੀ ਹੀ ਗਲ ਨਹੀਂ ਕਰਦਾ ਬਲਕਿ ਹੋਰ ਵੀ ਬਹੁਤ ਸਾਰੇ ਅਜਿਹੇ ਅੱਡੇ ਹਨ ਜਿਥੇ ਕਿ ਯੂਰੀਨਲਜ਼ ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ। ਖਾਸ ਕਰਕੇ ਇਨ੍ਹਾਂ ਅੱਡਿਆਂ ਤੇ ਲੇਡੀਜ਼ ਵਾਸਤੇ ਯੂਰੀਨਲਜ ਨਹੀਂ ਹਨ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਬੱਸ ਅੱਡਿਆਂ ਤੇ ਅਜਿਹੀਆਂ ਸਹੂਲਤਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ।

ਫ਼ਿਰ ਜਿਹੜੇ ਅਖਰਾਜਾਤ ਮਹਿਕਮਿਆਂ ਬਾਰੇ ਮੰਗੇ ਗਏ ਹਨ ਜਿਨ੍ਹਾਂ ਵਿਚ ਕਿ ਸਰਕਾਰ ਨੇ ਇਹ ਕਿਹਾ ਹੈ ਕਿ ਇਨ੍ਹਾਂ ਵਿੱਚ ਉਹ ਖਰਚ ਵੀ ਹਨ ਜਿਹੜੇ ਕਿ ਮਹਿਕਮਿਆਂ ਉਤੇ ਡਿਗਰੀਆਂ ਹੋਣ ਸਮੇਂ ਦਿੱਤੇ ਗਏ। ਮੈਂ ਇਸ ਸਬੰਧ ਵਿਚ ਦਸਣਾ ਚਾਹੁੰਦਾ ਹਾਂ ਕਿ ਪਹਿਲਾਂ ਬਿਊਰੋਕਰੇਸੀ ਗਲਤ ਆਰਡਰ ਕਰ ਦਿੰਦੀ ਹੈ ਜਿਹੜੇ ਕਿ ਬਾਅਦ ਵਿਚ ਕੋਰਟ ਵਿਚ ਸੈਟ ਅਸਾਈਡ ਹੋ ਜਾਂਦੇ ਹਨ। ਇਸ ਤਰ੍ਹਾਂ ਗਲਤ ਆਰਡਰ ਕਰਨ ਨਾਲ ਜਿਹੜੇ ਆਦਮੀਆਂ ਨੂੰ ਸੱਸਪੈਂਡ ਕੀਤਾ ਜਾਂਦਾ ਹੈ ਉਨ੍ਹਾਂ ਨੂੰ ਸਸਪੈਂਨਸ਼ਨ ਦੇ ਦੌਰਾਨ ਤਾਂ ਸਬਸਿਸਟੈਂਸ ਅਲਾਊਂਸ ਦਿਤਾ ਜਾਂਦਾ ਹੈ ਔਰ ਉਨਾਂ ਦੀ ਥਾਂ ਤੇ ਜਿਹੜੇ ਆਦਮੀ ਭਰਤੀ ਕੀਤੇ ਜਾਂਦੇ ਹਨ ਉਨ੍ਹਾਂ ਨੂੰ ਤਨਖਾਹ ਦਿੱਤੀ ਜਾਂਦੀ ਹੈ। ਪਿਛੋਂ ਜਦੋਂ ਆਰਡਰ ਸੈਟ ਅਸਾਈਡ ਹੋ ਜਾਂਦੇ ਹਨ, ਮਹਿਕਮੇਂ ਉਤੇ ਡਿਗਰੀ ਹੋ ਜਾਂਦੀ ਹੈ ਤਾਂ ਸਸਪੈਂਡ ਹੋਏ ਮੁਲਾਜ਼ਮਾਂ ਨੂੰ ਪੂਰੀ ਤਨਖਾਹ ਦੇਣੀ ਪੈਂਦੀ ਹੈ। ਜ਼ਾਹਰ ਹੈ ਕਿ ਇਹ ਵੇਸਟਫੁਲ ਖਰਚੇ ਬਿਊਰੋਕਰੇਸੀ ਦੇ ਗਲਤ ਆਰਡਰਾਂ ਦਾ ਸਿੱਟਾ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਕ ਹਾਈ ਪਾਵਰ ਕਮਿਸ਼ਨ ਬਣਾਇਆ ਜਾਵੇ ਜਿਹੜਾ ਕਿ ਪਬਲਿਕ ਖੇਤਰ ਦੇ ਇਹੋ ਜਿਹੇ ਕੇਸਾਂ ਦੀ ਪੜਤਾਲ ਕਰੇ। ਜਿਥੇ ਗਲਤ ਆਰਡਰ ਹੋਏ ਹੋਣ ਉਥੇ ਸਬੰਧਤ ਸਰਕਾਰੀ ਅਫ਼ਸਰ ਦੇ ਖਿਲਾਫ ਕਾਰਵਾਈ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਖਰਚੇ ਘਟ ਸਕਦੇ ਹਨ।

ਸਪੀਕਰ ਸਾਹਿਬ, ਮੈਂ ਆਪ ਜੀ ਦੀ ਮਾਰਫਤ ਇਕ ਹੋਰ ਮਸਲੇ ਵਲ ਸਰਕਾਰ ਦਾ ਧਿਆਨ ਦਵਾਉਣਾ ਚਾਹੁੰਦਾ ਹਾਂ। ਇਹ ਦਸਿਆ ਗਿਆ ਹੈ ਕਿ ਪੰਜ ਲੱਖ ਰੁਪਏ ਵਰਕਰਾਂ ਨੂੰ ਲੋਨ ਦੇਣ ਲਈ ਖਰਚ ਕੀਤੇ ਗਏ। ਖੁਸ਼ੀ ਇਸ ਗਲ ਦੀ ਹੈ ਕਿ ਇਹ ਇਕ ਬੜੀ ਹੀ ਸੁੰਦਰ ਚੀਜ਼ ਹੈ ਲੇਕਿਨ ਇਹ ਗਲ ਨਹੀਂ ਭੁਲਣੀ ਚਾਹੀਦੀ ਕਿ ਇਹ ਰਕਮ ਨਹਾਇਤ ਹੀ ਘਟ ਹੈ। ਜਿਸ ਵੇਲੇ ਪਿਛੇ ਜੰਗ ਹੋਇਆ ਸੀ ਤਾਂ 5 ਲੱਖ 68 ਹਜ਼ਾਰ ਰੁਪਏ ਵਰਕਰਾਂ ਨੂੰ ਲੋਨ ਦੇ ਤੌਰ ਤੇ ਦਿੱਤੇ ਗਏ ਸਨ। ਲੇਕਿਨ ਜੋ ਨੁਕਸਾਨ ਇਸ ਸਮੇਂ ਹੋਏ ਹਨ ਉਹ ਬਹੁਤ ਗੰਭੀਰ ਹਨ। ਇਹ ਕਰਜ਼ੇ ਦੀ ਰਕਮ ਬਹੁਤ ਹੀ ਥੋੜ੍ਹੀ ਹੈ। ਮੇਰੀ, ਸਪੀਕਰ ਸਾਹਿਬ, ਇਹ ਮੰਗ ਹੈ ਕਿ ਵਰਕਰਾਂ ਨਾਲ ਉਸ ਤਰ੍ਹਾਂ ਦਾ ਹੀ ਵਰਤਾਓ ਕਰਨਾ ਚਾਹੀਦਾ ਹੈ ਜਿਸ ਤਰ੍ਹਾਂ ਦਾ ਕਿ ਸਰਕਾਰ ਕਿਸਾਨਾਂ ਨਾਲ ਕਰਦੀ ਹੈ। ਜਿਸ ਤਰ੍ਹਾਂ ਕਿਸਾਨਾਂ ਨੂੰ ਫਰਟੇ-ਲਾਈਜ਼ਰ ਦਾ ਖਰਚ ਆਦਿ ਵਿਚ ਸਹੂਲਤ ਦਿੱਤੀ ਹੈ ਅਤੇ ਅੱਜ ਇਨ੍ਹਾਂ ਗੱਲਾਂ ਤੇ ਵਿਚਾਰ ਹੋ ਰਹੀ ਹੈ ਕਿ ਹੋਰ ਜਿਹੜੇ ਉਨ੍ਹਾਂ ਦੇ ਖਰਚੇ ਹੋਏ ਹਨ ਉਨ੍ਹਾਂ ਦਾ ਵੀ ਮੁਆਵਜ਼ਾ ਦਿੱਤਾ ਜਾਵੇ ਜੋ ਇਕ ਦਰੁੱਸਤ ਬਾਤ ਹੈ। ਸਪੀਕਰ ਸਾਹਿਬ, ਵਰਕਰਾਂ ਨਾਲ ਜੰਗ ਦੇ ਦੌਰਾਨ ਕੀ ਹੋਇਆ ? ਕਿਉਂਕਿ ਸਾਰੇ ਪੰਜਾਬ ਵਿਚ ਬਲੈਕਆਊਟ ਹੁੰਦੀ ਸੀ, ਬਿਜਲੀ ਨਹੀਂ ਸੀ ਮਿਲਦੀ ਇਸ ਲਈ ਫੈਕਟਰੀਆਂ ਵਾਲਿਆਂ ਨੇ, ਜਿਥੇ ਪਹਿਲਾਂ ਅੱਠ ਘੰਟੇ ਕੰਮ ਹੁੰਦਾ ਸੀ ਉਥੇ ਛੇ ਘੰਟੇ ਹੋਣ ਲਗ ਪਿਆ। ਫਿਰ ਪੰਜਾਬ ਵਿਚ ਲੋਡਿੰਗ ਅਤੇ ਅੰਨਲੋਡਿੰਗ ਬੰਦ ਸੀ ਇਸ ਲਈ ਨਾ ਤਾਂ ਕੋਈ ਰਾਅ-ਮੈਟੀਰੀਅਲ ਆ ਸਕਦਾ ਸੀ ਅਤੇ ਨਾ ਹੀ

ਕੋਈ ਸਮਾਨ ਪੰਜਾਬ ਤੋਂ ਬਾਹਰ ਜਾ ਸਕਦਾ ਸੀ ਜਿਸ ਨਾਲ ਪ੍ਰੋਡਕਸ਼ਨ ਬਹੁਤ ਘਟ ਗਈ। ਇਸ ਤਰ੍ਹਾਂ ਹੀ ਵਰਕਰਾਂ ਦੀਆਂ ਸ਼ਿਫਟਾਂ ਨੂੰ ਲੇ ਆਫ ਕਰ ਦਿੱਤਾ ਗਿਆ। ਲੇ ਆਫ ਹੀ ਨਹੀਂ ਸੀ ਕੀਤਾ ਗਿਆ ਸਗੋਂ ਸ਼ਿਫਟਾਂ ਘਟ ਕਰ ਦਿੱਤੀਆਂ ਗਈਆਂ ਅਤੇ ਕਈਆਂ ਵਰਕਰਾਂ ਨੂੰ ਕੱਢ ਹੀ ਦਿੱਤਾ ਗਿਆ। ਸਪੀਕਰ ਸਾਹਿਬ, ਤੁਸੀਂ ਆਪ ਜਾਣਦੇ ਹੋ ਕਿ ਜਿਸ ਵਰਕਰ ਨੇ ਕੰਮ ਕਰਕੇ ਪੇਟ ਪਾਲਣਾ ਹੈ ਉਸ ਦੀ ਕੀ ਹਾਲਤ ਹੋਵੇਗੀ ਜੇਕਰ ਉਸ ਨੂੰ ਫੈਕਟਰੀ ਵਿਚੋਂ ਕੱਢ ਦਿੱਤਾ ਜਾਵੇ ਜਾਂ ਸ਼ਿਫਟਾਂ ਘਟਾ ਦਿੱਤੀਆਂ ਜਾਣ ਤੇ ਉਹ ਖਾਏਗਾ ਕਿਥੋਂ? ਇਸ ਲਈ ਮੈਂ ਇਹ ਸਰਕਾਰ ਪਾਸ ਬਨਤੀ ਕਰਾਂਗਾ ਕਿ ਇਹ ਜਿਹੜੀ ਰਕਮ ਵਰਕਰਾਂ ਨੂੰ ਲੋਨ ਦੇ ਤੌਰ ਤੇ ਦਿੱਤੀ ਗਈ ਹੈ ਉਸ ਨੂੰ ਗਰਾਂਟ ਦੇ ਰੂਪ ਵਿਚ ਬਦਲ ਦਿੱਤਾ ਜਾਵੇ। ਕਿਉਂਕਿ ਜਦੋਂ ਤਕ ਵਰਕਰ ਨੂੰ ਪੂਰੀਆਂ ਸਹੂਲਤਾਂ ਨਹੀਂ ਹੋਣਗੀਆਂ, ਜਦੋਂ ਤਕ ਵਰਕਰ ਸੰਤੁਸ਼ਟ ਨਹੀਂ ਹੋਵੇਗਾ ਉਸ ਸਮੇਂ ਤਕ ਪ੍ਰੋਡਕਸ਼ਨ ਵਿਚ ਵਾਧਾ ਨਹੀਂ ਹੋ ਸਕੇਗਾ। ਇਸ ਤੋਂ ਇਲਾਵਾ ਜਿਹੜੀ ਗਲ ਮੈਂ ਕਹਿਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਇੰਡਸਟਰੀ ਵਾਸਤੇ ਡੇਢ ਕਰੋੜ ਰੁਪਿਆ ਰੱਖਿਆ ਗਿਆ ਹੈ ਇਹ ਬੜੀ ਚੰਗੀ ਗਲ ਸੀ। ਪਰ ਮੈਂ ਜਿਹੜੀ ਇਸ ਸਬਧ ਵਿਚ ਪ੍ਰੋਵੀਜ਼ਨ ਕੀਤੀ ਗਈ ਹੈ ਅਸੀਂ ਇਸ ਨੂੰ ਵੈਲਕਮ ਕਰਦੇ ਹਾਂ। ਲੇਕਿਨ ਇਹ ਇਨਐਡੀਕੂਏਟ ਰਕਮ ਹੋਣ ਕਰਕੇ ਮੇਰਾ ਇਸ ਦੇ ਲਈ ਉਹੀ ਸੁਝਾਓ ਹੈ ਕਿ ਇਹ ਰਕਮ ਵੱਧ ਹੋਣੀ ਚਾਹੀਦੀ ਸੀ। ਡੇਢ ਕਰੋੜ ਰੁਪਏ ਦੀ ਰਕਮ ਵਿਚੋਂ ਵੀ ਹੁਣ ਤਕ ਕੇਵਲ 50 ਲੱਖ ਰੁਪਏ ਹੀ ਇਸਤੇਮਾਲ ਹੋ ਸਕੇ ਹਨ ਅਤੇ ਬਾਕੀ ਇਸਤੇਮਾਲ ਹੀ ਨਹੀਂ ਹੋ ਸਕੇ। ਕੀ ਇਹ ਜ਼ਰੂਰੀ ਨਹੀਂ ਹੋਵੇਗਾ ਕੀ ਇਸ ਗਲ ਦਾ ਪ੍ਰਬੰਧ ਕੀਤਾ ਜਾਵੇ ਕਿ ਉਹ ਜਿਹੜਾ 1 ਕਰੋੜ ਰੁਪਿਆ ਬਕਾਇਆ ਹੈ ਉਹ ਇਸਤੇਮਾਲ ਹੋ ਸਕੇ ਔਰ ਇਹ ਰਕਮ ਇੰਡਸਟਰੀ ਨੂੰ ਆਪਣੇ ਪੈਰਾਂ ਤੇ ਖੜਾ ਹੋਣ ਲਈ ਮਿਲੇ। ਸਪੀਕਰ ਸਾਹਿਬ, ਅਖੀਰ ਵਿਚ ਜਿਹੜੀ ਗਲ ਮੈਂ ਜ਼ਰੂਰ ਦੱਸਣਾ ਚਾਹੁੰਦਾ ਹਾਂ ਉਹ ਹੈ ਲੋਕਲ ਫੰਡ ਵਿਚ ਹੋਏ ਖਰਚੇ। ਲੋਕਲ ਫੰਡ ਦੇ ਮਤਹਿਤ ਸਾਡਾ ਸਭ ਤੋਂ ਜ਼ਿਆਦਾ ਖਰਚ ਪੰਜਾਬ ਸਟੇਟ ਇਲੈਕਟਰੀਸਿਟੀ ਬੋਰਡ ਦੇ ਸਬੰਧ ਵਿਚ ਹੈ। ਪੰਜਾਬ ਸਟੇਟ ਇਲੈਕਟਰੀਸਿਟੀ ਬੋਰਡ ਵੀ ਇੱਕ ਹੋਰ ਬਹੁਤ ਜ਼ਿਆਦਾ ਦੁੱਖਦੀ ਹੋਈ ਨਾੜ ਹੈ ਜਿਥੇ ਬੇਅੰਤ ਖਰਚੇ ਅੰਨੇਵਾਹ ਹੁੰਦੇ ਹਨ। ਪੰਜਾਬ ਸਟੇਟ ਇਲੈਕਟ੍ਰਿਸਿਟੀ ਬੋਰਡ ਅੰਦਰ ਨਾ ਸਿਰਫ ਗੈਰਜ਼ਰੂਰੀ ਕਿਸਮ ਦੀਆਂ ਪਰਚੇਜ਼ਿਜ਼ ਕੀਤੀਆਂ ਗਈਆਂ ਹਨ ਸਗੋਂ ਅਜੇਹੀਆਂ ਪਰਚੇਜ਼ਿਜ਼ ਕਰ ਲਈਆਂ ਗਈਆਂ ਹਨ ਕਿ ਜੋ ਸੰਨ 1980 ਤਕ ਪਰਚੇਜ਼ਿਜ਼ ਕਰਨ ਦੀ ਲੋੜ ਹੀ ਨਹੀਂ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਕੋਲ ਕੀ ਸਟੋਰੇਜ਼ ਦਾ ਇਤਨਾ ਪ੍ਰਬੰਧ ਹੈ ਜਿਥੇ ਇਹ ਸਮਾਨ ਰਖਿਆ ਜਾ ਸਕੇ। ਕਦ ਕਹਿ ਸਕਣਗੇ ਕਿ ਇਤਨਾ ਪ੍ਰਬੰਧ ਹੈ। ਇਸ ਦਾ ਮਤਲਬ ਇਹ ਹੈ ਕਿ ਇਤਨੀ ਹੈਵੀ ਪਰਚੇਜ਼ਿਜ਼ ਕਰਨ ਤੋਂ ਬਾਦ ਉਹ ਸਾਰਾ ਸਾਮਾਨ ਬਾਹਰ ਖੁਲ੍ਹੀਆਂ ਥਾਵਾਂ ਤੇ ਖ਼ਰਾਬ ਹੋ ਰਿਹਾ ਹੈ। ਵੇਰਕਾ ਪਾਵਰ ਹਾਊਸ ਦੇ ਬਾਹਰ ਕਾਫੀ ਤਾਦਾਦ ਵਿਚ ਸਾਮਾਨ ਪਿਆ ਹੈ, ਜਿਸ ਦੀ ਸੰਭਾਲ ਨਹੀਂ ਹੋ ਰਹੀ। ਇਸੇ ਤਰ੍ਹਾ ਹੀ ਗੁਰੂ ਨਾਨਕ ਥਰਮਲ ਪਲਾਂਟ ਤੇ ਜਿਸ ਤਰੀਕੇ ਨਾਲ ਬਹੁਤ ਭਾਰੀ ਖਰਚ ਕੀਤਾ ਗਿਆ ਹੈ, ਪਿਲਰਜ਼ ਬਣਾਏ ਗਏ ਅਤੇ ਜਦੋਂ ਉਨ੍ਹਾਂ ਦੇ ਉਪਰ ਬੁਆਇਲਰਜ਼ ਫਿਟ ਕੀਤੇ ਗਏ ਤਾਂ ਪਿਲਰਜ਼ ਡੀਮੋਲਿਸ਼ ਹੋ ਗਏ ਔਰ ਥੱਲੇ ਪਈ ਸਾਰੀ ਮਸ਼ੀਨਰੀ ਤਬਾਹ ਹੋ ਗਈ। ਅਤੇ ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਜਿਹੜਾ ਸ਼ਖਸ਼ ਇਸ ਦਾ ਜ਼ਿੰਮੇਵਾਰ ਸੀ, ਉਸ ਨੂੰ ਪੰਜਾਬ ਸਟੇਟ ਇਲੈਕਟਰੀਸਿਟੀ ਬੋਰਡ ਦਾ ਚੇਅਰਮੈਨ ਬਣਾਇਆ ਜਾ ਰਿਹਾ ਹੈ। ਮੇਰੀ ਸਪੀਕਰ ਸਾਹਿਬ, ਇਸ ਹਾਉਸ ਨੂੰ ਇਹ ਗੁਜ਼ਾਰਿਸ਼ ਹੈ ਕਿ ਇਸ ਗਲ ਨੂੰ ਧਿਆਨ ਵਿਚ ਰੱਖਿਆ ਜਾਵੇ ਅਤੇ ਜਿਹੜੇ ਲੋਕ ਇਸ ਹੱਦ ਤਕ ਕੌਮੀ ਦੌਲਤ ਦੇ ਨੁਕਸਾਨ ਦੇ ਜ਼ਿੰਮੇਵਾਰ ਹਨ ਉਨ੍ਹਾਂ ਨੂੰ ਪੰਜਾਬ ਨੂੰ ਨੁਕਸਾਨ ਪਹੁੰਚਾਉਣ ਲਈ ਪਰੀਮੀਅਮ ਨਾ ਦਿੱਤਾ ਜਾਵੇ। ਉਨ੍ਹਾਂ ਨੂੰ ਕਿਸੇ ਮਹਿਕਮੇ ਦੀਆਂ ਉੱਚ ਪਦਵੀਆਂ ਤੇ ਬਿਠਾਉਣ ਤੋਂ ਪਹਿਲਾਂ ਹਜ਼ਾਰ ਵਾਰ ਸੋਚਿਆ ਜਾਵੇ। ਮੈਂ ਅੰਤ ਵਿਚ ਆਪਣੀ ਇਸ ਗਲ ਨੂੰ ਮੁਕਾਉਣ ਤੋਂ ਪਹਿਲਾਂ ਐਨਾ ਕਹਾਂਗਾ ਕਿ ਇਸ ਸਬੰਧ ਵਿਚ ਇਹ ਜਿਹੜੇ ਖਰਚੇ ਇਤਨੇ ਵਧੇ ਹਨ ਇਸ ਦਾ ਕਾਰਣ ਵੇਸਟਫੁਲ ਐਕਸ-ਪੈਂਡੀਚਰ ਹੈ, ਕੰਮ ਕਰਨ ਦਾ ਪੈਟਰਨ ਹੈ। ਦੂਜੇ ਪਾਸੇ ਅਸੀਂ ਦੇਖ ਰਹੇ ਹਾਂ ਕਿ ਭਾਵੇਂ ਸਾਡੇ ਫਾਈਨਾਂਸ

[ਕਾਮਰੇਡ ਰਾਜ ਕੁਮਾਰ]

ਮਨਿਸਟਰ ਸਾਹਿਬ ਨੇ ਇਹ ਫਰਮਾਇਆ ਹੈ ਕਿ ਨਵੇਂ ਟੈਕਸ ਨਹੀਂ ਲਾਉਣਗੇ ਜਿਹੜੀ ਕਿ ਬੜੀ ਵੈਲਕਮ ਸਟੇਟਮੈਂਟ ਹੈ। ਲੇਕਿਨ ਉਸ ਦੇ ਬਾਵਜੂਦ ਜਿਹੜੀ ਮੀਟਰ ਸਿਕਿਉਰਿਟੀ ਪਹਿਲੇ 20 ਰੁਪਏ ਹੁੰਦੀ ਸੀ ਅਤੇ ਮੇਰੇ ਅਕਾਲੀ ਵੀਰਾਂ ਦੇ ਰਾਜ ਵਿਚ 40 ਰੁਪਏ ਹੋਈ ਅਤੇ ਹੁਣ 40 ਰੁਪਏ ਮੀਟਰ ਟੈਕਸ ਹੋਰ ਪਾ ਕੇ 80 ਰੁਪਏ ਕਰ ਦਿੱਤੀ ਗਈ ਹੈ। ਇੱਕ ਪਾਸੇ ਤਾਂ ਅਸੀਂ ਦਿਨ-ਬਦਿਨ ਪੈਸਾ ਵੱਧ ਤੋਂ ਵੱਧ ਖਰਚ ਕਰ ਰਹੇ ਹਾਂ ਅਤੇ ਦੂਸਰੇ ਪਾਸੇ ਵੇਸਟਫੁਲ ਐਕਸਪੈਂਡੀਚਰ ਕਾਰਣ ਇਤਨਾ ਜ਼ਿਆਦਾ ਪੈਸਾ ਬਰਬਾਦ ਹੋ ਰਿਹਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੀ ਤਵੱਜੋ ਦਿਵਾਉਣਾ ਚਾਹੁੰਦਾ ਹਾਂ ਕਿ ਇਸ ਸਾਰੀ ਚੀਜ਼ ਦਾ ਇਕੋ ਹਲ ਹੈ ਜਿਹੜਾ ਕਿ ਮੈਂ ਪਹਿਲਾਂ ਪੰਜਾਬ ਰੋਡਵੇਜ਼ ਦੇ ਸਿਲਸਿਲੇ ਵਿਚ ਦੱਸਿਆ ਹੈ ਕਿ ਜਿਤਨੀਆਂ ਵੀ ਪਬਲਿਕ ਅੰਡਰਟੇਕਿੰਗਜ਼ ਹਨ ਇਨ੍ਹਾਂ ਦੇ ਅੰਦਰੂਨੀ ਮਾਮਲਾਤ ਦੀ ਚੰਗੀ ਤੇ ਅੱਛੀ ਇਨਵੈਸਟੀਗੇਸ਼ਨ ਦੇ ਵਾਸਤੇ ਇੱਕ ਹਾਈ ਪਾਵਰਡ ਕਮਿਸ਼ਨ ਬਣਾਇਆ ਜਾਵੇ। ਥੈਂਕ ਯੂ।

ਸਰਦਾਰ ਰਣਧੀਰ ਸਿੰਘ ਚੀਮਾ (ਸਰਹੰਦ): ਜਨਾਬ ਸਪੀਕਰ ਸਾਹਿਬ, ਪੰਜਾਬ ਐਪਰੋਪਰੀਏਸ਼ਨ ਬਿੱਲ, 1972 ਦੇ ਰਾਹੀਂ ਇਨ੍ਹਾਂ ਨੇ 5,48,236 ਲੱਖ ਰੁਪਏ ਦੀ ਡੀਮਾਂਡ ਰੱਖੀ ਹੈ। ਇਸ ਦੇ ਵਿਚ ਆਇਟਮ ਨੰ: 30 ਹੈ ਜਿਹੜੀ ਕਿ ਲੋਕ ਨਿਰਮਾਣ ਨਾਲ ਸਬੰਧ ਰੱਖਦੀ ਹੈ। ਇਸ ਦੇ ਰਾਹੀਂ 12 ਕਰੋੜ 8 ਲੱਖ 37 ਹਜ਼ਾਰ ਰੁਪਏ ਦੀ ਡੀਮਾਂਡ ਰੱਖੀ ਹੈ। ਇਹ ਮੈਂ ਸਮਝਦਾ ਹਾਂ ਕਿ ਜਿਹੜਾ ਪਿਛਲਾ ਕੰਮ ਪ੍ਰਿਆ ਹੋਇਆ ਸੀ, ਜਿਹੜੀ ਕਰੈਸ਼ ਪ੍ਰੋਗਰਾਮ ਦੀ ਸਕੀਮ ਸਾਡੀ ਸਰਕਾਰ ਦੇ ਸਮੇਂ ਚਲੀ ਸੀ, ਕਰੈਸ਼ ਪ੍ਰੋਗਰਾਮ ਦੀ ਪਹਿਲਾ ਫੇਜ਼ ਅਤੇ ਦੂਜਾ ਫੇਜ਼ ਅਤੇ ਉਸ ਤੋਂ ਬਾਅਦ ਗਿਆਨੀ ਜੀ ਦੀ ਜਿਹੜੀ ਸਰਕਾਰ ਆਈ ਹੈ, ਉਸ ਲਈ ਰੱਖਿਆ ਗਿਆ ਸੀ। ਆਨਰੇਬਲ ਫਾਈਨਾਂਸ ਮਨਿਸਟਰ ਸਾਹਿਬ ਨੇ ਦਾਅਵਾ ਕੀਤਾ ਹੈ ਕਿ ਅਸੀਂ ਦੋ ਸਾਲਾਂ ਦੇ ਸਮੇਂ ਵਿਚ ਹਰ ਪਿੰਡ ਨੂੰ ਪੱਕੀ ਸੜਕ ਦੇ ਨਾਲ ਜੋੜਨਾ ਹੈ। ਸਪੀਕਰ ਸਾਹਿਬ, ਇਹ ਜਿਹੜਾ ਦੋ ਸਾਲਾਂ ਦਾ ਦਾਅਵਾ ਕੀਤਾ ਗਿਆ ਅਤੇ ਬਜਟ ਵਿਚ ਜਿਹੜਾ 4 ਕਰੋੜ ਰੁਪਿਆ ਲਿਆਂਦਾ ਗਿਆ ਹੈ ਮੈਨੂੰ ਸਮਝ ਨਹੀਂ ਆਉਂਦੀ ਕਿ ਇਹ ਦੋ ਸਾਲਾਂ ਦੇ ਸਮੇਂ ਵਿਚ ਕੀ ਕਰਨਗੇ ਜਦ ਕਿ ਇਸ ਵੇਲੇ ਪੰਜਾਬ ਵਿਚ ......

ਸ਼੍ਰੀ ਸਪੀਕਰ: ਚੀਮਾ ਸਾਹਿਬ, ਉਹ ਗਲ ਤਾਂ ਵੋਟ ਆਨ ਅਕਾਉਂਟ ਦੀ ਸੀ; ਜਨਰਲ ਬਜਟ ਦੀ ਸੀ। ਇਹ ਤਾਂ ਸਪਲੀਮੈਂਟਰੀ ਡੀਮਾਂਡਜ਼ ਹਨ। (Addressing Sardar Randhir Singh Cheema: you are referring to the sum relating to Vote-on-Account. The House is now discussing Supplementary Demands.)

ਸਰਦਾਰ ਰਣਧੀਰ ਸਿੰਘ ਚੀਮਾ: ਇਹ ਦਾਅਵਾ ਕਰਦੇ ਹਨ ਕਿ ਅਸੀਂ 2 ਸਾਲਾਂ ਵਿਚ ਲਿੰਕ ਕਰ ਦੇਵਾਂਗੇ ਹਰ ਪਿੰਡ ਨੂੰ ਪੱਕੀ ਸੜਕ ਨਾਲ ਜਦ ਕਿ ਇਸ ਵੇਲੇ ਪੰਜਾਬ ਵਿਚ 5000 ਮੀਟਰ ਸੜਕਾਂ ਹੋਰ ਬਣਨਗੀਆਂ ਜਿਸ ਦੇ ਨਾਲ ਹਰ ਪਿੰਡ ਸੜਕ ਤੇ ਆ ਜਾਵੇਗਾ। ਉਸ ਦੇ ਲਈ ਤਾਂ 35, 36 ਕਰੋੜ ਰੁਪਿਆ ਚਾਹੀਦਾ ਹੈ। ਜੇ 4 ਕਰੋੜ ਰੁਪਏ ਦੀ ਸਪੀਡ ਨਾਲ ਚਲਦੇ ਰਹੇ ਤਾਂ 9 ਸਾਲਾਂ ਵਿਚ ਇਹ ਕੰਮ ਪੂਰਾ ਹੋਵੇਗਾ। ਫਾਈਨਾਂਸ ਮਨਿਸਟਰ ਸਾਹਿਬ ਨੂੰ ਮੈਂ ਕਹਾਂਗਾ ਕਿ ਇਹ ਰੁਪਿਆ ਜ਼ਿਆਦਾ ਰੱਖਣ ਜੋ ਦੋ ਸਾਲਾਂ ਵਿਚ ਸਾਰੀਆਂ ਸੜਕਾਂ ਬਣਾਉਣੀਆਂ ਹਨ। ਜੋ ਦੋ ਸਾਲ ਦਾ ਦਾਅਵਾ ਕਰਦੇ ਹਨ ਤਾਂ 17, 18 ਕਰੋੜ ਰੁਪਏ ਲਿਆਉਣ ਹਰ ਸਾਲ ਤਾਂ ਜਾ ਕੇ ਇਹ ਦੋ ਸਾਲਾਂ ਵਿਚ ਪੂਰਾ ਹੋਵੇਗਾ। ਮੈਂ ਇਹ ਅਰਜ਼ ਕਰਦਾ ਹੈ ਕਿ ਜਿਹੜਾ ਤੁਸੀਂ 4 ਕਰੋੜ ਰੁਪਿਆ ਰੱਖਿਆ ਹੈ ਇਸ ਦੇ ਨਾਲ ਤਾਂ ਕੇਵਲ ਪੰਜ ਛੇ ਜਾਂ ਸੱਤ ਸੌ ਮੀਲ ਸੜਕਾਂ ਹੀ ਬਣ ਸਕਣਗੀਆਂ (ਵਿਘਨ)

ਵਿੱਤ ਮੰਤਰੀ: ਇਹ ਤਾਂ ਸਪਲੀਮੈਂਟਰੀ ਡੀਮਾਂਡਜ਼ ਹਨ।

ਸ੍ਰੀ ਸਪੀਕਰ : ਚੀਮਾ ਸਾਹਿਬ, ਤੁਹਾਡਾ ਮੌਕਾ ਖਰਾਬ ਹੋ ਗਿਆ ਹੈ, ਦੂਸਰਾ ਮੌਕਾ ਤਾਂ ਹੋ ਜਾਣ ਦਿਓ। (You have lost your chance, now let you have another chance.)

ਸਰਦਾਰ ਰਣਧੀਰ ਸਿੰਘ ਚੀਮਾ: ਮੈਂ ਇਸ ਗਲ ਦੀ ਤੁਹਾਨੂੰ ਫਾਈਨਾਂਸ ਮਨਿਸਟਰ ਸਾਹਿਬ, ਬੇਨਤੀ ਕਰਾਂਗਾ ਕਿ ਤੁਸੀਂ ਜਿਹੜਾ 4 ਕਰੋੜ ਰੁਪਿਆ ਰੱਖਿਆ ਹੈ ਦੋ ਸਾਲਾਂ ਲਈ ਬਜਟ ਵਿਚ, ਮੈਂ ਉਸ ਉਤੇ ਹੀ ਬੋਲ ਰਿਹਾ ਹਾਂ। ਜਿਹੜਾ ਪਿਛਲਾ 12 ਕਰੋੜ ਰੁਪਿਆ ਸੀ ਜਿਹੜਾ ਅਸੀਂ ਪਹਿਲੇ ਅਤੇ ਦੂਜੇ ਫੇਜ਼ ਲਈ ਇਸਤੇਮਾਲ ਕੀਤਾ ਸੀ ਤੁਸੀਂ ਦਾਅਵਾ ਕੀਤਾ ਹੈ ਕਿ 2 ਸਾਲਾਂ ਵਿਚ ਹਰ ਪਿੰਡ ਨੂੰ ਸੜਕ ਨਾਲ ਲਿੰਕ ਕਰ ਦੇਵਾਂਗੇ । ਇਹ ਮੈਂ ਸਮਝਦਾ ਹਾਂ ਕਿ ਬੋਗਸ ਐਰ ਫਰਾਡ ਵਾਲੀ ਗਲ ਹੈ। ਜੇ ਤੁਸੀਂ ਸਹੀ ਮਾਅਨਿਆਂ ਵਿਚ ਸਮਝਦੇ ਹੋ ਤਾਂ ਤੁਸੀਂ 18 ਕਰੋੜ ਰੁਪਏ ਸਾਲ ਵਿਚ ਲਿਆਓ ਤਾਂ ਤੁਸੀਂ ਹਰ ਪਿੰਡ ਨੂੰ ਸੜਕ ਨਾਲ ਲਿੰਕ ਕਰ ਸਕੋਗੇ।

ਸ੍ਰੀ ਸਪੀਕਰ: ਚੀਮਾ ਸਾਹਿਬ, ਇਹ ਫਰਾਡ ਦਾ ਸ਼ਬਦ ਡਿਗਨੀਫਾਈਡ ਨਹੀਂ, ਮੈਂ ਚਾਹਾਂਗਾ ਕਿ ਤੁਸੀਂ ਇਹ ਸ਼ਬਦ ਵਾਪਸ ਲੈ ਲਓ। (The word 'fraud' is not dignified. I would ask the hon. Member to withdraw it.)

ਸਰਦਾਰ ਰਣਧੀਰ ਸਿੰਘ ਚੀਮਾ: ਮੈਂ, ਸਪੀਕਰ ਸਾਹਿਬ, ਇਹ ਸ਼ਬਦ ਵਾਪਸ ਲੈਂਦਾ ਹਾਂ। ਇਸੇ ਤਰ੍ਹਾਂ ਹੀ ਆਈਟਮ ਨੰ: 12 ਹੈ ਜਿਸ ਵਿਚ ਪੁਲਿਸ ਵਾਸਤੇ 21,90,000 ਰੁਪਿਆ ਰੱਖਿਆ ਗਿਆ ਹੈ ਸਾਡੀ ਸਟੇਟ ਵਿਚ 11 ਜ਼ਿਲ੍ਹੇ ਹਨ, ਜਿਨ੍ਹਾਂ ਵਿਚ ਘੱਟੋ ਘੱਟ 9, 10 ਡੀ. ਆਈ. ਜੀ. ਹਨ। ਮੈਂ ਸਮਝਦਾ ਹਾਂ ਕਿ ਜਿਹੜਾ ਇੱਕ ਬਣਾਇਆ ਰਹਿੰਦਾ ਹੈ ਉਹ ਵੀ ਲਾ ਦੇਣ। ਮੈਂ ਅਰਜ਼ ਕਰਾਂਗਾ ਕਿ ਇਸ ਐਡ-ਮਨਿਸਟਰੇਸ਼ਨ ਦਾ ਬੋਝ ਸਾਡੀ ਪੰਜਾਬ ਦੀ ਜਨਤਾ ਤੋਂ ਘਟਣਾ ਚਾਹੀਦਾ ਹੈ।

Mr. Speaker : Please address the Chair.

ਸਰਦਾਰ ਰਣਧੀਰ ਸਿੰਘ ਚੀਮਾ : ਇਸੇ ਤਰ੍ਹਾਂ ਜਨਾਬ, ਸਪੀਕਰ ਸਾਹਿਬ, ਮੈਂ ਫਾਈਨਾਂਸ ਮਨਿਸਟਰ ਸਾਹਿਬ ਨੂੰ ਅਰਜ਼ ਕਰਾਂਗਾ ਕਿ ਲੋਕਲ ਬਾਡੀਜ਼ ਦੀਆਂ ਜਿਹੜੀਆਂ ਸੜਕਾਂ ਪੰਜਾਬ ਵਿਚ ਹਨ ਉਨ੍ਹਾਂ ਸੜਕਾਂ ਦਾ ਇਤਨਾ ਨਾਕਸ ਪ੍ਰਬੰਧ ਹੈ ਕਿ ਉਨ੍ਹਾਂ ਲੋਕਲ ਬਾਡੀਜ਼ ਕੋਲ ਕੋਈ ਰੁਪਿਆ ਰੀਪੇਅਰ ਕਰਨ ਵਾਸਤੇ ਨਹੀਂ। ਇਸ ਕਰਕੇ ਮੈਂ ਆਨਰੇਬਲ ਫਾਈਨਾਂਸ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਇਹ ਸੜਕਾਂ ਟੇਕ-ਓਵਰ ਕਰ ਲੈਣ। ਇਹ ਸੜਕਾਂ ਸਰਕਾਰੀ ਪੱਧਰ ਤੇ ਬਣਨੀਆਂ ਚਾਹੀਦੀਆਂ ਹਨ।

ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਇਕ ਸੜਕ ਚੁੰਨੀ ਤੋਂ ਲਾਂਡਰਾਂ ਜਾਂਦੀ ਹੈ। ਜੇਕਰ ਤੁਸੀਂ ਵੀ ਕਦੇ ਇਸ ਸੜਕ ਤੇ ਟ੍ਰੈਵਲ ਕਰੋ ਤਾਂ ਤੁਹਾਨੂੰ ਕਾਰ ਦੁਬਾਰਾ ਬੁਲਾਣੀ ਪਏਗੀ। ਇਸ ਲਈ ਮੈਂ ਫਿਨਾਂਸ ਮਨਿਸਟਰ ਸਾਹਿਬ ਪਾਸ ਬੇਨਤੀ ਕਰਾਂਗਾ ਕਿ ਜਿਹੜੀਆਂ ਸੜਕਾਂ ਲੋਕਲ ਬਾਡੀਜ਼ ਜਾਂ ਪੰਚਾਇਤ ਸੰਮਤੀਆਂ ਦੀਆਂ ਹਨ ਉਨ੍ਹਾਂ ਨੂੰ ਟੇਕ ਓਵਰ ਕਰ ਲੈਣਾ ਚਾਹੀਦਾ ਹੈ ਅਤੇ ਸਰਕਾਰੀ ਕੰਟਰੋਲ ਵਿਚ ਲਿਆਉਣਾ ਚਾਹੀਦਾ ਹੈ ਤਾਂ ਕਿ ਜਨਤਾ ਨੂੰ ਆਰਾਮ ਮਿਲ ਸਕੇ।

ਇਸ ਤੋਂ ਬਾਅਦ ਇਕ ਗਲ ਮੈਂ ਇਹ ਦਸਣਾ ਚਾਹੁੰਦਾ ਹਾਂ, ਸਪੀਕਰ ਸਾਹਿਬ, ਕਿ 1967 ਤੋਂ 1972 ਤਕ ਪੰਜ ਸਾਲਾਂ ਦੇ ਅਰਸੇ ਵਿਚ ਜਿਹੜੀਆਂ ਵੀ ਸਰਕਾਰਾਂ ਰਹੀਆਂ ਉਹ ਸਾਡੇ ਸਮੇਂ ਦੀਆਂ ਸਰ-ਕਾਰਾਂ ਸਨ, ਕਿਉਂਕਿ ਇਨ੍ਹਾਂ ਪਾਸੋਂ ਅਸੀਂ 1967 ਵਿਚ ਰਾਜ ਪ੍ਰਬੰਧ ਸੰਭਾਲਿਆ ਸੀ। ਉਸ ਵੇਲੇ ਕਣਕ ਦੀ ਪੈਦਾਵਾਰ ਇਹ ਸਾਨੂੰ 17 ਲੱਖ ਟਨ ਦੇ ਕੇ ਗਏ ਸਨ ਪਰ ਜਦ ਇਨ੍ਹਾਂ 1972 ਵਿਚ ਰਾਜ ਲਿਆ ਤਾਂ 71 ਲੱਖ ਟਨ ਕਣਕ ਦੀ ਉਪਜ ਕਰਕੇ ਅਸੀਂ ਦਿੱਤੀ। ਇਹ 30 ਲੱਖ ਟਨ ਅਨਾਜ ਦਾ

[ਸਰਦਾਰ ਰਣਧੀਰ ਸਿੰਘ ਚੀਮਾ]

ਵਾਧਾ ਹੋਇਆ। ਸਪੀਕਰ ਸਾਹਿਬ, ਇਸ ਦਾ ਸੇਹਰਾ ਤੁਹਾਨੂੰ ਆਪ ਪਤਾ ਹੈ ਕਿ ਕਿਸ ਦੇ ਸਿਰ ਤੇ ਹੈ ਕਿਉਂਕਿ ਤੁਸੀਂ ਆਪ ਵੀ ਤਕੜੇ ਕਿਸਾਨ ਹੋ। ਇਹ ਅਸੀਂ ਇਨ੍ਹਾਂ ਨੂੰ ਕਣਕ ਦੀ ਪੈਦਾਵਾਰ ਵਧਾ ਕੇ ਦਿਤੀ। (ਵਿਘਨ)

ਸ੍ਰੀ ਸਪੀਕਰ : ਚੀਮਾ ਸਾਹਿਬ, ਇਸ ਕਣਕ ਦੀ ਪੈਦਾਵਾਰ ਵਿਚ ਪੰਜਾਬ ਦੀ ਜਨਤਾ ਦਾ ਅਤੇ ਕਿਸਾਨ ਦਾ ਸਾਰਿਆਂ ਦਾ ਹਿੱਸਾ ਹੈ। ਮੈਂ ਤੁਹਾਡੇ ਪਾਸੋਂ ਇਹ ਜਾਣਨਾ ਚਾਹਾਂਗਾ ਕਿ ਇਕ ਕਲਿਆਣ ਅਤੇ ਪੀ. ਵੀ 18 ਕਣਕ ਦੀਆਂ ਕਿਸਮਾਂ ਅਕਾਲੀ ਸਰਕਾਰ ਨੇ ਇਨ੍ਹਾਂ ਨੂੰ ਦਿੱਤੀਆਂ ਇਨ੍ਹਾਂ ਵਿਚ ਅਕਾਲੀ ਸਰਕਾਰ ਦਾ ਕਿੰਨਾ ਹੱਥ ਸੀ ? (ਵਿਘਨ) (I would inform Cheema Sahib that the production of wheat has increased due to the contribution of the farmers and people of Punjab. I would like to enquire from him if it was the Akali Govt. which made the pV-18 and kalyan seed available to the farmers? What was the Akali Government's contribution in this matter ?)

ਸਰਦਾਰ ਰਣਧੀਰ ਸਿੰਘ ਚੀਮਾ : ਸਾਡੀ ਸਰਕਾਰ ਨੇ ਕਿਸਾਨ ਨੂੰ ਚੰਗਾ ਬੀਜ ਦਿਤਾ, ਖਾਦ ਦਿਤੀ, ਟ੍ਰੈਕਟਰ ਮੰਗਵਾ ਕੇ ਦਿਤੇ ਅਤੇ ਹਰ ਤਰ੍ਹਾਂ ਦੀ ਸਹੂਲਤ ਦਿਤੀ ਤਾਂ ਹੀ ਇਹ ਕਣਕ ਦੀ ਉਪਜ ਵਧੀ ਹੈ ਨਹੀਂ ਤਾਂ ਇਹ ਆਪਣੇ ਰਾਜ ਵਿਚ, ਜਦੋਂ ਇਨ੍ਹਾਂ ਦਾ ਟਾਈਮ ਸੀ ਤਾਂ ਇਹ ਜਨਤਾ ਨੂੰ ਲੁਟਦੇ ਹੀ ਰਹੇ। 1967 ਤੋਂ ਪਹਿਲਾਂ ਜੱਟ ਦੀ ਇਨ੍ਹਾਂ ਨੇ ਹਾਲਤ ਕੀਤੀ ਹੋਈ ਸੀ ਕਿ ਕਣਕ ਉਸ ਪਾਸੋਂ 45 ਜਾਂ 50 ਰੁਪਏ ਕੁਵਿੰਟਲ ਖਰੀਦ ਕੀਤੀ ਜਾਣੀ ਅਤੇ ਜਦ ਇਹ ਕਣਕ ਵਡੇ ਸਰਮਾਏਦਾਰਾਂ ਪਾਸ ਚਲੀ ਜਾਣੀ ਤਾਂ ਇਸਦੇ ਭਾਅ 110 ਜਾਂ 120 ਰੁਪਏ ਕਵਿੰਟਲ ਹੋ ਜਾਣਾ। (ਵਿਘਨ) (ਸ਼ੋਰ)

Mr. Speaker : Order please.

ਸਰਦਾਰ ਰਣਧੀਰ ਸਿੰਘ ਚੀਮਾ: ਮੈਂ ਗਿਆਨੀ ਜੀ ਪਾਸ ਆਪ ਦੀ ਰਾਹੀਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਹੁਣ ਚੀਫ ਮਨਿਸਟਰਜ਼ ਕਾਨਫਰੰਸ ਵਿਚ ਜਾਣਾ ਹੈ ਇਨ੍ਹਾਂ ਨੂੰ ਇਸ ਗਲ ਵਲ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ ਕਿ ਕਣਕ ਦਾ ਭਾਅ ਸਹੀ ਮੁਕੱਰਰ ਕੀਤਾ ਜਾਵੇ। 1967 ਵਿਚ ਜਿਹੜਾ ਭਾਅ ਸੀ ਉਹੀ ਭਾਅ ਅਜ ਪੰਜ ਸਾਲਾਂ ਤੋਂ ਤੁਰਿਆ ਆ ਰਿਹਾ ਹੈ। ਜੇਕਰ ਪੈਦਾਵਾਰ ਦਾ ਖਰਚ ਲਗਾਇਆ ਜਾਵੇ ਤਾਂ ਵੀ ਵੱਧ ਬੈਠਦਾ ਹੈ। ਇਨ੍ਹਾਂ ਪਾਸ ਤਾਂ ਐਗਰੀਕਲਚਰ ਯੂਨੀਵਰਸਟੀ ਹੈ ਉਸ ਪਾਸੋਂ ਅੰਕੜੇ ਮੰਗਵਾਏ ਜਾ ਸਕਦੇ ਹਨ ਕਿ ਪੈਦਾਵਾਰ ਉਤੇ ਕਿੰਨਾ ਖਰਚ ਆਉਂਦਾ ਹੈ। ਇਨ੍ਹਾਂ ਨੂੰ ਪਤਾ ਚਲੇਗਾ ਕਿ ਕਣਕ ਦੀ ਪੈਦਾਵਾਰ ਤੇ 85 ਰੁਪਏ ਕਵਿੰਟਲ ਤੋਂ ਵਧ ਖਰਚ ਆਉਂਦਾ ਹੈ ਪਰ ਕਿਸਾਨ ਲਈ ਘਟ ਕੀਮਤ ਮੁਕੱਰਰ ਕੀਤੀ ਜਾਂਦੀ ਹੈ ਇਸ ਲਈ ਬੇਨਤੀ ਕਰਾਂਗਾ ਕਿ ਇਨ੍ਹਾਂ ਨੂੰ ਉਥੇ ਇਸ ਗਲ ਤੇ ਜ਼ੋਰ ਦੇਣਾ ਚਾਹੀਦਾ ਹੈ ਕਿ ਕਿਸਾਨ ਨੂੰ ਪੂਰਾ ਹੱਕ ਮਿਲੇ, ਕੀਮਤ ਪੂਰੀ ਮਿਲੇ ਇਨ੍ਹਾਂ ਨੂੰ ਪੰਜਾਬ ਦਾ ਕਾਜ਼ ਚੰਗੀ ਤਰ੍ਹਾਂ ਪਲੀਡ ਕਰਨਾ ਚਾਹੀਦਾ ਹੈ (ਵਿਘਨ)

ਇਕ ਮਾਨਯੋਗ ਮੈਂਬਰ: ਤੁਸੀਂ ਕਿੰਨਾ ਕਾਜ਼ ਪਲੀਡ ਕੀਤਾ ਸੀ ? (ਵਿਘਨ)

ਸਰਦਾਰ ਰਣਧੀਰ ਸਿੰਘ ਚੀਮਾ: ਅਸੀਂ ਆਪ ਡੀਫੈਂਡ ਕਰਦੇ ਰਹੇ ਹਾਂ ਅਤੇ 76 ਰੁਪਏ ਦਿੰਦੇ ਰਹੇ ਹਾਂ। (ਵਿਘਨ)

Mr. Speaker : Order Please address the Chair.

ਇਹ ਜੋ ਕੁਝ ਤੁਸੀਂ ਕਹਿ ਰਹੇ ਹੋ ਇਹ ਵੋਟ ਆਨ ਅਕਾਊਂਟ ਵਿਚ ਸੀ, ਸਪਲੀਮੈਂਟਰੀ ਐਸਟੀ-ਮੇਟਸ ਵਿਚ ਤਾਂ ਕਿਧਰੇ ਨਹੀਂ ਚੀਮਾ ਸਾਹਿਬ। (Order please. Please address the Chair. What the hon. member is referring to was included in the Vote-on-Account but has no relevancy with the Supplementary Estimates.)

ਸਰਦਾਰ ਰਣਧੀਰ ਸਿੰਘ ਚੀਮਾ: ਸਪੀਕਰ ਸਾਹਿਬ, ਇਸ ਤਰ੍ਹਾਂ ਦੀ ਛੋਟ ਅਗੇ ਵੀ ਦਿਤੀ ਜਾਂਦੀ ਰਹੀ ਹੈ। ਇਸ ਲਈ ਮੈਨੂੰ ਵੀ ਇਸ ਸਬੰਧ ਵਿਚ ਜ਼ਿਕਰ ਕਰ ਲੈਣ ਦਿਓ। ਮੈਂ ਬੇਨਤੀ ਕਰਾਂਗਾ ਕਿ ਜਿਥੇ ਤਕ ਪਿਛਲੀਆਂ ਤਿੰਨ ਪਲਾਨਾਂ ਦਾ ਸਬੰਧ ਹੈ ਕੁਲ 6500 ਕਰੋੜ ਰੁਪਏ ਦਾ ਆਊਟ ਲੇ ਕੀਤਾ ਗਿਆ ਪਰ ਸਾਡੇ ਹਿਸੇ ਕੇਵਲ 32 ਕਰੋੜ ਆਇਆ ਖਾਦ ਦੀ ਫੈਕਟਰੀ ਲਈ। ਫਿਰ ਅਸੀਂ ਜਿੰਨੀ ਬਿਜਲੀ ਪੈਦਾ ਕਰਦੇ ਹਾਂ ਉਸ ਸਾਰੀ ਬਿਜਲੀ ਦਾ ਅਧਾ ਇਸ ਫੈਕਟਰੀ ਨੂੰ ਦਿਤਾ ਗਿਆ ਪਰ ਪੰਜਾਬ ਨੂੰ ਇਸ ਦਾ ਕੋਈ ਫਾਇਦਾ ਨਹੀਂ ਪਹੁੰਚਦਾ। ਖਾਦ ਦਾ ਥੈਲਾ ਮਦਰਾਸ ਵਿਚ ਵੀ 27 ਰੁਪਏ ਅਤੇ ਸਾਡੇ ਪੰਜਾਬ ਵਿਚ ਵੀ 27 ਰੁਪਏ ਦਿੰਦੇ ਹਨ। ਬਿਜਲੀ ਅਸਾਡੀ ਵਾਧੂ ਦੀ ਲਈ ਜਾਂਦੇ ਹਨ। ਜੇਕਰ ਇਹ ਥੈਲਾ ਇਥੇ 20 ਰੁਪਏ ਦਿਤਾ ਜਾਂਦਾ ਤਾਂ ਸਮਝ ਆ ਸਕਦੀ ਸੀ ਕਿ ਪੰਜਾਬ ਨਾਲ ਰਿਆਇਤ ਕੀਤੀ ਜਾ ਰਹੀ ਹੈ ਪਰ ਇਹ ਨਹੀਂ ਕੀਤੀ ਜਾ ਰਹੀ,। (ਵਿਘਨ)

ਸ੍ਰੀ ਸਪੀਕਰ: ਚੀਮਾ ਸਾਹਿਬ, ਜੇਕਰ ਨੰਗਲ ਫੈਕਟਰੀ ਦੀ ਸਾਰੀ ਖਾਦ ਪੰਜਾਬ ਨੂੰ ਦੇ ਦੇਈਏ ਤਾਂ ਕੀ ਮਸਲਾ ਹਲ ਹੋ ਜਾਵੇਗਾ ? (Will the problem be solved if the entire production of the fertilizer from Nangal Factory is allotted to Punjab ?)

ਸਰਦਾਰ ਰਣਧੀਰ ਸਿੰਘ ਚੀਮਾ: ਇਸ ਤੋਂ ਅਗੇ, ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਆਉਣ ਵਾਲੀ ਪਲਾਨ ਲਈ 3500 ਕਰੋੜ ਦੀ ਆਊਟ ਲੇ ਹੈ ਅਤੇ ਪਬਲਿਕ ਸੈਕਟਰ ਵਿਚ 2900 ਕਰੋੜ ਦੀ ਪਰ ਕਿੰਨੇ ਦੁਖ ਦੀ ਗੱਲ ਹੈ ਕਿ ਪੰਜਾਬ ਲਈ ਇਕ ਪੈਸਾ ਵੀ ਨਹੀਂ ਰਖਿਆ ਗਿਆ। ਇਹ ਹੈਵੀ ਇਨਡਸਟਰੀ ਲਈ ਹੈ। ਇਸ ਲਈ ਮੈਂ ਸਰਕਾਰ ਨੂੰ ਕਹਾਂਗਾ ਕਿ ਸੈਂਟਰ ਤੇ ਇਸ ਗਲ ਲਈ ਜ਼ੋਰ ਦੇਵੇ ਕਿ ਪੰਜਾਬ ਵਿਚ ਹੈਵੀ ਇਨਡਸਟਰੀ ਦਿਤੀ ਜਾਵੇ ਜਿਸ ਨਾਲ ਪੰਜਾਬ ਦੇ ਮਜ਼ਦੂਰ ਦਾ ਜੀਵਨ ਢੰਗ ਚੰਗਾ ਹੋ ਸਕੇ। ਗਿਆਨੀ ਜੀ ਨੂੰ ਖਾਸ ਤੌਰ ਤੇ ਕਹਾਂਗਾ ਕਿ ਹੁਣ ਤਾਂ ਇਥੇ ਵੀ ਕਾਂਗਰਸ ਦੀ ਸਰਕਾਰ ਹੈ ਅਤੇ ਉਪਰ ਵੀ ਹੈ ਅਤੇ ਇਨ੍ਹਾਂ ਨੂੰ ਕੋਈ ਖਤਰਾ ਨਹੀਂ। ਇਸ ਲਈ ਪੰਜਾਬ ਲਈ ਹੈਵੀ ਇੰਡਸਟਰੀ ਲਿਆਉਣ ਲਈ ਕੇਂਦਰ ਤੇ ਜ਼ੋਰ ਦੇਣ।

ਇਕ ਗਲ ਮੈਂ ਬੰਗਲਾ ਰੀਲੀਫ ਦੇ ਬਾਰੇ ਵਿਚ ਕਹਿਣੀ ਚਾਹੁੰਦਾ ਹਾਂ। ਹੁਣ ਜਦ ਕਿ ਉਸਦੀ ਗੌਰਮੈਂਟ ਬਣ ਗਈ ਹੈ ਅਤੇ ਲੋਕੀ ਸਾਰੇ ਵਾਪਸ ਬੰਗਲਾ ਦੇਸ਼ ਚਲੇ ਗਏ ਹਨ ਇਹ ਟੈਕਸ ਬੰਦ ਕਰ ਦੇਣਾ ਚਾਹੀਦਾ ਹੈ। ਇਸ ਨਾਲ ਪੰਜਾਬ ਤੇ ਬੋਝ ਪਾਇਆ ਗਿਆ ਹੈ। ਅਗੇ ਹੀ ਪੰਜਾਬ ਨੂੰ ਪਾਕਿਸਤਾਨ ਨਾਲ ਲੜਾਈ ਕਰਨ ਵਿਚ ਕਾਫੀ ਭਾਰੀ ਨੁਕਸਾਨ ਉਠਾਉਣਾ ਪਿਆ ਹੈ ਕਿਉਂਕਿ ਇਹ ਬਾਰਡਰ ਦਾ ਸੂਬਾ ਹੈ ਇਸ ਤੇ ਹੋਰ ਭਾਰ ਨਹੀਂ ਪਾਇਆ ਜਾਣਾ ਚਾਹੀਦਾ। (ਵਿਘਨ) (ਘੰਟੀ) ਮੈਂ, ਸਪੀਕਰ ਸਾਹਿਬ, ਬਸ ਇਕ ਅੱਧੀ ਗਲ ਕਹਿ ਕੇ ਹੀ ਖਤਮ ਕਰ ਦਿਆਂਗਾ। ਮੈਂ ਇਸ ਬੰਗਲਾ ਟੈਕਸ ਦੇ ਬਾਰੇ ਵਿਚ ਜ਼ਿਕਰ ਕਰ ਰਿਹਾ ਹਾਂ ਕਿ ਸਿਵਾਏ ਪੰਜਾਬ ਦੇ ਬਾਕੀ ਦੇ ਕਿਸੇ ਸੂਬੇ ਵਿਚ ਵੀ ਇਹ ਟੈਕਸ ਕਿਸਾਨ ਪਾਸੋਂ ਨਹੀਂ ਲਿਆ ਗਿਆ ਪਰ ਇਥੇ ਹਰ ਕਿਸਾਨ ਪਾਸੋਂ 2 ਰੁਪਏ ਏਕੜ ਦੇ ਹਿਸਾਬ ਨਾਲ ਇਹ ਟੈਕਸ ਵਸੂਲ ਕੀਤਾ ਗਿਆ ਹੈ ਅਤੇ ਇਥੇ ਹੀ ਬਸ ਨਹੀਂ ਫਾਜ਼ਿਲਕਾ ਵਰਗੇ ਬਾਰਡਰ ਦੇ ਇਲਾਕੇ ਵਿਚ ਵੀ ਜਿਥੇ ਕਿ ਪਹਿਲਾਂ ਹੀ

[ਸਰਦਾਰ ਰਣਧੀਰ ਸਿੰਘ ਚੀਮਾ]

ਕਿਸਾਨ ਨੂੰ ਭਾਰੀ ਨੁਕਸਾਨ ਵੇਖਣਾ ਪਿਆ ਹੈ ਅਤੇ ਜਿਥੋਂ ਕਿ ਉਹ ਲੜਾਈ ਦੇ ਦਿਨਾਂ ਵਿਚ ਉਜੜ ਗਿਆ ਸੀ, ਤੋਂ ਵੀ ਇਹ ਟੈਕਸ ਵਸੂਲ ਕੀਤਾ ਗਿਆ ਹੈ। ਇਹ ਉਹ ਇਲਾਕਾ ਹੈ ਜਿਥੇ ਕਿ ਅਰਬਾਂ ਰੁਪਏ ਦੇ ਨੁਕਸਾਨ ਦਾ ਭਾਰ ਸਹਿਣਾ ਪਿਆ ਹੈ। ਇਸ ਲਈ ਇਹ ਟੈਕਸ ਬੰਦ ਕਰ ਦੇਣਾ ਚਹੀਦਾ ਹੈ ਤਾਂ ਕਿ ਕਿਸਾਨ ਨੂੰ ਰਾਹਤ ਮਿਲੇ ਅਤੇ ਉਹ ਅਤੇ ਪੰਜਾਬ ਦੀ ਜਨਤਾ ਸੌਖੀ ਹੋਵੇ।

ਇਕ ਗਲ ਇਸੇ ਹੀ ਸਬੰਧ ਵਿਚ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ 1947 ਵਿਚ ਜਦ ਅਸੀਂ ਸਾਰੇ, ਸਪੀਕਰ ਸਾਹਿਬ, ਤੁਸੀਂ ਵੀ, ਘਰ ਬਾਹਰ ਛਡ ਕੇ ਪਾਕਿਸਤਾਨ ਬਣਨ ਤੇ ਇਧਰ ਆਏ ਸੀ ਤਾਂ ਕਾਂਗਰਸ ਦੀ ਹਕੂਮਤ ਨੇ ਕੋਈ ਕਿਸੇ ਕਿਸਮ ਦਾ ਰੀਲੀਫ ਟੈਕਸ ਨਹੀਂ ਸੀ ਲਗਾਇਆ ਪਰ ਹੁਣ ਜਦ ਕਿ ਦੂਜੇ ਦੇਸ਼ ਦੇ ਲੋਕੀਂ ਇਥੇ ਆਏ ਅਤੇ ਉਨ੍ਹਾਂ ਪਿਛੇ ਪੰਜਾਬ ਨੇ ਐਨੀ ਕੁਰਬਾਨੀ ਕੀਤੀ ਅਤੇ ਉਹ ਵਾਪਸ ਵੀ ਆਪਣੇ ਘਰਾਂ ਨੂੰ ਮੁੜ ਗਏ ਇਹ ਟੈਕਸ ਜਾਰੀ ਨਹੀਂ ਰਖਣਾ ਚਾਹੀਦਾ। ਇਸ ਟੈਕਸ ਨੂੰ ਜਲਦੀ ਤੋਂ ਜਲਦੀ ਵਾਪਿਸ ਲੈਣਾ ਚਾਹੀਦਾ ਹੈ ਤਾਂ ਕਿ ਪੰਜਾਬ ਦੀ ਜਨਤਾ ਨੂੰ ਆਰਾਮ ਮਿਲ ਸਕੇ। (ਵਿਘਨ) ਮੈਂ ਬਸ ਇਕ ਦੋ ਗਲਾਂ ਕਹਿ ਕੇ ਹੀ ਬੈਠ ਜਾਵਾਂਗਾ ਇਹ ਆਪਣੇ ਹਲਕੇ ਦੀਆਂ ਗਲਾਂ ਹਨ (ਵਿਘਨ) ਇਲੈਕਸ਼ਨ ਦੇ ਦਿਨਾਂ ਵਿਚ ਅਸਾਡੇ ਹਲਕੇ ਵਿਚ ਲੈਂਡ ਮਾਰਟਗੇਜ ਬੈਂਕ ਹੈ ਉਸ ਦੇ ਚੇਅਰਮੈਨ ਨੇ ਅਤੇ ਕਰਮਚਾਰੀਆਂ ਨੇ ਮਿਲ ਕੇ 250 ਰੁਪਏ ਫੀ ਪੰਪਿੰਗ ਸੈਟ ਵਸੂਲ ਕੀਤੇ (ਵਿਘਨ)

ਸ਼੍ਰੀ ਸਪੀਕਰ: ਇਹ ਹਲਕੇ ਦੀ ਗਲ ਹੈ ਡੀਮਾਂਡ ਦੀ ਤਾਂ ਨਹੀਂ ? (This relates to the constituency of the Hon. Member and not the Demands under discussion)

ਸਰਦਾਰ ਰਣਧੀਰ ਸਿੰਘ ਚੀਮਾ: ਮੈਂ ਸਮਝਦਾ ਹਾਂ ਕਿ ਇਹ 250 ਰੁਪਏ ਫੀ ਪੰਪਿੰਗ ਸੈਟ ਵਸੂਲ ਕਰਕੇ ਕਾਂਗਰਸ ਦੇ ਕੈਂਡੀਡੇਟ ਨੂੰ ਦਿਤੇ ਗਏ। ਜਦ ਕਾਂਗਰਸ ਦਾ ਕੈਂਡੀਡੇਟ ਮਿਲਿਆ ਤਾਂ ਪਤਾ ਲਗਾ ਕਿ ਉਸ ਪਾਸ ਇਹ ਨਹੀਂ ਪਹੁੰਚੇ ਪਤਾ ਨਹੀਂ ਇਹ ਰਾਹ ਵਿਚ ਹੀ ਕਿਤੇ ਰਹਿ ਗਏ। ਇਹ 25 ਹਜ਼ਾਰ ਰੁਪਏ ਦੀ ਰਕਮ ਹੈ। ਮੈਂ ਵਿੱਤ ਮੰਤਰੀ ਸਾਹਿਬ ਨੂੰ ਕਹਾਂਗਾ ਕਿ ਇਸ ਦੇ ਬਾਰੇ ਵਿਚ ਪੜਤਾਲ ਕਰਾਉਣ ਕਿ ਇਹ ਰੁਪਿਆ ਕਿਥੇ ਗਿਆ ਅਤੇ ਕਿਸ ਪਾਸ ਹੈ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਮੈਂ ਕਹਾਂਗਾ ਕਿ ਇਨ੍ਹਾਂ ਨੇ ਲੈਂਡ ਮਾਰਟਗੇਜ ਬੈਂਕ ਦੀਆਂ ਅਲੈਕਸ਼ਨਾਂ ਵਿਚ ਸਰਕਾਰੀ ਜੀਪਾਂ ਇਸਤੇਮਾਲ ਕੀਤੀਆਂ ਭਾਵੇਂ ਅਸੀਂ ਇਸ ਗਲ ਨੂੰ ਮਹਿਸੂਸ ਨਹੀਂ ਕੀਤਾ ਪਰ ਅਸੀਂ ਤੁਹਾਡੇ ਰਾਹੀਂ ਇਹ ਦਸ ਦੇਣਾ ਚਾਹੁੰਦੇ ਹਾਂ ਕਿ ਪ੍ਰਾਈਵੇਟ ਯੂਜ਼ ਵਾਸਤੇ ਇਹੋ ਜਿਹੀਆਂ ਜੀਪਾਂ ਇਸਤੇਮਾਲ ਨਹੀਂ ਕਰਨੀਆਂ ਚਾਹੀਦੀਆਂ। ਇਕ ਗੱਲ ਮੈਂ ਫਤੇਗੜ੍ਹ ਸਾਹਿਬ ਦੇ ਮੁਤਾਲਿਕ ਅਰਜ਼ ਕਰਾਂ (ਵਿਘਨ)

ਚੌਧਰੀ ਸੁੰਦਰ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ। ਆਪਣੀ ਸਪੀਚ ਵਿਚ ਚੀਮਾ ਸਾਹਿਬ ਨੇ ਕਿਹਾ ਕਿ ਅਸੀਂ ਕੋਈ ਟੈਕਸ ਨਹੀਂ ਲਾਏ ਮੈਂ ਸਮਝਦਾ ਹਾਂ ਉਨ੍ਹਾਂ ਨੂੰ ਟੈਕਸ ਲਾਉਣ ਦੀ ਫੁਰਸਤ ਨਹੀਂ ਮਿਲੀ, ਉਹ ਨਿਸ਼ਾਨ ਸਾਹਿਬ ਹੀ ਗਡਦੇ ਰਹੇ ਹਨ। (ਹਾਸਾ)

Mr Speaker :This is no point of order.

ਸਰਦਾਰ ਰਣਧੀਰ ਸਿੰਘ ਚੀਮਾ: ਅਸੀਂ ਨਿਸ਼ਾਨ ਸਾਹਿਬ ਵੀ ਗੱਡਦੇ ਰਹੇ ਨਾਲ ਆਪਣੇ ਵਕਤ ਵਿਚ ਤੁਹਾਨੂੰ 39 ਸੌ ਮੀਲ ਲੰਮੀਆਂ ਸੜਕਾਂ ਵੀ ਦਿੱਤੀਆਂ। ਪਰ ਇਸ ਗਵਰਨਰੀ ਰਾਜ ਵਿਚ ਲੱਖਾਂ ਰੁਪਏ ਦੀ ਬਰਬਾਦੀ ਹੋਈ ਅਤੇ ਉਸਦਾ ਤੁਹਾਨੂੰ ਖਿਆਲ ਨਹੀਂ ਆਇਆ।

ਸ੍ਰੀ ਸਪੀਕਰ : ਚੀਮਾ ਸਾਹਿਬ, ਆਪਣੀ ਡੀਮਾਂਡ ਨਾਲ ਹੀ ਸਬੰਧਤ ਰਹੋ। (Cheema Sahib, Please confine yourself to the Demand under discussion.)

ਸਰਦਾਰ ਰਣਧੀਰ ਸਿੰਘ ਚੀਮਾ : ਮੈਂ, ਸਪੀਕਰ ਸਾਹਿਬ, ਅਰਜ਼ ਕਰ ਰਿਹਾ ਸੀ ਫਤੇਗੜ੍ਹ ਸਾਹਿਬ ਇਕ ਬੜਾ ਹੀ ਇਤਿਹਾਸਕ ਅਸਥਾਨ ਹੈ। ਸਰਕਾਰ ਨੂੰ ਇਸ ਇਲਾਕੇ ਦਾ ਖਾਸ ਧਿਆਨ ਰਖਣਾ ਚਾਹੀਦਾ ਹੈ। ਇਹ ਉਹ ਅਸਥਾਨ ਹੈ ਜਿਥੇ ਗੁਰੂ ਸਾਹਿਬ ਦੇ ਛੋਟੇ ਛੋਟੇ ਸਾਹਿਬਜ਼ਾਦਿਆਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਹਨ. ਇਸ ਇਲਾਕੇ ਦੀ ਬੇਹਤਰੀ ਲਈ ਕੰਮ ਕਰਨਾ ਸਰਕਾਰ ਦਾ ਫਰਜ਼ ਹੈ। ਘੜੂਏਂ ਤੋਂ ਝਾਮਪੁਰ ਭੱਕ ਤੱਕ ਕੋਈ 2-3 ਮੀਲ ਲੰਮੀ ਬੈਲਟ ਹੈ। ਪਾਣੀ ਦੀ ਡੂੰਘਾਈ ਵੈਸੇ ਇਲਾਕੇ ਦੇ ਵਿਚ 400 ਫੁਟ ਤੱਕ ਹੈ। ਜੇਕਰ ਇਸ ਇਲਾਕੇ ਵਿਚ ਟਿਊਬਵੈਲਜ਼ ਲਾਉਣ ਦਾ ਪ੍ਰਬੰਧ ਹੋ ਸਕੇ ਤਾਂ ਉਪਜ ਵਿਚ ਹੋਰ ਵੀ ਵਾਧਾ ਹੋ ਸਕਦਾ ਹੈ। ਕਿਸਾਨ ਦਾ ਨਿਰਭਰ ਹੀ ਪਾਣੀ ਤੇ ਹੈ। ਜੇ ਉਸ ਨੂੰ ਇਹ ਸਹੂਲਤ ਸਰਕਾਰ ਵੱਲੋਂ ਮਿਲੇ ਤਾਂ ਕਾਫੀ ਉੱਨਤੀ ਹੋ ਸਕਦੀ ਹੈ। ਆਖਿਰ ਵਿਚ, ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ।

ਸ੍ਰੀ ਪਿਆਰਾ ਰਾਮ ਧੰਨੋਵਾਲੀ (ਫਗਵਾੜਾ, ਐਸ. ਸੀ.)) : ਮਾਨਯੋਗ ਸਪੀਕਰ ਸਾਹਿਬ, ਫਾਈਨੈਂਸ ਮਨਿਸਟਰ ਸ੍ਰੀ ਹੰਸ ਰਾਜ ਜੀ ਸ਼ਰਮਾ ਨੇ ਇਹ ਸਪਲੀਮੈਂਟਰੀ ਡੀਮਾਂਡ 45,82,36,000 ਦੀ ਜਿਹੜੀ ਪੇਸ਼ ਕੀਤੀ ਹੈ ਇਸ ਦੀਆਂ ਕੁਝ ਮੱਦਾਂ ਤੇ ਮੈਂ ਅਰਜ਼ ਕਰਨਾ ਚਾਹੁੰਦਾ ਹਾਂ। ਪਹਿਲੀ ਗੱਲ ਤਾਂ ਇਹ ਹੈ ਕਿ ਇਸ ਡੀਮਾਂਡ ਵਿਚ 64,220 ਅਸੈਂਸ਼ਲ ਪਰਪਜ਼ ਲਈ, ਗਵਰਨਰ ਸਾਹਿਬ ਦੇ ਲਈ ਖਰਚਾ ਮੰਗਿਆ ਗਿਆ ਹੈ। ਇਹ ਠੀਕ ਹੈ ਅੱਜ ਇਸ ਪੰਜਾਬ ਵਿਚ ਇਸ ਤਰ੍ਹਾਂ, ਦੇ ਜੋ ਵੱਡੇ ਵੱਡੇ ਖਰਚ ਹਨ, ਇਹ ਸਟੇਟ ਬਰਦਾਸ਼ਤ ਨਹੀਂ ਕਰ ਸਕਦੀ।

ਸ੍ਰੀ ਸਪੀਕਰ : ਇਹ ਤਾਂ ਉਹੀ ਗਲ ਹੋਈ ਕਿ ਹਾਥੀ ਨਿਕਲ ਗਿਆ ਅਤੇ ਪੂਛ ਬਾਕੀ ਰਹਿ ਗਈ। 54 ਕਰੋੜ ਰੁਪਏ ਦੀ ਤਾਂ ਤੁਸੀਂ ਮਦ ਪਾਸ ਕਰ ਦਿਤੀ ਹੁਣ ਹਜ਼ਾਰਾਂ ਦਾ ਹਿਸਾਬ ਕਿਉਂ ਕਰਦੇ ਹੋ ? (It is penny wise pound foolish. You have passed item of Rs. 54 crores, then why are you objecting to a small item of expenditure amounting to a few thousands only ?)

ਸ੍ਰੀ ਪਿਆਰਾ ਰਾਮ ਧੰਨੋਵਾਲੀ : ਮੈਨੂੰ, ਸਪੀਕਰ ਸਾਹਿਬ, ਇਸ ਤੇ ਹੀ ਕੁਝ ਕਹਿ ਲੈਣ ਦਿਓ। ਫੇਰ, ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਲਈ ਸਰਕਾਰ ਨੇ 28,500 ਰੁਪਿਆ ਰਖਿਆ ਹੈ। ਇਹ ਇਕ ਬੜਾ ਭਾਰੀ ਖਰਚ ਹੈ। ਇਤਨਾ ਖਰਚ ਉਨ੍ਹਾਂ ਦੇ ਕੰਮ ਦੇ ਮੁਕਾਬਲੇ ਤੇ ਬਹੁਤ ਹੀ ਜ਼ਿਆਦਾ ਹੈ। ਮੈਂ ਆਪਣੀ ਸਰਕਾਰ ਨੂੰ ਕਹਾਂਗਾ ਕਿ ਉਹ ਬਹੁਤਾ ਧਿਆਨ ਗਰੀਬਾਂ ਦੀਆਂ ਦੁਖ ਤਕਲੀਫਾਂ ਵਲ ਰਖਣ। ਜਦੋਂ ਅਕਾਲੀ ਸਰਕਾਰ ਨੇ ਪਿਛਲੇ ਸਾਲ ਬਜਟ ਪੇਸ਼ ਕੀਤਾ ਸੀ, ਉਸ ਵਿਚ 45,82,00,000 ਦਾ ਖਰਚ ਐਸਾ ਸੀ ਜੋ ਕਿ ਬਿਲਕੁਲ ਹੀ ਫਾਲਤੂ ਸੀ। ਅਕਾਲੀ ਵੀਰਾਂ ਦੀ ਝੂਠੀ ਹਮਦਰਦੀ ਸੀ ਜਿਹੜਾ ਉਨ੍ਹਾਂ ਨੇ ਕਿਹਾ ਕਿ ਹਰੀਜਨਾਂ ਦਾ ਕਲਿਆਨ ਕੀਤਾ, ਇਹ ਤਾਂ ਸਵਰਗੀਆ ਲਛਮਣ ਸਿੰਘ ਗਿਲ ਦੀ ਦੇਣ ਸੀ ਜਿਸ ਨੇ ਕਿ ਹਰੀਜਨਾਂ ਨੂੰ ਆਪਣੀ ਮਨਿਸਟਰੀ ਵੇਲੇ ਪੂਰਾ ਹਿੱਸਾ ਦਿਤਾ, ਅੱਜ ਇਹ ਫੋਕੀਆਂ ਡੀਂਗਾਂ ਮਾਰਦੇ ਹਨ ਕਿ ਅਸੀਂ ਹਰੀਜਨਾਂ ਦਾ ਕਲਿਆਣ ਕੀਤਾ। ਕਾਂਗਰਸ ਪਾਰਟੀ ਦੀ ਇਹ ਸਰਕਾਰ ਦੀ ਹੀ ਹਿੰਮਤ ਹੈ ਕਿ ਉਸ ਨੇ ਹਰੀਜਨਾਂ ਦਾ ਖਿਆਲ ਰੱਖਿਆ ਹੈ। ਅਕਾਲੀ ਵੀਰ ਜਿਹੜਾ ਕੋਈ ਸਾਡੇ ਨਾਲ ਹਮਦਰਦੀ ਕਰਦਾ ਸੀ ਅਜ ਉਸ ਨੂੰ ਗਦਾਰ ਕਹਿੰਦੇ ਹੋ ਅਤੇ ਫੋਕੀ ਹਮ-ਦਰਦੀ ਕਰਦੇ ਹੋ ...

ਸ੍ਰੀ ਸਪੀਕਰ : ਤੁਸੀਂ 68 ਨੰਬਰ ਡੀਮਾਂਡ ਤੇ ਬੋਲਦੇ ਹੋ ਜਾਂ 71 ਨੰਬਰ ਡੀਮਾਂਡ ਤੇ ਬੋਲਦੇ ਹੋ ? (Is the hon. Member speaking on Demand No. 68 or 71 ?)

ਸ੍ਰੀ ਪਿਆਰਾ ਰਾਮ ਧੰਨੋਵਾਲੀ : ਸਪੀਕਰ ਸਾਹਿਬ, ਬੋਲਣਾ ਤਾਂ ਡੀਮਾਂਡ ਤੇ ਹੀ ਸੀ ਪਰ ਵਿਰੋਧੀਆਂ ਵਲੋਂ ਸੁਰੂਆਤ ਇਸ ਤਰ੍ਹਾਂ ਹੋਈਆਂ ਹਨ ਕਿ ਉਨ੍ਹਾਂ ਨੇ ਡੀਮਾਂਡਜ਼ ਨੂੰ ਛਡ ਕੇ ਹੀ ਬਹੁਤ ਸਾਰੀਆਂ ਐਸੀਆਂ ਗੱਲਾਂ ਕੀਤੀਆਂ । ਇਹ ਗੱਲਾਂ ਮੈਂ ਚਾਹੁੰਦਾ ਸੀ ਕਿ ਉਸ ਵੇਲੇ ਕਰਦਾ ਜਦੋਂ ਕਿ ਗਵਰਨਰ ਸਾਹਿਬ ਦਾ ਐਡਰੈਸ ਹੋਵੇ ਜਾਂ ਜਦੋਂ ਜਨਰਲ ਬਹਿਸ ਬਜਟ ਤੇ ਹੋਵੇ । ਅੱਜ ਆਪੋਜ਼ੀਸ਼ਨ ਦੇ ਮੈਂਬਰਾਂ ਨੇ ਸੁਬਾਹ ਤੋਂ ਲੈ ਕੇ ਹੁਣ ਤੱਕ ਜੋ ਗੱਲਾਂ ਕੀਤੀਆਂ ਹਨ ਮੈਨੂੰ ਵੀ ਉਨ੍ਹਾਂ ਦੇ ਜਵਾਬ ਲਈ ਕੁਝ ਨਾ ਕੁਝ ਕਹਿਣਾ ਪੈ ਰਿਹਾ ਹੈ। ਜਿਸ ਵੇਲੇ ਸਵਰਗੀਆ ਗਿਲ ਸਾਹਿਬ ਦੀ ਮਨਿਸਟਰੀ ਸੀ ਉਸ ਵੇਲੇ ਮੈਂ ਵੀ ਮਨਿਸਟਰ ਸੀ। ਅਸੀਂ ਇਕ ਸਕੀਮ ਸੈਂਟਰ ਵਿਚੋਂ ਲਿਆਂਦੀ ਸੀ, ਜਿਸ ਰਾਹੀਂ ਸਰਕਾਰ ਨੂੰ ਹਰੀਜਨ ਲੜਕੇ ਔਰ ਲੜਕੀਆਂ ਨੂੰ ਆਈ. ਏ, ਐਸ. ਅਤੇ ਆਈ. ਪੀ. ਐਸ. ਦੀ ਟਰੇਨਿੰਗ ਦੇਣ ਦਾ ਮੌਕਾ ਮਿਲਦਾ ਸੀ। ਇਕ ਟਰੇਨਿੰਗ ਸੈਂਟਰ ਖੋਲਿਆ ਗਿਆ ਸੀ ਜੋ ਕੰਪੀਟੀਸ਼ਨਾਂ ਲਈ ਤਿਆਰੀ ਕਰਾਉਂਦੇ ਸੀ। ਪਰ ਇਨ੍ਹਾਂ ਵਲੋਂ ਇਹ ਸਕੀਮ ਹੀ ਬੰਦ ਕਰ ਦਿਤੀ ਗਈ।

ਸਰਦਾਰ ਅਜਾਇਬ ਸਿੰਘ ਸੰਧੂ : ਜਦੋਂ ਜਨਾਬ ਫਰਮਾਉਂਦੇ ਹੋ ਕਿ ਕਿਹੜੀ ਡੀਮਾਂਡ ਤੇ ਆਨਰੇਬਲ ਮੈਂਬਰ ਬੋਲ ਰਿਹਾ ਹੈ ਤਾਂ ਉਸ ਨੂੰ ਰੈਲੇਵੈਂਟ ਹੋ ਕੇ ਬੋਲਣਾ ਚਾਹੀਦਾ ਹੈ। ਇਨ੍ਹਾਂ ਨੂੰ ਰੋਕਣਾ ਚਾਹੀਦਾ ਹੈ ।

ਸ੍ਰੀ ਸਪੀਕਰ : ਸੰਧੂ ਜੀ ਗੱਲ ਤਾਂ ਤੁਹਾਡੀ ਵਾਜਬ ਹੈ, ਪਰ ਮੈਨੂੰ ਇਹ ਦੱਸੋ ਕਿ ਜਦੋਂ ਮੈਂ ਜਾਂ ਡਿਪਟੀ ਸਪੀਕਰ ਤੁਹਾਨੂੰ ਰੋਕਦਾ ਹੈ ਤੁਸੀਂ ਕਿਤਨੀ ਕੁ ਮੇਰੀ ਗੱਲ ਮੰਨਦੇ ਹੋ । (Addressing the hon. Member Sardar Ajaib Singh Sandhu: You are quite right but what about yourself. Do you oblige when you are checked by me or Mr. Deputy Speaker ?)

ਸਰਦਾਰ ਅਜਾਇਬ ਸਿੰਘ ਸੰਧੂ : ਸਾਡੀ ਗਲ ਤਾਂ ਹੋਰ ਹੈ, ਪਰ ਇਹ ਤਾਂ ਵਜ਼ੀਰ ਰਹੇ ਹਨ ਉਨ੍ਹਾਂ ਨੂੰ ਤਾਂ ਘੱਟੋ ਘੱਟ ਰੈਲੇਵੈਂਟ ਰਹਿਣਾ ਚਾਹੀਦਾ ਹੈ ।

ਸ੍ਰੀ ਪਿਆਰਾ ਰਾਮ ਧੰਨੋਵਾਲੀ : ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ.........

ਸ੍ਰੀ ਸਪੀਕਰ : ਤੁਸੀਂ ਹੁਣ ਡੀਮਾਂਡਜ਼ ਦੇ ਸਬੰਧ ਵਿਚ ਬੋਲੋ । (Please speak about the Demands.) ।

ਸ੍ਰੀ ਪਿਆਰਾ ਰਾਮ ਧੰਨੋਵਾਲੀ : ਸਪੀਕਰ ਸਾਹਿਬ ਮੈਂ ਅਰਜ਼ ਕਰਦਾ ਹਾਂ ਕਿ ਸੰਧੂ ਸਾਹਿਬ ਨੇ ਪੁਆਇੰਟ ਆਫ ਆਰਡਰ ਹੁਣ ਰੇਜ਼ ਕੀਤਾ ਹੈ ਪਰ ਅਸੀਂ ਸਵੇਰ ਦੇ ਕਹਿ ਰਹੇ ਹਾਂ ਕਿ ਰੈਲੇਵੈਂਟ ਬੋਲੋ ਪਰ ਇਹ ਨਹੀਂ ਬੋਲੇ। ਇਸ ਲਈ ਹੁਣ ਇਹ ਜੋ ਹਰੀਜਨਾਂ ਦੇ ਲਈ ਮਗਰਮਛ ਦੇ ਹੰਝੂ ਵਹਾ ਰਹੇ ਹਨ ਇਸ ਦਾ ਜਵਾਬ ਦੇਣ ਲਈ ਮੈਨੂੰ ਦੋ ਮਿੰਟ ਦਿਓ ।

ਸ੍ਰੀ ਸਪੀਕਰ : ਜੇ ਇਹ ਹਰੀਜਨਾਂ ਦੇ ਨਾਲ ਹਮਦਰਦੀ ਕਰਦੇ ਹਨ ਭਾਵੇਂ ਕਿਸੇ ਵੀ ਕਿਸਮ ਦੀ ਹੋਵੇ, ਤਾਂ ਵੀ ਵੈਲਕਮ ਕਰਨਾ ਚਾਹੀਦਾ ਹੈ। ਇਹ ਬੜੀ ਡਿਪਰੈਸਡ ਕਮਿਊਨਿਟੀ ਹੈ, ਜੇ ਇਸ ਨਾਲ ਹਮਦਰਦੀ ਕਰਦੇ ਹਨ ਤਾਂ ਚੰਗਾ ਹੀ ਕਰਦੇ ਹਨ। (ਵਿਘਨ) (You should welcome the expression of sympathy for the Harijans in whatever term it is expressed. Harijans are a very depressed community. They do well to express sympathy for them.)

ਸ੍ਰੀ ਪਿਆਰਾ ਰਾਮ ਧੰਨੋਵਾਲੀ : ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਹ ਜੋ ਹਮਦਰਦੀ ਕਰਦੇ ਹਨ ਇਹ ਝੂਠੀ ਹਮਦਰਦੀ ਕਰਦੇ ਹਨ। ਇਹ ਠੀਕ ਹਮਦਰਦੀ ਨਹੀਂ ਹੈ। ਇਹ ਹਮਦਰਦੀ ਗਲਤ ਹੈ। ਇਸ ਕਰ ਕੇ ਮੈਂ ਕਹਿ ਰਿਹਾ ਸੀ ਕਿ ਉਹ ਫਾਈਲ ਜੋ ਅਸੀਂ ਤਿਆਰ ਕੀਤੀ ਸੀ 22% ਦੀ ਰਿਜ਼ਰਵੇਸ਼ਨ ਦੀ ਇਨ੍ਹਾਂ ਦੇ ਸਮੇਂ ਵਿਚ ਪਤਾ ਨਹੀਂ ਕਿਥੇ ਗਈ ਅਤੇ ਹਰੀਜਨਾਂ ਨੂੰ ਸਰਵਿਸਿਜ਼ ਵਿਚ ਪ੍ਰਮੋਸ਼ਨਾਂ ਨਹੀਂ ਮਿਲੀਆਂ। ਇਨ੍ਹਾਂ ਨੇ ਸ਼ਡਿਊਲਡ ਕਾਸਟਾਂ ਨੂੰ ਖੂੰਡੇ ਲਾਈਨ ਲਾ ਦਿਤਾ ਸੀ।

ਫਿਰ ਇਹ ਸੜਕਾਂ ਬਾਰੇ ਕਹਿੰਦੇ ਹਨ। ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਸੈਂਟਰ ਦੀ ਸਰਕਾਰ ਨੇ ਇਨਾਂ ਨੂੰ ਪੈਸਾ ਦਿਤਾ ਪਰ ਇਹ ਆਪਣੀ ਲੁੱਟ ਖਸੁਟ ਵਿਚ ਲਗੇ ਰਹੇ ਅਤੇ ਇਨ੍ਹਾਂ ਨੇ ਡਿਵੈਲਪਮੈਂਟ ਦਾ ਕੋਈ ਕੰਮ ਨਹੀਂ ਕੀਤਾ ਅਤੇ ਸੜਕਾਂ ਲਈ ਆਇਆ ਸੈਂਟਰ ਤੋਂ 3 ਕਰੋੜ ਰੁਪਿਆ ਇਨ੍ਹਾਂ ਨੇ ਵਾਪਿਸ ਕਰ ਦਿਤਾ। ਇਸ ਲਈ ਸਪੀਕਰ ਸਾਹਿਬ ਮੈਂ ਤੁਹਾਡੇ ਥਰੂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜੋ ਹਮਦਰਦੀ ਕਰਦੇ ਹਨ, ਇਹ ਝੂਠੀ ਹੈ ਅਤੇ ਆਪਣੀ ਸਰਕਾਰ ਨੂੰ ਮੈਂ ਇਹ ਬੇਨਤੀ ਕਰਾਂਗਾ ਕਿ ਜਿਹੜੀਆਂ ਸਕੀਮਾਂ ਹਰੀਜਨਾਂ ਦੀ ਬਿਹਤਰੀ ਲਈ ਅਕਾਲੀ ਸਰਕਾਰ ਨੇ ਬੰਦ ਕਰ ਦਿਤੀਆਂ ਸਨ ਉਹ ਮੁੜ ਕੇ ਚਾਲੂ ਕੀਤੀਆਂ ਜਾਣ। ਅਤੇ ਜਿਹੜੀ ਇਕ ਲਾਲ ਕਿਤਾਬ, ਇੰਸਟਰਕਸ਼ਨਜ਼ ਦੀ ਫਾਈਲ ਅਸੀਂ ਬਣਾਈ ਸੀ ਉਸ ਤੇ ਅਮਲ ਕੀਤਾ ਜਾਵੇ। ਮੈਂ ਵਿੱਤ ਮੰਤਰੀ ਸਾਹਿਬ ਤੇ ਚੀਫ ਮਨਿਸਟਰ ਸਾਹਿਬ ਨੂੰ ਇਹ ਅਰਜ਼ ਕਰਾਂਗਾ ਕਿ ਜੋ ਸਰਕਾਰ ਦੇ ਵੱਡੇ ਵੱਡੇ ਅਫਸਰ ਹਨ ਅਤੇ ਕਰਮਚਾਰੀ ਹਨ ਉਹ ਇਨ੍ਹਾਂ ਇੰਸਟਰਕਸ਼ਨਜ਼ ਤੇ ਅਮਲ ਨਹੀਂ ਕਰਦੇ। ਇਸ ਲਈ ਮੈਂ ਫਿਰ ਬੇਨਤੀ ਕਰਾਂਗਾ ਕਿ ਸਰਵਿਸਿਜ਼ ਵਿਚ ਹਰੀਜਨਾਂ ਨੂੰ ਪ੍ਰਮੋਸ਼ਨਜ਼ ਦੇਣ ਲਈ ਕੋਈ ਲੈਜਿਸਲੇਸ਼ਨ ਲਿਆਂਦੀ ਜਾਵੇ, ਕੋਈ ਕਾਨੂੰਨ ਬਣਾਇਆ ਜਾਵੇ। ਇਹ ਬਹਾਨੇ ਬਾਜ਼ੀ ਖਤਮ ਹੋਣੀ ਚਾਹੀਦੀ ਹੈ।

ਫਿਰ ਇਨ੍ਹਾਂ ਨੇ ਫਾਈਨੈਂਸ਼ਲ ਕਾਰਪੋਰਸ਼ਨ ਦਾ ਜ਼ਿਕਰ ਕੀਤਾ ਹੈ। ਇਸ ਬਾਰੇ ਮੈਂ ਤੁਹਾਡੇ ਥਰੂ, ਸਪੀਕਰ ਸਾਹਿਬ, ਅਰਜ਼ ਕਰਾਂਗਾ ਕਿ ਇਹ ਕਾਰਪੋਰਸ਼ਨ ਮੈਂ ਆਪਣੇ ਸਮੇਂ ਵਿਚ ਚਾਲੂ ਕੀਤੀ ਸੀ (ਵਿਘਨ) ਅਤੇ ਇਸ ਲਈ ਵਿਆਜ ਦੀ ਦਰ 3% ਰੱਖੀ ਸੀ ਪਰ ਇਨ੍ਹਾਂ ਦੀ ਅਕਾਲੀ ਸਰਕਾਰ ਨੇ ਆ ਕੇ ਇਹ ਵਿਆਜ 7% ਕਰ ਦਿਤਾ ਅਤੇ ਹੋਰ ਕਈ ਕੰਪਲੀਕੇਸ਼ਨਜ਼ ਪੈਦਾ ਕਰ ਦਿਤੀਆਂ। ਮੈਂ ਤੁਹਾਡੇ ਥਰੂ, ਸਪੀਕਰ ਸਾਹਿਬ ਇਹ ਅਰਜ਼ ਆਪਣੀ ਸਰਕਾਰ ਨੂੰ ਕਰਾਂਗਾ ਕਿ ਇਨ੍ਹਾਂ ਨੇ ਇਹ ਜਿਹੜੀ ਸਟੈਂਪ ਡਿਊਟੀ ਲਗਾਈ ਹੈ ਅਤੇ ਵਿਆਜ ਦੀ ਦਰ ਵਧਾਈ ਹੈ, ਇਹ ਖਤਮ ਕਰ ਦੇਣੀ ਚਾਹੀਦੀ ਹੈ। ਇਸ ਦੇ ਨਾਲ ਹੀ ਸ਼ਡਿਊਲਡ ਕਾਸਟਾਂ ਅਤੇ ਬੈਕਵਰਡ ਕਲਾਸਾਂ ਦਾ ਭਲਾ ਹੋ ਸਕਦਾ ਹੈ। (ਘੰਟੀ) ਇਸ ਦੇ ਨਾਲ ਹੀ ਮੈਂ, ਸਪੀਕਰ ਸਾਹਿਬ, ਅਰਜ਼ ਕਰਦਾ ਹਾਂ ਕਿ ਇਹ ਜੋ ਡੀਮਾਂਡਜ਼ ਹਾਊਸ ਦੇ ਸਾਹਮਣੇ ਰਖੀਆਂ ਹਨ ਇਹ ਪਾਸ ਕਰ ਦੇਣੀਆਂ ਚਾਹੀਦੀਆਂ ਹਨ।

ਸ੍ਰੀ ਖੁਸ਼ਹਾਲ ਬਹਿਲ (ਗੁਰਦਾਸਪੁਰ) : ਸਪੀਕਰ ਸਾਹਿਬ, ਮੈਂ ਤੁਹਾਡੀ ਇਜਾਜ਼ਤ ਦੇ ਨਾਲ ਕੁਝ ਆਂਕੜੇ ਹਾਊਸ ਦੇ ਸਾਹਮਣੇ ਪੇਸ਼ ਕਰਨਾ ਚਾਹੁੰਦਾ ਹਾਂ। ਇਹ ਜਿਹੜੀ ਅਕਾਲੀ ਸਰਕਾਰ ਕਾਇਮ ਹੋਈ ਸੀ ....

ਸ੍ਰੀ ਸਪੀਕਰ : ਬਹਿਲ ਸਾਹਿਬ, ਸਪਲੀਮੈਂਟਰੀ ਡੀਮਾਂਡਜ਼ ਦਾ ਸਕੋਪ ਬੜਾ ਲਿਮਿਟਡ ਹੈ। The scope of the discussion on Supplementary Demands is very limited.)

ਸ੍ਰੀ ਖੁਸ਼ਹਾਲ ਬਹਿਲ : ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਜੋ ਫੋਰਥ ਫਾਈਵ ਈਅਰ ਪਲਾਨ ਅਕਾਲੀ ਸਰਕਾਰ ਦੇ ਵੇਲੇ ਚਾਲੂ ਹੋਇਆ। ਉਸ ਨੂੰ ਕਿਸ ਤਰ੍ਹਾਂ ਤੋੜ ਮੋੜ ਕੇ ਇਨ੍ਹਾਂ ਨੇ ਕਾਮਯਾਬ ਨਹੀਂ ਹੋਣ ਦਿਤਾ ਅਤੇ ਪੰਜਾਬ ਦੀ ਜਨਤਾ ਨੂੰ ਇਸ ਨਾਲ ਇਨ੍ਹਾਂ ਨੇ ਜੋ ਨੁਕਸਾਨ

[ਸ੍ਰੀ ਖੁਸ਼ਹਾਲ ਬਹਿਲ]

ਪਹੁੰਚਾਇਆ ਹੈ ਉਸ ਦੀ ਤਲਾਫੀ ਅਸੀਂ ਸ਼ਾਇਦ 10 ਸਾਲ ਤਕ ਨਾ ਕਰ ਸਕੀਏ । (ਵਿਘਨ) ਇਹ ਜੋ ਆਂਕੜੇ ਮੈਂ ਪੇਸ਼ ਕਰਨੇ ਹਨ ਇਨ੍ਹਾਂ ਦਾ ਸਬੰਧ ਸਪਲੀਮੈਂਟਰੀ ਡੀਮਾਂਡਜ਼ ਦੇ ਨਾਲ ਵੀ ਹੈ । ਕਿਉਂਕਿ ਫਾਈਵ ਈਅਰ ਪਲਾਨ ਵਿਚ ਜੋ ਡਿਵੈਲਪਮੈਂਟ ਦੀਆਂ ਸਕੀਮਾਂ ਤੇ ਰੁਪਿਆ ਖਰਚ ਕਰਨਾ ਸੀ ਉਹ ਨਹੀਂ ਕਰ ਸਕੇ । ਜਨਰਲ ਐਜੂਕੇਸ਼ਨ ਤੇ ਸਾਰੇ ਪਲਾਨ ਵਿਚ 21 ਕਰੋੜ ਰੁਪਿਆ ਖਰਚ ਹੋਣਾ ਸੀ ਪਰ ਇਨ੍ਹਾਂ ਨੇ ਪਹਿਲੇ ਦੋ ਸਾਲਾਂ ਵਿਚ ਇਸ ਦਾ ਸਿਰਫ 25% ਹੀ ਖਰਚ ਕੀਤਾ ਹਾਲਾਂ ਕਿ ਇਨ੍ਹਾਂ ਨੂੰ ਪਤਾ ਸੀ ਕਿ 5 ਹਜ਼ਾਰ ਪਿੰਡ ਅਜਿਹੇ ਹਨ ਜਿਥੇ ਕਿ ਕੋਈ ਸਕੂਲ ਨਹੀਂ ਹੈ । ਇਸ ਦੇ ਬਾਵਜੂਦ ਇਨ੍ਹਾਂ ਨੇ ਇਹ ਰੁਪਿਆ ਵਕਤ ਸਿਰ ਖਰਚ ਨਹੀਂ ਕੀਤਾ । ਇਸੇ ਤਰ੍ਹਾਂ ਇਕ ਹਜ਼ਾਰ ਲੱਖ ਰੁਪਿਆ ਇਸ ਤਰ੍ਹਾਂ ਦਾ ਰਹਿ ਗਿਆ ਹੈ ਜਿਹੜਾ ਕਿ ਸਾਨੂੰ 1974 ਤਕ ਖਰਚ ਕਰਨਾ ਪਏਗਾ । ਫਿਰ ਹੈਲਥ ਲਈ 750 ਲੱਖ ਰੁਪਏ ਸਨ ਪਰ ਇਹ ਉਸ ਵਿਚ 30% ਵੀ ਖਰਚ ਨਹੀਂ ਕਰ ਸਕੇ । ਹਾਲਾਂ ਕਿ ਕੰਡੀ ਦਾ ਇਲਾਕਾ ਅਤੇ ਗੁਰਦਾਸਪੁਰ ਦੇ ਇਲਾਕਿਆਂ ਵਰਗੇ ਕਈ ਇਲਾਕੇ ਅਜਿਹੇ ਵੀ ਹਨ ਜਿਥੇ ਕਿ ਲੋਕਾਂ ਨੂੰ ਪੀਣ ਦਾ ਪਾਣੀ ਵੀ ਨਹੀਂ ਮਿਲਦਾ (ਵਿਘਨ) ।

(ਇਸ ਵੇਲੇ ਸਰਦਾਰ ਗੁਰਦੇਵ ਸਿੰਘ ਸਮਾਣਾ ਪੁਆਇੰਟ ਆਫ਼ ਆਰਡਰ ਤੇ ਖੜੇ ਹੋਏ)।

ਸ੍ਰੀ ਸਪੀਕਰ : ਤੁਸੀਂ ਬੈਠ ਜਾਓ (Please resume your seat.)

ਸ੍ਰੀ ਖੁਸਹਾਲ ਬਹਿਲ : ਸਪੀਕਰ ਸਾਹਿਬ, ਫੋਰਥ ਫਾਈਵ ਈਅਰ ਪਲਾਨ ਦੇ ਅੰਕੜੇ ਸਪਲੀਮੈਂਟਰੀ ਡੀਮਾਂਡਜ਼ ਨਾਲ ਸਬੰਧ ਰਖਦੇ ਹਨ । ਫਿਰ, ਸਪੀਕਰ ਸਾਹਿਬ, ਹਾਊਸਿੰਗ ਵਾਸਤੇ 535 ਲੱਖ ਰੁਪਿਆ ਰਖਿਆ ਗਿਆ ਸੀ ਪਰ ਇਨ੍ਹਾਂ ਨੇ ਸਿਰਫ਼ ਡੇਢ ਸੌ ਰੁਪਿਆ ਹੀ ਖਰਚ ਕੀਤਾ ਸੀ ਹਾਲਾਂ ਕਿ ਬੇਸ਼ੁਮਾਰ ਮਕਾਨਾਂ ਦੀ ਲੋੜ ਹੈ । ਪਰ ਕਿਉਂਕਿ ਮਕਾਨ ਗਰੀਬਾਂ ਲਈ ਬਣਨੇ ਸੀ ਇਸ ਲਈ ਇਹ ਨਹੀਂ ਸੀ ਚਾਹੁੰਦੇ ਕਿ ਗਰੀਬਾਂ ਦੇ ਮਕਾਨ ਬਣਨ ।

ਫਿਰ, ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਸਾਡੇ ਦੇਸ਼ ਦੀ ਟੋਟਲ ਆਊਟ ਪੁੱਟ 7% ਸੀ ਅਤੇ 3 ਸਾਲਾਂ ਵਿਚ ਪੰਜਾਬ ਦੇ ਕਿਸਾਨ ਦੀ 7.2% ਸੀ ਇਸ ਤਰ੍ਹਾਂ ਪੰਜਾਬ ਦੇ ਕਿਸਾਨ ਦੀ ਕੋਈ ਖਾਸ ਤਰੱਕੀ ਨਹੀਂ ਹੋਈ ।

ਸ੍ਰੀ ਸਪੀਕਰ : ਬਹਿਲ ਸਾਹਿਬ ਤੁਹਾਡੇ ਕੋਲ ਇਤਨਾ ਰੁਪਿਆ ਹੈ ਤਾਂ ਫਿਰ ਤੁਹਾਨੂੰ ਹੋਰ ਸਪਲੀਮੈਂਟਰੀ ਡੀਮਾਂਡ ਰਾਹੀਂ ਰੁਪਿਆ ਲੈਣ ਦੀ ਕੀ ਲੋੜ ਹੈ । (ਥੰਪਿੰਗ) (Addressing the hon. Member Shri Khushhal Behal: When sufficient funds are already available what is the justification for asking money through Supplementary Demands. (Thumping)

ਸ੍ਰੀ ਖੁਸ਼ਹਾਲ ਬਹਿਲ : ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਫਾਈਵ ਈਅਰ ਪਲਾਨ ਜਿਸ ਤਰ੍ਹਾਂ ਚਲਣਾ ਚਾਹੀਦਾ ਸੀ ਉਸ ਤਰ੍ਹਾਂ ਨਹੀਂ ਚਲਿਆ । ਇਸ ਤਰ੍ਹਾਂ ਮੈਂ ਕਹਿ ਸਕਦਾ ਹਾਂ ਕਿ ਕਿਸਾਨ ਦੇ ਨਾਲ ਧਕਾ ਹੋਇਆ ਹੈ । ਫਿਰ ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਇਸ ਵੇਲੇ ਪਰ ਕੈਪੀਟਾ ਇਨਕਮ 945 ਰੁਪਏ ਹੈ ਜਦੋਂਕਿ 1960-61 ਦੇ ਪ੍ਰਾਈਸ ਇੰਡੈਕਸ ਦੇ ਆਧਾਰ ਤੇ ਇਹ 1969-70 ਵਿਚ ਆਮਦਨ ਪਰ ਕੈਪੀਟਾ 470 ਸੀ । ਫਿਰ ਪ੍ਰਾਈਸ ਇੰਡੈਕਸ ਦੇ ਅਧਾਰ ਤੇ ਦੇਖੀਏ ਤਾਂ ਇਹ ਪੰਜਾਬ ਵਿਚ 109% ਹੈ ਜਦੋਂ ਕਿ ਉੜੀਸਾ ਦੇ ਵਿਚ ਇਹ 113% ਹੈ । ਇਸ ਅਧਾਰ ਤੇ ਵੀ ਸਾਡੇ ਸੂਬੇ ਨੇ ਇਸ ਲੈਵਲ ਤੇ ਕੋਈ ਖਾਸ ਤਰੱਕੀ ਨਹੀਂ ਕੀਤੀ ਜਿਹੜੀ ਕਿ ਕਰਨੀ ਚਾਹੀਦੀ ਸੀ ।

ਇਸ ਲਈ ਮੈਂ ਕਹਾਂਗਾ ਕਿ ਇਹ ਕਲੇਮ ਕਰਦੇ ਹਨ ਕਿ ਇਤਨੀ ਤਰੱਕੀ ਹੋਈ ਹੈ ਇਹ ਠੀਕ ਨਹੀਂ ਹੈ । ਫਿਰ ਮੈਂ ਆਪਣੇ ਵਿੱਤ ਮੰਤਰੀ ਸਾਹਿਬ ਨੂੰ ਆਪਣੇ ਹਲਕੇ ਬਾਰੇ ਕੁਝ ਗਲਾਂ ਕਹਾਂਗਾ। ਗੁਰਦਾਸਪੁਰ ਬੜਾ ਪਛੜਿਆ ਹੋਇਆ ਇਲਾਕਾ ਹੈ। ਇਸ ਨਾਲ ਬੜਾ ਧਕਾ ਹੁੰਦਾ ਰਿਹਾ ਹੈ। ਅਕਾਲੀ ਰਾਜ ਵੇਲੇ ਤਾਂ ਇਸ ਨਾਲ ਸੌਤੇਲੀ ਮਾਂ ਵਾਲਾ ਸਲੂਕ ਹੁੰਦਾ ਰਿਹਾ ਹੈ। ਇਸ ਨਾਲ ਇਹ ਧੱਕਾ ਕਰਦੇ ਰਹੇ ਹਨ। ਉਥੇ ਕੋਈ ਇੰਡਸਟਰੀ ਦੀ ਡਿਵੈਲਪਮੈਂਟ ਨਹੀਂ ਹੋਈ। ਇਹ ਮਾਡਲ ਵਿਲੇਜ ਦੀ ਗਲ ਕਰਦੇ ਹਨ ਪਰ ਉਹ ਵੀ ਸਿਰਫ ਕਾਦੀਆਂ ਵਿਚ ਹੀ ਹਨ।

ਮੈਂ ਬੇਨਤੀ ਕਰਾਂਗਾ ਕਿ ਇਸ ਬਜਟ ਵਿਚ ਬਾਰਡਰ ਦੇ ਲੋਕਾਂ ਲਈ ਵਧ ਤੋਂ ਵਧ ਰੁਪਏ ਰਖਣੇ ਚਾਹੀਦੇ ਹਨ ਖਾਸ ਕਰ ਕੇ ਉਥੇ ਕਿਸੇ ਇੰਡਸਟਰੀ ਲਈ, ਸ਼ੂਗਰਕੇਨ ਇੰਡਸਟਰੀ ਲਈ ਰਕਮ ਰਖਣੀ ਚਾਹੀਦੀ ਹੈ। ਉਥੇ ਗੰਨੇ ਦੀ ਪਰੋਡਕਸ਼ਨ ਕਾਫੀ ਹੈ ਅਤੇ ਗੰਨੇ ਵਿਚ ਸ਼ੂਗਰ ਕੰਟੈਂਟ ਵੀ ਜ਼ਿਆਦਾ ਹੈ। ਇਸ ਵਲ ਵਧ ਪੈਸੇ ਦੇਣੇ ਚਾਹੀਦੇ ਹਨ ਤਾਂ ਕਿ ਉਸ ਏਰੀਏ ਦੀ ਉਨਤੀ ਹੋਵੇ । (ਵਿਘਨ)

ਸ੍ਰੀ ਸਪੀਕਰ : ਸਰਦਾਰ ਅਜਾਇਬ ਸਿੰਘ ਸੰਧੂ **ਜੀ,** ਕੀ ਤੁਸੀਂ ਰੈਲੇਂਵੈਂਟ ਬੋਲੋਗੇ ?
(Will the hon. Member Sardar Ajaib Singh Sandhu confine his remarks to the Demands under discussion ?)

ਸਰਦਾਰ ਅਜਾਇਬ ਸਿੰਘ ਸੰਧੂ (ਮੋਰਿੰਡਾ, ਐਸ ਸੀ.) : ਮੇਰਾ ਖਿਆਲ ਹੈ ਕਿ ਇਸ ਵੇਲੇ ਕੋਈ ਉਲਾਂਭਾ ਨਹੀਂ ਆਉਣ ਦੇਵਾਂਗੇ । ਸਪੀਕਰ ਸਾਹਿਬ, ਮੈਂ ਡੀਮਾਂਡ ਨੰਬਰ 39 ਦੇ ਸਬੰਧ ਵਿਚ ਗਲਾਂ ਕਰਾਂਗਾ । ਡੀਮਾਂਡ ਨੰ: 39 ਦੀ ਸਬ ਡੀਮਾਂਡ ਨੰ: 11 ਹੈ। ਸਪੀਕਰ ਸਾਹਿਬ, ਦੋਵੇਂ ਸਬ-ਡੀਮਾਂਡਾਂ ਜਿਹੜੀਆਂ ਹਨ ਇਨ੍ਹਾਂ ਦਾ ਸਬੰਧ ਪੰਚਾਇਤ ਡਿਪਾਰਟਮੈਂਟ ਨਾਲ ਹੈ ਕਿਉਂਕਿ ਸਰਪੰਚਾਂ ਦੇ ਖਿਲਾਫ ਕਾਰਵਾਈ ਪੰਚਾਇਤ ਮਹਿਕਮੇ ਨੇ ਕੀਤੀ। ਇਨ੍ਹਾਂ ਵਿਚਾਰਿਆਂ ਨੂੰ ਪੰਚਾਇਤ ਦਾ ਮਹਿਕਮਾ ਕੋਈ ਇਨਸਾਫ ਨਹੀਂ ਦੇ ਸਕਿਆ। ਫਿਰ ਇਨ੍ਹਾਂ ਨੂੰ ਹਾਈ ਕੋਰਟ ਵਿਚ ਰਿਟ ਕਰਨੀ ਪਈ । ਇਨਸਾਫ ਇਨ੍ਹਾਂ ਨੂੰ ਉਥੋਂ ਮਿਲਿਆ । ਤਾਂ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪੰਚਾਇਤ ਡਿਪਾਰਟਮੈਂਟ ਨੂੰ ਇਹ ਚਾਹੀਦਾ ਹੈ ਕਿ ਇਨ੍ਹਾਂ ਗਰੀਬ ਸਰਪੰਚਾਂ ਔਰ ਪੰਚਾਂ ਦੇ ਖਿਲਾਫ ਗਲਤ ਫੈਸਲੇ ਨਹੀਂ ਕਰਨੇ ਚਾਹੀਦੇ ਤਾਂ ਕਿ ਉਹ ਵਿਚਾਰੇ ਹਾਈ ਕੋਰਟ ਵਿਚ ਜਾ ਕੇ ਇਨਸਾਫ ਨਾ ਲੈਣ ਬਲਕਿ ਇਨ੍ਹਾਂ ਨੂੰ ਆਪਣੇ ਮਹਿਕਮੇਂ ਵਿਚ ਇਨਸਾਫ ਮਿਲਣਾ ਚਾਹੀਦਾ ਹੈ।

ਸ੍ਰੀ ਸਪੀਕਰ : ਤੁਹਾਡੀ ਹਾਈ ਕੋਰਟ ਦੀ ਪ੍ਰੈਕਟਿਸ ਕਿਵੇਂ ਚਲੇਗੀ ? (ਹਾਸਾ)
(What about your practice in the High Court ?) (Laughter).

ਸਰਦਾਰ ਅਜਾਇਬ ਸਿੰਘ ਸੰਧੂ : ਸਾਡੀ ਹਾਈ ਕੋਰਟ ਦਾ ਰੱਬ ਰਾਖਾ। ਸਾਡਾ ਗੁਜ਼ਾਰਾ ਹੁੰਦਾ ਰਹਿੰਦਾ ਹੈ । ਸਾਡੇ ਕੋਲ ਜ਼ਰੂਰੀ ਨਹੀਂ ਕਿ ਪੰਚਾਇਤਾਂ ਦੇ ਕੇਸ ਹੋਣ। ਸਾਡੀ ਹਰ ਕਿਸਮ ਦੀ ਪ੍ਰੈਕਟਿਸ ਚਲਦੀ ਹੈ, ਪੰਚਾਂ ਸਰਪੰਚਾਂ ਨਾਲ ਗੁਜ਼ਾਰਾ ਨਹੀਂ ਹੁੰਦਾ । (ਸ਼ੋਰ) (ਵਿਘਨ) ਸੋ, ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮੈਨੂੰ ਇਹ ਵਿਸ਼ਵਾਸ਼ ਹੈ ਕਿ ਪੰਚਾਇਤ ਡਿਪਾਰਟਮੈਂਟ ਦੇ ਡਾਇਰੈਕਟਰ ਸੱਜਣ ਜਿਹੜੇ ਹੁਣ ਲਗੇ ਹਨ, ਉਹ ਬੜੇ ਸੂਝਵਾਨ ਸਿਆਣੇ ਔਰ ਇਮਾਨਦਾਰ ਸ਼ਖਸ ਹਨ। ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਅੱਗੇ ਨੂੰ ਕਿਸੇ ਵੀ ਪੰਚ ਜਾਂ ਸਰਪੰਚ ਨਾਲ ਇਹੋ ਜਿਹੀ ਬੇ-ਇਨਸਾਫੀ ਨਹੀਂ ਹੋਣੀ ਚਾਹੀਦੀ ।

ਸਪੀਕਰ ਸਾਹਿਬ, ਜਿਹੜੀ ਸਬ ਡੀਮਾਂਡ ਨੰ: 2 ਹੈ, ਇਥੇ ਇਕ ਚੌਕੀਦਾਰ ਨਾਲ ਬੜੀ ਬੇ-ਇਨਸਾਫੀ ਹੋਈ ਹੈ । ਇਹ ਗੁਰਦਿਆਲ ਸਿੰਘ ਚੌਕੀਦਾਰ ਆਰਮਡ ਸਕੁਏਡਰਨ, ਐਨ ਸੀ. ਸੀ.

[ਸਰਦਾਰ ਅਜਾਇਬ ਸਿਘ ਸੰਧੂ]

ਪਟਿਆਲਾ ਤੋਂ ਨੌਕਰੀ ਤੋਂ ਕਡ ਦਿਤਾ ਗਿਆ। ਇਸ ਦਾ ਕੇਸ ਸਬ ਜੱਜ ਕੋਲ ਗਿਆ। ਉਥੇ ਕਚਹਿਰੀ ਵਿਚ ਜਾ ਕੇ ਇਸ ਵਿਚਾਰੇ ਨੂੰ ਇਨਸਾਫ ਮਿਲਿਆ। ਮਹਿਕਮੇਂ ਨੇ ਇਸ ਨੂੰ 4 ਫਰਵਰੀ, 1966 ਨੂੰ ਨੌਕਰੀ ਤੋਂ ਕਢ ਦਿਤਾ ਸੀ ਅਤੇ ਉਸ ਤੋਂ ਬਾਅਦ ਉਹ ਬਹਾਲ ਹੋਇਆ। (ਵਿਘਨ) ਉਸ ਕੇਸ ਵਿਚ 2,170 ਰੁਪਏ ਦੀ ਰਕਮ ਇਨਵਾਲਵ ਸੀ। ਜਿਸ ਅਫਸਰ ਕਮਾਂਡਰ ਨੇ ਇਸ ਵਿਚਾਰੇ ਚੌਕੀਦਾਰ ਨੂੰ ਕਢਣ ਦਾ ਫੈਸਲਾ ਕੀਤਾ ਸੀ ਉਸ ਦੇ ਖਿਲਾਫ ਸਬ ਜੱਜ ਸਾਹਿਬ ਨੇ ਆਪਣੇ ਫੈਸਲੇ ਵਿਚ ਕਿਹਾ ਹੈ ਕਿ ਉਹ ਅਫਸਰ ਦਾ ਫੈਸਲਾ ਗਲਤ ਸੀ। ਫੈਸਲੇ ਵਿਚ ਇਹ ਵੀ ਲਿਖਿਆ ਹੈ ਕਿ ਐਲ. ਆਰ. ਸਾਹਿਬ ਨੇ ਇਹ ਰਾਏ ਦਿਤੀ ਹੈ ਕਿ ਇਸ ਦੇ ਖਿਲਾਫ ਅਪੀਲ ਨਾ ਕਰੋ, ਫੈਸਲਾ ਠੀਕ ਹੈ। ਸੋ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ, ਸਪੀਕਰ ਸਾਹਿਬ, ਜੇ ਉਸ ਗਰੀਬ ਚੌਕੀਦਾਰ ਨੂੰ ਗ਼ਲਤ ਤਰੀਕੇ ਨਾਲ ਬਰਤਰਫ ਕੀਤਾ ਗਿਆ ਹੋਵੇ ਤਾਂ ਫਿਰ ਉਸ ਅਫਸਰ ਦੇ ਖਿਲਾਫ ਜਿਸ ਨੇ ਇਹ ਗਲਤ ਕੰਮ ਕੀਤਾ ਸੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਅਤੇ ਉਹਨੂੰ ਸਜ਼ਾ ਮਿਲਣੀ ਚਾਹੀਦੀ ਹੈ।

ਸਬ ਡੀਮਾਂਡ ਨੰ: 3 ਹੇਠ 7 ਕਰੋੜ 50 ਲੱਖ ਰੁਪਏ ਰਖੇ ਗਏ ਹਨ। ਇਹ ਜਿਹੜੇ ਸਾਡੇ ਬਾਰਡਰ ਦੇ ਜ਼ਿਲ੍ਹੇ ਹਨ, ਗੁਰਦਾਸਪੁਰ, ਫਿਰੋਜ਼ਪੁਰ ਅਤੇ ਅੰਮ੍ਰਿਤਸਰ ਇਥੇ ਜਿਹੜਾ ਨੁਕਸਾਨ ਹੋਇਆ ਹੈ, ਲੋਕ ਘਰੋਂ ਬੇਘਰ ਹੋਏ ਹਨ ਉਨ੍ਹਾਂ ਦੇ ਡੰਗਰ ਵਛੇ ਮਾਰੇ ਗਏ ਹਨ ਔਰ ਉਨ੍ਹਾਂ ਦਾ ਹੋਰ ਨੁਕਸਾਨ ਹੋਇਆ ਹੈ, ਉਸ ਲਈ ਇਹ 7 ਕਰੋੜ 50 ਲੱਖ ਰੁਪਏ ਉਨ੍ਹਾਂ ਨੂੰ ਰਲੀਫ ਦੇ ਤੌਰ ਤੇ ਦਿਤੇ ਗਏ ਹਨ। ਠੀਕ ਗਲ ਹੈ, ਰਲੀਫ ਦੇਣੀ ਚਾਹੀਦੀ ਸੀ, ਦਿਤੀ ਹੈ, ਇਸ ਦੇ ਵਿਚ ਸਾਨੂੰ ਕੋਈ ਇਤਰਾਜ਼ ਨਹੀਂ। ਲੇਕਿਨ, ਸਪੀਕਰ ਸਾਹਿਬ, ਜਿਸ ਵੇਲੇ ਦਿਤੀ ਹੈ, ਜਿਸ ਢੰਗ ਨਾਲ ਦਿਤੀ ਹੈ, ਉਹ ਇਤਰਾਜ਼ਯੋਗ ਹੈ। ਇਹ ਦਿਤੀ ਹੈ 8 ਜਾਂ 9 ਮਾਰਚ ਨੂੰ ਔਰ ਡਿਪਟੀ ਕਮਿਸ਼ਨਰਾਂ ਗੁਰ-ਦਾਸਪੁਰ ਔਰ ਅੰਮ੍ਰਿਤਸਰ ਨੇ ਉਥੋਂ ਦੇ ਕਾਂਗਰਸੀ ਅਤੇ ਕਮਿਊਨਿਸਟ ਜਿਹੜੇ ਚੋਣ ਲੜ ਰਹੇ ਸਨ ਉਨ੍ਹਾਂ ਨੂੰ ਬੁਲਾ ਕੇ ਉਨ੍ਹਾਂ ਦੇ ਕਹਿਣ ਤੇ ਇਹ ਰਿਲੀਫ ਦਿਤੀ ਗਈ ਹੈ। ਇਹ ਮਾੜੀ ਗਲ ਕੀਤੀ ਹੈ। ਸਾਡੇ ਫਿਰੋਜ਼ਪੁਰ ਤੋਂ ਸਰਦਾਰ ਮਹਿੰਦਰ ਸਿੰਘ ਸਾਈਆਂਵਾਲੇ ਦੇ ਮੁਤੱਲਕ ਮੈਂ ਚੈਲੰਜ ਕਰਦਾ ਹਾਂ (ਸ਼ੋਰ) (ਵਿਘਨ)

ਇਕ ਮਾਨਯੋਗ ਮੈਂਬਰ : ਕੀ ਇਹ ਬਾਰਡਰ ਤੇ ਗਏ ਹਨ ?

ਸਰਦਾਰ ਅਜਾਇਬ ਸਿੰਘ ਸੰਧੂ : ਡੀਮਾਂਡ ਨੰ: 39 ਦੀ ਸਬ ਡੀਮਾਂਡ ਨੰ: 3 ਤੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਅਤੇ ਗੁਰਦਾਸਪੁਰ ਦੇ ਜ਼ਿਲ੍ਹਿਆਂ ਵਿਚ ਤਾਂ ਇਹ ਰਿਲੀਫ ਵੰਡ ਦਿਤੀ ਲੇਕਿਨ ਫਿਰੋਜ਼ਪੁਰ ਦੇ ਇਲਾਕੇ ਵਿਚ ਜਿਥੇ ਸਰਦਾਰ ਮਹਿੰਦਰ ਸਿੰਘ ਸਾਈਆਂਵਾਲੇ ਖੜੇ ਹੋਏ ਸਨ ਉਥੇ ਜਿਹੜਾ ਪੈਸਾ ਵੰਡਣ ਲਈ ਆਇਆ ਹੋਇਆ ਸੀ ਉਹ ਵੰਡਿਆ ਨਹੀਂ ਗਿਆ। (ਵਿਘਨ)

ਸ੍ਰੀ ਸਪੀਕਰ : ਇਸ ਕਰ ਕੇ ਬਾਰਡਰ ਤੋਂ ਇਕੱਲੇ ਸਾਈਆਂਵਾਲੇ ਜਿੱਤੇ ਹਨ। (That is why only Sardar Mohinder Singh Sayanwala has been elected from the Border Area)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਇਹ ਗਲ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਗੁਰਦਾਸ ਪੁਰ ਅਤੇ ਅੰਮ੍ਰਿਤਸਰ ਦੇ ਹਲ ਕੇ ਵਿਚ ਤਾਂ ਪੈਸੇ ਵੰਡੇ ਗਏ ਪਰ ਸਾਡੇ ਕੈਂਡੀਡੇਟ ਦੇ ਹਲਕੇ ਵਿਚ ਪੈਸੇ ਆਏ ਪਰ ਡਿਪਟੀ ਕਮਿਸ਼ਨਰ ਨੇ ਵਾਪਸ ਕਰ ਦਿਤੇ। ਇਸ ਗਲ ਦੀ ਇਨਕੁਆਇਰੀ ਕਰਨੀ ਚਾਹੀਦੀ ਹੈ ਕਿ ਕੁਝ ਹਲਕਿਆਂ ਵਿਚ ਤਾਂ ਪੈਸੇ ਵੰਡੇ ਗਏ ਅਤੇ

ਅਤੇ ਕੁਝ ਵਿਚ ਇਹ ਪੈਸੇ ਨਹੀਂ ਵੰਡੇ ਗਏ। ਇਹ ਜਿਹੜਾ ਹਿੰਦੁਸਤਾਨ ਦੀ ਸਰਕਾਰ ਨੇ ਬੰਗਲਾ ਦੇਸ਼ ਦੇ ਰਿਫਿਊਜੀਆਂ ਲਈ ਟੈਕਸ ਲਾਇਆ ਸੀ, ਇਸ ਤਹਿਤ ਸਾਡੇ ਪੰਜਾਬ ਦੇ ਲੋਕਾਂ ਨੇ 58 ਲੱਖ ਰੁਪਿਆ ਇਕਠਾ ਕਰਕੇ ਦਿਤਾ। ਇਹ ਰੁਪਿਆ ਸੇਲਜ਼ ਟੈਕਸ ਵਿਚ ਵਾਧਾ, ਐਂਟਰਟੇਨਮੈਂਟ ਟੈਕਸ ਰਾਹੀਂ, ਵੈਹੀਕਲ ਟੈਕਸ ਰਾਹੀਂ, ਪੈਸੰਜਰ ਟੈਕਸ ਰਾਹੀਂ ਅਤੇ ਲਾਟਰੀ ਦੀਆਂ ਟਿਕਟਾਂ ਤੇ 10 ਪੈਸੇ ਤੋਂ 25 ਪੈਸੇ ਕਰਕੇ, ਇਹ 58 ਲੱਖ ਰੁਪਏ ਇਸ ਤਰੀਕੇ ਨਾਲ ਪੰਜਾਬ ਦੇ ਲੋਕਾਂ ਨੇ ਇਕਠੇ ਕੀਤੇ। ਇਸ ਵਿੱਚ (ਵਿਘਨ) ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਰੋਜ਼ ਨਾਰਾ ਮਾਰਦੇ ਹਨ "ਜੈ ਜਵਾਨ ਅਤੇ ਜੈ ਕਿਸਾਨ"। ਸਪੀਕਰ ਸਾਹਿਬ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਪੰਜਾਬ ਦੇ ਜਵਾਨ ਨੂੰ ਮਰਵਾਇਆ ਇਨ੍ਹਾਂ ਨੇ ਪੰਜਾਬ ਦੇ ਕਿਸਾਨ ਨੂੰ ਮਰਵਾਇਆ (ਵਿਘਨ) ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜੇ ਸਾਰੇ ਹਿੰਦੁਸਤਾਨ ਵਿਚੋਂ ਇਹ ਬੰਗਲਾ ਦੇਸ਼ ਦੇ ਰਿਫਿਊਜੀਆਂ ਲਈ ਟੈਕਸ ਲੈ ਸਕਦੇ ਹਨ ਤਾਂ ਕੀ ਹਿੰਦੁਸਤਾਨ ਸਰਕਾਰ ਇਨ੍ਹਾਂ ਭਰਾਵਾਂ ਨੂੰ ਨਹੀਂ ਚਾਹੁੰਦੀ ਹੈ। (ਵਿਘਨ)

ਸ੍ਰੀ ਵਿਸ਼ਵਾ ਮਿਤਰ ਸੇਖਰੀ । ਆਨ ਏ ਪੁਆਇੰਟ ਆਫ ਆਰਡਰ, ਸਰ। ਮੈਂ ਇਸ ਗਲ ਤੇ ਰੂਲਿੰਗ ਲੈਣੀ ਚਾਹੁੰਦਾ ਹਾਂ ਕਿ ਇਹ ਜਿਹੜੇ ਸਾਡੇ ਜਵਾਨਾਂ ਨੇ ਸ਼ਹੀਦੀਆਂ ਪਾ ਕੇ ਦੇਸ਼ ਦੀ ਰਖਿਆ ਕੀਤੀ ਔਰ ਦੁਨੀਆਂ ਵਿਚ ਦੇਸ਼ ਦਾ ਨਾਉਂ ਉਚਾ ਕੀਤਾ, ਇਹ ਇਨ੍ਹਾਂ ਨੂੰ ਕਹਿੰਦੇ ਹਨ (ਵਿਘਨ) ਮਰਵਾ ਦਿਤਾ। ਕੀ ਇਹ ਠੀਕ ਗਲ ਹੈ ?

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ ਸਾਡੇ ਪੰਜਾਬ ਦੇ ਜਵਾਨਾਂ ਨੇ ਆਪਣੀਆਂ ਜਵਾਨੀਆਂ ਵਾਰੀਆਂ, ਆਪਣਾ ਨੁਕਸਾਨ ਕੀਤਾ। ਸਪੀਕਰ ਸਾਹਿਬ ਮੇਰੀ ਬੇਨਤੀ ਇਹ ਹੈ ਕਿ ਸਾਡੇ ਨਾਲ ਦੇ ਦੇਸ਼ ਵਿਚੋਂ ਇਕ ਕਰੋੜ ਬੰਦੇ ਰਿਫਿਊਜੀ ਬਣਕੇ ਇਥੇ ਆਏ ਉਨ੍ਹਾਂ ਵਾਸਤੇ ਤਾਂ ਟੈਕਸ ਲੈ ਸਕਦੇ ਹਨ ਲੇਕਿਨ ਜਿਹੜੇ ਪੰਜਾਬ ਵਾਲਿਆਂ ਨੇ ਆਪਣੀਆਂ ਜਾਨਾਂ ਵਾਰੀਆਂ, ਪੰਜਾਬ ਵਾਲਿਆਂ ਨੇ ਆਪਣੇ ਖੇਤ ਲੁਟਾਏ ਔਰ ਆਪਣੀਆਂ ਫਸਲਾਂ ਲੁਟਾਈਆਂ, ਇਨ੍ਹਾਂ ਵਾਸਤੇ ਬਾਕੀ ਦੇ ਸੂਬਿਆਂ ਤੋਂ ਟੈਕਸ ਕਿਉਂ ਨਹੀਂ ਲਏ ਗਏ (ਵਿਘਨ) ਇਹ ਟੈਕਸ ਸਿਰਫ ਬੰਗਲਾ ਦੇਸ਼ ਵਾਸਤੇ ਲਏ ਗਏ ਔਰ ਸਾਡੇ ਪੰਜਾਬ ਨੂੰ ਰਲੀਫ ਦੇਣ ਵਾਸਤੇ ਕੁਝ ਨਹੀਂ ਕੀਤਾ ਗਿਆ ਇਕ ਤਾਂ ਸਾਡੇ ਪੰਜਾਬ ਵਾਲਿਆਂ ਨੇ ਆਪਣੀਆਂ ਜਾਨਾਂ ਵਾਰੀਆਂ, ਆਪਣਾ ਨੁਕਸਾਨ ਕਰਵਾਇਆ ਔਰ ਤੀਜੇ ਇਹ ਟੈਕਸ ਵੀ ਭਰਦੇ ਹਨ। (ਸ਼ੋਰ) (ਵਿਘਨ)

(ਇਸ ਸਮੇਂ ਸਰਦਾਰ ਗੁਰਚਰਨ ਸਿੰਘ ਕੁਝ ਬੋਲਣ ਵਾਸਤੇ ਖੜੇ ਹੋਏ ਪਰ ਹਾਊਸ ਵਿਚ ਸ਼ੋਰ ਹੋਣ ਕਰ ਕੇ ਕੁਝ ਸੁਣਾਈ ਨਹੀਂ ਦਿਤਾ ।)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਹ ਹਾਈ ਕੋਰਟ ਦੇ ਜੱਜ ਦਾ ਚੇਲਾ ਰਿਹਾ ਹੈ। (ਵਿਘਨ) ਟਟੀਰੀ ਦੇ ਕਹਿਣ ਨਾਲ ਕੋਈ ਗੱਲ ਨਹੀਂ ਬਣਨੀ । (ਵਿਘਨ) (ਸ਼ੋਰ)

ਸ੍ਰੀ ਸਪੀਕਰ: ਤੁਸੀਂ ਚੇਅਰ ਨੂੰ ਐਡਰੈਸ ਕਰੋ । (The hon, Member should address the Chair.)

Sardar Ajaib Singh Sandhu: Please ask the hon. Member not to talk about Sant Fateh Singh. He has nothing to do about him. He always talks nonsence.

ਸ੍ਰੀ ਸਪੀਕਰ : ਤੁਸੀਂ ਐਨੇ ਗੁਸੇ ਵਿਚ ਨਾ ਆਉ। (ਵਿਘਨ)

(Addressing Sardar Ajaib Singh Sandhu, please don't lose temper) (*Interruption*)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਜਿਹੜੇ ਸੰਤ ਬਾਬਾ ਫਤਿਹ ਸਿੰਘ ਜੀ ਨੂੰ ਮਾੜੀਆਂ ਗੱਲਾਂ ਕਹਿ ਰਹੇ ਹਨ, ਉਨ੍ਹਾਂ ਨੂੰ ਤੁਸੀਂ ਰੋਕਦੇ ਨਹੀਂ। (ਵਿਘਨ)

ਵਿਕਾਸ ਮੰਤਰੀ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਕੀ ਤੁਸੀਂ ਇਹ ਮਨ੍ਹਾਂ ਕਰ ਸਕਦੇ ਹੋ ਕਿ ਪੁਲੀਟੀਕਲ ਪਾਰਟੀ ਦਾ ਕੋਈ ਮੈਂਬਰ ਹੋਵੇ ਉਸ ਦਾ ਇਸ ਹਾਊਸ ਦੇ ਵਿਚ ਨਾਮ ਵੀ ਨਾ ਲਿਆ ਜਾਵੇ ? (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਅਸੀਂ ਅਪਮਾਨ ਨਹੀਂ ਕਰਾਉਣਾ ਚਾਹੁੰਦੇ। ਅਸੀਂ ਅਜਿਹੀ-ਆਂ ਗੱਲਾਂ ਬਰਦਾਸ਼ਤ ਨਹੀਂ ਕਰਾਂਗੇ।

ਸ੍ਰੀ ਸਪੀਕਰ : ਜਿਹੜੇ ਉਨ੍ਹਾਂ ਨੇ ਗਲਤ ਸ਼ਬਦ ਕਹੇ ਹਨ, ਤੁਸੀਂ ਉਨ੍ਹਾਂ ਨੂੰ ਪੁਆਇੰਟ ਆਊਟ ਕਰੋ।

(The hon. Member should point out those Improper words which have been used by him.)

ਸਰਦਾਰ ਅਜਾਇਬ ਸਿੰਘ ਸੰਧੂ : ਮੈਨੂੰ ਇਸ ਗੱਲ ਤੇ ਗੁੱਸਾ ਆਇਆ ਹੈ ਕਿ ਜਦ ਇਸ ਹਾਊਸ ਦਾ ਕੋਈ ਆਨਰੇਬਲ ਮੈਂਬਰ ਕੋਈ ਗਲਤ ਬਿਆਨੀ ਕਰਦਾ ਹੈ ਤਾਂ ਤੁਸੀਂ ਉਸ ਨੂੰ ਰੋਕਿਆ ਨਹੀਂ, ਉਸ ਨੂੰ ਰੋਕਣਾ ਚਾਹੀਦਾ ਹੈ ਤਾਂਕਿ ਅਸੀਂ ਪਰਵੋਕ ਨਾ ਹੋਈਏ। ਜੇ ਤੁਸੀਂ ਇਨ੍ਹਾਂ ਨੂੰ ਰੋਕੋ ਤਾਂ ਫਿਰ ਸਾਨੂੰ ਕੋਈ ਝੱਲ ਨਹੀਂ ਹੋਇਆ ਹੋਇਆ ਕਿ ਅਸੀਂ ਇਸ ਤਰ੍ਹਾਂ ਕਰੀਏ। (ਵਿਘਨ)

Mr. Speaker :—Please resume your speech.

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਸਿਰਫ ਐਨੀ ਬੇਨਤੀ ਕਰਕੇ ਆਪਣੀ ਸਪੀਚ ਖਤਮ ਕਰਦਾ ਹਾਂ ਕਿ ਪੰਜਾਬ ਦਾ ਬਹੁਤ ਨੁਕਸਾਨ ਹੋਇਆ ਹੈ। ਪੰਜਾਬ ਦੇ ਜਵਾਨ ਸ਼ਹੀਦ ਹੋਏ ਹਨ। ਪੰਜਾਬ ਦੇ ਕਿਸਾਨ ਦੀ ਖੇਤੀ ਬਰਬਾਦ ਹੋਈ ਹੈ। ਸਾਡੀਆਂ ਜਾਇਦਾਦਾਂ ਬਰਬਾਦ ਹੋਈਆਂ ਹਨ ਅਤੇ ਪੰਜਾਬ ਦੇ ਕਿਸਾਨ ਨੂੰ ਜਿੰਨ੍ਹਾਂ ਰਿਲੀਫ ਮਿਲਣਾ ਚਾਹੀਦਾ ਸੀ ਉਹ ਨਹੀਂ ਮਿਲਿਆ। ਮੈਂ ਅਰਜ਼ ਕਰਦਾ ਹਾਂ ਕਿ ਜੇਕਰ ਹਿੰਦੁਸਤਾਨ ਦੀ ਸਰਕਾਰ ਨੇ ਕੋਈ ਕਮੇਟੀ ਨਹੀਂ ਬਣਾਉਣੀ ਤਾਂ ਪੰਜਾਬ ਸਰਕਾਰ ਆਲ ਪਾਰਟੀਜ਼ ਦੀ ਇਕ ਕਮੇਟੀ ਬਣਾਵੇ, ਜਿਹੜੀ ਇਸ ਗੱਲ ਦਾ ਫੈਸਲਾ ਕਰੇ ਕਿ ਪੰਜਾਬ ਦੇ ਲੋਕਾਂ ਦਾ ਕਿੰਨਾਂ ਨੁਕਸਾਨ ਹੋਇਆ ਹੈ ਅਤੇ ਉਹ ਸਾਰੇ ਦਾ ਸਾਰਾ ਨੁਕਸਾਨ ਪੂਰਾ ਕਰਨਾ ਚਾਹੀਦਾ ਹੈ।

ਚੌਧਰੀ ਸੁੰਦਰ ਸਿੰਘ : ਤੇਰਾ ਕਿੰਨਾਂ ਨੁਕਸਾਨ ਹੋਇਆ ਹੈ ? (ਵਿਘਨ)) (ਸ਼ੋਰ)

ਸਰਦਾਰ ਅਜਾਇਬ ਸਿਘ ਸੰਧੂ : ਸਪੀਕਰ ਸਾਹਿਬ, ਇਹ ਹਰੀਜਨਾਂ ਵਾਸਤੇ ਲੜਨ ਵਾਲੇ ਬੈਠੇ ਹਨ। ਅਸੀਂ ਤਾਂ ਚਾਹੁੰਦੇ ਹਾਂ ਕਿ ਇਨ੍ਹਾਂ ਨੂੰ ਵਜ਼ੀਰ ਬਣਾ ਦਿੱਤਾ ਜਾਵੇ ਪਰ ਇਨ੍ਹਾਂ ਨਾਲ ਬੇਇਨਸਾਫੀ ਹੋਈ ਹੈ। (ਵਿਘਨ) ਚੌਧਰੀ ਸਾਹਿਬ ਨੂੰ ਵਜ਼ੀਰ ਨਹੀਂ ਬਣਾਇਆ ਗਿਆ। (ਵਿਘਨ)

ਵਿਕਾਸ ਮੰਤਰੀ : ਸੰਧੂ ਸਾਹਿਬ, ਤੁਹਾਡੇ ਕੋਲ ਕਿਹੜੀ ਮਸ਼ੀਨ ਹੈ, ਜਿਸ ਦੇ ਨਾਲ ਤੁਸੀਂ ਵਜ਼ੀਰ ਬਣਾ ਦਿਉਗੇ ? (ਹਾਸਾ)

ਸਰਦਾਰ ਅਜਾਇਬ ਸਿੰਘ ਸੰਧੂ : ਅਸੀਂ ਤੁਹਾਨੂੰ ਮਜ਼ਬੂਰ ਕਰ ਦਿਆਂਗੇ ਕਿ ਇਨ੍ਹਾਂ ਨੂੰ ਵਜ਼ੀਰ ਬਣਾਓ। ਜੇ ਨਹੀਂ ਬਣਾਉਗੇ ਤਾਂ ਇਹ ਮਜ਼ਬੂਰ ਹੋ ਕੇ ਸਾਡੇ ਨਾਲ ਰਲ ਜਾਣਗੇ।

(ਹਾਸਾ) (ਵਿਘਨ) ਅਸੀਂ ਬੇਨਤੀ ਕਰਦੇ ਹਾਂ ਕਿ ਇਨ੍ਹਾਂ ਨੂੰ ਜ਼ਰੂਰ ਬਣਾਓ ਜੇ ਨਾਂ ਬਣਾਉਂਗੇ ਤਾਂ ਇਹ ਇਧਰ ਆ ਜਾਵੇਗਾ। (ਵਿਘਨ)

ਚੌਧਰੀ ਸੁੰਦਰ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ।

ਸ਼੍ਰੀ ਸਪੀਕਰ : ਚੌਧਰੀ ਸਾਹਿਬ, ਉਹ ਤਾਂ ਤੁਹਾਡੇ ਲਈ ਅਰਦਾਸਾਂ ਕਰ ਰਹੇ ਹਨ। (ਹਾਸਾ) (Chaudhri Sahib, they are praying for you) (Laughter.)

ਚੌਧਰੀ ਸੁੰਦਰ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਨੇ ਮੇਰਾ ਜ਼ਿਕਰ ਕੀਤਾ ਹੈ। ਮੈਂ ਬੇਨਤੀ ਕਰਦਾ ਹਾਂ ਕਿ ਮਿਹਰਬਾਨੀ ਕਰਕੇ ਇਸ ਤਰ੍ਹਾਂ ਨਾ ਕਰੋ, ਤੁਹਾਡੀਆ ਸਿਫਾਰਸ਼ਾਂ ਨਾਲ ਮੇਰਾ ਭੱਠਾ ਬੈਠ ਜਾਣਾ ਹੈ। (ਤਾੜੀਆਂ) (ਹਾਸਾ)

ਸਰਦਾਰ ਅਜਾਇਬ ਸਿੰਘ ਸੰਧੂ : ਅੱਛਾ ਜੀ, ਮੈਂ ਆਪਣੀਆਂ ਬੇਨਤੀਆਂ ਵਾਪਿਸ ਲੈਂਦਾ ਹਾਂ। (ਹਾਸਾ) ਅੱਛਾ, ਇਨ੍ਹਾਂ ਨੂੰ ਉਸੇ ਖੁੱਡੇ ਵਿਚ ਰਖੋ ਜਿਥੇ ਇਨ੍ਹਾਂ ਨੂੰ ਪਹਿਲੇ ਰੱਖਿਆ ਹੋਇਆ ਹੈ। (ਹਾਸਾ) ਸਪੀਕਰ ਸਾਹਿਬ ਮੈਂ ਅਰਜ਼ ਕਰਦਾ ਹਾਂ ਕਿ ਮੇਰੇ ਖੱਬੇ ਪਾਸੇ ਮੇਰੇ ਪੁਰਾਣੇ ਆਨਰੇਬਲ ਵਜ਼ੀਰ ਸਾਹਿਬ ਸ਼੍ਰੀ ਪਿਆਰਾ ਰਾਮ ਜੀ ਧੰਨੋਵਾਲੀ ਬੈਠੇ ਹਨ। ਮੈਂ ਇਨ੍ਹਾਂ ਨੂੰ ਬੜਾ ਈਮਾਨਦਾਰ ਸਮਝਦਾ ਹਾਂ, ਇਹ ਬੜੇ ਸਿਆਣੇ ਆਦਮੀ ਹਨ ਪਰ ਪਤਾ ਨਹੀਂ ਦਿਲ ਵਿਚ ਕੀ ਆਇਆ ਕਿ ਰਾਤੋ ਰਾਤ ਟਪੂਸੀ ਮਾਰਕੇ ਰੀਪਬਲੀਕਨ ਪਾਰਟੀ ਨੂੰ ਛੱਡ ਕੇ, ਹਾਥੀ ਦਾ ਨਿਸ਼ਾਨ ਛੱਡ ਕੇ ਗਾਂ ਵੱਛਾ ਲੈ ਲਿਆ। (ਹਾਸਾ) (ਵਿਘਨ)

ਸ਼੍ਰੀ ਸਪੀਕਰ : ਸੰਧੂ ਸਾਹਿਬ, ਇਹ ਕਿਹੜੀ ਡਿਮਾਂਡ ਹੈ। (On which Demand are you speaking?)

ਸਰਦਾਰ ਗੁਰਚਰਨ ਸਿੰਘ : ਆਨ ਏ ਪੁਆਇੰਟ ਆਫ ਆਰਡੱਰ, ਸਰ। ਸਪੀਕਰ ਸਾਹਿਬ, ਮੈਂ ਤੁਹਾਡੀ ਰਾਹੀਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਇਨ੍ਹਾਂ ਨੇ ਸਾਡੇ ਆਨਰੇਬਲ ਮੈਂਬਰ ਤੇ ਇਤਰਾਜ਼ ਕੀਤਾ ਹੈ ਕਿ ਰਾਤੋ ਰਾਤ ਟਪੂਸੀ ਮਾਰਕੇ ਪਾਸੇ ਚਲੇ ਗਏ। (ਵਿਘਨ) ਮੈਂ ਦੱਸਦਾ ਹਾਂ ਕਿ ਜਿਨ੍ਹਾਂ ਨੇ ਇਨ੍ਹਾਂ ਦਾ ਲੀਡਰ ਚਬੂਤਰੇ ਤੇ ਚੜਾ ਦਿਤਾ ਸੀ, ਉਨ੍ਹਾਂ ਨੇ ਹੀ ਗਿਲ ਦੀ ਲੜਕੀ ਨੂੰ ਮੈਂਬਰ ਬਣਾਇਆ ਹੈ। (ਵਿਘਨ) (ਹਾਸਾ) (ਸ਼ੋਰ)

ਸਰਦਾਰ ਅਜਾਇਬ ਸਿੰਘ ਸੰਧੂ : ਪੰਥ ਗਰੀਬ ਨਿਵਾਜ਼ ਹੈ, ਇਹ ਭੁਲਿਆਂ ਨੂੰ ਬਖਸ਼ਣ ਵਾਲਾ ਹੈ। (ਵਿਘਨ) ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੇ ਪਹਿਲੇ ਸਰਦਾਰ ਗੁਰਨਾਮ ਸਿੰਘ ਦਾ ਭੱਠਾ ਬਿਠਾ ਦਿਤਾ ਸੀ ਹੁਣ ਜ਼ਰਾ ਗਿਆਨੀ ਜ਼ੈਲ ਸਿੰਘ ਜੀ ਤੇ ਕਿਰਪਾ ਕਰਿਓ ? (ਹਾਸਾ) (ਵਿਘਨ) ਨੈਨੀਤਾਲ ਜੋ ਗੁਲਸ਼ੱਰੇ ਉੜਾਏ.. (ਵਿਘਨ) (ਸ਼ੋਰ) ਸਪੀਕਰ ਸਾਹਿਬ, ਮੈਂ ਇਕ ਮਿੰਟ ਵਿਚ ਹੀ ਬੈਠ ਜਾਂਦਾ ਹਾਂ। (ਵਿਘਨ) ਸ਼੍ਰੀ ਧੰਨੋਵਾਲੀ ਨੇ ਕਿਹਾ ਕਿ ਮੈਂ ਕਾਰਪੋਰੇਸ਼ਨ ਆਰੰਭ ਕਰਕੇ ਗਿਆ ਸੀ। ਇਨ੍ਹਾਂ ਨੇ ਦਾਅਵਾ ਕੀਤਾ ਕਿ ਇਹ ਸਕੀਮ ਜਾਰੀ ਕਰਨ ਵਿਚ ਇਨ੍ਹਾਂ ਦਾ ਹੱਥ ਹੈ। ਮੈਂ ਅਰਜ਼ ਕਰਦਾ ਹਾਂ ਕਿ ਇਨ੍ਹਾਂ ਦੇ ਮਨ ਵਿਚ ਸੀ ਕਿ ਕਾਰਪੋਰੇਸ਼ਨ ਬਣੇ ਲੇਕਿਨ ਬਣਾ ਨਹੀਂ ਸਕੇ। ਪਤਾ ਨਹੀਂ ਇਨ੍ਹਾਂ ਵਿਚ ਦ੍ਰਿੜ੍ਹਤਾ ਨਹੀਂ ਸੀ ਕਿ ਇਹ ਕਿਉਂ ਚੀਫ ਮਨਿਸਟਰ ਤੋਂ ਨਹੀਂ ਮਨਵਾ ਸਕੇ। ਸਾਨੂੰ ਫ਼ਖਰ ਹੈ ਕਿ ਅਕਾਲੀ ਸਰਕਾਰ ਨੇ, ਇਹ ਪਹਿਲੀ ਵਾਰ ਹੈ, ਕਿ ਇਨ੍ਹਾਂ ਗਰੀਬ ਹਰੀਜਨਾਂ ਵਾਸਤੇ ਇਕ ਐਕਟ ਬਣਾ ਕੇ, ਪੰਜ ਕਰੋੜ ਰੁਪਏ ਦੀ ਪਰੋਵੀਜ਼ਨ ਕਰਕੇ ਕਾਰਪੋਰੇਸ਼ਨ ਬਣਾਈ। (ਤਾੜੀਆਂ) ਅਸੀਂ ਉਨ੍ਹਾਂ ਗਰੀਬਾਂ ਦੇ ਵਜ਼ੀਫੇ 6 ਰੁਪਏ ਤੋਂ 10 ਰੁਪਏ ਕੀਤੇ। ਜਿਤਨਾ ਵੱਧ ਤੋਂ ਵੱਧ ਇਨਸਾਫ ਕਰ ਸਕਦੇ ਸੀ ਕੀਤਾ (ਵਿਘਨ) ਅਸੀਂ ਹਰੀਜਨਾਂ ਦੇ ਪੰਜ

[ਸਰਦਾਰ ਅਜਾਇਬ ਸਿੰਘ ਸੰਧੂ]

ਵਜ਼ੀਰ ਬਣਾਏ ਸੀ ਪਰ ਇਨ੍ਹਾਂ ਨੇ ਇਕ ਬਣਾਇਆ ਸਾਨੂੰ ਫਾਲੋ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ ਕਰ ਨਹੀਂ ਸਕੇ। (ਵਿਘਨ) ਸੋ ਇਨ੍ਹਾਂ ਨੇ ਕਾਰਪੋਰੇਸ਼ਨ ਬਾਰੇ ਇਕ ਗਲਤ ਗੱਲ ਕੀਤੀ ਹੈ। (ਵਿਘਨ)

ਇਕ ਆਵਾਜ਼ : ਇਨ੍ਹਾਂ ਦੇ 35 ਵਜ਼ੀਰ ਸਨ।

ਸ੍ਰੀ ਸਪੀਕਰ : ਕੀ ਤੁਸੀਂ 35 ਵਜ਼ੀਰ ਬਣਾਉਣਾ ਚੰਗਾ ਸਮਝਦੇ ਹੋ ? (Are you in favour of a 35 member Ministry ?)

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਕਹਿੰਦਾ ਹਾਂ ਕਿ ਇਨ੍ਹਾਂ ਵਿਚ ਢਾਈ ਵਜ਼ੀਰ ਹਰੀਜਨ ਚਾਹੀਦੇ ਹਨ। ਮੈਂ ਸਿਰਫ ਐਨੀ ਅਰਜ਼ ਕਰਦਾ ਹਾਂ ਕਿ ਸ੍ਰੀ ਧੰਨੋਵਾਲੀਆ ਨੇ ਗਲਤ ਬਿਆਨੀ ਕੀਤੀ ਹੈ। (ਵਿਘਨ) ਇਨ੍ਹਾਂ ਨੇ ਤਾਂ ਕਾਰਪੋਰੇਸ਼ਨ ਬਣਾਈ ਨਹੀਂ ਸੀ। ਜਿਹੜਾ ਐਕਟ ਅਕਾਲੀ ਸਰਕਾਰ ਨੇ ਪਾਸ ਕੀਤਾ ਸੀ ਉਸ ਦੇ ਉਤੇ ਲਿਖਿਆ ਹੋਇਆ ਸੀ ਕਿ ਹਰੀਜਨਾਂ ਕੋਲੋਂ ਵੀ ਉਤਨਾ ਹੀ ਸੂਦ ਲਿਆ ਜਾਵੇਗਾ ਜਿਤਨਾ ਕਿ ਇੰਡਸਟਰੀਜ਼ ਦੇ ਕਰਜ਼ਿਆਂ ਵਿਚ ਹੋਵੇਗਾ। ਮੇਰੇ ਕਹਿਣ ਦਾ ਭਾਵ ਇਹ ਹੈ ਕਿ ਇਹ ਸੂਦ 3% ਤੋਂ 7% ਕਿਸ ਨੇ ਕੀਤਾ? ਇਹ ਸਾਡੇ ਪੰਜਾਬ ਦੇ ਗਵਰਨਰ ਨੇ ਕੀਤਾ। (ਵਿਘਨ) ਉਨ੍ਹਾਂ ਦੇ ਰਾਜ ਵਿਚ ਇਹ ਹੋਇਆ। ਅਸੀਂ ਬਿਲਕੁਲ ਨਹੀਂ ਕੀਤਾ। (ਵਿਘਨ) ਮਾਸਟਰ ਜੀ ਬੜੇ ਪੁਰਾਣੇ ਮੈਂਬਰ ਹਨ ਇਹ ਜਿਹੜਾ 7% ਕੀਤਾ ਗਿਆ, ਜੇ ਇਨ੍ਹਾਂ ਨੂੰ ਨਹੀਂ ਪਤਾ ਤਾਂ ਕਾਰਪੋਰੇਸ਼ਨ ਦੇ ਦਫ਼ਤਰ ਤੋਂ ਪਤਾ ਕਰ ਲੈਣਾ ਚਾਹੀਦਾ ਹੈ। ਇਹ ਗਵਰਨਰੀ ਰੂਲ ਵਿਚ ਫੈਸਲਾ ਹੋਇਆ ਸੀ, ਇਹ ਕਹਿੰਦੇ ਸੀ ਕਿ 9% ਕਰੋ ਪਰ ਕਰਮਚਾਰੀਆਂ ਨੇ ਕਿਹਾ ਕਿ ਅਕਾਲੀਆਂ ਨੇ ਤਾਂ 3% ਕਿਹਾ ਸੀ ਸੋ ਤੁਸੀਂ ਘੱਟ ਕਰੋ, (ਵਿਘਨ) ਫਾਈਨੈਂਸ ਡੀਪਾਰਟਮੈਂਟ ਸਿਰਫ ਦੋ ਦਰਜ਼ੇ ਹੀ ਹੇਠਾਂ ਆਇਆ ਹੈ। ਅਤੇ ਇਸ ਤਰ੍ਹਾਂ 9% ਦੀ ਬਜਾਏ 7% ਕਰ ਦਿੱਤਾ। ਕਾਰਪੋਰੇਸ਼ਨ ਦੇ ਕਰਜ਼ੇ ਜਿਹੜੇ ਦਿਤੇ ਜਾ ਰਹੇ ਹਨ ਜਾਂ ਜਿਹੜੇ ਦੇਣੇ ਹਨ, ਮੈਂ ਫਾਈਨੈਂਸ ਮਨਿਸਟਰ ਨੂੰ ਬੇਨਤੀ ਕਰਾਂਗਾ ਕਿ ਜੇ ਲੱਖਾਂ ਪਤੀਆਂ ਅਤੇ ਕਰੋੜਾਂ ਪਤੀਆਂ ਤੋਂ 3% ਸੂਦ ਲੈਂਦੇ ਹਨ ਤਾਂ ਗਰੀਬ ਹਰੀਜਨਾਂ ਕੋਲੋਂ ਵੀ 3% ਲੈਣਾ ਚਾਹੀਦਾ ਹੈ ਅਤੇ ਵਧ ਨਹੀਂ ਲੈਣਾ ਚਾਹੀਦਾ। ਜੇ ਵਧ ਲੈਣਾ ਤਾਂ ਫਿਰ ਤੁਹਾਨੂੰ ਹਰੀਜਨਾਂ ਨਾਲ ਕੋਈ ਪਿਆਰ ਨਹੀਂ।

ਕਾਮਰੇਡ ਅਰਜਨ ਸਿੰਘ ਮਸਤਾਨਾ (ਵਲਟੋਹਾ): ਸਪੀਕਰ ਸਾਹਿਬ, ਨਵੇਂ ਆਏ ਤੇ ਪੁਰਾਣੇ ਸਾਥੀਓ, ਮੈਂ ਉਸ ਇਲਾਕੇ ਵਿਚੋਂ ਚੁਣ ਕੇ ਆਇਆ ਹਾਂ ਜਿਹੜਾ ਕਿ ਜੰਗ ਨੇ ਦੋ ਵਾਰੀ ਤਬਾਹ ਕੀਤਾ ਹੈ। 1965 ਦੀ ਜੰਗ ਨੇ ਹਾਲੀਂ ਪੈਰ ਨਹੀਂ ਲਗਣ ਦਿਤੇ ਕਿ ਹੁਣ ਦੀ ਜੰਗ ਨੇ ਹੋਰ ਬਰਬਾਦੀ ਕਰ ਦਿਤੀ। ਅੰਮ੍ਰਿਤਸਰ ਜ਼ਿਲ੍ਹੇ ਵਿਚ ਅਗੇ ਨਾਲੋਂ ਕਾਫ਼ੀ ਕੁਝ ਵਾਧਾ ਕਰਨ ਦਾ ਯਤਨ ਕੀਤਾ ਗਿਆ ਹੈ ਜਿਹੜਾ ਕਿ ਸ਼ਲਾਘਾ ਯੋਗ ਹੈ। ਪਰ ਜਿਹੜੀਆਂ ਕੁਝ ਤਰੁਟੀਆਂ ਰਹਿ ਗਈਆਂ ਹਨ ਉਸ ਦੇ ਲਈ ਮੈਂ ਅਰਜ਼ ਕਰਾਂਗਾ ਕਿ ਉਨ੍ਹਾਂ ਵਲ ਧਿਆਨ ਦੇਣਾ ਚਾਹੀਦਾ ਹੈ। ਅਗੇ ਨਾਲੋਂ ਉਥੇ ਸਹੂਲਤਾਂ ਵਿਚ ਕੁਝ ਵਾਧਾ ਹੋਇਆ ਉਹ ਵਾਧਾ ਕੀ ਹੋਇਆ, ਸਪੀਕਰ ਸਾਹਿਬ, ਉਹ ਮੈਂ ਦੱਸਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, 1965 ਵਿਚ ਕੱਚੇ ਮਕਾਨ ਲਈ 1,000 ਰੁਪਿਆ ਸੀ ਲੇਕਿਨ ਐਤਕੀ ਇਹ ਵਧਾ ਕੇ 3,000 ਰੁਪਿਆ ਕਰ ਦਿਤਾ ਹੈ। 1965 ਵਿਚ ਪੱਕੇ ਮਕਾਨ ਲਈ 2,000 ਰੁਪਏ ਸਨ ਐਤਕੀ ਇਹ ਵਧਾ ਕੇ 5,000 ਰੁਪਏ ਕਰ ਦਿਤੇ ਹਨ। 1965 ਵਿਚ ਜੇ ਕੋਈ ਬਦਕਿਸਮਤੀ ਨਾਲ ਮਾਰਿਆ ਗਿਆ ਤਾਂ ਉਸ ਦੇ ਵਾਸਤੇ 500 ਰੁਪਏ ਹੁੰਦੇ ਸੀ ਐਤਕੀ ਇਹ 3,500 ਰੁਪਏ ਕਰ ਦਿਤੇ ਗਏ ਹਨ। ਇਹ ਤਾਂ ਸਪੀਕਰ ਸਾਹਿਬ, ਅਗੇ ਨਾਲੋਂ ਵਾਧਾ ਹੋਇਆ ਹੈ ਪਰ ਕੁਝ ਜਿਹੜੀਆਂ ਹੇਰਾ ਫੇਰੀਆਂ, ਕੁਝ ਜਿਹੜੀਆਂ ਬੇਈਮਾਨੀਆਂ ਇਸ ਨੌਕਰਸ਼ਾਹੀ ਨੇ ਕੀਤੀਆਂ ਉਨ੍ਹਾਂ ਵਲ ਵੀ ਮੈਂ ਹਾਊਸ ਦਾ ਧਿਆਨ ਦੁਆਉਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਇਕ ਪਿੰਡ ਮੁਠਿਆਂ ਵਾਲਾ ਹੈ ਜਿਸ ਵਿਚੋਂ ਦੀ ਦਰਿਆ ਲੰਘਦਾ ਹੈ; ਏ

ਕਲਾਸ ਪਿੰਡ ਹੈ ਉਥੇ ਵੱਡੇ ਵੱਡੇ ਹਰੀਜਨ ਬੈਠੇ ਹਨ ਉਸ ਦੇ ਨਾਲ ਹੀ 6-7 ਬਸਤੀਆਂ ਹਨ ਭਾਵੇਂ ਇਹ ਮੇਰੇ ਹਲਕੇ ਵਿਚ ਹੀ ਹੈ ਉਸ ਨੂੰ ਸਹੂਲਤਾਂ ਮਿਲ ਗਈਆਂ ਪਰ ਨਾਲ ਹੀ ਨਾੜੇਮਲਾਂ ਪਿੰਡ ਲਗਦਾ ਹੈ ਉਨ੍ਹਾਂ ਨੂੰ ਕੋਈ ਸਹੂਲਤਾ ਨਹੀਂ ਦਿਤੀਆਂ। ਇਸੇ ਤਰ੍ਹਾਂ ਹੋਰ ਕਈ ਇਲਾਕੇ ਹਨ ਜਿਥੇ ਸਹੂਲਤਾਂ ਦੇਣ ਦੀ ਲੋੜ ਹੈ ਔਰ ਉਨ੍ਹਾਂ ਦੀਆਂ ਕਈ ਮੰਗਾਂ ਹਨ। ਜਿਸ ਤਰ੍ਹਾਂ ਫਰਜ਼ ਕਰ ਲਓ ਖਾਲੜੇ ਦੇ ਰਕਬੇ ਵਿਚ ਮਸਗੜ੍ਹ ਵਿਚ ਪਾਕਿਸਤਾਨ ਦੀਆਂ ਫੌਜਾਂ ਆਈਆਂ ਔਰ ਉਥੇ ਸੌਣੀ ਦੀਆਂ ਫਸਲਾਂ ਖਰਾਬ ਹੋ ਗਈਆਂ ਹਨ, ਉਸ ਦਾ ਉਨ੍ਹਾਂ ਲੋਕਾਂ ਨੂੰ ਕੋਈ ਮੁਆਵਜ਼ਾ ਨਹੀਂ ਮਿਲਿਆ,। ਸਾਨੂੰ ਪਤਾ ਲਗਿਆ ਸੀ ਕਿ ਜਿਥੇ ਜਿਥੇ ਮੋਰਚੇ ਬਣੇ ਹਨ ਉਨ੍ਹਾਂ ਨੂੰ ਮੁਆਵਜ਼ਾ ਮਿਲੇਗਾ ਪਰ ਉਨ੍ਹਾਂ ਜਗ੍ਹਾਂ ਦਾ ਮੁਆਵਜ਼ਾ ਨਹੀਂ ਦਿਤਾ ਗਿਆ। ਸਰਕਾਰ ਨੂੰ ਇਸ ਪਾਸੇ ਵਲ ਧਿਆਨ ਦੇਣਾ ਚਾਹੀਦਾ ਹੈ। ਇਸੇ ਤਰ੍ਹਾਂ ਸਪੀਕਰ ਸਾਹਿਬ, ਸਾਡੇ ਇਕ ਪੱਟੀ ਖੁਰਦ ਪਿੰਡ ਹੈ ਜਿਥੇ ਪਾਣੀ ਖਾਰਾ ਹੈ ਔਰ ਪਾਣੀ ਮਿਠਾ ਨਹੀਂ ਹੈ। ਉਥੇ ਜਿਹੜੀਆਂ ਫਸਲਾਂ ਹੁੰਦੀਆਂ ਹਨ ਉਹ ਕਮਜ਼ੋਰ ਹੁੰਦੀਆਂ ਹਨ ਔਰ ਆਪਣਾ ਖਾਦ ਔਰ ਬੀਜ ਦਾ ਖਰਚਾ ਵੀ ਨਹੀਂ ਕਢ ਸਕਦੀ। ਇਸ ਲਈ ਮੈਂ ਇਹ ਮੰਗ ਕਰਦਾ ਹਾਂ ਕਿ ਇਨ੍ਹਾਂ ਇਲਾਕਿਆਂ ਵੱਲ ਧਿਆਨ ਦਿਤਾ ਜਾਵੇ ਔਰ ਉਨ੍ਹਾਂ ਨੂੰ ਪੂਰੀਆਂ ਪੂਰੀਆਂ ਸਹੂਲਤਾਂ ਦਿਤੀਆਂ ਜਾਣ।

ਇਸ ਦੇ ਨਾਲ ਹੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਹਰੀਜਨ ਕਿਸਾਨ ਨੂੰ ਜ਼ਮੀਨ ਦੇਣੀ ਹੈ। ਉਨ੍ਹਾਂ ਨੂੰ ਕੋਈ ਮੁਆਵਜ਼ਾ ਦੇਣਾ ਹੈ ਉਥੇ ਜਿਹੜੇ ਹਰੀਜਨ ਦੁਕਾਨਦਾਰ ਹਨ, ਜਿਹੜੇ ਗਰੀਬ ਹਰੀਜਨ ਤਰਖਾਣ ਹਨ ਔਰ ਇਸੇ ਤਰ੍ਹਾਂ ਹਰੀਜਨ ਲੁਹਾਰ ਹਨ ਜਾਂ ਕੋਈ ਹੋਰ ਕਿੱਤਾ ਕਰਨ ਵਾਲੇ ਹਰੀਜਨ ਹਨ ਜਿਹੜੇ ਕਿ ਦੋ ਵਾਰੀ ਇਨ੍ਹਾਂ ਲੜਾਈਆਂ ਵਿਚ ਉਜੜ ਗਏ ਹਨ ਉਨ੍ਹਾਂ ਨੂੰ ਵੀ ਅਸੀਂ ਚਾਹੁੰਦੇ ਹਾਂ ਕਿ ਉਚੇਚੀ ਗਰਾਂਟ ਦਿਤੀ ਜਾਵੇ। (ਵਿਘਨ)

ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਅਕਾਲੀ ਪਾਰਟੀ ਦੇ ਕੈਨਡੀਡੇਟ ਉਸ ਇਲਾਕੇ ਵਿਚ ਦੋ ਵਾਰੀ ਜਿਤ ਕੇ ਆਏ ਪਰ ਐਤਕੀ ਇਸੇ ਕਰਕੇ ਉਨ੍ਹਾਂ ਨੂੰ 14 ਹਜ਼ਾਰ ਵੋਟਾਂ ਤੇ ਹਾਰ ਹੋਈ ਕਿ ਉਹ ਜਦੋਂ ਜਿਤ ਜਾਂਦੇ ਸੀ ਤਾਂ ਮੁੜ ਕੇ ਉਹ ਹਲਕੇ ਵਿਚ ਵੜਦੇ ਹੀ ਨਹੀਂ ਸੀ। ਇਸੇ ਕਰਕੇ ਉਨ੍ਹਾਂ ਨੂੰ ਐਤਕੀ ਹਾਰ ਹੋਈ ਹੈ। (ਵਿਘਨ)

ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਕੁਰੱਪਸ਼ਨ ਵਲ ਦੁਆਉਣਾ ਚਾਹੁੰਦਾ ਹਾਂ ਕਿ ਇਹ ਕਿਸ ਤਰ੍ਹਾਂ ਪੰਜਾਬ ਦੇ ਵਿਚ ਅੱਜ ਹੋ ਰਹੀ ਹੈ। ਕਿਸ ਤਰ੍ਹਾਂ ਨੌਕਰਸ਼ਾਹੀ ਵਾਲੇ ਲੋਕਾਂ ਨੂੰ ਉਜੜੇ ਲੋਕਾਂ ਨੂੰ ਤੰਗ ਕਰਦੀ ਹੈ ਔਰ ਕਿਸ ਤਰ੍ਹਾਂ ਉਨ੍ਹਾਂ ਦੀ ਤਬਾਹੀ ਦਾ ਕਾਰਨ ਬਣਦੀ ਹੈ। ਕਈ ਪਿੰਡਾਂ ਵਿਚ ਮੇਰੇ ਪਾਸ ਮਿਸਾਲਾਂ ਹਨ। ਉਥੇ ਦੇ ਲੋਕੀ 10-10 ਹਜ਼ਾਰ ਰੁਪਿਆ ਕੋਈ ਕਿਥੇ ਜਾ ਕੇ ਕੋਈ ਕਿਥੇ ਜਾ ਕੇ ਔਰ ਕੁਰੱਪਟ ਸਰਪੰਚਾਂ ਨਾਲ ਮਿਲ ਮਿਲਾ ਕੇ , ਲੈ ਗਏ ਲੇਕਿਨ ਵਿਚਾਰਾ ਗਰੀਬ ਹਰੀਜਨ ਜਿਹੜਾ ਕਿ ਕਿਸੇ ਨੂੰ ਕੋਈ ਖੁਆ ਪਿਆ ਨਹੀਂ ਸਕਦਾ ਉਸ ਨੂੰ ਕੋਈ ਸਹੂਲਤ ਨਹੀਂ ਮਿਲ ਰਹੀ। ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਵਲਟੋਹਾ ਪਿੰਡ ਵਿਚ ਇਕ ਤੂਰ ਮਜਿਸਟਰੇਟ ਰਾਸ਼ਨ ਵੰਡਣ ਆਉਂਦਾ ਸੀ ਔਰ ਉਹ ਸ਼ਾਮ ਦੇ 3.00 ਵਜੇ ਆ ਕੇ ਇਕ ਘੰਟਾ ਬੈਠ ਕੇ ਚਲਾ ਜਾਂਦਾ ਸੀ। ਉਥੇ ਦੇ 16 ਪਰਵਾਰ ਜਿਹੜੇ ਜੰਗ ਦੀ ਮਾਰ ਥਲੇ ਆ ਗਏ, ਔਰ ਖਾਸ ਤੌਰ ਤੇ ਵਲਟੋਹਾ ਦੇ, ਉਨ੍ਹਾਂ ਨੂੰ ਕੋਈ ਵੀ ਚੀਜ਼ ਨਹੀਂ ਮਿਲੀ। ਤੁਸੀਂ ਹੈਰਾਨ ਹੋਵੋਗੇ ਸਪੀਕਰ ਸਾਹਿਬ, ਕਿ ਉਥੇ ਦਾ ਸਰਪੰਚ ਜਿਹੜਾ ਸੱਸਪੈਂਡ ਹੋਇਆ ਉਸ ਨੇ ਮਜਿਸਟਰੇਟ ਨਾਲ ਮਿਲ ਕੇ ਲੱਖਾਂ ਰੁਪਏ ਦਾ ਗਬਨ ਕੀਤਾ ਔਰ ਲੋਕਾਂ ਦੀ ਖੱਲ ਲਾਹੀ। ਜੇ ਤੁਸੀਂ ਇਸ ਸਾਰੀ ਗਲ ਦੀ ਪੜਤਾਲ ਕਰਾਓ ਤਾਂ ਤੁਹਾਨੂੰ ਲੱਖਾਂ ਰੁਪਏ ਦਾ ਗਬਨ ਇਸ ਕੇਸ ਵਿਚ ਮਿਲੇਗਾ। ਅਸੀਂ ਡਿਪਟੀ ਕਮਿਸ਼ਨਰ ਸਾਹਿਬ ਦੇ ਵੀ ਨੋਟਿਸ ਵਿਚ ਇਹ ਗਲ ਲਿਆਂਦੀ ਮਗਰ ਕੋਈ ਐਕਸ਼ਨ ਨਹੀਂ ਹੋਇਆ।

[ਕਾਮਰੇਡ ਅਰਜਨ ਸਿੰਘ ਮਸਤਾਨਾ]

ਸਪੀਕਰ ਸਾਹਿਬ, ਜਿਹੜੇ ਲੋਕ ਬਦਕਿਸਮਤੀ ਨਾਲ ਜੰਗ ਦੀ ਵਜ੍ਹਾ ਕਰਕੇ ਮਰ ਗਏ ਹਨ ਉਨ੍ਹਾਂ ਦੇ ਪਰਵਾਰਾਂ ਨੂੰ ਵੀ ਸਹੂਲਤਾਂ ਦਿਤੀਆਂ ਜਾਣ। ਮੈਂ ਦੱਸਣਾ ਚਾਹੁੰਦਾ ਹਾਂ ਕਿ ਖੇਮਕਰਣ ਵਿਚ ਇਕ ਨੌਜਵਾਨ ਟਰੈਕਟਰ ਚਲਾ ਰਿਹਾ ਸੀ ਉਹ ਜਵਾਨ ਬੀ. ਏ. ਪਾਸ ਸੀ। ਮਾਈਨਜ਼ ਨਾਲ ਉਸ ਦਾ ਟਰੈਕਟਰ ਵੀ ਉੜ ਗਿਆ ਔਰ ਉਹ ਆਪ ਵੀ ਉੜ ਗਿਆ। ਇਸ ਕਰਕੇ ਅਸੀਂ ਮੰਗ ਕਰਦੇ ਹਾਂ ਕਿ ਇਨ੍ਹਾਂ ਜੰਗਾਂ ਵਿਚ ਜਿਹੜੇ ਆਦਮੀ ਮਰੇ ਹਨ ਭਾਵੇਂ ਉਹ ਹੋਮਗਾਰਡ ਦੇ ਹਨ ਤੇ ਭਾਵੇਂ ਉਹ ਸਿਵਲੀਅਨ ਹਨ ਉਨ੍ਹਾਂ ਨੂੰ ਵੀ ਜਿਸ ਤਰ੍ਹਾਂ ਕਿ ਫੌਜੀਆਂ ਨੂੰ ਸਹੂਲਤਾਂ ਦਿਤੀਆਂ ਜਾਂਦੀਆਂ ਹਨ, ਦਿਤੀਆਂ ਜਾਣ। ਨੌਕਰਸ਼ਾਹੀ ਦੀ ਮੈਂ ਤੁਹਾਨੂੰ ਗੱਲ ਦੱਸਦਾ ਹਾਂ ਕਿ ਚੀਮਾਂ ਪਿੰਡ ਜੋ ਖਾਰਡਰ ਤੋਂ ਪੰਜ ਮੀਲ ਦੀ ਦੂਰੀ ਤੇ ਹੈ ਉਥੇ ਗੋਲਾ ਡਿਗਦਾ ਹੈ ਤਾਂ ਉਸ ਨਾਲ ਜਿਹੜਾ ਜਵਾਨ ਮਰਦਾ ਹੈ ਉਸ ਦੇ ਲਈ 500 ਰੁਪਏ ਦਿਤੇ ਗਏ ਜਿਹੜੇ ਕਿ 3,500 ਰੁਪਏ ਮਿਲਣੇ ਚਾਹੀਦੇ ਸੀ। ਇਹ ਤਾਂ ਇਨ੍ਹਾਂ ਅਫ਼ਸਰ ਦਾ ਹਾਲ ਹੈ। (ਵਿਘਨ)

ਸਪੀਕਰ ਸਾਹਿਬ, ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਪੱਟੀ ਜੋਹਮਲ, ਕੋਟਲੀ ਵਸਾਵਾਂ ਪਿੰਡ ਹੈ, ਉਥੇ ਕੋਈ ਪੁਲ ਨਹੀਂ। ਮੈਂ ਹਾਊਸ ਰਾਹੀਂ ਇਹ ਮੰਗ ਕਰਦਾ ਹਾਂ ਕਿ ਉਥੇ ਕੋਈ ਪੁਲ ਬਣਾਉਣ ਦਾ ਇੰਤਜ਼ਾਮ ਕੀਤਾ ਜਾਵੇ। ਇਸ ਵੇਲੇ ਭਾਵੇਂ ਕੋਈ ਆਰਜ਼ੀ ਪੁਲ ਬਣਾਇਆ ਜਾਵੇ ਕਿਉਂਕਿ ਉਸ ਇਲਾਕੇ ਨੂੰ ਬੜੀ ਤਕਲੀਫ ਹੈ ਔਰ ਉਥੋਂ ਦੀਆਂ ਨੌਜਵਾਨ ਲੜਕੀਆਂ ਨੇ ਵੀ ਲੰਘਣਾ ਹੁੰਦਾ ਹੈ। ਸੋ ਇਸ ਗਲ ਵਲ ਧਿਆਨ ਦਿਤਾ ਜਾਵੇ।

ਸਪੀਕਰ ਸਾਹਿਬ, ਅਫ਼ਸਰ ਸ਼ਾਹੀ ਦੇ ਮੁਤਲਕ ਮੈਂ ਦੁਖੀ ਹੋ ਕੇ ਇਕ ਕਹਾਣੀ ਦੱਸਦਾ ਹਾਂ।

ਸ੍ਰੀ ਸਪੀਕਰ : ਫਿਰ ਕਿਸੇ ਮੌਕੇ ਤੇ ਇਹ ਕਹਾਣੀ ਪਾ ਲੈਣਾ। (ਵਿਘਨ)

(The hon. Member may please narrate this story on some other occasion) (*Interruption*)

ਕਾਮਰੇਡ ਅਰਜਨ ਸਿੰਘ ਮਸਤਾਨਾ : ਬਸ ਜੀ ਇਕ ਮਿੰਟ ਵਿਚ ਕਹਿ ਦਿੰਦਾ ਹਾਂ। ਸਪੀਕਰ-ਸਾਹਿਬ, ਨੌਕਰਸ਼ਾਹੀ ਇਸ ਵੇਲੇ ਕਿਸ ਤਰ੍ਹਾਂ ਚਲ ਰਹੀ ਹੈ ਇਸ ਦੇ ਬਾਰੇ ਮੈਂ ਇਕ ਤੁਹਾਨੂੰ ਕਹਾਣੀ ਦੱਸਣਾ ਚਾਹੁੰਦਾ ਹਾਂ। ਇਕ ਆਦਮੀ ਘੋੜੀ ਦੇ ਉਤੇ ਰਾਤ ਨੂੰ ਕਿਸੇ ਦੇ ਘਰ ਗਿਆ। ਘੋੜੀ ਸੂਣ ਵਾਲੀ ਸੀ। ਘੋੜੀ ਉਥੇ ਰਾਤ ਨੂੰ ਉਸ ਦੇ ਘਰ ਸੂ ਪਈ। ਸਵੇਰੇ ਜਦੋਂ ਉਹ ਆਦਮੀ ਘੋੜੀ ਲੈ ਕੇ ਆਪਣੇ ਘਰ ਨੂੰ ਤੁਰਨ ਲਗਾ ਤਾਂ ਘਰ ਦੇ ਮਾਲਕ ਨੇ ਵਛੇਰੇ ਨੂੰ ਹੱਥ ਪਾ ਲਿਆ। ਇਸ ਗਲ ਤੇ ਝਗੜਾ ਸ਼ੁਰੂ ਹੋ ਗਿਆ। ਘੋੜੀ ਵਾਲਾ ਕਹੇ ਕਿ ਮੇਰੀ ਘੋੜੀ ਸੂਈ ਹੈ ਤੇ ਵਛੇਰਾ ਮੇਰਾ ਹੈ ਪਰ ਉਸ ਘਰ ਦਾ ਮਾਲਕ ਕਹਿਣ ਲੱਗਾ ਕਿ ਨਹੀਂ ਮੇਰਾ ਬਲਦ ਸੂਇਆ ਹੈ ਤੇ ਵਛੇਰਾ ਮੇਰਾ ਹੈ। ਅਖ਼ੀਰ ਵਿਚ ਇਹ ਮਾਮਲਾ ਪੰਚਾਇਤ ਤੱਕ ਪਹੁੰਚ ਗਿਆ। ਪੰਚਾਇਤ ਨੇ ਫੈਸਲਾ ਦਿਤਾ ਕਿ ਇਹ ਵਛੇਰਾ ਉਸ ਘਰ ਦੇ ਮਾਲਕ ਦਾ ਹੀ ਹੈ ਕਿਉਂਕਿ ਉਸ ਦਾ ਬਲਦ ਸੂਇਆ ਹੈ। ਇਸ ਫੈਸਲੇ ਤੋਂ ਬਾਦ ਜਦੋਂ ਉਹ ਘੋੜੀ ਵਾਲਾ ਉਥੋਂ ਚਲਾ ਗਿਆ ਤਾਂ ਬਲਦ ਵਾਲਾ ਪੰਚਾਇਤ ਦੇ ਸਾਹਮਣੇ ਖੜਾ ਹੋ ਕੇ ਰੋਣ ਲਗ ਪਿਆ। ਪੰਚਾਇਤ ਨੇ ਕਿਹਾ ਕਿ ਕੀ ਗਲ ਹੈ ਭਾਈ ਤੈਨੂੰ ਵਛੇਰਾ ਤਾਂ ਮਿਲ ਗਿਆ ਹੈ ਔਰ ਤੇਰੇ ਹੱਕ ਦਾ ਫੈਸਲਾ ਅਸੀਂ ਕੀਤਾ ਤਾਂ ਫਿਰ ਵੀ ਕਿਉਂ ਰੋਈ ਜਾਂਦਾ ਹੈ। ਤਾਂ ਉਹ ਕਹਿਣ ਲਗਾ ਕਿ ਮੈਂ ਇਸ ਕਰਕੇ ਰੋ ਰਿਹਾ ਹਾਂ ਕਿ ਭਾਵੇਂ ਮੈਨੂੰ ਵਛੇਰਾ ਮਿਲ ਗਿਆ ਹੈ ਪਰ ਰੋਣਾ ਇਸ ਗਲ ਦਾ ਹੈ ਕਿ ਜਦੋਂ ਤੁਸੀਂ ਮਰ ਗਏ ਤਾਂ ਇਹੋ ਜਿਹੀ ਨੇਕ ਪੰਚਾਇਤ ਕਿਥੋਂ ਲਭਾਂਗਾ। ਸਾਡੀ ਨੌਕਰਸ਼ਾਹੀ ਦਾ ਤਾਂ ਬਿਲਕੁਲ ਇਹੋ ਜਿਹੀ ਨੇਕ ਪੰਚਾਇਤ ਵਾਲਾ ਹਾਲ ਹੈ। (ਹਾਸਾ) ਸਾਨੂੰ ਵੀ ਇਸ ਗਲ ਦਾ ਮੁਖ ਦੁੱਖ ਆਉਂਦਾ ਹੈ ਕਿ ਇਹੋ

ਜਿਹੇ ਅਫ਼ਸਰ ਜਿਹੜੇ ਇਸ ਵੇਲੇ ਬਾਰਡਰ ਏਰੀਏ ਤੇ ਲਾਏ ਹਨ ਜੇ ਉਹ ਚਲੇ ਗਏ ਤਾਂ ਉਹੋ ਜਿਹੇ ਨੇਕ ਪੰਚਾਇਤ ਵਰਗੇ ਅਫ਼ਸਰ ਅਸੀਂ ਕਿਥੋਂ ਲਿਆਵਾਂਗੇ। ਇਤਨਾ ਕਹਿ ਕੇ ਮੈਂ ਆਪ ਦਾ ਧੰਨਵਾਦ ਕਰਦਾ ਹਾਂ।

ਸ੍ਰੀ ਗੁਰਦਿਆਲ ਸੈਣੀ (ਜਲੰਧਰ ਉੱਤਰ): ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਸਵੇਰ ਦਾ ਟਾਈਮ ਹੁਣ ਸ਼ਾਮ ਵੇਲੇ ਦਿਤਾ ਹੈ। ਜੇ ਮੈਂ ਆਪਣੀਆਂ ਕੁਝ ਗਲਾਂ ਸਵੇਰ ਵਾਲੀਆਂ ਵੀ ਹੁਣ ਕਹਿ ਦੇਵਾਂਗਾ ਤਾਂ ਤੁਸੀਂ ਮੈਨੂੰ ਮਾਫ ਕਰੋਗੇ। (ਵਿਘਨ)

ਸਪੀਕਰ ਸਾਹਿਬ, ਮੈਂ ਵਜ਼ੀਰ ਖ਼ਜ਼ਾਨਾ ਸ੍ਰੀ ਹੰਸ ਰਾਜ ਜੀ ਸ਼ਰਮਾ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਇਤਨੇ ਥੋੜੇ ਅਰਸੇ ਵਿਚ ਬਜਟ ਨੂੰ ਇਤਨੀ ਅੱਛੀ ਤਰਾਂ ਪੇਸ਼ ਕੀਤਾ ਹੈ ਜਿਸ ਦੇ ਵਿਚ ਕੋਈ ਨਵਾਂ ਟੈਕਸ ਨਹੀਂ ਲਾਇਆ। ਸਾਡੇ ਆਪੋਜ਼ੀਸ਼ਨ ਦੇ ਸਾਥੀਆਂ ਨੇ ਕੱਲ ਪਰਸੋਂ ਇਥੇ ਬੜਾ ਰੌਲਾ ਪਾਇਆ ਤੇ ਕਿਹਾ ਕਿ ਕਿਸਾਨਾਂ ਵਾਸਤੇ ਬਜਟ ਦੇ ਵਿਚ ਕੁਝ ਵੀ ਨਹੀਂ ਰੱਖਿਆ ਗਿਆ ਹੈ ਔਰ ਉਸ ਦੇ ਜਵਾਬ ਵਿਚ ਪੰਡਿਤ ਜੀ ਨੇ ਦਸਿਆ ਹੈ ਕਿ ਅਸੀਂ 75% ਬਜਟ ਦਾ ਜਿਹੜਾ ਹਿੱਸਾ ਹੈ ਉਹ ਕਿਸਾਨੀ (ਵਿਘਨ) ਲਈ ਰਖਿਆ ਹੈ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ 75% ਇਨ੍ਹਾਂ ਨੇ ਬਜਟ ਵਿਚ ਕਿਸਾਨਾਂ ਵਾਸਤੇ ਰੁਪਿਆ ਰਖਿਆ ਹੈ, ਮੈਂ ਪੰਡਿਤ ਜੀ ਨੂੰ ਕਹਾਂਗਾ ਕਿ ਇਸ ਤਿੰਨ ਮਹੀਨੇ ਦੇ ਬਜਟ ਵਿਚ ਇੰਡਸਟਰੀ ਵਾਸਤੇ ਵੀ ਜ਼ਰੂਰ ਖਿਆਲ ਕਰਨ। ਜਿਥੇ ਪੰਜਾਬ ਦੇ ਵਿਚ ਦਿਹਾਤਾਂ ਦੇ ਵਾਸਤੇ, ਕਿਸਾਨਾਂ ਦੇ ਵਾਸਤੇ ਇਤਨਾ ਖਿਆਲ ਕਰ ਰਹੇ ਹਨ, ਉਥੇ ਇਸ ਬਜਟ ਦੇ ਵਿਚ ਸਿਰਫ ਸਾਢੇ ਤਿੰਨ ਫ਼ੀ ਸਦੀ ਰੁਪਿਆ ਇੰਡਸਟਰੀ ਦੇ ਵਾਸਤੇ ਰਖਿਆ ਗਿਆ ਹੈ। ਤੁਹਾਨੂੰ ਪਤਾ ਹੋਣਾ ਹੈ ਕਿ ਅਕਾਲੀ ਵਜ਼ਾਰਤ ਵਿਚ ਇੰਡਸਟਰੀ ਦਾ ਜੋ ਹਾਲ ਹੋਇਆ ਸੀ ਉਹ ਦਿਨ ਹਾਲੇ ਤੀਕ ਭੂਲੇ ਨਹੀਂ। ਨਾ ਰਾਅ-ਮੈਟੀਰੀਅੱਲ ਮਿਲਦਾ ਸੀ ਤੇ ਨਾ ਹੋਰ ਇੰਡਸਟਰੀ ਵਾਸਤੇ ਕੋਈ ਹੋਰ ਚੀਜ਼ ਮਿਲਦੀ ਸੀ। ਲੇਕਿਨ ਪੰਜਾਬ ਦੇ ਵਿਚ ਲੜਾਈ ਦੇ ਦੌਰਾਨ ਜਿਨਾਂ ਨੁਕਸਾਨ ਪੰਜਾਬੀਆਂ ਦਾ ਹੋਇਆ, ਪੰਜਾਬ ਦੀ ਇੰਡਸਟਰੀ ਨੂੰ ਹੋਇਆ ਉਤਨਾ ਕਿਸੇ ਦਾ ਨਹੀਂ ਹੋਇਆ। ਉਸ ਵੇਲੇ ਦੀ ਸਰਕਾਰ ਨੇ ਇਕ ਅੱਧ ਜ਼ਿਲੇ ਨੂੰ ਛੱਡ ਕੇ ਕਿਸੇ ਵੀ ਜ਼ਿਲ੍ਹੇ ਨੂੰ ਇੰਡਸਟਰੀ ਦੇ ਖੇਤਰ ਵਿਚ ਕੋਈ ਸਹਾਇਤਾ ਨਹੀਂ ਪਹੁੰਚਾਈ। ਮੈਂ ਸਰਕਾਰ ਨੂੰ ਸੁਝਾਓ ਦੇਣਾ ਚਾਹੁੰਦਾ ਹਾਂ ਕਿ ਇੰਡਸਟਰੀ ਵਾਸਤੇ ਕੁਝ ਨਾ ਕੁਝ ਜ਼ਰੂਰ ਕਰੋ। ਨਹੀਂ ਤਾਂ ਪੰਜਾਬ ਦੀ ਇੰਡਸਟਰੀ ਤਬਾਹ ਹੋ ਜਾਏਗੀ ਤੇ ਪੰਜਾਬ ਦੀ ਲੇਬਰ ਦਾ ਬੇੜਾ ਗਰਕ ਹੋ ਜਾਏਗਾ, ਅਗਰ ਲੇਬਰ ਨਿਕਲ ਜਾਏਗੀ ਤਾਂ ਪੰਜਾਬ ਵਿਚ ਕੁਝ ਨਹੀਂ ਰਹਿਣਾ।

ਸਾਡੇ ਅਕਾਲੀ ਭਰਾ ਦਸਦੇ ਸੀ ਕਿ ਉਨ੍ਹਾਂ ਨੂੰ ਸੈਂਟਰ ਦੀ ਸਰਕਾਰ ਨੇ ਕੋਈ ਮੱਦਦ ਨਹੀਂ ਸੀ ਦਿਤੀ। ਮੈਂ ਅਰਜ਼ ਕਰਦਾ ਹਾਂ ਕਿ ਸਾਡੀ ਸੈਂਟਰ ਦੀ ਸਰਕਾਰ ਨੇ ਇਨ੍ਹਾਂ ਨੂੰ 12 ਮੋਟੇ ਮੋਟੇ ਲਾਈਸੈਂਸ ਦਿਤੇ ਸੀ ਲੇਕਿਨ ਇਨ੍ਹਾਂ ਨੇ ਉਨ੍ਹਾਂ ਦੀ ਵਰਤੋਂ ਨਹੀਂ ਕੀਤੀ। (ਵਿਘਨ)

Mr. Speaker : Please confine yourself to the Supplementary demands only.

ਸ੍ਰੀ ਗੁਰਦਿਆਲ ਸੈਣੀ : ਦੂਸਰੀ ਚੀਜ਼ ਮੈਂ ਰਾਅ-ਮੈਟੀਰੀਅੱਲ ਦੇ ਬਾਰੇ ਵਿਚ ਕਹਿਣੀ ਚਾਹੁੰਦਾ ਹਾਂ। ਰਾਅ-ਮੈਟੀਰੀਅੱਲ ਦੀ ਬੜੀ ਕਮੀ ਹੈ ਸਾਡੀ ਇੰਡਸਟਰੀ ਵਾਸਤੇ। ਕਿਸੇ ਕਿਸਮ ਦਾ ਕੋਈ ਰਾਅ-ਮੈਟੀਰੀਅੱਲ, ਲੋਹਾ, ਦੇਗ, ਕੋਇਲਾ ਆਦਿ ਬਿਲਕੁਲ ਨਹੀਂ ਮਿਲ ਰਿਹਾ ਹੈ। ਕੁਝ ਜ਼ਰੀਏ ਨਾਲ ਕੋਇਲਾ ਲਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ ਲੇਕਿਨ ਡਾਇਰੈਕਟਰ ਇੰਡਸਟਰੀ ਨੇ ਉਨ੍ਹਾਂ ਤੇ ਕੁਝ ਪਾਬੰਦੀਆਂ ਲਗਾ ਦਿਤੀਆਂ। ਅਗਰ ਪੰਜਾਬ ਦੇ ਵਿਚ 1800 ਟਨ ਦੇ ਕਰੀਬ ਕੋਇਲਾ ਆਉਂਦਾ ਸੀ, ਅਤੇ ਮਹੀਨੇ ਦੋ ਮਹੀਨੇ

[ਸ਼੍ਰੀ ਗੁਰਦਿਆਲ ਸੈਣੀ]

ਤਕ ਕੋਇਲੇ ਦੀ ਸ਼ਾਰਟੇਜ ਖ਼ਤਮ ਹੋ ਜਾਣੀ ਸੀ, ਪਰ ਇਨ੍ਹਾਂ ਨੇ ਜਲੰਧਰ ਵਿਚ ਛਾਪੇ ਮਾਰਨੇ ਸ਼ੁਰੂ ਕਰ ਦਿਤੇ ਜਿਸ ਦੇ ਨਾਲ ਇੰਡਸਟਰੀ ਹੋਰ ਵੀ ਤਬਾਹ ਹੋ ਗਈ। ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਇੰਡਸਟਰੀ ਵਿਚ ਜੋ ਕੋਇਲੇ ਦੀ ਕਿੱਲਤ ਹੋ ਗਈ ਹੈ ਉਸ ਨੂੰ ਦੂਰ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਇੰਡਸਟਰੀ ਤੇ ਇਕ ਹੋਰ ਬੜਾ ਬੋਝ ਹੈ। ਉਹ ਬੋਝ ਇਹ ਹੈ ਕਿ ਜਿਸ ਵੇਲੇ ਕਰਜ਼ੇ ਦਿੱਤੇ ਸੀ, ਇੰਡਸਟਰੀ ਨੂੰ ਉਸ ਵੇਲੇ 3% ਸੂਦ ਲਗਦਾ ਸੀ। ਅਗਰ ਕਿਸੇ ਨੇ ਦੋ ਹਜ਼ਾਰ ਖਰਚ ਕੀਤਾ ਸੀ ਉਸ ਦਾ ਛੇ ਹਜ਼ਾਰ ਖ਼ਰਚ ਕਰਾ ਦਿਤਾ ਉਸ ਤੇ ਪੀਨਲ ਇੰਟਰੈਸਟ ਠੋਕ ਦਿਤਾ ਗਿਆ। ਜਿਸ ਨੇ ਇੰਡਸਟਰੀ ਦੀ ਇਨਸ਼ੋਰੈਂਸ ਨਹੀਂ ਸੀ ਕਰਾਈ ਉਸ ਤੇ ਵੀ ਪੀਨਲ ਇੰਟਰੈਸਟ ਠੋਕ ਦਿਤਾ ਗਿਆ। ਮੈਂ ਅਰਜ਼ ਕਰਦਾ ਹਾਂ ਕਿ ਜਲੰਧਰ ਵਿਚ ਕਿਸੇ ਨੇ ਇੰਡਸਟਰੀ ਲਈ ਅੱਠ ਹਜ਼ਾਰ ਰੁਪਿਆ ਲਿਆ ਸੀ ਉਨ੍ਹਾਂ ਤੇ-17 ਹਜ਼ਾਰ ਰੁਪਏ ਪੀਨਲ ਇੰਨਰੈਸਟ ਵੱਜੋਂ ਸਾਡੇ ਇਨ੍ਹਾਂ ਅਕਾਲੀ ਭਰਾਵਾਂ ਨੇ ਲਗਾ ਦਿਤੇ (ਵਿਘਨ) ਮੈਂ ਅਰਜ਼ ਕਰਦਾ ਹਾਂ ਕਿ ਜਿਹੜਾ 8 ਹਜ਼ਾਰ ਲੋਨ ਵਾਪਸ ਕਰ ਚੁੱਕਾ ਹੋਵੇ ਬਮਏ ਇੰਟਰੈਸਟ ਦੇ ਉਸ ਦੇ ਉਪਰ 8 ਹਜ਼ਾਰ ਰੁਪਏ ਪੀਨਲ ਇੰਟਰੈਸਟ ਲਗਾ ਦੇਣਾ ਮੈਂ ਸਮਝਦਾ ਹਾਂ ਕਿ ਬਿਲਕੁਲ ਧੋਕਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ਼ ਮਨਿਸਟਰ ਸਾਹਿਬ ਨੂੰ ਅਰਜ਼ ਕਰਨੀ ਚਾਹੁੰਦਾ ਹਾਂ--(ਵਿਘਨ) ਮੈਂ ਡੀਮਾਂਡ ਨੰ: 43 ਤੇ ਬੋਲ ਰਿਹਾ ਹਾਂ।

ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਾਡੇ ਵਿੱਤ ਮੰਤਰੀ ਸਾਹਿਬ ਨੇ ਵਿਸ਼ਵਾਸ਼ ਦਿਲਾਇਆ ਹੈ ਕਿ ਪੰਜ ਹਜ਼ਾਰ ਨਵੇਂ ਪ੍ਰਾਇਮਰੀ ਸਕੂਲ ਖੋਲੇ ਜਾਣਗੇ ਇਹ ਬੜਾ ਸ਼ਲਾਘਾਯੋਗ ਕਦਮ ਹੈ। ਸਾਡੇ ਛੋਟੇ ਛੋਟੇ ਬੱਚੇ ਤਿੰਨ ਤਿੰਨ , ਚਾਰ ਚਾਰ ਮੀਲ ਤੇ ਪੜ੍ਹਣ ਜਾਂਦੇ ਹੁੰਦੇ ਸੀ। ਇਸ ਗੱਲ ਬਾਰੇ ਮੈਂ ਸ਼ਰਮਾ ਜੀ ਨੂੰ ਵਧਾਈ ਦਿੰਦਾ ਹਾਂ। ਅਸੀਂ ਦੇਖਦੇ ਹਾਂ ਕਿ ਜਿਸ ਤਰਾਂ ਸੈਂਟਰ ਦੀ ਸਰਕਾਰ ਨੇ ਕਿਹਾ ਹੈ ਕਿ ਸਕੂਲਾਂ ਦੀ ਅੱਪਗਰੇਡੇਸ਼ਨ ਵਾਸਤੇ 12 ਕਰੋੜ ਰੁਪਏ ਪੰਜਾਬ ਨੂੰ ਦੇਣੇ ਹਨ। ਮੈਂ ਸ਼ਰਮਾ ਜੀ ਨੂੰ ਬੇਨਤੀ ਕਰਾਂਗਾ ਕਿ ਅੱਪ-ਗਰੇਡੇਸ਼ਨ ਵਾਸਤੇ ਉਹ ਰੁਪਿਆ ਵੀ ਜ਼ਰੂਰ ਲਿਆਉਣਾ ਚਾਹੀਦਾ ਹੈ।

ਇਥੇ ਮੇਰੇ ਅਕਾਲੀ ਵੀਰਾਂ ਨੇ ਬੜਾ ਰੌਲਾ ਪਾਇਆ ਹੈ ਕਿ ਸਰਕਾਰੀ ਕਰਮਚਾਰੀਆਂ ਨਾਲ ਬੜਾ ਵਿਤਕਰਾ ਕੀਤਾ ਹੈ, ਹਾਲਾਂਕਿ ਜਵਾਬੀ ਤਕਰੀਰ ਵਿਚ ਪੰਡਤ ਜੀ ਨੇ ਕਿਹਾ ਹੈ ਕਿ ਅਸੀਂ ਉਨ੍ਹਾਂ ਨੂੰ ਰਿਲੀਫ਼ ਦੇਣੀ ਹੈ। ਮੈਂ ਤੁਹਾਨੂੰ ਯਕੀਨ ਦਿਲਾਉਂਦਾ ਹਾਂ ਕਿ ਅਗਰ ਸਾਡੀ ਸਰਕਾਰ, ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ, ਇੰਟੇਰਿਮ ਰਿਲੀਫ਼ ਨਹੀਂ ਦੇਵੇਗੀ ਤਾਂ ਮੈਂ ਇਸ ਵਿਧਾਨ ਸਭਾ ਦੇ ਵਿਚ ਬਿਲਕੁਲ ਨਹੀਂ ਬੈਠਾਂਗਾ (ਵਿਘਨ) ਮੈਨੂੰ ਪਤਾ ਨਹੀਂ ਤੁਹਾਡੇ ਵਿਚੋਂ ਕਿੰਨੇ ਬੰਦੇ ਬਾਹਰ ਆਉਣਗੇ। (ਵਿਘਨ)

ਇਥੇ ਪੁਲਿਸ ਦੇ ਬਾਰੇ ਵਿਚ ਬਹੁਤ ਕੁੱਝ ਕਿਹਾ ਗਿਆ ਹੈ। ਮੈਂ ਅਕਾਲੀ ਭਰਾਵਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੋ ਕੁੱਝ ਪੁਲਿਸ ਨੇ ਇਨ੍ਹਾਂ ਦੇ ਨਿਜ਼ਾਮ ਵਿਚ ਇਨ੍ਹਾਂ ਦੀ ਸਰਕਾਰ ਦੇ ਵੇਲੇ ਕੀਤਾ, ਜੋ ਧੱਕੇ ਕੀਤੇ ਸੀ, ਉਸ ਗਲ ਦਾ ਚਰਚਾ ਰੋਜ਼ ਅਖ਼ਬਾਰਾਂ ਵਿਚ ਪੜ੍ਹਦੇ ਰਹੇ ਹਾਂ ਕਿ ਅੱਜ ਫਲਾਣੇ ਦੀ ਲੜਕੀ ਚੁਕੀ ਗਈ, ਅੱਜ ਇਹ ਹੋ ਗਿਆ, ਉਹ ਹੋ ਗਿਆ...(ਵਿਘਨ) ਇਹ ਅਫ਼ਸਰ ਹੀ ਸਨ ਜਿਨ੍ਹਾਂ ਨੇ ਆ ਕੇ ਇਸ ਪੰਜਾਬ ਦੇ ਮਾਹੌਲ ਨੂੰ ਠੀਕ ਕੀਤਾ ਹੈ। ਬਾਕੀ ਮੈਂ ਸ਼ਰਮਾ ਜੀ ਨੂੰ ਅਰਜ਼ ਕਰ ਦੇਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਇਸ ਤਿੰਨ ਮਹੀਨੇ ਦੇ ਬਜਟ ਵਿਚ ਸਿਰਫ਼ 22 ਲੱਖ ਰੁਪਏ ਸ਼ਹਿਰਾਂ ਵਾਸ਼ਤੇ ਰਖੇ ਹਨ। ਇਹ ਸ਼ਹਿਰਾਂ ਦੇ ਨਾਲ ਜ਼ਿਆਦਤੀ ਹੈ। 22 ਲਖ ਰੁਪਏ ਨਾਲ ਸ਼ਹਿਰਾਂ ਦੇ ਵਿਚ ਕੋਈ ਕੰਮ ਨਹੀਂ ਚੱਲ ਸਕਦਾ ਹੈ। ਮੈਂ ਦੱਸਦਾ ਹਾਂ ਕਿ ਜਲੰਧਰ ਮਿਉਂਸਪਲ ਕਮੇਟੀ ਦਾ 98 ਲੱਖ ਰੁਪਏ ਦਾ ਬਜਟ ਹੈ ਜਿਸ ਦੇ ਵਿਚੋਂ 88 ਲੱਖ ਰੁਪਏ ਤਾਂ ਵੈਸੇ ਹੀ ਖ਼ਰਚ ਹੋ ਜਾਂਦੇ ਹਨ, ਬਾਕੀ ਦੇ ਦਸ ਲੱਖ ਰੁਪਏ ਦੇ ਨਾਲ ਸ਼ਹਿਰ ਦੀ ਕੀ ਬਹਿਬੂਦੀ ਹੋ ਸਕਦੀ ਹੈ। ਇਸ ਵਾਸਤੇ ਸ਼ਹਿਰਾਂ ਦੀਆਂ ਮਿਉਂਸਪਲ ਕਮੇਟੀਆਂ ਦਾ

ਖਾਸ ਕਰਕੇ ਜਿਹੜੀਆਂ 'ਏ' ਕਲਾਸ ਦੀਆਂ ਜਾਂ 'ਬੀ' ਕਲਾਸ ਦੀਆਂ ਕਮੇਟੀਆਂ ਹਨ ਉਨਾਂ ਦਾ ਧਿਆਨ ਰੱਖਣਾ ਚਾਹੀਦਾ ਹੈ ਉਨ੍ਹਾਂ ਨੂੰ ਵੱਧ ਤੋਂ ਵੱਧ ਗਰਾਂਟਾਂ ਦੇਣੀਆਂ ਚਾਹੀਦੀਆਂ ਹਨ ਤਾਂ ਕਿ ਸ਼ਹਿਰਾਂ ਦੀ ਹਾਲਤ ਸੁਧਰ ਸਕੇ।

ਹੁਣ ਮੈਂ ਕੁੱਝ ਹਰੀਜਨ ਬਸਤੀਆਂ ਵਾਸਤੇ ਕਹਿਣਾ ਚਾਹੁੰਦਾ ਹਾਂ (ਵਿਘਨ) ਮੈਂ ਦੱਸਣਾ ਚਾਹੁੰਦਾ ਹਾਂ ਕਿ ਸ਼ਹਿਰਾਂ ਅਤੇ ਪਿੰਡਾਂ ਦੇ ਹਰੀਜਨਾਂ ਵਿਚ ਥੋੜ੍ਹਾ ਜਿਹਾ ਅਕਾਲੀ ਵਜ਼ਾਰਤ ਨੇ ਵਿਤਕਰਾ ਪਾਇਆ ਹੋਇਆ ਸੀ। ਜਿਹੜੇ ਹਰੀਜਨ ਪਿੰਡਾਂ ਵਿਚ ਰਹਿੰਦੇ ਸੀ ਉਨਾਂ ਨੂੰ ਧਰਮਸ਼ਲਾ ਦੇ ਦਿਤੀਆਂ, ਪਰ ਸ਼ਹਿਰਾਂ ਵਾਸਤੇ ਕੋਈ ਧਰਮਸ਼ਾਲਾ ਨਹੀਂ ਦਿਤੀ। (ਵਿਘਨ) ਮੈਂ ਇਨ੍ਹਾਂ ਨੂੰ ਚੈਲਿੰਜ ਕਰਦਾ ਹਾਂ ਕਿ ਇਕ ਵੀ ਇਹ ਸ਼ਹਿਰ ਵਿਚ ਬਣੀ ਹੋਈ ਧਰਮਸ਼ਾਲਾ ਸ਼ਾਬਤ ਕਰ ਦੇਣ। ਮੈਂ ਆਸ ਕਰਦਾ ਹਾਂ ਕਿ ਇਸ ਵਿਤਕਰੇ ਨੂੰ ਹੁਣ ਸਾਡੇ ਸ਼ਰਮਾ ਜੀ ਦੂਰ ਕਰ ਦੇਣਗੇ (ਵਿਘਨ) ਅਤੇ ਇਸ ਵੱਲ ਖਾਸ ਤੌਰ ਤੇ ਧਿਆਨ ਦੇਣਗੇ। (ਵਿਘਨ) ਪਹਿਲਾ ਵਿਤਕਰਾ ਤਾਂ ਸ਼ਹਿਰਾਂ ਦੇ ਹਰੀਜਨਾਂ ਨਾਲ ਇਹ ਕੀਤਾ ਕਿ (ਵਿਘਨ) ਜਿਹੜਾ ਹਰੀਜਨ ਕਿਸੇ ਮਕਾਨ ਵਿਚ, ਭਾਵੇਂ ਉਹ ਪੰਜਾ ਸਾਲਾਂ ਤੋਂ ਬੈਠਾ ਸੀ, ਭਾਵੇਂ ਦਸ ਸਾਲਾਂ ਤੋਂ ਬੈਠਾ ਸੀ, ਉਸ ਨੂੰ ਉਥੋਂ ਉਜਾੜ ਦਿਤਾ ਗਿਆ (ਵਿਘਨ)

ਸਰਦਾਰ ਅਜਾਂਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮੇਰਾ, ਖਿਆਲ ਹੈ ਕਿ ਆਨਰੇਬਲ ਮੈਂਬਰ ਸਾਹਿਬ ਪੜ੍ਹੇ ਲਿਖੇ ਹਨ, ਪਰ ਉਨ੍ਹਾਂ ਨੂੰ ਪੜ੍ਹਨ ਵਿਚ ਕੁਝ ਗਲਤੀ ਲਗ ਗਈ ਹੈ ਅਤੇ ਉਹ ਪੜ੍ਹਨ ਵੇਲੇ ਗਲਤ ਪੜ੍ਹਦੇ ਹਨ। ਪਤਾ ਨਹੀਂ ਉਨ੍ਹਾਂ ਦੀ ਜਾਣਕਾਰੀ ਕਿਉਂ ਨਹੀਂ ਕਰਾਈ, ਅਸੀਂ ਉਨ੍ਹਾਂ ਦੀ ਜਾਣਕਾਰੀ ਕਰਾਉਂਦੇ ਹਾਂ। ਅਸੀਂ ਸ਼ਹਿਰਾਂ ਦੇ ਵਿਚ ਵੀ ਧਰਮਸ਼ਾਲਾ ਬਣਾਈਆਂ ਹਨ (ਵਿਘਨ)

ਸ਼੍ਰੀ ਗੁਰਦਿਆਲ ਸੈਣੀ : ਇਸ ਤਰਾਂ ਇਨ੍ਹਾਂ ਨੇ ਜਿਸ ਤਰਾਂ ਸ਼ਹਿਰਾਂ ਤੇ ਪਿੰਡਾਂ ਵਿਚ ਧਰਮ-ਸ਼ਾਲਾ ਦਾ ਵਿਤਕਰਾ ਕੀਤਾ ਸੀ ਇਸੇ ਤਰਾਂ ਜਿਹੜੇ ਲੋਕ ਪਿੰਡਾਂ ਵਿਚ ਬੈਠੇ ਸੀ ਉਨਾਂ ਵਾਸਤੇ ਤਾਂ ਇਨ੍ਹਾਂ ਨੇ ਪਾਲੀਸੀਆਂ ਬਣਾਈਆਂ, ਪਰ ਜਿਹੜੇ ਹਰੀਜਨ ਭਰਾ ਸ਼ਹਿਰਾਂ ਵਿਚ ਭਾਵੇਂ ਉਹ ਕਿਸੇ ਥਾਂ ਤੇ 20 ਸਾਲਾਂ ਦੇ ਕਾਬਜ਼ ਸਨ ਉਨ੍ਹਾਂ ਵਾਸਤੇ ਕੋਈ ਪਾਲੀਸੀ ਤਹਿ ਨਹੀਂ ਕੀਤੀ। ਜਿਹੜੇ ਸ਼ਹਿਰਾਂ ਵਿਚ ਬੈਠੇ ਹਨ ਉਨਾਂ ਨੂੰ ਰਿਜ਼ਰਵ ਪ੍ਰਾਈਸ ਤੇ ਜਗ੍ਹਾ ਮਿਲਣੀ ਚਾਹੀਦੀ ਹੈ। (ਵਿਘਨ)

ਹੁਣ ਮੈਂ ਇਕ ਅਰਜ਼ ਜਲੰਧਰ ਸ਼ਹਿਰ ਦੇ ਬਾਰੇ ਕਰਨੀ ਚਾਹੁੰਦਾ ਹਾਂ। ਜਲੰਧਰ ਸ਼ਹਿਰ ਪੰਜਾਬ ਦਾ ਮੰਨਿਆ ਪਰ ਮੰਨਿਆ ਤੇ ਇਤਿਹਾਸਿਕ ਸ਼ਹਿਰ ਹੈ। ਉਸ ਦੇ ਬਾਰੇ ਵਿਚ ਮੈਂ ਸ਼ਰਮਾ ਜੀ ਨੂੰ ਇਕ ਅਰਜ਼ ਕਰਾਂਗਾ ਕਿ ਉਥੇ ਗੌਰਮਿੰਟ ਮੈਡੀਕਲ ਕਾਲਜ ਲਾਜ਼ਮੀ ਤੌਰ ਤੇ ਖੋਲਿਆ ਜਾਣਾ ਚਾਹੀਦਾ ਹੈ। ਉਥੇ ਡੀ. ਏ. ਵੀ. ਦੇ ਕਈ ਕਾਲਜ ਹਨ। ਉਥੇ ਸਾਡੇ ਸ਼ਹਿਰ ਵਾਸੀਆਂ ਦੀ ਡੀਮਾਂਡ ਹੈ ਕਿ ਉਥੇ ਦਯਾਨੰਦ ਯੂਨੀਵਰਸਿਟੀ ਲਾਜ਼ਮੀ ਤੌਰ ਤੇ ਬਣਾਉਣੀ ਚਾਹੀਦੀ ਹੈ। ਮੈਂ ਸ਼ਰਮਾ ਜੀ ਨੂੰ ਅਰਜ਼ ਕਰਾਂਗਾ ਕਿ ਉਹ ਇਸ ਪਾਸੇ ਜ਼ਰੂਰ ਧਿਆਨ ਦੇਣ (ਵਿਘਨ) ਉਥੇ ਦਾ ਜਿਹੜਾ ਹਸਪਤਾਲ ਹੈ ਉਹ ਸੰਨ 1934 ਦਾ ਬਣਿਆ ਹੋਇਆ ਹੈ। ਉਸ ਵੇਲੇ ਦਾ ਜਿਹੜਾ ਸਟਾਫ਼ ਉਥੇ ਅਲਾਟ ਕੀਤਾ ਗਿਆ ਸੀ ਉਹੀ ਹੀ ਹੁਣ ਤਾਈਂ ਚਲ ਰਹਾ ਹੈ ਕੋਈ ਸਟਾਫ਼ ਵਿਚ ਵਾਧਾ ਨਹੀਂ ਕੀਤਾ ਗਿਆ। ਮੈਂ ਅਰਜ਼ ਕਰਦਾ ਹਾਂ ਕਿ ਉਥੇ ਦੇ ਸਟਾਫ਼ ਵਧਾਉਣ ਵਾਸਤੇ ਅਤੇ ਹਸਪਤਾਲ ਦੀ ਐਕਸਟੈਨਸ਼ਨ ਵਾਸਤੇ ਲਾਜ਼ਮੀ ਤੌਰ ਤੇ ਧਿਆਨ ਦੇਣਾ ਚਾਹੀਦਾ ਹੈ। (ਵਿਘਨ) ਇਹ ਜਿਹੜੀ ਮੰਗ ਹੈ ਜਾਇਜ਼ ਮੰਗ ਹੈ।

ਇਕ ਗੱਲ ਮੈਂ ਭੀਖ-ਮੰਗਿਆਂ ਦੇ ਸਿਲਸਿਲੇ ਵਿਚ ਕਹਿਣੀ ਚਾਹੁੰਦਾ ਹਾਂ। ਉਥੇ ਕੋਈ 34 ਹਜ਼ਾਰ ਦੇ ਕਰੀਬ ਭੀਖਮੰਗੇ ਹਨ। ਉਹ ਉਜੜੇ ਮਕਾਨਾਂ ਵਿਚ ਬੈਠੇ ਹਨ। ਜਦੋਂ ਮੀਂਹ ਪੈਂਦਾ ਹੈ ਉਨ੍ਹਾਂ ਦੀ

[ਸ੍ਰੀ ਗੁਰਦਿਆਲ ਸੈਣੀ]
ਬਹੁਤ ਬੁਰੀ ਹਾਲਤ ਹੁੰਦੀ ਹੈ। ਉਨ੍ਹਾਂ ਵਾਸਤੇ ਛੋਟੇ ਛੋਟੇ ਕੁਆਰਟਰਜ਼ ਬਣਾਉਣੇ ਚਾਹੀਦੇ ਹਨ। ਮੈਂ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ ਜੋ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿਤਾ ਹੈ।

ਸਰਦਾਰ ਹਰਬੰਸ ਸਿੰਘ ਜਲਾਲ (ਫੂਲ): ਸਤਿਕਾਰ ਯੋਗ ਸਪੀਕਰ ਸਾਹਿਬ, ਜਦੋਂ ਵੀ ਕੋਈ ਬੋਲਣ ਲੱਗਾ ਹੈ ਮੇਰੇ ਵੀਰਾਂ ਨੇ ਬੜਾ ਰੌਲਾ ਪਾਇਆ ਹੈ। ਵੇਖਣ ਵਿਚ ਆਇਆ ਹੈ ਕਿ ਰੌਲਾ ਪਾਉਣ ਨੂੰ ਹੀ ਰੇਲੇਵੈਂਸੀ ਸਮਝਿਆ ਗਿਆ ਹੈ।

ਸ੍ਰੀ ਸਪੀਕਰ : ਤੁਹਾਨੂੰ ਅਪੋਜ਼ੀਸ਼ਨ ਵਿਚ ਬੈਠ ਕੇ ਇਹ ਸ਼ਬਦ ਸੋਭਾ ਨਹੀਂ ਦਿੰਦੇ। (It does not behove well to say such words while sitting in the opposition)

ਸਰਦਾਰ ਹਰਬੰਸ ਸਿੰਘ ਜਲਾਲ: ਇਹ ਠੀਕ ਹੈ ਕਿ ਇਹ ਗਲ ਅਪੋਜ਼ੀਸ਼ਨ ਉਤੇ ਲਾਗੂ ਹੁੰਦੀ ਹੈ ਅਤੇ ਮੈਂ ਆਪਣੇ ਵੀਰਾਂ ਨੂੰ ਵੀ ਬੇਨਤੀ ਕਰਾਂਗਾ ਕਿ ਜਦੋਂ ਉਹ ਕਿਸੇ ਵੀ ਮਦ ਤੇ ਬੋਲਣ ਤਾਂ ਰੇਲੇਵੈਂਟ ਹੋਣਾ ਚਾਹੀਦਾ ਹੈ (ਹਾਸਾ)

ਸਪੀਕਰ ਸਾਹਿਬ ਹੁਣ ਸਭ ਤੋਂ ਪਹਿਲਾਂ ਮੈਂ ਡੀਮਾਂਡ ਨੰਬਰ 6, ਸੱਬ ਹੈਡ 16 ਦੇ ਮਾਈਨਰ ਹੈਡ 3 ਦੀ ਆਈਟਮ ਬਾਰੇ ਜ਼ਿਕਰ ਕਰਨਾ ਚਾਹੁੰਦਾ ਹਾਂ। ਇਸ ਵਿਚ ਸਪੀਕਰ ਸਾਹਿਬ ਸਰਕਾਰ ਨੇ 8 ਲੱਖ ਤਿੰਨ ਹਜ਼ਾਰ ਰੁਪਏ ਮੰਗੇ ਹਨ ਜਿਹੜੇ ਕਿ ਇੰਟਰਸਟ ਵਜੋਂ ਖਰਚ ਕੀਤੇ ਗਏ ਹਨ। ਇਹ ਵਿਆਜ ਉਸ ਰਕਮ ਤੇ ਹੈ ਜਿਹੜੀ ਕਿ ਸਰਕਾਰ ਨੇ ਫੂਡ ਗਰੇਨਜ਼ ਨੂੰ ਖਰੀਦਣ ਵਾਸਤੇ ਖਰਚ ਕੀਤੀ ਹੈ।

ਸਪੀਕਰ ਸਾਹਿਬ ਮੇਰੀ ਬੇਨਤੀ ਹੈ ਕਿ ਉਹ ਮੂਲ ਧਨ ਜਿਸ ਉਪਰ ਇਤਨੀ ਜ਼ਿਆਦਾ ਰਕਮ ਵਿਆਜ ਵਜੋਂ ਖਰਚ ਕੀਤੀ ਗਈ ਹੋਵੇ ਕਿਤਨੀ ਹੋ ਸਕਦੀ ਹੈ। ਪਰ, ਸਪੀਕਰ ਸਾਹਿਬ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਫੂਡ ਗਰੇਨਜ਼ ਤੇ ਇਤਨੀ ਵੱਡੀ ਰਕਮ ਖਰਚ ਕਰਨ ਦੇ ਬਾਵਜੂਦ ਵੀ ਪੰਜਾਬ ਦਾ ਕਿਸਾਨ ਤਬਾਹ ਹੋਇਆ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਜਾਂ ਤਾਂ ਇਸ ਰਕਮ ਦਾ ਮਿਸਯੂਜ਼ ਹੋਇਆ ਹੈ ਜਾਂ ਇਹ ਰਕਮ ਕਿਸੇ ਹੋਰ ਪਾਸੇ ਖਰਚ ਕੀਤੀ ਗਈ ਹੈ। ਇਤਨੀ ਭਾਰੀ ਰਕਮ ਖਰਚ ਕਰਨ ਉਪ੍ਰੰਤ ਵੀ ਜਿਨਸ ਦੀ ਮੰਡੀਆਂ ਵਿਚ ਬੁਰੀ ਹਾਲਤ ਹੋਈ ਹੈ ਝੋਨਾ ਸੱਤ ਸੱਤ ਦਿਨ ਮੰਡੀਆਂ ਵਿਚ ਪਿਆ ਰੁਲਦਾ ਰਿਹਾ ਹੈ ਅਤੇ ਇਸੇ ਤਰ੍ਹਾਂ ਹੀ ਕਣਕ ਦੀਆਂ ਭਰੀਆਂ ਹੋਈਆਂ ਬੋਰੀਆਂ ਮੰਡੀਆਂ ਵਿਚ ਪੰਦਰਾਂ ਪੰਦਰਾਂ ਦਿਨ ਪਈਆਂ ਰਹੀਆਂ ਅਤੇ ਫਟ ਗਈਆਂ ਪਰ ਸਰਕਾਰ ਵਲੋਂ ਉਸ ਨੂੰ ਖਰੀਦਣ ਦਾ ਕੋਈ ਵੀ ਯੋਗ ਪ੍ਰਬੰਧ ਨਹੀਂ ਕੀਤਾ ਗਿਆ। ਸਪੀਕਰ ਸਾਹਿਬ, ਜਿੱਥੇ ਇਤਨੀ ਵੱਡੀ ਰਕਮ ਖਰਚ ਕਰਨ ਤੇ ਵੀ ਜੇਕਰ ਇਹ ਹਾਲਤ ਹੋਵੇ ਤਾਂ ਉਸ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਰਕਮ ਦੀ ਯੋਗ ਵਰਤੋਂ ਨਹੀਂ ਹੋਈ।

ਇਸ ਤਰ੍ਹਾਂ ਹੀ ਸਰਕਾਰ ਨੇ 7 ਲੱਖ 20 ਹਜ਼ਾਰ ਰੁਪਏ ਵਿਆਜ ਵਜੋਂ ਖਰਚੇ ਦੀ ਰਕਮ ਮੰਗੀ ਹੈ। ਇਸ਼ ਆਈਟਮ ਦਾ ਸਬੰਧ ਮੁਖਤਲਿਫ ਮੱਦਾਂ ਨਾਲ ਹੈ। ਇਸ ਰਕਮ ਵਿਚ ਪਛੜੀਆਂ ਸ਼੍ਰੇਣੀਆਂ, ਗਰੀਬ ਮਜ਼ਦੂਰਾਂ ਅਤੇ ਛੋਟੇ ਦੁਕਾਨਦਾਰਾਂ ਦਾ ਵੀ ਹਿੱਸਾ ਹੈ। ਸਪੀਕਰ ਸਾਹਿਬ, ਉਸ ਰਕਮ ਦਾ ਆਪ ਅੰਦਾਜ਼ਾ ਲਗਾ ਸਕਦੇ ਹੋ ਕਿ ਕਿਤਨੀ ਵੱਡੀ ਹੋ ਸਕਦੀ ਹੈ ਜਿਹੜੀ ਕਿ ਉਪ੍ਰੋਕਤ ਵਰਗਾਂ ਦੀ ਭਲਾਈ ਲਈ ਖਰਚ ਕੀਤੀ ਗਈ ਹੈ ਅਤੇ ਜਿਸ ਦਾ ਵਿਆਜ ਹੀ ਸਰਕਾਰ ਨੂੰ ਸੱਤ ਲੱਖ 20 ਹਜ਼ਾਰ ਰੁਪਏ ਦੇਣਾ ਪਿਆ ਹੈ। ਸਪੀਕਰ ਸਾਹਿਬ, ਮੈਂ ਇਹ ਜ਼ਿਕਰ ਕੀਤੇ ਬਗੈਰ ਨਹੀਂ ਰਹਿ ਸਕਦਾ ਕਿ ਜਿਹੜੀ ਆਰਥਕ ਤੌਰ ਤੇ ਬੁਰੀ ਹਾਲਤ ਉਨ੍ਹਾਂ ਲੋਕਾਂ ਦੀ ਜਿਨ੍ਹਾਂ ਦੀ ਭਲਾਈ ਲਈ ਕਿ ਇਹ ਭਾਰੀ ਰਕਮ ਖਰਚ ਕੀਤੀ ਗਈ ਸੀ, ਪਿਛਲੇ ਸਾਲ ਹੋਈ ਹੈ ਮੇਰਾ ਖਿਆਲ ਹੈ ਕਿ ਉਹ ਪਿਛਲੇ 20 ਸਾਲਾਂ ਦੇ ਸਮੇਂ ਵਿਚ ਕਦੇ ਵੀ ਨਹੀਂ ਹੋਈ ਹਵੇਗੀ।

ਸ੍ਰੀ ਸਪੀਕਰ: ਤੁਹਾਡਾ ਭਾਵ ਇਕ ਸਾਲ ਤੋਂ ਹੈ ਜੀ ?
(To which year is the hon'ble member referring?)

ਆਵਾਜ਼ਾਂ : ਪਿਛਲੇ ਨੌ ਮਹੀਨਿਆਂ ਤੋਂ (ਵਿਘਨ)

ਸਰਦਾਰ ਹਰਬੰਸ ਸਿੰਘ ਜਲਾਲ: ਮੇਰਾ ਭਾਵ, ਸਪੀਕਰ ਸਾਹਿਬ, ਪਿਛਲੇ ਸਾਲ ਤੋਂ ਹੈ ਜੀ।

ਸ੍ਰੀ ਸਪੀਕਰ: ਪਿਛਲੇ ਸਾਲ ਕਣਕ ਦੀ ਫ਼ਸਲ ਵੇਲੇ ਜੂਨ ਤਕ ਤੁਹਾਡੀ ਹੀ ਸਰਕਾਰ ਸੀ।
(Addressing Sardar Harbans Singh Jalal, your Government was in power in June last at the time of harvesting season.)

ਸਰਦਾਰ ਹਰਬੰਸ ਸਿੰਘ ਜਲਾਲ : ਸਪੀਕਰ ਸਾਹਿਬ, ਮੈਂ ਗਵਰਨਰ ਰਾਜ ਸ਼ੁਰੂ ਹੋਣ ਤੋਂ ਬਾਅਦ ਦੀ ਗੱਲ ਕਰਦਾ ਹਾਂ ਜਦੋਂ ਕਿ ਝੋਨੇ ਅਤੇ ਕਣਕ ਆਦਿ ਦੀਆਂ ਫ਼ਸਲਾਂ ਮੰਡੀ ਵਿਚ ਆਈਆਂ ਹਨ। ਮੇਰੀ ਬੇਨਤੀ ਹੈ ਕਿ ਜੇਕਰ ਇਤਨਾ ਖਰਚ ਕਰਨ ਤੇ ਵੀ ਇਹ ਭੈੜੀ ਹਾਲਤ ਹੈ ਤਾਂ ਪਤਾ ਨਹੀਂ ਇਸ ਪੰਜਾਬ ਦੇ ਸੂਬੇ ਦਾ ਕੀ ਬਣੇਗਾ।

ਇਸ ਤੋਂ ਅੱਗੇ ਮੈਂ ਡੀਮਾਂਡ ਨੰਬਰ 9 ਉਤੇ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਅਧੀਨ ਜੋ ਰਕਮ ਖਰਚ ਕੀਤੀ ਗਈ ਹੈ, ਜੋ ਗਵਰਨਰ ਸਾਹਿਬ ਨੂੰ ਮੈਡੀਕਲ ਸਹੂਲਤਾਂ ਦੇਣ ਵਾਸਤੇ ਹੈ ਇਹ ਬਹੁਤ ਜ਼ਿਆਦਾ ਹੈ ਜਦੋਂ ਕਿ ਉਹ ਪਹਿਲਾਂ ਹੀ ਕਾਫ਼ੀ ਸਹੂਲਤਾਂ ਅਵੇਲ ਕਰ ਰਹੇ ਹਨ, ਜਿਵੇਂ ਕਿ ਕੋਠੀ ਦੀ, ਪਾਣੀ ਬਿਜਲੀ ਦੀ ਆਦਿ ਤਾਂ ਉਨ੍ਹਾਂ ਨੂੰ ਹੋਰ ਕੋਈ ਇਸ ਤਰ੍ਹਾਂ ਦੀ ਸਹੂਲਤ ਦੇਣ ਦੀ ਲੋੜ ਨਹੀਂ ਸੀ। ਮੈਂ ਸਮਝਦਾ ਹਾਂ ਕਿ ਇਹ ਸਰਕਾਰ ਇਸ ਤਰ੍ਹਾਂ ਦੀਆਂ ਸਹੂਲਤਾਂ ਇਸ ਕਾਰਣ ਦੇ ਰਹੀ ਹੈ ਕਿਉਂਕਿ ਗਵਰਨਰ ਸਾਹਿਬ ਨੇ ਆਪਣੇ ਰਾਜ ਸਮੇਂ ਅਕਾਲੀ ਸਰਕਾਰ ਦੇ ਕੀਤੇ ਹੋਏ ਫੈਸਲੇ ਜਿਨ੍ਹਾਂ ਵਿਚ ਮੁਲਾਜ਼ਮਾਂ ਦੀ ਰੀਟਾਇਰ ਹੋਣ ਦੀ ਉਮਰ 58 ਸਾਲ ਤੋਂ ਘਟਾ ਕੇ 55 ਸਾਲ ਕਰਨ ਦਾ ਅਤੇ ਹੋਰ ਵੀ ਅਜਿਹੇ ਲੋਕ ਭਲਾਈ ਦੇ ਫੈਸਲੇ ਰੱਦ ਕਰ ਦਿੱਤੇ ਹਨ। ਪਰ, ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਸ ਤਰ੍ਹਾਂ ਦੇ ਭਾਰੀ ਫੰਡ ਮਿਸਯੂਜ਼ ਹੋਣਗੇ।

ਸਪੀਕਰ ਸਾਹਿਬ, ਮੈਂ ਆਪ ਜੀ ਦਾ ਧਿਆਨ ਡੀਮਾਂਡ ਨੰਬਰ 20 ਵੱਲ ਦਵਾਉਣਾ ਚਾਹੁੰਦਾ ਹਾਂ। ਇਸ ਵਿਚ ਸਿਰਫ 620 ਰੁਪਏ ਹੀ ਮੰਗੇ ਗਏ ਹਨ। ਇਹ ਕਿਸਾਨਾਂ ਅਤੇ, ਛਟੇ ਕਮਿਸ਼ਨ ਏਜੰਟਾਂ ਵਾਸਤੇ ਅਤੇ ਮਜ਼ਦੂਰਾਂ ਵਾਸਤੇ ਇਹ ਰਕਮ ਬਹੁਤ ਥੋਹੜੀ ਹੈ। ਸਪੀਕਰ ਸਾਹਿਬ, ਜਦੋਂ ਇੰਡਸਟਰੀ ਦਾ ਸਵਾਲ ਆਇਆ ਤਾਂ ਇਸ ਸਰਕਾਰ ਨੇ ਡੇਢ ਕਰੋੜ ਰੁਪੈ ਮੰਗ ਲਏ ਹਨ। ਇਹ ਡੀਮਾਂਡ ਨੰਬਰ 51 ਹੈ। ਸਪੀਕਰ ਸਾਹਿਬ, ਮੈਨੂੰ ਇਸ ਗੱਲ ਦੀ ਬੜੀ ਹੈਰਾਨੀ ਹੁੰਦੀ ਹੈ ਕਿ ਇਹ ਸਰਕਾਰ ਜਿਹੜੀ ਕਿ ਸੋਸ਼ਲਿਜ਼ਮ ਦੀ ਦਾਅਵੇਦਾਰ ਬਣਦੀ ਹੈ ਇਸ ਨੇ ਇਨਡਸਟਰੀ ਵਾਸਤੇ ਤਾਂ ਡੇਢ ਕਰੋੜ ਰੁਪਏ ਰੱਖੇ ਪਰ ਜੋ ਛੋਟਾ ਕਿਸਾਨ ਹੈ, ਜੋ ਛੋਟਾ ਕਮਿਸ਼ਨ ਏਜੰਟ ਹੈ, ਜੋ ਮਜ਼ਦੂਰ ਹੈ ਅਤੇ ਸਹੀ ਮਾਨਿਆਂ ਵਿਚ ਦੇਸ਼ ਦੀ ਜਾਨ ਹੈ, ਉਸ ਲਈ ਕੇਵਲ 620 ਰੁਪਏ ਰੱਖੇ ਹਨ।

ਸਪੀਕਰ ਸਾਹਿਬ ਡੀਮਾਂਡ ਨੰਬਰ 22 ਕੁਆਪਰੇਸ਼ਨ ਦੇ ਨਾਲ ਸੰਬੰਧ ਰਖਦੀ ਹੈ। ਇਸ ਵਿਚ 90 ਹਜ਼ਾਰ ਰੁਪਏ ਰੱਖੇ ਗਏ ਹਨ। ਸਪੀਕਰ ਸਾਹਿਬ ਇਸ ਮਹਿਕਮੇ ਦੀਆਂ ਅੱਗੇ ਵੀ ਬਹੁਤ ਸਾਰੀਆਂ ਸ਼ਕਾਇਤਾਂ ਮਿਲੀਆਂ ਹਨ ਅਤੇ ਜੋ ਇਸ ਮਹਿਕਮੇਂ ਨੇ ਲੁੱਟ ਪਾਈ ਹੋਈ ਹੈ ਉਹ ਮੈਂ ਬਿਆਨ ਨਹੀਂ ਕਰ ਸਕਦਾ। ਸਪੀਕਰ ਸਾਹਿਬ, ਮੈਂ ਸਿਰਫ ਕੁਆਪਰੇਟਿਵ ਮਾਰਕਿਟਿੰਗ ਸੁਸਾਇਟੀ, ਰਾਮਪੁਰਾ ਫੂਲ ਦੀ ਹੀ ਗੱਲ ਦੱਸਦਾ ਹਾਂ। ਉਥੇ ਦੇ ਮੈਨੇਜਰ ਜੋ ਭਾਰੀ ਗਬਨ ਕੀਤੇ ਹਨ। ਇਸ ਮਸਲੇ ਨੂੰ ਸਰਕਾਰ ਦੇ ਨੋਟਿਸ ਵਿਚ ਵੀ ਲਿਆਂਦਾ ਗਿਆ ਪਰ ਕੋਈ ਐਕਸ਼ਨ ਨਹੀਂ ਹੋਇਆ।

ਸ੍ਰੀ ਸਪੀਕਰ : ਉਨ੍ਹਾਂ ਸੋਸਾਇਟੀਆਂ ਵਿਚ ਤਾਂ ਡਾਇਰੈਕਟਰਾਂ ਪਾਸ ਹੀ ਸਾਰੀਆਂ ਪਾਵਰਜ਼ ਹੁੰਦੀਆਂ ਹਨ। ਜੇਕਰ ਇਹ ਕੰਮ ਡਾਇਰੈਕਟਰ ਆਪ ਨਹੀਂ ਕਰ ਸਕਦੇ ਤਾਂ ਉਸ ਦੀ ਜ਼ਿਮੇਵਾਰੀ ਸਰਕਾਰ ਉਤੇ ਕਿਉਂ ਪਾਉਂਦੇ ਹੋ। ਮੇਰਾ ਖਿਆਲ ਹੈ ਕਿ ਤੁਸੀਂ ਵੀ ਉਸ ਸੁਸਾਇਟੀ ਦੇ ਡਾਇਰੈਕਟਰ ਹੋਵੋਗੇ। (All powers vest in the Directors of these societies. When the Directors themselves cannot set these matters right they may blame the Government. I think the hon. member is also a Director of that society.)

ਸਰਦਾਰ ਹਰਬੰਸ ਸਿੰਘ ਜਲਾਲ : ਮੈਂ ਸਪੀਕਰ ਸਾਹਿਬ, ਡਾਇਰੈਕਟਰ ਤਾਂ ਜ਼ਰੂਰ ਹਾਂ ਪਰ ਮੇਰੀ ਬੇਨਤੀ ਹੈ ਕਿ ਅਜੇਹੀਆਂ ਸੁਸਾਇਟੀਆਂ ਦੀਆਂ ਸਾਰੀਆਂ ਪਾਵਰਜ਼ ਮੈਨੇਜਿੰਗ ਡਾਇਰੈਕਟਰ ਪਾਸ ਹੀ ਹੁੰਦੀਆਂ ਹਨ ਜਿਹੜਾ ਕਿ ਇਕ ਸਰਕਾਰੀ ਅਫ਼ਸਰ ਹੁੰਦਾ ਹੈ। ਇਸ ਲਈ ਇਹ ਕੰਮ ਸਰਕਾਰ ਦਾ ਹੋ ਜਾਂਦਾ ਹੈ ਕਿ ਉਹ ਅਜਿਹੇ ਕੇਸਾਂ ਵਿਚ ਐਕਸ਼ਨ ਲਵੇ। ਸਪੀਕਰ ਸਾਹਿਬ, ਜਦੋਂ ਉਥੇ ਸਟਾਕ ਵੈਰੀਫੀਕੇਸ਼ਨ ਹੋ ਰਹੀ ਸੀ ਤਾਂ ਉਥੋਂ ਦੇ ਮੈਨੇਜਰ ਦੀ ਟ੍ਰਾਂਸਫਰ ਹੋਈ ਸੀ ਪਰ ਉਸ ਨੇ ਤਿੰਨ ਮਹੀਨੇ ਹੀ ਚਾਰਜ ਨਹੀਂ ਦਿੱਤਾ। ਰੂਲਜ਼ ਦੇ ਅਨੁਸਾਰ ਉਸ ਨੂੰ ਤਿੰਨ ਦਿਨਾਂ ਦੇ ਅੰਦਰ ਅੰਦਰ ਚਾਰਜ ਦੇ ਦੇਣਾ ਚਾਹੀਦਾ ਸੀ। ਫਿਰ ਸਪੀਕਰ ਸਾਹਿਬ, ਜਦੋਂ ਉਸ ਦੀ ਮੁਕਤਸਰ ਦੀ ਟ੍ਰਾਂਸਫਰ ਹੋ ਗਈ ਸੀ ਅਤੇ ਉਹ ਚਾਰਜ ਦੇ ਗਿਆ ਸੀ ਤਾਂ ਦੁਬਾਰਾ ਉਸ ਨੂੰ ਫਿਰ ਇਲੈਕਸ਼ਨਾਂ ਤੋਂ ਪੰਦਰਾਂ ਦਿਨ ਪਹਿਲਾਂ ਵਾਪਸ ਲਿਆਂਦਾ ਗਿਆ। ਸਪੀਕਰ ਸਾਹਿਬ, ਉਸ ਦੇ ਖਿਲਾਫ ਸੱਤ ਕੇਸਿਜ਼ ਹਨ ਇਮਬੇਜ਼ਲਮੈਂਟ ਦੇ ਅਤੇ ਉਹ ਚਾਰ ਵਾਰ ਅਰੈਸਟ ਵੀ ਹੋ ਚੁਕਿਆ ਹੈ। ਸਪੀਕਰ ਸਾਹਿਬ, ਉਹ ਸਾਰੇ ਕੇਸ ਦੱਬੇ ਪਏ ਹਨ। ਇਸ ਲਈ ਮੇਰੀ ਬੇਨਤੀ ਹੈ ਕਿ ਸਰਕਾਰ ਨੂੰ ਇਸ ਮਸਲੇ ਵਲ ਧਿਆਨ ਦੇਣਾ ਚਾਹੀਦਾ ਹੈ ਇਹ ਕੋਈ ਛੋਟਾ ਮਸਲਾ ਨਹੀਂ। ਸਰਕਾਰ ਨੂੰ ਇਹ ਵੀ ਦੇਖਣਾ ਚਾਹੀਦਾ ਹੈ ਕਿ ਜਿਹੜੀ ਹੁਣ 90 ਹਜ਼ਾਰ ਰੁਪਏ ਦੀ ਰਕਮ ਇਸ ਕੋਅਪਰੇਸ਼ਨ ਦੇ ਮਹਿਕਮੇ ਲਈ ਰਖੀ ਹੈ ਉਹ ਵੀ ਮਿਸਯੂਜ਼ ਨਾ ਹੋਵੇ।

ਸਪੀਕਰ ਸਾਹਿਬ ਮੈਂ ਤੁਹਾਡਾ ਧਿਆਨ ਡੀਮਾਂਡ ਨੰ: 39 ਵੱਲ ਦਿਵਾਉਣਾ ਚਾਹੁੰਦਾ ਹਾਂ। ਤਕਰੀਬਨ 7,50,00,000 ਰੁਪਿਆ ਰੀਫਿਊਜੀਆਂ ਨੂੰ ਰੀਲੀਫ ਦੇ ਤੌਰ ਤੇ ਦਿੱਤਾ ਗਿਆ ਹੈ। ਇਹ ਬੜੀ ਚੰਗੀ ਚੀਜ਼ ਹੈ। ਇਹ ਰਕਮ ਜਿਤਨੀ ਵੱਧ ਹੋ ਸਕਦੀ ਸੀ ਚੰਗੀ ਸੀ। ਪਰੰਤੂ ਅਫਸੋਸ ਦੀ ਗੱਲ ਹੈ ਕਿ ਜਿਹੜਾ ਰੀਲੀਫ ਦੇਣ ਦਾ ਢੰਗ ਹੈ ਉਹ ਕਾਬਿਲੇ-ਇਤਰਾਜ਼ ਹੈ। ਪਿਛਲੇ 9 ਮਹੀਨਿਆਂ ਤੋਂ, ਸਾਰੇ ਗਵਰਨਰੀ ਰਾਜ ਵਿਚ ਇਹ ਮਹਿਸੂਸ ਕੀਤਾ ਗਿਆ ਸੀ ਕਿ ਚੋਣਾਂ ਆ ਰਹੀਆਂ ਹਨ। ਇਹ ਰਲੀਫ ਇਨ੍ਹਾਂ ਜੋ ਸੌਦੇਬਾਜ਼ੀ ਤੇ ਦਿੱਤਾ ਹੈ। ਜਿਨ੍ਹਾਂ ਨੇ ਇਹ ਵਿਸ਼ਵਾਸ ਦਿਵਾਇਆ ਕਿ ਅਸੀਂ ਤੁਹਾਡੇ ਨਾਲ ਹਾਂ ਉਨ੍ਹਾਂ ਨੂੰ ਰੀਲੀਫ ਦਿੱਤਾ ਗਿਆ ਹੈ। ਇਸ ਦੇ ਵਿਰੁੱਧ ਇੱਕ ਨਹੀਂ ਬਲਕਿ ਸੈਂਕੜੇ ਦਰਖਾਸਤਾਂ ਪਈਆਂ ਹਨ ਜਿਨ੍ਹਾਂ ਵਿਚ ਬੇਇਨਸਾਫੀ ਦੇ ਵਿਰੁੱਧ ਆਵਾਜ਼ ਉਠਾਈ ਗਈ ਹੈ। ਜਿਹੜੇ ਸਿਆਸਤ ਨਾਲ ਸਬੰਧ ਰਖਦੇ ਹਨ ਉਨ੍ਹਾਂ ਨੂੰ ਇਹ ਰੀਲੀਫ ਦਿਵਾਇਆ ਗਿਆ। ਇਸ ਢੰਗ ਨਾਲ ਇਸ ਫੰਡ ਦੀ ਗਲਤ ਵਰਤੋਂ ਕੀਤੀ ਗਈ ਹੈ। ਮੈਂ ਅਰਜ਼ ਕਰਾਂਗਾ ਕਿ ਇਸ ਤਰ੍ਹਾਂ ਦੀਆਂ ਇਸ ਮੌਕੇ ਉਤੇ ਘਟਨਾਵਾਂ ਨਹੀਂ ਹੋਣੀਆਂ ਚਾਹੀਦੀਆਂ।

ਮੇਰੀ ਦੂਸਰੀ ਅਰਜ਼ ਹੈ ਕੰਟਰੀਬਿਯੂਸ਼ਨ ਫਾਰ ਬੰਗਲਾ ਦੇਸ਼ ਦੇ ਬਾਰੇ ਵਿਚ ਇਹ ਕੰਟਰੀ-ਬਿਯੂਸ਼ਨ ਵੀ ਜਿਤਨੀ ਵੱਧ ਤੋਂ ਵੱਧ ਹੋ ਸਕੇ, ਬੜੀ ਚੰਗੀ ਗੱਲ ਹੈ। ਪਰ ਕੰਟਰੀਬਿਯੂਸ਼ਨ ਨੂੰ ਇਕੱਠਾ ਕਰਨ ਦਾ ਢੰਗ ਬੜਾ ਗਲਤ ਹੈ। ਇਹ ਕੰਟਰੀਬਿਯੂਸ਼ਨ ਕਿਸੇ ਇੰਡੀਵਿਜੂਅਲ ਨੂੰ ਖੁਸ਼ ਕਰਨ ਦੀ ਖਾਤਰ ਦਿੱਤੀ ਗਈ ਹੈ। ਇਹ ਰੁਪਿਆ ਪੁਲੀਟੀਕਲ ਸਟੇਜਾਂ ਉਤੇ ਥੈਲੀ ਦੇ ਰੂਪ ਵਿਚ ਦਿੱਤਾ ਗਿਆ

ਹੈ। ਇਹ ਕਾਬਲੇ-ਇਤਰਾਜ਼ ਗੱਲ ਹੈ। ਇਨ੍ਹਾਂ ਗੱਲਾਂ ਦੇ ਨਾਲ ਮੈਂ ਖਿਮਾਂ ਦਾ ਜਾਚਕ ਹਾਂ। ਨਵਾਂ ਮੈਂਬਰ ਹੋਣ ਕਰਕੇ ਜੇ ਕੋਈ ਅਯੋਗ ਸ਼ਬਦ ਵਰਤਿਆ ਗਿਆ ਹੋਵੇ ਤਾਂ ਮੁਆਫ਼ੀ ਚਾਹੁੰਦਾ ਹਾਂ।

ਸ੍ਰੀ ਹੰਸ ਰਾਜ ਸ਼ਰਮਾ (ਵਿੱਤ ਮੰਤਰੀ): ਸਪੀਕਰ ਸਾਹਿਬ, ਮਾਨਯੋਗ ਮੈਂਬਰਾਂ ਨੇ ਮੇਰਾ ਬਹੁਤ ਸਾਰਾ ਕੰਮ ਆਸਾਨ ਕਰ ਦਿੱਤਾ ਹੈ ਕਿਉਂਕਿ ਥੋੜ੍ਹੇ ਹੀ ਮੈਂਬਰ ਸਪਲੀਮੈਂਟਰੀ ਐਸਟੀਮੇਟਸ ਤੇ ਬੋਲੇ ਹਨ। ਜਿਥੋਂ ਤਕ ਇਨ੍ਹਾਂ ਸਪਲੀਮੈਂਟਰੀ ਡੀਮਾਂਡਜ਼ ਦਾ ਤੁਅੱਲਕ ਹੈ, ਲੱਗ-ਭਗ 54 ਕਰੋੜ 82 ਲੱਖ ਰੁਪਿਆ ਇਸ ਐਪਰੋਪਰੀਏਸ਼ਨ ਬਿਲ ਦੇ ਰੂਪ ਵਿਚ ਪੇਸ਼ ਕੀਤਾ ਹੈ। ਇਸ ਦੇ ਵਿਚ ਨੈਟ ਇਫੈਕਟ ਜਿਹੜਾ ਸਾਡੇ ਤੇ ਪੈਣਾ ਹੈ ਉਹ 4 ਕਰੋੜ 92 ਲੱਖ ਹੈ। ਬਾਕੀ ਜਿਨਾਂ ਖਰਚ ਹੈ ਇਨ੍ਹਾਂ ਡੀਮਾਂਡਾਂ ਵਿਚ ਜਿਹੜੀਆਂ ਕਿ ਮਾਨਯੋਗ ਮੈਂਬਰਾਂ ਨੇ ਪੜ੍ਹੀਆਂ ਹੋਣਗੀਆਂ ਉਹ ਹੈ ਪੁਲਿਸ ਲਈ 22 ਲੱਖ ਰੁਪਏ। ਬਾਰਡਰ ਦੇ ਉੱਤੇ ਟੈਨਸ਼ਨ ਹੋਣ ਨਾਲ ਹੋਮਗਾਰਡ ਵਗੈਰਾ ਨੂੰ ਜਿਹੜੀਆਂ ਕਿ ਬਾਰਡਰ ਤੇ ਕੰਮ ਕਰਦੀ ਹੈ ਜ਼ਿਆਦਾ ਅਲਾਊਂਸ ਅਤੇ ਵਰਦੀਆਂ ਦੇਣ ਦੇ ਸਿਲਸਿਲੇ ਵਿਚ ਇਸ ਦੌਰਾਨ ਖਰਚ ਹੋਇਆ ਹੈ। ਇਹ ਜਿਹੜਾ ਸਾਰਾ ਪਿਛੇ ਖਰਚ ਹੋਇਆ ਹੈ ਇਹ ਹਾਊਸ ਦੀ ਮੰਜ਼ੂਰੀ ਲੈਣ ਵਾਸਤੇ ਇਸ ਨੂੰ ਲਿਆਉਣਾ ਜ਼ਰੂਰੀ ਹੁੰਦਾ ਹੈ। ਇਰੀਗੇਸ਼ਨ ਤੇ 2 ਕਰੋੜ 17 ਲੱਖ ਹੈ। ਇਸੇ ਤਰ੍ਹਾਂ ਪਬਲਿਕ ਵਰਕਸ ਤੇ 12 ਕਰੋੜ ਰੁਪਿਆ ਹੈ। ਟਰਾਂਸਪੋਰਟ ਤੇ ਅੰਦਾਜ਼ਨ 3 ਕਰੋੜ ਰੁਪਿਆ, ਇਸੇ ਤਰ੍ਹਾਂ ਹੀ ਪੈਨਸ਼ਨਾਂ ਲਈ ਅਤੇ ਮਿਸਲੇਨਿਅਸ ਖਰਚ ਹੈ। ਇਹ ਸਾਰੀਆਂ ਉਹ ਆਈਟਮਜ਼ ਹਨ ਜਿਹੜੀਆਂ ਕਿ ਸਾਨੂੰ ਸਦਨ ਦੇ ਸਾਹਮਣੇ ਰਖਣੀਆਂ ਬਹੁਤ ਜ਼ਰੂਰੀ ਸਨ। ਕੁਝ ਕੇਸਿਜ਼ ਵਿਚ ਸਿਰਫ ਟਰਾਂਸਫਰ ਐਂਟਰੀਆਂ ਕਰਨੀਆਂ ਹਨ, ਕੁਝ ਐਸੀਆਂ ਹਨ, ਜਿਹੜਾ ਕਿ ਗੌਰਮਿੰਟ ਆਫ ਇੰਡੀਆ ਤੋਂ ਪੈਸਾ ਲਿਆ ਹੈ ਉਹ ਵਾਪਸ ਕੀਤਾ ਹੈ। ਇਸ ਸ਼ਕਲ ਨਾਲ ਇਹ ਸਾਰੀਆਂ ਡੀਮਾਂਡਜ਼ ਤੁਹਾਡੀ ਸੇਵਾ ਵਿਚ ਰੱਖੀਆਂ ਹਨ। ਲੇਕਿਨ ਡਿਪਟੀ ਲੀਡਰ ਆਫ ਆਪੋਜ਼ੀਸ਼ਨ ਜਿਹੜੇ ਹਨ, ਇਨ੍ਹਾਂ ਦੀ ਆਦਤ ਹੈ ਕਿ ਕੁਝ ਨਾ ਕੁਝ ਮਜ਼ਾਕਖੇਜ਼ ਔਰ ਦਿਲਚਸਪ ਗੱਲ ਕਰਨ। ਜਿਥੋਂ ਤੱਕ ਟੈਕਸਾਂ ਦੇ ਸਬੰਧ ਵਿਚ ਦੁਬਾਰਾ ਸੁਆਲ ਲਿਆਂਦਾ ਗਿਆ ਹੈ, ਇਥੇ ਸਪੀਕਰ ਸਾਹਿਬ, ਤੁਹਾਡੀ ਗੈਰ-ਹਾਜ਼ਰੀ ਵਿਚ ਇਨ੍ਹਾਂ ਨੇ ਕਿਹਾ ਸੀ ਕਿ ਅਸੀਂ ਕੋਈ ਟੈਕਸ ਨਹੀਂ ਲਾਇਆ ਸੀ ਅਕਾਲੀ ਰਾਜ ਵਿਚ ਮੈਂ ਆਂਕੜੇ ਇਕੱਠੇ ਕਰਵਾਏ ਹਨ। 1967 ਤੋਂ 1972 ਤੱਕ 29 ਕਰੋੜ ਰੁਪਏ ਦੇ ਟੈਕਸ ਪੰਜਾਬ ਦੀ ਜਨਤਾ ਤੇ ਲਗਾਏ ਗਏ ਸਨ। ਇਹ ਗਲ ਬਿਲਕੁਲ ਗਲਤ ਹੈ ਕਿ ਟੈਕਸ ਨਹੀਂ ਲਗਾਏ ਗਏ ਸਨ। ਇੰਡਾਇਰੈਕਟ ਅਤੇ ਡਾਇਰੈਕਟ ਟੈਕਸ ਦੋਨੋਂ ਲਗਾਏ ਸਨ। (ਵਿਘਨ) ਮੇਰੇ ਕੋਲ ਡੀਟੇਲਜ਼ ਹਨ। ਜਿਸ ਵੇਲੇ ਵੇਖਣਾ ਚਾਹੁਣ ਦੇਖ ਸਕਦੇ ਹਨ। ਸਪੀਕਰ ਸਾਹਿਬ ਦੋ ਮਾਨਯੋਗ ਮੈਂਬਰਾਂ ਨੇ ਗਵਰਨਰਜ਼ ਹਾਊਸ-ਹੋਲਡ ਵਲ ਧਿਆਨ ਦਿਵਾਇਆ ਹੈ, ਜਿਸ ਤਰ੍ਹਾਂ ਕਿ ਸਦਨ ਦੇ ਮੈਂਬਰਾਂ ਨੂੰ ਬਖੂਬੀ ਪੱਤਾ ਹੈ ਕਿ ਗਵਰਨਰ ਦੇ ਜਿਹੜੇ ਅਖਰਾਜਾਤ ਹਨ ਉਨ੍ਹਾਂ ਤੇ ਅਸੀਂ ਬਹਿਸ ਨਹੀਂ ਕਰਦੇ। ਲੇਕਿਨ ਫਿਰ ਵੀ ਜਿਹੜੀਆਂ ਇਨ੍ਹਾਂ ਨੇ ਸੁਜੈਸ਼ਨਜ਼ ਦਿੱਤੀਆਂ ਹਨ, ਉਸ ਦੇ ਬਾਰੇ ਵਿਚ ਮੈਂ ਇਨ੍ਹਾਂ ਦੀ ਸੇਵਾ ਵਿਚ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਸੈਂਟਰ ਦੀ ਗੌਰਮਿੰਟ ਨੇ ਇੱਕ ਕਮੇਟੀ ਰਾਸ਼ਟਰਪਤੀ ਦੀ ਆਗਿਆ ਨਾਲ ਜ਼ਰੂਰ ਬਣਾਈ ਹੈ ਕਿ ਗਵਰਨਰਜ਼ ਦੇ ਜੋ ਹਾਊਸ-ਹੋਲਡਜ਼ ਹਨ ਉਨ੍ਹਾਂ ਵਿਚ ਜਿਹੜੇ ਇਕਾਨੋਮੀ ਦੇ ਮਈਅਰਜ਼ ਹੋ ਸਕਦੇ ਹਨ, ਬਚਤ ਹੋ ਸਕਦੀ ਹੈ, ਉਹ ਸੁਜੈਸਟ ਕਰਨ। ਮੈਨੂੰ ਆਸ ਹੈ ਕਿ ਉਸ ਕਮੇਟੀ ਦੀ ਰਿਪੋਰਟ ਦੇ ਮਿਲਣ ਤੋਂ ਬਾਦ ਇਸ ਸਬੰਧ ਵਿਚ ਖਰਚ ਕਾਫੀ ਘਟੇਗਾ। ਜਿਥੋਂ ਤਕ ਵ੍ਹੀਟ ਅਤੇ ਕਾਟਨ ਦੀ ਪ੍ਰਾਈਸ ਦਾ ਤੁਅੱਲਕ ਹੈ, ਉਸ ਦਾ ਜ਼ਿਕਰ ਕਾਫੀ ਇਸ ਪਾਸੇ ਵਲੋਂ ਵੀ, ਤੇ ਸਾਹਮਣੇ ਦੀਆਂ ਬੈਚਾਂ ਤੇ ਬੈਠੇ ਮੈਂਬਰਾਂ ਵਲੋਂ ਵੀ, ਆਇਆ ਹੈ। ਵ੍ਹੀਟ ਦੇ ਬਾਰੇ ਵਿਚ ਚੀਫ ਮਨਿਸਟਰ ਸਾਹਿਬ ਦਾ ਬਿਆਨ ਆ ਗਿਆ ਹੈ। ਉਹ ਇਹ ਕਿ ਚੀਫ ਮਨਿਸਟਰਜ਼ ਕਾਨਫਰੰਸ ਵਿਚ ਪੂਰਾ ਯਤਨ ਕਰਨਗੇ ਕਿ

[ਵਿੱਤ ਮੰਤਰੀ]

ਵ੍ਹੀਟ ਦੀ ਕੀਮਤ ਕੰਮ ਮੁਕੱਰਰ ਨਾ ਹੋਵੇ। ਜਿਥੋਂ ਤਕ ਕਾਟਨ ਦਾ ਸਬੰਧ ਹੈ, ਸਪੀਕਰ ਸਾਹਿਬ, ਇਸ ਦੇ ਮੁਤੱਲਕ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਅਸੀਂ ਦਿੱਲੀ ਵਿਚ ਪਿਛਲੇ ਦਿਨਾਂ ਵਿਚ ਜਿਹੜੇ ਕਨਸਰੰਡ ਆਫੀਸਰਜ਼ ਹਨ ਉਨ੍ਹਾਂ ਨਾਲ ਗੱਲ ਬਾਤ ਕੀਤੀ ਹੈ ਅਤੇ ਅੱਜ ਅਖਬਾਰਾਂ ਵਿੱਚ ਤੁਸੀਂ ਵੇਖਿਆ ਹੋਵੇਗਾ ਕਿ ਗੌਰਮਿੰਟ ਆਫ ਇੰਡੀਆ ਵਲੋਂ ਇਹ ਆਇਆ ਹੈ ਕਿ ਉਹ ਕਾਟਨ ਨੂੰ ਖਰੀਦਣ ਦੇ ਬਾਰੇ ਔਰ ਕਾਟਨ ਦੀ ਮੁਨਾਸਿਬ ਕੀਮਤ ਮੁਕਰਰ ਕਰਨ ਦੇ ਬਾਰੇ ਵਿਚ ਬਹੁਤ ਜਲਦ ਡਿਸੀਜ਼ਨ ਲੈ ਰਹੀ ਹੈ। ਜਿਹੜਾ ਪੰਜਾਬ ਦਾ ਕਿਸਾਨ ਕਾਟਨ ਦੀ ਉਪਜ ਕਰਦਾ ਹੈ ਅਤੇ ਜਿਹੜਾ ਫੋਰਨ ਐਕਸਚੇਂਜ ਬਚਾਉਂਦਾ ਹੈ ਅਤੇ ਬਾਰਡਰ ਦੇ ਇਲਾਕਿਆਂ ਦਾ ਕਿਸਾਨ ਹੈ ਉਸਨੂੰ ਕੋਈ ਤਕਲੀਫ ਨਾ ਹੋਵੇ ਇਸ ਲਈ ਗੌਰਮਿੰਟ ਪੂਰਾ ਯਤਨ ਕਰੇਗੀ। ਇਸ ਦੇ ਨਾਲ ਹੀ ਕੁਝ ਮੈਂਬਰ ਸਾਹਿਬਾਨ ਨੇ ਆਪਣੇ ਹਲਕਿਆਂ ਦੇ ਬਾਰੇ ਵਿਚ ਧਿਆਨ ਦਿਵਾਇਆ ਹੈ ਅਤੇ ਜਿਹੜੀਆਂ ਉਨ੍ਹਾਂ ਦੇ ਇਲਾਕਿਆਂ ਦੀਆਂ ਪ੍ਰਾਬਲਮਜ਼ ਹਨ ਉਨ੍ਹਾਂ ਦਾ ਜ਼ਿਕਰ ਕੀਤਾ ਹੈ। ਮੈਂ ਉਨ੍ਹਾਂ ਨੂੰ ਅਰਜ਼ ਕਰਾਂਗਾ ਕਿ ਉਨ੍ਹਾਂ ਨੂੰ ਗਵਰਨਰ ਐਡਰਸ ਤੇ ਕਾਫੀ ਮੌਕਾ ਮਿਲਣਾ ਹੈ। ਮੈਂ ਉਨ੍ਹਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਜਿਹੜੇ ਸੁਝਾਉ ਮਾਨਯੋਗ ਮੈਂਬਰਾਂ ਨੇ ਆਪਣੇ ਆਪਣੇ ਹਲਕਿਆਂ ਦੇ ਬਾਰੇ ਦਿੱਤੇ ਹਨ ਅਤੇ ਸੁਜੈਸ਼ਨਜ਼ ਦਿੱਤੀਆਂ ਹਨ ਅਤੇ ਕਈ ਬੈਕਵਰਡ ਇਲਾਕਿਆਂ ਅਤੇ ਜਿਹੜੇ ਇਲਾਕੇ ਪਛੜੇ ਰਹਿ ਗਏ ਹਨ, ਇਹ ਜਿਹੜੀਆਂ ਰਕਮਾਂ ਰੱਖੀਆਂ ਗਈਆਂ ਹਨ ਇਨ੍ਹਾਂ ਨੂੰ ਹੋਰ ਐਸੀ ਤਰਤੀਬ ਦੇਵਾਂਗੇ ਜਿਸ ਨਾਲ ਕਾਫੀ ਬੈਕਵਰਡਨੈਸ ਹਟੇ। ਜਿਨ੍ਹਾਂ ਦੇ ਹਲਕਿਆਂ ਦੇ ਕੰਮ ਪਿਛਲੀ ਸਰਕਾਰ ਨਹੀਂ ਕਰਨਾ ਚਾਹੁੰਦੀ ਸੀ ਜਾਂ ਨਹੀਂ ਕਰ ਸਕਦੀ ਸੀ, ਉਸ ਕੰਮ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। (ਤਾੜੀਆਂ)।

ਦੂਸਰੀ ਗਲ ਇਹ ਹੈ ਕਿ ਆਪੋਜ਼ੀਸ਼ਨ ਵਿਚੋਂ ਹਰ ਮਾਨਯੋਗ ਮੈਂਬਰ ਨੇ ਹਰੀਜਨਾਂ ਦੇ ਲਈ ਬਹੁਤ ਪਿਆਰ ਦਿਖਾਇਆ ਹੈ। ਮੈਂ ਉਨ੍ਹਾਂ ਦਾ ਬੜਾ ਮਸ਼ਕੂਰ ਹਾਂ ਕਿ ਉਨ੍ਹਾਂ ਦਾ ਹਰੀਜਨਾਂ ਦੇ ਲਈ ਪਿਆਰ ਬੜੀ ਦੇਰ ਬਾਦ ਜਾਗਿਆ ਹੈ। ਲੇਕਿਨ ਮੈਂ ਇਹ ਦੱਸਣਾ ਚਾਹੁੰਦਾ ਹਾਂ ਸਪੀਕਰ ਸਾਹਿਬ, ਤੁਹਾਡੀ ਵਸਾਤਤ ਨਾਲ ਸਕਾਲਰਸ਼ਿਪਸ ਇਤਨੇ ਕਰ ਦਿੱਤੇ ਹਨ, ਜਿਸ ਤਰ੍ਹਾਂ ਮੈਂ ਪਹਿਲਾਂ ਅਰਜ਼ ਕੀਤੀ ਸੀ। 1 ਕਰੋੜ 30 ਲੱਖ ਰੁਪਿਆ ਸਕਾਲਰਸ਼ਿਪ ਲਈ ਪਲਾਨਡ ਐਕਸਪੈਂਡੀਚਰ ਵਿਚ ਰਖਿਆ ਗਿਆ ਹੈ। ਧਰਮਸ਼ਾਲਾਂ ਲਈ 28 ਲੱਖ ਰੁਪਿਆ ਜਿਹੜਾ ਰੱਖਿਆ ਹੈ ਉਹ ਜ਼ਰੂਰ ਥੋੜਾ ਹੈ. ਜਿਸ ਦਾ ਮੈਂ ਜ਼ਿਕਰ ਕਰ ਚੁੱਕਾ ਹਾਂ, ਇਹ 25 ਲੱਖ ਨਹੀਂ 50 ਲੱਖ ਨਹੀਂ ਬਲਕਿ ਜਿਤਨੀਆਂ ਅਸੀਂ ਧਰਮਸ਼ਾਲਾਂ ਬਣਾ ਸਕਾਂਗੇ ਉਨ੍ਹਾਂ ਰੁਪਿਆ ਅਸੀਂ ਪੈਦਾ ਕਰ ਸਕਦੇ ਹਾਂ ਸਾਡੇ ਕੋਲ ਹਰੀਜਨਾਂ ਦੀਆਂ ਧਰਮਸ਼ਾਲਾਂ ਦੀ ਖਾਤਰ ਕਾਫੀ ਪੈਸਾ ਹੈ।

ਇਕ ਹੋਰ ਗਲ ਦੇ ਬਾਰੇ ਵਿਚ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਇਥੇ ਹਰੀਜਨਾਂ ਦੀ ਕਾਰਪੋਰੇਸ਼ਨ ਦੇ ਬਾਰੇ ਵਿਚ ਜ਼ਿਕਰ ਕੀਤਾ ਗਿਆ ਹੈ। ਇਸ ਦੇ ਵਾਸਤੇ ਜਿਹੜਾ ਰੁਪਿਆ ਰਖਿਆ ਗਿਆ ਸੀ ਉਸ ਵਿਚੋਂ 80 ਲੱਖ ਰੁਪਿਆ ਬਚਦਾ ਹੈ ਇਹ ਰਕਮ ਬਾਕੀ ਹੈ ਜਿਹੜੀ ਕਿ ਖਰਚ ਨਹੀਂ ਸੀ ਕੀਤੀ ਜਾ ਸਕੀ। ਇਸ ਵਿਚ ਹੁਣ ਅਸੀਂ ਹੋਰ 90 ਲੱਖ ਰੁਪਏ ਦੀ ਰਕਮ ਪਾਈ ਹੈ ਅਤੇ ਇਹ ਕੁਲ 1.70 ਕਰੋੜ ਦੀ ਰਕਮ ਅੱਜ ਵੀ ਹਰੀਜਨ ਕਾਰਪੋਰੇਸ਼ਨ ਦੇ ਪਾਸ ਹੈ। ਅਤੇ ਇਹ ਹਰੀਜਨਾਂ ਨੂੰ ਕਰਜ਼ੇ ਦੇ ਰੂਪ ਵਿਚ ਦਿੱਤੀ ਜਾਣੀ ਹੈ। (ਪ੍ਰਸ਼ੰਸਾ)

ਇਸ ਵਿਚ ਕੋਈ ਸ਼ੁਭਾ ਨਹੀਂ, ਸਪੀਕਰ ਸਾਹਿਬ, ਕੁਝ ਇਲਾਕੇ ਅਜਿਹੇ ਹਨ ਜਿਹੜੇ ਪਛੜੇ ਹੋਏ ਹਨ ਅਤੇ ਬੈਕਵਰਡ ਰਹਿ ਗਏ ਹਨ ਅਤੇ ਸਾਰੇ ਮੈਂਬਰ ਸਾਹਿਬਾਨ ਜਾਣਦੇ ਹਨ ਅਤੇ ਸਾਰਿਆਂ

ਦੀ ਹਮਦਰਦੀ ਇਨ੍ਹਾਂ ਦੇ ਨਾਲ ਹੈ। ਇਨ੍ਹਾਂ ਦੀ ਤਰੱਕੀ ਵਾਸਤੇ ਇਹ ਸਰਕਾਰ ਕੋਈ ਕਸਰ ਨਹੀਂ ਰੱਖੇਗੀ। ਇਸ ਲਈ ਜਿੰਨੀਆਂ ਫਿਗਰਜ਼ ਰਖੀਆਂ ਗਈਆਂ ਹਨ ਇਨ੍ਹਾਂ ਤੋਂ ਘਬਰਾਣ ਦੀ ਲੋੜ ਨਹੀਂ ਜਿਵੇਂ ਕਿ ਮੈਂ ਕੱਲ੍ਹ ਵੀ ਅਰਜ਼ ਕੀਤੀ ਸੀ, ਇਨ੍ਹਾਂ ਫਿਗਰਜ਼ ਵਿਚ ਕਿਸੇ ਤਰ੍ਹਾਂ ਵੀ ਪਿਛਲੇ ਸਾਲਾਂ ਨਾਲੋਂ ਕਮੀ ਨਹੀਂ ਰਖੀ ਗਈ।

ਮੈਂ ਆਸ ਕਰਦਾ ਹਾਂ ਕਿ ਹਾਊਸ ਇਸ ਬਿੱਲ ਨੂੰ ਪਾਸ ਕਰੇਗਾ। ਥੈਂਕ ਯੂ।

Mr. Speaker : Question is—

That the Punjab Appropriation Bill 1972 be taken into consideration at once.

The motion was carried.

Mr. Speaker : Now the House will proceed to consider the Bill clause by clause.

Clause 2

Mr. Speaker : Now clause 2 is before the House.

(No Member rose to speak)

Mr. Speaker : Question is—

That Clause 2 stand part of the Bill.

The Motion was carried.

Clause 3

Mr. Speaker : Now clause 3 is before the House.

(No Member rose to speak) .

Mr. Speaker : Question is—

That Clause 3 stand part of the Bill.

The Motion was carried.

Schedule

Mr. Speaker : Now Schedule is before the House.

(No Member rose to speak).

Mr. Speaker : Question is—

That the Schedule stand part of the Bill.

The Motion was carried.

Clause 1

Mr. Speaker : Now Clause 1 is before the House.

(No Member rose to speak).

Mr. Speaker : Question is—

That Clause 1 stand part of the Bill.

The Motion was carried.

Title

Mr. Speaker : Now Title is before the House.

Mr. Speaker: Question is—

That Title be the Title of the Bill.

The Motion was carried.

Minister for Finance : Sir, I beg to move—

That the Punjab Appropriation Bill, 1972 be passed.

Mr. Speaker : Motion moved—

That Punjab Appropriation Bill, 1972 be passed.

Mr. Speaker : Question is—

That the Punjab Appropriation Bill, 1972 be passed.

The Motion was carried.

*

Mr. Speaker : The House stands adjounred till 9.00 A.M. on Thursday, the 30th March, 1972.

*

(*5.14 P.M.) (The Sabha then adjourned till 9.00 A.M. on Thursday, the 30th March, 1972).

3359/PVS—Govt. Press, Chd.

Published under the authority of the Punjab Vidhan Sabha and printed by the Controller, Printing & Stationery Deptt., U.T., Chandigarh.

PUNJAB VIDHAN SABHA
DEBATES

30th March, 1972

Vol. I—No. 7

OFFICIAL REPORT

CONTENTS

Thursday, the 30th March, 1972

Punjab Vidhan Sabha Secretariat, Chandigarh.

Price : 4.70

ERRATA

To

PUNJAB VIDHAN SABHA DEBATES

Vol I- No. 7

Dated the 30th March, 1972.

Read	For	Page	Line
ਵਿਚਾਰਧਾਰਾ	ਵਿਚਾਰਾਧਾਰਾ	(7) 8	18
heart-felt	hear-felt	(7) 10	19
ਬਾਲ ਬੱਚਿਆਂ	ਬਾਲ ਬੱਚਿਅ	(7) 12	7
ਪਾਰਟੀਆਂ	ਪਾ ਟੀਆ	(7) 14	15
ਮਨਿਸਟਰ ਸਾਹਿਬ	ਮਿ ਸਟਰ ਸਾਹਿਬ	(7) 16	11th from below
ਮਾਲੂਮ	ਮਲਮ	(7) 45	last
ਬਿਲਕੁਲ	ਬਿਲਕੁਵ	(7) 53	6
ਬਿਰਾਜਮਾਨ	ਬਿਰ ਜਾਨ	(7) 61	7
ਚਿੰਤਾ	ਚਿਤਾ	(7) 72	6th from below
ਆਫ਼ੀਸਰਜ਼	ਆਫੀ ਰਜ਼	(7) 78	13th from below
ਕੁਝ	ਚੁਝ	(7) 80	16
ਪਾੜ੍ਹਈ	ਪੜ੍ਹਾ ੀ	(7) 80	4th from below

PUNJAB VIDHAN SABHA

Thursday, the 30th March, 1972

The Vidhan Sabha met in the Punjab Vidhan Sabha Hall, Vidhan Bhavan, Sector-1, Chandigarh, at 9.00 A. M. of the Clock. Mr. Speaker (Sardar Darbara Singh) in the Chair

---

CALL ATTENTION NOTICES UNDER RULE 66.

ਸ੍ਰੀ ਸਪੀਕਰ : ਕਾਲ ਅਟੈਨਸ਼ਨ ਮੋਸ਼ਨਜ਼ । (Now the House will take up Call Attention Notices).

ਸਿਖਿਆ ਮੰਤਰੀ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਅਗਰ ਤੁਹਾਡੀ ਇਜਾਜ਼ਤ ਹੋਵੇ, ਹਾਊਸ ਦੀ ਇਜਾਜ਼ਤ ਹੋਵੇ ਤਾਂ ਆਫੀਸ਼ੀਅਲ ਰੇਜ਼ੋਲਿਊਸ਼ਨ ਟੇਕ ਅਪ ਕਰਨ ਤੋਂ ਪਹਿਲਾਂ ਬੰਗਲਾ ਦੇਸ਼ ਦੇ ਮੁਤਾਲਿਕ ਰੇਜ਼ੋਲਿਊਸ਼ਨ ਲੈ ਲਿਆ ਜਾਵੇ । ਇਸ ਤੇ ਕੋਈ ਬਹੁਤੀਆਂ ਸਪੀਚਿਜ਼ ਵੀ ਨਹੀਂ ਹੋਣੀਆਂ ਅਤੇ ਬਾਅਦ ਵਿਚ ਆਫ਼ੀਸ਼ੀਅਲ ਰੇਜ਼ੋਲਿਊਸ਼ਨ ਨੂੰ ਡਿਸਕਸ ਕਰਨ ਲਈ ਵੀ ਕਾਫ਼ੀ ਸਮਾਂ ਮਿਲ ਜਾਵੇਗਾ । (ਵਿਘਨ) ਬਾਦ ਵਿਚ ਵੀ ਆਫੀਸ਼ੀਅਲ ਰੇਜ਼ੋਲਿਊਸ਼ਨ ਨੂੰ ਡਿਸਕਸ ਕਰਨ ਲਈ ਖੁਲ੍ਹਾ ਟਾਈਮ ਮਿਲ ਸਕਦਾ ਹੈ ।

ਸ੍ਰੀ ਸਪੀਕਰ : ਜੇ ਹਾਊਸ ਐਗਰੀ ਕਰੇ ਤਾਂ ਪਹਿਲਾਂ ਬੰਗਲਾ ਦੇਸ਼ ਵਾਲਾ ਰੇਜ਼ੋਲਿਊਸ਼ਨ ਟੇਕ ਅਪ ਕੀਤਾ ਜਾਵੇ । (If the House agrees, we may take up the Resolution on Bangla Desh first.)

ਆਵਾਜ਼ਾਂ : ਹਾਂ ਜੀ ।

Mr. Speaker : Call Attention Notice No. 34.

ਸਿਖਿਆ ਮੰਤਰੀ : ਸਪੀਕਰ ਸਾਹਿਬ, ਮੈਂ ਬਿਜ਼ਨਸ ਐਡਵਾਇਜ਼ਰੀ ਕਮੇਟੀ ਦੇ ਵਿਚ ਵੀ ਰਿਕੁਐਸਟ ਕੀਤੀ ਸੀ ਕਿ ਜੇਕਰ ਕਾਲ ਅਟੈਨਸ਼ਨ ਨੋਟਿਸ ਦੀ ਇਕ ਇਕ ਕਾਪੀ ਸਬੰਧਤ ਮਨਿਸਟਰ ਨੂੰ, ਅਤੇ ਸੈਕਟਰੀ ਪਾਰਲੀਮੈਂਟਰੀ ਅਫੇਅਰਜ਼ ਨੂੰ ਦੇ ਦਿਤੀ ਜਾਇਆ ਕਰੇ ਤਾਂ ਪਹਿਲਾਂ ਹੀ ਵੇਖ ਕੇ ਹਾਊਸ ਵਿਚ ਜਵਾਬ ਦਿੱਤਾ ਜਾ ਸਕਦਾ ਹੈ ਅਤੇ ਇਸ ਤਰ੍ਹਾਂ ਕਾਫੀ ਕੰਮ ਘਟ ਸਕਦਾ ਹੈ ।

ਸ੍ਰੀ ਸਪੀਕਰ : ਠੀਕ ਹੈ, ਇਹ ਕਰ ਦਿੱਤਾ ਜਾਵੇਗਾ । (All right, it will be done).

(Serial No. 34)

Comrade Achhra Singh : Sir, I beg to draw the attention of the Government towards the matter of urgent public importance, namely, in the border district of Gurdaspur-Dhariwal Town has not been included within 10 miles belt of international border though the SDO/XEN Panchayati Raj have given out that APK Road UEDC Bridge falling in the centre of the town fell within 10 miles of international border.

Hundreds of Government employees are suffering deprivation of border allowance towards house rent @ 7½ percent on their salaries.

The Deputy Commissioner Gurdaspur has wrongly rejected representations made in this behalf. This has led to serious and large scale public discontentment.

In view of the obvious and urgent importance of the matter the Government may please be asked to make a statement in the House.

ਸ੍ਰੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ । (Admitted. The hon. Minister concerned may please make a statement.)

————

(Serial No. 40)

Comrade Satya Pal Dang : Sir, I beg to draw the attention of the Government towards a matter of urgent public importance, namely, since 12th January, 1972 Labour Court Ludhiana is without Presiding Officer because earlier incumbent Sh. Sewa Singh retired on 11th January, 1972. Nearly 2000 references are pending in this Court. Half of these cases are already three to four years old. Inordinate delay in disposal of old references had already been causing uneasy situation, failure of timely appointment of a suitable incumbent has added fuel to the fire of resentment among large body of Industrial workers of the State as well as of those workers who actually belong to State of Uttar Pradesh but who come to Punjab to work for short durations.

In view of the obvious and urgent public importance of the matter, the Government may please be asked to make a statement in the House.

ਸ੍ਰੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । (Admitted. The hon. Minister concerned may please make a statement.)

————

(Serial No. 42)

Doctor Amir Singh Kalkat : Sir, I beg to draw the attention of the Government towards a matter of urgent public importance, namely, Urmar Tanda Municipality is enjoying sound financial position and for this reason House-tax in this Municipality should not be imposed and if decision to impose it has already been taken, then that decision should be withdrawn, as has already been promised by the previous Government. This is, therefore, an important matter being brought to notice through this Call Attention Motion. The Minister concerned should make a statement on this important matter.

ਸ੍ਰੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ । (Admitted. The Minister concerned may please make a statement)

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਜਵਾਬ ਚਾਹੁੰਦਾ ਹਾਂ ਕਿ ਆਇਆ ਉਨ੍ਹਾਂ ਦਾ ਵਿਚਾਰ ਹੈ ਕਿ ਇਸ ਪਾਸੇ ਸਪੈਸ਼ਲ ਯਤਨ ਕੀਤਾ ਜਾਵੇਗਾ ਕਿਉਂ ਜੋ ਉੜਮੜ ਟਾਂਡਾ ਮਿਉਂਸੀਪਲ ਕਮੇਟੀ ਹੈ, ਇਹ ਇਕ ਬੈਕਵਰਡ ਏਰੀਆ ਦੀ ਕਮੇਟੀ ਹੈ । ਇਸ ਲਈ ਕੀ ਵਜ਼ੀਰ ਸਾਹਿਬ ਹਾਊਸ ਵਿਚ ਕੋਈ ਯਕੀਨ ਦਿਵਾਉਣਗੇ ਕਿ ਹਾਊਸ ਟੈਕਸ ਦਾ ਉਹੀ ਪੁਰਾਣਾ ਦਰ ਰਹਿਣ ਦਿਤਾ ਜਾਵੇਗਾ ?

ਸ੍ਰੀ ਸਪੀਕਰ : ਤੁਸੀਂ ਤਾਂ ਸਟੇਟਮੈਂਟ ਮੰਗੀ ਸੀ ਜਿਹੜੀ ਕਿ ਦੇ ਦਿੱਤੀ ਜਾਵੇਗੀ । (You had sought for a statement which would be given in due course of time).

ਰਾਜ ਮੰਤਰੀ, ਸਥਾਨਕ ਸਰਕਾਰ (ਸ੍ਰੀ ਜੋਗਿੰਦਰ ਪਾਲ ਪਾਂਡੇ) : ਮੈਂ ਇਸ ਦਾ ਜਵਾਬ ਇਥੇ ਹੀ ਦੇ ਦੇਂਦਾ ਹਾਂ । ਸੈਂਟਰਲ ਕੌਂਸਲ ਆਫ ਲੋਕਲ ਸੈਲਫ ਗਵਰਨਮੈਂਟ (1963) ਵਲੋਂ ਮੰਤਰੀਆਂ ਦੀ ਬਣਾਈ ਗਈ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਮੁੱਖ ਰਖਦਿਆਂ, ਬਾਬਤ ਸ਼ਹਿਰੀ ਸਥਾਨਕ ਸੰਸਥਾਵਾਂ ਦੀ ਮਾਲੀ ਸਾਧਨਾਂ ਦੀ ਸਮਸਿਆ ਨੂੰ ਸੁਲਝਾਉਣ ਲਈ, ਸਰਕਾਰ ਨੇ ਸਾਰੀਆਂ ਨਗਰ ਪਾਲਕਾਵਾਂ ਵਿਖੇ ਜਿਥੇ ਹਾਲੇ ਤੱਕ ਹਾਊਸ ਟੈਕਸ ਨਹੀਂ ਲਗਾਇਆ ਗਿਆ । ਘੱਟੋ ਘੱਟ 10% ਦੀ ਦਰ ਤੇ ਲਗਾਉਣ ਦੇ ਆਦੇਸ਼ ਦਿੱਤੇ । ਅਤੇ ਜਿਹੜੀਆਂ ਨਗਰ ਪਾਲਕਾਵਾਂ 10% ਤੋਂ ਘਟ ਦਰ ਤੇ ਹਾਊਸ ਟੈਕਸ ਲਗਾ ਰਹੀਆਂ ਸਨ ਉਨ੍ਹਾਂ ਨੂੰ 10% ਦਰ ਕਰਨ ਲਈ ਆਖਿਆ ਚੂੰਕਿ ਨਗਰਪਾਲਕਾ, ਉੜਮੁੜ ਟਾਂਡਾ ਦਾ ਮਾਲੀਆ, ਵਧ ਰਹੇ ਖਰਚੇ ਵਾਸਤੇ ਵਿਕਾਸ ਯੋਜਨਾਵਾਂ ਉਥੋਂ ਦੇ ਲੋਕਾਂ ਨੂੰ ਵਧੇਰੇ ਸ਼ਹਿਰੀ ਸਹੂਲਤਾਂ ਦੇਣ ਲਈ ਘੱਟ ਹੈ । ਇਸ ਕਰਕੇ ਸਰਕਾਰ ਨੇ ਆਪਣੇ ਅਧਿਕਾਰਾਂ ਦੀ ਵਰਤੋਂ ਅਧੀਨ ਦਫਾ 62-ਏ ਪੜ੍ਹਿਆ ਗਿਆ ਨਾਲ ਦਫਾ 61, ਪੰਜਾਬ ਨਗਰਪਾਲਕਾ ਐਕਟ, 1911, ਕਰਦੇ ਹੋਏ ਹਾਊਸ ਟੈਕਸ ਦੀ ਦਰ ਇਕ ਜਨਵਰੀ 1971 ਤੋਂ 7½% ਤੋਂ 10% ਕਰ ਦਿੱਤੀ ਹੈ, ਜਿਹੜਾ ਕਿ ਮਾਲਕ ਮਕਾਨਾਂ ਅਤੇ ਜ਼ਮੀਨ ਵੱਲੋਂ ਦਿੱਤਾ ਜਾਣਾ ਹੈ । ਕਿਉਂਕਿ ਇਸ ਟੈਕਸ ਤੋਂ ਉਗਰਾਹੀ ਗਈ ਰਕਮ ਉਥੋਂ ਦੇ ਵਸਨੀਕਾਂ ਨੂੰ ਵਧੇਰੇ ਸ਼ਹਿਰੀ ਸਹੂਲਤਾਂ ਦੇਣ ਲਈ ਖਰਚੀ ਜਾਂਦੀ ਹੈ, ਇਸ ਕਰਕੇ ਹਾਊਸ ਟੈਕਸ ਦਾ ਇਸ ਪੱਧਰ ਤੇ ਹਟਾਇਆ ਜਾਣਾ ਆਮ ਜਨਤਾ ਦੇ ਹਿਤ ਵਿੱਚ ਨਹੀਂ ਹੋਵੇਗਾ ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਤੁਹਾਡੀ ਰੂਲਿੰਗ ਇਸ ਗੱਲ ਤੇ ਚਾਹੁੰਦਾ ਹਾਂ ਕਿ ਕੀ ਕੋਈ ਮੈਂਬਰ ਹਾਊਸ ਵਿਚ ਬੈਠ ਕੇ ਕੁਝ ਖਾ ਸਕਦਾ ਹੈ ? ਤੁਸੀਂ ਵੇਖੋ ਚੀਫ ਮਨਿਸਟਰ ਸਾਹਿਬ ਜੇਬ੍ਹ ਵਿਚੋਂ ਕਢ ਕੇ ਕੁਝ ਖਾਈ ਜਾ ਰਹੇ ਹਨ ।

ਵਿਕਾਸ ਮੰਤਰੀ : ਕੜ੍ਹਾ ਪ੍ਰਸ਼ਾਦ ਹੁੰਦਾ ਤਾਂ ਸਾਰਿਆਂ ਵਿਚ ਵੰਡ ਦੇਂਦੇ । ਸਪੀਕਰ ਸਾਹਿਬ, ਉਹ ਤਾਂ ਲਾਇਚੀ ਖਾ ਰਹੇ ਹਨ । (ਹਾਸਾ)

————

(Serial No. 44)

Chaudhri Sunder Singh : Sir, I beg to draw the attention of the Government towards a matter of urgent public importance, namely, the Government has given liberal grants to villages on the Indo-Pakistan border, which had been adversely affected because of the war in December, 1971. But about 25 villages in Pathankot tehsil, etc. Muthi Manwal, Janial, Ramkalwan, Kohlian, Jainpur, Akhwara, Bhawal, Jattan, Bahadurpur, Narot Jaimal Singh, Talur, Fatehpur, Antur, Sunderchak Mehta, etc., have not been given any grant-in-aid even though these 25 villages suffered a great deal because of the Indo-Pakistan war. These villages are in a very backward area and are badly affected due to war and grant ought to be given to them. Hence this Call Attention Motion.

Mr. Speaker : Admitted. The hon. Minister concerned may please make a statement.

———

(Serial No. 47)

Doctor Amir Singh Kalkat : Sir, I beg to draw the attention of the Government towards a matter of urgent public importance, namely, the Punjab State Electricity Board is demanding from all the consumers of electricity of this State an additional security of Rs. 20/- per consumer, over and above the security already deposited with the Board This is causing great resentment amongst the consumers in the State. Hence this Call Attention Motion.

Mr. Speaker : Admitted. The hon. Minister concerned may please make a statement.

(Serial No. 48)

Sardar Gurcharan Singh (Nihal Singh Wala) : Sir, I beg to draw the attention of the Government towards a matter of urgent public importance, namely, it has become very common amongst the police officers to catch Partridges (Titar) through Harijans by net which is a cruel mass eradication of Partridges whereby they commit offence against the wild life. This cruelty to birds need to be stopped forth-with. The Government should make a statement.

Mr. Speaker : Admitted. The hon. Minister concerned may please make a statement).

————

ਖੇਤੀ ਬਾੜੀ ਮੰਤਰੀ : ਸਪੀਕਰ ਸਾਹਿਬ, ਇਹ ਨਹੀਂ (ਵਿਘਨ) ਇਨ੍ਹਾਂ ਨੇ ਕਬੂਤਰ ਨਹੀਂ ਤਿੱਤਰ ਕਹੇ ਹਨ। (ਹਾਸਾ)

ਸਰਦਾਰ ਧੰਨਾ ਸਿੰਘ ਗੁਲਸ਼ਨ : ਕਿਤੇ ਇੱਲਾਂ ਹੀ ਨਾ ਹੋਣ। (ਹਾਸਾ)

ਵਿਕਾਸ ਮੰਤਰੀ : ਜੇ ਤੁਹਾਡਾ ਰਾਜ ਹੁੰਦਾ ਤਾਂ ਸ਼ਾਇਦ ਇੱਲਾਂ ਹੀ ਹੁੰਦੀਆਂ ਪਰ ਹੁਣ ਤਿੱਤਰ ਹੀ ਹਨ। (ਹਾਸਾ) ਸਪੀਕਰ ਸਾਹਿਬ, ਇਹ ਇਕ ਜਨਰਲ ਨੇਚਰ ਦੀ ਕਾਲ ਅਟੈਨਸ਼ਨ ਮੋਸ਼ਨ ਹੈ। ਇਸ ਬਾਰੇ ਇਹ ਹੀ ਕਹਿ ਸਕਦਾ ਹਾਂ ਕਿ ਅਗੇ ਤਾਂ ਜੋ ਕੁਝ ਹੋ ਗਿਆ, ਉਹ ਹੋ ਗਿਆ ਪਰ ਹੁਣ ਤੋਂ ਜੋ ਵਾਈਲਡ ਲਾਈਫ਼ ਪ੍ਰੋਟੈਕਸ਼ਨ ਐਕਟ ਹੈ ਉਸ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇਗਾ।

ਸਰਦਾਰ ਗੁਰਚਰਨ ਸਿੰਘ (ਨਿਹਾਲ ਸਿੰਘ ਵਾਲਾ) : ਸਪੀਕਰ ਸਾਹਿਬ, ਮੈਂ ਇਸ ਤੇ ਇਕ ਕੁਐਸ਼ਚਨ ਪੁਛਣਾ ਹੈ। ਕੀ ਇਨ੍ਹਾਂ ਨੂੰ ਪਤਾ ਹੈ ਕਿ ਉਥੇ ਥਾਣੇ ਵਿਚ ਹਰੀਜਨਾਂ ਨੂੰ ਬੁਲਾ ਕੇ ਉਨ੍ਹਾਂ ਤੋਂ ਸੈਂਕੜੇ ਦੀ ਤਾਦਾਦ ਵਿਚ ਤਿੱਤਰ ਪਕੜਵਾ ਕੇ ਆਈ. ਜੀ. ਅਤੇ ਡੀ. ਆਈ. ਜੀ ਨੂੰ ਭੇਜੇ ਜਾਂਦੇ ਹਨ? (ਵਿਘਨ)

ਵਿਕਾਸ ਮੰਤਰੀ : ਇਹ ਸੁਆਲ ਇਰੈਲੇਵੈਂਟ ਹੈ। (ਵਿਘਨ)

ਸਰਦਾਰ ਗੁਰਚਰਨ ਸਿੰਘ (ਨਿਹਾਲ ਸਿੰਘ ਵਾਲਾ) : ਇਰੈਲੇਵੈਂਟ ਕਿਸ ਤਰ੍ਹਾਂ ਹੈ? (ਵਿਰੋਧੀ ਪੱਖ ਵਲੋਂ ਥੰਪਿੰਗ)

Mr. Speaker : Not allowed.

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਇਨ੍ਹਾਂ ਨੇ ਕਾਲ ਅਟੈਨਸ਼ਨ ਮੋਸ਼ਨ ਵਿਚ ਹਰੀਜਨਾਂ ਤੇ ਜ਼ੁਲਮਾਂ ਦੀ ਗੱਲ ਕੀਤੀ ਸੀ ਪਰ ਇਹ ਤਿੱਤਰਾਂ ਦੀ ਗੱਲ ਲੈ ਬੈਠੇ ਹਨ।

ਸ੍ਰੀ ਸਪੀਕਰ : ਮੁੱਖ ਮੰਤਰੀ ਸਾਹਿਬ ਹੁਣ ਬੰਗਲਾ ਦੇਸ਼ ਬਾਰੇ ਰੈਜ਼ੋਲਿਊਸ਼ਨ ਮੂਵ ਕਰਨਗੇ। (Now the Chief Minister will move the Resolution on Bangla Desh.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਬਾਕੀ ਦੀਆਂ ਕਾਲ ਅਟੈਨਸ਼ਨ ਮੋਸ਼ਨਾਂ ਦਾ ਕੀ ਬਣਿਆ ਹੈ?

ਸ੍ਰੀ ਸਪੀਕਰ : ਉਹ ਦਿਤੀਆਂ ਕਦੋਂ ਸਨ? (When were the call Attention Notices given?)

ਕਾਮਰੇਡ ਸੱਤ ਪਾਲ ਡਾਂਗ : ਉਹ ਪਰਸੋਂ ਦਿੱਤੀਆਂ ਸਨ। (ਵਿਘਨ) ਕਾਲ ਅਟੈਨਸ਼ਨ ਮੋਸ਼ਨ ਨੰ: 55 ਅਤੇ 57 ਕਲ ਸਵੇਰੇ 9 ਵਜੇ ਦਿਤੀਆਂ ਸਨ।

ਸ੍ਰੀ ਸਪੀਕਰ : ਪਰ ਨੋਟਿਸ ਤਾਂ 24 ਘੰਟੇ ਦਾ ਚਾਹੀਦਾ ਹੈ। (But twentyfour hours' notice is required for this purpose.)

ਕਾਮਰੇਡ ਸੱਤ ਪਾਲ ਡਾਂਗ : 9 ਵਜੇ ਤੋਂ 9 ਵਜੇ ਤੱਕ ਤਾਂ 24 ਘੰਟੇ ਪੂਰੇ ਹੋ ਜਾਂਦੇ ਹਨ। (ਹਾਸਾ)

ਸ੍ਰੀ ਸਪੀਕਰ : ਗਲ ਤਾਂ, ਡਾਂਗ ਸਾਹਿਬ, ਤੁਸੀਂ ਹਿਸਾਬ ਦੀ ਕੀਤੀ ਹੈ। (ਹਾਸਾ) (The hon. Member appears to have made calculations.) (Laughter)

RESOLUTION ON BANGLA DESH.

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) : ਮੈਂ ਪ੍ਰਸਤਾਵ ਕਰਦਾ ਹਾਂ ਕਿ ਇਹ ਸਦਨ :—

(1) ਪਿੱਛੇ ਜਿਹੇ ਹੋਏ ਭਾਰਤ-ਪਾਕਿ ਜੰਗ ਵਿਚ ਕੌਮ ਦੀ ਬੇਮਿਸਾਲ ਤੇ ਇਤਿਹਾਸਕ ਜਿੱਤ ਉਤੇ ਬੜੀ ਖੁਸ਼ੀ ਮਹਿਸੂਸ ਕਰਦਾ ਹੈ;

(2) ਸੰਸਾਰ ਦੇ ਸ਼੍ਰੋਮਣੀ ਦੇਵੀ ਪ੍ਰਧਾਨ ਮੰਤਰੀ, ਸ਼੍ਰੀ ਮਤੀ ਇੰਦਰਾ ਗਾਂਧੀ ਤੇ ਭਾਰਤ ਸਰਕਾਰ ਨੂੰ ਉਨ੍ਹਾਂ ਦੀ ਇਸ ਸੰਕਟ ਦੇ ਦੌਰਾਨ ਕੀਤੀ ਗਈ ਸੁਘੜ, ਦਲੇਰਾਨਾ ਅਤੇ ਨਿਡਰ ਅਗਵਾਈ ਅਤੇ ਇਕ ਕਰੋੜ ਸ਼ਰਨਾਰਥੀਆਂ ਦੇ ਮਸਲੇ ਨੂੰ ਹਮਦਰਦੀ ਅਤੇ ਠਰਮੇ ਨਾਲ ਨਜਿਠਣ ਲਈ ਮੁਬਾਰਕਬਾਦ ਪੇਸ਼ ਕਰਦਾ ਹੈ ;

(3) ਭਾਰਤੀ ਸੁਰਖਿਆ ਫ਼ੌਜਾਂ ਦੇ ਕਮਾਂਡਰਾਂ, ਅਫਸਰਾਂ ਤੇ ਜਵਾਨਾਂ ਨੂੰ ਉਨ੍ਹਾਂ ਦੀ ਮੈਦਾਨ ਜੰਗ ਵਿਚ ਬਹਾਦਰੀ, ਚੰਗੀ ਵਿਉਤਬੰਦੀ, ਅਗਵਾਈ ਅਤੇ ਉਤਸ਼ਾਹ ਅਤੇ ਕੁਰਬਾਨੀ ਦੀ ਭਾਵਨਾ ਵਿਖਾਉਣ ਤੇ ਵਧਾਈ ਦਿੰਦਾ ਹੈ ;

(4) ਸ਼ਹੀਦਾਂ ਦੇ ਪਰਵਾਰਾਂ ਪ੍ਰਤੀ ਹਾਰਦਿਕ ਹਮਦਰਦੀ ਪਰਗਟ ਕਰਦਾ ਹਾਂ ਅਤੇ ਉਨ੍ਹਾਂ ਦੀ ਭਲਾਈ ਤੇ ਦੇਖ ਭਾਲ ਲਈ ਚਿੰਤਕ ਹੈ ;

(5) ਬੰਗਲਾ ਦੇਸ਼ ਦੇ ਇਕ ਅਜ਼ਾਦ ਤੇ ਲੋਕ ਰਾਜੀ ਤੇ ਧਰਮ ਨਿਰਪਖ ਦੇਸ਼ ਦੇ ਰੂਪ ਵਿਚ ਹੋਂਦ ਵਿਚ ਆਉਣ ਨੂੰ ਜੀ ਆਇਆਂ ਆਖਦਾ ਹੈ ਤੇ ਬੰਗ ਬੰਧੂ ਸ਼ੇਖ ਮੁਜੀਬਰ ਰਹਿਮਾਨ ਅਤੇ ਬੰਗਲਾ ਦੇਸ਼ ਦੇ ਲੋਕਾਂ ਨੂੰ ਮੁਬਾਰਕਬਾਦ ਦਿੰਦਾ ਹੈ ;

ਅਤੇ ਪਹਿਲਾਂ ਵਾਂਗ ਪੰਜਾਬ ਵਾਸੀਆਂ ਵਲੋਂ ਪ੍ਰਧਾਨ ਮੰਤਰੀ ਅਤੇ ਦੇਸ਼ ਦੀ ਸਿਖਿਆ, ਏਕਤਾ ਅਤੇ ਮਾਤਭੂਮੀ ਲਈ ਉੱਚੇ ਆਦਰਸ਼ਾਂ ਦੀ ਪੂਰਤੀ ਲਈ ਹਰ ਸਹਾਇਤਾ ਦੇਣ ਦੀ ਪ੍ਰਤਿਗਿਆ ਕਰਦਾ ਹੈ।

ਸਪੀਕਰ ਸਾਹਿਬ, ਕੌਮਾਂ ਦੇ ਇਤਿਹਾਸ ਦੇ ਵਿਚ ਕਦੇ ਕਦੇ ਅਜਿਹੇ ਦਿਨ ਵੀ ਆਉਂਦੇ ਹਨ ਜਦੋਂ ਉਹ ਜਾਂ ਤਾਂ ਸੰਸਾਰ ਵਿਚ ਮਹਾਨਤਾ ਪ੍ਰਾਪਤ ਕਰਦੀਆਂ ਹਨ ਜਾਂ ਹਮੇਸ਼ਾ ਲਈ ਖਤਮ ਹੋ ਜਾਂਦੀਆਂ ਹਨ। ਸਾਡੇ ਦੇਸ਼ ਵਿਚ ਵੀ ਇਕ ਅਜਿਹਾ ਹੀ ਮਹਾਨਤਾ ਭਰਿਆ ਦਿਵਸ ਆਇਆ ਸੀ ਜਦੋਂ ਸਾਡੇ ਦੇਸ਼ ਨੂੰ ਇਸ ਗਲ ਦਾ ਮਾਣ ਪ੍ਰਾਪਤ ਹੋਇਆ ਕਿ ਉਹ ਸੰਸਾਰ ਦੀਆਂ ਮਹਾਨ ਤਾਕਤਾਂ ਦੇ ਸਾਹਮਣੇ ਗਰਦਨ ਉੱਚੀ ਕਰਕੇ ਖੜੇ ਹੋਣ ਦਾ ਅਹਿਸਾਸ ਕਰ ਸਕੇ। (ਥੰਪਿੰਗ) ਸਾਡੇ ਗਵਾਂਢੀ ਦੇਸ਼, ਪਾਕਿਸਤਾਨ ਦੀ ਨੀਅਤ ਉਸ ਦੇ ਬਣਨ ਦੇ ਦਿਨ ਤੋਂ ਲੈ ਕੇ ਸਾਡੇ ਵਲ ਠੀਕ ਨਹੀਂ ਸੀ। ਇੰਪੀਰੀਅਲਿਸਟ ਤਾਕਤਾਂ ਇਸ ਗਲ ਦਾ ਖਾਸ ਖਿਆਲ ਰਖਦੀਆਂ ਸੀ ਕਿ ਉਹ ਪਾਕਿਸਤਾਨ ਨੂੰ ਪਕਾ ਤੇ ਮਜ਼ਬੂਤ ਬਣਾਈ ਰਖਣ ਤਾਂ ਕਿ ਉਹ ਹਿੰਦੁਸਤਾਨ ਦੇ ਵਿਰੁਧ ਕਾਰਵਾਈ ਕਰਦਾ ਰਹੇ। ਪਿਛਲੇ 24 ਸਾਲਾਂ ਤੋਂ ਇਹ ਕਾਰਵਾਈ

ਜ਼ਾਰੀ ਰਹੀ । ਹਿੰਦੁਸਤਾਨ ਦੇ ਲੋਕ ਅਤੇ ਲੀਡਰ ਇਸ ਸਾਰੀ ਗੱਲ ਦਾ ਮੁਕਾਬਲਾ ਕਰਦੇ ਰਹੇ ਪਰ ਇਸ ਦੀ ਹੋਂਦ ਨੂੰ, ਇਸ ਦੀ ਸੱਤਾ ਨੂੰ, ਇਸ ਦੀ ਤਾਕਤ ਨੂੰ ਖਤਮ ਨਹੀਂ ਕਰ ਸਕੇ । ਆਖਿਰ 2 ਮਾਰਚ, 1971 ਦੀ ਸ਼ਾਮ ਨੂੰ ਸ਼ੇਖ ਮੁਜ਼ੀਬੁਰ ਰਹਿਮਾਨ ਨੇ ਢਾਕੇ ਵਿਚ ਆਪਣੀ ਪੂਰਨ ਸਵਤੰਤਰਤਾ ਦਾ ਐਲਾਨ ਕਰ ਦਿਤਾ । ਅਤੇ ਇਸ ਤੋਂ ਪਿਛੋਂ ਅਜ਼ਾਦੀ ਦੀ ਇਹ ਲੜਾਈ ਆਪਣੀਆਂ ਸਿਖਰਾਂ ਤੇ ਪੁਜ ਗਈ। ਸ਼ੇਖ ਮੁਜੀਬੁਰ ਰਹਿਮਾਨ ਨੂੰ ਪਾਕਿਸਤਾਨ ਦੇ 12 ਕਰੋੜ ਲੋਕਾਂ ਵਿਚੋਂ ਸਾਢੇ ਸੱਤ ਕਰੋੜ ਬੰਗਾਲੀਆਂ ਨੇ 98% ਸਦੀ ਵੋਟਾਂ ਪਾਕੇ ਆਪਣਾ ਰਹਿਨੁਮਾ ਚੁਣਿਆ ਸੀ । ਉਹ ਆਪਣੇ ਲੋਕਾਂ ਦਾ ਰਹਿਨੁਮਾ ਸੀ, ਉਹ ਜਮਹੂਰੀਅਤ ਦਾ ਰਹਿਨੁਮਾ ਸੀ ਪਰ ਪਾਕਿਸਤਾਨ ਦੀ ਡਿਕਟੇਟਰ ਸਰਕਾਰ ਨੇ ਉਸ ਨੂੰ ਪਕੜ ਲਿਆ । ਸਿਰਫ ਉਸ ਨੂੰ ਪਕੜਨ ਤੇ ਹੀ ਬਸ ਨਹੀਂ ਕੀਤੀ ਗਈ ਸਗੋਂ ਲੋਕਾਂ ਤੇ ਬੇਤਹਾਸ਼ਾ ਜ਼ੁਲਮ ਕੀਤੇ ਗਏ । 10 ਲੱਖ ਲੋਕਾਂ ਨੂੰ ਜਾਨੋ ਮਾਰ ਦਿਤਾ ਗਿਆ, ਅਤੇ ਇਕ ਕਰੋੜ ਲੋਕਾਂ ਨੇ ਪਤੀਆਂ ਨੂੰ ਛਡ ਕੇ ਪਤਨੀਆਂ, ਪੁਤਰਾਂ ਨੂੰ ਛਡ ਕੇ ਮਾਵਾਂ ਅਤੇ ਮਾਪਿਆਂ ਨੂੰ ਛਡ ਕੇ ਬਚਿਆਂ ਨੇ ਹਿੰਦੁਸਤਾਨ ਵਿਚ ਸ਼ਰਨ ਲਈ । ਇਸ ਇਤਿਹਾਸਕ ਸਮੇਂ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਜੀ ਨੇ ਇਕ ਦਲੇਰੀ ਭਰਿਆ ਕਦਮ ਉਠਾਇਆ ਅਤੇ ਆਪਣੇ ਵਿਦੇਸ਼ ਮੰਤਰੀ ਨੂੰ ਅਤੇ ਹੋਰਨਾਂ ਮੰਤਰੀਆਂ ਨੂੰ ਵਿਦੇਸ਼ਾਂ ਵਿਚ ਇਸ ਹਕ ਦੇ ਕਾਜ਼ ਦੀ ਹਿਮਾਇਤ ਪ੍ਰਾਪਤ ਕਰਨ ਲਈ ਭੇਜਿਆ । ਆਪ ਵੀ ਉਹ ਵੱਡੇ ਵੱਡੇ ਦੇਸ਼ਾਂ ਅਤੇ ਸੰਸਾਰ ਦੀਆਂ ਵੱਡੀਆਂ ਵੱਡੀਆਂ ਤਾਕਤਾਂ ਕੋਲ ਗਏ ਅਤੇ ਆਖਿਆ ਕਿ ਬੰਗਲਾ ਦੇਸ਼ ਵਿਚ ਲੋਕਾਂ ਤੇ ਜ਼ੁਲਮ ਕੀਤਾ ਜਾ ਰਿਹਾ ਹੈ । ਜਮਹੂਰੀਅਤ ਨੂੰ ਕੁਚਲਿਆ ਜਾ ਰਿਹਾ ਹੈ, ਨਸਲ ਨੂੰ ਤਬਾਹ ਕੀਤਾ ਜਾ ਰਿਹਾ ਹੈ, ਇਸ ਲਈ ਵੱਡੀਆਂ ਤਾਕਤਾਂ ਇਧਰ ਧਿਆਨ ਦੇਣ । ਪਰ ਅਫਸੋਸ ਦੀ ਗੱਲ ਹੈ ਕਿ ਸੰਸਾਰ ਦੇ ਤਾਕਤ ਦੇ ਪਖੋਂ ਸਭ ਤੋਂ ਵੱਡੇ ਮੁਲਕ ਅਮਰੀਕਾ ਨੇ ਅਤੇ ਆਬਾਦੀ ਦੇ ਲਿਹਾਜ਼ ਨਾਲ ਸਭ ਤੋਂ ਵੱਡੇ ਦੇਸ਼ ਚੀਨ ਦੇ ਰਹਿਨੁਮਾਵਾਂ ਨੇ ਉਨ੍ਹਾਂ ਦੀ ਇਸ ਗੱਲ ਵਲ ਕੋਈ ਧਿਆਨ ਨਾ ਦਿਤਾ ਸਗੋਂ ਪਾਕਿਸਤਾਨ ਦੀ ਪਿੱਠ ਠੋਕੀ ਕਿ ਭਾਵੇਂ ਜਿਤਨਾ ਮਰਜ਼ੀ ਹੈ, ਉਹ ਜ਼ੁਲਮ ਕਰ ਲਵੇ ।

ਤੁਹਾਨੂੰ ਪਤਾ ਹੈ, ਸਪੀਕਰ ਸਾਹਿਬ, ਕਿ ਸਾਡੇ ਸੰਸਾਰ ਦੀ ਯੂ. ਐਨ. ਓ. ਦੇ ਜਨਰਲ ਸੈਕਟਰੀ ਨੇ ਵੀ ਆਖਿਆ ਹੈ ਕਿ ਜਿੰਨਾਂ ਜ਼ੁਲਮ ਬੰਗਲਾ ਦੇਸ਼ ਵਿਚ ਹੋਇਆ ਹੈ ਉਨ੍ਹਾਂ ਦੁਨੀਆਂ ਦੇ ਇਤਿਹਾਸ ਵਿਚ ਕਿਤੇ ਨਹੀਂ ਹੋਇਆ ਮਿਲਦਾ । ਜਿੰਨਾਂ ਇਥੇ ਇਨਸਾਨੀਅਤ ਦਾ ਖ਼ੂਨ ਹੋਇਆ ਹੈ ਉਨ੍ਹਾਂ ਹੋਰ ਕਿਤੇ ਨਹੀਂ ਹੋਇਆ ਹੈ । ਪਰ ਕਿਉਂਕਿ ਯੂ. ਐਨ. ਓ. ਉਤੇ ਵੀ ਇਨ੍ਹਾਂ ਤਾਕਤਾਂ ਦਾ ਪਰਭਾਵ ਸੀ, ਇਨ੍ਹਾਂ ਤਾਕਤਾਂ ਦਾ ਜ਼ੋਰ ਸੀ ਇਸ ਲਈ ਉਹ ਯੂ ਐਨ. ਓ. ਦੀ ਅਵਾਜ਼ ਨੂੰ ਦਬਾ ਦਿੰਦੇ ਸੀ । ਫੇਰ ਸਾਡੇ ਸਨਮਾਨ ਯੋਗ ਪਰਧਾਨ ਮੰਤਰੀ ਨੂੰ ਇਸ ਗੱਲ ਦਾ ਫੈਸਲਾ ਕਰਨਾ ਪਿਆ ਅਤੇ ਇਨ੍ਹਾਂ ਨੇ ਦਲੇਰੀ ਨਾਲ ਫੈਸਲਾ ਕੀਤਾ ਕਿ ਜੇ ਯਹੀਆ ਖਾਂ ਨੇ ਇਲਾਨੇ ਜੰਗ ਕਰ ਦਿਤਾ ਤਾਂ ਇਸ ਨੂੰ ਮੈਂ ਮੈਦਾਨੇ ਜੰਗ ਵਿਚ ਮਿਲਾਂਗੀ ਔਰ ਉਸ ਦੀ ਲਲਕਾਰ ਨੂੰ ਹਿੰਦੁਸਤਾਨ ਦੀ ਪਰਧਾਨ ਮੰਤਰੀ ਨੇ ਸਵੀਕਾਰ ਕੀਤਾ । ਉਸ ਵਕਤ ਬੰਗਲਾ ਦੇਸ਼ ਨੂੰ ਮਾਨਤਾ ਦਿਤੀ ਜਿਸ ਵਕਤ ਕਿ ਬੰਗਲਾ ਦੇਸ਼ ਨੂੰ ਬਰਬਾਦ ਕਰਨ ਅਤੇ ਹਿੰਦੁਸਤਾਨ ਉੱਤੇ ਪਾਕਿਸਤਾਨ ਦੇ ਡਿਕਟੇਟਰ ਯਹੀਆ ਖਾਂ ਨੇ ਹਮਲਾ ਕਰਨ ਦਾ ਫੈਸਲਾ ਕੀਤਾ ਸੀ । ਸਪੀਕਰ ਸਾਹਿਬ, ਤੁਸੀਂ ਇਸ ਗੱਲ ਦਾ ਅਹਿਸਾਸ ਕਰਦੇ ਹੋ, ਲੋਕਾਂ ਨੂੰ ਵੀ ਅਹਿਸਾਸ ਹੈ ਕਿ ਜੇ ਬੰਗਲਾ ਦੇਸ਼ ਨੂੰ ਪਹਿਲਾਂ ਮਾਨਤਾ ਦਿਤੀ ਜਾਂਦੀ ਤਾਂ ਫਿਰ ਦੁਨੀਆਂ ਦੇ ਲੋਕ ਇਹ ਗੱਲਾਂ ਕਹਿੰਦੇ ਕਿ ਅਸੀਂ ਇਸ ਵਿਚ ਕੋਈ ਲਾਭ ਉਠਾਉਣਾ ਚਾਹੁੰਦੇ ਹਾਂ ਅਤੇ ਸਾਡੇ ਮਨ ਵਿਚ ਪਾਕਿਸਤਾਨ ਨੂੰ ਬਰਬਾਦ ਕਰਨ ਦਾ ਖਿਆਲ ਸੀ । ਮਗਰ ਅਸੀਂ ਉਸ ਵਕਤ ਬੰਗਲਾ ਦੇਸ਼ ਨੂੰ ਮਾਨਤਾ ਦਿਤੀ, ਉਸ ਵੇਲੇ ਸਾਡੇ ਸਨਮਾਨ ਯੋਗ ਪਰਧਾਨ ਮੰਤਰੀ ਨੇ ਮਾਨਤਾ ਦਿਤੀ ਜਦ ਕਿ ਬੰਗਲਾ ਦੇਸ਼ ਨੂੰ ਇਸ ਮਾਨਤਾ ਦੀ ਬਹੁਤ ਜ਼ਰੂਰਤ ਸੀ । ਉਸ ਵੇਲੇ ਸੰਸਾਰ ਦਾ ਕੋਈ ਮੁਲਕ ਅਗੇ

[ਮੁੱਖ ਮੰਤਰੀ]

ਨਹੀਂ ਆਇਆ ਸਿਵਾਏ ਉਸ ਮੁਲਕ ਦੇ ਜਿਸ ਨੇ ਗਰੀਬ ਜਨਤਾ ਦੀ ਰਹਿਨੁਮਾਈ ਅੱਜ ਤੋਂ ਅਧੀ ਸਦੀ ਪਹਿਲਾਂ ਕਰਕੇ ਆਜ਼ਾਦੀ ਪਰਾਪਤ ਕੀਤੀ ਸੀ ਅਤੇ ਜਿਸ ਨੇ ਜਨਤਾ ਨੂੰ ਜ਼ੁਲਮਾਂ ਤੋਂ ਮੁਕਤ ਕਰਾਇਆ ਸੀ। ਉਹ ਮੁਲਕ ਸੋਵੀਅਤ ਰੂਸ ਹਿੰਦੁਸਤਾਨ ਦਾ ਦੋਸਤ ਬਣਿਆ (ਥੰਪਿੰਗ) ਅਤੇ ਉਸ ਨੇ ਸਾਡੇ ਨਾਲ ਦੋਸਤੀ ਪਾਕੇ ਸਾਡੇ ਮੁਲਕ ਨੂੰ ਦਲੇਰੀ ਨਾਲ ਕੰਮ ਕਰਨ ਦਾ ਮੌਕਾ ਦਿਤਾ। ਅੱਜ ਤੋਂ ਅੱਧੀ ਸਦੀ ਤੋਂ ਪਹਿਲਾਂ ਮਿਸਟਰ ਲੈਨਨ ਨੇ ਸੰਸਾਰ ਦੇ ਕਿਰਤੀਆਂ ਨੂੰ ਅਤੇ ਸੰਸਾਰ ਦੇ ਮਿਹਨਤਕਸ਼ ਲੋਕਾਂ ਨੂੰ ਆਪਣੀ ਕਿਸਮਤ ਆਪ ਬਨਾਉਣ ਅਤੇ ਉਨ੍ਹਾਂ ਨੂੰ ਉੱਤੇ ਚੁਕਣ ਦਾ ਫੈਸਲਾ ਕੀਤਾ (ਵਿਘਨ) ਸਪੀਕਰ ਸਾਹਿਬ, ਸਾਡੇ ਸਾਹਮਣੇ ਇਕ ਮਹਾਨ ਸਮਸਿਆ ਆਈ ਸੀ ਔਰ ਮਿਸਟਰ ਲੈਨਨ ਦੀਆਂ ਪਾਲਿਸੀਆਂ ਨੂੰ ਮੋੜ ਤੋੜ ਕਰਨ ਵਾਲਾ ਮਾਉਜ਼ੀ ਤੁੰਗ ਵੀ ਇਸ ਜੰਗ ਵਿਚ ਕੁੱਦਣ ਲਈ ਤਿਆਰ ਬੈਠਾ ਸੀ। ਦੂਸਰੇ ਪਾਸੇ ਇੰਪੀਰੀਅਲਿਸਟ ਤਾਕਤਾਂ ਦਾ ਮੋਢੀ ਪਰੈਜ਼ੀਡੈਂਟ ਨਿਕਸਨ ਵੀ ਤਿਆਰ ਬੈਠਾ ਸੀ। ਇਨ੍ਹਾਂ ਦੋਹਾਂ ਨੇਤਾਵਾਂ ਨੇ ਆਪਣੀਆਂ ਪਾਲਿਸੀਆਂ ਨੂੰ ਤਿਆਗ ਕੇ ਨਿਕਸਨ ਤੇ ਮਾਉਜ਼ੀ ਤੁੰਗ ਨੇ ਏਕਤਾ ਕਰਨ ਦਾ ਫੈਸਲਾ ਕਰ ਲਿਆ ਅਤੇ ਦੋਨਾਂ ਨੇ ਮਿਲ ਕੇ ਪਾਕਿਸਤਾਨ ਦੀ ਪਿੱਠ ਤੇ ਥਪਕੀ ਦਿਤੀ। ਅਤੇ ਦੋਨਾਂ ਨੇ ਉਸ ਨੂੰ ਕਿਹਾ ਕਿ ਉਹ ਉਨ੍ਹਾਂ ਦਾ ਹਥਿਆਰ ਬਣ ਜਾਵੇ। ਪਾਕਿਸਤਾਨ ਦਾ ਡਿਕਟੇਟਰ ਯਹੀਆ ਖਾਂ ਉਨ੍ਹਾਂ ਦਾ ਹਥਿਆਰ ਬਣ ਗਿਆ। ਉਸ ਵੇਲੇ ਭੁਟੋ ਨੇ ਕਿਹਾ ਕਿ ਜੇ ਇਹ ਲੜਾਈ ਹਜ਼ਾਰਾਂ ਸਾਲ ਚਲੇਗੀ ਤਾਂ ਅਸੀਂ ਇਸ ਨੂੰ ਚਲਾਵਾਂਗੇ। ਮਗਰ ਹੋਇਆ ਕੀ ਕਿ ਇਹ ਜੰਗ ਨੂੰ ਹਜ਼ਾਰ ਸਾਲ ਚਲਾਉਣ ਵਾਲੇ ਇਸ ਨੂੰ ਹਜ਼ਾਰ ਮਿੰਟ ਵੀ ਨਹੀਂ ਚਲਾ ਸਕੇ। ਉਸ ਵੇਲੇ ਇਕ ਨਵੀਂ ਵਿਚਾਰ-ਧਾਰਾ ਭੀ ਤਿਆਰ ਹੋਈ। ਮਾਉਜ਼ੀ ਤੁੰਗ ਨੇ ਨਿਕਸਨ ਨਾਲ ਹਥ ਮਿਲਾਇਆ ਅਤੇ ਦੂਜੇ ਪਾਸੇ ਇੰਦਰਾ ਗਾਂਧੀ ਨੇ ਵਿਚਾਰ ਧਾਰਾ ਬਣਾਈ (ਥੰਪਿੰਗ) ਇਸ ਵਿਚਾਰਾਧਾਰਾ ਵਿਚ ਇਹ ਸੀ ਕਿ ਨਾ ਤਾਂ ਫਿਰਕੇਦਾਰੀ ਜ਼ਿੰਦਾ ਰਹਿ ਸਕਦੀ ਹੈ ਅਤੇ ਨਾ ਹੀ ਸ਼ਰਮਾਇਆਦਾਰੀ ਜ਼ਿੰਦਾ ਰਹਿ ਸਕਦੀ ਹੈ। ਬਲਕਿ ਸੈਕੂਲਿਰਿਜ਼ਮ, ਜਮਹੂਰੀਅਤ ਅਤੇ ਧਰਮ ਨਿਰਪੱਖਤਾ ਨੂੰ ਜ਼ਿੰਦਾ ਰਖਣਾ ਚਾਹੀਦਾ ਹੈ। ਇਹ ਜੰਗ ਭਾਰਤ ਅਤੇ ਪਾਕਿਸਤਾਨ ਵਿਚ ਕੇਵਲ ਵਿਚਾਰਧਾਰਾ ਦੀ ਜੰਗ ਸੀ। ਵਿਚਾਰਧਾਰਾ ਇਹ ਸੀ ਕਿ ਇਨਸਾਨੀਅਤ ਨਾਲ ਜੋ ਧੱਕਾ ਹੋ ਰਿਹਾ ਹੈ ਉਸ ਨੂੰ ਧੱਕਾ ਕਰਨ ਵਾਲਿਆਂ ਤੋਂ ਕਿਸ ਤਰ੍ਹਾਂ ਬਚਾਇਆ ਜਾ ਸਕਦਾ ਹੈ। ਉਹ ਤਾਕਤਾਂ ਇਕ ਪਾਸੇ ਹੋ ਗਈਆਂ ਜਿਹੜੀਆਂ ਜ਼ਾਬਰਾਨਾ, ਅਤੇ ਮੱਕਰਾਨਾ ਚਾਲਾਂ ਤੇ ਚਲ ਰਹੀਆਂ ਸਨ ਅਤੇ ਚਾਹੁੰਦੀਆਂ ਸਨ ਕਿ ਇਨਸਾਨੀਅਤ ਨੂੰ ਆਪਣੇ ਪੈਰਾਂ ਥੱਲੇ ਕੁਚਲਿਆ ਜਾਵੇ। ਇਹ ਤਾਕਤਾਂ ਇਨਸਾਨੀਅਤ ਨੂੰ ਹੋਰ ਰਗੜਨਾ ਚਾਹੁੰਦੀਆਂ ਸਨ। ਮਗਰ ਸਾਡੇ ਪਰਧਾਨ ਮੰਤਰੀ ਨੇ ਇਨ੍ਹਾਂ ਤਾਕਤਾਂ ਦੇ ਮੁਕਾਬਲੇ ਉੱਤੇ ਇਕ ਦਲੇਰਾਨਾ ਫ਼ੈਸਲਾ ਕੀਤਾ ਕਿ ਅਸੀਂ ਨਿਕਸਨ ਅਤੇ ਮਾਉਜ਼ੀ ਤੁੰਗ ਦੇ ਮੁਕਾਬਲੇ ਉੱਤੇ ਪਾਕਿਸਤਾਨ ਨਾਲ ਬਹਾਦਰੀ ਨਾਲ ਲੜਾਂਗੇ ਅਤੇ ਅੰਤ ਵਿਚ ਇਹ ਚੀਜ਼ ਸਾਬਤ ਕਰਕੇ ਦਿਖਾ ਦਿਤੀ। ਅਜੇ ਕੇਵਲ 11 ਦਿਨ ਜੰਗ ਹੁੰਦੇ ਨੂੰ ਹੋਏ ਸੀ ਕਿ ਇਹ ਖਬਰਾਂ ਆਉਣੀਆਂ ਸ਼ੁਰੂ ਹੋ ਗਈਆਂ ਕਿ ਅਮਰੀਕਾ ਨੇ ਆਪਣਾ ਬਹਿਰੀ ਬੇੜਾ ਬੇ ਔਫ ਬੰਗਲਾ ਵਿਚ ਭੇਜ ਦਿਤਾ ਅਤੇ ਚੀਨ ਨੇ ਫ਼ੈਸਲਾ ਕਰ ਲਿਆ ਕਿ ਉਹ ਜੰਗ ਵਿਚ ਕੁਦੇਗਾ। ਇਸ ਤਰ੍ਹਾਂ ਦੇ ਭੈ-ਭੀਤ ਹਾਲਾਤ ਨੂੰ ਸਾਹਮਣੇ ਰਖਦੇ ਹੋਏ ਮੈਂ ਇਹ ਕਹਾਂਗਾ ਕਿ ਸਾਡੇ ਪਰਧਾਨ ਮੰਤਰੀ, ਪਹਿਲੀ ਸ਼ਖਸ਼ੀਅਤ ਹਨ ਜਿਨ੍ਹਾਂ ਨੇ ਇਕ ਕਮਜ਼ੋਰ ਮੁਲਕ ਦੇ ਲੀਡਰ ਹੁੰਦੇ ਹੋਏ ਬੜੀਆਂ ਤਾਕਤਾਂ ਨਾਲ ਟਕਰ ਲਈ। ਆਪਣੀ ਬਹਾਦਰ ਫੌਜ, ਸਿਵਲੀਅਨ ਅਤੇ ਆਪਣੀ ਜਨਤਾ ਦੇ ਭਰੋਸੇ ਉੱਤੇ ਇਹ ਦਲੇਰਾਨਾ ਫ਼ੈਸਲਾ ਕੀਤਾ ਕਿ ਜਦ ਤਕ ਬੰਗਲਾ ਦੇਸ਼ ਆਜ਼ਾਦ ਨਹੀਂ ਹੋਵੇਗਾ ਉਦੋਂ ਤਕ ਹਿੰਦੁਸਤਾਨ ਚੈਨ ਨਾਲ ਨਹੀਂ ਬੈਠੇਗਾ (ਥੰਪਿੰਗ) ਹਿੰਦੁਸਤਾਨ ਦੀ ਫੌਜ ਅਤੇ

ਜਨਤਾ ਨੇ ਹਿੰਦੁਸਤਾਨ ਦੀ ਇਸ ਰਹਿਨੁਮਾ ਨੂੰ ਬੜੀ ਹਮਾਇਤ ਦਿਤੀ ਜਿਸ ਦੇ ਸਿੱਟੇ ਵਜੋਂ 14/15 ਦਿਨਾਂ ਦੀ ਲੜਾਈ ਮਗਰੋਂ ਜਿਸ ਦੇਸ਼ ਦੀ ਜਨਤਾ ਨੂੰ ਉਹ ਲੋਕ ਦਬਾਉਣਾ ਚਾਹੁੰਦੇ ਸਨ ਉਸ ਬੰਗਲਾ ਦੇਸ਼ ਦੀ ਜਨਤਾ ਨੂੰ ਆਜ਼ਾਦੀ ਦਿਲਾ ਦਿਤੀ। ਹਿੰਦੁਸਤਾਨ ਦੀ ਫੌਜ ਦੇ ਜਰਨੈਲ ਸਰਦਾਰ ਜਗਜੀਤ ਸਿੰਘ ਅਰੋੜਾ ਸਾਹਮਣੇ ਪਾਕਿਸਤਾਨ ਦੇ ਜਰਨੈਲ ਇਕ ਲੱਖ ਫੌਜ ਸਮੇਤ ਆਪਣੇ ਹਥਿਆਰ ਸੁੱਟਣ ਤੇ ਮਜਬੂਰ ਹੋ ਗਏ। (ਥੰਪਿੰਗ) ਇਤਿਹਾਸ ਵਿਚ ਇਹ ਪਹਿਲਾ ਮੌਕਾ ਹੈ ਜਿਥੇ ਕਿ ਐਨੀ ਵੱਡੀ ਫ਼ੌਜ ਇਕ ਲੱਖ ਨੂੰ ਇਕ ਜਰਨੈਲ ਲੈਕੇ ਕਿਸੇ ਦੂਜੇ ਜਰਨੈਲ ਅੱਗੇ ਹਥਿਆਰ ਸੁੱਟ ਕੇ ਸਰੰਡਰ ਕਰ ਜਾਵੇ। ਹਿੰਦੁਸਤਾਨ ਦੇ ਜਰਨੈਲ ਨੇ ਇਹ ਸੋਚਦੇ ਹੋਏ ਕਿ ਅਸੀਂ ਇਨਸਾਨੀਅਤ ਨੂੰ ਬਚਾਉਣ ਲਈ ਲੜ ਰਹੇ ਹਾਂ ਅਤੇ ਕਿਸੇ ਦੂਜੇ ਮੁਲਕ ਉੱਤੇ ਕਬਜ਼ਾ ਕਰਨ ਲਈ ਨਹੀਂ ਲੜ ਰਹੇ, ਇਕ ਲੱਖ ਪਾਕਿਸਤਾਨੀ ਫੌਜ ਸਮੇਤ ਅਤੇ ਉਨ੍ਹਾਂ ਦੇ ਜਰਨੈਲ ਨਿਆਜ਼ੀ ਨੂੰ ਹਥਿਆਰਾਂ ਸਮੇਤ ਕੈਦ ਕਰਨ ਦਾ ਫ਼ੈਸਲਾ ਕਰ ਲਿਆ। ਨਾਲ ਹੀ ਇਹ ਫ਼ੈਸਲਾ ਕਰ ਲਿਆ ਕਿ ਬੰਗਲਾ ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਹਿੰਦੁਸਤਾਨ ਦੀਆਂ ਫੌਜਾਂ ਉਥੇ ਨਹੀਂ ਰਹਿਣਗੀਆਂ।

ਇਥੇ ਹੀ ਬੱਸ ਨਹੀਂ। ਬੰਗਲਾ ਦੇਸ਼ ਦੇ ਰਹਿਨੁਮਾ ਸ਼ੇਖ ਮੁਜੀਬੁਰ ਰਹਿਮਾਨ ਨੂੰ ਪਾਕਿਸਤਾਨ ਦੇ ਡਿਕਟੇਟਰ ਯਹੀਆ ਖਾਂ ਨੇ ਕੈਦਖਾਨੇ ਵਿਚ ਪਾਇਆ ਹੋਇਆ ਸੀ। ਕੈਦਖਾਨੇ ਵਿਚ ਉਸ ਮਹਾਂ ਪੁਰਸ਼ ਦੀ ਕਬਰ ਪੁਟ ਲਈ ਗਈ। ਪਰ ਇਹ ਯਹੀਆ ਖਾਂ ਸਾਢੇ ਪੰਜ ਕਰੋੜ ਪਾਕਿਸਤਾਨੀਆਂ ਦਾ ਪਰੈਜ਼ੀਡੈਂਟ ਨਾ ਰਹਿ ਸਕਿਆ ਅਤੇ ਉਸ ਨੂੰ ਆਪ ਕੈਦੀ ਬਣਾਇਆ ਗਿਆ। ਸ਼ੇਖ ਮੁਜੀਬੁਰ ਰਹਿਮਾਨ ਨੂੰ ਕੈਦੀ ਬਣਾਉਣ ਦਾ ਅਤੇ ਬੰਗਲਾ ਦੇਸ਼ ਵਿਚ ਪਾਕਿਸਤਾਨ ਦੇ ਜ਼ੁਲਮਾਂ ਦਾ ਸੰਸਾਰ ਵਿਚ ਰੌਲਾ ਪੈ ਗਿਆ ਅਤੇ ਇਹ ਆਵਾਜ਼ ਬੰਮ ਬਣਕੇ ਫਟੀ ਜਿਸ ਨਾਲ ਭੁਟੋ ਨੂੰ ਕੰਬਣੀ ਛਿੜ ਗਈ ਅਤੇ, ਸ਼ੇਖ ਮੁਜੀਬੁਰ ਰਹਿਮਾਨ, ਜਿਸ ਨੂੰ ਮੌਤ ਦੀ ਸਜ਼ਾ ਦਿਤੀ ਜਾ ਚੁਕੀ ਸੀ, ਨੂੰ ਰਿਹਾ ਕਰਨਾ ਪਿਆ। ਸ਼ੇਖ ਸਾਹਿਬ ਰਿਹਾ ਹੋਣ ਤੋਂ ਬਾਅਦ ਇੰਗਲੈਂਡ ਤੋਂ ਪਹਿਲਾਂ ਹਿੰਦੁਸਤਾਨ ਵਿਚ ਆਏ (ਥੰਪਿੰਗ) ਉਨ੍ਹਾ ਨੇ ਇਥੇ ਪਹੁੰਚਕੇ ਕਿਹਾ ਕਿ ਹਿੰਦੁਸਤਾਨ ਦੀ ਧਰਤੀ ਹੀ ਗੁਲਾਮਾਂ ਨੂੰ ਆਜ਼ਾਦੀ ਦਿਲਾ ਸਕਦੀ ਹੈ। ਇਸ ਦੇਸ਼ ਦੇ ਮਹਾਨ ਨੇਤਾ ਇੰਦਰਾ ਗਾਂਧੀ ਨੂੰ ਨਿਕਸਨ ਅਤੇ ਚਾਊ ਐਨ ਲਾਈ ਦੀਆਂ ਡਿਕਟੇਟਰਾਨਾਂ ਧਮਕੀਆਂ ਅਗੇ ਝੁਕਾਇਆ ਨਹੀਂ ਜਾ ਸਕਦਾ। ਉਨ੍ਹਾਂ ਨੇ ਉੱਚੀ ਆਵਾਜ਼ ਵਿਚ ਕਿਹਾ ਕਿ ਹਮੇਸ਼ਾ ਲਈ ਸਾਨੂੰ ਆਜ਼ਾਦੀ ਦਿਲਾਉਣ ਵਾਲੀ ਹਿੰਦੁਸਤਾਨ ਦੀ ਇਸ ਧਰਤੀ ਨੂੰ ਮੈਂ ਨਮਸ਼ਕਾਰ ਕਰਕੇ ਬੰਗਲਾ ਦੇਸ਼ ਵਿਚ ਜਾਵਾਂਗਾ। ਅੱਜ ਇੰਦਰਾ ਗਾਂਧੀ ਨੇ ਸਾਨੂੰ ਆਜ਼ਾਦੀ ਨਾਲ ਫੈਸਲਾ ਕਰਨ ਦੇ ਕਾਬਲ ਬਣਾ ਦਿਤਾ ਹੈ। ਮੈਂ ਇਹ ਕਹਿ ਸਕਦਾ ਹਾਂ ਕਿ ਇੰਦਰਾ ਗਾਂਧੀ ਨੇ ਜਿਨ੍ਹਾਂ ਮਹਾਨ ਆਦਰਸ਼ਾਂ ਨੂੰ ਲੈਕੇ ਇਹ ਜੰਗ ਜਿੱਤ ਕੇ ਦਿਤੀ ਹੈ ਉਨ੍ਹਾਂ ਆਦਰਸ਼ਾਂ ਨੇ ਸਾਡੇ ਦਿਲਾਂ ਵਿਚ ਘਰ ਕਰ ਲਿਆ ਹੈ। ਪਾਕਿਸਤਾਨ ਤਾਂ ਇਕ ਪਾਸੇ ਰਿਹਾ ਅਮਰੀਕਾ ਦੇ ਲੋਕ ਵੀ ਇਨ੍ਹਾਂ ਨੂੰ ਇਤਨਾ ਪਸੰਦ ਕਰਦੇ ਹਨ ਕਿ ਜੇ ਅਮਰੀਕਾ ਵਿਚ ਨਿਕਸਨ ਦੇ ਖਿਲਾਫ ਇਹ ਉਥੇ ਇਲੈਕਸ਼ਨਾਂ ਵਿਚ ਖੜੇ ਹੋ ਜਾਣ ਤਾਂ ਅਮਰੀਕਾ ਦੇ ਲੋਕ ਬਜਾਏ ਨਿਕਸਨ ਨੂੰ ਵੋਟਾਂ ਪਾਉਣ ਦੇ ਇੰਦਰਾ ਗਾਂਧੀ ਨੂੰ ਵੋਟਾਂ ਪਾਉਣਗੇ। (ਥੰਪਿੰਗ)

ਇਤਨੀ ਮਹਾਨਤਾ ਪ੍ਰਾਪਤ ਕਰਨ ਦੇ ਉੱਤੇ ਅੱਜ ਅਸੀਂ ਅਤੇ ਸਾਰਾ ਹਾਊਸ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ; ਭਾਰਤ ਸਰਕਾਰ ਨੂੰ ਅਤੇ ਭਾਰਤ ਦੀਆਂ ਫ਼ੌਜਾਂ ਨੂੰ ਵਧਾਈ ਦਿੰਦੇ ਹੋਏ ਖੁਸ਼ੀ ਮਹਿਸੂਸ ਕਰਦੇ ਹਾਂ। ਸਪੀਕਰ ਸਾਹਿਬ, ਮੈਨੂੰ ਇਸ ਗੱਲ ਤੇ ਬੜੀ ਖੁਸ਼ੀ ਹੈ, ਬੜੀ ਪ੍ਰਸੰਨਤਾ ਹੈ ਕਿ ਇਸ ਮਤੇ ਨੂੰ ਪੇਸ਼ ਕਰਨ ਵਿਚ ਮੇਰੇ ਨਾਲ ਅਪੋਜ਼ੀਸ਼ਨ ਦੇ ਲੀਡਰ ਸਰਦਾਰ ਜਸਵਿੰਦਰ ਸਿੰਘ ਬਰਾੜ ਅਤੇ ਕਮਿਊਨਿਸਟ ਪਾਰਟੀ ਦੇ ਨੇਤਾ ਕਾਮਰੇਡ ਸੱਤ ਪਾਲ ਡਾਂਗ ਨੇ ਆਪਣੇ ਨਾਮ ਦਿੱਤੇ ਹਨ। (ਤਾੜੀਆਂ) ਇਹ ਮਤਾ ਸਾਡੇ ਤਿੰਨਾਂ ਵਲੋਂ ਹੀ ਪੇਸ਼ ਕੀਤਾ ਗਿਆ ਹੈ। ਇਹ ਪਹਿਲੀ ਮਿਸਾਲ ਹੈ ਜਦੋਂ ਕਿ ਸਾਰੀਆਂ

[ਮੁੱਖ ਮੰਤਰੀ]

ਪਾਰਟੀਆਂ ਦੇ ਨੇਤਾਵਾਂ ਨੇ ਸਮੁੱਚੇ ਤੌਰ ਤੇ ਇਕਠਿਆਂ ਹੋ ਕੇ ਇਕ ਮਤੇ ਉੱਤੇ ਇਤਫਾਕ ਕੀਤਾ ਹੈ ਅਤੇ ਉਹ ਪੇਸ਼ ਕੀਤਾ ਹੈ । ਮੈਂ ਇਨ੍ਹਾਂ ਲਫਜ਼ਾਂ ਨਾਲ ਇਹ ਮਤਾ ਹਾਊਸ ਦੇ ਸਾਹਮਣੇ ਰਖਦਾ ਹਾਂ । (ਤਾੜੀਆਂ)

ਜੈ ਹਿੰਦ ।

Mr. Speaker : Motion Moved :

That this House :

(i) places on record its deep sense of joy at the unparalleled and historic victory of the Nation in the recent Indo-Pakistan war ;

(ii) congratulates the Prime Minister, Shrimati Indira Gandhi and the Government of India for their wise, bold and fearless leadership during this crisis and the compassionate and patient manner in which the problem of 10 million refugees was tackled and solved :

(iii) congratulates the Indian Armed Forces, their Commanders, Officers and Jawans for their brilliant feat of arms, their high quality of planning and Leadership in war, and their courage and spirit of sacrifice in battle ;

(iv) expresses its heart-felt sympathy with the families of the martyrs, and concern for their welfare and well being ;

(v) welcomes the emergence of the Peoples Republic, Republic of Bangla Desh as a free, democratic and secular nation and sends its warm greetings to Banga Bandhu, Sheikh Mujibur Rehman, and the people of Bangla Desh ;

and as in the past, pledges the support of the people of Punjab to the Prime Minister and the Nation in defending the freedom, integrity and ideals of our beloved motherland."

ਸਰਦਾਰ ਜਸਵਿੰਦਰ ਸਿੰਘ ਬਰਾੜ (ਕੋਟ ਕਪੂਰਾ) : ਸਨਮਾਨ ਯੋਗ ਸਪੀਕਰ ਸਾਹਿਬ, ਇਸ ਗੱਲ ਤੇ ਮੈਂ ਅਤੇ ਮੇਰੇ ਮੁਲਕ ਦੀ ਜਨਤਾ ਬੜਾ ਫ਼ਖਰ ਕਰ ਸਕਦੀ ਹੈ ਕਿ ਜ਼ੁਲਮ, ਜਬਰ ਅਤੇ ਤਸ਼ੱਦਦ ਦੀ ਜੋ ਕਾਰਵਾਈ ਸਾਡੇ ਗਵਾਂਡੀ ਮੁਲਕ ਨੇ ਆਪਣਿਆਂ ਤੇ ਹੀ ਕੀਤੀ ਅਤੇ ਉਸ ਦਾ ਅਸਰ ਕੁਦਰਤੀ ਤੌਰ ਤੇ ਸਾਡੇ ਗਵਾਂਢੀ ਮੁਲਕ ਤੇ ਪੈਣਾ ਬੜਾ ਜ਼ਰੂਰੀ ਸੀ । ਲੇਕਿਨ ਮੈਨੂੰ ਉਨ੍ਹਾਂ ਮੇਰੇ ਮੁਲਕ ਦੇ ਕਮਾਂਡਰਾਂ ਤੇ ਬੜਾ ਮਾਣ ਹੈ ਜਿਨ੍ਹਾਂ ਇਸ ਸਾਡੀ ਪਵਿੱਤਰ ਧਰਤੀ ਤੇ ਜਨਮ ਲਿਆ; ਜ਼ਨਰਲ ਮਾਣਕਸ਼ਾਹ ਅਤੇ ਜਨਰਲ ਜਗਜੀਤ ਸਿੰਘ ਅਰੋੜਾ ਜਿਨ੍ਹਾਂ ਨੇ ਹਿੰਦੁਸਤਾਨ ਦੀ ਇੱਜ਼ਤ, ਹਿੰਦੁਸਤਾਨ ਦੀ ਸਿਆਣਪ, ਸ਼ਕਤੀ ਅਤੇ ਤਾਕਤ ਨੂੰ ਦੁਨੀਆਂ ਦੇ ਸਾਹਮਣੇ ਸਾਬਤ ਕੀਤਾ ਹੈ । ਇਹੋ ਜਿਹੀਆਂ ਸ਼ਖਸੀਅਤਾਂ ਨੂੰ ਇਸ ਪੰਜਾਬ ਦੀ ਧਰਤੀ ਤੇ ਜਨਮ ਦਿਤਾ ਹੈ । ਗੁਰੂ ਨਾਨਕ ਦੇਵ ਜੀ ਵਰਗੇ ਪੈਗੰਬਰ, ਜਿਨ੍ਹ ਨੇ ਪੰਜਾਬ ਦਾ ਨਾਮ ਉੱਚਾ ਕੀਤਾ । ਇਸੇ ਤਰ੍ਹਾਂ ਪੋਰਸ, ਜਿਸ ਨੇ ਲੜਾਈ ਵਿਚ ਸਿਕੰਦਰ ਨੂੰ ਹਰਾਇਆ । ਇਨ੍ਹਾਂ ਨੇ ਸਖਸ਼ੀਅਤਾਂ ਨੇ ਹਿੰਦੁਸਤਾਨ, ਖਾਸ ਕਰਕੇ ਪੰਜਾਬ ਦਾ ਨਾਮ ਉਚਾ ਕੀਤਾ । ਇਸੇ ਤਰ੍ਹਾਂ ਮਹਾਰਾਜਾ ਰਣਜੀਤ

ਸਿੰਘ ਹਨ। ਉਨ੍ਹਾਂ ਨੇ ਕਿਸ ਤਰ੍ਹਾਂ ਦੱਰਾ ਖੈਬਰ ਤੇ ਭਾਰਤੀ ਝੰਡਾ ਲਹਿਰਾਇਆ। ਮੈਂ ਉਨ੍ਹਾਂ ਕਮਾਂਡਰਾਂ ਨੂੰ, ਉਨ੍ਹਾਂ ਛੋਟੇ ਛੋਟੇ ਰੈਂਕਾਂ ਤੇ ਰਹਿਣ ਵਾਲੇ ਵੀਰਾਂ ਨੂੰ ਸਭ ਤੋਂ ਪਹਿਲਾਂ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਆਪਣਾ ਖੂਨ ਡੋਲ੍ਹਕੇ, ਉਸ ਮੁਲਕ ਨੂੰ, ਜਿਹੜਾ ਜ਼ੁਲਮ ਅਤੇ ਜ਼ਬਰ ਦਾ ਟਾਕਰਾ ਕਰਦਾ ਸੀ, ਉਸ ਨੂੰ ਆਜ਼ਾਦ ਕਰਵਾਇਆ ਹੈ। (ਤਾੜੀਆਂ) ਇਸ ਤੋਂ ਬਾਅਦ, ਸਪੀਕਰ ਸਾਹਿਬ, ਮੈਂ ਮਹਿਸੂਸ ਕਰਦਾ ਹਾਂ ਕਿ ਬੰਗਲਾ ਦੇਸ਼ ਨੂੰ ਆਜ਼ਾਦ ਕਰਾਉਣ ਵਿਚ ਕਿਸੇ ਇਕ ਆਦਮੀ ਦਾ ਹਿੱਸਾ ਨਹੀਂ ਹੈ। ਸਿਰਫ ਇਕ ਪਰਸਨੈਲਿਟੀ ਦੀ ਤਾਰੀਫ ਕਰਨਾ ਕੋਈ ਚੰਗੀ ਗੱਲ ਨਹੀਂ ਹੈ (ਵਿਘਨ) ਮੈਂ ਸਮਝਦਾ ਹਾਂ ਕਿ ਸਾਡੇ ਮੁਲਕ ਲਈ ਅੱਗੇ ਜਾਕੇ ਇਹ ਗੱਲ ਘਾਟੇ ਵਾਲੀ ਸਾਬਤ ਹੋਵੇਗੀ। (ਵਿਘਨ) ਇਸ ਲਈ ਮੈਂ ਸਮਝਦਾ ਹਾਂ ਕਿ ਸਾਰੀਆਂ ਪਾਰਟੀਆਂ, ਸਾਰੇ ਲੀਡਰ, ਮੁਲਕ ਦੀ ਸਾਰੀ ਜਨਤਾ, ਇਸ ਮੁਲਕ ਦੇ ਕਾਮਨਮੈਨ ਨੇ, ਜੋ ਇਸ ਲੜਾਈ ਵਿਚ ਆਪਣੇ ਤਨੋ ਅਤੇ ਮਨੋਂ ਸੇਵਾ ਕੀਤੀ ਹੈ, ਇਸ ਵਧਾਈ ਦੇ ਪਾਤਰ ਉਹ ਹੀ ਹੋ ਸਕਦੇ ਹਨ। ਸਿਰਫ ਇਕ ਵਿਅਕਤੀ ਨੂੰ ਹੀ ਵਧਾਈ ਦੇਣਾ ਕੋਈ ਚੰਗੀ ਗੱਲ ਨਹੀਂ ਹੈ। (ਵਿਘਨ) ਇਸ ਦੇ ਨਾਲ ਹੀ ਮੈਂ ਸਮਝਦਾ ਹਾਂ ਕਿ ਪ੍ਰਧਾਨ ਮੰਤਰੀ, ਸ਼੍ਰੀਮਤੀ ਇੰਦਰਾ ਗਾਂਧੀ ਨੂੰ ਵੀ ਵਧਾਈ ਦੇਣੀ ਚਾਹੀਦੀ ਹੈ। ਮੈਂ ਉਨ੍ਹਾਂ ਨੂੰ ਵੀ ਵਧਾਈ ਦਿੰਦਾ ਹਾਂ। ਉਨ੍ਹਾਂ ਇਸ ਮੁਲਕ ਦੀ ਜੋ ਇੱਜ਼ਤ ਬਣਾਈ ਰੱਖੀ ਹੈ, ਜੋ ਇਸ ਮੁਲਕ ਦੀ ਸ਼ਾਨ ਬਣਾਈ ਹੈ, ਇਸ ਤੇ ਮੈਂ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ। ਉਨ੍ਹਾਂ ਨੇ ਹਿੰਦੁਸਤਾਨ ਨੂੰ ਦੁਨੀਆਂ ਦੀਆਂ ਸਿਖਰਾਂ ਤੇ ਪਹੁੰਚਾ ਦਿੱਤਾ ਹੈ। (ਤਾੜੀਆਂ) ਉਹ ਵਧਾਈ ਦੇ ਪਾਤਰ ਹਨ। ਇਸ ਤੋਂ ਬਾਅਦ, ਸਪੀਕਰ ਸਾਹਿਬ, ਮੈਂ ਆਪਣੇ ਮੁਲਕ ਦੇ ਸਾਧਾਰਨ ਕਿਸਾਨ, ਮਜ਼ਦੂਰ, ਹਰੀਜਨ ਅਤੇ ਇਸ ਪੰਜਾਬ ਦੇ ਸਾਰੇ ਵਰਗ ਦੇ ਵਿਅਕਤੀਆਂ ਨੂੰ ਵਧਾਈ ਪੇਸ਼ ਕਰਦਾ ਹਾਂ ਜਿਨ੍ਹਾਂ ਨੇ ਆਪਣਾ ਖੂਨ ਪਸੀਨਾ ਡੋਲ੍ਹਕੇ, ਆਪਣੀਆਂ ਫਸਲਾਂ ਦਾ ਨੁਕਸਾਨ ਕਰਵਾਕੇ ਆਪਣੀਆਂ ਧੀਆਂ, ਭੈਣਾਂ, ਬੱਚਿਆਂ ਆਦਿ ਦੀ ਕੁਰਬਾਨੀ ਦੇ ਕੇ ਬੰਗਲਾ ਦੇਸ਼ ਨੂੰ ਆਜ਼ਾਦ ਕਰਵਾਕੇ ਹਿੰਦੁਸਤਾਨ ਦੀ ਹਵਾਇਤ ਦੁਨੀਆਂ ਦੇ ਸਾਹਮਣੇ ਰੱਖੀ ਹੈ, ਜਿਸ ਨੂੰ ਮੈਂ ਸਮਝਦਾ ਹਾਂ ਕਿ ਸੁਨਹਿਰੀ ਅੱਖਰਾਂ ਵਿਚ ਲਿਖਣਾ ਚਾਹੀਦਾ ਹੈ। ਪੰਜਾਬੀ ਬਜ਼ੁਰਗਾਂ ਮਾਤਾਵਾਂ, ਭੈਣਾਂ ਆਦਿ ਨੇ ਜਿਨ੍ਹਾਂ ਨੇ ਧਨ, ਮਾਲ ਦੀ ਕੁਰਬਾਨੀ ਦੇ ਕੇ ਇਸ ਲੜਾਈ ਵਿਚ ਵੱਧ ਤੋਂ ਵੱਧ ਹਿੱਸਾ ਪਾਇਆ ਹੈ, ਮੈਂ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ। (ਤਾੜੀਆਂ)

ਮੈਂ ਸਾਰੀਆਂ ਪਾਰਟੀਆਂ ਨੂੰ ਵਧਾਈ ਦਿੰਦਾ ਹੋਇਆ ਆਪਣੀ ਪਾਰਟੀ ਅਕਾਲੀ ਦਲ ਨੂੰ ਵਧਾਈ ਦਿੰਦਾ ਹਾਂ। ਕਿਉਂਕਿ ਜਿਸ ਵੇਲੇ ਬੰਗਲਾ ਦੇਸ਼ ਦੀ ਲੜਾਈ ਚਲ ਰਹੀ ਸੀ ਤਾਂ ਇਨ੍ਹਾਂ ਨੇ ਦਿੱਲੀ ਵਿਚ ਧਾਰਮਿਕ ਮੋਰਚਾ ਲਾਇਆ ਹੋਇਆ ਸੀ। ਪਰ ਇਸ ਚੀਜ਼ ਨੂੰ ਮੁੱਖ ਰੱਖਕੇ ਇਨ੍ਹਾਂ ਨੇ ਆਪਣਾ ਮੋਰਚਾ ਛੱਡ ਦਿੱਤਾ। ਧਰਮ ਨੂੰ ਪਿੱਛੇ ਰੱਖਕੇ ਜੋ ਉਸ ਵੇਲੇ ਅਕਾਲੀ ਦਲ ਨੇ ਸੇਵਾ ਕੀਤੀ, ਮੈਂ ਸਮਝਦਾ ਹਾਂ ਕਿ ਮੇਰੀ ਪਾਰਟੀ ਵਧਾਈ ਦੀ ਪਾਤਰ ਹੈ। (ਤਾੜੀਆਂ) ਸੰਤ ਬਾਬਾ ਫਤਹਿ ਸਿੰਘ ਪ੍ਰਧਾਨ ਜੀ ਦੀ ਅਗਵਾਈ ਵਿਚ ਪੰਜਾਬ ਵਿਚ ਤਾਂ ਕੀ ਹਿੰਦੁਸਤਾਨ ਵਿਚ ਉਸ ਸਮੇਂ ਵਾਰ ਰੇਲੀਜ਼ ਕੀਤੀਆਂ। (ਵਿਘਨ) ਇਹ ਜਿਹੜੇ ਮੇਰੇ ਸਾਹਮਣੇ ਬੈਠੇ ਸਰਕਾਰੀ ਬੈਂਚਾਂ ਵਾਲੇ ਵੀਰ ਟੀਕਾ ਟਿਪਣੀ ਕਰ ਰਹੇ ਹਨ, ਇਹ ਠੀਕ ਨਹੀਂ ਹੈ। ਇਸ ਮੁਲਕ ਨੂੰ ਆਜ਼ਾਦੀ ਦਿਵਾਉਣ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਜੋ ਹਿੱਸਾ ਪਾਇਆ ਹੈ, ਇਨ੍ਹਾਂ ਨੂੰ ਵਧਾਈ ਦੇਣ ਤੋਂ ਵਾਂਝਿਆਂ ਨਹੀਂ ਰੱਖਿਆ ਜਾ ਸਕਦਾ। (ਤਾੜੀਆਂ) ਇਸੇ ਤਰ੍ਹਾਂ ਸਪੀਕਰ ਸਾਹਿਬ, ਲੜਾਈ ਦੇ ਦੌਰਾਨ ਜ਼ਖਮੀਆਂ ਦੀ ਸੇਵਾ ਕਰਨਾ, ਉਨ੍ਹਾਂ ਦੀ ਰੋਟੀ, ਪਾਣੀ ਆਦਿ ਦਾ ਜੋ ਪ੍ਰਬੰਧ ਕੀਤਾ ਗਿਆ, ਇਸ ਲਈ ਸ਼੍ਰੋਮਣੀ ਕਮੇਟੀ ਵਧਾਈ ਦੀ ਪਾਤਰ ਹੈ। ਇਹ ਬੜਾ ਸ਼ਲਾਘਾ ਯੋਗ ਕੰਮ ਹੈ। (ਤਾੜੀਆਂ) (ਵਿਘਨ) ਇਸੇ ਤਰ੍ਹਾਂ ਹੀ, ਸਪੀਕਰ ਸਾਹਿਬ, ਸ਼੍ਰੋਮਣੀ ਕਮੇਟੀ ਨੇ, ਜੋ ਕਿ ਸ਼੍ਰੋਮਣੀ ਅਕਾਲੀ ਦਲ ਦੀ ਇਕ ਬ੍ਰਾਂਚ ਹੈ, ਉਸ ਸਮੇਂ ਬਿਨਾ ਸੈਂਟਰਲ ਗੌਰਮਿੰਟ ਦੇ ਕਹਿਣ ਤੇ ਪੈਸੇ ਟਕੇ ਦੀ ਲੋੜ ਸੀ, ਜੋ ਘਾਟ ਸੀ, ਨੂੰ ਪੂਰਾ ਕੀਤਾ। (ਤਾੜੀਆਂ)

ਸ੍ਰੀ ਸਪੀਕਰ : ਬਰਾੜ ਸਾਹਿਬ, ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਦੀ ਬਰਾਂਚ ਕਿਸ ਤਰ੍ਹਾਂ ਹੈ ? (ਹਾਸਾ) (*Addressing Sardar Jaswinder Singh Brar* : How is Shiromani Committee a branch of the Shiromani Akali Dal ?) (Laughter)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਇਸ ਤੋਂ ਬਾਅਦ ਮੈਂ ਬੇਨਤੀ ਕਰਦਾ ਹਾਂ ਕਿ ਬੰਗਲਾ ਦੇਸ਼ ਬੰਧੂ ਸ਼ੇਖ ਮੁਜ਼ੀਬੁਰ ਰਹਿਮਾਨ ਦੀ ਕਬਰ ਖੋਦੀ ਗਈ ਸੀ ਅਤੇ ਉਹ ਮਰਨ ਵਾਸਤੇ ਤਿਆਰ ਸਨ, ਮੁਲਕ ਨੂੰ ਆਜ਼ਾਦ ਕਰਾਉਣ ਵਾਸਤੇ ਉਨ੍ਹਾਂ ਦੇ ਬਾਲ ਬੱਚਿਆਂ, ਅਤੇ ਸਾਥੀਆਂ ਨੇ ਆਪਣੇ ਦੇਸ਼ ਦੀ ਆਜ਼ਾਦੀ ਦੀ ਖਾਤਰ ਕਿਸ ਤਰ੍ਹਾਂ ਤਨ ਮਨ ਦੀ ਕੁਰਬਾਨੀ ਕੀਤੀ। ਮੇਰਾ ਖਿਆਲ ਹੈ ਕਿ ਅਸੀਂ ਉਨ੍ਹਾਂ ਨੂੰ ਵਧਾਈ ਦਿਤੇ ਬਗੈਰ ਰਹਿ ਨਹੀ ਸਕਦੇ। ਇਸੇ ਤਰ੍ਹਾਂ ਮੈਂ ਉਨ੍ਹਾਂ ਜਰਨੈਲ ਨੂੰ, ਜਿਨ੍ਹਾਂ ਨੇ ਆਪਣੀ ਸੂਝ ਬੂਝ ਦੇ ਨਾਲ ਪੰਜਾਬ ਦੀ ਧਰਤੀ ਤੇ ਫਰੰਟ ਖੋਲ੍ਹਕੇ, ਕੁਰਬਾਨੀਆਂ ਦੇ ਕੇ ਬੰਗਲਾ ਦੇਸ਼ ਨੂੰ ਆਜ਼ਾਦ ਕਰਾਇਆ ਵਧਾਈ ਦਿੰਦਾ ਹਾਂ। ਮੈਂ ਸਮਝਦਾ ਹਾਂ ਕਿ ਇਹੋ ਜਿਹੀ ਸੂਝ ਬੂਝ ਅਤੇ ਕੁਰਬਾਨੀ ਦੀ ਮਿਸਾਲ ਮਿਲ ਨਹੀਂ ਸਕਦੀ। ਖਾਸ ਕਰਕੇ ਜਨਰਲ ਮਾਣਕਸ਼ਾਹ ਨੇ ਜੋ ਦਲੇਰੀ, ਸੂਝ ਬੂਝ, ਦਾਨਸ਼ਮੰਦੀ ਅਤੇ ਅਕਲਮੰਦੀ ਦਾ ਸਬੂਤ ਦਿਤਾ ਹੈ, ਇਹ ਬੜਾ ਸ਼ਲਾਘਾ ਯੋਗ ਹੈ। ਇਸ ਤੋਂ ਬਾਅਦ ਜਨਰਲ ਜਗਜੀਤ ਸਿੰਘ ਅਰੋੜਾ ਨੇ ਜਿਸ ਤਰ੍ਹਾਂ ਆਪਣੀ ਸਿਆਣਪ ਅਤੇ ਸੂਝ ਬੂਝ ਜੋ ਬੰਗਲਾ ਦੇਸ਼ ਵਿਚ ਵਿਖਾਈ, ਉਨ੍ਹਾਂ ਦੇ ਅੱਗੇ ਜਨਰਲ ਨਿਆਜ਼ੀ ਨੇ ਇਕ ਲੱਖ ਫੌਜ ਸਮੇਤ ਹਥਿਆਰ ਸੁੱਟ ਦਿਤੇ ਅਤੇ ਆਪਣੇ ਆਪ ਨੂੰ ਉਨ੍ਹਾਂ ਦੇ ਸਪੁਰਦ ਕਰ ਦਿਤਾ, ਮੈਂ ਸਮਝਦਾ ਹਾਂ ਕਿ ਇਹ ਹਿੰਦੁਸਤਾਨ ਦੇ ਇਤਿਹਾਸ ਵਿਚ ਬੜੇ ਚੰਗੇ ਅਖਰਾਂ ਵਿਚ ਲਿਖਿਆ ਜਾਣਾ ਚਾਹੀਦਾ ਹੈ।

ਤੇ, ਸਪੀਕਰ ਸਾਹਿਬ, ਮੈਂ ਬਹੁਤੀ ਲੰਬੀ ਗੱਲ ਨਾ ਕਰਦਾ ਹੋਇਆ ਔਰ ਸਮਾਪਤ ਕਰਦਾ ਹੋਇਆ ਮੈਂ ਰੂਲਿੰਗ ਪਾਰਟੀ ਦੇ ਬੈਂਚਾਂ ਤੇ ਬੈਠੇ ਆਪਣੇ ਬਜ਼ੁਰਗਾਂ ਨੂੰ, ਆਪਣੇ ਵੀਰਾਂ ਨੂੰ ਔਰ ਖਾਸ ਤੌਰ ਤੇ ਚੀਫ ਮਨਿਸਟਰ ਸਾਹਿਬ ਨੂੰ, ਜਿਨ੍ਹਾਂ ਦਾ ਮੈਂ ਬਹੁਤ ਮਾਣ ਤੇ ਸਤਿਕਾਰ ਕਰਦਾ ਹਾਂ ਉਨ੍ਹਾਂ ਨੂੰ ਅਪੀਲ ਕਰਾਂਗਾ ਕਿ ਹਿੰਦੁਸਤਾਨ ਦੀ ਆਜ਼ਾਦੀ ਨੂੰ ਕਾਇਮ ਰਖਣ ਵਾਸਤੇ ਅਸੀਂ ਉਨ੍ਹਾਂ ਤੋਂ ਦੋ ਕਦਮ ਅੱਗੇ ਹੋ ਕੇ ਹਮੇਸ਼ਾ ਲੜਾਂਗੇ ਔਰ ਆਪਣੇ ਤਨ, ਮਨ ਔਰ ਧਨ ਦੀ ਕੁਰਬਾਨੀ ਕਰਾਂਗੇ। ਸਪੀਕਰ ਸਾਹਿਬ, ਪਰੈਜ਼ੀਡੈਂਟ ਨਿਕਸਨ, ਜਿਸ ਨੇ ਸੈਬੋਟੇਜ ਕਰਨ ਵਾਸਤੇ, ਹਿੰਦੁਸਤਾਨ ਦੀ ਧਰਤੀ ਨੂੰ ਫਿਰ ਗੁਲਾਮ ਕਰਨ ਵਾਸਤੇ ਜੋ ਕੋਝੀਆਂ ਚਾਲਾਂ ਚਲੀਆਂ, ਉਨ੍ਹਾਂ ਬਾਰੇ ਜੋ ਗਿਆਨੀ ਜ਼ੈਲ ਸਿੰਘ ਜੀ ਨੇ ਗੱਲਾਂ ਕਹੀਆਂ ਹਨ ਅਸੀਂ ਉਨ੍ਹਾਂ ਨਾਲ ਸਹਿਮਤ ਹਾਂ। ਅਸੀਂ ਆਪਣੇ ਇਸ ਦੇਸ਼ ਵਿਚ ਸਾਧਾਰਣ ਲੋਕਾਂ ਦਾ, ਗਰੀਬਾਂ ਦਾ, ਹਰੀਜਨਾਂ ਦਾ, ਕਿਸਾਨਾਂ ਦਾ ਔਰ ਇਸ ਮਿੱਟੀ ਵਿਚੋਂ ਪੈਦਾ ਹੋਏ ਕਾਮਿਆਂ ਤੇ ਕਿਰਤੀਆਂ ਦਾ ਰਾਜ ਲਿਆਉਣਾ ਹੈ। (ਵਿਘਨ)

ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਲੈਨਿਨ, ਜੋ ਰਸ਼ੀਆ ਦੇ ਆਗੂ ਹੋਏ ਹਨ, ਉਹ ਵੀ ਸਨਮਾਨ ਤੇ ਸਤਿਕਾਰ ਦੇ ਕਾਬਲ ਹਨ। ਸਪੀਕਰ ਸਾਹਿਬ, ਸਾਨੂੰ ਇਕ ਹੋਰ ਗੱਲ ਨਹੀਂ ਭੁਲਣੀ ਚਾਹੀਦੀ, ਚਾਹੇ ਇਹ ਮੇਰੇ ਵੀਰ ਇਸ ਪਾਸੇ ਦੇ ਬੈਂਚਾਂ ਤੇ ਬੈਠੇ ਹੋਣ ਤਾਂ ਉਸ ਪਾਸੇ ਦੇ ਬੈਂਚਾਂ ਤੇ ਬੈਠੇ ਹੋਣ, ਸਾਨੂੰ ਇਹ ਗੱਲ ਨਹੀ ਭੁਲਣੀ ਚਾਹੀਦੀ ਕਿ ਸਾਡੀ ਇਸ ਧਰਤੀ ਤੇ ਇਕ ਹੋਰ ਮਹਾਨ ਸ਼ਖਸੀਅਤ ਗੁਰੂ ਨਾਨਕ ਦੇਵ ਜੀ ਪੈਦਾ ਹੋਏ; ਜਿਨ੍ਹਾਂ ਨੇ ਗਰੀਬਾਂ ਨੂੰ ਉੱਚਾ ਚੁਕਿਆ। ਔਰ ਜਿਨ੍ਹਾਂ ਦੀ ਫਿਲਾਸਫੀ ਨੂੰ ਅਸੀਂ ਸਹੀ ਮਾਹਨਿਆਂ ਵਿਚ ਸੋਸ਼ਲਿਜ਼ਮ ਦੀ ਫਿਲਾਸਫੀ ਸਮਝਦੇ ਹਾਂ; ਸਾਨੂੰ ਉਨ੍ਹਾਂ ਦੇ ਚਲਾਏ ਸੋਸ਼ਲਿਜ਼ਮ ਦੇ ਪੂਰਨਿਆਂ ਤੇ ਚਲਣਾ ਚਾਹੀਦਾ ਹੈ। ਜੋ ਸੋਸ਼ਲਿਜ਼ਮ ਉਨ੍ਹਾਂ ਨੇ ਲਿਆਂਦਾ ਉਹ ਅੱਜ ਤਕ

ਕੋਈ ਪਾਰਟੀ ਲਿਆ ਨਹੀਂ ਸਕੀ। ਉਨ੍ਹਾਂ ਦਾ ਨਾਮ ਹਿੰਦੁਸਤਾਨ ਵਿਚ ਸਦਾ ਹੀ ਮਾਣ ਤੇ ਸਤਿਕਾਰ ਨਾਲ ਸਨਮਾਨਿਆ ਜਾਵੇਗਾ। (ਵਿਘਨ)

ਸਪੀਕਰ ਸਾਹਿਬ, ਮੈਂ ਆਪਣੇ ਰੂਲਿੰਗ ਪਾਰਟੀ ਦੇ ਵੀਰਾਂ ਨੂੰ, ਬਜ਼ੁਰਗਾਂ ਨੂੰ ਇਸ ਰੈਜ਼ੋਲਿਊਸ਼ਨ ਤੇ ਕਾਂਗਰੈਚੂਲੇਸ਼ਨਜ਼ ਦਿੰਦਾ ਹੋਇਆ ਇਹ ਬੇਨਤੀ ਕਰਾਂਗਾ ਕਿ ਇਕੱਲੀਆਂ ਫੋਕੀਆਂ ਗੱਲਾਂ ਨਾਲ, ਰੈਜ਼ੋਲਿਊਸ਼ਨ ਲਿਆਉਣ ਨਾਲ ਜਾਂ ਇਕ ਵਿਅਕਤੀ ਦੀ ਤਾਰੀਫ਼ ਕਰਨ ਨਾਲ ਮੇਰਾ ਹਿੰਦੁਸਤਾਨ, ਮੇਰਾ ਮੁਲਕ ਤਕੜਾ ਨਹੀਂ ਹੋ ਸਕਦਾ। ਮੈਂ ਸਮਝਦਾ ਹਾਂ ਕਿ ਇਸ ਦੇ ਨਾਲ ਹੀ ਜਿਨ੍ਹਾਂ ਪ੍ਰੀਵਾਰਾਂ ਨੇ, ਜਿਨ੍ਹਾਂ ਕਿਸਾਨਾਂ ਨੇ, ਜਿਨ੍ਹਾਂ ਹਰੀਜਨਾਂ ਨੇ, ਜਿਨ੍ਹਾਂ ਫੌਜੀ ਭਰਾਵਾਂ ਨੇ ਹਿੰਦੁਸਤਾਨ ਦੀ ਆਜ਼ਾਦੀ ਨੂੰ ਬਰਕਰਾਰ ਰਖਣ ਲਈ ਔਰ ਬੰਗਲਾ ਦੇਸ਼ ਨੂੰ ਆਜ਼ਾਦ ਕਰਾਉਣ ਲਈ ਹਿੰਦੁਸਤਾਨ ਦਾ ਨਾਮ ਉੱਚਾ ਕਰਨ ਲਈ, ਹਿੰਦੁਸਤਾਨ ਦੀ ਇੱਜ਼ਤ ਵਧਾਉਣ ਲਈ, ਹਿੰਦੁਸਤਾਨ ਨੂੰ ਦੂਸਰੇ ਵੱਡੇ ਮੁਲਕਾਂ ਵਿਚ ਆਪਣਾ ਨਾਮ ਰੋਸ਼ਨ ਕਰਨ ਲਈ ਕੁਰਬਾਨੀਆਂ ਦਿੱਤੀਆਂ, ਘਾਲਾਂ ਘਾਲੀਆਂ ਉਨ੍ਹਾਂ ਦੇ ਬੱਚਿਆਂ ਨੂੰ ਫਰੀ ਐਜੂਕੇਸ਼ਨ ਤੇ ਹੋਰ ਲੋੜੀ ਦੀਆਂ ਸਹੂਲਤਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਰੂਲਿੰਗ ਪਾਰਟੀ ਵਾਲੇ ਇਸ ਗੱਲ ਨੂੰ ਨੋਟ ਕਰਨ ਮੈਂ ਉਨ੍ਹਾਂ ਨੂੰ ਇਕ ਸੁਝਾਵ ਦਿੰਦਾ ਹਾਂ ਕਿ ਜਿਨ੍ਹਾਂ ਮੇਰੀਆਂ ਭੈਣਾਂ ਦੇ ਪਤੀਆਂ ਦਾ ਇਸ ਜੰਗ ਵਿਚ ਸਿਰ ਤੋਂ ਹੱਥ ਉਠ ਗਿਆ ਹੈ, ਜਿਨ੍ਹਾਂ ਦੇ ਬੱਚੇ ਅੱਜ ਦਰ ਬਦਰ ਰੁਲਦੇ ਫਿਰਦੇ ਹਨ, ਉਨ੍ਹਾਂ ਮੇਰੀਆਂ ਭੈਣਾਂ ਵਾਸਤੇ ਔਰ ਉਨ੍ਹਾਂ ਦੇ ਬੱਚਿਆਂ ਵਾਸਤੇ ਕੁਝ ਨਹੀਂ ਕੀਤਾ ਗਿਆ। ਜੋ ਮੁਆਵਜ਼ਾ ਉਨ੍ਹਾਂ ਨੂੰ ਮਿਲਣਾ ਚਾਹੀਦਾ ਸੀ, ਜੋ ਸਹੂਲਤਾਂ ਸਾਨੂੰ ਉਨ੍ਹਾਂ ਨੂੰ ਦੇਣੀਆਂ ਚਾਹੀਦੀਆਂ ਸਨ, ਉਹ ਨਹੀਂ ਦਿੱਤੀਆਂ ਗਈਆਂ। ਮੇਰਾ ਖਿਆਲ ਹੈ ਕਿ ਸਿਰਫ ਉਨ੍ਹਾਂ ਦੀਆਂ ਅੱਖਾਂ ਪੂੰਝੀਆਂ ਗਈਆਂ ਹਨ ਔਰ ਇਸ ਤੋਂ ਜ਼ਿਆਦਾ ਉਨ੍ਹਾਂ ਵਾਸਤੇ ਕੁਝ ਨਹੀਂ ਕੀਤਾ ਗਿਆ। ਮੈਂ ਸੀ. ਐਮ. ਸਾਹਿਬ ਨੂੰ ਦਰਖਾਸਤ ਕਰਾਂਗਾ ਕਿ ਜਿਨ੍ਹਾਂ ਮੇਰੀਆਂ ਭੈਣਾਂ ਦੇ ਸਿਰ ਤੋਂ ਪਤੀ ਦਾ ਹੱਥ ਉੱਠ ਗਿਆ ਹੈ ਔਰ ਜਿਨ੍ਹਾਂ ਦੇ ਭਰਾ ਵਿਛੜ ਗਏ ਹਨ, ਜਿਨ੍ਹਾਂ ਮਾਵਾਂ ਦੇ ਲਾਲ ਉਨ੍ਹਾਂ ਤੋਂ ਵਿਛੜ ਗਏ ਹਨ ਉਨ੍ਹਾਂ ਨੂੰ ਫੌਰੀ ਤੌਰ ਤੇ ਸਹੂਲਤਾਂ ਦਿਤੀਆਂ ਜਾਣੀਆਂ ਚਾਹੀਦੀਆਂ ਹਨ। ਇਸ ਦੇ ਨਾਲ ਹੀ, ਸਪੀਕਰ ਸਾਹਿਬ, ਮੈਂ ਇਹ ਵੀ ਅਰਜ਼ ਕਰਾਂਗਾ ਕਿ ਉਨ੍ਹਾਂ ਨੂੰ ਇੰਡਸਟਰੀਅਲ ਲੋਨ ਦਿੱਤੇ ਜਾਣ ਔਰ ਇਹ ਲੋਨ ਬਹੁਤ ਘੱਟ ਸ਼ਰਾ ਤੇ ਦਿੱਤੇ ਜਾਣ। ਸਿਲਾਈ ਜਾਂ ਹੋਰ ਅਜਿਹੇ ਕੰਮਾਂ ਵਾਸਤੇ ਇੰਡਸਟਰੀਅਲ ਲੋਨ ਉਨ੍ਹਾਂ ਨੂੰ ਦੇਣੇ ਚਾਹੀਦੇ ਹਨ ਔਰ ਮੈਂ ਸਮਝਦਾ ਹਾਂ ਕਿ ਇਹ ਫੌਰੀ ਤੌਰ ਤੇ ਦੇ ਦੇਣੇ ਚਾਹੀਦੇ ਹਨ ਔਰ ਇਸ ਦੇ ਵਿਚ ਦੇਰ ਨਹੀਂ ਕਰਨੀ ਚਾਹੀਦੀ।

ਇਕ ਸੁਝਾਵ, ਮੈਂ ਸਪੀਕਰ ਸਾਹਿਬ, ਸਮਾਪਤ ਕਰਨ ਤੋਂ ਪਹਿਲਾਂ ਹੋਰ ਦੇਣਾ ਚਾਹੁੰਦਾ ਹਾਂ ਕਿ ਉਨ੍ਹਾਂ ਲੋਕਾਂ ਦੇ ਬੱਚਿਆਂ ਵਾਸਤੇ, ਜਿਨ੍ਹਾਂ ਦੀ ਪੜ੍ਹਾਈ ਦਾ ਕੋਈ ਇੰਤਜ਼ਾਮ ਨਹੀਂ, ਜਿਨ੍ਹਾਂ ਨੂੰ ਕੋਈ ਮੈਡੀਕਲ ਏਡ ਨਹੀਂ ਦਿੱਤੀ ਜਾਂਦੀ, ਜਿਨ੍ਹਾਂ ਦੇ ਪ੍ਰੀਵਾਰਾਂ ਨੂੰ ਸਤਿਕਾਰਿਆ ਨਹੀਂ ਗਿਆ ਉਨ੍ਹਾਂ ਵਾਸਤੇ ਵੀ ਇਕ ਕਾਨੂੰਨ ਬਣਾ ਦੇਣਾ ਚਾਹੀਦਾ ਹੈ। ਜਿਸ ਤਰ੍ਹਾਂ ਹਰੀਜਨ ਭਰਾਵਾਂ ਨੂੰ ਅਸੀਂ ਆਪਣੇ ਬਰਾਬਰ ਕਰਨ ਵਾਸਤੇ ਵਿਧਾਨ ਵਿਚ, ਕਾਨਸਟੀਚਿਊਸ਼ਨ ਵਿਚ ਧਾਰਾ ਲਿਆਂਦੀ ਹੈ, ਜਿਸ ਨਾਲ ਕਿ ਹਰੀਜਨਾਂ ਦੀ ਰਿਜ਼ਰਵੇਸ਼ਨ ਰਖੀ ਗਈ ਹੈ, ਜਿਸ ਦੇ ਸਦਕੇ ਅੱਜ ਇਹ ਸਾਡੇ ਭਰਾ ਉੱਚੀਆਂ ਉੱਚੀਆਂ ਪਦਵੀਆਂ ਪਾਈ ਬੈਠੇ ਹਨ, ਜੇ ਇਹ ਰਿਜ਼ਰਵੇਸ਼ਨ ਨਾ ਹੁੰਦੀ ਤਾਂ ਇਹ ਨਹੀਂ ਹੋ ਸਕਣਾ ਸੀ। ਜਿਸ ਤਰ੍ਹਾਂ ਅਸੀਂ ਹਰੀਜਨ ਭਰਾਵਾਂ ਵਾਸਤੇ ਕਾਨੂੰਨ ਲਿਆਂਦਾ ਹੈ ਇਸੇ ਤਰ੍ਹਾਂ ਮੇਰੀ ਬੇਨਤੀ ਹੈ ਕਿ ਇਹੋ ਜਿਹੀਆਂ ਮਾਤਾਵਾਂ, ਇਹੋ ਜਿਹੀਆਂ ਭੈਣਾਂ ਜਿਨ੍ਹਾਂ ਦੇ ਪੁਤਰ, ਪਤੀ ਆਦਿ ਲੜਾਈ ਵਿਚ ਮਾਰੇ ਗਏ ਹਨ ਉਨ੍ਹਾਂ ਦੇ ਬੱਚਿਆਂ ਵਾਸਤੇ ਸਰਵਿਸਿਜ਼ ਵਿਚ ਔਰ ਹੋਰ ਹਰ ਤਰ੍ਹਾਂ ਦੀ ਰਿਜ਼ਰਵੇਸ਼ਨ ਕਰਨੀ ਚਾਹੀਦੀ ਹੈ। (ਵਿਘਨ)

[ਸਰਦਾਰ ਜਸਵਿੰਦਰ ਸਿੰਘ ਬਰਾੜ]

ਸਪੀਕਰ ਸਾਹਿਬ, ਉਨ੍ਹਾਂ ਨੂੰ ਸਰਵਿਸਿਜ਼ ਵਿਚ, ਐਜੂਕੇਸ਼ਨ ਵਿਚ ਔਰ ਹੋਰ ਇਸ ਤਰ੍ਹਾਂ ਬਾਕੀ ਸਹੂਲਤਾਂ, ਜਿਨ੍ਹਾਂ ਬਾਰੇ ਮੈਂ ਜ਼ਿਕਰ ਨਾ ਕਰ ਸਕਿਆ ਹੋਵਾਂ, ਉਨ੍ਹਾਂ ਨੂੰ ਦੇਣੀਆਂ ਚਾਹੀਦੀਆਂ ਹਨ ।

ਸੋ, ਸਪੀਕਰ ਸਾਹਿਬ, ਸਮਾਪਤ ਕਰਨ ਤੋਂ ਪਹਿਲਾਂ ਮੈਂ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਬੀਬੀ ਇੰਦਰਾ ਗਾਂਧੀ ਜੀ, ਹੋਰ ਸਾਰੀਆਂ ਪਾਰਟੀਆਂ ਔਰ ਇਸ ਮੁਲਕ ਦੀ ਜਨਤਾ ਨੂੰ ਵਧਾਈ ਦਿੰਦਾ ਹਾਂ, ਜਿਨ੍ਹਾਂ ਨੇ ਕਿ ਇਕ ਨਵੀਂ ਰਵਾਇਤ ਪੈਦਾ ਕੀਤੀ ਹੈ । ਸਾਡੇ ਮੁਲਕ ਨੇ, ਸਾਡੇ ਇਸ ਹਿੰਦੁਸਤਾਨ ਦੇਸ਼ ਨੇ ਇਕ ਨਵੀਂ ਰਵਾਇਤ ਇਹ ਪੈਦਾ ਕੀਤੀ ਕਿ ਇਕ ਓਪਰੇ ਦੇਸ਼, ਬੰਗਲਾ ਦੇਸ਼ ਨੂੰ, ਜਿਸ ਤੇ ਜ਼ੁਲਮ ਕੀਤਾ ਜਾ ਰਿਹਾ ਸੀ, ਜਿਸ ਦੀਆਂ ਬਹੂ ਬੇਟੀਆਂ ਦੀ ਇੱਜ਼ਤ ਨੂੰ ਮਿੱਟੀ ਵਿਚ ਰੋਲਿਆ ਜਾ ਰਿਹਾ ਸੀ, ਜਿਸ ਦੀ ਇੱਜ਼ਤ ਨੂੰ ਮਿਟੀ ਵਿਚ ਮਿਲਾਇਆ ਜਾ ਰਿਹਾ ਸੀ, ਉਸ ਦੇਸ਼ ਨੂੰ ਆਜ਼ਾਦ ਕਰਾਉਣ ਦਾ ਯਤਨ ਕੀਤਾ । ਇਸ ਗੱਲ ਦੀ ਵਧਾਈ ਮੈਂ ਸਾਰੀ ਜਨਤਾ ਨੂੰ, ਦੇਸ਼ ਦੀ ਪ੍ਰਧਾਨ ਮੰਤਰੀ ਨੂੰ, ਸਾਰੀਆਂ ਪੁਲਿਟੀਕਲ ਪਾਰਟੀਆਂ ਨੂੰ ਔਰ ਮਹਾਨ ਨੇਤਾਵਾਂ ਨੂੰ ਦਿੰਦਾ ਹਾਂ । ਇਨ੍ਹਾਂ ਲਫ਼ਜ਼ਾਂ ਨਾਲ ਮੈਂ ਆਪ ਦਾ ਧੰਨਵਾਦ ਕਰਦਾ ਹਾਂ ।

(ਇਸ ਵਕਤ ਸਰਦਾਰ ਅੱਛਰਾ ਸਿੰਘ ਬੋਲਣ ਲਈ ਖੜ੍ਹੇ ਹੋਏ)

ਸ੍ਰੀ ਸਪੀਕਰ : ਡਾਂਗ ਸਾਹਿਬ, ਅਗਰ ਜ਼ਿਆਦਾ ਸਪੀਕਰ ਦੀ ਬਜਾਏ ਇਕ ਇਕ ਸਪੀਕਰ ਸਾਰੀਆਂ ਪਾਰਟੀਆਂ ਦੇ ਬੋਲਣ ਤਾਂ ਮੇਰਾ ਖਿਆਲ ਹੈ ਕਿ ਠੀਕ ਰਹੇਗਾ । (ਵਿਘਨ)

(*Addressing Comrade Satya Pal Dang* : I think it will be better if only one speaker from each Party takes part in this debate) (Interruption)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਇਹ ਫੈਸਲਾ ਵੀ ਹੋਇਆ ਸੀ ਕਿ ਇਕ ਇਕ ਸਪੀਕਰ ਹੀ ਬੋਲੇ । (ਵਿਘਨ)

ਕਾਮਰੇਡ ਅੱਛਰਾ ਸਿੰਘ (ਧੂਰੀ) : ਸਪੀਕਰ ਸਾਹਿਬ, ਇਹ ਜੋ ਮਤਾ ਇਸ ਹਾਊਸ ਵਿਚ ਪੇਸ਼ ਕੀਤਾ ਗਿਆ ਹੈ, ਉਸ ਨਾਲ ਮੈਂ ਸਹਿਮਤ ਹਾਂ, ਪਰ ਮੈਂ ਇਸ ਦੇ ਵਿਚ ਇਕ ਦੋ ਚੀਜ਼ਾਂ ਹੋਰ ਐਡ ਕਰਨੀਆਂ ਚਾਹੁੰਦਾ ਹਾਂ । ਮੈਂ ਇਹ ਅਮੈਂਡਮੈਂਟਸ ਮੂਵ ਕਰਦਾ ਹਾਂ ਜਿਹੜੀਆਂ ਕਿ ਇਸ ਰੈਜ਼ੋਲਿਊਸ਼ਨ ਦੇ ਨੰਬਰ (vi) ਅਤੇ (vii) ਤੇ ਐਡ ਕੀਤੀਆਂ ਜਾਣ ।

(vi) ਸੋਵੀਅਤ ਯੂਨੀਅਨ ਅਤੇ ਹੋਰ ਦੇਸ਼ਾਂ ਵਲੋਂ ਇਸ ਕੌਮੀ ਸੰਕਟ ਸਮੇਂ ਭਾਰਤ ਦੀ ਕੀਤੀ ਗਈ ਸਹਾਇਤਾ ਲਈ ਭੀ ਧੰਨਵਾਦ ਕਰਦਾ ਹਾਂ ,

(vii) ਪੰਜਾਬ ਦੇ ਬਹਾਦਰ ਜਵਾਨੀਆਂ ਵਲੋਂ ਆਪਣੀਆਂ ਪਿਛਲੀਆਂ ਸ਼ਾਨਦਾਰ ਰਵਾਇਤਾਂ ਨੂੰ ਕਾਇਮ ਰਖਦਿਆਂ ਹੋਇਆਂ ਇਸ ਮੌਕੇ ਕੀਤੀ ਗਈ ਸੂਰਬੀਰਤਾ ਲਈ ਉਨ੍ਹਾਂ ਨੂੰ ਵਧਾਈ ਦੇਂਦਾ ਹੈ ; (ਵਿਘਨ)

ਸ੍ਰੀ ਸਪੀਕਰ : ਇਹ ਜਿਹੜੀਆਂ ਇਨ੍ਹਾਂ ਨੇ ਸੁਜੈਸ਼ਨਜ਼ ਦਿੱਤੀਆਂ ਹਨ, ਮੈਂ ਚਾਹੁੰਦਾ ਹਾਂ ਕਿ ਉਹ ਦੋਨੋਂ ਹੀ ਇਸ ਰੈਜ਼ੋਲਿਊਸ਼ਨ ਦੇ ਵਿਚ ਇਨਕਾਰਪੋਰੇਟ ਕੀਤੀਆਂ ਜਾਣ । (ਵਿਘਨ)

(I would like these two amendments given by the hon. Member, to be incorporated in the Resolution). (Interruption)

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਇਨ੍ਹਾਂ ਸੁਜੈਸ਼ਨਜ਼ ਨੂੰ ਮਨਜ਼ੂਰ ਕਰਦਾ ਹਾਂ। (ਤਾੜੀਆਂ)

Mr. Speaker : Motion moved—

That in the Resolution the following be added, as Nos. (vi) and (vii)

places on record its appreciation of the assistance rendered by the Government and the people of U. S. S R. and other countries to India in the hour of crisis ;

congratulates the people of Punjab, who, in keeping with the past traditions, displayed remarkable courage and bravery during the recent Indo-Pak War ;

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਇਸ ਗੱਲ ਨਾਲ ਆਪਣੀ ਸਹਿਮਤੀ ਪ੍ਰਗਟ ਕਰਦਾ ਹਾਂ। ਜਿਸ ਮੁਲਕ ਨੇ ਵੀ ਸਾਡੀ ਸਹਾਇਤਾ ਕੀਤੀ ਹੈ ਉਸ ਕੌਮ ਦਾ ਮੈਂ ਮਸ਼ਕੂਰ ਹਾਂ ਔਰ ਚੀਫ਼ ਮਨਿਸਟਰ ਸਾਹਿਬ ਨਾਲ ਮੈਂ ਬਿਲਕੁਲ ਸਹਿਮਤ ਹਾਂ। (ਵਿਘਨ)

ਸ੍ਰੀ ਸਪੀਕਰ : ਇਹ ਨੰਬਰ 6 ਅਤੇ 7 ਤੇ ਇਨਕਾਰਪੋਰੇਟ ਕਰ ਲਏ ਜਾਣ। (ਵਿਘਨ) (These amendments may be incorporated as Nos. (vi) and (vii) in the Resolution). (Interruption)

ਕਾਮਰੇਡ ਅੱਛਰਾ ਸਿੰਘ : ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਪਾਕਿਸਤਾਨ ਨੇ ਅਮਰੀਕਾ ਦੀ ਸ਼ਹਿ ਉੱਤੇ ਸਾਡੇ ਤੇ ਲੜਾਈ ਠੋਸੀ। ਪਰ ਸਾਡੇ ਹਿੰਦੁਸਤਾਨ ਦੇ ਜਵਾਨਾਂ ਨੇ, ਸਾਡੀ ਕੌਮ ਨੇ ਅਮੈਰੀਕਨ ਸਾਮਰਾਜ ਦੀ ਜੋ ਪਾਲਿਸੀ ਸੀ ਉਸ ਨੂੰ ਫੇਲ੍ਹ ਕਰ ਦਿਤਾ ਅਤੇ ਜੋ ਉਨ੍ਹਾਂ ਨੇ ਇਕ ਕਠਪੁਤਲੀ ਸਰਕਾਰ ਪਾਕਿਸਤਾਨ ਨੂੰ ਬਣਾਇਆ ਸੀ ਉਸ ਕਠਪੁਤਲੀ ਸਰਕਾਰ ਨੂੰ ਅਸੀਂ ਖਤਮ ਕਰ ਦਿਤਾ ਔਰ ਬੰਗਲਾ ਦੇਸ਼ ਨੂੰ ਆਜ਼ਾਦ ਕਰਵਾਇਆ। (ਵਿਘਨ) ਪਾਕਿਸਤਾਨ ਦੇ ਵਿਚ ਤਾਨਾਸ਼ਾਹੀ ਸਰਕਾਰ ਸੀ। ਨਤੀਜੇ ਦੇ ਤੌਰ ਤੇ ਉਨ੍ਹਾਂ ਦੇ ਆਪਣੇ ਹੀ ਦੇਸ਼ ਵਿਚ ਲੁੱਟ ਖਸੁੱਟ ਸ਼ੁਰੂ ਹੋ ਗਈ। (ਵਿਘਨ)

ਜਦੋਂ ਉਸ ਦੇ ਆਪਣੇ ਦੇਸ਼ ਵਿਚ ਲੁੱਟ ਖਸੁੱਟ ਸ਼ੁਰੂ ਹੋ ਗਈ ਅਤੇ ਲੋਕਾਂ ਤੇ ਜ਼ੁਲਮ-ਓ-ਸਿਤੱਮ ਹੋਣ ਲਗੇ ਤਾਂ ਉਸ ਦਾ ਨਤੀਜਾ ਇਹ ਨਿਕਲਿਆ ਕਿ ਉਥੇ ਸਿਵਲ ਵਾਰ ਸ਼ੁਰੂ ਹੋ ਗਈ, ਕਿਉਂ ਕਿ ਉਥੇ ਜਿਹੜੀਆਂ ਇਲੈਕਸ਼ਨਜ਼ ਹੋਈਆਂ ਸਨ, ਉਨ੍ਹਾਂ ਨੂੰ ਉਥੇ ਦੀ ਤਾਨਾਸ਼ਾਹੀ ਸਰਕਾਰ ਨੇ ਪੂਰੀ ਮਾਨਤਾ ਦੇਣ ਤੋਂ ਇਨਕਾਰ ਕਰ ਦਿਤਾ ਸੀ। ਉਥੇ ਦੇ ਜਿਹੜੇ ਕੈਪੀਟਾਲਿਸਟਸ ਸਨ ਉਹ ਵੋਟ ਦਾ ਪ੍ਰਾਇਮਰੀ ਹੱਕ ਆਮ ਲੋਕਾਂ ਨੂੰ ਨਹੀਂ ਦੇਣਾ ਚਾਹੁੰਦੇ ਸਨ। ਇਸ ਦੇ ਨਤੀਜੇ ਦੇ ਤੌਰ ਤੇ ਬੰਗਲਾ ਦੇਸ਼ ਦੇ ਲੋਕ ਜਦੋ-ਜ਼ਹਿਦ ਕਰਨ ਲਈ ਉਠੇ ਅਤੇ ਪਾਕਿਸਤਾਨ ਦੇ ਫੌਜੀ ਹੁਕਮਰਾਨ ਉਨ੍ਹਾਂ ਨੂੰ ਵੋਟ ਦਾ ਹੱਕ ਦੇਣ ਲਈ ਮਜਬੂਰ ਹੋ ਗਏ। ਬੰਗਲਾ ਦੇਸ਼ ਦੇ ਬੰਗ ਬੰਧੂ ਸ਼ੇਖ ਮੁਜੀਬੁਰ ਰਹਿਮਾਨ ਦੀ ਪਾਰਟੀ ਬਹੁਗਿਣਤੀ ਵਿਚ ਆ ਗਈ, ਪਰ ਉਥੇ ਦੀ ਤਾਨਾਸ਼ਾਹੀ ਨੇ ਉਸ ਨੂੰ ਮੰਨਣ ਤੋਂ ਅਤੇ ਦੇਸ਼ ਦੀ ਬਾਗਡੋਰ ਲੋਕਾਂ ਦੁਆਰਾ

[ਕਾਮਰੇਡ ਅੱਛਰਾ ਸਿੰਘ]

ਚੁਣੇ ਹੋਏ ਨੁਮਾਇੰਦਿਆਂ ਦੇ ਹੱਥ ਵਿਚ ਦੇਣ ਤੋਂ ਇਨਕਾਰ ਕਰ ਦਿੱਤਾ। ਜਿਸ ਦੇ ਨਤੀਜੇ ਦੇ ਤੌਰ ਤੇ ਉਥੇ ਸਿਵਲ ਨਾ-ਫੁਰਮਾਨੀ ਦੀ ਤਹਿਰੀਕ ਸ਼ੁਰੂ ਹੋ ਗਈ। ਉਥੇ ਦੀ ਫੌਜੀ ਜੁੰਡਲੀ ਨੇ ਬੰਗਲਾ ਦੇਸ਼ ਦੇ ਲੋਕਾਂ ਤੇ ਜ਼ੁਲਮ-ਓ-ਸਿਤੱਮ ਕਰਕੇ ਦਬਾਉਣਾ ਸ਼ੁਰੂ ਕਰ ਦਿੱਤਾ। ਇਸ ਚੀਜ਼ ਦੇ ਨਾਲ ਸਾਡੇ ਹਿੰਦੁਸਤਾਨ ਵਾਲਿਆਂ ਦਾ ਖਾਸ ਸਬੰਧ ਸੀ। ਕਿਉਂਕਿ ਸੁਆਲ ਇਹ ਸੀ ਕਿ ਜਦ ਕੋਈ ਘਟਨਾ ਸਬ-ਕੰਟੀਨੈਂਟ ਦੇ ਇਕ ਹਿੱਸੇ ਤੇ ਵਾਪਰਦੀ ਹੈ ਤਾਂ ਉਸਦਾ ਅੰਦੇਸ਼ਾਂ ਦੂਜੇ ਹਿੱਸੇ ਤੇ ਵਾਪਰਨ ਦਾ ਪੈਦਾ ਹੋ ਜਾਂਦਾ ਹੈ। ਇਹ ਸਾਡੀ ਮਾਰਲ ਡਿਊਟੀ ਸੀ. ਸਾਡਾ ਇਖਲਾਕੀ ਫਰਜ਼ ਸੀ। ਇਨਸਾਨੀਅਤ ਦੇ ਨਾਤੇ ਵੀ ਸਾਡਾ ਫਰਜ਼ ਹੈ ਕਿ ਅਸੀਂ ਬੰਗਲਾ ਦੇਸ਼ ਦੇ ਲੋਕਾਂ ਨੂੰ ਉਨ੍ਹਾਂ ਜ਼ਾਲਮਾਂ ਦੇ ਜ਼ੁਲਮ ਤੋਂ ਬਚਾਉਣ ਲਈ ਉਨ੍ਹਾਂ ਦੀ ਮੱਦਦ ਕਰੀਏ ਅਤੇ ਸਾਨੂੰ ਉਨ੍ਹਾਂ ਲੋਕਾਂ ਦੀ ਮੱਦਦ ਕਰਨੀ ਪਈ। ਜੇਕਰ ਅਸੀਂ ਇਸ ਤਰ੍ਹਾਂ ਨਾ ਕੀਤਾ ਹੁੰਦਾ ਅਤੇ ਜੇਕਰ ਉਨ੍ਹਾਂ ਲੋਕਾਂ ਦੀ ਮਦਦ ਨਾ ਕੀਤੀ ਹੁੰਦੀ ਤਾਂ ਬੰਗਲਾ ਦੇਸ਼ ਅੱਜ ਵਾਂਗ ਆਜ਼ਾਦ ਨਹੀਂ ਸੀ ਹੋਣਾ ਉਥੇ ਦੇ ਲੋਕਾਂ ਦੀ ਇਛਾ ਦੇ ਮੁਤਾਬਿਕ ਉਥੇ ਗੌਰਮੈਂਟ ਨਹੀਂ ਸੀ ਬਣਨੀ। ਇਸ ਤੋਂ ਇਲਾਵਾ ਮੈਂ ਇਹ ਵੀ ਦਸ ਦੇਣਾ ਚਾਹੁੰਦਾ ਹਾਂ ਕਿ ਹਿੰਦੁਸਤਾਨ ਦੀ ਤਰੱਕੀ ਵਾਸਤੇ ਇਹ ਵੀ ਜ਼ਰੂਰੀ ਹੈ ਕਿ ਉਸ ਦੇ ਗਵਾਂਢੀ ਦੇਸ਼ਾਂ ਵਿਚ ਡੈਮੋਕਰੈਟਿਕ ਅਤੇ ਸੈਕੂਲਰ ਗੌਰਮੈਂਟ ਹੋਵੇ। ਬਾਵਕਤੀ ਸਾਡੇ ਦੇਸ਼ ਦੀ ਸੈਂਟਰ ਗੌਰਮੈਂਟ, ਅਤੇ ਫੌਜੀਆਂ ਅਤੇ ਸਿਵਲਿਅਨ ਨੇ ਉਸ ਜਦੋ-ਜਹਿਦ ਵਿਚ ਆਪਣਾ ਪੂਰਾ ਰੋਲ ਅਦਾ ਕੀਤਾ। ਇਸ ਦੇਸ਼ ਦੀ ਬਾਗਡੋਰ ਉਸ ਵਕਤ ਸਾਡੇ ਪ੍ਰਾਈਮ ਮਨਿਸਟਰ ਸ਼੍ਰੀਮਤੀ ਇੰਦਰਾ ਗਾਂਧੀ ਦੇ ਹੱਥ ਵਿਚ ਸੀ ਉਨ੍ਹਾਂ ਦੀ ਇਸ ਖੇਤਰ ਵਿਚ ਬਹੁਤ ਵੱਡੀ ਕੰਟਰੀਬਿਊਸ਼ਨ ਸੀ। ਇਸ ਦੇ ਨਾਲ ਨਾਲ ਬਾਕੀਆਂ ਨੇ ਵੀ ਕੌਮੀ ਤੌਰ ਤੇ ਹਿੱਸਾ ਪਾਇਆ। ਇਸ ਜਦੋ ਜਹਿਦ ਵਿਚ ਸਿਵਲੀਅਨ ਨੇ ਵੀ ਹਿਸਾ ਪਾਇਆ, ਬਹਾਦਰ ਫ਼ੌਜੀਆਂ ਨੇ ਆਪਣਾ ਰੋਲ ਅਦਾ ਕੀਤਾ ਅਤੇ ਉਨ੍ਹਾਂ ਦੀ ਬਹਾਦਰੀ ਦੇ ਕੰਮ ਸ਼ਲਾਘਾ ਯੋਗ ਹਨ। ਉਨ੍ਹਾਂ ਫੌਜੀ ਬਹਾਦਰਾਂ ਨੇ, ਮੁਲਾਜ਼ਮਾਂ ਨੇ ਜਾਂ ਸਿਵਲੀਅਨਜ਼ ਨੇ ਆਪਣਾ ਖ਼ੂਨ-ਪਸੀਨਾ ਡੋਲ੍ਹ ਕੇ ਅੰਤ ਵਿਚ ਬੰਗਲਾ ਦੇਸ਼ ਨੂੰ ਉਨ੍ਹਾਂ ਹਤਿਆਰਿਆਂ ਤੋਂ ਆਜ਼ਾਦ ਕਰਾਇਆ। ਇਸ ਦੇ ਵਿਚ ਸਾਡੇ ਕਈ ਭਰਾ ਸ਼ਹੀਦ ਹੋ ਗਏ ਹਨ ਅਤੇ ਸਾਨੂੰ ਬਹੁਤ ਕੁਰਬਾਨੀ ਕਰਨੀ ਪਈ ਹੈ। ਇਹ ਕਿਸੇ ਦੂਸਰੇ ਦੇਸ਼ ਵਾਸਤੇ ਕੁਰਬਾਨੀ ਨਹੀਂ ਕਰਨੀ ਪਈ। ਸਾਡੇ ਤੇ ਪਾਕਿਸਤਾਨ ਨੇ ਲੜਾਈ ਠੋਸੀ ਸੀ, ਸਾਨੂੰ ਇੰਡੀਅਨ ਸਬ-ਕੰਟੀਨੈਂਟ ਤੇ ਲੜਾਈ ਮੁਲ ਨਹੀਂ ਲੈਣੀ ਪਈ।

ਇਸ ਤੋਂ ਬਾਦ ਮੈਂ ਅਰਜ਼ ਕਰਾਂ ਕਿ ਸਾਡੇ ਚੀਫ ਮਨਿਸਟਰ ਸਾਹਿਬ ਨੇ ਮੰਨ ਲਿਆ ਹੈ ਕਿ ਜਿਹੜੇ ਦੇਸ਼ਾਂ ਨੇ ਸਾਡੀ ਇਸ ਨਾਜ਼ੁਕ ਹਾਲਤ ਵਿਚ ਸਹਾਇਤਾ ਕੀਤੀ, ਅਸੀਂ ਉਨ੍ਹਾਂ ਦਾ ਵੀ ਧੰਨਵਾਦ ਕਰੀਏ। ਇਸ ਬਾਰੇ ਮੈਂ ਅਰਜ਼ ਕਰਾਂਕਿ ਇਸ ਵਕਤ ਦੁਨੀਆਂ ਦੇ ਵਿਚ ਦੋ ਗਰੁਪ ਬਣੇ ਹੋਏ ਹਨ। ਇਕ ਅਮਰੀਕਨ ਗਰੁਪ ਹੈ ਜਿਹੜਾ ਗਰੀਬ ਲੋਕਾਂ ਨੂੰ ਲੁੱਟਣਾ ਚਾਹੁੰਦਾ ਹੈ, ਇਕ ਦੇਸ਼ ਨੂੰ ਦੂਜੇ ਦੇਸ਼ ਨਾਲ ਲੜਾਉਣਾ ਚਾਹੁੰਦਾ ਹੈ, ਅਤੇ ਦੇਸ਼ਾਂ ਵਿਚ ਫੁੱਟ ਪਾ ਕੇ ਡਿਵੀਜ਼ਨ ਕਰਾਉਂਦਾ ਰਹਿੰਦਾ ਹੈ। ਜਿਸ ਤਰ੍ਹਾਂ ਪਹਿਲਾਂ ਸਾਡੇ ਹਿੰਦੁਸਤਾਨ ਨਾਲ ਕੀਤਾ ਤੇ ਇਸ ਦੀ ਡਿਵੀਜ਼ਨ ਕਰਾਈ ਜਾਂ ਹੁਣ ਜਿਸ ਤਰ੍ਹਾਂ ਉਹ ਵਿਤਨਾਮ ਵਿਚ ਕਰ ਰਿਹਾ ਹੈ। ਇਕ ਦੂਸਰਾ ਗਰੁਪ ਹੈ, ਜਿਹੜਾ 1917 ਵਿਚ ਪੈਦਾ ਹੋਇਆ, ਜਿਹੜਾ ਹਰ ਰਾਜ ਵਿਚ ਸਮਾਜਵਾਦ ਲਿਆਉਣਾ ਚਾਹੁੰਦਾ ਹੈ ਅਤੇ ਵਿਗਿਆਨਿਕ ਸਮਾਜਵਾਦ ਦੀ ਗਲ ਕਰਦਾ ਹੈ। ਉਸ ਦੇ ਸਮਾਜਵਾਦ ਅਨੁਸਾਰ ਹਰ ਕਿਸਾਨਾਂ ਨੂੰ, ਹਰ ਮਜ਼ਦੂਰ ਨੂੰ, ਹਰ ਕਿਰਤੀ ਕਾਮੇ ਨੂੰ ਰੱਜਵੀਂ ਰੋਟੀ ਮਿਲੇ, ਪਹਿਨਣ ਨੂੰ ਕਪੜਾ ਮਿਲੇ ਅਤੇ ਰਹਿਣ ਨੂੰ ਟਿਕਾਣਾ ਮਿਲੇ। ਉਸ ਸਮਾਜਵਾਦ ਵਿਚ ਇਹੋ ਜਿਹੇ ਕੋਈ ਲੋਕ ਨਹੀਂ ਜਿਹੜੇ ਆਪਣੇ ਘਰ ਦੇ ਨਾਮ ਤੇ ਦੇਸ਼ ਦੀ ਡਿਵੀਜ਼ਨ ਕਰਾਉਂਦੇ

ਹੋਣ। ਹਿੰਦੁਸਤਾਨ ਨੇ ਉਸ ਜਦੋ-ਜਹਿਦ ਵਿਚ ਮੱਦਦ ਕਰਨੀ ਇਸ ਲਈ ਵੀ ਜ਼ਰੂਰੀ ਸਮਝੀ ਕਿਉਂਕਿ ਹਿੰਦੁਸਤਾਨ ਭਾਂਪ ਗਿਆ ਸੀ ਕਿ ਅਮਰੀਕੀ ਸਾਮਰਾਜਵਾਦੀ ਹਿੰਦੁਸਤਾਨ ਨੂੰ ਪਾਕਿਸਤਾਨ ਨਾਲ ਲੜਾ ਕੇ ਆਪਣਾ ਮਤਲਬ ਕਢਣਾ ਚਾਹੁੰਦਾ ਸੀ। ਅਮਰੀਕੀ ਸਾਮਰਾਜ, ਹਿੰਦੁਸਤਾਨ ਨੇ ਜਿਹੜੀ ਤਰੱਕੀ ਕੀਤੀ ਹੈ, ਉਸ ਨੂੰ ਖ਼ਤਮ ਕਰਨਾ ਚਾਹੁੰਦਾ ਸੀ ਅਤੇ ਹਿੰਦੁਸਤਾਨ ਨੂੰ ਮੁੜ ਕੇ ਗਰੀਬ ਰਖਣਾ ਚਾਹੁੰਦਾ ਸੀ ਅਤੇ ਆਪਣਾ ਇੰਟਰੈਸਟ ਕਾਇਮ ਕਰਨਾ ਚਾਹੁੰਦਾ ਸੀ। ਜਿਹੜੀ ਇਥੇ ਹਿੰਦੁਸਤਾਨ ਦੇ ਵਿਚ ਵੇਵ ਆਫ਼ ਨੈਸ਼ਨੇ-ਲਾਈਜ਼ੇਸ਼ਨ ਸ਼ੁਰੂ ਹੋਈ ਸੀ ਜਾਂ ਹੋਰ ਜਿਹੜੇ ਸਮਾਜਵਾਦੀ ਸਟੈਪਸ ਹਿੰਦੁਸਤਾਨ ਨੇ ਲਏ ਸੀ ਉਨ੍ਹਾਂ ਨੂੰ ਵੀ ਉਹ ਖਤਮ ਕਰਨਾ ਚਾਹੁੰਦਾ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਹਿੰਦੁਸਤਾਨ ਨੂੰ ਇਥੇ ਹੀ ਦਬਾ ਦਿੱਤਾ ਜਾਵੇ ਅਤੇ ਇਸ ਤਰ੍ਹਾਂ ਹਿੰਦੁਸਤਾਨ ਦੀ ਕੌਮ ਨੂੰ ਗਰੀਬ ਰਖਿਆ ਜਾਵੇ, ਨਤੀਜੇ ਦੇ ਤੌਰ ਤੇ ਉਨ੍ਹਾਂ ਨੇ ਅਮਰੀਕੀ ਬੇੜਾ ਭੇਜ ਦਿੱਤਾ। ਉਸ ਵਕਤ ਸੋਵੀਅਤ ਦੇਸ਼ ਰੂਸ ਨੇ ਜਿਹੜੀ ਸਾਡੀ ਮੱਦਦ ਕੀਤੀ, ਉਸ ਤੇ ਸਾਡੀ ਹਿੰਦੁਸਤਾਨ ਦੀ ਕੌਮ ਨੂੰ ਮਾਣ ਹੈ। ਸੋਵੀਅਤ ਦੇਸ਼ ਦੀ ਇਹ ਪਰੰਪਰਾ ਰਹੀ ਹੈ, ਟਰੈਡੀਸ਼ਨ ਰਹੀ ਹੈ ਕਿ ਜੇ ਕਿਸੇ ਕੌਮ ਤੇ ਕੋਈ ਜ਼ੁਲਮ ਹੁੰਦਾ ਹੋਵੇ ਅਗਰ ਕਿਸੇ ਕੌਮ ਤੇ ਅਮਰੀਕਨ ਕਿਸੇ ਕਿਸਮ ਦਾ ਕੋਈ ਜ਼ੁਲਮ ਕਰਦੇ ਹਨ, ਉਸ ਦੇ ਲਈ ਉਨ੍ਹਾਂ ਦੀ ਰੈੱਡ-ਆਰਮੀ ਹੈ, ਜਿਹੜੀ ਆਜ਼ਾਦ ਫੌਜ ਹੈ, ਉਹ ਉਨ੍ਹਾਂ ਦੀ ਸਹਾਇਤਾ ਲਈ ਪਹੁੰਚ ਜਾਂਦੀ ਹੈ। ਇਸ ਗੱਲ ਦਾ ਉਨ੍ਹਾਂ ਨੂੰ ਫਖਰ ਹਾਸਲ ਹੈ ਕਿ ਉਹ ਅਜਿਹੇ ਮੌਕੇ ਤੇ ਦਖਲ ਦੇ ਕੇ ਦੂਸਰੀਆਂ ਕੌਮਾਂ ਦੀ ਸਹਾਇਤਾ ਕਰਦੀ ਹੈ, ਚਾਹੇ ਉਹ ਦੇਸ਼ ਵਿਤਨਾਮ ਹੋਵੇ ਤੇ ਚਾਹੇ ਬੰਗਲਾ ਦੇਸ਼ ਹੋਵੇ। ਸੋਵੀਅਤ ਦੇਸ਼ ਵਾਲੇ ਆਪਣੀਆਂ ਕੁਰਬਾਨੀਆਂ ਦੇ ਕੇ ਦੂਸਰੀਆਂ ਕੌਮਾਂ ਨੂੰ ਜ਼ਿੰਦਾ ਰਖਦੇ ਹਨ ਅਤੇ ਉਨ੍ਹਾਂ ਨੂੰ ਜ਼ਿੰਦਾ ਰਹਿਣ ਲਈ ਰਹਿਨੁਮਾਈ ਕਰਦੇ ਹਨ। ਉਨ੍ਹਾਂ ਨੇ ਉਸ ਵਕਤ ਜੋ ਸਾਡੀ ਹਿਸਟੋਰੀਕਲ ਮੱਦਦ ਕੀਤੀ ਅਸੀਂ ਉਨ੍ਹਾਂ ਦੇ ਬਹੁਤ ਹੀ ਧੰਨਵਾਦੀ ਹਾਂ।

ਅੰਤ ਵਿਚ ਮੈਂ ਅਰਜ਼ ਕਰਦਾ ਹਾਂ ਕਿ ਮੈਂ ਉਨ੍ਹਾਂ ਗੱਲਾਂ ਵਿਚ ਨਹੀਂ ਜਾਣਾ ਚਾਹੁੰਦਾ ਜਿਸ ਤਰ੍ਹਾਂ ਇਥੇ ਕਈ ਮੇਰੇ ਵੀਰ ਆਪਣੇ ਤੌਰ ਤੇ ਆਪਣੀ ਪਾਰਟੀ ਨੂੰ ਸੋਲਲੀ ਇਕੱਲੇ ਤੌਰ ਤੇ ਕਹਿ ਰਹੇ ਹਨ ਕਿ ਸਾਡੀ ਬਹੁਤ ਕੰਟਰੀਬਿਊਸ਼ਨ ਹੈ। (ਵਿਘਨ) ਮੈਂ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਵੀਰ ਸਰਦਾਰ ਜਗਜੀਤ ਸਿੰਘ ਕਿਹੜੀ ਪਾਰਟੀ ਨਾਲ ਤੁਅੱਲਕ ਰਖਦੇ ਸਨ, ਉਨ੍ਹਾਂ ਨੇ ਪਾਕਿਸਤਾਨ ਵਿਚ ਜਾ ਕੇ ਉਸ ਵਕਤ ਕੀ ਕੀਤਾ? ਉਹ ਪਾਕਿਸਤਾਨ ਵਿਚ ਬੈਠ ਕੇ ਐਂਟੀ-ਇੰਡੀਅਨ ਪ੍ਰਾਪੇਗੰਡਾ ਕਰਦਾ ਸੀ (ਵਿਘਨ) ਮਾਨਯੋਗ ਸਪੀਕਰ ਸਾਹਿਬ, ਮੇਰੇ ਕਹਿਣ ਦਾ ਮਤਲਬ ਇਹ ਨਹੀਂ, ਮੈਂ ਕਿਸੇ ਪਾਰਟੀ ਦੇ ਰੋਲ ਤੇ ਨੁਕਤਾਚੀਨੀ ਨਹੀਂ ਕਰਨਾ ਚਾਹੁੰਦਾ। ਮੈਂ ਤਾਂ ਜੋ ਹਿਸਟੋਰੀਕਲ ਫੈਕਟਸ ਹਨ ਉਹ ਦੱਸਣਾ ਚਾਹੁੰਦਾ। I want to put it on the Table of the House.

ਮੈਂ ਤਾਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਸਾਡੇ ਪ੍ਰਾਈਮ ਮਨਿਸਟਰ ਸ਼੍ਰੀਮਤੀ ਇੰਦਰਾ ਗਾਂਧੀ ਨੇ ਅਗਰ ਉਸ ਵਕਤ ਇਹ ਬੋਝ ਆਪਣੇ ਕੰਧਿਆਂ ਤੇ ਨਾ ਸੰਭਾਲਿਆ ਹੁੰਦਾ ਤਾਂ ਅੱਜ ਅਸੀਂ ਜਿਹੜਾ ਆਜ਼ਾਦ ਬੰਗਲਾ ਦੇਸ਼ ਜਿਸ ਸ਼ਕਲ ਵਿਚ ਦੇਖ ਰਹੇ ਹਾਂ, ਅਸੀਂ ਦੇਖ ਨਾ ਸਕਦੇ। ਇਸ ਤੋਂ ਅੱਗੇ, ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਸਾਨੂੰ ਆਜ਼ਾਦ ਬੰਗਲਾ ਦੇਸ਼ ਤੋਂ ਸਬਕ ਸਿਖਣਾ ਚਾਹੀਦਾ ਹੈ। ਮੈਂ ਅਰਜ਼ ਕਰਾਂ ਕਿ ਟੂ ਨੇਸ਼ਨਜ਼ ਥਿਊਰੀਜ਼ੀ ਦੇ ਤਹਿਤ ਜਿਸ ਤਰ੍ਹਾਂ ਮੁਸਲਮਾਨਾਂ ਨੇ ਪਾਕਿਸਤਾਨ ਲਿਆ ਸੀ, ਉਹ ਥਿਊਰੀ ਹੁਣ ਐਕਸਪੋਜ਼ ਹੋ ਚੁਕੀ ਹੈ, ਕਰੈਸ਼ ਹੋ ਚੁਕੀ ਹੈ। ਅੱਗੇ ਵਾਸਤੇ ਹਿੰਦੁਸਤਾਨ ਦੇ ਲੋਕ ਅਤੇ ਉਹ ਭਰਾ ਜਿਹੜੇ ਉਸ ਥਿਊਰੀ ਮਗਰ ਲਗੇ ਹੋਏ ਹਨ, ਜਿਹੜੇ ਉਸ ਪਾਸੇ ਵਲ ਆਪਣੀ ਪਾਲਿਟਿਕਸ ਚਲਾਉਂਦੇ ਹਨ, ਉਹ ਸੱਜਣ ਅੱਜ ਉਸ ਥਿਊਰੀ ਨੂੰ ਛੱਡਣ ਤੇ ਮਜਬੂਰ ਹੋਣਗੇ, ਕਿਉਂਕਿ ਉਹ ਥਿਊਰੀ, ਜਿਸ ਤੇ ਪਾਕਿਸਤਾਨ ਬਣਿਆ ਸੀ, ਉਹ ਥਿਊਰੀ ਬਿਲਕੁਲ ਫੇਲ੍ਹ ਹੋ

[ਕਾਮਰੇਡ ਅੱਛਰਾ ਸਿੰਘ]

ਚੁਕੀ ਹੈ। ਅੱਜ ਉਹ ਪਾਰਟੀ ਪਾਲਿਟਿਕਸ ਵਿਚ ਜ਼ਿੰਦਾ ਰਹਿ ਸਕੇਗੀ ਜਿਹੜੀ ਕੋਈ ਸਮਾਜਵਾਦੀ ਪ੍ਰੋਗਰਾਮ ਲੈ ਆਵੇਗੀ।

ਇਸ ਤੋਂ ਬਾਅਦ, ਸਪੀਕਰ ਸਾਹਿਬ, ਸਾਨੂੰ ਉਨ੍ਹਾਂ ਸਾਰਿਆਂ ਤੇ ਮਾਣ ਹੈ ਜਿਨ੍ਹਾਂ ਪੰਜਾਬੀਆਂ ਨੇ, ਦੇਸ਼ ਵਾਸੀਆਂ ਨੇ ਇਸ ਜਦੋ-ਜਹਿਦ ਵਿਚ ਯੋਗਦਾਨ ਕੀਤਾ ਜਿਨ੍ਹਾਂ ਨੇ ਵੱਧ ਤੋਂ ਵੱਧ ਕੁਰਬਾਨੀਆਂ ਕੀਤੀਆਂ ਹਨ। ਜਿਸ ਤਰ੍ਹਾਂ ਅੱਗੇ ਦੱਸਿਆ ਜਾ ਚੁਕਾ ਹੈ ਕਿ ਵਿਧਵਾਵਾਂ ਨੂੰ, ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਦੇ ਘਰ ਬਾਹਰ ਉਜੜ ਚੁਕੇ ਹਨ, ਗੌਰਮੈਂਟ ਵਲੋਂ ਯੋਗਦਾਨ ਦੇਣਾ ਸ਼ੁਰੂ ਹੋ ਗਿਆ ਹੈ। ਮੇਰੇ ਆਪਣੇ ਪਿੰਡ ਦੇ ਲੋਕ ਸ਼ਹੀਦ ਹੋਏ ਹਨ ਅਤੇ ਹੋਰ ਪਿੰਡਾਂ ਦੇ ਲੋਕ ਵੀ ਸ਼ਹੀਦ ਹੋਏ, ਉਹ ਸਾਰੇ ਪੰਜਾਬੀ ਸਨ ਉਨ੍ਹਾਂ ਤੇ ਹਿੰਦੁਸਤਾਨ ਨੂੰ ਅਤੇ ਸਾਨੂੰ ਮਾਣ ਹੈ। ਉਨ੍ਹਾਂ ਪੰਜਾਬੀਆਂ ਨੇ ਆਪਣੀਆਂ ਜਾਨਾਂ ਦੇ ਕੇ ਸਾਡੇ ਹਿੰਦੁਸਤਾਨ ਦਾ ਸਿਰ ਉੱਚਾ ਕੀਤਾ ਹੈ।

ਅੰਤ ਵਿਚ ਮੈਂ ਅਰਜ਼ ਕਰਦਾ ਹਾਂ ਕਿ ਮੈਂ ਇਸ ਮਤੇ ਨਾਲ ਪੂਰਾ ਪੂਰਾ ਸਹਿਮਤ ਹਾਂ। ਮੇਰੇ ਨੋਟਿਸ ਵਿਚ ਕਈ ਗੱਲਾਂ ਆਈਆਂ ਹਨ ਜਿਸ ਤਰ੍ਹਾਂ ਜਿਹੜਾ ਇਨਾਮ ਵਗੈਰਾ ਦਾ ਸਿਲਸਿਲਾ ਹੈ ਜਾਂ ਜਿਹੜਾ ਰਿਲੀਫ ਸੀ ਉਹ ਅਜੇ ਬਹੁਤ ਲੋਕਾਂ ਨੂੰ ਦੇਣਾ ਰਹਿੰਦਾ ਹੈ। ਮੈਂ ਗਿਆਨੀ ਜੀ ਦੀ ਮਨਿਸਟਰੀ ਨੂੰ ਅਪੀਲ ਕਰਦਾ ਹਾਂ ਕਿ ਸਾਰੀਆਂ ਪਾਰਟੀਆਂ ਵਲੋਂ ਛਾਣ-ਬੀਣ ਕਰਾ ਕੇ ਇਸ ਚੀਜ਼ ਨੂੰ ਪੂਰਾ ਇੰਪਲੀਮੈਂਟ ਕੀਤਾ ਜਾਵੇ। ਉਨ੍ਹਾਂ ਲੋਕਾਂ ਨੂੰ ਖਾਸ ਧਿਆਨ ਵਿਚ ਰਖਿਆ ਜਾਵੇ ਜਿਨ੍ਹਾਂ ਤੇ ਇਸ ਲੜਾਈ ਦੇ ਦੌਰਾਨ ਮਾੜਾ ਇਫੈਕਟ ਪਿਆ ਹੈ। ਜਿਹੜੇ ਬਾਰਡਰ ਦੇ ਲੋਕ ਹਨ, ਜਿਨ੍ਹਾਂ ਦੇ ਪਰੀਵਾਰ ਸਾਰੇ ਦੇ ਸਾਰੇ ਤਬਾਹ ਹੋ ਗਏ ਹਨ, ਜਿਨ੍ਹਾਂ ਦੇ ਪਿੰਡ ਤਬਾਹ ਹੋ ਗਏ ਹਨ, ਮੈਂ ਉਨ੍ਹਾਂ ਲੋਕਾਂ ਨੂੰ ਆਪਣੀ ਪਾਰਟੀ ਵਲੋਂ ਸ਼ਰਧਾਂਜਲੀ ਭੇਂਟ ਕਰਦਾ ਹਾਂ। ਮੈਂ ਉਨ੍ਹਾਂ ਫੋਰਸਿਜ਼ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ ਜਿਨ੍ਹਾਂ ਨੇ ਇਕ ਮੁਠ ਹੋ ਕੇ ਦੇਸ਼ ਦੀ ਸੇਵਾ ਕੀਤੀ, ਬੰਗਲਾ ਦੇਸ਼ ਦੀ ਮੱਦਦ ਕੀਤੀ।

ਮੈਂ ਅਰਜ਼ ਕਰਦਾ ਹਾਂ ਕਿ ਬੰਗਲਾ ਦੇਸ਼ ਦੀ ਗੌਰਮੈਂਟ ਤੋਂ ਜਿਸ ਤਰ੍ਹਾਂ ਸਾਨੂੰ ਆਸ ਸੀ ਕਿ ਉਹ ਇਕ ਸੈਕੂਲਰ ਅਤੇ ਡੈਮੋਕਰੇਟਿਕ ਗੌਰਮੈਂਟ ਬਣੇਗੀ ਅਸੀ ਉਸ ਤਰ੍ਹਾਂ ਹੀ ਉਸ ਦੇਸ਼ ਦੀ ਗੌਰਮੈਂਟ ਨੂੰ ਪਾਇਆ ਹੈ। ਬੰਗਲਾ ਦੇਸ਼ ਦੀ ਗੌਰਮੈਂਟ ਕਿਸ ਤਰ੍ਹਾਂ ਨੇਸ਼ਨੇਲਾਈਜ਼ੇਸ਼ਨ ਦੇ ਖੇਤਰ ਵਿਚ ਅੱਗੇ ਵੱਧ ਰਹੀ ਹੈ, ਕਿਸ ਤਰ੍ਹਾਂ ਸਾਮਰਾਜ ਦੇ ਖਿਲਾਫ ਲੜਾਈ ਲੜ ਰਹੀ ਹੈ, ਇਹ ਸਾਡੇ ਸਾਰਿਆਂ ਦੇ ਸਾਹਮਣੇ ਹੈ। ਜਿਹੜੇ ਸਾਮਰਾਜ ਨੇ ਪਾਕਿਸਤਾਨ ਅਤੇ ਹਿੰਦੁਸਤਾਨ ਦੀ ਡਿਵੀਜ਼ਨ ਕੀਤੀ ਸੀ ਉਹ ਕਿਸ ਤਰ੍ਹਾਂ ਉਥੇ ਫੇਲ੍ਹ ਹੋਇਆ ਹੈ। ਉਥੇ ਸ਼ੇਖ ਮੁਜ਼ੀਬੁਰ ਰਹਿਮਾਨ ਨੇ ਪਾਰਲੀਮੈਂਟਰੀ ਸਿਸਟਮ ਜਾਰੀ ਕੀਤਾ ਹੈ। ਉਥੇ ਨੈਸ਼ਨੇਲਾਈਜ਼ੇਸ਼ਨ ਦੀ ਇਕ ਵੇਵ ਚਲ ਰਹੀ ਹੈ। ਕਿਸ ਤਰ੍ਹਾਂ ਉਥੇ ਵੱਡੇ ਵੱਡੇ ਧੰਦੇ ਨੈਸ਼ਨੇਲਾਈਜ਼ ਕੀਤੇ ਜਾ ਰਹੇ ਹਨ, ਵੱਡੀਆਂ ਵੱਡੀਆਂ ਇੰਡਸਟਰੀਜ਼, ਬੈਂਕਸ ਆਦਿ ਸਭ ਨੇਸ਼ਨੇਲਾਈਜ਼ ਕੀਤੇ ਜਾ ਰਹੇ ਹਨ। ਸਾਨੂੰ ਉਨ੍ਹਾਂ ਤੋਂ ਸਬਕ ਸਿੱਖਣਾ ਚਾਹੀਦਾ ਹੈ ਅਤੇ ਹਿੰਦੁਸਤਾਨ ਵਿਚ ਉਸੇ ਤਰ੍ਹਾਂ ਲਾਰਜ ਸਕੇਲ ਉੱਤੇ ਨੇਸ਼ਨੇਲਾਈਜ਼ੇਸ਼ਨ ਹੋਣੀ ਚਾਹੀਦੀ ਹੈ। ਅੰਤ ਵਿਚ ਮੈਂ ਉਨ੍ਹਾਂ ਸਾਰੇ ਨੌਜਵਾਨਾਂ ਨੂੰ ਜਿਹੜੇ ਕਿ ਬੰਗਲਾ ਦੇਸ਼ ਵਿਚ ਸ਼ਹੀਦ ਹੋਏ ਹਨ, ਸ਼ਰਧਾਂਜਲੀ ਭੇਟ ਕਰਦਾ ਹਾਂ।

ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ (ਸ਼ੇਰਪੁਰ ਐਸ. ਸੀ.) : ਸਤਿਕਾਰ ਯੋਗ ਸਪੀਕਰ ਸਾਹਿਬ, ਪਿਛੇ ਜਿਹੇ ਜਿਹੜੀ ਪਾਕਿਸਤਾਨ ਅਤੇ ਭਾਰਤ ਵਿਚਕਾਰ ਲੜਾਈ ਵਿਚ ਭਾਰਤ ਦੀ ਕੌਮੀ ਜਿੱਤ ਹੋਈ ਹੈ, ਤਾਰੀਖੀ ਜਿੱਤ ਹੋਈ ਹੈ, ਮੈਂ ਉਸ ਉੱਤੇ ਬੜੀ ਖੁਸ਼ੀ ਮਹਿਸੂਸ ਕਰਦਾ ਹਾਂ। ਸਪੀਕਰ

ਸਾਹਿਬ, ਬੰਗਲਾ ਦੇਸ਼ ਨੂੰ ਮਾਨਤਾ ਦੇਣ ਸਮੇਂ ਸਾਡੇ ਕਾਂਗਰਸੀ ਵੀਰਾਂ ਨੇ ਸ੍ਰੀਮਤੀ ਇੰਦਰਾ ਗਾਂਧੀ ਨੂੰ ਵਧਾਈ ਦਿੱਤੀ ਅਤੇ ਮੁਬਾਰਕਬਾਦ ਭੇਜੀ ਕਿ ਉਸ ਨੇ ਬੰਗਲਾ ਦੇਸ਼ ਨੂੰ ਮਾਨਤਾ ਦਿੱਤੀ ਹੈ। ਪਰ ਮੈਂ ਇਨ੍ਹਾਂ ਵੀਰਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਸਰਕਾਰ ਤਾਂ ਬੰਗਲਾ ਦੇਸ਼ ਨੂੰ ਮਾਨਤਾ ਦੇਣ ਤੋਂ ਬਹੁਤ ਚਿਰ ਇਨਕਾਰ ਕਰਦੀ ਰਹੀ ਸੀ। ਜਦੋਂ ਉਸ ਨੇ ਹਿੰਦੁਸਤਾਨ ਦੇ ਲੋਕਾਂ ਦੇ ਦਬਾਅ ਅਤੇ ਬੰਗਲਾ ਦੇਸ ਵਿਚ ਲੜ ਰਹੇ ਲੋਕਾਂ ਦੇ ਦਬਾਅ ਨੂੰ ਵੇਖਿਆ ਤਾਂ ਮਾਨਤਾ ਦਿੱਤੀ। ਜਦੋਂ ਏ. ਆਈ. ਸੀ. ਸੀ. ਦੀ ਮੀਟਿੰਗ ਸ਼ਿਮਲੇ ਵਿਚ ਹੋਈ ਸੀ ਤਾਂ ਸਰਦਾਰ ਸਵਰਨ ਸਿੰਘ ਨੇ ਕਿਹਾ ਸੀ ਕਿ ਬੰਗਲਾ ਦੇਸ਼ ਦਾ ਮਾਮਲਾ ਪਾਕਿਸਤਾਨ ਦੇ ਵਰਕ ਫਰੇਮ ਦੇ ਅੰਦਰ ਹੀ ਨਜਿੱਠਣਾ ਚਾਹੀਦਾ ਹੈ। (ਵਿਘਨ)

Acharya Prithvi Singh Azad : Sir, the hon. Member is making a wrong statement. The hon. External Affairs Minister never said so.

ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ : ਸਪੀਕਰ ਸਾਹਿਬ, ਮੈਂ ਬੇਨਤੀ ਕਰ ਰਿਹਾ ਸੀ ਕਿ ਜੇਕਰ ਇਨ੍ਹਾਂ ਨੇ ਬੰਗਲਾ ਦੇਸ਼ ਨੂੰ ਮਾਨਤਾ ਦਿੱਤੀ ਹੈ ਤਾਂ ਹਿੰਦੁਸਤਾਨ ਦੀ ਜਮਹੂਰੀ ਲਹਿਰ ਦੇ ਦਬਾ ਹੇਠ ਅਤੇ ਆਜ਼ਾਦੀ ਲਈ ਲੜ ਰਹੇ ਲੋਕਾਂ ਦੇ ਦਬਾਅ ਹੇਠ ਆ ਕੇ ਦਿੱਤੀ ਹੈ, ਜਿਨ੍ਹਾਂ ਨੇ ਇਹ ਦਰਿੜ੍ਹ ਇਰਾਦਾ ਕੀਤਾ ਹੋਇਆ ਸੀ ਕਿ ਉਹ ਅਜ਼ਾਦੀ ਤੋਂ ਬਗੈਰ ਹੋਰ ਕੋਈ ਵੀ ਚੀਜ਼ ਪਰਵਾਨ ਨਹੀਂ ਕਰਨਗੇ ਸੋ ਇਨ੍ਹਾਂ ਸਾਰੀਆਂ ਗੱਲਾਂ ਦੇ ਦਬਾਅ ਹੇਠ ਇਹ ਮਾਨਤਾ ਦਿੱਤੀ ਹੈ। (ਤਾੜੀਆਂ) (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੋ ਰੇਜ਼ੋਲਿਊਸ਼ਨ ਪੇਸ਼ ਹੋਇਆ ਹੈ ਉਸ ਬਾਰੇ ਕਾਂਗਰਸੀ ਮੈਂਬਰ ਸਾਹਿਬਾਨ ਨੋਕਾ-ਝੋਕੀ ਕਰਨ ਦੀ ਕੋਸ਼ਿਸ਼ ਨਾ ਕਰਨ। ਕਿਉਂ ਕਿ ਆਚਾਰਿਆ ਜੀ ਤਾਂ ਵਾਈਸ ਚਾਂਸਲਰ ਬਣਨ ਵਾਲੇ ਹਨ ਇਸ ਲਈ ਇਨ੍ਹਾਂ ਨੂੰ ਇਹੋ ਜਿਹੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ।

ਸ੍ਰੀ ਸਪੀਕਰ : ਸੰਧੂ ਸਾਹਿਬ, ਉਹ ਤੁਹਾਡੀ ਸਿਫ਼ਾਰਸ਼ ਕਰਦੇ ਹਨ ਅਤੇ ਤੁਸੀਂ ਉਨ੍ਹਾਂ ਦੀ ਸਿਫਾਰਸ਼ ਕਰ ਦਿਆ ਕਰੋ। (*Addressing Sardar Ajaib Singh Sandhu* : You should recommend his name as he Acharya Prithvi Singh Azad does for you.)

ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ : ਜਿਨ੍ਹਾਂ ਲੋਕਾਂ ਨੇ ਬੰਗਲਾ ਦੇਸ਼ ਦੀ ਲੜਾਈ ਵਿਚ ਸਰਕਾਰ ਦਾ ਸਹਿਯੋਗ ਦਿਤਾ ਹੈ ਉਨ੍ਹਾਂ ਨੂੰ, ਸਪੀਕਰ ਸਾਹਿਬ, ਮੈਂ ਵਧਾਈ ਦਿੰਦਾ ਹਾਂ।

ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਸ਼ਹੀਦਾਂ ਦੇ ਪਰਵਾਰਾਂ ਵਾਸਤੇ ਜੋ ਸਹੂਲਤਾਂ ਦਿੱਤੀਆਂ ਹਨ ਉਹ ਘੱਟ ਹਨ ਇਹ ਜ਼ਿਆਦਾ ਹੋਣੀਆਂ ਚਾਹੀਦੀਆਂ ਹਨ। ਮੇਰੀ ਮੰਗ ਹੈ ਕਿ ਉਨ੍ਹਾਂ ਦੇ ਬੱਚਿਆਂ ਨੂੰ ਮੁਫ਼ਤ ਪੜ੍ਹਾਈ ਕਰਾਈ ਜਾਵੇ ਅਤੇ ਉਨ੍ਹਾਂ ਪਰਵਾਰਾਂ ਦੇ ਘਰੇਲੂ ਅਖਰਾਜਾਤ ਲਈ ਵੀ ਸਰਕਾਰ ਹੋਰ ਰਕਮ ਦਾ ਪ੍ਰਬੰਧ ਕਰੇ। ਮੈਂ ਫਿਰ ਉਨ੍ਹਾਂ ਸ਼ਹੀਦਾਂ ਨੂੰ ਆਪਣੀ ਵਲੋਂ ਅਤੇ ਆਪਣੀ ਪਾਰਟੀ ਵਲੋਂ ਸ਼ਰਧਾਂਜਲੀ ਭੇਂਟ ਕਰਦਾ ਹਾਂ। (ਵਿਘਨ)

(ਇਸ ਸਮੇਂ ਚੌਧਰੀ ਜਗਤ ਰਾਮ ਬੈਠੇ ਬੈਠੇ ਹੀ ਕੁਝ ਬੋਲ ਰਹੇ ਸਨ) (ਵਿਘਨ)

ਸਪੀਕਰ ਸਾਹਿਬ, ਮੈਂ ਇਸ ਸਰਕਾਰ ਪਾਸ ਬੇਨਤੀ ਕਰਾਂਗਾ ਕਿ ਉਹ ਕੇਂਦਰ ਦੀ ਸਰਕਾਰ ਤੋਂ ਇਹ

[ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ]

ਮੰਗ ਕਰੇ ਤੇ ਮੈਂ ਵੀ ਮੰਗ ਕਰਦਾ ਹਾਂ ਕਿ ਉਸ ਨੇ, ਜਿਸ ਤਰ੍ਹਾਂ ਬੰਗਲਾ ਦੇਸ਼ ਨੂੰ ਉਸ ਨੇ ਮਾਨਤਾ ਦਿੱਤੀ ਹੈ, ਉਸੇ ਹੀ ਤਰ੍ਹਾਂ ਉਹ ਪੂਰਬੀ ਜਰਮਨੀ ਅਤੇ ਵੀਤਨਾਮ ਦੀ ਆਰਜ਼ੀ ਇਨਕਲਾਬੀ ਸਰਕਾਰ ਨੂੰ ਮਾਨਤਾ ਦੇਵੇ। ਕਿਉਂਕਿ ਇਹੋ ਜਿਹਾ ਕਦਮ ਜਮਹੂਰੀਅਤ ਨੂੰ ਬੜ੍ਹਾਵਾ ਦਿੰਦਾ ਹੈ।

ਮੈਂ ਇਹ ਗੱਲ ਬੜੀ ਹੀ ਦੁੱਖ ਨਾਲ ਕਹਿੰਦਾ ਹਾਂ ਕਿ ਪੱਛਮੀ ਬੰਗਾਲ ਦੀ ਜਮਹੂਰੀਅਤ ਦਾ ਕਤਲ ਇਨ੍ਹਾਂ ਕਾਂਗਰਸੀਆਂ ਨੇ ਕੀਤਾ ਹੈ। ਉਥੇ ਬੜੀ ਬੇਨਿਸਾਫੀ ਨਾਲ ਚੋਣਾਂ ਹੋਈਆਂ। ਇੰਦਰਾ ਗਾਂਧੀ ਦੇ ਪਿਠੂਆਂ ਨੇ ਪੁਲੀਸ ਨਾਲ ਮਿਲਕੇ, ਸੀ. ਪੀ. ਆਈ. ਦੀ ਸ਼ਹਿ ਨਾਲ ਅਤੇ ਗੁੰਡਿਆਂ ਦੀ ਮੱਦਦ ਨਾਲ ਬੈਲਟ ਪੇਪਰ ਵੋਟਰਾਂ ਤੋਂ ਖੋਹ ਕੇ ਆਪ ਮੋਹਰਾਂ ਲਾਈਆਂ। (ਵਿਘਨ)

ਆਵਾਜ਼ਾਂ : ਸ਼ੇਮ, ਸ਼ੇਮ (ਵਿਘਨ)

ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ : ਅਤੇ ਮਾਰਕਸਵਾਦੀ ਵੋਟਰਾਂ ਨੂੰ ਵੋਟਾਂ ਪਾਉਣ ਲਈ ਅੰਦਰ ਨਹੀਂ ਜਾਣ ਦਿੱਤਾ ਗਿਆ। (ਵਿਘਨ)

ਚੌਧਰੀ ਜਗਤ ਰਾਮ : ਸਪੀਕਰ ਸਾਹਿਬ, ਇਹ ਬੰਗਲਾ ਦੇਸ਼ ਬਾਰੇ ਰੇਜ਼ੋਲਿਊਸ਼ਨ ਹੈ ਔਰ ਇਹ ਬੰਗਾਲ ਜਾ ਬੈਠੇ ਹਨ। ਬੰਗਾਲ ਨਾਲ ਇਸ ਰੇਜ਼ੋਲਿਊਸ਼ਨ ਦਾ ਕੋਈ ਤੁਅੱਲਕ ਨਹੀਂ ਹੈ। ਇਨ੍ਹਾਂ ਨੂੰ ਰੈਲੇਵੇਂਟ ਹੋਣਾ ਚਾਹੀਦਾ ਹੈ।

ਸਰਦਾਰ ਅਜਾਇਬ ਸਿੰਘ ਸੰਧੂ : ਘੜੀ ਸੁਣੋ ਤਾਂ ਸਹੀ।...(ਵਿਘਨ)

(ਇਸ ਸਮੇਂ ਸਰਦਾਰ ਅਜਾਇਬ ਸਿੰਘ ਸੰਧੂ ਪੁਆਇੰਟ ਆਫ ਆਰਡਰ ਰੇਜ਼ ਕਰਨ ਦੀ ਮੰਗ ਕਰ ਰਹੇ ਸਨ) (ਵਿਘਨ)

ਸ੍ਰੀ ਸਪੀਕਰ : ਸੰਧੂ ਸਾਹਿਬ, ਤੁਸੀਂ ਪਹਿਲਾਂ ਮੇਰੀ ਗੱਲ ਸੁਣ ਲਓ। (Sandhu Sahib, please listen to me).

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਇਹ ਰੈਲੇਵੇਂਟ ਹੀ ਹਨ। ਇਨ੍ਹਾਂ ਨੇ ਜਿਹੜੀ ਪਿੱਛੇ ਚੋਣਾਂ ਵਿਚ ਮਾਰ ਖਾਧੀ ਹੈ ਉਸ ਦੀ ਸਫਾਈ ਇਨ੍ਹਾਂ ਨੂੰ ਦੇਣ ਦਿਓ। (ਹਾਸਾ) (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੇਰੇ ਕਾਮਰੇਡ ਮੈਂਬਰ ਸਰਦਾਰ ਚੰਦ ਸਿੰਘ ਨੇ ਜਿਹੜਾ ਵੈਸਟ ਬੰਗਾਲ ਦਾ ਜ਼ਿਕਰ ਕੀਤਾ ਹੈ ਉਹ ਬਿਲਕੁਲ ਠੀਕ ਹੈ। ਕਿਉਂਕਿ ਬੰਗਲਾ ਦੇਸ਼ ਉੱਤਰ ਪ੍ਰਦੇਸ਼ ਦੇ ਸੂਬੇ ਵਿਚ ਨਹੀਂ ਸੀ ਬਲਕਿ ਉਹ ਤਾਂ ਬੰਗਾਲ ਦਾ ਹਿੱਸਾ ਹੀ ਸੀ। ਇਸ ਲਈ ਇਹ ਰੈਲੇਵੇਂਟ ਹਨ।......(ਵਿਘਨ)

ਸ੍ਰੀ ਸਪੀਕਰ : ਇਹ ਬਿਲਕੁਲ ਰੈਲੇਵੇਂਟ ਨਹੀਂ ਹਨ। (The hon. Member is totally irrelevant).

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਸੀ. ਪੀ. ਐਮ. ਦੇ ਅਕਾਲੀ ਹੀ ਗੁਰੂ ਔਰ ਪੁਲਿਟੀਕਲ ਐਡਵਾਈਜ਼ਰ ਬਣ ਗਏ ਹਨ। (ਵਿਘਨ)

(ਇਸ ਵੇਲੇ ਸਰਦਾਰ ਅਜਾਇਬ ਸਿੰਘ ਸੰਧੂ ਨੇ ਖੜੇ ਹੋ ਕੇ ਪੁਆਇਂਟ ਆਫ਼ ਆਰਡਰ ਤੇ ਬੋਲਣ ਦੀ ਮੰਗ ਕੀਤੀ)

Mr. Speaker : Sandhu Sahib, please take your seat.

(ਇਸ ਸਮੇਂ ਡਾਕਟਰ ਅਮੀਰ ਸਿੰਘ ਕਲਕਟ ਪੁਆਇੰਟ ਆਫ ਆਰਡਰ ਤੇ ਖੜੇ ਹੋ ਗਏ ।)

Mr. Speaker : Doctor Sahib, please take your seat.

ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ : ਅੰਤ ਵਿਚ ਮੈਂ ਸਪੀਕਰ ਸਾਹਿਬ, ਉਨ੍ਹਾਂ ਸੋਵੀਅਤ ਯੂਨੀਅਨ ਅਤੇ ਹੋਰ ਸਮਾਜਵਾਦੀ ਮੁਲਕਾਂ ਦਾ, ਜਿਨ੍ਹਾਂ ਨੇ ਕਿ ਸਾਡੀ ਹਰ ਤਰ੍ਹਾਂ ਨਾਲ ਮੱਦਦ ਕੀਤੀ ਹੈ, ਧੰਨਵਾਦ ਕਰਦਾ ਹਾਂ ।

Mr. Speaker : Question is.

That in the Resolution the following be added as Nos. (vi) and (vii).

places on record its appreciation of the assistance rendered by the Government and the people of U. S. S. R. and other countries to India in the hour of crisis ;

congratulates the people of Punjab, who in keeping with the past traditions, displayed remarkable courage and bravery during the recent Indo-Pak war ;

The motion was carried.

Mr. Speaker : Question is :

That this House :

(i) places on record its deep sense of joy at the unparalleled and historic victory of the nation in the recent Indo-Pakistan war ;

(ii) congratulates the Prime Minister, Shrimati Indira Gandhi and the Government of India for their wise, bold and fearless Leadership during this crisis and the compassionate and patient manner in which the problem of 10 million refugees was tackled and solved ;

(iii) congratulates the Indian Armed Forces, their Commanders, Officers and Jawans for their brilliant feat of arms, their high quality of planning and Leadership in war, and their courage and spirit of sacrifice in battle ;

(iv) expresses its heart-felt sympathy with the families of the martyrs, and concern for their welfare and well being ;

(v) welcomes the emergence of the Peoples Republic of Bangla Desh as a free, democratic and secular nation

[Mr. Speaker]

and sends its warm greetings to Banga Bandhu Sheikh Mujibur Rehman, and the people of Bangla Desh ;

(vi) places on record its appreciation of the assistance rendered by the Government and the people of U.S.S.R and other countries to India in the hour of crisis :

(vii) congratulates the people of Punjab, who, in keeping with the past traditions, displayed remarkable courage and bravery during the recent Indo-Pakistan war ;

and as in the past, pledges the support of the people of Punjab to the Prime Minister and the Nation in defending the freedom, integrity and ideals of our beloved motherland.

The Resolution as amended was carried unanimously.

OFFICIAL RESOLUTION RE: CEILING ON URBAN IMMOVABLE PROPERTY.

Minister for Education (Sardar Umrao Singh) : Sir, I beg to move that :—

"whereas it appears to this Assembly to be desirable that the Parliament should make a law with respect to prescribing ceiling on urban immovable property in order to remove economic disparity and bring about socialism in the State. Now, therefore, this Assembly hereby resolves that the Parliament may enact law prescribing and regulating ceiling on urban immovable property in the State."

ਸਪੀਕਰ ਸਾਹਿਬ. ਇਹ ਜਿਹੜਾ ਰੇਜ਼ੋਲਿਊਸ਼ਨ ਮੈਂ ਅੰਗਰੇਜ਼ੀ ਵਿਚ ਪੜ੍ਹਿਆ ਹੈ, ਇਸ ਦਾ ਉਲੱਥਾ ਇਸ ਤਰ੍ਹਾਂ ਹੈ । (ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਅਸੀਂ ਦੋ ਅਮੈਂਡਮੈਂਟਸ ਭੇਜੀਆਂ ਹਨ । ਉਹ ਸਰਕੂਲੇਟ ਕਰਾ ਦਿੱਤੀਆਂ ਜਾਣ ।

Mr. Speaker : Amendments Nos 1 and 2 are out of order. If other amendments are carried, those will be incorporated in the Resolution.

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਜਿਹੜੀ ਅਮੈਂਡਮੈਂਟ ਮੈਂ ਦਿੱਤੀ ਹੈ ਉਸਦੇ ਬਾਰੇ ਵਿਚ ਜਨਾਬ ਦਾ ਕੀ ਹੁਕਮਨਾਮਾ ਹੈ ।

ਸ੍ਰੀ ਸਪੀਕਰ : ਸਰਦਾਰ ਅਜਾਇਬ ਸਿੰਘ ਜੀ, ਪਹਿਲਾਂ ਉਨ੍ਹਾਂ ਨੂੰ ਮੂਵ ਤਾਂ ਕਰ ਲੈਣ ਦਿਉ । (*Addressing Sardar Ajaib Singh Sandhu* : Let the Education Minister move the resolution first.)

ਸਿਖਿਆ ਮੰਤਰੀ : ਸਪੀਕਰ ਸਾਹਿਬ, ਇਹ ਜਿਹੜਾ ਰੈਜ਼ੋਲਿਊਸ਼ਨ ਮੈਂ ਮੂਵ ਕੀਤਾ ਹੈ ਇਸ ਦੇ ਲਈ ਮੇਰੀ ਮਨਸ਼ਾ ਇਹ ਹੈ ਅਤੇ ਮੈਂ ਹਾਊਸ ਅੱਗੇ ਵੀ ਦਰਖਾਸਤ ਕਰਦਾ ਹਾਂ ਕਿ ਅਸੀਂ ਪਾਰਲੀਮੈਂਟ ਨੂੰ ਰਿਕੁਐਸਟ ਕਰੀਏ, ਰਿਪਰੀਜ਼ੈਂਟ ਕਰੀਏ ਕਿ ਸਾਰੇ ਦੇਸ਼ ਵਾਸਤੇ ਇਕ ਸਾਂਝਾ ਕਾਨੂੰਨ ਬਣਾਵੇ ਜਿਹੜਾ ਕਿ ਸਾਡੇ ਸੂਬੇ ਤੇ ਲਾਗੂ ਹੋਵੇਗਾ। ਇਸ ਕਾਨੂੰਨ ਨਾਲ ਸਾਡੇ ਸੂਬੇ ਵਿਚ ਜਿਹੜੀ ਸ਼ਹਿਰੀ ਜਾਇਦਾਦ ਹੈ, ਇਮੂਵੇਬਲ ਪਰਾਪਰਟੀ ਹੈ, ਉਸਦੇ ਉੱਤੇ ਸੀਲਿੰਗ ਮੁਕਰੱਰ ਕੀਤੀ ਜਾਵੇਗੀ। ਇਸ ਲਈ ਮੈਂ ਇਹ ਰੈਜ਼ੋਲਿਊਸ਼ਨ ਮੂਵ ਕੀਤਾ ਹੈ।

ਚੌਧਰੀ ਦਰਸ਼ਨ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਵਿਦਿਆ ਮੰਤਰੀ ਸਰਦਾਰ ਉਮਰਾਓ ਸਿੰਘ ਨੇ ਕਿਹਾ ਹੈ ਕਿ ਸਾਰੇ ਮੁਲਕ ਵਿਚ ਇਕੋ ਜਿਹੀ ਸੀਲਿੰਗ ਅਰਬਨ ਪਰਾਪਰਟੀ ਤੇ ਕਰਾਉਣ ਲਈ ਅਸੀਂ ਰਿਕੁਮੈਂਡ ਕਰੀਏ। ਕੀ ਇਹ ਅਸੈਂਬਲੀ ਇਹ ਚੀਜ਼ ਸੈਂਟਰ ਨੂੰ ਰਿਕੁਮੈਂਡ ਕਰ ਸਕਦੀ ਹੈ ? ਇਹ ਅਸੈਂਬਲੀ ਕੇਵਲ ਇਸ ਸਟੇਟ ਵਾਸਤੇ ਕਾਨੂੰਨ ਬਨਾਉਣ ਲਈ, ਪਾਰਲੀਮੈਂਟ ਨੂੰ ਰਿਕੁਮੈਂਡ ਕਰ ਸਕਦੀ ਹੈ।

ਸਿਖਿਆ ਮੰਤਰੀ : ਮੇਰੇ ਅਲਫਾਜ਼ ਮੇਰਾ ਖਿਆਲ ਹੈ ਕਿ ਮੈਂਬਰ ਸਾਹਿਬ ਨੇ ਸੁਣੇ ਨਹੀਂ। ਮੈਂ ਤਾਂ ਇਹ ਕਿਹਾ ਹੈ ਕਿ ਸਾਰੇ ਮੁਲਕ ਲਈ ਪਾਰਲੀਮੈਂਟ ਇਕ ਸਾਂਝਾ ਕਾਨੂੰਨ ਬਣਾਏ ਜਿਹੜਾ ਕਿ ਸਾਡੇ ਸੂਬੇ ਵਿਚ ਵੀ ਲਾਗੂ ਕੀਤਾ ਜਾਵੇਗਾ।

ਸ੍ਰੀ ਸਪੀਕਰ : ਇਹ ਅਸੈਂਬਲੀ ਪਾਰਲੀਮੈਂਟ ਨੂੰ ਕੋਈ ਸਟੈਪ ਰਿਕੁਮੈਂਡ ਕਰ ਸਕਦੀ ਹੈ। ਇਹ ਅਸੈਂਬਲੀ ਸਾਰੇ ਮੁਲਕ ਲਈ ਕਾਨੂੰਨ ਨਹੀਂ ਬਣਾ ਸਕਦੀ ਲੇਕਿਨ ਚੰਗੇ ਸਟੈਪਸ ਚੁਕਣ ਲਈ ਸੁਝਾ ਦੇ ਸਕਦੀ ਹੈ, ਰਿਕਮੈਂਡ ਕਰ ਸਕਦੀ ਹੈ ਅਤੇ ਹਾਊਸ ਦੇ ਖਿਆਲਾਤ ਦਾ ਇਜ਼ਹਾਰ ਕਰ ਸਕਦੀ ਹੈ। (The Assembly can recommend any steps to the Parliament. It can't make a law for the whole country but it can suggest right steps, recommend them and express its opinion and convey the same to the Parliament.)

ਸਰਦਾਰ ਜਸਵਿੰਦਰ ਸਿੰਘ ਬਰਾੜ : ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਦੋਂ ਕਮੇਟੀਆਂ ਬਣਾਈਆਂ ਜਾਂਦੀਆਂ ਹਨ ਤਾਂ ਸੈਂਟਰ ਨੂੰ ਸਿਫਾਰਸ਼ ਕੀਤੀ ਜਾਂਦੀ ਹੈ। ਇਸ ਮਸਲੇ ਨੂੰ ਸੁਲਝਾਉਣ ਵਾਸਤੇ ਇਨ੍ਹਾਂ ਨੂੰ ਇਸ ਅਸੈਂਬਲੀ ਵਿਚ ਕਾਨੂੰਨ ਬਣਾਉਣਾ ਚਾਹੀਦਾ ਹੈ, ਬਿਲ ਪਾਸ ਕਰਨਾ ਚਾਹੀਦਾ ਹੈ ਜੇ ਇਹ ਇਮਾਨਦਾਰੀ ਅਤੇ ਨੇਕ ਨਿਯਤ ਨਾਲ ਅਰਬਨ ਪਰਾਪਰਟੀ ਤੇ ਸੀਲਿੰਗ ਮੁਕਰੱਰ ਕਰਨਾ ਚਾਹੁੰਦੇ ਹਨ। ਜੇ ਇਹ ਰੈਜ਼ੋਲਿਊਸ਼ਨ ਪਾਸ ਕਰਕੇ ਦਿੱਲੀ ਭੇਜਣਗੇ ਤਾਂ ਕਾਨੂੰਨ ਬਣਨ ਵਿਚ ਬਹੁਤ ਦੇਰ ਲਗੇਗੀ। ਇਸ ਲਈ ਇਹ ਕਾਨੂੰਨ ਇਨ੍ਹਾਂ ਨੂੰ ਇਥੇ ਹੀ ਪਾਸ ਕਰਨਾ ਚਾਹੀਦਾ ਹੈ।

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। (This is no point of order.)

ਸਿਖਿਆ ਮੰਤਰੀ : ਇਹ ਰੈਜ਼ੋਲਿਊਸ਼ਨ ਮੂਵ ਕਰਨ ਦੇ ਦੋ ਕਾਰਨ ਹਨ।

ਸਰਦਾਰ ਧੰਨਾ ਸਿੰਘ ਗੁਲਸ਼ਨ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ

[ਸਰਦਾਰ ਧੰਨਾ ਸਿੰਘ ਗੁਲਸ਼ਨ]

ਸਾਹਿਬ, ਮੈਂ ਇਕ ਵੈਰੀਫੀਕੇਸ਼ਨ ਚਾਹੁੰਦਾ ਹਾਂ । ਵਜ਼ੀਰ ਸਾਹਿਬ ਨੇ ਇਸ ਰੈਜ਼ੋਲਿਊਸ਼ਨ ਦਾ ਅੰਗਰੇਜ਼ੀ ਤੋਂ ਪੰਜਾਬੀ ਵਿਚ ਉਲੱਥਾ ਕਰਦੇ ਹੋਇਆਂ ਕਿਹਾ ਹੈ ਕਿ ਅਸੀਂ ਸੰਸਦ ਨੂੰ ਇਸ ਗੱਲ ਦੀ ਅਪੀਲ ਕਰੀਏ ਕਿ ਉਹ ਸਾਂਝਾ ਕਾਨੂੰਨ ਬਣਾਵੇ । ਲੇਕਿਨ ਸਾਂਝਾ ਸ਼ਬਦ, ਪੰਜਾਬੀ ਵਿਚ ਜਿਹੜਾ ਰੈਜ਼ੋਲਿਊਸ਼ਨ ਸਰਕੂਲੇਟ ਹੋਇਆ ਹੈ, ਦੇ ਬਾਰੇ ਵਿਚ ਕੋਈ ਗੱਲ ਨਹੀਂ ਕੀਤੀ ਗਈ । ਚਾਹੀਦਾ ਇਹ ਸੀ ਕਿ ਅਸੈਂਬਲੀ ਇਥੇ ਕਾਨੂੰਨ ਪਾਸ ਕਰਦੀ ਅਤੇ ਫਿਰ ਸ਼ਹਿਰੀ ਜਾਇਦਾਦ ਤੇ ਸੀਲਿੰਗ ਮੁਕੱਰਰ ਕਰਨ ਵਾਸਤੇ ਇਹ ਸਿਫਾਰਸ਼ ਕਰਦੀ । ਇਹ ਟਾਲ ਮਟੋਲ ਕਰ ਗਏ ਹਨ । (ਵਿਘਨ)

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ । (This is no point of order.)

ਸਰਦਾਰ ਪ੍ਰੇਮ ਸਿੰਘ ਪ੍ਰੇਮ : ਸਨਮਾਨਯੋਗ ਸਪੀਕਰ ਸਾਹਿਬ, ਦਰਅਸਲ ਜੋ ਪੁਆਇੰਟ ਆਫ਼ ਆਰਡਰ ਨੂਰਮਹਿਲ ਤੋਂ ਆਏ ਆਨਰੇਬਲ ਮੈਂਬਰ ਨੇ ਰੇਜ਼ ਕੀਤਾ ਹੈ, ਰੈਜ਼ੋਲਿਊਸ਼ਨ ਵਿਚ ਐਸੀ ਕੋਈ ਗੱਲ ਨਹੀਂ, ਇਸ ਵਾਸਤੇ ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਬਣਦਾ । ਇਹ ਅਰਬਨ ਪਰਾਪਰਟੀ ਤੇ ਸੀਲਿੰਗ ਲਾਉਣ ਲਈ ਇਸ ਕਰਕੇ ਪਾਰਲੀਮੈਂਟ ਨੂੰ ਰਿਕਮੈਂਡ ਹੋ ਰਹੀ ਹੈ ਤਾਂਕਿ ਉਨ੍ਹਾਂ ਨੂੰ ਸਾਰੇ ਹਿੰਦੁਸਤਾਨ ਵਿਚ ਮਸਾਵਾਤ ਲਿਆਉਣ ਦਾ ਮੌਕਾ ਮਿਲੇ । ਇਸ ਲਈ ਇਹ ਪੁਆਇੰਟ ਆਫ਼ ਆਰਡਰ ਰੇਜ਼ ਨਹੀਂ ਹੁੰਦਾ । ਮਨਿਸਟਰ ਸਾਹਿਬ ਜਿਹੜੀ ਤਕਰੀਰ ਕਰ ਰਹੇ ਹਨ, ਠੀਕ ਕਰ ਰਹੇ ਹਨ ।

ਸਿਖਿਆ ਮੰਤਰੀ : ਮੇਰੇ ਅਕਾਲੀ ਵੀਰ ਜ਼ਰਾ ਤੌਖਲਾ ਨਾ ਕਰਨ, ਜ਼ਰਾ ਸੁਣ ਲੈਣ । ਜਿਥੋਂ ਤਕ ਪੰਜਾਬ ਸਰਕਾਰ ਦਾ ਤੁਅੱਲਕ ਹੈ ਅਸੀਂ ਚਾਹੁੰਦੇ ਹਾਂ ਕਿ ਸਾਡੇ ਸੂਬੇ ਵਿਚ ਅਰਬਨ ਪਰਾਪਰਟੀ ਤੇ ਸੀਲਿੰਗ ਲਾਈ ਜਾਵੇ । ਇਹ ਸੀਲਿੰਗ ਲਾਉਣ ਲਈ ਕਿਸ ਤਰ੍ਹਾਂ ਦਾ ਮਾਹੌਲ ਚਾਹੀਦਾ ਹੈ, ਕੀ ਵਜੂਹਾਤ ਹਨ ਅਤੇ ਕੀ ਸਾਡੀਆਂ ਮੁਸ਼ਕਲਾਤ ਹਨ । ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੀਆਂ ਇਹ ਮੁਸ਼ਕਲਾਤ ਕਿਸ ਤਰ੍ਹਾਂ ਹਲ ਹੋ ਸਕਦੀਆਂ ਹਨ । (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਕੁਰਸੀ ਸੰਭਾਲੀ) ਜਿਥੋਂ ਤਕ ਇਸ ਰੈਜ਼ੋਲਿਊਸ਼ਨ ਦਾ ਤੁਅੱਲਕ ਹੈ ਅਤੇ ਸ਼ਹਿਰੀ ਜਾਇਦਾਦ ਉੱਤੇ ਸੀਲਿੰਗ ਲਾਉਣ ਦਾ ਤੁਅੱਲਕ ਹੈ, ਮੇਰਾ ਖਿਆਲ ਹੈ ਕਿ ਸਾਰੀਆਂ ਪਾਰਟੀਆਂ ਨੇ ਪਿਛਲੀਆਂ ਅਸੈਂਬਲੀ ਦੀਆਂ ਅਲੈਕਸ਼ਨਾਂ ਵਿਚ ਆਪਣੇ ਮੈਨੀਫੈਸਟੋ ਵਿਚ ਇਸ ਗੱਲ ਦਾ ਜ਼ਿਕਰਣਾ ਕੀਤਾ ਹੈ ਅਤੇ ਮੈਨੂੰ ਆਸ ਹੈ ਕਿ ਸਾਰਾ ਹਾਊਸ ਇਸ ਮਤੇ ਦੀ ਪ੍ਰੋੜਤਾ ਕਰੇਗਾ । ਜਿਥੋਂ ਤਕ ਇਸ ਕਾਨੂੰਨ ਦੇ ਪਹਿਲੂਆਂ ਦਾ ਤੁਅੱਲਕ ਹੈ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਸ ਤੋਂ ਪਹਿਲਾਂ ਮੈਂ ਤੁਹਾਡਾ ਧਿਆਨ ਇਕ ਹੋਰ ਗੱਲ ਵਲ ਦਿਵਾਵਾਂਗਾ । ਸਾਡੀ ਭਾਰਤ ਸਰਕਾਰ ਵਲੋਂ ਇਕ ਚਿੱਠੀ ਸਾਡੇ ਪਹਿਲੇ ਚੀਫ ਮਨਿਸਟਰ ਨੂੰ ਲਿਖੀ ਗਈ ਸੀ ਜਿਹੜੀ ਅੱਜ ਤੋਂ ਕੋਈ ਦੋ ਸਾਲ ਪਹਿਲਾਂ ਲਿਖੀ ਸੀ । ਉਸ ਚਿੱਠੀ ਰਾਹੀਂ ਪਤਾ ਲਗਾ ਹੈ ਕਿ ਤਜਵੀਜ਼ ਰਖੀ ਗਈ ਸੀ ਕਿ ਸੂਬਿਆਂ ਨੂੰ ਸ਼ਹਿਰੀ ਜਾਇਦਾਦ ਤੇ ਸੀਲਿੰਗ ਲਾਉਣ ਲਈ ਕਾਨੂੰਨ ਬਨਾਉਣਾ ਚਾਹੀਦਾ ਹੈ । ਇਹ ਚਿੱਠੀ 20 ਜਨਵਰੀ, 1970 ਨੂੰ ਲਿਖੀ ਗਈ । ਇਸ ਤੋਂ ਇਲਾਵਾ ਫਿਰ ਇਕ ਚਿੱਠੀ ਕੇਂਦਰ ਦੇ ਮਨਿਸਟਰ ਕੇ. ਕੇ. ਸ਼ਾਹ ਨੇ 25 ਜੁਲਾਈ, 1970 ਨੂੰ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਜੋ ਕਿ ਉਸ ਵੇਲੇ ਚੀਫ ਮਨਿਸਟਰ ਸਨ, ਨੂੰ ਲਿਖੀ ਸੀ ।

ਇਸ ਚਿੱਠੀ ਵਿਚ ਉਨ੍ਹਾਂ ਨੇ ਵਿਸਥਾਰ ਨਾਲ ਜ਼ਿਕਰ ਕੀਤਾ ਹੈ ਕਿ ਇਸ ਸੂਬੇ ਦੇ ਅੰਦਰ, ਪੰਜਾਬ ਦੇ ਅੰਦਰ ਇਹ ਚਾਹੀਦਾ ਹੈ ਕਿ ਅਰਬਨ ਪਰਾਪਰਟੀ ਤੇ ਸੀਲਿੰਗ ਲਗਾਈ ਜਾਵੇ ਅਤੇ ਕਾਨੂੰਨ ਬਣਾਇਆ ਜਾਵੇ। ਉਨਾਂ ਨੇ ਵਰਕਿੰਗ ਗਰੁੱਪ ਦੀ ਰਿਪੋਰਟ ਵੀ ਨਾਲ ਹੀ ਭੇਜੀ ਅਤੇ ਇਕ ਮਾਡਲ ਕਾਨੂੰਨ ਵੀ ਬਣਾ ਕੇ ਭੇਜਿਆ ਜਿਸ ਦੇ ਆਧਾਰ ਤੇ ਕਿ ਪੰਜਾਬ ਰਾਜ ਵਿਚ ਕਾਨੂੰਨ ਬਣਾਇਆ ਜਾਵੇ। ਇਹ ਕਾਨੂੰਨ ਬਣਾਇਆ ਜਾਣਾ ਚਾਹੀਦਾ ਸੀ। ਪਰ ਇਸ ਗੱਲ ਨੂੰ ਡੇਢ ਦੋ ਸਾਲ ਦਾ ਅਰਸਾ ਹੋ ਗਿਆ ਹੈ ਇਹ ਮੇਰੇ ਸਾਹਮਣੇ ਬੈਠੇ ਅਕਾਲੀ ਵੀਰਾਂ ਦੀ ਸਰਕਾਰ ਨੇ ਇਸ ਪਾਸੇ ਉੱਕਾ ਹੀ ਧਿਆਨ ਨਹੀਂ ਦਿੱਤਾ ਅਤੇ ਕਾਨੂੰਨ ਬਨਾਉਣ ਦਾ ਯਤਨ ਨਹੀਂ ਕੀਤਾ ਸਗੋਂ ਇਸ ਗੱਲ ਨੂੰ ਟਾਲਣ ਦਾ ਯਤਨ ਕਰਦੇ ਰਹੇ ਹਨ। ਮੈਂ ਸਮਝਦਾ ਹਾਂ ਕਿ ਇਹ ਚੀਜ਼ ਸਾਰੀ ਬਣਾਈ ਜਾਣੀ ਸੀ ਸੁਪਰੀਮ ਕੋਰਟ ਦੇ ਫ਼ੈਸਲਿਆਂ ਨੂੰ ਸਾਹਮਣੇ ਰੱਖਕੇ। ਸੁਪਰੀਮ ਕੋਰਟ ਨੇ ਕਈ ਕੇਸਾਂ ਵਿਚ ਫ਼ੈਸਲੇ ਦਿੱਤੇ ਹਨ ਜਿਨ੍ਹਾਂ ਕਾਰਨ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਪੇਸ਼ ਆਉਂਦੀਆਂ ਸਨ। ਇਸ ਤਰ੍ਹਾਂ ਦੇ ਸਟੈਪ ਲੈਣ ਲਈ ਇਨ੍ਹਾਂ ਦਾ ਮੈਂ ਜ਼ਿਕਰ ਆਪ ਦੀ ਰਾਹੀਂ ਹਾਊਸ ਵਿਚ ਕਰਨਾ ਚਾਹੁੰਦਾ ਹਾਂ।

ਕਿਸੇ ਵੀ ਗੈਰ ਮਨਕੂਲਾ ਜਾਇਦਾਦ ਤੇ ਸੀਲਿੰਗ ਲਗਾ ਕੇ ਜਿਹੜੀ ਜਾਇਦਾਦ ਵਧ ਜਾਵੇ ਉਸ ਨੂੰ ਲੈਣ ਦੇ ਬਾਰੇ ਵਿਚ ਸੁਪਰੀਮ ਕੋਰਟ ਦੀ ਰੂਲਿੰਗ ਆਈ। ਇਸ ਦੇ ਸਬੰਧ ਵਿਚ ਗੋਲਕ ਨਾਥ ਦਾ ਅਹਿਮ ਕੇਸ ਸੀ, ਜਿਸ ਵਿਚ ਇਹ ਫ਼ੈਸਲਾ ਦਿੱਤਾ ਗਿਆ ਕਿ ਕੋਈ ਵੀ ਪਰਾਪਰਟੀ ਜੇ ਸਰਕਾਰ ਲੈਣਾ ਚਾਹੇ ਅਤੇ ਫੰਡੇਮੈਂਟਲ ਰਾਈਟਸ ਦੇ ਖਿਲਾਫ਼ ਹੋਵੇ, ਉਹ ਕਾਰਵਾਈ ਵੈਲਿਡ ਨਹੀਂ ਕਰਾਰ ਦਿੱਤੀ ਜਾਵੇਗੀ। ਇਸ ਵਿਚ ਇਹ ਵੀ ਕਿਹਾ ਗਿਆ ਕਿ ਭੂਮੀ ਸੁਧਾਰ ਕਾਨੂੰਨ ਜਿੰਨੇ ਵੀ ਲਾਗੂ ਕੀਤੇ ਗਏ ਹਨ ਉਹ ਗੈਰ-ਕਾਨੂੰਨੀ ਹਨ। ਕਿਉਂਕਿ ਇਹ ਫੰਡੇਮੈਂਟਲ ਰਾਈਟਸ ਦੀ ਜ਼ੱਦ ਵਿਚ ਆਉਂਦਾ ਹੈ, ਪਰ ਕਿਉਂਕਿ ਇਨ੍ਹਾਂ ਕਾਨੂੰਨਾਂ ਤੇ ਅਮਲ ਦਰਾਮਦ ਕੀਤਾ ਜਾ ਚੁਕਿਆ ਹੈ ਇਸ ਲਈ ਇਹ ਵੈਲਿਡ ਸਮਝੇ ਜਾਣਗੇ ਪਰ ਹੋਰ ਕੋਈ ਵੀ ਇਸ ਤਰ੍ਹਾਂ ਦਾ ਕਾਨੂੰਨ ਨਹੀਂ ਬਣਾਇਆ ਜਾ ਸਕਦਾ।

ਇਸ ਤੋਂ ਇਲਾਵਾ ਇਕ ਹੋਰ ਕੇਸ ਬੈਂਕਾਂ ਦੀ ਨੈਸ਼ਨੇਲਾਇਜ਼ੇਸ਼ਨ ਦੇ ਬਾਰੇ ਵਿਚ ਆਇਆ। ਉਸ ਵਿਚ ਕੰਪਨਸੇਸ਼ਨ ਦੇਣ ਦਾ ਸਵਾਲ ਸੀ। ਇਹ ਲਫ਼ਜ਼ ਭਾਰਤ ਦੀ ਕਾਨਸਟੀਚਿਊਸ਼ਨ ਦੇ ਆਰਟੀਕਲ 31 ਵਿਚ ਆਉਂਦਾ ਹੈ ਕਿ ਜਿੱਥੇ ਵੀ ਕੋਈ ਜਾਇਦਾਦ ਮੂਵੇਬਲ ਜਾਂ ਇੰਮੂਵੇਬਲ ਕਿਸੇ ਵੀ ਆਦਮੀ ਦੀ ਹੋਵੇ ਅਤੇ ਇਸ ਦੇਸ਼ ਦੇ ਵਾਸੀ ਦੀ ਹੋਵੇ ਉਸ ਨੂੰ ਜੇਕਰ ਸਰਕਾਰ ਲਏ ਤਾਂ ਜਸਟ ਕੰਪਨਸੇਸ਼ਨ ਦਿੱਤਾ ਜਾਵੇਗਾ। ਫਿਰ ਜਸਟ ਕੰਪਨਸੇਸ਼ਨ ਕਿਸ ਤਰ੍ਹਾਂ ਵਰਕ ਆਊਟ ਕੀਤਾ ਜਾਵੇਗਾ। ਇਸ ਦਾ ਵਿਸਥਾਰ ਦਿੱਤਾ ਗਿਆ ਅਤੇ ਇਸ ਦੇ ਅਨੁਸਾਰ ਹੀ ਸਰਕਾਰ ਨੂੰ ਬੈਂਕਾਂ ਦੇ ਨੈਸ਼ਨੇਲਾਈਜ਼ੇਸ਼ਨ ਵਿਚ ਰਕਮ ਦੇਣੀ ਪਈ।

ਇਸ ਤੋਂ ਇਲਾਵਾ ਕਾਨਸਟੀਚਿਊਸ਼ਨ ਦੀ 12ਵੀਂ ਅਮੈਂਡਮੈਂਟ ਦਾ ਜਦ ਬਿਲ ਪਾਰਲੀਮੈਂਟ ਵਿਚ ਆਇਆ ਅਤੇ ਪਿਛਲੇ ਦਸੰਬਰ ਵਿਚ ਪਾਸ ਹੋਇਆ ਤਾਂ ਉਸ ਰਾਹੀਂ ਇਸ ਤਰ੍ਹਾਂ ਦੀਆਂ ਉੱਪਰ ਦੱਸੀਆਂ ਔਕੜਾਂ ਨੂੰ ਦੂਰ ਕੀਤਾ ਗਿਆ, ਆਰਟੀਕਲ 31 ਵਿਚ ਤਬਦੀਲੀ ਕਰ ਦਿੱਤੀ ਗਈ ਕਿ ਅਗਰ ਕਾਨੂੰਨ ਰਾਹੀਂ ਆਰਟੀਕਲ 39 ਵਿਚ ਦਰਜ ਡਾਇਰੈਕਟਿਵ ਪ੍ਰਿੰਸੀਪਲਜ਼ ਨੂੰ ਲਾਗੂ ਕੀਤਾ ਜਾਂਦਾ ਹੈ ਤਾਂ ਕੋਈ ਇਸ ਤਰ੍ਹਾਂ ਦਾ ਅਗਰ ਕਾਨੂੰਨ ਹੋਵੇ ਤਾਂ ਕੋਈ ਵੀ ਅਦਾਲਤ ਉਸ ਨੂੰ ਇਨਵੈਲਿਡ ਕਰਾਰ ਨਹੀਂ ਦੇ ਸਕਦੀ।

[ਸਿਖਿਆ ਮੰਤਰੀ]

ਇਸ ਤੋਂ ਇਲਾਵਾ ਆਰਟੀਕਲ 31 ਵਿਚ ਲਫਜ਼ ਕੰਪਨਸੇਸ਼ਨ ਸੀ ਇਸ ਨੂੰ ਹਟਾ ਕੇ ਇਸ ਦੀ ਥਾਂ ਤੇ ਲਫਜ਼ ਅਮਾਊਂਟ ਰੱਖ ਦਿੱਤਾ ਗਿਆ। ਕਿਉਂਕਿ ਜਸਟ ਕੰਪਨਸੇਸ਼ਨ ਦੇ ਬਾਰੇ ਵਿਚ ਸੁਪਰੀਮ ਕੋਰਟ ਨੇ ਵਜਾਹਤ ਕਰ ਦਿੱਤੀ ਹੋਈ ਹੈ ਕਿ ਇਸ ਦੇ ਮੁਤਾਬਿਕ ਅਮਾਊਂਟ ਵਰਕ ਆਊਟ ਕੀਤਾ ਜਾਵੇ ਅਤੇ ਉਹ ਮੁਆਵਜ਼ਾ ਦਿੱਤਾ ਜਾਵੇ। ਪਰ ਹੁਣ ਇਹ ਕਰ ਦਿੱਤਾ ਗਿਆ ਹੈ ਕਿ ਅਮਾਊਂਟ ਉਹੀ ਤਸੱਵਰ ਸਮਝਿਆ ਜਾਵੇਗਾ ਜਿਹੜਾ ਕਿ ਕਾਨੂੰਨ ਵਿਚ ਲਿਖ ਦਿੱਤਾ ਜਾਵੇਗਾ ਜਦ ਕਿ ਕਿਸੇ ਵੀ ਜਾਇਦਾਦ ਲੈਣ ਦੇ ਬਾਰੇ ਵਿਚ ਕਾਨੂੰਨ ਪਾਸ ਕੀਤਾ ਜਾਵੇ ਅਤੇ ਇਸ ਅਮਾਊਂਟ ਦੇ ਬਾਰੇ ਵਿਚ ਕਿਸੇ ਵੀ ਅਦਾਲਤ ਨੂੰ ਹੱਕ ਨਹੀਂ ਹੋਵੇਗਾ ਤਬਦੀਲ ਕਰਨ ਦਾ ਅਤੇ ਕੋਈ ਵੀ ਮਜਾਜ਼ ਨਹੀਂ ਹੋਵੇਗਾ ਇਸ ਰਕਮ ਨੂੰ ਵਧਾਉਣ ਜਾਂ ਘਟਾਉਣ ਦਾ।

ਇਸ ਤਰ੍ਹਾਂ ਦੀਆਂ ਸਾਡੇ ਸੰਵਿਧਾਨ ਵਿਚ ਅਹਿਮ ਤਬਦੀਲੀਆਂ ਹੋ ਜਾਣ ਨਾਲ ਕੋਈ ਕਿਸੇ ਤਰ੍ਹਾਂ ਦੀ ਮੁਸ਼ਕਲ ਬਾਕੀ ਨਹੀਂ ਰਹਿ ਜਾਂਦੀ ਕਿ ਅਸੀਂ ਗ਼ੈਰ ਮਨਕੂਲਾ ਜਾਇਦਾਦ ਨੂੰ ਨਾ ਲੈ ਸਕੀਏ ਅਤੇ ਡਾਇਰੈਕਟਿਵ ਪ੍ਰਿੰਸੀਪਲਜ਼ ਦੇ ਅਧਾਰ ਤੇ ਸੀਲਿੰਗ ਨਾ ਲਗਾ ਸਕੀਏ। ਇਸ ਨਾਲ ਦੇਸ਼ ਵਿਚ ਇਕ ਮਾਹੌਲ ਪੈਦਾ ਕਰ ਦਿੱਤਾ ਗਿਆ ਹੈ ਅਤੇ ਗਰੀਬੀ ਹਟਾਓ ਦਾ ਜੋ ਮੰਤਵ ਹੈ ਇਸ ਨੂੰ ਪੂਰਾ ਨਾ ਕਰ ਸਕੀਏ। ਇਸ ਲਈ ਇਸ ਸਰਕਾਰ ਨੇ ਜਲਦੀ ਤੋਂ ਜਲਦੀ ਇਸ ਪੱਖ ਵਿਚ ਸਟੈਪਸ ਲਏ ਹਨ ਤਾਂਕਿ ਅਰਬਨ ਪਰਾਪਰਟੀ ਤੇ ਸੀਲਿੰਗ ਲਗਾਈ ਜਾ ਸਕੇ। ਮੈਂ ਸਮਝਦਾ ਹਾਂ ਕਿ ਇਸ ਵਿਧਾਨ ਸਭਾ ਦੇ ਪਹਿਲੇ ਹੀ ਸੈਸ਼ਨ ਵਿਚ ਜਿਨਾਂ ਵੀ ਜਲਦੀ ਤੋਂ ਜਲਦੀ ਹੋ ਸਕਿਆ ਕੋਸ਼ਿਸ਼ ਕੀਤੀ ਗਈ ਹੈ ਕਿ ਇਹ ਰੈਜ਼ੋਲਿਊਸ਼ਨ ਪੇਸ਼ ਕੀਤਾ ਜਾਵੇ। ਕਲ੍ਹ ਤਕ ਤਾਂ ਸਰਕਾਰ ਵੋਟ ਆਨ ਅਕਾਊਂਟ ਦੇ ਪਾਸ ਕਰਨ ਵਿਚ ਹੀ ਲਗੀ ਰਹੀ। ਅੱਜ ਪਹਿਲਾ ਦਿਨ ਸੀ ਅਤੇ ਸਰਕਾਰ ਚਾਹੁੰਦੀ ਤਾਂ ਇਸ ਦਿਨ ਤੇ ਹੋਰ ਕੰਮ ਵੀ ਲਿਆ ਸਕਦੀ ਸੀ ਪਰ ਜਿੱਥੇ ਤਕ ਪੰਜਾਬ ਸਰਕਾਰ ਦਾ ਸਬੰਧ ਹੈ ਇਸ ਨੇ ਪੂਰਾ ਇਰਾਦਾ ਬਣਾਇਆ ਹੋਇਆ ਹੈ ਕਿ ਜਿਸ ਤਰ੍ਹਾਂ ਲੈਂਡ ਰੀਫਾਰਮਜ਼ ਹੋ ਰਹੀਆਂ ਹਨ ਅਰਬਨ ਪਰਾਪਰਟੀ ਤੇ ਵੀ ਰੀਫਾਰਮਜ਼ ਲਿਆਂਦੀਆਂ ਜਾਣ ਅਤੇ ਸ਼ਹਿਰਾਂ ਵਿਚ ਇਕਨਾਮਿਕ ਡਿਸਪੈਰਿਟੀ ਦੂਰ ਕੀਤੀ ਜਾ ਸਕੇ।

ਸਪੀਕਰ ਸਾਹਿਬ, ਮੇਰੇ ਇਸ ਰੈਜ਼ੋਲਿਊਸ਼ਨ ਵਿਚ ਇਸ ਗੱਲ ਦਾ ਜ਼ਿਕਰ ਹੈ ਕਿ ਪਾਰਲੀਮੈਂਟ ਨੂੰ ਬਿਨੇ ਕੀਤੀ ਜਾਵੇ ਕਿ ਸ਼ਹਿਰੀ ਜਾਇਦਾਦ ਵਿਚ ਇਕਨਾਮਿਕ ਡਿਸਪੈਰਿਟੀ ਨੂੰ ਦੂਰ ਕਰਨ ਲਈ ਸੀਲਿੰਗ ਲਾਗੂ ਕੀਤੀ ਜਾਵੇ ਅਤੇ ਇਹ ਗੱਲ ਸੋਸ਼ਲਿਜ਼ਮ ਲਿਆਉਣ ਲਈ ਜ਼ਰੂਰੀ ਹੈ। ਸੋਸ਼ਲਿਜ਼ਮ ਲਿਆਉਣਾ ਅਤੇ ਇਕਨਾਮਿਕ ਡਿਸਪੈਰਿਟੀ ਨੂੰ ਦੂਰ ਕਰਨਾ ਇਹ ਦੋ ਚੀਜ਼ਾਂ ਹਨ ਜਿਨ੍ਹਾਂ ਦੇ ਬਾਰੇ ਵਿਚ ਅਸਾਡੀ ਪਾਰਟੀ ਵਾਅਦਾ ਕਰਕੇ ਆਈ ਹੈ ਅਤੇ ਇਸ ਵਾਅਦੇ ਅਨੁਸਾਰ ਇਸ ਨੂੰ ਪੂਰਾ ਕਰਨ ਲਈ ਅਸਲੀ ਜਾਮਾਂ ਦੇਣ ਲਈ ਇਹ ਮਤਾ ਪੇਸ਼ ਕੀਤਾ ਗਿਆ ਹੈ। ਤਾਂਕਿ ਜਲਦੀ ਤੋਂ ਜਲਦੀ ਤੁਫਰਕਾ ਹਟਾਇਆ ਜਾ ਸਕੇ।

ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਥੋਂ ਤਕ ਇਸ ਰੈਜ਼ੋਲਿਊਸ਼ਨ ਦਾ ਤੁਅੱਲਕ ਹੈ ਮੇਰਾ ਖਿਆਲ ਹੈ ਕਿ ਸਾਰੇ ਮੈਂਬਰ ਸਾਹਿਬਾਨ ਦੀ ਸੰਮਤੀ ਇਸ ਨੂੰ ਪ੍ਰਾਪਤ ਹੋਵੇਗੀ। ਇਸ ਨੂੰ ਅਮਲੀ ਜਾਮਾ ਦੇਣ ਲਈ ਆਲ ਇੰਡੀਆ ਕਾਂਗਰਸ ਕਮੇਟੀ ਦਾ ਵੀ ਇਹ ਡਾਇਰੈਕਟਿਵ ਹੈ ਕਿ ਇਸ ਨੂੰ ਇਮੀਜੀਏਟਲੀ ਪਾਸ ਕੀਤਾ ਜਾਵੇ। ਆਲ ਇੰਡੀਆ ਕਾਂਗਰਸ ਕਮੇਟੀ ਦਾ ਜਿਥੇ ਤਕ ਤੁਅੱਲਕ ਹੈ ਇਸ ਨੇ ਅਰਬਨ ਪਰਾਪਰਟੀ ਤੇ ਸੀਲਿੰਗ ਲਾਉਣ ਲਈ ਪੂਰਾ ਇਰਾਦਾ ਬਣਾਇਆ ਹੋਇਆ ਹੈ। ਕਾਂਗਰਸ ਪਾਰਟੀ ਅਤੇ

ਪੰਜਾਬ ਸਰਕਾਰ ਜਲਦੀ ਤੋਂ ਜਲਦੀ ਇਸ ਸੀਲਿੰਗ ਨੂੰ ਲਗਾਉਣ ਦਾ ਇਰਾਦਾ ਰਖਦੀ ਹੈ ਅਤੇ ਇਸ ਵਿਚ ਕਿਸੇ ਕਿਸਮ ਦੀ ਦੇਰੀ ਨਹੀਂ ਵੇਖਣਾ ਚਾਹੁੰਦੀ। ਇਹ ਸਾਰੇ ਮੈਂਬਰ ਸਾਹਿਬਾਨ ਜਾਣਦੇ ਹੀ ਹਨ।

ਜਿਥੇ ਤਕ ਇਸ ਗੱਲ ਦਾ ਤੁਅੱਲਕ ਹੈ ਕਿ ਇਸ ਗੱਲ ਦੀ ਇਸ ਵਿਚ ਕੀ ਲੋੜ ਪਈ ਕਿ ਇਹ ਕਾਨੂੰਨ ਪਾਰਲੀਮੈਂਟ ਬਣਾਵੇ ਅਤੇ ਪੰਜਾਬ ਸਰਕਾਰ ਨਾ ਬਣਾਵੇ ਹਾਲਾਂਕਿ ਇਹ ਸਬਜੈਕਟ ਪੰਜਾਬ ਸਰਕਾਰ ਦਾ ਹੈ। ਇਸ ਦੇ ਬਾਰੇ ਵਿਚ ਮੈਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਵਿਚ ਤਿੰਨ ਚਾਰ ਮੁਸ਼ਕਲਾਂ ਸਨ। ਇਕ ਤਾਂ ਇਹ ਕਿ ਇਸ ਨੂੰ ਜੇਕਰ ਪਾਰਲੀਮੈਂਟ ਬਣਾਵੇ ਤਾਂ ਇਸ ਦਾ ਇਕ ਯੂਨੀਫਾਰਮ ਪੈਟਰਨ ਹੋ ਜਾਵੇਗਾ ਜਿਸ ਤਰ੍ਹਾਂ ਕਿ ਲੈਂਡ ਸੀਲਿੰਗ ਦੇ ਬਾਰੇ ਵਿਚ ਯੂਨੀਫਾਰਮ ਪੈਟਰਨ ਹਨ। ਇਸ ਲਈ ਇਹ ਠੀਕ ਸਮਝਿਆ ਗਿਆ ਕਿ ਜਿਸ ਤਰ੍ਹਾਂ ਦਾ ਕਾਨੂੰਨ ਅਰਬਨ ਪਰਾਪਰਟੀ ਦੀ ਸੀਲਿੰਗ ਤੇ ਅਸਾਡੇ ਸੂਬੇ ਵਿਚ ਹੋਵੇਗਾ ਇਸੇ ਤਰ੍ਹਾਂ ਦਾ ਬਾਕੀ ਦੇ ਸੂਬਿਆਂ ਵਿਚ ਵੀ ਹੋਵੇਗਾ। ਇਹ ਕਿਉਂਕਿ ਆਲ ਇੰਡੀਆ ਮਸਲਾ ਹੈ ਭਾਵੇਂ ਇਹ ਸਾਡੇ ਸੂਬੇ ਦੇ ਇਖਤਿਆਰ ਖੇਤਰ ਵਿਚ ਆਉਂਦਾ ਹੈ ਕਿ ਕਾਨੂੰਨ ਬਣਾ ਸਕੀਏ।

ਇਸ ਤੋਂ ਇਲਾਵਾ ਗਰੀਬੀ ਹਟਾਉਣ ਦਾ ਮਸਲਾ ਆਲ ਇੰਡੀਆ ਮਸਲਾ ਹੈ ਅਤੇ ਇਸ ਤਰ੍ਹਾਂ ਦੀਆਂ ਸੀਲਿੰਗ ਲਗਾਉਣ ਨਾਲ ਇਕਨਾਮਿਕ ਡਿਸਪੈਰਿਟੀ ਦੂਰ ਹੁੰਦੀ ਹੈ। ਇਸ ਲਈ ਜੇਕਰ ਇਕ ਪੈਟਰਨ ਆਲ ਇੰਡੀਆ ਵਿਚ ਹੋਵੇਗਾ ਤਾਂ ਠੀਕ ਰਹੇਗਾ। ਇਹ ਜ਼ਰੂਰੀ ਹੈ ਕਿ ਅਸੀਂ ਆਪਣੇ ਆਪ ਨੂੰ ਇਸ ਲਈ ਢਾਲੀਏ ਅਤੇ ਇਸ ਤਰੀਕੇ ਨਾਲ ਹੀ ਅਸੀਂ ਢਾਲ ਰਹੇ ਹਾਂ ਅਤੇ ਇਹ ਮਤਾ ਪੇਸ਼ ਕੀਤਾ ਹੈ ਕਿ ਪਾਰਲੀਮੈਂਟ ਹੀ ਕਾਨੂੰਨ ਪਾਸ ਕਰੇ।

ਇਸ ਤੋਂ ਇਲਾਵਾ ਇਕ ਗਲ ਹੋਰ ਕਿ ਸਾਡੇ ਕਈ ਪੰਜਾਬੀ ਵੀਰਾਂ ਨੇ ਪੰਜਾਬ ਤੋਂ ਬਾਹਰ ਜਾਇਦਾਦ ਬਣਾ ਲਈ ਹੈ। ਇਹ ਪੰਜਾਬ ਪਿੱਛੇ ਤਿੰਨ ਸੂਬਿਆਂ ਵਿਚ ਵੰਡਿਆ ਗਿਆ ਸੀ ਤਾਂ ਇਕ ਆਦਮੀ ਨੇ ਇਕ ਮਕਾਨ ਅੰਮ੍ਰਿਤਸਰ ਵਿਚ ਬਣਾ ਲਿਆ, ਇਕ ਚੰਡੀਗੜ੍ਹ ਵਿਚ ਅਤੇ ਇਕ ਹਰਿਆਣੇ ਵਿਚ ਅਤੇ ਇਸ ਤਰ੍ਹਾਂ ਹੋਰ ਕਿਤੇ ਵੀ ਜਾਇਦਾਦ ਬਣਾਈ ਜਾ ਸਕਦੀ ਸੀ। ਕਈਆਂ ਨੇ ਦਿੱਲੀ ਵਿਚ ਵੀ ਮਕਾਨ ਬਣਾ ਲਏ ਹਨ। ਇਸ ਤਰ੍ਹਾਂ ਜਿਨ੍ਹਾਂ ਦੀ ਜਾਇਦਾਦ ਪੰਜਾਬ ਤੋਂ ਬਾਹਰ ਵੀ ਹੈ ਉਸ ਦੀ ਗਿਣਤੀ ਕਰਨੀ ਔਖੀ ਹੋ ਜਾਵੇਗੀ। ਇਸ ਲਈ ਜੇਕਰ ਸਾਰੇ ਦੇਸ਼ ਲਈ ਇਕ ਸਾਂਝਾ ਕਾਨੂੰਨ ਹੋਵੇਗਾ ਤਾਂ ਹੀ ਸਹੀ ਅਰਥਾਂ ਵਿਚ ਇਸ ਦਾ ਮੰਤਵ ਹਲ ਹੋ ਸਕੇਗਾ ਅਤੇ ਜਾਇਦਾਦ ਉਹ ਵੀ ਵਿਚ ਸ਼ਾਮਿਲ ਹੋ ਸਕੇਗੀ। ਭਾਵੇਂ ਕਿਸੇ ਦੀ ਇਕ ਸੂਬੇ ਵਿਚ ਹੋਵੇ ਜਾਂ ਦੂਜੇ ਸੂਬੇ ਵਿਚ ਉਸ ਦੀ ਗਿਣਤੀ ਕੀਤੀ ਜਾ ਸਕੇਗੀ ਅਤੇ ਇਸੇ ਲਈ ਇਹ ਕਿਹਾ ਗਿਆ ਹੈ ਕਿ ਸੀਲਿੰਗ ਦਾ ਕਾਨੂੰਨ ਪਾਰਲੀਮੈਂਟ ਪਾਸ ਕਰੇ।

ਜੇਕਰ ਇਹ ਕਾਨੂੰਨ ਪੰਜਾਬ ਸਰਕਾਰ ਵਲੋਂ ਬਣਾਇਆ ਜਾਵੇ ਤਾਂ ਇਸ ਕਾਨੂੰਨ ਤੇ ਅਮਲ ਦਰਾਮਦ ਕੇਵਲ ਪੰਜਾਬ ਵਿਚ ਹੀ ਹੋ ਸਕੇਗਾ ਪੰਜਾਬ ਦੀ ਹਦ ਤੋਂ ਬਾਹਰ ਨਹੀਂ ਹੋ ਸਕੇਗਾ ਅਤੇ ਜਿਨ੍ਹਾਂ ਸਜਣਾਂ ਦੀ ਜਾਇਦਾਦ ਪੰਜਾਬ ਤੋਂ ਬਾਹਰ ਹੈ ਉਹ ਇਸ ਦੀ ਜ਼ਦ ਤੋਂ ਬਚ ਜਾਣਗੇ। ਇਸ ਸੰਭਾਵਨਾ ਨੂੰ ਰੋਕਣ ਲਈ ਇਹ ਉਪਰਾਲਾ ਕੀਤਾ ਗਿਆ ਹੈ ਕਿ ਇਸ ਦਾ ਹੱਕ ਪਾਰਲੀਮੈਂਟ ਨੂੰ ਦਿਤਾ ਜਾਵੇ ਕਿ ਉਹ ਕਾਨੂੰਨ ਬਣਾਵੇ।

[ਸਿਖਿਆ ਮੰਤਰੀ]

ਫਿਰ ਇਕ ਹੋਰ ਗੱਲ ਵੀ ਹੈ ਕਿ ਜਦ ਇਹ ਕਾਨੂੰਨ ਪਾਸ ਹੋ ਜਾਵੇਗਾ ਅਤੇ ਯੂਨੀਫਾਰਮ ਪੈਟਰਨ ਤੇ ਸੀਲਿੰਗ ਮੁਕਰਰ ਕਰ ਦਿਤੀ ਜਾਵੇਗੀ ਤਾਂ ਉਸ ਸੀਲਿੰਗ ਤੋਂ ਵਧ ਜਿੰਨੀ ਜਾਇਦਾਦ ਹੋਵੇਗੀ ਉਸ ਨੂੰ ਐਕੁਆਇਰ ਕਰਨ ਦਾ ਇਖਤਿਆਰ ਸਟੇਟ ਨੂੰ ਦਿਤਾ ਜਾਵੇਗਾ ਅਤੇ ਉਸ ਦਾ ਮੁਆਵਜ਼ਾ ਉਹ ਕੀਮਤ ਹੋਵੇਗੀ ਜਿਹੜੀ ਕਿ ਸਟੇਟ ਨੀਅਤ ਕਰੇਗੀ । ਫਿਰ ਇਸ ਦੇ ਨਾਲ ਇਕ ਹੋਰ ਗੱਲ ਵੀ ਧਿਆਨ ਵਿਚ ਰਖਣ ਵਾਲੀ ਹੈ ਕਿ ਸਾਰੇ ਸੂਬੇ ਵਿਚ ਜੇਕਰ ਇਕੋ ਹੀ ਵੇਰ ਜਾਇਦਾਦ ਐਕੁਆਇਰ ਕਰ ਲਈ ਜਾਵੇ ਤਾਂ ਉਸ ਦੀ ਕੀਮਤ ਅਦਾ ਕਰਨ ਲਈ ਸਰਕਾਰ ਦੇ ਰੀਸੋਰਸਿਜ਼ ਤੇ ਬਹੁਤ ਵੱਡਾ ਭਾਰ ਪਏਗਾ ਜਿਸ ਨੂੰ ਇਹ ਬਰਦਾਸ਼ਤ ਨਹੀਂ ਕਰ ਸਕਦਾ । ਜੇਕਰ ਇਹ ਕਾਨੂੰਨ ਸੂਬੇ ਵਲੋਂ ਪਾਸ ਕੀਤਾ ਜਾਵੇ ਤਾਂ ਇਹ ਅੜਚਨ ਆ ਸਕਦੀ ਹੈ । ਅਤੇ ਜੇਕਰ ਇਸ ਨੂੰ ਪਾਰਲੀਮੈਂਟ ਵਲੋਂ ਪਾਸ ਕੀਤਾ ਜਾਵੇ ਤਾਂ ਪੰਜਾਬ ਸਰਕਾਰ ਆਪਣੇ ਰੀਸੋਰਸਿਜ਼ ਦੇ ਮੁਤਾਬਿਕ ਵਾਧੂ ਪਰਾਪਰਟੀ ਨੂੰ ਐਕਆਇਰ ਕਰ ਸਕੇਗੀ । ਇਹ ਨਹੀਂ ਹੋ ਸਕਦਾ ਕਿ ਪ੍ਰਾਪਰਟੀ ਐਕੁਆਇਰ ਕਰ ਲਈ ਜਾਏ ਅਤੇ ਉਸ ਨੂੰ ਕੋਈ ਕੰਪਨਸੇਸ਼ਨ ਦਿੱਤੀ ਹੀ ਨਾ ਜਾਏ । ਜਦੋਂ ਤਕ ਮੁਕੰਮਲ ਤੌਰ ਤੇ ਪ੍ਰਾਪਰਟੀ ਅਵੇਲੇਬਲ ਨਹੀਂ ਹੋ ਜਾਂਦੀ, ਕੰਪਨਸੇਸ਼ਨ ਨਹੀਂ ਦਿੱਤੀ ਜਾ ਸਕਦੀ । ਜਿੱਥੇ ਅਸੀਂ ਪ੍ਰਾਪਰਟੀ ਲੈਣ ਦਾ ਕੰਮ ਕਰਨਾ ਹੈ ਉਥੇ ਪ੍ਰਾਪਰਟੀ ਤਕਸੀਮ ਕਰਨ ਦਾ ਕੰਮ ਵੀ ਅਸੀਂ ਜਲਦੀ ਤੋਂ ਜਲਦੀ ਕਰਨਾ ਹੈ । ਇਸ ਲਈ ਇਸ ਮੁਆਮਲੇ ਵਿਚ ਸੈਂਟਰ ਅਤੇ ਸਟੇਟ ਦਾ ਸਬੰਧ ਬਹੁਤ ਜ਼ਰੂਰੀ ਹੈ । ਅਸੀਂ ਐਸੇ ਸਾਰੇ ਰੀਸੋਰਸਿਜ਼ ਵੀ ਲੱਭਣੇ ਹਨ ਜਿਨ੍ਹਾਂ ਰਾਹੀਂ ਸੈਂਟਰ ਤੋਂ ਕੋਈ ਮਾਲੀ ਇਮਦਾਦ ਵੀ ਮਿਲ ਸਕੇ । ਇਹ ਇਕ ਕਾਨੂੰਨੀ ਪੈਸੇਜ ਹੈ ਜਿਸ ਨੇ ਆਪਣਾ ਟਾਈਮ ਜ਼ਰੂਰ ਲੈਣਾ ਹੈ । ਇਸ ਤੋਂ ਇਲਾਵਾ ਮੈਂ ਇਕ ਗੱਲ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਜਿਹੜੀ ਕਿ ਇਸ ਦਾ ਇਕ ਜ਼ਰੂਰੀ ਅੰਗ ਹੈ । ਉਹ ਇਹ ਕਿ ਸੈਕਸ਼ਨ 31 ਰਾਹੀਂ ਭਾਵੇਂ ਕੋਈ ਵੀ ਕਾਨੂੰਨ ਪਾਸ ਕਰਨਾ ਹੋਵੇ ਉਹਦੀ ਅਸੈਂਟ ਹਮੇਸ਼ਾ ਪ੍ਰੈਜ਼ੀਡੈਂਟ ਤੋਂ ਲੈਣੀ ਪੈਂਦੀ ਹੈ । ਜਿਤਨੀ ਦੇਰ ਤਕ ਪ੍ਰੈਜ਼ੀਡੈਂਟ ਕੋਈ ਅਸੈਂਟ ਨਹੀਂ ਦਿੰਦਾ ਮੈਂ ਸਮਝਦਾ ਹਾਂ ਕਿ ਐਸੇ ਕਾਨੂੰਨ ਦਾ ਕੋਈ ਫਾਇਦਾ ਨਹੀਂ ਜਦੋਂ ਕਿ ਭਾਰਤ ਸਰਕਾਰ ਵਲੋਂ ਕੋਈ ਪ੍ਰਵਾਨਗੀ ਨਹੀਂ ਆ ਜਾਂਦੀ । ਇਸ ਤਰ੍ਹਾਂ ਵੀ ਦੇਰ ਲਗ ਸਕਦੀ ਹੈ । (ਵਿਘਨ) ਤੁਸੀਂ ਘਬਰਾਓ ਨਾ ਜਥੇਦਾਰ ਜੀ ਸਾਡੇ ਤੇ ਭਰੋਸਾ ਰਖੋ, ਸਾਨੂੰ ਸਮਾਂ ਦਿਓ ਤਾਂ ਜੋ ਕੋਈ ਚੰਗਾ ਕਾਨੂੰਨ ਬਣਾ ਕੇ ਅਸੀਂ ਤੁਹਾਡੇ ਸਾਹਮਣੇ ਰਖ ਸਕੀਏ (ਵਿਘਨ) ਅਸੀਂ ਕਾਨੂੰਨ ਬਨਾਉਣ ਤੋਂ ਬਾਅਦ ਅਜੇ ਪ੍ਰੈਜ਼ੀਡੈਂਟ ਦੀ ਅਸੈਂਟ ਵੀ ਲੈਣੀ ਹੈ । ਜੇ ਸਾਨੂੰ ਬਣਿਆ ਬਣਾਇਆ ਕੋਈ ਕਾਨੂੰਨ ਮਿਲ ਜਾਵੇ ਤਾਂ ਉਹ ਚੰਗਾ ਹੈ । ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਅਸੀਂ ਤਾਂ ਚਾਹੁੰਦੇ ਹਾਂ ਕਿ ਕੰਮ ਛੇਤੀ ਤੋਂ ਛੇਤੀ ਹੋਵੇ ਤੇ ਹੋਰ ਦੇਰ ਨਾ ਲੱਗੇ ।

ਸਰਦਾਰ ਰਣਧੀਰ ਸਿੰਘ ਚੀਮਾ : ਆਨ ਏ ਪੁਆਇੰਟ ਆਫ ਆਰਡਰ, ਸਰ । ਜਨਾਬ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਇਹ ਇਕ ਤਰ੍ਹਾਂ ਦੀਆਂ ਜ਼ਬਾਨੀ ਗੱਲਾਂ ਨਾਲ ਪਰਚਾ ਰਹੇ ਹਨ ਕਿ ਗੌਰਮਿੰਟ ਆਫ਼ ਇੰਡੀਆ ਦੀ ਚਿੱਠੀ ਆਈ ਹੈ । ਮੈਂ ਕਹਿੰਦਾ ਹਾਂ ਕਿ ਤੁਸੀਂ ਇਸ ਨੂੰ ਅਸੈਂਬਲੀ ਵਿਚ ਪੇਸ਼ ਕਰੋ, ਲਿਆਓ ਅਸੀਂ ਇਸ ਨੂੰ ਪਾਸ ਕਰਨ ਲਈ ਤਿਆਰ ਹਾਂ ।

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (This is no point of order.)

ਸਰਦਾਰ ਜਸਵਿੰਦਰ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਜਿਵੇਂ ਮਨਿਸਟਰ ਸਾਹਿਬ, ਫਰਮਾਉਂਦੇ ਹਨ ਕਿ ਅਜੇ ਕੋਈ ਲੀਗਲ ਮਨਜ਼ੂਰੀ ਲੈਣੀ ਹੈ, ਇਨ੍ਹਾਂ ਨੇ ਪ੍ਰੈਜ਼ੀਡੈਂਟ ਤੋਂ ਅਸੈਂਟ ਲੈਣੀ ਹੈ, ਕਾਨੂੰਨ ਮੁਤਾਬਿਕ ਜਦੋਂ ਤੱਕ ਇਹੋ ਜਿਹਾ ਬਿਲ ਅਸੈਂਬਲੀ ਵਿਚ ਪਾਸ ਨਹੀਂ ਹੋ ਜਾਂਦਾ, ਪ੍ਰੈਜ਼ੀਡੈਂਟ ਦੀ ਅਸੈਂਟ ਨਹੀਂ ਲਈ ਜਾ ਸਕਦੀ । ਜੇ ਇਹ ਬਿਲ ਪਾਸ ਕਰਕੇ ਭੇਜਣ ਤਾਂ ਪ੍ਰੈਜ਼ੀਡੈਂਟ ਨੂੰ ਕੀ ਇਤਰਾਜ਼ ਹੋ ਸਕਦਾ ਹੈ । ਮੈਂ ਕਹਾਂਗਾ ਕਿ ਸ਼ਹਿਰੀ ਜਾਇਦਾਦਾਂ ਬਾਰੇ ਜਿਹੜਾ ਬਿਲ ਹੈ ਇਹ ਪਾਸ ਕਰਨਾ ਚਾਹੀਦਾ ਹੈ, ਇਸ ਤੋਂ ਬਚਿਆ ਨਹੀਂ ਜਾ ਸਕਦਾ । ਮੈਂ ਇਹੋ ਹੀ ਅਰਜ਼ ਕਰਨੀ ਸੀ ਕਿ ਇਹ ਬਚ ਨਿਕਲਣ ਦੇ ਤਰੀਕੇ ਇਖਤਿਆਰ ਕਰ ਰਹੇ ਹਨ ।

ਸਿੱਖਿਆ ਮੰਤਰੀ : ਅਸਲ ਗੱਲ ਤਾਂ ਇਹ ਹੈ ਕਿ ਮਾਨਯੋਗ ਮੈਂਬਰ ਨੂੰ ਸਾਰੀ ਗੱਲ ਦਾ ਹੀ ਪਤਾ ਨਹੀਂ ਹੈ ਕਿ ਕਾਨੂੰਨੀ ਅੜਚਨ ਹੁੰਦੀ ਕੀ ਹੈ । ਮੈਂ ਇਸ ਤਰ੍ਹਾਂ ਦੀਆਂ ਸੈਂਕੜੇ ਮਿਸਾਲਾਂ ਦੇ ਸਕਦਾ ਹਾਂ ਕਿ ਕਈ ਵਾਰੀ ਪ੍ਰੈਜ਼ੀਡੈਂਟ ਦੀ ਅਸੈਂਟ ਲੈਣ ਵਾਸਤੇ 6-6 ਮਹੀਨੇ ਲਗ ਜਾਂਦੇ ਹਨ । (ਵਿਘਨ) ਇਨ੍ਹਾਂ ਨੇ ਵਿਧਾਨ ਪੜ੍ਹਿਆ ਨਹੀਂ ਤੇ ਐਵੇਂ ਰੌਲਾ ਜ਼ਰੂਰ ਪਾਉਣ ਲਗ ਜਾਂਦੇ ਹਨ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮੈਂ ਸੰਵਿਧਾਨ ਦੀਆਂ ਸਾਰੀਆਂ ਧਾਰਾਵਾਂ ਪੜ੍ਹੀਆਂ ਹਨ, ਇਹ ਜੋ ਕੁਝ ਕਹਿੰਦੇ ਹਨ ਸਹੀ ਨਹੀਂ ਇਹ ਲੇਟ ਕਰਨ ਵਾਸਤੇ ਹੀ ਉਲਝਾਇਆ ਜਾ ਰਿਹਾ ਹੈ । ਅਸਲ ਵਿਚ ਗੱਲ ਇਹ ਹੈ ਕਿ ਰੂਲਿੰਗ ਪਾਰਟੀ ਵਿਚ ਐਸੇ ਬਹੁਤ ਸਾਰੇ ਲੋਕ ਬੈਠੇ ਹਨ ਜਿਨ੍ਹਾਂ ਨੇ ਚੰਡੀਗੜ੍ਹ, ਕਲਕੱਤੇ, ਬੰਬਈ ਅਤੇ ਹੋਰ ਵੱਡੇ ਵੱਡੇ ਸ਼ਹਿਰਾਂ ਵਿਚ ਪੰਜ-ਪੰਜ ਸੱਤ-ਸੱਤ ਕੋਠੀਆਂ ਪਾਈਆਂ ਹੋਈਆਂ ਹਨ । ਇਹੋ ਵਜ੍ਹਾ ਹੈ ਕਿ ਇਹ ਟਾਲਦੇ ਹਨ । ਜੇ ਇਮਾਨਦਾਰ ਹਨ ਤਾਂ ਬਿਲ ਲਿਆਉਣ ।

Mr. Deputy Speaker : This is no point of order.

ਸਿੱਖਿਆ ਮੰਤਰੀ : ਅੱਜ ਇਹ ਕੋਠੀਆਂ ਵੰਡਣ ਤੇ ਆ ਗਏ ਹਨ, ਪਰ ਇਹ ਸ਼ਾਇਦ ਉਹੀ ਲੋਕ ਹਨ ਜਿਨ੍ਹਾਂ ਨੇ ਪੰਜਾਬੀ ਸੂਬੇ ਦੇ ਨਾਉਂ ਤੇ ਦਿੱਲੀ ਦੀਆਂ ਕੋਠੀਆਂ ਦਿੱਤੀਆਂ, ਹਰਿਆਣਾ ਬਣਾ ਦਿੱਤਾ, ਹਿਮਾਚਲ ਦਿੱਤਾ, ਸ਼ਿਮਲੇ ਦੀਆਂ ਕੋਠੀਆਂ ਦਿੱਤੀਆਂ । ਅੱਜ ਇਹ ਕਹਿੰਦੇ ਹਨ ਕਿ ਅਸੀਂ ਪੰਜਾਬੀਆਂ ਨੂੰ ਬਚਾਉਣਾ ਚਾਹੁੰਦੇ ਹਾਂ । (ਵਿਘਨ) ਇਨ੍ਹਾਂ ਨੇ ਛੋਟਾ ਜਿਹਾ ਪੰਜਾਬੀ ਸੂਬਾ ਬਣਾ ਕੇ ਸਾਰੇ ਪੰਜਾਬੀਆਂ ਦਾ ਨੁਕਸਾਨ ਕੀਤਾ । ਅੱਜ ਇਨ੍ਹਾਂ ਦੀ ਗ਼ਲਤੀ ਨੂੰ ਸਾਰਾ ਦੇਸ਼ ਮਹਿਸੂਸ ਕਰਦਾ ਹੈ । ਸੰਤ ਜੀ ਨੇ ਇਨ੍ਹਾਂ ਦੇ ਨਾਲ ਰਹਿ ਕੇ ਆਪਣੀ ਗ਼ਲਤੀ ਨੂੰ ਮਹਿਸੂਸ ਕੀਤਾ ਤੇ ਉਹ ਰੀਟਾਇਰਡ ਹੋ ਗਏ । ਇਹ ਨਹੀਂ ਜਾਣਦੇ ਕਾਨੂੰਨ ਦੇ ਮੁਖ ਅਸੂਲ ਕੀ ਹਨ । ਅਸੀਂ ਸੀਲਿੰਗ ਲਾਗੂ ਕਰਨਾ ਚਾਹੁੰਦੇ ਹਾਂ, ਅਸੀਂ ਲੋਕਾਂ ਨਾਲ ਵਾਅਦੇ ਕਰਕੇ ਆਏ ਹਾਂ, ਇਹ ਗੱਲਾਂ ਅਸੀਂ ਆਪਣੇ ਵਿਧਾਨ ਦੇ ਵਿਚ ਵੀ ਲਿਖੀਆਂ ਹਨ । ਇਹ ਗੱਲ ਆਰਟੀਕਲ 39 ਦੇ ਪਾਰਟ (ਬੀ) ਵਿਚ ਸਾਫ਼ ਲਿਖੀ ਹੋਈ ਹੈ ਕਿ :

Article 39 (b) of the Constitution :

> "that the ownership and control of the material resources of the community are so distributed as best to subserve the common good ;"

ਅਸੀਂ ਇਹ ਚਾਹੁੰਦੇ ਹਾਂ ਕਿ ਜਿਹੜਾ ਤਰੀਕਾ ਏਥੇ 39 (ਬੀ) ਦੇ ਵਿਚ ਦੱਸਿਆ ਹੈ, ਜੋ ਸਾਡੇ ਸੋਰਸਿਜ਼

[ਸਿਖਿਆ ਮੰਤਰੀ]

ਹਨ ਉਨ੍ਹਾਂ ਰਾਹੀਂ ਕਰਾਉਣਾ ਹੈ । ਅਸੀਂ ਚਾਹੁੰਦੇ ਹਾਂ ਕਿ ਸਾਰਾ ਕੰਮ ਅਮਨ ਅਮਾਨ ਨਾਲ ਹੋਵੇ । ਕੋਈ ਭਰਾ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ ਜਿਵੇਂ ਕਿ ਬੰਗਲਾ ਦੇਸ਼ ਵਰਗੇ ਏਥੇ ਹਾਲਾਤ ਹੋ ਗਏ ਹਨ ।

ਸਰਦਾਰ ਰਣਧੀਰ ਸਿੰਘ ਚੀਮਾ : ਡਿਪਟੀ ਸਪੀਕਰ ਸਾਹਿਬ, ਮਨਿਸਟਰ ਸਾਹਿਬ ਪੰਜਾਬੀ ਸੂਬੇ ਦੀਆਂ ਮਿਸਾਲਾਂ ਦੇ ਰਹੇ ਹਨ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬੀ ਸੂਬਾ ਬਨਾਉਣ ਵੇਲੇ ਤੁਸੀਂ ਕਿਧਰ ਹੁੰਦੇ ਸੀ, ਅਜ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹੋ ?

ਸਿੱਖਿਆ ਮੰਤਰੀ : ਮੈਨੂੰ ਕੀ ਕਹਿੰਦੇ ਹੋ ਤੁਸੀਂ ਆਪਣੇ ਜਨਰਲ ਸੈਕਟਰੀ ਦਾ ਬਿਆਨ ਪੜ੍ਹ ਲਓ ਉਸ ਵਿਚ ਕੀ ਲਿਖਿਆ ਹੈ । ਤੁਹਾਡੀ ਪਾਰਟੀ ਦੇਸ਼ ਦੇ ਟੁਕੜੇ ਟੁਕੜੇ ਕਰਨਾ ਜਾਣਦੀ ਹੈ ਤੇ ਸਾਡੀ ਪਾਰਟੀ ਦੇਸ਼ ਨੂੰ ਮਜ਼ਬੂਤ ਕਰਨਾ ਚਾਹੁੰਦੀ ਹੈ । ਅਸੀਂ ਮੁਲਕ ਵਿਚ ਇਕ ਸਾਂਝਾ ਮੁਹਾਜ਼ ਕਾਇਮ ਕਰਨਾ ਚਾਹੁੰਦੇ ਹਾਂ, ਸਾਂਝੀ ਤਾਕਤ ਨਾਲ ਚਲਣਾ ਹੈ । ਅਸੀਂ ਐਸੀ ਕੋਈ ਹਕੂਮਤ ਚਲਣ ਨਹੀਂ ਦੇਣੀ ਜਿਹੜੀ ਪਾਰਟੀ ਦਾ ਕੋਈ ਪ੍ਰੋਗਰਾਮ ਹੀ ਨਾ ਹੋਵੇ । (ਇਕ ਮਾਨਯੋਗ ਮੈਂਬਰ : ਅਸੀਂ ਜੁੱਤੀਆਂ ਨਾਲ ਹਕੂਮਤ ਚਲਾਵਾਂਗੇ, ਡੰਡੇ ਦੇ ਜ਼ੋਰ ਤੇ ਹਕੂਮਤ ਚਲਾਵਾਂਗੇ, ਤੁਸੀਂ ਜ਼ਰਾ ਵੇਖਦੇ ਜਾਓ) ਅਸੀਂ ਐਸੀ ਕੋਈ ਗੱਲ ਨਹੀਂ ਕਰਨੀ ਜਿਸ ਨਾਲ ਦੇਸ਼ ਵਿਚ ਕੋਈ ਕਮਜ਼ੋਰੀ ਆ ਜਾਵੇ । ਅਸੀਂ ਸੀ. ਪੀ. ਆਈ. ਨਾਲ ਮਿਲ ਕੇ ਲੋਕਾਂ ਨੂੰ ਇਕ ਸਾਂਝਾ ਪ੍ਰੋਗਰਾਮ ਦੇਣਾ ਹੈ । ਅਲੈਕਸ਼ਨਾਂ ਤੋਂ ਬਾਅਦ ਸਾਡਾ ਪਹਿਲਾਂ ਹੀ ਇਸ ਤਰ੍ਹਾਂ ਦਾ ਪ੍ਰੋਗਰਾਮ ਬਣ ਚੁਕਾ ਹੈ ਕਿ ਅਸੀਂ ਇਸ ਤਰ੍ਹਾਂ ਕਰਨਾ ਹੈ । (ਵਿਘਨ) ਜੋ ਹਾਲ ਹੋਇਆ ਉਹ ਸਾਰਿਆਂ ਦੇ ਸਾਹਮਣੇ ਹੈ । (ਵਿਘਨ)

(ਇਸ ਵੇਲੇ ਸਰਦਾਰ ਗੁਰਬਚਨ ਸਿੰਘ ਕੁਝ ਬੋਲੇ ਪਰ ਸੁਣਾਈ ਨਹੀਂ ਦਿੱਤਾ ।)

ਤੇ, ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਜਿਥੋਂ ਤਕ ਅਰਬਨ ਪ੍ਰਾਪਰਟੀ ਤੇ ਸੀਲਿੰਗ ਲਗਾਉਣ ਦਾ ਤੁਅੱਲਕ ਹੈ, ਸਾਡੀ ਕਾਂਗਰਸ ਪਾਰਟੀ ਨੇ ਇਕ ਮੁਤਫ਼ਿੱਕਾ ਰੈਜ਼ੋਲਿਊਸ਼ਨ ਪਾਸ ਕੀਤਾ ਕਿ ਇਹ ਸੀਲਿੰਗ ਢਾਈ ਲੱਖ ਤਕ ਹੋਣੀ ਚਾਹੀਦੀ ਹੈ । ਅਸੀਂ ਛੇਤੀ ਇਹ ਰੈਜ਼ੋਲਿਊਸ਼ਨ ਸੈਂਟਰ ਦੀ ਕਾਂਗਰਸ ਕਮੇਟੀ ਅਤੇ ਹਿੰਦ ਦੀ ਸਰਕਾਰ ਨੂੰ ਭੇਜ ਰਹੇ ਹਾਂ ਕਿ ਸਾਡੀ ਇਹ ਰਾਏ ਹੈ । ਮੈਂ ਅਰਜ਼ ਕਰਦਾ ਹਾਂ ਕਿ ਜੇ ਇਨ੍ਹਾਂ ਦੀ ਮਰਜ਼ੀ ਇਸ ਤੋਂ ਘੱਟ ਸੀਲਿੰਗ ਦੀ ਹੈ ਤਾਂ ਇਹ ਦਸ ਦੇਣ ਮੈਂ ਇਨ੍ਹਾਂ ਨੂੰ ਯਕੀਨ ਦਿਵਾਉਂਦਾ ਹਾਂ ਕਿ ਅਸੀਂ ਉਹ ਵੀ ਭੇਜ ਦਿਆਂਗੇ ਕਿ ਇਨ੍ਹਾਂ ਦੀ ਮਰਜ਼ੀ ਇਹ ਹੈ । ਸਾਡੀ ਇਸ ਬਾਰੇ ਸਪਸ਼ਟ ਰਾਏ ਹੈ । (ਵਿਘਨ) ਇਹ ਹੁਣ ਸੁਣਨ ਜੋਗੇ ਵੀ ਨਹੀਂ ਰਹੇ ਇਨ੍ਹਾਂ ਦਾ ਇਹੋ ਜਿਹਾ ਹਾਲ ਹੋਇਆ ਹੈ ਕਿ ਇਹ ਨਾ ਸੁਣਨ ਜੋਗੇ ਰਹੇ ਹਨ ਅਤੇ ਨਾ ਸੁਣਾਉਣ ਜੋਗੇ ਰਹੇ ਹਨ (ਥੰਪਿੰਗ) (ਵਿਘਨ) ਤੇ, ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਵਜੂਹਾਤ ਦੀ ਬਿਨ੍ਹਾਂ ਤੇ ਅਰਜ਼ ਕਰਦਾ ਹਾਂ ਕਿ ਸਾਡੀ ਪਾਰਟੀ ਨੇ ਯੂਨੈਨੀਮਸਲੀ ਇਹ ਪਾਸ ਕੀਤਾ ਹੈ ਕਿ ਇਸ ਰੈਜ਼ੋਲਿਊਸ਼ਨ ਤੇ ਛੇਤੀ ਤੋਂ ਛੇਤੀ ਅਮਲ ਕਰਨ ਲਈ ਕੇਂਦਰੀ ਸਰਕਾਰ ਨੂੰ ਕਿਹਾ ਜਾਵੇ । ਇਸ ਤੇ ਜਲਦੀ ਤੋਂ ਜਲਦੀ ਕਾਰਵਾਈ ਕੀਤੀ ਜਾਵੇ । ਇਸ ਲਈ ਕੋਈ ਇਕ ਚੰਗਾ ਅਤੇ ਸਾਂਝਾ ਕਾਨੂੰਨ ਬਣਨਾ ਚਾਹੀਦਾ ਹੈ ਜਿਸ ਨਾਲ ਸਾਡੇ ਦੇਸ਼ ਦੇ ਲੋਕਾਂ ਦਾ ਭਲਾ ਹੋਵੇ, ਸਾਡੀ ਜਨਤਾ ਦਾ ਭਲਾ ਹੋਵੇ, ਗਰੀਬਾਂ ਦਾ ਭਲਾ ਹੋਵੇ । ਭਾਵੇਂ ਇਹ ਨਹੀਂ ਚਾਹੁੰਦੇ ਕਿ ਗਰੀਬਾਂ ਦਾ ਭਲਾ ਹੋਵੇ ਪਰ ਅਸੀਂ ਇਹ ਫੈਸਲਾ ਕੀਤਾ ਹੋਇਆ ਹੈ ਕਿ ਇਹ ਗਰੀਬਾਂ ਦਾ ਜ਼ਰੂਰ ਭਲਾ ਕਰਨਾ ਹੈ । ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਇਹ ਰੈਜ਼ੋਲਿਊਸ਼ਨ ਪੇਸ਼ ਕਰਦਾ ਹਾਂ ।

Mr. Deputy Speaker : Motion moved.

> "Where as it appears to this Assembly to be desirable that the Parliament should make a law with respect to prescribing ceiling on urban immovable property in order to remove economic disparity and bring about socialism in the State. Now, therefore, this Assembly hereby resolves that the Parliament may enact law prescribing and regulating ceiling on urban immovable property in the State."

ਸਰਦਾਰ ਅਜਾਇਬ ਸਿੰਘ ਸੰਧੂ (ਮੁਰਿੰਡਾ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਆਪਣੀ ਅਮੈਂਡਮੈਂਟ ਮੂਵ ਕਰਦਾ ਹਾਂ...........

ਸ੍ਰੀ ਡਿਪਟੀ ਸਪੀਕਰ : ਉਹ ਤਾਂ ਸਪੀਕਰ ਸਾਹਿਬ ਰਿਜੈਕਟ ਕਰ ਗਏ ਹਨ । (That has been rejected by the hon. Speaker.)

ਸਰਦਾਰ ਅਜਾਇਬ ਸਿੰਘ ਸੰਧੂ : ਉਹ ਅਮੈਂਡਮੈਂਟਸ ਹੋਰ ਸਨ ਜੀ, (ਵਿਘਨ) ਉਹ ਡਾਂਗ ਸਾਹਿਬ ਵਾਲੀਆਂ ਸਨ ।

ਸ੍ਰੀ ਡਿਪਟੀ ਸਪੀਕਰ : ਡਾਂਗ ਸਾਹਿਬ ਵਾਲੀਆਂ 2 ਹੋਰ ਅਮੈਂਡਮੈਂਟਸ ਹਨ ਉਹ ਇਨ ਆਰਡਰ ਹਨ । ਤੁਹਾਡੀ ਅਮੈਂਡਮੈਂਟ ਰਿਜੈਕਟ ਹੋਈ ਹੈ । (Mr. Dang has given the notice of two other amendments and those are in order; your amendment has been rejected).

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੇਰੀ ਅਮੈਂਡਮੈਂਟ ਤਾਂ ਸਰਕੂਲੇਟ ਵੀ ਹੋਈ ਹੈ । ਇਹ ਦੇਖ ਲਓ ।

ਸ੍ਰੀ ਡਿਪਟੀ ਸਪੀਕਰ : ਤੁਹਾਡੀ ਅਮੈਂਡਮੈਂਟ ਰਿਜੈਕਟ ਹੋ ਚੁਕੀ ਹੈ । ਪਰ ਤੁਸੀਂ ਆਪਣੇ ਵਿਚਾਰ ਰਖ ਲਓ । (Your amendment has been rejected; you may, however, express your views on the Resolution.)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਮੈਨੂੰ ਸਪੀਕਰ ਸਾਹਿਬ ਆਖ ਕੇ ਗਏ ਹਨ ਕਿ ਮੇਰੀ ਅਮੈਂਡਮੈਂਟ ਇਨਆਰਡਰ ਹੈ ਇਸ ਲਈ ਮੈਂ ਵਕਤ ਤੇ ਮੂਵ ਕਰ ਦਿਆਂ (ਵਿਘਨ) ਡਿਪਟੀ ਸਪੀਕਰ ਸਾਹਿਬ, ਇਸ ਵਿਚ ਕੋਈ ਹਰਜ ਨਹੀਂ ਹੈ ਕਿ ਜੇ ਅਸੀਂ ਸਪੀਕਰ ਸਾਹਿਬ ਤੋਂ ਪੁਛ ਲਈਏ । (ਵਿਘਨ)

Mr. Deputy Speaker : The Speaker has already given a ruling that your amendments are not in order.

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੈਂ ਇਸ ਵੇਲੇ ਇਹ ਅਮੈਂਡਮੈਂਟ ਮੂਵ ਨਹੀਂ ਕਰਦਾ, ਪਰ ਮੇਰੀ ਅਰਜ਼ ਇਹ ਹੈ ਕਿ ਇਸ ਵਿਚ ਕੋਈ ਹਰਜ ਵਾਲੀ ਗੱਲ ਨਹੀਂ ਸੀ ਜੇ ਅਸੀਂ ਸਪੀਕਰ ਸਾਹਿਬ ਤੋਂ ਉਨ੍ਹਾਂ ਦੇ ਹੁਕਮ ਦੀ ਕਲੈਰੀਫਿਕੇਸ਼ਨ ਲੈ ਲਈਏ । (ਵਿਘਨ) ਉਨ੍ਹਾਂ ਨੇ ਮੈਨੂੰ ਕਿਹਾ ਸੀ ਕਿ ਇਹ ਇਨਆਰਡਰ ਹੈ । (ਵਿਘਨ)

ਚੌਧਰੀ ਰਾਮ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਇਹ ਕਹੀ ਜਾਂਦੇ ਹਨ ਕਿ ਸਰਕੂਲੇਟ ਹੋਈ ਹੈ । ਮੈਂ ਅਰਜ਼ ਕਰਦਾ ਹਾਂ ਕਿ ਸਰਕੂਲੇਟ ਤਾਂ ਹੋਈ ਕਿ ਇਹ ਰਸੀਟ ਦੀ ਇਨਫਰਮੇਸ਼ਨ ਸੀ । ਜਦੋਂ ਸਪੀਕਰ ਸਾਹਿਬ ਆਪ ਇਸ ਨੂੰ ਰਿਜੈਕਟ ਕਰ ਗਏ ਹਨ ਤਾਂ ਫਿਰ ਇਹ ਸਰਕੂਲੇਸ਼ਨ ਦਾ ਝਗੜਾ ਕਿਉਂ ਪਾ ਰਹੇ ਹਨ ? (ਵਿਘਨ)

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ । (This is no point of order.)

(ਇਸ ਵੇਲੇ ਸ੍ਰੀ ਪਿਆਰਾ ਰਾਮ ਧੰਨੋਵਾਲੀ ਕੁਝ ਬੋਲਣ ਲਈ ਖੜ੍ਹੇ ਹੋਏ)

ਸ੍ਰੀ ਡਿਪਟੀ ਸਪੀਕਰ : ਤੁਸੀਂ ਬੈਠ ਜਾਓ । ਸੰਧੂ ਸਾਹਿਬ ਨੂੰ ਸੁਣੋ । (Please take your seat and listen to Sandhu Sahib.)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਇਹ ਜੋ ਮਤਾ ਸ਼ਹਿਰੀ ਜਾਇਦਾਦਾਂ ਦੀ ਸੀਲਿੰਗ ਲਈ ਹਾਊਸ ਵਿਚ ਪੇਸ਼ ਕੀਤਾ ਗਿਆ ਹੈ, ਉਸ ਦੇ ਸਬੰਧ ਵਿਚ ਮੈਂ ਆਪੋਜ਼ੀਸ਼ਨ ਵਲੋਂ ਕੁਝ ਬੇਨਤੀਆਂ ਕਰਾਂਗਾ ।

(ਇਸ ਵੇਲੇ ਸ੍ਰੀ ਸਪੀਕਰ ਸਿੰਘਾਸਨ ਤੇ ਬਿਰਾਜਮਾਨ ਹੋਏ ।)

ਸਪੀਕਰ ਸਾਹਿਬ, ਇਸ ਬਾਰੇ ਮੈਨੂੰ ਇਕ ਸ਼ੇਅਰ ਯਾਦ ਆਇਆ ਹੈ :

"ਬੜਾ ਸ਼ੋਰ ਸੁਨਤੇ ਥੇ ਪਹਿਲੂ ਮੇਂ ਦਿਲ ਕਾ,

ਜੋ ਚੀਰਾ ਤੋ ਇਕ ਕਤਰਾ-ਏ ਖ਼ੂਨ ਨਿਕਲਾ ।" (ਵਾਹ ਵਾਹ ਦੀਆਂ ਅਵਾਜ਼ਾਂ)

ਸਪੀਕਰ ਸਾਹਿਬ, ਇਕ ਸਾਲ ਹੋਇਆ ਜਦੋਂ ਇਸ ਦੇਸ਼ ਵਿਚ ਪਾਰਲੀਮੈਂਟ ਦੀਆਂ ਚੋਣਾਂ ਹੋਈਆਂ ਤਾਂ ਹਿੰਦੁਸਤਾਨ ਦੀ ਕਾਂਗਰਸ ਪਾਰਟੀ ਨੇ ਅਤੇ ਹਿੰਦੁਸਤਾਨ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਕੋਠੇ ਤੇ ਚੜ੍ਹ ਕੇ ਕਿਹਾ ਸੀ ਕਿ ਅਸੀਂ ਗਰੀਬੀ ਦੂਰ ਕਰਨੀ ਹੈ, ਸਮਾਜਵਾਦ ਲਿਆਉਣਾ ਹੈ । ਇਹ ਜੋ ਅੱਜ ਅਰਬਨ ਪ੍ਰਾਪਟੀ ਤੇ ਸੀਲਿੰਗ ਦਾ ਮਤਾ ਲੈ ਕੇ ਆਏ ਹਨ ਇਹ ਵੀ ਇਨ੍ਹਾਂ ਦੇ ਇਲੈਕਸ਼ਨ ਮੈਨੀਫੈਸਟੋ ਵਿਚ ਲਿਖਿਆ ਹੋਇਆ ਹੈ । ਇਸ ਤੋਂ ਬਾਦ, ਸਪੀਕਰ ਸਾਹਿਬ, ਜਿਹੜੀਆਂ ਹੁਣ ਚੋਣਾਂ ਹੋਈਆਂ ਸਨ ਇਸ ਵਿਚ ਇਨ੍ਹਾਂ ਨੇ ਇਹ ਬਚਨ ਦਿਤਾ ਸੀ ਕਿ ਲੋਕ ਸਾਨੂੰ ਰਾਜਸੱਤਾ ਤੇ ਬਿਠਾ ਦੇਣ ਤਾਂ ਅਸੀਂ ਇਹ ਕੰਮ ਕਰਾਂਗੇ ਅਤੇ ਉਹ ਕੰਮ ਕਰਾਂਗੇ । ਇਨ੍ਹਾਂ ਨੇ ਵਾਅਦਾ ਕੀਤਾ ਸੀ ਕਿ ਅਸੀਂ ਅਰਬਨ ਪ੍ਰਾਪਟੀ ਦੀ ਸੀਲਿੰਗ ਵੀ ਕਰਾਂਗੇ । ਇਲੈਕਸ਼ਨ ਤੋਂ ਫੌਰਨ ਬਾਦ ਮੁੱਖ ਮੰਤਰੀ ਸਾਹਿਬ ਨੇ ਆਪਣੀ ਪਾਰਟੀ ਦੀ ਇਕ ਮੀਟਿੰਗ ਇਸ ਵਿਧਾਨ ਭਵਨ ਵਿਚ ਬੁਲਾਈ ਜਿਸ ਵਿਚ ਇਨ੍ਹਾਂ ਨੇ ਇਹ ਮਤਾ ਪਾਸ ਕੀਤਾ ਕਿ ਅਸੀਂ ਸਰਬ ਸੰਮਤੀ ਨਾਲ ਫੈਸਲਾ ਕਰਦੇ ਹਾਂ ਕਿ ਜੋ ਸ਼ਹਿਰੀ ਜਾਇਦਾਦ ਹੈ ਇਸ ਦੀ ਹੱਦਬੰਦੀ ਢਾਈ ਲੱਖ ਰੁਪਏ ਹੋਣੀ ਚਾਹੀਦੀ ਹੈ । ਅਤੇ ਸਾਡੀ ਪਾਰਟੀ ਨੇ ਇਹ ਗੱਲ ਕਰਨੀ ਹੈ ।

ਤੇ, ਮੈਂ ਸਪੀਕਰ ਸਾਹਿਬ, ਮੈਂ ਅੱਜ ਬੜੇ ਅਫ਼ਸੋਸ ਨਾਲ ਕਹਿੰਦਾ ਹਾਂ ਕਿ ਇਨ੍ਹਾਂ ਨੇ ਪਹਿਲੇ ਇਲੈਕਸ਼ਨ ਵਿਚ ਵੀ ਅਤੇ ਹੁਣ ਦੇ ਇਲੈਕਸ਼ਨ ਵਿਚ ਜਾਪਦਾ ਹੈ ਇਕ ਥੋਥਾ ਵਾਇਦਾ ਕੀਤਾ ਸੀ, ਇਕ ਗਲਤ ਵਾਇਦਾ ਕੀਤਾ ਸੀ ਕਿਉਂਕਿ ਇਨ੍ਹਾਂ ਦੇ ਐਕਸ਼ਨਜ਼ ਤੋਂ ਇਹ ਜ਼ਾਹਿਰ ਹੁੰਦਾ ਹੈ ਕਿ ਇਹ ਕਹਿੰਦੇ

ਕੁਝ ਹਨ ਅਤੇ ਕਰਦੇ ਕੁਝ ਹਨ । ਜੇ ਇਹ ਵਾਕਿਆ ਹੀ ਇਸ ਵਿਚ ਇਮਾਨਦਾਰ ਹਨ ਅਤੇ ਜੇ ਵਾਕਿਆ ਹੀ ਇਨ੍ਹਾਂ ਨੇ ਲੋਕਾਂ ਨੂੰ ਵਚਨ ਦਿਤਾ ਹੈ, ਅਤੇ ਇਹ ਪੂਰਾ ਕਰਨਾ ਚਾਹੁੰਦੇ ਸਨ ਤਾਂ ਅੱਜ ਇਨ੍ਹਾਂ ਨੂੰ ਇਕ ਵੇਗ ਰੈਜ਼ੋਲਿਊਸ਼ਨ ਲਿਆਉਣ ਦੀ ਲੋੜ ਨਹੀਂ ਸੀ । ਔਰ ਜਿਹੜਾ ਮਤਾ ਸਾਡੇ ਸਾਹਮਣੇ ਪੇਸ਼ ਹੈ, ਮੈਂ ਸਮਝਦਾ ਹਾਂ ਕਿ ਇਹ ਲੋਕਾਂ ਦੀਆਂ ਅੱਖਾਂ ਵਿਚ ਇਹ ਇਕ ਘਟਾ ਪਾਉਣ ਵਾਲਾ ਮਤਾ ਹੈ । ਇਹ ਇਹੋ ਜਿਹਾ ਮਤਾ ਹੈ ਕਿ ਲੋਕਾਂ ਨੂੰ ਕਹਿ ਵੀ ਦੇਈਏ ਅਤੇ ਕਰੀਏ ਵੀ ਕੁਝ ਨਾ । ਮੇਰੇ ਫਾਜ਼ਲ ਵਜ਼ੀਰ ਸਾਹਿਬ ਸਰਦਾਰ ਉਮਰਾਓ ਸਿੰਘ ਨੇ ਇਸ ਵਿਚ ਇਕ ਚਿੱਠੀ ਦਾ ਜ਼ਿਕਰ ਕੀਤਾ, ਕਿ ਇਹ ਦੋ ਸਾਲ ਪਹਿਲਾਂ ਆਈ ਔਰ ਅਕਾਲੀ ਸਰਕਾਰ ਨੇ ਕੁਝ ਨਹੀਂ ਕੀਤਾ । ਠੀਕ ਹੈ, ਤੁਹਾਡੇ ਮੁਤਾਬਿਕ ਅਕਾਲੀ ਸਰਕਾਰ ਨੇ ਕੁਝ ਨਹੀਂ ਕੀਤਾ ਲੇਕਿਨ ਤੁਹਾਡੇ ਕੋਲ ਤਾਂ 17/18 ਸਟੇਟਾਂ ਹਨ ਉਥੇ ਤੁਸੀਂ ਕਿਉਂ ਨਹੀਂ ਕੀਤਾ (ਵਿਘਨ) ਜੇ ਸਾਡੀ ਸਰਕਾਰ ਨੇ ਕੁਝ ਕੀਤਾ ਜਾਂ ਨਾ ਕੀਤਾ ਪਰ ਤੁਸੀਂ ਵੀ ਕੁਝ ਨਹੀਂ ਕਰਦੇ । ਹੁਣ ਤੁਹਾਡਾ ਰਾਜ ਹੈ । ਜੇ ਅਕਾਲੀਆਂ ਨੇ ਕੁਝ ਨਹੀਂ ਕੀਤਾ ਤਾਂ ਕਿ ਤੁਸੀਂ ਵੀ ਕੁਝ ਨਹੀਂ ਕਰਨਾ । ਕੀ ਤੁਸੀਂ ਅਕਾਲੀਆਂ ਦੇ ਕਹਿਣ ਤੇ ਚਲਣਾ ਹੈ ? (ਵਿਘਨ) ਸਰਦਾਰ ਉਮਰਾਓ ਸਿੰਘ ਨੂੰ ਮੈਂ ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਹਿੰਦੁਸਤਾਨ ਦੀਆਂ ਕਈ ਸਟੇਟਾਂ ਵਿਚ ਇਹ ਲੰਬੀਆਂ ਲੰਬੀਆਂ ਅਚਕਣਾਂ ਵਾਲੇ ਅਤੇ ਛੋਟੀਆਂ ਛੋਟੀਆਂ ਵਾਸਕਿਟਾਂ ਵਾਲੇ ਰਾਜ ਕਰਦੇ ਹਨ, ਕੀ ਉਨ੍ਹਾਂ ਸਟੇਟਾਂ ਵਿਚ ਇਹ ਕੰਮ ਹੋ ਗਿਆ ? (ਥੰਪਿੰਗ)

ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਦੋਂ ਲੋਕ ਸਭਾ ਦੀਆਂ ਚੋਣਾਂ ਜਿੱਤ ਕੇ ਬੀਬੀ ਇੰਦਰਾ ਗਾਂਧੀ ਪ੍ਰਾਈਮ ਮਨਿਸਟਰ ਬਣੀ ਸੀ ਤਾਂ ਓਦੋਂ ਉਹਦਾ ਫਰਜ਼ ਬਣਦਾ ਸੀ ਕਿ ਉਸ ਵੇਲੇ ਉਹ ਪਾਰਲੀਮੈਂਟ ਤੋਂ ਇਹ ਕਾਨੂੰਨ ਪਾਸ ਕਰਵਾ ਦਿੰਦੀ । ਉਸ ਵੇਲੇ ਉਨ੍ਹਾਂ ਨੇ ਇੰਝ ਕਿਉਂ ਨਹੀਂ ਕੀਤਾ ਅਤੇ ਹੋਰ ਇਨ੍ਹਾਂ ਦੀਆਂ ਬਾਕੀ ਸਟੇਟਾਂ ਨੇ ਕਿਉਂ ਨਹੀਂ ਕੀਤਾ ? ਸਪੀਕਰ ਸਾਹਿਬ, ਮੈਂ ਹੁਣ ਵੀ ਇਹ ਕਹਿੰਦਾ ਹਾਂ ਕਿ ਨਾ ਸੈਂਟਰ ਵਾਲਿਆਂ ਨੇ ਅਤੇ ਨਾ ਹੀ ਇਨ੍ਹਾਂ ਨੇ ਕੁਝ ਇਸ ਸਬੰਧ ਵਿਚ ਕਰਨਾ ਹੈ । (ਥੰਪਿੰਗ) ਮੈਂ ਸਮਝਦਾ ਹਾਂ ਕਿ ਸੈਂਟਰ ਨੇ ਬਹੁਤ ਚੰਗੀ ਤਰ੍ਹਾਂ ਨਾਲ ਲਿਖਿਆ ਹੈ । ਪਰ ਮੈਨੂੰ ਇਹ ਦੇਖ ਕੇ ਦੁਖ ਹੁੰਦਾ ਹੈ ਕਿ ਅਸੈਂਬਲੀ ਸੈਸ਼ਨ ਚਲ ਰਿਹਾ ਹੈ, ਸਰਕਾਰ ਨੂੰ ਕੋਈ ਖਤਰਾ ਨਹੀਂ, ਇਹ 76 ਬੰਦੇ ਹਨ, ਅਸੀਂ ਵੀ ਇਸ ਕੰਮ ਵਿਚ ਇਨ੍ਹਾਂ ਦੇ ਨਾਲ ਹਾਂ, ਅਤੇ ਜਦ ਜੰਮੂ ਕਸ਼ਮੀਰ ਵਾਲੇ ਭਰਾ ਪਾਸ ਕਰ ਸਕਦੇ ਹਨ ਤਾਂ ਫਿਰ ਇਹ ਕਿਉਂ ਨਹੀਂ ਪਾਸ ਕਰ ਸਕਦੇ (ਥੰਪਿੰਗ) ਵਿਘਨ)

ਸਪੀਕਰ ਸਾਹਿਬ, ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਸਾਡੇ ਕੋਲ ਚਿੱਠੀ ਹੈ ਔਰ ਇਸ ਸਿਲਸਿਲੇ ਵਿਚ ਸਾਰੀਆਂ ਪਾਰਟੀਆਂ ਸੱਜੇ ਕਮਿਊਨਿਸਟ, ਖੱਬੇ ਕਮਿਊਨਿਸਟ, ਅਸੀਂ, ਤੁਸੀਂ, ਇੰਡੀਪੈਂਡੈਂਟ ਬੰਦੇ ਸਾਰੇ ਇਸ ਨਾਲ ਸਹਿਮਤ ਹਨ । ਫੇਰ ਇਹ ਕਿਉਂ ਨਹੀਂ ਇਥੇ ਪਾਸ ਕੀਤਾ ਜਾਂਦਾ । ਇਸ ਦਾ ਮਤਲਬ ਇਹ ਹੋਇਆ ਕਿ ਤੁਸੀਂ ਸਮਝਦੇ ਹੋ ਕਿ ਅਸੀਂ ਪਾਸ ਕਰ ਨਹੀਂ ਸਕਦੇ । (ਵਿਘਨ) ਮੈਂ ਅਰਜ਼ ਕਰਦਾ ਹਾਂ ਕਿ ਅਸੀਂ ਕਾਨੂੰਨ ਕਦੇ ਨਹੀਂ ਪੜ੍ਹਿਆ । ਤੁਹਾਡੇ ਕੋਲ ਸਰਦਾਰ ਸੁਰਜੀਤ ਸਿੰਘ, ਮੈਂ, ਸਰਦਾਰ ਪ੍ਰੇਮ ਸਿੰਘ ਪ੍ਰੇਮ, ਮਾਸਟਰ ਗੁਰਬੰਤਾ ਸਿੰਘ, ਸ੍ਰੀ ਪ੍ਰਿਥਵੀ ਸਿੰਘ ਆਜ਼ਾਦ, ਬਾਬੂ ਬਰਿਸ਼ ਭਾਨ ਜੀ, ਇਹ ਸਾਰੇ ਸੱਜਣ ਬੈਠੇ ਹਨ, ਇਨ੍ਹਾਂ ਤੋਂ ਰਾਏ ਲਈ ਜਾ ਸਕਦੀ ਹੈ । ਪਰ ਮੈਂ ਹੈਰਾਨ ਹਾਂ ਕਿ ਇਨ੍ਹਾਂ ਨੂੰ ਇਹ ਲੋਕ ਪੜ੍ਹੇ ਲਿਖੇ ਹੁੰਦੇ ਹੋਏ ਵੀ ਅਨਪੜ੍ਹ ਨਜ਼ਰ ਆਉਂਦੇ ਹਨ । ਮੈਂ ਸਮਝਦਾ ਹਾਂ ਕਿ ਇਸ ਸਬੰਧ ਵਿਚ ਕਾਨੂੰਨ ਪਾਸ ਕਰਨਾ ਚਾਹੀਦਾ ਹੈ । ਇਹ ਸਾਡੇ ਅਖਤਿਆਰ ਵਿਚ ਹੈ । ਸਪੀਕਰ ਸਾਹਿਬ, ਇਹ ਚੰਗੇ ਜ਼ਿਮੇਵਾਰ ਹਨ ਕਿ ਕਲ ਨੂੰ ਇਹ ਕਹਿਣਗੇ ਕਿ ਰਾਜ ਇਨ੍ਹਾਂ ਨੇ ਸੈਂਟਰ ਵਾਲਿਆਂ ਦੇ ਕਹਿਣ ਤੇ ਕਰਨਾ

[ਸਰਦਾਰ ਅਜਾਇਬ ਸਿੰਘ ਸੰਧੂ]

ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡਾ ਹੱਕ ਹੈ ਅਤੇ ਸਾਨੂੰ ਆਪਣੇ ਹੱਕ ਦੀ ਵਰਤੋਂ ਕਰਨੀ ਚਾਹੀਦੀ ਹੈ, ਔਰ ਇਸ ਰੈਜ਼ੋਲਿਊਸ਼ਨ ਦੀ ਬਜਾਏ ਸਾਨੂੰ ਬਾਕਾਇਦਾ ਇਸ ਸੈਸ਼ਨ ਵਿਚ ਬਿਲ ਪਾਸ ਕਰਨਾ ਚਾਹੀਦਾ ਹੈ ਤਾਂਕਿ ਅਸੀਂ ਇਹ ਕਹਿ ਸਕੀਏ ਕਿ ਇਹ ਇਮਾਨਦਾਰ ਸਨ ਅਤੇ ਇਨ੍ਹਾਂ ਨੇ ਗਲ ਕੀਤੀ ਔਰ ਅਸੀਂ ਸਪੋਰਟ ਕੀਤੀ । ਜੇ ਇਸ ਤਰ੍ਹਾਂ ਨਾ ਕੀਤਾ ਗਿਆ ਤਾਂ ਅਸੀਂ ਇਹ ਸਮਝਾਂਗੇ ਕਿ ਇਨ੍ਹਾਂ ਨੇ ਥੋਥੇ, ਫੋਕੇ ਅਤੇ ਗਲਤ ਵਾਇਦੇ ਕੀਤੇ । (ਥੰਪਿੰਗ) (ਵਿਘਨ)

ਸਰਦਾਰ ਉਮਰਾਓ ਸਿੰਘ ਨੇ ਕਿਹਾ ਕਿ ਸਾਡੇ ਕੁਝ ਲੋਕ ਦੂਜਿਆਂ ਸੂਬਿਆਂ ਵਿਚ ਬੈਠੇ ਹਨ । ਇਹ ਗੱਲ ਕਰਦਿਆਂ ਹੋਇਆਂ ਇਨ੍ਹਾਂ ਨੇ ਆਪਣੇ ਲੀਡਰ ਗਿਆਨੀ ਜ਼ੈਲ ਸਿੰਘ ਨੂੰ ਕਨਸਲਟ ਨਹੀਂ ਕੀਤਾ ਜਾਪਦਾ । ਜੇ ਇਹ ਕਰ ਲੈਂਦੇ ਤਾਂ ਸ਼ਾਇਦ ਇਹ ਇਸ ਤਰ੍ਹਾਂ ਨਾ ਕਹਿੰਦੇ (ਵਿਘਨ) ਇਹ ਤਾਂ ਸਾਰੇ ਜਾਇਦਾਦ ਵਾਲਿਆਂ ਨੂੰ ਵਾਰਨਿੰਗ ਦੇਣਾ ਚਾਹੁੰਦੇ ਹਨ ਕਿ ਉਹ ਆਪਣੀਆਂ ਜਾਇਦਾਦਾਂ ਨੂੰ ਵੇਚ ਦੇਣ, ਵੰਡ ਦੇਣ ਅਤੇ ਖਾ ਪੀ ਲੈਣ । ਇਸ ਵਿਚ ਲੇਟ ਕਰਨ ਦਾ ਇਕ ਮਤਵ ਤਾਂ ਇਹ ਹੈ । ਇਨ੍ਹਾਂ ਨੇ ਆਪ ਕਿਹਾ ਹੈ ਕਿ ਕਈ ਮੈਂਬਰ ਸਾਹਿਬਾਨ ਨੇ ਤੇ ਹੋਰ ਕਈ ਲੋਕਾਂ ਨੇ ਦੂਜਿਆਂ ਸੂਬਿਆਂ ਵਿਚ ਮਕਾਨ ਬਣਾਏ ਹਨ । ਮੈਂ ਬੜਾ ਹੈਰਾਨ ਹਾਂ । ਸ਼ਹਿਰੀ ਜਾਇਦਾਦ ਤੇ ਪਾਬੰਦੀ ਲਗਣੀ ਚਾਹੀਦੀ ਹੈ । ਪਿਛੇ ਜਿਹੇ ਹਾਈ ਕੋਰਟ ਨੇ ਫੈਸਲਾ ਵੀ ਕੀਤਾ ਸੀ । ਕਈ ਫੈਸਲੇ ਇਸ ਤਰ੍ਹਾਂ ਦੇ ਹੁੰਦੇ ਹਨ ਸਾਨੂੰ ਇਨ੍ਹਾਂ ਵਿਚ ਨਹੀਂ ਜਾਣਾ ਚਾਹੀਦਾ ਹੈ ।

ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਅਸੀਂ ਪਹਿਲਾਂ ਆਪਣੇ ਸੂਬੇ ਵਿਚ ਸ਼ਹਿਰੀ ਜਾਇਦਾਦ ਦੀ ਹੱਦ ਮੁਕੱਰਰ ਕਰੀਏ । ਮੈਨੂੰ ਪਤਾ ਹੈ ਉਹ ਮੈਂਬਰ ਸਾਹਿਬਾਨ ਬੈਠੇ ਹਨ,ਅਤੇ ਹੋਰ ਵੀ ਕਈ ਲੋਕ ਹਨ ਜਿਨ੍ਹਾਂ ਦੀਆਂ ਜਾਇਦਾਦਾਂ ਯੂ. ਪੀ., ਸੀ. ਪੀ., ਮਦਰਾਸ ਅਤੇ ਦਿੱਲੀ ਵਿਚ ਪਈਆਂ ਹਨ ਉਨ੍ਹਾਂ ਨੂੰ ਇਹ ਇਸ ਤਰੀਕੇ ਨਾਲ ਬਚਾ ਸਕਦੇ ਹਨ ਜਦ ਤਕ ਕਿ ਇਹ ਕਾਨੂੰਨ ਪਾਰਲੀਮੈਂਟ ਤੋਂ ਪਾਸ ਨਾ ਕਰਵਾ ਲੈਣ । ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਤੁਹਾਡੇ ਤੋਂ ਲੈਕੇ ਜੋ ਭੀਮ ਵਾਲੇ ਧਨੋਵਾਲੀ ਤਕ ਇਹ ਕਾਨੂੰਨ ਲਗਣਾ ਚਾਹੀਦਾ ਹੈ । ਇਹ ਕਾਨੂੰਨ ਇਥੇ ਪਾਸ ਹੋਣਾ ਚਾਹੀਦਾ ਹੈ । ਜਦੋਂ ਇਨ੍ਹਾਂ ਨੇ ਮਤਾ ਪਾਸ ਕੀਤਾ ਸੀ ਕਾਂਗਰਸ ਪਾਰਟੀ ਦੀ ਮੀਟਿੰਗ ਵਿਚ ਬੈਠ ਕੇ ਤਾਂ ਉਦੋਂ ਤੋਂ ਹੀ ਸ਼ਹਿਰ ਵਾਲਿਆਂ ਨੇ ਜਾਇਦਾਦ ਵੇਚਣੀ ਸ਼ੁਰੂ ਕਰ ਦਿਤੀ ।

ਕੁਝ ਮੈਂਬਰ ਜੋਸ਼ ਵਿਚ ਆਕੇ, ਗੁੱਸੇ ਵਿਚ ਆਕੇ ਕਹਿਣ ਲਗੇ ਕਿ ਅਕਾਲੀਆਂ ਨੇ ਬੜੀ ਗਲਤੀ ਕੀਤੀ ਪੰਜਾਬੀ ਸੂਬਾ ਬਣਾਕੇ ਸਰਦਾਰ ਉਮਰਾਓ ਸਿੰਘ ਜੀ, ਜੇ ਪੰਜਾਬੀ ਸੂਬਾ ਬਣਿਆ ਤਦ ਹੀ ਤੁਸੀਂ ਅੱਜ ਇਥੇ ਵਜ਼ੀਰ ਬਣੇ । ਮੇਰਾ ਖਿਆਲ ਹੈ ਕਿ ਸੰਤ ਬਾਬਾ ਫਤਿਹ ਸਿੰਘ ਦੇ ਚਰਨਾਂ ਵਿਚ ਤੁਹਾਨੂੰ 100 ਰੁਪਏ ਦਾ ਕੜਾਹ ਪ੍ਰਸ਼ਾਦ ਲੈਕੇ ਮੱਥਾ ਟੇਕਣਾ ਚਾਹੀਦਾ ਹੈ ਕਿਉ ਕਿ ਜੇ ਪੰਜਾਬੀ ਸੂਬਾ ਬਣਿਆ ਤਦ ਹੀ ਮੈਂ ਵਜ਼ੀਰ ਬਣਿਆ ਹਾਂ । (ਸ਼ੋਰ) (ਵਿਘਨ) ਇਹ ਪਲਟਨ ਜਿੰਨੇ ਵੀ ਵਜ਼ੀਰ ਬਣੇ ਹਨ ਇਹ ਪੰਜਾਬੀ ਸੂਬੇ ਦੀ ਬਰਕਤ ਹੀ ਹੈ (ਸ਼ੋਰ) (ਵਿਘਨ)

ਸਰਦਾਰ ਗੁਰਮੇਜ ਸਿੰਘ : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ਼, ਆਰਡਰ । ਮੇਰੇ ਆਨਰੇਬਲ ਮੈਂਬਰ ਬੋਲਦਿਆਂ ਬੋਲਦਿਆਂ ਸੁਝਾਉ ਦਿੰਦੇ ਹਨ ਕਿ ਸੰਤ ਮਹਾਰਾਜ ਜੀ ਨੂੰ ਕੜਾਹ ਪ੍ਰਸ਼ਾਦ ਚੜ੍ਹਾਉਣਾ ਚਾਹੀਦਾ ਹੈ । ਇਸੇ ਪੰਜਾਬ ਵਿਚ ਇਕ ਦਿਨ ਅਕਾਲੀਆਂ ਅਤੇ ਜਨ-ਸਘ ਦੀ ਲਵ ਮੈਰਿਜ ਹੋਈ ਸੀ। ਡਾਕਟਰ ਬਲਦੇਵ ਪ੍ਰਕਾਸ਼ ਤਾਂ ਦੀਵੇ ਦੇ ਸਹਾਰੇ ਨਾਲ ਤੁਰ ਪਏ ਅਤੇ ਸੰਤ ਜੀ ਉਨ੍ਹਾਂ ਦੇ

ਮਗਰ ਮਗਰ ਤੁਰ ਪਏ ਹਨ, ਤੇ ਕੜਾਹ ਪ੍ਰਸ਼ਾਦ ਹੁਣ ਕਿਥੇ ਚੜ੍ਹਾਈਏ, ਇਹ ਸੋਚ ਲਵੋ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਜਿਸ ਤਰ੍ਹਾਂ ਚਰਾਗ਼ ਹੇਠ ਅਨ੍ਹੇਰਾ ਹੁੰਦਾ ਹੈ, ਉਸੇ ਤਰ੍ਹਾਂ ਕਾਂਗਰਸ ਦੇ ਕਾਮਰਾਜ ਸਰਦਾਰ ਗੁਰਮੇਜ ਸਿੰਘ ਨੂੰ ਨਜ਼ਰ ਨਹੀਂ ਆਉਂਦਾ (ਥੰਪਿੰਗ) ਕਿ ਹ ਅੰਮ੍ਰਿਤਸਰ ਵਿਚ ਰਹਿੰਦੇ ਹਨ, ਜਿਨ੍ਹਾਂ ਨੂੰ ਸੰਤਾਂ ਦੇ ਟਿਕਾਣੇ ਦਾ ਪਤਾ ਹੈ । ਅਸੀਂ 34/35 ਬੰਦੇ ਇਥੇ ਬੈਠੇ ਹਾਂ, ਇਹ ਸਾਨੂੰ ਕਹਿਣ ਅਸੀਂ ਇਨ੍ਹਾਂ ਨੂੰ ਉਥੇ ਲੈ ਜਾਵਾਂਗੇ । ਇਨ੍ਹਾਂ ਨੂੰ ਕੜਾਹ ਪਰਸ਼ਾਦ ਤਿਆਰ ਕਰਨਾ ਚਾਹੀਦਾ ਹੈ । (ਸ਼ੋਰ) (ਵਿਘਨ)

ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਤੁਸੀ ਬੜੇ ਸੁਆਮੀ ਸੂਰ ਰੱਖੇ ਅਤੇ ਤੁਸੀਂ ਉਨ੍ਹਾਂ ਨੂੰ ਮੱਥੇ ਟੇਕਦੇ ਹੋ ਅਤੇ ਜੇ ਅਸੀਂ ਸੰਤਾਂ ਨੂੰ ਟੇਕਦੇ ਹਾਂ ਤਾਂ ਇਹ ਕੋਈ ਮਾੜੀ ਗੱਲ ਨਹੀਂ ਹੈ । (ਵਿਘਨ) (ਸ਼ੋਰ) ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਪੰਜਾਬੀ ਸੂਬਾ ਪੰਜਾਬੀਅਤ ਨੂੰ ਕਾਇਮ ਰੱਖਣ ਵਾਸਤੇ, ਪੰਜਾਬੀ ਬੋਲੀ ਨੂੰ ਇੱਜ਼ਤ ਦੇਣ ਵਾਸਤੇ ਬਣਾਇਆ ਗਿਆ ਹੈ । (ਵਿਘਨ) ਇਹ ਗਲਤ ਕਹਿੰਦੇ ਹਨ । ਸਰਦਾਰ ਉਮਰਾਓ ਸਿੰਘ ਜੀ ਭੁੱਲ ਗਏ ਹਨ । ਪੰਜਾਬੀ ਸੂਬਾ ਬਣਾਉਣ ਵਾਸਤੇ ਮੈਮੋਰੈਂਡਮ ਦੇਣ ਵਾਲਿਆਂ ਵਿਚ ਇਹ ਵੀ ਸਨ । (ਤਾੜੀਆਂ) ਗਿਆਨੀ ਜ਼ੈਲ ਸਿੰਘ ਜੀ ਨੇ ਵੀ ਆਪਣਾ ਮੈਮੋਰੈਂਡਮ ਦਿਤਾ ।

ਸ਼੍ਰੀ ਸਪੀਕਰ : ਤੁਸੀਂ ਰੈਜ਼ੋਲਿਊਸ਼ਨ ਤੇ ਬੋਲੋ । (Please speak on the Resolution.)

ਸਰਦਾਰ ਅਜਾਇਬ ਸਿੰਘ ਸੰਧੂ : ਠੀਕ ਹੈ ਜੀ, ਜੋ ਮੈਂ ਇਨ੍ਹਾਂ ਨੂੰ ਕਹਿਣਾ ਸੀ ਉਹ ਕਹਿ ਲਿਆ ਹੈ ਤਾਂਕਿ ਇਹ ਅੱਗੇ ਨੂੰ ਧਿਆਨ ਰੱਖਣ । ਸਪੀਕਰ ਸਾਹਿਬ, ਇਹ ਜਿਹੜਾ ਮਤਾ ਹੈ, ਹੁਣ ਮੈਂ ਇਸ ਦੇ ਸਬੰਧ ਵਿਚ ਹੋਰ ਬੇਨਤੀਆਂ ਕਰਨਾ ਚਾਹੁੰਦਾ ਹਾਂ । ਸਪੀਕਰ ਸਾਹਿਬ, ਜਦੋਂ ਮੈਂ ਬੋਲਣ ਵਾਸਤੇ ਉਠਿਆ ਸੀ ਤਾਂ ਉਦੋਂ ਵੀ ਮੈਂ ਤੁਹਾਡੀ ਸੇਵਾ ਵਿਚ ਬੇਨਤੀ ਕੀਤੀ ਸੀ ਕਿ ਮੇਰੀ ਅਮੈਂਡਮੈਂਟ ਹੈ । ਤੁਸੀਂ ਫੁਰਮਾਇਆ ਸੀ ਕਿ ਤੁਹਾਡੀ ਅਮੈਂਡਮੈਂਟ ਵੇਲੇ ਸਿਰ ਐਡਮਿਟ ਹੋ ਗਈ ਹੈ ਅਤੇ ਇਸ ਨੂੰ ਤੁਸੀਂ ਮੂਵ ਕਰ ਲਿਉ । ਪਰ, ਸਪੀਕਰ ਸਾਹਿਬ, ਡਿਪਟੀ ਸਪੀਕਰ ਸਾਹਿਬ ਨੇ ਹੋਰ ਹੀ ਆਰਡਰ ਦੇ ਦਿੱਤਾ ਹੈ (ਵਿਘਨ) ਮੈਂ ਬੇਨਤੀ ਕਰਦਾ ਹਾਂ ਕਿ ਜਿਹੜੀ ਮੇਰੀ ਅਮੈਂਡਮੈਂਟ ਹੈ...(ਵਿਘਨ)

ਸ਼੍ਰੀ ਸਪੀਕਰ : ਮੈਨੂੰ ਤੁਹਾਡੀ ਅਮੈਂਡਮੈਂਟ ਦਾ ਨੰਬਰ ਤਾਂ ਪਤਾ ਨਹੀਂ ਪਰ ਉਨ੍ਹਾਂ ਨੇ ਪਹਿਲੀ ਅਤੇ ਦੂਸਰੀ ਅਮੈਂਡਮੈਂਟ ਨੂੰ ਆਊਟ ਆਫ ਆਰਡਰ ਕਿਹਾ ਹੈ । ਇਹ ਹੋ ਸਕਦਾ ਹੈ ਕਿ ਬਦਕਿਸਮਤੀ ਨਾਲ ਤੁਹਾਡੀ ਸ਼ਾਇਦ ਪਹਿਲੀ ਜਾਂ ਦੂਸਰੀ ਅਮੈਂਡਮੈਂਟ ਹੋਵੇ । (ਵਿਘਨ) (I don't know about the number of your amendment but the hon. Deputy Speaker had said that amendments Nos. 1 and 2 were out of order It is possible that one of these was tabled by you.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਤੁਹਾਡੀ ਸੇਵਾ ਵਿਚ ਬੇਨਤੀ ਕਰਦਾ ਹਾਂ ਕਿ ਕਿਉਂ ਕਿ ਅੱਗੇ ਨੂੰ ਵੀ ਅਸੀਂ ਅਮੈਂਡਮੈਂਟਸ ਮੂਵ ਕਰਨੀਆਂ ਹਨ, ਇਸ ਲਈ ਮੈਨੂੰ ਇਹ ਦੱਸਿਆ ਜਾਵੇ ਕਿ ਉਸ ਵਿਚ ਕਿਹੜੇ ਔਗੁਣ ਸਨ ਜਿਸ ਕਰਕੇ ਤੁਸੀਂ ਉਸ ਨੂੰ ਰੀਜੈਕਟ ਕੀਤਾ ਹੈ ? (ਵਿਘਨ)

ਸ਼੍ਰੀ ਸਪੀਕਰ : ਤੁਸੀਂ ਆਪਣੇ ਰੈਜ਼ੋਲਿਊਸ਼ਨ ਤੇ ਬੋਲਣਾ ਜਾਰੀ ਰੱਖੋ। (ਵਿਘਨ) ਤੁਸੀਂ ਮੇਰੇ ਚੈਂਬਰ ਵਿਚ ਆ ਕੇ ਕਾਰਨ ਪੁੱਛ ਲੈਣਾ। (Please continue your speech. (Interruption) You may come to my Chamber to know the reasons.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਜੇ ਮੈਂ ਤੁਹਾਨੂੰ ਕਨਵਿੰਸ ਕਰਵਾ ਲਵਾਂ ਤਾਂ ਕੀ ਤੁਸੀਂ ਉਸ ਨੂੰ ਸਵੀਕਾਰ ਕਰਕੇ ਮੂਵ ਕਰਨ ਦੀ ਇਜਾਜ਼ਤ ਦੇ ਦਿਉਗੇ ?

ਸ਼੍ਰੀ ਸਪੀਕਰ : ਮੈਂ ਤਾਂ ਅੱਗੇ ਹੀ ਆਊਟ ਆਫ਼ ਆਰਡਰ ਕਰਾਰ ਦੇ ਦਿੱਤੀ ਹੈ। (ਵਿਘਨ) (I have already declared it out of order.) (Interruption)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਪਹਿਲਾਂ ਇਸ ਦੇ ਬਾਰੇ ਬੇਨਤੀ ਕੀਤੀ ਹੈ ਕਿ ਇਹ ਜਿਹੜਾ ਮਤਾ ਹੈ, ਇਹ ਬਿਲਕੁਲ ਵੇਗ ਹੈ। ਦੂਜੀ ਮੇਰੀ ਬੇਨਤੀ ਹੈ ਕਿ ਇਸ ਦੇ ਵਿਚ ਇਨ੍ਹਾਂ ਨੇ ਸਿਰਫ ਇਹ ਗੱਲ ਕਹੀ ਹੈ ਕਿ ਪਾਰਲੀਮੈਂਟ ਪਾਸ ਕਰਕੇ ਕੋਈ ਕਾਨੂੰਨ ਬਣਾਏਗੀ, ਲੇਕਿਨ ਇਨ੍ਹਾਂ ਨੇ ਕੋਈ ਸੀਲਿੰਗ ਉਸ ਦੇ ਵਿਚ ਨਹੀਂ ਲਾਈ। ਇਨ੍ਹਾਂ ਨੂੰ ਚਾਹੀਦਾ ਹੈ ਕਿ ਜੇ ਇਨ੍ਹਾਂ ਨੇ ਇਹ ਉਥੇ ਭੇਜਣਾ ਹੈ, ਤਾਂ ਇਹ ਉਨ੍ਹਾਂ ਨੂੰ ਸਿਫਾਰਿਸ਼ ਕਰਨ ਕਿ ਤੁਸੀਂ ਐਨੇ ਲੱਖ ਦੀ ਇਸ ਦੇ ਉਤੇ ਹੱਦਬੰਦੀ ਕਰੋ। ਪਰ ਇਨ੍ਹਾਂ ਦਾ ਇਹ ਨਾ ਕਰਨਾ ਇਹ ਜ਼ਾਹਿਰ ਕਰਦਾ ਹੈ ਕਿ ਇਹ ਇਸ ਗੱਲ ਨੂੰ ਬਿਲਕੁਲ ਵੇਗ ਛੱਡਣਾ ਚਾਹੁੰਦੇ ਹਨ। (ਘੰਟੀ) ਸਪੀਕਰ ਸਾਹਿਬ, ਇਹ ਗੈਰ ਮਨਕੂਲਾ ਜਾਇਦਾਦ ਬਾਰੇ ਵਾਇਦੇ ਕਰਦੇ ਹਨ ਪਰ ਇਹ ਸ਼ਹਿਰੀ ਜਾਇਦਾਦ ਦਾ ਇਨ੍ਹਾਂ ਵਾਇਦਾ ਨਹੀਂ ਕੀਤਾ। (ਵਿਘਨ) ਮੈਂ ਤੁਹਾਨੂੰ ਦੱਸਦਾ ਹਾਂ ਫਰਜ਼ ਕਰੋ ਇਕ ਆਦਮੀ ਦੇ ਕੋਲ 20 ਲੱਖ ਰੁਪਏ ਦੀ ਜਾਇਦਾਦ ਹੈ, ਉਸ ਦੀ 5 ਲੱਖ ਦੀ ਜ਼ਾਇਦਾਦ, ਤਿੰਨ ਲੱਖ ਜਾਂ ਢਾਈ ਲੱਖ ਰੱਖ ਕੇ ਬਾਕੀ ਦੀ ਤੇ ਸੀਲਿੰਗ ਕਰਨੀ ਹੈ। ਪਰ ਪਤਾ ਨਹੀਂ ਇਹ ਕਿਉਂ ਨਹੀਂ ਕਰਨਾ ਚਾਹੁੰਦੇ। ਉਸ ਦੇ ਕੋਲ ਬਲੈਕ ਮਨੀ ਵੀ ਹੋ ਸਕਦੀ ਹੈ, ਉਸ ਦਾ ਹੋਰ ਵੀ ਕਰੋੜਾਂ ਰੁਪਿਆ ਹੋ ਸਕਦਾ ਹੈ। (ਵਿਘਨ) ਜਿਥੇ ਸਾਡੇ ਦੇਸ਼ ਵਿਚ ਲੱਖਾਂ ਲੋਕ ਐਸੇ ਹਨ ਜੋ ਫੁੱਟ ਪਾਥਾਂ ਤੇ ਸੌਂਦੇ ਹਨ, ਬੇਕਾਰ ਹਨ, ਬੀਮਾਰੀ ਨਾਲ ਮਰ ਰਹੇ ਹਨ ਪਰ ਇਨ੍ਹਾਂ ਨੇ 25 ਸਾਲਾਂ ਵਿਚ ਸਮਾਜਵਾਦ ਲਿਆਉਣ ਲਈ ਕੋਈ ਕਦਮ ਤੱਕ ਨਹੀਂ ਚੁਕਿਆ। (ਵਿਘਨ) ਤੁਸੀਂ ਦੱਸ ਦਿਓ ਤੁਸੀਂ ਕੀ ਕਦਮ ਚੁੱਕੇ ਹਨ। ਮੈਂ ਸਮਝਦਾ ਹਾਂ ਕਿ ਕਿਸੇ ਆਦਮੀ ਦੇ ਕੋਲ ਬਹੁਤ ਵੱਡੀ ਜ਼ਾਇਦਾਦ ਨਹੀਂ ਹੋਣੀ ਚਾਹੀਦੀ। (ਵਿਘਨ) ਕਈ ਬਹੁਤ ਵੱਡੇ ਵੱਡੇ ਅਮੀਰ ਹਨ ਅਤੇ ਦੂਸਰੇ ਪਾਸੇ ਕਈ ਬਿਲਕੁਲ ਨੰਗੇ ਫਿਰ ਰਹੇ ਹਨ। ਇਸ ਲਈ ਮੈਂ ਕਹਾਂਗਾ ਕਿ ਇਸ ਪਾਸੇ ਇਨ੍ਹਾਂ ਨੂੰ ਕਦਮ ਉਠਾਉਣਾ ਚਾਹੀਦਾ ਹੈ। ਇਹ ਵੀ ਨਾ ਹੋਵੇ ਕਿ ਦੋ ਲੱਖ ਦੀ ਹੱਦ ਅਤੇ ਦੋ ਕਮਰਿਆਂ ਦੀ ਹੱਦ ਰੱਖੀ ਜਾਵੇ ਪਰ ਉਹ ਇਕ ਕਮਰਾ ਨੋਟਾਂ ਦਾ ਭਰ ਰੱਖਣ, ਇਹ ਵੀ ਠੀਕ ਨਹੀਂ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਨ੍ਹਾਂ ਨੂੰ ਚਾਹੀਦਾ ਹੈ ਕਿ ਮੂਵੇਬਲ ਅਤੇ ਇਮਮੂਵੇਬਲ ਪ੍ਰਾਪਰਟੀ ਤੇ ਸੀਲਿੰਗ ਹੋਣੀ ਚਾਹੀਦੀ ਹੈ। (ਘੰਟੀ)

Mr. Speaker : Please wind up.

ਸਰਦਾਰ ਅਜਾਇਬ ਸਿੰਘ ਸੰਧੂ : ਇਕ ਕੰਮ ਗਿਆਨੀ ਜ਼ੈਲ ਸਿੰਘ ਜੀ ਕਰ ਸਕਦੇ ਹਨ, ਪਰ ਇਹ ਤਾਂ ਪਤਾ ਨਹੀਂ ਕਿ ਇਹ ਬਿੱਲ ਕਦ ਆਵੇਗਾ ਅਤੇ ਕਦ ਪਾਸ ਹੋਵੇਗਾ, ਪਰ ਉਹ ਇਹ ਕਰ

ਸਕਦੇ ਹਨ ਕਿ ਜਿੰਨੇ ਪੰਜਾਬ ਵਿਚ ਸਿਨਮੇ ਅਤੇ ਕੋਲਡ ਸਟੋਰੇਜ ਹਨ ਇਨ੍ਹਾਂ ਨੂੰ ਚਾਹੀਦਾ ਹੈ ਕਿ ਇਕ ਦੋ ਦਿਨਾਂ ਵਿਚ ਨੈਸ਼ਨੇਲਾਈਜ਼ ਕਰ ਦੇਣ । (ਤਾੜੀਆਂ) । ਮੈਂ ਕਹਾਂਗਾ ਕਿ ਸਰਦਾਰ ਉਮਰਾਓ ਸਿੰਘ, ਸਰਦਾਰ ਸੁਰਿੰਦਰ ਸਿੰਘ, ਸਰਦਾਰ ਸੁਰਜੀਤ ਸਿੰਘ ਅਟਵਾਲ ਯਾਣੀ ਜਿਨ੍ਹਾਂ ਕੋਲ ਵੀ ਕੋਈ ਸਿਨਮਾ ਜਾਂ ਕੋਲਡ ਸਟੋਰੇਜ ਹੋਣ ਸਾਰਿਆਂ ਨੂੰ ਨੈਸ਼ਨੇਲਾਈਜ਼ ਕਰ ਦੇਣਾ ਚਾਹੀਦਾ ਹੈ (ਤਾੜੀਆਂ) ਸਾਨੂੰ ਕੋਈ ਇਤਰਾਜ਼ ਨਹੀਂ ਹੈ । (ਵਿਘਨ) ਮੇਰੇ ਕੋਲ, ਸਰਦਾਰ ਧੰਨਾ ਸਿੰਘ ਗੁਲਸ਼ਨ ਕੋਲ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਪਾਸ ਵੀ ਜੇ ਕੋਈ ਹੋਵੇ ਤਾਂ ਉਨ੍ਹਾਂ ਦਾ ਕੌਮੀਕਰਨ ਕਰ ਦਿਓ । (ਤਾੜੀਆਂ) (ਵਿਘਨ) ਸਰਦਾਰ ਉਮਰਾਓ ਸਿੰਘ ਜੀ ਬਗੈਰ ਕਿਸੇ ਵਿਤਕਰੇ ਦੇ ਸਾਰੇ ਸਿਨਮਿਆਂ ਅਤੇ ਕੋਲਡ ਸਟੋਰਾਂ ਨੂੰ ਨੈਸ਼ਨੇਲਾਈਜ਼ ਕਰਕੇ ਸਮਾਜਵਾਦ ਲਿਆਓ । (ਤਾੜੀਆਂ)

ਕਾਮਰੇਡ ਸੱਤਪਾਲ ਡਾਂਗ (ਅੰਮ੍ਰਿਤਸਰ ਪੱਛਮ) : ਸਪੀਕਰ ਸਾਹਿਬ, ਮੈਂ ਇਸ ਮਤੇ ਦੇ ਵਿਚ ਸਭ ਤੋਂ ਪਹਿਲਾਂ ਮੈਂ ਤਰਮੀਮ ਮੂਵ ਕਰਨ ਦੀ ਤੁਹਾਡੇ ਕੋਲੋਂ ਆਗਿਆ ਚਾਹੁੰਦਾ ਹਾਂ । ਚੌਥੀ ਲਾਈਨ ਦੇ ਵਿਚ ਜਿੱਥੇ ਇਹ ਲਿਖਿਆ ਹੈ ਕਿ 'ਤੁਫ਼ਰਕਾ (disparity) ਨੂੰ ਖਤਮ ਕਰਨ ਲਈ' । 'ਖਤਮ ਕਰਨ ਲਈ' ਦੀ ਥਾਂ ਤੇ 'ਘਟਾਉਣ ਲਈ' ਲਿਖਿਆ ਜਾਵੇ । ਦੂਜੇ ਇਹ ਸ਼ਬਦ ਲਿਖੇ ਹਨ ਕਿ 'ਪੰਜਾਬ ਦੇ ਵਿਚ ਸੋਸ਼ਲਿਜ਼ਮ ਕਾਇਮ ਕਰਨ ਲਈ' ਇਹ ਸ਼ਬਦ ਜਿਹੜੇ ਹਨ ਇਹ ਚੌਥੀ ਅਤੇ ਪੰਜਵੀਂ ਲਾਈਨ ਵਿਚ ਆਉਂਦੇ ਹਨ । ਪਹਿਲੇ ਸ਼ਬਦ 'ਸੋਸ਼ਲਿਜ਼ਮ ਸਥਾਪਤ ਕਰਨ ਲਈ' ਸ਼ਬਦ ਕੱਟ ਦਿੱਤੇ ਜਾਣ । ਸਪੀਕਰ ਸਾਹਿਬ, 'ਸੋਸ਼ਲਿਜ਼ਮ ਸਥਾਪਤ ਕਰਨ ਲਈ' ਇਹ ਸ਼ਬਦ ਕਿਉਂ ਕੱਟ ਦੇਣ ਮੈਂ ਸਭ ਤੋਂ ਪਹਿਲਾਂ ਇਸ ਗੱਲ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ । ਸੋਸ਼ਲਿਜ਼ਮ ਦੇ ਬਾਰੇ ਇਕ ਸਾਇੰਟਿਫ਼ਿਕ ਨਜ਼ਰੀਆ ਹੈ । ਸੋਸ਼ਲਿਜ਼ਮ ਦਾ ਕੀ ਮਤਲਬ ਹੈ ? ਅੱਜ ਜਿਹੜੇ ਸਾਡੇ ਦੇਸ਼ ਦੇ ਵਿਚ ਬਹੁਤ ਸਾਰੇ ਲੋਕ ਸਰਮਾਇਆਦਾਰ ਨਜ਼ਾਮ ਦਾ ਦੀਵਾਲੀਆਪਨ ਵੇਖ ਕੇ, 23-24 ਸਾਲਾਂ ਵਿਚ ਹਿੰਦੁਸਤਾਨ ਵਿਚ ਜੋ ਸਰਮਾਇਆਦਾਰੀ ਪਰਫੁਲਤ ਹੋਈ, ਉਸ ਨਜ਼ਾਮ ਨੂੰ ਦੇਖਕੇ, ਕਰੋੜਾਂ ਅਰਬਾਂ ਵਾਲੇ ਇਕ ਪਾਸੇ ਭੁੱਖੇ, ਬੇਕਾਰ, ਗਰੀਬ ਦੂਜੇ ਪਾਸੇ ਬੈਠੇ ਹੋਏ ਹਨ, ਇਸ ਚੀਜ਼ ਨੂੰ ਦੇਖਕੇ ਹਰ ਕੋਈ ਇਸ ਗੱਲ ਦੇ ਸਿੱਟੇ ਤੇ ਪਹੁੰਚਿਆ ਹੈ ਕਿ ਸਰਮਾਇਦਾਰ ਨਜ਼ਾਮ ਗਲਤ ਹੈ ਅਤੇ ਸੋਸ਼ਲਿਜ਼ਮ ਆਉਣਾ ਚਾਹੀਦਾ ਹੈ । ਅੱਜ ਇਹ ਕੋਈ ਸੁਣਨ ਨੂੰ ਤਿਆਰ ਨਹੀਂ ਕਿ ਸਰਮਾਇਦਾਰ ਨਜ਼ਾਮ ਠੀਕ ਹੈ । ਇਸ ਕਰਕੇ ਹਰ ਕੋਈ ਸੋਸ਼ਲਿਜ਼ਮ ਦਾ ਨਾਮ ਲੈਂਦਾ ਹੈ । ਸੋਸ਼ਲਿਜ਼ਮ ਇਕ ਸਾਇੰਟੀਫਿਕ ਨਜ਼ਰੀਆ ਹੈ । ਸੋਸ਼ਲਿਜ਼ਮ ਦਾ ਮਤਲਬ ਹੈ ਕਿ ਇਹ ਇਕ ਆਰਥਿਕ ਔਰ ਸਮੁੱਚਾ ਨਜ਼ਾਮ ਹੈ ਜਿਸ ਦੇ ਵਿਚ ਕੋਈ ਵੀ ਇਨਸਾਨ ਕਿਸੇ ਹੋਰ ਇਨਸਾਨ ਦੀ ਲੁੱਟ ਨਹੀਂ ਕਰ ਸਕਦਾ । ਕੋਈ ਇਨਸਾਨ ਕਿਸੇ ਹੋਰ ਇਨਸਾਨ ਦੀ ਮਿਹਨਤ ਦਾ ਕੋਈ ਹਿੱਸਾ ਨਹੀਂ ਲੈ ਸਕਦਾ । ਸਪੀਕਰ ਸਾਹਿਬ, ਇਹ ਗੱਲ ਤਾਂ ਹੀ ਸੰਭਵ ਹੋ ਸਕਦੀ ਹੈ ਜੇ ਉਸ ਸਮਾਜ ਦੇ ਅੰਦਰ, ਰਾਜਨੀਤਿਕ ਸ਼ਕਤੀ ਉਥੇ ਦੇ ਮਜ਼ਦੂਰਾਂ ਅਤੇ ਦੂਜੇ ਮਿਹਨਤ ਕੱਸ਼ਾਂ ਦੇ ਹੱਕ ਵਿਚ ਹੋਵੇ ਉਥੋਂ ਦੀ ਜਨਤਾ ਦੇ ਹੱਥ ਵਿਚ ਹੋਵੇ, ਪੈਦਾਵਾਰ ਕਰਨ ਵਾਲਿਆਂ ਦੇ ਹੱਥ ਵਿਚ ਹੋਵੇ । ਜਿੰਨਾ ਚਿਰ ਪੈਦਾਵਾਰ ਕਰਨ ਦਾ ਪ੍ਰਬੰਧ, ਸਾਧਨ ਜਨਤਾ ਦੇ ਹੱਥ ਵਿਚ ਨਾ ਹੋਵੇ ਉਤਨਾ ਚਿਰ ਸੋਸ਼ਲਿਜ਼ਮ ਅਤੇ ਸਮਾਜ ਬਣਾਉਣਾ ਅਸੰਭਵ ਹੈ, ਜਿਸ ਦੇ ਵਿਚ ਕਿ ਸਿਰਫ ਟਾਟੇ ਅਤੇ ਬਿਰਲਿਆਂ ਅਤੇ ਕੁਝ ਹੋਰ ਬੰਦੇ ਹੀ ਨਾ ਰਹਿ ਜਾਣ ! ਚੰਦ ਬੈਂਕ ਨੈਸ਼ਨੇਲਾਈਜ਼ ਕਰਨ ਨਾਲ ਇਹ ਠੀਕ ਨਹੀਂ ਹੋਵੇਗਾ ਬਲਕਿ ਕਿਸੇ ਇਨਸਾਨ ਨੂੰ ਕਿਸੇ ਇਨਸਾਨ ਦੀ ਮਿਹਨਤ ਨੂੰ ਲੁੱਟਕੇ ਖਾਣ ਦੀ ਇਜਾਜ਼ਤ ਨਹੀਂ ਹੋਵੇਗੀ ।

ਸਪੀਕਰ ਸਾਹਿਬ, ਇਹ ਤਾਂ ਸੰਭਵ ਹੋਵੇਗਾ ਜਦੋਂ ਸਾਰੇ ਦੇ ਸਾਰੇ ਮੀਨਜ਼ ਆਫ਼ ਪ੍ਰੋਡਕਸ਼ਨ, ਇੰਡਸਟਰੀਜ਼, ਬੈਂਕ ਜਿਹੜੇ ਹਨ ਇਹ ਜਨਤਾ ਦੇ ਹੱਥਾਂ ਦੇ ਵਿਚ ਜਨਤਾ ਦੀ ਸਰਕਾਰ ਦੇ ਰਾਹੀਂ ਹੋਣ ।

[ਕਾਮਰੇਡ ਸੱਤਪਾਲ ਡਾਂਗ]

ਇਸ ਤਰ੍ਹਾਂ ਖੇਤੀ ਬਾੜੀ ਵਿਚ ਧਨੀ ਕਿਸਾਨ ਵੀ ਨਹੀਂ ਹੋਣਗੇ । ਇਸ ਕਰਕੇ ਸਪੀਕਰ ਸਾਹਿਬ, ਇਸ ਕਿਸਮ ਦਾ ਸੋਸ਼ਲਿਜ਼ਮ, ਕਿੰਨਾ ਚਾਹੀਦਾ ਹੈ, ਕਿੰਨਾ ਨਹੀਂ ਚਾਹੀਦਾ, ਮੈਂ ਇਸ ਤਫ਼ਸੀਲ ਵਿਚ ਨਹੀਂ ਜਾਣਾ ਚਾਹੁੰਦਾ । ਇਹ ਸੋਸ਼ਲਿਜ਼ਮ ਕਿਸ ਤਰ੍ਹਾਂ ਆ ਸਕਦਾ ਹੈ ? ਸਪੀਕਰ ਸਾਹਿਬ, ਸਾਡਾ ਇਹ ਯਕੀਨ ਹੈ ਕਿ ਇਹ ਸੋਸ਼ਲਿਜ਼ਮ ਕਿਸੇ ਵੀ ਮੁਲਕ ਵਿਚ ਮਜ਼ਦੂਰ ਇੰਡਸਟਰੀਅਲ ਵਰਕਿੰਗ ਕਲਾਸ ਤੋਂ ਬਿਨਾਂ ਨਹੀਂ ਲਿਆਂਦਾ ਜਾ ਸਕਦਾ । ਕਾਂਗਰਸ ਪਾਰਟੀ ਦੇ ਅੰਦਰ ਬਹੁਤ ਸਾਰੇ ਐਸੇ ਇਮਾਨਦਾਰ ਸਜਣ ਹਨ ਜਿਹੜੇ ਸੋਸ਼ਲਿਜ਼ਮ ਨੂੰ ਸਹੀ ਸਮਝਣ ਦਾ ਯਤਨ ਕਰਦੇ ਹਨ । ਲੇਕਿਨ ਕਈ ਲੋਕ ਐਸੇ ਵੀ ਹਨ ਜਿਹੜੇ ਕਿ ਕਿਸੇ ਛੋਟੀ ਜਿਹੀ ਚੀਜ਼ ਨੂੰ ਜਿਹੜੀ ਕਿ ਜਮਹੂਰੀਅਤ ਲਈ ਜ਼ਰੂਰੀ ਹੁੰਦੀ ਹੈ ਉਸ ਨੂੰ ਸੋਸ਼ਲਿਜ਼ਮ ਕਹਿ ਦਿੰਦੇ ਹਨ । ਸਪੀਕਰ ਸਾਹਿਬ, ਅਗਰ ਪਰੀਵੀ ਪਰਸਿਜ਼ ਖ਼ਤਮ ਕੀਤੇ ਗਏ ਤਾਂ ਇਸ ਦੇ ਲਈ ਅਸੀਂ 20 ਸਾਲ ਰੌਲਾ ਪਾਉਂਦੇ ਰਹੇ । ਪਰ ਇਸ ਦੇ ਬੰਦ ਕਰਨ ਨਾਲ ਸੋਸ਼ਲਿਜ਼ਮ ਨਹੀਂ ਆ ਗਿਆ । ਇਹ ਇਕ ਛੋਟਾ ਜਿਹਾ ਕਦਮ ਹੈ ਜਿਹੜਾ ਕਿ ਜਮਹੂਰੀਅਤ ਦੇ ਕੰਮਾਂ ਲਈ ਜ਼ਰੂਰੀ ਹੈ ਜਿਹੜਾ ਕਿ ਅੱਜ ਤੋਂ 20 ਸਾਲ ਪਹਿਲਾਂ ਹੀ ਚੁਕ ਲੈਣਾ ਚਾਹੀਦਾ ਸੀ । ਜੇ 14 ਬੈਂਕਾਂ ਨੂੰ ਕੌਮੀਕਰਨ ਕੀਤਾ ਗਿਆ, ਉਨ੍ਹਾਂ ਨੂੰ ਸਰਕਾਰੀ ਬਣਾਇਆ ਗਿਆ ਤਾਂ ਅਸੀਂ ਉਸ ਦਾ ਸੁਆਗਤ ਕੀਤਾ ਪਰ ਇਸ ਦੇ ਨਾਲ ਸੋਸ਼ਲਿਜ਼ਮ ਨਹੀਂ ਆ ਸਕਦਾ, ਇਹ ਇਕ ਸਟੇਟ ਕੈਪੀਟੇਲਿਜ਼ਮ ਹੈ, ਇਹ ਇਕ ਹਿੰਦੁਸਤਾਨ ਵਿਚ ਸਰਮਾਏਦਾਰੀ ਨੂੰ ਘਟਾਉਣ ਲਈ ਅਗਾਂਹ ਵਧੂ ਕਦਮ ਹੈ ਪਰ ਇਸ ਨੂੰ ਸੋਸ਼ਲਿਜ਼ਮ ਨਹੀਂ ਕਿਹਾ ਜਾ ਸਕਦਾ । ਹੁਣ ਇਥੇ ਗ਼ੈਰ ਮਨਕੂਲਾ ਜਾਇਦਾਦ ਤੇ ਸੀਲਿੰਗ ਲਾਈ ਜਾਵੇਗੀ, ਅਸੀਂ ਚਾਹੁੰਦੇ ਹਾਂ ਕਿ ਛੇਤੀ ਹੋਵੇ ਔਰ ਜਦੋਂ ਇਹ ਹੋਵੇਗੀ ਅਸੀਂ ਇਸ ਕਦਮ ਦਾ ਸਵਾਗਤ ਕਰਾਂਗੇ । ਪਰ ਇਸ ਦੇ ਹੋਣ ਨਾਲ ਇਹ ਅਸੀਂ ਨਹੀਂ ਕਹਿ ਸਕਦੇ ਕਿ ਇਸ ਨਾਲ ਸੋਸ਼ਲਿਜ਼ਮ ਆ ਜਾਵੇਗਾ । ਜੇ ਅਸੀਂ ਇਸ ਨੂੰ ਸੋਸ਼ਲਿਜ਼ਮ ਕਹਾਂਗੇ ਤਾਂ ਲੋਕਾਂ ਦੇ ਦਿਲਾਂ ਵਿਚ ਇਹ ਖਿਆਲ ਪੈਦਾ ਹੋ ਜਾਵੇਗਾ ਕਿ ਸੋਸ਼ਲਿਜ਼ਮ ਵੀ ਸਾਡੇ ਮਸਲੇ ਹਲ ਨਹੀਂ ਕਰ ਸਕਦਾ । ਇਸ ਲਈ, ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਾਂਗਾ ਔਰ ਆਸ ਕਰਾਂਗਾ ਕਿ ਸਰਕਾਰ ਇਸ ਗਲ ਨੂੰ ਮੰਨੇਗੀ ਕਿ ਇਹ ਜਿਹੜੇ ਗੈਰ ਮਨਕੂਲਾ ਜਾਇਦਾਦ ਤੇ ਅਸੀਂ ਹੱਦ ਲਾਗੂ ਕਰਨੀ ਹੈ ਇਹ ਇਕ ਛੋਟਾ ਜਿਹਾ ਜਮਹੂਰੀ ਕਦਮ ਹੋਵੇਗਾ ਜਿਸ ਦੇ ਨਾਲ ਕਿ ਸੋਸ਼ਲਿਜ਼ਮ ਦੀ ਸੰਭਾਵਨਾ ਹੋਵੇਗੀ । ਸਾਨੂੰ ਆਪਣੇ ਮਨਾਂ ਵਿਚ ਇਹ ਗ਼ਲਤ ਫ਼ਹਿਮੀ ਨਹੀਂ ਪੈਦਾ ਕਰਨੀ ਚਾਹੀਦੀ ਕਿ ਇਹ ਸੋਸ਼ਲਿਜ਼ਮ ਹੈ, ਇਸ ਤਰ੍ਹਾਂ ਕਹਿਣ ਨਾਲ ਸੋਸ਼ਲਿਜ਼ਮ ਦਾ ਨਾਮ ਬਦਨਾਮ ਹੋਵੇਗਾ ।

ਸਪੀਕਰ ਸਾਹਿਬ, ਸਾਡੇ ਸੋਸ਼ਲਿਜ਼ਮ ਦਾ ਨਿਸ਼ਾਨਾ ਕੀ ਹੈ ? ਇਸ ਦਾ ਮੈਂ ਜ਼ਿਕਰ ਕਰਾਂਗਾ । ਅੱਜ ਕੁਝ ਅਗਾਂਹ ਵਧੂ ਸ਼ਕਤੀਆਂ ਇਸ ਨਿਜ਼ਾਮ ਨੂੰ, ਜੋ ਕਿ ਸਰਮਾਏਦਾਰੀ ਦੀ ਪ੍ਰਫੁਲਤਾ ਨਾਲ ਪੈਦਾ ਹੋ ਗਿਆ ਹੈ, ਬਦਲਣਾ ਚਾਹੁੰਦੀਆਂ ਹਨ । ਇੰਦਰਾ ਕਾਂਗਰਸ ਵਿਚ ਕੁਝ ਲੋਕ ਇਹੋ ਜਿਹੇ ਮੌਜੂਦ ਹਨ ਜੋ ਅੱਜ ਭੁੱਖ, ਨੰਗ ਅਤੇ ਗ਼ਰੀਬੀ ਨੂੰ ਦੂਰ ਕਰਨਾ ਚਾਹੁੰਦੇ ਹਨ । ਗ਼ਰੀਬ, ਚਾਹੇ ਉਹ ਹਰੀਜਨ ਹੈ, ਚਾਹੇ ਉਹ ਕਿਸਾਨ ਹੈ, ਚਾਹੇ ਉਹ ਪੜ੍ਹਿਆ ਲਿਖਿਆ ਨੌਜਵਾਨ ਹੈ ਅੱਜ ਬੇਕਾਰੀ ਦਾ ਸ਼ਿਕਾਰ ਹੈ । ਇਹ ਬੇਕਾਰੀ ਉਤਨਾ ਚਿਰ ਦੂਰ ਨਹੀਂ ਹੋਵੇਗੀ ਜਿਤਨਾ ਚਿਰ ਦੇਸ਼ ਦਾ ਜਿਹੜਾ ਆਰਥਕ ਢਾਂਚਾ ਹੈ ਉਸ ਦੇ ਸਟਰੱਕਚਰ ਵਿਚ ਚੇਂਜ ਨਹੀਂ ਲਿਆਂਦੀ ਜਾਂਦੀ, ਉਸ ਦੇ ਵਿਚ ਤਬਦੀਲੀ ਨਹੀਂ ਲਿਆਂਦੀ ਜਾਂਦੀ । ਜਿਤਨਾ ਚਿਰ ਡਿਸਪੈਰਿਟੀ ਨਹੀਂ ਖ਼ਤਮ ਕੀਤੀ ਜਾਂਦੀ ਉਤਨਾ ਚਿਰ ਸੋਸ਼ਲਿਜ਼ਮ ਨਹੀਂ ਆ ਸਕਦਾ । ਇਸ ਲਈ ਇਸ ਡਿਸਪੈਰਿਟੀ ਨੂੰ ਘਟਾਉਣ ਲਈ ਕਈ ਕਦਮ ਚੁਕਣੇ ਜ਼ਰੂਰੀ ਹਨ । ਸਭ ਨਾਲੋਂ ਵੱਡਾ ਕਦਮ ਜਿਹੜਾ ਹੈ ਉਹ ਹੈ, ਇੰਡਸਟਰੀ । ਇੰਡਸਟਰੀ, ਜਿਸ ਦੇ ਵਿਚ ਕਿ ਮਨਾਪਲਿਸਟਸ ਪੈਦਾ ਹੋ ਗਏ ਹਨ

ਜਿਹੜੇ ਕਿ ਆਮ ਜ਼ਬਾਨ ਵਿਚ ਟਾਟੇ ਬਿਰਲੇ ਕਹਾਉਂਦੇ ਹਨ, ਇਹ ਕੌਮੀ ਕਰਨ ਹੋਣੀ ਚਾਹੀਦੀ ਹੈ। ਜਿਤਨਾ ਚਿਰ ਇਹ ਕੌਮੀ ਕਰਨ ਨਹੀਂ ਕੀਤੀ ਜਾਂਦੀ ਹਿੰਦੁਸਤਾਨ ਦੇ ਵਿਚ ਡਿਸਪੈਰਿਟੀ ਖ਼ਤਮ ਨਹੀਂ ਹੋ ਸਕਦੀ। ਭੁੱਖ, ਨੰਗ, ਗ਼ਰੀਬੀ ਦੂਰ ਨਹੀਂ ਹੋ ਸਕਦੀ।

ਦੂਸਰਾ ਕਦਮ ਹੈ, ਖੇਤੀ ਬਾੜੀ। ਖੇਤੀ ਬਾੜੀ ਇਕ ਅੱਡ ਕਿਸਮ ਦੀ ਜਾਇਦਾਦ ਹੈ। ਉਸ ਦੇ ਵਿਚ ਚਾਹੇ ਹਰੀਜਨ ਹੋਵੇ, ਚਾਹੇ ਛੋਟਾ ਕਿਸਾਨ ਹੋਵੇ ਉਸ ਨੂੰ ਜ਼ਮੀਨ ਨਹੀਂ ਮਿਲਦੀ। ਅੱਜ ਸਰਮਾਏਦਾਰ ਹਜ਼ਾਰ ਹਜ਼ਾਰ ਏਕੜ ਦੇ ਮਾਲਕ ਬਣੀ ਬੈਠੇ ਹਨ ਇਥੋਂ ਤਕ ਕਿ ਸਾਡੇ ਬਿਰਲਾ ਅੱਜ ਲੱਖਾਂ ਏਕੜ ਦਾ ਮਾਲਕ ਬਣੀ ਬੈਠਾ ਹੈ। ਸੋਸ਼ਲਿਜ਼ਮ ਲਿਆਉਣ ਲਈ ਇਹ ਜ਼ਰੂਰੀ ਹੈ ਕਿ ਸਾਰੀ ਜ਼ਮੀਨ ਸਾਰੇ ਵੱਡੇ ਵੱਡੇ ਜਾਗੀਰਦਾਰਾਂ ਕੋਲੋਂ ਖੋਹ ਲਈ ਜਾਵੇ। (ਵਿਘਨ)

ਇਸ ਕਿਸਮ ਦੇ ਕੰਮਾਂ ਵਿਚ ਇਕ ਹੋਰ ਕੰਮ ਬੜਾ ਜ਼ਰੂਰੀ ਹੈ ਜੋ ਇਸ ਮਤੇ ਦਾ ਮੌਜ਼ੂ ਹੈ। ਸਰਕਾਰ ਨੂੰ ਗ਼ੈਰ ਮਨਕੂਲਾ ਜਾਇਦਾਦ ਤੇ ਹੱਦ ਲਾਉਣੀ ਚਾਹੀਦੀ ਹੈ। ਮੈਂ ਸਮਝਦਾ ਹਾਂ ਕਿ ਅਗਰ ਇਸ ਦੇ ਬਾਰੇ ਠੀਕ ਢੰਗ ਨਾਲ ਕਾਨੂੰਨ ਲਿਆਂਦਾ ਜਾਵੇ ਔਰ ਉਸ ਕਾਨੂੰਨ ਨੂੰ ਠੀਕ ਢੰਗ ਨਾਲ ਲਾਗੂ ਕੀਤਾ ਜਾਵੇ ਤਾਂ ਇਹ ਕਿਸੇ ਹੱਦ ਤਕ ਸਾਡਾ ਕੁਝ ਸਹਾਈ ਹੋ ਸਕਦਾ ਹੈ। ਇਸ ਚੀਜ ਨੂੰ ਸਾਹਮਣੇ ਰਖ ਕੇ ਰੇਜ਼ੋਲਿਊਸ਼ਨ ਦੇ ਬਾਰੇ ਮੈਂ ਕੁਝ ਜ਼ਿਕਰ ਕਰਨਾ ਚਾਹੁੰਦਾ ਹਾਂ।

ਮੈਂ ਇਹ ਬੇਨਤੀ ਕਰਾਂਗਾ ਕਿ ਜਿਹੜਾ ਇਹ ਸ਼ਹਿਰੀ ਗ਼ੈਰ ਮਨਕੂਲਾ ਜਾਇਦਾਦ ਤੇ ਹੱਦ ਲਾਉਣ ਦਾ ਸਵਾਲ ਹੈ ਉਸ ਦੇ ਬਾਰੇ ਸਾਡੇ ਸਾਹਮਣੇ ਇਹ ਸਵਾਲ ਆਇਆ ਕਿ ਕੀ ਅਸੀਂ ਪਾਰਲੀਮੈਂਟ ਨੂੰ ਕਹੀਏ ਜਾਂ ਕਿ ਅਸੀਂ ਆਪ ਅਸੈਂਬਲੀ ਵਿਚ ਹੀ ਪਾਸ ਕਰੀਏ। ਇਥੇ ਤਕਰੀਰਾਂ ਵੀ ਹੋਈਆਂ, ਅਮੈਂਡਮੈਂਟਾਂ ਵੀ ਹੋਈਆਂ। ਗੱਲ ਬੜੀ ਸਪੱਸ਼ਟ ਹੈ ਕਿ ਸਾਡੇ ਵਿਧਾਨ ਵਿਚ ਜਿਹੜੀ ਸਟੇਟ ਲਿਸਟ ਸੂਬਿਆਂ ਦੇ ਸਬਜੈਕਟਾਂ ਦੀ ਹੈ ਉਸ ਲਿਸਟ ਵਿਚ ਇਕ ਐਂਟਰੀ ਹੈ ਜਿਸ ਦੇ ਵਿਚ ਲਿਖਿਆ ਹੈ ਕਿ ਕਾਨੂੰਨ ਬਨਾਉਣ ਦਾ ਪੂਰਾ ਇਖਤਿਆਰ ਸੂਬੇ ਨੂੰ ਹੈ ਉਹ ਮੈਂ ਪੜ੍ਹਦਾ ਹਾਂ :

In the State List it has been stated :—

> 'Acquisition or requisitioning of property, except for the purposes of the Union, subject to the provisions of Entry 42 of List III.'

ਇਹ ਜਾਇਦਾਦ ਦੀ ਰਿਕੁਇਜ਼ੀਸ਼ਨ ਕਰਨ ਜਾਂ ਐਕੁਆਇਰ ਕਰਨ ਵਾਸਤੇ ਹੈ। ਲੇਕਿਨ ਇਸ ਦੇ ਉਤੇ ਇਕ ਪਾਬੰਦੀ ਐਂਟਰੀ 42 ਤੇ ਹੈ। ਉਹ ਮੈਂ ਪੜ੍ਹਦਾ ਹਾਂ :

Entry 42 :

> 'Principles on which compensation for property acquired or requisitioned for the purpose of the Union or of a State or for any other public purpose is to be determined, and the form and the manner in which such compensation is to be given :

ਇਸ ਦੇ ਰਾਹੀਂ ਇਹ ਪਾਬੰਦੀ ਲਗਾਈ ਗਈ ਹੈ ਕਿ ਜਿਹੜਾ ਮੁਆਵਜ਼ਾ ਦੇਣਾ ਹੈ ਕਿੰਨੀ ਸ਼ਰਾ ਨੂੰ ਮੁੱਖ ਰਖ ਕੇ ਦੇਣਾ ਹੈ ਔਰ ਕਿਹੜੇ ਤਰੀਕੇ ਨਾਲ ਦੇਣਾ ਹੈ। ਇਸ ਵਾਸਤੇ ਸੂਬੇ ਦੀ ਅਸੈਂਬਲੀ ਕੋਲ ਪੂਰਾ ਇਖਤਿਆਰ ਨਹੀਂ ਹੈ।

[ਕਾਮਰੇਡ ਸੱਤਪਾਲ ਡਾਂਗ]

ਇਕ ਹੋਰ ਤਰੀਕੇ ਨਾਲ ਜਿਹੜਾ ਸਬਜੈਕਟ ਭਾਵੇਂ 36 ਐਂਟਰੀ ਵਿਚ ਹੋਵੇ ਜਾਂ ਹੋਰ ਹੋਵੇ ਸਾਡੇ ਵਿਧਾਨ ਦੇ ਮੁਤਾਬਿਕ ਪਾਰਲੀਮੈਂਟ ਉਸ ਦੇ ਉੱਤੇ ਕਾਨੂੰਨ ਬਣਾ ਸਕਦੀ ਹੈ। ਦੋ ਤਰੀਕੇ ਹਨ। ਮੈਂ ਕਹਿੰਦਾ ਹਾਂ ਕਿ ਇਹ ਤਿੰਨ ਵੀ ਹੋ ਸਕਦੇ ਹਨ। 250 ਮਦ ਦੇ ਹੇਠਾਂ ਅਗਰ ਮੁਲਕ ਵਿਚ ਐਮਰਜੈਂਸੀ ਹੋਵੇ ਤਾਂ ਉਸ ਐਮਰਜੈਂਸੀ ਦੇ ਵਿਚ ਪਾਰਲੀਮੈਂਟ ਕਿਸੇ ਵੀ ਮਜ਼ਮੂਨ ਬਾਰੇ ਕਾਨੂੰਨ ਬਣਾ ਸਕਦੀ ਹੈ। ਇਕ ਮਦ 249 ਹੈ ਜਿਸ ਦੇ ਵਿਚ ਕੌਂਸਲ ਆਫ਼ ਸਟੇਟਸ 2/3 ਮੈਜਾਰਟੀ ਨਾਲ ਦੇਸ਼ ਦੇ ਹਿੱਤ ਲਈ ਜੋ ਕਾਨੂੰਨ ਹੋਵੇ ਉਹ ਬਣਾ ਸਕਦੀ ਹੈ। ਇਕ ਹੋਰ ਮਦ ਹੈ ਜਿਸ ਦੇ ਤਹਿਤ ਇਹ ਰੈਜ਼ੋਲਿਊਸ਼ਨ ਲਿਆਂਦਾ ਗਿਆ ਹੈ। ਇਹ ਮਦ ਹੈ 252 ਜੋ ਕਿ ਇਸ ਤਰ੍ਹਾਂ ਹੈ :

Article 252 of the Constitution :—

> "If it appears to the Legislatures of two or more States to be desirable that any of the matters with respect to which Parliament has no power to make laws for the State except as provided in article 249 and 250 should be regulated in such States by Parliament by law........"

ਅਗਰ ਇਕ ਜਾਂ ਦੋ ਤੋਂ ਵਧ ਸੂਬੇ ਕਿਸੇ ਐਸੇ ਮਜ਼ਬੂਨ ਨੂੰ ਠੀਕ ਸਮਝਣ ਔਰ ਦੋ ਜਾਂ ਦੋ ਤੋਂ ਵੱਧ ਸੂਬੇ ਉਹ ਮਤਾ ਪਾਸ ਕਰ ਦੇਣ ਤਾਂ ਪਾਰਲੀਮੈਂਟ ਉਨ੍ਹਾਂ ਸੂਬਿਆਂ ਵਾਸਤੇ ਕਾਨੂੰਨ ਬਣਾ ਸਕਦੀ ਹੈ। ਅਗਰ ਕਿਸੇ ਸੂਬੇ ਨੇ ਮਤਾ ਪਾਸ ਕੀਤਾ ਹੋਵੇ ਤਾਂ ਉਹ ਸੂਬੇ ਦੇ ਉੱਤੇ ਲਾਗੂ ਕਰਾਉਣ ਵਾਸਤੇ ਬਿਲ ਪਾਸ ਕਰ ਸਕਦੀ ਹੈ। ਜ਼ਾਹਿਰ ਹੈ ਕਿ ਇਹ ਜਿਹੜਾ ਮਤਾ ਪੇਸ਼ ਕੀਤਾ ਗਿਆ ਹੈ ਇਹ 249 ਮਦ ਹੇਠ ਨਹੀਂ। ਇਹ ਕੌਂਸਲ ਆਫ਼ ਸਟੇਟਸ ਨਹੀਂ ਕਰ ਸਕਦੀ, 250 ਮਦ ਹੇਠਾਂ ਐਮਰਜੈਂਸੀ ਦੇ ਨਾਉਂ ਤੇ ਨਹੀਂ। ਇਹ 252 ਹੇਠ ਹੋ ਰਿਹਾ ਹੈ। ਇਹ ਸੂਬੇ ਦੀ ਮਰਜ਼ੀ ਹੈ ਕਿ ਉਹ ਪਾਰਲੀਮੈਂਟ ਨੂੰ ਅਖਤਿਆਰ ਦੇਵੇ ਜਾਂ ਨਾ ਦੇਵੇ। ਜੇ ਦੋ ਸੂਬੇ ਕਰਨ ਤਾਂ ਠੀਕ ਹੈ, ਇਕੱਲਾ ਇਕ ਸੂਬਾ ਕਰੇ ਤਾਂ ਪਾਰਲੀਮੈਂਟ ਬਿਲ ਪਾਸ ਨਹੀਂ ਕਰ ਸਕਦੀ।

ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਾਂਗਾ ਕਿ ਇਸ ਦੇ ਵਿਚ ਕੁਝ ਵਿਰੋਧਤਾ ਹੋਈ। ਸਾਨੂੰ ਇਸ ਗੱਲ ਦੀ ਖੁਸ਼ੀ ਹੁੰਦੀ ਜੇ ਅੱਜ ਦੀ ਸਰਕਾਰ ਫੌਰੀ ਤੌਰ ਤੇ ਪੰਜਾਬ ਦੇ ਵਿਚ ਗੈਰ ਮਨਕੂਲਾ ਜਾਇਦਾਦ ਸ਼ਹਿਰ ਦੀ ਜਾਇਦਾਦ ਤੇ ਹੱਦ ਲਾਉਣ ਲਈ ਬਿਲ ਲੈ ਆਉਂਦੀ। ਅਸੀਂ ਉਸ ਦਾ ਪੂਰਾ ਸਤਿਕਾਰ ਕਰਦੇ। ਲੇਕਿਨ ਅਗਰ ਇਹ ਬਿਲ ਲਿਆ ਕੇ ਪਾਰਲੀਮੈਂਟ ਨੂੰ ਅਖਤਿਆਰ ਦਿਤਾ ਜਾ ਰਿਹਾ ਹੈ ਤਾਂ ਮੈਂ ਸਮਝਦਾ ਹਾਂ ਕਿ ਇਸ ਦੇ ਉੱਤੇ ਚੀਕ ਚਿਹਾੜਾ ਜ਼ਰੂਰੀ ਨਹੀਂ। ਕਿਉਂਕਿ, ਸਪੀਕਰ ਸਾਹਿਬ, ਜੇ ਇਹ ਗੱਲ ਕਹੀ ਜਾਏ ਜਿਹੜੀ ਅੱਗੇ ਕਹੀ ਗਈ ਹੈ ਤਾਂ ਸ਼ਾਇਦ ਇਹ ਟਾਲਣ ਵਾਲਾ ਮਾਮਲਾ ਹੋ ਸਕਦਾ ਸੀ ਜੇ ਇਥੇ ਸਰਕਾਰ ਕੋਈ ਹੋਰ ਹੋਵੇ ਅਤੇ ਉਥੇ ਕੋਈ ਹੋਰ ਹੋਵੇ। ਜਿਸ ਪਾਰਟੀ ਦੀ ਸਰਕਾਰ ਇਥੇ ਹੈ, ਉਸੇ ਪਾਰਟੀ ਦੀ ਸਰਕਾਰ ਉਥੇ ਹੈ। ਜੇ ਇਹ ਕਾਨੂੰਨ ਵਾਜਬ ਮਹੀਨਿਆਂ ਵਿਚ ਪਾਰਲੀਮੈਂਟ ਤੋਂ ਪਾਸ ਕਰਾਕੇ ਨਹੀਂ ਬਣਾਇਆ ਜਾਂਦਾ ਤਾਂ ਮੇਰਾ ਖ਼ਿਆਲ ਹੈ ਕਿ ਆਪੋਜ਼ੀਸ਼ਨ ਵਾਲੇ ਜਸਟੀਫ਼ਾਈਡ ਹੋਣਗੇ, ਲੇਕਿਨ ਇਸ ਵਕਤ ਇਨ੍ਹਾਂ ਵਲੋਂ ਜੋ ਕੁਝ ਕਿਹਾ ਗਿਆ ਹੈ ਉਹ ਠੀਕ ਗੱਲ ਨਹੀਂ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅਗਰ ਇਹ ਕਾਨੂੰਨ ਪਾਰਲੀਮੈਂਟ ਬਣਾਏ ਤਾਂ ਇਸ ਵਿਚ ਕੁਝ ਫ਼ਾਇਦੇ ਹਨ। ਅਗਰ 5, 7, 10, ਸੂਬੇ ਪਾਰਲੀਮੈਂਟ ਨੂੰ ਇਹ ਅਖ਼ਤਿਆਰ ਦੇ ਦੇਣ ਤਾਂ ਇਕ ਹੱਦ ਮੁਕਰੱਰ ਹੋਣ ਦਾ

ਫ਼ਾਇਦਾ ਹੋ ਸਕਦਾ ਹੈ। ਹਰਿਆਣਾ, ਪੰਜਾਬ ਅਤੇ ਹਿਮਾਚਲ ਅਗਰ ਇਹ ਸਾਰੇ ਪਾਰਲੀਮੈਂਟ ਨੂੰ ਅਖ਼ਤਿਆਰ ਦੇ ਦੇਣ ਤਾਂ ਇਸ ਵਿਚ ਬਹੁਤ ਫ਼ਾਇਦਾ ਹੋ ਸਕਦਾ ਹੈ। ਕਿਉਂਕਿ ਅਜਿਹਾ ਕਰਨ ਨਾਲ ਯੂਨੀਫ਼ਾਰਮਿਟੀ ਰਹਿ ਸਕਦੀ ਹੈ। ਮੈਂ ਅਰਜ਼ ਕਰਾਂ ਕਿ ਅਸੀਂ ਚਾਹੁੰਦੇ ਹਾਂ ਕਿ ਸੂਬਿਆਂ ਦੀ ਅਕਾਨੋਮੀ ਕਾਇਮ ਰਹੇ। ਅਸੀਂ ਚਾਹੁੰਦੇ ਹਾਂ ਕਿ ਸਾਡੇ ਮਾਲੀ ਅਖ਼ਤਿਆਰ ਕਾਇਮ ਰਹਿਣ, ਪਰ ਇਸ ਦੇ ਨਾਲ ਨਾਲ ਸੈਂਟਰ ਦੀ ਮਜ਼ਬੂਤੀ ਦਾ ਵੀ ਖ਼ਿਆਲ ਰਖਣਾ ਚਾਹੀਦਾ ਹੈ। ਸੂਬਿਆਂ ਦੀ ਅਕਾਨੋਮੀ ਦੇ ਨਾਲ ਨਾਲ ਸੈਂਟਰ ਦੀ ਮਜ਼ਬੂਤੀ ਇਹ ਦੋਨੋਂ ਗੱਲਾਂ ਰਹਿਣੀਆਂ ਚਾਹੀਦੀਆਂ ਹਨ। ਇਸ ਦੇ ਨਾਲ ਸਾਡੇ ਆਰਥਿਕ ਢਾਂਚੇ ਦੀ ਪਲੈਨਿੰਗ ਠੀਕ ਹੋ ਜਾਏਗੀ। ਕੁਝ ਪਾਰਟੀਆਂ ਚਾਹੁੰਦੀਆਂ ਹਨ ਕਿ ਡਿਫੈਂਸ ਨੂੰ ਛੱਡ ਕੇ ਬਾਕੀ ਸਭ ਅਖ਼ਤਿਆਰ ਸੂਬਿਆਂ ਨੂੰ ਮਿਲ ਜਾਣ, ਪਰ ਇਸ ਦੇ ਨਾਲ ਸਾਰੇ ਦੇਸ਼ ਦੀ ਜਨਤਾ ਨੂੰ ਨੁਕਸਾਨ ਹੋਵੇਗਾ। ਦੇਸ਼ ਲਈ ਆਰਥਿਕ ਪਲੈਨਿੰਗ ਠੀਕ ਨਹੀਂ ਹੋ ਸਕੇਗੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਕਾਨੂੰਨ ਅਗਰ ਪਾਰਲੀਮੈਂਟ ਬਣਾਉਂਦੀ ਹੈ ਤਾਂ ਚੰਗੀ ਗਲ ਹੈ। 5, 7 ਸੂਬਿਆਂ ਨੂੰ ਚਾਹੀਦਾ ਹੈ ਕਿ ਉਹ ਇਸ ਦੇ ਲਈ ਪਾਰਲੀਮੈਂਟ ਨੂੰ ਅਖ਼ਤਿਆਰ ਦੇ ਦੇਣ। ਪਾਰਲੀਮੈਂਟ ਹਰ ਸੂਬੇ ਦੇ ਹਾਲਾਤ ਨੂੰ ਮੁੱਖ ਰਖ ਕੇ ਕਾਨੂੰਨ ਬਣਾ ਦੇਵੇਗੀ. ਕਿਉਂਕਿ ਹਰ ਸੂਬੇ ਦੇ ਹਾਲਾਤ ਵੱਖ ਵੱਖਰੇ ਹਨ। ਮੈਂ ਕਹਿੰਦਾ ਹਾਂ ਕਿ ਪੰਜਾਬ ਦੇ ਵਿਚ ਇਕ ਲੱਖ ਨਾਲ ਚੰਗੀ ਸੋਹਣੀ ਕੋਠੀ ਬਣ ਸਕਦੀ ਹੈ, ਪਰ ਹੋ ਸਕਦਾ ਹੈ ਕਿ ਬੰਬਈ ਦੇ ਹਾਲਾਤ ਦੇ ਮੁਤਾਬਕ ਉਥੇ ਪੰਜ ਲੱਖ ਰੁਪਏ ਨਾਲ ਵੀ ਇਕ ਝੁਗੀ ਹੀ ਬਣਦੀ ਹੋਵੇ। ਇਸ ਕਿਸਮ ਦਾ ਫ਼ਰਕ ਇਕ ਸ਼ਹਿਰ ਵਿਚ ਅਤੇ ਦੂਸਰੇ ਸ਼ਹਿਰ ਵਿਚ ਹੋ ਸਕਦਾ ਹੈ ਅਤੇ ਇਸ ਤੇ ਵਿਚਾਰ ਹੋਣਾ ਜ਼ਰੂਰੀ ਵੀ ਹੈ। ਲੇਕਿਨ ਮੈਂ ਸਮਝਦਾ ਹਾਂ ਕਿ ਬਗੈਰ ਕਿਸੇ ਵਜ੍ਹਾ ਦੇ ਅਗਰ ਹਰਿਆਣਾ 10 ਲੱਖ ਦੀ ਸੀਲਿੰਗ ਕਰਦਾ ਹੈ, ਪੰਜਾਬ ਢਾਈ ਲੱਖ ਦੀ ਸੀਲਿੰਗ ਕਰਦਾ ਹੈ ਅਤੇ ਹਿਮਾਚਲ 6 ਲੱਖ ਦੀ ਸੀਲਿੰਗ ਕਰਦਾ ਹੈ ਤਾਂ ਪੰਜਾਬੀ ਪੰਜਾਬ ਛੱਡ ਕੇ ਹਰਿਆਣਾ ਵਿਚ ਜਾ ਵਸਣਗੇ ਕਿਉਂਕਿ ਉਥੇ ਸੀਲਿੰਗ 10 ਲੱਖ ਤੇ ਹੈ। ਇਸ ਕਰਕੇ ਵੀ ਇਹ ਚਾਹੀਦਾ ਹੈ ਕਿ ਇਸ ਤਰ੍ਹਾਂ ਦੇ ਹਾਲਾਤ ਤੋਂ ਬਚਣ ਲਈ ਪਾਰਲੀਮੈਂਟ ਨੂੰ ਅਖ਼ਤਿਆਰ ਦਿਤੇ ਜਾਣ ਤਾਂ ਇਸ ਦੇ ਨਾਲ ਕੁਝ ਫ਼ਾਇਦੇ ਹਨ। ਔਰ ਇਹ ਉਹ ਫ਼ਾਇਦੇ ਹਨ ਜਿਨ੍ਹਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਹ ਵੀ ਹਕੀਕਤ ਹੈ ਕਿ ਸੀਲਿੰਗ ਕਰਕੇ ਜਾਇਦਾਦ ਦਾ ਮੁਆਵਜ਼ਾ ਵੀ ਦੇਣਾ ਹੈ, ਉਸ ਦੇ ਲਈ ਵੀ ਸੂਬੇ ਦੇ ਹਾਲਾਤ ਦੇ ਮੁਤਾਬਕ ਮੁਲਕ ਵਿਚ ਇਕ ਠੀਕ ਅਸੂਲ ਬਣਾਇਆ ਜਾਏਗਾ। ਉਸ ਦੇ ਲਈ ਇਹ ਵੀ ਮੁਕਰੱਰ ਹੋ ਜਾਏਗਾ ਕਿ ਕਿੰਨਾਂ ਮੁਆਵਜ਼ਾ ਦੇਣਾ ਹੈ।

ਇਸ ਤੋਂ ਅਗੇ ਮੈਂ ਇਕ ਬੇਨਤੀ ਇਹ ਵੀ ਕਰਦਾ ਹਾਂ ਕਿ ਅਗਰ ਇਹ ਕਾਨੂੰਨ ਇਸ ਅਸੈਂਬਲੀ ਵਿਚ ਲੈ ਆਉਂਦੇ ਤਾਂ ਵੀ ਅਸੀਂ ਉਸ ਦਾ ਵੈਲਕਮ ਕਰਦੇ। ਅਗਰ ਇਹ ਹੁਣ ਪਾਰਲੀਮੈਂਟ ਵਿਚ ਜਾ ਰਿਹਾ ਹੈ ਤਾਂ ਚੀਕਣ ਦੀ ਕੋਈ ਲੋੜ ਨਹੀਂ। ਮੈਂ ਸੰਧੂ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਕਾਲੀ ਸਰਕਾਰ ਵੇਲੇ ਸੈਂਟਰ ਦੀ ਸਰਕਾਰ ਨੇ ਇਸ ਸਿਲਸਲੇ ਵਿਚ ਇਕ ਮਾਡਲ ਬਿਲ ਬਣਾ ਕੇ ਸੂਬਿਆਂ ਨੂੰ ਘਲਿਆ ਕਿ ਇਸ ਆਧਾਰ ਤੇ ਸ਼ਹਿਰਾਂ ਦੀ ਹੱਦ ਮੁਕਰੱਰ ਕਰ ਦਿਤੀ ਜਾਏ। ਲੇਕਿਨ ਉਸ ਨੂੰ ਦਬਾ ਕੇ ਰਖ ਦਿਤਾ ਗਿਆ। ਅਸੀਂ ਉਸ ਵਕਤ ਬਾਦਲ ਸਾਹਿਬ ਨੂੰ ਇਸ ਅਸੈਂਬਲੀ ਵਿਚ ਬੇਨਤੀ ਕੀਤੀ ਕਿ ਉਸ ਮਾਡਲ ਬਿਲ ਨੂੰ ਸਦਨ ਦੀ ਮੇਜ਼ ਤੇ ਤਾਂ ਰਖ ਦਿਤਾ ਜਾਏ, ਪਰ ਬਾਦਲ ਸਾਹਿਬ ਨੇ ਕਿਹਾ ਕਿ ਇਹ ਇਕ ਬਹੁਤ ਵੱਡਾ ਬਿਲ ਹੈ। ਇਸ ਲਈ ਉਸ ਦੀ ਸ਼ਕਲ ਤਕ ਵੀ ਸਾਨੂੰ ਨਾ ਦਿਖਾਈ ਗਈ ਅਤੇ ਦਬੀ ਰਖਿਆ। ਸੋ ਮੇਰੇ ਕਹਿਣ ਦਾ ਮਤਲਬ ਹੈ ਕਿ ਅਗਰ ਕੋਈ ਹੋਰ ਪਾਰਟੀ, ਜਿਸ ਤਰ੍ਹਾਂ ਸਾਡੀ ਪਾਰਟੀ ਹੈ ਕੋਈ ਨੁਕਤਾਚੀਨੀ ਕਰੇ ਤਾਂ ਕਰੇ, ਪਰ ਅਕਾਲੀ ਪਾਰਟੀ ਦੀ ਲੀਡਰਸ਼ਿਪ ਨੂੰ ਇਸ ਨੁਕਤਾਚੀਨੀ ਦਾ ਕੋਈ ਹਕ ਨਹੀਂ। (ਥੰਪਿੰਗ) ਮੈਂ ਕਹਿਣਾ ਚਾਹੁੰਦਾ ਹਾਂ ਕਿ ਸੈਂਟਰ ਨੇ ਇਕ ਮਾਡਲ ਬਿਲ ਬਣਾ

[ਕਾਮਰੇਡ ਸੱਤ ਪਾਲ ਡਾਂਗ]

ਕੇ ਘਲਿਆ ਤਾਂ ਕਿ ਮੁਲਕ ਵਿਚ ਯੂਨੀਫ਼ਾਰਮਿਟੀ ਰਹੇ, ਪਰ ਬਾਦਲ ਸਾਹਿਬ ਨੇ ਉਸ ਨੂੰ ਦਬਾ ਕੇ ਰਖ ਲਿਆ। ਮੈਂ ਪੁਛਣਾ ਚਾਹੁੰਦਾ ਹਾਂ ਕਿ ਕਿਉਂ ਨਹੀਂ ਬਾਦਲ ਸਾਹਿਬ ਨੇ ਉਸ ਨੂੰ ਅਸੈਂਬਲੀ ਵਿਚ ਪੇਸ਼ ਕੀਤਾ ? ਔਰ ਅੱਜ ਉਹ ਪਾਰਟੀ ਉਸ ਬਿਲ ਤੇ ਨੁਕਤਾਚੀਨੀ ਕਰਦੀ ਹੈ, ਇਹ ਸ਼ੋਭਾ ਨਹੀਂ ਦਿੰਦਾ।

ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਜੋ ਅਸੀਂ ਸ਼ਹਿਰਾਂ ਦੀ ਜਾਇਦਾਦ ਦੀ ਹੱਦ ਦਾ ਅਖ਼ਤਿਆਰ ਪੰਜਾਬ ਵਾਸਤੇ ਅਤੇ ਹੋਰ ਸੂਬੇ ਜਿਹੜੇ ਪਾਰਲੀਮੈਂਟ ਨੂੰ ਇਸ ਲਈ ਅਖ਼ਤਿਆਰ ਦੇਣਗੇ ਉਸ ਦੇ ਲਈ ਹੱਦ ਮੁਕੱਰਰ ਕੀਤੀ ਜਾਏਗੀ। ਇਥੇ ਜਾਇਦਾਦ ਦਾ ਮਕਸਦ ਜਿਹੜਾ ਹੈ ਉਸ ਦੇ ਵਿਚ ਇੰਡਸਟਰੀ ਸ਼ਾਇਦ ਨਹੀਂ ਆਉਂਦੀ। ਇੰਡਸਟਰੀ ਦਾ ਅੱਡ ਮਸਲਾ ਹੈ ਉਸ ਦੇ ਲਈ ਨੇਸ਼ਨੇਲਾਈਜੇਸ਼ਨ ਹੋਵੇਗੀ ਤਾਕਿ ਛੋਟੀ ਔਰ ਮੀਡੀਅਮ ਇੰਡਸਟਰੀ ਦੀ ਤਰੱਕੀ ਹੋ ਸਕੇ। ਸੋ ਇਸ ਦੇ ਵਿਚ ਸਿਰਫ਼ ਮਕਾਨ ਆਉਣਗੇ, ਪਲਾਟ ਆਉਣਗੇ। ਇਸ ਖੇਤਰ ਵਿਚ ਜਿਹੜੀ ਡਿਸਪੇਰਿਟੀ ਹੈ ਉਹ ਘੱਟ ਹੋਵੇਗੀ ਅਤੇ ਜਿਹੜੇ ਛੋਟੇ ਆਦਮੀ ਹਨ ਜਿਨ੍ਹਾਂ ਕੋਲ ਕੋਈ ਮਕਾਨ ਜਾਂ ਪਲਾਟ ਨਹੀਂ ਹੈ ਉਨ੍ਹਾਂ ਨੂੰ ਵੀ ਮਕਾਨ ਮਿਲ ਸਕਣ।

ਮੈਂ ਗਿਆਨੀ ਜੀ ਨੂੰ ਬੇਨਤੀ ਕਰਾਂਗਾ ਕਿ ਇਸ ਅਖ਼ਤਿਆਰ ਤੋਂ ਇਲਾਵਾ ਇਸ ਸਬੰਧੀ ਹੋਰ ਵੀ ਜਿਹੜੇ ਕਾਨੂੰਨ ਹਨ ਜਿਹੜੇ ਇਸ ਅਸੈਂਬਲੀ ਦੀ ਜਿਉਰਿਸਡਿਕਸ਼ਨ ਵਿਚ ਆਉਂਦੇ ਹਨ ਔਰ ਅਸੀਂ ਆਪ ਪਾਸ ਕਰ ਸਕਦੇ ਹਾਂ ਉਹ ਵੀ ਲੈ ਆਉਣ ਅਤੇ ਅਸੀਂ ਉਨ੍ਹਾਂ ਨੂੰ ਵੀ ਵੈਲਕਮ ਕਰਾਂਗੇ।

ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਸ਼ਹਿਰਾਂ ਵਿਚ ਬਹੁਤ ਸਾਰੇ ਪਲਾਟ ਖਾਲੀ ਪਏ ਹਨ। ਬਹੁਤ ਸਾਰੇ ਐਸੇ ਲੋਕ ਹਨ ਜਿਨ੍ਹਾਂ ਦੇ ਦਸ ਦਸ ਪਲਾਟ ਪਏ ਹਨ । ਮੈਂ ਅਰਜ਼ ਕਰਾਂਗਾ ਕਿ ਅਗਰ ਉਸ ਮਾਲਕ ਦੇ ਕੋਲ ਕੋਈ ਮਕਾਨ ਨਹੀਂ ਹੈ ਤਾਂ ਉਸ ਦੇ ਲਈ ਸਿਰਫ਼ ਇਕ ਪਲਾਟ ਜ਼ਰੂਰਤ ਮੁਤਾਬਕ ਛੱਡ ਕੇ ਬਾਕੀ ਦੇ ਪਲਾਟ ਰਿਜ਼ਰਵ ਪ੍ਰਾਈਸ ਤੇ ਉਨ੍ਹਾਂ ਗਰੀਬ ਲੋਕਾਂ ਨੂੰ ਦਿੱਤੇ ਜਾਣ ਜਿਨ੍ਹਾਂ ਕੋਲ ਰਹਿਣ ਨੂੰ ਆਪਣਾ ਕੋਈ ਮਕਾਨ ਜਾਂ ਟਿਕਾਣਾ ਨਹੀਂ ਹੈ। ਇਸ ਦੇ ਨਾਲ ਨਾਲ ਮੈਂ ਇਹ ਵੀ ਅਰਜ਼ ਕਰਾਂਗਾ ਕਿ ਪਲਾਟ ਕਿੱਡਾ ਵੱਡਾ ਹੋਵੇ ਇਸ ਦੀ ਵੀ ਹੱਦ ਮੁਕੱਰਰ ਹੋਣੀ ਚਾਹੀਦੀ ਹੈ । ਇਹ ਨਾ ਹੋਵੇ ਕਿ ਇਕ ਨੂੰ ਤਾਂ ਐਡਾ ਵੱਡਾ ਪਲਾਟ ਅਲਾਟ ਕਰ ਦਿੱਤਾ ਜਾਵੇ ਜਿਸ ਦੇ ਵਿਚ ਦਸ ਦਸ ਕੋਠੀਆਂ ਬਣ ਸਕਣ।

ਇਸ ਤੋਂ ਅੱਗੇ ਮੈਂ ਇਕ ਅਰਜ਼ ਇਹ ਕਰਨੀ ਚਾਹੁੰਦਾ ਹਾਂ ਕਿ ਜਿਹੜੀ ਇੰਪਰੂਵਮੈਂਟ ਟਰਸਟ ਜਗ੍ਹਾ ਐਕੁਆਇਰ ਕਰਦੀ ਹੈ ਅਤੇ ਅੱਗੇ ਅਲਾਟਮੈਂਟ ਕਰਦੀ ਹੈ, ਇਸ ਦਾ ਕੰਮ ਠੀਕ ਨਹੀਂ ਚਲ ਰਿਹਾ ਹੈ। ਕਿਉਂਕਿ ਜਿਨ੍ਹਾਂ ਦੇ ਕੋਲ ਆਲਰੇਡੀ ਦੋ ਦੋ ਤਿੰਨ ਤਿੰਨ ਕੋਠੀਆਂ ਹਨ ਉਨ੍ਹਾਂ ਨੂੰ ਉਹ ਹੋਰ ਕੋਠੀਆਂ ਪਾਉਣ ਲਈ ਅਲਾਟ ਕਰ ਦਿੰਦੇ ਹਨ। ਇਹ ਸਿਸਟਮ ਬੰਦ ਹੋਣਾ ਚਾਹੀਦਾ ਹੈ । ਇੰਪਰੂਵਮੈਂਟ ਟਰਸਟ ਨੂੰ ਹਿਦਾਇਤਾਂ ਹੋਣੀਆਂ ਚਾਹੀਦੀਆਂ ਹਨ ਕਿ ਮੁਕੱਰਰ ਕੀਮਤ ਤੇ ਗਰੀਬ ਲੋਕਾਂ ਨੂੰ, ਜਿਨ੍ਹਾਂ ਦੇ ਕੋਲ ਕੋਈ ਪਲਾਟ ਨਹੀਂ, ਕੋਈ ਮਕਾਨ ਨਹੀਂ, ਉਨ੍ਹਾਂ ਨੂੰ ਰਿਜ਼ਰਵ ਪ੍ਰਾਈਸ ਤੇ ਪਲਾਟ ਦਿੱਤੇ ਜਾਣ। ਅਗਰ ਹੋ ਸਕੇ ਤਾਂ ਪਲਾਟ ਬਣਾ ਕੇ ਹਾਇਰ ਪਰਚੇਜ਼ ਬੇਸਿਜ਼ ਤੇ ਮਕਾਨ ਦਿੱਤੇ ਜਾਣ । ਜਿਹੜੀਆਂ ਹੁਣ ਇੰਪਰੂਵਮੈਂਟ ਟਰਸਟ ਦੀਆਂ ਸਕੀਮਾਂ ਚਲ ਰਹੀਆਂ ਹਨ, ਉਨ੍ਹਾਂ ਦਾ ਗਰੀਬ ਲੋਕਾਂ ਨੂੰ ਕੋਈ ਫ਼ਾਇਦਾ ਨਹੀਂ, ਸਿਰਫ਼ ਅਮੀਰਾਂ ਨੂੰ ਹੀ ਫ਼ਾਇਦਾ ਹੈ, ਜਿਨ੍ਹਾਂ ਕੋਲ ਅੱਗੇ ਹੀ ਤਿਨ ਚਾਰ ਕੋਠੀਆਂ ਹਨ । ਜਿਹੜੇ ਕਦਮ ਸਰਕਾਰ ਖ਼ੁਦ ਚੁਕ ਸਕਦੀ ਹੈ, ਉਹ ਚੁਕੇ ਜਾਣੇ ਚਾਹੀਦੇ ਹਨ।

ਸਪੀਕਰ ਸਾਹਿਬ, ਮੈਂ ਇਕ ਹੋਰ ਜ਼ਰੂਰੀ ਗੱਲ ਕਰਨੀ ਚਾਹੁੰਦਾ ਹਾਂ ਜਿਹੜੀ ਕਿ ਇਸ ਰੈਜ਼ੋਲਿਊਸ਼ਨ ਵਿਚ ਨਹੀਂ । ਇਹ ਰੈਜ਼ੋਲਿਊਸ਼ਨ ਜਿਸ ਪਾਰਟੀ ਵਲੋਂ ਆਇਆ ਹੈ, ਜਿਸ ਦਾ ਜ਼ਿਕਰ ਸੰਧੂ ਸਾਹਿਬ ਨੇ ਵੀ ਕੀਤਾ ਹੈ। ਕਾਂਗਰਸ ਪਾਰਟੀ ਨੇ ਅਸੈਂਬਲੀ ਦਾ ਅਜਲਾਸ ਸ਼ੁਰੂ ਹੋਣ ਤੋਂ ਪਹਿਲਾਂ ਇਕ ਰੈਜ਼ੋਲਿਊਸ਼ਨ ਪਾਸ ਕੀਤਾ ਕਿ ਢਾਈ ਲੱਖ ਦੀ ਜਾਇਦਾਦ ਦੀ ਹੱਦ ਮੁਕਰੱਰ ਕੀਤੀ ਜਾਵੇ । ਇਹ ਟ੍ਰਿਬਿਊਨ ਵਿਚ ਵੀ ਛਪਿਆ । ਇਸ ਸਿਲਸਲੇ ਵਿਚ ਦੋ ਤਿੰਨ ਗੱਲਾਂ ਕੀਤੀਆਂ ਗਈਆਂ । ਢਾਈ ਲੱਖ ਸ਼ਹਿਰਾਂ ਦੀ ਜਾਇਦਾਦ ਹੋਵੇ ਅਤੇ ਢਾਈ ਲੱਖ ਹੀ ਪਿੰਡਾਂ ਦੀ ਜਾਇਦਾਦ ਹੋਵੇ । ਪਿੰਡਾਂ ਅਤੇ ਸ਼ਹਿਰਾਂ ਨੂੰ ਇਕੋ ਜਿਹਾ ਕੀਤਾ ਗਿਆ । ਮੈਂ ਗਿਆਨੀ ਜੀ ਨੂੰ ਅਰਜ਼ ਕਰਾਂਗਾ ਕਿ ਅਕਾਲੀ ਪਾਰਟੀ ਨੇ ਇਸ ਚੀਜ਼ ਦਾ ਸੁਆਗਤ ਕੀਤਾ ਅਤੇ ਨਾਲ ਦੀ ਨਾਲ ਇਹ ਵੀ ਕਿਹਾ ਕਿ ਅਗਰ ਜ਼ਮੀਨ ਦੀ ਸੀਲਿੰਗ ਘਟਾਈ ਗਈ ਤਾਂ ਅਸੀਂ ਐਜੀਟੇਸ਼ਨ ਕਰਾਂਗੇ । ਸਪੀਕਰ ਸਾਹਿਬ, ਕਾਂਗਰਸ ਪਾਰਟੀ ਜਿਹੜੀ ਇਹ ਰੈਜ਼ੋਲਿਊਸ਼ਨ ਲੈ ਆਈ ਹੈ ਇਹ ਇਕ ਬੜੀ ਸਿੱਧੀ ਜਿਹੀ ਮੂਵ ਹੈ ਕਿ ਪੰਜਾਬ ਵਿਚ ਸੀਲਿੰਗ ਵੱਧ ਹੈ, ਇਸ ਨੂੰ ਘਟਾਉਣਾ ਹੈ । ਅਕਾਲੀ ਪਾਰਟੀ ਦਾ ਸੀਲਿੰਗ ਘਟਾਉਣ ਤੇ ਐਜੀਟੇਸ਼ਨ ਕਰਨ ਦੇ ਬਿਆਨ ਦੇਣਾ ਇਹ ਇਕ ਜਾਇਜ਼ ਮੰਗ ਨੂੰ ਸੈਬੋਟੇਜ ਕਰਨ ਵਾਲੀ ਗੱਲ ਹੈ । ਮੈਂ ਅਰਜ਼ ਕਰਾਂ ਕਿ ਖੇਤੀ ਬਾੜੀ ਦੀ ਜ਼ਮੀਨ ਅੱਡ ਕਿਸਮ ਦੀ ਜਾਇਦਾਦ ਹੈ, ਇੰਡਸਟਰੀ ਐਂਡ ਜਾਇਦਾਦ ਹੈ, ਪਲਾਟ ਤੇ ਮਕਾਨ ਐਂਡ ਜ਼ਾਇਦਾਦ ਹੈ । ਇਨ੍ਹਾਂ ਨੂੰ ਬਰਾਬਰ ਰਖਣਾ ਮੈਂ ਸਮਝਦਾ ਹਾਂ ਕਿ ਸੈਬੋਟੇਜ ਕਰਨ ਵਾਲੀ ਹੀ ਗੱਲ ਹੋਵੇਗੀ । ਸ਼ਹਿਰਾਂ ਵਿਚ ਲੋਕ ਖੇਤੀ ਤਾਂ ਕਰਦੇ ਨਹੀਂ, ਇਸ ਸੀਲਿੰਗ ਵਿਚ ਉਨ੍ਹਾਂ ਲੋਕਾਂ ਦੇ ਪਲਾਟ ਅਤੇ ਮਕਾਨ ਆਉਣਗੇ । ਪਿੰਡਾਂ ਵਿਚ ਖੇਤੀ ਬਾੜੀ ਦੀ ਜਿਹੜੀ ਜ਼ਮੀਨ ਹੈ ਅਗਰ ਉਸ ਤੇ ਕੋਈ ਮਕਾਨ ਬਣਿਆ ਹੋਇਆ ਹੈ ਉਹ ਇਸ ਸੀਲਿੰਗ ਵਿਚ ਨਹੀਂ ਆਵੇਗਾ, ਉਸ ਦਾ ਆਪਣਾ ਮਕਸਦ ਹੈ, ਜਿਹੜੀ ਜ਼ਮੀਨ ਵਿਚ ਖੇਤੀ ਹੁੰਦੀ ਹੈ ਉਹ ਇਸ ਸੀਲਿੰਗ ਦੇ ਵਿਚ ਵੀ ਨਹੀਂ ਆਉਂਦੀ । ਇਹ ਜਿਹੜੀ ਸ਼ਹਿਰਾਂ ਵਿਚ ਸੀਲਿੰਗ ਹੋਣੀ ਹੈ ਇਹ ਇਕ ਅੱਡ ਕਿਸਮ ਦੀ ਜਾਇਦਾਦ ਹੈ । ਡਿਸਪੈਰਿਟੀ ਨੂੰ ਘੱਟ ਕਰਨ ਲਈ ਇਸ ਕਿਸਮ ਦੀ ਸੀਲਿੰਗ ਲਾਈ ਜਾ ਰਹੀ ਹੈ । ਇਸ ਨੂੰ ਖੇਤੀਬਾੜੀ ਦੀ ਜਾਇਦਾਦ ਨਾਲ, ਬੈਂਕ ਬੈਲੇਂਸ ਨਾਲ, ਸੋਨੇ ਨਾਲ ਕਿਸ ਤਰ੍ਹਾਂ ਬਰਾਬਰ ਲਿਆਇਆ ਜਾ ਸਕਦਾ ਹੈ । ਸੰਧੂ ਸਾਹਿਬ ਨੇ ਕਿਹਾ ਕਿ ਇਸ ਸੀਲਿੰਗ ਦੇ ਨਾਲ ਮੂਵੇਬਲ ਚੀਜ਼ਾਂ ਵੀ ਲਿਖ ਦਿਓ । ਮੈਂ ਕਹਿਣਾ ਚਾਹੁੰਦਾ ਹਾਂ ਕਿ ਮੂਵੇਬਲ ਚੀਜ਼ਾਂ ਕਿਸ ਤਰ੍ਹਾਂ ਨਾਲ ਆ ਸਕਦੀਆਂ ਹਨ । ਮੂਵੇਬਲ ਵਿਚ ਤਾਂ ਕਪੜੇ ਵੀ ਆ ਜਾਂਦੇ ਹਨ । ਮੈਂ ਮੰਨਦਾ ਹਾਂ ਕਿ ਮੂਵੇਬਲ ਪਰਾਪਰਟੀ ਤੇ ਸੀਲਿੰਗ ਕੀਤੀ ਜਾਏ । ਪਰ ਇਸ ਵਿਚ ਬੈਂਕ ਬੈਲੇਂਸਿਜ਼, ਸੋਨਾ ਆਦਿ ਜਿਹੀਆਂ ਚੀਜ਼ਾਂ ਆ ਸਕਦੀਆਂ ਹਨ । ਮੈਂ ਕਹਿੰਦਾ ਹਾਂ ਕਿ ਉਨ੍ਹਾਂ ਤੇ ਵੀ ਸੀਲਿੰਗ ਹੋਣੀ ਚਾਹੀਦੀ ਹੈ । ਇਹ ਇਕ ਸੈਪੇਰੇਟ ਇਸ਼ੂ ਹੈ ।

ਮੈਂ ਅਰਜ਼ ਕਰਦਾ ਹਾਂ ਕਿ ਜਿਸ ਵੇਲੇ ਪਿੰਡਾਂ ਵਿਚ ਸੀਲਿੰਗ ਦੀ ਗੱਲ ਆਉਂਦੀ ਸੀ, ਜ਼ਮੀਨਾਂ ਦੀ ਹੱਦ ਘਟਾਉਣ ਦੀ ਗੱਲ ਆਉਂਦੀ ਸੀ ਤਾਂ ਮੇਰੇ ਅਕਾਲੀ ਭਰਾ ਇਹ ਕਹਿ ਦਿੰਦੇ ਸਨ ਕਿਉਂ ਜੋ ਸ਼ਹਿਰਾਂ ਦੇ ਵਿਚ ਕੋਈ ਸੀਲਿੰਗ ਨਹੀਂ ਹੈ ਇਸ ਲਈ ਪਿੰਡਾਂ ਦੇ ਵਿਚ ਕੋਈ ਸੀਲਿੰਗ ਨਹੀਂ ਘਟਾਈ ਜਾਏਗੀ । ਜਿਸ ਵੇਲੇ ਸ਼ਹਿਰਾਂ ਦੀ ਗੱਲ ਆਈ, ਤਾਂ ਅਸੀਂ ਕਿਹਾ ਕਿ ਫੰਡਾਮੈਂਟਲ ਰਾਈਟਸ ਨੂੰ ਅਮੈਂਡ ਕੀਤਾ ਜਾਏ ਤਾਂ ਸਰਦਾਰ ਗੁਰਨਾਮ ਸਿੰਘ ਜੀ ਕਹਿਣ ਲਗੇ ਕਿ ਮੈਂ ਸ਼ਹਿਰਾਂ ਦੀ ਜਾਇਦਾਦ ਦੀ ਸੀਲਿੰਗ ਦੇ ਖ਼ਿਲਾਫ਼ ਹਾਂ, ਕਿਉਂਕਿ ਉਨ੍ਹਾਂ ਦੀ ਸ਼ਹਿਰਾਂ ਵਿਚ ਬਹੁਤ ਜਾਇਦਾਦ ਬਣ ਗਈ । ਹੁਣ ਇਹ ਕਹਿਣਾ ਕਿ ਇਮਮੂਵੇਬਲ ਦੇ ਨਾਲ ਮੂਵੇਬਲ ਲਿਖ ਦਿਓ ਮੈਂ ਸਮਝਦਾ ਹਾਂ ਕਿ ਇਹ ਸੈਬੋਟੇਜ ਕਰਨ ਦਾ ਤਰੀਕਾ ਹੈ । ਐਗਰੇਰੀਅਨ ਰਿਫ਼ਾਰਮਜ਼ ਅੱਡ ਚੀਜ਼ ਹੈ, ਵੱਡੀ ਇੰਡਸਟਰੀਜ਼ ਨੂੰ ਨੈਸ਼ਨੇਲਾਈਜ਼ ਕਰਨਾ ਅੱਡ

[ਕਾਮਰੇਡ ਸੱਤ ਪਾਲ ਡਾਂਗ]

ਜ਼ਾਇਦਾਦ ਹੈ । ਬੈਂਕ ਬੈਲੇਂਸਿਜ਼ ਤੇ ਲਿਮਟ ਲਗਾਉਣਾ ਜਾਂ ਸੋਨੇ ਤੇ ਲਗਾਉਣਾ ਇਹ ਅੱਡ ਜਾਇਦਾਦ ਹੈ । ਮੈਂ ਅਰਜ਼ ਕਰਦਾ ਹਾਂ ਕਿ ਇਨ੍ਹਾਂ ਚੀਜ਼ਾਂ ਨੂੰ ਇਸ ਵਕਤ ਲਿਆ ਕੇ ਇਸ ਰੈਜ਼ੋਲਿਊਸ਼ਨ ਨੂੰ ਸੈਬੋਟੇਜ ਕਰਨ ਦੀ ਕੋਸ਼ਿਸ਼ ਨਾ ਕੀਤੀ ਜਾਏ ।

ਮੈਂ ਗਿਆਨੀ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਢਾਈ ਲੱਖ ਦੀ ਸੀਲਿੰਗ ਪੰਜਾਬ ਵਿਚ ਲਾਉਣ ਬਾਰੇ ਕਹਿ ਰਹੇ ਹਨ ਅਤੇ ਇਸ ਬਾਰੇ ਪਾਰਲੀਮੈਂਟ ਨੂੰ ਅਖ਼ਤਿਆਰ ਦੇ ਰਹੇ ਹਨ । ਅਗਰ ਪਾਰਲੀਆਮੈਂਟ ਨੇ ਢਾਈ ਲੱਖ ਦੀ ਬਜਾਏ ਚਾਰ ਜਾਂ ਪੰਜ ਲੱਖ ਤੇ ਸੀਲਿੰਗ ਮੁਕਰੱਰ ਕਰ ਦਿਤੀ ਤਾਂ ਫਿਰ ਗਿਆਨੀ ਜੀ ਕਹਿਣਗੇ ਕਿ ਪਿੰਡਾਂ ਵਿਚ ਵੀ ਉਸ ਦੇ ਮੁਤਾਬਕ ਕਰ ਦਿੱਤੀ ਜਾਏ । ਮੈਂ ਦੱਸਣਾ ਚਾਹੁੰਦਾ ਹਾਂ ਕਿ ਕਈ ਜ਼ਿਲ੍ਹੇ ਐਸੇ ਹਨ ਜਿਨ੍ਹਾਂ ਵਿਚ ਢਾਈ ਲੱਖ ਨਾਲ ਮੌਜੂਦਾ ਸੀਲਿੰਗ ਤੋਂ ਕਿਤੇ ਵੱਧ ਜ਼ਮੀਨ ਖਰੀਦੀ ਜਾ ਸਕਦੀ ਹੈ । ਇਸ ਕਰਕੇ ਮੈਂ ਬੇਨਤੀ ਕਰਦਾ ਹਾਂ ਕਿ ਇਹ ਦੋਨੋਂ ਚੀਜ਼ਾਂ ਆਪਸ ਵਿਚ ਲਿੰਕ ਨਹੀਂ ਹੋ ਸਕਦੀਆਂ ।

ਇਹ ਆਪੋ ਆਪਣੀ ਥਾਂ ਹਨ । ਦੋਨੋਂ ਮਸਲੇ ਜੁਦਾ ਜੁਦਾ ਹਨ ਅਤੇ ਇਨ੍ਹਾਂ ਨੂੰ ਮਿਕਸ ਅੱਪ ਨਹੀਂ ਕਰਨਾ ਚਾਹੀਦਾ ।

ਫਿਰ ਪਿੰਡਾਂ ਵਿਚ ਐਗਰੇਰੀਅਨ ਰੀਫਾਰਮਜ਼ ਦਾ ਸਵਾਲ ਹੈ । ਸਪੀਕਰ ਸਾਹਿਬ, ਪਿੰਡਾਂ ਦੀ ਤਰੱਕੀ ਐਗਰੇਰੀਅਨ ਰੀਫਾਰਮਜ਼ ਉੱਤੇ ਡੀਪੈਂਡ ਕਰਦੀ ਹੈ । ਬਲਕਿ ਪਿੰਡਾਂ ਦੀ ਤਰੱਕੀ ਦਾ ਆਧਾਰ ਹੀ ਐਗਰੇਰੀਅਨ ਰੀਫਾਰਮਜ ਹੈ । ਅਤੇ ਜਦੋਂ ਤਕ ਐਗਰੇਰੀਅਨ ਰੀਫਾਰਮਜ ਨਹੀਂ ਹੁੰਦਾ ਪਿੰਡਾਂ ਵਿਚ ਪੈਸਾ ਨਹੀਂ ਆ ਸਕਦਾ ਅਤੇ ਪਿੰਡਾਂ ਦੀ ਤਰੱਕੀ ਨਹੀਂ ਹੋ ਸਕਦੀ । ਪਰ, ਸਪੀਕਰ ਸਾਹਿਬ, ਉਹ ਲੋਕ ਜਿਨ੍ਹਾਂ ਦੇ ਇਹ ਚੀਜ਼ ਇੰਟਰੈਸਟ ਵਿਚ ਨਹੀ ਜਾਂਦੀ ਉਹ ਉਸ ਦੇ ਮਕਸਦ ਨੂੰ ਸੈਬੋਟੇਜ ਕਰਨਾ ਚਾਹੁੰਦੇ ਹਨ । ਇਸ ਲਈ ਮੈਂ ਸਪੀਕਰ ਸਾਹਿਬ, ਤੁਹਾਡੀ ਰਾਹੀਂ ਗਿਆਨੀ ਜੀ ਨੂੰ ਬੇਨਤੀ ਕਰਾਂਗਾ ਕਿ ਇਸ ਮਸਲੇ ਨੂੰ ਸੈਬੋਟੇਜ ਕੀਤਾ ਜਾ ਰਿਹਾ ਹੈ ਜਿਹੜਾ ਕਿ ਨਹੀਂ ਹੋਣਾ ਚਾਹੀਦਾ ।

ਦੂਜੇ ਪਾਸੇ ਪੰਜਾਬ ਵਿਚ ਜ਼ਮੀਨ ਦਾ ਸਵਾਲ ਹੈ । ਕਿਧਰੇ ਪੈਪਸੂ ਦਾ ਕਾਨੂੰਨ ਹੈ, ਔਰ ਕਿਧਰੇ ਪੰਜਾਬ ਦਾ ਕਾਨੂੰਨ ਹੈ । ਮੇਰੀ ਗੁਜ਼ਾਰਸ਼ ਹੈ ਕਿ ਇਨ੍ਹਾਂ ਨੂੰ ਇਕ ਕਰ ਦਿੱਤਾ ਜਾਏ ਔਰ ਸੀਲਿੰਗ ਸਮੇਂ ਨਾ ਕੋਈ ਬਾਗ ਅਤੇ ਨਾ ਹੀ ਕਿਸੇ ਫਾਰਮ ਵਗੈਰਾ ਤੇ ਛੋਟ ਹੋਵੇ ।

ਫਿਰ ਸੀਲਿੰਗ ਦਾ ਆਧਾਰ ਫੈਮਿਲੀ ਹੋਵੇ । ਮੀਆਂ ਬੀਵੀ ਔਰ ਤਿੰਨ ਨਾਬਾਲਗ ਬੱਚਿਆਂ ਲਈ 30 ਸਟੈਂਡਰਡ ਏਕੜ ਬਹੁਤ ਜ਼ਿਆਦਾ ਹੈ । ਫਿਰ ਮੀਆਂ ਬੀਵੀ ਔਰ ਤਿੰਨ ਨਾਬਾਲਗ ਬੱਚਿਆਂ ਨੂੰ ਇਕ ਫੈਮਿਲੀ ਟਰੀਟ ਕੀਤਾ ਜਾਵੇ ਔਰ ਅਜਿਹੀ ਪੰਜ ਮੈਂਬਰੀ ਫੈਮਿਲੀ ਦੀ ਹੱਦ 20 ਸਟੈਂਡਰਡ ਏਕੜ ਹੋਵੇ । ਅਗਰ ਕੋਈ ਵੱਡੀ ਫੈਮਿਲੀ ਹੈ ਤਾਂ ਲਿਮਿਟ ਵਧਾ ਦਿਓ ਲੇਕਿਨ ਵੱਧ ਤੋਂ ਵੱਧ 30 ਸਟੈਂਡਰਡ ਏਕੜ ਹੋਵੇ ।

ਭਾਵੇਂ ਸ਼ਹਿਰੀ ਜਾਇਦਾਦ ਹੋਵੇ, ਭਾਵੇਂ ਪੇਂਡੂ ਉਸ ਨੂੰ ਸੀਲਿੰਗ ਤੋਂ ਬਚਾਉਣ ਲਈ ਲੋਕ ਬਨਾਮੀਂ ਕਰ ਦਿੰਦੇ ਹਨ । ਇਸ ਲਈ ਸਪੀਕਰ ਸਾਹਿਬ, ਮੈਂ ਸਰਕਾਰ ਪਾਸ ਬੇਨਤੀ ਕਰਾਂਗਾ ਕਿ ਕੋਈ ਵੀ ਕਾਨੂੰਨ ਹੋਵੇ ਉਹ ਰੀਟਰੋਸਪੈਕਟਿਵਲੀ ਹੋਵੇ । ਜਿਸ ਦਿਨ ਦੀ ਸੀਲਿੰਗ ਦੀ ਚਰਚਾ ਸ਼ੁਰੂ ਹੋਈ ਹੈ ਉਸ ਦਿਨ ਤੋਂ ਜਿਤਨੀਆਂ ਬਨਾਮੀਂ ਟਰਾਂਜ਼ੈਕਸ਼ਨਜ਼ ਹੁੰਦੀਆਂ ਹਨ ਉਹ ਸਭ ਦੀਆਂ ਸਭ ਅਨ-ਆਥੋਰਾਈਜ਼ਡ

ਕੀਤੀਆਂ ਜਾਣ । ਸਪੀਕਰ ਸਾਹਿਬ, ਤੁਸੀਂ ਵੀ ਅਖਬਾਰਾਂ ਵਿਚ ਪੜ੍ਹਿਆ ਹੋਵੇਗਾ ਕਿ ਰਾਜਸਥਾਨ ਵਿਚ ਕੀ ਹੋਇਆ । ਉਥੇ ਕਿਸ ਤਰ੍ਹਾਂ ਨਾਲ ਅਫੈਕਟਿਡ ਲੋਕਾਂ ਨੇ ਜਾਇਦਾਦ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ । ਇਥੋਂ ਤਕ ਕਿ ਉਥੇ ਮੱਝਾਂ ਤਕ ਵੀ ਬਨਾਮੀ ਹੋਈਆਂ । ਇਸ ਲਈ ਕਾਨੂੰਨ ਜਦੋਂ ਬਣੇ ਉਸ ਦਾ ਇਫੈਕਟ ਰੀਟਰੋਸਪੈਕਟਿਵਲੀ ਹੋਵੇ । ਔਰ ਉਸ ਸਮੇਂ ਦੇ ਦੌਰਾਨ ਵਿਚ ਜਿਤਨੀਆਂ ਬਨਾਮੀ ਟਰਾਂਜ਼ੈਕਸ਼ਨਜ਼ ਹੋਈਆਂ ਹੋਣ ਉਹ ਸਭ ਨੱਲ ਐਂਡ ਵਾਇਡ ਡਿਕਲੇਅਰ ਹੋਣ ਨਹੀਂ ਤਾਂ ਅਸੀਂ ਕਾਨੂੰਨ ਦਾ ਮਕਸਦ ਹਾਸਲ ਨਹੀਂ ਕਰ ਸਕਾਂਗੇ ।

ਮੇਰੀ ਦੂਜੀ ਅਮੈਂਡਮੈਂਟ ਹੈ "ਟੂ ਰੀਮੂਵ ਡਿਸਪੈਰਿਟੀ" ਦੀ ਬਜਾਏ "ਟੂ ਲੈਸਿਨ ਡਿਸਪੈਰਿਟੀ ।" ਅਗਰ ਸ਼ਹਿਰੀ ਜਾਇਦਾਦ ਮੁਕੱਰਰ ਹੋ ਜਾਵੇ ਤਾਂ ਮੇਰੇ ਖਿਆਲ ਮੁਤਾਬਿਕ ਡਿਸਪੈਰਿਟੀ ਬਿਲਕੁਲ ਰੀਮੂਵ ਨਹੀਂ ਹੋ ਜਾਂਦੀ ਸਗੋਂ ਘੱਟ ਜਾਏਗੀ । ਇਸ ਲਈ ਡਿਸਪੈਰਿਟੀ ਘਟਾਉਣ ਦੇ ਵਿਚ ਇਹ ਇਕ ਇਹੋ ਜਿਹਾ ਔਰ ਸਹੀ ਕਦਮ ਹੋਵੇਗਾ । ਸੋ ਮੇਰੀ ਗੁਜ਼ਾਰਸ਼ ਹੈ ਕਿ ਇਹੋ ਹੀ ਕਿਹਾ ਜਾਵੇ ਕਿ ਇਹ ਡਿਸਪੈਰਿਟੀ ਘਟਾਉਣ ਲਈ ਇਕ ਕਦਮ ਹੈ । ਡਿਸਪੈਰਿਟੀ ਖਤਮ ਕਰਨਾ ਤਾਂ ਇਕ ਹੋਰ ਗੱਲ ਹੋਵੇਗੀ । ਤੇ, ਸਪੀਕਰ ਸਾਹਿਬ, ਮੇਰੀਆਂ ਇਹ ਦੋਵੇਂ ਅਮੈਂਡਮੈਂਟਾਂ ਮਨਜ਼ੂਰ ਕਰ ਲੈਣ ।

ਇਹ ਠੀਕ ਹੈ ਕਿ ਇਹ ਇਕ ਸਾਂਝੀ ਪਾਰਟੀ ਦਾ ਸਵਾਲ ਹੈ ਔਰ ਵੱਧ ਤੋਂ ਵੱਧ ਸਾਰੇ ਹਿੰਦੋਸਤਾਨ ਵਿਚ ਇਸ ਮਸਲੇ ਤੇ ਇਕ ਸਾਂਝਾ ਕਾਨੂੰਨ ਬਣੇ, ਇਹ ਇਕ ਦਰੁਸਤ ਮੰਗ ਹੈ ।

Mr. Speaker : Motion moved—

In the Resolution, in line 4, for "remove" substitute "lessen."

Mr. Speaker : Motion moved—

In the Resolution, in lines 4-5, delete "and bring about socialism in the State."

ਸਰਦਾਰ ਦਰਸ਼ਨ ਸਿੰਘ ਕੇ. ਪੀ. (ਜਮਸ਼ੇਰ ਐਸ. ਸੀ.) : ਸਪੀਕਰ ਸਾਹਿਬ, ਸਿੱਖਿਆ ਮੰਤਰੀ ਸਰਦਾਰ ਉਮਰਾਓ ਸਿੰਘ ਜੀ ਨੇ ਜੋ ਮਤਾ ਪੇਸ਼ ਕੀਤਾ ਹੈ ਮੈਂ ਉਸ ਦੀ ਵਧਾਈ ਦੇਣ ਲਈ ਖੜਾ ਹੋਇਆ ਹਾਂ । (ਤਾੜੀਆਂ) ਜੋ ਮਤਾ ਦੇਸ਼ ਵਾਸਤੇ, ਉਨ੍ਹਾਂ ਕਿਸਾਨਾਂ ਵਾਸਤੇ ਜੋ ਸਦੀਆਂ ਤੋਂ ਦੱਬੇ ਹੋਏ ਸਨ, ਉਨ੍ਹਾਂ ਦੀ ਅਗਵਾਈ ਵਾਸਤੇ ਅੱਜ ਸਦਨ ਵਿਚ ਪੇਸ਼ ਹੋਇਆ ਹੈ ਮੈਂ ਉਸ ਲਈ ਦਿਲੋਂ ਧੰਨਵਾਦ ਕਰਦਾ ਹਾਂ ।

ਮੇਰੇ ਮਨ ਵਿਚ ਬੜੀ ਖੁਸ਼ੀ ਹੈ ਕਿ ਸਾਡੇ ਹਿੰਦੋਸਤਾਨ ਦੀ ਪ੍ਰਧਾਨ ਮੰਤਰੀ ਜੀ ਨੇ ਦੇਸ਼ ਦੀ ਗਰੀਬੀ ਹਟਾਓ ਦਾ ਇਕ ਨਾਹਰਾ ਲਗਾਇਆ ਔਰ ਉਸ ਨੂੰ ਸਫਲ ਕਰਨ ਵਾਸਤੇ ਸ਼ਹਿਰੀ ਜਾਇਦਾਦ ਦੀ ਹੱਦ ਢਾਈ ਲੱਖ ਕਰਨ ਦਾ ਜੋ ਜ਼ਿਕਰ ਕੀਤਾ ਹੈ ਉਸ ਦੇ ਸਬੰਧ ਵਿਚ ਮੈਂ ਇਹ ਕਹਾਂਗਾ ਕਿ ਢਾਈ ਲੱਖ ਦੀ ਗੱਲ ਤਾਂ ਬਹੁਤ ਵੱਡੀ ਹੈ । ਲੱਖ ਦਾ ਨਾਂ ਲੈਣਾ ਹੀ ਦੇਸ਼ ਵਾਸੀਆਂ ਵਾਸਤੇ ਔਖਾ ਹੈ । (ਤਾੜੀਆਂ) ਮੈਂ ਤਾਂ ਕਹਾਂਗਾ ਕਿ ਇਹ ਹੱਦ ਅੱਧ ਲੱਖ ਹੋਵੇ (ਤਾੜੀਆਂ) ਅਤੇ ਕਿਸੇ ਵੀ ਸੂਰਤ ਵਿਚ ਇਹ ਪੰਜਾਬ ਵਿਚ ਇਕ ਲੱਖ ਤੋਂ ਵੱਧ ਨਹੀਂ ਹੋਣੀ ਚਾਹੀਦੀ ।

ਏਥੇ ਬੰਗਲਾ ਦੇਸ਼ ਦਾ ਰੇਜ਼ੋਲਿਊਸ਼ਨ ਆਇਆ ਅਤੇ ਉਸ ਵਿਚ ਲੋਕਾਂ ਦੇ ਨਾਮ, ਦੇਸ਼ ਦੇ ਇਕੋ ਇਕ ਲੀਡਰ ਦੇ ਨਾਮ, ਅਤੇ ਇਨਸਾਨੀਅਤ ਨੂੰ ਬਲੰਦ ਕਰਨ ਦੇ ਨਾਮ ਤੇ ਜਿਸ ਤਰ੍ਹਾਂ ਮੇਰੇ ਵੀਰਾਂ ਨੇ ਹਿੱਸਾ ਪਾਇਆ ਹੈ ਮੈਂ ਖੁਸ਼ ਹਾਂ । ਪਰ ਸਾਨੂੰ ਦੇਸ਼ ਵਿਚ ਵੱਸਣ ਵਾਲਿਆਂ ਨੂੰ ਹੁਣ ਇਹ ਗੱਲ ਮਲਮ ਹੋ

[ਸਰਦਾਰ ਦਰਸ਼ਨ ਸਿੰਘ ਕੇ. ਪੀ.]

ਜਾਣੀ ਚਾਹੀਦੀ ਹੈ ਕਿ ਕਿਸੇ ਦੇ ਪਾਸ ਕਿਤਨੀ ਜ਼ਮੀਨ ਹੈ, ਕਿਸੇ ਦੇ ਪਾਸ ਕਿਤਨਾ ਪੈਸਾ ਲੌਕਰਾਂ ਵਿਚ ਬੰਦ ਪਿਆ ਹੈ। ਉਨ੍ਹਾਂ ਲੋਕਾਂ ਨੇ ਦੇਸ਼ ਵਿਚ ਅੰਧੇਰ ਪਾਇਆ ਹੋਇਆ ਹੈ । ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਅੱਜ ਸਾਡੀ ਪਾਰਲੀਮੈਂਟ ਵਿਚ ਮਜ਼ਬੂਤ ਸਰਕਾਰ ਹੈ ਔਰ ਬਹੁ-ਗਿਣਤੀ ਵਿਚ ਸਟੇਟਾਂ ਵਿਚ ਵੀ ਸਰਕਾਰਾਂ ਮਜ਼ਬੂਤ ਹੋਈਆਂ ਹਨ । ਇਸ ਤੋਂ ਪਹਿਲਾਂ ਜੋ ਪੰਜ ਸਾਲਾਂ ਵਿਚ ਸਰਕਾਰਾਂ ਪੰਜਾਬ ਵਿਚ ਆਈਆਂ ਉਹ ਲੋਕ ਹਿਤੂ ਨਹੀਂ ਸਨ । ਪਹਿਲੇ 1967 ਵਿਚ ਸਰਕਾਰ ਬਣੀ ਅਤੇ ਫਿਰ 1969 ਵਿਚ ਅਕਾਲੀ ਸਰਕਾਰ-ਬਣੀ ਅਤੇ ਮੈਂ ਵੀ ਲੋਕਾਂ ਦੇ ਪ੍ਰਤੀਨਿਧ ਦੇ ਤੌਰ ਤੇ ਚੁਣ ਕੇ ਆਉਂਦਾ ਰਿਹਾ ਹਾਂ । ਮੈਂ ਇਸੇ ਹਾਊਸ ਵਿਚ ਬਹੁਤ ਕੁਝ ਵੇਖਿਆ ਹੈ ਲੇਕਿਨ ਜੋ ਅੱਜ ਸਰਕਾਰ ਬਣੀ ਹੈ ਇਹ ਲੋਕਾਂ ਦੀ ਨੁਮਾਇੰਦਗੀ ਕਰੇਗੀ, ਗਰੀਬਾਂ ਦੀ ਨੁਮਾਇੰਦਾ ਹੋਵੇਗੀ ਔਰ ਹਰੀਜਨਾਂ ਦੀ ਆਵਾਜ਼ ਹੋਵੇਗੀ । (ਵਿਘਨ)

ਸਪੀਕਰ ਸਾਹਿਬ, ਜੇ ਮੇਰੇ ਅਕਾਲੀ ਭਾਈ ਗੁੱਸਾ ਨਾ ਕਰਨ ਇਨ੍ਹਾਂ ਨੇ ਹਰੀਜਨਾਂ ਦੇ ਕਲਿਆਣ ਲਈ ਇਕ ਕਾਰਪੋਰੇਸ਼ਨ ਵੀ ਬਣਾਈ ਪਰ ਹਰੀਜਨਾਂ ਨੂੰ ਜ਼ਮੀਨ ਦੇਣ ਦਾ ਮਸਲਾ ਉਸੇ ਤਰ੍ਹਾਂ ਹੀ ਤੁਰਿਆ ਫਿਰਦਾ ਹੈ । ਇਹ ਕਾਰਪੋਰੇਸ਼ਨ ਪੰਜ ਕਰੋੜ ਰੁਪਏ ਨਾਲ ਬਣੀ । ਇਹ ਰੁਪਏ ਹਰੀਜਨਾਂ ਦੀ ਬਹਿਬੂਦੀ ਵਾਸਤੇ ਕਰਜ਼ੇ ਦੇਣ ਲਈ ਰਖੇ । ਪੰਜ ਪਰਸੈਂਟ ਇੰਟਰੈਸਟ ਦੀ ਦਰ ਰਖੀ ਗਈ ਪਰ ਹਕੀਕਤ ਇਹ ਹੈ ਕਿ ਕਾਗਜ਼ $7\frac{1}{2}\%$ ਇੰਟਰੈਸਟ ਦੇ ਹਿਸਾਬ ਨਾਲ ਭਰੇ ਜਾਂਦੇ ਹਨ । (ਵਿਘਨ) ਮੈਂ ਅਕਾਲੀ ਰਾਜ ਦੀ ਗੱਲ ਕਰਦਾ ਹਾਂ ।

ਆਵਾਜ਼ਾ : ਗਲਤ, ਗਲਤ । (ਵਿਘਨ)

ਸਰਦਾਰ ਦਰਸ਼ਨ ਸਿੰਘ ਕੇ. ਪੀ. : ਤੇ, ਸਪੀਕਰ ਸਾਹਿਬ, ਮੈਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਕਾਰਪੋਰੇਸ਼ਨ ਲੋਕਾਂ ਦੇ ਛੋਟੇ ਕਾਰੋਬਾਰ ਵਾਸਤੇ ਕਾਇਮ ਕੀਤੀ ਗਈ ਸੀ । (ਵਿਘਨ) ਕਿਉਂਕਿ ਸਾਨੂੰ ਪਤਾ ਸੀ ਕਿ ਸਾਡੀ ਸਰਕਾਰ ਆ ਜਾਣੀ ਹੈ......(ਵਿਘਨ)

ਆਵਾਜ਼ਾਂ : ਪਰ ਇਹ ਤਾਂ ਕਾਂਗਰਸ ਦੀ ਸਰਕਾਰ ਹੈ ਤੁਹਾਡੀ ਨਹੀਂ ।

ਸਰਦਾਰ ਦਰਸ਼ਨ ਸਿੰਘ ਕੇ. ਪੀ : ਸਪੀਕਰ ਸਾਹਿਬ, ਲੋਕਾਂ ਦੇ ਫਾਇਦੇ ਦੀ ਜਿਹੜੀ ਵੀ ਸਰਕਾਰ ਆਵੇ ਮੈਂ ਉਸ ਨੂੰ ਵੈਲਕਮ ਕਰਦਾ ਹਾਂ । (ਵਿਘਨ) ਮੈਂ ਸਮਝਦਾ ਹਾਂ ਕਿ ਕਾਰਪੋਰੇਸ਼ਨ ਬਣੀ ਹੈ ਲੋਕਾਂ ਵਾਸਤੇ ਕਰਜ਼ੇ ਲੈਣ ਲਈ ਤਾਂਕਿ ਛੋਟੇ ਆਦਮੀ ਆਪਣੇ ਕਾਰੋਬਾਰ ਚਲਾ ਕੇ ਗੁਜ਼ਾਰਾ ਕਰ ਸਕਣ । ਪਰ, ਸਪੀਕਰ ਸਾਹਿਬ, ਮੈਂ ਇਹ ਬੜੇ ਦੁਖ ਨਾਲ ਕਹਿੰਦਾ ਹਾਂ ਕਿ ਕਰਜ਼ੇ ਦੀ ਰਕਮ ਦੇ ਸਾਢੇ ਸੱਤ ਫੀ ਸਦੀ ਇੰਟਰੈਸਟ ਦੀ ਦਰ ਬਹੁਤ ਜ਼ਿਆਦਾ ਹੈ । ਇਥੇ ਹੀ ਬਸ ਨਹੀਂ; ਨਾਲ ਹੀ ਜਦੋਂ ਕਾਗਜ਼ ਪੇਸ਼ ਹੁੰਦਾ ਹੈ ਤਾਂ, ਸਪੀਕਰ ਸਾਹਿਬ, ਉਸ ਸਮੇਂ ਸਟੈਂਪ ਡਿਊਟੀ ਵੀ ਲਗਾਈ ਜਾਂਦੀ ਹੈ ਜਿਹੜੀ ਕਿ ਮੈਂ ਬੇਨਤੀ ਕਰਦਾ ਹਾਂ ਕਿ ਨਹੀਂ ਹੋਣੀ ਚਾਹੀਦੀ । ਔਰ ਵਿਆਜ ਦੀ ਦਰ ਵੀ ਘੱਟ ਹੋਣੀ ਚਾਹੀਦੀ ਹੈ ।

ਮੈਂ ਆਪਣੀ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਮਾਮਲੇ ਵਿਚ ਛਾਣ-ਬੀਣ ਕਰੇ । ਕੋਈ ਸਟੈਂਪ ਡਿਊਟੀ ਨਹੀਂ ਹੋਣੀ ਚਾਹੀਦੀ । ਦੂਸਰੀ ਗੱਲ ਇਹ ਹੈ ਕਿ ਜਿਹੜੀਆਂ ਜ਼ਮਾਨਤ ਆਦਿ ਫਜ਼ੂਲ ਗੱਲਾਂ ਹਨ, ਉਹ ਵੀ ਨਹੀਂ ਹੋਣੀਆਂ ਚਾਹੀਦੀਆਂ । ਆਦਮੀ ਦਾ ਸਰਟੀਫੀਕੇਟ ਦੇਖੋ, ਇਹ ਵੇਖੋ ਕਿ

ਕੰਮ ਕਰਦਾ ਹੈ ।

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਕੀ ਕੇ. ਪੀ. ਸਾਹਿਬ ਰੈਜ਼ੋਲਿਊਸ਼ਨ ਤੇ ਰੈਲੇਵੇਂਟ ਬੋਲ ਰਹੇ ਹਨ, ਮੈਂ ਤੁਹਾਡੀ ਰੂਲਿੰਗ ਚਾਹੁੰਦਾ ਹਾਂ ? ਜੋ ਹਰੀਜਨਾਂ ਬਾਰੇ ਗੱਲਾਂ ਕਰ ਰਹੇ ਹਨ, ਉਹ ਚੰਗੀਆਂ ਹਨ । ਪਰ ਕੀ ਇਹ ਰੈਲੇਵੇਂਟ ਹੈ ?

ਸ੍ਰੀ ਸਪੀਕਰ : ਕੇ. ਪੀ. ਸਾਹਿਬ, ਰੈਜ਼ੋਲਿਊਸ਼ਨ ਦੇ ਸਬੰਧ ਵਿਚ ਬੋਲੋ ।(Please speak on the resolution.)

ਸਰਦਾਰ ਦਰਸ਼ਨ ਸਿੰਘ ਕੇ. ਪੀ. : ਸਪੀਕਰ ਸਾਹਿਬ, ਇਹ ਰੈਜ਼ੋਲਿਊਸ਼ਨ ਗਰੀਬਾਂ ਲਈ ਹੈ, ਅਮੀਰਾਂ ਲਈ ਨਹੀਂ । ਅਕਾਲੀ ਵੀਰ ਅਮੀਰ ਹਨ ਇਸ ਲਈ ਇਨ੍ਹਾਂ ਨੂੰ ਇਸ ਰੈਜ਼ੋਲਿਊਸ਼ਨ ਦੇ ਲਿਆਉਣ ਤੇ ਦੁਖ ਹੈ (ਵਿਘਨ) । ਸਪੀਕਰ ਸਾਹਿਬ, ਅੱਜ ਦੇਸ਼ ਦੀ ਇਹ ਹਾਲਤ ਹੈ ਤਾਂ ਹੀ ਇਹ ਰੈਜ਼ੋਲਿਊਸ਼ਨ ਪੇਸ਼ ਕੀਤਾ ਗਿਆ ਹੈ । ਸਾਨੂੰ ਸੈਂਟਰ ਦੀ ਸਰਕਾਰ ਨੂੰ ਇਹ ਰੈਜ਼ੋਲਿਊਸ਼ਨ ਜਲਦੀ ਭੇਜਣਾ ਚਾਹੀਦਾ ਹੈ । ਮੈਂ ਤਾਂ ਕਹਿੰਦਾ ਹਾਂ ਕਿ ਤਿੰਨਾਂ ਮਹੀਨਿਆਂ ਬਾਦ ਜਦੋਂ ਸੈਸ਼ਨ ਆਉਣਾ ਹੈ ਉਸ ਦੇ ਆਉਣ ਤਕ ਇਹ ਰੈਜ਼ੋਲਿਊਸ਼ਨ ਪ੍ਰਵਾਨ ਹੋਇਆ ਹੋਣਾ ਚਾਹੀਦਾ ਹੈ ਤਾਂਕਿ ਅਸੀਂ ਲੋਕਾਂ ਨੂੰ ਦੱਸ ਸਕੀਏ ਕਿ ਕਾਂਗਰਸ ਪਾਰਟੀ ਨੇ ਰੈਜ਼ੋਲਿਊਸ਼ਨ ਸੈਂਟਰ ਨੂੰ ਭੇਜਿਆ ਔਰ ਮਨਜ਼ੂਰੀ ਆ ਗਈ ਜਿਸ ਨੂੰ ਕਿ ਅਕਾਲੀ ਵੀਰ ਕਰ ਨਹੀਂ ਸਕੇ ਸਨ । ਇਹ ਵਿਚਾਰੇ ਤਾਂ ਜ਼ਮੀਨਾਂ ਖਰੀਦਣ, ਗਾਰਡਨ ਔਰ ਬਾਗਾਂ ਬਣਾਉਣ ਦੇ ਚੱਕਰਾਂ ਵਿਚ ਫਸੇ ਰਹੇ । ਨਕਸਲਬਾੜੀ ਕਹਿ ਕੇ ਗਰੀਬ ਆਦਮੀਆਂ ਨੂੰ ਮਾਰਿਆ ਗਿਆ । ਕੋਈ ਮਨਿਸਟਰ ਤਾਂ ਮਰਿਆ ਨਹੀਂ । ਇਹ ਹੁਣ ਅਫ਼ਸਰਾਂ ਨੂੰ ਬਦਨਾਮ ਕਰਦੇ ਹਨ । (ਵਿਘਨ) ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਹਾਊਸ ਨੂੰ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਢਾਈ ਲੱਖ ਦੀ ਸੀਲਿੰਗ ਦਾ ਰੈਜ਼ੋਲਿਊਸ਼ਨ ਹੈ, ਇਸ ਦੇ ਬਾਰੇ ਕੋਈ ਵੀ ਰਾਏ ਹੋ ਸਕਦੀ ਹੈ । ਮੇਰੀ ਰਾਏ ਹੈ ਕਿ ਲੋਕਾਂ ਨੂੰ ਮਕਾਨ, ਦੁਕਾਨ ਔਰ ਜਿਹੜਾ ਕਾਸ਼ਤ ਕਰਦਾ ਹੈ ਉਸ ਨੂੰ 5 ਜਾਂ 7 ਏਕੜ ਜ਼ਮੀਨ ਦੇਣੀ ਚਾਹੀਦੀ ਹੈ । 30, 40 ਜਾਂ 50 ਏਕੜ ਦੀਆਂ ਫਜ਼ੂਲ ਗੱਲਾਂ ਹਨ । ਹਰ ਆਦਮੀ ਨੂੰ ਕੰਮ ਕਰਨਾ ਚਾਹੀਦਾ ਹੈ । ਕੋਈ ਆਦਮੀ ਵਿਹਲਾ ਨਾ ਹੋਵੇ । ਕੋਈ ਕਿਸੇ ਨੂੰ ਵੇਚ ਕੇ ਨਾ ਖਾ ਸਕੇ । ਸਪੀਕਰ ਸਾਹਿਬ, ਇਹੋ ਜਿਹੀ ਹਾਲਤ ਇਸ ਲਈ ਆਈ ਹੈ ਕਿਉਂਕਿ ਸਾਡੇ ਦੇਸ਼ ਵਿਚ ਮਨਾਪਲਿਸਟ ਅਤੇ ਤਕੜੇ ਲੋਕਾਂ ਦਾ ਸਾਇਆ ਸੀ । ਕਿਸ ਤਰ੍ਹਾਂ ਗ਼ਰੀਬਾਂ ਨੂੰ ਉਤਾਂਹ ਚੁਕਿਆ ਜਾ ਸਕਦਾ ਹੈ, ਇਸ ਚੀਜ਼ ਦੀ ਇਸ ਰੈਜ਼ੋਲਿਊਸ਼ਨ ਰਾਹੀਂ ਕੋਸ਼ਿਸ਼ ਕੀਤੀ ਗਈ ਹੈ । ਇਹੋ ਜਿਹੀ ਗੱਲ ਨਾਂ ਹੋਵੇ ਕਿ ਸ਼ਹਿਰੀ ਜਾਇਦਾਦ ਦੀ ਹੱਦ ਮੁਕਰੱਰ ਹੋ ਜਾਵੇ ਲੇਕਿਨ ਦੂਜੇ ਜਿਹੜੇ ਅਮੀਰ ਆਦਮੀ ਹਨ, ਜਿਨ੍ਹਾਂ ਦੀ ਕਾਫੀ ਆਮਦਨ ਹੈ, ਉਹ ਬੱਚ ਜਾਣ । ਰਾਜਿਆਂ ਨੂੰ ਤਾਂ ਥੱਲੇ ਲਾਹ ਦਿੱਤਾ ਹੈ । ਉਨ੍ਹਾਂ ਨੂੰ ਜਿਹੜੀਆਂ ਸਹੂਲਤਾਂ ਮਿਲਦੀਆਂ ਸਨ, ਉਹ ਮਿਲਣੀਆਂ ਬੰਦ ਹੋ ਗਈਆਂ ਹਨ । ਇਹ ਨਾਂ ਹੋਵੇ ਕਿ ਜਾਇਦਾਦ ਤਾਂ $2\frac{1}{2}$ ਲੱਖ ਹੋਵੇ ਮਗਰ ਮੁਆਵਜ਼ਾ 5 ਲੱਖ ਦਿੱਤਾ ਜਾਵੇ । ਸਪੀਕਰ ਸਾਹਿਬ, ਅੱਜ ਲੋਕ ਇਹ ਬਰਦਾਸ਼ਤ ਨਹੀਂ ਕਰਨਗੇ । ਬਹੁਤ ਦੇਰ ਹੋਈ ਮੁਲਕ ਆਜ਼ਾਦ ਹੋਏ ਨੂੰ.........।

ਸ੍ਰੀ ਸਪੀਕਰ : ਸਮਾਪਤ ਕਰਨ ਦੀ ਕੋਸ਼ਿਸ਼ ਕਰੋ । (Please try to wind up.)

ਸਰਦਾਰ ਦਰਸ਼ਨ ਸਿੰਘ ਕੇ. ਪੀ. : ਸਪੀਕਰ ਸਾਹਿਬ, ਤੁਹਾਡੀ ਮਾਰਫਤ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮੈਂਬਰਜ਼ ਨੂੰ ਦੇਸ਼ ਦਾ ਕੰਮ ਪਾਰਟੀ ਤੋਂ ਉੱਪਰ ਉਠ ਕੇ ਕਰਨਾ ਚਾਹੀਦਾ ਹੈ । ਬੇਸ਼ੱਕ ਅਕਾਲੀ ਮੈਂਬਰਾਂ ਦਾ ਹਲਕਾ ਹੋਵੇ ਜਾਂ ਕਿਸੇ ਹੋਰ ਦਾ, ਸਹੀ ਕੰਮ ਹੋਣਾ ਚਾਹੀਦਾ ਹੈ । ਲੇਬਰ

[ਸਰਦਾਰ ਦਰਸ਼ਨ ਸਿੰਘ ਕੇ. ਪੀ.]

ਅਤੇ ਮਜ਼ਦੂਰ ਜਿਹੜਾ ਫੈਕਟਰੀ ਵਿਚ ਕੰਮ ਕਰਦਾ ਹੈ ਉਸ ਦਾ ਪੂਰਾ ਧਿਆਨ ਰੱਖਣਾ ਚਾਹੀਦਾ ਹੈ। ਜਿਹੜਾ ਖੇਤ ਵਿਚ ਕੰਮ ਕਰਦਾ ਹੈ ਉਸ ਨੂੰ ਪੂਰੀ ਉਜ਼ਰਤ ਮਿਲਣੀ ਚਾਹੀਦੀ ਹੈ । ਅਨਇੰਪਲਾਇਮੈਂਟ ਦਾ ਮਸਲਾ ਹਲ ਕਰਨਾ ਚਾਹੀਦਾ ਹੈ। ਬਹੁਤ ਲੋਕ ਵਿਹਲੇ ਫਿਰਦੇ ਹਨ, ਕੰਮ ਨਹੀਂ ਮਿਲਦਾ, ਉਨ੍ਹਾਂ ਦਾ ਖਿਆਲ ਰੱਖਣਾ ਚਾਹੀਦਾ ਹੈ ।

ਦੂਸਰੀ ਗੱਲ, ਸਪੀਕਰ ਸਾਹਿਬ, ਇਥੇ ਇਹ ਹੋਈ ਹੈ ਕਿ ਕਿਸੇ ਨੂੰ ਜ਼ਮੀਨ ਦਾ ਲਾਰਾ, ਕਿਸੇ ਨੂੰ ਮਕਾਨਾਂ ਦਾ ਲਾਰਾ ਦਿੱਤਾ ਗਿਆ ਸੀ। ਇਹ ਗਲਤ ਗੱਲਾਂ ਹਨ। ਸਪੀਕਰ ਸਾਹਿਬ, ਸਰਕਾਰ ਆਪਣੇ ਹੱਥ ਵਿਚ ਕੰਮ ਲਵੇ। ਸ਼ਹਿਰ ਵਿਚ ਕਿਸੇ ਹਰੀਜਨ ਨੂੰ ਜਾਂ ਲੇਬਰ ਨੂੰ ਮਕਾਨ ਨਹੀਂ ਮਿਲਦਾ । ਉਥੇ ਵੱਡੇ ਵੱਡੇ ਲੋਕ ਮਕਾਨ ਲੈਂਦੇ ਹਨ। ਸਪੀਕਰ ਸਾਹਿਬ, ਤੁਹਾਡੀ ਮਾਰਫਤ ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਮਾਰਕਿਟ ਸੋਸਾਇਟੀਆਂ ਵਿਚ ਸੜਕਾਂ ਬਣੀਆਂ ਹਨ ਮਗਰ ਮੇਰੇ ਹਲਕੇ ਵਿਚ ਨਹੀਂ ਬਣੀਆਂ। ਪੀ. ਡਬਲਯੂ. ਡੀ. ਨੇ ਕੰਮ ਕੀਤੇ ਹਨ ਪਰੰਤੂ ਮੇਰੇ ਹਲਕੇ ਵਿਚ ਅੱਧੇ ਮੀਲ ਤੇ ਬਲਡੋਜ਼ਰ ਫਿਰਿਆ ਸੀ ਕਿ ਸਰਦਾਰ ਬਲਵੰਤ ਸਿੰਘ ਉਸ ਨੂੰ ਲੈ ਗਏ, ਜਿਹੜੇ ਹੁਣ ਜਹਾਨੋਂ ਗਏ । ਫਿਰ ਕੋਈ ਸਕੂਲ ਅਪਗਰੇਡ ਕੀਤੇ ਤਾਂ ਸਰਦਾਰ ਆਤਮਾ ਸਿੰਘ ਲੈ ਗਏ। ਇਸ ਕਰਕੇ, ਸਪੀਕਰ ਸਾਹਿਬ, ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਸਕੂਲ ਜਿਹੜੇ ਹਨ ਇਹ ਅਪਗਰੇਡ ਹੋਣੇ ਚਾਹੀਦੇ ਹਨ । ਕਲਿਆਣ ਪੁਰ, ਕੰਗਸਾਭੂ, ਉਦੇਪੁਰ ਰਾਏਪੁਰ ਦੇ ਸਕੂਲ ਅਪਗਰੇਡ ਹੋਣੇ ਚਾਹੀਦੇ ਹਨ । ਲਾਂਬੜਾ ਦਾ ਸਕੂਲ ਗੌਰਮਿੰਟ ਨੂੰ ਟੇਕ-ਓਵਰ ਕਰਨਾ ਚਾਹੀਦਾ ਹੈ। ਇਹ ਬੜਾ ਪੁਰਾਣਾ ਸਕੂਲ ਹੈ । ਸੜਕਾਂ ਜਿਹੜੀਆਂ ਹਨ ਉਸੇ ਤਰ੍ਹਾਂ ਅਧੂਰੀਆਂ ਹਨ। ਲੋਕੀ ਧੱਕੇ ਖਾਂਦੇ ਫਿਰਦੇ ਹਨ। ਮਿਠਾਪੁਰ ਰੋਡ ਬਣਨੀ ਚਾਹੀਦੀ ਹੈ। ਗੜੇ ਤੋਂ ਸੜਕ ਧੀਣ ਤਕ ਬਣਨੀ ਚਾਹੀਦੀ ਹੈ। ਖੁਰਲਾ ਕਿੰਗਰਾ ਅਤੇ ਸਾਭੋਵਾਲ ਦੀ ਸੜਕ ਵੀ ਬਣਨੀ ਚਾਹੀਦੀ ਹੈ। ਗਹੀਰਾਂ ਤੋਂ ਟਾਲੀ ਗੁੜੇ, ਝਾਨੀਆ ਧਾਰੀਵਾਲ ਨਹਿਰ ਦੀ ਪਟੜੀ ਪੱਕੀ ਹੋਣੀ ਚਾਹੀਦੀ ਹੈ। ਗੜ੍ਹੇ ਪਿੰਡ ਤੇ ਗਾਰਡਨ ਕਾਲੋਨੀਆਂ ਦਾ ਕਬਜ਼ਾ ਹੈ। ਇਥੋਂ ਦੀ ਜ਼ਮੀਨ ਵੱਡੇ ਵੱਡੇ ਲੈਂਡਲਾਰਡ ਲੋਕਾਂ ਕੋਲ ਹੈ। ਉਥੇ ਸਕੂਲ ਡਿਵੈਲਪ ਨਹੀਂ ਹੋਏ। ਉਥੇ ਦੀਆਂ ਬਸਤੀਆਂ ਕੱਚੀਆਂ ਹਨ । ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਕੇ ਸਪੀਚ ਖਤਮ ਕਰਦਾ ਹਾਂ। ਸਪੀਕਰ ਸਾਹਿਬ ਇਹ ਨਵਾਂ ਪੰਜਾਬ ਬਣਿਆ ਹੈ। ਮੈਂ ਆਸ ਕਰਦਾ ਹਾਂ ਕਿ ਪੰਜ ਸਾਲ ਤੁਸੀਂ ਆਪਣੀ ਅਗਵਾਈ ਹੇਠ ਪੰਜਾਬ ਦੇ ਗਰੀਬ ਲੋਕਾਂ ਦਾ ਧਿਆਨ ਰੱਖੋਗੇ। ਜਿਸ ਤਰ੍ਹਾਂ ਗਿਆਨੀ ਜੀ ਨੇ ਲੀਡਰ ਬਣਨ ਵੇਲੇ ਇਹ ਗੱਲ ਕਹੀ ਸੀ ਕਿ ਮੈਂ ਉਸ ਆਨੰਦਪੁਰ ਕੰਸਟੀਚੂਐਂਸੀ ਤੋਂ ਜਿੱਤ ਕੇ ਆਇਆ ਹਾਂ ਜਿੱਥੇ ਗੁਰੂ ਜੀ ਨੇ ਅਰਦਾਸ ਕੀਤੀ ਕਿ ਉਹ ਜ਼ੁਲਮ ਦੇ ਖਿਲਾਫ਼ ਲੜਨਗੇ। ਇਹ ਕੰਮ ਤੁਸੀਂ ਵੀ ਕਰਨਾ ਹੈ ਅਤੇ ਸਾਡੇ ਕੋਲੋਂ ਵੀ ਕਰਾਉਣਾ ਹੈ। ਤੁਹਾਡਾ ਧੰਨਵਾਦ ਕਰਦਾ ਹਾਂ। ਜੈ ਹਿੰਦ।

ਚੌਧਰੀ ਸੁੰਦਰ ਸਿੰਘ (ਨਰੋਟ ਮਹਿਰਾ, ਐਸ. ਸੀ.) : ਸਪੀਕਰ ਸਾਹਿਬ, ਆਪ ਦਾ ਧੰਨਵਾਦ। ਇਹ ਜਿਹੜਾ ਰੇਜ਼ੋਲਿਊਸ਼ਨ ਹੈ ਇਹ ਬੜਾ ਸ਼ਾਨਦਾਰ ਰੇਜ਼ੋਲਿਊਸ਼ਨ ਹੈ। ਮੈਂ ਰੇਜ਼ੋਲਿਊਸ਼ਨ ਦੇ ਮੂਵਰ ਦਾ ਬੜਾ ਧੰਨਵਾਦ ਕਰਦਾ ਹਾਂ। ਇਹ ਅਕਾਲੀ ਭਰਾ ਖੁਸ਼ ਹਨ ਕਿ ਸ਼ਹਿਰੀ ਜਾਇਦਾਦ ਦੀ ਹੱਦ ਢਾਈ ਲੱਖ ਰੁਪਏ ਤੇ ਹੋ ਰਹੀ ਹੈ ।

ਸਰਦਾਰ ਸੁਖਦੇਵ ਸਿੰਘ ਢਿੱਲੋਂ : ਚੌਧਰੀ ਸਾਹਿਬ, ਰੇਜ਼ੋਲਿਊਸ਼ਨ ਪੇਸ਼ ਕਰਨ ਵਾਲੇ ਦਾ ਧੰਨਵਾਦ ਕਰ ਰਹੇ ਹਨ ਪਰੰਤੂ ਅਗਲੀਆਂ ਬੈਂਚਾਂ ਤੇ ਕੋਈ ਬੈਠਾ ਹੀ ਨਹੀਂ ਖਾਲੀ ਹੀ ਧੰਨਵਾਦ ਕਰ ਰਹੇ ਹਨ।

ਚੌਧਰੀ ਸੁੰਦਰ ਸਿੰਘ : ਸਪੀਕਰ ਸਾਹਿਬ, ਮੈਂ ਇਨ੍ਹਾਂ ਦਾ ਵੀ ਧੰਨਵਾਦ ਕਰਦਾ ਹਾਂ। ਅਕਾਲੀ ਵੀਰਾਂ ਦਾ ਬੜਾ ਧੰਨਵਾਦ ਹੈ ਕਿਉਂਕਿ ਆਪਣੀ ਹਕੂਮਤ ਵਿਚ ਜੋ ਇਹ ਚੰਗੇ ਕੰਮ ਕਰਦੇ ਤਾਂ ਸਾਡਾ ਭੱਠਾ ਹੀ ਬਹਿ ਜਾਣਾ ਸੀ। ਇਨ੍ਹਾਂ ਦੀ ਵਜ੍ਹਾ ਨਾਲ ਅਸੀਂ ਅੱਜ ਇਥੇ ਆਏ ਹਾਂ। ਇਸ ਵਾਸਤੇ ਮੈਂ ਇਸ ਰੈਜ਼ੋਲਿਊਸ਼ਨ ਤੇ ਬੋਲਣਾ ਚਾਹੁੰਦਾ ਹਾਂ। ਮੈਂ, ਸਪੀਕਰ ਸਾਹਿਬ, ਸੰਨ 1927 ਤੋਂ ਕੋਸਿਸ਼ ਕਰਦਾ ਆ ਰਿਹਾ ਹਾਂ ਕਿ ਗਰੀਬ ਦਾ ਭਲਾ ਹੋਵੇ। ਆਪੋਜ਼ੀਸ਼ਨ ਵਾਲੇ ਕਹਿੰਦੇ ਹਨ ਕਿ ਅਸੀਂ ਗਰੀਬਾਂ ਨੂੰ ਜ਼ਮੀਨਾਂ ਦਿਤੀਆਂ ਹਨ। ਨਤੀਜਾ ਇਹ ਨਿਕਲਿਆ ਕਿ ਬੇਨਾਮੀਆਂ ਕੀਤੀਆਂ ਗਈਆਂ, ਇਕ ਇਕ ਏਕੜ ਦੀ ਦੋ ਦੋ ਆਨੇ ਕੀਮਤ ਪਾ ਕੇ 200, 300 ਵਿਘੇ ਜ਼ਮੀਨ ਲੈ ਲਈ।

ਮੈਂ ਸਮਝਦਾ ਹਾਂ ਕਿ ਜਿਸ ਤਰ੍ਹਾਂ ਬੇਈਮਾਨੀ ਨਾਲ 30 ਸਟੈਂਡਰਡ ਏਕੜ ਦੀ ਆੜ ਵਿਚ ਲੱਖਾਂ ਏਕੜ ਜ਼ਮੀਨ ਦਬਾਈ ਗਈ ਹੈ ਇਸ ਦੀ ਪੂਰੀ ਇਨਕੁਆਇਰੀ ਕੀਤੀ ਜਾਣੀ ਚਾਹੀਦੀ ਹੈ ਤਾਂਕਿ ਪਤਾ ਲਗ ਸਕੇ। ਅਤੇ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ 2 ਜਾਂ 3 ਲੱਖ ਏਕੜ ਸਰਪਲਸ ਜ਼ਮੀਨ ਦਾ ਪਤਾ ਲਗ ਜਾਵੇਗਾ ਜਿਹੜੀ ਕਿ ਇਨ੍ਹਾਂ ਨੇ ਖਾਧੀ ਹੈ। ਇਸੇ ਤਰ੍ਹਾਂ ਇਹ ਡਰ ਹੈ ਕਿ ਇਹ ਰੈਜ਼ੋਲਿਊਸ਼ਨ ਜਦ ਕਾਨੂੰਨ ਦੀ ਸ਼ਕਲ ਵਿਚ ਆਵੇਗਾ ਤਾਂ ਸ਼ਹਿਰੀ ਜਾਇਦਾਦ ਵੀ ਖਾ ਲਈ ਜਾਵੇਗੀ। (ਵਿਰੋਧੀ ਦਲ ਵਲੋਂ ਪ੍ਰਸ਼ੰਸਾ) ਮੈਨੂੰ ਸ਼ਕ ਹੈ ਕਿ ਇਸ ਤਰ੍ਹਾਂ ਕੀਤਾ ਜਾਵੇਗਾ। ਕਿਉਂਕਿ, ਸਪੀਕਰ ਸਾਹਿਬ, ਤੁਸੀਂ ਜਾਣਦੇ ਹੋ ਕਿ ਜਾਇੰਟ ਫਾਰਮਿੰਗ ਦੇ ਨਾਮ ਹੇਠ ਕੀ ਕੁਝ ਕੀਤਾ ਗਿਆ ਹੈ ਅਤੇ ਕਿਸ ਤਰ੍ਹਾਂ ਦੇ ਜ਼ੁਲਮ ਹੋਏ ਹਨ ਅਤੇ ਦਿਹਾਤੀਆਂ ਨੂੰ ਤਕਲੀਫ ਹੋਈ ਹੈ। ਜਿਨ੍ਹਾਂ ਨੂੰ ਯੂਨਾਇਟਿਡ ਪੰਜਾਬ ਵਿਚ ਜ਼ਮੀਨ ਮਿਲਦੀ ਸੀ ਅਤੇ ਉਹ ਅੱਧੇ ਤੇ ਵਾਹੁੰਦੇ ਸਨ .....(ਵਿਘਨ)

ਸ੍ਰੀ ਸਪੀਕਰ : ਚੌਧਰੀ ਸਾਹਿਬ, ਤੁਸੀਂ ਤਾਂ ਸ਼ਹਿਰੀ ਜਾਇਦਾਦ ਦੇ ਮਤੇ ਬਾਰੇ ਬੋਲ ਰਹੇ ਸੀ। (I think the hon. Member was speaking on the Resolution regarding ceiling on urban property.)

ਚੌਧਰੀ ਸੁੰਦਰ ਸਿੰਘ : ਜੀ ਮੈਂ ਆਪਣੀ ਸੀਟ ਤੋਂ ਹੀ ਬੋਲ ਰਿਹਾ ਹਾਂ। (ਹਾਸਾ) ਮੈਂ ਤਾਂ ਤਮਹੀਦ ਬਨ੍ਹ ਰਿਹਾ ਹਾਂ ਕਿ ਇਹ ਜਿਹੜਾ ਰੈਜ਼ੋਲਿਊਸ਼ਨ ਲਿਆਂਦਾ ਜਾ ਰਿਹਾ ਹੈ ਇਹ ਚੰਗਾ ਕਦਮ ਹੈ। ਪਰ ਡਰ ਹੈ ਕਿ ਇਸ ਨਾਲ ਵੀ ਪਹਿਲੇ ਵਰਗਾ ਹਾਲ ਨਾ ਹੋਵੇ। ਮੈਂ ਅਰਬਨ ਪਰਾਪਰਟੀ ਤੇ ਸੀਲਿੰਗ ਦੇ ਬਾਰੇ ਵਿਚ ਹੀ ਬੋਲ ਰਿਹਾ ਹਾਂ। ਮੇਰਾ ਭਾਵ ਇਹ ਹੈ ਕਿ ਇਸ ਵਿਚ ਜਿਹੜੀ ਢਾਈ ਲੱਖ ਕੀਮਤ ਨੀਅਤ ਸ਼ਹਿਰੀ ਜਾਇਦਾਦ ਦੀ ਕੀਤੀ ਗਈ ਹੈ। (ਵਿਘਨ) ਜਿਵੇਂ ਕਿ ਡਾਂਗ ਸਾਹਿਬ ਨੇ ਕਿਹਾ ਹੈ।

ਸ੍ਰੀ ਸਪੀਕਰ : ਚੌਧਰੀ ਸਾਹਿਬ, ਇਸ ਰੈਜ਼ੋਲਿਊਸ਼ਨ ਵਿਚ ਤਾਂ ਢਾਈ ਲੱਖ ਦੀ ਕੋਈ ਗੱਲ ਨਹੀਂ ਕਹੀ ਗਈ। (I would like to inform the hon. Member that there is no mention of 2 50 lakhs in this Resolution.)

ਚੌਧਰੀ ਸੁੰਦਰ ਸਿੰਘ : ਚਲੋ ਢਾਈ ਲੱਖ ਨਾ ਸਹੀ ਪਰ ਕਾਨੂੰਨ ਤਾਂ ਬਣਾਉਣਾ ਹੈ ਨਾ (ਹਾਸਾ) ਮੈਂ ਐਨੀ ਰਿਕਵੈਸਟ ਕਰਨਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਲੈਂਡ ਰਿਫਾਰਮਜ਼ ਵਿਚ ਹੇਰਾ ਫੇਰੀ ਹੋਈ ਹੈ ਇਨ ਦੀ ਸੇਮ ਲਾਇਨ ਇਸ ਰੈਜ਼ੋਲਿਊਸ਼ਨ ਦੇ ਪਾਸ ਹੋ ਜਾਣ ਅਤੇ ਕਾਨੂੰਨ ਬਣ ਜਾਣ ਨਾਲ ਹੇਰਾ ਫੇਰੀ ਨਾ ਹੋਵੇ। ਇਸ ਤੋਂ ਇਹ ਪਤਾ ਲਗਦਾ ਹੈ ਕਿ ਨੀਅਤ ਠੀਕ ਰਹੇ ਤਾਂ ਹੀ ਫਾਇਦਾ ਹੋ

[ਚੌਧਰੀ ਸੁੰਦਰ ਸਿੰਘ]

ਸਕਦਾ ਹੈ । ਜੇਕਰ ਸਰਕਾਰ ਚਾਹੁੰਦੀ ਹੈ ਕਿ ਗਰੀਬ ਦਾ ਭਲਾ ਹੋਵੇ ਅਤੇ ਮੇਰਾ ਖਿਆਲ ਹੈ ਕਿ ਇਸ ਵਿਚ ਆਪੋਜ਼ੀਸ਼ਨ ਵਾਲੇ ਵੀ ਸਹਿਮਤ ਹੋਣਗੇ ਉਹ ਤਾਂ ਆਪ ਬੜੇ ਪ੍ਰੋਗ੍ਰੈਸਿਵ ਰਹੇ ਹਨ । ਉਹ ਵੀ ਚਾਹੁੰਦੇ ਹਨ ਕਿ ਗਰੀਬ ਦਾ ਭਲਾ ਹੋਵੇ ਅੱਜ ਜਿਸ ਦੌਰ ਵਿਚੋਂ ਅਸੀਂ ਲੰਘ ਰਹੇ ਹਾਂ ਇਸ ਵਿਚ ਅਸਾਨੂੰ ਪ੍ਰੋਗ੍ਰੈਸਿਵ ਹੋਣਾ ਜ਼ਰੂਰੀ ਹੈ । ਜੇਕਰ ਅਸੀਂ ਪ੍ਰੋਗ੍ਰੈਸਿਵ ਹੁੰਦੇ ਤਾਂ ਇਹ 24 ਆਦਮੀ ਜਿਹੜੇ ਆਪੋਜ਼ੀਸ਼ਨ ਵਿਚ ਅੱਜ ਆ ਕੇ ਬੈਠੇ ਹਨ ਇਹ ਵੀ ਨਾ ਆਉਂਦੇ ਇਸ ਤੋਂ ਇਹ ਪਤਾ ਲਗਦਾ ਹੈ ਕਿ ਐਨੀ ਤਰੱਕੀ ਨਹੀਂ ਹੋ ਸਕੀ ਅਤੇ ਅਸੀਂ ਫਿਰਕਾਪਰਸਤੀ ਨੂੰ ਖਤਮ ਨਹੀਂ ਕਰ ਸਕੇ । ਇਹ ਉਹ ਹਨ ਜਿਹੜੇ ਸਰਮਾਏਦਾਰਾਂ ਦੀ ਮਦਦ ਕਰਦੇ ਰਹੇ ਅਤੇ ਇਨ੍ਹਾਂ ਨੇ ਪ੍ਰੋਗ੍ਰੈਸਿਵ ਕਦਮ ਨਹੀਂ ਚੁਕੇ ਸਨ । (ਘੰਟੀ)

ਸਪੀਕਰ ਸਾਹਿਬ, ਮੈਂ ਇੰਨਾਂ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਤਾਂ ਆਪ ਵੀ ਬੜੇ ਪ੍ਰੋਗ੍ਰੈਸਿਵ ਹੋ ਅਤੇ ਇਹ ਰੈਜ਼ੋਲਿਊਸ਼ਨ ਵੀ ਬੜਾ ਪ੍ਰੋਗ੍ਰੈਸਿਵ ਹੈ ਅਤੇ ਇੰਨੇ ਸਾਲਾਂ ਬਾਦ ਅੱਜ ਇਹ ਆਇਆ ਹੈ । ਸ਼ਹਿਰੀ ਜਾਇਦਾਦ ਤੇ ਸੀਲਿੰਗ ਦੇ ਬਾਰੇ ਵਿਚ ਇਸ ਨੂੰ ਪਾਸ ਕਰਕੇ ਭੇਜਣਾ ਚਾਹੀਦਾ ਹੈ ਅਤੇ ਫਿਰ ਜਦ ਇਹ ਕਾਨੂੰਨ ਬਣੇ ਤਾਂ ਇਸ ਤੇ ਸਖਤੀ ਨਾਲ ਅਮਲ ਹੋਣਾ ਚਾਹੀਦਾ ਹੈ । ਦਿਹਾਤ ਵਿਚ ਜਿਹੜੇ ਗਰੀਬ ਲੋਕ ਹਨ ਉਨ੍ਹਾਂ ਪਾਸ ਨਾ ਘਰ ਹੈ, ਨਾ ਦੁਕਾਨ ਹੈ, ਮਕਾਨ ਨਹੀਂ, ਉਨ੍ਹਾਂ ਨੂੰ ਮਕਾਨ ਦਿੱਤਾ ਜਾ ਸਕੇ । (ਵਿਘਨ)

Mr. Speaker : Please wind up.

ਚੌਧਰੀ ਸੁੰਦਰ ਸਿੰਘ : ਮੈਂ ਤਾਂ ਐਨੀ ਅਰਜ਼ ਕਰ ਰਿਹਾ ਹਾਂ ਕਿ ਹਰੀਜਨਾਂ ਵਾਸਤੇ ਨਾ ਦੁਕਾਨ ਹੈ, ਨਾ ਮਕਾਨ ਹੈ, ਨਾ ਜ਼ਮੀਨ ਹੈ, ਨਾ ਆਸਮਾਨ ਹੈ, (ਹਾਸਾ) ਪਰ ਭਾਰਤ ਜ਼ਿੰਦਾਬਾਦ ਦਾ ਨਾਹਰਾ ਹੈ । ਇਸ ਲਈ ਮੈਂ ਕਹਾਂਗਾ ਕਿ ਇਹ ਜਿਹੜਾ ਰੈਜ਼ੋਲਿਊਸ਼ਨ ਲਿਆਂਦਾ ਗਿਆ ਹੈ ਇਹ ਇਫੈਕਟਿਵ ਤਾਂ ਹੀ ਹੋ ਸਕਦਾ ਹੈ ਜੇਕਰ ਸਾਰੇ ਇਕ ਆਵਾਜ਼ ਹੋ ਕੇ ਇਸ ਦੀ ਸਪੋਰਟ ਕਰਨ । ਅਸਾਨੂੰ ਖੁਸ਼ੀ ਹੈ ਕਿ ਚੀਫ ਮਨਿਸਟਰ ਵੀ ਗਰੀਬਾਂ ਦਾ ਆਇਆ ਹੈ ਅਤੇ ਨੌਜਵਾਨ ਹੈ (ਹਾਸਾ) ਇਸ ਲਈ ਇਸ ਨੂੰ ਅਮਲੀ ਜਾਮਾ ਪਹਿਨਾਣ ਵਿਚ ਦੇਰੀ ਨਹੀਂ ਕਰਨਗੇ । ਇਹ ਜਿਹੜੇ ਸਾਹਮਣੇ ਬੈਠੇ ਵੀਰ ਹਨ ਇਨ੍ਹਾਂ ਨੇ ਕਰੋੜਾਂ ਤੇ ਰਾਜ ਕੀਤਾ ਹੈ ਪਰ ਇਹ ਰੱਜਦੇ ਨਹੀਂ । ਇਹ ਜੇਕਰ ਗੁਰੂ ਨਾਨਕ ਦੇਵ ਜੀ ਨੂੰ ਮੰਨਦੇ ਹਨ ਤਾਂ ਇਨ੍ਹਾਂ ਨੂੰ ਇਸ ਮਤੇ ਦੀ ਪੁਰਜ਼ੋਰ ਪ੍ਰੋੜਤਾ ਕਰਨੀ ਚਾਹੀਦੀ ਹੈ । ਇਸ ਦੀ ਡਟ ਕੇ ਮਦਦ ਕਰਨ । (ਵਿਘਨ) (ਕੁਝ ਮਾਨਯੋਗ ਮੈਂਬਰ : ਅਸੀਂ ਗੁਰੂ ਨਾਨਕ ਦੇਵ ਜੀ ਨੂੰ ਮੰਨਦੇ ਹਾਂ) ਤੁਸੀਂ ਤਾਂ ਮੰਨਦੇ ਹੋ ਪਰ ਵੋਟ ਪਾਉਣ ਵਾਲੇ ਨਹੀਂ ਮੰਨਦੇ (ਹਾਸਾ) (ਘੰਟੀ) ਮੈਂ, ਸਪੀਕਰ ਸਾਹਿਬ, ਆਪ ਦਾ ਸ਼ੁਕਰੀਆ ਅਦਾ ਕਰਦਾ ਹਾਂ ਕਿ ਆਪ ਨੇ ਮੈਨੂੰ ਬੋਲਣ ਦਾ ਵਕਤ ਦਿਤਾ ਹੈ ਅਤੇ ਇਸ ਰੈਜ਼ੋਲਿਊਸ਼ਨ ਦੀ ਤਾਈਦ ਕਰਦਾ ਹਾਂ ਕਿ ਪਾਸ ਹੋਣਾ ਚਾਹੀਦਾ ਹੈ ।

(ਇਸ ਸਮੇਂ ਕੁਝ ਮਾਨਯੋਗ ਮੈਂਬਰ ਬੋਲਣ ਵਾਸਤੇ ਟਾਈਮ ਲੈਣ ਲਈ ਖੜੇ ਹੋ ਗਏ)

ਸ਼੍ਰੀ ਸਪੀਕਰ : ਮੈਂ ਸਮਝਦਾ ਹਾਂ ਕਿ ਇਸ ਤੇ ਹੁਣ ਕਾਫੀ ਬਹਿਸ ਹੋ ਚੁਕੀ ਹੈ । (ਵਿਘਨ) ਇਸ ਦੀ ਕਾਫੀ ਵਜ਼ਾਹਤ ਹੋ ਚੁਕੀ ਹੈ ਇਸ ਨੂੰ ਹੁਣ ਪਾਸ ਕਰਨਾ ਚਾਹੀਦਾ ਹੈ । (I think enough discussion has taken place on this Resolution. Let it be passed now.)

ਕੁਝ ਮਾਨਯੋਗ ਮੈਂਬਰ : ਸਾਨੂੰ ਤਾਂ ਸਮਾਂ ਘੱਟ ਮਿਲਿਆ ਹੈ ।

ਸ਼੍ਰੀ ਸਪੀਕਰ : ਆਪੋਜ਼ੀਸ਼ਨ ਨੂੰ ਵੀ ਕਾਫੀ ਸਮਾਂ ਮਿਲਿਆ ਹੈ । (I think enough time has been given to the Opposition also.)

ਕੁਝ ਮਾਨਯੋਗ ਮੈਂਬਰ : ਕਾਮਰੇਡ ਚੰਦ ਸਿੰਘ ਹੋਰਾਂ ਨੂੰ ਦੋ ਮਿੰਟ ਦੇ ਦਿਓ ਜੀ ।

Mr. Speaker : Comrade Chand Singh.

ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ (ਸ਼ੇਰਪੁਰ, ਐਸ. ਸੀ.) : ਸਪੀਕਰ ਸਾਹਿਬ, ਇਹ ਜਿਹੜਾ ਮਤਾ ਇਸ ਹਾਊਸ ਵਿਚ ਪੇਸ਼ ਕੀਤਾ ਗਿਆ ਹੈ ਇਸ ਦੇ ਸਬੰਧ ਵਿਚ ਮੈਂ ਤਿੰਨ ਤਰਮੀਮਾਂ ਦਿੱਤੀਆਂ ਹੋਈਆਂ ਹਨ । ਉਨ੍ਹਾਂ ਨੂੰ ਮੈਂ ਮੂਵ ਕਰਦਾ ਹਾਂ । ਇਕ ਤਾਂ ਇਹ ਹੈ ਕਿ ਇਸ ਮਤੇ ਦੀ ਲਾਈਨ 2 ਵਿਚ ਪਾਰਲੀਮੈਂਟ ਸ਼ਬਦ ਦੀ ਥਾਂ "ਤੇ ਅਸੈਂਬਲੀ" । ਇਸੇ ਤਰ੍ਹਾਂ ਲਾਈਨ 6 ਵਿਚ ਰਖਿਆ ਜਾਵੇ ਅਤੇ ਲਾਈਨ 6 ਵਿਚ 'ਮੇ' ਦੀ ਥਾਂ ਤੇ ਸ਼ਬਦ 'ਸ਼ੁੱਡ' ਰਖਿਆ ਜਾਵੇ । (ਵਿਘਨ)

ਸ਼੍ਰੀ ਸਪੀਕਰ : ਕਾਮਰੇਡ ਸਾਹਿਬ, ਉਹ ਅਮੈਂਡਮੈਂਟਸ ਤਾਂ ਪਹਿਲਾਂ ਹੀ ਰੀਜੈਕਟ ਹੋ ਚੁਕੀਆਂ ਹਨ । (I would like to inform the hon. Member that his amendments have already been rejected.)

ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ : ਇਹ ਜਿਹੜੀ ਅਚੱਲ ਜਾਇਦਾਦ ਤੇ ਹੱਦ ਨਿਸ਼ਚਤ ਕਰਨ ਦੀ ਤਜਵੀਜ਼ ਹੈ ਅਤੇ ਇਸ ਨੂੰ ਕਾਨੂੰਨ ਬਣਾਇਆ ਜਾਣਾ ਹੈ ਇਹ ਚੰਗੀ ਗੱਲ ਹੈ । ਪਰ ਇਸ ਤੇ ਅਮਲ ਕਰਨ ਵਿਚ ਸਖਤੀ ਵਰਤਣ ਦੀ ਲੋੜ ਹੈ ਕਿਉਂਕਿ ਇਹ ਵੇਖਿਆ ਗਿਆ ਹੈ ਕਿ ਜਿਹੜਾ ਸਲੋਗਨ ਦਿੱਤਾ ਜਾਂਦਾ ਹੈ ਅਤੇ ਜਿਸ ਤਰ੍ਹਾਂ ਅਮਲ ਕੀਤਾ ਜਾਂਦਾ ਹੈ ਇਸ ਵਿਚ ਬਹੁਤ ਫਰਕ ਹੁੰਦਾ ਹੈ । ਅੱਜ ਇਨ੍ਹਾਂ ਨੇ ਕਾਨੂੰਨ ਬਨਾਉਣ ਲਈ ਇਹ ਰੇਜ਼ੋਲਿਊਸ਼ਨ ਲਿਆਂਦਾ ਹੈ ਇਸ ਨੂੰ ਵੇਖ ਕੇ ਇਸ ਤਰ੍ਹਾਂ ਪਤਾ ਲਗਦਾ ਹੈ ਕਿ ਇਨ੍ਹਾਂ ਦੀ ਨੀਅਤ ਚੰਗੀ ਨਹੀਂ, ਕਿਉਂਕਿ ਇਸ ਗੱਲ ਨੂੰ ਪਾਰਲੀਮੈਂਟ ਨੂੰ ਰੈਫਰ ਕਰ ਦਿੱਤਾ ਹੈ । ਅਤੇ ਰੈਫਰ ਕਰਨ ਤੋਂ ਭਾਵ ਸਪਸ਼ਟ ਹੈ ਕਿ ਕਾਨੂੰਨ ਬਨਾਉਣ ਦੀ ਗੱਲ ਨੂੰ ਟਾਲਿਆ ਜਾਵੇ । (ਪ੍ਰਸ਼ੰਸਾ) ਇਹ ਕਾਨੂੰਨ ਬਨਾਉਣਾ ਇਨ੍ਹਾਂ ਦੀ ਆਪਣੀ ਜ਼ਿੰਮੇਦਾਰੀ ਹੈ ਜਿਸ ਤੋਂ ਇਹ ਭੱਜਣਾ ਚਾਹੁੰਦੇ ਹਨ ਅਤੇ ਆਪਣੇ ਲੋਕਾਂ ਨਾਲ ਕੀਤੇ ਵਾਅਦੇ ਤੋਂ ਨੱਸਣਾ ਚਾਹੁੰਦੇ ਹਨ । ਜੇਕਰ ਇਨ੍ਹਾਂ ਦੀ ਨੀਅਤ ਸਾਫ ਹੈ ਤਾਂ ਇਸ ਨੂੰ ਹੁਣੇ ਹੀ ਕਾਨੂੰਨ ਦੀ ਸ਼ਕਲ ਵਿਚ ਕਿਉਂ ਨਹੀਂ ਪਾਸ ਕੀਤਾ ਜਾਂਦਾ ਅਤੇ ਹੁਣ ਤੋਂ ਹੀ ਲਾਗੂ ਕਿਉਂ ਨਹੀਂ ਕੀਤਾ ਜਾਂਦਾ, ਤਾਂ ਜੋ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕੀਤੇ ਜਾ ਸਕਣ । (ਪ੍ਰਸ਼ੰਸਾ) ਇਸ ਦੇ ਬਾਰੇ ਵਿਚ ਸੰਵਿਧਾਨ ਦੇ ਸ਼ੈਡਿਊਲ 7 ਵਿਚ ਆਈਟਮ 42 ਦਿੱਤੀ ਹੋਈ ਹੈ ਕਿ ਇਹ ਅਸੈਂਬਲੀ ਇਸ ਤਰ੍ਹਾਂ ਦਾ ਕਾਨੂੰਨ ਆਪ ਬਣਾ ਸਕਦੀ ਹੈ । ਇਸ ਲਈ ਅਸੀਂ ਮੰਗ ਕਰਦੇ ਹਾਂ ਕਿ ਇਹ ਕਾਨੂੰਨ ਇਥੇ ਹੀ ਇਸ ਅਸੈਂਬਲੀ ਵਿਚ ਪਾਸ ਕੀਤਾ ਜਾਵੇ । ਸੀ. ਪੀ. ਆਈ. ਵਾਲੇ ਕਹਿੰਦੇ ਹਨ ਕਿ ਇਸ ਕਾਨੂੰਨ ਨੂੰ ਪਾਰਲੀਮੈਂਟ ਵਿਚ ਲਿਜਾਣ ਲਈ ਚੀਖ ਚਿਹਾੜਾ ਨਾ ਕਰੋ ਪਰ ਮੇਰੀ ਬੇਨਤੀ ਇਹ ਹੈ ਕਿ ਹਰ ਸੂਬੇ ਦੇ ਹਾਲਾਤ ਵਖਰੇ ਹੋ ਸਕਦੇ ਹਨ ਅਤੇ ਹਰ ਸੂਬੇ ਦੀ ਅਵੈਲਿਊਏਸ਼ਨ ਵੱਖਰੀ ਹੋ ਸਕਦੀ ਹੈ ਇਸ ਲਈ ਯੂਨੀਫਾਰਮ ਐਕਟ ਨਹੀਂ ਬਣਾਇਆ ਜਾ ਸਕਦਾ । ਇਸ ਨੂੰ ਵਿਧਾਨ ਸਭਾ ਵਿਚ ਹੀ ਪਾਸ ਕਰਨਾ ਚਾਹੀਦਾ ਹੈ ਅਤੇ ਕੇਂਦਰ ਪਾਸ ਨਹੀਂ ਜਾਣਾ ਚਾਹੀਦਾ । ਜੇਕਰ ਇਹ ਮਤਾ ਪਾਸ ਕਰਕੇ ਪਾਰਲੀਮੈਂਟ ਨੂੰ ਰੈਫਰ ਕਰ ਦਿੱਤਾ ਗਿਆ ਤਾਂ ਇਸ ਨੂੰ ਰੱਦੀ ਦੀ ਟੋਕਰੀ ਵਿਚ ਸੁੱਟਣ ਤੋਂ ਇਲਾਵਾ ਕੁਝ ਨਹੀਂ ਹੋਵੇਗਾ ।

ਵਿਕਾਸ ਮੰਤਰੀ (ਕੈਪਟਨ ਰਤਨ ਸਿੰਘ) : ਸਪੀਕਰ ਸਾਹਿਬ, ਮੇਰੇ ਮਾਨਯੋਗ ਮੈਂਬਰਾਂ ਨੇ ਖਾਸ ਕਰਕੇ ਆਪੋਜ਼ੀਸ਼ਨ ਬੈਂਚਿਜ਼ ਨੇ ਇਸ ਮਤੇ ਦੇ ਮੁਤਾਲਿਕ ਕੋਈ ਖਾਸ ਕੰਸਟਰੱਕਟਿਵ ਅਸੈਂਟ ਨਹੀਂ ਦਿੱਤਾ। ਡਾਂਗ ਸਾਹਿਬ ਨੇ ਦੋ ਅਮੈਂਡਮੈਂਟਸ ਦਿੱਤੀਆਂ ਹਨ। ਮੇਰਾ ਆਪਣਾ ਖਿਆਲ ਹੈ ਕਿ ਜੇ ਉਨ੍ਹਾਂ ਨੂੰ ਵੀ ਅਸੀਂ ਅਕਸੈਪਟ ਕਰ ਲਈਏ, ਭਾਵੇਂ ਇਹ ਮੂਵਰ ਕਰ ਸਕਦਾ ਹੈ, ਕੋਈ ਮਜ਼ਬੂਤੀ ਨਹੀਂ ਹੋਣੀ ਹਾਂ ਜੇ ਨਾ ਕਰੀਏ ਤਾਂ ਮੈਂ ਕਹਿ ਸਕਦਾ ਹਾਂ ਕਿ ਇਹਦੇ ਵਿਚ ਮਜ਼ਬੂਤੀ ਰਹੇਗੀ, ਕਿਉਂਕਿ ਇਸ ਦੇ ਵਿਚ ਵਰਡ ਹੈ :

In line 4, *for* "remove" *substitute* "lessen."

ਇਹ ਠੀਕ ਹੈ ਕਿ ਇਸ ਮਤੇ ਦੇ ਨਾਲ ਇਨਇਕੁਐਲੇਟੀਜ ਰੀਮੂਵ ਨਹੀਂ ਹੋ ਸਕਦੀ ਘਟ ਹੋ ਸਕਦੀ ਹੈ। ਟੈਕਨੀਕਲੀ ਇਹ ਠੀਕ ਹੈ ਕਿ ਅਸੀਂ ਇਨਇਕੁਐਲੇਟੀਜ਼ ਨੂੰ ਰੀਮੂਵ ਕਰਨਾ ਹੈ ਔਰ ਸ਼ੋਸ਼ਲਿਜ਼ਮ ਲਿਆਉਣਾ ਹੈ। ਪਰ ਜਿਸ ਤਰ੍ਹਾਂ ਇਸ ਰੈਜ਼ੋਲਿਊਸ਼ਨ ਦੇ ਵਿਚ ਲਿਖਿਆ ਹੈ ਇਸ ਤਰ੍ਹਾਂ ਨਾਲ ਬਹੁਤਾ ਫਾਇਦੇਮੰਦ ਨਹੀਂ ਹੋ ਸਕਦਾ। ਇਸ ਲਈ ਮੈਂ ਰਿਕੁਐਸਟ ਕਰਾਂਗਾ ਕਿ ਜਾਂ ਤਾਂ ਉਹ ਇਸ ਨੂੰ ਵਿਦਡਰਾ ਕਰ ਲੈਣ ਨਹੀਂ ਤਾਂ ਜੇ ਉਹ ਇਨਸਿਸਟ ਕਰਨਗੇ ਤਾਂ ਉਹ ਇਸ ਨਾਲ ਸੂਬੇ ਦੀ ਮੰਗ ਨੂੰ ਕਮਜ਼ੋਰ ਕਰਨਗੇ। ਆਖੀਰ ਵਿਚ ਇਹ ਲਿਖਿਆ ਹੈ :

In the Resolution in line 4-5, *delete* "and bring about socialism in the State."

ਸਰਕਾਰ ਦੀ ਮਨਸ਼ਾ ਸਾਫ ਹੈ ਕਿ ਅਸੀਂ ਹੁਣ ਸ਼ੋਸ਼ਲਿਜ਼ਮ ਲਿਆਉਣਾ ਹੈ, ਇਹ ਅਸੀਂ ਕਹਿੰਦੇ ਹੀ ਨਹੀਂ ਬਲਕਿ ਕਰਕੇ ਦਿਖਾਵਾਂਗੇ, ਇਹੋ ਗੱਲਾਂ ਤਾਂ ਹਨ ਜਿਹੜੀਆਂ ਅਸੀਂ ਜਨਤਾ ਅੱਗੇ ਕੁਮਿਟਿਡ ਹਾਂ, ਮਾਸਿਜ਼ ਵਿਚ ਕੁਮਿਟਿਡ ਹਾਂ। ਅਸੀਂ ਸਾਫ ਕਹਿੰਦੇ ਹਾਂ ਕਿ ਅਸੀਂ ਹੁਣ ਸ਼ੋਸ਼ਲਿਜ਼ਮ ਅਸ਼ਰ ਕਰਨਾ ਹੈ। ਇਹ ਜਿਹੜਾ ਰੈਜ਼ੋਲਿਊਸ਼ਨ ਲਿਆਂਦਾ ਹੈ ਇਸ ਬਾਰੇ ਸਾਡੀ ਨੀਅਤ ਤੇ ਸ਼ੱਕ ਨਹੀਂ ਕਰਨਾ ਚਾਹੀਦਾ (ਇਕ ਮਾਨਯੋਗ ਮੈਂਬਰ : ਸਾਨੂੰ ਤੁਹਾਡੇ ਤੇ ਬਿਲਕੁਲ ਸ਼ੱਕ ਹੈ।) ਤੁਸੀਂ ਇਸ ਲਈ ਸ਼ੱਕ ਕਰਦੇ ਹੋ ਕਿ ਤੁਹਾਨੂੰ ਆਪਣੇ ਤੇ ਵੀ ਸ਼ੱਕ ਹੈ। ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਸਾਨੂੰ ਇਸ ਸੈਂਟਰਲ ਐਕਟ ਦੀ ਕਿਉਂ ਲੋੜ ਹੈ। ਉਹ ਇਹ ਕਿ ਜੇ ਪੰਜਾਬ ਕੋਈ ਹੱਦ ਮੁਕਰੱਰ ਕਰ ਦੇਵੇ, ਪਰ ਦੂਸਰੀ ਸਟੇਟ ਦੇ ਵਿਚ ਹਾਲਾਤ ਕੁਝ ਹੋਰ ਹੋਣ ਉਹ ਨਾ ਰੱਖ ਸਕਣ, ਇਹ ਫੇਰ ਕੁਝ ਮੁਨਾਸਿਬ ਗੱਲ ਬਣਦੀ ਨਜ਼ਰ ਨਹੀਂ ਆਵੇਗੀ। ਇਹ ਕਹਿੰਦੇ ਹਨ ਕਿ ਟਾਲਦੇ ਹੋ, ਅਸੀਂ ਕਹਿੰਦੇ ਹਾਂ ਟਾਲਦੇ ਨਹੀਂ, ਅਸੀਂ ਕਹਿੰਦੇ ਹਾਂ ਅਸੀਂ ਸਮਾਜਵਾਦ ਲਿਆ ਕੇ ਰਹਿਣਾ ਹੈ। (ਵਿਘਨ) ਸਪੀਕਰ ਸਾਹਿਬ, ਕੀ ਕਰਾਂ ਉਨ੍ਹਾਂ ਨੂੰ ਗਿਆਨ ਹੀ ਇਤਨਾ ਹੈ, ਇਹ ਮੇਰਾ ਕਸੂਰ ਨਹੀਂ ਹੈ। ਅਸੀਂ ਬੜਾ ਸੋਚ ਵਿਚਾਰ ਕੇ ਇਹ ਰੈਜ਼ੋਲਿਊਸ਼ਨ ਲਿਆਂਦਾ ਹੈ ਇਸੇ ਲਈ ਕਿ ਅਸੀਂ ਨਹੀਂ ਚਾਹੁੰਦੇ ਕਿ 16-17 ਸੂਬਿਆਂ ਦੇ ਵਿਚ ਵੱਖਰੀ ਵੱਖਰੀ ਜਾਇਦਾਦ ਦੀ ਹੱਦ ਹੋਵੇ। ਮੈਂ ਆਪ ਦੇ ਰਾਹੀਂ ਇਹ ਦੱਸਣਾ ਚਾਹੁੰਦਾ ਹਾਂ ਕਿ ਬਿਲ ਜੇ ਅਸੀਂ ਲੈ ਵੀ ਆਈਏ ਤਾਂ ਇਹ ਲਾਗੂ ਨਹੀਂ ਹੋ ਸਕਦਾ ਜਦੋਂ ਤਕ ਕਿ ਇਸ ਤੇ ਪ੍ਰੈਜ਼ੀਡੈਂਟ ਦੀ ਅਸੈਂਟ ਨਾ ਹੋ ਜਾਵੇ। ਦੂਸਰੀ ਜਿਹੜੀ ਮੈਂ ਗੱਲ ਕਹਿਣੀ ਚਾਹੁੰਦਾ ਹਾਂ ਉਹ ਇਹ ਹੈ ਕਿ ਬਾਵਜੂਦ ਇਸਦੇ ਕਿ 25ਵੀਂ ਅਮੈਂਡਮੈਂਟ ਆ ਗਈ ਹੈ ਇਹ ਫੈਸਲਾ ਤਾਂ ਲਾਜ਼ਮੀ ਹੈ ਕਿ ਪ੍ਰਾਪਰਟੀ ਲਈ ਜਾਣੀ ਹੈ, ਪਰ ਇਹਦੇ ਲਈ ਜਿਹੜੀ ਵੀ ਕੰਪਨਸੇਸ਼ਨ ਦੇਣੀ ਪਏਗੀ ਉਹ ਬਹੁਤ ਭਾਰੀ ਰਕਮ ਹੋਵੇਗੀ। ਪਰ ਜੇ ਇਹ ਸਾਰੀ ਲੈਜਿਸਲੇਸ਼ਨ ਸੈਂਟਰ ਦੀ ਹੋਵੇਗੀ ਤਾਂ ਉਸ ਦੀ ਪੇਮੈਂਟ ਸੈਂਟਰ ਕਰੇਗਾ ਜਿਹੜਾ ਕਿ ਦੇ ਸਕਦਾ ਹੈ। ਜੇ ਅੱਜ ਅਸੀਂ ਕੋਈ ਲੈਜਿਸਲੇਸ਼ਨ ਪਾਸ ਕਰ ਦੇਈਏ ਤਾਂ ਇਹ ਵੀ ਹੋ ਸਕਦਾ ਹੈ ਕਿ ਅਸੀਂ ਕੰਪਨਸੇਸ਼ਨ ਦੇ ਨਾ ਸਕੀਏ ਅਤੇ ਇਹ ਲੈਜਿਸਲੇਸ਼ਨ ਅਧੂਰੀ ਹੀ ਰਹਿ ਜਾਵੇ। ਇਸ ਤਰ੍ਹਾਂ ਦੇ 3-4 ਪਹਿਲੂ ਹਨ

ਜਿਸ ਲਈ ਅਸੀਂ ਲੈਜਿਸਲੇਸ਼ਨ ਲਿਆਉਣ ਲਈ ਮਜਬੂਰ ਹਾਂ। ਇਹ ਲਾਗੂ ਕੀਤੀ ਜਾਣੀ ਲਾਜ਼ਮੀ ਹੈ ਕਿਉਂ ਜੋ ਜਿਤਨੇ ਵੀ ਮੈਂਬਰ ਸਾਹਿਬਾਨ ਚੋਣਾਂ ਲੜ ਕੇ ਆਏ ਹਨ ਉਹ ਹੁਣ ਜਾਣ ਗਏ ਹਨ ਕਿ ਪਬਲਿਕ ਪਹਿਲਾਂ ਦੀ ਤਰ੍ਹਾਂ ਨਹੀਂ ਹੁਣ ਉਹ ਜਿਉਂਦੀ ਜਾਗਦੀ ਹੈ। ਪਬਲਿਕ ਦੇ ਨਾਲ ਕੋਈ ਧੋਖਾ ਹੁਣ ਨਹੀਂ ਹੋ ਸਕਦਾ। ਹੁਣ ਪਬਲਿਕ ਨੂੰ ਮਜ਼ਬੀ ਨਾਹਰਿਆਂ ਨਾਲ ਪਿੱਛੇ ਨਹੀਂ ਲਗਾਇਆ ਜਾ ਸਕਦਾ। ਤੁਸੀਂ ਜਨਤਾ ਦੇ ਰੀਜ਼ਲਟਸ ਵੇਖ ਹੀ ਲਏ ਹਨ, ਉਹ ਮੰਗ ਕਰਦੇ ਹਨ । ਅਮੀਰ ਗ਼ਰੀਬ ਦੀ ਵਿੱਥ ਨੇੜੇ ਕਰਨੀ ਪੈਣੀ ਹੈ, ਹੌਲੀ ਹੌਲੀ ਇਕ ਬਿਲਕੁਲ ਖਤਮ ਕਰਨੀ ਹੈ। ਇਹ ਸਾਰਾ ਕੁਝ ਸੋਚ ਵਿਚਾਰ ਕੇ ਯੂਨਾਨੀਮਸਲੀ ਪਾਰਟੀ ਨੇ ਫੈਸਲਾ ਕਰਕੇ ਰੈਜ਼ੋਲਿਊਸ਼ਨ ਲਿਆਂਦਾ ਹੈ। ਸ਼ਹਿਰੀ ਅਤੇ ਪੇਂਡੂ ਜਾਇਦਾਦ ਦੀ ਸੀਲਿੰਗ ਲਈ ਪਾਰਟੀ ਕੁਮਿਟਿਡ ਹੈ, ਪਰ ਅਸੀਂ ਕੋਈ ਐਸੀ ਲੈਜਿਸਲੇਸ਼ਨ ਲਿਆਕੇ ਕਿਸੇ ਐਸੀ ਹੱਦ ਤੇ ਕੰਬਾਈਂਡ ਨਹੀਂ ਕਰ ਸਕਦੇ ਕਿ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੇ ਇਖਤਿਆਰ ਦੇ ਕੇ ਮਹਿਦੂਦ ਕੀਤਾ ਜਾਵੇ। ਇਸ ਕਰਕੇ ਜੇ ਅਸੀਂ ਕੰਸਟੀਚਿਊਸ਼ਨ ਦੀ ਧਾਰਾ 252 ਪੜ੍ਹੀਏ ਤਾਂ ਉਸ ਦੇ ਵਿਚ ਇਹ ਕਲੀਅਰ ਹੈ। ਇਸ ਤੋਂ ਜ਼ਿਆਦਾ ਅੱਛੀ ਵਰਡਿੰਗ ਹੋ ਨਹੀਂ ਸਕਦੀ । ਇਹ ਨਹੀਂ ਹੋਣਾ ਕਿ ਕੰਟਰੀ ਵਿਚ ਇਕ ਸ਼ਹਿਰੀ ਦੂਸਰੀ ਸਟੇਟ ਦੇ ਸ਼ਹਿਰੀ ਨਾਲੋਂ ਜ਼ਿਆਦਾ ਜਾਇਦਾਦ ਰਖ ਸਕੇ। ਇਹ ਹੋ ਸਕਦਾ ਹੈ ਕਿ ਕਿਸੇ ਸਟੇਟ ਨੇ ਤੁਹਾਡੀ ਸਾਰੀ ਗੱਲ ਨਹੀਂ ਮੰਨਣੀ। ਇਸ ਲਈ ਮੈਂ ਤੁਹਾਡੇ ਅੱਗੇ ਇਹੋ ਅਪੀਲ ਕਰਾਂਗਾ ਕਿ ਆਪੋਜ਼ੀਸ਼ਨ ਵਾਲੇ ਜੋ ਉਸ ਪੁਰਾਣੇ ਜ਼ਮਾਨੇ ਵੱਲ ਧਿਆਨ ਨਾ ਦੇਣ ਅੱਗੇ ਲਈ ਵੇਖੋ ਜ਼ਮਾਨਾ ਕਿੱਥੇ ਜਾ ਰਿਹਾ ਹੈ। ਇਹ ਅੱਗੇ ਤੋਂ ਅੱਗੇ ਜਾ ਰਿਹਾ ਹੈ । ਸਾਹਮਣੇ ਹੀ ਜੇ ਵੇਖੋਗੇ ਤਾਂ ਉਥੇ ਤਾਂ ਹੁਣ ਕਿਨਾਰਾ ਆ ਗਿਆ ਹੈ। ਮੌਜੂਦਾ ਜ਼ਮਾਨੇ ਨੂੰ ਮਦੇਨਜ਼ਰ ਰਖਦੇ ਹੋਏ ਮੈਂ ਤੁਹਾਡੇ ਅੱਗੇ ਅਪੀਲ ਕਰਾਂਗਾ ਕਿ ਹੁਣ ਤੁਸੀਂ ਵੱਡੀਆਂ ਵੱਡੀਆਂ ਜਾਇਦਾਦਾਂ ਨਹੀਂ ਰਖ ਸਕਦੇ (ਵਿਘਨ) ਅਸੀਂ ਹੁਣ ਕਨਵਿਨਸਡ ਹਾਂ, ਅਸੀਂ ਇਸ ਮੁਆਮਲੇ ਤੇ ਦਰਿੜ੍ਹ ਇਰਾਦਾ ਬਣਾ ਲਿਆ ਹੈ ਕਿ ਜਿਸ ਦੇ ਪਾਸ ਬਹੁਤ ਜਾਇਦਾਦ ਹੈ ਉਸ ਵਿਚੋਂ ਕੁਝ ਸ਼ੇਅਰ ਦੇਣਾ ਪੈਣਾ ਹੈ। ਅੰਗਰੇਜ਼ ਹਕੂਮਤ ਵੇਲੇ ਉਹ ਲੋਕਾਂ ਨੂੰ ਗੁਲਾਮ ਬਣਾਉਂਦੇ ਸੀ ਅਤੇ ਚੰਦ ਇਕ ਨੂੰ ਖੁਸ਼ ਕਰਨ ਦੀ ਖਾਤਰ ਅਮੀਰ ਬਣਾ ਦਿੰਦੇ ਸੀ ਜਿਹੜੇ ਉਨ੍ਹਾਂ ਦੇ ਨਾਲ ਵਫਾਦਾਰੀ ਰਖਦੇ ਸੀ। ਲੋਕਾਂ ਨੂੰ ਤਰ੍ਹਾਂ ਤਰ੍ਹਾਂ ਦੇ ਲਾਲਚ ਦੇ ਕੇ ਵਫ਼ਾਦਾਰ ਬਣਾਇਆ ਜਾਂਦਾ ਸੀ। ਇਸ ਤਰ੍ਹਾਂ ਦੇ ਜੋ ਕਾਨੂੰਨ ਆਉਂਦੇ ਹਨ ਆਖਿਰ ਉਨ੍ਹਾਂ ਦਾ ਅੰਤ ਹੁੰਦਾ ਹੈ (ਕਈ ਮਾਨਯੋਗ ਮੈਂਬਰ : ਅਸੀਂ ਤਾਂ ਕਹਿੰਦੇ ਹਾਂ ਕਿ ਹੁਣੇ ਹੀ ਕਰੋ।) ਹੁਣ ਦਾ ਸ਼ਬਦ ਮੈਂ ਇਥੇ ਕਹਿਣਾ ਨਹੀਂ ਚਾਹੁੰਦਾ। ਮੈਨੂੰ ਉਹ ਵੀਰ ਇਹ ਕਹਿਣ ਲਈ ਮਜ਼ਬੂਰ ਨਾ ਕਰਨ, ਉਹ ਚੀਨਵਾਦੀ ਹਨ ਮੈਂ ਉਨ੍ਹਾਂ ਨੂੰ ਐਗਰੈਸਿਵ ਤਾਂ ਨਹੀਂ ਕਹਿੰਦਾ, ਇਸ ਲਈ ਮੈਂ ਇਸ਼ਾਰਾ ਹੀ ਦਿੰਦਾ ਹਾਂ। ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਇਕ ਦਰਖਾਸਤ ਕਰਾਂਗਾ ਕਿ ਲੀਡਰ ਆਫ਼ ਦੀ ਆਪੋਜ਼ੀਸ਼ਨ ਨੇ ਸਾਨੂੰ ਯਕੀਨ ਦਿਲਾਇਆ ਹੈ ਜਿਸ ਦੇ ਆਧਾਰ ਤੇ ਮੈਂ ਯਕੀਨ ਰਖਦਾ ਹਾਂ ਕਿ ਉਹ ਇਸ ਰੈਜ਼ੋਲਿਊਸ਼ਨ ਦਾ ਸੁਆਗਤ ਕਰਨਗੇ। ਇਹ ਜਿਹੜੀ ਢਾਈ ਲੱਖ ਦੀ ਹੱਦ ਕਾਇਮ ਕੀਤੀ ਹੈ ਪਾਰਟੀ ਇਸੇ ਤਰ੍ਹਾਂ ਕਾਇਮ ਹੈ। ਲੇਕਿਨ ਮਜ਼ਬੂਰੀ ਇਹ ਹੈ ਕਿ ਜੇ ਰਾਈਟਸ ਨਾ ਇਫੈਕਟਿਵ ਹੁੰਦੇ ਹੋਣ ਤਾਂ ਅਸੀਂ ਇਕ ਮਹਿਦੂਦ ਲਾ ਵੀ ਨਹੀਂ ਦੇ ਸਕਦੇ। ਮੇਰੇ ਵੀਰ ਮੈਨੂੰ ਇਸ ਗੱਲ ਲਈ ਮੁਆਫ ਕਰਨਗੇ । ਅਸੀਂ ਇਸ ਗੱਲ ਲਈ ਮੁਤਫਿਕ ਨਹੀਂ ਹੋ ਸਕਦੇ। ਅਗਰ ਅਸੀਂ ਅਮੀਰ ਗ਼ਰੀਬ ਦਾ ਝਗੜਾ ਕਰਾਂਗੇ ਤਾਂ ਅੱਗੋਂ ਲਈ ਜ਼ਮਾਨਾ ਐਸਾ ਆਉਂਦਾ ਹੈ ਕਿ ਜਨਤਾ ਨੇ ਆਪ ਦਖਲ ਦੇਣਾ ਹੈ। ਹੁਣ ਉਨ੍ਹਾਂ ਨਾਲ ਧੋਖਾ ਨਹੀਂ ਹੋ ਸਕਦਾ। ਕੁਝ ਅਰਸੇ ਲਈ ਕੋਈ ਗੱਲ ਮਨਾਈ ਨਹੀਂ ਜਾ ਸਕਦੀ। ਅਸੀਂ ਮਾਇਆ ਦੇ ਜਾਲ ਵਿਚ ਲੋਕਾਂ ਨੂੰ ਨਹੀਂ ਪਾਉਣਾ ਚਾਹੁੰਦੇ। ਕੋਈ ਇਹੋ ਜੇਹੀ ਸਿਖਿਆ ਦੇ ਕੇ ਅਸੀਂ ਤੁਹਾਨੂੰ ਇਸ ਜਾਲ ਦੇ ਵਿਚੋਂ ਕੱਢਣਾ ਹੈ। ਇਹ ਮਾਇਆ ਦੇ ਜਾਲ ਵਿਚ ਜੇ ਡਾਂਗ ਸਾਹਿਬ ਵੀ ਫਸਣਾ ਨਹੀਂ ਚਾਹੁੰਦੇ ਤਾਂ ਉਹ ਇਨਸਿਸਟ

[ਵਿਕਾਸ ਮੰਤਰੀ]

ਨਾ ਕਰਨ । ਜਿਸ ਤਰ੍ਹਾਂ ਦਾ ਇਹ ਰੈਜ਼ੋਲਿਊਸ਼ਨ ਹੈ ਇਹ ਉਸ ਨੂੰ ਹੀ ਉਸੇ ਤਰ੍ਹਾਂ ਮੰਨ ਲੈਣ । ਜੇ ਉਹ ਇਨਸਿਸਟ ਕਰਨਗੇ ਤਾਂ ਮੇਰੀ ਆਪਣੀ ਰਾਏ ਇਹ ਹੈ ਕਿ ਉਹ ਇਸ ਰੈਜ਼ੋਲਿਊਸ਼ਨ ਦੇ ਕਾਜ਼ ਨੂੰ ਕਮਜ਼ੋਰ ਕਰਨਗੇ ।

ਇਹ ਸਾਡੇ ਪੁਰਾਣੇ ਮਿੱਤਰ ਹਨ, ਆਪੋਜ਼ੀਸ਼ਨ ਵਿਚ ਸਾਡੀ ਬੜੀ ਚੰਗੀ ਟੀਮ ਹੁੰਦੀ ਸੀ । ਇਹ ਸਾਡੀ ਨੀਅਤ ਤੇ ਸ਼ੱਕ ਨਹੀਂ ਕਰ ਸਕਦੇ । (ਵਿਘਨ) ਕੋਈ ਗੱਲ ਨਹੀਂ ਤੁਹਾਡੇ ਨਾਲ ਵੀ ਸਾਂਝ ਹੋ ਜਾਵੇਗੀ ।

ਸੋ, ਸਪੀਕਰ ਸਾਹਿਬ, ਮੈਂ ਹਾਊਸ ਦੇ ਅੱਗੇ ਦਰਖਾਸਤ ਕਰਾਂਗਾ ਕਿ ਅੱਗੇ ਜਿਸ ਤਰ੍ਹਾਂ ਰੈਜ਼ੋਲਿਊਸ਼ਨ ਸਰਬ ਸੰਮਤੀ ਦੇ ਨਾਲ ਪਾਸ ਕੀਤਾ ਹੈ, ਉਸੇ ਤਰ੍ਹਾਂ ਇਹ ਵੀ ਪਾਸ ਕਰ ਦਿੱਤਾ ਜਾਵੇ ।

(ਇਸ ਵੇਲੇ ਸਰਦਾਰ ਜਸਦੇਵ ਸਿੰਘ ਸੰਧੂ ਬੋਲਣ ਲਈ ਖੜੇ ਹੋਏ ।)

ਸ੍ਰੀ ਸਪੀਕਰ : ਸੰਧੂ ਸਾਹਿਬ, ਇਸ ਤੇ ਅੱਗੇ ਕਾਫ਼ੀ ਡਿਸਕਸ਼ਨ ਹੋ ਚੁਕੀ ਹੈ । (*Addressing Sardar Jasdev Singh Sandhu* : This matter has already been discussed sufficiently.)

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਇਕ ਦੋ ਮਿੰਟ ਹੀ ਬੋਲਾਂਗਾ ।

ਕਾਮਰੇਡ ਸੱਤ ਪਾਲ ਡਾਂਗ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਇਸ ਰੈਜ਼ੋਲਿਊਸ਼ਨ ਤੇ ਅੱਗੇ ਬੜੀ ਬਹਿਸ ਹੋ ਚੁਕੀ ਹੈ । ਅਜੇ ਇਕ ਹੋਰ ਬੜਾ ਜ਼ਰੂਰੀ ਰੈਜ਼ੋਲਿਊਸ਼ਨ ਸਰਹੱਦਾਂ ਦੇ ਲੋਕਾਂ ਦਾ ਆਉਣਾ ਹੈ । ਇਸ ਲਈ ਇਸ ਤੇ ਹੋਰ ਡਿਸਕਸ਼ਨ ਨਾ ਕੀਤੀ ਜਾਵੇ ।

ਸਰਦਾਰ ਜਸਦੇਵ ਸਿੰਘ ਸੰਧੂ (ਡਕਾਲਾ) : ਸਪੀਕਰ ਸਾਹਿਬ, ਇਹ ਜੋ ਸ਼ਹਿਰੀ ਜਾਇਦਾਦਾਂ ਦੀ ਹੱਦਬੰਦੀ ਕਰਨ ਦਾ ਮਤਾ ਵਿਦਿਆ ਮੰਤਰੀ ਜੀ ਨੇ ਪੇਸ਼ ਕੀਤਾ ਹੈ, ਇਸ ਬਾਰੇ ਮੈਂ ਇਕ ਦੋ ਗੱਲਾਂ ਹੀ ਕਹਿਣੀਆਂ ਹਨ ।

ਸਪੀਕਰ ਸਾਹਿਬ, ਇਨ੍ਹਾਂ ਦੀ ਪਾਰਟੀ ਨੇ ਬੜੇ ਜ਼ੋਰ ਨਾਲ ਇਹ ਗੱਲ ਆਪਣੀ ਮੀਟਿੰਗ ਤੋਂ ਬਾਦ ਕਹੀ ਕਿ ਅਸੀਂ ਜਾਇਦਾਦਾਂ ਦੀ ਹੱਦਬੰਦੀ ਢਾਈ ਲੱਖ ਰੁਪਏ ਦੀ ਕਰਨੀ ਹੈ । ਇਸ ਬਾਰੇ ਪਹਿਲੀ ਗੱਲ ਤਾਂ ਇਹ ਹੈ ਕਿ ਮੈਂ ਸਮਝਦਾ ਹਾਂ ਇਸ ਬਾਰੇ ਕਾਨੂੰਨ ਬਣਾਉਣ ਦਾ ਅਖਤਿਆਰ ਇਸ ਵਿਧਾਨ ਸਭਾ ਕੋਲ ਹੈ । ਇਹ ਸ਼ਹਿਰੀ ਜਾਇਦਾਦਾਂ ਦੀ ਹੱਦ ਨੀਅਤ ਕਰ ਸਕਦੀ ਹੈ । ਅਸੀਂ ਇਸ ਗੱਲ ਦੀ ਹਿਮਾਇਤ ਕਰਦੇ ਹਾਂ ਕਿ ਇਸ ਬਾਰੇ ਇਸ ਸੈਸ਼ਨ ਵਿਚ ਬਿੱਲ ਲਿਆਉਣਾ । ਜਿਸ ਤਰ੍ਹਾਂ ਆਪੋਜ਼ੀਸ਼ਨ ਦੇ ਲੀਡਰ ਸਾਹਿਬ ਨੇ ਕਿਹਾ ਹੈ ਕਿ ਅਸੀਂ ਇਸ ਪ੍ਰਕਾਰ ਦੇ ਬਿਲ ਦਾ ਖੁਲ੍ਹੇ ਦਿਲ ਦੇ ਨਾਲ ਸੁਆਗਤ ਕਰਾਂਗੇ । (ਵਿਰੋਧੀ ਪੱਖ ਵਲੋਂ ਪ੍ਰਸੰਸ਼ਾ) ਪਹਿਲਾਂ ਇਨ੍ਹਾਂ ਦੀ ਪਾਰਟੀ ਦੀ ਜੋ ਮੀਟਿੰਗ ਹੋਈ ਸੀ ਉਸ ਤੋਂ ਇਹ ਪ੍ਰਭਾਵ ਮਿਲਦਾ ਸੀ ਕਿ ਸ਼ਾਇਦ ਇਸ ਵਿਧਾਨ ਸਭਾ ਵਿਚ ਹੀ ਇਹ ਬਿਲ ਲਿਆਂਦਾ ਜਾਵੇਗਾ ਅਤੇ ਆਪੋਜ਼ੀਸ਼ਨ ਨੇ ਇਸ ਦਾ ਸੁਆਗਤ ਕੀਤਾ ਸੀ । ਪਰ ਪਤਾ ਨਹੀਂ ਕਿਉਂ ਕਿਹੜੇ ਅੰਦਰੂਨੀ ਪ੍ਰੈਸ਼ਰ ਦੇ ਨਾਲ ਇਹ ਇਕ ਹੋਰ ਮਤਾ ਹੀ ਇਸ ਹਾਊਸ ਦੇ ਸਾਹਮਣੇ ਲੈ ਕੇ ਆਏ ਹਨ । ਜਿਸ ਵਿਚ ਕਿਹਾ ਗਿਆ ਹੈ ਕਿ ਇਹ ਹਾਊਸ ਕੇਂਦਰੀ ਸਰਕਾਰ ਨੂੰ ਬੇਨਤੀ ਕਰਦਾ ਹੈ ਕਿ ਉਹ ਪਾਰਲੀਮੈਂਟ ਦੇ ਰਾਹੀਂ

ਇਕ ਐਕਟ ਪਾਸ ਕਰਕੇ ਸ਼ਹਿਰੀ ਜਾਇਦਾਦਾਂ ਦੀ ਹੱਦਬੰਦੀ ਕਰੇ । ਫਿਰ ਜੋ ਇਹ ਲਫ਼ਜ਼ ਸਨ ਕਿ ਇਹ ਹੱਦ ਢਾਈ ਲੱਖ ਦੀ ਮਿਥੀ ਜਾਵੇ, ਇਸ ਮਤੇ ਵਿਚ ਇਹ ਅੱਖਰ ਵੀ ਨਹੀਂ ਹਨ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ, ਜਿਵੇਂ ਕਿ ਡਾਂਗ ਸਾਹਿਬ ਨੇ ਕਿਹਾ ਕਿ ਢਾਈ ਲੱਖ ਦੀ ਜਾਇਦਾਦ ਪੰਜਾਬ ਵਿਚ ਕਾਫ਼ੀ ਆ ਜਾਂਦੀ ਹੈ, ਭਾਵੇਂ ਇਹ ਬੰਬਈ ਜਾਂ ਕਲਕਤੇ ਵਰਗੀਆਂ ਥਾਵਾਂ ਤੇ ਘੱਟ ਆਵੇ । ਜੇ ਸੈਂਟਰ ਦੀ ਸਰਕਾਰ ਨੇ ਸਾਰੇ ਦੇਸ਼ ਲਈ ਇਕੋ ਹੀ ਪ੍ਰਕਾਰ ਦਾ ਕਾਨੂੰਨ ਬਣਾ ਦਿੱਤਾ ਤਾਂ ਉਸ ਨਾਲ ਕਿਸੇ ਥਾਂ ਤੇ ਜਾਇਦਾਦ ਜ਼ਿਆਦਾ ਆਵੇਗੀ ਅਤੇ ਕਿਸੇ ਥਾਂ ਤੇ ਥੋੜ੍ਹੀ । ਇਸ ਲਈ ਮੈਂ ਸਮਝਦਾ ਹਾਂ ਕਿ ਹਰ ਇਕ ਸਟੇਟ ਨੂੰ ਆਪਣੇ ਆਪਣੇ ਹਾਲਾਤ ਦੇ ਮੁਤਾਬਕ ਹੀ ਇਹ ਕਾਨੂੰਨ ਬਣਾਉਣਾ ਚਾਹੀਦਾ ਹੈ । ਹਰ ਇਕ ਸਟੇਟ ਵਿਚ ਆਪਣੀਆਂ ਆਪਣੀਆਂ ਸਪੈਸੇਫਿਕ ਕੰਡੀਸ਼ਨਜ਼ ਹੁੰਦੀਆਂ ਹਨ । ਇਸ ਲਈ ਹਰ ਸਟੇਟ ਲਈ ਵੱਖਰਾ ਵੱਖਰਾ ਕਾਨੂੰਨ ਉਨ੍ਹਾਂ ਹਾਲਤਾਂ ਦੇ ਮੁਤਾਬਕ ਹੋਣਾ ਚਾਹੀਦਾ ਹੈ । ਸਾਂਝੇ ਕਾਨੂੰਨ ਦੇ ਵਿਚ ਕਈ ਘਾਟਾਂ ਹੁੰਦੀਆਂ ਹਨ । ਜਿਵੇਂ ਕਿ ਹਿੰਦੂ ਵਿਰਾਸਤ ਬਿਲ ਹੈ । ਸਾਡੀ ਸਰਕਾਰ ਨੇ ਵੀ ਅਤੇ ਇਸ ਤੋਂ ਪਹਿਲਾਂ ਕਾਂਗਰਸ ਦੀ ਸਰਕਾਰ ਨੇ ਵੀ ਮਤਿਆਂ ਦੇ ਰਾਹੀਂ ਇਸ ਵਿਚ ਅਮੈਂਡਮੈਂਟ ਦੀ ਮੰਗ ਕੀਤੀ ਸੀ । ਇਸ ਅਸੈਂਬਲੀ ਦੇ ਵਿਚੋਂ ਮਤੇ ਪਾਸ ਕਰਕੇ ਭੇਜੇ ਗਏ ਸੀ ਕਿ ਘੱਟ ਘੱਟ ਖੇਤੀਬਾੜੀ ਦੀ ਜ਼ਮੀਨ ਨੂੰ ਇਸ ਤੋਂ ਛੋਟ ਦਿੱਤੀ ਜਾਵੇ । ਪਰ ਕਿਉਂਕਿ ਇਹ ਪਾਰਲੀਮੈਂਟ ਦੇ ਹੱਥ ਸੀ ਇਸ ਲਈ ਅੱਜ ਤਕ ਕੁਝ ਨਹੀਂ ਹੋ ਸਕਿਆ । ਫਿਰ, ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਡਾਂਗ ਸਾਹਿਬ ਨੇ ਕਿਹਾ ਹੈ ਕਿ ਸ਼ੈਡਿਊਲ 7 ਦੀ ਐਂਟਰੀ 36 ਦੇ ਰਾਹੀਂ ਸਟੇਟ ਅਸੈਂਬਲੀਆਂ ਨੂੰ ਇਹ ਅਧਿਕਾਰ ਹੈ ਕਿ ਉਹ ਅਜਿਹੇ ਕਾਨੂੰਨ ਪਾਸ ਕਰ ਸਕਦੀਆਂ ਹਨ । ਮੈਂ ਡਾਂਗ ਸਾਹਿਬ ਨੂੰ ਆਪ ਦੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਇਹ ਐਂਟਰੀ ਵਿਧਾਨ ਵਿਚ ਅਮੈਂਡਮੈਂਟ ਹੋਣ ਦੇ ਕਾਰਣ ਖਤਮ ਹੋ ਗਈ ਹੈ । ਹੁਣ ਨਵੀਂ ਐਂਟਰੀ ਨੰ : 42 ਹੈ, ਇਸ ਦੇ ਅਧੀਨ ਸਟੇਟ ਅਸੈਂਬਲੀਆਂ ਵੀ ਜੇ ਪ੍ਰਾਪਰਟੀ ਐਕਵਾਇਰ ਕਰਨਾ ਚਾਹੁਣ ਤਾਂ ਕਰ ਸਕਦੀਆਂ ਹਨ । ਇਸ ਲਈ ਸੈਂਟਰ ਦੀ ਸਰਕਾਰ ਨੂੰ ਸਿਫ਼ਾਰਸ਼ ਕਰਨ ਨਾਲੋਂ ਇਸ ਅਸੈਂਬਲੀ ਵਿਚ ਹੀ ਇਹ ਕਾਨੂੰਨ ਪਾਸ ਕਰ ਲੈਣਾ ਚਾਹੀਦਾ ਹੈ । ਹਰ ਇਕ ਸਟੇਟ ਦੀ ਆਰਥਿਕ ਨੀਤੀ ਆਪਣੇ ਆਪਣੇ ਹਾਲਾਤ ਦੇ ਮੁਤਾਬਕ ਹੋਣੀ ਚਾਹੀਦੀ ਹੈ । ਇਸ ਪਾਰਟੀ ਨੇ ਪਹਿਲਾਂ ਤਾਂ ਇਹ ਐਲਾਨ ਕੀਤਾ ਸੀ ਕਿ ਅਸੀਂ ਢਾਈ ਲੱਖ ਦੀ ਹੱਦ ਮਿਥਾਂਗੇ ਪਰ ਹੁਣ ਇਹਦਾ ਜ਼ਿਕਰ ਤਕ ਵੀ ਇਸ ਮਤੇ ਦੇ ਵਿਚ ਨਹੀਂ ਕੀਤਾ ਗਿਆ । (ਘੰਟੀ) ਫਿਰ, ਸਪੀਕਰ ਸਾਹਿਬ, ਅਸੀਂ ਰੇਜ਼ੋਲਿਊਸ਼ਨ ਪਾਸ ਕਰਕੇ ਭੇਜਦੇ ਹਾਂ ਤਾਂ ਉਥੇ ਰੱਦੀ ਦੀ ਟੋਕਰੀ ਵਿਚ ਸੁੱਟ ਦਿੱਤੇ ਜਾਂਦੇ ਹਨ । ਉਨ੍ਹਾਂ ਕੋਲ ਇਤਨੀ ਵਿਹਲ ਹੀ ਨਹੀਂ ਹੈ ਕਿ ਉਹ ਸਾਡੇ ਮਤਿਆਂ ਵੱਲ ਧਿਆਨ ਦੇਣ । ਅਸੀਂ ਕੌਂਸਲ ਨੂੰ ਖਤਮ ਕਰਨ ਦਾ ਮਤਾ ਪਾਸ ਕਰਕੇ ਕੇਂਦਰੀ ਸਰਕਾਰ ਨੂੰ ਭੇਜਿਆ ਪਰ ਉਥੇ 10 ਮਹੀਨਿਆਂ ਬਾਦ ਜਾਕੇ ਕਿਤੇ ਬਿਲ ਪਾਸ ਹੋਇਆ । 10 ਮਹੀਨੇ ਤਕ ਉਹ ਮਤਾ ਵਿਚੇ ਲਟਕਦਾ ਰਿਹਾ ।

ਕੈਪਟਨ ਸਾਹਿਬ ਨੇ ਕਿਹਾ ਸੀ ਕਿ ਆਪੋਜ਼ੀਸ਼ਨ ਸਾਥ ਦੇਵੇ । ਮੈਂ ਉਨ੍ਹਾਂ ਨੂੰ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਆਪੋਜ਼ੀਸ਼ਨ ਬੜੇ ਖੁਲ੍ਹੇ ਦਿਲ ਦੇ ਨਾਲ ਉਨ੍ਹਾਂ ਨੂੰ ਸਹਿਯੋਗ ਦੇਵੇਗੀ ਜੇ ਉਹ ਬਿਲ ਇਸ ਸੈਸ਼ਨ ਦੇ ਵਿਚ ਹੀ ਇਸ ਹਾਊਸ ਦੇ ਵਿਚ ਲਿਆਉਣ ਅਤੇ ਡੀਲੇ ਕਰਨ ਦੇ ਤਰੀਕੇ ਛੱਡ ਦੇਣ । ਮੈਂ ਉਨ੍ਹਾਂ ਨੂੰ ਯਕੀਨ ਦਿਵਾਉਂਦਾ ਹਾਂ ਕਿ ਆਪੋਜ਼ੀਸ਼ਨ ਬਗੈਰ ਕਿਸੇ ਝਗੜੇ ਦੇ ਉਨ੍ਹਾਂ ਦਾ ਸਾਥ ਦੇਵੇਗੀ । ਅਤੇ ਜੇ ਤੁਸੀਂ ਇਸ ਤਰ੍ਹਾਂ ਇਸ ਸੈਸ਼ਨ ਦੇ ਵਿਚ ਬਿਲ ਲੈ ਕੇ ਨਹੀਂ ਆਉਂਦੇ ਤਾਂ ਮੈਂ ਸਮਝਦਾ ਹਾਂ ਕਿ ਤੁਹਾਡਾ ਨਿਸ਼ਾਨਾ ਸਾਫ਼ ਨਹੀਂ ਹੈ, ਨੀਅਤ ਠੀਕ ਨਹੀਂ ਹੈ । ਇਹ ਆਪਣੇ ਸਰਮਾਏਦਾਰ ਤਬਕੇ ਨੂੰ ਵਕਤ ਦੇਣਾ ਚਾਹੁੰਦੇ ਹਨ ਤਾਂਕਿ ਉਹ ਆਪਣੀ ਜਾਇਦਾਦ ਖੁਰਦ ਬੁਰਦ ਕਰ ਸਕਣ । ਇਹ ਇਨ੍ਹਾਂ ਦੇ ਡੀਲੇ ਦੇ

[ਸਰਦਾਰ ਜਸਦੇਵ ਸਿੰਘ ਸੰਧੂ]

ਟੈਕਟਿਕਸ ਹਨ ਇਨ੍ਹਾਂ ਨੂੰ ਇਸ ਸੈਸ਼ਨ ਦੇ ਵਿਚ ਹੀ ਅਜਿਹਾ ਬਿਲ ਪੇਸ਼ ਕਰਨਾ ਚਾਹੀਦਾ ਹੈ ।

ਸਿੱਖਿਆ ਮੰਤਰੀ : (ਸਰਦਾਰ ਉਮਰਾਓ ਸਿੰਘ) ਸਪੀਕਰ ਸਾਹਿਬ, ਮੈਂ ਕੋਈ ਜ਼ਿਆਦਾ ਟਾਈਮ ਨਹੀਂ ਲੈਣਾ ਚਾਹੁੰਦਾ ਕਿਉਂਕਿ ਕੋਈ ਐਸੀ ਗੱਲ ਨਹੀਂ ਕਹੀ ਗਈ ਜੋ ਕਿ ਮੈਂ ਪਹਿਲਾਂ ਅਰਜ਼ ਨਾ ਕਰ ਦਿੱਤੀ ਹੋਵੇ । ਫਿਰ ਵੀ ਇਕ ਇਨ੍ਹਾਂ ਨੇ ਇਹ ਗੱਲ ਕਹੀ ਹੈ ਕਿ ਇਸ ਅਸੈਂਬਲੀ ਦੇ ਵਿਚ ਇਹ ਬਿਲ ਲਿਆਉਣਾ ਚਾਹੀਦਾ ਸੀ । ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਇਹ ਦੱਸ ਚੁਕਿਆ ਹਾਂ ਕਿ ਸਾਂਝਾ ਕਾਨੂੰਨ ਬਣਨ ਦੇ ਕੀ ਕੀ ਲਾਭ ਹਨ । ਕਿਸੇ ਵੀ ਮੈਂਬਰ ਨੇ ਉਨ੍ਹਾਂ ਲਾਭਾਂ ਨੂੰ ਕੰਟਰਾਡਿਕਟ ਨਹੀਂ ਕੀਤਾ । ਇਹ ਕਹਿੰਦੇ ਹਨ ਅਸੀਂ ਵੈਲਕਮ ਕਰਾਂਗੇ ਜੇ ਕਾਂਗਰਸ ਪਾਰਟੀ ਅਜਿਹਾ ਬਿਲ ਲਿਆਵੇ । ਮੈਂ ਅਰਜ਼ ਕਰਾਂਗਾ ਕਿ ਕਾਂਗਰਸ ਪਾਰਟੀ ਤਾਂ ਕੁਮਿਟਿਡ ਹੈ ਕਿ ਉਹ ਹੱਦਬੰਦੀ ਜ਼ਰੂਰ ਕਰਕੇ ਹੀ ਰਹੇਗੀ । (ਵਿਘਨ) ਮਰਹੜੀ ਜੀ ਤੁਸੀਂ ਕਦੋਂ ਦੇ ਜ਼ਿਮੀਦਾਰਾਂ ਦੇ ਹਾਮੀ ਬਣ ਗਏ । (ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਵਜ਼ਾਹਤ ਕਰ ਚੁਕਾ ਹਾਂ ਕਿ ਅਸੀਂ ਕੀ ਕੀ ਚਾਹੁੰਦੇ ਹਾਂ । ਪਹਿਲਾਂ ਹੀ ਅਸੀਂ ਇਹ ਗੱਲ ਕਹਿ ਚੁਕੇ ਹਾਂ ਕਿ ਇਸ ਅਸੈਂਬਲੀ ਦੇ ਵਿਚ ਇਕ ਬਿਲ ਅਜਿਹਾ ਲਿਆਉ ਕਿ ਜਿਸ ਨਾਲ ਸ਼ਹਿਰੀ ਜਾਇਦਾਦਾਂ ਦੀ ਹੱਦਬੰਦੀ ਢਾਈ ਲੱਖ ਰੁਪਏ ਦੀ ਹੋਵੇ । ਪਰ ਇਹ ਜੋ ਮਤਾ ਲਿਆਂਦਾ ਗਿਆ ਹੈ ਇਹ ਬੜਾ ਵੇਗ ਹੈ । ਇਨ੍ਹਾਂ ਦੇ ਬੈਂਚਾਂ ਤੇ ਜੋ ਵੱਡੇ ਵੱਡੇ ਕਾਰਖਾਨੇਦਾਰ, ਸ਼ਰਮਾਏਦਾਰ ਅਤੇ ਸਿਨਮਿਆਂ ਦੇ ਮਾਲਕ ਬੈਠੇ ਹਨ, ਇਨ੍ਹਾਂ ਦੇ ਲਾਭ ਲਈ ਇਹ ਮਤਾ ਲਿਆਂਦਾ ਹੈ । ਮੈਂ ਇਸ ਦੀ ਵਜ਼ਾਹਤ ਕਰ ਚੁਕਾ ਹਾਂ । ਇਸ ਅਸੈਂਬਲੀ ਦੇ ਵਿਚ ਹੁਣੇ ਹੀ ਬਿਲ ਲੈ ਆਓ । (ਵਿਘਨ)

ਸਿੱਖਿਆ ਮੰਤਰੀ : ਸ਼ੁਕਰ ਹੈ ਡਿਪਟੀ ਲੀਡਰ ਸਾਹਿਬ ਨੇ ਜੋ ਢਾਈ ਲੱਖ ਰੁਪਏ ਦੀ ਗੱਲ ਆਪਣੀ ਸਪੀਚ ਵਿਚ ਨਹੀਂ ਸੀ ਕਹੀ, ਉਹ ਲੀਡਰ ਸਾਹਿਬ ਨੇ ਕਹਿ ਦਿੱਤੀ ਹੈ । (ਵਿਘਨ) ਤੇ, ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਅਸੀਂ ਇਹ ਗੱਲ ਕੰਨਵੇ ਕਰ ਦਿਆਂਗੇ ਕਿ ਸਾਡੀ ਇਹ ਰਾਏ ਹੈ, ਇਸ ਹਾਊਸ ਦੀ ਇਹ ਰਾਏ ਹੈ ਕਿ ਇਹ ਹੱਦਬੰਦੀ ਢਾਈ ਲੱਖ ਦੀ ਮਿਥੀ ਜਾਵੇ । ਇਸ ਤੋਂ ਇਲਾਵਾ ਇਹ ਕਹਿਣਾ ਕਿ ਕੋਲਡ ਸਟੋਰੇਜ ਜਾਂ ਸਿਨਮੇਂ ਇਸ ਵਿਚ ਲੈਣਾ, ਇਹ ਗ਼ਲਤ ਹੈ । (ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ : On a point of order, Sir. ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਅਰਬਨ ਪਰਾਪਰਟੀ ਵਿਚ ਤਕੜੀ. ਵੱਟੇ ਨੂੰ ਛੱਡ ਕੇ ਬਾਕੀ ਕੱਪੜਾ, ਅਲਮਾਰੀਆਂ ਵਿਚ ਜਿਹੜੇ ਨੋਟ ਰਖੇ ਹੋਏ ਹਨ ਇਹ ਸਾਰੀਆਂ ਚੀਜ਼ਾਂ ਗਿਣੀਆਂ ਜਾਣੀਆਂ ਚਾਹੀਦੀਆਂ ਹਨ । (ਵਿਘਨ)

ਸ੍ਰੀ ਸਪੀਕਰ : ਇਹ ਪੁਆਇੰਟ ਆਫ਼ ਆਰਡਰ ਨਹੀਂ ਹੈ । (This is no point of order.)

ਚੌਧਰੀ ਦਰਸ਼ਨ ਸਿੰਘ : ਕੀ ਵਿਦਿਆ ਮੰਤਰੀ ਜੀ ਇਸ ਗੱਲ ਨੂੰ ਕਲੀਅਰ ਕਰਨਗੇ ਕਿ ਫੈਕਟਰੀਜ਼, ਸਿਨੇਮਾਜ਼, ਕੋਲਡ ਸਟੋਰੇਜ ਇਮਮੂਵੇਬਲ ਪ੍ਰਾਪਰਟੀ ਅੰਡਰ ਫਾਲ ਕਰਦੇ ਹਨ ? ਆਇਆ ਪੰਜਾਬ ਸਰਕਾਰ ਇਸ ਕਾਨੂੰਨ ਰਾਹੀਂ ਇਸ ਪ੍ਰਾਪਰਟੀ ਨੂੰ ਕਾਊਂਟ ਕਰਕੇ ਡਿਸਟ੍ਰੀਬਿਊਟ ਕਰੇਗੀ ਜਾਂ ਇਨ੍ਹਾਂ ਨੂੰ ਨੈਸ਼ਨੇਲਾਈਜ਼ ਕਰੇਗੀ । (ਥੰਪਿੰਗ)

ਸਿੱਖਿਆ ਮੰਤਰੀ : ਸਪੀਕਰ ਸਾਹਿਬ, ਸਾਡਾ ਇਹ ਰੇਜ਼ੋਲਿਊਸ਼ਨ ਇਕਨਾਮਿਕ ਡਿਸਪੈਰਿਟੀ ਨੂੰ ਰੀਮੂਵ ਕਰਨ ਵਾਸਤੇ ਹੈ । ਸੂਬੇ ਵਿਚ ਸੋਸ਼ਲਿਜ਼ਮ ਲਿਆਉਣਾ ਹੈ । ਇਸ ਦਾ ਮਤਲਬ ਇਹ ਹੈ ਕਿ ਡਿਸਪੈਰਿਟੀ ਤਾਂ ਦੂਰ ਹੋ ਸਕਦੀ ਹੈ ਜੇ ਜਿਨ੍ਹਾਂ ਪਾਸ ਬਹੁਤ ਜਾਇਦਾਦ ਹੈ, ਬਹੁਤ ਜ਼ਮੀਨ ਹੈ ਜਾਂ ਬਹੁਤ ਧੰਨ ਹੈ ਉਹ ਉਨ੍ਹਾਂ ਤੋਂ ਲੈ ਕੇ ਲੋੜਵੰਦਾਂ ਨੂੰ ਦਿੱਤਾ ਜਾਵੇ । ਇਹ ਇਕ ਸੋਸ਼ਲਿਜ਼ਮ ਹੈ । (ਸ਼ੋਰ) (ਵਿਘਨ) ਬਾਕੀ ਕੋਲਡ ਸਟੋਰੇਜ ਜਾਂ ਸਿਨੇਮੇ ਆਦਿ ਲੈਣਾ, ਇਹ ਨੈਸ਼ਨੇਲਾਈਜ਼ੇਸ਼ਨ ਹੈ । (ਸ਼ੋਰ) (ਵਿਘਨ) ਸੋ ਅਸੀਂ ਇਸ ਵਿਚ ਉਲਝਣਾ ਨਹੀਂ ਚਾਹੁੰਦੇ । ਨੈਸ਼ਨੇਲਾਈਜ਼ੇਸ਼ਨ ਦੇ ਮਸਲੇ ਨਾਲ ਸੋਸ਼ਲਿਜ਼ਮ ਦਾ ਮਸਲਾ ਸਬੰਧਤ ਨਹੀਂ ਹੈ । ਇਸ ਕਰਕੇ ਜਿਥੋਂ ਤਕ ਸਾਡੀ ਪਾਰਟੀ ਦਾ ਤਾਲੁਕ ਹੈ, ਜਿਥੋਂ ਤਕ ਕਾਂਗਰਸ ਪਾਰਟੀ ਦਾ ਤਾਲੁਕ ਹੈ, ਪ੍ਰਧਾਨ ਮੰਤਰੀ ਜੀ ਦਾ ਤਾਲੁਕ ਹੈ, ਜੋ ਹਿੰਦੁਸਤਾਨ ਦੀ ਜਨਤਾ ਨਾਲ ਵਾਇਦਾ ਕੀਤਾ ਹੈ, ਭਾਵੇਂ ਉਹ ਪੰਜਾਬ ਦੀ ਕਾਂਗਰਸ ਹੈ ਜਾਂ ਕਿਸੇ ਹੋਰ ਸੂਬੇ ਦੀ ਕਾਂਗਰਸ ਹੈ, ਇਹ ਵਾਇਦਾ ਪੂਰਾ ਕਰਨਾ ਹੈ ਅਤੇ ਇਸ ਇਕਨਾਮਿਕ ਡਿਸਪੈਰਿਟੀ ਨੂੰ ਦੂਰ ਕਰਨਾ ਹੈ । ਇਹ ਜਿਹੜਾ ਸਾਡਾ ਪ੍ਰੋਗਰਾਮ ਹੈ, ਸਾਡਾ ਮੈਨੀਫੈਸਟੋ ਹੈ, ਸਾਡੇ ਸਾਥੀ ਡਾਂਗ ਸਾਹਿਬ ਨੂੰ ਪਤਾ ਹੈ, ਸਾਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਤੇ ਪੂਰਾ ਵਿਸ਼ਵਾਸ਼ ਹੈ । (ਵਿਘਨ) ਉਹ ਜਿਸ ਕਿਸਮ ਦਾ ਕਾਨੂੰਨ ਵੀ ਸਾਨੂੰ ਦੇਣਗੇ, ਉਸ ਨਾਲ ਉਨ੍ਹਾਂ ਦੀ ਮਨਸ਼ਾ ਪੂਰੀ ਹੋਏਗੀ ਅਤੇ ਪੰਜਾਬ ਕਾਂਗਰਸ ਦੀ ਮਨਸ਼ਾ ਪੂਰੀ ਹੋਏਗੀ । (ਵਿਘਨ) ਐਨੀ ਬੇਨਤੀ ਕਰਦਾ ਹੋਇਆ ਮੈਂ ਅੰਤ ਵਿਚ ਫਿਰ ਅਰਜ਼ ਕਰਦਾ ਹਾਂ ਕਿ ਇਸ ਰੇਜ਼ੋਲਿਊਸ਼ਨ ਨੂੰ ਸਰਬ-ਸੰਮਤੀ ਨਾਲ ਪਾਸ ਕੀਤਾ ਜਾਵੇ । (ਥੰਪਿੰਗ)

ਸਰਦਾਰ ਜਸਵਿੰਦਰ ਸਿੰਘ ਬਰਾੜ : ਪੁਆਇੰਟ ਆਫ਼ ਆਰਡਰ, ਸਰ । ਮੈਨੂੰ ਇਕ ਮਿੰਟ ਹੀ ਦੇ ਦਿਉ । (ਵਿਘਨ) ਸਪੀਕਰ ਸਾਹਿਬ, ਮੈਂ ਤਾਂ ਇਹ ਸਮਝਦਾ ਹਾਂ ਕਿ ਜਿਹੜੇ ਲੋਕ ਗਿਆਨੀ ਜ਼ੈਲ ਸਿੰਘ ਨੂੰ ਆਪਣਾ ਲੀਡਰ ਸਮਝਦੇ ਹਨ, ਇਹ ਬਿਲ ਦਿੱਲੀ ਨੂੰ ਉਨ੍ਹਾਂ ਦੀ ਸਿਆਸੀ ਮੌਤ ਕਰਨ ਲਈ ਘਲਿਆ ਜਾ ਰਿਹਾ ਹੈ । ਇਹ ਬਿਲ **ਇਸ ਅਸੈਂਬਲੀ ਵਿਚ ਪਾਸ ਹੋਣਾ** ਚਾਹੀਦਾ ਹੈ । ਇਸ ਨਾਲ ਲੋਕ ਮਹਿਸੂਸ ਕਰਨਗੇ (ਵਿਘਨ) ਕਿ ਉਨ੍ਹਾਂ ਦੇ ਆਗੂ ਨੇ ਉਨ੍ਹਾਂ ਦੇ ਹਿੱਤਾਂ ਨੂੰ ਮੁਖ ਨਹੀਂ ਰਖਿਆ । (ਸ਼ੋਰ) (ਵਿਘਨ)

ਇਕ ਆਵਾਜ਼ : ਕਾਵਾਂ ਦੇ ਕਹੇ ਢੱਗੇ ਨਹੀਂ ਮਰਦੇ ਹੁੰਦੇ ।

Mr Speaker : Question is—

That in the Resolution in line 4, for "remove" *substitute* "lessen".

The motion was lost.

Mr. Speaker : Question is—

That in the Resolution in lines 4-5, *delete* **"and bring about socialism in the State".**

The motion was lost.

Mr. Speaker : Question is—

[Mr. Speaker]

"Whereas it appears to this Assembly to be desirable that the Parliament should make a law with respect to prescribing ceiling on urban immovable property in order to remove economic disparity and bring about socialism in the State. Now therefore, this Assembly hereby resolves that the Parliament may enact law prescribing and regulating ceiling on urban immovable property in the State".

The motion was carried.

ਸਰਦਾਰ ਅਜਾਇਬ ਸਿੰਘ ਸੰਧੂ : ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਪੁਆਇੰਟ ਆਫ਼ ਆਰਡਰ ਤਾਂ ਬੜੇ ਆਏ ਹਨ ਪਰ ਮੇਰੀ ਬੇਨਤੀ ਤਾਂ ਇਹ ਹੈ ਕਿ ਅਸੀਂ ਤਾਂ ਇਸ ਵਿਚ ਕਾਹਲੀ ਚਾਹੁੰਦੇ ਹਾਂ । ਮੁੱਖ ਮੰਤਰੀ ਸਾਹਿਬ ਸਰਦਾਰ ਉਮਰਾਓ ਸਿੰਘ ਦੀ ਡਿਊਟੀ ਲਗਾ ਦੇਣ ਕਿ ਇਹ ਦਿੱਲੀ ਬੈਠ ਕੇ ਇਸ ਨੂੰ ਛੇਤੀ ਤੋਂ ਛੇਤੀ ਪਾਸ ਕਰਵਾ ਲਿਆਉਣ । (ਵਿਘਨ)

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ । (This is no point of order.)

MOTION UNDER RULE 77

ਕਾਮਰੇਡ ਰਾਜ ਕੁਮਾਰ (ਧਾਰੀਵਾਲ) : ਮੈਂ, ਸਪੀਕਰ ਸਾਹਿਬ, ਇਹ ਮੂਵ ਕਰਦਾ ਹਾਂ ਕਿ ਹਿੰਦ-ਪਾਕਿਸਤਾਨ ਦੀ ਲੜਾਈ ਵਿਚ ਜਿਹੜੇ ਡਿਸਟ੍ਰਿਕਟ ਅਫੈਕਟਿਡ ਹਨ ਉਨ੍ਹਾਂ ਦੀਆਂ ਸਮਸਿਆਵਾਂ ਉੱਤੇ ਇਹ ਸਦਨ ਵਿਚਾਰ ਕਰੇ ।

ਸਪੀਕਰ ਸਾਹਿਬ, ਪਾਕਿਸਤਾਨ ਨੇ ਜਿਹੜਾ ਪਿੱਛੇ ਜਿਹੇ ਹਮਲਾ ਕੀਤਾ ਸੀ, ਇਹ ਹਮਲਾ ਸਿਰਫ ਬਾਰਡਰ ਤੇ ਵਸਣ ਵਾਲਿਆਂ ਉੱਤੇ ਹਮਲਾ ਨਹੀਂ ਸੀ ਬਲਕਿ ਇਹ ਸਾਰੇ ਦੇਸ਼ ਉੱਤੇ ਹਮਲਾ ਸੀ । ਇਸ ਹਮਲੇ ਦਾ ਮੁਕਾਬਲਾ ਬਾਰਡਰ ਤੇ ਬੈਠੇ ਲੋਕਾਂ ਨੇ ਬੜੀ ਬਹਾਦਰੀ ਨਾਲ ਕੀਤਾ । (ਵਿਘਨ)

ਸ੍ਰੀ ਸਪੀਕਰ : ਸਮਾਂ ਬਹੁਤ ਥੋੜ੍ਹਾ ਰਹਿ ਗਿਆ ਹੈ । ਇਸ ਲਈ ਸਮਾਂ ਵਧਾਉਣ ਲਈ ਹਾਊਸ ਦੀ ਸੈਂਸ ਲੈ ਲਈ ਜਾਵੇ । (The time left at our disposal now is very limited. The sense of the House will have to be taken to extend the sitting.)

ਸਿੱਖਿਆ ਮੰਤਰੀ : ਇਸ ਕੰਮ ਲਈ ਹਾਊਸ ਐਕਸਟੈਂਡ ਨਹੀਂ ਹੋ ਸਕਦਾ । ਟਾਈਮ ਫਿਕਸਡ ਹੈ ।

ਕਾਮਰੇਡ ਰਾਜ ਕੁਮਾਰ : ਇਸ ਸਬੰਧ ਵਿਚ ਤਿੰਨ ਜ਼ਿਲ੍ਹੇ ਅਫੈਕਟਿਡ ਹਨ । ਇਸ ਲਈ ਜੇ ਟਾਈਮ ਘੱਟ ਹੈ ਤਾਂ ਐਕਸਟੈਂਡ ਕਰ ਲਿਆ ਜਾਵੇ ।

ਸ੍ਰੀ ਸਪੀਕਰ : ਇਸ ਬਾਰੇ ਹਾਊਸ ਦੀ ਕੀ ਰਾਏ ਹੈ ? (What is the sense of the House ?)

ਸਿੱਖਿਆ ਮੰਤਰੀ : ਡਾਂਗ ਸਾਹਿਬ, ਆਪਣੀਆਂ ਤਜਵੀਜ਼ਾਂ ਦੇ ਦੇਣ ਜਿੰਨੇ ਬਾਰਡਰ ਏਰੀਆਜ਼ ਦੇ ਐਮ. ਐਲ. ਏਜ਼ ਹਨ ਉਨ੍ਹਾਂ ਨੂੰ ਬੁਲਾਕੇ ਸਲਾਹ ਲੈ ਲਈ ਜਾਵੇਗੀ ਅਤੇ ਅਮਲੀ ਜ਼ਾਮਾ ਪਹਿਨਾਉਣ ਦਾ ਯਤਨ ਕੀਤਾ ਜਾਵੇਗਾ । ਬਾਕੀ ਜਿਹੜੀਆਂ ਗੱਲਾਂ ਰਹਿ ਜਾਣਗੀਆਂ ਉਹ ਗਵਰਨਰ ਸਾਹਿਬ ਦੇ ਐਡਰੇਸ ਵੇਲੇ ਆ ਸਕਦੀਆਂ ਹਨ । (ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦਾ ਯੂਨੈਨੀਮਸ ਫ਼ੈਸਲਾ ਹਾਊਸ ਐਡਾਪਟ ਕਰਦਾ ਹੈ, ਜੇ ਕਾਮਨ ਐਗਰੀਮੈਂਟ ਹੋਵੇ ਤਾਂ, otherwise this question can't be reopened. (ਵਿਘਨ)

ਸਪੀਕਰ ਸਾਹਿਬ, ਉਥੇ ਵੀ ਇਹ ਗੱਲ ਹੋਈ ਸੀ ਕਿ ਇਹ ਇਕ ਦਿਨ ਵਿਚ ਸਭ ਕੁਝ ਨਹੀਂ ਹੋ ਸਕਦਾ ਅਤੇ ਮੁਸ਼ਕਲ ਹੋਵੇਗੀ । ਅਸੀਂ ਬੇਨਤੀ ਕੀਤੀ ਸੀ ਕਿ ਇਸ ਵਾਸਤੇ ਕੋਈ ਹੋਰ ਦਿਨ ਮੁਕੱਰਰ ਕਰ ਲਿਆ ਜਾਵੇ ਜਾਂ ਇਜਲਾਸ 7 ਤਾਰੀਕ ਦੀ ਬਜਾਏ 10 ਤਾਰੀਕ ਤੱਕ ਚਲਾਇਆ ਜਾਵੇ, ਇਸ ਦੇ ਵਿਚ ਕੋਈ ਹਰਜ਼ ਨਹੀਂ । ਹੁਣ ਇਹ ਹੋ ਸਕਦਾ ਹੈ ਕਿ ਟਾਈਮ ਐਕਸਟੈਂਡ ਕਰ ਲਿਆ ਜਾਵੇ, ਹੋਰ ਇਸ ਦਾ ਕੋਈ ਇਲਾਜ ਨਹੀਂ । ਜਾਂ ਇਹ ਹੋ ਸਕਦਾ ਹੈ ਕਿ ਇਜਲਾਸ ਇਕ ਦਿਨ ਹੋਰ ਵਧਾ ਲੈਣ ਅਤੇ ਇਸ ਉੱਤੇ ਪੂਰਾ ਦਿਨ ਬਹਿਸ ਹੋ ਜਾਵੇ । ਗਵਰਨਰ ਦੇ ਐਡਰੈਸ ਤੇ ਬਹਿਸ ਬਾਅਦ ਵਿਚ ਹੋ ਜਾਵੇਗੀ । (ਵਿਘਨ) ਇਸ ਲਈ ਹੁਣ ਬੇਸ਼ੱਕ ਇਸ ਨੂੰ ਖਤਮ ਕਰ ਦਿੱਤਾ ਜਾਵੇ ਅਤੇ ਫਿਰ ਕਿਸੇ ਦਿਨ ਨੂੰ ਇਹ ਰੱਖ ਲਿਆ ਜਾਵੇ ।

ਸ੍ਰੀ ਸਪੀਕਰ : ਡਾਂਗ ਸਾਹਿਬ, ਇਹ ਤਾਂ ਉਸ ਦਿਨ ਤੁਸੀਂ ਫੈਸਲਾ ਕੀਤਾ ਸੀ ਕਿ ਜੇ ਜ਼ਰੂਰੀ ਸਮਝਿਆ ਜਾਵੇ ਤਾਂ ਅੱਜ ਸਮਾਂ ਹੋਰ ਵਧਾਇਆ ਜਾਵੇ । (*Addressing Comrade Satya Pal Dang* : It was decided on that day that the sitting of the House may be extended, if necessary.)

ਸਿਖਿਆ ਮੰਤਰੀ : ਸਪੀਕਰ ਸਾਹਿਬ, ਇਹ ਤਾਂ ਮੈਂਬਰਜ਼ ਦੇ ਬੋਲਣ ਤੇ ਹੈ । ਜੇ ਜ਼ਿਆਦਾ ਮੈਂਬਰਜ਼ ਬੋਲਣਾ ਚਾਹੁੰਦੇ ਹਨ ਤਾਂ ਮੈਨੂੰ ਕੋਈ ਇਤਰਾਜ਼ ਨਹੀਂ ਹੈ ਪਰ ਇਹ ਗਵਰਨਰ ਦੇ ਐਡਰੈਸ ਤੇ ਵੀ ਬੋਲ ਸਕਦੇ ਹਨ । ਇਸ ਲਈ ਇਹ ਕੋਈ ਐਸੀ ਗੱਲ ਨਹੀਂ ਹੈ । ਅਸੀਂ ਫਿਰ ਵੀ ਵਿਚਾਰ ਕਰ ਸਕਦੇ ਹਾਂ । ਜੇ ਮੈਂਬਰਜ਼ ਬੋਲਣਾ ਚਾਹੁੰਦੇ ਹਨ ਤਾਂ ਸਾਨੂੰ ਕੋਈ ਇਤਰਾਜ਼ ਨਹੀਂ ਹੈ ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਟਾਈਮ ਐਕਸਟੈਂਡ ਕਰ ਦਿਓ । (ਵਿਘਨ) ਪਤਾ ਨਹੀਂ ਇਨ੍ਹਾਂ ਨੂੰ ਕਾਹਲ ਕਿਸ ਚੀਜ਼ ਦੀ ਹੈ । (ਵਿਘਨ) ਇਸ ਦਾ ਮਤਲਬ ਇਹ ਹੈ ਕਿ ਅਸੀਂ ਇਨ੍ਹਾਂ ਨੂੰ ਉਥੇ ਮਨਾ ਕੇ ਆਇਆ ਕਰੀਏ । ਜਿਹੜਾ ਇਹ ਵਾਅਦਾ ਕਰਦੇ ਹਨ, ਉਨ੍ਹਾਂ ਨੂੰ ਆਨਰ ਕਰਨਾ ਚਾਹੀਦਾ ਹੈ । ਇਸ ਦੇ ਮੁਤੱਲਕ ਇਕੱਲੇ ਬਾਰਡਰ ਏਰੀਆ ਦੇ ਐਮ. ਐਲ. ਏਜ਼. ਨੇ ਹੀ ਕੇਵਲ ਗੱਲ ਨਹੀਂ ਕਰਨੀ ਬਲਕਿ ਸਾਰੀਆਂ ਪਾਰਟੀਆਂ ਦੇ ਐਮ. ਐਲ. ਏਜ਼. ਨੇ ਵੀ ਗੱਲ ਕਰਨੀ ਹੈ । ਇਸ ਲਈ ਮੇਰੀ ਬੇਨਤੀ ਹੈ ਕਿ ਅੱਜ ਦੇ ਸੈਸ਼ਨ ਨੂੰ ਕਮ-ਅਜ਼-ਕਮ ਤਿੰਨ ਚਾਰ ਵਜੇ ਤਕ ਐਕਸਟੈਂਡ ਕਰਨਾ ਚਾਹੀਦਾ ਹੈ । (ਵਿਘਨ)

ਸਿਖਿਆ ਮੰਤਰੀ : ਸਪੀਕਰ ਸਾਹਿਬ, ਇਸ ਸਬੰਧ ਵਿਚ ਰੂਲ 77 ਬੜਾ ਕਲੀਅਰ ਹੈ । ਮੈਂ ਤੁਹਾਡਾ ਧਿਆਨ ਇਸ ਵੱਲ ਦਿਵਾਉਂਦਾ ਹਾਂ । ਉਹ ਇਸ ਤਰ੍ਹਾਂ ਹੈ ਕਿ :

[ਸਿਖਿਆ ਮੰਤਰੀ]

> "A motion that the policy or situation or statement or any other matter be taken into consideration shall not be put to the vote of the Assembly, but the Assembly, shall proceed to discuss such matter immediately after the mover has concluded his speech and no further question shall be put at the conclusion of the debate at the appointed hour......

ਸੋ, ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਤੁਸੀਂ ਟਾਈਮ ਫਿਕਸ ਕਰ ਦਿਓ ਅਤੇ ਉਸ ਦੇ ਮੁਤਾਬਿਕ ਹੀ ਕਰ ਲਵੋ ।

ਸ੍ਰੀ ਸਪੀਕਰ : ਕੀ ਹਾਊਸ ਇਸ ਨਾਲ ਐਗਰੀ ਕਰਦਾ ਹੈ ਕਿ ਹਾਊਸ ਡੇਢ ਵਜੇ ਤੱਕ ਚਲਦਾ ਰਹੇ । (Is it the pleasure of the House that the sitting should continue till 1-30 P. M. ?)

ਆਵਾਜ਼ਾਂ : ਹਾਂ ਜੀ । ਐਗਰੀਡ ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਹਾਊਸ ਤਿੰਨ ਵਜੇ ਤੱਕ ਐਕਸਟੈਂਡ ਕਰ ਦਿਓ । (ਵਿਘਨ) (ਸ਼ੋਰ)

ਸ੍ਰੀ ਸਪੀਕਰ : ਮੇਰਾ ਖਿਆਲ ਹੈ 2-00 ਵਜੇ ਤੱਕ ਠੀਕ ਹੈ । (ਵਿਘਨ) (I think the sitting should continue till 2-00 P. M.) (Interruption)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਦੋ ਵਜੇ ਤੱਕ ਬਹੁਤ ਘੱਟ ਸਮਾਂ ਹੈ, ਢਾਈ ਵਜੇ ਤੱਕ ਕਰ ਦਿਓ । (ਵਿਘਨ) (ਸ਼ੋਰ)

ਸਿਖਿਆ ਮੰਤਰੀ : ਸਪੀਕਰ ਸਾਹਿਬ, ਪਿਛਲੀਆਂ ਪ੍ਰੋਸੀਡਿੰਗਜ਼ ਦੇਖ ਲਵੋ । ਰੂਲ 77 ਥੱਲੇ ਜਿਹੜੀ ਕੋਈ ਡੀਬੇਟ ਹੋਈ ਹੈ, ਉਸ ਲਈ ਘੰਟਾ ਜਾਂ ਡੇਢ ਘੰਟਾ ਤੋਂ ਵੱਧ ਟਾਈਮ ਨਹੀਂ ਦਿੱਤਾ ਗਿਆ । (ਵਿਘਨ)

ਸ੍ਰੀ ਸਪੀਕਰ : ਹਾਊਸ ਦੋ ਵਜੇ ਤੱਕ ਚਲੇਗਾ । (The House shall sit upto 2-00 P. M.)

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੈਂ ਉਨ੍ਹਾਂ ਮੌਤ ਦੀ ਛਾਇਆ ਹੇਠ ਆਏ ਲੋਕਾਂ ਦੇ ਸਬੰਧ ਵਿਚ ਕੁਝ ਉਚੇਚੀਆਂ ਗੱਲਾਂ ਹਾਊਸ ਦੇ ਸਾਹਮਣੇ ਰੱਖਣਾ ਚਾਹੁੰਦਾ ਹਾਂ । ਸਭ ਤੋਂ ਪਹਿਲਾਂ ਮੈਂ ਇਹ ਹਕੀਕਤ ਤਸਲੀਮ ਜ਼ਰੂਰ ਕਰਾਂਗਾ ਕਿ ਇਸ ਵਾਰੀ ਸਰਕਾਰ ਨੇ ਪਿਛਲੀ ਜੰਗ ਦੇ ਸਮੇਂ ਜੋ ਕੁਝ ਸਹੂਲਤਾਂ, ਜੋ ਕੁਝ ਲੋਕਾਂ ਦੀਆਂ ਤਕਲੀਫਾਂ ਨੂੰ ਸਮਝਕੇ ਦਿੱਤਾ ਸੀ, ਉਸ ਨਾਲੋਂ ਬਿਹਤਰ ਹੈ ਅਤੇ ਤਸੱਲੀਬਖਸ਼ ਪੋਜ਼ੀਸ਼ਨ ਇਸ ਵਾਰ ਅਖਤਿਆਰ ਕੀਤੀ ਹੈ । ਲੇਕਿਨ ਇਸ ਦੇ ਬਾਵਜੂਦ ਵੀ ਜੋ ਕੁਝ ਅੱਜ ਦੇ ਹਾਲਾਤ ਮੰਗ ਕਰਦੇ ਹਨ ਉਸ ਦੇ ਮੁਤਾਬਿਕ ਮੈਂ ਮਹਿਸੂਸ ਕਰਦਾ ਹਾਂ ਕਿ ਜੋ ਕੁਝ ਉਨ੍ਹਾਂ ਵਾਸਤੇ ਕੀਤਾ ਜਾਣਾ ਚਾਹੀਦਾ ਸੀ ਉਹ ਨਹੀਂ ਕੀਤਾ ਗਿਆ । ਉਨ੍ਹਾਂ ਨੂੰ ਪੂਰੀ ਇਮਦਾਦ ਨਹੀਂ ਦਿੱਤੀ ਗਈ ।

ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ, ਜਿਸ ਅਪਰੋਚ ਨਾਲ ਗੌਰਮਿੰਟ ਨੇ ਇਮਦਾਦ ਦਿੱਤੀ ਹੈ, ਉਸ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ। ਇਸ ਮੱਦਦ ਦੇਣ ਦੀ ਅਪਰੋਚ ਵਿਚ ਇਕ ਬਾਇਸ ਕੰਮ ਕਰ ਰਹੀ ਹੈ। ਸਰਕਾਰ ਦਾ ਧਿਆਨ ਕਮਜ਼ੋਰ ਤਬਕੇ ਵੱਲ ਨਹੀਂ ਗਿਆ। ਮੈਂ ਇਹ ਕਹਾਂਗਾ ਕਿ ਇਹ ਤਬਕਾ, ਇਹ ਕਲਾਸ, ਜਮਾਤੀ ਅਪਰੋਚ ਦਾ ਸ਼ਿਕਾਰ ਹੋ ਗਏ ਹਨ। ਪਿੰਡਾਂ ਵਿਚ ਬੇਜ਼ਮੀਨ ਮੁਜ਼ਾਰੇ ਅਤੇ ਹਰੀਜਨ ਇਹ ਸਾਰੇ ਉਸ ਇਮਦਾਦ ਦੇ ਮੁਸਤਹਿਕ ਨਹੀਂ ਗਿਣੇ ਗਏ।

(ਇਸ ਸਮੇਂ ਸਰਦਾਰ ਸੁਰਜੀਤ ਸਿੰਘ ਮੈਂਬਰ ਆਫ਼ ਪੈਨਲ ਆਫ਼ ਚੇਅਰਮੈਨ, ਸ੍ਰੀ ਸਪੀਕਰ ਦੀ ਕੁਰਸੀ ਤੇ ਬਿਰਾਜਮਾਨ ਹੋਏ।)

ਜਿਹੜੀ ਇਮਦਾਦ ਪਿੰਡਾਂ ਦੇ ਵਿਚ ਕੀਤੀ ਗਈ ਹੈ ਉਸ ਦੀ ਸਾਨੂੰ ਕੋਈ ਸ਼ਿਕਾਇਤ ਨਹੀਂ। ਪਰ ਅਸੀਂ ਮੰਗ ਕਰਦੇ ਹਾਂ ਕਿ ਇਹ ਇਮਦਾਦ ਇਨ੍ਹਾਂ ਤਬਕਿਆਂ ਨੂੰ ਵੀ ਮਿਲਣੀ ਚਾਹੀਦੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਫੈਸਲਾ ਕਰ ਲਿਆ ਕਿ ਅਗਰ ਕਿਸੇ ਵਕੀਲ ਦੀ ਲਾਇਬ੍ਰੇਰੀ ਨੂੰ ਇਸ ਜੰਗ ਦੇ ਵਿਚ ਕੋਈ ਨੁਕਸਾਨ ਹੋ ਗਿਆ, ਡਾਕਟਰ ਦਾ ਕੋਈ ਨੁਕਸਾਨ ਹੋ ਗਿਆ, ਜਾਂ ਕਿਸੇ ਹੋਰ ਬਿਜ਼ਨੈਸਮੈਨ ਦੀ ਇੰਡਸਟਰੀ ਖਰਾਬ ਹੋ ਗਈ, ਉਸ ਦੇ ਵਾਸਤੇ ਉਨ੍ਹਾਂ ਨੂੰ ਮੁਆਵਜ਼ੇ ਤਾਂ ਦਿੱਤੇ ਜਾਂਦੇ ਹਨ ਜੋ ਚੰਗੀ ਗੱਲ ਹੈ ਪਰ ਮੈਂ ਦੱਸਦਾ ਹਾਂ ਕਿ ਹਜ਼ਾਰਾਂ ਹਰੀਜਨਾਂ ਦੀਆਂ ਜ਼ਮੀਨਾਂ ਵਾਹੀਆਂ ਹੋਈਆਂ ਸਮੇਤ ਫਸਲਾਂ ਦੇ ਖਰਾਬ ਹੋਈਆਂ, ਉਨ੍ਹਾਂ ਦੀਆਂ ਜ਼ਮੀਨਾਂ ਅਤੇ ਫਸਲਾਂ ਪਾਕਿਸਤਾਨ ਵਿਚ ਚਲੀਆਂ ਗਈਆਂ, ਪਿੰਡਾਂ ਦੇ ਪਿੰਡ ਪਾਕਿਸਤਾਨ ਵਿਚ ਚਲੇ ਗਏ। ਜ਼ਮੀਨਾਂ ਕਿਸੇ ਕਾਬਲ ਨਾ ਰਹੀਆਂ। ਉਸ ਦੇ ਬਾਅਦ ਫਸਲਾਂ ਨਾ ਬੀਜੀਆਂ ਜਾ ਸਕੀਆਂ। ਉਸ ਵਿਚਾਰੇ ਨੂੰ ਕੋਈ ਰੁਜ਼ਗਾਰ ਨਾ ਮਿਲਿਆ, ਪਰ ਇਨ੍ਹਾਂ ਦੇ ਵਾਸਤੇ ਕੋਈ ਇਮਦਾਦ ਦੇਣ ਦਾ ਕੋਈ ਧਿਆਨ ਨਹੀਂ ਰੱਖਿਆ ਗਿਆ। ਉਨ੍ਹਾਂ ਨੂੰ ਇਮਦਾਦ ਦੇਣ ਬਾਰੇ ਕੋਈ ਫੈਸਲਾ ਨਹੀਂ ਕੀਤਾ ਗਿਆ। ਸਿਰਫ ਪਿੰਡਾਂ ਵਿਚ ਹੀ ਨਹੀਂ, ਇਸ ਕਲਾਸ ਅਪਰੋਚ ਦਾ ਇਜ਼ਹਾਰ ਸ਼ਹਿਰਾਂ ਦੇ ਵਿਚ ਜਿਹੜੇ ਇੰਡਸਟਰੀਅਲ ਵਰਕਰਜ਼ ਹਨ, ਉਨ੍ਹਾਂ ਨਾਲ ਜਿਹੜਾ ਵਿਤਕਰਾ ਧਾਰਨ ਕੀਤਾ ਗਿਆ, ਇਹ ਵੀ ਸਾਹਮਣੇ ਆਉਂਦਾ ਹੈ। ਡਾਂਗ ਸਾਹਿਬ ਨੇ ਸਟੇਟ ਸਿਟੀਜ਼ਨ ਕੌਂਸਲ ਵਿਚ ਬੜਾ ਜ਼ੋਰ ਲਾਇਆ ਕਿ ਇਨ੍ਹਾਂ ਗਰੀਬ ਮਜ਼ਦੂਰਾਂ ਦਾ, ਵਰਕਰਾਂ ਦਾ ਕੀ ਕਸੂਰ ਹੈ ਕਿ ਬਲੈਕ ਆਊਟ ਕਰਕੇ ਉਨ੍ਹਾਂ ਦੇ ਕੰਮ ਦੇ ਘੰਟੇ ਘਟਾ ਕੇ ਉਨ੍ਹਾਂ ਦੀਆਂ ਤਨਖਾਹਾਂ ਘਟਾ ਦਿੱਤੀਆਂ। ਉਨ੍ਹਾਂ ਦੀਆਂ ਉਜ਼ਰਤਾਂ ਘਟਾ ਦਿੱਤੀਆਂ, ਉਨ੍ਹਾਂ ਦੀ ਰੀਟਰੈਂਚਮੈਂਟ ਕੀਤੀ ਗਈ ਉਨ੍ਹਾਂ ਨੂੰ ਲੇ ਆਫ਼ ਕੀਤਾ ਗਿਆ। ਇਸ ਲਈ ਮੈਂ ਕਹਾਂਗਾ ਕਿ ਉਨ੍ਹਾਂ ਨੂੰ ਗਰਾਂਟ ਦੀ ਸ਼ਕਲ ਦੇ ਵਿਚ ਪੈਸੇ ਦਿੱਤੇ ਜਾਣ। 50 ਰੁਪਏ ਤੋਂ 300 ਰੁਪਏ ਤੱਕ ਲੋਨ ਦਿੱਤਾ ਜਾਣਾ ਕੋਈ ਠੀਕ ਹੈ ਪਰ ਹੈ ਬਹੁਤ ਥੋੜ੍ਹਾ। ਉਨ੍ਹਾਂ ਦਾ ਜੋ ਨੁਕਸਾਨ ਹੋਇਆ ਹੈ, ਉਹ ਇਸ ਦੇ ਨਾਲੋਂ ਕਿਤੇ ਜ਼ਿਆਦਾ ਗੰਭੀਰ ਸੀ। ਚੇਅਰਮੈਨ ਸਾਹਿਬ, ਜਿਹੜਾ ਪੈਸਾ ਕਰਜ਼ੇ ਵਜੋਂ ਦਿੱਤਾ ਗਿਆ ਅਤੇ ਉਸ ਦੀ ਅਦਾਇਗੀ ਵਿਚ ਜੋ ਕੁਝ ਹੋਇਆ, ਉਹ ਮੈਂ ਤੁਹਾਨੂੰ ਦੱਸਦਾ ਹਾਂ। ਅੰਮ੍ਰਿਤਸਰ ਵਿਚ 16 ਹਜ਼ਾਰ ਦਰਖਾਸਤਾਂ ਕਰਜ਼ਿਆਂ ਦੇ ਵਾਸਤੇ ਦਿੱਤੀਆਂ ਗਈਆਂ 50 ਰੁਪਏ ਤੋਂ 300 ਰੁਪਏ ਵਾਸਤੇ ਇਨ੍ਹਾਂ ਵਿਚੋਂ ਇਸ ਵੇਲੇ 2 ਹਜ਼ਾਰ ਆਦਮੀਆਂ ਨੂੰ ਕਰਜ਼ਾ ਮਿਲ ਸਕਿਆ ਹੈ। ਦੋ ਹਜ਼ਾਰ ਆਦਮੀਆਂ ਦੀਆਂ ਦਰਖਾਸਤਾਂ ਮਨਜ਼ੂਰ ਹੋ ਗਈਆਂ ਹਨ ਪਰ ਪੈਸੇ ਨਹੀਂ ਮਿਲੇ, ਕਹਿੰਦੇ ਹਨ ਕਿ ਉਪਰੋਂ ਪੈਸੇ ਨਹੀਂ ਆਏ। ਮੈਂ ਕਹਿੰਦਾ ਹਾਂ ਕਿ ਬਾਕੀ 12 ਹਜ਼ਾਰ ਅਰਜ਼ੀਆਂ ਦਾ ਕੀ ਬਣੇਗਾ। ਕਰਜ਼ੇ ਕਿਸ ਤਰ੍ਹਾਂ ਮਿਲਦੇ ਹਨ ਉਹ ਮੈਂ ਦੱਸਦਾ ਹਾਂ। ਜੇ 50 ਹਜ਼ਾਰ ਦੀ ਰਜਿਸਟਰੀ ਹੋਣੀ ਹੋਵੇ ਤਾਂ ਮਿਊਂਸੀਪਲ ਕਮਿਸ਼ਨਰ ਜਾਂ ਸਰਪੰਚ ਉਸ ਦੀ ਤਸਦੀਕ ਕਰ ਸਕਦਾ ਹੈ। ਪਰ 50 ਰੁਪਏ ਦੇ ਕਰਜ਼ੇ ਵਾਸਤੇ ਉਹ ਮਿਊਂਸੀਪਲ ਕਮਿਸ਼ਨਰ ਨੂੰ ਕਹੇਗਾ ਕਿ ਉਹ ਸ਼ਿਉਰਟੀ ਦੇਵੇ। ਜਾਂ

[ਕਾਮਰੇਡ ਰਾਜ ਕੁਮਾਰ]

ਜਾਇਦਾਦ ਵਾਲੇ ਨੂੰ ਕਿਹਾ ਜਾਂਦਾ ਹੈ ਕਿ ਉਹ ਆਪਣੀ ਜਾਇਦਾਦ ਦੇ ਕਾਗਜ਼ ਪੇਸ਼ ਕਰੇ । ਇਹ ਠੀਕ ਨਹੀਂ ਹੈ । ਇਸ ਲਈ ਮੈਂ ਕਹਿੰਦਾ ਹਾਂ ਕਿ ਇਹ ਉਹ ਲੋਕ ਹਨ ਜਿਨ੍ਹਾਂ ਨੇ ਸਾਨੂੰ ਵੋਟਾਂ ਪਾ ਕੇ ਚੁਣ ਕੇ ਇਥੇ ਸਦਨ ਵਿਚ ਭੇਜਿਆ ਹੈ ਉਨ੍ਹਾਂ ਦਾ ਖਿਆਲ ਕਰਨਾ ਚਾਹੀਦਾ ਹੈ । ਇਸ ਵਾਸਤੇ, ਚੇਅਰਮੈਨ ਸਾਹਿਬ, ਇਹ ਨਿਹਾਇਤ ਜ਼ਰੂਰੀ ਹੈ ਕਿ ਸਰਕਾਰ ਦੇ ਇਸ ਫੈਸਲੇ ਨੂੰ ਸੰਸ਼ੋਧਨ ਕਰਕੇ ਤਬਦੀਲ ਕੀਤਾ ਜਾਵੇ ਅਤੇ ਇੰਡਸਟਰੀਅਲ ਵਰਕਰਜ਼ ਦੀ ਜੋ ਰੀਟਰੈਂਚਮੈਂਟ ਕੀਤੀ ਗਈ ਹੈ, ਉਨ੍ਹਾਂ ਨੂੰ ਲੇ ਆਫ਼ ਕੀਤਾ ਗਿਆ ਹੈ, ਉਨ੍ਹਾਂ ਦਾ ਜੋ ਨੁਕਸਾਨ ਹੋਇਆ ਹੈ, ਜੋ ਘੱਟ ਤਨਖਾਹਾਂ ਦਿੱਤੀਆਂ ਹਨ, ਉਨ੍ਹਾਂ ਨੂੰ ਲੋਨ ਦੀ ਬਜਾਏ ਗਰਾਂਟ ਵਜੋਂ ਦੇ ਕੇ ਪੂਰਾ ਕੀਤਾ ਜਾਵੇ । ਫਿਰ ਅਸੀਂ ਸਿਰ ਉੱਚਾ ਕਰਕੇ ਕਹਿ ਸਕਦੇ ਹਾਂ ਕਿ ਜੋ ਅਸੀਂ ਇਲੈਕਸ਼ਨਾਂ ਦੇ ਦਿਨਾਂ ਵਿਚ ਕਹਿੰਦੇ ਹੁੰਦੇ ਸੀ ਉਸ ਨੂੰ ਪੂਰਾ ਕਰ ਵਿਖਾਇਆ ਹੈ । (ਵਿਘਨ)

Government servants are not entitled to receive this grant.

ਚੇਅਰਮੈਨ ਸਾਹਿਬ, ਇਕ ਹੋਰ ਗੱਲ ਜਿਹੜੀ ਕਿ ਮੈਂ ਕਰਨਾ ਚਾਹੁੰਦਾ ਹਾਂ ਉਹ ਇਹ ਹੈ ਕਿ ਬਾਰਡਰ ਦੇ ਉੱਤੇ ਬਹੁਤ ਸਾਰੇ ਇਮਪਲਾਈ ਕੰਮ ਕਰਦੇ ਹਨ, ਮੈਂ ਸਮਝਦਾ ਹਾਂ ਕਿ ਉਨ੍ਹਾਂ ਦੀ ਪ੍ਰਸ਼ੰਸਾ ਸਭ ਤੋਂ ਪਹਿਲਾਂ ਕਰਨੀ ਚਾਹੀਦੀ ਸੀ । ਮੈਂ ਉਨ੍ਹਾਂ ਦੀ ਗੱਲ ਨਹੀਂ ਕਰਦਾ ਜਿਨ੍ਹਾਂ ਨੂੰ ਪਦਮ ਸ੍ਰੀ ਤੇ ਹੋਰ ਕਈ ਤਗਮੇ ਮਿਲੇ ਹਨ ਮੈਂ ਉਨ੍ਹਾਂ ਦੀ ਗੱਲ ਕਰਦਾ ਹਾਂ ਜਿਹੜੇ ਸੁਬਾਰਡੀਨੇਟ ਇਮਪਲਾਈ ਬਾਰਡਰ ਤੇ ਕੰਮ ਕਰਦੇ ਹਨ ਜਿਨ੍ਹਾਂ ਵਿਚੋਂ ਕਈਆਂ ਦੀਆਂ ਜ਼ਮੀਨਾਂ, ਘਰ ਘਾਟ ਪਾਕਿਸਤਾਨ ਦੇ ਕਬਜ਼ੇ ਵਿਚ ਚਲੇ ਗਏ ਹਨ ਉਨ੍ਹਾਂ ਨੂੰ ਵੀ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ । ਜਦੋਂ ਗੌਰਮਿੰਟ ਨੇ ਮੰਨਿਆ ਕਿ ਉਥੇ ਦੇ ਲੋਕਾਂ ਨੂੰ ਸਹੂਲਤਾਂ ਦਿੱਤੀਆਂ ਜਾਣ ਤਾਂ ਉਥੇ ਇਹ ਨਹੀਂ ਮੰਨਿਆ ਕਿ ਇਹ ਸਹੂਲਤਾਂ ਗੌਰਮਿੰਟ ਸਰਵੈਂਟਸ ਨੂੰ ਵੀ ਮਿਲ ਸਕਦੀਆਂ ਹਨ । ਜਿਸ ਵੇਲੇ ਇਹ ਸਵਾਲ ਉਠਾਇਆ ਗਿਆ ਤਾਂ ਉਨ੍ਹਾਂ ਨੂੰ ਕੁਝ ਗਰਾਂਟ ਦੇਣ ਦਾ ਫ਼ੈਸਲਾ ਕੀਤਾ ਗਿਆ । ਚੇਅਰਮੈਨ ਸਾਹਿਬ, ਮੈਂ ਇਹ ਕਹਿੰਦਾ ਹਾਂ ਕਿ ਉਨ੍ਹਾਂ ਸਾਰੇ ਇਮਪਲਾਈਜ਼ ਨੂੰ, ਜਿਹੜੇ ਬਾਰਡਰ ਦੀ ਦਸ ਮੀਲ ਦੀ ਪੱਟੀ 'ਚ ਕੰਮ ਕਰਦੇ ਹਨ ਉਨ੍ਹਾਂ ਨੂੰ ਤਨਖਾਹ ਦਾ $12\frac{1}{2}\%$ ਹਾਊਸ ਰੈਂਟ ਮਿਲਣਾ ਚਾਹੀਦਾ ਹੈ ਜੋ "ਏ" ਕਲਾਸ ਸ਼ਹਿਰਾਂ ਦੇ ਮੁਲਾਜ਼ਮਾਂ ਨੂੰ ਹਾਊਸ ਰੈਂਟ ਹੈ, ਦੇ ਬਰਾਬਰ ਹੋਵੇ । ਅੱਜ "ਏ" ਕਲਾਸ ਸ਼ਹਿਰਾਂ ਦਾ ਹਾਊਸ ਰੈਂਟ ਸਾਢੇ ਬਾਰਾਂ ਪਰਸੈਂਟ ਹੋ ਚੁਕਾ ਹੈ ਪਰ ਉਥੇ ਗੌਰਮਿੰਟ ਇਮਪਲਾਈਜ਼ ਨੂੰ ਉਹੀ ਸਾਢੇ ਸੱਤ ਪਰਸੈਂਟ ਮਿਲ ਰਿਹਾ ਹੈ । ਜਦ ਕਿ ਫੈਸਲਾ ਹੈ ਕਿ ਬਾਰਡਰ ਤੇ ਕੰਮ ਕਰਨ ਵਾਲੇ ਮੁਲਾਜ਼ਮਾਂ ਨੂੰ "ਏ" ਕਲਾਸ ਸ਼ਹਿਰਾਂ ਵਿਚ ਕੰਮ ਕਰਨ ਵਾਲੇ ਮੁਲਾਜ਼ਮਾਂ ਬਰਾਬਰ ਹਾਊਸ ਰੈਂਟ ਦਿੱਤਾ ਜਾਵੇਗਾ । ਮੇਰੀ ਅਰਜ਼ ਹੈ ਕਿ ਉਨ੍ਹਾਂ ਨੂੰ ਵੀ ਸਾਢੇ ਬਾਰਾਂ ਪਰਸੈਂਟ ਹਾਊਸ ਰੈਂਟ ਦਿੱਤਾ ਜਾਵੇ । ਇਸ ਛੋਟੀ ਜਿਹੀ ਗੱਲ ਨਾਲ ਅਸੀਂ ਉਨ੍ਹਾਂ ਦੀਆਂ ਖਿਦਮਤਾਂ ਦੀ ਗਰੇਟਫੁਲ ਰਿਕਗਨੀਸ਼ਨ ਕਰ ਰਹੇ ਹੋਵਾਂਗੇ ਜਿਹੜੇ ਲੋਕ ਬਾਰਡਰ ਤੇ ਕੰਮ ਕਰਨ ਵਾਲੇ ਹਨ ।

ਚੇਅਰਮੈਨ ਸਾਹਿਬ, ਕੁਝ ਫੈਸਲੇ ਜਿਹੜੇ ਕੀਤੇ ਗਏ ਹਨ ਅਤੇ ਉਨ੍ਹਾਂ ਦੀ ਵਰਤੋਂ ਵਿਚ ਕੁਝ ਡੀਫੈਕਟ ਰਹਿ ਜਾਏ ਹਨ ਉਹ ਮੈਂ ਸਦਨ ਦੇ ਸਾਹਮਣੇ ਪੇਸ਼ ਕਰਨਾ ਚਾਹੁੰਦਾ ਹਾਂ । ਇਕ ਫੈਸਲਾ ਇਹ ਕੀਤਾ ਗਿਆ ਕਿ ਜਿਨ੍ਹਾਂ ਕਿਸਾਨਾਂ ਦੇ ਖੇਤਾਂ ਵਿਚ ਮਾਈਨਜ਼ ਲਗਾਈਆਂ ਗਈਆਂ ਸਨ ਉਨ੍ਹਾਂ ਨੂੰ ਛੇਤੀ ਮੁਆਵਜ਼ਾ ਦਿੱਤਾ ਜਾਵੇ । ਇਸ ਦੇ ਬਾਰੇ ਵਿਚ ਮੈਂ ਇਹ ਕਹਾਂਗਾ ਕਿ ਜਿਸ ਖੇਤ ਵਿਚ ਮਾਈਨਜ਼

ਲਗੀਆਂ ਹਨ, ਉਸ ਕਿਸਾਨ ਨੂੰ ਉਸ ਮਾਈਨਜ਼ ਦੀ ਜਗ੍ਹਾ ਵਾਸਤੇ ਮੁਆਵਜ਼ਾ ਦਿੱਤਾ ਗਿਆ ਪਰ ਜਿਹੜੀ ਮਾਈਨਜ਼ ਲਾਉਣ ਵਾਸਤੇ ਜ਼ਮੀਨ ਘੇਰੀ, ਔਰ ਜਿਸ ਦੇ ਦੁਆਲੇ ਵਾੜ ਵਗੈਰਾ ਲਾਈ ਗਈ ਉਨ੍ਹਾਂ ਨੂੰ ਪੂਰੀ ਜ਼ਮੀਨ ਦਾ ਮੁਆਵਜ਼ਾ ਨਹੀਂ ਦਿੱਤਾ ਗਿਆ। ਇਸ ਲਈ ਮੈਂ ਸਰਕਾਰ ਪਾਸ ਬੇਨਤੀ ਕਰਾਂਗਾ ਕਿ ਜਿਥੇ ਉਨ੍ਹਾਂ ਨੂੰ ਮਾਈਨਜ਼ ਦੀ ਜਗ੍ਹਾ ਵਾਸਤੇ ਮੁਆਵਜ਼ਾ ਦੇਣ ਦੇ ਫੈਸਲੇ ਨੂੰ ਵੈਲਕਮ ਕੀਤਾ ਹੈ ਉਥੇ ਮੈਂ ਕਹਾਂਗਾ ਕਿ ਸਾਰੀ ਜ਼ਮੀਨ ਜਿਹੜੀ ਘੇਰੇ ਵਿਚ ਆ ਗਈ ਹੈ, ਉਸ ਦਾ ਮੁਆਵਜ਼ਾ ਦੇਣ ਦੇ ਫੈਸਲੇ ਤੇ ਵਿਚਾਰ ਕੀਤਾ ਜਾਵੇ।

ਫਿਰ ਚੇਅਰਮੈਨ ਸਾਹਿਬ, ਪਾਕਿਸਤਾਨ ਵਿਚ ਜਿਹੜੀਆਂ ਜ਼ਮੀਨਾਂ ਚਲੀਆਂ ਗਈਆਂ ਉਨ੍ਹਾਂ ਜ਼ਮੀਨਾਂ ਵਿਚ ਫਸਲਾਂ ਖੜੀਆਂ ਸਨ, ਉਨ੍ਹਾਂ ਤੇ ਪਾਣੀ, ਬਿਜਲੀ, ਫਰਟੇਲਾਈਜ਼ਰ ਆਦਿ ਦਾ ਕਾਫੀ ਖਰਚ ਹੋਇਆ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਪਾਸੇ ਵੱਲ ਵੀ ਸਰਕਾਰ ਧਿਆਨ ਦੇਵੇ ਔਰ ਉਨ੍ਹਾਂ ਲੋਕਾਂ ਨੂੰ ਵੀ ਮੁਆਵਜ਼ਾ ਦੇਣ ਤੇ ਵਿਚਾਰ ਕਰੇ।

ਫਿਰ ਚੇਅਰਮੈਨ ਸਾਹਿਬ, ਸਰਕਾਰ ਨੇ ਫੈਸਲਾ ਕੀਤਾ ਹੈ ਕਿ ਜਿਨ੍ਹਾਂ ਦੀਆਂ ਗਾਈਆਂ, ਮੱਝਾਂ ਆਦਿ ਸ਼ੈਲਿੰਗ ਨਾਲ ਮਰ ਜਾਣ ਤਾਂ ਉਨ੍ਹਾਂ ਨੂੰ ਮੁਆਵਜ਼ੇ ਦੀ ਰਕਮ ਦਿੱਤੀ ਜਾਵੇ। ਲੇਕਿਨ ਮੇਰੀ ਅਰਜ਼ ਹੈ ਕਿ ਜੇ ਕਿਸੀ ਘੁਮਿਆਰ ਦਾ ਗੱਧਾ, ਗੱਧੀ ਜਾਂ ਕਿਸੇ ਹਰੀਜਨ ਦੀ ਬਕਰੀ ਵਗੈਰਾ ਮਰ ਜਾਏ ਤਾਂ ਇਸ ਦੇ ਲਈ ਇਸ ਸ਼ੈਡੂਲ ਦੇ ਵਿਚ ਕੋਈ ਜ਼ਿਕਰ ਨਹੀਂ ਕੀਤਾ ਗਿਆ। ਉਸ ਨੂੰ ਵੀ ਮੁਆਵਜ਼ਾ ਦਿੱਤਾ ਜਾਵੇ। ਮੇਰੀ ਅਪੀਲ ਹੈ ਕਿ ਜਿਨ੍ਹਾਂ ਗਰੀਬਾਂ ਕੋਲ ਗੱਧੇ, ਬਕਰੀਆਂ ਆਦਿ ਹਨ ਔਰ ਜੋ ਵਿਚਾਰੇ ਗਾਈਆਂ ਮੱਝਾਂ ਨਹੀਂ ਰੱਖ ਸਕਦੇ ਅਗਰ ਉਨ੍ਹਾਂ ਦੇ ਗੱਧੇ ਜਾਂ ਬਕਰੀਆਂ ਆਦਿ ਮਰ ਜਾਣ ਤਾਂ ਉਨ੍ਹਾਂ ਨੂੰ ਵੀ ਮੁਆਵਜ਼ਾ ਮਿਲਣਾ ਚਾਹੀਦਾ ਹੈ। ਸਰਕਾਰ ਇਸ ਪਾਸੇ ਵਲ ਧਿਆਨ ਦੇਵੇ।

ਫਿਰ, ਚੇਅਰਮੈਨ ਸਾਹਿਬ, ਇਕ ਫੈਸਲਾ ਇਹ ਕੀਤਾ ਗਿਆ ਹੈ ਕਿ ਜਿਹੜੇ ਕਮਾਊ ਬੰਦੇ ਬੰਬ ਨਾਲ, ਸ਼ੈਲਿੰਗ ਨਾਲ ਮਰ ਜਾਣ ਉਨ੍ਹਾਂ ਨੂੰ ਵੀ ਕੁਝ ਕੰਪਨਸੇਸ਼ਨ ਦਿੱਤੀ ਜਾਵੇ। ਪਰ, ਚੇਅਰਮੈਨ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਕੰਪਨਸੇਸ਼ਨ ਦਿੱਤੀ ਜਾਂਦੀ ਹੈ ਉਹ ਜੇ ਕੋਈ ਬੰਬ ਨਾਲ ਮਰ ਜਾਏ ਤਾਂ ਉਸ ਦੀ ਘੱਟ ਦਿੱਤੀ ਜਾਂਦੀ ਹੈ ਔਰ ਅਗਰ ਕੋਈ ਸ਼ੈਲਿੰਗ ਨਾਲ ਬੰਦਾ ਮਰ ਜਾਏ ਤਾਂ ਉਸ ਦੀ ਕੰਪਨਸੇਸ਼ਨ ਜ਼ਿਆਦਾ ਦਿੱਤੀ ਜਾਂਦੀ ਹੈ। ਜੇ ਮੈਂ ਗਲਤ ਨਾ ਹੋਵਾਂ ਤਾਂ ਮੈਂ ਸਮਝਦਾ ਹਾਂ ਕਿ ਸ਼ਾਇਦ ਇਸ ਦਾ ਕਾਰਨ ਇਹ ਹੈ ਕਿ ਜੋ ਬੰਦਾ ਬੰਬ ਨਾਲ ਮਰਦਾ ਹੈ ਉਸ ਦੀ ਕੰਪੈਨਸੇਸ਼ਨ ਪੰਜਾਬ ਸਰਕਾਰ ਨੇ ਦੇਣੀ ਹੈ ਔਰ ਅਗਰ ਕੋਈ ਸ਼ੈਲਿੰਗ ਨਾਲ ਮਰਦਾ ਹੈ ਤਾਂ ਉਸ ਦੀ ਕੰਪਨਸੇਸ਼ਨ ਸੈਂਟਰ ਦੀ ਸਰਕਾਰ ਨੇ ਦੇਣੀ ਹੁੰਦੀ ਹੈ। ਮੈਂ, ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਆਪਣੇ ਮੁਤੱਲਕਾ ਵਜ਼ੀਰ ਸਾਹਿਬ ਨੂੰ ਬੜੀ ਨਿਮਰਤਾ ਨਾਲ ਬੇਨਤੀ ਕਰਾਂਗਾ ਕਿ ਇਹ ਜਿਹੜਾ ਬੰਬ ਔਰ ਸ਼ੈਲਿੰਗ ਨਾਲ ਕਿਸੀ ਦੀ ਮੌਤ ਵਿਚ ਮੁਆਵਜ਼ੇ ਦਾ ਫਰਕ ਰਖਿਆ ਹੈ ਉਸ ਨੂੰ ਖ਼ਤਮ ਕਰ ਦਿੱਤਾ ਜਾਵੇ ਔਰ ਦੋਨਾਂ ਲਈ ਇਕ ਮੁਆਵਜ਼ੇ ਦੀ ਦਰ ਮੁਕਰੱਰ ਕੀਤੀ ਜਾਵੇ ਚਾਹੇ ਕੋਈ ਬੰਬ ਨਾਲ ਮਰ ਜਾਏ ਜਾਂ ਸ਼ੈਲਿੰਗ ਨਾਲ ਮਰ ਜਾਏ। ਕਿਉਂਕਿ ਬੰਦਾ ਤਾਂ ਵਿਚਾਰਾ ਮਰ ਗਿਆ। (ਵਿਘਨ)

ਚੇਅਰਮੈਨ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਅੱਜ ਜਿਹੜੇ ਸਾਡੇ ਸਾਥੀ (ਆਪੋਜ਼ੀਸ਼ਨ ਬੈਂਚਾਂ ਵੱਲ ਇਸ਼ਾਰਾ ਕਰਦੇ ਹੋਏ) ਇਹ ਕਹਿੰਦੇ ਹਨ ਰੰਧਾਵਾ ਸਾਹਿਬ ਔਰ ਰਾਜ ਕੁਮਾਰ ਦੇ ਹਲਕਿਆਂ ਵਿਚ ਤਾਂ ਡਿਪਟੀ ਕਮਿਸ਼ਨਰਾਂ ਦੇ ਜ਼ਰੀਏ ਲੋਕਾਂ ਨੂੰ ਪੈਸਾ ਵੰਡਿਆ ਗਿਆ, ਮੈਂ ਇਨ੍ਹਾਂ ਨੂੰ ਪੁੱਛਦਾ ਹਾਂ ਕਿ ਬਾਰਡਰ ਦੇ ਲੋਕਾਂ ਦੀ ਮਦਦ ਕਰਨਾ ਆਪ ਹੀ ਡਿਪਟੀ ਕਮਿਸ਼ਨਰ ਨੇ ਸਾਡੀ ਰਾਹੀਂ ਕੋਈ ਪੈਸਾ ਨਹੀਂ

[ਕਾਮਰੇਡ ਰਾਜ ਕੁਮਾਰ]

ਵੱਡਿਆ, ਸਰਕਾਰ ਦੇ ਫੈਸਲਿਆਂ ਦੀ ਬਿਊਰੋਕਰੇਟਿਕ ਇੰਪਲੀਮੈਂਟੇਸ਼ਨ ਦੀ ਥਾਂ ਪਾਪੂਲਰ ਇੰਪਲੀਮੈਂਟੇਸ਼ਨ ਕੀਤੀ ਜਾਣੀ ਚਾਹੀਦੀ ਹੈ। (ਵਿਘਨ)

ਜਿਵੇਂ, ਚੇਅਰਮੈਨ ਸਾਹਿਬ, ਤੁਹਾਨੂੰ ਪਤਾ ਹੈ ਕਿ ਪਕੇ ਮਕਾਨ ਵਾਸਤੇ 5,000 ਰੁਪਏ ਔਰ 3,000 ਰੁਪਏ ਕਚੇ ਮਕਾਨ ਵਾਸਤੇ ਦੇਣੇ ਮਨਜ਼ੂਰ ਕੀਤੇ ਗਏ ਹਨ। ਲੇਕਿਨ ਮੈਂ ਅਰਜ਼ ਕਰਦਾ ਹਾਂ ਕਿ ਜ਼ਿਲ੍ਹਾ ਅੰਮ੍ਰਿਤਸਰ ਵਿਚ ਲੁਹਾਰਕੇ ਪਿੰਡ, ਔਰ ਮੇਰੇ ਜ਼ਿਲ੍ਹੇ ਗੁਰਦਾਸਪੁਰ ਦੇਪਿੰਡਾਂ ਦਤਿਆਲ ਤੇ ਮਕਾਨ ਦੀ ਨੁਕਸਾਨ ਦੀ ਅਸੈਸਮੈਂਟ ਵਜੋਂ ਸਿਰਫ 20-20, 25-25 ਰੁਪਏ ਦਿੱਤੇ ਗਏ। ਇਹ ਰੁਪਿਆ ਜਿਹੜਾ ਦਿੱਤਾ ਗਿਆ ਹੈ ਇਹ ਅਸੈਸਮੈਂਟ ਪਤਾ ਨਹੀਂ ਕਿਹੜੇ ਹਿਸਾਬ ਨਾਲ ਕਰਕੇ ਦਿੱਤਾ ਗਿਆ ਹੈ। ਅਸੈਸਮੈਂਟ ਕਰਨ ਲਗਿਆਂ ਡੇਪਰੀਸੀਏਸ਼ਨਡ ਵੈਲਯੂ ਦਾ ਹਿਸਾਬ ਰਖਿਆ ਗਿਆ। ਜੇ ਅੱਜ ਕਿਸੀ ਮਕਾਨ ਦੀ ਮੁਰੰਮਤ ਵਗੈਰਾ ਕਰਵਾਈ ਜਾਏ ਤਾਂ ਅੱਜ ਦੇ ਭਾਅ ਮੁਤਾਬਕ ਰਿਲੀਫ ਮਿਲਣਾ ਚਾਹੀਦਾ ਹੈ। ਚੀਜ਼ਾਂ ਦਾ ਜੋ ਅੱਜ ਭਾਅ ਹੈ ਉਸ ਨੂੰ ਲੈਣਾ ਚਾਹੀਦਾ ਹੈ ਨਾ ਕਿ ਪਿਛਲੇ ਰੇਟਾਂ ਨੂੰ ਦੇਖਣਾ ਚਾਹੀਦਾ ਹੈ। ਇਸ ਲਈ, ਚੇਅਰਮੈਨ ਸਾਹਿਬ, ਮੇਰੀ ਅਰਜ਼ ਹੈ ਕਿ ਡੇਪਰੀਸੀਏਟਿਡ ਵੈਲਯੂ ਦੇਖਣ ਦੀ ਬਜਾਏ ਜਿੰਨੀ ਅੱਜ ਲੋੜ ਹੈ, ਜ਼ਰੂਰਤ ਹੈ ਉਸਦੇ ਹਿਸਾਬ ਨਾਲ ਅਸੈਸ ਕੀਤਾ ਜਾਵੇ ਤਾਂਕਿ ਜੋ ਰਿਲੀਫ ਦਿੱਤਾ ਜਾਵੇ ਉਸ ਨਾਲ ਲੋਕਾਂ ਨੂੰ ਫਾਇਦਾ ਪਹੁੰਚ ਸਕੇ। ਇਸ ਚੀਜ਼ ਦਾ ਜ਼ਿਕਰ ਸਾਡੀ ਸਟੇਟ ਸਿਟੀਜ਼ਨ ਕੌਂਸਲ ਦੀ ਇਕ ਰਿਪੋਰਟ ਵਿਚ ਵੀ ਆ ਚੁਕਾ ਹੈ। ਇਹ ਅਸੈਸਮੈਂਟ ਦਾ ਜਿਹੜਾ ਤਰੀਕਾ ਹੈ ਇਹ ਬਿਲਕੁਲ ਗਲਤ ਹੈ। ਸੋ, ਚੇਅਰਮੈਨ ਸਾਹਿਬ, ਮੈਂ ਆਪ ਦੀ ਰਾਹੀਂ ਮੁਤੱਲਕਾ ਵਜ਼ੀਰ ਸਾਹਿਬ ਨੂੰ ਬੜੀ ਨਿਮਰਤਾ ਨਾਲ ਬੇਨਤੀ ਕਰਾਂਗਾ ਕਿ ਉਹ ਸਟੇਟ ਸਿਟੀਜ਼ਨ ਕੌਂਸਲ ਦੀ ਰਿਪੋਰਟ ਦਾ ਫਾਇਦਾ ਉਠਾ ਕੇ ਇਸ ਅਨਾਮਲੀ ਨੂੰ ਖਤਮ ਕਰਨ ਦਾ ਯਤਨ ਕਰਨ।

ਫਿਰ, ਚੇਅਰਮੈਨ ਸਾਹਿਬ, ਗਵਰਨਰ ਸਾਹਿਬ ਦੇ ਭਾਸ਼ਨ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਜਿਹੜੇ "ਏ" ਕਲਾਸ ਦੇ ਪਿੰਡਾਂ ਦੀ ਪਾਪੂਲੇਸ਼ਨ ਹੈ ਉਨ੍ਹਾਂ ਨੂੰ ਉਦੋਂ ਤਕ ਰਿਲੀਫ ਮਿਲਦਾ ਰਹੇਗਾ ਜਦੋਂ ਤਕ ਕਿ ਉਹ ਪਿੰਡ ਵਸੇਬੇ ਯੋਗ ਨਾ ਹੋ ਜਾਏਗਾ। ਲੇਕਿਨ ਅਜੇ ਤਕ ਇਸ ਦੇ ਵਲ ਵੀ ਕੋਈ ਧਿਆਨ ਨਹੀਂ ਦਿੱਤਾ ਗਿਆ। ਅਤੇ ਪੁਰਾਣੀ ਗੱਲ ਹੀ ਜ਼ਾਰੀ ਹੈ ਤੇ ਮੁਆਵਜ਼ਾ ਬੰਦ ਕਰ ਦਿਤਾ ਗਿਆ ਹੈ ਇਹ ਗੱਲ ਗੰਭੀਰ ਹੈ।

ਫਿਰ, ਚੇਅਰਮੈਨ ਸਾਹਿਬ, ਇਲੈਕਸ਼ਨ ਦੇ ਦਿਨਾਂ ਵਿਚ ਸਾਡੇ ਚੀਫ ਮਨਿਸਟਰ ਸਾਹਿਬ ਫੀਰੋਜ਼ਪੁਰ ਵਿਚ ਗਏ ਸਨ। ਉਥੇ ਇਕ ਬਹੁਤ ਭਾਰੀ ਜਲਸੇ ਵਿਚ ਜਦੋਂ ਇਹ ਸਵਾਲ ਉਠਾਇਆ ਗਿਆ ਕਿ ਬਹੁਤ ਸਾਰੇ ਪਿੰਡ, ਬਹੁਤ ਸਾਰੇ ਇਲਾਕੇ ਜਿਹੜੇ 'ਏ' ਕਲਾਸ ਵਿਚ ਰਖੇ ਜਾਣੇ ਚਾਹੀਦੇ ਸਨ ਉਨ੍ਹਾਂ ਨੂੰ 'ਬੀ' ਕਲਾਸ ਵਿਚ ਰਖਿਆ ਗਿਆ ਔਰ ਜਿਹੜੇ 'ਬੀ' ਕਲਾਸ ਵਿਚ ਵੀ ਰਖੇ ਗਏ ਹਨ ਉਨ੍ਹਾਂ ਨਾਲ ਵੀ ਕੋਈ ਇਨਸਾਫ ਨਹੀਂ ਹੋ ਰਿਹਾ। ਖੁਦ ਫਿਰੋਜ਼ਪੁਰ ਸ਼ਹਿਰ ਨੂੰ 'ਬੀ' ਕਲਾਸ ਕਰਾਰ ਦਿਤੇ ਜਾਣ ਦਾ ਭਰੋਸਾ ਦਿਵਾਇਆ। ਪਿਛਲੇ ਸ਼ਹਿਰ ਵਿਚ ਹੜਤਾਲ ਵੀ ਹੋਈ ਸੀ ਔਰ ਹੜਤਾਲ ਦੇ ਬਾਦ ਉਥੇ ਚੀਫ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਬੇਇਨਸਾਫੀਆਂ ਦੂਰ ਕੀਤੀਆਂ ਜਾਣਗੀਆਂ ਔਰ ਇਨਸਾਫ ਮਿਲੇਗਾ। ਹੁਣ ਮੈਂ ਸਮਝਦਾ ਹਾਂ ਕਿ ਸਮਾਂ ਆ ਗਿਆ ਹੈ, ਔਰ ਇਸ ਪੋਜ਼ੀਸ਼ਨ ਵਿਚ ਵੀ ਉਹ ਹਨ ਕਿ ਬੇਇਨਸਾਫੀ ਨੂੰ ਦੂਰ ਕਰਨ। ਫਿਰੋਜ਼ਪੁਰ ਸ਼ਹਿਰ ਨੂੰ 'ਬੀ' ਕਲਾਸ ਕੈਟੇਗਰੀ ਵਿਚ ਲੈਣ ਸਗੋਂ 12

ਮੀਲ ਦੀ ਸਾਰੀ ਪੱਟੀ ਨੂੰ 'ਬੀ' ਕਲਾਸ ਇਲਾਕਾ ਕਰਾਰ ਦਿਵਾਉਣ। ਮੈਂ ਉਨ੍ਹਾਂ ਨੂੰ ਨਿਮਰਤਾ ਨਾਲ ਬੇਨਤੀ ਕਰਾਂਗਾ ਕਿ ਉਹ ਜੋ ਐਸ਼ੋਰੈਂਸ਼ ਉਥੇ ਦੇ ਕੇ ਆਏ ਹਨ ਉਸ ਨੂੰ ਉਹ ਪੂਰਾ ਕਰਨ।

ਚੇਅਰਮੈਨ ਸਾਹਿਬ, ਤੁਹਾਡੀ ਤਵੱਜੋ ਲਈ ਮੈਂ ਗੁਰਦਾਸਪੁਰ ਦੇ ਪਿੰਡਾਂ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ। ਤਕਰੀਬਨ 15 ਪਿੰਡ ਮੇਰੇ ਆਪਣੇ ਹਲਕੇ ਦੇ ਵਿਚ ਹਨ।

ਮਿਸਾਲ ਦੇ ਤੌਰ ਤੇ ਬਹਿਲਪੁਰ ਚੌੜਾ, ਕਕਰ ਛੋਤ, ਗਡੀਆਂ, ਅਲੂਮਾਮਾ, ਸਹੂਰ, ਡਣੇ, ਭਾਲੇਚਕ, ਅਗਵਾਮ, ਡੇਹਰੀਵਾਲ, ਕਿਰਨ, ਦੋਸਤਦਰ, ਕਲਾਨੌਰ, ਕਿਲਾ ਨਥੂ ਸਿੰਘ, ਘਾਨੇਪੁਰ, ਚਿਕਣੀ, ਆਦਿ ਜਿਹੜੇ ਬਿਲਕੁਲ ਬਾਰਡਰ ਦੇ ਉਤੇ ਹਨ ਉਨ੍ਹਾਂ ਨੂੰ ਕਿਸੇ ਪਾਸੇ ਵੀ ਨਹੀਂ ਗਿਣਿਆ। ਨਾ ਉਨ੍ਹਾਂ ਨੂੰ 'ਏ' ਵਿਚ ਅਤੇ ਨਾ 'ਬੀ' ਵਿਚ। ਉਨ੍ਹਾਂ ਨੂੰ ਇਕ ਪੈਸਾ ਤਕ ਨਹੀਂ ਮਿਲਿਆ। ਉਹ 500 ਆਦਮੀ ਦਾ ਡੈਪੂਟੇਸ਼ਨ ਲੈ ਕੇ ਡਿਪਟੀ ਕਮਿਸ਼ਨਰ ਦੇ ਪੇਸ਼ ਹੋਏ, ਪਰ ਕੋਈ ਸੁਣਵਾਈ ਨਹੀਂ ਹੋਈ। ਫਿਰ ਉਥੇ ਇੰਦਰ ਕੁਮਾਰ ਗੁਜਰਾਲ ਗਏ ਅਤੇ ਉਨ੍ਹਾਂ ਵੀ ਵਿਸ਼ਵਾਸ਼ ਦਿਲਾਇਆ ਕਿ ਇਹ ਬੇਇਨਸਾਫ਼ੀ ਦੂਰ ਹੋ ਜਾਏਗੀ, ਪਰ ਅਜੇ ਤਕ ਕੁਝ ਨਹੀਂ ਹੋਇਆ। ਮੈਂ ਆਪਣੀ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਉਨ੍ਹਾਂ ਪਿੰਡਾਂ ਨੂੰ 'ਏ' ਅਤੇ 'ਬੀ' ਕੈਟੇਗਰੀਜ਼ ਵਿਚ ਲਿਆਉਣ ਲਈ ਇਹ ਤਰੀਕਾ ਬਣਾਏ ਕਿ ਜਿਹੜੇ ਪਿੰਡ ਬਾਰਡਰ ਤੋਂ 5 ਮੀਲ ਦੀ ਪੱਟੀ ਤਕ ਹਨ ਉਨ੍ਹਾਂ ਨੂੰ ਕੈਟੇਗਰੀ 'ਏ' ਵਿਚ ਲਿਆ ਜਾਏ ਅਤੇ ਜਿਹੜੇ 5 ਤੋਂ 15 ਮੀਲ ਦੀ ਪੱਟੀ ਤਕ ਹਨ ਉਹ ਕੈਟੇਗਰੀ 'ਬੀ' ਵਿਚ ਲਿਆ ਜਾਵੇ ਔਰ ਜਿਹੜੇ ਇਲਾਕੇ ਪਾਕਿਸਤਾਨ ਦੇ ਕਬਜ਼ੇ ਵਿਚ ਹਨ ਉਨ੍ਹਾਂ ਨੂੰ ਇਕ ਸਪੈਸ਼ਲ ਕੈਟੇਗਰੀ ਦੇ ਤੌਰ ਤੇ ਰਖ ਲਿਆ ਜਾਏ। ਇਸ ਤਰ੍ਹਾਂ ਉਨ੍ਹਾਂ ਨੂੰ ਰਿਲੀਫ ਦਿਤਾ ਜਾਏ। ਇਸ ਦੇ ਨਾਲ ਉਨ੍ਹਾਂ ਲੋਕਾਂ ਵਿਚ ਜਿਹੜੀ ਬੇਚੈਨੀ ਚਲ ਰਹੀ ਹੈ ਉਹ ਦੂਰ ਹੋ ਜਾਏਗੀ।

ਚੇਅਰਮੈਨ ਸਾਹਿਬ, ਮੈਂ ਇਸ ਦੇ ਨਾਲ ਇਕ ਹੋਰ ਗੱਲ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਜਿਹੜਾ ਪੈਸਾ ਰਿਲੀਫ ਦੇ ਤੌਰ ਤੇ ਵੰਡਿਆ ਗਿਆ ਉਸ ਦੀ ਮਿਸ-ਯੂਟੇਲਾਈਜ਼ੇਸ਼ਨ ਹੋਈ ਹੈ ਔਰ ਉਸ ਇਮਦਾਦ ਦੇ ਲਈ ਮੈਂ ਫ਼ੈਸਲਾ ਕਰਨ ਵਾਲਿਆਂ ਨੂੰ ਕਸੂਰਵਾਰ ਨਹੀਂ ਠਹਿਰਾਉਂਦਾ ਇਸ ਦੇ ਲਈ ਬਿਊਰੋਕਰੇਟਿਕ ਮਸ਼ੀਨਰੀ ਜ਼ਿੰਮੇਵਾਰ ਹੈ। ਮੈਂ ਕਹਿੰਦਾ ਹਾਂ ਕਿ ਅਗਰ ਬਿਊਰੋਕਰੇਟਿਕ ਇੰਪਲੀਮੈਂਟੇਸ਼ਨ ਦੀ ਥਾਂ ਅਗਰ ਪਾਪੂਲਰ ਇੰਪਲੀਮੈਂਟੇਸ਼ਨ ਮਸ਼ੀਨਰੀ ਹੁੰਦੀ ਤਾਂ ਇਹ ਕੁਰੱਪਸ਼ਨ ਰੁਕ ਸਕਦੀ ਸੀ। ਮੈਂ ਅਰਜ਼ ਕਰਾਂ ਕਿ ਪਿੰਡ ਦੇ ਕੁਰੱਪਟ ਸਰਪੰਚ ਔਰ ਪੈਸੇ ਵੰਡਣ ਵਾਲੇ ਕੁਰੱਪਟ ਅਫਸਰਾਂ ਨੇ ਗੈਰ ਸਮਾਜੀ ਅਨਸਰ ਨਾਲ ਜੋੜ ਮੇਲ ਕੁਰੱਪਸ਼ਨ ਦੀ ਬੁਨਿਆਦ ਬਣਦਾ ਹੈ। ਅਜਿਹੇ ਸਰਪੰਚ ਝੂਠੀਆਂ ਤਸਦੀਕਾਂ ਕਰ ਦਿੰਦੇ ਹਨ ਅਤੇ ਜਿਹੜਾ ਪੈਸਾ ਹੁੰਦਾ ਹੈ ਉਹ ਅੱਧਾ ਆਫ਼ੀਸ਼ਲ ਦੀ ਜੇਬ ਵਿਚ ਅਤੇ ਅੱਧਾ ਸਰਪੰਚ ਦੀ ਜੇਬ ਵਿਚ ਚਲਾ ਜਾਂਦਾ ਹੈ। ਸਰਪੰਚ ਇਕ ਇਕ ਫੈਮਲੀ ਦੀਆਂ ਕਈ ਕਈ ਫ਼ੈਮਲੀਆਂ ਬਣਾ ਦਿੰਦਾ ਹੈ। ਜਿਹੜੇ ਹੱਕਦਾਰ ਹੁੰਦੇ ਹਨ ਉਹ ਲੋਕ ਵਾਂਝੇ ਰਹਿ ਜਾਂਦੇ ਹਨ। ਫ਼ੈਮਲੀ ਕਿਸ ਨੂੰ ਕਹਿੰਦੇ ਸਨ, ਸਰਕਾਰੀ ਹਦਾਇਤਾਂ ਵਿਚ ਇਸ ਦੇ ਬਾਰੇ ਕੋਈ ਕਲੈਰੀਫ਼ੀਕੇਸ਼ਨ ਨਹੀਂ ਸੀ, ਇਸ ਦਾ ਨਾਜਾਇਜ ਫਾਇਦਾ ਕੁਰੱਪਟ ਸਰਪੰਚ ਅਤੇ ਕੁਰੱਪਟ ਆਫ਼ੀਸ਼ਲਜ਼ ਨੇ ਉਠਾਇਆ ਹੈ। ਕੁਰੱਪਟ ਆਫ਼ੀਸਰ ਨੇ ਪਬਲਿਕ ਦੇ ਫ਼ੰਡ ਨੂੰ ਨਾਜਾਇਜ਼ ਤੌਰ ਤੇ ਬਰਬਾਦ ਕੀਤਾ। ਮੈਂ ਚਾਹਵਾਂਗਾ ਕਿ ਇਸ ਪਾਸੇ ਮੁਨਾਸਬ ਕਦਮ ਉਠਾਏ ਜਾਣ ਤਾਂ ਜੋ ਇਹ ਸਰਕਾਰੀ ਖਜ਼ਾਨੇ ਦੀ ਲੁੱਟ ਖਤਮ ਹੋਵੇ।

ਹੁਣ ਮੈਂ ਇਕ ਗੱਲ ਖੇਮਕਰਣ ਕੈਂਪ ਬਾਰੇ ਕਰਾਂਗਾ। ਉਹ ਕੈਂਪ ਸਕੂਲ ਦੀ ਬਿਲਡਿੰਗ ਵਿਚ ਲਾਇਆ ਗਿਆ। ਉਥੇ ਸਕੂਲ ਵਿਚ ਬਿਜਲੀ ਸੀ, ਲੇਕਿਨ ਉਥੇ ਲੋਕਾਂ ਨੂੰ ਬਿਜਲੀ ਇਸਤੇਮਾਲ ਨਹੀਂ

[ਕਾਮਰੇਡ ਰਾਜ ਕੁਮਾਰ]

ਕਰਨ ਦਿੱਤੀ ਗਈ, ਉਸ ਦੀ ਥਾਂ ਉਨ੍ਹਾਂ ਨੂੰ ਲੈਂਪ ਦਿਤੇ ਗਏ, ਮੈਂ ਪੁੱਛਦਾ ਹਾਂ ਇਹ ਕਿਸ ਗੱਲ ਦਾ ਇਜ਼ਹਾਰ ਹੈ ਲੋਕ ਪਿਆਰ ਦਾ ? ਦੂਜੇ ਜਿਹੜੀਆਂ ਉਥੇ ਜਚਾ ਔਰਤਾਂ ਸਨ, ਜਚਗੀ ਦੇ ਦਿਨਾਂ ਵਿਚ ਉਨ੍ਹਾਂ ਲਈ ਕੋਈ ਪ੍ਰਬੰਧ ਨਹੀਂ ਸੀ ਔਰ ਨਾ ਹੀ ਕੋਈ ਡਾਕਟਰੀ ਸਹੂਲਤ ਸੀ। ਇਨ੍ਹਾਂ ਸਾਰੀਆਂ ਚੀਜ਼ਾਂ ਦੇ ਲਈ ਇਹ ਕਿਹਾ ਜਾ ਸਕਦਾ ਹੈ ਕਿ ਪੈਸੇ ਅਵੇਲੇਬਲ ਨਹੀਂ ਸੀ । ਪਰ ਜੇ ਅਵੇਲੇਬਲ ਪੈਸੇ ਬਿਉਰੋਕਰੇਸੀ ਦੇ ਹੱਥਾਂ ਵਿਚ ਮਿਸਯੂਟੇਲਾਈਜ਼ ਹੋਣ ਤਾਂ ਉਨ੍ਹਾਂ ਲਈ ਵਾਕਿਆ ਹੀ ਕੁਝ ਨਹੀਂ ਬਚੇਗਾ। ਇਸ ਚੀਜ਼ ਤੇ ਕੰਟਰੋਲ ਕਰਨਾ ਚਾਹੀਦਾ ਹੈ।

ਚੇਅਰਮੈਨ ਸਾਹਿਬ, ਸਿਟੀਜ਼ਨਜ਼ ਕੌਂਸਲ ਦਾ ਬਣਾਇਆ ਜਾਣਾ ਇਕ ਸ਼ਲਾਘਾਯੋਗ ਕਦਮ ਸੀ। ਹੁਣ ਕਹਿੰਦੇ ਹਨ ਕਿ ਉਸ ਦੀ ਜ਼ਰੂਰਤ ਨਹੀਂ ਰਹੀ, ਪਰ ਮੈਂ ਮਹਿਸੂਸ ਕਰਦਾ ਹਾਂ ਕਿ ਉਸ ਦੀ ਅਜੇ ਵੀ ਲੋੜ ਹੈ। ਉਸਨੂੰ ਕਾਇਮ ਕੀਤਾ ਜਾਏ ਔਰ ਇੰਪਲੀਮੈਂਟੇਸ਼ਨ ਸਟੇਜ ਤੇ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਉਸ ਵਿਚ ਲਿਆ ਜਾਏ। ਜੋ ਮੈਂ ਐਨਾਮਲੀਜ਼ ਦਸੀਆਂ ਹਨ ਇਨ੍ਹਾਂ ਨੂੰ ਦੂਰ ਕੀਤਾ ਜਾਏ। ਮੈਂ ਸ਼ੁਰੂ ਵਿਚ ਇਸ ਗੱਲ ਦਾ ਜ਼ਿਕਰ ਕਰਨਾ ਸੀ, ਪਰ ਉਸ ਦਾ ਜ਼ਿਕਰ ਮੈਂ ਹੁਣ ਕਰ ਰਿਹਾ ਹਾਂ। ਉਹ ਡੇਢ ਕਰੋੜ ਰੁਪਿਆ ਜੋ ਸਮਾਲ ਸਕੇਲ ਇੰਡਸਟਰੀਜ਼ ਦੀ ਮੱਦਦ ਵਾਸਤੇ ਰਖਿਆ ਗਿਆ ਸੀ ਉਸ ਵਿਚੋਂ 50 ਲੱਖ ਰੁਪਏ ਹੀ ਹੁਣ ਤਾਈਂ ਤਕਸੀਮ ਹੋਏ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਬਾਕੀ ਦਾ ਜਿਹੜਾ ਇਕ ਕਰੋੜ ਰਹਿ ਗਿਆ ਹੈ ਉਹ ਤਕਸੀਮ ਕੀਤਾ ਜਾਏਗਾ ਜਾਂ ਉਹ ਲੈਪਸ ਹੋਣ ਦਿੱਤਾ ਜਾਏਗਾ ? ਮੈਂ ਚੀਫ ਮਨਿਸਟਰ ਸਾਹਿਬ ਤੋਂ ਇਸ ਗੱਲ ਦੀ ਐਸ਼ੋਰੈਂਸ ਚਾਹੁੰਦਾ ਹਾਂ ਕਿ ਉਹ ਇਕ ਕਰੋੜ ਰੁਪਿਆ ਛੋਟੀ ਇੰਡਸਟਰੀ ਨੂੰ ਰਿਹੈਬੀਲੀਟੇਟ ਕਰਨ ਲਈ ਜ਼ਰੂਰ ਵੰਡਿਆ ਜਾਏਗਾ।

ਇਸ ਤੋਂ ਬਾਦ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ 1965 ਦੀ ਜੰਗ ਦੇ ਦੌਰਾਨ ਗੁਰਦਾਸਪੁਰ ਦੀ ਪੰਜ ਮੀਲ ਦੀ ਪੱਟੀ ਤਕ ਅਤੇ ਬਾਕੀ ਦੇ ਜ਼ਿਲ੍ਹਿਆਂ ਵਿਚ 10 ਮੀਲ ਦੀ ਪੱਟੀ ਤਕ ਮਾਲੀਏ ਪਾਣੀ ਦੀ ਸਹੂਲਤ ਦਿੱਤੀ ਗਈ ਸੀ, ਇਸ ਵਾਰ ਇਹ ਸਹੂਲਤ ਸਾਰਿਆਂ ਜ਼ਿਲ੍ਹਿਆਂ ਦੀ 10 ਮੀਲ ਦੀ ਪੱਟੀ ਤਕ ਦਿੱਤੀ ਗਈ ਹੈ। ਜੋ ਇਹ ਬਿਲਕੁਲ ਨਾ ਕਾਫੀ ਹੈ ।

ਚੇਅਰਮੈਨ ਸਾਹਿਬ, ਮੈਂ ਤੁਹਾਡੀ ਵਸਾਤਤ ਨਾਲ ਸਰਕਾਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਾਨੂੰ ਇਹਦੀ ਥਾਂ ਕੁਝ ਠੋਸ ਸਹੂਲੀਆਤ ਦਿਤੀਆਂ ਜਾਣ, ਕੋਈ ਸਬਸਟਾਂਸ਼ੀਅੱਲ ਰਿਆਇਤਾਂ ਦਿਤੀਆਂ ਜਾਣ। ਸਬਸੇਡਾਈਜ਼ਡ ਚੰਗੇ ਬੀਜਾਂ ਦੀ ਸਪਲਾਈ, ਸਬਸੇਡਾਈਜ਼ਡ ਖਾਦ ਦੀ ਸਪਲਾਈ, ਕੀਤੀ ਜਾਵੇ ਅਤੇ ਬਿਜਲੀ ਦੇ ਰੇਟ ਵਿਚ ਰਿਆਇਤ ਦਿੱਤੀ ਜਾਏ ਅਤੇ ਸਪੈਸ਼ਲ ਸਬਸਿਡੀ ਵਜੋਂ ਮਾਲੀ ਸਹਾਇਤਾ ਦਿੱਤੀ ਜਾਣੀ ਚਾਹੀਦੀ ਹੈ ਤਾਂ ਕਿ ਉਹ ਲੋਕ ਜਿਹੜੇ ਸਦਾ ਮੌਤ ਦੇ ਸਾਇਆ ਥੱਲੇ ਰਹਿਣ ਵਾਲੇ ਹਨ ਉਹ ਆਪਣੇ ਆਪ ਨੂੰ ਸੁਰੱਖਿਅਤ ਸਮਝ ਸਕਣ। ਫਿਰ, ਚੇਅਰਮੈਨ ਸਾਹਿਬ, ਸਾਡੇ ਪਾਕਿਸਤਾਨ ਦੇ ਸਬੰਧਾਂ ਦੇ ਪੇਸ਼ੇਨਜ਼ਰ ਇਹ ਮਸਲਾ ਕੋਈ ਟੈਂਪਰੇਰੀ ਮਸਲਾ ਨਹੀਂ ਇਹ ਇਕ ਪਰਮਾਨੈਂਟ ਅਤੇ ਸਦੀਵੀ ਮਸਲਾ ਹੈ। ਸਾਨੂੰ ਇਸ ਉੱਤੇ ਵਿਚਾਰ ਕਰਨਾ ਚਾਹੀਦਾ ਹੈ ਕਿ ਬਾਰਡਰ ਦੇ ਲੋਕਾਂ ਨੂੰ ਰਿਹੈਬਿਲੀਟੇਟ ਕਰਨ ਲਈ ਉਨ੍ਹਾਂ ਨੂੰ ਉਥੇ ਪੱਕੇ ਪੈਰੀਂ ਵਧਾਈ ਰੱਖਣ ਲਈ ਉਪਰਾਲੇ ਕਰਨੇ ਚਾਹੀਦੇ ਹਨ।

ਚੇਅਰਮੈਨ ਸਾਹਿਬ, ਇਸ ਬਾਰੇ ਮੈਂ ਸਭ ਕੁਝ ਤਾਂ ਨਹੀਂ, ਕੁਝ ਇਕ ਸੁਝਾਓ ਤਿਆਰ ਕਰ ਸਕਿਆ ਹਾਂ, ਉਹ ਮੈਂ ਤੁਹਾਡੇ ਸਾਹਮਣੇ ਰਖਦਾ ਹਾਂ। ਮੈਂ ਅਰਜ਼ ਕਰਦਾ ਹਾਂ ਕਿ ਬਾਰਡਰ ਵਿਚ ਵਸਣ ਵਾਲਿਆਂ ਲੋਕਾਂ ਲਈ ਆਲਾ ਤਾਲੀਮ, **ਆਲਾ ਡਾਕਟਰੀ ਇਲਾਜ** ਇਹ ਚੀਜ਼ਾਂ ਮੁਫਤ ਮੁਹਈਆ ਹੋਣੀਆਂ ਚਾਹੀਦੀਆਂ ਹਨ। ਔਰ ਉਥੇ ਦੇ ਵਾਸੀਆਂ ਨੂੰ ਮੁਲਾਜਮਤ ਵਿਚ ਸਪੈਸ਼ਲ ਤੌਰ ਤੇ ਰਿਜ਼ਰਵੇਸ਼ਨ ਦੇਣੀ ਚਾਹੀਦੀ ਹੈ। ਇਸ ਤੋਂ ਇਲਾਵਾ ਮੈਂ ਇਕ ਹੋਰ ਚੀਜ਼ ਅਰਜ਼ ਕਰਨੀ ਚਾਹੁੰਦਾ ਹਾਂ ਕਿ ਬਾਰਡਰ ਦੇ ਏਰੀਆ ਦੀ ਡਿਵੈਲਪਮੈਂਟ ਵਾਸਤੇ ਇਕ ਡਿਵੈਲਪਮੈਂਟ ਬੋਰਡ ਕਾਇਮ ਕੀਤਾ ਜਾਏ ਤਾਂਕਿ ਸਦੀਵੀ ਤੌਰ ਤੇ ਉਨ੍ਹਾਂ ਮਸਲਿਆਂ ਤੇ ਵਿਚਾਰ ਕੀਤੀ ਜਾ ਸਕੇ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਇਹ ਰੈਜ਼ੋਲਿਊਸ਼ਨ ਹਾਊਸ ਦੇ ਵਿਚ ਪੇਸ਼ ਕਰਦਾ ਹਾਂ।

Mr. Chairman : Motion moved -

> That the problems of the border area districts affected by recent Indo-Pak War be taken into consideration.

ਸਰਦਾਰ ਲਛਮਣ ਸਿੰਘ (ਗੁਰੂ ਹਰਸਹਾਏ) : ਚੇਅਰਮੈਨ ਸਾਹਿਬ, ਮੈਂ ਬਾਰਡਰ ਦੇ ਬਾਰੇ ਵਿਚ ਕੁਝ ਅਰਜ਼ਾਂ ਕਰਨੀਆਂ ਚਾਹਵਾਂਗਾ। ਕਿਉਂਕਿ ਮੇਰਾ ਹਲਕਾ ਤਕਰੀਬਨ 30 ਮੀਲ ਬਾਰਡਰ ਦੇ ਨਾਲ ਲਗਦਾ ਹੈ। ਜੋ ਕੁਝ ਬਾਰਡਰ ਦੇ ਲੋਕਾਂ ਨੂੰ ਮਦਦ ਮਿਲੀ ਹੈ ਉਸ ਦਾ ਵੀ ਮੈਂ ਸਰਕਾਰ ਦਾ ਧੰਨਵਾਦ ਕਰਦਾ ਹਾਂ ਅਤੇ ਕੁਝ ਤਕਲੀਫਾਂ ਬਾਕੀ ਹਨ ਉਹ ਮੈਂ ਅਰਜ਼ ਕਰਾਂਗਾ ਤਾਕਿ ਸਾਡੀ ਸਰਕਾਰ ਉਸ ਵੱਲ ਕੁਝ ਧਿਆਨ ਕਰੇ। ਦਸ ਮੀਲ ਦੇ ਏਰੀਆ ਵਿਚ ਕੁਝ ਜ਼ਮੀਨਾਂ ਦਾ ਲਗਾਨ ਮੁਆਫ ਹੋਇਆ ਹੈ। ਉਥੇ ਕੁਝ ਸਿਵਾਏ ਆਪਣੀ ਜ਼ਮੀਨ ਤੋਂ ਮਜ਼ਦੂਰ, ਦੁਕਾਨਦਾਰ ਜਾਂ ਹੋਰ ਪੇਸ਼ਾਵਰ ਲੋਕ ਹਨ ਉਨ੍ਹਾਂ ਦਾ ਕੋਈ ਖ਼ਿਆਲ ਨਹੀਂ ਰਖਿਆ ਗਿਆ ਹੈ ਜਦ ਕਿ ਉਨ੍ਹਾਂ ਵਾਸਤੇ ਵੀ ਕੁਝ ਨਾ ਕੁਝ ਮੱਦਦ ਹੋਣੀ ਚਾਹੀਦੀ ਹੈ। ਤੇ ਮੈਂ ਅਰਜ਼ ਕਰਾਂ ਕਿ ਕੁਝ ਲੋਕ ਇੰਟਰਨੈਸ਼ਨਲ ਬਾਰਡਰ ਦੇ ਬਿਲਕੁਲ ਨਜ਼ਦੀਕ ਹਨ ਉਨ੍ਹਾਂ ਨੂੰ ਹਰ ਵਕਤ ਤਕਲੀਫ ਰਹਿੰਦੀ ਹੈ। ਜੰਗ ਤੋਂ ਬਿਨਾਂ ਵੀ ਉਨ੍ਹਾਂ ਦੇ ਸਾਹਮਣੇ ਹਰ ਵਕਤ ਜੰਗ ਵਰਗੀਆਂ ਮੁਸ਼ਕਲਾਤ ਰਹਿੰਦੀਆਂ ਹਨ। ਕਿਸੇ ਟਾਈਮ ਜੇ ਕਿਸੇ ਦਾ ਗਲਤੀ ਨਾਲ ਪਸ਼ੂ ਹੱਦ ਪਾਰ ਹੋ ਜਾਵੇ ਤਾਂ ਉਹ ਵੀ ਹੈ ਨਹੀਂ ਜੇ ਆਦਮੀ ਹੱਦ ਤੋਂ ਬਾਹਰ ਹੋ ਗਿਆ ਤਾਂ ਉਹ ਵੀ ਹੈ ਨਹੀਂ। ਸੋ ਇਸ ਵਾਸਤੇ ਮੈਂ ਅਰਜ਼ ਕਰਾਂਗਾ ਕਿ ਉਨ੍ਹਾਂ ਦੇ ਵਾਸਤੇ ਵੀ ਕੁਝ ਖਾਸ ਧਿਆਨ ਰਖਣਾ ਚਾਹੀਦਾ ਹੈ। ਅੱਜ ਦੀ ਜੰਗ ਖ਼ਤਮ ਹੋਈ, ਕੁਝ ਪਿੰਡਾਂ ਦੇ ਲੋਕ ਦਿਹਾਤਾਂ ਦੇ ਆਪਣੀ ਆਪਣੀ ਜਗ੍ਹਾ ਚਲੇ ਗਏ ਮਗਰ ਕਈ ਐਸੇ ਦਿਹਾਤ ਵੀ ਹਨ ਜਿਹੜੇ ਹੱਦ ਦੇ ਅੰਦਰ ਆ ਗਏ ਹਨ। ਇਹ ਇਕ ਬੜਾ ਅਹਿਮ ਮਸਲਾ ਹੈ ਇਸ ਵੱਲ ਸਾਡੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਦਪ ਮੀਲ ਦਾ ਏਰੀਆ ਮੁਕੱਰਰ ਹੋਇਆ ਹੈ। ਸਾਡੀ ਇਕ ਮੀਟਿੰਗ ਹੋਈ ਜਿਸ ਦੇ ਵਿਚ ਇਹ ਫ਼ੈਸਲਾ ਹੋਇਆ ਕਿ 'ਏ' ਔਰ 'ਬੀ' ਕਲਾਸ ਹੋਵੇਗੀ। ਮੈਂ ਅਰਜ਼ ਕਰਾਂ ਕਿ ਉਨ੍ਹਾਂ ਲੋਕਾਂ ਨੂੰ ਤਾਲੀਮ ਦੀ ਜ਼ਿਆਦਾ ਰਿਆਇਤਾਂ ਹੋਣੀਆਂ ਚਾਹੀਦੀਆਂ ਹਨ। ਉਥੇ ਦੇ ਜਿਹੜੇ ਸਾਡੇ ਬੱਚੇ ਪੜ੍ਹ ਲੈਂਦੇ ਹਨ, ਨੌਕਰੀਆਂ ਵਿਚ ਵੀ ਉਨ੍ਹਾਂ ਨੂੰ ਰਿਆਇਤ ਹੋਣੀ ਚਾਹੀਦੀ ਹੈ, ਤਾਕਿ ਉਨ੍ਹਾਂ ਦਾ ਮਨ ਹਰ ਵਕਤ ਇਹ ਸਮਝੇ ਕਿ ਉਨ੍ਹਾਂ ਵੱਲ ਸਰਕਾਰ ਦਾ ਖ਼ਾਸ ਧਿਆਨ ਹੈ। ਕਿਉਂਕਿ ਉਹ ਕੁਰਬਾਨੀ ਦੇ ਬੱਕਰੇ ਬਣ ਕੇ ਬਾਰਡਰ ਤੇ ਬੈਠੇ ਹਨ। ਤੇ ਮੈਂ ਪੰਜਾਬ ਦੀ ਸਰਕਾਰ ਦਾ ਧਿਆਨ ਦਿਲਾਵਾਂਗਾ ਕਿ ਉਨ੍ਹਾਂ ਦੇ ਵਾਸਤੇ ਅਸੀਂ ਕੁਝ ਸੋਚੀਏ ਤਾਕਿ ਉਨ੍ਹਾਂ ਨੂੰ ਕੁਝ ਸਹਾਇਤਾ ਮਿਲ ਸਕੇ।

ਮੈਂ ਅਰਜ਼ ਕਰਾਂਗਾ ਕਿ ਜਿਹੜੇ ਕਰਜ਼ੇ ਕੋਆਪਰੇਟਿਵ ਵਰਗੇ ਮਹਿਕਮਿਆਂ ਨੇ ਉਨ੍ਹਾਂ ਲੋਕਾਂ ਨੂੰ

[ਸਰਦਾਰ ਲਛਮਣ ਸਿੰਘ]

ਦਿੱਤੇ ਹੋਏ ਹਨ ਉਨ੍ਹਾਂ ਦੀ ਅਦਾਇਗੀ ਲਈ ਵੀ ਹੋਰ ਟਾਈਮ ਮਿਲਣਾ ਚਾਹੀਦਾ ਹੈ ਤਾਂਕਿ ਉਹ ਲੋਕ ਟਾਈਮ ਸਿਰ ਆਪਣੇ ਕਰਜ਼ੇ ਅਦਾ ਕਰ ਸਕਣ ਅਤੇ ਉਨ੍ਹਾਂ ਨੂੰ ਤਕਲੀਫ ਨਾ ਹੋਵੇ । (ਇਸ ਸਮੇਂ ਅਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਮੈਂਬਰ ਆਫ ਦੀ ਪੈਨਲ ਆਫ ਚੇਅਰਮੈਨ ਨੇ ਸ਼੍ਰੀ ਸਪੀਕਰ ਦੀ ਕੁਰਸੀ ਸੰਭਾਲੀ ।)

ਜਿਹੜੇ ਸਾਡੇ ਬਾਰਡਰ ਤੇ ਵਸਣ ਵਾਲੇ ਭਾਈ ਹਨ ਉਨ੍ਹਾਂ ਦੇ ਵਾਸਤੇ ਬੁਨਿਆਦੀ ਤੌਰ ਤੇ ਸਹੂਲਤਾਂ ਦਿੱਤੀਆਂ ਜਾਣ ਤਾਂਕਿ ਹਮੇਸ਼ਾ ਲਈ ਉਨ੍ਹਾਂ ਦਾ ਹੌਸਲਾ ਬਲੰਦ ਰਹੇ ਔਰ ਉਹ ਸਮਝਣ ਕਿ ਸਾਡੇ ਵੱਲ ਵੀ ਸਰਕਾਰ ਦਾ ਧਿਆਨ ਹੈ । ਸੋ ਇਸ ਸਕੀਮ ਦਾ ਸਰਕਾਰ ਫੈਸਲਾ ਕਰੇ ਤਾਂਕਿ ਉਨ੍ਹਾਂ ਲੋਕਾਂ ਦਾ ਹੌਸਲਾ ਬਲੰਦ ਰਹੇ ਔਰ ਉਨ੍ਹਾਂ ਨੂੰ ਇਮਦਾਦ ਮਿਲਦੀ ਰਹੇ ।

ਦੂਜੀ ਅਰਜ਼ ਇਹ ਹੈ ਕਿ ਜਿਹੜੇ ਬਾਰਡਰ ਦੇ ਪਿੱਛੇ ਜਿਹੇ ਨਗਰ ਵਸੇ ਹੋਏ ਹਨ ਔਰ ਉਨ੍ਹਾਂ ਤੇ ਵੀ ਲੜਾਈ ਦਾ ਬੁਰਾ ਅਸਰ ਹੋਇਆ ਹੈ, ਉਨ੍ਹਾਂ ਨੂੰ ਵੀ ਕੁਝ ਨਾ ਕੁਝ ਮਿਲਣਾ ਚਾਹੀਦਾ ਹੈ । ਬਾਕੀ ਸਾਡੇ ਬਾਰਡਰ ਤੇ ਜੋ ਦਿਹਾਤਾਂ ਵਿਚ ਵੱਸਣ ਵਾਲੇ ਹਨ ਚਾਹੇ ਉਹ ਜ਼ਿਮੀਂਦਾਰ ਹੋਵੇ, ਚਾਹੇ ਉਹ ਮਜ਼ਦੂਰ ਹੋਵੇ, ਚਾਹੇ ਉਹ ਦੁਕਾਨਦਾਰ ਹੋਵੇ, ਇਨ੍ਹਾਂ ਸਾਰਿਆਂ ਵੱਲ ਸਾਡੀ ਸਰਕਾਰ ਦਾ ਧਿਆਨ ਹੋਣਾ ਚਾਹੀਦਾ ਹੈ ।

ਅੰਤ ਵਿਚ ਮੈਂ ਆਪਣੀ ਸਰਕਾਰ ਅੱਗੇ ਇਹ ਬੇਨਤੀ ਕਰਾਂਗਾ ਕਿ ਇਹ ਜਿਹੜੀਆਂ ਮੈਂ ਕੁਝ ਇਕ ਤਕਲੀਫਾਂ ਬਾਰਡਰ ਤੇ ਵੱਸਣ ਵਾਲੇ ਲੋਕਾਂ ਦੀਆਂ ਇਨ੍ਹਾਂ ਦੇ ਨੋਟਿਸ ਵਿਚ ਲਿਆਂਦੀਆਂ ਹਨ ਉਨ੍ਹਾਂ ਵੱਲ ਸਰਕਾਰ ਛੇਤੀ ਤੋਂ ਛੇਤੀ ਧਿਆਨ ਦੇਵੇ ਤਾਂਕਿ ਬਾਰਡਰ ਵਾਲੇ ਸਾਡੇ ਭਾਈਆਂ ਦੇ ਹੌਸਲੇ ਬਲੰਦ ਰਹਿਣ ਅਤੇ ਉਹ ਸੋਚਣ ਕਿ ਸਰਕਾਰ ਦਾ ਸਹਿਯੋਗ ਉਨ੍ਹਾਂ ਨੂੰ ਹਾਸਲ ਹੈ । ਇਨ੍ਹਾਂ ਸ਼ਬਦਾਂ ਨਾਲ ਮੈਂ ਆਪਣੀ ਤਕਰੀਰ ਖਤਮ ਕਰਦਾ ਹਾਂ ।

ਆਪ ਜੀ ਦਾ ਸ਼ੁਕਰੀਆ ।

ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ (ਜਲਾਲਾਬਾਦ) : ਮਾਨਯੋਗ, ਚੇਅਰਮੈਨ ਸਾਹਿਬ, ਜੋ ਬਾਰਡਰ ਉਤੇ ਵੱਸਣ ਵਾਲੇ ਲੋਕਾਂ ਨੂੰ ਮੁਸ਼ਕਲਾਂ ਆਈਆਂ ਹਨ ਉਨ੍ਹਾਂ ਲੋਕਾਂ ਦੀ ਸਰਕਾਰ ਨੇ ਕਾਫੀ ਇਮਦਾਦ ਕੀਤੀ ਹੈ ਔਰ ਮੈਂ ਸਮਝਦਾ ਹਾਂ ਕਿ ਸਰਕਾਰ ਦਾ ਇਹ ਫਰਜ਼ ਵੀ ਬਣਦਾ ਸੀ । ਪਰ ਕੁਝ ਐਸੀਆਂ ਖਾਮੀਆਂ ਰਹਿ ਗਈਆਂ ਹਨ ਜਿਨ੍ਹਾਂ ਬਾਰੇ ਮੈਂ ਆਸ ਕਰਦਾ ਹਾਂ ਕਿ ਉਹ ਵੀ ਸਰਕਾਰ ਵੱਲੋਂ ਦੂਰ ਕਰ ਦਿੱਤੀਆਂ ਜਾਣਗੀਆਂ । ਕੁਝ ਪਿੰਡ ਐਸੇ ਜਲਾਲਾਬਾਦ ਦੀ ਕਾਨਸਟੀਚਿਊਐਂਸੀ ਵਿਚ ਹਨ ਜਾਂ ਜਿਹੜੇ ਪੰਝੀ ਤੀਹ ਮੀਲ ਬਾਰਡਰ ਦੇ ਨਾਲ ਲਗਦੇ ਹਨ ਮੈਂ ਉਨ੍ਹਾਂ ਦਾ ਵੀ ਜ਼ਿਕਰ ਕਰਨਾ ਚਾਹੁੰਦਾ ਹਾਂ । ਜੋ ਸਰਹੱਦ ਦੇ ਬਿਲਕੁਲ ਉੱਤੇ ਹਨ ਉਨ੍ਹਾਂ ਕੁਝ ਵਿਚ ਪਿੰਡਾਂ ਵਿਚ ਤਾਂ ਹਾਲਾਂ ਤੀਕ ਗਰਾਂਟਾਂ ਵੀ ਨਹੀਂ ਵੰਡੀਆਂ ਗਈਆਂ ਔਰ ਜਿਥੇ ਵੰਡੀਆਂ ਗਈਆਂ ਹਨ ਉਹ ਵੀ ਠੀਕ ਢੰਗ ਨਾਲ ਨਹੀਂ ਵੰਡੀਆਂ ਗਈਆਂ । ਮਸਾਲ ਦੇ ਤੌਰ ਤੇ ਪੱਟੀ ਪਿੰਡ ਹੈ ਜਾਂ ਹੋਰ ਬਾਰਡਰ ਦੇ ਏਰੀਏ ਵਿਚ ਅਜਿਹੇ ਪਿੰਡ ਹਨ ਜਿਥੇ ਕਿ ਉਸ ਹਲਕੇ ਦੇ ਬੀ. ਡੀ. ਓ. ਸਾਹਿਬ ਨੇ ਗਰਾਂਟਾਂ ਅੱਛੀ ਤਰ੍ਹਾਂ ਨਹੀਂ ਵੰਡੀਆਂ । ਜੋ ਗਰਾਂਟਾਂ ਬਾਕੀ ਵੰਡੀਆਂ ਸਨ ਉਹ ਵੀ ਵੰਡਣੀਆਂ ਬੰਦ ਕਰ ਦਿੱਤੀਆਂ ਹਨ । ਜੇਕਰ ਉਨ੍ਹਾਂ ਅਫ਼ਸਰਾਂ ਨੂੰ ਪੁੱਛਦੇ ਹਾਂ ਤਾਂ ਉਹ ਆਖਦੇ ਹਨ ਕਿ ਸਾਡੇ ਪਾਸ ਸਟਾਫ ਨਹੀਂ ਹੈ ਅਤੇ ਅਸੀਂ ਸਰਕਾਰ ਨੂੰ ਬੇਨਤੀ ਕੀਤੀ ਹੈ

ਕਿ ਸਟਾਫ ਹੋਰ ਦਿੱਤਾ ਜਾਵੇ । ਜਦੋਂ ਵੀ ਸਟਾਫ ਮਿਲੇਗਾ ਅਸੀਂ ਗਰਾਂਟਾਂ ਵੰਡ ਦਿਆਂਗੇ । ਚੇਅਰਮੈਨ ਸਾਹਿਬ, ਆਪ ਜੀ ਦੀ ਮਾਰਫਤ ਮੈਂ ਇਸ ਮਸਲੇ ਵੱਲ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਉਥੇ ਸਟਾਫ ਹੋਰ ਨਾ ਭੇਜਣ ਨਾਲ ਜਿਨ੍ਹਾਂ ਪਿੰਡਾਂ ਨੂੰ ਗਰਾਂਟਾਂ ਨਹੀਂ ਮਿਲੀਆਂ ਉਨ੍ਹਾਂ ਨੂੰ ਬੜੀ ਮੁਸ਼ਕਲ ਪੇਸ਼ ਆ ਰਹੀ ਹੈ । ਉਨ੍ਹਾਂ ਦਾ ਬੜਾ ਨੁਕਸਾਨ ਹੋ ਰਿਹਾ ਹੈ । ਇਸ ਲਈ ਮੇਰੀ ਮੰਗ ਹੈ ਕਿ ਉਥੇ ਫੌਰੀ ਤੌਰ ਤੇ ਹੋਰ ਸਟਾਫ ਭੇਜਿਆ ਜਾਵੇ ।

ਸਾਡੀ ਸਰਕਾਰ ਬਾਰਡਰ ਏਰੀਆ ਦੇ ਲੋਕਾਂ ਨੂੰ ਸਹੂਲਤਾਂ ਦੇ ਰਹੀ ਹੈ ਪਰ ਉਥੇ ਦੀਆਂ ਕੋਆਪ੍ਰੇਟਿਵ ਸੋਸਾਇਟੀਆਂ ਵਲੋਂ ਦਿਤੇ ਕਰਜ਼ਿਆਂ ਦੀ ਵਸੂਲੀ ਦਾ ਤਰੀਕਾਕਾਰ ਬੜਾ ਹੀ ਭੈਭੀਤ ਕਰਨ ਵਾਲਾ ਹੈ । ਜਿਹੜੀ ਕਰਜ਼ੇ ਦੀ ਰਕਮ ਵਾਪਸ ਕੀਤੀ ਜਾਂਦੀ ਹੈ ਉਸ ਨਾਲ ਮਹਿਕਮੇ ਵਾਲੇ 25 ਫੀਸਦੀ ਹੋਰ ਖਰਚਾ ਪਾ ਦਿੰਦੇ ਹਨ । ਇਸ ਨਾਲ ਕੋਆਪ੍ਰੇਟਿਵ ਸੋਸਾਇਟੀਆਂ ਦੇ ਲੱਖਾਂ ਰੁਪਏ ਬਣਦੇ ਹਨ ਔਰ ਲੋਕਾਂ ਤੋਂ ਸਖਤੀ ਨਾਲ ਇਹ ਰਕਮ ਵਸੂਲੀ ਜਾਂਦੀ ਹੈ । ਜੋ ਲੋਕ ਇਹ ਅਦਾਇਗੀ ਨਹੀਂ ਕਰ ਸਕਦੇ ਉਨ੍ਹਾਂ ਨੂੰ ਮੁਸ਼ਕਲ ਵਿਚ ਪਾਇਆ ਜਾਂਦਾ ਹੈ । ਇਸ ਲਈ ਮੇਰੀ ਸਰਕਾਰ ਪਾਸ ਬੇਨਤੀ ਹੈ ਕਿ ਉਹ ਬਾਰਡਰ ਦੇ ਲੋਕਾਂ ਵੱਲੋਂ ਲਏ ਗਏ ਕਰਜ਼ਿਆਂ ਦੀ ਵਸੂਲੀ ਨੂੰ ਇਕ ਸਾਲ ਰੋਕ ਦੇਵੇ ਔਰ ਖ਼ਰਚਾ ਜਿਹੜਾ ਕਿ ਸੋਸਾਇਟੀਆਂ ਪਾਉਂਦੀਆਂ ਹਨ ਉਸ ਨੂੰ ਬੰਦ ਕਰ ਦਿੱਤਾ ਜਾਵੇ ।

ਦੂਸਰੇ ਮੇਰੀ ਅਰਜ਼ ਇਹ ਹੈ ਕਿ ਲੜਾਈ ਕਾਰਣ ਲੋਕ ਬਾਰਡਰ ਤੋਂ ਉੱਠ ਕੇ ਪੰਦਰਾ ਮੀਲ ਤਕ ਆਪਣੇ ਰਿਸ਼ਤੇਦਾਰਾਂ ਪਾਸ ਗਏ ਸਨ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੇ ਉਨ੍ਹਾਂ ਦਾ ਸਾਰਾ ਖਰਚ ਸਹਾਰਿਆ, ਉਨ੍ਹਾਂ ਨੂੰ ਆਸਰਾ ਦਿੱਤਾ ਔਰ ਜਿਸ ਕਾਰਣ ਉਨ੍ਹਾਂ ਦਾ ਕਾਫੀ ਖਰਚ ਹੋ ਗਿਆ ਹੈ । ਮੇਰੀ ਬੇਨਤੀ ਇਹ ਹੈ ਕਿ ਉਨ੍ਹਾਂ ਨੂੰ ਵੀ ਸਹੂਲਤ ਮਿਲਣੀ ਚਾਹੀਦੀ ਹੈ ਔਰ ਮੇਰੀ ਮੰਗ ਹੈ ਕਿ ਉਨ੍ਹਾਂ ਲਈ ਇਹ ਕੀਤਾ ਜਾਵੇ ਕਿ ਉਹ ਸੋਸਾਇਟੀਆਂ ਪਾਸੋਂ ਲਏ ਕਰਜ਼ੇ ਦੀ ਵਸੂਲੀ ਕਿਸ਼ਤਾਂ ਰਾਹੀਂ ਅਦਾ ਕਰ ਸਕਣ ਅਤੇ ਕੋਈ ਖਰਚਾ ਨਾ ਪਾਇਆ ਜਾਵੇ । ਬਾਰਡਰ ਤੇ ਜਿਹੜੇ ਲੋਕ ਵਸਦੇ ਹਨ ਪਾਕਿਸਤਾਨੀ ਲੋਕ ਉਨ੍ਹਾਂ ਲੋਕਾਂ ਦੇ ਡੰਗਰ ਚੋਰੀ ਖੋਲ੍ਹ ਕੇ ਲੈ ਜਾਂਦੇ ਹਨ ਜਿਸ ਨਾਲ ਲੋਕਾਂ ਨੂੰ ਬੜੀ ਮੁਸ਼ਕਲ ਪੇਸ਼ ਆਉਂਦੀ ਹੈ ਇਸ ਵਲ ਵੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ।

ਬਾਰਡਰ ਦੇ ਲੋਕਾਂ ਦੇ ਬੱਚਿਆਂ ਲਈ ਵਿਦਿਆ ਦਾ ਵੀ ਯੋਗ ਪ੍ਰਬੰਧ ਹੋਣਾ ਚਾਹੀਦਾ ਹੈ । ਫਿਰ ਬਾਰਡਰ ਦੇ ਨਾਲ ਲਗਦੇ ਇਲਾਕੇ ਵਿਚ ਵੱਸਦੇ ਕਿਸਾਨਾਂ ਦੇ ਸਾਹਮਣੇ ਇਕ ਹੋਰ ਵੱਡੀ ਸਮੱਸਿਆ ਹੈ ਕਿ ਲੜਾਈ ਦੇ ਸਮੇਂ ਉਨ੍ਹਾਂ ਲੋਕਾਂ ਨੂੰ ਇੰਜਣ, ਅਤੇ ਹੋਰ ਖੇਤੀ ਦਾ ਕੀਮਤੀ ਸਮਾਨ ਲੜਾਈ ਸਮੇਂ ਪਾਕਿਸਤਾਨ ਚਲਿਆ ਗਿਆ ਹੈ ਪਰ ਉਨ੍ਹਾਂ ਨੂੰ ਸਰਕਾਰ ਨੇ ਕੋਈ ਮੁਆਵਜ਼ਾ ਨਹੀਂ ਦਿੱਤਾ । ਸਰਕਾਰ ਨੂੰ ਉਸ ਨੁਕਸਾਨ ਦਾ ਮੁਆਵਜ਼ਾ ਵੀ ਦੇਣਾ ਚਾਹੀਦਾ ਹੈ । ਬਾਰਡਰ ਦੇ ਇਲਾਕੇ ਵਿਚੋਂ ਜਿਹੜੀਆਂ ਇਸਤਰੀਆਂ ਅਤੇ ਬੱਚੇ ਪਾਕਿਸਤਾਨ ਵਿਚ ਚਲੇ ਗਏ ਹਨ ਉਨ੍ਹਾਂ ਨੂੰ ਪਾਕਿਸਤਾਨ ਤੋਂ ਵਾਪਸ ਲਿਆਉਣ ਲਈ ਵੀ ਸਰਕਾਰ ਨੂੰ ਕੋਈ ਨੀਤੀ ਬਨਾਉਣੀ ਚਾਹੀਦੀ ਹੈ । ਚੇਅਰਮੈਨ ਸਾਹਿਬ, ਜਲਾਲਾਬਾਦ ਸਾਡਾ ਸ਼ਹਿਰ ਹੈ ਔਰ ਜਿਸ ਵੇਲੇ ਉਥੇ ਸ਼ੈਲਿੰਗ ਹੋ ਰਹੀ ਸੀ, ਗੋਲੀਆਂ ਚਲ ਰਹੀਆਂ ਸਨ ਤਾਂ ਉਥੇ ਦੇ ਲੋਕਾਂ ਦੇ ਹੌਸਲੇ ਬੜੇ ਹੀ ਬਲੰਦ ਸਨ । ਉਨ੍ਹਾਂ ਲੋਕਾਂ ਦੇ ਡੰਗਰ ਵੈਰੀ ਖੋਹ ਕੇ ਲੈ ਗਏ ਅਤੇ ਹੋਰ ਸਮਾਨ ਲੈ ਗਏ ਜਿਸ ਨਾਲ ਉਥੇ ਦੇ ਲੋਕਾਂ ਨੂੰ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ । ਪਰ ਉਥੇ ਅਜੇ ਤਕ ਗਰਾਂਟ ਨਹੀਂ ਵੰਡੀ ਗਈ । ਇਸ ਲਈ ਉਨ੍ਹਾਂ ਲੋਕਾਂ ਦੀ ਵੀ ਸਹਾਇਤਾ ਕਰਨੀ ਚਾਹੀਦੀ ਹੈ ।

ਇਕ ਹੋਰ ਚੀਜ਼ ਮੈਂ ਸਰਕਾਰ ਦੇ ਨੋਟਿਸ ਵਿਚ ਲਿਆਉਣੀ ਚਾਹੁੰਦਾ ਹਾਂ ਕਿ ਬਾਰਡਰ ਦੇ ਇਲਾਕੇ

[ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ]

ਵਿਚ ਜਿਹੜੀ ਸਰਕਾਰੀ ਜ਼ਮੀਨ ਦੀ ਵੰਡ ਦਾ ਜ਼ਿਕਰ ਕੀਤਾ ਹੈ, ਮੈਂ ਉਸ ਦੀ ਤਾਰੀਫ ਕਰਦਾ ਹਾਂ ਪਰ ਰਾਏ ਸਿੱਖ ਵੀ ਪੱਛੜੀ ਹੋਈ ਜ਼ਾਤੀ ਹੈ ਇਸ ਲਈ ਉਨ੍ਹਾਂ ਨੂੰ ਵੀ ਹਰੀਜਨਾਂ ਦੇ ਬਰਾਬਰ ਦੀ ਸਰਕਾਰ ਜ਼ਮੀਨ ਮਿਲਣੀ ਚਾਹੀਦੀ ਹੈ। ਫਿਰ ਨਿਲਾਮੀਆਂ ਦੀ ਚਰਚਾ ਹੈ। ਇਸ ਚੀਜ਼ ਦਾ ਵੀ ਸਰਕਾਰ ਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ ਉਸ ਸਕੀਮ ਦਾ ਬਾਰਡਰ ਦੇ ਇਲਾਕੇ ਦੇ ਲੋਕਾਂ ਤੇ ਬੁਰਾ ਅਸਰ ਨ ਪਵੇ।

ਸਰਕਾਰ ਨੂੰ ਬਿਜਲੀ ਵੀ ਬਾਰਡਰ ਦੇ ਇਲਾਕੇ ਵਿਚ ਪਹੁੰਚਾਉਣੀ ਚਾਹੀਦੀ ਹੈ ਤਾਂਕਿ ਲੋਕਾਂ ਨੂੰ ਖੁਸ਼ਹਾਲ ਕੀਤਾ ਜਾਏ। ਇਸ ਸਬੰਧ ਵਿਚ ਮੈਂ ਸਰਕਾਰ ਪਾਸ ਫਿਰ ਬੇਨਤੀ ਕਰਦਾ ਹਾਂ ਕਿ ਉਹ ਬਾਰਡਰ ਦੇ ਇਲਾਕੇ ਵਿਚ ਬਿਜਲੀ ਅਤੇ ਸੜਕਾਂ ਦਾ ਯੋਗ ਪ੍ਰਬੰਧ ਕਰੇ। ਉਸ ਇਲਾਕੇ ਵਿਚ ਕਈ ਪਿੰਡ ਐਸੇ ਹਨ ਜਿਥੇ ਤਿੰਨ ਤਿੰਨ ਮੀਲ ਤਕ ਕੋਈ ਮਿਡਲ ਸਕੂਲ ਦੀ ਤਾਂ ਗੱਲ ਇਕ ਪਾਸੇ ਰਹੀ, ਕੋਈ ਪ੍ਰਾਇਮਰੀ ਸਕੂਲ ਵੀ ਨਹੀਂ ਹੈ। ਇਸ ਲਈ ਬੱਚੇ ਜਿਹੜੇ ਕਿ ਦੇਸ਼ ਦਾ ਭਵਿਖ ਹਨ, ਉਨ੍ਹਾਂ ਦੀ ਵਿਦਿਆ ਦਾ ਸਰਕਾਰ ਨੂੰ ਯੋਗ ਪ੍ਰਬੰਧ ਕਰਨਾ ਚਾਹੀਦਾ ਹੈ।

ਬਾਰਡਰ ਦੇ ਇਲਾਕੇ ਦੀਆਂ ਮੁਸ਼ਕਲਾਂ ਹਲ ਕਰਨ ਲਈ ਸਰਕਾਰ ਵਲੋਂ ਕਮੇਟੀਆਂ ਬਣਾਈਆਂ ਹਨ ਪਰ ਉਨ੍ਹਾਂ ਕਮੇਟੀਆਂ ਵਿਚ ਮੈਂਬਰ ਕੋਈ ਅੰਮ੍ਰਿਤਸਰ ਦਾ ਹੁੰਦਾ ਹੈ ਅਤੇ ਕੋਈ ਲੁਧਿਆਣੇ ਦਾ ਜਾਂ ਕਿਸੇ ਹੋਰ ਜ਼ਿਲ੍ਹਿਆਂ ਦੇ ਹੁੰਦੇ ਹਨ ਜਿਹੜੇ ਕਿ ਬਾਰਡਰ ਨਾਲ ਨਹੀਂ ਲਗਦੇ ਹੁੰਦੇ, ਜਿਸ ਕਾਰਣ ਉਹ ਮੈਂਬਰ ਬਾਰਡਰ ਦੇ ਲੋਕਾਂ ਦੀਆਂ ਤਕਲੀਫਾਂ ਤੋਂ ਜਾਣੂ ਨਹੀਂ ਹੁੰਦੇ। ਇਸ ਲਈ ਮੇਰੀ ਸਰਕਾਰ ਪਾਸ ਬੇਨਤੀ ਹੈ ਕਿ ਉਹ ਉਸ ਇਲਾਕੇ ਦੇ ਆਦਮੀਆਂ ਨੂੰ ਹੀ ਕਮੇਟੀਆਂ ਦੇ ਮੈਂਬਰ ਬਣਾਵੇ ਜਿਹੜਾ ਬਾਰਡਰ ਦੇ ਨਾਲ ਲਗਦਾ ਹੋਵੇ ਅਤੇ ਜਿਨ੍ਹਾਂ ਨੂੰ ਬਾਰਡਰ ਦੀਆਂ ਮੁਸ਼ਕਲਾਂ ਦਾ ਪਤਾ ਹੋਵੇ ਤਾਂਕਿ ਉਹ ਮੈਂਬਰ ਸਰਕਾਰ ਨੂੰ ਸਹੀ ਹਾਲਾਤ ਦਸ ਸਕਣ ਅਤੇ ਲੋਕਾਂ ਦੀ ਵੱਧ ਸੇਵਾ ਕਰ ਸਕਣ।

ਬੱਸ ਜੀ, ਮਿਹਰਬਾਨੀ।

ਚੌਧਰੀ ਸੁੰਦਰ ਸਿੰਘ (ਨਰੋਟ ਮਹਿਰਾ, ਐਸ. ਸੀ.) : ਚੇਅਰਮੈਨ ਸਾਹਿਬ, ਮੇਰੀ ਕੰਸਟੀਚੂਐਂਸੀ ਵਿਚ ਲੜਾਈ ਬਹੁਤ ਜ਼ਿਆਦਾ ਹੋਈ ਹੈ। ਮੈਂ ਬਾਰਡਰ ਤੋਂ 2, 4 ਮੀਲ ਦੂਰ ਆਪਣੀ ਫੈਮਿਲੀ ਨਾਲ ਰਹਿੰਦਾ ਹਾਂ। ਜਿਤਨੀ ਦੇਰ ਲੜਾਈ ਹੁੰਦੀ ਰਹੀ ਮੈਂ ਬਾਰਡਰ ਤੇ ਜਾਂਦਾ ਰਿਹਾ ਹਾਂ ਅਤੇ ਸੋਲਜ਼ਰਜ਼ ਨੂੰ ਡਰਾਈ ਫਰੂਟ ਦਿੰਦਾ ਰਿਹਾ ਹਾਂ। ਸਿੰਬਲ ਸਕੂਲ ਪੋਸਟ ਤੇ ਪਹਿਲਾਂ ਪਾਕਿਸਤਾਨ ਨੇ ਕਬਜ਼ਾ ਕਰ ਲਿਆ ਸੀ। ਦੋ ਦਿਨ ਉਨ੍ਹਾਂ ਦਾ ਕਬਜ਼ਾ ਰਿਹਾ। ਸਾਡੀਆਂ ਜਾਨਾਂ ਮੁੱਠੀ ਵਿਚ ਰਹੀਆਂ। ਫਿਰ ਉਸ ਤੋਂ ਬਾਦ ਅਸੀਂ ਕਬਜ਼ਾ ਵਾਪਸ ਕਰ ਲਿਆ ਅਤੇ ਅੱਗੇ ਵੱਧਦੇ ਗਏ। ਮੈਨੂੰ ਮਿਲਟਰੀ ਦੇ ਬੜੇ ਵੱਡੇ ਅਫਸਰ ਇਸ ਲੜਾਈ ਦੇ ਦੌਰਾਨ ਆਪਣੇ ਇਲਾਕੇ ਵਿਚ ਮਿਲੇ। ਉਹ ਕਹਿੰਦੇ ਸਨ ਚੌਧਰੀ ਸਾਹਿਬ ਅਸੀਂ ਤੁਹਾਡਾ ਹਲਕਾ ਵਧਾ ਦਿੱਤਾ ਹੈ। ਮੈਂ ਕਿਹਾ ਕਿ ਹਲਕਾ ਤਾਂ ਵਧ ਗਿਆ ਹੈ ਮਗਰ ਕੋਈ ਵੋਟਰ ਨਹੀਂ ਰਿਹਾ। ਵੋਟਰ ਤਾਂ ਪਾਕਿਸਤਾਨ ਚਲੇ ਗਏ ਹਨ। ਮੈਂ ਦੱਸਦਾ ਹਾਂ ਕਿ ਜਿੱਥੋਂ ਤਕ ਮੇਰੇ ਹਲਕੇ ਦਾ ਤੁਅੱਲਕ ਹੈ ਇਹ ਬੜਾ ਬੈਕਵਰਡ ਹੈ। ਮੈਂ ਇਹ ਸਮਝਦਾ ਹਾਂ ਕਿ ਇਸ ਮੌਕੇ ਤੇ ਜਦੋਂ ਕਿ ਲੜਾਈ ਤੋਂ ਬਾਦ ਇਤਨੀ ਵੱਡੀ ਸਾਡੀ ਜਿੱਤ ਹੋਈ ਹੈ ਤਾਂ ਗੌਰਮਿੰਟ ਨੂੰ ਚਾਹੀਦਾ ਹੈ ਕਿ ਬੀਬਆਲ ਤਕ ਪੁਲ ਬਣਾ ਦੇਣ ਅਤੇ ਤਾਰਾਗੜ੍ਹ ਤੋਂ ਕਤਲੌਰ ਤਕ ਵੀ ਪੁਲ ਬਣਾ ਦੇਣ। ਇਸ ਤੇ 13 ਲੱਖ ਰੁਪਏ ਲਗਦਾ ਹੈ। ਇਥੇ

ਫੱਲਡ ਵੀ ਜ਼ਿਆਦਾ ਆਉਂਦੇ ਹਨ । ਫੱਲਡ ਵਾਸਤੇ 4 ਲੱਖ ਰੁਪਏ ਮਿਲੇ ਹਨ । ਉਸ ਇਲਾਕੇ ਵਿਚ ਅਗਰ ਡਿਵੈਲਪਮੈਂਟ ਕਰਨੀ ਹੈ ਤਾਂ ਤਾਰਾਗੜ੍ਹ ਤੋਂ ਕਤਲੋਰ ਤਕ ਦਾ ਬ੍ਰਿਜ ਬਣਾਇਆ ਜਾਵੇ ਤਾਂ ਇਕ ਬੱਸ ਚਲ ਸਕਦੀ ਹੈ । ਇਥੇ ਮੈਂ ਦੱਸਦਾ ਹਾਂ ਕਿ ਜਦੋਂ ਬਹਾਦਰ ਪੁਰ ਪਿੰਡ ਵਿਚ ਲੜਾਈ ਹੋਈ ਤਾਂ ਇਕ ਮਿਲਟਰੀ ਦੇ ਅਫਸਰ ਨੇ ਪਿੰਡ ਦੇ ਲੋਕਾਂ ਨੂੰ ਕਿਹਾ ਕਿ ਤੁਸੀਂ ਇਥੋਂ ਚਲੇ ਜਾਵੋ । ਸਾਡੇ ਐਸ. ਡੀ. ਐਮ. ਨੇ ਲੋਕਾਂ ਤੋਂ ਪੁਛਿਆ ਕਿ ਕਿਸ ਦੇ ਹੁਕਮ ਨਾਲ ਤੁਸੀਂ ਨਿਕਲੇ ਹੋ ਤਾਂ ਲੋਕਾਂ ਨੇ ਕਿਹਾ ਕਿ ਮਿਲਟਰੀ ਅਫਸਰ ਦੇ ਕਹਿਣ ਤੋਂ ਨਿਕਲੇ ਹਾਂ । ਫਿਰ ਉਥੇ ਕਾਫੀ ਲੜਾਈ ਝਗੜਾ ਹੋਇਆ ਅਤੇ ਫਿਰ ਉਸ ਮਿਲਟਰੀ ਆਫੀਸਰ ਕੋਲੋਂ ਪੁੱਛਿਆ ਗਿਆ । ਕਿਸ ਤਰ੍ਹਾਂ ਉਹ ਲੋਕ ਲੜਾਈ ਵਿਚ ਉਥੇ ਬੈਠੇ ਰਹੇ । ਇਸ ਲਈ ਉਨ੍ਹਾਂ ਲੋਕਾਂ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ । ਜੇ ਮੇਰੇ ਇਲਾਕੇ ਦੇ ਹਿੱਸੇ ਦਾ ਪੈਸਾ ਮਿਲੇ ਤਾਂ ਫਿਰ ਕੁਝ ਵੀ ਨਹੀਂ ਬਣਨਾ । ਰੂਰਲ ਡਿਵੈਲਪਮੈਂਟ ਸਕੀਮ ਸੈਂਟਰਲ ਗੌਰਮਿੰਟ ਕੋਲ ਹੈ । ਉਸ ਦੇ ਮੁਤਾਬਿਕ ਕਿਸੇ ਸੂਬੇ ਵਿਚ ਅਨਡਿਵੈਲਪਡ ਇਲਾਕੇ ਲਈ 1 ਜਾਂ 2 ਕਰੋੜ ਰੁਪਿਆ ਮਿਲਦਾ ਹੈ । ਤਹਿਸੀਲ ਪਠਾਨਕੋਟ ਖਾਸ ਕਰਕੇ ਗੌਰਮਿੰਟ ਨੇ ਰਿਕਮੈਂਡ ਕਰ ਦਿੱਤੀ ਹੈ । ਗੌਰਮਿੰਟ ਨੂੰ ਚਾਹੀਦਾ ਹੈ ਕਿ ਉਸ ਕੇਸ ਨੂੰ ਪਰਸੂ ਕਰੇ । ਮੈਂ 50, 60 ਸਫੇ ਦੀ ਰਿਪੋਰਟ ਲਿਖੀ ਹੈ । ਜੇ ਉਹ ਇਕ ਕਰੋੜ ਰੁਪਿਆ ਮਿਲੇ ਤਦ ਹੀ ਉਸ ਇਲਾਕੇ ਦੀ ਡਿਵੈਲਪਮੈਂਟ ਹੋ ਸਕਦੀ ਹੈ । ਇਸ ਲਈ ਮੈਂ ਚਾਹੁੰਦਾ ਹਾਂ ਕਿ ਗਰੀਬ ਲੋਕਾਂ ਦਾ ਭਲਾ ਹੋਵੇ । ਬੈਕਵਰਡ ਇਲਾਕਿਆਂ ਵਿਚ ਸੜਕਾਂ ਬਣਾਈਆਂ ਜਾਣ । ਇਹ ਨਾ ਹੋਵੇ ਕਿ ਜਿਹੜਾ ਇਲਾਕਾ ਅੱਗੇ ਹੀ ਡਿਵੈਲਪਡ ਹੈ ਉਹ ਹੋਰ ਡਿਵੈਲਪ ਹੋਈ ਜਾਵੇ । ਕਿਉਂ ਕਿ ਡਿਵੈਲਪਡ ਇਲਾਕੇ ਵਿਚ ਸੜਕਾਂ ਬਣਾਉਣ ਲਈ ਥੋੜ੍ਹੇ ਪੈਸੇ ਲਗਦੇ ਹਨ । ਮੇਰਾ ਇਲਾਕਾ ਹੀ ਕੇਵਲ ਅਨਡਿਵੈਲਪਡ ਨਹੀਂ ਬਾਕੀ ਵੀ ਜਿਹੜੇ ਇਲਾਕੇ ਅਨਡਿਵੈਲਪਡ ਹਨ ਸਾਡਾ ਧਰਮ ਬਣਦਾ ਹੈ ਕਿ ਅਸੀਂ ਉਨ੍ਹਾਂ ਨੂੰ ਡਿਵੈਲਪ ਕਰੀਏ । ਮੇਰੇ ਇਲਾਕੇ ਵਿਚ ਹੁਣ ਇਨ੍ਹਾਂ ਨੇ ਗਰਾਂਟਾਂ ਦਿੱਤੀਆਂ ਹਨ ਪਰੰਤੂ ਗਰਾਂਟਾਂ ਦੇਣ ਦਾ ਉਲਟਾ ਨੁਕਸਾਨ ਹੋਇਆ ਹੈ । 8 ਲੱਖ ਰੁਪਏ ਖਰਚ ਕਰ ਦਿੱਤੇ ਹਨ ।

Mr. Chairman : Please discuss the problems of your war affected area.

ਚੌਧਰੀ ਸੁੰਦਰ ਸਿੰਘ : ਮੈਂ ਵਾਰ ਦੀ ਗੱਲ ਕਰਦਾ ਹਾਂ । ਜਿਨ੍ਹਾਂ ਨੂੰ ਪਹਿਲਾਂ ਮੁਆਵਜ਼ਾ ਦਿੱਤਾ ਹੋਇਆ ਹੈ ਉਹ ਸਿਰਫ ਚਾਰ ਪੰਜ ਪਿੰਡ ਹਨ । ਬਾਕੀ 25 ਪਿੰਡ ਜਿਹੜੇ ਸਨ, ਉਨ੍ਹਾਂ ਤੋਂ ਹਜ਼ਾਰਾਂ ਦੀ ਤਦਾਦ ਵਿਚ ਲੋਕ ਪਠਾਨਕੋਟ ਗਏ, ਮੈਨੂੰ ਮਿਲੇ ਅਤੇ ਕਿਹਾ ਕਿ ਸਾਨੂੰ ਤਾਂ ਕੁਝ ਵੀ ਨਹੀਂ ਮਿਲਿਆ । ਮੈਂ ਉਸ ਪ੍ਰਾਬਲਮ ਨੂੰ ਬੜੀ ਮੁਸ਼ਕਲ ਨਾਲ ਹਲ ਕੀਤਾ । ਮੈਂ ਕਿਹਾ ਕਿ ਤੁਹਾਡੇ ਵਾਸਤੇ ਵੀ ਜ਼ਰੂਰ ਕੋਸ਼ਿਸ਼ ਕਰਾਂਗੇ । ਮੇਰਾ ਇਲਾਕਾ ਵਰਸਟ ਅਫੈਕਟਿਡ ਇਲਾਕਾ ਹੈ । ਮੈਂ ਤੁਹਾਡੀ ਮਾਰਫਤ ਗੌਰਮਿੰਟ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਉਸ ਇਲਾਕੇ ਵਿਚ ਕੋਈ ਸੜਕ ਨਹੀਂ ਹੈ, ਕੋਈ ਬਸ ਨਹੀਂ ਜਾਂਦੀ, ਨਾਂ ਹੀ ਉਥੇ ਕੋਈ ਬ੍ਰਿਜ ਹੈ । ਇਨ੍ਹਾਂ ਨੂੰ ਸਾਰੇ ਪਜਾਬ ਦੀ ਡਿਵੈਲਪਮੈਂਟ ਛੱਡ ਕੇ ਪਹਿਲਾਂ ਇਸ ਇਲਾਕੇ ਵਲ ਧਿਆਨ ਦੇਣਾ ਚਾਹੀਦਾ ਹੈ । ਅਗਰ ਰੂਰਲ ਡਿਵੈਲਪਮੈਂਟ ਦੀ ਸਕੀਮ ਜਿਹੜੀ ਸੈਂਟਰਲ ਗੌਰਮਿੰਟ ਕੋਲ ਹੈ, ਮਨਜ਼ੂਰ ਹੋ ਜਾਵੇ ਫਿਰ ਕੋਈ ਤਕਲੀਫ ਨਹੀਂ, ਇਹ ਸਾਰਾ ਮਸਲਾ ਹੱਲ ਹੋ ਜਾਵੇਗਾ । ਮੈਂ ਤੁਹਾਡੀ ਮਾਰਫਤ ਚੀਫ਼ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਉਹ ਆਪ ਤੇ ਡਿਵੈਲਪਮੈਂਟ ਕਮਿਸ਼ਨਰ ਇਸ ਕੇਸ ਨੂੰ ਪਰਸੂ ਕਰਨ ਤਾਂਕਿ ਇਸ ਇਲਾਕੇ ਲਈ 1 ਜਾਂ 2 ਕਰੋੜ ਰੁਪਿਆ ਮਿਲੇ ਜਿਹੜਾ ਕਿ ਇਕ ਸੂਬੇ ਵਿਚ ਜਿਹੜਾ ਅਨਡਿਵੈਲਪਡ ਜ਼ਿਲ੍ਹਾ ਹੋਵੇ, ਉਸ ਲਈ ਮਿਲਦਾ ਹੈ । ਤਹਿਸੀਲ ਪਠਾਨਕੋਟ ਇਕੱਲਾ ਰਿਕਮੈਂਡ ਹੋਇਆ ਹੈ । ਅਗਰ ਉਹ ਪੈਸਾ ਮਿਲ ਜਾਵੇ ਤਾਂ ਸਾਰਾ ਸਿਲਸਿਲਾ ਠੀਕ ਹੋ ਸਕਦਾ ਹੈ । ਇਸ ਲਈ ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਦੁਬਾਰਾ ਬੇਨਤੀ ਕਰਾਂਗਾ

[ਚੌਧਰੀ ਸੁੰਦਰ ਸਿੰਘ]

ਕਿ ਉਹ ਕੇਸ ਨੂੰ ਲੈ ਕੇ ਪਰਸੂ ਕਰਕੇ ਉਹ ਰੁਪਿਆ ਉਸ ਇਲਾਕੇ ਵਾਸਤੇ ਦਿਵਾਉਣ ਤਾਂਕਿ ਲੋਕ ਸਮਝਣ ਕਿ ਸਾਡੇ ਭਲੇ ਲਈ ਕੋਈ ਕੰਮ ਹੋ ਰਿਹਾ ਹੈ। ਉਹ ਲੋਕ ਹਮੇਸ਼ਾ ਲੜਾਈ ਦੇ ਮੂੰਹ ਵਿਚ ਰਹਿੰਦੇ ਹਨ। ਉਨ੍ਹਾਂ ਨੂੰ ਕੁਝ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ। ਖਾਸ ਕਰਕੇ ਸਕੂਲਾਂ ਦੀ ਬੜੀ ਭਾਰੀ ਤਕਲੀਫ ਹੈ। ਜਿਥੇ ਸਕੂਲ ਚਾਹੀਦੇ ਹਨ ਉਥੇ ਨਹੀਂ ਹਨ। ਜਿਥੇ ਹਨ ਉਨ੍ਹਾਂ ਨੂੰ ਅਪਗਰੇਡ ਨਹੀਂ ਕੀਤਾ ਗਿਆ। ਜੇ ਬਾਰਡਰ ਦੇ ਇਲਾਕੇ ਦੇ ਲੋਕਾਂ ਨੂੰ ਸਹੂਲਤਾਂ ਦਿਉਗੇ ਤਾਂ ਹੀ ਉਹ ਡਟ ਕੇ ਮੁਕਾਬਲਾ ਕਰ ਸਕਣਗੇ। ਅਗਰ ਗੌਰਮਿੰਟ ਧਿਆਨ ਦੇਵੇ ਤਾਂ ਸਾਰਾ ਸਿਲਸਿਲਾ ਠੀਕ ਹੋ ਜਾਵੇਗਾ। ਲੋਕ ਬੜੇ ਹਿੰਮਤੀ ਹਨ ਮੇਰੇ ਇਲਾਕੇ ਦੇ ਜਿਹੜੇ ਲੋਕ ਹਨ ਉਨ੍ਹਾਂ ਨੇ ਅੱਗੇ ਜਾ ਜਾ ਕੇ ਰੋਟੀਆਂ ਅਤੇ ਫਰੂਟ ਫਟਣ ਜਵਾਨਾਂ ਵਿਚ ਵੰਡੇ। ਉਹ ਲੋਕ ਕਹਿੰਦੇ ਸਨ ਕਿ ਮਿਲਟਰੀ ਵਾਲੇ ਇਹ ਨਾਂ ਸਮਝਣ ਕਿ ਉਨ੍ਹਾਂ ਨੂੰ ਪੈਸੇ ਮਿਲਦੇ ਹਨ ਤਾਂ ਹੀ ਉਹ ਲੜਦੇ ਹਨ। ਲੇਕਿਨ ਜਦੋਂ ਸਾਡੇ ਲੋਕ ਫਰੂਟ ਦੇਣ ਵਾਸਤੇ ਅੱਗੇ ਜਾਂਦੇ ਸਨ ਤਾਂ ਮਿਲਟਰੀ ਵਾਲੇ ਬਹੁਤ ਖੁਸ਼ ਹੁੰਦੇ ਸਨ। ਇਸ ਲਈ ਜਿਹੜੇ ਲੋਕ ਲੜਨ ਮਰਨ ਲਈ ਹਰ ਵਕਤ ਤਿਆਰ ਰਹਿੰਦੇ ਹਨ ਉਨ੍ਹਾਂ ਨੂੰ ਇਨਕਰੇਜਮੈਂਟ ਦੇਣੀ ਚਾਹੀਦੀ ਹੈ। ਗੌਰਮਿੰਟ ਨੂੰ ਉਨ੍ਹਾਂ ਨੂੰ ਵਿਸ਼ਵਾਸ਼ ਦਿਵਾਉਣਾ ਚਾਹੀਦਾ ਹੈ ਕਿ ਅਸੀਂ ਤੁਹਾਡੇ ਨਾਲ ਬੈਠੇ ਹਾਂ। ਬੰਬਿਆਲ ਦੇ ਇਲਾਕੇ ਵਿਚ ਲੜਾਈ ਹੁੰਦੀ ਰਹੀ। ਕੋਈ ਆਦਮੀ ਉਥੋਂ ਨੱਠਿਆ ਨਹੀਂ। ਚੇਅਰਮੈਨ ਸਾਹਿਬ, ਮੇਰਾ ਪਿੰਡ ਬਾਰਡਰ ਦੇ ਨਾਲ ਹੈ। ਜਿਥੇ ਆਦਮੀ ਮਰੇ ਹਨ। ਨੰਗਲਭੂਰ ਵਿਚ 9 ਆਦਮੀ ਮਾਰੇ ਗਏ। ਉਥੇ ਇਕ ਟਾਈਮ ਬੰਬ ਸੀ। ਮੈਂ ਕਿਹਾ ਕਿ ਵੇਖਣ ਤਾਂ ਜ਼ਰੂਰ ਜਾਣਾ ਹੈ। ਇਕ ਅਫ਼ਸਰ ਨੂੰ ਐਸ. ਡੀ. ਐਮ. ਨੇ ਮੇਰੇ ਨਾਲ ਭੇਜਿਆ। ਮੈਂ ਕਿਹਾ ਕਿ ਮੈਂਬਰ ਬੜੇ ਬੇਈਮਾਨ ਹੁੰਦੇ ਹਨ, ਇਨ੍ਹਾਂ ਨੂੰ ਬੰਬ ਕੁਝ ਨਹੀਂ ਕਹਿੰਦਾ। ਮੈਂ ਉਸ ਇਲਾਕੇ ਵਿਚ ਗਿਆ। ਦੋ ਮਿੰਟ ਬਾਦ ਉਹ ਬੰਬ ਫਟ ਗਿਆ। ਜਿਨਾਂ ਮੁਆਵਜ਼ਾ ਮਿਲਣਾ ਚਾਹੀਦਾ ਸੀ ਨਹੀਂ ਮਿਲਿਆ। ਇਸ ਲ ੀ ਮੈਂ ਕਹਾਂਗਾ ਕਿ ਉਸ ਇਲਾਕੇ ਵਿਚ ਜਿਹੜੇ 46 ਆਦਮੀ ਮਾਰੇ ਗਏ ਹਨ ਉਨ੍ਹਾਂ ਨੂੰ ਪੂਰਾ ਮੁਆਵਜ਼ਾ ਮਿਲਣਾ ਚਾਹੀਦਾ ਹੈ। ਕਿਸੇ ਸਪੈਸ਼ਲ ਆਫੀਸਰ ਨੂੰ ਉਥੇ ਭੇਜਿਆ ਜਾਏ ਜੋ ਸਿਵਲ ਦੇ ਲੋਕਾਂ ਨੂੰ ਪੁਛੇ ਅਤੇ ਦੂਸਰੇ ਆਦਮੀਆਂ ਦੀ ਤਕਲੀਫ ਬਾਰੇ ਪੁਛੇ, ਅਤੇ ਫਿਰ ਮੁਆਵਜ਼ਾ ਮਿਲੇ ਤਾਂ ਜਾ ਕੇ ਲੋਕਾਂ ਨੂੰ ਤਸੱਲੀ ਹੋਣੀ ਹੈ। ਜੇਕਰ ਮੁਆਵਜ਼ਾ ਨਹੀਂ ਦੇਣਾ ਤਾਂ ਜਿਹੜਾ 8 ਲੱਖ ਰੁਪਿਆ 5, 10 ਪਿੰਡਾਂ ਵਿਚ ਖ਼ਰਚ ਕਰ ਦਿੱਤਾ ਹੈ ਉਹ ਬੜੀ ਮਿਹਰਬਾਨੀ ਹੈ। ਜੇ ਉਥੇ ਮੁਆਵਜ਼ਾ ਨਹੀਂ ਦਿੱਤਾ ਜਾ ਸਕਦਾ ਤਾਂ ਕਮ-ਅਜ਼-ਕਮ 12, 13 ਲੱਖ ਰੁਪਏ ਮੁਆਵਜ਼ਾ ਜਿਹੜਾ ਦੇਣਾ ਹੈ ਉਸ ਦਾ ਪੁਲ ਬਣਵਾ ਦਿਉ, ਲੋਕ ਖੁਸ਼ ਹੋਣਗੇ। ਤੁਹਾਡਾ ਧੰਨਵਾਦ ਕਰਦਾ ਹਾਂ। ਤੁਹਾਡੀ ਮਾਰਫਤ ਚੀਫ ਮਨਿਸਟਰ ਸਾਹਿਬ ਨੂੰ ਰਿਕੁਵੈਸਟ ਕਰਦਾ ਹਾਂ ਕਿ ਉਸ ਇਲਾਕੇ ਦਾ ਦੌਰਾ ਕਰਨ ਔਰ ਇਰੀਗੇਸ਼ਨ ਅਤੇ ਪਾਵਰ ਮਨਿਸਟਰ ਜਾਕੇ ਵੇਖਣ ਕਿ ਉਸ ਇਲਾਕੇ ਦਾ ਕੀ ਹਾਲ ਹੈ। ਉਹ ਕਿੰਨੇ ਸ਼ਾਨਦਾਰ ਲੋਕ ਹਨ ਅਤੇ ਗਵਰਨਮੈਂਟ ਦੇ ਨਾਲ ਰਹਿੰਦੇ ਹਨ ਔਰ ਮਦਦ ਕਰਦੇ ਰਹੇ ਹਨ। ਉਥੇ ਨੈਸ਼ਨੈਲਿਟੀ ਹੈ, ਪਿਆਰ ਹੈ। ਲੋਕਾਂ ਨੂੰ ਮੁਲਕ ਵਾਸਤੇ ਪਿਆਰ ਹੈ। ਲੋਕਾਂ ਨੂੰ ਲੜਾਈ ਦੀ ਬਿਲਕੁਲ ਚਿਤਾ ਨਹੀਂ। ਮੈਂ ਦੱਸਦਾ ਹਾਂ ਕਿ ਇਸ ਵਾਰ ਮੇਰੇ ਮੁਕਾਬਲੇ ਵਿਚ ਕੋਈ ਖਾਸ ਆਦਮੀ ਨਹੀਂ ਸੀ ਜਨਸੰਘ ਜਿਹੜੀ ਮੁਕਾਬਲਾ ਕਰਨ ਵਾਲੀ ਸੀ ਉਸ ਦਾ ਵੀ ਕੋਈ ਚਾਂਸ ਨਹੀਂ ਰਿਹਾ।

ਹੁਣ ਫਿਰਕਾ ਪ੍ਰਸਤ, ਦਾ ਚਾਂਸ ਨਹੀਂ ਰਿਹਾ। ਉਹ ਗੱਲ ਤਾਂ ਖਤਮ ਹੋ ਗਈ ਹੈ। ਇਸ ਲਈ ਮੈਂ ਕਹਾਂਗਾ ਕਿ ਜਿਹੜੇ ਲੋਕ ਨੈਸ਼ਨੈਲਿਟੀ ਨੂੰ ਪੈਦਾ ਕਰਨ ਵਾਲੇ ਹਨ ਉਨ੍ਹਾਂ ਦੀ ਡਿਵੈਲਪਮੈਂਟ ਜ਼ਰੂਰੀ ਹੈ। ਪਹਿਲਾਂ ਜਿੰਨਾਂ ਬੈਕਵਰਡ ਇਲਾਕਾ ਸੀ ਇਸ ਦੇ ਲੋਕਾਂ ਨੂੰ ਐਕਸਪਲਾਇਟ ਕੀਤਾ ਜਾਂਦਾ ਰਿਹਾ।

ਇਸ ਦੀ ਖਾਸ ਵਜ੍ਹਾ ਸੀ । ਹੁਣ ਮੈਂ ਆਪ ਦੀ ਰਾਹੀਂ ਚੀਫ ਮਨਿਸਟਰ ਸਾਹਿਬ ਪਾਸ ਬੇਨਤੀ ਕਰਾਂਗਾ ਕਿ ਉਹ ਇਸ ਪਾਸੇ ਧਿਆਨ ਦੇਣ । ਉਹ ਇਸ ਸਮੇਂ ਬੈਠੇ ਹੋਏ ਨਹੀਂ ਹਨ । ਸਰਦਾਰ ਉਮਰਾਓ ਸਿੰਘ ਜੀ ਬੈਠੇ ਹੋਏ ਹਨ ਇਹ ਕਾਫੀ ਹੁਸ਼ਿਆਰ ਆਦਮੀ ਹਨ ਅਤੇ ਆਪਣਾ ਕੰਮ ਕੱਢ ਲੈਂਦੇ ਹਨ । ਮੈਂ ਤਾਂ ਇਹ ਸਮਝਦਾ ਹਾਂ ਕਿ ਜਿਹੜਾ ਆਦਮੀ ਬੈਕਵਰਡ ਇਲਾਕੇ ਨੂੰ ਐਕਸਪਲਾਇਟ ਕਰਦਾ ਹੈ ਉਹ ਆਪ ਹੀ ਇਕ ਦਿਨ ਐਕਸਪਲਾਇਟ ਹੋ ਜਾਂਦਾ ਹੈ । 'I prefer to be cheated by others than to cheat others.'

ਜਿਹੜੇ ਆਦਮੀ ਦੂਜਿਆਂ ਨੂੰ ਧੋਖਾ ਦਿੰਦੇ ਹਨ ਉਹ ਆਪ ਹੀ ਧੋਖੇ ਵਿਚ ਆ ਜਾਂਦੇ ਹਨ । ਇਨ੍ਹਾਂ (ਆਪੋਜ਼ੀਸ਼ਨ ਵਲ ਇਸ਼ਾਰਾ ਕਰਦੇ ਹੋਏ) ਬਾਰਡਰ ਦੇ ਇਲਾਕੇ ਨੂੰ ਅਤੇ ਗਰੀਬਾਂ ਨੂੰ ਦਬਾਇਆ ਹੋਇਆ ਸੀ ਅਤੇ ਹੁਣ ਵਕਤ ਆ ਗਿਆ ਹੈ ਕਿ ਅਸੀਂ ਉਨ੍ਹਾਂ ਦੀ ਤਰੱਕੀ ਵੱਲ ਪੂਰਾ ਧਿਆਨ ਦੇਈਏ । ਬਾਰਡਰ ਦੇ ਇਲਾਕੇ ਦੀ ਤਰੱਕੀ ਸਾਡੀ ਆਪਣੀ ਹੀ ਤਰੱਕੀ ਹੈ ਅਤੇ ਸਾਰੇ ਦੇਸ਼ ਦੀ ਤਰੱਕੀ ਹੈ ਅਤੇ ਇਸ ਤਰ੍ਹਾਂ ਅਸੀਂ ਨੈਸ਼ਨੇਲਿਟੀ ਦੀ ਭਾਵਨਾ ਪੈਦਾ ਕਰ ਸਕਦੇ ਹਾਂ । ਅਸੀਂ ਬੰਗਲਾ ਦੇਸ਼ ਦੀ ਮਦਦ ਕੀਤੀ ਅਤੇ ਇਹ ਭਾਰੀ ਮਦਦ ਸਾਨੂੰ ਬਲੈਸਿੰਗ ਸਾਬਤ ਹੋਈ ਨਹੀਂ ਤਾਂ ਕਿਸੇ ਨੂੰ ਕੀ ਪਤਾ ਸੀ ਕਿ ਦੇਸ਼ ਆਜ਼ਾਦ ਹੋ ਜਾਵੇਗਾ ਅਤੇ ਬੰਗਲਾ ਦੇਸ਼ ਬਣ ਜਾਵੇਗਾ ਮੈਂ ਤਾਂ ਸਮਝਦਾ ਹਾਂ ਕਿ ਇਹ ਜਿੱਤ ਇਨਸਾਫ ਦੀ ਜਿੱਤ ਹੈ, ਸਾਡੇ ਦੇਸ਼ ਦੇ ਰਾਈਟ ਐਕਸ਼ਨ ਦੀ ਜਿੱਤ ਹੈ ਜਿਹੜਾ ਐਕਸ਼ਨ ਕਿ ਉਸ ਸਮੇਂ ਦੇਸ਼ ਵਲੋਂ ਲਿਆ ਗਿਆ । Any action which makes us go up is good. Any action which makes us go down is bad.

ਸਹੀ ਐਕਸ਼ਨ ਕਰਨ ਵਿਚ ਪਰਮਾਤਮਾ ਆਪ ਮਦਦ ਕਰਦਾ ਹੈ ਅਤੇ ਫਤਿਹ ਹੁੰਦੀ ਹੈ ਅਤੇ ਇਸ ਰਾਈਟਫੁਲ ਐਕਸ਼ਨ ਨਾਲ ਹੀ ਸਾਡੇ ਦੇਸ਼ ਨੂੰ ਕਾਮਯਾਬੀ ਹੋਈ ਹੈ । ਜਿਹੜੇ ਵੱਡੇ ਵੱਡੇ ਮੁਲਕ ਸਾਨੂੰ ਪਹਿਲਾਂ ਸ਼ੈਡੋ ਕਰਦੇ ਹੁੰਦੇ ਸੀ ਉਨ੍ਹਾਂ ਦਾ ਜੋਸ਼ ਵੀ ਹੁਣ ਮਰ ਗਿਆ ਹੈ ਅਤੇ ਉਹ ਵੀ ਸੋਚਣ ਲਗ ਪਏ ਹਨ ਕਿ ਹਿੰਦੁਸਤਾਨ ਨਾਲ ਸਬੰਧ ਠੀਕ ਰਖਣੇ ਚਾਹੀਦੇ ਹਨ । ਇਨ੍ਹਾਂ ਗੱਲਾਂ ਨੂੰ ਮੱਦੇਨਜ਼ਰ ਰਖਦੇ ਹੋਏ ਇਹ ਜਾਣਨਾ ਚਾਹੀਦਾ ਹੈ ਕਿ ਨੈਰੋਮਾਈਂਡਿਡਨੈਸ ਕਦੇ ਪੇ ਨਹੀਂ ਕਰਦੀ । ਇਸ ਦੇਸ਼ ਦੀ ਪ੍ਰਧਾਨ ਮੰਤਰੀ ਦਾ ਇਹ ਦਾਹਵਾ ਹੈ ਕਿ ਦੇਸ਼ ਵਿਚ ਕੋਈ ਗਰੀਬ ਨਾ ਰਹੇ ਅਤੇ ਸਾਰੇ ਬਰਾਬਰ ਦਾ ਹੱਕ ਮਾਣਨ । ਇਸ ਲਈ ਉਨ੍ਹਾਂ ਦਾ ਇਸ ਗੱਲ ਤੇ ਜ਼ੋਰ ਹੈ ਅਤੇ ਇਹ ਰੈਜ਼ੋਲਿਊਸ਼ਨ ਇਸ ਪਾਸੇ ਵੱਲ ਇਕ ਕਦਮ ਹੈ ਅਤੇ ਬਰਾਬਰੀ ਵਿਚ ਹੀ ਪਰਮਾਤਮਾ ਆਪ ਹੁੰਦਾ ਹੈ । ਜਿਹੜੇ ਇਸ ਬਰਾਬਰੀ ਤੋਂ ਮੁਖ ਮੋੜਦੇ ਹਨ ਉਨ੍ਹਾਂ ਦਾ ਹਾਲ ਕੀ ਹੁੰਦਾ ਹੈ, ਇਹ ਆਪ ਜਾਣਦੇ ਹੋ । ਕਦੇ ਵੀ ਮਜ਼੍ਹਬ ਦੇ ਨਾਂ ਤੇ ਕਿਸੇ ਨੇ ਅੱਜ ਤਕ ਲੜਾਈ ਨਹੀਂ ਜਿੱਤੀ ਅਤੇ ਇਹ ਤੁਸੀਂ ਸਾਰਿਆਂ ਨੇ ਵੇਖ ਹੀ ਲਿਆ ਹੈ । ਜਿਹੜਾ ਮਜ਼੍ਹਬ ਦੇ ਨਾਂ ਤੇ ਲੜਾਈ ਲੜਦਾ ਹੈ ਉਸ ਦਾ ਕੀ ਹਾਲ ਹੁੰਦਾ ਹੈ ?

> 'Where do you seek God ? Are not the poor miserable, the down-trodden the Gods ? Worship them first. I do not believe in God or religion who cannot wipe out tears from the widow's eyes and cannot bring a morsel of food to the orphan's mouth.'

(ਘੰਟੀ) ਚੇਅਰਮੈਨ ਸਾਹਿਬ, ਮੈਂ ਖਤਮ ਹੀ ਕਰਨ ਲਗਾ ਹਾਂ । ਮੈਂ ਇੰਨਾ ਕਹਾਂਗਾ ਕਿ ਬਾਰਡਰ ਦੇ ਏਰੀਆ ਅਤੇ ਬਾਰਡਰ ਦੇ ਲੋਕਾਂ ਦੀ ਮਦਦ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਬਾਕੀਆਂ ਦੇ ਬਰਾਬਰ ਕਰਨ ਲਈ ਪੂਰੇ ਸਾਧਨ ਜੁਟਾਣੇ ਚਾਹੀਦੇ ਹਨ । ਇੰਨਾ ਕਹਿ ਕੇ ਆਪ ਦਾ ਸ਼ੁਕਰੀਆ ਅਦਾ ਕਰਦਾ ਹਾਂ । (ਵਿਘਨ)

ਸਰਦਾਰ ਗੁਰਮੇਜ ਸਿੰਘ (ਵੇਰਕਾ ਐਸ. ਸੀ.) : ਮੋਹਤਰਿਮ ਚੇਅਰਮੈਨ ਸਾਹਿਬ, ਅੱਜ ਇਸ ਹਾਊਸ ਵਿਚ ਬਾਰਡਰ ਦੇ ਇਲਾਕੇ ਦੇ ਲੋਕਾਂ ਦੀਆਂ ਪਰਾਬਲਮਜ਼ ਡਿਸਕਸ ਕਰਨ ਦੇ ਬਾਰੇ ਵਿਚ ਮਤਾ ਆਇਆ ਹੈ। ਪਿਛਲੇ ਦਿਨਾਂ ਵਿਚ ਪਾਕਿਸਤਾਨ ਨਾਲ ਹੋਈ ਜੰਗ ਨਾਲ ਬਾਰਡਰ ਦੇ ਏਰੀਆ ਵਿਚ ਜੋ ਹਾਲਾਤ ਹੋਏ ਹਨ ਮੈਂ ਕੁਝ ਸ਼ਬਦਾਂ ਵਿਚ ਉਨ੍ਹਾਂ ਤੇ ਚਾਨਣਾ ਪਾਉਣ ਦਾ ਯਤਨ ਕਰਾਂਗਾ। ਮੈਂ ਤੁਹਾਡੀ ਮਾਰਫਤ ਸਰਕਾਰ ਪਾਸ ਕੁਝ ਬੇਨਤੀਆਂ ਕਰਨਾ ਚਾਹੁੰਦਾ ਹਾਂ।

ਪਹਿਲੀ ਅਰਜ਼ ਤਾਂ ਇਹ ਹੈ ਕਿ ਭਾਰਤ ਦੇ ਡਿਫੈਂਸ ਮਨਿਸਟਰ ਨੇ ਤੇ ਭਾਰਤ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਜੋ ਫੌਜੀਆਂ ਦੇ ਬਾਰੇ ਵਿਚ ਕਦਮ ਚੁਕੇ ਹਨ ਉਹ ਸ਼ਲਾਘਾਯੋਗ ਹਨ। ਅਤੇ ਇਨ੍ਹਾਂ ਦੀਆਂ ਸਮਸਿਆਵਾਂ ਬਾਰੇ ਪੂਰਾ ਵਿਚਾਰ ਕਰਕੇ ਇਹ ਫੈਸਲਾ ਦਿਤਾ ਹੈ ਕਿ ਜਿਹੜਾ ਫੌਜੀ ਨਕਾਰਾ ਹੋ ਗਿਆ ਹੋਵੇ ਜਾਂ ਸ਼ਹੀਦ ਹੋ ਗਿਆ ਹੋਵੇ ਉਸ ਦੇ ਪਰਵਾਰ ਨੂੰ ਉਸ ਦੇ ਪੈਨਸ਼ਨ ਪਾਉਣ ਦੀ ਆਯੂ ਤਕ ਪੂਰੀ ਤਨਖਾਹ ਅਤੇ ਸੀਨੀਆਰਟੀ ਦਿਤੀ ਜਾਵੇਗੀ। ਇਹ ਫੈਸਲਾ ਜਿਹੜਾ ਕੀਤਾ ਗਿਆ ਹੈ ਇਸ ਦੀ ਮਿਸਾਲ ਨਾ ਸਿਰਫ ਹਿੰਦੁਸਤਾਨ ਵਿਚ ਸਗੋਂ ਸਾਰੀ ਦੁਨੀਆਂ ਵਿਚ ਕਿਤੇ ਵੀ ਨਹੀਂ ਮਿਲਦੀ। ਇਹ ਪਹਿਲਾ ਵਾਕਿਆ ਹੈ ਕਿ ਕੇਂਦਰ ਦੀ ਸਰਕਾਰ ਨੇ ਠੋਸ ਕਦਮ ਚੁਕੇ ਹਨ। ਮੈਂ ਇਸ ਲਈ ਉਨ੍ਹਾਂ ਨੂੰ ਦਿਲੋਂ ਵਧਾਈ ਦਿੰਦਾ ਹਾਂ।

ਇਸ ਦੇ ਨਾਲ ਹੀ ਮੈਂ ਇਹ ਅਰਜ਼ ਕਰਦਾ ਹਾਂ ਕਿ ਜਿਥੇ ਇਹ ਚੀਜ਼ ਕੀਤੀ ਗਈ ਹੈ ਉਥੇ ਕਈ ਗਲਾਂ ਹੋਰ ਵਿਚਾਰਯੋਗ ਹਨ। ਇਕ ਤਾਂ ਇਹ ਕਿ ਜਿਹੜੇ ਲੋਕ ਬਾਰਡਰ ਏਰੀਆ ਤੋਂ ਉਜੜ ਕੇ ਆਏ ਜਾਂ ਜਿਨ੍ਹਾਂ ਦੇ ਜੀਅ ਮਾਰੇ ਗਏ ਹਨ ਉਨ੍ਹਾਂ ਵਲ ਤਵੱਜੋ ਦਿਤੀ ਜਾਵੇ। ਨਾਲ ਹੀ ਮੈਂ ਅਰਜ਼ ਕਰਦਾ ਹਾਂ ਕਿ ਮੈਂ ਅੱਖਾਂ ਨਾਲ ਵੇਖਿਆ ਹੈ ਕਿ ਗੋਲੇ ਬਰਸ ਰਹੇ ਸਨ ਅਤੇ ਬੰਬਾਰੀ ਹੋ ਰਹੀ ਸੀ, ਦਿਨੇ ਤਾਂ ਲੋਕੀ ਬਾਹਰ ਨਹੀਂ ਸਨ ਨਿਕਲਦੇ ਪਰ ਰਾਤ ਨੂੰ ਪਿੰਡਾਂ ਵਿਚੋਂ ਭੱਜਦੇ ਸਨ। ਕਿਸੇ ਦੇ ਸਿਰ ਤੇ ਰਜਾਈ ਕਿਸੇ ਦੇ ਸਿਰ ਤੇ ਖੇਸ ਅਤੇ ਕਿਸੇ ਦੇ ਸਿਰ ਤੇ ਚਾਦਰ ਹੁੰਦੀ ਸੀ ਅਤੇ ਕਈ ਸਿਰ ਤੇ ਕੁਝ ਵੀ ਨਹੀਂ ਸਨ ਲੈਂਦੇ ਅਤੇ ਮਾਂ ਅੱਡ ਤੇ ਪੁਤ ਅੱਡ ਅਤੇ ਧੀ ਅੱਡ ਹੋ ਜਾਂਦੇ ਸਨ। ਮੈਂ ਬੇਨਤੀ ਕਰਾਂਗਾ ਕਿ ਇਨ੍ਹਾਂ ਦੇ ਹਰ ਵੇਰ ਦੇ ਤੌਖਲੇ ਨੂੰ ਮੁਕਾਣ ਲਈ ਬਾਰਡਰ ਦੇ ਏਰੀਆ ਵਿਚ ਵੱਸਦੇ ਲੋਕਾਂ ਲਈ 5 ਮੀਲ ਦੀ ਹੱਦ ਮੁਕਰੱਰ ਕਰ ਲਓ ਜਾਂ ਦੋ ਮੀਲ ਦੀ ਹੱਦ ਮੁਕਰੱਰ ਕਰ ਲਓ ਅਤੇ ਉਥੇ ਇਨ੍ਹਾਂ ਲਈ ਹੋਮ ਬਣਾ ਦਿੱਤੇ ਜਾਣ ਤਾਂਕਿ ਜਦ ਹਾਲਾਤ ਖਰਾਬ ਹੋਣ ਤਾਂ ਇਹ ਇਨ੍ਹਾਂ ਹੋਮਜ਼ ਵਿਚ ਚਲੇ ਜਾਣ ਅਤੇ ਭਿਖਾਰੀ ਬਣ ਕੇ ਦਰ ਦਰ ਨਾ ਭਟਕਣ ਅਤੇ ਕੈਂਪਾਂ ਵਿਚ ਨਾ ਜਾ ਕੇ ਰਹਿਣ ਸਗੋਂ ਆਪਣੇ ਇਨ੍ਹਾਂ ਘਰਾਂ ਵਿਚ ਜਾ ਕੇ ਆਪਣੀ ਕਮਾਈ ਅਤੇ ਰੋਜ਼ਗਾਰ ਕਰ ਸਕਣ। ਇਹ ਸੈਕੰਡ ਹੋਮ ਦੀ ਤਜਵੀਜ਼ ਤੇ ਸਰਕਾਰ ਨੂੰ ਅਮਲ ਕਰਨਾ ਚਾਹੀਦਾ ਹੈ।

ਮੈਂ ਅਰਜ਼ ਕਰਾਂ ਕਿ ਮੈਂ 1965 ਦੀ ਜੰਗ ਵੀ ਵੇਖੀ ਹੈ ਅਤੇ ਹੁਣ ਦੀ ਲੜਾਈ ਵੀ ਵੇਖੀ ਹੈ। ਮੈਂ ਆਪ ਬਾਰਡਰ ਦੇ ਇਲਾਕੇ ਵਿਚ ਰਹਿਣ ਵਾਲਾ ਹਾਂ ਅਤੇ ਅੰਮ੍ਰਿਤਸਰ ਦੇ ਇਲਾਕੇ ਦਾ ਹਾਂ। ਮੈਂ ਵੇਖਿਆ ਹੈ ਕਿ ਪੰਜਾਬ ਦੀਆਂ ਔਰਤਾਂ ਨੇ ਜ਼ਿਲ੍ਹਾ ਅੰਮ੍ਰਿਤਸਰ ਵਿਚ ਘਰਾਂ ਵਿਚੋਂ ਦੁਧ, ਚਾਹ, ਰੋਟੀ ਆਦਿ ਦਾ ਪ੍ਰਬੰਧ ਕਰਕੇ ਬਾਰਡਰ ਤੇ ਵਸਦੇ ਫੌਜੀਆਂ ਨੂੰ ਪਹੁੰਚਾਇਆ ਅਤੇ ਕਈ ਅਜਿਹੇ ਇਲਾਕੇ ਸਨ ਜਿਨ੍ਹਾਂ ਵਿਚ ਟਰੱਕ ਵੀ ਨਹੀਂ ਸਨ ਜਾਂਦੇ ਅਸਲਾ ਲਿਜਾਣ ਲਈ, ਕਿਉਂਕਿ ਬੰਬਾਰੀ ਹੋ ਰਹੀ ਹੁੰਦੀ ਸੀ ਤਾਂ ਪੰਜਾਬ ਦੇ ਨੌਜਵਾਨਾਂ ਨੇ ਆਪਣੇ ਸਿਰਾਂ ਤੇ ਪੇਟੀਆਂ ਅਸਲੇ ਦੀਆਂ ਚੁਕ ਕੇ ਫੌਜੀਆਂ ਨੂੰ ਪਹੁੰਚਾਈਆਂ ਬਾਰਡਰ ਦੇ ਏਰੀਆਂ ਦੀ ਹਿਫ਼ਾਜ਼ਤ ਲਈ ਅਤੇ ਸਾਰੇ ਦੇਸ਼ ਦੀ ਹਿਫਾਜਤ ਲਈ, ਇਸ ਤੋਂ ਵੱਧ ਪੰਜਾਬ

ਦੇ ਨੌਜਵਾਨਾਂ ਦੀ ਕੀ ਬਹਾਦਰੀ ਹੋ ਸਕਦੀ ਹੈ। ਬਾਰਡਰ ਤੇ ਵੱਸਦੇ ਲੋਕਾਂ ਨੇ ਪੰਜਾਬ ਦੀ ਸ਼ਾਨ ਨੂੰ ਅਤੇ ਦੇਸ਼ ਦੀ ਸ਼ਾਨ ਨੂੰ ਉੱਚਾ ਕੀਤਾ ਹੈ ਅਤੇ ਹੌਸਲੇ ਕਾਇਮ ਰਖੇ। ਇਸ ਲਈ ਮੈਂ ਇਹ ਸੁਝਾਵ ਦਿਆਂਗਾ ਕਿ ਬਾਰਡਰ ਦੇ ਨਾਲ ਦੀ ਦਸ ਮੀਲ ਦੀ ਪੱਟੀ ਰਖ ਲਓ ਜਾਂ 5 ਮੀਲ ਦੀ ਪੱਟੀ ਰਖ ਲਓ ਉਸ ਨੂੰ ਵਾਰ ਏਰੀਆ ਡਿਕਲੇਅਰ ਕਰ ਦਿਓ ਅਤੇ ਇਸ ਤਰ੍ਹਾਂ ਕਰਕੇ ਉਨ੍ਹਾਂ ਨੂੰ ਸਪੈਸ਼ਲ ਬੀਜ, ਖਾਦ, ਪਾਣੀ ਅਤੇ ਬਿਜਲੀ ਦੀਆਂ ਸਹੂਲਤਾਂ ਦਿਤੀਆਂ ਜਾਣ ਤਾਂਕਿ ਜਿਹੜਾ ਬਾਰਡਰ ਦਾ ਇਲਾਕਾ ਉੱਜੜ ਗਿਆ ਉਸ ਨੂੰ ਵਸਾਇਆ ਜਾ ਸਕੇ। ਕਿਉਂਕਿ ਵਰ੍ਹਦੇ ਬੰਬਾਂ ਵਿਚ ਖੇਤੀ ਦਾ ਕਾਫੀ ਨੁਕਸਾਨ ਹੋਇਆ, ਖੇਤੀ ਕੀਤੀ ਹੀ ਨਹੀਂ ਜਾ ਸਕੀ, ਜ਼ਮੀਨ ਤੇ ਕਾਸ਼ਤ ਨਹੀਂ ਕੀਤੀ ਗਈ।

ਇਸ ਦੇ ਨਾਲ ਹੀ ਇਕ ਹੋਰ ਸਮਸਿਆ ਵੀ ਹੈ ਕਿ ਖੇਤੀ ਦੀ ਕਾਸ਼ਤ ਜਿਥੇ ਨਹੀਂ ਕੀਤੀ ਗਈ ਸਰਕਾਰ ਨੇ ਜ਼ਿਮੀਂਦਾਰ ਨੂੰ ਮੁਆਵਜ਼ਾ ਦਿਤਾ ਹੈ। ਪਰ ਜਿਸ ਲੇਬਰ ਦਾ ਨਿਰਭਰ ਖੇਤੀ ਤੇ ਸੀ ਜ਼ਮੀਨ ਤੇ ਲੇਬਰ ਕੰਮ ਕਰਦੀ ਸੀ ਉਸ ਦੇ ਉਜੜ ਜਾਣ ਤੇ ਕੋਈ ਮੁਆਵਜ਼ਾ ਨਹੀਂ ਦਿਤਾ ਗਿਆ। ਇਸ ਲਈ ਮੈਂ ਸਰਕਾਰ ਪਾਸ ਕਹਾਂਗਾ ਕਿ ਪਿੰਡਾਂ ਵਿਚ ਵਸਣ ਵਾਲੇ ਹਰੀਜਨਾਂ ਨੂੰ ਅਤੇ ਗਰੀਬ ਮਜ਼ਦੂਰ ਨੂੰ ਦੁਕਾਨਦਾਰ ਨੂੰ ਜਾਂ ਕੋਈ ਹੋਰ ਕਿੱਤਾ ਕਰਨ ਵਾਲੇ ਨੂੰ ਵੀ ਮੁਆਵਜ਼ਾ ਦਿਤਾ ਜਾਣਾ ਚਾਹੀਦਾ ਹੈ ਕਿਉਂਕਿ ਕਾਸ਼ਤ ਨਾ ਹੋਣ ਕਾਰਨ ਨਿਰਾ ਜ਼ਿਮੀਂਦਾਰ ਦਾ ਹੀ ਨੁਕਸਾਨ ਨਹੀਂ ਹੋਇਆ, ਬਾਕੀਆਂ ਦਾ ਵੀ ਹੋਇਆ ਹੈ, ਲੇਬਰ ਦਾ ਵੀ ਹੋਇਆ ਹੈ, ਉਨ੍ਹਾਂ ਨੂੰ ਇਵਜ਼ਾਨਾ ਦੇਣਾ ਚਾਹੀਦਾ ਹੈ ਤਾਂਕਿ ਬਾਰਡਰ ਦੇ ਲੋਕ ਪਿੰਡਾਂ ਵਿਚ ਵਸਦੇ ਰਹਿਣ ਅਤੇ ਨੌਜਵਾਨਾਂ ਦੇ ਹੌਸਲੇ ਬੁਲੰਦ ਰਹਿਣ।

ਫਿਰ ਇਸ ਪੱਖ ਵੱਲ ਵੀ ਧਿਆਨ ਦੇਣ ਦੀ ਲੋੜ ਹੈ ਕਿ ਬਾਰਡਰ ਦੇ ਇਲਾਕੇ ਵਿਚ ਵਸਦੇ ਹਰੀਜਨ ਅਤੇ ਖੇਤੀ ਤੇ ਨਿਰਭਰ ਕਰਨ ਵਾਲੇ ਮਜ਼ਦੂਰ ਨੂੰ ਕੋਈ ਰੁਜ਼ਗਾਰ ਮੁਹਈਆ ਨਹੀਂ ਕੀਤਾ ਗਿਆ। ਜੇਕਰ ਇਨ੍ਹਾਂ ਨੂੰ ਕੋਈ ਸਾਧਨ ਜੀਵਕਾ ਦਾ ਨਹੀਂ ਦਿਤਾ ਗਿਆ ਤਾਂ ਇਹ ਸ਼ਹਿਰਾਂ ਨੂੰ ਰੋਜ਼ੀ ਦੀ ਭਾਲ ਵਿਚ ਚਲੇ ਜਾਣਗੇ ਅਤੇ ਇਨ੍ਹਾਂ ਦੇ ਪਿਛੇ ਖੇਤੀ ਨੂੰ ਨੁਕਸਾਨ ਹੋਵੇਗਾ। ਇਸ ਲਈ ਇਹ ਜ਼ਰੂਰੀ ਹੈ ਕਿ ਬਾਰਡਰ ਤੇ ਵਸਣ ਵਾਲੇ ਲੋਕਾਂ ਨੂੰ ਇੰਡਸਟਰੀ ਲਗਾ ਕੇ ਜਾਂ ਹੋਰ ਕਿਸੇ ਤਰ੍ਹਾਂ ਰੁਜ਼ਗਾਰ ਮੁਹਈਆ ਕਰਨਾ ਚਾਹੀਦਾ ਹੈ ਤਾਂਕਿ ਉਨ੍ਹਾਂ ਨੂੰ ਰੋਟੀ, ਰਿਹਾਇਸ਼ ਅਤੇ ਰਹਿਣ ਸਹਿਣ ਦੀਆਂ ਸਹੂਲਤਾਂ ਮਿਲ ਸਕਣ ਅਤੇ ਸਾਰਿਆਂ ਦਾ ਉਨ੍ਹਾਂ ਨੂੰ ਸਤਿਕਾਰ ਅਤੇ ਸਹਿਯੋਗ ਮਿਲ ਸਕੇ। (ਘੰਟੀ)

ਮੈਂ ਇਕ ਦੋ ਮਿੰਟ ਵਿਚ ਹੀ ਖਤਮ ਕਰਨ ਵਾਲਾ ਹਾਂ। ਮੈਂ ਆਪ ਦੀ ਸੇਵਾ ਵਿਚ ਅਰਜ਼ ਕਰ ਰਿਹਾ ਹਾਂ ਕਿ ਇਥੇ ਹੀ ਬਸ ਨਹੀਂ, ਕਿ ਪਿੰਡਾਂ ਵਿਚ ਹੀ ਨੁਕਸਾਨ ਹੋਇਆ ਹੈ ਸ਼ਹਿਰਾਂ ਵਿਚ ਵੀ ਨੁਕਸਾਨ ਹੋਇਆ ਹੈ, ਅਤੇ ਖਾਸ ਤੌਰ ਤੇ ਇੰਡਸਟਰੀ ਨੂੰ ਬਹੁਤ ਨੁਕਸਾਨ ਹੋਇਆ ਹੈ। ਅੰਮ੍ਰਿਤਸਰ ਦੀ ਇੰਡਸਟਰੀ ਦਾ ਹਾਲ ਤੁਸੀਂ ਜਾਣਦੇ ਹੋ। ਜਹਾਜ਼ ਬੰਬਾਰੀ ਕਰਦੇ ਸਨ ਦਿਨ ਨੂੰ ਤਾਂ ਪਾਕਿਸਤਾਨ ਵਾਲੇ ਬੰਬਾਰੀ ਕਰਨ ਦੀ ਜੁਰੱਤ ਨਹੀਂ ਸਨ ਰਖਦੇ ਪਰ ਰਾਤ ਨੂੰ ਬੰਬ ਸੁਟੀ ਜਾਂਦੇ ਸਨ। ਫਿਰ ਵੀ ਲੋਕਾਂ ਦਾ ਹੌਸਲਾ ਪਸਤ ਨਹੀਂ ਹੋਇਆ। ਲੋਕ ਰਾਤ ਨੂੰ ਜਾਗ ਕੇ ਪਹਿਰਾ ਦਿੰਦੇ ਸਨ। ਕਾਰਖਾਨੇ ਕੰਮ ਨਹੀਂ ਸਨ ਕਰ ਸਕਦੇ ਇਸ ਲਈ ਲੇਬਰ ਵਿਹਲੀ ਰਹੀ।

ਮੈਂ ਇਹ ਅਰਜ਼ ਕਰਾਂਗਾ ਕਿ ਸਮਾਲ ਸਕੇਲ ਇੰਡਸਟਰੀ ਬਾਰੇ ਲਾਉਣ ਦਾ ਸਰਕਾਰ ਦਾ ਫਰਜ਼ ਬਣਦਾ ਹੈ। ਮੈਂ ਆਪਦੇ ਰਾਹੀਂ ਸਰਕਾਰ ਨੂੰ ਅਰਜ਼ ਕਰਾਂਗਾ ਕਿ ਜਿਨ੍ਹਾਂ ਲੋਕਾਂ ਦਾ ਸਮਾਲ ਸਕੇਲ ਇੰਡਸਟਰੀ ਦਾ ਇਨ੍ਹਾਂ ਲੜਾਈ ਦੇ ਦਿਨਾਂ ਵਿਚ ਨੁਕਸਾਨ ਹੋਇਆ ਹੈ, ਉਸ ਲੇਬਰ ਨੂੰ ਜਿਨ੍ਹਾਂ ਨੂੰ ਆਪਣਾ ਘਰ ਘਾਟ ਛੱਡ ਕੇ ਜਾਣਾ ਪਿਆ, ਸਰਕਾਰ ਇਮਦਾਦ ਦੇਵੇ। ਨਾ ਉਨ੍ਹਾਂ ਦੀ ਕੋਈ ਜ਼ਮੀਨ ਹੈ, ਨਾ ਘਰ

[ਸਰਦਾਰ ਗੁਰਮੇਜ ਸਿੰਘ]

ਘਾਟ ਹੈ, ਇਨ੍ਹਾਂ ਸਾਰਿਆਂ ਦੀ ਇਮਦਾਦ ਹੋਣੀ ਚਾਹੀਦੀ ਹੈ । ਉਨ੍ਹਾਂ ਦੀਆਂ ਤਕਲੀਫਾਂ ਗਵਰਨਮੈਂਟ ਨੂੰ ਆਪਣੇ ਧਿਆਨ ਵਿਚ ਰਖਣੀਆਂ ਚਾਹੀਦੀਆਂ ਹਨ । ਇਕ ਗੱਲ ਹੋਰ ਜਿਹੜੀ ਮੈਂ ਆਖਰੀ ਕਹਿਣ ਵਾਲੀ ਸਮਝਦਾ ਹਾਂ ਉਹ ਇਹ ਕਿ ਬਾਰਡਰ ਏਰੀਆ ਦੇ ਲੋਕਾਂ ਨਾਲ ਖਾਸ ਹਮਦਰਦੀ ਸਰਕਾਰ ਨੂੰ ਰਖਣੀ ਚਾਹੀਦੀ ਹੈ ਅਤੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕਰਨੀ ਚਾਹੀਦੀ ਹੈ । ਉਨ੍ਹਾਂ ਨੂੰ ਸਪੈਸ਼ਲ ਫੈਸਿਲਿਟੀਜ਼ ਦੇ ਕੇ ਉਨ੍ਹਾਂ ਨੂੰ ਪੂਰੇ ਰਾਈਟਸ ਦੇਣੇ ਚਾਹੀਦੇ ਹਨ । ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਦਾ ਧੰਨਵਾਦ ਕਰਦਾ ਹੋਇਆ ਆਪਣੀ ਸੀਟ ਲੈਂਦਾ ਹਾਂ ।

ਸਰਦਾਰ ਪ੍ਰਿਥੀਪਾਲ ਸਿੰਘ (ਅੰਮ੍ਰਿਤਸਰ-ਦੱਖਣ) : ਮਾਨਯੋਗ ਚੇਅਰਮੈਨ ਸਾਹਿਬ, ਕਿਸੇ ਨੇ ਕਿਹਾ ਹੈ ਕਿ :

ਅਸੀਂ ਬੈਠੇ ਹਾਂ ਮੌਤ ਦੇ ਮੂੰਹ ਅੰਦਰ, ਕੋਈ ਗੁਫਾ ਹਿਮਾਲਾ ਦੀ ਤੱਕਣੀ ਨਹੀਂ,
ਉਂਗਲ ਕਰੇਗਾ ਦਿੱਲੀ ਨੂੰ ਫੇਰ ਜਿਹੜਾ, ਉਹਦੀ ਲਾਸ਼ ਵੀ ਕਿਸੇ ਨੇ ਚੱਕਣੀ ਨਹੀਂ ।

ਚੇਅਰਮੈਨ ਸਾਹਿਬ, ਲੜਾਈ ਦੇ ਦਿਨਾਂ ਵਿਚ ਅੰਮ੍ਰਿਤਸਰ ਤੇ ਦੂਸਰੇ ਸਰਹੱਦੀ ਇਲਾਕਿਆਂ ਵਿਚ ਲੋਕਾਂ ਨੇ ਜਿਸ ਬਹਾਦਰੀ ਨਾਲ ਦੇਸ਼ ਭਗਤੀ ਦਾ ਸਬੂਤ ਦਿੱਤਾ ਹੈ, ਇਸ ਨੂੰ ਸਾਰੀ ਦੁਨੀਆਂ ਮੰਨਦੀ ਹੈ । ਇਨ੍ਹਾਂ ਦਿਨਾਂ ਵਿਚ ਕਾਰੋਬਾਰ ਦਾ ਨੁਕਸਾਨ, ਖੇਤ ਮਜ਼ਦੂਰ ਦਾ ਨੁਕਸਾਨ ਅਤੇ ਇੰਡਸਟਰੀ ਦਾ ਬਹੁਤ ਹੀ ਨੁਕਸਾਨ ਹੋਇਆ । ਇਹ ਠੀਕ ਹੈ ਕਿ ਗੌਰਮਿੰਟ ਨੇ ਸਰਹੱਦੀ ਲੋਕਾਂ ਦੀ ਇਮਦਾਦ ਵਾਸਤੇ ਬਹੁਤ ਕੁਝ ਕੀਤਾ ਹੈ, ਪਰ ਹਾਲੇ ਵੀ ਹੋਰ ਬਹੁਤ ਕੁਝ ਕਰਨ ਦੀ ਲੋੜ ਹੈ । ਪਹਿਲੇ ਕਾਫੀ ਅਰਸੇ ਤੋਂ ਸਰਹੱਦੀ ਜੰਗ ਚਲਦੀ ਰਹੀ ਹੈ, ਹੁਣ ਫੇਰ ਲੜਾਈ ਹੋਈ ਹੈ. ਇਸ ਤਰ੍ਹਾਂ ਸਾਰੇ ਦਾ ਸਾਰਾ ਕਾਰੋਬਾਰ ਠੱਪ ਹੋ ਗਿਆ ਹੈ, ਲੇਬਰ ਬੇਕਾਰ ਹੋ ਗਈ ਹੈ । ਇਹ ਠੀਕ ਹੈ ਕਿ ਕਰਜ਼ੇ ਮਿਲੇ ਹਨ ਪਰ ਉਹ ਬਹੁਤ ਹੀ ਥੋੜ੍ਹੇ ਹਨ । ਅਸੀਂ ਇਹ ਵੀ ਚਾਹੁੰਦੇ ਹਾਂ ਕਿ ਜਿਹੜੇ ਵੀ ਕਰਜ਼ੇ ਦਿੱਤੇ ਜਾਣ ਉਹ ਬਹੁਤ ਹੀ ਥੋੜ੍ਹੇ ਸੂਦ ਤੇ ਦਿੱਤੇ ਜਾਣ, ਅਤੇ ਜਿਹੜੇ ਪਹਿਲੇ ਕਰਜ਼ੇ ਦਿੱਤੇ ਹੋਏ ਹਨ, ਜਿਨ੍ਹਾਂ ਦੀ ਮਿਆਦ ਹੁਣ ਖਤਮ ਹੋ ਚੁਕੀ ਹੈ, ਉਨ੍ਹਾਂ ਦੀ ਮਿਆਦ ਵੀ ਸਰਕਾਰ ਨੂੰ ਵਧਾ ਦੇਣੀ ਚਾਹੀਦੀ ਹੈ । ਕਰਜ਼ਿਆਂ ਦਾ ਸੂਦ ਪਹਿਲਾਂ 7% ਹੁੰਦਾ ਸੀ ਪਰ ਹੁਣ ਇਹ 3% ਹੋਰ ਵਧਾ ਕੇ 10% ਕਰ ਦਿੱਤਾ ਗਿਆ ਹੈ । ਅਸੀਂ ਸਮਝਦੇ ਹਾਂ ਕਿ ਇਹ ਇਕ ਤਰ੍ਹਾਂ ਦੀ ਸਰਹਦੀ ਇਲਾਕੇ ਨਾਲ ਜ਼ਿਆਦਤੀ ਹੈ । ਅਸੀਂ ਚਾਹੁੰਦੇ ਹਾਂ ਕਿ ਇਹ 3% ਦਾ ਵਾਧਾ ਘਟਾਇਆ ਜਾਵੇ । ਜਿਨ੍ਹਾਂ ਨੇ ਅਜੇ ਤਕ ਪਿਛਲੇ ਕਰਜ਼ੇ ਨਹੀਂ ਮੋੜੇ ਉਨ੍ਹਾਂ ਦੀ ਮਿਆਦ ਵਧਾਈ ਜਾਣੀ ਚਾਹੀਦੀ ਹੈ ।

ਇੰਜਨੀਅਰਿੰਗ ਅਤੇ ਟੈਕਸਟਾਇਲ ਇਡਸਟਰੀ ਨੂੰ ਲੋਹਾ ਅਤੇ ਫਾਰਨ ਦਾ ਕਚਾ ਮਾਲ ਨਾ ਮਿਲਣ ਕਰਕੇ ਬਹੁਤ ਨੁਕਸਾਨ ਹੋਇਆ ਹੈ । ਸਰਕਾਰ ਨੂੰ ਇਹਦਾ ਛੇਤੀ ਤੋਂ ਛੇਤੀ ਇੰਤਜ਼ਾਮ ਕਰਨਾ ਚਾਹੀਦਾ ਹੈ । ਜਿਸ ਵੇਲੇ ਵੀ ਕਚੇ ਮਾਲ ਦੀਆਂ ਵੈਗਨਾਂ ਆਉਂਦੀਆਂ ਹਨ ਤਾਂ ਉਨ੍ਹਾਂ ਦੀ ਅਲਾਟਮੈਂਟ ਵੇਲੇ ਸਰਹਦੀ ਇਲਾਕਿਆਂ ਨੂੰ ਪਹਿਲ ਦਿੱਤੀ ਜਾਵੇ । ਇਸ ਦੇ ਨਾਲ ਹੀ ਮੈਂ ਕਹਾਂਗਾ ਕਿ ਸਨਅਤੀ ਮਜ਼ਦੂਰਾਂ ਨੂੰ ਗਰਾਂਟ ਮਿਲਣੀ ਚਾਹੀਦੀ ਹੈ । ਵਾਰ ਰਿਸਕ ਇੰਸ਼ੋਰੈਂਸ ਦਾ ਪ੍ਰੀਮੀਅਮ ਨਾਮ ਮਾਤਰ ਦਾ ਹੋਣਾ ਚਾਹੀਦਾ ਹੈ । ਬਾਰਡਰ ਦੇ ਇਲਾਕਿਆਂ ਦੀ ਸਨਅਤ ਨੂੰ ਬਚਾਉਣ ਲਈ ਸੇਲਜ਼ ਟੈਕਸ ਅਤੇ ਬਿਜਲੀ ਦੇ ਰੇਟ ਘਟ ਹੋਣੇ ਚਾਹੀਦੇ ਹਨ ਤਾਕਿ ਇੰਡਸਟਰੀ ਆਪਣੇ ਪੈਰਾਂ ਤੇ ਖੜੀ ਹੋਕੇ ਤਰੱਕੀ ਕਰ ਸਕੇ । ਬਾਰਡਰ ਦੇ ਸਰਕਾਰੀ ਮੁਲਾਜ਼ਮਾਂ ਨੂੰ ਜ਼ਿਆਦਾ ਅਲਾਉਂਸ ਮਿਲਣਾ ਚਾਹੀਦਾ ਹੈ । ਗਵਰਨਮੈਂਟ ਨੂੰ ਚਾਹੀਦਾ ਹੈ ਕਿ

ਬਾਰਡਰ ਦੇ ਹਲਕਿਆਂ ਵਾਸਤੇ ਗਵਰਨਮੈਂਟ ਬਾਰਡਰ ਬਣਾਏ । ਬਾਰਡਰ ਡਿਸਟ੍ਰਿਕਟ ਇੰਡਸਟਰੀਜ਼ ਲਈ ਡਿਪਟੀ ਡਾਇਰੈਕਟਰ ਦਾ ਦਫਤਰ ਅੰਮ੍ਰਿਤਸਰ ਰਖਿਆ ਜਾਵੇ । ਭਾਰਤ ਸਰਕਾਰ ਨੂੰ ਇਹ ਕਿਹਾ ਜਾਵੇ ਕਿ ਅੰਮ੍ਰਿਤਸਰ ਟੈਕਸਟਾਈਲ ਇੰਡਸਟਰੀਜ਼ ਦੇ ਮੁਆਮਲਿਆਂ ਦਾ ਜਲਦੀ ਫੈਸਲਾ ਕੀਤਾ ਜਾਵੇ । ਇਹ ਵੀ ਖਿਆਲ ਰਖਿਆ ਜਾਵੇ ਕਿ ਕੋਈ ਕਾਰਖਾਨਾ ਕੱਚਾ ਮਾਲ ਨਾ ਮਿਲਣ ਕਰਕੇ ਬੰਦ ਨਾ ਹੋਵੇ । ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਦਾ ਧੰਨਵਾਦ ਕਰਦਾ ਹਾਂ ਜੋ ਤੁਸੀਂ ਮੈਨੂੰ ਬੋਲਣ ਲਈ ਵਕਤ ਦਿੱਤਾ ਹੈ ।

ਸਰਦਾਰ ਹਰਚਰਨ ਸਿੰਘ (ਅਜਨਾਲਾ) : ਚੇਅਰਮੈਨ ਸਾਹਿਬ, ਕਾਲਜ ਦੀ ਪੜ੍ਹਾਈ ਦੇ ਦਿਨਾਂ ਵਿਚ ਮੈਂ ਇਕ ਸ਼ੇਅਰ ਪੜ੍ਹਿਆ ਕਰਦਾ ਸਾਂ ਪਰ ਉਹਦਾ ਮਤਲਬ ਮੈਨੂੰ ਸਮਝ ਨਹੀਂ ਸੀ ਆਉਂਦਾ । ਉਹ ਇਹ ਸੀ ਕਿ :

ਕਿਸਮਤ ਨੇ ਕੀਆ ਇਕਸਾਮੇ ਅਜ਼ਲ ਕੋ
ਜੋ ਸ਼ਖਸ ਜਿਸ ਚੀਜ਼ ਕੇ ਕਾਬਲ ਨਜ਼ਰ ਆਇਆ,
ਬੁਲਬੁਲ ਕੋ ਦੀਆ ਨਾਲਾ ਤੋ ਪ੍ਰਵਾਨੇ ਕੋ ਜਲਨਾ
ਗਮ ਹਮ ਕੋ ਦੀਆ ਜੋ ਸਬ ਸੇ ਮੁਸ਼ਕਲ ਨਜ਼ਰ ਆਇਆ ।

ਪਰ ਬਾਰਡਰ ਦੇ ਇਲਾਕੇ ਦਾ ਰਿਪਰੈਜ਼ੈਂਟੇਟਿਵ ਹੋਣ ਕਰਕੇ ਮੈਂ ਅੱਜ ਮਹਿਸੂਸ ਕਰਦਾ ਹਾਂ ਕਿ ਇਸ ਸ਼ੇਅਰ ਦਾ ਮਤਲਬ ਕੀ ਸੀ । 1971 ਦੀ ਜੰਗ ਵਿਚ ਜੋ ਦਸ਼ਾ ਮੇਰੇ ਅਜਨਾਲੇ ਦੇ ਹਲਕੇ ਦੀ ਗੁਜ਼ਰੀ ਹੈ ਇਸ ਤੋਂ ਮੈ ਹੈਰਾਨ ਹਾਂ ਕਿ ਮੇਰੇ ਹਲਕੇ ਦੀ ਇਕ ਖਾਸ ਕੈਫੀਅਤ ਹੈ । ਇਸ ਹਲਕੇ ਦਾ ਕਮ-ਅਜ਼-ਕਮ 20-20 ਮੀਲ ਦਾ ਏਰੀਆ ਇੰਟਰਨੈਸ਼ਨਲ ਬਾਰਡਰ ਦੇ ਨਾਲ ਲਗਦਾ ਹੈ । ਧੁਸੀ ਬੰਦ ਬਣਨ ਨਾਲ ਦਸੂਹਾ ਔਰ ਸਕੀ ਨਾਲੇ ਦੇ ਦਰਮਿਆਨ ਇਕ ਐਸੀ ਬੈਲਟ ਹੈ ਜਿਹੜੀ ਲਗਾਤਾਰ ਇੰਟਰਨੈਸ਼ਨਲ ਬਾਰਡਰ ਦੇ ਨਾਲ ਲਗਦੀ ਜਾਂਦੀ ਹੈ । ਮੌਜੂਦਾ ਜੰਗ ਨੇ ਇਸ ਇਲਾਕੇ ਦਾ ਬਹੁਤ ਹੀ ਬੁਰਾ ਹਾਲ ਕੀਤਾ । ਜਿਸ ਵੇਲੇ ਤੋਪਾਂ ਚਲਦੀਆਂ ਸਨ, ਇਸ ਇਲਾਕੇ ਵਿਚ ਜਹਾਜ਼ਾਂ ਨਾਲ ਬੰਬਾਰੀ ਹੁੰਦੀ ਸੀ । ਲੋਕ ਆਪਣੇ ਘਰ ਘਾਟ ਛੱਡ ਗਏ ਅਤੇ ਪਿੰਡਾਂ ਦੇ ਪਿੰਡ ਖਾਲੀ ਹੋ ਗਏ । ਡਿਫੈਂਸ ਪੁਆਇੰਟ ਆਫ਼ ਵਿਊ ਨੂੰ ਮਦੇ ਨਜ਼ਰ ਰਖਦੇ ਹੋਏ ਸਾਡੀਆਂ ਫੌਜਾਂ ਨੇ ਸਕੀ ਨਾਲੇ ਦੇ ਨਾਲ ਆਪਣੀ ਪੁਜ਼ੀਸ਼ਨ ਕਾਇਮ ਕਰ ਲਈ ਸੀ ਤਾਂ ਜੋ ਦੁਸ਼ਮਣ ਸਕੀ ਨਾਲਾ ਪਾਰ ਕਰਕੇ ਨਾ ਆ ਸਕੇ । ਉਸ ਵਕਤ ਦੇ ਹਾਲਾਤ ਵੱਲ ਜਦੋਂ ਮੇਰਾ ਧਿਆਨ ਜਾਂਦਾ ਹੈ ਤਾਂ ਰੌਂਗਟੇ ਖੜੇ ਹੋ ਜਾਂਦੇ ਹਨ । ਇਥੋਂ ਤੱਕ ਕਈ ਜ਼ਚਾ ਔਰਤਾਂ ਦੇ ਸਕੀ ਨਾਲਾ ਪਾਰ ਕਰਨ ਲਗਿਆਂ ਬੱਚੇ ਤੱਕ ਹੋਏ । ਇਹ ਕੋਈ ਐਵੇਂ ਦੀਆਂ ਗੱਲਾਂ ਨਹੀਂ ਇਹ ਗੱਲਾਂ ਹੁਣ ਤੱਕ ਰੀਕਾਰਡ ਦੇ ਵਿਚ ਮੌਜੂਦ ਹਨ । ਕਈਆਂ ਦੀ ਤਾਂ ਮੌਕੇ ਤੇ ਹੀ ਮੌਤ ਹੋਈ ਅਤੇ ਕਈਆਂ ਦਾ ਜਾਨੀ ਅਤੇ ਮਾਲੀ ਨੁਕਸਾਨ ਹੋਇਆ । ਮੈਂ ਸਮਝਦਾ ਹਾਂ ਕਿ ਬਾਰਡਰ ਦੀ ਪ੍ਰਾਬਲਮ ਐਡੀ ਕੋਈ ਛੋਟੀ ਜਿਹੀ ਪ੍ਰਾਬਲਮ ਨਹੀਂ ਕਿ ਏਥੇ ਥੋੜ੍ਹੀ ਜਿਹੀ ਡਿਸਕਸ਼ਨ ਤੋਂ ਬਾਅਦ ਸਮਝ ਵਿਚ ਆਵੇ ਕਿ ਬਾਰਡਰ ਦੇ ਇਲਾਕੇ ਲਈ ਸਾਡੇ ਕੀ ਫਰਜ਼ ਹਨ । ਮੈਂ ਕਹਿੰਦਾ ਹਾਂ ਕਿ ਸਾਰੇ ਦੇਸ਼ ਨੂੰ ਬਾਰਡਰ ਦੇ ਲੋਕਾਂ ਤੇ ਮਾਣ ਕਰਨਾ ਚਾਹੀਦਾ ਹੈ ਕਿ ਇਤਨੀਆਂ ਤਕਲੀਫਾਂ ਦੇ ਵਿਚ ਰਹਿੰਦੇ ਹੋਏ ਵੀ ਅੱਜ ਬਾਰਡਰ ਦੇ ਇਲਾਕੇ ਦੀ ਇਕ ਇਕ ਜ਼ਮੀਨ ਕਾਸ਼ਤ ਹੁੰਦੀ ਹੈ ਅਤੇ ਨਾਲੋਂ ਨਾਲ ਉਹ ਜੰਗੀ ਮੁਕਾਬਲੇ ਲਈ ਹਰ ਵਕਤ ਤਿਆਰ ਬਰਤਿਆਰ ਰਹਿੰਦੇ ਹਨ । ਇਸ ਇਲਾਕੇ ਦੇ ਲੋਕਾਂ ਨੂੰ ਖਾਸ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ, ਪਰ ਇਹ ਨਹੀਂ ਮਿਲ ਰਹੀਆਂ । ਜਿਤਨੀਆਂ ਪਿੱਛੇ ਸਰਕਾਰਾਂ ਆਈਆਂ ਹਨ ਉਨ੍ਹਾਂ ਨੂੰ ਹਮੇਸ਼ਾ ਉਨ੍ਹਾਂ ਇਲਾਕਿਆਂ ਦਾ ਖਿਆਲ ਰਿਹਾ ਹੈ ਜਿਹੜੇ ਸਰਹਦਾਂ ਤੋਂ ਦੂਰ ਰਹਿ ਰਹੇ ਹਨ । ਮੇਰਾ ਕਿਉਂਕਿ ਇਹ ਇਲਾਕੇ ਦੇ ਇਕ ਇਕ ਪਿੰਡ ਨਾਲ ਵਾਹ ਪਿਆ ਹੈ, ਇਸ ਲਈ, ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ

[ਸਰਦਾਰ ਹਰਚਰਨ ਸਿੰਘ]

ਉਸ ਇਲਾਕੇ ਦੀਆਂ ਤਕਲੀਫਾਂ ਗਵਰਨਮੈਂਟ ਦੇ ਨੋਟਿਸ ਵਿਚ ਲਿਆਉਣੀਆਂ ਜ਼ਰੂਰੀ ਸਮਝਦਾ ਹਾਂ। ਸਕੀ ਨਾਲੇ ਤੇ ਥੋੜ੍ਹੇ ਥੋੜ੍ਹੇ ਫਾਸਲੇ ਤੇ ਪੁਲ ਬਣਨੇ ਚਾਹੀਦੇ ਹਨ ਤਾਂ ਜੋ ਲੋਕਾਂ ਨੂੰ ਬਰਸਾਤ ਦੇ ਦਿਨਾਂ ਵਿਚ ਖਾਸ ਤੌਰ ਤੇ ਜਾਣ ਆਉਣ ਦੀ ਤਕਲੀਫ ਹੈ, ਉਹ ਦੂਰ ਹੋ ਜਾਵੇ। ਚੇਅਰਮੈਨ ਸਾਹਿਬ, ਮੇਰੇ ਹਲਕੇ ਵਿਚ ਕਈ ਐਸੇ ਸਕੂਲ ਵੇਖੇ ਹਨ ਜਿਨ੍ਹਾਂ ਵਿਚ 4-4 ਮਹੀਨੇ ਤੋਂ ਕੋਈ ਟੀਚਰ ਹੀ ਨਹੀਂ ਹੈ। ਜਿਹੜੇ ਟੀਚਰ ਟੈਂਪਰੇਰੀ ਬੇਸਿਜ਼ ਤੇ ਲਾਏ ਜਾਂਦੇ ਹਨ ਉਹ ਇਥੇ ਰਹਿਣਾ ਹੀ ਮੁਨਾਸਬ ਨਹੀਂ ਸਮਝਦੇ। ਐਜੂਕੇਸ਼ਨ ਮਨਿਸਟਰ ਸਾਹਿਬ ਤਸ਼ਰੀਫ ਰਖਦੇ ਹਨ ਮੈਂ ਆਪਦੇ ਰਾਹੀਂ ਉਨ੍ਹਾਂ ਦੀ ਖਿਦਮਤ ਵਿਚ ਅਰਜ਼ ਕਰਾਂਗਾ ਕਿ ਜਿਤਨਾ ਚਿਰ ਇਨ੍ਹਾਂ ਇਲਾਕਿਆਂ ਵਿਚ ਪਰਮਾਨੈਂਟ ਬੇਸਿਜ਼ ਤੇ ਟੀਚਰ ਨਹੀਂ ਲਗਾਏ ਜਾਂਦੇ ਉਤਨਾ ਚਿਰ ਇਹ ਸਕੂਲ ਖਾਲੀ ਹੀ ਰਹਿਣਗੇ ਅਤੇ ਜਿਥੇ ਲਗਣਗੇ ਵੀ ਉਥੇ ਬਾਰਡਰ ਦੇ ਇਲਾਕੇ ਦੇ ਬੱਚਿਆਂ ਦੀ ਐਜੂਕੇਸ਼ਨ ਦਾ ਸਤਰ ਉੱਚਾ ਨਹੀਂ ਹੋ ਸਕਦਾ। ਜਿਸ ਵੇਲੇ ਲੜਾਈ ਐਕਚੂਅਲੀ ਬੰਦ ਹੋ ਗਈ ਉਸ ਦੇ ਕੁਝ ਦਿਨਾਂ ਬਾਅਦ ਜਦੋਂ ਲੋਕ ਆਪਣੀਆਂ ਉਨ੍ਹਾਂ ਜ਼ਮੀਨਾਂ ਵਿਚ ਕਾਸ਼ਤ ਕਰਨ ਲਈ ਗਏ ਜਿਹੜੀਆਂ ਪਾਕਿਸਤਾਨੀ ਪਿੰਡਾਂ ਦੀਆਂ ਜ਼ਮੀਨਾਂ ਨਾਲ ਲਗਦੀਆਂ ਹਨ, ਤਾਂ ਉਥੇ ਮਾਈਨਜ਼ ਵਿਛੀਆਂ ਹੋਈਆਂ ਸਨ, ਜਿਹੜੀਆ ਫੱਟ ਗਈਆਂ। ਉਨ੍ਹਾਂ ਵਿਚਾਰਿਆਂ ਦਾ ਇਸ ਤਰ੍ਹਾਂ ਵੀ ਬਹੁਤ ਜਾਨੀ ਨੁਕਸਾਨ ਹੋਇਆ ਹੈ। ਭਾਵੇਂ ਇਹ ਖਤਰੇ ਤੋਂ ਪੂਰਾ ਇੰਤਜ਼ਾਮ ਹੋ ਨਹੀਂ ਸਕਦਾ ਫੇਰ ਵੀ ਸਰਕਾਰ ਨੂੰ ਇਸ ਇਲਾਕੇ ਦੇ ਲੋਕਾਂ ਨੂੰ ਬਚਾਉਣ ਦੇ ਲਈ ਵੱਧ ਤੋਂ ਵੱਧ ਯਤਨ ਕਰਨੇ ਚਾਹੀਦੇ ਹਨ। ਜਿਥੋਂ ਤਕ ਸੜਕਾਂ ਦਾ ਹਾਲ ਹੈ ਮੇਰੇ ਹਲਕੇ ਦੇ ਲੋਕਾਂ ਦੀ ਬਹੁਤ ਹੀ ਮਾੜੀ ਹਾਲਤ ਹੈ। ਜਿਸ ਤਰ੍ਹਾਂ ਮੈਂ ਸਰਕਾਰ ਦੇ ਮੁਤਾਲਿਕ ਪਹਿਲਾਂ ਅਰਜ਼ ਕੀਤੀ ਹੈ ਮਨਿਸਟਰ ਸਾਹਿਬਾਨ ਨੇ ਮੇਰੇ ਇਲਾਕੇ ਨਾਲ ਹੁਣ ਤਕ ਸੁਤੀਲੀ ਮਾਂ ਵਾਲਾ ਸਲੂਕ ਇਖਤਿਆਰ ਕੀਤਾ ਹੈ। ਜਿਤਨਾ ਵੀ ਪੈਸਾ ਮਨਜ਼ੂਰ ਹੁੰਦਾ ਗਿਆ ਉਹ ਅਕਾਲੀ ਹਲਕੇ ਵਿਚ ਖਰਚ ਕੀਤਾ ਜਾਂਦਾ ਰਿਹਾ। ਜਿਹੜੀਆਂ ਵੀ ਸੜਕਾਂ ਨਾਮੁਕੰਮਲ ਹਨ ਉਹ ਹੁਣ ਨਵੀਂ ਸਰਕਾਰ ਦੇ ਰਾਜ ਵਿਚ ਮੁਕੰਮਲ ਹੋਣੀਆਂ ਚਾਹੀਦੀਆਂ ਹਨ। ਇਸ ਤੋਂ ਇਲਾਵਾ, ਚੇਅਰਮੈਨ ਸਾਹਿਬ, ਜਿਹੜੀ ਰਿਲੀਫ ਦੀ ਵੰਡ ਕੀਤੀ ਗਈ ਹੈ ਆਫੀਸਰਜ਼ ਨੇ ਰੀਲੀਫ ਦੇਣ ਦੀ ਜਿਹੜੀ ਪਲੈਨ ਬਣਾਈ ਉਹ ਉਕੀ ਹੀ ਛੱਡ ਦਿੱਤੀ ਹੈ। ਜਿਸ ਤਰ੍ਹਾਂ ਠੱਠਾ ਹੈ, ਜਲਾਲਕੇ, ਭੋਜ ਸਜਦਾ, ਜੱਸੋਵਾਲ, ਇਨ੍ਹਾਂ ਨੂੰ ਰੀਲੀਫ ਤੋਂ ਬਿਲਕੁਲ ਵਾਂਝਿਆਂ ਰਖਿਆ ਗਿਆ ਹੈ, ਇਨ੍ਹਾਂ ਪਿੰਡਾਂ ਨੂੰ ਫੌਰਨ ਵਿਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਜੋ ਈਕਵਲ ਡਿਸਟੈਂਟ ਤੇ ਪਿੰਡ ਹਨ ਉਨਾਂ ਨੂੰ ਇਸ ਵਿਚ ਸ਼ਾਮਲ ਕਰ ਲੈਣਾ ਚਾਹੀਦਾ ਹੈ। ਉਨ੍ਹਾਂ ਤੇ ਵੀ ਪਾਕਿਸਤਾਨ ਤੇ ਬੰਬਾਰੀ ਕੀਤੀ ਹੈ। ਜਦੋਂ ਬੰਬਾਰੀ ਹੋਈ ਤਾਂ ਇਹ ਸਾਡੇ ਅਫਸਰਾਂ ਦੇ ਵਸ ਵਿਚ ਨਹੀਂ ਸੀ ਕਿ ਇਹ ਇਥੇ ਹੋਵੇ ਅਤੇ ਉਥੇ ਨਾ ਹੋਵੇ ਇਨ੍ਹਾਂ ਇਲਾਕਿਆਂ ਵਿਚ ਵੀ ਬੰਬਾਰੀ ਹੋਈ। ਇਸ ਲਈ ਮੈਂ ਤੁਹਾਡੇ ਰਾਹੀਂ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜੋ ਈਕੂਅਲ ਡਿਸਟੈਂਟ ਤੇ ਪਿੰਡ ਹਨ ਉਨ੍ਹਾਂ ਦੀ ਇਕ ਬੈਲਟ ਬਣਾ ਕੇ ਇਸ ਵਿਚ ਸ਼ਾਮਲ ਕਰ ਲਈ ਜਾਵੇ। (ਘੰਟੀ) ਫਿਰ, ਚੇਅਰਮੈਨ ਸਾਹਿਬ, ਮੁਆਵਜ਼ੇ ਦੀ ਗੱਲ ਕਰਦਾ ਹਾਂ। ਉਥੋਂ ਦੀ ਲੇਬਰ ਨੂੰ ਪੂਰਾ ਮੁਆਵਜ਼ਾ ਨਹੀਂ ਮਿਲਿਆ। ਇਸ ਲਈ ਜੋ ਫਸਲਾਂ ਨਹੀਂ ਬੀਜੀਆਂ ਗਈਆਂ ਜਾਂ ਜੋ ਮਾਈਨਾਂ ਦੇ ਨਾਲ ਤਬਾਹ ਹੋ ਗਈਆਂ ਹਨ ਉਨ੍ਹਾਂ ਲਈ ਪੂਰਾ ਮੁਆਵਜ਼ਾ ਦਿਤਾ ਜਾਵੇ। ਉਨ੍ਹਾਂ ਨੂੰ ਬਿਜਲੀ ਦੇ ਰੇਟਾਂ ਵਿਚ ਕੁਝ ਰਿਆਇਤ ਦਿਤੀ ਜਾਵੇ, ਉਨ੍ਹਾਂ ਨੂੰ ਪਾਣੀ ਵੀ ਪੂਰਾ ਮਿਲੇ ਅਤੇ ਜਿਨ੍ਹਾਂ ਪਿੰਡਾਂ ਵਿਚ ਲੋਕਾਂ ਨੇ 3-3 ਸਾਲ ਹੋ ਗਏ ਹਨ ਟਿਊਬਵੈਲਾਂ ਲਈ ਸਿਕਉਰਿਟੀ ਜਮ੍ਹਾ ਕਰਵਾਏ ਨੂੰ, ਉਨ੍ਹਾਂ ਨੂੰ ਜਲਦੀ ਅਨਰਜਾਈਜ਼

ਕੀਤਾ ਜਾਵੇ ਤਾਂਕਿ ਉਨ੍ਹਾਂ ਨੂੰ ਵੀ ਇਹ ਮਹਿਸੂਸ ਹੋਵੇ ਕਿ ਸਰਕਾਰ ਸਾਡੇ ਵੱਲ ਵੀ ਧਿਆਨ ਦੇ ਰਹੀ ਹੈ । (ਘੰਟੀ) ਚੇਅਰਮੈਨ ਸਾਹਿਬ, ਮੈਂ ਆਪਣੀ ਡਿਊਟੀ ਵਿਚ ਫੇਲ੍ਹ ਹੋਵਾਂਗਾ ਜੇ ਮੈਂ ਸੈਂਟਰ ਦੀ ਸਰਕਾਰ ਦਾ ਧੰਨਵਾਦ ਨਾ ਕਰਾਂ, ਕਿ ਉਸ ਨੇ ਲੜਾਈ ਦੇ ਬਾਦ ਪਹਿਲੀ ਵਾਰੀ ਲੋਕਾਂ ਨੂੰ ਮੁਆਵਜ਼ੇ ਦਿਤੇ ਹਨ । ਜਿਹੜੇ ਲੋਕ ਸ਼ਹੀਦ ਹੋ ਗਏ ਹਨ ਜਾਂ ਜਿਨ੍ਹਾਂ ਦਾ ਬੰਬਾਰੀ ਨਾਲ ਜਾਂ ਮਾਈਨਜ਼ ਦੇ ਫੱਟਣ ਨਾਲ ਨੁਕਸਾਨ ਹੋਇਆ ਸੀ, ਉਨ੍ਹਾਂ ਨੂੰ ਸਰਕਾਰ ਨੇ ਮੁਆਵਜ਼ੇ ਦਿਤੇ ਹਨ । ਮੈਂ ਆਸ ਕਰਦਾ ਹਾਂ ਕਿ ਸੈਂਟਰ ਦੀ ਸਰਕਾਰ ਇਹ ਮੁਆਵਜ਼ੇ ਦੀ ਰਕਮ ਹੋਰ ਵਧਾਏਗੀ । ਜੋ ਕਸਰ ਕੇਂਦਰੀ ਸਰਕਾਰ ਤੋਂ ਰਹਿ ਗਈ ਹੈ ਉਹ ਇਸ ਸਰਕਾਰ ਨੂੰ ਪੂਰੀ ਕਰਨੀ ਚਾਹੀਦੀ ਹੈ ।

ਸ੍ਰੀ ਸਭਾਪਤੀ : ਸ੍ਰੀ ਬਹਿਲ ।

ਸਿਖਿਆ ਮੰਤਰੀ : ਚੇਅਰਮੈਨ ਸਾਹਿਬ, ਸਿਰਫ 15 ਮਿੰਟ ਰਹਿ ਗਏ ਹਨ ।

Mr. Chairman : Let the hon Member, Sh. Bahl, speak for 5 minutes and I think 10 minutes would be sufficient for the hon. Minister.

ਸਰਦਾਰ ਹਰਬੰਸ ਸਿੰਘ ਜਲਾਲ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਚੇਅਰਮੈਨ ਸਾਹਿਬ, ਇਸ ਆਪੋਜ਼ੀਸ਼ਨ ਦੇ ਪਾਸੇ ਵਲੋਂ ਸਿਰਫ ਇਕ ਮੈਂਬਰ ਬੋਲਿਆ ਹੈ ਅਤੇ ਉਧਰੋਂ 15-16 ਮੈਂਬਰ ਬੋਲ ਚੁਕੇ ਹਨ । ਕੀ ਬੋਲਣ ਦੀ ਇਜਾਜ਼ਤ ਸੀਨੀਆਰਟੀ ਦੇ ਆਧਾਰ ਤੇ ਦਿੱਤੀ ਜਾਂਦੀ ਹੈ ?

(ਕੋਈ ਜਵਾਬ ਨਾ ਦਿਤਾ ਗਿਆ)

ਸ੍ਰੀ ਖੁਸ਼ਹਾਲ ਬਹਿਲ (ਗੁਰਦਾਸਪੁਰ) : ਚੇਅਰਮੈਨ ਸਾਹਿਬ, ਇਹ ਜੋ ਬਾਰਡਰ ਦੇ ਏਰੀਏ ਦਾ ਮਸਲਾ ਹੈ, ਇਹ ਮੈਂ ਆਪ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ । ਇਹ ਇਕ ਅਜਿਹਾ ਮੁਸਲਸਲ ਮਸਲਾ ਹੈ ਜੋ ਕਈ ਆਉਂਦੇ ਸਾਲਾਂ ਵਿਚ ਵੀ ਹਲ ਨਹੀਂ ਹੋ ਸਕਣਾ । ਮੈਂ ਅਰਜ਼ ਕਰਦਾ ਹਾਂ ਕਿ ਗੁਰਦਾਸਪੁਰ ਤਾਂ ਵੈਸੇ ਵੀ ਪਛੜਿਆ ਹੋਇਆ ਇਲਾਕਾ ਹੈ ਅਤੇ ਬਾਰਡਰ ਦਾ ਏਰੀਆ ਵੀ ਹੈ । ਉਥੇ ਜੋ ਵੀ ਖੇਤੀ ਬਾੜੀ ਹੈ, ਇੰਡਸਟਰੀ ਹੈ, ਜੋ ਕਿ ਪਹਿਲਾਂ ਹੀ ਨਾਮ-ਮਾਤਰ ਸੀ, ਉਹ ਵੀ ਜੰਗ ਵਿਚ ਤਬਾਹ ਹੋ ਗਈ ਹੈ । ਮੈਂ ਮਹਿਸੂਸ ਕਰਦਾ ਹਾਂ ਕਿ ਇਨ੍ਹਾਂ ਲੋਕਾਂ ਵਲ ਕੋਈ ਕਦੇ ਕਿਸੇ ਨੇ ਧਿਆਨ ਨਹੀਂ ਦਿਤਾ । ਪਿਛਲੇ 24 ਸਾਲਾਂ ਵਿਚ ਜਿਥੇ ਲੁਧਿਆਣੇ, ਜਲੰਧਰ ਅਤੇ ਅੰਮ੍ਰਿਤਸਰ ਵਿਚ ਡਿਵੈਲਪਮੈਂਟ ਹੋਈ ਹੈ, ਉਥੇ ਗੁਰਦਾਸਪੁਰ ਵਿਚ ਕੋਈ ਵੀ ਡਿਵੈਲਪਮੈਂਟ ਦਾ ਕੰਮ ਨਹੀਂ ਕੀਤਾ ਗਿਆ ਅਤੇ ਇਹ ਇਲਾਕਾ ਪਛੜਿਆ ਹੀ ਰਿਹਾ ਹੈ । ਪਹਿਲਾਂ 1965 ਦੀ ਜੰਗ ਵਿਚ ਅਤੇ ਹੁਣ 1971 ਦੀ ਜੰਗ ਦੇ ਵਿਚ ਇਸ ਇਲਾਕੇ ਦਾ ਜੋ ਨੁਕਸਾਨ ਹੋਇਆ ਹੈ, ਉਸ ਦੀ ਅਸੈਸਮੈਂਟ ਲਗਾਉਣ ਲਗੀਏ ਤਾਂ ਪਹਿਲਾ ਸਵਾਲ ਇਹ ਸਾਹਮਣੇ ਆਉਂਦਾ ਹੈ ਕਿ ਕਿਹੜਾ ਨੁਕਸਾਨ ਨਹੀਂ ਹੋਇਆ । ਬੰਬਾਰਡਮੈਂਟ ਦੇ ਨਾਲ ਤਬਾਹੀ ਹੋਈ ; ਚਾਵਲ ਜੋ ਮੰਡੀਆਂ ਦੇ ਵਿਚ ਆਏ, ਉਨ੍ਹਾਂ ਦਾ ਭਾਅ ਗਿਰ ਗਿਆ, ਜਿਸ ਨਾਲ ਕਿ ਕਿਸਾਨਾਂ ਨੂੰ ਨੁਕਸਾਨ ਹੋਇਆ । ਇਸ ਲਈ ਬਾਰਡਰ ਦੇ ਲੋਕਾਂ ਦੀ ਭਲਾਈ ਲਈ ਕੁਝ ਖਾਸ ਕਦਮ ਚੁਕਣ ਦੀ ਲੋੜ ਹੈ । ਉਥੇ 5 ਹਜ਼ਾਰ ਏਕੜ ਦਾ ਐਸਾ ਰਕਬਾ ਹੈ ਜਿਥੇ ਹੁਣ ਤਕ ਪਾਕਿਸਤਾਨ ਨੇ ਕਬਜ਼ਾ ਕੀਤਾ ਹੋਇਆ ਹੈ ਅਤੇ ਉਥੇ ਦੇ ਲੋਕ 10, 10 ਮੀਲ ਦੂਰ ਕੈਂਪਾਂ ਦੇ ਵਿਚ ਰੁਲ ਰਹੇ ਹਨ । ਜਿਥੋਂ ਤਕ ਮੁਆਵਜ਼ੇ ਦੀ ਗੱਲ ਹੈ, ਮੈਂ ਅਰਜ਼ ਕਰਾਂਗਾ ਕਿ ਉਸ ਵਾਸਤੇ ਕੋਈ ਕ੍ਰਾਈਟੇਰੀਆ, ਕੋਈ ਅਸੂਲ ਮੁਕਰੱਰ ਨਹੀਂ ਕੀਤਾ ਗਿਆ । ਉਥੇ ਦੀ ਜੋ ਹਾਲਤ ਹੈ ਉਹ ਕਾਮਰੇਡ ਰਾਜ ਕੁਮਾਰ ਨੇ ਡਿਟੇਲ ਦੇ ਵਿਚ ਦਸ ਦਿਤੀ ਹੈ । ਕੰਪਨਸੇਸ਼ਨ ਵੀ ਕੁਝ ਲੋਕਾਂ ਨੂੰ ਮਿਲਿਆ ਹੈ, ਕੁਝ ਨੂੰ ਨਹੀਂ ਮਿਲਿਆ । ਇਹ

[ਸ੍ਰੀ ਖੁਸ਼ਹਾਲ ਬਹਿਲ]

ਕ੍ਰਾਈਟੇਰੀਆ ਹੋਣਾ ਚਾਹੀਦਾ ਹੈ ਕਿ ਜੋ ਪਿੰਡ ਸਰਹਦ ਤੋਂ 3 ਜਾਂ 4 ਮੀਲ ਦੂਰ ਹਨ ਉਨ੍ਹਾਂ ਨੂੰ ਕੰਪਨਸੇਸ਼ਨ ਮਿਲਣਾ ਚਾਹੀਦਾ ਹੈ। ਪਰ ਉਥੇ ਤਾਂ ਡਿਸਕ੍ਰੀਸ਼ਨ ਪਾਵਰ ਵਰਤੀ ਗਈ ਹੈ। ਜਿਸ ਨੂੰ ਦਿਲ ਕੀਤਾ ਦੇ ਦਿਤਾ ਜਿਸ ਨੂੰ ਦਿਲ ਨਾ ਕੀਤਾ ਨਾ ਦਿਤਾ। ਇਸ ਲਈ ਇਕ ਪ੍ਰੋਸੀਜਰ ਲੇ ਕੀਤਾ ਜਾਵੇ ਕਿ ਕੰਪਨਸੇਸ਼ਨ ਕਿਸ ਤਰ੍ਹਾਂ ਦੇਣੀ ਚਾਹੀਦੀ ਹੈ।

ਦੂਸਰੀ ਗਲ ਮੈਂ ਇਹ ਅਰਜ਼ ਕਰਦਾ ਹਾਂ ਕਿ ਗੁਰਦਾਸਪੁਰ ਦਾ ਇਲਾਕਾ ਐਸਾ ਹੈ ਜਿਸ ਨੂੰ ਹਮੇਸ਼ਾ ਹੀ ਮਾਰ ਪੈਂਦੀ ਹੈ ਇਕਤਸਾਦੀ ਤੌਰ ਤੇ ਵੀ ਅਤੇ ਜੰਗ ਦੇ ਦੌਰਾਨ ਵੀ । ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਪਰਮਾਨੈਂਟ ਤੌਰ ਤੇ ਉਸ ਇਲਾਕੇ ਵਿਚ ਕੁਝ ਸਹੂਲਤਾਂ ਦਿਤੀਆਂ ਜਾਣ ਤਾਂਕਿ ਉਥੇ ਦੇ ਲੋਕ ਵਧ ਫੁਲ ਸਕਣ। ਮੈ ਅਰਜ਼ ਕਰਦਾ ਹਾਂ ਕਿ ਉਥੇ ਕੁਜੀ ਦਾ ਇਲਾਕਾ ਹੈ, ਦਰਿਆ ਰਾਵੀ ਅਤੇ ਉਸ ਦੇ ਪਾਰ 60 ਮੀਲ ਲੰਬਾ ਅਤੇ 5 ਮੀਲ ਚੌੜਾ ਇਲਾਕਾ ਹੈ, ਉਹ ਬਹੁਤ ਅੱਛੀ ਰੇਂਜ਼ਿੰਗ ਗਰਾਊਂਡ ਬਣ ਸਕਦੀ ਹੈ। ਇਸ ਲਈ ਉਥੇ ਕੈਟਿਲ ਬ੍ਰੀਡਿੰਗ ਦਾ ਸੈਂਟਰ ਖੋਲ੍ਹ ਦਿਤਾ ਜਾਵੇ ਤਾਂ ਬੜਾ ਚੰਗਾ ਹੋਵੇ। ਲੋਕ ਆਪਣੇ ਪਸ਼ੂਆਂ ਦੀ ਨਸਲ ਵੀ ਸਵਾਰ ਲੈਣ ਅਤੇ ਦੁਧ ਆਦਿ ਵੇਚ ਕੇ ਕੁਝ ਆਮਦਨ ਵੀ ਕਰ ਲਿਆ ਕਰਨਗੇ। ਇਸ ਨਾਲ ਉਨ੍ਹਾਂ ਲੋਕਾਂ ਦੀ ਹਾਲਤ ਚੰਗੀ ਹੋਵੇਗੀ।

ਫਿਰ ਇਥੇ ਸੜਕਾਂ ਬਾਰੇ ਕਿਹਾ ਗਿਆ ਹੈ। ਮੈਂ ਅਰਜ਼ ਕਰਦਾ ਹਾਂ ਕਿ ਗੁਰਦਾਸਪੁਰ ਵਿਚ ਅੱਵਲ ਤਾਂ ਸੜਕਾਂ ਹੈ ਹੀ ਨਹੀਂ ਸੀ। ਜਿਹੜੀਆਂ ਕੁਝ ਹੈ ਸੀ ਉਹ ਹੈਵੀ ਵਹੀਕਲ ਅਤੇ ਟੈਂਕਾਂ ਆਦਿ ਨੇ ਤਬਾਹ ਕਰ ਦਿਤੀਆਂ ਹਨ। ਹੁਣ ਸਰਹਦ ਪਾਰ ਦਾ ਪਾਕਿਸਤਾਨ ਦਾ ਇਲਾਕਾ, ਜਿਸ ਵਿਚ ਕੁਝ ਕੱਚੀਆਂ ਸੜਕਾਂ ਹਨ ਅਤੇ ਇਸ ਪਾਸੇ ਦਾ ਇਹੋ ਹੀ ਹਾਲ ਹੈ ਕੋਈ ਜ਼ਿਆਦਾ ਫਰਕ ਨਹੀਂ ਹੈ। ਇਸ ਲਈ ਮੈਂ ਅਰਜ਼ ਕਰਦਾ ਹਾਂ ਸੜਕਾਂ ਦੇ ਮਾਮਲੇ ਵਿਚ ਗੁਰਦਾਸਪੁਰ ਨੂੰ ਟਾਪ ਪ੍ਰਾਇਰਟੀ ਦੇਣੀ ਚਾਹੀਦੀ ਹੈ।

ਫਿਰ ਸਰਪਲਸ ਫੂਡ ਦੀ ਗੱਲ ਕਰਦਾ ਹਾਂ। ਸਰਕਾਰ ਨੂੰ ਚਾਹੀਦਾ ਹੈ ਕਿ ਉਥੇ ਸਮਾਲ ਸਕੇਲ ਇੰਡਸਟਰੀ ਅਤੇ ਮੀਡੀਅਮ ਸਾਈਜ਼ ਇੰਡਸਟਰੀ ਲਗਾਏ ਤਾਂਕਿ ਜੋ ਸਰਪਲਸ ਫੂਡ ਹੈ ਇਕ ਤਾਂ ਉਹ ਕੰਜ਼ੂਮ ਹੋ ਜਾਵੇ ਅਤੇ ਦੂਸਰੇ ਲੋਕਾਂ ਨੂੰ ਰੋਜ਼ਗਾਰ ਮਿਲੇ ਅਤੇ ਬੇਰੋਜ਼ਗਾਰੀ ਦੀ ਸਮਸਿਆ ਘੱਟ ਹੋ ਜਾਵੇ। ਅਜੇ ਬੈਕਵਰਡ ਏਰੀਆ ਡਿਵੈਲਪਮੈਂਟ ਵਿਚ ਰੋਪੜ ਨੂੰ ਤਾਂ ਲੈ ਲਿਆ ਹੈ ਪਰ ਗੁਰਦਾਸਪੁਰ ਨੂੰ ਨਹੀਂ ਲਿਆ। ਮੈਂ ਸਮਝਦਾ ਹਾਂ ਕਿ ਗੁਰਦਾਸਪੁਰ ਰੋਪੜ ਨਾਲੋਂ ਵੀ ਪਛੜਿਆ ਹੋਇਆ ਇਲਾਕਾ ਹੈ, ਇਸ ਲਈ ਇਸ ਨੂੰ ਵੀ ਜ਼ਰੂਰ ਲੈਣਾ ਚਾਹੀਦਾ ਹੈ।

ਫਿਰ ਜਿਥੇ ਤਕ ਐਜੂਕੇਸ਼ਨ ਦਾ ਸਬੰਧ ਹੈ ਮੈਂ ਅਰਜ਼ ਕਰਦਾ ਹਾਂ ਕਿ ਉਥੇ ਕਾਲਜ ਤਾਂ ਹਨ ਪਰ ਕਿਸੇ ਵੀ ਕਾਲਜ ਵਿਚ ਐਮ. ਏ. ਦੀ ਪੜ੍ਹਾਈ ਦਾ ਪ੍ਰਬੰਧ ਨਹੀਂ ਹੈ । ਪਠਾਨਕੋਟ ਤੋਂ ਲੈ ਕੇ ਕਿਤੇ ਵੀ ਐਮ. ਏ. ਦੀ ਪੜ੍ਹਾਈ ਨਹੀਂ ਕਰਵਾਈ ਜਾਂਦੀ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਇਥੇ ਐਮ. ਏ. ਦੀ ਪੜ੍ਹਾਈ ਸ਼ੁਰੂ ਕਰਵਾਈ ਜਾਵੇ। ਇਸ ਤੇ ਕੋਈ ਖਰਚ ਵੀ ਜ਼ਿਆਦਾ ਨਹੀਂ ਆਉਣਾ । ਇਸ ਦੇ ਨਾਲ ਹੀ ਬੀ. ਕਾਮ. ਦੀਆਂ ਕਲਾਸਾਂ ਵੀ ਚਾਲੂ ਹੋਣੀਆਂ ਚਾਹੀਦੀਆਂ ਹਨ ਤਾਂਕਿ ਉਥੇ ਦੇ ਲੋਕ ਆਪਣੇ ਬੱਚਿਆਂ ਨੂੰ ਪੜ੍ਹਾ ਕੇ ਕਿਸੇ ਚੰਗੀ ਥਾਂ ਤੇ ਨੌਕਰ ਕਰਵਾ ਸਕਣ ਅਤੇ ਇਸ ਤਰ੍ਹਾਂ ਉਥੇ ਦੀ ਬੇਰੁਜ਼ਗਾਰੀ ਵੀ ਘਟ ਹੋਵੇ।

ਇਕ ਹੋਰ ਗੱਲ ਮੈਂ ਅਰਜ਼ ਕਰਨੀ ਹੈ । ਉਥੇ ਸਰਕਾਰ ਦਾ ਇਕ ਪੰਜ ਸੌ ਏਕੜ ਦਾ ਫਾਰਮ ਹੈ । ਮੈਂ ਅਰਜ਼ ਕਰਦਾ ਹਾਂ ਕਿ ਉਥੇ ਹਾਰਟੀਕਲਚਰ ਦਾ ਕੋਈ ਸੈਂਟਰ ਆਦਿ ਜ਼ਰੂਰ ਖੋਲਣਾ ਚਾਹੀਦਾ ਹੈ ਇਸ ਦੇ ਨਾਲ ਹੀ ਪੋਲਟਰੀ ਫਾਰਮਿੰਗ ਹੈ ਉਥੇ ਵੀ ਬਰੀਡਿੰਗ ਦਾ ਸੈਂਟਰ ਖੋਲ੍ਹਿਆ ਜਾਣਾ ਚਾਹੀਦਾ ਹੈ ਤਾਕਿ ਲੋਕ ਆਪਣੇ ਪੰਛੀਆਂ ਦੀ ਨਸਲ ਸੁਧਾਰ ਕੇ ਫਾਇਦਾ ਉਠਾ ਸਕਣ ।

(ਇਸ ਵੇਲੇ ਕਮਿਊਨਿਸਟ ਪਾਰਟੀ ਦੇ ਬੈਂਚਾਂ ਤੋਂ ਇਕ ਮਾਨਯੋਗ ਮੈਂਬਰ ਬੋਲਣ ਲਈ ਖੜ੍ਹੇ ਹੋਏ ।)

ਸਿਖਿਆ ਮੰਤਰੀ (ਸਰਦਾਰ ਉਮਰਾਓ ਸਿੰਘ) : ਚੇਅਰਮੈਨ ਸਾਹਿਬ, ਹੁਣੇ ਹਾਊਸ ਦੇ ਸਾਹਮਣੇ ਬਾਰਡਰ ਦੇ ਏਰੀਏ ਦਾ ਮਸਲਾ ਸੀ......(ਵਿਘਨ)

ਸਰਦਾਰ ਹਰਬੰਸ ਸਿੰਘ ਜਲਾਲ : ਚੇਅਰਮੈਨ ਸਾਹਿਬ, ਪੁਆਇੰਟ ਆਫ਼ ਆਰਡਰ । ਚੇਅਰਮੈਨ ਸਾਹਿਬ, ਅਸੀਂ ਵੀ ਬੋਲਣਾ ਹੈ, ਪਰ ਤੁਸੀਂ ਸਾਨੂੰ ਟਾਈਮ ਨਹੀਂ ਦੇ ਰਹੇ । (ਵਿਘਨ) ਅਸੀਂ ਵੀ ਬਾਰਡਰ ਦੇ ਇਲਾਕੇ ਦੇ ਹਾਂ । (ਵਿਘਨ) ਮੈਂ 15-16 ਵਾਰ ਬੈਠਕਾਂ ਕੱਢ ਚੁਕਾ ਹਾਂ ।

Mr. Chairman : It is no point of order.

ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ : ਪੁਆਇੰਟ ਆਫ਼ ਆਰਡਰ, ਸਰ । ਚੇਅਰਮੈਨ ਸਾਹਿਬ, ਇਹ ਜਿਹੜਾ ਬਾਰਡਰ ਏਰੀਆ ਵਾਸਤੇ ਸਵਾਲ ਹੈ, ਇਹ ਬੜਾ ਹੀ ਜ਼ਰੂਰੀ ਹੈ । (ਵਿਘਨ)

Mr. Chairman : This is no point of order.

ਸਿਖਿਆ ਮੰਤਰੀ : ਮੈਂ ਅਰਜ਼ ਕਰ ਰਿਹਾ ਸੀ ਕਿ ਦੋ ਕਿਸਮ ਦੇ ਮਸਲੇ ਸਾਡੇ ਸਾਹਮਣੇ ਸਦਨ ਵਿਚ ਪੇਸ਼ ਕੀਤੇ ਗਏ ਹਨ ; ਇਕ ਮਸਲਾ ਰਿਲੀਫ ਦਾ ਹੈ ਅਤੇ ਦੂਸਰਾ ਜੋ ਬਾਰਡਰ ਦੇ ਇਲਾਕੇ ਹਨ ਉਨ੍ਹਾਂ ਨੂੰ ਅਗਾਂਹ ਕੀ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ, ਉਸ ਦੇ ਮੁਤੱਲਕ ਵਿਚਾਰ । ਜਿਥੋਂ ਤਕ ਰਿਲੀਫ ਦਾ ਤਾਲੁਕ ਹੈ, ਇਸ ਹਾਊਸ ਵਿਚ ਸਾਰੇ ਮੈਂਬਰਾਂ ਨੇ ਇਸ ਗੱਲ ਦੀ ਪ੍ਰਸ਼ੰਸਾ ਕੀਤੀ ਹੈ । (ਵਿਘਨ) (ਸ਼ੋਰ)

(ਇਸ ਵੇਲੇ ਕਾਫੀ ਸ਼ੋਰ ਪੈ ਰਿਹਾ ਸੀ ਅਤੇ ਕੁਝ ਸੁਣਾਈ ਨਹੀਂ ਦਿੰਦਾ ਸੀ ।)

ਕਾਮਰੇਡ ਅਰਜਨ ਸਿੰਘ ਮਸਤਾਨਾ : ਕੋਈ ਮਸਲਾ ਤਾਂ ਸੁਣ ਲਵੋ (ਸ਼ੋਰ) (ਵਿਘਨ)

Mr. Chairman : *Addressing the Education Minister* : Please carry on.

ਸਿਖਿਆ ਮੰਤਰੀ : ਜਿਥੋਂ ਤਕ ਰਿਲੀਫ ਦਾ ਤਾਲੁਕ ਹੈ ਜਿਹੜੇ ਲੜਾਈ ਨਾਲ ਅਫੈਕਟਿਡ ਸੱਜਣ ਹਨ ਉਨ੍ਹਾਂ ਨੂੰ ਪੰਜ ਕਰੋੜ ਤੋਂ ਵੱਧ ਰਿਲੀਫ ਦਿਤੀ ਗਈ ਔਰ ਇਹ ਪੰਜ ਕਰੋੜ ਦੀ ਰਿਲੀਫ ਢਾਈ ਮਹੀਨਿਆਂ ਦੇ ਅਰਸੇ ਅੰਦਰ ਦਿਤੀ ਗਈ । ਇਹ ਇਕ ਰਿਕਾਰਡ ਟਾਈਮ ਹੈ । (ਵਿਘਨ) ਐਡਮਨਿਸਟ੍ਰੇਸ਼ਨ ਦਾ ਕੰਮ ਇਸ ਸਬੰਧੀ ਸ਼ਲਾਘਾਯੋਗ ਹੈ ਜਿਸ ਨੇ ਕਿ ਟਾਪ ਪਰਾਇਰਟੀ ਨਾਲ ਪੰਜਾਬ ਵਿਚ ਰਿਲੀਫ ਦੇਣ ਦਾ ਫੈਸਲਾ ਕੀਤਾ । (ਵਿਘਨ)

WALK-OUT

ਕਾਮਰੇਡ ਅਰਜਨ ਸਿੰਘ ਮੱਸਤਾਨਾ : * * *

ਸਰਦਾਰ ਜਸਦੇਵ ਸਿੰਘ ਸੰਧੂ : * * *

ਸ੍ਰੀ ਸਭਾਪਤੀ । ਜੋ ਕੁਝ ਇਨ੍ਹਾਂ ਨੇ ਕਿਹਾ ਹੈ ਇਹ ਪਾਰਟ ਆਫ਼ ਦੀ ਪ੍ਰੋਸੀਡਿੰਗਜ਼ ਨਹੀਂ ਬਣੇਗਾ । (ਸ਼ੋਰ) (ਵਿਘਨ) (Whatever the hon. Members have said, will not form part of the proceedings.)

(ਇਸ ਵੇਲੇ ਕਾਮਰੇਡ ਅਰਜਨ ਸਿਘ ਮਸਤਾਨਾ, ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ ਅਤੇ ਅਕਾਲੀ ਬੈਂਚਾਂ ਤੇ ਬੈਠੇ ਮੈਂਬਰਜ਼ ਵਾਕ ਆਊਟ ਕਰ ਗਏ ।)

MOTION UNDER RULE 77 (*Resumption*)

ਸਿਖਿਆ ਮੰਤਰੀ : ਬੰਦਿਆਂ ਦੇ ਰਹਿਣ ਵਾਸਤੇ ਦਸ ਰਿਲੀਫ ਕੈਂਪ ਬਣਾਏ ਗਏ । 43 ਲੱਖ ਰੁਪਏ ਦੀ ਉਨ੍ਹਾਂ ਲੋਕਾਂ ਨੂੰ ਜਿਹੜੇ ਲੜਾਈ ਨਾਲ ਅਫੈਕਟਿਡ ਸਨ ਕੈਸ਼ ਗਰਾਂਟਸ ਦਿਤੀਆਂ ਗਈਆਂ। ਇਸ ਤੋਂ ਇਲਾਵਾ ਕੱਪੜੇ ਖਰੀਦਣ ਵਾਸਤੇ, ਕੰਬਲ ਖਰੀਦਣ ਵਾਸਤੇ, ਮਵੇਸ਼ੀ ਅਤੇ ਉਨ੍ਹਾਂ ਲਈ ਫੋਡਰ ਵਾਸਤੇ ਵੀ ਗਰਾਂਟਾਂ ਦਿਤੀਆਂ ਗਈਆਂ, ਜੋ ਕਿ ਤਕਰੀਬਨ ਪੰਜ ਕਰੋੜ ਰੁਪਿਆ ਬਣਦਾ ਹੈ । ਸਾਥੀ ਰਾਜ ਕੁਮਾਰ ਨੇ ਕਿਹਾ ਸੀ ਕਿ ਇੰਡਸਟਰੀ ਲਈ ਰਖਿਆ ਰੁਪਿਆ ਲੈਪਸ ਹੋ ਗਿਆ । ਇਸ ਸਬੰਧੀ ਮੈਂ ਅੱਰਜ਼ ਕਰਾਂ ਕਿ 50 ਲੱਖ ਰੁਪਿਆ ਸਮਾਲ ਸਕੇਲ ਇੰਡਸਟਰੀ ਲਈ ਮਿਲਿਆ ਸੀ ਅਤੇ ਇਹ ਸਾਰਾ ਰੁਪਿਆ ਤਕਸੀਮ ਕਰ ਦਿਤਾ ਗਿਆ । ਹੁਣ ਹੋਰ ਪੰਜਾਬ ਗੌਰਮੈਂਟ ਨੇ ਇਕ ਕਰੋੜ ਰੁਪਿਆ ਇੰਡਸਟਰੀ ਵਾਸਤੇ ਮੰਗਿਆ ਹੈ ਅਤੇ ਜੇ ਇਹ ਰੁਪਿਆ ਮਿਲ ਗਿਆ ਤਾਂ ਇਹ ਵੀ ਤਕਸੀਮ ਕਰ ਦਿਤਾ ਜਾਵੇਗਾ । ਕੋਈ ਪੈਸਾ ਲੈਪਸ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।

ਪਹਿਲੀ ਤਜਵੀਜ਼ ਲੇਬਰ ਦੇ ਮੁਤੱਲਕ ਹੈ ਜੋ ਕਿ ਕਾਮਰੇਡ ਰਾਜ ਕੁਮਾਰ ਜੀ ਨੇ ਕੀਤੀ ਹੈ । ਮੈਂ ਸਮਝਦਾ ਹਾਂ ਕਿ ਲੇਬਰ ਉਤੇ ਜਾਂ ਇੰਡਸਟਰੀਅਲ ਲੇਬਰ ਉਤੇ ਲੜਾਈ ਕਰਕੇ ਕੋਈ ਡਾਇਰੈਕਟ ਅਫੈਕਟ ਨਹੀਂ ਪਿਆ । ਇਹ ਜੋ ਕਾਰਖਾਨਿਆਂ ਵਿਚ ਕਮ ਕਰਦੇ ਸਨ, ਉਹ ਬੰਦੇ ਕੰਮ ਕਰਦੇ ਰਹੇ ਹਨ । ਕੁਝ ਦਿਨਾਂ ਲਈ ਥੋੜ੍ਹਾ ਬਹੁਤਾ ਇਨਡਾਇਰੈਕਟ ਤੌਰ ਤੇ ਲੜਾਈ ਦਾ ਅਸਰ ਹੋ ਸਕਦਾ ਹੈ । ਇਹ ਜਿਹੜਾ 300 ਰੁਪਏ ਤਕ ਲੋਨ ਦਿਤਾ ਗਿਆ ਹੈ ਇਹ ਬਗੈਰ ਸੂਦ ਦੇ ਦਿਤਾ ਗਿਆ ਹੈ । ਇਸ ਤੋਂ ਵੱਧ ਜਿਹੜਾ ਲੋਨ ਦਿਤਾ ਜਾਂਦਾ ਹੈ ਉਹ ਸ਼ਰਤ ਲਾਕੇ ਲੋਨ ਦਿਤਾ ਜਾਂਦਾ ਹੈ । ਮੈਂ ਸਮਝਦਾ ਹਾਂ ਕਿ ਇਹ ਉਨ੍ਹਾਂ ਵਾਸਤੇ ਕਾਫੀ ਹੈ । ਇਸ ਤੋਂ ਇਲਾਵਾ ਲੋਨ 1965 ਦੀ ਲੜਾਈ ਤੋਂ ਬਾਅਦ ਵੀ ਇੰਡਸਟ੍ਰੀਅਲ ਲੇਬਰ ਨੂੰ ਦਿਤਾ ਗਿਆ ਹੈ ।

ਇਸ ਤੋਂ ਇਲਾਵਾ ਐਂਪਲਾਈਜ਼ ਦੇ ਬਾਰੇ ਕਿਹਾ ਗਿਆ ਹੈ ਕਿ ਬਾਰਡਰ ਦੇ ਐਂਪਲਾਈ ਵਾਸਤੇ ਖਿਆਲ ਨਹੀਂ ਰਖਿਆ ਗਿਆ । ਮੇਰੇ ਸਾਥੀ ਨੂੰ ਸ਼ਾਇਦ ਪਤਾ ਨਹੀਂ ਕਿ ਜਿਹੜੀਆਂ ਗਰਾਂਟਾਂ ਦਿਤੀਆਂ

*Expunged as ordered by the Chair.

ਗਈਆਂ ਹਨ ਬਾਰਡਰ ਤੇ ਰਹਿਣ ਵਾਲਿਆਂ ਨੂੰ ਉਨ੍ਹਾਂ ਵਿਚ ਉਥੇ ਦੇ ਰਹਿਣ ਵਾਲੇ ਐਂਪਲਾਈਜ਼ ਵੀ ਸਨ ਜੋ ਇਲੈਜੀਬਲ ਸਨ। ਬਾਕੀ ਐਂਪਲਾਈਜ਼ ਆਪਣੀ ਤਨਖਾਹ ਲੈਂਦੇ ਹਨ ਅਤੇ ਡਿਊਟੀ ਕਰਦੇ ਹਨ। ਜੇ ਕਿਸੇ ਐਂਪਲਾਈ ਨੇ ਕੋਈ ਸ਼ਲਾਘਾਯੋਗ ਕੰਮ ਕੀਤਾ ਹੈ ਅਤੇ ਜੇ ਜ਼ਰੂਰਤ ਪਈ ਤਾਂ ਸਰਕਾਰ ਉਸ ਐਂਪਲਾਈ ਦੀ ਪਰਸ਼ੰਸਾ ਕਰਨ ਤੋਂ ਪਿਛੇ ਨਹੀਂ ਰਹੇਗੀ।

ਬਾਕੀ ਬੀਜੀ ਅਤੇ ਬਗੈਰ ਬੀਜੀ ਜ਼ਮੀਨ ਦੇ ਬਾਰੇ ਵਿਚ ਕਿਹਾ ਗਿਆ ਹੈ। ਜਿਹੜੀ ਜ਼ਮੀਨ ਬੀਜੀ ਹੋਈ ਸੀ ਅਤੇ ਉਸ ਦਾ ਨੁਕਸਾਨ ਹੋ ਗਿਆ ਉਸ ਨੂੰ ਕੰਪਨਸੇਸ਼ਨ ਮਿਲ ਗਿਆ ਹੈ। ਜਿਹੜੀ ਜ਼ਮੀਨ ਬੀਜੀ ਹੀ ਨਹੀਂ ਸੀ ਉਸ ਦਾ ਕੋਈ ਨੁਕਸਾਨ ਨਹੀਂ ਹੋਇਆ ਅਤੇ ਉਸ ਨੂੰ ਕੰਪਨਸੇਸ਼ਨ ਮਿਲਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਦਸੰਬਰ ਦੇ ਮਹੀਨੇ ਵਿਚ ਕੋਈ ਫਸਲ ਨਹੀਂ ਸੀ ਹੋਣੀ। (ਵਿਘਨ)

ਕਾਮਰੇਡ ਸੱਤਪਾਲ ਡਾਂਗ : ਚੇਅਰਮੈਨ ਸਾਹਿਬ, ਮੈਂ ਇਨ੍ਹਾਂ ਦੀ ਵਾਕਫੀਅਤ ਲਈ ਦੱਸਣਾ ਚਾਹੁੰਦਾ ਹਾਂ ਕਿ ਹਿੰਦੁਸਤਾਨ ਦੀ ਸਰਕਾਰ ਮੰਨ ਚੁਕੀ ਹੈ ਕਿ ਜੰਗ ਦੇ ਮੁਤੱਲਕ ਕਿਸੇ ਕਾਰਨ ਕਰਕੇ ਨਵੀਂ ਕਣਕ ਦੀ ਫਸਲ ਨਾਂ ਬੀਜੀ ਗਈ ਹੋਵੇ ਤਾਂ ਮੁਆਵਜ਼ਾ ਮਿਲੇਗਾ।

ਸਿਖਿਆ ਮੰਤਰੀ : ਕਣਕ ਦੀ ਫਸਲ ਜਿਹੜੀ ਹੁੰਦੀ ਹੈ ਉਹ ਦਸੰਬਰ ਦੇ ਮਹੀਨੇ ਵਿਚ ਬੀਜੀ ਜਾ ਸਕਦੀ ਹੈ। ਉਸ ਵਕਤ ਮੌਕਾ ਸੀ ਜਦੋਂ ਜੰਗ ਖਤਮ ਹੋਈ ਉਦੋਂ ਇਹ ਕਣਕ ਬੀਜੀ ਜਾ ਸਕਦੀ ਸੀ। (ਵਿਘਨ) ਜਿਥੋਂ ਤਕ ਪੰਜਾਬ ਦੇ ਕਿਸਾਨ ਦਾ ਤਾਲੁਕ ਹੈ ਡਾਂਗ ਸਾਹਿਬ ਅੰਮ੍ਰਿਤਸਰ ਸ਼ਹਿਰ ਵਿਚ ਰਹਿੰਦੇ ਹਨ। ਉਦੋਂ ਜਦੋਂ ਕਾਰਾਂ ਦਿੱਲੀ ਨੂੰ ਜਾਂਦੀਆਂ ਸਨ ਤਾਂ ਪੰਜਾਬ ਦਾ ਕਿਸਾਨ ਜਿਹੜਾ ਬਾਰਡਰ ਤੇ ਰਹਿੰਦਾ ਸੀ ਖਾਦ ਲੈਕੇ ਬਾਰਡਰ ਵੱਲ ਜਾ ਰਿਹਾ ਸੀ। ਇਸ ਕਿਸਮ ਦੇ ਕਿਸਾਨ ਜਿਸ ਨੇ ਐਨੀ ਸੇਵਾ ਕੀਤੀ ਹੈ ਉਸ ਲਈ ਪੰਜਾਬ ਸਰਕਾਰ ਹਰ ਕਿਸਮ ਦੀ ਸਹਾਇਤਾ ਦੇਣ ਲਈ ਤਿਆਰ ਹੈ।

ਕਾਮਰੇਡ ਸੱਤਪਾਲ ਡਾਂਗ : ਚੇਅਰਮੈਨ ਸਾਹਿਬ, ਇਹ ਮੇਰੇ ਨਾਲ ਬਾਰਡਰ ਤੇ ਚੱਲ ਕੇ ਦੇਖਣ ਤਾਂ ਇਨ੍ਹਾਂ ਨੂੰ ਪਤਾ ਲੱਗੇਗਾ। (ਵਿਘਨ) ਪਾਣੀ ਤਾਂ ਸਾਰਾ ਡੀਫੈਂਸ ਵਿਚ ਚਲਾ ਗਿਆ ਸੀ।

ਸਿਖਿਆ ਮੰਤਰੀ : ਚੇਅਰਮੈਨ ਸਾਹਿਬ, ਇਥੇ ਕਿਹਾ ਗਿਆ ਕਿ ਬੰਬਾਂ ਅਤੇ ਸ਼ੈਲਾਂ ਨਾਲ ਮਰਨ ਵਾਲਿਆਂ ਲਈ ਵੱਖਰੀ ਵੱਖਰੀ ਗਰਾਂਟ ਨਿਸ਼ਚਿਤ ਕੀਤੀ ਗਈ ਹੈ। ਇਹ ਵੀ ਮੇਰੇ ਸਾਥੀ ਦੀ ਗਲਤ ਇਨਫਰਮੇਸ਼ਨ ਹੈ। ਇਹ ਗਰਾਂਟ ਇਕੋ ਜਿਹੀ ਹੈ। ਭਾਵ ਕਿ ਬੰਬਾਂ ਨਾਲ ਮਰਨ ਵਾਲਿਆਂ ਲਈ ਵੀ ਉਹੀ ਗਰਾਂਟ ਅਤੇ ਸ਼ੈਲਾਂ ਨਾਲ ਮਰਨ ਵਾਲਿਆਂ ਲਈ ਵੀ ਉਤਨੀ ਹੀ ਗਰਾਂਟ ਹੈ।

ਇਸ ਤੋਂ ਬਾਅਦ ਕੁਰੱਪਟ ਅਫਸਰਾਂ ਦੇ ਮੁਤੱਲਕ ਡਾਂਗ ਸਾਹਿਬ ਨੇ ਕਿਹਾ ਹੈ। ਮੈਂ ਡਾਂਗ ਸਾਹਿਬ ਨੂੰ ਕਹਾਂਗਾ ਕਿ ਕੁਰੱਪਟ ਅਫਸਰਾਂ ਬਾਰੇ ਸਾਡੇ ਨੋਟਿਸ ਵਿਚ ਲਿਆਉ। ਮੈਂ ਯਕੀਨ ਦਿਵਾਉਂਦਾ ਹਾਂ ਕਿ ਗੌਰਮੈਂਟ ਉਸ ਅਫਸਰ ਦੇ ਖਿਲਾਫ ਐਕਸ਼ਨ ਲਵੇਗੀ। ਇਹ ਜਿੰਨੀ ਵੀ ਸਹਾਇਤਾ ਜਾਂ ਮੱਦਦ ਹੈ ਇਹ ਲੋਕਾਂ ਦੇ ਵਾਸਤੇ ਹੈ ਜਿਨ੍ਹਾਂ ਤੇ ਕਿ ਇਸ ਜੰਗ ਦਾ ਅਸਰ ਹੋਇਆ ਹੈ। ਉਸ ਵਿਚ ਕੋਈ ਅਫਸਰ, ਜਿਸ ਨੇ ਕੋਈ ਹੇਰਾ ਫੇਰੀ ਕੀਤੀ, ਗੌਰਮਿੰਟ ਨੂੰ ਉਸ ਦੇ ਨਾਲ ਕੋਈ ਹਮਦਰਦੀ ਨਹੀਂ, ਗੌਰਮਿੰਟ ਸਖਤ ਕਾਰਵਾਈ ਕਰੇਗੀ। ਬਸ਼ਰਤ ਕਿ ਉਹ ਸਾਡੇ ਨੋਟਿਸ ਵਿਚ ਉਸ ਦੀ ਕਾਰਵਾਈ ਲਿਆਉਣ। ਟਿਊਬਵੈਲ ਅਤੇ ਟਰੈਕਟਰਾਂ ਦਾ ਜੋ ਨੁਕਸਾਨ ਹੋਇਆ ਹੈ, ਉਸ ਦਾ ਵੀ ਗੌਰਮਿੰਟ ਨੂੰ ਲਿਖ ਦਿੱਤਾ ਹੈ। ਫਿਰ ਗਧਿਆਂ ਅਤੇ ਬਕਰੀਆਂ ਦਾ ਕਿਹਾ ਗਿਆ। ਇਸ ਬਾਰੇ ਜਿਨ੍ਹਾਂ ਨੇ ਕਿਹਾ ਸੀ ਉਹ ਤਾਂ ਵਾਕ ਆਊਟ ਕਰਕੇ ਬਾਹਰ ਚਲੇ ਗਏ ਹਨ, ਅਸੀਂ ਗੌਰਮਿੰਟ ਆਫ ਇੰਡੀਆ ਨੂੰ ਉਨ੍ਹਾਂ ਨੂੰ ਗਰਾਂਟ ਦੇਣ ਵਾਸਤੇ ਲਿਖਿਆ ਹੈ।

Mr. Chairman : The House stands adjourned till 2.00 P. M. on Monday, the 3rd April, 1972.

2.00 P. M. | *(The Sabha then adjourned till 2-00 P. M. on Monday, the 3rd April, 1972.)*

"©" 1969

Published under the authority of the Punjab Vidhan Sabha.

Printed by :

SANATAN DHARAM PRESS,

Mani Majra.

(Chandi Garh)

PUNJAB VIDHAN SABHA
DEBATES

3rd April, 1972

Vol. I—No. 8

OFFICIAL REPORT

CONTENTS

Monday the 3rd April, 1972

Punjab Vidhan Sabha Secretariat, Chandigarh.

Price Rs. 19/60 P.

ERRATA

TO

PUNJAB VIDHAN SABHA DEBATES

Dated the 3rd April, 1972

Vol. I—No. 8

Read	*For*	*Page*	*Line*
ਅਜੇ	ਜੇ	(8)9	11
ਇੰਡਸਟਰੀਅਲ	ਇੰਡਟਰਅ ੁ	(8)13	18
ਮਾਇਨਾ	ਮਹੀਨਾ	(8)14	7th from below
time by which	time which	(8)19	6
Addressing	Addresing	(8)22	7
change in	change	(8)24	6th from below
statement	statment	(8)25	15th from below
feel	ful	(8)27	2nd from below
Interruptions	Interuptions	(8)28	7th from below
ਸਰਦਾਰ ਜਸਵਿੰਦਰ ਸਿੰਘ ਬਰਾੜ	ਸਰਦਾਰ ਜਸ ਵਿੰਦਰ ਸਿੰਘ	(8)36	17
ਦਿਵਾਉਂਦਾ	ਦਿਵਾਉਂਦ	(8)37	8
ਬੜੇ	ਬੜ	(8)42	2nd from below
establish	estabalish	(8)56	18
report the	report of the	(8)74	19th from below
Report of the	Report the	(8)74	18th from below
recommended	recomended	(8)74	16th from below
Sardar Ajaib Singh Sandhu	Sardar Ajib Sinhg	(8)77	13
will	wil	(8)77	13

PUNJAB VIDHAN SABHA

Monday, the 3rd April, 1972

The Vidhan Sabha met in the Punjab Vidhan Sabha Hall, Vidhan Bhawan, Sector 1, Chandigarh, at 2.00 p.m. of the Clock. Mr. Speaker (Sardar Darbara Singh) in the Chair.

STARRED QUESTIONS AND ANSWERS.

STARRED QUESTIONS NOS. 4,5, AND 6*

ਸ੍ਰੀ ਸਪੀਕਰ: ਸਟਾਰਡ ਕੁਐਸਚਨਜ਼ । ਸਰਦਾਰ ਪ੍ਰੇਮ ਸਿੰਘ ਪ੍ਰੇਮ ਜੀ । (Sardar Prem Singh Prem may please put his Starred Question.)

(ਮਾਨਯੋਗ ਮੈਂਬਰ ਸਰਦਾਰ ਪ੍ਰੇਮ ਸਿੰਘ ਪ੍ਰੇਮ ਇਸ ਸਮੇਂ ਸਦਨ ਵਿਚ ਹਾਜ਼ਰ ਨਹੀਂ ਸਨ ਇਸ ਲਈ ਉਪਰੋਕਤ ਸਵਾਲ ਇਸ ਸਮੇਂ ਪੇਸ਼ ਨਹੀਂ ਕੀਤੇ ਗਏ ।)

GOVERNMENT GRANTS FOR S.D. HIGHER SECONDARY SCHOOL AMRITSAR

*3. **Comrade Satya Pal Dang:** Will the Minister for Education be pleased to state whether it is a fact that Government have stopped the payment of further grants to the S.D. Higher Secondary School, Amritsar, if so, the reasons for the same?

ਸਰਦਾਰ ਉਮਰਾਓ ਸਿੰਘ : ਨਹੀਂ ਜੀ । ਸਕੂਲ ਨੇ ਵਿਭਾਗ ਵਲੋਂ 9/71 ਤਕ ਦੀ ਮਨਜ਼ੂਰ ਹੋਈ ਗਰਾਂਟ ਦੀ ਵਰਤੋਂ ਦੇ ਸਰਟੀਫਿਕੇਟ ਅਜੇ ਤਕ ਵਿਭਾਗ ਨੂੰ ਨਹੀਂ ਦਿਤੇ ਜਿਸ ਕਰਕੇ ਉਨ੍ਹਾਂ ਨੂੰ 9/71 ਤੋਂ ਬਾਅਦ ਦੀ ਗਰਾਂਟ ਜਾਰੀ ਨਹੀਂ ਹੋ ਸਕੀ ।

[No. The School has not furnished the utilization certificates so far for the grants sanctioned by the Department upto 9/71. That is why the grant after 9/71 could not be released to this school.)

ਕਾਮਰੇਡ ਸੱਤਪਾਲ ਡਾਂਗ : ਕੀ ਮਨਿਸਟਰ ਸਾਹਿਬ ਨੂੰ ਪਤਾ ਹੈ ਕਿ ਐਸ. ਡੀ. ਹਾਇਰ ਸੈਕੰਡਰੀ ਸਕੂਲ, ਅੰਮ੍ਰਿਤਸਰ ਦੇ ਟੀਚਰਜ਼ ਨੂੰ 36 ਮਹੀਨੇ ਹੋ ਗਏ ਹਨ ਕੋਈ ਤਨਖਾਹ ਨਹੀਂ ਮਿਲੀ? ਸਤੰਬਰ 1971 ਤੋਂ ਪਹਿਲਾਂ ਮੈਨੇਜਮੈਂਟ ਨੂੰ ਜਿਹੜੀ ਗਰਾਂਟ ਮਿਲੀ ਸੀ, ਉਹ ਗਬਨ ਕਰ ਲਈ ਗਈ ਹੈ ਔਰ ਟੀਚਰਾਂ ਨੂੰ ਕੋਈ ਤਨਖਾਹ ਨਹੀਂ ਮਿਲੀ ?

ਸਿਖਿਆ ਮੰਤਰੀ : ਇਹ ਗੱਲ ਮੇਰੇ ਨੋਟਿਸ ਵਿਚ ਹੈ ਔਰ ਅਸੀਂ ਇਸ ਗੱਲ ਦੀ ਇਨਕੁਆਇਰੀ ਕਰਵਾ ਰਹੇ ਹਾਂ । (ਵਿਘਨ)

*For Starred Questions Nos. 4, 5 and 6 and replies thereto, please see pages (8)15 to (8)23 supra.

ਕਾਮਰੇਡ ਸੱਤ ਪਾਲ ਡਾਂਗ : ਕਿਉਂਕਿ ਉਨ੍ਹਾਂ ਨੂੰ ਇਸ ਗੱਲ ਦਾ ਪਤਾ ਹੈ ਇਸ ਲਈ ਕੀ ਮਨਿਸਟਰ ਸਾਹਿਬ ਇਸ ਗੱਲ ਨੂੰ ਮਦੇ ਨਜ਼ਰ ਰੱਖਦੇ ਹੋਏ,ਇਸ ਗੱਲ ਲਈ ਤਿਆਰ ਹਨ ਕਿ ਅਗੇ ਲਈ ਜੋ ਗਰਾਂਟ ਤਨਖਾਹ, ਦੀ ਸ਼ਕਲ ਵਿਚ ਦਿਤੀ ਜਾਵੇ ਉਸ ਤਨਖਾਹ ਨੂੰ ਵੰਡਣ ਲਈ ਡਰਾਇੰਗ ਐਂਡ ਡਿਸਬਰਸਿੰਗ ਆਫੀਸਰ, ਡਿਸਟਿਕਟ ਐਜੂਕੇਸ਼ਨ ਅਫ਼ਸਰ ਨੂੰ ਬਣਾ ਦਿਤਾ ਜਾਵੇ ?

ਮੰਤਰੀ : ਜੋ ਕੁਝ ਡਾਂਗ ਸਾਹਿਬ ਨੇ ਕਿਹਾ ਹੈ, ਇਨਕੁਆਇਰੀ ਰਿਪੋਰਟ ਆਉਣ ਤੋਂ ਬਾਅਦ ਉਸ ਤੇ ਵਿਚਾਰ ਕਰ ਲਵਾਂਗੇ ।

ਕਾਮਰੇਡ ਸੱਤਪਾਲ ਡਾਂਗ : ਕੀ ਮਨਿਸਟਰ ਸਾਹਿਬ ਇਸ ਗੱਲ ਲਈ ਐਸ਼ਿਓਰ ਕਰਾਉਣਗੇ ਕਿ ਇਸ ਦੌਰਾਨ ਕੋਈ ਹੋਰ ਗਰਾਂਟ ਇਸ ਮੈਨੇਜਮੈਂਟ ਨੂੰ ਨਹੀਂ ਦੇਣਗੇ ਜਿਸ ਨੇ ਕਿ ਪਹਿਲਾ ਗਰਾਂਟ ਵਿਚ ਗਬਨ ਕੀਤਾ ਹੈ ।

ਮੰਤਰੀ : ਗਰਾਂਟ ਸਕੂਲ ਦੀ ਪਹਿਲਾਂ ਹੀ ਬੰਦ ਹੋ ਚੁਕੀ ਹੈ, ਜਿਤਨੀ ਦੇਰ ਇਨਕੁਆਇਰੀ ਪੂਰੀ ਨਹੀਂ ਹੁੰਦੀ ਅਸੀਂ ਕੋਈ ਗਰਾਂਟ ਨਹੀਂ ਦੇਵਾਂਗੇ । (ਵਿਘਨ)

ਡਾਕਟਰ ਅਮੀਰ ਸਿੰਘ ਕਲਕਟ : ਆਮ ਤੌਰ ਤੇ ਇਹੋ ਜਿਹੀਆਂ ਸ਼ਿਕਾਇਤਾਂ ਆਉਂਦੀਆਂ ਰਹਿੰਦੀਆਂ ਹਨ, ਕੀ ਮਨਿਸਟਰ ਸਾਹਿਬ ਇਸ ਬਾਰੇ ਕੋਈ ਪਾਲਿਸੀ ਸਟੇਟਮੈਂਟ ਦੇਣਗੇ ਔਰ ਡਿਸਟ੍ਰਿਕਟ ਅਫ਼ਸਰਾਂ ਨੂੰ ਇਹ ਤਨਖਾਹ ਵਗੈਰਾ ਦੇਣ ਲਈ ਡਰਾਇੰਗ ਐਂਡ ਡਿਸਬਰਸਿੰਗ ਆਫੀਸਰਜ਼ ਬਣਾਉਣ ਲਈ ਤਿਆਰ ਹਨ ?

ਮੰਤਰੀ : ਇਸ ਬਾਰੇ ਨੋਟਿਸ ਦੇ ਦਿਉ, ਜਵਾਬ ਦੇ ਦੇਵਾਂਗੇ । (ਵਿਘਨ)

ਕਾਮਰੇਡ ਸੱਤਪਾਲ ਡਾਂਗ : ਕੀ ਮਨਿਸਟਰ ਸਾਹਿਬ ਦਸਣਗੇ ਕਿ 36 ਮਹੀਨੇ ਹੋ ਗਏ ਹਨ ਮਾਸਟਰਾਂ ਨੂੰ ਤਨਖਾਹ ਨਹੀਂ ਮਿਲ ਰਹੀ, ਹੁਣ ਇਹ ਇਨਕੁਆਇਰੀ ਕਰਵਾਉਣਗੇ ਔਰ ਉਸ ਨੂੰ ਪਤਾ ਨਹੀਂ ਕਿਤਨਾ ਟਾਇਮ ਲਗ ਜਾਵੇ, ਉਤਨਾ ਚਿਰ ਮਾਸਟਰ ਵਿਚਾਰੇ ਖਾਣਗੇ ਕਿਥੋਂ? ਮੈਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਸ ਗਲ ਤੇ ਉਹ ਵਿਚਾਰ ਕਰਨ ਲਈ ਤਿਆਰ ਹਨ ਕਿ ਘਟੋ ਘਟ ਅਗੇ ਲਈ ਤਨਖਾਹ ਉਨ੍ਹਾਂ ਨੂੰ ਮਿਲ ਜਾਵੇ ਔਰ ਇਸ ਦੇ ਲਈ ਡਿਸਟ੍ਰਿਕਟ ਐਜੂਕੇਸ਼ਨ ਅਫ਼ਸਰ ਨੂੰ ਡਰਾਇੰਗ ਐਂਡ ਡਿਸਬਰਸਿੰਗ ਅਫ਼ਸਰ ਬਣਾ ਦਿਤਾ ਜਾਵੇ ?

ਮੰਤਰੀ : ਸਪੀਕਰ ਸਾਹਿਬ, ਮੈਂ ਡਾਂਗ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਜਲਦੀ ਹੀ ਇਨਕੁਆਇਰੀ ਕਰਵਾ ਕੇ ਇਸ ਦਾ ਫੈਸਲਾ ਕਰ ਦਿਤਾ ਜਾਵੇਗਾ ।

ਅਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਕੀ ਮਨਿਸਟਰ ਸਾਹਿਬ ਇਹ ਦਸਣ ਦੀ ਕਿਰਪਾ ਕਰਨਗੇ ਕਿ ਜਦੋਂ 95% ਗਰਾਂਟ ਗੌਰਮਿੰਟ ਦਿੰਦੀ ਹੈ ਤਾਂ ਜੇ ਕਿਤੇ ਕੋਈ ਅਜੇਹਾ ਝਗੜਾ ਹੋ ਜਾਵੇ ਤਾਂ ਕਿ ਗੌਰਮਿੰਟ ਸਿਧੇ ਤੌਰ ਤੇ ਟੀਚਰਜ਼ ਨੂੰ, ਜਿਹੜੇ ਰੈਗੂਲਰ ਸਰਵਿਸ ਵਿਚ ਉਥੇ ਹਨ, ਤਨਖਾਹ ਡਿਸਬਰਸ ਨਹੀਂ ਕਰ ਸਕਦੀ ?

ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਅਗੇ ਹੀ ਇਸ ਬਾਰੇ ਇਹ ਜਵਾਬ ਦਿਤਾ ਹੈ ਕਿ ਸੈਪਰੇਟ ਨੋਟਿਸ ਇਸ ਬਾਰੇ ਆ ਜਾਏ ਤਾਂ ਅਸੀਂ ਜਵਾਬ ਦੇ ਦੇਵਾਂਗੇ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਕੀ ਮਨਿਸਟਰ ਸਾਹਿਬ ਦਸਣਗੇ ਕਿ ਕੀ ਮਾਸਟਰਾਂ ਨੂੰ ਤਨਖਾਹ ਨਾ ਦੇਣਾ ਗਰੀਬੀ ਵਧਾਉਣ ਦਾ ਕੰਮ ਨਹੀਂ ? (ਵਿਘਨ)

ਮੰਤਰੀ: ਡੇਢ ਸਾਲ ਦਾ ਪੁਰਾਣਾ ਕੇਸ ਹੈ। ਤੁਹਾਡੇ ਵੇਲੇ ਦੀਆਂ ਕੀਤੀਆਂ ਅਸੀਂ ਨਜਿੱਠ ਰਹੇ ਹਾਂ ਔਰ ਜਲਦੀ ਹੀ ਨਜਿੱਠ ਲਵਾਂਗੇ।

ਸਰਦਾਰ ਅਜਾਇਬ ਸਿੰਘ ਸੰਧੂ: ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ... (ਵਿਘਨ)

ਇਕ ਆਵਾਜ਼: ਕੁਐਸਚਨ ਆਵਰ ਵਿਚ ਪੁਆਇੰਟ ਆਫ਼ ਆਰਡਰ ਨਹੀਂ ਆ ਸਕਦਾ, ਸਪੀਕਰ ਸਾਹਿਬ। (ਵਿਘਨ)

Mr. Speaker: I will not allow a point of order during the Question Hour.

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਮੈਂ ਪੁਆਇੰਟ ਆਫ਼ ਆਰਡਰ ਰੇਜ਼ ਕਰਨਾ ਚਾਹੁੰਦਾ ਹਾਂ। .... (ਵਿਘਨ)

ਸ੍ਰੀ ਸਪੀਕਰ: ਸਰਦਾਰ ਅਜਾਇਬ ਸਿੰਘ ਜੀ, ਸਾਡੀ ਇਹ ਕਨਵੈਨਸ਼ਨ ਹੈ ਕਿ ਕੁਐਸਚਨ ਆਵਰ ਵਿਚ ਪੁਆਇੰਟ ਆਫ਼ ਆਰਡਰ ਨਹੀਂ ਰੇਜ਼ ਕੀਤਾ ਜਾ ਸਕਦਾ। (ਵਿਘਨ)

(Sardar Ajaib Singh Jee, it is our convention that no point of order can be raised during the Question Hour.)

ਸਰਦਾਰ ਅਜਾਇਬ ਸਿੰਘ ਸੰਧੂ: ਚਲੋ ਜੀ, ਮੈਂ ਬਾਅਦ ਵਿਚ ਕਰ ਲਵਾਂਗਾ। (ਵਿਘਨ)

ਸ੍ਰੀ ਵਿਸ਼ਵਾ ਮਿੱਤਰ ਸੇਖਰੀ: ਕੀ ਮਨਿਸਟਰ ਸਾਹਿਬ ਦਸਣਗੇ ਕਿ ਇਹੋ ਜਿਹੇ ਸਿਮੀਲਰ ਕੇਸਿਜ਼ ਲਈ ਕੋਈ ਡੀਪਾਰਟਮੈਂਟ ਦਾ ਸੀਨੀਅਰ ਅਫ਼ਸਰ ਲਗਾ ਕੇ ਡਾਟਾ ਇਕੱਠਾ ਕਰਨ ਦੀ ਕੋਸ਼ਿਸ਼ ਕਰਨਗੇ?

ਮੰਤਰੀ: ਮੈਂਬਰ ਸਾਹਿਬ ਜੋ ਵੀ ਕੇਸ ਮੇਰੇ ਨੋਟਿਸ ਵਿਚ ਇਹੋ ਜਿਹਾ ਲਿਆਉਣਗੇ ਅਸੀਂ ਉਨ੍ਹਾਂ ਸਾਰਿਆਂ ਕੇਸਾਂ ਦੀ ਇਨਕੁਆਇਰੀ ਕਰਵਾਵਾਂਗੇ।

(ਇਸ ਵਕਤ ਸ੍ਰੀ ਪ੍ਰੇਮ ਗੁਪਤਾ ਸਪਲੀਮੈਂਟਰੀ ਕਰਨ ਲਈ ਖੜ੍ਹੇ ਹੋਏ)

ਸ੍ਰੀ ਸਪੀਕਰ: ਮੇਰਾ ਖਿਆਲ ਹੈ ਕਿ ਕਾਫੀ ਸਪਲੀਮੈਂਟਰੀਜ਼ ਇਸ ਸਵਾਲ ਤੇ ਹੋ ਗਏ ਹਨ। (ਵਿਘਨ) (I think more than sufficient supplementaries have been put on this question) (*Interruption*)

ਕਾਮਰੇਡ ਸੱਤਪਾਲ ਡਾਂਗ: ਸਪੀਕਰ ਸਾਹਿਬ, ਤਿੰਨ ਤਾਂ ਸਾਰੇ ਸਵਾਲ ਹਨ ਔਰ ਇਕ ਘੰਟਾ ਪੂਰਾ ਕਰਨਾ ਹੈ। (ਵਿਘਨ)

ਸ੍ਰੀ ਪ੍ਰੇਮ ਗੁਪਤਾ: ਸਪੀਕਰ ਸਾਹਿਬ, ਜਦੋਂ 95 ਫੀ ਸਦੀ ਗਰਾਂਟ ਦੇਣ ਦਾ ਫੈਸਲਾ ਕੀਤਾ ਗਿਆ ਸੀ ਤਾਂ ਪ੍ਰਾਈਵੇਟ ਸਕੂਲਾਂ ਦੀਆਂ ਮਨੇਜਮੈਂਟਸ ਸਰਕਾਰ ਦੀਆਂ ਡਾਇਰੈਕਸ਼ਨਜ਼ ਨਾਲ ਨਵੀਆਂ ਬਣਨੀਆਂ ਸਨ ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਅਜੇ ਤਕ ਬਣੀਆਂ ਹਨ ਜਾਂ ਨਹੀਂ? ਜੇ ਨਹੀਂ ਬਣੀਆਂ ਤਾਂ ਕਿਤਨੀ ਦੇਰ ਤਕ ਬਣ ਜਾਣਗੀਆਂ?

ਮੰਤਰੀ: ਸਪੀਕਰ ਸਾਹਿਬ, ਇਹ ਸਵਾਲ ਦੇ ਸਕੋਪ ਵਿਚ ਤਾਂ ਨਹੀਂ ਆਉਂਦਾ, ਇਸ ਦੇ ਲਈ ਨੋਟਿਸ ਦੇ ਦੇਣ ਅਸੀਂ ਜਵਾਬ ਦੇ ਦਿਆਂਗੇ । (ਵਿਘਨ)

ਸ੍ਰੀ ਸਪੀਕਰ : ਸਰਦਾਰ ਉਮਰਾਓ ਸਿੰਘ ਜੀ, ਇਹ ਸਵਾਲ ਦੇ ਸਕੋਪ ਵਿਚ ਤਾਂ ਆਉਂਦਾ ਹੈ .... (ਵਿਘਨ) (Sardar Umrao Singh Jee, it does come within the scope of this question.)

ਮੰਤਰੀ : ਸਪੀਕਰ ਸਾਹਿਬ, ਮੇਰੇ ਨੋਟਿਸ ਵਿਚ ਇਹ ਇਕ ਕੇਸ ਆਇਆ ਹੈ । ਜੇਕਰ ਇਸ ਕਿਸਮ ਦੇ ਹੋਰ ਸਕੂਲਾਂ ਦੇ ਕੇਸ ਆਏ ਤਾਂ ਯਕੀਨਨ ਅਸੀਂ ਕੋਈ ਸਾਂਝੀ ਪਾਲਿਸੀ ਬਣਾਵਾਂਗੇ ਕਿ ਟੀਚਰਾਂ ਨੂੰ ਤਨਖਾਹ ਵਕਤ ਸਿਰ ਮਿਲੇ । (ਵਿਘਨ)

ਕਾਮਰੇਡ ਸੱਤਪਾਲ ਡਾਂਗ : ਕੀ ਮਨਿਸਟਰ ਸਾਹਿਬ ਨੂੰ ਪਤਾ ਹੈ ਕਿ ਐਸ. ਡੀ. ਹਾਇਰ ਸੈਕੰਡਰੀ ਸਕੂਲ, ਅੰਮ੍ਰਿਤਸਰ ਦੇ ਟੀਚਰਾਂ ਨੂੰ ਕਿਹਾ ਗਿਆ ਕਿ ਝੂਠੇ ਦਸਤਖਤ ਕਰ ਦਿਓ ਕਿ ਅਸੀਂ ਤਨਖਾਹ ਵਸੂਲ ਪਾ ਲਈ ਹੈ ਪਰ ਉਨ੍ਹਾਂ ਨੇ ਇਨਕਾਰ ਕਰ ਦਿਤਾ ਜਿਸ ਦੇ ਨਤੀਜੇ ਦੇ ਤੌਰ ਤੇ ਉਨ੍ਹਾਂ ਦੀ ਛਾਂਟੀ ਕਰਨੀ ਸ਼ੁਰੂ ਕਰ ਦਿਤੀ ਗਈ ਹੈ । (ਵਿਘਨ) ਪ੍ਰਾਇਮਰੀ ਸੈਕਸ਼ਨ ਬੰਦ ਹੋ ਗਿਆ ਹੈ । (ਵਿਘਨ) ਕੀ ਮਨਿਸਟਰ ਸਾਹਿਬ ਇਸ ਗਲ ਲਈ ਅਸ਼ੋਅਰ ਕਰਾਉਣਗੇ ਕਿ ਇਨਕੁਆਇਰੀ ਦੀ ਰਿਪੋਰਟ ਦੇਣ ਲਈ ਉਹ 5–7 ਦਿਨ ਮੁਕੱਰਰ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਅਗੇ ਹੀ ਕਿਹਾ ਹੈ ਕਿ ਜਲਦੀ ਹੀ ਇਹ ਇਨਕੁਆਇਰੀ ਮੁਕਾ ਦਿਆਂਗੇ । (ਵਿਘਨ) ਇਹ ਅਗਲੇ ਹਫਤੇ ਵਿਚ ਹੀ ਕੰਪਲੀਟ ਕਰ ਦਿਆਂਗੇ ।

ਚੌਧਰੀ ਰਾਮ ਸਿੰਘ : ਕੀ ਵਿਦਿਆ ਮੰਤਰੀ ਸਾਹਿਬ ਦਸਣਗੇ ਕਿ ਇਕ ਸਿਮੀਲਰ ਕੇਸ ਕੰਨਿਆਂ ਮਹਾਂ ਵਿਦਿਆਲਯ, ਪਠਾਨਕੋਟ ਦਾ ਹੈ ਕਿ ਟੀਚਰਾਂ ਨੂੰ ਤਨਖਾਹ ਨਹੀਂ ਦਿਤੀ ਗਈ ਔਰ ਉਨ੍ਹਾਂ ਨੂੰ ਨੋਟਿਸ ਦੇ ਦਿਤੇ ਗਏ ਹਨ । ਇਹ ਨੋਟਿਸ ਚਪੜਾਸੀ ਤੋਂ ਲੈ ਕੇ ਹੈਡਮਿਸਟਰੈਸ ਤਕ ਇਸ਼ੂ ਕਰ ਦਿਤੇ ਗਏ ਹਨ । ਇਸ ਬਾਰੇ ਕੀ ਕੀਤਾ ਹੈ?

ਮੰਤਰੀ : ਇਸ ਦੇ ਬਾਰੇ ਸੈਪਰੇਟ ਨੋਟਿਸ ਦੇ ਦਿਓ, ਜਵਾਬ ਦੇ ਦਿਆਂਗੇ ਜੀ ।

ਮੈਂ ,ਸਪੀਕਰ ਸਾਹਿਬ, ਆਨਰੇਬਲ ਮੈਂਬਰਜ਼ ਦੇ ਨਾਲਜ ਲਈ ਇਹ ਦਸਣਾ ਚਾਹੁੰਦਾ ਹਾਂ ਕਿ ਪਿਛਲੇ ਅਸੈਂਬਲੀ ਸੈਸ਼ਨ ਵਿਚ ਟੀਚਰਾਂ ਦੀ ਸਿਕਿਉਰਟੀ ਵਾਸਤੇ ਇਕ ਐਕਟ ਬਣਾਇਆ ਗਿਆ ਸੀ ਔਰ ਇਸ ਐਕਟ ਵਿਚ ਟੀਚਰਜ਼ ਨੂੰ ਰੈਮੇਡੀਜ਼ ਪ੍ਰੋਵਾਈਡਡ ਹਨ । ਮੈਂ ਇਹ ਮੈਂਬਰਜ਼ ਸਾਹਿਬਾਨ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਹ ਇਨ੍ਹਾਂ ਰੈਮੇਡੀਜ਼ ਨੂੰ ਵਰਤਣ ਔਰ ਟੀਚਰਾਂ ਨੂੰ ਫਾਇਦਾ ਪਹੁੰਚਾਉਣ । (ਵਿਘਨ)

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਟੀਚਰਾਂ ਨੂੰ 36 ਮਹੀਨੇ ਹੋ ਗਏ ਹਨ ਤਨਖਾਹ ਨਹੀਂ ਮਿਲੀ, ਉਸ ਐਕਟ ਵਿਚ ਇਸ ਲਈ ਤਾਂ ਕੋਈ ਰੈਮੇਡੀ ਨਹੀਂ ...(ਵਿਘਨ)

Minister for Education : I will examine this thing also.

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਜਲੰਧਰ ਵਿਚ ਇਕ ਬਿਆਨ ਦਿਤਾ ਸੀ ਕਿ ਤਾਲੀਮ ਜਿਹੜੀ ਹੈ ਉਹ ਨੈਸ਼ਨੇਲਾਈਜ਼ ਕੀਤੀ ਜਾਵੇ । ਇਹ ਇਥੇ ਕਹਿੰਦੇ ਹਨ ਕਿ ਨੋਟਿਸ ਦਿਓ । (ਵਿਘਨ) ਉਨ੍ਹਾਂ ਦਾ ਕੀ ਮੰਤਵ ਹੈ । (ਵਿਘਨ) ਉਹ ਇਕ ਅਗਾਂਹ ਵੱਧੂ ਵਿਅਕਤੀ ਹਨ ਉਨ੍ਹਾਂ ਨੂੰ ਇਹ ਕੰਮ ਕਰ ਦੇਣਾ ਚਾਹੀਦਾ ਹੈ । (ਵਿਘਨ)

ਮੰਤਰੀ : ਸਪੀਕਰ ਸਾਹਿਬ, ਇਹ ਸਵਾਲ ਦੇ ਸਕੋਪ ਵਿਚ ਤਾਂ ਨਹੀਂ ਆਉਂਦਾ। ਪਰ ਮੈਂ ਇਨ੍ਹਾਂ ਨੂੰ ਇਹ ਦਸਣਾ ਚਾਹੁੰਦਾ ਹਾਂ ਕਿ ਮੈਂ ਇਸ ਬਾਰੇ ਆਪਣੀ ਰਾਏ ਜ਼ਾਹਿਰ ਕੀਤੀ ਸੀ। (ਵਿਘਨ) ਅਸੀਂ ਬਜਟ ਵਗੈਰਾ ਦੇਖਣਾ ਹੈ, ਹੋਰ ਕਈ ਗਲਾਂ ਦੇਖਣ ਵਾਲੀਆਂ ਹਨ। ਇਹ ਸਾਰੀਆਂ ਗਲਾਂ ਦੇਖ ਕੇ ਉਸ ਹਿਸਾਬ ਨਾਲ ਕੋਈ ਵਿਚਾਰ ਕਰਾਂਗੇ। (ਵਿਘਨ)

ਸ੍ਰੀ ਸਪੀਕਰ : ਕੀ ਇਸ ਦੇ ਲਈ ਕਾਨਸਟੀਚੂਸ਼ਨ ਅਲਾਓ ਕਰਦਾ ਹੈ? (ਵਿਘਨ) (Is there any provision in the Constitution covering this?) (Interruption)

ਮੰਤਰੀ : ਸਪੀਕਰ ਸਾਹਿਬ, ਉਸ ਦੇ ਲਈ ਕਮਪਨਸੇਸ਼ਨ ਦੇਵਾਂਗੇ। (ਵਿਘਨ) ਇਹ ਲੀਗਲ ਪੁਆਇੰਟ ਹੈ। ਸਾਰਾ ਕੁਝ ਐਗਜ਼ਾਮਿਨ ਕਰਕੇ ਹੀ ਕੋਈ ਵਿਚਾਰ ਕਰਾਂਗੇ। This point requires clarification.

ਸਰਦਾਰ ਸੁਰਜੀਤ ਸਿੰਘ : ਸਪੀਕਰ ਸਾਹਿਬ, ਮੈਂ ਵਿਦਿਆ ਮੰਤਰੀ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਜੇ ਕੋਈ ਚੀਜ਼ਾਂ ਉਨ੍ਹਾਂ ਨੂੰ ਇਸ ਸਿਲਸਲੇ ਵਿਚ ਚੰਗੀਆਂ ਲਗੀਆਂ ਹਨ, ਅਤੇ ਉਨ੍ਹਾਂ ਦਾ ਉਹ ਚੀਜ਼ਾਂ ਨੂੰ ਅਪਨਾਉਣ ਦਾ ਇਰਾਦਾ ਹੈ ਤਾਂ ਉਨ੍ਹਾਂ ਚੀਜ਼ਾਂ ਨੂੰ ਅਡਾਪਟ ਕਰਨ ਵਿਚ ਕੀ ਡਿਫੀਕਲਟੀਜ਼ ਹਨ? ਕੀ ਇਸ ਬਾਰੇ ਦਸਣਗੇ?

ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਸਿਰਫ਼ ਪਿਛਲੇ ਦੋ ਹਫਤਿਆਂ ਤੋਂ ਹੀ ਇਸ ਮਹਿਕਮੇ ਦਾ ਚਾਰਜ ਸੰਭਾਲਿਆ ਹੈ। ਜਿਨੀਆਂ ਚੰਗੀਆਂ ਚੀਜ਼ਾਂ ਹੋਣਗੀਆਂ ਅਸੀਂ ਉਨ੍ਹਾਂ ਲਈ ਆਉਣ ਵਾਲੀਆਂ ਰੁਕਾਵਟਾਂ ਨੂੰ ਧਿਆਨ ਵਿਚ ਰਖਕੇ ਅਤੇ ਉਨ੍ਹਾਂ ਨੂੰ ਲੀਗਲ ਪਹਿਲੂਆਂ ਤੋਂ ਐਗਜ਼ਾਮਨ ਕਰਕੇ ਲਾਗੂ ਕਰਨ ਲਈ ਹਾਊਸ ਵਿਚ ਲਿਆਉਣ ਦਾ ਯਤਨ ਕਰਾਂਗੇ।

ਅਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਕੀ ਵਿਦਿਆ ਮੰਤਰੀ ਸਾਹਿਬ ਦਸਣ ਦੀ ਕਿਰਪਾ ਕਰਨਗੇ ਕਿ ਜਿਹੜਾ ਸਾਡਾ ਸੰਵਿਧਾਨ ਹੈ ਕੀ ਉਹ ਮਾਈਨਾਰਟੀਜ਼ ਦੇ ਸਕੂਲਾਂ ਨੂੰ ਨੈਸ਼ਨਾਲਾਇਜ਼ ਕਰਨ ਦੀ ਆਗਿਆ ਦੇਣ ਤੋਂ ਮਨਾਹੀ ਨਹੀਂ ਕਰਦਾ?

(ਕੋਈ ਉਤਰ ਨਹੀਂ ਦਿਤਾ ਗਿਆ)

NUMBER OF GARDEN COLONIES IN THE STATE

*9 **Sardar Darshan Singh K.P.:** Will the Minister for Education be pleased to state:

(a) the total number of garden colonies in the State at present together with the area of land in terms of standard acres allotted by the Government to each person or group of persons;

(b) whether it has come to the notice of the Government that in the case of large number of garden colonies, the lands, originally allotted for setting up the garden colonies are not actually used for this purpose;

(c) if answer to part (*b*) above be in the affirmative, whether some lands out of those mentioned above are used for purposes other than planting of orchards thereon?

Sardar Umrao Singh (a) There are 14 garden colonies in the Punjab State. Area to the extent of 10192-2 SAs. has been allotted to 581 allottees. In other words each allottee has been allotted 19-4 approximately.

[Minister for Education]

(b) This Department is not aware of the fact whether the land originally allotted for setting up the garden colonies is being used for purposes other than planting of orchards. Since this information was not required to be maintained, it will now take some time for its collection after spot inspection of the garden colonies.

(c) In view of the reply to (*b*) above, the question does not arise.

[(ੳ) ਪੰਜਾਬ ਰਾਜ ਵਿਚ 14 ਗਾਰਡਨ ਕਾਲੋਨੀਆਂ ਹਨ। 581 ਅਲਾਟੀਆਂ ਨੂੰ 10, 192 ਸਟੈਂਡਰਡ ਏਕੜ 2 ਯੂਨਿਟ ਰਕਬਾ ਅਲਾਟ ਕੀਤਾ ਗਿਆ ਹੈ। ਦੂਜੇ ਸ਼ਬਦਾਂ ਵਿਚ ਹਰ ਇਕ ਅਲਾਟੀ ਨੂੰ ਤਕਰੀਬਨ 19 ਸਟੈਂਡਰਡ ਏਕੜ 4 ਯੂਨਿਟ ਰਕਬਾ ਅਲਾਟ ਕੀਤਾ ਗਿਆ ਹੈ।

(ਬੀ) ਇਸ ਵਿਭਾਗ ਨੂੰ ਇਸ ਗਲ ਦਾ ਪੂਰਾ ਪਤਾ ਨਹੀਂ ਕਿ ਜੋ ਰਕਬਾ ਗਾਰਡਨ ਕਾਲੋਨੀਆਂ ਵਿਚ ਬਾਗ ਆਦਿ ਲਗਾਉਣ ਲਈ ਅਲਾਟ ਕੀਤਾ ਗਿਆ ਸੀ ਉਹ ਹੋਰ ਕੰਮ ਲਈ ਪ੍ਰਯੋਗ ਵਿਚ ਲਿਆਂਦਾ ਜਾ ਰਿਹਾ ਹੈ। ਇਹ ਸੂਚਨਾ ਇਸ ਵਿਭਾਗ ਦੇ ਮੰਤਵ ਲਈ ਇੱਕਤਰ ਕਰਨੀ ਜ਼ਰੂਰੀ ਨਹੀਂ ਸੀ। ਇਸ ਲਈ ਇਸ ਨੂੰ ਹੁਣ ਇੱਕਤਰ ਕਰਨਾ ਹੋਵੇ ਤਾਂ ਗਾਰਡਨ ਕਲੋਨੀਆਂ ਦੇ ਵਿਚ ਮੌਕਾ ਵੇਖ ਕੇ ਇੱਕਤਰ ਕੀਤਾ ਜਾ ਸਕਦਾ ਹੈ ਜਿਸ ਵਿਚ ਕਾਫੀ ਸਮਾਂ ਲਗ ਸਕਦਾ ਹੈ।

(ਸੀ) ਉਪਰੋਕਤ 'ਬੀ' ਤੇ ਦਸੇ ਜਵਾਬ ਅਨੁਸਾਰ ਉਤਰ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।]

ਸਰਦਾਰ ਦਰਸ਼ਨ ਸਿੰਘ ਕੇ. ਪੀ: ਮੈਂ ਮੰਤਰੀ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਇਹ ਗਾਰਡਨ ਕਾਲੋਨੀਆਂ ਬਾਗਾਂ ਵਾਸਤੇ ਸਨ, ਪਰ ਬਾਗ ਲਗਾਏ ਨਹੀਂ, ਕੀ ਉਹ ਜ਼ਮੀਨ ਸਰਪਲਸ ਨਹੀਂ ਹੋ ਗਈ?

ਸਿਖਿਆ ਮੰਤਰੀ: ਸਪੀਕਰ ਸਾਹਿਬ, ਕਾਨੂੰਨ ਦੇ ਮੁਤਾਬਕ ਤਾਂ ਜ਼ਮੀਨ ਸਰਪਲਸ ਨਹੀਂ ਹੋਈ। ਹਦਾਇਤਾਂ ਅਨੁਸਾਰ ਜਿਹੜਾ ਰਕਬਾ ਗਾਰਡਨ ਕਾਲੋਨੀਜ਼ ਵਾਸਤੇ ਰਖਿਆ ਗਿਆ ਸੀ, ਜੇ ਕਰ ਕਿਸੇ ਨੇ ਗਾਰਡਨ ਨਹੀਂ ਲਾਇਆ ਤਾਂ ਉਸ ਤੇ ਕੋਈ ਕਾਨੂੰਨੀ ਐਕਸ਼ਨ ਨਹੀਂ ਲਿਆ ਜਾ ਸਕਦਾ।

ਸ੍ਰੀ ਸਪੀਕਰ: ਜਿਹੜੀ ਉਹ ਜ਼ਮੀਨ ਸੀ, ਉਥੇ ਬਾਗਾਂ ਲਈ ਕੋਈ ਐਗਜ਼ੈਂਪਸ਼ਨ ਸੀ ਜਾਂ...(ਵਿਘਨ)
(Was there any exemption in respect of the gardens on that land or ... (Interruption.)

ਮੰਤਰੀ: ਸਪੀਕਰ ਸਾਹਿਬ, ਇਹ ਐਗਜ਼ੈਪਸ਼ਨ ਨਹੀਂ ਸੀ। ਇਹ ਰਕਬਾ ਅਲਾਟਮੈਂਟ ਵਾਸਤੇ ਰਖਿਆ ਗਿਆ ਸੀ ਕਿ ਇਸ ਤੇ ਬਾਗ ਲਗਾਏ ਜਾਣਗੇ। ਇਸ ਬਾਰੇ ਅਰਜ਼ ਹੈ ਕਿ ਕਈ ਥਾਵਾਂ ਤੇ ਬਾਗ ਲਗਾਏ ਗਏ, ਪਰ ਉਹ ਕਾਮਯਾਬ ਨਹੀਂ ਹੋ ਸਕੇ। 5, 5, 10:10 ਸਾਲ ਬਾਗ ਲਾਉਣ ਤੋਂ ਬਾਅਦ ਜਦੋਂ ਕਾਮਯਾਬ ਨਾ ਹੋਏ ਤਾਂ ਉਥੋਂ ਪਲਾਂਟਸ ਵੱਢ ਦਿਤੇ ਗਏ। ਐਸੀ ਸੂਰਤ ਵਿਚ ਕੋਈ ਲੀਗਲ ਐਕਸ਼ਨ ਨਹੀਂ ਲਿਆ ਜਾ ਸਕਦਾ।

ਅਚਾਰਿਆ ਪ੍ਰਿਥਵੀ ਸਿੰਘ ਆਜ਼ਾਦ: ਕੀ ਮੰਤਰੀ ਮਹੋਦਯ ਇਹ ਦਸਣ ਦੀ ਕਿਰਪਾ ਕਰਨਗੇ ਕਿ ਜਿਹੜੀ ਗਾਰਡਨ ਕਾਲੋਨੀਜ਼ ਵਾਸਤੇ ਜ਼ਮੀਨ ਅਲਾਟ ਹੋਈ ਸੀ, ਉਸ ਵਕਤ ਐਗਰੀਮੈਂਟ ਹੋਇਆ ਸੀ ਜਾਂ ਨਹੀਂ, ਕਿ ਜੇ ਉਸ ਜਗ੍ਹਾ ਤੇ ਬਾਗ਼ ਨਹੀਂ ਲਗਾਇਆ ਗਿਆ ਤਾਂ ਉਸ ਜ਼ਮੀਨ ਦੀ ਅਲਾਟਮੈਂਟ ਕੈਂਸਲ ਹੋ ਜਾਏਗੀ?

ਵਿਕਾਸ ਅਤੇ ਖੇਤੀ ਬਾੜੀ ਮੰਤਰੀ : ਇਹ ਜ਼ਮੀਨ ਮੁਫਤ ਅਲਾਟ ਨਹੀਂ ਹੋਈ ਸੀ ਇਹ ਜ਼ਮੀਨ, ਜਿਹੜੀ ਵੈਸਟ ਪਾਕਿਸਤਾਨ ਦੇ ਵਿਚ ਸੀ ਉਸ ਦੇ ਇਵਜ਼ਾਨੇ ਵਿਚ ਦਿਤੀ ਗਈ ਸੀ। ਇਹ ਐਗਜ਼ੈਂਪਸ਼ਨ ਜਿਹੜੀ ਹੈ ਉਨ੍ਹਾਂ ਦੀ ਹੋਲਡਿੰਗ ਤੇ ਲਾਗੂ ਹੋ ਜਾਏਗੀ, ਜਦੋਂ ਇਸ ਬਾਰੇ ਨਵਾਂ ਐਕਟ ਬਣ ਜਾਏਗਾ।

ਕਾਮਰੇਡ ਸੱਤਪਾਲ ਡਾਂਗ : ਕੀ ਇਹ ਹਕੀਕਤ ਹੈ ਜਾਂ ਨਹੀਂ ਕਿ ਇਨ੍ਹਾਂ ਗਾਰਡਨ ਕਾਲੋਨੀਜ਼ ਲਈ ਜਿਹੜੀ ਜਗ੍ਹਾਂ ਅਲਾਟ ਕੀਤੀ ਗਈ ਸੀ ਉਹ 30 ਸਟੈਂਡਰਡ ਏਕੜ ਤੋਂ ਫ਼ਾਲਤੂ ਸੀ। ਅਗਰ ਉਨ੍ਹਾਂ ਨੇ ਉਸ ਜਗ੍ਹਾ ਤੇ ਬਾਗ਼ ਨਹੀਂ ਲਗਾਏ, ਤਾਂ ਜਿਹੜੀ ਜਗ੍ਹਾ ਫ਼ਾਲਤੂ ਹੈ, ਉਸ ਨੂੰ ਸਰਪਲਸ ਕਰਾਰ ਦੇ ਕੇ ਗੌਰਮੈਂਟ ਦੂਸਰੇ ਲੋਕਾਂ ਨੂੰ ਅਲਾਟ ਕਰ ਦੇਵੇਗੀ ?

ਸਿਖਿਆ ਮੰਤਰੀ : ਸਪੀਕਰ ਸਾਹਿਬ, ਇਸ ਬਾਰੇ ਡਾਂਗ ਸਾਹਿਬ ਸੈਪਰੇਟ ਨੋਟਿਸ ਦੇ ਦੇਣ ਅਸੀਂ ਜਵਾਬ ਦੇ ਦਿਆਂਗੇ।

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਵਜ਼ੀਰ ਸਾਹਿਬ, ਇਸ ਜਵਾਬ ਤੋਂ ਸੈਟਿਸਫ਼ਾਈਡ ਹਨ ? ਕੀ ਇਹ ਮਹਿਕਮੇ ਦੀ ਜ਼ਿਮੇਵਾਰੀ ਨਹੀਂ ਸੀ ਕਿ ਉਸ ਜਗ੍ਹਾ ਦਾ ਸਰਵੇ ਕਰਦਾ ਕਿ ਜਿਸ ਪਰਪਜ਼ ਲਈ ਜ਼ਮੀਨ ਦਿਤੀ ਗਈ ਸੀ, ਉਸ ਲਈ ਹੀ ਇਸਤੇਮਾਲ ਹੁੰਦੀ? ਗਾਰਡਨ ਦਾ ਮਸਲਾ ਸਾਡੇ ਪ੍ਰਦੇਸ਼ ਲਈ ਜ਼ਰੂਰੀ ਹੈ।

ਮੰਤਰੀ : ਮੈਂ ਅਗੇ ਵੀ ਕਿਹਾ ਹੈ ਕਿ ਬਹੁਤ ਸਾਰੇ ਕੇਸਿਜ਼ ਦਾ ਸਾਨੂੰ ਪਤਾ ਲਗਾ ਹੈ ਕਿ ਜਿਥੇ ਗਾਰਡਨਜ਼ ਲਗਾਏ ਗਏ, ਪਰ ਗਾਰਡਨ ਕਾਮਯਾਬ ਨਹੀਂ ਹੋਏ। ਇਸ ਵਾਸਤੇ ਮੈਂ ਕਹਿੰਦਾ ਹਾਂ ਕਿ ਮੈਂਬਰ ਸਾਹਿਬਾਨ ਇਸ ਬਾਰੇ ਸਪੈਸਿਫ਼ਿਕ ਸਵਾਲ ਦੇ ਦੇਣ ਮੈਂ ਜਵਾਬ ਦੇ ਦਿਆਂਗਾ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਕੀ ਮੰਤਰੀ ਮਹੋਦਯ ਨੂੰ ਇਸ ਤੱਥ ਦਾ ਪਤਾ ਹੈ ਕਿ ਗਾਰਡਨ ਕਾਲੋਨੀਜ਼ ਵਿਚ ਇਨ੍ਹਾਂ ਨੂੰ ਗਾਰਡਨਜ਼ ਲਈ ਜ਼ਮੀਨ ਅਲਾਟ ਕੀਤੀ ਗਈ, ਉਥੇ ਉਨ੍ਹਾਂ ਨੂੰ ਪਾਣੀ ਆਦਿ ਦੀਆਂ ਬਹੁਤ ਸਾਰੀਆਂ ਰਿਆਇਤਾਂ ਵੀ ਦਿਤੀਆਂ ਗਈਆਂ। ਜੇ ਉਥੇ ਬਾਗ਼ ਸਫ਼ਲ ਨਹੀਂ ਹੋਏ ਤਾਂ ਕੀ ਸਰਕਾਰ ਉਹ ਰਿਆਇਤਾ ਵਾਪਸ ਕਰਨ ਦੀਆਂ ਹਦਾਇਤਾਂ ਜਾਰੀ ਕਰੇਗੀ ?

(ਇਸ ਵਕਤ ਵਿਕਾਸ ਤੇ ਖੇਤੀਬਾੜੀ ਮੰਤਰੀ ਉਤਰ ਦੇਣ ਲਈ ਖੜੇ ਹੋਏ)

ਅਵਾਜ਼ਾਂ : ਇਕ ਸੁਆਲ ਦਾ ਕਿੰਨੇ ਮੰਤਰੀ ਜਵਾਬ ਦੇਣਗੇ? (ਵਿਘਨ)

ਸਿਖਿਆ ਮੰਤਰੀ : ਮੈਂ ਇਸ ਕਰਕੇ ਕੈਪਟਨ ਸਾਹਿਬ ਨੂੰ ਜਵਾਬ ਦੇਣ ਲਈ ਕਿਹਾ ਸੀ ਕਿਉਂਕਿ ਇਹ ਰਿਆਇਤਾਂ ਐਗਰੀਕਲਚਰ ਵਿਚ ਆ ਜਾਂਦੀਆਂ ਹਨ। ਇਹ ਚੀਜ਼ ਇਸ ਸੁਆਲ ਦੇ ਸਕੋਪ ਵਿਚ ਤਾਂ ਆਉਂਦੀ ਨਹੀਂ।

ਸ੍ਰੀ ਸਪੀਕਰ : ਇਹ ਚੀਜ਼ ਸੁਆਲ ਦੇ ਸਕੋਪ ਵਿਚ ਤਾਂ ਆ ਜਾਂਦੀ ਹੈ। ਜੇ ਉਹ ਜ਼ਮੀਨ ਜਿਸ ਪਰਪਜ਼ ਲਈ ਦਿਤੀ ਗਈ ਸੀ, ਉਸ ਲਈ ਨਹੀਂ ਵਰਤੀ ਜਾਂਦੀ ਤਾਂ ਉਹ ਵਾਪਸ ਲਿਤੀ ਜਾ ਸਕਦੀ ਹੈ। ਇਸ ਲਈ ਨੋਟਿਸ ਦੀ ਕੋਈ ਲੋੜ ਨਹੀਂ। (This thing does come within the scope of the question. If the land was not utilized for the purpose for which it was allotted then that can be taken back. Hence there is no need for fresh notice).

ਸਰਦਾਰ ਗੁਰਬੰਤਾ ਸਿੰਘ : ਕੀ ਵਜ਼ੀਰ ਸਾਹਿਬ ਇਹ ਦਸਣਗੇ ਕਿ ਜਿਨ੍ਹਾਂ ਲੋਕਾਂ ਨੂੰ ਬਾਗ਼ ਲਾਉਣ ਵਾਸਤੇ ਜ਼ਮੀਨਾਂ ਮਿਲੀਆਂ (ਵਿਘਨ) ਔਰ ਬਾਗ਼ ਲਾਉਣ ਵਾਸਤੇ ਰਿਆਇਤਾਂ ਮਿਲੀਆਂ ਔਰ ਜ਼ਮੀਨ ਵੀ ਫ਼ਾਲਤੂ ਮਿਲੀ, ਜੇ ਉਨ੍ਹਾਂ ਲੋਕਾਂ ਨੇ ਬਾਗ਼ ਨਹੀਂ ਲਾਏ, ਕਾਮਯਾਬ ਨਾ ਹੋਣ ਵਾਲੀ ਗਲ ਗਲਤ ਹੈ, ਤਾਂ ਕੀ ਉਨ੍ਹਾਂ ਲੋਕਾਂ ਕੋਲੋਂ ਸਰਕਾਰ ਉਹ ਜ਼ਮੀਨਾਂ ਵਾਪਸ ਲੈਣ ਲਈ ਤਿਆਰ ਹੈ ਜਾਂ ਨਹੀਂ ?

ਮੰਤਰੀ : ਮੈਂ ਅਗੇ ਵੀ ਕਿਹਾ ਹੈ ਕਿ ਇਸ ਸੁਆਲ ਦੇ ਵਿਚੋਂ ਇਹ ਸੁਆਲ ਨਹੀਂ ਨਿਕਲਦਾ । ਮਾਸਟਰ ਜੀ ਹੋਰ ਸੁਆਲ ਦੇ ਦੇਣ ਅਸੀਂ ਜਵਾਬ ਦੇ ਦਿਆਂਗੇ । (ਵਿਘਨ)

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਮੈਂ ਆਪ ਜੀ ਦੀ ਆਗਿਆ ਨਾਲ ਮੰਤਰੀ ਮਹੋਦਯ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਿਸ ਵੇਲੇ ਜ਼ਮੀਨਾਂ ਦੀ ਅਲਾਟਮੈਂਟ ਹੋਈ ਸੀ, ਉਹ ਇਸ ਬਿਨਾ ਤੇ ਹੋਈ ਸੀ ਕਿ ਉਥੇ ਲੋਕ ਬਾਗ਼ ਲਾਉਣਗੇ ਅਤੇ ਗਾਰਡਨ ਕਾਲੋਨੀਜ਼ ਲਾਉਣ ਵਾਸਤੇ ਰਿਆਇਤਾਂ ਦਿਤੀਆਂ ਗਈਆਂ ਸਨ । ਕੀ ਸਰਕਾਰ ਨੇ ਇਸ ਬਾਰੇ ਸਰਵੇ ਕੀਤਾ ਹੈ ਕਿ ਉਨ੍ਹਾਂ ਗਾਰਡਨਜ਼ ਕਾਲੋਨੀਜ਼ ਵਿਚ ਬਾਗ ਲਗੇ ਹੋਏ ਹਨ ਜਾਂ ਨਹੀਂ ?

ਸ੍ਰੀ ਸਪੀਕਰ : ਇਸ ਦਾ ਜਵਾਬ ਤਾਂ ਅਗੇ ਦੇ ਚੁਕੇ ਹਨ । (Its reply has already been given.)

ਸ੍ਰੀ ਗੁਰਦਿਆਲ ਸੈਣੀ : ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਆਪਣੇ ਜਵਾਬ ਵਿਚ ਕਿਹਾ ਹੈ ਕਿ ਕੁਝ ਬਾਗ਼ ਲਗੇ ਔਰ ਉਹ ਫ਼ੇਲ੍ਹ ਹੋ ਚੁਕੇ ਹਨ । ਜਿਹੜੇ ਫ਼ੇਲ੍ਹ ਹੋਏ ਹਨ ਕੀ ਉਨ੍ਹਾਂ ਜ਼ਮੀਨਾਂ ਨੂੰ ਐਕੁਆਇਰ ਕਰਕੇ ਸਰਕਾਰ ਗਰੀਬ ਲੋਕਾਂ ਵਿਚ ਵੰਡ ਦੇਵੇਗੀ ?

(ਕੋਈ ਉਤਰ ਨਹੀਂ ਆਇਆ)

ਸ੍ਰੀ ਸਪੀਕਰ : ਕੈਪਟਨ ਸਾਹਿਬ, ਹਕੀਕਤ ਇਹ ਹੈ ਕਿ ਇਹ ਜਿਹੜੀਆਂ ਗਾਰਡਨ ਕਾਲੋਨੀਜ਼ ਬਣਾਈਆਂ ਸਨ, ਇਹ ਮੋਸਟਲੀ ਸਬ-ਅਰਬਨ ਲੈਂਡ ਸੀ । ਉਥੇ ਸੀਟਰਸ ਦੇ ਪਲਾਂਟਸ ਲਗਾਉਣੇ ਸਨ ਅਤੇ ਇਹ ਪ੍ਰੋਗਰੈਸਿਵ ਫ਼ਾਰਮਰਜ਼ ਨੂੰ ਅਲਾਟ ਕੀਤੇ ਗਏ ਸਨ । ਸ਼ਾਇਦ ਇਹ ਪਲਾਂਟ ਉਥੇ ਕਾਮਯਾਬ ਨਹੀਂ ਹੋ ਸਕੇ । ਮੈਂ ਕਹਿੰਦਾ ਹਾਂ ਕਿ ਹੋਰ ਬਹੁਤ ਸਾਰੇ ਪਲਾਂਟਸ ਹਨ ਜਿਹੜੇ ਉਥੇ ਕਾਮਯਾਬ ਹੋ ਸਕਦੇ ਸਨ । ਸਾਡੇ ਦੇਸ਼ ਵਿਚ ਬਾਗ਼ਾਂ ਦੀ ਬਹੁਤ ਜ਼ਿਆਦਾ ਲੋੜ ਹੈ । ਜੇ ਹਾਲੇ ਵੀ ਸਰਕਾਰ ਕੋਸ਼ਿਸ਼ ਕਰੇ ਕਿ ਜਿਹੜੇ ਪਲਾਂਟ ਉਥੇ ਕਾਮਯਾਬ ਹੋ ਸਕਦੇ ਹਨ ਉਹ ਲਗਾਏ ਜਾਣ ਤਾਂ ਉਥੇ ਬਾਗ਼ਾਂ ਦੀਆਂ ਸੁੰਦਰ ਕਾਲੋਨੀਜ਼ ਬਣ ਸਕਦੀਆਂ ਹਨ । ਜੇ ਉਥੇ ਇਸ ਦੇ ਮੁਤਾਬਕ ਗਾਰਡਨ ਕਾਲੋਨੀਜ਼ ਬਣਾਈਆਂ ਜਾਣ ਤਾਂ ਸਾਡੇ ਪ੍ਰਦੇਸ਼ ਦੀ ਇਸ ਲੋੜ ਨੂੰ ਪੂਰਾ ਕੀਤਾ ਜਾ ਸਕਦਾ ਹੈ । (Captain Sahib, the fact is that mostly the Garden Colonies were established on suburban land. Citrus plants were to be planted there and the gardens were allotted to progressive farmers. Probably those plants could not flourish there. I am of the view that there are so many other kinds of plants which could have flourished there. Our country needs lot of gardens. These gardens can be turned into good Garden Colonies provided the Government arrange planting of such plants which can successfully grow there. If such steps are taken in regard to Garden Colonies, then we can fulfil the needs of our State in this respect.)

ਵਿਕਾਸ ਤੇ ਖੇਤੀ ਬਾੜੀ ਮੰਤਰੀ : ਸਪੀਕਰ ਸਾਹਿਬ, ਅਸਲ ਗਲ ਤਾਂ ਇਹ ਹੈ ਕਿ ਪੰਜਾਬ ਵਿਚ ਸੀਟਰਸ ਟੋਟਲੀ ਫੇਲ੍ਹ ਹੋਇਆ ਹੈ । ਇਹ ਮੈਨੂੰ ਵੀ ਪਤਾ ਹੈ ਅਤੇ ਮੇਰ ਬਜ਼ੁਰਗ ਸਾਥੀ ਮਾਸਟਰ ਗੁਰਬੰਤਾ ਸਿੰਘ ਜੀ ਨੂੰ ਵੀ ਪਤਾ ਹੈ ਕਿਉਂਕਿ ਉਸ ਵੇਲੇ ਉਹ ਆਪ ਹੀ ਖੇਤੀ ਬਾੜੀ ਦੇ ਮਨਿਸਟਰ ਸਨ ।

ਸ੍ਰੀ ਸਪੀਕਰ: ਫੇਲ੍ਹ ਭਾਵੇਂ ਹੋਇਆ ਹੋਵੇ ਪਰ ਤੁਹਾਡੇ ਫਾਰਮ ਦੇ ਸਾਹਮਣੇ ਅੱਜ ਵੀ ਕਾਫ਼ੀ ਮਾਤਰਾ ਵਿਚ ਉਸ ਤਰ੍ਹਾਂ ਹੀ ਸੰਗਤਰਿਆਂ ਆਦਿ ਦਾ ਜੂਸ ਨਿਕਲਕੇ ਵਿਕਦਾ ਹੈ ਅਤੇ ਹੋਰ ਕਿਤੇ ਇਤਨਾ ਨਹੀਂ ਵਿਕਦਾ। (ਹਾਸਾ) (Although Citrus plantations did not succeed in Punjab yet the orange juice is still being sold in plenty in front of your farm and nowhere else.)

ਵਿਕਾਸ ਤੇ ਖੇਤੀ ਬਾੜੀ ਮੰਤਰੀ: ਸਪੀਕਰ ਸਾਹਿਬ, ਮੈਂ ਤੁਹਾਡੇ ਨਾਲ ਮੁਤਫਿਕ ਹਾਂ ਕਿ ਬਾਗ਼ਾਂ ਦੀ ਲੋੜ ਹੈ ਪਰ ਪੰਜਾਬ ਵਿਚ ਕਿਹੜਾ ਫਰੂਟ ਕਾਮਯਾਬ ਹੋਵੇਗਾ ਇਸ ਬਾਰੇ ਅਜੇ ਸਰਕਾਰ ਠੀਕ ਤਰ੍ਹਾਂ ਨਹੀਂ ਕਹਿ ਸਕਦੀ ਕਿਉਂਕਿ ਜੇਕਰ ਅੰਗੂਰ ਲਗਾਇਆ ਜਾਵੇ ਤਾਂ ਉਸ ਦੀ ਖੱਪਤ ਦਾ ਪ੍ਰਬੰਧ ਠੀਕ ਨਹੀਂ ਹੈ। ਇਸ ਤਰ੍ਹਾਂ ਆਮਦਨ ਘਟ ਹੋਣ ਕਾਰਣ ਉਨ੍ਹਾਂ ਨੂੰ ਪੁੱਟ ਕੇ ਆਲੂ ਬੀਜੇ ਜਾਂਦੇ ਹਨ। ਅੰਬ ਇਕ ਅਜਿਹਾ ਫਲ ਹੈ ਜੋ ਕਿ ਦੋ ਸਾਲ ਵਿਚ ਇਕ ਹੀ ਫਸਲ ਦਿੰਦਾ ਹੈ। ਇਸ ਬਾਰੇ ਖੋਜ ਹੋ ਰਹੀ ਹੈ। ਐਗਰੀ-ਕਲਚਰਲ ਯੂਨੀਵਰਸਿਟੀ ਵਾਲੇ ਵੀ ਰੀਸਰਚ ਕਰ ਰਹੇ ਹਨ ਅਤੇ ਉਹ ਵੀ ਜੇ ਪੂਰੀ ਤਰ੍ਹਾਂ ਨਹੀਂ ਦਸ ਸਕੇ ਕਿ ਪੰਜਾਬ ਵਿਚ ਕਿਹੜਾ ਫਲ ਕਾਮਯਾਬ ਹੋਵਗਾ। (ਵਿਘਨ) ਮੈਂ ਸਮਝਦਾ ਹਾਂ ਕਿ ਇਹ ਐਗਜ਼ੈਮਪਸ਼ਨਜ਼ ਦਿਤੀਆਂ ਸਨ ਸੀਲਿੰਗ ਵਾਸਤੇ ਅਤੇ ਮੇਰਾ ਖਿਆਲ ਹੈ ਕਿ ਇਹ ਮਸਲਾ ਸਰਕਾਰ ਦੇ ਵਿਚਾਰ ਅਧੀਨ ਹੈ। ਪਰ ਜਦੋਂ ਤਕ ਸਪੀਕਰ ਸਾਹਿਬ, ਸੀਟਰਸ ਬਾਰੇ ਗਲ ਸ਼ਪਸ਼ਟ ਨਹੀਂ ਹੋ ਜਾਂਦੀ ਅਸੀਂ ਜੰਤਾ ਨੂੰ ਨਹੀਂ ਕਹਿ ਸਕਦੇ ਕਿ ...(ਵਿਘਨ) ਹਾਂ ਇਹ ਠੀਕ ਹੈ ਕਿ ਜਿਥੇ ਨਹਿਰੀ ਪਾਣੀ ਲਗਦਾ ਸੀ ਉਥੇ ਗਾਰਡਨਜ਼ ਵਾਸਤੇ ਤਿੰਨ ਚਾਰ ਗੁਣਾ ਪਾਣੀ ਜ਼ਿਆਦਾ ਦੇਣ ਦੀ ਸਹੂਲਤ ਦਿਤੀ ਗਈ ਸੀ। ਇਹ ਸਹੂਲਤ ਸਿਰਫ ਗਾਰਡਨਜ਼ ਕਾਲੋਨੀਜ਼ ਵਿਚ ਹੀ ਨਹੀਂ ਸੀ ਬਲਕਿ ਜਿਥੇ ਕਿਤੇ ਕਿਸੇ ਨੇ ਬਾਗ ਲਾਇਆ ਹੈ ਉਥੇ ਹੀ ਸਹੂਲਤ ਮਿਲੀ ਹੈ। ਇਹ ਸਹੂਲਤ ਗਾਰਡਨ ਕਾਲੋਨੀਜ਼ ਵਾਸਤੇ ਸਪੈਸ਼ਲ ਨਹੀਂ ਸੀ। (ਵਿਘਨ) (ਇਸ ਸਮੇਂ ਸਰਦਾਰ ਅਜਾਇਬ ਸਿੰਘ ਸੰਧੂ ਅਤੇ ਇਕ ਹੋਰ ਮਾਨਯੋਗ ਮੈਂਬਰ ਖੜੇ ਹੋ ਕੇ ਪੁਆਇੰਟ ਆਫ਼ ਆਰਡਰ ਦੀ ਮੰਗ ਕਰ ਰਹੇ ਸਨ)।

ਸ੍ਰੀ ਸਪੀਕਰ: ਵਕਤ ਬਚਾਉਣ ਲਈ ਹਾਊਸ ਦੀ ਇਹ ਟਰੈਡੀਸ਼ਨ ਹੈ ਕਿ ਕੁਐਸਚਨ ਆਵਰ ਵਿਚ ਪੁਆਇੰਟ ਆਫ਼ ਆਰਡਰ ਤੇ ਕੋਈ ਮਾਨਯੋਗ ਮੈਂਬਰ ਨਹੀਂ ਬੋਲ ਸਕਦਾ। (In order to save the time of the House it is our establised practice that no point of order may be raised during the question hour.)

श्री बल राम: मैं माननीय मंत्री महोदय की राए से इत्तेफाक नहीं करता कि पंजाब में सिट्रेस फ़्रूट फेल हो रहा है। यह तो बेईमानी फेल हो रही है। (हंसी)

ਸਰਦਾਰ ਗੁਰਮੇਜ ਸਿੰਘ: ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਲੋਕਾਂ ਨੇ ਗਾਰਡਨਜ਼ ਵਾਸਤੇ ਪਾਣੀ ਦੀ ਰਿਆਇਤ ਲਈ ਸੀ ਉਨ੍ਹਾਂ ਨੇ ਗਾਰਡਨ ਨਹੀਂ ਲਗਾਏ ਅਤੇ ਦੂਸਰੀਆਂ ਫਸਲਾਂ ਬੀਜਦੇ ਹਨ ਕੀ ਸਰਕਾਰ ਉਨ੍ਹਾਂ ਦਾ ਪਾਣੀ ਬੰਦ ਕਰਨ ਲਈ ਕੁਝ ਕਰੇਗੀ ?

ਸਿਖਿਆ ਮੰਤਰੀ: ਸਪੀਕਰ ਸਾਹਿਬ, ਜਿਹੜੀ ਗਲ ਮੇਰੇ ਆਨਰੇਬਲ ਮੈਂਬਰ ਨੇ ਪੁਛੀ ਹੈ ਇਹ ਇਸ ਕੁਐਸਚਨ ਦੇ ਸਕੋਪ ਵਿਚ ਨਹੀਂ ਆਉਂਦੀ। ਇਹ ਸੈਪੇਰੇਟ ਨੋਟਿਸ ਦੇਣ ਤੇ ਜਵਾਬ ਦੇ ਦਿਤਾ ਜਾਵੇਗਾ।

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਤੁਸੀਂ ਸਾਡੇ ਵਲ ਬਿਲ-ਕੁਲ ਖਿਆਲ ਨਹੀਂ ਕਰਦੇ। ਸਾਡੇ 28 ਮੈਂਬਰ ਸਾਹਿਬਾਨ ਹਨ ਔਰ ਹੁਣ ਤਕ ਮੇਰਾ ਖਿਆਲ ਹੈ ਕਿ ਸਿਰਫ ਇਕ ਨੂੰ ਹੀ ਸਪਲੀਮੈਂਟਰੀ ਕਰਨ ਦੀ ਇਜਾਜ਼ਤ ਮਿਲੀ ਹੈ। ਉਸ ਪਾਸੇ ਵਾਲਿਆਂ ਨੂੰ ਹੀ ਟਾਈਮ ਮਿਲਦਾ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਸਾਨੂੰ ਸਪਲੀਮੈਂਟਰੀ ਕਰਨ ਵਾਤੇ ਮੁਨਾਸਿਬ ਟਾਈਮ ਮਿਲਣਾ ਚਾਹੀਦਾ ਹੈ।

ਸ੍ਰੀ ਸਪੀਕਰ : ਇਕ ਸਵਾਲ ਤੇ ਇਕ ਆਨੇਰਬਲ ਮੈਂਬਰ ਤਿੰਨ ਸਪਲੀਮੈਂਟਰੀਜ਼ ਕਰ ਸ਼ਕਦਾ ਹੈ ਅਤੇ ਉਸ ਦੇ ਮੁਤਾਬਿਕ ਹੀ ਟਾਈਮ ਦਿਤਾ ਗਿਆ ਹੈ। (An hon. Member can ask up to three supplementaries on a question and the hon. members are being permitted accordingly.)

ਚੌਧਰੀ ਦਰਸ਼ਨ ਸਿੰਘ : (ਨੂਰਮਹਿਲ): ਸਪੀਕਰ ਸਾਹਿਬ, ਬਹੁਤ ਕਮਾਂਡਿਡ ਏਰੀਆਜ਼ ਸਨ ਜਿਨ੍ਹਾਂ ਦੀ ਅਲਾਟਮੈਂਟ ਖਿਗ ਲੈਂਡ ਲਾਰਡਜ਼ ਨੂੰ ਹੋਈ ਹੈ। ਮੈਂ ਮਾਲ ਮੰਤਰੀ ਤੋਂ ਪੁਛਣਾ ਚਾਹੁੰਦਾ ਹਾਂਕਿ ਜਿਥੇ ਗਾਰਡਨ ਕਾਲੋਨੀਜ਼ ਲਈ ਕਨਸੈਸ਼ਨ ਮਿਲਿਆ ਹੈ ਉਥੇ ਗਾਰਡਨਜ਼ ਐਗਜਿਸਟ ਹੀ ਨਹੀਂ ਕਰ ਰਹੇ ਔਰ ਏਰੀਆ ਸਰਪਲਸ ਹੋ ਰਿਹਾ ਹੈ। ਜਿਸ ਵਕਤ ਅਜੇਹਾ ਕੋਈ ਕੇਸ ਸ਼ਰਕਾਰ ਦੇ ਨੋਟਿਸ ਵਿਚ ਲਿਆਂਦਾ ਜਾਵੇਗਾ, ਕੀ ਉਹ ਉਸ ਏਰੀਏ ਨੂੰ ਟੇਕ ਓਵਰ ਕਰ ਲਵੇਗੀ ਕਿਉਂਕਿ It was a concession on the existing gardens ?

ਮੰਤਰੀ : ਸਪੀਕਰ ਸਾਹਿਬ ਮੈਂ ਅਗੇ ਵੀ ਕਿਹਾ ਹੈ ਕਿ ਇਹ ਗਲ ਕੁਐਸਚਨ ਦੇ ਸਕੋਪ ਵਿਚ ਨਹੀਂ ਆਉਂਦੀ। ਇਹ ਐਗਜ਼ਮਪਸ਼ਨ ਐਕਟ ਵਿਚ ਪ੍ਰੋਵਾਈਡਿਡ ਹੈ ਔਰ ਐਕਟ ਵਿਚ ਅਮੈਂਡਮੈਂਟ ਹੋਕੇ ਇਹ ਦੂਰ ਹੋ ਸਕਦੀ ਹੈ। ਇਹ ਮਸਲਾ ਸਰਕਾਰ ਦੇ ਵਿਚਾਰ ਅਧੀਨ ਹੈ। (ਵਿਘਨ)

ਚੌਧਰੀ ਦਰਸ਼ਨ ਸਿੰਘ: ਸਪੀਕਰ ਸਾਹਿਬ ਮੇਰੀ ਬੇਨਤੀ ਹੈ ਕਿ ਜਿਥੇ ਗਾਰਡਨ ਕਾਲੋਨੀਜ਼ ਵਾਸਤੇ ਏਰੀਆ ਅਲਾਟ ਕੀਤਾ ਗਿਆ ਸੀ ਪਰ ਉਥੇ ਮੌਕੇ ਤੇ ਗਾਰਡਨ ਕਾਲੋਨੀਜ਼ ਐਗਜਿਸਟ ਹੀ ਨਹੀਂ ਕਰਦੀਆਂ ਔਰ ਉਹ ਸਰਪਲਸ ਏਰੀਆ ਹੈ ਤਾਂ ਉਸ ਨੂੰ ਟੇਕਓਵਰ ਕਰਨ ਲਈ ਕਿਹੜਾ ਕਾਨੂੰਨ ਬਣਾਉਣ ਦੀ ਲੋੜ ਹੈ?

ਮੰਤਰੀ: ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਹੈ ਕਿ ਇਹ ਸਕਿਉਰਿਟੀ ਆਫ਼ ਲੈਂਡ ਟੈਨਿਉਰ ਐਕਟ ਵਿਚ ਪ੍ਰੋਵਾਈਡਿਡ ਹੈ ਔਰ ਇਸ ਨੂੰ ਅਮੈਂਡ ਕਰਕੇ ਹੀ ਕੋਈ ਇਸ ਤਰ੍ਹਾਂ ਦਾ ਐਕਸ਼ਨ ਲਿਆ ਜਾ ਸਕਦਾ ਹੈ। ਤੁਸੀਂ ਪੰਜਾਬ ਲੈਂਡ ਟੈਨਿਓਰ ਐਕਟ ਵੇਖੋ ਉਸ ਵਿਚ ਇਹ ਚੀਜ਼ ਦਰਜ ਹੈ।

(ਇਸ ਸਮੇਂ ਚੌਧਰੀ ਦਰਸ਼ਨ ਸਿੰਘ ਜੀ ਖੜੇ ਸਨ)

Mr. Speaker: Please resume your seat.

Sardar Gurcharn Singh (Nihal Singh Wala): Sir, the question is very clear. It reads:-

> "Whether it has come to the notice of the Govt. that in the case of large number of garden colonies, the lands originally allotted for setting up the garden colonies, are not actually used for this purpose."

ਸਵਾਲ ਵਿਚ ਸਾਫ ਅਤੇ ਬਿਲਕੁਲ ਸਪੱਸ਼ਟ ਹੈ ਕਿ ਜਿਨ੍ਹਾਂ ਲੋਕਾਂ ਨੇ ਬਾਗ ਨਹੀਂ ਲਗਾਏ ਉਨ੍ਹਾਂ ਦਾ ਤੁਸੀਂ ਕੀ ਕੀਤਾ ਹੈ?

ਕਾਮਰੇਡ ਅਰਜਨ ਸਿੰਘ (ਵਲਟੋਹਾ): ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਪੱਟੀ ਵਿਚ ਗਾਰਡਨ ਕਾਲੋਨੀ ਵਿਚ ਇਕ ਵੀ ਬਾਗ਼ ਨਹੀਂ ਲਗਾਇਆ ਗਿਆ। ਉਨ੍ਹਾਂ ਦਾ ਪਾਣੀ ਕੈਂਸਲ ਹੋਣਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਨੇ ਕਿਤਨੇ ਸਾਲ ਲੋਕਾਂ ਨੂੰ ਲੁਟਿਆ ਹੈ ਔਰ ਦੂਜੇ ਪਾਸੇ ਕਿਸਾਨਾਂ ਨੂੰ ਪਾਣੀ ਘੱਟ ਮਿਲਦਾ ਹੈ (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਕੀ ਮਨਿਸਟਰ ਸਾਹਿਬ ਇਹ ਦਸਣ ਦੀ ਖੇਚਲ ਕਰਨਗੇ ਕਿ ਇਨ੍ਹਾਂ ਨੇ ਫਰਮਾਇਆ ਹੈ ਕਿ ਸਾਨੂੰ ਇਹ ਪਤਾ ਨਹੀਂ ਕਿ ਬਾਗ਼ ਲਗਾਏ ਗਏ ਹਨ ਜਾਂ ਨਹੀਂ ਔਰ ਕਹਿੰਦੇ ਹਨ ਕਿ ਨਾ ਹੀ ਪਤਾ ਕਰਨ ਦੀ ਲੋੜ ਹੀ ਹੈ। ਸਪੀਕਰ ਸਾਹਿਬ, ਇਸ ਮਸਲੇ ਬਾਰੇ ਬਾਹਰ ਲੋਕਾਂ ਵਿਚ ਬਹੁਤ ਰੋਸ਼ ਹੈ। ਉਹ ਲੋਕ ਜਿਨ੍ਹਾਂ ਨੇ ਲੜਾਈ ਦੇ ਦਿਨਾਂ ਵਿਚ ਕੁਰਬਾਨੀਆਂ ਕੀਤੀਆਂ ਹਨ ਉਨ੍ਹਾਂ ਦਾ ਮਾਲ ਡੰਗਰ ਮਰ ਰਿਹਾ ਹੈ। ਪਾਣੀ ਪੂਰਾ ਨਹੀਂ ਮਿਲਦਾ ਔਰ ਇਹ ਮੋਟਰਾਂ ਖਰੀਦੀ ਜਾ ਰਹੇ ਹਨ। ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਨਾ ਹੀ ਇਨ੍ਹਾਂ ਨੂੰ ਅਜੇਹੀਆਂ ਗੱਲਾਂ ਦਾ ਪਤਾ ਹੈ ਔਰ ਨਾ ਹੀ ਇਹ ਪਤਾ ਕਰਨਾ ਚਾਹੁੰਦੇ ਹਨ ਤਾਂ ਕੀ ਇਨ੍ਹਾਂ ਨੂੰ ਇਸ ਮਨਿਸਟਰੀ ਵਿਚ ਰਹਿਣ ਦਾ ਹੱਕ ਹੈ (ਵਿਘਨ) (ਸ਼ੋਰ)

ਮੰਤਰੀ: ਸਪੀਕਰ ਸਾਹਿਬ, ਮੈਂ ਇਹ ਨਹੀਂ ਕਿਹਾ ਕਿ ਮੈਨੂੰ ਪਤਾ ਹੈ ਜਾਂ ਮੈਂ ਪਤਾ ਨਹੀਂ ਕਰਨਾ ਚਾਹੁੰਦਾ। ਸਪੀਕਰ ਸਾਹਿਬ, ਮੈਂ ਤਾਂ ਕਿਹਾ ਹੈ ਕਿ ਅਜਿਹੀ ਇੰਨਫਰਮੇਸ਼ਨ ਇਕਠੀ ਕਰਨ ਦਾ ਲਾਭ ਨਹੀਂ ਹੋ ਸਕਦਾ।

ਸ੍ਰੀ ਸਪੀਕਰ: ਪਰ ਸਰਦਾਰ ਉਮਰਾਓ ਸਿੰਘ ਜੀ ਇਹ ਤਾਂ ਤੁਹਾਡਾ ਜ਼ਾਤੀ ਤਜਰਬਾ ਵੀ ਹੈ ਅਤੇ ਤੁਹਾਡਾ ਜ਼ਾਤੀ ਸਬੰਧ ਵੀ ਹੈ ਕਿ ਉਥੇ ਬਾਗ਼ ਨਹੀਂ ਲਗੇ ਹੋਏ। (But the hon. Minister, Sardar, Umrao, Singh, knows this from his personal experience that there are no gardens at such places. because he personally comes in contact with them)

ਸਿਖਿਆ ਮੰਤਰੀ: ਸਪੀਕਰ ਸਾਹਿਬ, ਮੈਂ ਜ਼ਾਤੀ ਤਜਰਬੇ ਦੀ ਗਲ ਨਹੀਂ ਕਰਦਾ। ਮੈਂ ਤਾਂ ਗੌਰ-ਮਿੰਟ ਦੀ ਪਾਲਿਸੀ ਦੇ ਮੁਤਾਬਿਕ ਜਵਾਬ ਦੇ ਰਿਹਾ ਹਾਂ।

ਸ੍ਰੀ ਸਪੀਕਰ: ਪਰ ਹੁਣੇ ਹੀ ਕੈਪਟਨ ਰਤਨ ਸਿੰਘ ਜੀ ਨੇ ਜਵਾਬ ਦਿਤਾ ਹੈ ਕਿ ਕਿਉਂਕਿ ਸਿਟਰਸ ਫਰੂਟ ਤੋਂ ਆਮਦਨ ਘੱਟ ਹੁੰਦੀ ਹੈ ਇਸ ਲਈ ਸੰਤਰੇ ਪੁੱਟ ਕੇ ਆਲੂ ਬੀਜੇ ਜਾਂਦੇ ਹਨ। ਇਣਨੀ ਹੀ ਗਲ ਹੈ ਵਾਧੂ ਨਹੀਂ। (ਆਪੋਜ਼ੀਸ਼ਨ ਵਲੋਂ ਪ੍ਰਸ਼ੰਸਾ)। (Capt. Rattan Singh has just now stated that since citrus fruit yields less income, potatoes are being sown in place of oranges.)

ਕੈਪਟਨ ਰਤਨ ਸਿੰਘ (ਖੇਤੀ ਬਾੜੀ ਮੰਤਰੀ): ਸਪੀਕਰ ਸਾਹਿਬ ਸਮਾਂ ਜ਼ਿਆਦਾ ਹੋ ਗਿਆ ਹੈ ਇਸ ਲਈ ਮੇਰੀ ਬੇਨਤੀ ਹੈ ਕਿ ਦੂਸਰੇ ਸਵਾਲਾਂ ਲਈ ਵੀ ਮੌਕਾ ਦਿਤਾ ਜਾਵੇ। ਸਪੀਕਰ ਸਾਹਿਬ ਮੇਰੀ ਬੇਨਤੀ ਹੈ ਕਿ ਆਪ ਨੇ ਜਨਰਲ ਡਿਸਕਸ਼ਨ ਸ਼ੁਰੂ ਕਰ ਦਿਤੀ ਹੈ। ਦੂਸਰਿਆਂ ਸਵਾਲਾਂ ਦਾ ਵਕਤ ਵੀ ਆਉਣ ਦਿਓ।

STARRED QUESTION No. 1

Mr. Speaker: Extension has been applied for in respect of this question.

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਅੱਜ ਇਸ ਨਵੀਂ ਸਰਕਾਰ ਦਾ ਕੁਅਸ਼ਚਨ ਆਵਰ ਦਾ ਪਹਿਲਾ ਦਿਨ ਹੈ। ਇਹ ਇਨਫਰਮੇਸ਼ਨ ਰਿਜ਼ਨਲ ਪ੍ਰਾਵੀਡੈਂਟ ਕਮਿਸ਼ਨਰ ਦੇ ਦਫਤਰੋਂ ਕਲੈਕਟ ਕਰਨੀ ਸੀ ਜਿਹੜਾ ਕਿ 8 ਸੈਕਟਰ ਵਿਚ ਹੈ। 15 ਦਿਨ ਪਹਿਲਾਂ ਨੋਟਿਸ ਦਿਤਾ ਸੀ। ਐਕਸਟੇਨਸ਼ਨ ਕਿਸ ਲਈ ਮੰਗੀ ਗਈ ਹੈ? ਵੱਡੇ ਆਦਮੀ ਲੱਖਾਂ ਰੁਪਿਆਂ ਦਾ ਗ਼ਬਨ ਕਰਕੇ ਬੈਠੇ ਹਨ। ਇਨ੍ਹਾਂ ਨੂੰ ਗਰੀਬ ਆਦਮੀ ਨਾਲ ਜੇ ਹਮਦਰਦੀ ਹੈ ਤਾਂ ਇਸ ਦਾ ਜਲਦੀ ਫੈਸਲਾ ਕਰਨ।

ਵਿਕਾਸ ਤੇ ਖੇਤੀ ਬਾੜੀ ਮੰਤਰੀ: ਸਪੀਕਰ ਸਾਹਿਬ, ਅਸੀਂ ਸਹੀ ਇਨਫਰਮੇਸ਼ਨ ਦੇਣੀ ਚਾਹੁੰਦੇ ਹਾਂ। ਸਹੀ ਇਨਫਰਮੇਸ਼ਨ ਲਈ ਸਮਾਂ ਚਾਹੀਦਾ ਹੈ ।

HOUSE CONSTRUCTION UNDER THE SUBSIDISED INDUSTRIAL HOUSING SCHEME.

*2. **Comrade Satya Pal Dang:** Will the Minister for Irrigation and Power be pleased to state-—

(a) the total number of houses constructed in the State under the Subsidized Industrial Housing Scheme; a Centre-wise list of such houses indicating also the year of construction in each case be laid on the table of the House;

(b) whether any of the said houses has been transferred to the workers on hire-purchase basis;

(c) if the answer to part (*b*) above be in the negative whether there is any proposal under the consideration of the Government to transfer those houses to the workers on hire-purchase basis;

(d) the time by which a final decision is likely to be taken in the matter?.

Shri Gurmail Singh: (a) A statement showing the requisite information is laid on the table of the House.

(b) No.

(c) Yes.

(d) Shortly.

STATEMENT

A) (i) total number of houses constructed in the State underthe subsidised Industrial Housing Scheme 1216.

(ii) Centre-wise List of such houses.

Name of Centre	No. of houses	Year of Construction
Amritsar	200	1952
Ludhiana	124	1952
Dhariwal	60	1953
Gobindgarh	100	1954
Phagwara	100	1954
Bhogpur (Jullundur District)	200	1956
Batala	58	1957
Rajpura	40	1957
Ludhiana	96	1958
Chheharta	108	1958
Ludhiana	30	1959
Amritsar	100	1963
Total	1216	

For Starred Question No. I and reply there to please see Pb. Vidhan Sabha Debate dated 25th April, 1972.

[(ੲ) (i) ਕੁਲ ਮਕਾਨ ਜੋਉਦਦਾਨਿਤ ਉਧਯੋਗਿਕ ਮਕਾਨ ਉਸਾਰੀ ਸਕੀਮ ਅਧੀਨ ਸੋ ਸਰਕਾਰ ਨੇ ਬਣਾਏ 1216.]

(ii) ਬਸਤੀ ਵਾਰ ਮਕਾਨਾਂ ਦੀ ਸੂਚਨਾ :

ਬਸਤੀ ਦਾ ਨਾਂ	ਘਰ ਦਾ ਨੰ:	ਸਾਲ
ਅੰਮ੍ਰਿਤਸਰ	200	1952
ਲੁਧਿਆਣਾ	124	1952
ਧਾਰੀਵਾਲ	60	1953
ਗੋਬਿੰਦਗੜ੍ਹ	100	1954
ਫਗਵਾੜਾ	100	1954
ਭੋਗਪੁਰ	200	1956
ਬਟਾਲਾ	58	1957
ਰਾਜਪੁਰਾ	40	1957
ਲੁਧਿਆਣਾ	96	1958
ਛੇਹਰਟਾ	108	1958
ਲੁਧਿਆਣਾ	30	1959
ਅੰਮ੍ਰਿਤਸਰ	100	1963
ਜੋੜ	1216	

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਸਬਸਿਡਾਇਜ਼ਡ ਇੰਡਟਰੀਅਲ ਹਾਊਸਿੰਗ ਸਕੀਮ ਦੇ ਤਹਿਤ 1952 ਦੇ ਵਿਚ ਕੁਆਰਟਰ ਬਣਨੇ ਸ਼ੁਰੂ ਹੋਏ। ਇਨ੍ਹਾਂ ਦੇ ਜਵਾਬ ਦੇ ਮੁਤਾਬਿਕ ਟੋਟਲ 1216 ਮਕਾਨ ਬਣੇ ਹਨ। ਹਾਇਰ ਪਰਚੇਜ਼ ਦਾ 1952 ਦਾ ਫੈਸਲਾ ਹੈ ਪਰੰਤੂ ਹਾਲੇ ਤਕ ਇੱਕ ਵੀ ਨਹੀਂ ਦਿੱਤਾ ਗਿਆ। ਹੁਣ ਮਨਿਸਟਰ ਸਾਹਿਬ ਕਹਿੰਦੇ ਹਨ ਕਿ ਸ਼ਾਰਟਲੀ ਕਰ ਦਿਆਂਗੇ। ਕੀ ਮਨਿਸਟਰ ਸਾਹਿਬ ਦੱਸਣਗੇ ਕਿ ਇੱਕ ਮਹੀਨੇ ਦੇ ਅੰਦਰ ਅੰਦਰ ਫਾਈਨਲ ਫੈਸਲਾ ਕਰ ਦੇਣਗੇ? ਸਪੀਕਰ ਸਾਹਿਬ, ਇੱਕ ਮਹੀਨਾ ਬਹੁਤ ਹੈ।

ਸਿੰਜਾਈ ਅਤੇ ਬਿਜਲੀ ਮੰਤਰੀ: ਮੈਂ ਡਾਂਗ ਸਾਹਿਬ ਨੂੰ ਯਕੀਨ ਦਿਲਾਉਣਾ ਚਾਹੁੰਦਾ ਹਾਂ ਕਿ ਅਸੀਂ ਛੇਤੀ ਹੀ ਦੇ ਦਿਆਂਗੇ। ਲੇਕਿਨ ਇਸ ਦੇ ਵਿਚ ਫਾਈਨਾਂਸ ਡਿਪਾਰਮੈਂਟ ਦਾ ਵੀ ਤੁਅੱਲਕ ਹੈ ਅਤੇ ਹੋਰ ਕਈ ਗਲਾਂ ਦੇਖਣੀਆਂ ਹਨ, ਟਰਮਜ਼ ਐਂਡ ਕੰਡੀਸ਼ਨਜ਼ ਹਨ ਜਿਹੜੀਆਂ ਕਿ ਅਸੀਂ ਦੇਖਣੀਆਂ ਹਨ। ਉਹ ਸਾਰੀਆਂ ਗਲਾਂ ਕਰਨ ਤੋਂ ਬਾਦ ਇਸ ਤੇ ਬਹੁਤ ਛੇਤੀ ਹੀ ਫੈਸਲਾ ਕਰ ਦਿਆਂਗੇ।

ਕਾਮਰੇਡ ਸੱਤਪਾਲ ਡਾਂਗ : ਮੈਂ ਤਾਂ, ਸਪੀਕਰ ਸਾਹਿਬ, ਪੁਛਿਆ ਹੈ ਕਿ ਮਹੀਨੇ ਵਿਚ ਕਰ ਦੇਣਗੇ ਮਹੀਨੇ ਲਈ ਮੰਨਣ ਨੂੰ ਇਹ ਤਿਆਰ ਨਹੀਂ। ਕੰਡੀਸ਼ਨਜ਼ ਲਿਖੀਆਂ ਪਈਆਂ ਹਨ। ਇੱਕ ਦੋ ਵਰਕਰਾਂ ਦਾ ਸਰਕਾਰ ਨਾਲ ਝਗੜਾ ਸੀ। ਉਸ ਤੇ ਫਾਈਨਲ ਫੈਸਲਾ ਹੋਣਾ ਹੈ। ਦੋ ਦਿਨ ਵਿਚ ਫੈਸਲਾ ਹੋ ਕੇ ਅਲਾਟਮੈਂਟਾਂ ਹੋ ਸਕਦੀਆਂ ਹਨ। ਇਹ ਇੱਕ ਮਹੀਨਾ ਮੰਨ ਲੈਣ।

ਮੰਤਰੀ: ਮੈਂ ਡਾਂਗ ਸਾਹਿਬ ਨੂੰ ਕਹਾਂਗਾ ਕਿ ਉਹ ਮੇਰੇ ਕਮਰੇ ਵਿਚ ਆ ਜਾਣ। ਉੱਥੇ ਬੈਠ ਕੇ ਡਿਸਕਸ ਕਰ ਲਵਾਂਗੇ।

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਮੈਂ ਤੁਹਾਡੀ ਰਾਹੀਂ ਵਜ਼ੀਰ ਸਾਹਿਬ ਕੋਲੋਂ ਇਹ ਪੁਛਣਾ ਚਾਹੰਦ ਹਾਂ ਕਿ ਸਰਕਾਰ ਦੇ ਵਜ਼ੀਰ ਨੇ ਦਸਿਆ ਹੈ ਕਿ ਛੇਤੀ ਤੋਂ ਛੇਤੀ ਫੈਸਲਾ ਕਰ ਦਿਆਂਗੇ। ਇਹ ਕੋਈ ਛੇਤੀ ਤੋਂ ਛੇਤੀ ਦੀ ਡੈਫੀਨੀਸ਼ਨ ਬਣਾਉਣਗੇ। ਕਿੰਨੇ ਦਿਨ, ਕਿੰਨੇ ਮਹੀਨੇ ਅਤੇ ਕਿੰਨੇ ਸਾਲ ਲੈਣਗੇ?

(ਕੋਈ ਜਵਾਬ ਨਾ ਦਿੱਤਾ ਗਿਆ)

ਕਾਮਰੇਡ ਸੱਤ ਪਾਲ ਡਾਂਗ: ਕੀ ਮਨਿਸਟਰ ਸਾਹਿਬ ਦਸਣਗੇ ਕਿ ਇਹ 1216 ਕੁਆਰਟਰ 1952 ਤੋਂ ਲੈ ਕੇ 1971 ਤਕ 20 ਸਾਲ ਵਿਚ ਬਣੇ ਹਨ, ਕੀ ਇਸੇ ਹੀ ਰਫਤਾਰ ਨਾਲ ਕੁਆਰਟਰ ਬਣਨਗੇ? ਜਿਹੜੇ 100 ਕੁਆਰਟਜ਼ ਅੱਜ ਤੋਂ ਤਿੰਨ ਸਾਲ ਪਹਿਲਾਂ ਇਸ ਸਕੀਮ ਦੇ ਤਹਿਤ ਛੇਹਰਟੇ ਦੇ ਵਿਚ ਬਣਨ ਦੇ ਆਰਡਰ ਹੋਏ ਸਨ, ਉਥੇ ਜਮੀਨ ਲਈ ਗਈ ਲੇਕਿਨ ਤਕੜੇ ਆਦਮੀ ਜ਼ਮੀਨ ਵਾਹੀ ਜਾਂਦੇ ਹਨ। ਉਹ 100 ਕੁਆਰਟਰ ਕਦੋਂ ਤਕ ਬਣਾਉਣਗੇ?

ਮੰਤਰੀ: ਇਹ ਰਫਤਾਰ ਨਹੀਂ ਰਹੇਗੀ।

ਡਾਕਟਰ ਅਮੀਰ ਸਿੰਘ ਕਲਕਟ: ਮੈਂ ਮੰਤਰੀ ਮਹੋਦਯ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਸਬਸੀਡਾਇਜ਼ਡ ਇੰਡਸਟਰੀਅਲ ਹਾਊਸਿੰਗ ਸਕੀਮ ਦੇ ਤਹਿਤ ਮਕਾਨ ਬਣਦੇ ਹਨ, ਇਹ ਛੋਟੇ ਸ਼ਹਿਰਾਂ ਅਤੇ ਛੋਟੀਆਂ ਬਸਤੀਆਂ ਵਿਚ ਵੀ ਬਣਾਉਣ ਦਾ ਪ੍ਰੋਗਰਾਮ ਬਣਾਉਣਗੇ?

ਸ਼੍ਰੀ ਸਪੀਕਰ: ਭਾਵੇਂ ਇੰਡਸਟਰੀ ਹੋਵੇ ਜਾਂ ਨਾਂ ਹੋਵੇ। (Even if the industry is not existent there.)

ਚੌਧਰੀ ਦਰਸ਼ਨ ਸਿੰਘ: ਸਪੀਕਰ ਸਾਹਿਬ, ਮੈਨੂੰ ਇਸ ਗਲ ਦੀ ਖੁਸ਼ੀ ਹੈ ਕਿ ਮੇਰੀ ਸਰਕਾਰ ਕਾਹਲੀ ਵਿਚ ਕੋਈ ਕੰਮ ਨਹੀਂ ਕਰਨਾ ਚਾਹੁੰਦੀ। But will he tell us the time by which the final decision is likely to be taken?

ਮੰਤਰੀ: ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰ ਨੂੰ ਕਹਾਂਗਾ ਕਿ ਛੇਤੀ ਦਾ ਮਹੀਨਾ ਕੱਢਨ ਲਈ ਡਿਕਸ਼ਨਰੀ ਵੇਖਣ।

ਚੌਧਰੀ ਦਰਸ਼ਨ ਸਿੰਘ: ਸ਼ਾਰਟਲੀ ਤਾਂ ਪੰਜ ਸਾਲ ਵੀ ਹੋ ਸਕਦੇ ਹਨ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਕੀ ਮਨਿਸਟਰ ਸਾਹਿਬ ਇਹ ਦਸਣਗੇ ਕਿ ਜਿਹੜੇ 100 ਕੁਆਰਟਰ ਛੇਹਰਟੇ ਵਿਚ ਬਨਾਉਣ ਦੀ ਸਕੀਮ ਸੀ, ਉਥੇ ਜ਼ਮੀਨ ਅਕਵਾਇਰ ਕਰ ਲਈ ਹੈ ਪਰੰਤੂ ਕਿੰਨੇ ਸਾਲ ਹੋ ਗਏ ਹਨ ਮਕਾਨ ਨਹੀਂ ਬਣੇ, ਇਸ ਲਈ ਆਰਡਰ ਕਰਨਗੇ?

ਮੰਤਰੀ: ਕਾਮਰੇਡ ਸਾਹਿਬ ਨੋਟਿਸ ਦੇ ਦੇਣ ਮੈਂ ਪਤਾ ਕਰਕੇ ਇਨਫਰਮੇਸ਼ਨ ਦੇ ਦਿਆਂਗਾ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪਿਕਰ ਸਾਹਿਬ, ਇਸ ਵਿਚ ਨੋਟਿਸ ਦਾ ਸਵਾਲ ਹੀ ਨਹੀਂ ਉਠਦਾ। ਮੈਂ ਤੱਥ ਦਸ ਰਿਹਾ ਹਾਂ। ਜ਼ਮੀਨ ਅਕਵਾਇਰ ਕੀਤੀ ਗਈ ਹੈ, ਕੁਆਰਟਰ ਸੈਂਕਸ਼ਨ ਹਨ । ਕੀ ਮਨਿਸਟਰ ਸਾਹਿਬ ਹੁਕਮ ਜਾਰੀ ਕਰਨਗੇ ?

(ਕੋਈ ਉਤਰ ਨਹੀਂ ਆਇਆ)

ਸਰਦਾਰ ਪ੍ਰੇਮ ਸਿੰਘ ਪ੍ਰੇਮ : ਮੇਰੇ ਕੁਐਸ਼ਚਨ, ਸਪੀਕਰ ਸਾਹਿਬ, ਰਹਿ ਗਏ ਹਨ । ਮਰਾ ਗਿਲਾ ਹੈ ਕਿ ਕੁਐਸ਼ਚਨਜ਼ ਦੇ ਜਵਾਬ ਹੁਣ ਦਿੱਤੇ ਹਨ। ਹਾਲਾਂਕਿ ਜਵਾਬ ਇੱਕ ਦਿਨ ਪਹਿਲਾਂ ਦੇਣੇ ਚਾਹੀਦੇ ਸੀ।

CONSTRUCTION OF ROAD FROM ADALTIWALA TO AUJAHU AND DEVIGARH (MEHTABGARH) IN DISTRICT PATIALA.

*4. **Sardar Prem Singh Prem**: Will the Chief Minister be pleased to state—

(a) whether the construction of road from Adaltiwala to Aujahu and Devigarh (Mehtabgarh) has been sanctioned, in Patiata district if so, the present stage of its construction,

(b) whether it is a fact that a bridge on Tangri River is required to be constructed for the completion of the said road; if so, the present position about the said bridge ?

Giani Zail Singh: Yes. Out of 11.2 K.Ms, only 5.2 K.Ms have been completed.

(b) No. It will only be a fair weather road.

[(ਏ) ਜੀ ਹਾਂ ਇਸ ਸੜਕ ਦੇ 11.2 ਕਿਲੋਮੀਟਰ ਦੀ ਕੁਲ ਲੰਬਾਈ ਵਿਚੋਂ 5.2 ਕਿਲੋਮੀਟਰ ਮੁਕੰਮਲ ਹੋ ਚੁਕੀ ਹੈ ।

(ਬੀ) ਨਹੀਂ ਜੀ । ਇਹ ਕੇਵਲ ਫੇਅਰ ਵੇਦਰ (fair weather) ਸੜਕ ਹੋਵੇਗੀ ।]

ਕੈਪਟਨ ਰਤਨ ਸਿੰਘ: (ਵਿਕਾਸ ਤੇ ਖੇਤੀਬਾੜੀ ਮੰਤਰੀ) ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਦਾ ਹਾਂ ਕਿ ਸਾਨੂੰ ਤਾਂ ਕੋਈ ਇਤਰਾਜ਼ ਨਹੀਂ । ਪਰ ਇਹ ਰੂਲਜ਼ ਜਿਹੜੇ ਹਨ ਕਿਸ ਲਈ ਬਣਾਏ ਹਨ । ਜਦੋਂ ਕੋਈ ਮੈਂਬਰ ਨਾ ਹੋਵੇ ਤਾਂ ਉਸ ਦੇ ਸਵਾਲ ਰਹਿ ਜਾਣ ਤਾਂ ਦੁਬਾਰਾ ਸਵਾਲ ਪੁਟ ਨਹੀਂ ਕਰ ਸਕਦਾ ।

ਸ੍ਰੀ ਸਪੀਕਰ : ਕੈਪਟਨ ਸਾਹਿਬ, ਇਹ ਕੋਈ ਨਵੀਂ ਗਲ ਨਹੀਂ । ਮੇਰੇ ਤੋਂ ਪਹਿਲਾਂ ਬਹੁਤ ਜ਼ਿਆਦਾ ਪਰੈਜ਼ੀਡੈਂਟ ਹਨ ਜਿਸ ਵੇਲੇ ਆਨਰੇਬਲ ਮੈਂਬਰ ਲੇਟ ਹੋਵੇ ਤਾਂ ਦੁਬਾਰਾ ਸੁਆਲ ਪੁਛ ਸਕਦਾ ਹੈ । (*Addressing the Development Minister Capt. Rattan Singh:* This is not a new practice. There are so many past proceedings to support this practice of allowing a Member to put this question out of turn, if he comes to the House late.)

ਸਰਦਾਰ ਪ੍ਰੇਮ ਸਿੰਘ ਪ੍ਰੇਮ: ਕੀ ਵਜ਼ੀਰ ਸਾਹਿਬ ਇਹ ਦਸਣਗੇ ਪੰਜ ਕਿਲੋ ਮੀਟਰ ਸੜਕ ਤਿਆਰ ਹੋਣ ਤੋਂ ਬਾਅਦ ਕਿੰਨੇ ਚਿਰ ਤੋਂ ਇਹ ਸੜਕ ਰੁਕੀ ਹੋਈ ਹੈ। ਕੀ ਇਹ ਸੜਕ ਨਾ ਬਣਨ ਦੇ ਕਾਰਨ ਇੱਟਾਂ ਦਾ ਨਾਂ ਮਿਲਣਾ ਹੈ ?

ਸਥਾਨਕ ਸ਼ਾਸਨ ਜੇਲ੍ਹ ਰਾਜ ਮੰਤਰੀ. ਸਪੀਕਰ ਸਾਹਿਬ, ਇਹ ਸੜਕ 11.2 ਕਿਲੋ-ਮੀਟਰ ਹੈ ਝੁਲਕਾ ਤੋਂ ਅਦਾਲਤ ਪੁਰ ਤਕ 7.2 ਕਿਲੋਮੀਟਰ ਹੈ ਅਤੇ ਐਲਾਂ ਤੋਂ ਰੋਸ਼ਨਪੁਰ ਤਕ 4 ਕਿਲੋਮੀਟਰ ਹੈ। ਜਿਨੀ ਸੜਕ ਤਿਆਰ ਨਹੀਂ ਹੋਈ ਉਸਨੂੰ ਛੇਤੀ ਹੀ ਮੁਕੰਮਲ ਕਰਨ ਦੀ ਕੋਸ਼ਿਸ਼ ਕਰਾਂਗੇ।

ਸਰਦਾਰ ਪ੍ਰੇਮ ਸਿੰਘ ਪ੍ਰੇਮ: ਸਪੀਕਰ ਸਾਹਿਬ, ਇਹ ਜਿਨੀਆਂ ਸੜਕਾਂ ਹਨ, ਕਾਫੀ ਦੇਰ ਤੋਂ ਮੰਜ਼ੂਰ ਹੋਈਆਂ ਹਨ ਪਰੰਤੂ ਇੱਟਾਂ ਅਵੇਲੇਬਲ ਨਾਂ ਹੋਣ ਕਾਰਨ ਨਹੀਂ ਬਣੀਆਂ। ਜਿਸ ਤਰ੍ਹਾਂ ਵਜ਼ੀਰ ਸਾਹਿਬ ਨੇ ਫਰਮਾਇਆ ਹੈ ਕੀ ਮੈਂ ਉਨ੍ਹਾਂ ਨੂੰ ਪੁਛ ਸਕਦਾ ਹਾਂ ਕਿ ਉਸ ਇਲਾਕੇ ਵਿਚ ਭੱਠਾ ਨਾਂ ਹੋਣ ਕਾਰਨ ਪੀ. ਡਬਲਯੂ. ਡੀ. ਵਾਲੇ ਸੜਕਾਂ ਨਹੀਂ ਬਨਾਉਂਦੇ। ਦੂਜੇ ਭੱਠੇ ਤੇ ਇੱਟਾਂ ਲਿਆਉਣਾ ਉਨ੍ਹਾਂ ਨੂੰ ਇਕਾਨੋਮਿਕ ਨਹੀ ਪੈਂਦਾ ਕੀ ਚੀਫ ਮਨਿਸਟਰ ਸਾਹਿਬ ਇਸ ਗਲ ਤੇ ਗੌਰ ਕਰਨਗੇ ਕਿ ਕਿੰਨੇ ਚਿਰ ਤੋਂ ਸੜਕਾਂ ਰੁਕੀਆਂ ਹੋਈਆਂ ਹਨ ਅਤੇ ਇਸ ਵਾਸਤੇ ਇੱਟਾਂ ਦੀ ਕੋਈ ਸਪੈਸ਼ਲ ਸੈਂਕਸ਼ਨ ਦਿਤੀ ਜਾਵੇ ?

ਰਾਜ ਮੰਤਰੀ: ਆਵਾਜਾਈ ਨੂੰ ਬੇਹਤਰ ਬਣਾਉਣ ਲਈ ਇਨ੍ਹਾਂ ਸੜਕਾਂ ਵਲ ਪੂਰਾ ਧਿਆਨ ਦਿਤਾ ਜਾਵੇਗਾ ਤੇ ਜੇ ਇੱਟਾਂ ਨਾਂ ਮਿਲਣ ਕਾਰਣ ਕੰਮ ਰੁਕਿਆ ਹੋਇਆ ਹੈ ਤਾਂ ਮਹਿਕਮਾ ਸਿਵਲ ਸਪਲਾਈ ਨਾਲ ਗਲ ਬਾਤ ਕੀਤੀ ਜਾਵੇਗੀ।

ਡਾਕਟਰ ਅਮੀਰ ਸਿੰਘ ਕਲਕਟ: ਮੈਂ ਮੰਤਰੀ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਸੜਕਾਂ ਅਕਾਲੀ ਰਾਜ ਵੇਲੇ ਪੰਜਾਬ ਰਾਜ ਵਿਚ ਮੰਨਜ਼ੂਰ ਹੋਈਆਂ ਸਨ ਉਹ ਆਮ ਕਰਕੇ ਇਨ੍ਹਾਂ ਨੇ ਆਪਣੇ ਹੀ ਹਲਕਿਆਂ ਵਿਚ ਦਿਤੀਆਂ ਅਤੇ ਕਾਂਗਰਸ ਦੇ ਹਲਕਿਆਂ ਵਿਚ ਕੋਈ ਸੜਕ ਨਹੀਂ ਸੀ ਦਿਤੀ ਤਾਂ ਕੀ ਸਰਕਾਰ ਕੋਈ ਪਾਲੀਸੀ ਸਟੇਟਮੈਂਟ ਦੇਵੇਗੀ ਕਿ ਜਿਹੜੇ ਹਲਕੇ ਪਹਿਲਾਂ ਸੜਕਾਂ ਬਨਾਉਣ ਦੇ ਮਾਮਲੇ ਵਿਚ ਇਗਨੋਰ ਕੀਤੇ ਖਾਸ ਤੌਰ ਤੇ ਕਾਂਗਰਸ ਡਾਮੀਨੇਟਿਡ ਇਨ੍ਹਾਂ ਵਿਚ ਆਵਾਜਾਈ ਦੇ ਸਾਧਨ ਪ੍ਰੋਵਾਇਡ ਕਰਨ ਲਈ ਇਨ੍ਹਾਂ ਹਲਕਿਆਂ ਨੂੰ ਪਰੈਂਫਰੈਸ ਦਿਤੀ ਜਾਵੇਗੀ ?

ਰਾਜ ਮੰਤਰੀ: ਮੈਂ ਮਾਨਯੋਗ ਮੈਂਬਰ ਨੂੰ ਇਹ ਦਸਣਾ ਚਾਹੁੰਦਾ ਹਾਂ ਕਿ ਇਸ ਸਮੇਂ ਗਿਆਨੀ ਜ਼ੈਲ ਸਿੰਘ ਹੋਰਾਂ ਦੀ ਸਰਕਾਰ ਨੇ ਪਹਿਲਾਂ ਹੀ ਇਲਾਨ ਕਰ ਦਿਤਾ ਹੈ ਕਿ ਆਉਂਦੇ ਦੋ ਸਾਲਾ ਵਿਚ ਹਰ ਪਿੰਡ ਨੂੰ ਸੜਕ ਨਾਲ ਮਿਲਾਣ ਦਾ ਮਕਸਦ ਪੂਰਾ ਕਰ ਦਿਤਾ ਜਾਵੇਗਾ। (ਪ੍ਰਸ਼ੰਸਾ)

ਸਰਦਾਰ ਗੁਰਚਰਨ ਸਿੰਘ (ਨਿਹਾਲ ਸਿੰਘ ਵਾਲਾ): ਕੀ ਵਜ਼ੀਰ ਸਾਹਿਬ ਦਸਣਗੇ ਕਿ ਇੱਟਾਂ ਕਿੰਨੀਆਂ ਮਹਿੰਗੀਆਂ ਹਨ ਕੀ ਇਨ੍ਹਾਂ ਕੈਲਕੂਲੇਟ ਕੀਤਾ ਹੈ ਕਿ ਕੈਰਿਜ ਆਦਿ ਪਾ ਕੇ ਇਕ ਇਟ 4 ਆਨੇ ਨੂੰ ਪੈਂਦੀ ਹੈ।

ਰਾਜ ਮੰਤਰੀ: ਮੈਂ ਤਾਂ ਇਹ ਅਰਜ਼ ਕੀਤੀ ਹੈ ਕਿ ਕੰਮ ਹੋ ਨਹੀਂ ਰਿਹਾ ਕਿਉਂਕਿ ਇੱਟਾਂ ਨਾ ਮਿਲਣ ਦੀ ਰੁਕਾਵਟ ਸੀ ।

ਸਰਦਾਰ ਸੁਰਿੰਦਰ ਸਿੰਘ ਕੈਰੋਂ: ਕੀ ਵਜ਼ੀਰ ਸਾਹਿਬ ਦਸਣਗੇ ਕਿ ਕੀ ਇਨ੍ਹਾਂ ਨੂੰ ਪਤਾ ਹੈ ਕਿ ਇੱਟਾਂ ਤੋਂ ਕੰਟਰੋਲ ਹਟ ਗਿਆ ਹੈ ਮੇਰੀ ਇਨਫਾਰਮੇਸ਼ਨ ਹੈ ਕਿ ਇੱਟਾਂ ਤੇ ਹੁਣ ਕੋਈ ਕੰਟਰੋਲ ਨਹੀਂ ਰਿਹਾ ਤਾਂ ਕੀ ਸਰਕਾਰ ਆਪਣੀ ਪੋਜ਼ੀਸ਼ਨ ਵਾਜ਼ੇ ਕਰੇਗੀ ਕਿ ਜਿਥੇ ਇੱਟਾਂ ਨਹੀ ਮਿਲ ਰਹੀਆਂ, ਭੱਠਾ ਨਹੀਂ, ਕੀ ਸਰਕਾਰ ਆਪ ਭੱਠੇ ਸੈਂਕਸ਼ਨ ਕਰੇਗੀ? (ਵਿਘਨ)

ਸ੍ਰੀ ਸਪੀਕਰ: ਮੈਂ ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਇੱਟਾਂ ਦੀ ਪੋਜ਼ੀਸ਼ਨ ਬੜੀ ਗੰਭੀਰ ਹੈ ਸਰਕਾਰ ਤਾਂ ਆਪਣੇ ਵਲੋਂ ਕੋਲਾ ਦੇਕੇ ਕੰਟਰੋਲ ਰੇਟ ਤੇ ਇਟਾਂ ਆਪ ਲੈ ਲੈਂਦੀ ਹੈ ਤੇ ਬਾਕੀ ਦਾ ਕੋਲਾ ਮਹਿੰਗਾ ਹੈ ਇਸ ਲਈ ਇੱਟਾਂ ਦਾ ਭਾ 80 ਤੋਂ 125 ਰੁਪਏ ਤਕ ਪਹੁੰਚ ਗਿਆ ਹੈ ਇਸ ਦੇ ਬਾਰੇ ਵਿਚ ਜ਼ਰੂਰ ਵਾਜ਼ਬ ਪ੍ਰਬੰਧ ਹੋਣਾ ਚਾਹੀਦਾ ਹੈ। (I would like to point out to the hon. Minister concerned that the problem of the shortage of bricks is taking a serious turn. Government manages to get the bricks at the controlled rates after supplying the coal to the kilns but in the open market the price of bricks has risen from Rs. 80 to 125. Govt. should take immediate steps to ease the position.)

ਰਾਜ ਮੰਤਰੀ: ਜ਼ਰੂਰੀ ਜੀ । (ਵਿਘਨ)

ਕਾਮਰੇਡ ਸੱਤਪਾਲ ਡਾਂਗ: ਸਪੀਕਰ ਸਾਹਿਬ, ਤੁਹਾਡੇ ਸਵਾਲ ਦਾ ਜਵਾਬ ਨਹੀਂ ਆਇਆ ।

ਵਿਕਾਸ ਤੇ ਖੇਤੀ ਬਾੜੀ ਮੰਤਰੀ (ਕੈਪਟਨ ਰਤਨ ਸਿਘ): ਸਪੀਕਰ ਸਾਹਿਬ ਦਾ ਸਵਾਲ ਨਹੀਂ ਸੀ ਸੁਜੈਸ਼ਨ ਸੀ ਇਸ ਦੇ ਬਾਰੇ ਵਿਚ ਕਹਿ ਹੀ ਦਿਤਾ ਹੈ ਵਜ਼ੀਰ ਸਾਹਿਬ ਨੇ ।

ਸ੍ਰੀ ਸਪੀਕਰ: ਕੈਪਟਨ ਸਾਹਿਬ, ਇਸ ਸਬੰਧ ਵਿਚ ਉਚੇਚੇ ਤੌਰ ਤੇ ਐਮਰਜੰਟ ਬੇਸਿਜ਼ ਤੇ ਪ੍ਰਬੰਧ ਕਰੋ (I would request Captain Sahib to take steps on emergent basis in this matter.)

ਮਾਨਯੋਗ ਮੈਂਬਰ: ਇਸ ਦੇ ਬਾਰੇ ਵਿਚ ਸਟੇਟਮੈਂਟ ਦਿਉ ।

ਮੰਤਰੀ : ਸਪੀਕਰ ਸਾਹਿਬ, ਇਸ ਦੇ ਬਾਰੇ ਵਿਚ ਸਟੇਟਮੈਂਟ ਸੋਚ ਵਿਚਾਰ ਕੇ ਹੀ ਦੇਣੀ ਹੈ ਐਸਾ ਨਾ ਹੋਵੇ ਕਿ ਕੋਈ ਗਲਤ ਸਟੇਟਮੈਂਟ ਦੇ ਦੇਈਦੇ ਅਤੇ ਬਾਅਦ ਵਿਚ ਉਸ ਨੂੰ ਪੂਰਾ ਨਾ ਕਰ ਸਕੀਏ ਤਾਂ ਤਕਲੀਫ ਹੋਵੇ । ਅਸੀਂ ਇਸ ਸਮਸਿਆ ਤੋਂ ਭਲੀ ਪ੍ਰਕਾਰ ਜਾਣੂ ਹਾਂ ਅਤੇ ਇਸ ਦੇ ਬਾਰੇ ਵਿਚ ਪੂਰੀ ਸੋਚ ਵਿਚਾਰ ਕਰਕੇ ਸਟੇਟਮੈਂਟ ਦਿਆਂਗੇ ।

ਸਰਦਾਰ ਅ ਜਾਇਬ ਸਿੰਘ ਸੰਧੂ : ਕੀ ਵਜ਼ੀਰ ਸਾਹਿਬ ਦਸਣਗੇ ਕਿ ਇੱਟਾਂ ਦੀ ਕੀਮਤ ਤੇ ਕੋਈ ਕੰਟ੍ਰੋਲ ਹੈ ਜਾਂ ਨਹੀਂ ?

ਮੰਤਰੀ : ਇਹ ਤਾਂ ਸਵਾਲ ਦੇ ਸਕੋਪ ਵਿਚ ਨਹੀਂ ਆਉਂਦਾ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਹ ਸਰਕਾਰ ਹਰ ਸਵਾਲ ਨੂੰ ਟਾਲਦੀ ਹੈ ।

ਸ਼੍ਰੀ ਸਪੀਕਰ : ਜਿਹੜਾ ਜਵਾਬ ਰਾਜ ਮੰਤਰੀ ਸਾਹਿਬ ਨੇ ਦਿਤਾ ਹੈ ਉਸ ਵਿਚੋਂ ਇਹ ਸਪਲੀਮੈਂਟਰੀ ਅਰਾਈਜ਼ ਹੁੰਦਾ ਹੈ । (It arises out of the reply given by the State Minister.)

ਰਾਜ ਮੰਤਰੀ (ਸ੍ਰੀ ਗਿਆਨ ਚੰਦ ਖਰਬੰਦਾ): ਜਨਾਬ, ਸਪੀਕਰ ਸਾਹਿਬ, ਪੋਜ਼ੀਸ਼ਨ ਇਹ ਹੈ ਕਿ ਇਸ ਸਬੰਧ ਵਿਚ ਹਾਈ ਕੋਰਟ ਨੇ ਫੈਸਲਾ ਦੇ ਕੇ ਇਸ ਨੂੰ ਇਨਵੈਲਿਡ ਕਰਾਰ ਦਿਤਾ ਹੈ । ਸਰਕਾਰ ਸਹੀ ਪੋਜ਼ੀਸ਼ਨ ਦਾ ਅੰਦਾਜ਼ਾ ਨਹੀਂ ਲਗਾ ਸਕਦੀ ਜਦ ਤਕ ਕਿ ਹਾਈ ਕੋਰਟ ਦੇ ਫੈਸਲੇ ਦੀ ਕਾਪੀ ਸਰਕਾਰ ਪਾਸ ਨਾ ਆ ਜਾਵੇ ।

ਕਾਮਰੇਡ ਸੱਤਪਾਲ ਡਾਂਗ : ਜਨਾਬ ਸਪੀਕਰ ਸਾਹਿਬ, ਹਾਈ ਕੋਰਟ ਨੇ ਇਹ ਫੈਸਲਾ ਦਿਤਾ ਹੈ ਕਿ ਸਰਕਾਰ ਇੱਟਾਂ ਦੀ ਕੀਮਤ ਮੁਕਰਰ ਨਹੀਂ ਕਰ ਸਕਦੀ ਅਤੇ ਨਾਂ ਹੀ ਭੱਠਾ ਲਗਾਣ ਲਈ ਕਿਸੇ ਲਾਇਸੰਸ ਦੀ ਲੋੜ ਹੈ ਮਰਜ਼ੀ ਚਾਹੇ ਭੱਠਾ ਲਗਾ ਲਵੇ । ਅਗੇ ਫੂਡ ਡੀਪਾਰਟਮੈਂਟ ਵਾਲੇ ਇੱਟਾਂ ਲਈ ਪਰਮਿਟ ਜਾਰੀ ਕਰਦੇ ਸਨ ਤਾਂ 110 ਰੁਪਏ ਦਾ ਭਾ ਸੀ ਹੁਣ ਪਰਮਿਟ ਨਹੀਂ ਰਿਹਾ ਤੇ ਭਾ 150 ਰੁਪਏ ਤਕ ਚਲਾ ਗਿਆ ਹੈ ਇਸ ਦੇ ਬਾਰੇ ਵਿਚ ਸਰਕਾਰ ਕੀ ਕਾਰਵਾਈ ਕਰ ਰਹੀ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਜਿਨਾ ਚਿਰ ਤਕ ਹਾਈ ਕੋਰਟ ਦੇ ਫੈਸਲੇ ਦੀ ਕਾਪੀ ਨਹੀਂ ਮਿਲ ਜਾਂਦੀ ਅਤੇ ਇਹ ਪਤਾ ਨਹੀਂ ਲਗ ਜਾਂਦਾ ਕਿ ਕਿੰਨ੍ਹਾ ਮੱਦਾਂ ਤੇ ਹਾਈ ਕੋਰਟ ਨੇ ਫੈਸਲਾ ਦਿਤਾ ਹੈ ਤਦ ਤਕ ਸਰਕਾਰ ਇਸ ਮਾਮਲੇ ਵਿਚ ਕੋਈ ਰਾਏ ਪਰਗਟ ਨਹੀਂ ਕਰ ਸਕਦੀ । (ਵਿਘਨ)

Mr. Speaker: Next question.

Sardar Prem Singh Prem: Sir, it is my question and I must be given an opportunity for putting supplementary. I will put only one supplementary.

Mr. Speaker: I have already called upon the next question. I hope you will excuse me.

CONSTRUCTION OF ROAD FROM ROHAR JAGIR TO BEEPUR-ROSHANPUR BINJAL AND MOLGARH IN PATIALA TEHSIL.

*5. **Sardar Prem Singh Prem:** Will the Chief Minister be pleased to state. :

(a) the actual position as it stands at present about the construction of the road from Rohar Jagir to Beepur-Roshanpur Binjal and Molagarh in Patiala Tehsil;

(b) whether the construction of the said road has been sanctioned, if so, the total mileage there of constructed so far;

(c) the time which the said road is likely to be completed?

Giani Zail Singh: (a & b)by This road stands sanctioned under the village Road Crash Programme. Earth work has not been done by the villagers on the major portion of this road. This has now been included in the Government of India, Crash Scheme for Rural Employment ,fund for which will be provided by the Government of India. Earth work will be done departmentally against that and thereafter work shall be taken in hand.

c) It will be completed during 1972 subject to the availability of bricks.

[(ਏ ਤੇ ਬੀ) ਇਹ ਸੜਕ ਕਰੈਸ਼ ਪਰੋਗਰਾਮ ਅਧੀਨ ਮਨਜ਼ੂਰ ਹੋਈ ਹੈ। ਇਸ ਸੜਕ ਦੇ ਵੱਡੇ ਹਿਸੇ ਤੇ ਅਜੇ ਪਿੰਡ ਵਾਲਿਆਂ ਨੇ ਮਿੱਟੀ ਪਾਉਣ ਦਾ ਕੰਮ ਪੂਰਾ ਨਹ ਕੀਤਾ। ਹੁਣ ਇਹ ਕੰਮ "ਪੇਂਡੂ ਰੋਜ਼ਗਾਰ ਸਕੀਮ" ਜਿਹੜੀ ਭਾਰਤ ਸਰਕਾਰ ਦੀ ਹੈ ਵਿਚ ਪਾ ਦਿੱਤਾ ਗਿਆ ਹੈ ਜਿਸ ਦਾ ਖਰਚਾ ਭੀ ਭਾਰਤ ਸਰਕਾਰ ਹੀ ਕਰੇਗੀ ਕੇ ਇਸ ਤਰ੍ਹਾਂ ਇਸ ਸੜਕ ਤੇ ਮਿੱਟੀ ਪਾਉਣ ਦਾ ਕੰਮ ਮਹਿਕਮੇ ਰਾਹੀਂ ਕਰ ਅਗੇ ਕੰਮ ਚਾਲੂ ਕੀਤਾ ਜਾਵੇਗਾ।

(ਸੀ) ਇਸ ਕੰਮ ਦੇ 1972 ਸਾਲ ਵਿਚ ਮੁਕੰਮਲ ਹੋਣ ਦੀ ਆਸ ਹੈ ਜੇਕਰ ਇੱਟਾਂ ਦੀ ਘਾਟ ਨਾਂ ਹੋਈ।]

ਸਰਦਾਰ ਪ੍ਰੇਮ ਸਿੰਘ ਪਰੇਮ: ਵਜ਼ੀਰ ਸਾਹਿਬ ਨੇ ਫਰਮਾਇਆ ਹੈ ਕਿ ਰੋਹੜ ਜਗੀਰ ਤੋਂ ਬੀਪੁਰ ਰੋਸ਼ਨਪੁਰ, ਬਿਨਜਾਲ ਮੌਲਗੜ੍ਹ ਸੜਕ ਤੇ ਪਿੰਡ ਵਾਲਿਆਂ ਨੇ ਮਿੱਟੀ ਨਹੀਂ ਪਾਈ। ਮੈਂ ਵਜ਼ੀਰ ਸਾਹਿਬ ਤੋਂ ਆਪ ਰਾਹੀਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਹਕੀਕਤ ਨਹੀਂ ਕਿ ਪਿੰਡ ਵਾਲਿਆਂ ਨੇ ਮਿਟੀ ਪਾਈ ਪਰ ਫਲੱਡਜ਼ ਦੇ ਆਣ ਨਾਲ ਮਿਟੀ ਰੁੜ੍ਹ ਗਈ ਇਨ੍ਹਾਂ ਨੇ ਕੰਮ ਉਸ ਸੜਕ ਨੂੰ ਪਕਿਆਂ ਕਰਨ ਦਾ ਨਹੀਂ ਕੀਤਾ ?

ਇਕ ਮਾਨਯੋਗ ਮੈਂਬਰ : ਇਸ ਸਵਾਲ ਤੇ ਵੀ ਮਿੱਟੀ ਪਾਓ। (ਹਾਸਾ)

ਸ਼੍ਰੀ ਸਪੀਕਰ : ਜੇਕਰ ਪਿੰਡ ਵਾਲਿਆਂ ਨੇ ਹੁਣ ਮਿੱਟੀ ਸੜਕ ਤੇ ਪਾ ਦਿਤੀ ਹੈ, ਤਾਂ ਇਹ ਸੜਕ ਬਣਨੀ ਚਾਹੀਦੀ ਹੈ? (In case the earth work on this road has been completed by the villagers, then road should be constructed now.)

ਰਾਜ ਮੰਤਰੀ (ਸ਼੍ਰੀ ਜੁਗਿੰਦਰ ਪਾਲ ਪਾਂਡੇ): ਮੈਂ, ਸਪੀਕਰ ਸਾਹਿਬ, ਇਹ ਨਹੀਂ ਕਿਹਾ ਕਿ ਸਵਾਲ ਮਿੱਟੀ ਪਾਓ ਦਾ ਹੈ ਮੈਂ ਤਾਂ ਇਹ ਅਰਜ਼ ਕੀਤੀ ਹੈ ਕਿ ਪਿੰਡ ਵਾਲਿਆਂ ਨੇ ਇਸ ਸੜਕ ਦੇ ਵਡੇ ਹਿਸੇ ਤੇ ਮਿਟੀ ਪਾਣ ਦਾ ਕੰਮ ਪੂਰਾ ਨਹੀਂ ਕੀਤਾ।

ਸਰਦਾਰ ਪ੍ਰੇਮ ਸਿੰਘ ਪ੍ਰੇਮ : ਸਪੀਕਰ ਸਾਹਿਬ, ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਵਜ਼ੀਰ ਸਾਹਿਬ ਨੂੰ ਮਹਿਕਮੇ ਵਲੋਂ ਗਲਤ ਜਵਾਬ ਤਿਆਰ ਕਰਕੇ ਭੇਜੇ ਜਾਂਦੇ ਹਨ। ਅਸਲ ਹਾਲਤ ਨਹੀਂ ਦਸੀ ਜਾਂਦੀ। ਇਹ ਸੜਕ ਪਹਿਲਾਂ ਕਰੈਸ਼ ਪਰੋਗਰਾਮ ਵਿਚ ਮਨਜ਼ੂਰ ਕੀਤੀ ਗਈ ਅਤੇ ਇਸ ਦੇ ਬਾਰੇ ਵਿਚ ਹਕੀਕਤ ਹੈ ਕਿ ਇਸ ਸੜਕ ਤੇ ਮਿੱਟੀ ਪਾ ਦਿਤੀ ਗਈ ਅਤੇ ਫਲਡੱਜ਼ ਕਾਰਨ ਰੁੜ੍ਹ ਗਈ। ਇਨ੍ਹਾਂ ਨੇ ਕੋਈ ਧਿਆਨ ਨਹੀਂ ਦਿਤਾ। ਪਿਛਲੇ ਇਕ ਸਵਾਲ ਦੇ ਜਵਾਬ ਵਿਚ ਇਹ ਦਸਿਆ ਗਿਆ ਕਿ ਇੱਟਾਂ ਨਹੀਂ ਮਿਲ ਰਹੀਆਂ ਤਾਂ ਕੀ ਸਰਕਾਰ ਇਸ ਗਲ ਨੂੰ ਸਾਹਮਣੇ ਰਖਦੀ ਹੋਈ ਕਿ ਇਹ ਇਲਾਕਾ ਗਰੀਬ ਹੈ ਅਤੇ ਲੋਕ ਆਪ ਇੱਟਾਂ ਲਈ ਭਠਾ ਨਹੀਂ ਲਗਾ ਸਕਦੇ, ਕੀ ਸਰਕਾਰ ਆਪਣਾ ਭੱਠਾ ਲਗਾਣ ਦਾ ਪਰਬੰਧ ਕਰੇਗੀ ? (ਵਿਘਨ)

ਰਾਜ ਮੰਤਰੀ : ਸਪੀਕਰ ਸਾਹਿਬ, ਮਹਿਕਮੇ ਦੇ ਪਾਸ ਇਸ ਕਿਸਮ ਦੀ ਅਜ ਤਕ ਕੋਈ ਸਕੀਮ ਨਹੀਂ। ਜੇਕਰ ਇਸ ਦੇ ਬਾਰੇ ਵਿਚ ਹੋਰ ਵਾਕਫੀ ਚਾਹੀਦੀ ਹੋਵ ਤਾਂ ਅਲਗ ਸਵਾਲ ਦੇ ਦੇਣ ਜਵਾਬ ਮੰਗਵਾ ਦਿਤਾ ਜਾਵੇਗਾ।

ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ : ਸਪੀਕਰ ਸਾਹਿਬ, ਇਹ ਸ਼ਕਾਇਤ ਥਾਂ ਪਰ ਥਾਂ ਤੋਂ ਆ ਰਹੀ ਹੈ ਕਿ ਇੱਟਾਂ ਨਹੀਂ ਮਿਲ ਰਹੀਆਂ ਕੀ ਸਰਕਾਰ ਇਹ ਇਰਾਦਾ ਰਖਦੀ ਹੈ ਕਿ ਭਠੇ ਲਗਾਣ ਦਾ ਕੰਮ ਪੀ. ਡਬਲਯੂ. ਡੀ. ਨੂੰ ਦੇ ਦਿਤਾ ਜਾਵੇ ?

ਰਾਜ ਮੰਤਰੀ, ਖੁਰਾਕ ਅਤੇ ਸਪਲਾਈ : ਸਪੀਕਰ ਸਾਹਿਬ ਇਸ ਕੰਮ ਲਈ ਕੋਲ ਦੀ ਲੋੜ ਜਿਸ ਦੀ ਕਿ ਸ਼ਾਰਟੇਜ ਹੈ ਅਤੇ ਸ਼ਾਰਟੇਜ ਦਾ ਕਾਰਨ ਵੈਗਨਾਂ ਦਾ ਨਾ ਮਿਲਣਾ ਹੈ। ਇਹੀ ਇਸ ਦਾ ਮੇਨ ਕਾਰਨ ਹੈ ਅਸੀਂ ਇਸ ਸਬੰਧ ਵਿਚ ਸੈਂਟਰ ਦੀ ਸਰਕਾਰ ਨੂੰ ਐਪਰੋਚ ਕੀਤਾ ਹੈ ਕਿ ਵੈਗਨਾਂ ਦਿਲਾਣ ਦੇ ਸਬੰਧ ਵਿਚ ਜ਼ਰੂਰੀ ਕਾਰਵਾਈ ਕੀਤੀ ਜਾਵੇ ਕੋਲੇ ਦੀ ਸ਼ਾਰਟੇਜ ਦੂਰ ਹੋਣ ਤੇ ਹੀ ਹੋਰ ਕੋਈ ਸਕੀਮ ਸੋਚੀ ਜਾ ਸਕਦੀ ਹੈ।

ਅਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਕੀ ਵਜ਼ੀਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਜਿਹੜੀਆਂ ਸੜਕਾਂ ਪਿਛਲੇ ਸਾਲ ਵਿਚ ਇੱਟਾਂ ਦੀ ਥੁੜ ਕਾਰਨ ਪੱਕੀਆਂ ਨਹੀਂ ਕੀਤੀਆਂ ਜਾ ਸਕੀਆਂ ਉਨ੍ਹਾਂ ਲਈ ਸਰਕਾਰ ਆਪ ਭਠਾ ਲਗਾ ਕੇ ਉਨ੍ਹਾਂ ਨੂੰ ਪੱਕਿਆਂ ਕਰੇਗੀ ?

ਰਾਜ ਮੰਤਰੀ : ਇਸ ਦੇ ਬਾਰੇ ਵਿਚ ਨੋਟਿਸ ਦੇ ਦਿਓ ਪਤਾ ਕਰਕੇ ਜਵਾਬ ਮੰਗਵਾ ਦਿਆਂਗੇ।

ਭਗਤ ਗੁਰਾਂ ਦਾਸ ਹੰਸ : ਕੀ ਵਜ਼ੀਰ ਸਾਹਿਬ ਦਸਣਗੇ ਕਿ ਪਹਾੜੀ ਇਲਾਕੇ ਵਿਚ ਪੱਥਰ ਪਿਆ ਹੈ ਅਤੇ ਮੁਫਤ ਮਿਲ ਸਕਦਾ ਹੈ ਉਸ ਨੂੰ ਲਿਆ ਕੇ ਸੜਕਾਂ ਤੇ ਇੱਟਾਂ ਦੀ ਥਾਂ ਵਰਤੋਂ ਵਿਚ ਨਹੀਂ ਲਿਆਂਦਾ ਜਾ ਸਕਦਾ ? ਕੀ ਸਰਕਾਰ ਇਸ ਪਾਸੇ ਧਿਆਨ ਦੇਵੇਗੀ ? (ਵਿਘਨ)

(ਕੋਈ ਜਵਾਬ ਨਹੀਂ ਦਿਤਾ ਗਿਆ)

ਸਰਦਾਰ ਸੁਰਜੀਤ ਸਿੰਘ ਅਟਵਾਲ : ਵਜ਼ੀਰ ਸਾਹਿਬ ਨੇ ਜਵਾਬ ਦਿੰਦਿਆਂ ਕਿਹਾ ਹੈ ਕਿ ਇਹ ਸਰਕਾਰ ਦੀ ਪਾਲਿਸੀ ਹੈ ਕਿ ਦੋ ਸਾਲ ਦੇ ਅੰਦਰ ਸਾਰੀਆਂ ਸੜਕਾਂ ਪੱਕੀਆਂ ਕਰ ਦਿੱਤੀਆਂ ਜਾਣਗੀਆਂ, ਇਕ ਇਹ ਵੀ ਜਵਾਬ ਦਿੱਤਾ ਕਿ ਨਾ ਕੋਇਲਾ ਮਿਲ ਰਿਹਾ ਹੈ ਅਤੇ ਨਾ ਹੀ ਇਟਾਂ ਮਿਲਦੀਆਂ ਹਨ। ਕੀ ਸਰਕਾਰ ਇਸ ਮੁਆਮਲੇ ਤੇ ਸੋਚ ਰਹੀ ਹੈ ਕਿ ਇਹ ਘਾਟ ਕਿਵੇਂ ਪੂਰੀ ਕੀਤੀ ਜਾਵੇ। ਜੇ ਇੱਟਾਂ ਕੋਇਲਾ ਨਹੀਂ ਮਿਲਦਾ ਤਾਂ ਕੀ ਇਹ ਸੜਕਾਂ ਪੈਂਡਿੰਗ ਰਹਿਣ ਦਿਤੀਆਂ ਜਾਣਗੀਆਂ ?

(ਕੋਈ ਜਵਾਬ ਨਹੀਂ ਦਿੱਤਾ ਗਿਆ)

ਸਰਦਾਰ ਧੰਨਾ ਸਿੰਘ ਗੁਲਸ਼ਨ : ਮੰਤਰੀ ਮਹੋਦਯ ਨੇ ਹੁਣੇ ਹੀ ਫਰਮਾਇਆ ਹੈ ਕਿ ਵੈਗਨਾਂ ਦੀ ਘਾਟ ਹੋਣ ਕਰਕੇ ਕੋਇਲੇ ਦੀ ਸਪਲਾਈ ਨਹੀਂ ਹੋ ਰਹੀ । ਇਹ ਵੀ ਹੋ ਸਕਦਾ ਹੈ ਕਿ ਇਹ ਸੜਕਾਂ ਬਣਾਉਣ ਦੇ ਵਾਸਤੇ ਕੋਇਲਾ ਮਿਲੇ ਹੀ ਨਾ। ਵਜ਼ੀਰ ਸਾਹਿਬ ਤੋਂ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜੇ ਕੋਈ ਢੋ-ਢੁਆਈ ਦੀ ਵੈਗਨਾਂ ਕਰਕੇ ਦਿਕਤ ਹੈ ਤਾਂ ਕੀ ਇਹ ਢੁਆਈ ਟਰੱਕਾਂ ਰਾਹੀਂ ਕਰਵਾਉਣ ਦਾ ਤਰੀਕਾ ਇਖਤਿਆਰ ਕਰਨਗੇ ਤਾਂ ਜੋ ਇਹ ਘਾਟ ਪੂਰੀ ਕੀਤੀ ਜਾ ਸਕੇ ? ਵਜ਼ੀਰ ਸਾਹਿਬ ਜਵਾਬ ਦੇਣ ।

ਸ੍ਰੀ ਸਪੀਕਰ : ਮੈਂ ਹੀ ਜਵਾਬ ਦੇ ਦੇਵਾਂ ਗੁਲਸ਼ਨ ਜੀ, ਇਹ ਮਹਿੰਗਾ ਤਰੀਕਾ ਪੈਣਾ ਹੈ। (Let me give a reply to this supplementary question. It is a costly procedure).

ਸਰਦਾਰ ਜਸਵਿੰਦਰ ਸਿੰਘ ਬਰਾੜ : ਜਿੰਨ੍ਹਾਂ ਭੱਠਿਆਂ ਤੇ ਇੱਟਾਂ ਨਹੀਂ ਮਿਲਦੀਆਂ ਪਰ ਰਾਤ ਨੂੰ ਉਨ੍ਹਾਂ ਤੋਂ ਹੀ ਟਰੱਕਾਂ ਅਤੇ ਗੱਡਿਆਂ ਰਾਹੀਂ ਢੋਈਆਂ ਜਾਂਦੀਆਂ ਹਨ। ਕੀ ਸਰਕਾਰ ਇਸ ਗੱਲ ਦਾ ਪਤਾ ਲਗਾਵੇਗੀ ਕਿ ਕਿਨ੍ਹਾਂ ਭੱਠਿਆਂ ਤੋਂ ਰਾਤਾਂ ਨੂੰ ਇੱਟਾਂ ਜਾਂਦੀਆਂ ਹਨ ? ਕੀ ਇਸ ਪਾਸੇ ਸਰਕਾਰ ਮੁਨਾਸਿਬ ਕਦਮ ਉਠਾਏਗੀ ?

ਰਾਜ ਮੰਤਰੀ, (ਸਥਾਨਕ ਸਰਕਾਰ ਅਤੇ ਜੇਲਾਂ: ਜੇ ਕੋਈ ਡੈਫੀਨਿਟ ਸਵਾਲ ਕੀਤਾ ਜਾਵੇ ਤਾਂ ਮੈਂ ਜਵਾਬ ਦੇ ਸਕਦਾ ਹਾਂ ਐਸੇ ਹਾਲਾਤ ਵਿਚ ਮੇਰੀ ਮਜਬੂਰੀ ਹੈ ।

ਸਰਦਾਰ ਗੁਰਬਚਨ ਸਿੰਘ : ਕੀ ਵਜ਼ੀਰ ਸਾਹਿਬ ਜਾਣਦੇ ਹਨ ਕਿ ਹਰਿਆਣੇ ਵਿਚ ਕੋਇਲੇ ਦੀ ਕੋਈ ਸ਼ਾਰਟੇਜ ਨਹੀਂ, ਪਰ ਇਹ ਸ਼ਾਰਟੇਜ ਪੰਜਾਬ ਦੇ ਵਿਚ ਕਿਉਂ ਹੈ ?

(ਕੋਈ ਜਵਾਬ ਨਹੀਂ ਦਿੱਤਾ ਗਿਆ)

ਕਾਮਰੇਡ ਸੱਤ ਪਾਲ ਡਾਂਗ : ਕੀ ਇਹ ਗੱਲ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਆਈ ਹੈ ਕਿ ਭੱਠੇ ਵਾਲੇ ਐਸ. ਈ. ਅਤੇ ਐਕਸ. ਈ. ਐਨ. ਵਗੈਰਾ ਨੂੰ ਜਿਹੜਾ ਜਵਾਬ ਦੇ ਰਹੇ ਹਨ, ਇਹ ਜਾਣ-ਬੁਝ ਕੇ ਕੋਇਲੇ ਦੀ ਸ਼ਾਰਟੇਜ ਸ਼ੋ ਕੀਤੀ ਜਾ ਰਹੀ ਹੈ। ਦਰਅਸਲ ਗੱਲ ਇਹ ਹੈ ਕਿ ਉਹ 150 ਰੁਪਏ ਹਜ਼ਾਰ ਦੇ ਭਾਉ ਵੇਚਣਾ ਚਾਹੁੰਦੇ ਹਨ। ਕੀ ਇਹ ਗੱਲ ਦਾ ਉਨ੍ਹਾਂ ਨੂੰ ਪਤਾ ਹੈ ?

(ਕੋਈ ਜਵਾਬ ਨਹੀਂ ਦਿੱਤਾ ਗਿਆ)

ਸ੍ਰੀ ਗੁਰਦਿਆਲ ਸੈਣੀ: ਸਪੀਕਰ ਸਾਹਿਬ, ਸਵਾਲ ਦੇ ਸਕੋਪ ਮੁਤਾਬਿਕ ਹੀ ਸਪਲੀਮੈਂਟਰੀ ਹੋਣੇ ਚਾਹੀਦੇ ਹਨ ਸੜਕਾਂ ਦੀ ਤਾਮੀਰ ਦਾ ਸਵਾਲ ਹੈ ਕੋਇਲਾ ਅਤੇ ਇੱਟਾਂ ਇਸ ਵਿਚੋਂ ਕਿਥੋਂ ਆ ਗਈਆਂ । (ਵਿਘਨ)

ਸਰਦਾਰ ਪ੍ਰੇਮ ਸਿੰਘ ਪ੍ਰੇਮ : ਮੈਂ ਵਜ਼ੀਰ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਜਦੋਂ ਕੋਇਲੇ ਦੀਆਂ ਵੈਗਨਾਂ ਮਿਲ ਗਈਆਂ ਤਾਂ ਕੀ ਉਨ੍ਹਾਂ ਦੀ ਈਕੂਅਲ ਡਿਸਟਰੀਬਿਊਸ਼ਨ ਕੀਤੀ ਜਾਵੇਗੀ ਅਤੇ ਕੀ ਇਸ ਗਲ ਦਾ ਖਿਆਲ ਵੀ ਰਖਿਆ ਜਾਵੇਗਾ ਕਿ ਜਿਨ੍ਹਾਂ ਨੂੰ ਪਹਿਲਾਂ, ਕੋਇਲਾ ਨਹੀਂ ਮਿਲਿਆ ਉਨ੍ਹਾਂ ਨੂੰ ਪਹਿਲਾਂ ਦ੍ਰਿਤਾ ਜਾਵੇਗਾ ਅਤੇ ਇੱਟਾਂ ਜਿਨ੍ਹਾਂ ਭੱਠਿਆਂ ਤੇ ਵੀ ਹੋਣਗੀਆਂ ਭਾਵੇਂ ਉਹ ਦੂਰ ਦੇ ਭੱਠਿਆ ਤੇ ਕਿਉਂ ਨਾ ਹੋਣ, ਸਪਲਾਈ ਕਰਨ ਦਾ ਕੋਈ ਪ੍ਰਬੰਧ ਕੀਤਾ ਜਾਵੇਗਾ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਸਵਾਲ ਸੜਕਾਂ ਨਾਲ ਸਬੰਧਤ ਹੈ। ਇਸ ਦੇ ਮੁਤਾਲਿਕ ਭਾਵੇਂ ਇਹ 100 ਸਪਲੀਮੈਂਟਰੀ ਕਰਨ ਮੈਂ ਜਵਾਬ ਦੇਣ ਵਾਸਤੇ ਤਿਆਰ ਹਾਂ। ਕਾਇਦੇ ਦੇ ਮੁਤਾਬਿਕ ਸੜਕਾਂ ਡਿਪਾਰਟਮੈਂਟ ਨੇ ਬਣਾਉਣੀਆਂ ਹਨ ਇਸ ਸਬੰਧ ਵਿਚ ਮੈਂ ਪਹਿਲਾਂ ਕਹਿ ਹੀ ਚੁਕਾ ਹਾਂ।

ਸ੍ਰੀ ਸਪੀਕਰ : ਪਾਂਡੇ ਜੀ, ਇੱਟਾਂ ਦਾ ਭਾਅ ਮਹਿੰਗਾ ਹੋ ਗਿਆ ਹੈ ਅਤੇ ਡਿਪਾਰਟਮੈਂਟਲ ਤੌਰ ਤੇ ਇਸ ਦਾ ਕੋਈ ਪ੍ਰਬੰਧ ਕਰ ਦੇਣਾ ਚਾਹੀਦਾ ਹੈ। ਇਹ ਤਾਂ ਇਸ ਸਵਾਲ ਦੇ ਸਕੋਪ ਵਿਚ ਹੈ।

(*Addresing Minister of State for local Government, Shri Joginder Pal Pandey*:- The prices of bricks have gone up and this must be checked through Departmental action. This point is within the scope of this question.)

ਰਾਜ ਮੰਤਰੀ : ਸਪੀਕਰ ਸਾਹਿਬ, ਜਿਹੜੀਆਂ ਸੜਕਾਂ ਡਿਪਾਰਟਮੈਂਟ ਬਣਾਉਂਦਾ ਹੈ ਉਨ੍ਹਾਂ ਤੇ ਡਿਪਾਰਟਮੈਂਟ ਦੀ ਰਿਸਪਾਂਸੇਬਿਲਟੀ ਹੈ। ਜਿਹੜੀਆਂ ਕੰਟਰੈਕਟ ਬੇਸਿਜ਼ ਤੇ ਬਣਦੀਆਂ ਹਨ ਉਨ੍ਹਾਂ ਦੀ ਜ਼ਿਮੇਵਾਰੀ ਉਨ੍ਹਾਂ ਦੀ ਆਪਣੀ ਹੈ। ਸਰਕਾਰ ਨੇ ਇਹ ਸੜਕਾਂ ਸਾਰੇ ਪੰਜਾਬ ਦੇ ਪਿੰਡਾਂ ਨੂੰ ਦੇਣੀਆਂ ਹਨ। ਇਹ ਬਾਰ ਬਾਰ ਕਿਹਾ ਜਾ ਚੁਕਿਆ ਹੈ ਕਿ ਅਸੀਂ ਹੀ ਸਾਰਾ ਇੰਤਜ਼ਾਮ ਕਰਨਾ ਹੈ। ਇਸ ਐਲਾਨ ਨਾਲ ਮੈਂਬਰ ਸਾਹਿਬਾਨ ਦੀ ਸੈਟਿਸਫੈਕਸ਼ਨ ਹੋ ਜਾਣੀ ਚਾਹੀਦੀ ਹੈ।

CONSTRUCTION OF ROADS IN AREA COMPRISING JULKA P.S.

*6 **Sardar Prem Singh Prem** : Will the Chief Minister be pleased to state:-

(a) the names of the roads sanctioned for construction in the area comprising julka P.S. during the years 1970-71 and 1971-72 separately;

(b) the names of the roads out of those mentioned in para (a) above on which the construction work was started;

(c) the names of the roads on which the construction work has been completed and of those which are still under construction ?

Giani Zail Singh: (a) No road was sanctioned for the Julka P.S. Area during the year 1970-71 and 1971-72.

(b) Question does not arise.

[(ੲ) ਜੁਲਕਾ ਪੁਲਿਸ ਹਲਕੇ ਦੇ ਅਧਿਕਾਰ ਖੇਤਰ ਵਿਚ 1970-71 ਅਤੇ 1971-72 ਵਿਚ ਕੋਈ ਸੜਕ ਮਨਜ਼ੂਰ ਨਹੀਂ ਕੀਤੀ ਗਈ।

(ਬੀ) ਉਪਰੋਕਤ (ੲ) ਨੂੰ ਮੁਖ ਰਖਦੇ ਹੋਏ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ।]

ਸਰਦਾਰ ਪ੍ਰੇਮ ਸਿੰਘ ਪ੍ਰੇਮ : ਸਪੀਕਰ ਸਾਹਿਬ, ਮੈਂ ਜਿਹੜੇ ਪਹਿਲਾਂ ਨੰ: 4 ਅਤੇ 5 ਦੇ ਦੋ ਸਵਾਲ ਕੀਤੇ ਸਨ, ਉਹ ਵੀ ਇਸ ਦੇ ਨਾਲ ਹੀ ਤਆਲੁਕ ਰਖਦੇ ਹਨ। ਇਸ ਸਵਾਲ ਦਾ ਜਵਾਬ ਆਇਆ ਹੈ ਕਿ 1970-71 ਵਿਚ ਕੋਈ ਸੜਕ ਨਹੀਂ ਬਣੀ। ਇਸ ਦਾ ਮਤਲਬ ਹੈ ਕਿ 1969-70 ਵਿਚ ਮਨਜ਼ੂਰੀ ਹੋਈ ਹੋਣੀ ਹੈ ਜਿਹੜੀ ਅਜੇ ਤੱਕ ਨਹੀਂ ਬਣੀ। ਮੈਂ ਵਜ਼ੀਰ ਸਾਹਿਬ ਤੋਂ ਇਹ ਗਲ ਜਾਣਨੀ ਚਾਹੁੰਦਾ ਹਾਂ ਕਿ ਇਹ ਜਿਹੜੀ ਦੁਰਦਿਸ਼ਾ ਮੇਰੇ ਇਸ ਇਲਾਕੇ ਦੀ ਹੋ ਰਹੀ ਹੈ, ਕੀ ਸਰਕਾਰ ਇਸ ਨੂੰ ਦੂਰ ਕਰਨ ਦੇ ਵਿਚ ਕੋਈ ਵਿਚਾਰ ਕਰੇਗੀ ?

ਰਾਜ ਮੰਤਰੀ: ਮੈਂ ਪ੍ਰੇਮ ਜੀ ਨੂੰ ਕਹਾਂਗਾ ਕਿ ਅਸੀਂ ਨਾ ਸਿਰਫ਼ ਤੁਹਾਡੇ ਇਲਾਕੇ ਦਾ ਖਿਆਲ ਹੀ ਰਖੋਂਗੇ ਸਗੋਂ ਹੋਰਨਾਂ ਇਲਾਕਿਆਂ ਦਾ ਵੀ ਖਿਆਲ ਕਰਾਂਗੇ ।

Mr. Speaker : Question hour is over please. Now the House will take up Calling Attention.Notices.

CALL ATTENTION NOTICES UNDER RULE 66

ਕ੍ਰਮ ਨੰ: 54

ਸਰਦਾਰ ਅਰਜਨ ਸਿੰਘ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਖੇਮ ਕਰਨ, ਜ਼ਿਲ੍ਹਾ ਅੰਮ੍ਰਿਤਸਰ ਵਿਚ ਸਰਹੱਦੀ ਪਿੰਡਾਂ ਵਿਚ ਉਜੜੇ ਲੋਕਾਂ ਲਈ ਇਕ ਕੈਂਪ ਹੈ। ਇਹ ਕੈਂਪ ਇਕ ਸਕੂਲ ਬਿਲਡਿੰਗ ਵਿਚ ਹੈ । ਇਸ ਵਿਚ ਸਾਰੇ ਹੀ ਗਰੀਬ ਹਰੀਜਨ ਰਹਿੰਦੇ ਹਨ। ਸਕੂਲ ਵਿਚੋਂ ਬਲਬ ਲਾਹ ਲਏ ਗਏ ਹਨ ਤੇ ਲੈਂਪਾਂ ਦੀ ਸਪਲਾਈ ਨਹੀਂ ਕੀਤੀ ਗਈ । ਲੋਕ ਹਨੇਰੇ ਵਿਚ ਰਹਿੰਦੇ ਹਨ। ਇਕ ਇਕ ਕਮਰੇ ਵਿਚ ਦਸ-ਦਸ, ਬਾਰਾਂ ਬਾਰਾਂ ਟਬਰ ਰਹਿੰਦੇ ਹਨ । ਉਥੇ ਕੋਈ ਪਰਦਾ ਨਹੀਂ। ਜ਼ਖ਼ਮੀ ਲਈ ਕੋਈ ਅਲਗ ਪ੍ਰਬੰਧ ਨਹੀਂ। ਨਾ ਰੈਡ-ਕਰਾਸ ਵਲੋਂ, ਨਾ ਹੀ ਕਿਸੀ ਹੋਰ ਅਦਾਰੇ ਵਲੋਂ ਦੁਧ ਦਿੱਤਾ ਜਾ ਰਿਹਾ ਹੈ। ਉਹ ਕੈਂਪ ਤੇ ਇਲਾਕੇ ਦੇ ਲੋਕਾਂ ਵਿਚ ਬਹੁਤ ਬੇਚੈਨੀ ਹੈ। ਸਰਕਾਰ ਨੂੰ ਸਦਨ ਵਿਚ ਇਸ ਸਬੰਧੀ ਬਿਆਨ ਦੇਣ ਲਈ ਕਿਹਾ ਜਾਏ।

Mr. Speaker: Admitted. Minister concerned may please make a statement.

ਸਿਖਿਆ ਮੰਤਰੀ : ਆਨ ਏ ਪੁਆਇੰਟ ਆਫ ਆਰਡਰ, ਸਰ। ਅਰਜ਼ ਇਹ ਹੈ ਕਿ ਇਹ ਇਕ ਜਨਰਲ ਨੇਚਰ ਦਾ ਸਵਾਲ ਹੈ। ਇਹ ਕੋਈ ਪਬਲਿਕ ਇੰਪਾਰਟੈਂਸ ਦਾ ਸਵਾਲ ਨਹੀਂ ਹੈ । ਜੇ ਇਹ ਚਾਹੁਣ ਤਾਂ ਸ਼ਾਰਟ-ਨੋਟਿਸ ਕੁਐਸਚਨ ਰਾਹੀਂ ਵੀ ਪੁੱਛ ਸਕਦੇ ਹਨ। ਤੁਸੀਂ ਇਸ ਤਰ੍ਹਾਂ ਦੇ ਕਾਲ ਅਟੈਨਸ਼ਨ ਨੋਟਿਸ ਜੇ ਨਾ ਐਡਮਿਟ ਕਰੋ ...... ।

ਸ੍ਰੀ ਸਪੀਕਰ: ਵਜ਼ੀਰ ਸਾਹਿਬ, ਤੁਸੀਂ ਤਾਂ ਪੜ੍ਹੇ ਲਿਖੇ ਹੋ, ਇਹ ਕਾਲ ਅਟੈਨਸ਼ਨ ਮੋਸ਼ਨ ਐਡਮਿਟ ਹੋ ਚੁਕੀ ਹੈ, ਹੁਣ ਹੋ ਕੀ ਸਕਦਾ ਹੈ ? (Hon. Minister is a learned person. He should know that a Call Attention Motion has been admitted. Nothing can be done now.)

ਕਾਮਰੇਡ ਸੱਤ ਪਾਲ ਡਾਂਗ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਦਾ ਹਾਂ ਕਿ ਪਿਛਲੇ ਵੀਰਵਾਰ ਬਾਰਡਰ ਦੇ ਪਿੰਡਾਂ ਦੇ ਮਸਲੇ ਤੇ ਬੋਲਦੇ ਹੋਏ ਮਨਿਸਟਰ ਸਾਹਿਬ ਨੇ ਇਹ ਕਿਹਾ ਸੀ ਕਿ ਕੋਈ ਅਜਿਹਾ ਪਿੰਡ ਨਹੀਂ ਹੈ, ਜਿਸ ਵਿਚ ਲੜਾਈ ਦੇ ਦੌਰਾਨ ਕਣਕ ਨਹੀਂ ਬੀਜੀ ਗਈ। ਇਹ ਗਲ ਫਾਈਨੈਂਸ ਮਨਿਸਟਰ ਸਾਹਿਬ ਨੇ ਵੀ ਆਪਣੀ ਸਪੀਚ ਵਿਚ ਕਹੀ ਸੀ । ਮੈਂ ਅਰਜ਼ ਕਰਦਾ ਹਾਂ ਕਿ ਅਨੇਕਾਂ ਅਜਿਹੇ ਪਿੰਡ ਹਨ। ਹੁਣ ਕੈਂਪਾਂ ਵਿਚ ਰੁਲਦੇ ਖੇਮ ਕਰਨ ਸੈਕਟਰ ਦੇ

[ਕਾਮਰੇਡ ਸੱਤਪਾਲ ਡਾਂਗ]

250 ਟਬਰਾਂ ਦਾ ਮਸਲਾ ਇਨ੍ਹਾਂ ਨੂੰ ਇੰਪਾਰਟੈਂਟ ਹੀ ਨਹੀਂ ਲਗਦਾ ਪਿਆ। ਮੈਂ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਅੰਮ੍ਰਿਤਸਰ ਆਉਣ ਅਸੀਂ ਉਨ੍ਹਾਂ ਨੂੰ ਬਾਰਡਰ ਦੀ ਸੈਰ ਕਰਾਈਏ ਅਤੇ ਫਿਰ ਉਨ੍ਹਾਂ ਨੂੰ ਉਥੇ ਦੇ ਮਸਲਿਆਂ ਦਾ ਪਤਾ ਲਗੇ।

ਸਰਦਾਰ ਦਰਸ਼ਨ ਸਿੰਘ ਕੇ.ਪੀ. : ਸਪੀਕਰ ਸਾਹਿਬ ਨੰ: 50, 51, 52 ਨਹੀਂ ਆਈਆਂ।

ਸ੍ਰੀ ਸਪੀਕਰ : ਤੁਸੀਂ ਚੈਂਬਰ ਵਿਚ ਆ ਜਾਣਾ ਉਥੇ ਦਸ ਦਿਆਂਗੇ। (The hon. Member may come to my Chamber, to know the position with regard to these Call Attention Notices.)

(Serial No. 58)

Comrade Satya Pal Dang: Sir I beg to draw the attention of the Government towards a matter of urgent public importance ,namely, the resentment amongst the people of Jullundur resulting from the sale of wheat on holders the depots at higher rates. According to the citizens of Jullundur the depot had earned huge profits and there is a big scandal involving the sale of hundreds of tons of wheat in the black market. This has created a wave of tension amongst the people of Jullundur and hence this notice. The Government is requested to intervene and make a statement in this regard.

Mr. Speaker : Admitted. The Minister concerned may please make a statement.

(Serial No. 59)

Comrade Shamsher Singh Josh: Sir I beg to draw the attention of the Government towards a matter of urgent public importance, namely, the resentment amongst the Punjab Roadways workers due to the reported decision of the Punjab Government to convert Punjab Roadways into a Corporation. The employees are reported to have decided to launch an agitation to get this decision reversed as the formation of the Corporation will lead to change the service conditions and other benefits they draw at present as Government employees, as reported in a section of press. Accordingly this notice is given. The Government may make a statement at the earliest.

Mr. Speaker: Admitted. The Minister concerned may please make a statement.

(Serial No. 60)

Comrade Raj Kumar (Dhariwal) : Sir I beg to draw the attention of the Government towards a matter of urgent importance, namely, the failure of the authorities of Irrigation Department to stick to the provisions of Section 25 (F) of Industrial Dispute Act which provides for one month notice to Work Charged Staff with 240 days of continuous service and instead the authorities are following to the provision of P.W. D. Manuals which provide for 10 days notice to those whose Services are terminated. Despite repeated decisions of the Industrial Courts/Tribunals, the said practice of 10 days notice have not been stopped. This has caused a great resentment amongst thousands of work-charged employees and this call for early ra-tification of stand of P. W. D. Department and hence this notice to avoid precipitation of the situation. The Government may make a statement in the House

Mr. Speaker : Admitted. The Minister concerned may please make a statement.

(Serial No. 61)

1. **Comrade Achhra Singh** : Sir I beg to draw the attention of the Government towards a matter of urgent public importance, namely, the resentment amongst the public of border area due to imposition of sundry charges at the rate of Rs. 10/—every month on the electricity bills. The security for house hold electrification is also reported to have been raised from rupees 5 to Rs. 80 and the same is reported to be collected in monthly instalment of Rs. 10 by way of sundry charges.

The resentment, amongst the people is also reported to be there as the last date for payment of bills has been fixed as 28/29th of the month, when the public particularly the employees find it dificult to pay. The Government is requested to intervene and make a statement in this regard.

Mr. Speaker: Admitted. The Minister concerned may please make a statment.

(ਕ੍ਰਮ ਨੰ: 63)

ਸਰਦਾਰ ਜੰਗੀਰ ਸਿੰਘ ਜੋਗਾ: ਮੈਂ ਸਰਕਾਰ ਦਾ ਧਿਆਨ ਲੋਕ ਮੱਹਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਪੰਜਾਬ ਰਾਜ ਵਿਚ ਆਮ ਕਰਕੇ ਅਤੇ ਜ਼ਿਲ੍ਹਾ ਬਠਿੰਡੇ ਵਿਚ ਖਾਸ ਕਰਕੇ ਕੋਲੇ ਦੀ ਵੰਡ ਵਿਚ ਧਾਂਦਲੀ ਮਚੀ ਹੋਈ ਹੈ ਜਿਸ ਕਾਰਨ ਬਹੁਤ ਸਾਰੇ ਭੱਠੇ ਚਾਲੂ ਨਹੀਂ ਕੀਤੇ ਜਾ ਸਕੇ ਅਤੇ ਪਿੰਡ ਦੇ ਲੋਕਾਂ ਨੂੰ ਇੱਟਾਂ ਨਹੀਂ ਮਿਲ ਰਹੀਆਂ । ਸਰਕਾਰ ਦਾ ਧਿਆਨ ਇਸ ਧਾਂਦਲੀ ਵੱਲ ਦੁਆਇਆ ਜਾਂਦਾ ਹੈ ਅਤੇ ਤੁਰਤ ਕਾਰਵਾਈ ਲਈ ਕਿਹਾ ਜਾਂਦਾ ਹੈ ।

ਸ਼੍ਰੀ ਸਪੀਕਰ : ਸਵੀਕਾਰ ਕੀਤਾ ਜਾਂਦਾ ਹੈ। ਸਬੰਧਤ ਮਨਿਸਟਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ ।(Admitted. The Minister concerned may please make a statement.)

(ਸ਼੍ਰੀ ਸਪੀਕਰ ਨੇ ਕਾਮਰੇਡ ਜੰਗੀਰ ਸਿੰਘ ਜੋਗਾ ਨੂੰ ਨੋਟਿਸ ਨੰ: 63 ਪੜ੍ਹਨ ਲਈ ਕਿਹਾ)

ਸਿਖਿਆ ਮੰਤਰੀ (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ ਉਨ੍ਹਾਂ ਦਾ 4 ਦਾ ਕੋਟਾ ਪੂਰਾ ਹੋ ਗਿਆ ਹੈ । ਇਹ ਉਨ੍ਹਾਂ ਦੀ ਪੰਜਵੀ ਕਾਲ ਅਟੈਨਸ਼ਨ ਮੋਸ਼ਨ ਹੈ । (ਵਿਘਨ)

ਸ਼੍ਰੀ ਸਪੀਕਰ : ਪਰ ਇਹ ਕੁਲ ਕਾਲ ਅਟੈਨਸ਼ਨ ਮੋਸ਼ਨਾਂ ਦੀ ਟੋਟਲ ਗਿਣਤੀ ਦੇ ਵਿਚ ਹੀ ਆ ਜਾਂਦੀ ਹੈ । (But this is within the total number of permissible Call Attention Motions.)

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਰਿਪੋਰਟ ਨੂੰ, ਜਿਸ ਨੂੰ ਕਿ ਹਾਊਸ ਨੇ ਭਾਵੇਂ ਅਡਾਪਟ ਨਹੀ ਕੀਤਾ ਪਰ ਇਨਫਾਰਮਲੀ ਲਿਆ ਹੈ, ਉਸ ਦੇ ਮੁਤਾਬਕ ਉਨ੍ਹਾਂ ਦੀਆਂ 4 ਕਾਲ ਅਟੈਨਸ਼ਨ ਮੋਸ਼ਨਜ਼ ਆਉਣੀਆਂ ਚਾਹੀਦੀਆਂ ਹਨ ।

ਸ੍ਰੀ ਸਪੀਕਰ : ਕਪਤਾਨ ਸਾਹਿਬ, ਅੰਡਰਸਟੈਂਡਿੰਗ ਇਹ ਸੀ ਕਿ ਜੇ ਟੋਟਲ ਮੋਸ਼ਨਜ਼ ਘਟ ਹੋਈਆਂ ਤਾਂ ਜਿਸ ਗਰੁਪ ਦੀਆਂ ਵਧ ਆਈਆਂ ਉਸ ਨੂੰ ਐਡਜਸਟ ਕਰ ਲਿਆ ਜਾਵੇਗਾ । (ਵਿਘਨ) ਸਾਰੀਆਂ ਮੋਸ਼ਨਜ਼ 15 ਤੋਂ ਵੱਧ ਨਹੀਂ ਲਈਆਂ ਜਾਣਗੀਆਂ । (*Addressing Development Minister Capt. Rattan Singh*; The understanding was that in case the total number of Call Attention Notices did not exceed a certain limit then the group giving notice of more Call Attention Notices than its due quota will be accommodated.)

ਸਿਖਿਆ ਮੰਤਰੀ : ਸਪੀਕਰ ਸਾਹਿਬ, ਪਹਿਲਾਂ ਫੈਸਲਾ 10 ਦਾ ਹੋਇਆ ਸੀ ਪਰ ਫਿਰ ਤੁਸੀਂ ਫਰਮਾਇਆ ਸੀ ਕਿ ਆਪੋਜ਼ੀਸ਼ਨ ਨੂੰ ਇਕ ਦੋ ਹੋਰ ਅਲਾਟ ਕੀਤੀਆਂ ਜਾਣ । ਤਾਂ ਫੈਸਲਾ 13 ਦਾ ਹੋਇਆ ਸੀ । ਮੈਂ ਅਰਜ਼ ਕਰਦਾ ਹਾਂ ਕਿ ਜੇ ਮੋਸ਼ਨਾਂ ਥੋੜੀਆਂ ਹੋਣਗੀਆਂ ਤਾਂ ਜਵਾਬ ਐਕਸਪੀਡੀਸ਼ੀਅਸਲੀ ਆ ਜਾਵੇਗਾ ਜੇ ਮੋਸ਼ਨਾਂ ਦਾ ਹੜ੍ਹ ਹੀ ਆ ਗਿਆ ਤਾਂ ਜਵਾਬ ਛੇਤੀ ਨਹੀਂ ਆ ਸਕਣਾ । (ਵਿਘਨ) ਪਾਰਲੀਮੈਂਟ ਵਿਚ ਤਾਂ ਕਦੇ ਵੀ 2 ਤੋਂ ਵਧ ਐਡਮਿਟ ਨਹੀਂ ਕੀਤੀਆਂ ਜਾਂਦੀਆਂ ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਕ ਇਨਫਾਰਮਲ ਫੈਸਲਾ ਕੀਤਾ ਗਿਆ ਸੀ ਜਿਸ ਨੂੰ ਕਿ ਹੁਣ ਕੈਪਟਨ ਸਾਹਿਬ ਅਤੇ ਵਿਦਿਆ ਮੰਤਰੀ ਰੈਫਰ ਕਰ ਰਹੇ ਸੀ । ਸਪੀਕਰ ਸਾਹਿਬ, ਉਸ ਵੇਲੇ ਫੈਸਲਾ ਕੀਤਾ ਗਿਆ ਸੀ ਕਿ ਕਾਲ ਅਟੈਨਸ਼ਨ ਮੋਸ਼ਨਜ਼ 15-16 ਤਕ ਆ ਸਕਦੀਆਂ ਹਨ । ਹੁਣ ਸਰਕਾਰੀ ਬੈਂਚਾਂ ਵਾਲਿਆਂ ਤਾਂ ਮੋਸ਼ਨਜ਼ ਦੇਣੀਆਂ ਹੀ ਨਹੀਂ ,ਅਕਾਲੀ ਪਾਰਟੀ ਵਾਲੇ ਆਪੋਜ਼ੀਸ਼ਨ ਦੇ ਫਰਜ਼ ਪੂਰੇ ਨਹੀਂ ਕਰਦੇ ਅਤੇ ਜੇ ਸਾਡੇ ਗਰੁੱਪ ਨੇ ਵਧ ਮੋਸ਼ਨਾਂ ਦੇ ਦਿਤੀਆਂ ਹਨ ਇਨ੍ਹਾਂ ਨੂੰ ਕੀ ਇਤਰਾਜ਼ ਹੈ ?

ਸ੍ਰੀ ਸਪੀਕਰ : ਕੈਪਟਨ ਸਾਹਿਬ, 4 ਵਜੇ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਮੀਟਿੰਗ ਹੋ ਰਹੀ ਹੈ, ਉਸ ਵਿਚ ਇਸ ਡਿਸੀਜ਼ਨ ਨੂੰ ਫਿਰ ਦੇਖ ਲਵਾਂਗੇ । (*Addressing Minister for Development, Capt. Rattan Singh*: The Business Advisory Committee is meeting at 4.00 P.M. This decision will be reviewed there).

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ ਮੈਂ ਅਰਜ਼ ਕਰਦਾ ਹਾਂ ਕਿ ਜਿਸ ਚੀਜ਼ ਦਾ ਪ੍ਰਾਈ-ਵੇਟਲੀ ਫੈਸਲਾ ਕੀਤਾ ਗਿਆ ਸੀ ਤੁਹਾਨੂੰ ਵੀ ਪਤਾ ਹੈ ਕਿ ਉਹ ਫੈਸਲਾ 10 ਕਾਲ ਅਟੈਨਸ਼ਨ ਮੋਸ਼ਨਜ਼ ਦਾ ਸੀ ਪਰ ਤੁਹਾਡੇ ਕਹਿਣ ਤੇ ਇਹ 13 ਕੀਤਾ ਗਿਆ ਸੀ ਹੁਣ ਡਾਂਗ ਸਾਹਿਬ ਕਹਿ ਰਹੇ ਹਨ ਕਿ ਇਹ 15-16 ਦਾ ਫੈਸਲਾ ਕੀਤਾ ਗਿਆ ਸੀ । ਮੈਂ ਅਰਜ਼ ਕਰਦਾ ਹਾਂ ਕਿ ਜੇ ਸਟਰਿਕਟਲੀ ਰੂਲਜ਼ ਦੇ ਮੁਤਾਬਕ ਦੇਖਿਆਂ ਜਾਵੇ ਤਾਂ ਬਹੁਤ ਸਾਰੀਆਂ ਤਾਂ ਅਜਿਹੀਆਂ ਹਨ ਜਿਹੜੀਆਂ ਕਿ ਐਡਮਿਟ ਹੀ ਨਹੀਂ ਹੋ ਸਕਦੀਆਂ । ਪਰ ਅਸੀਂ ਸਮਝਦੇ ਹਾਂ ਕਿ ਆਪੋਜ਼ੀਸ਼ਨ ਨੂੰ ਵੱਧ ਤੋਂ ਵਧ ਇਨਫਾਰਮੇਸ਼ਨ ਪ੍ਰਾਪਤ ਕਰਨ ਦੇ ਮੌਕੇ ਮਿਲਣ । ਮੈਂ ਅਰਜ਼ ਕਰਦਾ ਹਾਂ ਕਿ ਮੈਂਬਰ ਸਾਹਿਬਾਨ ਨੂੰ ਇਨਫਰਮੇਸ਼ਨ ਹਾਸਲ ਕਰਨ ਦੇ ਹੋਰ ਵੀ ਕਈ ਮੌਕੇ ਮਿਲਦੇ ਹਨ । ਉਹ ਕੁਐਸਚਨਜ਼ ਵੀ ਕਰ ਸਕਦੇ ਹਨ ਅਤੇ ਗਵਰਨਰ ਐਡਰੈਸ ਤੇ ਵੀ ਖੁਲ੍ਹ ਕੇ ਡਿਸਕਸ਼ਨ

ਕਰ ਸਕਦੇ ਹਨ । ਪਰ ਇਹ ਜੋ ਮੋਸ਼ਨ ਦਿਤੀਆਂ ਗਈਆਂ ਹਨ ਇਨ੍ਹਾਂ ਵਿਚੋਂ ਕਈ ਤਾਂ 6-6 ਮਹੀਨੇ ਪੁਰਾਣੀਆਂ ਹਨ ਅਤੇ ਰੂਲਜ਼ ਦੇ ਮੁਤਾਬਕ ਨਹੀਂ ਆ ਸਕਦੀਆਂ । ਇਸ ਲਈ ਮੈਂ ਕਹਿੰਦਾ ਹਾਂ ਕਿ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਨੇ ਜਿਹੜੀ 13 ਮੋਸ਼ਨਾਂ ਦੀ ਰਿਕ-ਮੇਂਡੇਸ਼ਨ ਕੀਤੀ ਹੈ, ਉਸ ਨੂੰ ਫਾਲੋ ਕੀਤਾ ਜਾਵੇ ਤਾਂ ਕਿ ਜਵਾਬ ਛੇਤੀ ਤੋਂ ਛੇਤੀ ਆ ਜਾਣ ।

ਸ਼੍ਰੀ ਸਪੀਕਰ : ਤੁਸੀਂ ਥੋੜ੍ਹੀ ਜਿਹੀ ਮਿਹਨਤ ਹੋਰ ਕਰ ਲਓ । (You may please put in a little more labour.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਜਦੋਂ ਇਹ ਇਧਰ (ਆਪੋਜ਼ੀਸ਼ਨ ਦੇ ਬੈਂਚਾਂ ਵਲ ਇਸ਼ਾਰਾ ਕਰਦੇ ਹੋਏ) ਬੈਠਦੇ ਸਨ ਤਾਂ ਕੀ ਕਹਿੰਦੇ ਸੀ ? (ਵਿਘਨ)

ਸਿਖਿਆ ਮੰਤਰੀ : ਸਪੀਕਰ ਸਾਹਿਬ, ਜਿਹੜਾ ਇਨਫਾਰਮਲੀ ਫੈਸਲਾ ਹੋਇਆ ਸੀ, ਅਸੀਂ ਉਸ ਨੂੰ ਪੂਰੀ ਤਰ੍ਹਾਂ ਮੰਨਦੇ ਹਾਂ ਅਸਾਡੇ ਆਪੋਜ਼ੀਸ਼ਨ ਦੇ ਸਾਥੀਆਂ ਨੂੰ ਵੀ ਉਸ ਦਾ ਪਾਬੰਧ ਹੋਣਾ ਚਾਹੀਦਾ ਹੈ। ਜੋ ਵੀ ਤੁਹਾਡੇ ਚੈਂਬਰ ਵਿਚ ਗਲ ਹੋਈ ਸੀ ਅਸੀਂ ਉਸ ਨੂੰ ਮੰਨਦੇ ਹਾਂ। ਪਰ ਜੇ ਕੋਈ ਹੋਰ ਫੈਸਲਾ ਲੈਣਾ ਹੈ ਤਾਂ ਸਾਡੀ ਰਾਏ ਲੈ ਲਈ ਜਾਵੇ ਅਤੇ ਮੁੜ ਕੇ ਆਪ ਦੇ ਚੈਂਬਰ ਦੇ ਵਿਚ ਹੀ ਇਹ ਫੈਸਲਾ ਮੋਡੀਫਾਈ ਹੋਣਾ ਚਾਹੀਦਾ ਹੈ । ਹਾਊਸ ਵਿਚ ਜਿਹੜਾ ਫੈਸਲਾ ਪਹਿਲਾਂ ਹੋ ਚੁੱਕਾ ਹੈ ਉਹੀ ਲਾਗੂ ਹੋਣਾ ਚਾਹੀਦਾ ਹੈ ।

ਸ਼੍ਰੀ ਸਪੀਕਰ : ਮੈਂ ਪਹਿਲਾਂ ਕਹਿ ਚੁਕਾ ਹਾਂ ਕਿ 4 ਵਜੇ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਮੀਟਿੰਗ ਹੈ, ਉਸ ਵਿਚ ਇਸ ਮਾਮਲੇ ਨੂੰ ਦੇਖ ਲਵਾਂਗੇ । (As I have already stated, the meeting of the Business Advisory Committee is being held at 4.00 P. M. The matter will be reviewed there)

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਸਰ । (ਸ਼ੋਰ) (ਵਿਘਨ)

ਸਰਦਾਰ ਦਰਸ਼ਨ ਸਿੰਘ ਕੇ. ਪੀ. : ਕਾਲ ਅਟੈਨਸ਼ਨ ਬਾਰੇ ਕਾਮਰੇਡਾਂ ਦਾ ਹੱਕ ਬਣਦਾ ਹੈ, ਪਰ ਮੇਰਾ ਹੱਕ ਕਿਉਂ ਨਹੀਂ ਬਣਦਾ ? (ਵਿਘਨ)

ਸ਼੍ਰੀ ਸਪੀਕਰ : ਜੋਗਾ ਜੀ ਅੱਗੇ ਬੋਲੋ। (ਵਿਘਨ) (Comrade Jangir Singh Joga, may please continue with his speech.)

ਸ਼੍ਰੀ ਗੁਰਦਿਆਲ ਸਣੀ: ਕੀ ਤੁਹਾਡਾ ਬਿਜ਼ਨੈਸ ਇਹੀ ਹੈ ਕਿ ਤੁਸੀਂ ਮਨਿਸਟਰਜ਼ ਨੂੰ ਪੁੱਛਕੇ ਕੰਮ ਕਰਦੇ ਹੋ ? (ਵਿਘਨ)

ਸ਼੍ਰੀ ਸਪੀਕਰ: ਮਨਿਸਟਰ ਨੂੰ ਪੁੱਛਕੇ ਨਹੀਂ ਕਰਦੇ (ਵਿਘਨ) (I do not act after consulting the Ministers.

ਸ਼੍ਰੀ ਗੁਰਦਿਆਲ ਸੈਣੀ: ਅਗਰ ਤੁਸੀਂ ਮਨਿਸਟਰਜ਼ ਨਾਲ ਸਲਾਹ ਕਰਕੇ ਕੰਮ ਕਰਨਾ ਹੈ। (ਵਿਘਨ)

ਸ਼੍ਰੀ ਸਪੀਕਰ : ਵਜ਼ੀਰ ਸਾਹਿਬਾਨ ਨਾਲ ਸਲਾਹ ਕਰਕੇ ਨਹੀਂ ਕੀਤਾ ਸੀ, ਬਲਕਿ ਇਸਦਾ ਤਾਂ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਵਿਚ ਫੈਸਲਾ ਹੋਇਆ ਸੀ। ਉਥੇ ਤੁਹਾਡੇ ਵੀ ਕਈ ਰਿਪਰੈਜ਼ੈਂਟੇਟਿਵ ਸਨ (ਵਿਘਨ) ਮੈਂਬਰ ਬੜੇ ਐਜੀਟੇਟ ਫੀਲ ਕਰਦੇ ਹਨ ਜੇ ਉਨ੍ਹਾਂ ਦੀਆਂ ਕਾਲ ਅਟੈਨਸ਼ਨਜ਼ ਰਿਫੀਊਜ਼ ਕੀਤੀਆਂ ਜਾਣ । (ਵਿਘਨ) (ਸ਼ੋਰ) (This matter was decided upon in the meeting of the Business Advisory Committee and not after consulting the Ministers. Your party was sufficiently represented there. (Interruptions) Member ful agitated if their Call attention Notices are refused (Interruption) (Noise)

ਸਿਖਿਆ ਮੰਤਰੀ : ਡਾਕਟਰ ਅਮੀਰ ਸਿੰਘ ਦੀਆਂ ਕਾਲ ਅਟੈਨਸ਼ਨਜ਼ ਵੀ ਦੇਖੀਆਂ ਸਨ ਜੋ ਤੁਸੀਂ ਰਫੀਊਜ਼ ਕਰ ਬੈਠੇ ਸੀ । (ਵਿਘਨ)

ਵਿਕਾਸ ਅਤੇ ਖੇਤੀ ਬਾੜੀ ਮੰਤਰੀ : ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਰੂਲਜ਼ ਆਫ ਪ੍ਰੋਸੀਜਰ ਐਂਡ ਕੰਡਕਟ ਆਫ ਬਿਜ਼ਨੈਸ ਇਨ ਦੀ ਪੰਜਾਬ ਲੈਜਿਸਲੇਟਿਵ ਅਸੈਂਬਲੀ ਦੇ ਪੇਜ 45 ਤੇ ਰੂਲ 66(4) ਜੋ ਕਾਲ ਅਟੈਨਸ਼ਨ ਮੋਸ਼ਨਾਂ ਬਾਰੇ ਹੈ, ਜੋ ਹਾਲੇ ਤਕ ਇਨਫੋਰਸ ਹੈ ਮੈਂ ਇਹ ਪੜ੍ਹ ਦਿੰਦਾ ਹਾਂ ।

4. Not more than three such matters shall be raised at the same sitting unless the Speaker otherwise decides.,

ਸ੍ਰੀ ਸਪੀਕਰ : ਇਹ ਹਾਊਸ ਵਿਚ ਕਨਵੈਨਸ਼ਨ ਚਲੀ ਆ ਰਹੀ ਹੈ । ਜਦੋਂ ਤੁਸੀਂ ਆਪੋਜ਼ੀਸ਼ਨ ਵਿਚ ਬੈਠੇ ਸੀ ਉਦੋਂ ਤੁਸੀਂ ਵੀਹ-ਵੀਹ, ਇੱਕੀ-ਇੱਕੀ ਕਾਲ ਅਟੈਨਸ਼ਨ ਨੋਟਿਸ ਪੇਸ਼ ਕਰਦੇ ਸੀ, ਹੁਣ ਜੇ ਹਾਊਸ ਵਿਚ ਇਸ ਤਰ੍ਹਾਂ ਹੋ ਜਾਵੇ । (ਵਿਘਨ) (This is the established convention of the House. When the hon. Member occupied the Opposition benches, his party used to give notice of large number of Call Attention Notices. If such a thing happens now .... (*Interruption*)

ਸਿਖਿਆ ਮੰਤਰੀ : ਮੇਰੀ ਗੁਜ਼ਾਰਿਸ਼ ਇਹ ਹੈ ਕਿ ਅੱਜ ਮੀਟਿੰਗ ਹੋ ਰਹੀ ਹੈ ਇਸ ਚੀਜ਼ ਨੂੰ ਉਥੇ ਰੀਵੀਊ ਕਰ ਲਵੋ ਅਤੇ ਜੋ ਫੈਸਲਾ ਹੋਵੇਗਾ ਉਸੇ ਤਰ੍ਹਾਂ ਕਰ ਲਵਾਂਗੇ । (ਵਿਘਨ)

ਸ੍ਰੀ ਸਪੀਕਰ : ਕਾਲ ਅਟੈਨਸ਼ਨ ਮੋਸ਼ਨਜ਼ ਕਿੰਨੀਆਂ ਆਉਣੀਆਂ ਚਾਹੀਦੀਆਂ ਹਨ, ਇਸ ਬਾਰੇ ਚਾਰ ਵਜੇ ਅਸੀਂ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਵਿਚ ਦੁਬਾਰਾ ਡਿਸਕਸ ਕਰ ਲਵਾਂਗੇ । (ਵਿਘਨ) (We shall again discuss the matter in the meeting of the Business Advisory Committee to be held today at 4-00 P. M.

ਕਾਮਰੇਡ ਸੱਤ ਪਾਲ ਡਾਂਗ : ਇਸ ਤੋਂ ਪਹਿਲਾਂ ਤੁਸੀਂ ਸਾਨੂੰ ਮੁੜ ਕੇ ਸਦੋ, ਕਾਲ ਅਟੈਨਸ਼ਨ ਵਾਸਤੇ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ, ਇਸ੍ਹ ਕੀ ਹੈ? ਸਰਦਾਰ ਉਮਰਾਓ ਸਿੰਘ ਨੇ ਕਿਹਾ ਹੈ ਕਿ ਜਿਹੜਾ ਫੈਸਲਾ ਹੋਵੇਗਾ ਉਸੇ ਤਰ੍ਹਾਂ ਕਰ ਲਵਾਂਗੇ । (ਵਿਘਨ) (ਸ਼ੋਰ) ।

(ਇਸ ਵੇਲੇ ਚੌਧਰੀ ਜਗਤ ਰਾਮ ਖੁਲ੍ਹੀ ਦਾਹੜੀ ਨਾਲ ਆਕੇ ਆਪਣੀ ਸੀਟ ਤੇ ਬੈਠੇ ।)

ਆਵਾਜ਼ਾਂ : ਇਹ ਕੌਣ ਸਟਰੇਂਜਰ ਆਇਆ ਹੈ? (ਹਾਸਾ)

ਸਿਖਿਆ ਮੰਤਰੀ : ਕਿਉਂਕਿ ਸੰਤ ਫਤਿਹ ਸਿੰਘ ਰਿਟਾਇਰ ਹੋ ਗਏ ਹਨ ਇਸ ਲਈ ਹੋਰ ਸੰਤ ਤਿਆਰ ਕਰ ਰਹੇ ਹਾਂ । (ਹਾਸਾ) (ਵਿਘਨ) (ਸ਼ੋਰ)

ਕਾਮਰੇਡ ਸੱਤ ਪਾਲ ਡਾਂਗ : ਇਸ ਤੋਂ ਪਹਿਲਾਂ ਤੁਸੀਂ ਸਾਨੂੰ ਮੁੜ ਕੇ ਸੱਦੋ ਮੈਂ ਤੁਹਾਡੇ ਰਾਹੀਂ ਸਰਕਾਰ ਕੋਲ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਰਦਾਰ ਉਮਰਾਓ ਸਿੰਘ ਨੇ ਕਿਹਾ ਹੈ ਜਿਹੜੇ ਫੈਸਲੇ ਹੋਏ ਹਨ ਉਨ੍ਹਾਂ ਦੀ ਉਲਘਣਾ ਨਾ ਹੋਵੇ । (ਵਿਘਨ) ਸਵਾਲ ਇਹ ਹੈ ਕਿ ਕਾਲ ਅਟੈਨਸ਼ਨਜ਼ ਹੋਰ ਪਾਰਟੀਆਂ ਵਲੋਂ ਘਟ ਆਈਆਂ ਅਤੇ ਤੁਸੀਂ ਸਾਡੀਆਂ ਤਿੰਨ ਨਾਲੋਂ ਵਧ ਐਡਮਿਟ ਕਰ ਲਈਆਂ । ਹੁਣ ਕੈਪਟਨ ਸਾਹਿਬ ਰੂਲਜ਼ ਪੜ੍ਹਕੇ ਸੁਣਾ ਰਹੇ ਹਨ । ਕੈਪਟਨ ਸਾਹਿਬ ਜੂਨ, 1971 ਤੋਂ ਪਹਿਲਾਂ ਜਦੋਂ ਆਪੋਜ਼ੀਸ਼ਨ ਵਿਚ ਬੈਠੇ ਸਨ ਤਾਂ ਇਨ੍ਹਾਂ ਵਲੋਂ ਵੀਹ-ਵੀਹ ਕਾਲ ਅਟੈਨਸ਼ਨਾਂ ਆਈਆਂ ਸਨ । ਹੁਣ ਜਦ ਇਹ ਸਰਕਾਰੀ ਬੈਂਚਾਂ ਤੇ ਹਨ ਤਾਂ ਕੁਝ ਹੋਰ ਹੱਕ ਮੰਗ ਰਹੇ ਹਨ । (ਸ਼ੋਰ) (ਵਿਘਨ) ਸਪੀਕਰ ਸਾਹਿਬ, ਮਨਿਸਟਰਜ਼ ਸਾਹਿਬਾਨ ਨੂੰ ਕਹੋ -

(*Interuptions from Education Minister*)

The Minister should know the decorum of the House. When I am on my feet he should not stand up like this,

Education and Revenue Minister : Well I am speaking with the permission of the Speaker.

Comrade Satya Pal Dang : You are not speaking with the permission of the Speaker,

ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਇਸ ਉਤੇ ਮੁੜਕੇ ਡਿਸਕਸ਼ਨ ਕਰਨ ਦੀ ਲੋੜ ਨਹੀਂ। ਇਸ ਸਬੰਧੀ ਕੋਟਾ ਮੁਕਰੱਰ ਹੈ। ਕਾਂਗਰਸ ਪਾਰਟੀ ਵਾਲੇ ਕਾਲ ਅਟੈਨਸ਼ਨ ਮੋਸ਼ਨਾਂ ਲਿਖ ਦਿਆ ਕਰਨ ਇਨ੍ਹਾਂ ਦੀਆਂ ਐਡਮਿਟ ਹੋ ਜਾਣਗੀਆਂ। (ਸ਼ੋਰ) (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਵਜ਼ੀਰ ਸਾਹਿਬਾਨ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਤੁਹਾਡੀ ਸਦਾਰਤ ਥਲੇ ਇਕ ਫੈਸਲਾ ਹੋਇਆ ਕਿ ਅਸੀਂ ਹਰ ਪਾਰਟੀ ਨੇ ਕਿੰਨੀਆਂ ਕਿੰਨੀਆਂ ਕਾਲ ਅਟੈਨਸ਼ਨਾਂ ਲੈਣੀਆਂ। ਛੇ ਇਨ੍ਹਾਂ ਨੂੰ ਦਿਤੀਆਂ, ਚਾਰ ਸਾਨੂੰ ਦਿਤੀਆਂ, ਤਿੰਨ ਉਨ੍ਹਾਂ ਸਾਥੀਆਂ ਸੱਜੇ ਕਾਮਰੇਡਾਂ ਨੂੰ ਦਿਤੀਆਂ, ਇਕ ਇਕ ਸੀ.ਪੀ.ਐਮ., ਔਰ ਇੰਡੀਪੈਂਡੈਂਟ ਨੂੰ ਦਿਤੀਆਂ। ਇਸ ਤੋਂ ਬਾਅਦ ਇਹ ਫੈਸਲਾ ਹੋਇਆ ਕਿ ਜਿਥੇ ਜ਼ਿਆਦਾ ਆਈਆਂ ਹੋਣ ਸਪੀਕਰ ਸਾਹਿਬ ਦੀ ਡਿਸਕ੍ਰੀਸ਼ਨ ਹੈ ਉਹ ਆਪਣਾ ਫੈਸਲਾ ਦੇ ਸਕਦੇ ਹਨ।

(ਸਰਦਾਰ ਉਮਰਾਓ ਸਿੰਘ ਵਲੋਂ ਵਿਘਨ)

I know you are a very responsible person but I would request you to behave properly.

Education and Revenue Minister : The Deputy Leader of the Opposition should not say things which had not been said in the Business Advisory Committee.

Sardar Ajaib Singh Sandhu : It is upto the Speaker to prevent me if I say anything wrong. It is not upto you.

Mr. Speaker : Please address the Chair.

Sardar Ajaib Singh Sandhu : Sir, it is very unfortunate that the youngest and experienced Minister should unnecessarily interfere in in the debate.

ਸੋ ਮੇਰਾ ਭਾਵ ਇਹ ਹੈ ਕਿ ਇਨ੍ਹਾਂ ਦੇ ਬੰਦੇ ਜੇ ਕਾਲ ਅਟੈਨਸ਼ਨਾਂ ਨਹੀਂ ਲਿਆਉਂਦੇ ਤਾਂ ਇਨ੍ਹਾਂ ਨੂੰ ਸਕੂਲ ਵਿਚ ਟਰੇਨਿੰਗ ਦੇਣੀ ਚਾਹੀਦੀ ਹੈ ਅਤੇ ਇਨ੍ਹਾਂ ਨੂੰ ਕਾਲ ਅਟੈਨਸ਼ਨਾਂ ਲਿਆਉਣੀਆਂ ਚਾਹੀਦੀਆਂ ਹਨ। ਇਸ ਤੋਂ ਬਾਅਦ ਜੇ ਕਾਮਰੇਡ ਲਿਆਉਂਦੇ ਹਨ ਤਾਂ ਮੈਨੂੰ ਖੁਸ਼ੀ ਹੈ। ਜੇ ਕਾਮਰੇਡ ਸਾਥੀ ਕਾਲ ਅਟੈਨਸ਼ਨਾਂ ਲਿਆਉਂਦੇ ਹਨ ਤਾਂ ਇਹ ਖਾਹ ਮਖਾਹ ਇਨ੍ਹਾਂ ਵਿਚ ਰੋੜੇ ਅਟਕਾਉਂਦੇ ਹਨ (ਸ਼ੋਰ) (ਵਿਘਨ) ਜਿਥੋਂ ਤਕ ਆਪੋਜ਼ੀਸ਼ਨ ਦਾ ਇਸ ਸਬੰਧ ਵਿਚ ਰੋਲ ਦਾ ਤਾਲੁਕ ਹੈ ਮੈਂ ਡਾਂਗ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਸਾਡੇ ਕਈ ਮੈਂਬਰ ਸਾਹਿਬਾਨ ਨੇ ਕਾਲ ਅਟੈਨਸ਼ਨਾਂ ਭੇਜੀਆਂ ਹਨ, ਉਹ ਪੜ੍ਹੀਆਂ ਜਾਣੀਆਂ ਚਾਹੀਦੀਆਂ ਹਨ ਅੱਗੇ ਨੂੰ ਵੀ ਜੋ ਸਾਡਾ ਕੋਟਾ ਇਸ ਬਾਰੇ ਹੋਵੇਗਾ, ਉਹ ਭੇਜਿਆ ਜਾਇਆ ਕਰੇਗਾ। (ਵਿਘਨ) ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਹੜਾ ਫੈਸਲਾ ਅਸੀਂ ਆਪ ਤੁਹਾਡੇ ਚੈਂਬਰ ਵਿਚ ਤੁਹਾਡੀ ਸਦਾਰਤ ਵਿਚ ਕਰਕੇ ਆਏ ਹਾਂ ਉਸ ਬਾਰੇ ਸਾਡਾ ਫਰਜ਼ ਬਣ ਜਾਂਦਾ ਹੈ ਕਿ ਉਸ ਦੀ ਉਲੰਘਣਾ ਨਾ ਕਰੀਏ। ਇਸ ਲਈ ਮੈਂ ਵਜ਼ੀਰ ਸਾਹਿਬਾਨ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ (ਵਿਘਨ) (ਸ਼ੋਰ)

ਸ੍ਰੀ ਸਪੀਕਰ: ਇਹ ਬਹਿਸ ਵਾਲੀ ਗਲ ਨਹੀਂ ਹੈ। (ਵਿਘਨ) (This is not a matter for discussion)

ਸਰਦਾਰ ਅਜਾਇਬ ਸਿੰਘ ਸੰਧੂ : ਇਨ੍ਹਾਂ ਨੇ ਹਰ ਸਵਾਲ ਦਾ ਐਗਰੈਸਿਵ ਜਵਾਬ ਦਿਤਾ ਹੈ। ਕਾਲ ਅਟੈਨਸ਼ਨਾਂ ਆਉਂਦੀਆਂ ਹਨ ਤਾਂ ਆਉਣ ਦੇਣੀਆਂ ਚਾਹੀਦੀਆਂ ਹਨ। (ਵਿਘਨ) ਇਹ ਸਰਕਾਰ ਇਥੇ ਕੰਮ ਕਰਨ ਵਾਸਤੇ ਬੈਠੀ ਹੈ। ਜੇ ਇਨ੍ਹਾਂ ਨੇ ਕੰਮ ਨਹੀਂ ਕਰਨਾ ਤਾਂ ਇਨ੍ਹਾਂ ਨੂੰ ਅਸਤੀਫਾ ਦੇ ਕੇ ਭੇਜ ਦੇਣਾ ਚਾਹੀਦਾ ਹੈ।

ਵਿਕਾਸ ਅਤੇ ਖੇਤੀ ਬਾੜੀ ਮੰਤਰੀ (ਕੈਪਟਨ ਰਤਨ ਸਿੰਘ): ਮੈਂ ਇਸ ਬਹਿਸ ਨੂੰ ਖਤਮ ਕਰਨਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਇਸ ਸਰਕਾਰ ਦਾ ਕੋਈ ਮੰਤਵ ਨਹੀਂ ਕਿ ਕੋਈ ਆਨਰੇਬਲ ਮੈਂਬਰ ਕਾਲ ਅਟੈਨਸ਼ਨ ਨਾ ਕਰ ਸਕਣ। ਅੱਜ ਨਹੀਂ ਜਦੋਂ ਆਪੋਜ਼ੀਸ਼ਨ ਵਿਚ ਵਾਇਦਾ ਕਰਕੇ ਆਇਆ ਕਰਦੇ ਸਾਂ ਉਦੋਂ ਵੀ ਉਸ ਵਾਇਦੇ ਤੇ ਪੂਰੇ ਉਤਰਦੇ ਹੁੰਦੇ ਸੀ ਅਤੇ ਅਜ ਵੀ ਪੂਰੇ ਉਤਰਾਂਗੇ। ਹੁਣ ਵੀ ਪਰੋਸੀਡਿੰਗਜ਼ ਕਢਵਾ ਕੇ ਦੇਖ ਲਵੋ ਜੇ ਇਹ ਫੈਸਲਾ ਹੋਇਆ ਹੋਵੇ ਤਾਂ ਇਹ ਸਰਕਾਰ ਉਹ ਕੰਮ ਕਰੇਗੀ ਜੇ ਨਾਂ ਹੋਇਆਂ ਹੋਵੇ ਤਾਂ ਕਮ ਅਜ਼ ਕਮ ਹਾਊਸ ਵਿਚ ਆਕੇ ਦਸਿਆ ਜਾਵੇ ਕਿ ਇਹ ਫੈਸਲਾ ਹੋਇਆ ਸੀ ਜਾਂ ਨਹੀਂ ਹੋਇਆ ਸੀ। ਢਾਂਗ ਸਾਹਿਬ ਪਹਿਲਾਂ ਵੀ ਸਾਥੀ ਸਨ ਅਤੇ ਹੁਣ ਵੀ ਸਾਥੀ ਹਨ। ਇਨ੍ਹਾਂ ਨੂੰ ਪਤਾ ਹੈ ਕਿ ਜਿੰਨੀਆਂ ਕਾਲ ਅਟੈਨਸ਼ਨਾਂ ਹੁਣ ਐਡਮਿਟ ਹੋਈਆਂ ਹਨ ਉਨੀਆਂ ਪਹਿਲਾਂ ਐਡਮਿਟ ਨਹੀਂ ਹੋਈਆਂ ਸਨ। ਅਸੀਂ ਲਿਬਰਲ ਹਾਂ ਲੇਕਿਨ ਇਕ ਗਲ ਦੀ ਮੈਂ ਡਾਂਗ ਸਾਹਿਬ ਕੋਲੋਂ ਤੁਵੱਕੋ ਰਖਦਾ ਹਾਂ ਕਿ ਉਹ ਦੂਸਰੀ ਪਾਰਟੀ ਤੇ ਐਸਪਰਸ਼ਨ ਨਾ ਕਰਨ (ਵਿਘਨ) ਬਹੁਤ ਸਾਰੇ ਮੈਂਬਰ ਨਵੇਂ ਹਨ ਅਤੇ ਉਨ੍ਹਾਂ ਨੇ ਜੇ ਕੋਈ ਗੱਲ ਕਰਨੀ ਹੁੰਦੀ ਹੈ ਤਾਂ ਪਹਿਲਾਂ ਰਾਏ ਲੈਂਦੇ ਹਨ। (ਵਿਘਨ) ਅਸੀਂ ਤੁਹਾਡੇ ਵਾਂਗਰ ਦੂਸਰਿਆਂ ਤੇ ਡੀਪੈਂਡ ਨਹੀਂ ਕਰਦੇ ਅਸੀਂ ਸਭ ਕੁਝ ਜਾਣਦੇ ਹਾਂ। (ਵਿਘਨ)

(ਕ੍ਰਮ ਨੰ: 64)

ਕਾਮਰੇਡ ਜੰਗੀਰ ਸਿੰਘ ਜੋਗਾ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਪੰਜਾਬ ਰਾਜ ਵਿਚ ਹਾਈਕੋਰਟ ਦੇ ਇਕ ਫੈਸਲੇ ਕਾਰਨ ਇੱਟਾਂ ਦੀ ਕੀਮਤ ਤੋਂ ਕੰਟਰੋਲ ਹਟ ਗਿਆ ਹੈ। ਜਿਸ ਕਰਕੇ ਇਸ ਸਮੇਂ ਪੰਜਾਬ ਵਿਚ ਇੱਟਾਂ ਸਮੇਤ ਟਰਾਂਸਪੋਰਟ ਖਰਚਿਆਂ ਦੇ 120 ਰੁਪਏ ਪ੍ਰਤੀ ਹਜ਼ਾਰ ਦੇ ਭਾਅ ਉਤੇ ਵਿਕ ਰਹੀਆਂ ਹਨ। ਜਨਤਾ ਦੀ ਇਸ ਲੁੱਟ ਨੂੰ ਖਤਮ ਕਰਨ ਲਈ ਇਹ ਜ਼ਰੂਰੀ ਹੈ ਕਿ ਇੱਟਾਂ ਦੀ ਕੀਮਤ ਉਤੇ ਕੰਟਰੋਲ ਮੁੜ ਲਾਗੂ ਕੀਤਾ ਜਾਵੇ ਅਤੇ ਇੱਟਾਂ ਦੀ ਸਪਲਾਈ ਰੈਗੂਲਰ ਕਰਨ ਲਈ ਸਰਕਾਰ ਆਪਣੇ ਉਸਾਰੀ ਦੇ ਕੰਮਾਂ ਲਈ ਲੋੜੀਂਦੀਆਂ ਇੱਟਾਂ ਪ੍ਰਾਪਤ ਕਰਨ ਲਈ ਆਪਣੇ ਸਰਕਾਰੀ ਭੱਠੇ ਚਾਲੂ ਕਰੇ।

ਸ੍ਰੀ ਸਪੀਕਰ : ਸਵੀਕਾਰ ਕੀਤੀ ਜਾਂਦੀ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ। (Admitted. The hon. Minister concerned may please make a statement.)

ਸ੍ਰੀ ਸਪੀਕਰ: ਧਿਆਨ ਦਿਵਾਊ ਮਤਾ ਨੰ: 68. (ਵਿਘਨ) (Now Call Attention Notice No. 68.)

ਸ੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਮੇਰੀ ਕਾਲ ਅਟੈਨਸ਼ਨ ਮੋਸ਼ਨ ਨੰ: 65 ਸੀ। (ਵਿਘਨ) ਜੇ ਅਕਾਲੀ ਪਾਰਟੀ ਨੇ ਨਹੀਂ ਦੇਣੀਆਂ ਤਾਂ ਨਾ ਦੇਣ ਪਰ ਸਾਡੀਆਂ ਤਾਂ ਆਉਣੀਆਂ ਚਾਹੀਦੀਆਂ ਹਨ। (ਵਿਘਨ) ਸਪੀਕਰ ਸਾਹਿਬ, ਮੇਰੀ ਕਾਲ ਅਟੈਨਸ਼ਨ ਮੋਸ਼ਨ ਜਲੰਧਰ ਈਵਨਿੰਗ ਕਾਲਜ ਦੇ ਬਾਰੇ ਵਿਚ ਸੀ। (ਵਿਘਨ) ਜੇ ਰੀਜੈਕਟ ਹੋ ਗਈ ਹੈ ਤਾਂ ਕਿਥੇ ਗਈ ਹੈ? (ਵਿਘਨ)

ਸ੍ਰੀ ਸਪੀਕਰ : ਪਲੀਜ਼ ਰਿਜ਼ਿਊਮ ਯੂਅਰ ਸੀਟ। (ਵਿਘਨ) ਤੁਸੀਂ ਮੇਰੇ ਚੈਂਬਰ ਵਿਚ ਆ ਜਾਣਾ ਫਿਰ ਦੱਸ ਦਿਆਂਗਾ। (Please resume your seat. (Interruption) The hon. Member may come to my Chamber to know the reasons).

(ਕ੍ਰਮ ਨੰ: 68.)

ਸਰਦਾਰ ਬਸੰਤ ਸਿੰਘ ਖਾਲਸਾ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਅਰਥਾਤ, ਜਿਹੜੇ ਜੇ. ਬੀ. ਟੀ. ਤੇ ਬੀ. ਐਡ ਕਿਸੇ ਬੋਰਡ ਜਾਂ ਕਮੇਟੀ ਨੇ ਹਾਲੇ ਤਕ ਨਹੀਂ ਸੀਲੈਕਟ ਕੀਤੇ ਪਰ ਉਨ੍ਹਾਂ ਦੇ ਨਾਉਂ ਰੁਜ਼ਗਾਰ ਦਫਤਰ ਵਿਚ ਦਰਜ ਹਨ ਤੇ ਬਹੁਤ ਸਾਰੇ ਤਾਂ ਛੇ ਮਹੀਨੇ ਦੇ ਅਧਾਰ ਤੇ ਕਾਫੀ ਕਾਫੀ ਸਮਾਂ ਸਰਕਾਰੀ ਸਕੂਲਾਂ ਵਿਚ ਸਰਵਿਸ ਕਰ ਚੁੱਕੇ ਹਨ, ਨੂੰ ਉਦੋਂ ਤਕ ਓਵਰਏਜ ਨਾ ਮੰਨਿਆ ਜਾਵੇ ਜਦ ਤਕ ਉਨ੍ਹਾਂ ਨੂੰ ਨੌਕਰੀ ਮਿਲ ਜਾਵੇ ਤਾਂ ਕਿ ਬੇਰੁਜ਼ਗਾਰੀ ਦੂਰ ਹੋ ਸਕੇ। ਇਸ ਨੂੰ ਬਹੁਤ ਜ਼ਰੂਰੀ ਮਾਮਲਾ ਸਮਝ ਕੇ ਸਰਕਾਰ ਨੂੰ ਆਖਿਆ ਜਾਵੇ ਕਿ ਬਿਆਨ ਦੇਣ ਦੀ ਕਿਰਪਾ ਕਰੇ।

ਸ੍ਰੀ ਸਪੀਕਰ : ਸਵੀਕਾਰ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ। (Admitted. The hon. Minister concerned may please make a statement.)

ਸਿੱਖਿਆ ਮੰਤਰੀ : ਸਪੀਕਰ ਸਾਹਿਬ, ਇਹ ਜਿਹੜੀ ਤੁਸੀਂ ਕਾਲ ਅਟੈਨਸ਼ਨ ਮੋਸ਼ਨ ਹੁਣੇ ਹੁਣੇ ਐਡਮਿਟ ਕੀਤੀ ਹੈ, ਇਸ ਦਾ ਮੈਂ ਜਵਾਬ ਦੇਣਾ ਚਾਹੁੰਦਾ ਹਾਂ।

ਮੇਰੀ ਬੇਨਤੀ ਹੈ ਕਿ ਇਸ ਵਕਤ ਜੋ ਪਾਲਿਸੀ ਹੈ ਇਹ ਉਹੀ ਹੈ ਜਿਹੜੀ ਕਿ ਅਕਾਲੀ ਪਾਰਟੀ ਦੀ ਸਰਕਾਰ ਨੇ ਬਣਾਈ ਸੀ ਅਤੇ ਸਰਦਾਰ ਬਸੰਤ ਸਿੰਘ ਜੀ ਖਾਲਸਾ ਉਸ ਵੇਲੇ ਪਾਰਲੀਮੈਂਟਰੀ ਸੈਕਟਰੀ ਸਨ। ਇਹ ਉਸ ਪਾਲਿਸੀ ਤੋਂ ਚੰਗੀ ਤਰ੍ਹਾਂ ਜਾਣੂ ਹਨ। ਇਸ ਸਬੰਧੀ ਬੇਨਤੀ ਹੈ ਕਿ ਜਿਹੜੇ ਟੀਚਰਾਂ ਦੀ ਉਮਰ ਲੰਘ ਚੁਕੀ ਹੈ ਰੂਲਜ਼ ਉਨ੍ਹਾਂ ਨੂੰ ਗੌਰਮਿੰਟ ਸਰਵਿਸ ਵਿਚ ਆਉਣ ਲਈ ਪਰਮਿਟ ਨਹੀਂ ਕਰਦੇ। ਬਾਕੀ ਜੇ ਕੋਈ ਇਸ ਕਿਸਮ ਦੀ ਕੋਈ ਐਸੀ ਗੱਲ ਹੈ, ਕੋਈ ਸਪੈਸਿਫਿਕ ਕੇਸ ਹੈ ਤਾਂ ਉਸ ਦੇ ਮੁਤੱਲਕ ਐਗਜ਼ਾਮਿਨ ਕਰ ਲਵਾਂਗੇ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਅਜਿਹੀ ਗੱਲ ਵਿਚਾਰ ਗੋਚਰੇ ਹੋ ਸਕਦੀ ਹੈ ਕਿ ਜਿਹੜੇ ਭਰਾਵਾਂ ਨੇ ਰੁਜ਼ਗਾਰ ਦਫਤਰ ਵਿਚ ਨਾਮ ਲਿਖਾਏ, ਜਿਨ੍ਹਾਂ ਨੂੰ ਕਿ ਨੌਕਰੀ ਦੀ ਲੋੜ ਹੈ, ਅਤੇ ਉਹ ਨਹੀਂ ਕਿ ਜਿਨ੍ਹਾਂ ਨੇ ਨਾਮ ਨਹੀਂ ਲਿਖ-ਵਾਏ ਅਤੇ ਜਿਨ੍ਹਾਂ ਨੂੰ ਨੌਕਰੀ ਦੀ ਲੋੜ ਨਹੀਂ, ਕੀ ਉਨ੍ਹਾਂ ਨੂੰ ਓਵਰ ਏਜ ਨਾ ਮੰਨਣ ਵਾਸਤੇ ਸਰਕਾਰ ਕੋਈ ਵਿਚਾਰ ਕਰ ਸਕਦੀ ਹੈ ?

ਸਿੱਖਿਆ ਮੰਤਰੀ : ਮੈਂ ਤਾਂ ਇਸ ਬਾਰੇ ਪਹਿਲਾਂ ਹੀ ਦੱਸ ਦਿੱਤਾ ਹੈ। ਇਸ ਤਰ੍ਹਾਂ ਸਾਰਿਆਂ ਦਾ ਪਤਾ ਨਹੀਂ ਲੱਗ ਸਕਦਾ। ਐਸਾ ਵੀ ਹੋ ਸਕਦਾ ਹੈ ਕਿ ਕੱਲ੍ਹ ਨੂੰ ਕੋਈ ਹੋਰ ਵੀ ਇਹ ਗਲ ਕਰੇਗਾ। (ਵਿਘਨ) ਇਸ ਲਈ ਮੈਂ ਅਰਜ਼ ਕਰਾਂਗਾ ਕਿ ਸਪੈਸਿਫਿਕ ਕੇਸ ਸਾਡੇ ਕੋਲ ਲਿਆਓ।

(ਕ੍ਰਮ ਨੰ: 69)

ਸਰਦਾਰ ਬਸੰਤ ਸਿੰਘ ਖਾਲਸਾ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਅਰਥਾਤ, ਜੋ ਜੇ. ਬੀ. ਟੀ. ਟੀਚਰ ਕਿਸੇ ਬੋਰਡ ਜਾਂ ਕਮੇਟੀ ਨੇ ਹਾਲੇ ਤਕ ਸਲੈਕਟ ਨਹੀਂ ਕੀਤੇ ਪਰ ਉਹ ਬਹੁਤ ਦੇਰ ਤੋਂ ਛੇ ਛੇ ਮਹੀਨੇ ਲਈ ਸਰਵਿਸ ਕਰਦੇ ਆ ਰਹੇ ਹਨ ਪਰ ਕੁਝ ਮਹੀਨੇ ਹੋਏ ਉਹ ਸਰਵਿਸ ਤੋਂ ਕੱਢ ਦਿੱਤੇ ਹਨ ਕਿਉਂਕਿ ਉਹ ਮੈਟਰਿਕ ਹਿੰਦੀ ਨਾਲ ਪਾਸ ਨਹੀਂ ਹਨ। ਜਦ ਕਿ ਉਹ ਜੇ. ਬੀ. ਟੀ. ਉਸੇ ਨਿਯਤ ਕੀਤੇ ਕੋਰਸ ਨਾਲ ਪਾਸ ਕੀਤੀ ਹੈ ਤੇ ਉਹ ਮੈਟਰਿਕ ਰਾਜ ਭਾਸ਼ਾ ਨਿਯਤ ਕੀਤੇ ਕੋਰਸ ਨਾਲ ਪਾਸ ਕੀਤੀ ਹੈ ਤੇ ਉਹ ਮੈਟਰਿਕ ਰਾਜ ਭਾਸ਼ਾ ਪੰਜਾਬੀ ਨਾਲ ਪਾਸ ਹੈ । ਉਨ੍ਹਾਂ ਨੂੰ ਛੇ ਛੇ ਮਹੀਨੇ ਰਖਿਆ ਜਾਵੇ ਤੇ ਹਿੰਦੀ ਦੀ ਆਰਜ਼ੀ ਤੌਰ ਤੇ ਛੋਟ ਦਿੱਤੀ ਜਾਵੇ ਤਾਂ ਕਿ ਬੇਰੁਜ਼ਗਾਰੀ ਦੂਰ ਕੀਤੀ ਜਾਵੇ । ਇਸ ਜ਼ਰੂਰੀ ਮਾਮਲੇ ਵੱਲ ਸਰਕਾਰ ਤੋਂ ਬਿਆਨ ਦਿਵਾਉਣ ਦੀ ਕਿਰਪਾ ਕੀਤੀ ਜਾਵੇ ।

ਸ੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । (Admitted. The hon. Minister concerned may please make a statement.)

(ਕ੍ਰਮ ਨੰ: 70)

ਗਿਆਨੀ ਕੁੰਦਨ ਸਿੰਘ ਪਤੰਗ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਦਾ, ਹਾਂ ਅਰਥਾਤ ਪਿੰਡ ਤਲਵੰਡੀ (ਮੱਲ੍ਹਕੀ) ਹਲਕਾ ਭਦੌੜ, ਜ਼ਿਲ੍ਹਾ ਸੰਗਰੂਰ ਵਿਖੇ ਨਹਿਰੀ ਪਾਣੀ ਉੱਕਾ ਹੀ ਨਹੀਂ ਲਗਦਾ, ਜਿਸ ਨਾਲ ਫਸਲਾਂ ਖਰਾਬ ਹੋ ਰਹੀਆਂ ਹਨ। ਲੋਕੀਂ ਉਜੜ ਰਹੇ ਹਨ । ਸਰਕਾਰ ਇਸ ਸਬੰਧੀ ਕੁਝ ਕਰ ਰਹੀ ਹੈ। ਉਹ ਆਪਣਾ ਬਿਆਨ ਦੇਣ ਦੀ ਕਿਰਪਾਲਤਾ ਕਰਨ ।

ਸ੍ਰੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । (Admitted. The hon. Minister concerned may please make a statement.)

(ਕ੍ਰਮ ਨੰ: 76)

(ਧਿਆਨ ਦਿਵਾਊ ਮਤਾ ਨੰ: 76 ; ਜੋ ਕਿ ਸਰਦਾਰ ਗੁਰਦੇਵ ਸਿੰਘ ਬਾਦਲ ਦੇ ਨਾਮ ਤੇ ਸੀ, ਮੈਂਬਰ ਹਾਜ਼ਰ ਨਾ ਹੋਣ ਕਰਕੇ ਨਹੀਂ ਲਿਆ ਗਿਆ)

(ਕ੍ਰਮ ਨੰ: 84)

ਸਰਦਾਰ ਮਹਿਤਾਬ ਸਿੰਘ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਜੋ ਬਾਗਾਂ ਦੇ ਨਾਂ ਹੇਠ ਫਿਰੋਜ਼ਪੁਰ ਜ਼ਿਲ੍ਹੇ ਦੀ 90ਫੀ ਸਦੀ ਗਰੀਬ ਕਿਸਾਨੀ ਤੋਂ ਪਾਣੀ ਖੋਹ ਕੇ ਬਾਕੀ 10ਫੀ ਸਦੀ ਜ਼ਿਮੀਂਦਾਰੀ ਨੂੰ ਖੁਸ਼ਹਾਲ ਕੀਤਾ ਗਿਆ ਹੈ ਅਤੇ ਪੇਂਡੂ ਗਰੀਬ ਕਿਰਸਾਨੀ ਪਿਸਦੀ ਜਾ ਰਹੀ ਹੈ। ਜਿਸ ਨਾਲ ਪੰਜਾਬ ਰਾਜ ਨੂੰ ਵੀ ਖੇਤੀ ਪੈਦਾਵਾਰ ਤੋਂ ਭਾਰੀ ਨੁਕਸਾਨ ਹੋ ਰਿਹਾ ਹੈ। ਅੱਜ ਦੇ ਹਾਲਾਤ ਨੂੰ ਮੁੱਖ ਰੱਖ ਕੇ ਇਸ ਵਿਸ਼ੇ ਵੱਲ ਧਿਆਨ ਦਿਵਾਉਣਾ ਜ਼ਰੂਰੀ ਹੋ ਗਿਆ ਹੈ । ਸਬੰਧਤ ਮਤਰੀ ਜੀ ਸਦਨ ਵਿਚ ਉੱਤਰ ਦੇਣ ।

ਸ੍ਰੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ, ਬਿਆਨ ਦੀ ਕ੍ਰਿਪਾਲਤਾ ਕਰਨ । (Admitted. The hon. Minister concerned may please make a statement.)

(Serial No. 85)

Sardar Surjit Singh : I beg to draw the attention of the Government towards a matter of urgent public importance, namely, about six months back a huge police force was posted at village Dadahoor in District Sangrur because a murder had been committed there. The standing crops of the villagers were destroyed. Some houses were also demolished and a large population of the village was handcuffed for several days. Even now a large police force is stationed at this village. The mounted policemen even now forcibly graze their horses in the fields and there is a great resentment in this area about the conduct of policemen.

As it is a matter of considerable public importance the Government may be asked to make a statement.

ਸ੍ਰੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ। (Admitted. The hon. Minister concerned may please make a statement.)

(Serial No. 88)

Sardar Surinder Singh Kairon : I beg to draw the attention of the Government towards a matter of urgent public importance, namely, the storage accommodation (owned hired) available for wheat is for about 20 lac tons at present. Approximately nineteen lac tons of wheat is already lying in the stores meant for the purpose. Since now wheat arrivals are expected in the second week of April, 1972 and Government propose to procure 33 lac tons more of it. The present storage accommodation will be inadequate and the procured wheat would be damaged resulting in loss to the producer as well as the State. The situation being serious, the Government is requested to make a statement on the subject.

ਸ੍ਰੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ। (Admitted. The hon. Minister concerned may please make a statement.)

Shri Gian Chand Kharbanda (Minister for Food and Supplies) : Sir, I would make the statement just now. Due to increase in the production of wheat and rice in Punjab procurement of wheat during 1971-72 increased from 23.64 lac tonnes to 29.38 lac tonnes. Procurement of paddy by F.C.I. has also increased by about 4 lac tonnes. However, despite vigorous efforts made by the State Government the movement of foodgrains by the Railway out of Punjab during may, 1971 to March, 1972 has been at about the same level as in the corresponding period during last year viz. about 24 lac tonnes. As a result, about 15 lac. tonnes of foodgrains will be left in the godowns of three procuring agencies in Punjab namely, Food and Supplies Department, Food Corporation of India and Markfed by the end of April, 1972. In the

(Minister of State for Food & Supplies)

ensuing rabi procurement season, 34 lac tonnes of wheat are likely to be procured by the end of June, 1972. Railways have assured to improve the movement of foodgrains from Punjab in the coming months and as such about 8 lac tonnes may be expected to move out of Punjab during the months of May and June, 1972. The State Government through its sustained efforts have increased the storage capacity in Punjab from 7 lac tonnes in 1968-69 to 26 lac tonnes in 1972-73, out of which 2 lac tonnes will be utilised for the storage of fertilizers leaving net storage capacity of 24 lac tonnes for storage of foodgrains. About 17 lac tonnes of foodgrains will, therefore, have to remain without proper storage at the end of June, 72. Arrangements will be made to store temporarily the maximum quantities feasible in schools and college buildings during the summer vacations and also in dharamsalas, temporary sheds etc. wherever available. The remaining stocks will have to be stored in the open. Arrangements are being made to store them on raised platforms covered by polythene covers or tarpaulins to the maximum extent feasible. The State Government share the Hon'ble Members concern over serious problem that will be faced by the procuring agencies in the State for storage of procured wheat. Immediately after my assumption of office of Minister for Food and Supplies I took up the matter with the Government of India and the Food Corporation of India at personal level and they have assured monthly movement of about 4 to 4.5 lac tonnes of foodgrains from Punjab during the coming months. The matter is being pursued constantly with the Railways and the Union Ministry of Food for expediting the movement of foodgrains from Punjab. Every effort will be made to secure the maximum storage accommodation within the State and to protect the stocks which have to be stored in the open from damage by rains.

[ਪੰਜਾਬ ਵਿਚ ਕਣਕ ਅਤੇ ਚੌਲਾਂ ਦੀ ਪੈਦਾਵਾਰ ਵਿਚ ਵਾਧਾ ਹੋਣ ਕਾਰਣ ਸਾਲ 1971-72 ਵਿਚ ਕਣਕ ਦੀ ਖਰੀਦ 23.64 ਲਖ ਤੋਂ ਵਧ ਕੇ 29.38 ਲਖ ਟੱਨ ਹੋਈ । ਭਾਰਤੀ ਖੁਰਾਕ ਨਿਗਮ ਰਾਹੀ ਝੋਨੇ ਦੀ ਖਰੀਦ ਵੀ ਲਗਭਗ 4 ਲਖ ਟਨ ਵਧੀ। ਰਾਜ ਸਰਕਾਰ ਦੇ ਸਿਰ ਤੋੜ ਯਤਨ ਕਰਨ ਦੇ ਬਾਵਜੂਦ ਵੀ ਮਈ, 1971 ਤੋਂ ਮਾਰਚ, 1972 ਤਕ ਪੰਜਾਬ ਵਿਚ ਰੇਲ ਰਾਹੀਂ ਅਨਾਜ ਦੀ ਭੇਜ ਪਿਛਲੇ ਸਾਲ ਜਿੰਨੀ ਤਥਾ 24 ਲਖ ਟਨ ਤਕ ਰਹੀ। ਇਸ ਦੇ ਨਤੀਜੇ ਵਜੋਂ ਅਪ੍ਰੈਲ, 1972 ਦੇ ਅਖੀਰ ਤਕ ਪੰਜਾਬ ਵਿਚ ਤਿੰਨਾ ਖਰੀਦ ਅਜੰਸੀਆਂ ਅਥਵਾ ਪੰਜਾਬ ਖੁਰਾਕ ਤੇ ਸਪਲਾਈ ਵਿਭਾਗ, ਭਾਰਤ ਖੁਰਾਕ ਨਿਗਮ ਅਤੇ ਮਾਰਕਫੈਡ ਦੇ ਗੋਦਾਮਾ ਵਿਚ 15 ਲਖ ਟਨ ਦੇ ਲਗਭਗ ਅਨਾਜ ਰਹਿ ਜਾਵੇਗਾ । ਆਉਣ ਵਾਲੀ ਹਾੜ੍ਹੀ ਦੀ ਫਸਲ ਵਿਚ ਜੂਨ ਦੇ ਆਖੀਰ ਤਕ 34 ਲਖ ਟਨ ਕਣਕ ਖਰੀਦੀ ਜਾਣ ਦੀ ਸੰਭਾਵਨਾ ਹੈ । ਰੇਲਵੇ ਵਿਭਾਗ ਨੇ ਪੰਜਾਬ ਵਿਚ ਆਉਣ ਵਾਲੇ ਮਹੀਨਿਆਂ ਵਿਚ ਆਨਾਜ ਨੂੰ ਬਾਹਰ ਭੇਜਣ ਵਿਚ ਸੁਧਾਰ ਕੀਤੇ ਜਾਣ ਦਾ ਆਸ਼ਵਾਸਨ ਦਿਵਾਇਆ ਹੈ ਅਤੇ ਇਸ ਤਰਾਂ ਮਈ, ਜੂਨ, 1972 ਦੇ ਮਹੀਨਿਆਂ ਵਿਚ ਪੰਜਾਬ ਤੋਂ ਲੱਗਭਗ 8 ਲਖ ਟਨ ਅਨਾਜ ਬਾਹਰ ਭੇਜੇ ਜਾਣ ਦਾ ਅਨੁਮਾਨ ਹੈ। ਰਾਜ ਸਰਕਾਰ ਨੇ ਲਗਾਤਾਰ ਯਤਨਾਂ ਰਾਹੀਂ ਭੰਡਾਰਕ ਸਮਰਥਾ ਜੋ ਪੰਜਾਬ ਵਿਚ 1968-69 ਵਿਚ 7 ਲਖ ਟਨ ਸੀ ਨੂੰ 1972-73 ਤੱਕ 26 ਲਖ ਟਨ ਵਧਾਇਆ ਹੈ, ਜਿਸ ਵਿੱਚ 2 ਲਖ ਟਨ ਦੀ ਸਮਰਥਾ ਰਸਾਣਿਕ ਖਾਦ ਦੇ ਭੰਡਾਰ ਦੀ ਵਰਤੋਂ ਵਿਚ ਲਿਆਈ ਜਾਵੇਗੀ ਅਤੇ ਕੁਲ 24 ਲੱਖ ਟਨ ਵਿਚ ਅਨਾਜ ਭੰਡਾਰ ਕੀਤਾ ਜਾਵੇਗਾ । ਜੂਨ 1972 ਦੇ ਅਖੀਰ ਤਕ ਲਗਭਗ 17 ਲਖ ਟੱਨ ਅਨਾਜ ਯੋਗ ਭੰਡਾਰਕ ਥਾਂਵਾ ਤੋਂ ਬਿਨਾਂ ਰਹਿ ਜਾਵੇਗਾ। ਗਰਮੀਆਂ ਦੀਆਂ ਛੁੱਟੀਆਂ ਵਿਚ ਸਕੂਲਾਂ ਅਤੇ ਕਾਲਜਾਂ ਦੀਆਂ ਇਮਾਰਤਾਂ ਧਰਮਸ਼ਾਲਾ ਆਦਿ ਅਤੇ ਆਰਜੀ

ਸ਼ੈੱਡ ਜਿਥੇ ਵੀ ਪ੍ਰਾਪਤ ਹੋ ਸਕੇ, ਵਿਚ ਵੱਧ ਤੋਂ ਵੱਧ ਮਾਤਰਾ ਭੰਡਾਰ ਕਰਨ ਦੇ ਪ੍ਰਬੰਧ ਕੀਤੇ ਜਾਣਗੇ। ਬਚਿਆ ਹੋਇਆਂ ਮਾਲ ਖੁਲੇ ਥਾਂਵਾਂ ਵਿਚ ਭੰਡਾਰ ਕਰਨਾ ਪਵੇਗਾ। ਇਸ ਨੂੰ ਉਚਿਆਂ ਥੜਿਆਂ ਤੇ ਪਾਲੇਥੀਨ ਕਵਰਾਂ ਜਾਂ ਤਰਪਾਲਾਂ ਨਾਲ ਢੱਕ ਕੇ ਵੱਧ ਤੋਂ ਵੱਧ ਯੋਗ ਉਪਾਅ ਨਾਲ ਭੰਡਾਰ ਕਰਨ ਦੇ ਪ੍ਰਬੰਧ ਕੀਤੇ ਜਾ ਰਹੇ ਹਨ। ਪੰਜਾਬ ਸਰਕਾਰ ਮਾਨਯੋਗ ਮੈਂਬਰ ਦੇ ਇਸ ਗੰਭੀਰ ਮਸਲੇ ਸਬੰਧੀ ਜੋ ਕਿ ਕਣਕ ਖਰੀਦ ਵਾਲੀਆਂ ਅਜੰਸੀਆਂ ਨੂੰ ਰਾਜ ਵਿਚ ਖਰੀਦੀ ਹੋਈ ਕਣਕ ਨੂੰ ਭੰਡਾਰ ਕਰਨ ਬਾਰੇ ਸਾਹਮਣਾ ਕਰਨਾ ਪਵੇਗਾ ਨਾਲ ਸਹਿਮਤ ਹੈ। ਮੈਂ ਖੁਰਾਕ ਤੇ ਸਪਲਾਈ ਵਿਭਾਗ ਦਾ ਕੰਮ ਸੰਭਾਲਣ ਤੋਂ ਤੁਰੰਤ ਬਾਅਦ ਕੇਂਦਰੀ ਸਰਕਾਰ ਅਤੇ ਭਾਰਤੀ ਖੁਰਾਕ ਨਿਗਮ ਨਾਲ ਨਿਜੀ ਪੱਧਰ ਤੇ ਮਸਲਾ ਚੁੱਕਿਆ ਅਤੇ ਉਹਨਾਂ ਨੇ ਆਉਣ ਵਾਲੇ ਮਹੀਨਿਆਂ ਵਿਚ ਪੰਜਾਬ ਵਿਚੋਂ 4 ਤੋਂ 4.5 ਲੱਖ ਟਨ ਪ੍ਰਤੀ ਮਹੀਨਾ ਅਨਾਜ ਦੀ ਬਾਹਰ ਭੇਜ ਦਾ ਭਰੋਸਾ ਦਿਵਾਇਆ ਹੈ। ਇਸ ਮਾਮਲੇ ਵਿਚ ਰੇਲਵੇ ਅਤੇ ਕੇਂਦਰੀ ਖੁਰਾਕ ਨਿਗਮ ਮੰਤਰਾਲੇ ਨਾਲ ਬੜੇ ਗਹੁ ਨਾਲ ਪੰਜਾਬ ਵਿਚੋਂ ਅਨਾਜ ਦੀ ਭੇਜ ਨੂੰ ਤੇਜ ਕਰਨ ਲਈ ਪਿੱਛਾ ਕੀਤਾ ਜਾ ਰਿਹਾ ਹੈ। ਰਾਜ ਵਿਚ ਵੱਧ ਤੋਂ ਵੱਧ ਭੰਡਾਰਕ ਸਮਰਥਾ ਪ੍ਰਾਪਤ ਕਰਨ ਅਤੇ ਅਨਾਜ ਜਿਹੜਾ ਖੁਲ੍ਹੀਆਂ ਥਾਵਾਂ ਤੇ ਰੱਖਿਆ ਜਾਣਾ ਹੈ ਨੂੰ ਬਾਰਸ਼ਾਂ ਦੇ ਨੁਕਸਾਨ ਤੋਂ ਬਚਾਏ ਜਾਣ ਲਈ ਹਰ ਯਤਨ ਕੀਤਾ ਜਾਵੇਗਾ।]

ਸ੍ਰੀ ਸਪੀਕਰ : ਕਾਲ ਅਟੈਨਸ਼ਨ ਮੋਸ਼ਨ ਨੰਬਰ 93 ਜੋ ਕਿ ਸਰਦਾਰ ਜਸਵਿੰਦਰ ਸਿੰਘ ਬਰਾੜ ਦੇ ਨਾਮ ਤੇ ਹੈ। (ਵਿਘਨ) (Call Attention Motion No. 93 standing in the name of Sardar Jaswinder Singh Brar) (Intrruption)

ਡਾਕਟਰ ਅਮੀਰ ਸਿੰਘ ਕਲਕਟ : ਆਨ ਏ ਪੁਆਇੰਟ ਆਫ਼ ਆਰਡਰ ਸਰ। ਸਪੀਕਰ ਸਾਹਿਬ, ਮੈਂ ਇਕ ਕਾਲ ਅਟੈਨਸ਼ਨ ਮੋਸ਼ਨ ਦਿਤੀ ਸੀ। 'ਪ੍ਰਤਾਪ' ਅਖ਼ਬਾਰ ਵਿਚ ਵੀ ਆਇਆ ਹੈ ਸਰਦਾਰ ਜੀਵਨ ਸਿੰਘ ਉਮਰਾ ਨੰਗਲ ਨੇ ਇਕ ਬਿਆਨ ਦਿਤਾ ਸੀ ਕਿ ਅਸੀਂ ਖਾਲਿਸਤਾਨ ਬਣਾਉਣਾ ਹੈ...(ਵਿਘਨ) (ਸ਼ੋਰ) ਸਪੀਕਰ ਸਾਹਿਬ, ਉਹ ਤੁਸੀਂ ਮੇਰੀ ਕਾਲ ਅਟੈਨਸ਼ਨ ਮੋਸ਼ਨ ਰਿਜੈਕਟ ਕਰ ਦਿਤੀ ਹੈ। (ਵਿਘਨ) (ਸ਼ੋਰ)

ਸ੍ਰੀ ਸਪੀਕਰ : ਤੁਸੀਂ ਚੈਂਬਰ ਵਿਚ ਤਸ਼ਰੀਫ ਲੈ ਆਉਣਾ ਉਥੇ ਗਲ ਕਰ ਲਵਾਂਗੇ। (ਵਿਘਨ)(ਸ਼ੋਰ) (The hon. Member may come to my Chamber to know the position). (Interruptions and noise in the House.)

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਤੁਸੀਂ ਡਾਕਟਰ ਸਾਹਿਬ, ਦੀ ਕਾਲ ਅਟੈਨਸ਼ਨ ਮੋਸ਼ਨ ਰੀਜਕਟ ਕਰ ਦਿਤੀ ਹੈ। (ਵਿਘਨ) (ਸ਼ੋਰ) ਸਪੀਕਰ ਸਾਹਿਬ, ਸਾਡੇ ਲੀਡਰ ਬਾਰੇ ਇਕ ਗਲਤ ਬਿਆਨੀ ਕੀਤੀ ਹੈ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਇਹੋ ਜਿਹੀਆਂ ਗਲਾਂ ਵਿਚ ਨਾ ਪੈਣ ਤਾਂ ਠੀਕ ਰਹੇਗਾ। (ਸ਼ੋਰ) ਸਪੀਕਰ ਸਾਹਿਬ, ਡਾਕਟਰ ਜਗਜੀਤ ਸਿੰਘ ਇਨ੍ਹਾਂ ਦੇ ਗਵਾਂਢੀ ਹਨ ਜੇ ਅਸੀਂ ਇਹ ਕਹੀਏ ਕਿ ਇਨ੍ਹਾਂ ਨੇ ਆਪ ਉਸ ਨੂੰ ਭੇਜਿਆ ਹੈ...(ਵਿਘਨ) (ਸ਼ੋਰ)

Mr. Speaker : Please resume your seat. (Interruption) (Noise the House)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਬਾਹਰਲੇ ਲੀਡਰਾਂ ਬਾਰੇ ਇਸ ਹਾਊਸ ਵਿਚ ਇਹ ਕੋਈ ਚਿੱਕੜ ਸੁੱਟਣ ਦੀ ਕੋਸ਼ਿਸ਼ ਨਾ ਕਰਨ...(ਸ਼ੋਰ) ਮੈਨੂੰ ਪਤਾ ਹੈ ਕਿ ਸਾਡੇ ਮਹਿਲ ਪੱਥਰ ਦੇ ਹਨ ਔਰ ਇਨ੍ਹਾਂ ਦੇ ਮਹਿਲ ਸ਼ੀਸ਼ੇ ਦੇ ਹਨ। (ਵਿਘਨ)) (ਸ਼ੋਰ)

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ਼ ਪ੍ਰਸਨਲ ਐਕਸਪਲਾਨੇਸ਼ਨ। (ਸ਼ੋਰ) (ਵਿਘਨ)

ਸ੍ਰੀ ਸਪੀਕਰ : ਡਾਕਟਰ ਸਾਹਿਬ, ਤਸ਼ਰੀਫ ਰਖੋ । (ਵਿਘਨ) (ਸ਼ੋਰ) (Doctor Sahib, please resume your seat.) (Noise)

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਇਹ ਮੇਰਾ ਨਾਮ ਹਰ ਵੇਲੇ ਲੈ ਲੈਂਦੇ ਹਨ । ਇਹ ਮੈਨੂੰ ਡੀਫੇਮ ਕਰ ਰਹੇ ਹਨ। (ਵਿਘਨ) (ਸ਼ੋਰ) (ਬਹੁਤ ਸ਼ੋਰ) ਉਹ ਇਨ੍ਹਾਂ ਦਾ ਲੀਡਰ ਹੈ । ਕੰਟਰੀ ਤੋਂ ਬਾਹਰ ਖਾਲਿਸਤਾਨ ਦੀਆਂ ਉਹ ਗਲਾਂ ਕਰਦੇ ਹਨ ......(ਸ਼ੋਰ) (ਬਹੁਤ ਸ਼ੋਰ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਉਹ ਇਨ੍ਹਾਂ ਦੇ ਜ਼ਿਲ੍ਹੇ ਦਾ ਹੈ । ਇਹ ਵੀ ਡਾਕਟਰ ਹਨ ਔਰ ਉਹ ਵੀ ਡਾਕਟਰ ਹੈ ....(ਸ਼ੋਰ)

ਸ੍ਰੀ ਸਪੀਕਰ : ਸਰਦਾਰ ਅਜਾਇਬ ਸਿੰਘ ਜੀ, ਮੈਨੂੰ ਸਮਝ ਨਹੀਂ ਆਉਂਦੀ ...... (ਵਿਘਨ) (ਸ਼ੋਰ) ਤੁਹਾਡੀ ਪਾਰਟੀ ਨੇ ਹਿੰਦੁਸਤਾਨ ਦੇ ਵਿਰੁੱਧ ਅਨਡੀਜ਼ਾਇਰੇਬਲ ਐਕਟਿਵਿਟੀਜ਼ ਕਰਕੇ ਉਸ ਨੂੰ ਪਾਰਟੀ ਦੀ ਮੈਂਬਰਸ਼ਿਪ ਤੋਂ ਖਾਰਜ ਕਰ ਦਿਤਾ ਹੈ ਔਰ ਤੁਸੀਂ ਉਸ ਨੂੰ ਡੀਫੈਂਡ ਕਰ ਰਹੇ ਹੋ । (ਵਿਘਨ) ਇਹ ਗੱਲ ਕੋਈ ਸ਼ੋਭਾ ਵਾਲੀ ਨਹੀਂ । (ਸ਼ੋਰ)

Addressing Sardar Ajaib Singh: It is not clear to me(Intrruption)(Noise why you are defending a person who was expelled by your Party on account of his undersirable and anti—India activities (Interruption) It is not proper (Noise).

(ਕ੍ਰਮ ਨੰ: 93)

ਸਰਦਾਰ ਜਸਵਿੰਦਰ ਸਿੰਘ: ਸਰਦਾਰ ਜਸਦੇਵ ਸਿੰਘ ਸੰਧੂ, ਸਰਦਾਰ ਪ੍ਰਹਿਲਾਦ ਸਿੰਘ, ਸਰਦਾਰ ਰਣਧੀਰ ਸਿੰਘ ਚੀਮਾ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ ਅਰਥਾਤ, ਪੰਜਾਬ ਦੀ ਸਾਰੀ ਆਰਥਿਕਤਾ ਖੇਤੀ ਬਾੜੀ ਤੇ ਨਿਰਭਰ ਹੈ। ਇਸ ਲਈ ਹਿੰਦ ਸਰਕਾਰ ਵਲੋਂ ਨਿਯਤ ਕੀਤੇ ਗਏ ਖੇਤੀ ਬਾੜੀ ਉਪਜ ਦੀਆਂ ਕੀਮਤਾਂ ਨਿਯਤ ਕਰਨ ਵਾਲੇ ਕਮਿਸ਼ਨ ਦੀਆਂ ਇਨ੍ਹਾਂ ਸ਼ਿਫਾਰਸ਼ਾਂ ਨਾਲ ਕਿ ਕਣਕ ਦੀ ਕੀਮਤ 66 ਰੁਪਏ ਤੋਂ 72 ਰੁਪਏ ਕੁਵਿੰਟਲ ਮੁਕਰਰ ਕੀਤੀ ਜਾਵੇ । ਪੰਜਾਬ ਦੇ ਲੋਕਾਂ ਵਿਚ ਬੜੀ ਬੇਚੈਨੀ ਫੈਲ ਗਈ ਹੈ । ਇਸ ਲਈ ਪੰਜਾਬ ਸਰਕਾਰ ਤੁਰੰਤ ਆਪਣੀ ਨੀਤੀ ਦਾ ਐਲਾਨ ਕਰੇ ਕਿ ਉਹ ਪੰਜਾਬ ਦੇ ਕਿਸਾਨ ਨੂੰ ਉਸਦੀ ਕਣਕ ਦਾ ਸਹੀ ਤੇ ਮੁਨਾਸਬ ਭਾ ਦਿਵਾਉਣ ਲਈ ਕੀ ਕਦਮ ਚੁੱਕ ਰਹੀ ਹੈ।

ਸ੍ਰੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । (Admitted. The hon. Minister concerned may please make a statement).

ਵਿਕਾਸ ਅਤੇ ਖੇਤੀ ਬਾੜੀ ਮੰਤਰੀ : (ਕੈਪਟਨ ਰਤਨ ਸਿੰਘ): ਸਪੀਕਰ ਸਾਹਿਬ, ਮੈਂ ਹੁਣੇ ਜਵਾਬ ਦੇ ਦਿੰਦਾ ਹਾਂ ਜਿਸ ਤਰ੍ਹਾਂ ਅਗੇ ਹੁੰਦਾ ਰਿਹਾ ਹੈ ਉਸੇ ਤਰ੍ਹਾਂ ਇਹ ਜਿਹੜਾ ਪ੍ਰਾਈਸ ਕਮਿਸ਼ਨ ਹੈ ਉਸ ਨੇ ਆਪਣੀ ਸਿਫਾਰਸ਼ ਭੇਜੀ ਹੈ । ਇਸ ਦੇ ਵਾਸਤੇ ਇਕ ਚੀਫ਼ ਮਨਿਸਟਰ ਕਾਨਫਰੰਸ ਹੋਣੀ ਹੈ । ਸਾਡੇ ਚੀਫ ਮਨਿਸਟਰ ਸਾਹਿਬ ਇਸ ਬਾਰੇ ਬਾਹਰ ਵੀ ਕਹਿ ਚੁੱਕੇ ਹਨ। ਆਪੋਜ਼ੀਸ਼ਨ ਦੇ ਲੀਡਰ ਸਾਹਿਬ ਨੇ ਜੋ ਮੰਗ ਕੀਤੀ ਹੈ , ਪੰਜਾਬ ਲਈ ਜੋ ਕਣਕ ਦਾ ਭਾਅ ਹੈ ਉਹ ਸਹੀ ਤੇ ਮੁਨਾਸਿਬ ਦਿਵਾਉਣ ਲਈ ਅਸੀਂ ਹਰ ਮੁਮਕਿਨ ਕੋਸ਼ਿਸ਼ ਕਰਾਂਗੇ । (ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ: ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੋ ਚੀਫ਼ ਮਨਿਸਟਰ ਸਾਹਿਬ ਨੇ ਉਥੇ ਗਲ ਬਾਤ ਕਰਨੀ ਹੈ ਉਸ ਵਾਸਤੇ ਉਨ੍ਹਾਂ ਨੇ ਕੋਈ ਆਪਣਾ ਮਨ ਵੀ ਬਣਾਇਆ ਹੋਣਾ ਹੈ। ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਘਟੋ ਘੱਟ ਕੀ ਭਾਅ ਮੁਕਰੱਰ ਕਰਨ ਲਈ ਉਨ੍ਹਾਂ ਨੇ ਆਪਣਾ ਮਨ ਬਣਾਇਆ ਹੈ । (ਵਿਘਨ)

ਇਕ ਆਵਾਜ਼ : ਕਿਧਰੇ 76—ਰੁਪਏ ਤੋਂ ਨਾ ਘੱਟ ਜਾਵੇ । (ਵਿਘਨ)

ਵਿਕਾਸ ਅਤੇ ਖੇਤੀ ਬਾੜੀ ਮੰਤਰੀ: ਜੇ ਮੈਂ ਕਰਨਾ ਹੋਵੇ ਤਾਂ ਮੈਂ ਜ਼ਰੂਰ ਕਹਿ ਦੇਵਾਂ। (ਵਿਘਨ)

STATEMENT LAID ON THE TABLE OF THE HOUSE IN REPLY TO CALL ATTENTION NOTICE No. 11

ਬਿਜਲੀ ਅਤੇ ਸਿੰਚਾਈ ਮੰਤਰੀ : (ਗੁਰਮੇਲ ਸਿੰਘ) ਸਪੀਕਰ ਸਾਹਿਬ, ਮੈਂ ਕਾਲ ਅਟੈਨਸ਼ਨ ਮੋਸ਼ਨ ਨੰਬਰ 11 ਦਾ ਉੱਤਰ ਸਦਨ ਦੀ ਮੇਜ਼ ਤੇ ਰਖਦਾ ਹਾਂ । (ਵਿਘਨ)

(ਕ੍ਰਮ ਨੰ: 11)

ਕਾਮਰੇਡ ਜੰਗੀਰ ਸਿੰਘ ਜੋਗਾ: ਮੈਂ ਸਰਕਾਰ ਦਾ ਧਿਆਨ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦ ਹਾਂ, ਅਰਥਾਤ, ਜ਼ਿਲ੍ਹਾ ਬਠਿੰਡਾ ਵਿਚ ਨਹਿਰੀ ਪਾਣੀ ਦੇ ਘਟਾਏ ਜਾਣ ਵੱਲ ਸਰਕਾਰ ਧਿਆਨ ਦੇਵੇ । ਪਿਛਲੇ ਸਮੇਂ ਇਹ ਪਾਣੀ ਇਸ ਲਈ ਘਟਾਇਆ ਗਿਆ ਸੀ ਕਿ ਜ਼ਿਲ੍ਹਾ ਬਠਿੰਡਾ ਵਿਚ ਸੇਮ ਵੱਧ ਗਈ ਸੀ । ਹੁਣ ਜਦੋਂ ਸੇਮ ਨਾਲੇ ਪੁਟੇ ਗਏ ਹਨ, ਇਹ ਵਿਤਕਰਾ ਦੂਰ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਇਸ ਦੇ ਇਸੇ ਤਰ੍ਹਾਂ ਰਹਿਣ ਨਾਲ ਜ਼ਿਲੇ ਦੇ ਕਿਸਾਨਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਸਰਕਾਰ ਇਸ ਬਾਰੇ ਬਿਆਨ ਦੇਵੇ ।

ਸ੍ਰੀ ਗੁਰਮੇਲ ਸਿੰਘ (ਸਿੰਜਾਈ ਅਤੇ ਬਿਜਲੀ ਮੰਤਰੀ): ਬਠਿੰਡਾ ਜ਼ਿਲ੍ਹੇ ਵਿਚ ਨਹਿਰੀ ਪਾਣੀ ਦੀ ਦਰ ਕਿਸੇ ਭੀ ਸਮੇਂ ਤੇ ਘਟਾਈ ਨਹੀਂ ਗਈ । ਇਹ ਜ਼ਿਲ੍ਹਾ ਫਿਰੋਜ਼ਪੁਰ ਜਾਖਲ ਲਾਈਨ ਦੇ ਦੱਖਣ ਪੱਛਮ ਵਲ ਪੈਂਦਾ ਹੈ ਅਤੇ ਜਿਹੜਾ ਰਕਬਾ ਫਿਰੋਜ਼ਪੁਰ ਜਾਖਲ ਲਾਈਨ ਦੇ ਦੱਖਣ ਪਛਮ ਵਲ ਹੈ ਉਸ ਦੇ ਨਹਿਰੀ ਪਾਣੀ ਦੀ ਦਰ ਪਹਿਲਾਂ ਹੀ ਭਾਖੜਾ ਨੰਗਲ ਪ੍ਰਾਜੈਕਟ ਦੀ ਸਕੀਮ ਦੇ ਅਧੀਨ ਸਰਹੰਦ ਕੈਨਾਲ ਦੀਆਂ ਨਹਿਰਾਂ ਦੇ ਹੋਏ ਨਵਰੂਪਣ ਸਮੇਂ ਵਧਾਈ ਗਈ ਸੀ । ਇਹ ਦਰ ਰਾਜਵਾਹਿਆ ਦੇ ਹੈਡ ਤੇ 2.37 ਕਿਊਸੈਕਸ ਤੋਂ ਵੱਧ ਕੇ 2.75 ਕਿਊਸੈਕਸ ਪ੍ਰਤੀ 1000 ਸੀ. ਸੀ. ਏ, ਅਤੇ ਮੋਘਿਆਂ ਦੇ ਹੈਡ ਤੇ 2.04 ਕਿਊਸਕਸ ਤੋਂ 2.4 ਕਿਉਸਕਸ ਪ੍ਰਤੀ 1000 ਸੀ. ਸੀ. ਏ, ਕੀਤੀ ਗਈ ਸੀ ।

ਰਾਵੀ ਬਿਆਸ ਦਰਿਆਵਾਂ ਦੇ ਹੋਰ ਪਾਣੀ ਮਿਲਣ ਤੇ ਨਹਿਰਾਂ ਦਾ ਨਵਰੂਪਣ ਹੋ ਰਿਹਾ ਹੈ ਜਿਸ ਰਾਹੀਂ ਰਜਵਾਹਿਆਂ ਦੇ ਹੈਡ ਤੇ 2.75 ਕਿਊਸਕਸ ਤੋਂ 3.5 ਕਿਊਸਕਸ ਪ੍ਰਤੀ 1000 ਸੀ. ਸੀ. ਏ, ਕਰਨ ਦੀ ਸਕੀਮ ਚਾਲੂ ਹੈ । ਇਸ ਤਰ੍ਹਾਂ ਕਰਨ ਨਾਲ ਮੋਘਿਆਂ ਦੇ ਹੈਡ ਤੇ 'ਪਾਣੀ 2.4 ਕਿਊਸਿਕਸ ਤੋਂ 3.05 ਕਿਊਸੈਕਸ ਪ੍ਰਤੀ 1000 ਸੀ. ਸੀ. ਏ. ਹੋ ਜਾਵੇਗਾ ।

[The water allowance of channels in Bhatinda District has at no time been reduced. This district lies on the South-West of Ferozepur Jakhal line and the water allowance of the area which falls on the South-west of Ferozepur Jakhal line was previously increased from 2.37 Cusecs to 2.75 Cs. at distributary head and from 2.04 Cs. to 2.40 Cs. at outlet head per 1000 C.C.A., under the Bhakra Nangal Project Scheme.

The remodelling of channels has further been taken up on account of the availability of additional Ravi-Beas waters and the Scheme for increasing water-allowance from 2.75 Cs. to 3.5 Cs. per 1000 C.C.A. at distributary head and from 2 .4 Cs. to 3.05 Cs. per 1000 at outlet head is in progress.]

PAPERS LAID ON THE TABLE

Education and Revenue Minister (Sardar Umrao Singh): Sir I beg to to lay on the *Table The Constitution (Tewenty-fifth Amendment) Bill, 1971 as passed by both Houses of Parliament.

*Placed in Library

DISCUSSION ON GOVERNOR'S ADDRESS.

Sardar Prem Singh Prem (Raipur): Sir, I beg to move—

> "That the members of this House assembled in this session are deeply grateful to the Governor for the Address which he has been pleased to deliver to the House on the 22nd March, 1972."

ਚੌਧਰੀ ਰਾਮ ਸਿੰਘ : ਸਪੀਕਰ ਸਾਹਿਬ, ਮੇਰਾ ਇਕ ਸ਼ਾਰਟ ਨੋਟਿਸ ਕੁਐਸਚਨ ਸੀ । (ਵਿਘਨ)

ਸ੍ਰੀ ਸਪੀਕਰ : ਚੌਧਰੀ ਸਾਹਿਬ, ਸ਼ਾਰਟ ਨੋਟਿਸ ਕੁਐਸਚਨ ਲਈ ਬੜਾ ਲੰਮਾ ਪ੍ਰੋਸੀਜਰ ਹੈ । ਇਸ ਦੀ ਜਸਟੀਫਿਕੇਸ਼ਨ ਦੇਖਣੀ ਹੁੰਦੀ ਹੈ, ਫਿਰ ਵਜ਼ੀਰ ਸਾਹਿਬ ਨੂੰ ਮਨਜ਼ੂਰੀ ਲਈ ਜਾਂਦਾ ਹੈ, ਫਿਰ ਇਹ ਕਿਧਰੇ ਹਾਊਸ ਦੇ ਸਾਹਮਣੇ ਆਉਂਦਾ ਹੈ । ਤੁਸੀਂ ਹੁਣੇ ਸਵਾਲ ਦੇ ਕੇ ਹੁਣੇ ਜਵਾਬ ਚਾਹੁੰਦੇ ਹੋ (ਵਿਘਨ) (*Addressing Chaudhri Ram Singh*: There is a lengthy procedure in respect of short notice question. Firstly the justification for the short notice has to be looked. in to. Then it is sent to the Minister concerned for his concurrence. Only thereafter does it come before the House while you want to have the reply to your question right away. (Interruption)

ਸਰਦਾਰ ਪ੍ਰੇਮ ਸਿੰਘ ਪ੍ਰੇਮ: ਸਪੀਕਰ ਸਾਹਿਬ, ਵੈਸੇ ਤਾਂ ਇਹ ਬ੍ਰਿਟਿਸ਼ ਪਾਰਲੀਮੈਂਟ ਦੇ ਲਈ ਇਹ ਪਾਰਲੀਮੈਂਟਰੀ ਟਰੈਡੀਸ਼ਨ ਚਲੀ ਆਉਂਦੀ ਹੈ ਕਿ ਜਦੋਂ ਗਵਰਨਰ ਸਾਹਿਬ ਆਪਣਾ ਐਡਰੈਸ ਪੜ੍ਹਨ ਤਾਂ ਉਨ੍ਹਾਂ ਦਾ ਥੈਂਕਸ, ਉਨ੍ਹਾਂ ਦਾ ਸ਼ੁਕਰੀਆ ਅਦਾ ਕਰਨ ਲਈ ਇਕ ਰੈਜ਼ੋਲਿਊਸ਼ਨ ਪਾਸ ਕੀਤਾ ਜਾਂਦਾ ਹੈ ਲੇਕਿਨ ਸ਼ੁਰੂ ਸ਼ੁਰੂ ਵਿਚ ਇਹ ਰਸਮੀ ਹੋਣ ਦੇ ਬਾਵਜੂਦ ਹੁਣ ਇਸ ਦੀ ਇਕ ਅਹਿਮੀਅਤ ਹੋ ਗਈ ਹੈ ।

(ਇਸ ਵਕਤ ਸ੍ਰੀ ਡਿਪਟੀ ਸਪੀਕਰ ਨੇ ਕੁਰਸੀ ਸੰਭਾਲੀ)

ਡਿਪਟੀ ਸਪੀਕਰ ਸਾਹਿਬ, ਇਹ ਇਕ ਮੌਕਾ ਹੁੰਦਾ ਹੈ ਜਿਸ ਦੇ ਉਤੇ ਹਾਊਸ ਦੇ ਸਾਰੇ ਮੈਂਬਰਜ਼ ਨੂੰ ਚਾਹੇ ਉਹ ਟਰੇਜ਼ਰੀ ਬੈਂਚਾਂ ਤੇ ਬੈਠੇ ਹੋਣ ਜਾਂ ਆਪੋਜ਼ੀਸ਼ਨ ਦੇ ਬੈਂਚਾਂ ਤੇ ਬੈਠੇ ਹੋਣ, ਗੌਰਮਿੰਟ ਦੀਆਂ ਜੋ ਪਾਲਿਸੀਜ਼ ਹੁੰਦੀਆਂ ਹਨ ਪਿਛਲੇ ਸਾਲ ਦੀਆਂ ਅਤੇ ਅਗਲੇ ਸਾਲ ਆਉਣ ਵਾਲੇ ਵਾਸਤੇ ਜੋ ਪਾਲਿਸੀਆਂ ਡੈਕਲੇਅਰ ਕੀਤੀਆਂ ਜਾਂਦੀਆਂ ਹਨ, ਉਸ ਦੇ ਉਤੇ ਆਪਣੀ ਆਪਣੀ ਰਾਏ ਪ੍ਰਗਟ ਕਰਨ ਦਾ ਮੌਕਾ ਮਿਲਦਾ ਹੈ ।

ਮੈਨੂੰ ਡਿਪਟੀ ਸਪੀਕਰ ਸਾਹਿਬ, ਇਸ ਗਲ ਦੀ ਖੁਸ਼ੀ ਹੈ ਕਿ ਇਹ ਹਾਊਸ ਜਦੋਂ ਸ਼ੁਰੂ ਹੋਇਆ ਤਾਂ ਬੜੀ ਅੱਛੀ ਤਰ੍ਹਾਂ ਸਪੀਕਰ ਸਾਹਿਬ ਦੀ ਜਿਹੜੀ ਚੋਣ ਸੀ ਉਹ ਮੁਤਫਿਕਾ ਤੌਰ ਤੇ ਲੀਡਰ ਆਫ ਦੀ ਹਾਊਸ ਵਲੋਂ ਤਜਵੀਜ਼ ਹੋ ਕੇ ਲੀਡਰ ਆਫ਼ ਦੀ ਆਪੋਜ਼ੀਸ਼ਨ ਵਲੋਂ ਤਾਈਦ ਹੋ ਕੇ ਹੋਈ। ਇਹ ਇਕ ਬੜੀ ਅਛੀ ਬਾਤ ਸੀ, ਅੱਛੀ ਬਿਗਨਿੰਗ ਸੀ, ਜਿਹੜੀ ਕਿ ਇਸ ਹਾਊਸ ਨੇ ਕੀਤੀ, ਲੇਕਿਨ ਮੈਨੂੰ ਅਫਸੋਸ ਹੈ ਔਰ ਚੂੰਕਿ ਹਾਊਸ ਵਿਚ ਖ਼ਾਸ ਤੌਰ ਤੇ ਆਪੋਜ਼ੀਸ਼ਨ ਦੇ ਔਰ ਇਧਰ ਵੀ ਨਵੇਂ ਮੈਂਬਰ ਸਾਹਿਬਾਨ ਆ ਏ ਹਨ, ਇਨ੍ਹਾਂ ਨਾਲ ਮੈਨੂੰ ਕੋਈ ਪਰਸਨਲ ਗਰੱਜ਼ ਨਹੀਂ ਸੀ ਇਸ ਵਾਸਤੇ ਮੈਂ ਕੋਈ ਸਖ਼ਤ ਲਫ਼ਜ਼ ਇਸਤੇਮਾਲ ਨਹੀਂ ਕਰਾਂਗਾ, ਮੈਂ ਅਫਸੋਸ ਜ਼ਰੂਰ ਕਰਦਾ ਹਾਂ ਕਿ ਜਦੋਂ ਹੈਡ ਆਫ਼ ਦੀ ਸਟੇਟ ਐਡਰੈਸ ਪੜ੍ਹਨ ਵਾਸਤੇ ਆਏ ਔਰ ਇਹ ਵਾਕ ਆਊਟ ਕਰਨ । ਵਾਕ ਆਊਟ ਕਰਨਾ ਕੋਈ ਮੁਨਾਸਬ ਗੱਲ ਨਹੀਂ । ਅਗੇ ਹੁੰਦਾ ਰਿਹਾ ਹੈ, ਉਹ ਆਮ ਕਰਕੇ ਇਸ ਕਰਕੇ ਹੁੰਦਾ ਸੀ ਕਿ ਗਵਰਨਰਜ ਬਾਹਰਲੀ ਸਟੇਟਸ ਤੋਂ ਆਉਂਦੇ ਸਨ,

ਉਹ ਪੰਜਾਬੀ ਨਹੀਂ ਸੀ ਬੋਲ ਸਕਦੇ ਅਤੇ ਦੂਸਰੀ ਲੈਂਗੂਏਜ ਵਿਚ ਐਡਰੈਸ ਪੜ੍ਹਦੇ ਸਨ ਪਰ ਇਸ ਵਾਰੀ ਤਾਂ ਗਵਰਨਰ ਸਾਹਿਬ ਨੇ ਬਾਵਜੂਦ ਇਸ ਗਲ ਦੇ ਕਿ ਉਹ ਬਾਹਰਲੀ ਸਟੇਟ ਦੇ ਸਨ ਉਨ੍ਹਾਂ ਨੇ ਐਫਰਟਸ ਕੀਤੀਆਂ ਅਤੇ ਉਨ੍ਹਾਂ ਨੇ ਸਾਡੀ ਰਾਜ ਭਾਸ਼ਾ ਪੰਜਾਬੀ ਵਿਚ ਹੀ ਐਡਰੈਸ ਪੜ੍ਹਿਆ। ਔਰ ਇਹ ਹਾਊਸ ਮੇਰੇ ਨਾਲ ਮੁਤਫ਼ਿਕ ਹੋਵੇਗਾ ਕਿ ਅਸੀਂ ਸਾਰੇ ਉਨ੍ਹਾਂ ਦੇ ਇਸ ਗਲ ਲਈ ਧੰਨਵਾਦੀ ਹਾਂ । ਉਨ੍ਹਾਂ ਨੇ ਜਿਹੜੀ ਪੰਜਾਬ ਦੀ ਪੰਜਾਬੀ ਲੈਂਗੁਏਜ ਸੀ ਉਸ ਵਿਚ ਐਡਰੈਸ ਪੜ੍ਹਿਆ । ਇਸ ਵਾਸਤੇ ਮੈਂ ਖਾਸ ਤੌਰ ਤੇ ਆਸ ਰਖਦਾ ਹਾਂ ਕਿ ਇਹ ਹਾਊਸ ਦੀ ਜਿਸ ਤਰ੍ਹਾਂ ਇਨ੍ਹਾਂ ਨੇ ਸਪੀਕਰ ਸਾਹਿਬ ਦੀ ਚੋਣ ਵੇਲੇ ਸ਼ੁਰੂ ਕੀਤੀ ਸੀ ਅਗੋਂ ਵੀ ਇਸ ਦੀ ਟਰੈਡੀਸ਼ਨ ਇਸ ਤਰ੍ਹਾਂ ਰਹੇਗੀ ਔਰ ਮੈਨੂੰ ਬੜਾ ਹੌਸਲਾ ਹੋਇਆ ਹੈ, ਖ਼ਾਸ ਤੌਰ ਤੇ ਲੀਡਰ ਆਫ਼ ਦੀ ਆਪੋਜ਼ੀਸ਼ਨ ਨੇ ਜਿਹੜੀ ਮੇਡਨ ਸਪੀਚ ਕੀਤੀ ਔਰ ਉਸ ਤੋਂ ਬਾਅਦ ਜਿਹੜੀਆਂ ਹੋਰ ਤਕਰੀਰਾਂ ਕੀਤੀਆਂ ਉਨ੍ਹਾਂ ਦੇ ਨਾਲ ਮੇਰਾ ਬੜਾ ਹੌਸਲਾ ਬਧਿਆ ਔਰ ਮੈਂ ਸਮਝਦਾ ਹਾਂ ਕਿ ਲੀਡਰ ਆਫ ਅਪੋਜ਼ੀਸ਼ਨ ਵਿਚ ਸਿਆਣਪ ਹੈ, ਗੰਭੀਰਤਾ ਹੈ, ਔਰ ਹਾਊਸ ਦੀ ਡਿਗਨਿਟੀ ਔਰ ਡੈਕੋਰੱਮ ਨੂੰ ਸਮਝਦੇ ਹਨ। ਔਰ ਇਹ ਦੋਹਾਂ ਬੈਂਚਿਜ਼ ਵਾਲੇ ਟਰੈਜ਼ਰੀ ਬੈਂਚਿਜ਼ ਔਰ ਆਪੋਜ਼ੀਸ਼ਨ ਵਾਲੇ ਇਸ ਤਰੀਕੇ ਨਾਲ ਚਲਦੇ ਰਹਿਣ ਤਾਂ ਮੈਂ ਸਮਝਦਾ ਹਾਂ ਕਿ ਇਸ ਹਾਊਸ ਦੀ ਕਾਰਵਾਈ ਠੀਕ ਚਲੇਗੀ। ਸ਼ਾਇਦ ਇਹ ਸਿਧਵਾਂ ਪਿੰਡ ਦੀ ਮਿੱਟੀ ਵਿਚ ਕੋਈ ਗਲ ਹੋਵੇਗੀ। ਕਿ ਸਾਡੇ ਲੀਡਰ ਆਫ਼ ਦੀ ਹਾਊਸ ਉਸੇ ਪਿੰਡ ਤੋਂ ਆਉਂਦੇ ਹਨ ਤਾਂ ਲੀਡਰ ਆਫ ਦੀ ਆਪੋਜ਼ੀਸ਼ਨ ਵੀ ਉਸੇ ਪਿੰਡ ਤੋਂ ਆਉਂਦੇ ਹਨ । ਦੋਵੇਂ ਸਿਆਣੇ ਨੇ ਤੇ ਦੋਵੇਂ ਸੱਜੇ ਖਬੇ ਪਾਸੇ ਆਣ ਕੇ ਬੈਠੇ ਨੇ। ਜਿਥੋਂ ਤਕ ਮੇਰੇ ਉਪੀਨੀਅਨ ਦਾ ਤਅੱਲੁਕ ਹੈ ਮੈਂ ਲੀਡਰ ਆਫ ਦੀ ਆਪੋਜ਼ੀਸ਼ਨ ਨੂੰ ਇਕ ਪ੍ਰੋਮਾਈਜ਼ਿੰਗ ਸਟੇਟਮੈਂਟ ਸਮਝਦਾ ਹਾਂ ਅਤੇ ਆਸ ਰਖਦਾ ਹਾਂ ਕਿ ਉਹ ਗਵਰਨਰ ਸਾਹਿਬ ਦੇ ਐਡਰੈਸ ਨੂੰ ਵੈਲਕਮ ਕਰਨਗੇ ਔਰ ਇਸ ਹਾਊਸ ਦੀ ਟਰੈਡੀਸਨ ਦਾ ਹੋਰ ਜ਼ਿਆਦਾ ਡੈਕਰੋਮ ਵਧੇਗਾ ।

ਡਿਪਟੀ ਸਪੀਕਰ ਸਾਹਿਬ, ਜਿਸ ਤਰ੍ਹਾਂ ਮੈਂ ਅਗੇ ਜ਼ਿਕਰ ਕੀਤਾ ਹੈ ਕਿ 1971 ਦੇ ਕੀਤੇ ਕੰਮਾਂ ਬਾਰੇ ਔਰ 1972 ਵਿਚ ਜੋ ਵਾਇਦੇ ਹੋਏ ਹਨ, ਜੋ ਪ੍ਰੋਗਰਾਮ ਦਿਤੇ ਗਏ ਹਨ ਉਨ੍ਹਾਂ ਬਾਰੇ ਗਲਾਂ ਹੋਣੀਆਂ ਹਨ । ਮੈਂ ਉਨ੍ਹਾਂ ਨੂੰ ਸਪਰੇਟਲੀ ਨਹੀਂ ਲਵਾਂਗਾ ਔਰ ਨਾਲ ਨਾਲ ਇੱਕਠੇ ਹੀ ਲਵਾਂਗਾ । ਔਰ ਖ਼ਾਸ ਤੌਰ ਤੇ ਚੂੰਕਿ ਪਿਛਲੇ 1971 ਦੇ ਸਾਲ ਹੀ ਨਹੀਂ ਬਲਕਿ ਪਿਛਲੇ ਪੰਜ ਸਾਲ ਹੀ ਸਰਕਾਰ ਜਿਹੜੀ ਹੈ ਉਹ ਦੂਸਰੀ ਪਾਰਟੀ ਦੀ ਰਹੀ ਹੈ ਅਤੇ ਖ਼ਾਸ ਤੌਰ ਤੇ ਪਹਿਲਾਂ ਇਕ ਵਾਰੀ 6 ਮਹੀਨੇ ਔਰ ਜਿਹੜੇ ਪਿਛਲੇ ਨੌਂ ਮਹੀਨੇ ਨੇ ਉਸ ਵਿਚ ਗਵਰਨਰ ਦਾ ਰੂਲ ਰਿਹਾ ਹੈ । 1971 ਦੇ ਜਿਹੜੇ ਪਹਿਲੇ 6 ਮਹੀਨੇ ਸਨ ਉਨ੍ਹਾਂ ਵਿਚ ਬਾਦਲ ਸਾਹਿਬ ਦੀ ਸਰਕਾਰ ਸੀ, ਅਕਾਲੀ ਪਾਰਟੀ ਦੀ ਸਰਕਾਰ ਸੀ, ਉਨ੍ਹਾਂ ਦਾ ਰੂਲ ਰਿਹਾ ਹੈ । ਇਸ ਵਾਸਤੇ ਮੇਰੀ ਡਿਊਟੀ ਲਗੀ ਹੈ ਕਿ ਮੈਂ ਨਿਰੀਆਂ ਥੈਂਕਸ ਹੀ ਨਹੀਂ ਇਥੇ ਕਰਨੀਆਂ । ਮੈਂ ਗਵਰਨਰ ਸਾਹਿਬ ਦਾ ਸ਼ੁਕਰੀਆ ਤਾਂ ਕੀਤਾ ਲੇਕਿਨ ਜਿਥੇ ਜਿਥੇ ਮੇਰੇ ਨੋਟਿਸ ਵਿਚ ਕੋਈ ਅਜਿਹੀ ਗਲ ਆਈ ਹੋਵੇ ਉਸ ਬਾਰੇ ਕਹਿਣਾ ਵੀ ਮੇਰਾ ਫ਼ਰਜ਼ ਬਣਦਾ ਹੈ। ਚੀਫ ਮਨਿਸਟਰ ਸਾਹਿਬ ਨੇ ਲੀਡਰ ਇਲੈਕਟ ਹੋਣ ਤੋਂ ਫ਼ੌਰਨ ਬਾਦ ਇਕ 12 ਪੁਆਇੰਟ ਪ੍ਰੋਗਰਾਮ ਲੋਕਾਂ ਦੇ ਸਾਮ੍ਹਣੇ ਪੇਸ਼ ਕੀਤਾ। ਇਸ ਵਿਚ ਰੋਡਜ਼,ਇਲੈਕਟਰੀ-ਸਿਟੀ, ਦਾ ਜ਼ਿਕਰ ਕੀਤਾ । ਇਸ ਵਿਚ ਟੇਨੈਂਸੀ ਲਾਜ਼ ਅਤੇ ਲੈਂਡ ਰਿਫ਼ਾਰਮਜ਼ ਦਾ ਜ਼ਿਕਰ ਕੀਤਾ ਹੈ, ਇਸ ਵਿਚ ਸੀਲਿੰਗ ਆਨ ਅਰਬਨ ਪ੍ਰਾਪਰਟੀ ਅਤੇ ਹਰੀਜਨਾਂ ਦਾ ਜ਼ਿਕਰ ਕੀਤਾ ਹੈ । ਜਿਹੜੇ ਲੋਕ ਹਾਲ ਦੀ ਜੰਗ ਵਿਚ ਸ਼ਹੀਦ ਹੋਏ ਸਨ ਉਨ੍ਹਾਂ ਦਾ ਤੇ ਉਨ੍ਹਾਂ ਤੇ ਟੱਬਰਾਂ ਦਾ ਜ਼ਿਕਰ ਕੀਤਾ ਹੈ, ਟਰਾਂਸਪੋਰਟ ਨੂੰ ਨੇਸ਼ਨੇਲਾਈਜ਼ ਕਰਨ ਦਾ ਜ਼ਿਕਰ ਕੀਤਾ ਹੈ। ਇਹ ਸਾਰੇ ਪੁਆਇੰਟ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਜਿਹੜਾ 10 ਪੁਆਇੰਟ ਪ੍ਰੋਗਰਾਮ ਸੀ ਉਸ ਦੇ ਵਿਚੋਂ ਲਏ ਹੋਏ ਹਨ ਔਰ ਮੈਂ ਸਮਝਦਾ ਹਾਂ ਕਿ ਇਹ ਸੋਸ਼ਲਇਜ਼ਮ ਦੇ ਵਲ ਇਕ ਬੜਾ ਭਾਰੀ ਕਦਮ ਹੈ। ਜੇ ਕਰ ਗਿਆਨੀ ਜੀ ਦੀ ਸਰਕਾਰ ਇਨ੍ਹਾਂ ਉਤੇ ਪੂਰੀ ਤਰ੍ਹਾਂ ਅਮਲ ਕਰ ਸਕੇ । ਗਿਆਨੀ ਜ਼ੈਲ ਸਿੰਘ ਇਕ ਕਾਮਨਰ ਹਨ, ਇਕ ਛੋਟੇ ਕਿਸਾਨ ਹਨ ਔਰ ਸਭ ਤੋਂ ਵਡੀ ਗਲ ਇਹ ਹੈ ਕਿ ਪਿਛਲੇ ਪੰਜ ਸਾਲਾਂ ਵਿਚ ਜੋ ਵੀ ਚੀਫ ਮਨਿਸਟਰ ਆਉਂਦੇ ਰਹੇ, ਮੈਨੂੰ

[ਸਰਦਾਰ ਪ੍ਰੇਮ ਸਿੰਘ ਪ੍ਰੇਮ]

ਉਨ੍ਹਾਂ ਸਾਰਿਆਂ ਦਾ ਸਤਕਾਰ ਹੈ, ਮੈਂ ਕਿਸੇ ਦੇ ਖਿਲਾਫ ਕੁਝ ਕਹਿਣਾ ਨਹੀਂ ਚਾਹੁੰਦਾ ਹਾਂ, ਲੇਕਿਨ ਇਕ ਗਲ ਗਿਆਨੀ ਜ਼ੈਲ ਸਿੰਘ ਬਾਰੇ ਜ਼ਰੂਰ ਕਹਾਂਗਾ ਕਿ ਉਨ੍ਹਾਂ ਨੂੰ ਚੂੰਕਿ ਵੈਸਟਿਡ ਇੰਟਰਸਟ ਕੋਈ ਨਹੀਂ ਇਸ ਕਰਕੇ ਜਿਹੜਾ ਪ੍ਰੋਗਰਾਮ ਦਿਤਾ ਹੈ ਉਸ ਤੇ ਅਮਲ ਕਰਕੇ ਵਿਖਾਣਗੇ । ਇਕ ਗਲ ਹੋਰ ਜਿਹੜੀ ਚੀਫ ਮਨਿਸਟਰ ਦੇ ਹੱਕ ਵਿਚ ਜਾਂਦੀ ਹੈ ਉਹ ਇਹ ਹੈ ਕਿ ਪਿਛਲੇ ਪੰਜ ਸਾਲਾਂ ਵਿਚ ਇਸ ਸੂਬੇ ਦੀ ਸਟੇਬਿਲਟੀ ਨਹੀਂ ਸੀ । ਇਸ ਸਮੇਂ ਵਿਚ ਕਈ ਸਰਕਾਰਾਂ ਆਈਆਂ । ਪਹਿਲੇ ਸਰਦਾਰ ਗੁਰਨਾਮ ਸਿੰਘ ਜੀ ਆਏ, ਫਿਰ ਗਿੱਲ ਸਾਹਿਬ ਆਏ । ਫਿਰ ਪ੍ਰੈਜ਼ੀਡੈਂਟ ਰੂਲ ਆਇਆ, ਫਿਰ ਸਰਦਾਰ ਗੁਰਨਾਮ ਸਿੰਘ ਜੀ ਆਏ, ਫਿਰ ਬਾਦਲ ਸਾਹਿਬ ਆਏ, ਫਿਰ ਗਵਰਨਰ ਰੂਲ ਆਇਆ । ਜਦੋਂ ਕਿਸੇ ਸਟੇਟ ਦੀ ਇਹੋ ਜਿਹੀ ਹਾਲਤ ਹੋਵੇ, ਉਸ ਵਿਚ ਡਿਵੈਲਪਮੇਂਟ ਦੇ ਕੰਮ ਨਹੀਂ ਹੋ ਸਕਦੇ। ਉਹ ਸਾਰੇ ਇਸ ਕਰਕੇ ਨਾ ਕਾਮਯਾਬ ਰਹੇ ਉਸ ਬਾਰੇ ਸਾਰੇ ਪੰਜਾਬ ਨੂੰ ਪਤਾ ਹੈ । ਮੈਂ ਇਸ ਦੀ ਤਫ਼ਸੀਲ ਵਿਚ ਨਹੀਂ ਜਾਵਾਂਗਾ । ਲੇਕਿਨ ਹੁਣ ਗਿਆਨੀ ਜ਼ੈਲ ਸਿੰਘ ਜੀ ਦੀ ਪਾਰਟੀ ਨੂੰ ਬਹੁਸੰਮਤੀ ਮਿਲੀ ਔਰ ਇਹ ਸਰਕਾਰ ਇਕ ਸਟੇਬਲ ਸਰਕਾਰ ਹੈ, ਪਰ ਮੈਂ ਸਮਝਦਾ ਹਾਂ ਕਿ ਹਾਲਾਤ ਬੜੇ ਮੁਆਫ਼ਿਕ ਨੇ। ਇਹ ਬਹੁਤ ਕੁਝ ਕਰ ਪਾਉਣਗੇ। ਹੁਣ ਜਿਹੜੇ ਪੁਆਇੰਟ ਦਸੇ ਹਨ ਉਨ੍ਹਾਂ ਬਾਰੇ ਥੋੜ੍ਹਾ ਜਿਹਾ ਦਸਾਂਗਾ ਕਿ ਕਿਥੋਂ ਤਕ ਇਹ ਪ੍ਰੋਗਰਾਮ ਅਮਲ ਵਿਚ ਲਿਆਏ ਜਾ ਸਕਦੇ ਹਨ ।

ਜਿਥੋਂ ਤਕ ਬਿਗਨਿੰਗ ਦਾ ਤੁਅੱਲਕ ਹੈ ਇਸ ਦੇ ਵਾਸਤੇ ਮੈਂ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ । ਸ਼ੁਰੂਆਤ ਇਨ੍ਹਾਂ ਦੀ ਬੜੀ ਚੰਗੀ ਹੋਈ ਹੈ । ਪਿਛਲੇ ਪੰਜਾਂ ਸਾਲਾਂ ਵਿਚ ਜਦੋਂ ਦੀ 1967 ਤੋਂ ਸਰਦਾਰ ਗੁਰਨਾਮ ਸਿੰਘ ਦੀ ਵਜ਼ਾਰਤ ਆਈ ਉਸ ਦੇ ਬਾਦ ਉਸ ਸਰਕਾਰ ਨੇ ਪੰਜਾਬ ਦੀ ਜਨਤਾ ਦੇ ਉਤੇ 29 ਕਰੋੜ ਰੁਪਏ ਦੇ ਟੈਕਸ ਲਗਾਏ ਜਦੋਂ ਕਿ ਇਸ ਸਰਕਾਰ ਨੇ ਇਸ ਬਜਟ ਵਿਚ ਕੋਈ ਟੈਕਸ ਨਹੀਂ ਲਗਾਏ ।

ਇਕ ਹੋਰ ਗਲ ਐਂਪਲਾਈਜ਼ ਦਾ ਮਸਲਾ ਸੀ, ਜਿਹੜੀ ਕਿ ਪੰਜਾਬ ਵਾਸਤੇ ਇਕ ਬੜੀ ਮੁਸੀਬਤ ਖੜੀ ਹੋਈ ਸੀ, ਉਨ੍ਹਾਂ ਨੂੰ ਰਿਲੀਫ ਦੇਣ ਵਾਸਤੇ ਜੋ ਪ੍ਰਿੰਸੀਪਲ ਐਕਸੈਪਟ ਕੀਤਾ ਹੈ ਉਸ ਦੇ ਵਾਸਤੇ ਵੀ ਇਹ ਮੁਬਾਰਕਬਾਦ ਦੇ ਹਕਦਾਰ ਹਨ ।

ਚੀਫ ਮਨਿਸਟਰ ਸਾਹਿਬ ਨੇ ਰੋਡਜ਼ ਦਾ ਜ਼ਿਕਰ ਕੀਤਾ ਹੈ । ਰੋਡਜ਼ ਬਾਰੇ ਹੁਣੇ ਹੁਣੇ ਕੁਐਸ਼ਚਨਜ਼ ਵੀ ਹਾਊਸ ਵਿਚ ਆਏ ਹਨ । ਡਿਪਟੀ ਸਪੀਕਰ ਸਾਹਿਬ, ਇਹ ਬੜੀ ਅੱਛੀ ਗਲ ਹੈ ਕਿ ਸੜਕਾਂ ਵੱਲ ਇਨ੍ਹਾਂ ਨੇ ਤਵਜੋਹ ਕੀਤੀ ਹੈ। ਪਿਛਲੇ ਪੰਜ ਸਾਲਾਂ ਵਿਚ ਇਥੇ ਕਾਂਗਰਸ ਦੀ ਵਜ਼ਾਰਤ ਨਹੀਂ ਸੀ ਲੇਕਿਨ ਸਾਡੀ ਨਾਲ ਦੀ ਸਟੇਟ ਹਰਿਆਣਾ ਵਿਚ ਕਾਂਗਰਸ ਦੀ ਵਜ਼ਾਰਤ ਸੀ ਔਰ ਉਸ ਵਜ਼ਾਰਤ ਨੇ ਪਿੰਡ ਪਿੰਡ ਤੱਕ ਸੜਕਾਂ ਪਹੁੰਚਾਈਆਂ ਬਿਜਲੀ ਪਹੁੰਚਾਈ ਔਰ ਅੱਜ ਉਸ ਚੀਫ ਮਨਿਸਟਰ ਦੀ ਲੋਕ ਸ਼ੋਭਾ ਕਰਦੇ ਨੇ। ਪਰ ਸਾਡੀ ਸਟੇਟ ਵਿਚ ਇਹ ਕੰਮ ਨਾ ਹੋ ਸਕਿਆ । ਮੈਂ ਖ਼ਾਹ ਮਖ਼ਾਹ ਕਿਸੇ ਨੂੰ ਬੁਰਾ ਨਹੀਂ ਕਹਿੰਦਾ । ਇਨ੍ਹਾਂ ਕੋਲੋਂ ਇਹ ਨਹੀਂ ਹੋ ਸਕਿਆ। ਇਹ ਆਪਸ ਵਿਚ ਹੀ ਲੜਦੇ ਰਹੇ। ਕੁਰਸੀ ਆਈ ਸੀ, ਪਰ ਪ੍ਰੋਗ-ਰਾਮ ਕੋਈ ਨਾ ਹੋਣ ਕਰਕੇ ਚਲੀ ਗਈ ।

ਡਿਪਟੀ ਸਪੀਕਰ ਸਾਹਿਬ, ਦੋ ਸਾਲਾਂ ਵਿਚ ਇਨ੍ਹਾਂ ਨੇ ਹਰ ਪਿੰਡ ਵਿਚ ਸੜਕ ਪਹੁੰਚਾਣ ਦਾ ਜ਼ਿਕਰ ਕੀਤਾ ਹੈ ਲੇਕਿਨ ਛੇ ਕਰੋੜ ਰੁਪਏ ਸੜਕਾਂ ਦੀ ਪਲੈਨ ਵਿਚ ਰਖੇ ਗਏ ਹਨ। ਕੁਝ ਹੋਰ ਮਾਰਕੀ-ਟਿੰਗ ਬੋਰਡ ਅਤੇ ਮਾਰਕੀਟ ਕਮੇਟੀਆਂ ਤੋਂ ਹਾਲੇ ਆਉਣਗੇ। ਮੇਰਾ ਆਪਣਾ ਖਿਆਲ ਹੈ ਕਿ ਛੇ ਕਰੋੜ ਨਾਲ ਇਹ ਇਕ ਸਾਲ ਵਿਚ ਅੱਧੀਆਂ ਸੜਕਾਂ ਪਿੰਡਾਂ ਵਿਚ ਨਹੀਂ ਪਹੁੰਚਾ ਸਕਣਗੇ । ਇਸ ਵਾਸਤੇ ਡਿਪਟੀ ਸਪੀਕਰ ਸਾਹਿਬ, ਇਸ ਬਜਟ ਬਾਰੇ ਇਸ ਸਰਕਾਰ ਦਾ ਕੋਈ ਕਸੂਰ ਨਹੀਂ। ਇਹ ਬੇਬੀ ਤਾਂ ਗਵਰਨਰ ਰੂਲ ਦਾ ਇਨ੍ਹਾਂ ਦੀ ਝੋਲੀ ਵਿਚ ਆਣ ਪਿਆ ਹੈ । ਇਨ੍ਹਾਂ ਕੋਲ ਟਾਈਮ ਨਹੀਂ ਸੀ ਉਸ ਬੱਚੇ ਦਾ ਨੱਕਪੂੰਝ ਸਕਦੇ। ਇਸ ਕਰਕੇ ਇਨ੍ਹਾਂ ਨੇ ਤਿੰਨ ਮਹੀਨੇ ਦਾ ਵੋਟ ਆਨ ਅਕਾਊਂਟ ਪਾਸ ਕੀਤਾ ਹੈ ਅਤੇ ਹੋਰ ਰਕਮ ਇਸੀ ਬਜਟ ਸੈਸ਼ਨ ਵਿਚ ਲੈ ਆਉਣਗੇ। ਮੈਂ ਸਮਝਦਾ ਹਾਂ ਕਿ ਉਸ ਬਜਟ ਵਿਚ ਸੜਕਾਂ ਵਾਸਤੇ ਜ਼ਰੂਰ ਹੋਰ ਰੁਪਈਆਂ ਰੱਖ ਕੇ ਆਉਣਗੇ। ਨਹੀਂ ਤਾਂ ਕੀਤਾ ਵਾਇਦਾ ਪੂਰਾ ਨਹੀਂ ਹੋ ਸਕੇਗਾ ਅਤੇ ਇਸ ਤਰ੍ਹ

ਸ਼ਰਮਿੰਦਗੀ ਉਠਾਣੀ ਪਏਗੀ। ਇਹ ਗੱਲ ਸਰਕਾਰ ਨੂੰ ਚੇਤੇ ਰਖ ਲੈਣੀ ਚਾਹੀਦੀ ਹੈ। ਮੈਂ ਕਹਿੰਦਾ ਹਾਂ ਕਿ ਜੇ ਮਸਾਲਾ ਥੋੜ੍ਹਾ ਹੈ ਤਾਂ ਮਸਲਾ ਥੋੜ੍ਹਾ ਹੀ ਰਖਣ।

ਡਿਪਟੀ ਸਪੀਕਰ ਸਾਹਿਬ, ਮੈਂ ਜਿਸ ਹਲਕੇ ਤੋਂ ਚੁਣ ਕੇ ਆਇਆ ਹਾਂ ਉਸ ਹਲਕੇ ਦਾ ਇਕ ਹਿੱਸਾ ਬਿਲਕੁਲ ਨਵਾਂ ਸੀ, ਉਹ ਪਹਿਲੀ ਵੇਰ ਮੇਰੇ ਹਲਕੇ ਵਿਚ ਸ਼ਾਮਲ ਹੋਇਆ। ਯਕੀਨ ਜਾਣੋਂ ਉਹ ਐਸਾ ਹਲਕਾ ਹੈ ਜਿਹੜਾ ਕਿ ਦਰਿਆ ਘੱਗਰ, ਟਾਂਗਰੀ ਔਰ ਨਾਰਕੰਡਾ ਦੀ ਮਾਰ ਥੱਲੇ ਹੈ। ਫਿਰ ਉਸ ਇਲਾਕੇ ਵਿਚ ਕੋਈ ਵੀ ਹਸਪਤਾਲ ਨਹੀਂ ਹੈ। ਜੇਕਰ ਕਿਸੇ ਔਰਤ ਨੂੰ ਡਲਿਵਰੀ ਹੋਣੀ ਹੋਵੇ ਤਾਂ ਬੜੀ ਮੁਸ਼ਕਲ ਹੁੰਦੀ ਹੈ। ਫਿਰ ਜੇਕਰ ਦਾਣੇਂ ਲੈਕੇ ਜਾਣੇਂ ਹੁੰਦੇ ਹਨ ਤਾਂ ਵੀ ਬੜੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਂਕਿ ਪਟਿਆਲੇ ਦੀ ਤਰਫ਼ ਤੋਂ ਵੈਸੇ ਨਹੀਂ ਲਿਜਾ ਸਕਦੇ ਅਤੇ ਹਰਿਆਣੇ ਵਾਲੇ ਪਾਸੇ ਦੀ ਅਗਰ ਅਨਾਜ ਮੰਡੀ ਵਿਚ ਲੈ ਕੇ ਜਾਣਾ ਹੁੰਦਾ ਹੈ ਤਾਂ ਉਸ ਸਰਕਾਰ ਦੀਆਂ ਰਸਤੇ ਵਿਚ ਚੌਕੀਆਂ ਹਨ ਅਤੇ ਬਾਰਡਰ ਪੁਲੀਸ ਉਨ੍ਹਾਂ ਨੂੰ ਗ੍ਰਿਫਤਾਰ ਕਰ ਲੈਂਦੀ ਹੈ। ਤਿੰਨ ਤਿੰਨ ਸਾਲ ਦੀਆਂ ਸੜਕਾਂ ਨਹੀਂ ਬਣੀਆਂ ਮੈਂ ਤਾਂ ਹੈਰਾਨ ਹਾਂ ਕਿ 20 ਸਾਲ ਦੀ ਆਜ਼ਾਦੀ ਤੋਂ ਬਾਅਦ ਵੀ ਇਸ ਇਲਾਕੇ ਦੀ ਇਸ ਤਰ੍ਹਾਂ ਦੀ ਭੈੜੀ ਹਾਲਤ ਹੈ ਜਿਸ ਨੂੰ ਜੇਕਰ ਇਸ ਵਜ਼ਾਰਤ ਦਾ ਕੋਈ ਵੀ ਵਜ਼ੀਰ ਜਾਕੇ ਵੇਖ ਤਾਂ ਉਹ ਦੁਖੀ ਹੋਵੇਗਾ।

ਮੈਂ ਇਹ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਸ ਇਲਾਕੇ ਅਤੇ ਹੋਰ ਵੀ ਜਿਥੇ ਕਿਤੇ ਇਟਾਂ ਦੀ ਕਿੱਲਤ ਹੈ ਜੇਕਰ ਉਥੋਂ ਦੇ ਲੋਕ ਭੱਠਾ ਨਹੀਂ ਲਗਾ ਸਕਦੇ ਤਾਂ ਉਥੇ ਸਰਕਾਰ ਆਪ ਆਪਣੇ ਭੱਠੇ ਲਗਾ ਕੇ ਉਨ੍ਹਾਂ ਸੜਕਾਂ ਨੂੰ ਤਿਆਰ ਕਰਵਾਏ ਕਿਉਂਕਿ ਦੂਰ ਤੋਂ ਇੱਟਾਂ ਮੰਗਵਾਉਣੀਆਂ ਅਨਇਕਨਾਮਿਕਲ ਹੋਵੇਗਾ। ਪਿਛਲੇ ਸਾਲ ਕਰੋੜਾਂ ਰੁਪਿਆ ਸੜਕਾਂ ਵਾਸਤੇ ਇਕਠਾ ਕੀਤਾ ਗਿਆ ਸੀ ਜਿਹੜਾ ਕਿ ਅਕਾਲੀ ਸਰਕਾਰ ਨੇ ਡਕਾਲੇ ਦੀ ਸੀਟ ਦੀ ਬਾਈ ਇਲੈਕਸ਼ਨ ਦੇ ਦੌਰਾਨ ਖਰਚ ਕਰ ਦਿਤਾ। ਡਕਾਲੇ ਦੇ ਹਲਕੇ ਵਿਚ ਤਾਂ ਖੇਤਾਂ ਤਕ ਵੀ ਸੜਕਾਂ ਬਣਾਈਆਂ ਗਈਆਂ। ਸਿਰਫ਼ ਇਤਨਾ ਹੀ ਨਹੀਂ ਉਥੇ ਧਰਮਸ਼ਾਲਾਂ ਵੀ ਬਣਾਈਆਂ ਗਈਆਂ। ਮੈਂ, ਡਿਪਟੀ ਸਪੀਕਰ ਸਾਹਿਬ, ਬੜਾ ਖੁਸ਼ ਹਾਂ ਕਿ ਉਸ ਇਲਾਕੇ ਦੀ ਡੀਵੈਲਪਮੈਂਟ ਹੋਈ ਹੈ। ਲੇਕਿਨ ਮੇਰੀ ਬਨਤੀ ਹੈ ਕਿ ਉਸ ਇਲਾਕੇ ਦੀ ਡੀਵੈਲਪਮੈਂਟ ਕੇਵਲ ਸੀਟ ਜਿੱਤਣ ਕਾਰਣ ਹੋਈ ਅਤੇ ਦੂਜਿਆਂ ਇਲਾਕਿਆਂ ਵਾਸਤੇ ਜਿਹੜਾ ਪੈਸਾ ਰਖਿਆ ਹੋਇਆ ਸੀ ਉਹ ਉਥੇ ਖਰਚ ਹੋਇਆ। ਇਥੇ ਹੀ ਬਸ ਨਹੀਂ ਡਿਪਟੀ ਸਪੀਕਰ ਸਾਹਿਬ ਹੋਰਨਾਂ ਇਲਾਕਿਆਂ ਵਿਚੋਂ ਇੱਟਾਂ ਚੁਕਕੇ ਉਥੇ ਦੀਆਂ ਸੜਕਾਂ ਉਤੇ ਲਾਈਆਂ ਗਈਆਂ ਅਤੇ ਇਸ ਤਰ੍ਹਾਂ ਇਨ੍ਹਾਂ ਨੇ ਉਥੇ ਇਲੈਕਸ਼ਨ ਜਿੱਤੀ ਔਰ ਬਾਕੀ ਲੋਕਾਂ ਨਾਲ ਬੇਇਨਸਾਫ਼ੀ ਕੀਤੀ ਜਿਸ ਦਾ ਜਵਾਬ ਲੋਕਾਂ ਨੇ ਇਨ੍ਹਾਂ ਨੂੰ ਹੁਣ ਦਿਤਾ। (ਵਿਘਨ)

ਸਪੀਕਰ ਸਾਹਿਬ, ਜਿਸ ਤਰ੍ਹਾਂ ਮੈਂ ਪਹਿਲਾਂ ਅਰਜ਼ ਕੀਤੀ ਹੈ ਇੰਪਲਾਈਜ਼ ਦੇ ਰੀਲੀਫ ਦਾ ਸਵਾਲ ਸੀ। ਜਿਹੜੇ ਛੋਟੇ ਇਮਪਲਾਈਜ਼ ਹਨ ਉਨ੍ਹਾਂ ਦੀ ਬੜੀ ਬੁਰੀ ਹਾਲਤ ਹੈ ਔਰ ਮੈਂ ਸਮਝਦਾ ਹਾਂ ਕਿ ਖਾਸ ਤੌਰ ਤੇ ਟੀਚਰਜ਼ ਔਰ ਹੋਰ ਛੋਟੇ ਕਰਮਚਾਰੀਆਂ ਵਲ ਤਵੱਜੋਂ ਦੇਣ ਦੀ ਲੋੜ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਸਮੁੱਚੇ ਸਰਵਿਸਿਜ਼ ਦਾ ਵੀ ਜ਼ਿਕਰ ਕਰਨਾ ਚਾਹੁੰਦਾ ਹਾਂ। ਮੈਨੂੰ ਪੰਜਾਬ ਦੀ ਸਰਵਿਸਿਜ਼ ਨਾਲ ਕੋਈ ਗਿੱਲਾ ਨਹੀਂ ਹੈ ਔਰ ਮੈਂ ਸਮਝਦਾ ਹਾਂ ਕਿ ਐਜ਼ ਏ ਹੋਲ ਪੰਜਾਬ ਦੀਆਂ ਸਰਵਿਸਿਜ ਚੰਗੀਆਂ ਹਨ। ਸੈਕਰੇਟੇਰੀਏਟ ਤੇ ਵੀ ਔਰ ਡਿਸਟਰਿਕਟ ਲੈਵਲ ਤੇ ਵੀ ਇਹ ਸਰਵਿਸਿਜ ਸ਼ਲਾਘਾ ਯੋਗ ਕੰਮ ਕਰ ਰਹੀਆਂ ਹਨ ਪਰ ਡਿਪਟੀ ਸਪੀਕਰ ਸਾਹਿਬ, ਇਹ ਬਹੁਤ ਹੀ ਟਾਪ ਹੈਵੀ ਐਡਮਿਨਿਸਟਰੇਸ਼ਨ ਹੈ। ਤੁਸੀਂ ਵਖ ਲਓ ਇਸ ਵਕਤ ਗਿਆਰਾਂ ਕਮਿਸ਼ਨਰ ਹਨ ਜਦੋਂ ਕਿ ਇਤਨੇ ਨਹੀਂ ਚਾਹੀਦੇ। ਫਿਰ ਪੰਜਾਬ ਦਾ ਇਕ ਚੀਫ਼ ਸੈਕ-ਰੇਟਰੀ ਹੈ ਉਸ ਦੇ ਨੀਚੇ ਕਈ ਸੈਕਟਰੀ ਹਨ। ਹਰ ਇਕ ਸੈਕਟਰੀ ਪਿਛੇ ਇਕ ਜਾਇੰਟ ਸੈਕਟਰੀ, ਇਕ

[ਸਰਦਾਰ ਪ੍ਰੇਮ ਸਿੰਘ ਪ੍ਰੇਮ]

ਡਿਪਟੀ ਸੈਕਟਰੀ, ਇਕ ਅੰਡਰ ਸੈਕਟਰੀ ਅਤੇ ਇਕ ਅਸਿਸਟੈਂਟ ਸੈਕਟਰੀ ਹਨ । ਇਤਨੀਆਂ ਅਸਾਮੀਆਂ ਦੀ ਲੋੜ ਨਹੀਂ ਔਰ ਮੈਂ ਸਮਝਦਾ ਹਾਂ ਕਿ ਇਹ ਰੈਡਟੈਪਿਜ਼ਮ ਨੂੰ ਬੜਾਵਾ ਦੇਣ ਵਾਲੀ ਗੱਲ ਹੈ ।

ਸਰਕਾਰ ਨੇ ਕਿਹਾ ਹੈ ਕਿ ਹੋਰ ਕੋਈ ਟੈਕਸ ਨਹੀਂ ਲਗਾਇਆ ਜਾਵੇਗਾ । ਇਹ ਚੰਗਾ ਕੰਮ ਕੀਤਾ ਹੈ । ਪਰ ਮੈਨੂੰ ਸ਼ੰਕਾ ਹੈ ਕਿ ਜਿਹੜੇ ਤੁਸੀਂ ਵਾਇਦੇ ਕੀਤੇ ਹਨ ਉਨ੍ਹਾਂ ਨੂੰ ਪੂਰਾ ਨਹੀਂ ਕਰ ਸਕੋਗੇ ।

"ਵਾਇਦਾ ਤੋ ਅਸਾਂ ਹੈ ਮਗਰ ਵਾਇਦਾ ਕੀ ਵਫਾ ਮੁਸ਼ਕਿਲ ਹੈ,
ਜਿਨਕਾ ਰੁਤਬਾ ਹੈ ਸਿਵਾ ਉਨ ਕੇ ਸਵਾ ਮੁਸ਼ਕਿਲ ਹੈ।"

ਇਸ ਲਈ ਡਿਪਟੀ ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਹੈ ਕਿ ਜੇਕਰ ਸਰਕਾਰ ਨੇ ਦਿਤੇ ਹੋਏ ਵਾਇਦੇ ਪੂਰੇ ਕਰਨੇ ਹਨ ਤਾਂ ਐਡਮਿਨਿਸਟਰੇਸ਼ਨ ਵਿਚ ਇਕ ਨੌਮੀ ਲਿਆਵੇ ਅਤੇ ਇਸ ਤਰ੍ਹਾਂ ਹੋ ਸਕਦਾ ਹੈ ਕਿ ਇਕ ਸੈਕਟਰੀ ਥੱਲੇ ਇਕ ਜਾਇੰਟ ਸੈਕਟਰੀ ਜਾਂ ਇਕ ਡਿਪਟੀ ਸੈਕਟਰੀ ਜਾਂ ਇਕ ਅੰਡਰ ਸੈਕਟਰੀ ਹੋਵੇ ਲੇਕਿਨ ਇਤਨੀ ਹੈਵੀ ਐਡਮਿਨਿਸਟਰੇਸ਼ਨ ਹੋਣ ਤੇ ਇਕਾਨੌਮੀ ਨਹੀਂ ਹੋ ਸਕਦੀ ।

ਡਿਪਟੀ ਸਪੀਕਰ ਸਾਹਿਬ, ਇਕ ਹੋਰ ਗਿਲਾ ਹੈ ਸਰਵਿਸਿਜ਼ ਬਾਰੇ । ਜਿਥੇ ਮੈਂ ਆਪਣੀ ਸਰਵਿਸਿਜ਼ ਦੀ ਤਾਰੀਫ ਕਰਦਾ ਹਾਂ ਔਰ ਮੈਂ ਸਮਝਦਾ ਹਾਂ ਕਿ ਬਿਲਕੁਲ ਠੀਕ ਹੈ ਕਿਉਂਕਿ ਉਹ ਬੋਲਣ ਵਿਚ ਮਿੱਠੇ ਹਨ, ਸੁਲਝੇ ਹੋਏ ਹਨ ਲੇਕਿਨ ਉਨ੍ਹਾਂ ਦੇ ਮਨ ਵਿਚ ਇਕ ਐਮ.ਐਲ.ਏਜ਼, ਦੇ ਖਿਲਾਫ਼ ਔਰ ਪਾਲੀਟੀਸ਼ਨਜ਼ ਦੇ ਖਿਲਾਫ਼ ਪਰੈਜੁਡਿਸ ਹੈ । ਉਹ ਕਹਿੰਦੇ ਹਨ ਕਿ ਸਾਡੀ ਹਕੂਮਤ ਹੈ ਅਤੇ ਐਮ. ਐਲ.ਏਜ਼. ਜਾਂ ਪਾਲੀਟੀਸ਼ਨਜ਼ ਸਾਨੂੰ ਆਕੇ ਤੰਗ ਕਰਦੇ ਹਨ । ਮੈਂ ਬੇਨਤੀ ਕਰਦਾ ਹਾਂ ਕਿ ਉਹ ਭੁਲੇ ਹੋਏ ਹਨ । ਡੈਮੋਕਰੇਸੀ ਵਿਚ ਪਾਲੀਟੀਸ਼ਨਜ਼ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਪੇਸ਼ ਆਉਂਦੀਆਂ ਹਨ ਜਿਥੇ ਕਿ ਉਨ੍ਹਾਂ ਨੂੰ ਲੋਕਾਂ ਦੇ ਹਰ ਇਕ ਤਰ੍ਹਾਂ ਦੇ ਕੰਮ ਕਰਨੇ ਪੈਂਦੇ ਹਨ । ਇਸ ਲਈ ਮੇਰੀ ਬੇਨਤੀ ਹੈ ਕਿ ਉਨ੍ਹਾਂ ਨੂੰ ਲੈਜਿਸਲੇਟਰਜ਼ ਦੀ ਪੂਰੀ ਇਜ਼ਤ ਕਰਨੀ ਚਾਹੀਦੀ ਹੈ । ਪਾਰਲੀਮੈਂਟ ਵਿਚ ਜੇਕਰ ਜਾਈਏ ਤਾਂ ਜਿਸ ਅਫਸਰ ਨੂੰ ਅਸੀਂ ਮਿਲਦੇ ਹਾਂ ਉਹ ਅਫ਼ਸਰ ਸਾਨੂੰ ਦਰਵਾਜ਼ੇ ਤਕ ਛੱਡਣ ਆਉਂਦਾ ਹੈ । ਹੋ ਸਕਦਾ ਹੈ ਕਿ ਇਹ ਸਰਕਾਰ ਵੀ ਇਸ ਤਰ੍ਹਾਂ ਦੇ ਆਰਡਰ ਕਰੇ ਜਾਂ ਨਾ ਕਰੇ ਲੇਕਿਨ ਮੈਂ ਕਹਿੰਦਾ ਹਾਂ ਕਿ Legislators are real rulers of the State ਅਤੇ ਇਨ੍ਹਾਂ ਦੀ ਪਰਾਪਰ ਇਜ਼ਤ ਹੋਣੀ ਚਾਹੀਦੀ ਹੈ । ਡਿਪਟੀ ਸਪੀਕਰ ਸਾਹਿਬ, ਮੈਨੂੰ ਇਕ ਗਲ ਯਾਦ ਆ ਗਈ । ਜਦੋਂ ਮੈਂ ਆਪਣੇ ਹਲਕੇ ਵਿਚ ਗਿਆ ਤਾਂ ਮੈਨੂੰ ਇਕ ਸੱਜਣ ਮਿਲਿਆ । ਉਸ ਨੇ ਕਿਹਾ ਕਿ ਮੇਰਾ ਫਲਾਣਾ ਕੰਮ ਹੈ ਅਤੇ ਤੁਸੀਂ ਮੈਜਿਸਟ੍ਰੇਟ ਨੂੰ ਮੇਰੀ ਸਿਫਾਰਸ਼ ਕਰ ਦਿਓ ਕਿਉਂਕਿ ਉਹ ਮੇਰਾ ਕੰਮ ਨਹੀਂ ਕਰ ਰਿਹਾ । ਮੈਂ ਕਿਹਾ ਕਿ ਉਹ ਤਾਂ ਸੁਣਿਆ ਹੈ ਕਿ ਕਿਸੇ ਦੀ ਸਿਫਾਰਸ਼ ਨਹੀਂ ਮੰਨਦਾ ਅਤੇ ਕੇਸ ਦੇ ਮੈਰਿਟ ਅਨੁਸਾਰ ਫੈਸਲਾ ਦਿੰਦਾ ਹੈ । ਤਾਂ ਉਸ ਨੇ ਕਿਹਾ ਕਿ ਇਹ ਤਾਂ ਠੀਕ ਹੈ ਪਰ ਪੈਸੇ ਵੀ ਨਹੀਂ ਲੈਂਦਾ ਨਹੀਂ ਤਾਂ ਮੈਂ ਪੈਸੇ ਦੇ ਕੇ ਆਪਣਾ ਕੰਮ ਕਰਵਾ ਲੈਣਾ ਸੀ ਤਾਂ ਮੈਂ ਉਸ ਨੂੰ ਪੁਛਿਆ ਕਿ ਮੈਨੂੰ ਤੂੰ ਹੀ ਰਸਤਾ ਦਸ ਕਿ ਤੇਰਾ ਕੰਮ ਕਿਸ ਤਰ੍ਹਾਂ ਹੋ ਸਕਦਾ ਹੈ ਕਿਉਂਕਿ ਇਹ ਠੀਕ ਹੈ ਕਿ ਮੇਰੀ ਤਾਂ ਉਹ ਸਿਫਾਰਸ਼ ਨਹੀਂ ਮੰਨਦਾ ਅਤੇ ਇਹ ਵੀ ਠੀਕ ਹੈ ਕਿ ਤੇਰੇ ਪਾਸੋਂ ਪੈਸੇ ਨਹੀਂ ਲੈਂਦਾ । ਤਾਂ ਉਹ ਸੱਜਣ ਥੋੜਾ ਚਿਰ ਚੁੱਪ ਰਹਿਣ ਪਿਛੋਂ ਇਕ ਦਮ ਕਹਿਣ ਲਗਾ ਕਿ ਮੋਤੀਆਂ ਵਾਲਿਓ ਤੁਸੀਂ ਇਕ ਕੰਮ ਤਾਂ ਕਰਵਾ ਸਕਦੇ ਹੋ । ਤੁਸੀਂ ਉਸ ਅਫ਼ਸਰ ਦੀ ਬਦਲੀ ਕਰਵਾ ਦਿਓ ਅਤੇ ਨਵੇਂ ਅਫਸਰ ਪਾਸੋਂ ਮੈਂ ਆਪ ਹੀ ਕੰਮ ਕਰਵਾ ਲਵਾਂਗਾ (ਹਾਸਾ)। ਸੋ ਮੇਰਾ ਕਹਿਣ ਦਾ ਭਾਵ ਇਹ ਹੈ ਕਿ ਪਾਲਟੀਸ਼ਨਜ਼ ਨੂੰ ਕਈ ਤਰ੍ਹਾਂ ਦੇ ਲੋਕ ਮਿਲਦੇ ਹਨ ਪਰ ਇਸ ਦੇ ਬਾਵਜੂਦ ਵੀ ਅਸੀਂ ਕੋਈ ਕੰਮ ਨਜ਼ਾਇਜ ਕਰਾਉਣ ਵਾਸਤੇ ਨਹੀਂ ਆਖਦੇ । ਮੈਨੂੰ ਪਤਾ ਹੈ ਕਿ ਅਫਸਰਾਂ ਦੀ ਹਾਲਤ ਬੜੀ ਚੰਗੀ ਹੈ । ਬੜੇ ਸੁਖੀ ਹਨ । ਸਰਕਾਰ ਨੇ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਸਹੂਲਤਾਂ ਵੀ ਦਿਤੀਆਂ ਹੋਈਆਂ ਹਨ । ਉਨ੍ਹਾਂ ਦੇ ਕਮਰੇ ਏਅਰ

ਕੰਨਡੀਸ਼ਨਡ ਹਨ। ਮੈਂ ਖੁਸ਼ ਹਾਂ ਕਿਉਂਕਿ ਤੁਸੀਂ ਸਰਕਾਰ ਦੇ ਪੁਰਜ਼ੇ ਹੋ ਪਰ ਇਹ ਜਿਹੜੇ ਪੁਰਜ਼ੇ ਹਨ ਇਨ੍ਹਾਂ ਵਲ ਵੀ ਧਿਆਨ ਦਿਓ ।(ਹਾਸਾ)

ਸਰਦਾਰ ਸਤਨਾਮ ਸਿੰਘ ਬਾਜਵਾ (ਕਾਦੀਆਂ): ਸਾਡੇ ਪੁਰਜ਼ਿਆਂ ਨਾਲ ਕੋਈ ਦੁੱਖ ਹੈ।

ਸਰਦਾਰ ਸੰਤੋਖ ਸਿੰਘ (ਫਤਿਹਗੜ੍ਹ): ਤੁਹਾਡੇ ਪੁਰਜ਼ੇ ਤਾਂ ਹਿੱਲ ਹੀ ਗਏ ਹਨ । (ਹਾਸਾ)

ਸਰਦਾਰ ਪ੍ਰੇਮ ਸਿੰਘ ਪ੍ਰੇਮ: ਡਿਪਟੀ ਸਪੀਕਰ ਸਾਹਿਬ, 1969 ਦਾ ਵਾਕਿਆ ਹੋਇਆ ਤਾਂ ਸਾਰੇ ਸੂਬ ਨੇ ਸਾਡੇ ਦੇਸ਼ ਦੀ ਪ੍ਰਧਾਨ ਮੰਤਰੀ ਦਾ ਸਾਥ ਦਿਤਾ । ਫਿਰ ਦੂਸਰਾ ਵਾਕਿਆ ਬੰਗਲਾ ਦੇਸ਼ ਦਾ ਹੋਇਆ ਬੰਗਲਾ ਦੇਸ ਦਾ ਵਾਕਿਆ ਇਕ ਬੜਾ ਹੀ ਸਬਕ ਆਮੋਜ਼ ਵਾਕਿਆ ਹੈ। ਸਾਡੇ ਦੇਸ਼ ਦੀ ਪ੍ਰਧਾਨ ਮੰਤਰੀ ਔਰ ਹਿੰਦੋਸਤਾਨ ਦੀ ਸਰਕਾਰ ਲੜਾਈ ਨਹੀਂ ਸੀ ਕਰਨਾ ਚਾਹੁੰਦੀ। ਇਥੇ ਮੈਂ ਇਸ ਬਾਰੇ ਕੁਝ ਜ਼ਿਕਰ ਕਰਨਾ ਜ਼ਰੂਰੀ ਸਮਝਦਾ ਹਾਂ। ਸਾਡੀ ਸਰਕਾਰ ਨੇ ਆਪਣੇ ਪ੍ਰਤੀਨਿਧ ਬਾਹਰਲੇ ਮੁਲਕਾਂ ਵਿਚ ਭੇਜੇ ਔਰ ਪ੍ਰਧਾਨ ਮੰਤਰੀ ਜੀ ਵੀ ਵਿਦੇਸ਼ਾਂ ਵਿਚ ਗਏ ਉਨ੍ਹਾਂ ਨੇ ਵਿਦੇਸ਼ਾਂ ਨੂੰ ਦਸਿਆ ਕਿ ਅਸੀਂ ਲੜਾਈ ਨਹੀਂ ਕਰਨਾ ਚਾਹੁੰਦੇ। ਅਸੀਂ ਲੱਖਾਂ ਆਦਮੀਆਂ ਦਾ ਖ਼ਰਚ ਜਿਹੜੇ ਕਿ ਬੰਗਲਾ ਦੇਸ਼ ਵਿਚੋਂ ਭਜਕੇ ਆਏ ਹਨ ਉਹ ਵੀ ਬਰਦਾਸ਼ਤ ਕਰ ਰਹੇ ਹਾਂ ਪਰ ਜੋ ਕੁਝ ਬੰਗਲਾ ਦੇਸ਼ ਵਿਚ ਹੋ ਰਿਹਾ ਹੈ ਉਸ ਨੂੰ ਜਮਹੂਰੀ ਦੇਸ਼ ਭਾਰਤ ਵਾਸਤੇ ਸਹਿਣ ਕਰਨਾ ਅਸੰਭਵ ਹੋ ਰਿਹਾ ਹੈ। ਇਸ ਲਈ ਜੇਕਰ ਉਸ ਨੂੰ ਰੋਕਣ ਦਾ ਯਤਨ ਨਾ ਕੀਤਾ ਗਿਆ ਤਾਂ ਭਾਰਤ ਨੂੰ ਮਜ਼ਬੂਰਨ ਲੜਾਈ ਕਰਨੀ ਪਵੇਗੀ। ਠੀਕ ਇਸ ਤਰ੍ਹਾਂ ਹੀ ਮਜ਼ਬੂਰੀ ਦੀ ਹਾਲਤ ਵਿਚ ਭਾਰਤ ਨੇ ਲੜਾਈ ਲੜੀ ਅਤੇ ਇਕ ਭਾਰੀ ਇਤਿਹਾਸਕ ਜਿੱਤ ਪ੍ਰਾਪਤ ਕੀਤੀ। ਪਿਛੇ ਜਿਹੇ ਮੈਂ ਦਿਲੀ ਵਿਚ ਬੰਗਲਾ-ਦੇਸ਼ ਦੇ ਇਕ ਸੈਕਟਰੀ ਨੂੰ ਮਿਲਿਆ। ਉਸ ਨੇ ਕਿਹਾ ਕਿ ਕਿਤਨੇ ਕਿਤਨੇ ਜ਼ੁਲਮ ਸਾਡੇ ਤੇ ਹੋਏ ਹਨ ਭਾਰੀ ਗਿਣਤੀ ਵਿਚ ਸਾਨੂੰ ਬੰਕਰਾਂ ਵਿਚੋਂ ਲਾਸ਼ਾਂ ਮਿਲੀਆਂ ਹਨ। ਲੇਕਿਨ ਇਕ ਗਲ ਮੈਂ ਤੁਹਾਨੂੰ ਦੱਸਣ ਲਗਾ ਹਾਂ ਔਰ ਉਹ ਨਿਹਾਇਤ ਹੀ ਅਫ਼ਸੋਸਨਾਕ ਹੈ ਔਰ ਉਹ ਇਹ ਹੈ ਕਿ ਬੰਗਲਾਦੇਸ਼ ਵਿਚ 75 ਹਜ਼ਾਰ ਔਰਤਾਂ ਹਨ ਜਿਹੜੀਆਂ ਕਿ ਪਾਕਿਸਤਾਨੀ ਫੌਜੀਆਂ ਦੇ ਹੱਥੋਂ ਪ੍ਰੈਗਨੈਂਟ ਹੋਈਆਂ ਹਨ। ਔਰ ਉਨ੍ਹਾਂ ਵਿਚੋਂ 22 ਹਜ਼ਾਰ ਲੜਕੀਆਂ ਕੰਵਾਰੀਆਂ ਹਨ । ਸੈਕਟਰੀ ਨੇ ਕਿਹਾ ਹੈ ਕਿ ਦਸੋ ਸਰਦਾਰ

4.P.M.

ਸਾਹਿਬ ਉਨ੍ਹਾਂ ਨੂੰ ਬੰਗਲਾ ਦੇਸ਼ ਕਿਧਰ ਲੈ ਜਾਵੇ । ਡਿਪਟੀ ਸਪੀਕਰ ਸਾਹਿਬ, ਬੰਗਲਾ ਦੇਸ਼ ਵਿਚ ਇਸ ਵੇਲੇ 75,000 ਔਰਤਾਂ ਪਰੈਗਨੈਂਟ ਹਨ, ਉਨ੍ਹਾਂ ਨੂੰ ਹਮਲ ਹੈ। 22000 ਲੜਕੀਆਂ ਇਨ੍ਹਾਂ ਵਿਚੋਂ ਕੰਵਾਰੀਆਂ ਹਨ। ਬੰਗਲਾ ਦੇਸ਼ ਉਨ੍ਹਾਂ ਨੂੰ ਕਿੱਧਰ ਲੈ ਜਾਵੇ। ਇਸ ਮੁਸੀਬਤ ਨੂੰ ਕਿਸ ਤਰ੍ਹਾਂ ਹਲ ਕਰੇ। ਇਸ ਦੇ ਖਿਲਾਫ਼ ਇੰਦਰਾ ਗਾਂਧੀ ਨੇ ਆਵਾਜ਼ ਉਠਾਈ ਔਰ ਹਿੰਦੁਸਤਾਨ ਦੀ ਇਸ ਮਹਾਨ ਦੇਵੀ ਨੇ ਲੋਕਾਂ ਨੂੰ ਔਰ ਸਾਰੀ ਦੁਨੀਆਂ ਨੂੰ ਦਿਖਾ ਦਿੱਤਾ। ਤਿੰਨ ਗਲਾਂ ਉਸ ਨੇ ਕਹੀਆਂ ਸਨ ਕਿ ਮੈਂ ਬੰਗਲਾ ਦੇਸ਼ ਨੂੰ ਆਜ਼ਾਦ ਕਰਾਵਾਂਗੀ । ਰਿਫ-ਉਜੀਆਂ ਨੂੰ ਵਾਪਸ ਭੇਜਾਂਗੀ ਔਰ ਮੁਜੀਬਰ ਰਹਿਮਾਨ ਨੂੰ ਰਿਹਾ ਕਰਾਵਾਂਗੀ ; ਤਿੰਨੇ ਗਲਾਂ ਉਸ ਸ਼ੇਰ ਦੀ ਬੱਚੀ ਨੇ ਪੂਰੀਆਂ ਕਰ ਦਿਖਾਈਆਂ ਹਨ। ਡਿਪਟੀ ਸਪੀਕਰ ਸਾਹਿਬ ਅੱਜ ਜਿਸ ਥਿਓਰੀ ਤੇ ਪਾਕਿਸਤਾਨ ਬਣਿਆ ਸੀ, ਦੋ ਨੈਸ਼ਨ ਥਿਊਰੀ, ਅੱਜ ਉਹ ਝੂਠੀ ਸਾਬਤ ਹੋ ਗਈ ਹੈ । ਅਜ ਮੁਸਲਮਾਨ ਨੇ ਮੁਸਲਮਾਨ ਤੇ ਜ਼ੁਲਮ ਕੀਤਾ ਅਤੇ ਮੁਸਲਮਾਨ ਨੇ ਮੁਸਲਮਾਨ ਲੜਕੀਆਂ ਦੀ ਬੇਇਜ਼ਤੀ ਕੀਤੀ ਔਰ ਉਨ੍ਹਾਂ ਦੀ ਪੱਤ ਖੋਈ ਹੈ। ਇਤਨਾ ਬੜਾ ਜ਼ੁਲਮ, ਇਤਨੀ ਬੜੀ ਅੰਧੇਰਗਰਦੀ ਕਦੇ ਦੁਨੀਆਂ ਵਿਚ ਦਿਖਾਈ ਨਹੀਂ ਦਿਤੀ ਅੱਜ ਹਿੰਦੁਸਤਾਨ ਵਾਲੇ ਇਸ ਤੋਂ ਸਬਕ ਲੈਣ। ਜੰਨਸੰਘ ਤੇ ਅਕਾਲੀ ਵੀਰ ਵੀ ਇਸ ਤੋਂ ਸਬਕ ਲੈਣ । ਅਕਾਲੀ ਵੀਰ ਪੰਥ ਦੇ ਨਾਂ ਤੇ ਲੜਾਈ ਕਰਦੇ ਹਨ। ਪੰਥ ਵਿਚ ਸਾਰੇ ਸਿੱਖ ਸ਼ਾਮਲ ਹਨ । ਲੇਕਿਨ ਇਹ ਪੰਥ ਦਾ ਨਾਂ ਅਲੈਕਸ਼ਨ ਵਿਚ ਵਰਤਦੇ ਰਹੇ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਇਸ ਅਲੈਕਸ਼ਨ ਵਿਚ ਦੇਖਿਆ ਹੈ ਕਿ ਨਿਸ਼ਾਨ ਸਾਹਿਬ ਜੋ ਗੁਰਦੁਆਰੇ ਤੇ ਝੂਲਦਾ ਹੈ ਅਤੇ ਉਸਦਾ ਹੱਕ ਵੀ ਉੱਥੇ ਹੈ । ਮੈਂ

[ਸਰਦਾਰ ਪ੍ਰੇਮ ਸਿੰਘ ਪ੍ਰੇਮ]

ਜਦੋਂ ਨਿਸ਼ਾਨ ਸਾਹਿਬ ਵੇਖਦਾ ਹਾਂ, ਇਕ ਸਿੱਖ ਹੋਣ ਦੀ ਹੈਸੀਅਤ ਵਿਚ ਮੇਰਾ ਸਿਰ ਝੁਕ ਜਾਂਦਾ ਹਾਂ। ਮੇਰੀ ਜ਼ਬਾਨ ਸੜ ਜਾਏ ਜੇ ਮੈਂ ਕੋਈ ਅਲਫਾਜ਼ ਇਸ ਦੀ ਸ਼ਾਨ ਦੇ ਵਿਰੁਧ ਲਵਾਂ । ਲੇਕਿਨ ਮੈਨੂੰ ਅਫਸੋਸ ਹੈ ਕਿ ਇਨ੍ਹਾਂ ਨੇ ਵੱਡੇ ਵੱਡੇ ਡੰਡਿਆਂ ਉਤੇ ਨਿਸ਼ਾਨ ਸਾਹਿਬ ਲਾਏ ਅਤੇ ਜਿਸ ਵੇਲੇ ਜਲੂਸ ਵਿਚ ਪਹੁੰਚਦੇ ਤਾਂ ਕਹਿੰਦੇ ਹਨ ਕਿ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ । ਉਸ ਨਿਸ਼ਾਨ ਸਾਹਿਬ ਨੂੰ ਵੋਟਾਂ ਵਾਸਤੇ ਇਸਤੇਮਾਲ ਕਰਦੇ ਸਨ । ਡਿਪਟੀ ਸਪੀਕਰ ਸਾਹਿਬ, ਇੱਕ ਅਰਦਾਸ ਸਿੱਖ ਸਵੇਰੇ ਕਰਦਾ ਹੈ, ਹਰ ਗੁਰਦੁਆਰੇ ਵਿਚ ਹੁੰਦੀ ਹੈ। ਉਸ ਵਿਚ ਲਿਖਿਆ ਹੁੰਦਾ ਹੈ ਜਿਥੇ ਹਰ ਸਿੱਖ ਕਹਿੰਦਾ ਹੈ ਕਿ ਪੰਥ ਦੀ ਜੀਤ ਅਤੇ ਇਹ ਹੈ ਵੀ ਠੀਕ । ਮਹਾਰਾਜ ਗੁਰੂ ਗੋਬਿੰਦ ਸਿੰਘ ਜੀ ਦੀ ਜਿਤ ਹਮੇਸ਼ਾ ਹੁੰਦੀ ਹੈ ਲੇਕਿਨ ਜਦੋਂ ਇਹ ਹਾਰ ਗਏ ਤਾਂ ਅਸੀਂ ਕਹੀਏ ਕਿ ਪੰਥ ਹਾਰ ਗਿਆ। ਇਹ ਗਲ ਬਿਲਕੁਲ ਗਲਤ ਹੈ । ਜਿਵੇਂ ਗਾਲਿਬ ਨੇ ਕਿਹਾ ਹੈ :

"ਰਖੀਓ ਗਾਲਬ ਮੁਝੇ ਇਸ ਤਲਖ ਨਿਵਾਈ ਸੇ ਮੁਆਫ
ਆਜ ਮੇਰੇ ਦਿਲ ਮੇਂ ਕੁਛ ਦਰਦ ਸਿਵਾ ਹੋਤਾ ਹੈ ।"

ਮੈਨੂੰ ਰੰਜ ਇਸ ਗਲ ਦਾ ਹੈ ਕਿ (ਸ਼ੋਰ) (ਵਿਘਨ)

(ਇਸ ਵੇਲੇ ਸਰਦਾਰ ਗੁਰਬਚਨ ਸਿੰਘ ਨੇ ਖੜੇ ਹੋ ਕੇ ਕੁਝ ਕਿਹਾ ਜੋ ਮਾਈਕ ਦੇ ਬੰਦ ਹੋਣ ਕਾਰਨ ਸੁਣਾਈ ਨਹੀਂ ਦਿਤਾ)

ਸ੍ਰੀ ਡਿਪਟੀ ਸਪੀਕਰ : ਤੁਸੀਂ ਕੇਵਲ ਪੁਆਇੰਟ ਆਫ਼ ਆਰਡਰ ਤੇ ਗਲ ਕਰ ਸਕਦੇ ਹੋ । ਪਲੀਜ਼ ਰਿਜ਼ਊਮ ਯੋਅਰ ਸੀਟ । (You can rise only on a point of order. Please resume your seat.)

ਸਰਦਾਰ ਗੁਰਬਚਨ ਸਿੰਘ: ਡਿਪਟੀ ਸਪੀਕਰ ਸਾਹਿਬ, ਇੱਕ ਪਾਸੇ ਇਹ ਕਹਿੰਦੇ ਹਨ ਕਿ ਡੰਡਿਆਂ ਉਤੇ ਨਿਸ਼ਾਨ ਸਾਹਿਬ ਹੁੰਦੇ ਹਨ । ਨਿਸ਼ਾਨ ਸਾਹਿਬ ਤਾਂ ਗੁਰਦੁਆਰੇ ਤੇ ਹੁੰਦਾ ਹੈ । ਇਹ ਤਾਂ ਚੋਣ ਨਿਸ਼ਾਨ ਹੈ । ਇਨ੍ਹਾਂ ਡੰਡਿਆਂ ਉਤੇ ਨਿਸ਼ਾਨ ਸਾਹਿਬ ਨਹੀਂ ਹੁੰਦਾ ।

ਸਰਦਾਰ ਪ੍ਰੇਮ ਸਿੰਘ ਪ੍ਰੇਮ : ਡਿਪਟੀ ਸਪੀਕਰ ਸਾਹਿਬ ਮੈਂ ਅਰਜ਼ ਕਰ ਰਿਹਾ ਸੀ ਕਿ ਇਹ ਗਲਾਂ ਹੁਣ ਪੁਰਾਣੀਆਂ ਹੋ ਗਈਆਂ ਹਨ। ਕਾਫੀ ਚਿਰ ਤੋਂ ਇਨ੍ਹਾਂ ਨੇ ਧਰਮ ਦਾ ਨਾਂ ਵਰਤਿਆ । ਜਨਸੰਘ ਨੇ ਹਿੰਦੂਆਂ ਦਾ ਨਾਂ ਵਰਤਿਆ ਅਤੇ ਇਨ੍ਹਾਂ ਨੇ ਸਿੱਖੀ ਦਾ ਨਾਂ ਵਰਤਿਆ। ਇਨ੍ਹਾਂ ਨੂੰ ਵੋਟਾਂ ਮਿਲੀਆਂ । ਲੇਕਿਨ ਸਿਆਸਤ ਦੀ ਨੀਂਹ ਬੁਨਿਆਦ ਧਰਮ ਤੇ ਨਹੀਂ ਰਖੀ ਜਾ ਸਕਦੀ । ਸਿਆਸਤ ਦੀ ਬੁਨਿਆਦ ਰੋਟੀ ਕਪੜੇ ਤੇ ਹੈ। ਸਿਆਸਤ ਦੀ ਬੁਨਿਆਦ ਮਕਾਨ ਤੇ ਹੈ। ਅਗਰ ਕਿਸੇ ਗਰੀਬ ਨੂੰ ਮਕਾਨ ਰੋਟੀ ਤੇ ਕਪੜਾ ਨਾ ਮਿਲੇ ਤਾਂ ਸਿਆਸਤ ਦੀ ਬੁਨਿਆਦ ਪੱਕੀ ਨਹੀਂ ਰਹਿ ਸਕਦੀ। ਮੈਂ ਸਮਝਦਾ ਹਾਂ ਕਿ ਜਦ 1967 ਵਿਚ ਕਾਂਗਰਸ ਹਾਰ ਗਈ ਸੀ, ਉਸ ਵੇਲੇ ਅਕਾਲੀ ਪਾਰਟੀ ਕੋਲ ਕੋਈ ਪ੍ਰੋਗਰਾਮ ਨਹੀਂ ਸੀ ਜੇ ਹੁੰਦਾ ਤਾਂ ਕਦੇ ਉਨ੍ਹਾਂ ਦੀ ਇਹ ਦੁਰਦਸ਼ਾ ਨਾ ਹੁੰਦੀ ਜੋ ਪੰਜ ਸਾਲਾਂ ਵਿਚ ਹੋਈ ਹੈ । ਉਨ੍ਹਾਂ ਪੰਜ ਸਾਲਾਂ ਵਿਚ ਇਨ੍ਹਾਂ ਦਾ ਕੋਈ ਪ੍ਰੋਗਰਾਮ ਨਹੀਂ ਸੀ ਔਰ ਹਰ ਜੱਥੇਦਾਰ ਜਿਹੜਾ ਸੀ ਉਸ ਨੂੰ ਹਰ ਗਲ ਵਿਚ ਤਰਜੀਹ ਦਿੱਤੀ ਗਈ ਸੀ। ਅੱਜ ਪ੍ਰੋਗਰਾਮ ਅਨੁਸਾਰ ਇੰਦਰਾ ਗਾਂਧੀ ਦੀ ਪਾਰਟੀ ਕਾਮਯਾਬ ਹੋਈ ਹੈ। ਇਨ੍ਹਾਂ ਵੀਰਾਂ ਕੋਲ ਪ੍ਰੋਗਰਾਮ ਸੀ ਇਸ ਵਾਸਤੇ ਇਹ ਅੱਗੇ ਆਏ ਹਨ । ਮੈਂ ਸਮਝਦਾ ਹਾਂ ਕਿ ਇਹ ਗਲਾਂ ਬਹੁਤ ਪੁਰਾਣੀਆਂ ਹੋ ਗਈਆਂ ਹਨ। ਅਜ ਫੈਸਲਾ ਕਰਨਾ ਚਾਹੀਦਾ ਹੈ ਖਾਸ ਤੌਰ ਤੇ ਬੰਗਲਾ ਦੇਸ਼ ਦੀ ਗਲ ਤੋਂ ਕਿ ਧਰਮ ਅਤੇ ਸਿਆਸਤ ਨੂੰ ਅੱਡ ਅੱਡ ਰਖਣਾ ਚਾਹੀਦਾ ਹੈ। ਮੈਂ ਸਮਝਦਾ ਹਾਂ ਡਿਪਟੀ ਸਪੀਕਰ ਸਾਹਿਬ, ਕਿ ਜਿਤਨੀ ਡਿਸ-ਸਰਵਿਸ ਗੁਰੂ ਗੋਬਿੰਦ ਸਿੰਘ ਦੇ ਪੰਥ ਦੀ ਅਕਾਲੀ ਪਾਰਟੀ ਨੇ ਕੀਤੀ ਹੈ, ਇਤਨੀ ਕੋਈ ਹੋਰ ਨਹੀਂ ਕਰਦਾ ।

"ਸਚ ਕਹਿ ਦੂੰ ਐ ਬ੍ਰਹਮਨ ਗਰ ਤੂੰ ਬੁਰਾ ਨਾ ਮਾਨੇ
ਤੇਰੇ ਸਨਮ ਕਦੇ ਕੇ ਬੁਤ ਹੋ ਗਏ ਪੁਰਾਨੇ।"

ਹੁਣ ਜ਼ਰੂਰੀ ਹੈ ਕਿ ਜ਼ਮਾਨੇ ਦੇ ਨਾਲ ਚਲੋ, ਪ੍ਰੋਗਰਾਮ ਅਨੁਸਾਰ ਚਲੋ, ਸੋਸ਼ਿਲਿਜ਼ਮ ਅਚੀਵ ਕਰਨ ਵਾਸਤੇ ਚਲੋਂ ਨਹੀਂ ਤਾਂ ਇਸ ਤੋਂ ਬਾਦ ਇਹੋ ਜਿਹਾ ਤੁਹਾਡਾ ਹਾਲ ਹੋਵੇਗਾ ਜਿਵੇਂ ਕਿ ਡਾਕਟਰ ਇਕਬਾਲ ਨੇ ਕਿਹਾ ਹੈ :

"ਨਾਹ ਸਮਝੋਗੇ ਤੋ ਮਿਟ ਜਾਉਗੇ ਐ ਹਿੰਦੋਸਤਾਨ ਵਾਲੋ
ਤੁਮਾਰੀ ਦਾਸਤਾਂ ਤਕ ਭੀ ਨਾ ਹੋਗੀ ਦਾਸਤਾਨੋਂ ਮੇਂ।"

ਡਿਪਟੀ ਸਪੀਕਰ ਸਾਹਿਬ, ਇਹ ਬਾਜਵਾ ਸਾਹਿਬ ਜਿਹੜੇ ਹਨ ਇਹ ਪਰਸਨਲ ਗਲਾਂ ਕਰਦੇ ਹਨ। ਮੇਰੇ ਸਾਹਮਣੇ ਕੋਈ ਚੀਜ਼ ਨਹੀਂ ਹੈ। [ਮੇਰੇ ਸਾਹਮਣੇ ਇਕੋ ਚੀਜ਼ ਹੈ, 36 ਸਾਲ ਤੋਂ ਜਿਸ ਪਾਰਟੀ ਨਾਲ ਮੈਂ ਚਲਿਆ ਆ ਰਿਹਾ ਹਾਂ। ਮੈਂ ਉਸ ਦੇ ਨਾਲ ਰਿਹਾ ਹਾਂ। ਉਹ ਮੈਨੂੰ ਕਿਸੇ ਪੋਜ਼ੀਸ਼ਨ ਵਿਚ ਰਖਣ, ਮੈਂ ਤਿਆਰ ਹਾਂ। ਮੈਂ ਤਾਂ ਤੁਹਾਡੇ ਵਾਂਙੂ ਨਹੀਂ ਕਿ ਪਹਿਲੇ ਦਿਨ ਦੂਜੇ ਪਾਸੇ ਚਲੇ ਗਏ ਅਤੇ ਫਿਰ ਉਸ ਤੋਂ ਬਾਦ ਦੂਜੇ ਪਾਸੇ ਚਲੇ ਗਏ ਇਹ ਮੇਰਾ ਤਰੀਕਾ ਨਹੀਂ ਹੈ। (ਵਿਘਨ) ਇਹ ਗਲ ਕਹਿ ਕੇ ਡਿਪਟੀ ਸਪੀਕਰ ਸਾਹਿਬ, ਮੈਂ ਇਸ ਪੁਆਇੰਟ ਨੂੰ ਖਤਮ ਕਰਦਾ ਹਾਂ ਇਹ ਫਾਊਲ ਪਲੇ ਹੈ। ਇਹ ਜਿਹੜਾ ਅਕਾਲੀ ਵੀਰ ਕਰਦੇ ਹਨ। ਜਿਸ ਤਰ੍ਹਾਂ ਹਾਕੀ ਜਦੋਂ ਖੇਡੀ ਜਾਂਦੀ ਹੈ ਤਾਂ ਇੱਕ ਚੰਗਾ ਪਲੇਅਰ ਆਪਣੀ ਬਾਲ ਲੈ ਕੇ ਦੂਜੇ ਪਾਸੇ ਦੇ ਗੋਲ ਵੱਲ ਲੈ ਜਾ ਰਿਹਾ ਹੁੰਦਾ ਹੈ ਤਾਂ ਦੂਜਾ ਪਲੇਅਰ ਜਿਹੜਾ ਬਾਲ ਨੂੰ ਰੋਕ ਤਾਂ ਨਹੀਂ ਸਕਦਾ ਇਸ ਲਈ ਹਾਕੀ ਜਾ ਕੇ ਉਸ ਦੇ ਗਿੱਟੇ ਤੇ ਮਾਰਦਾ ਹੈ ਤਾਂ ਕਿ ਉਹ ਡਿਗ ਜਾਵੇ ਅਤੇ ਰੈਫਰੀ ਉਸ ਨੂੰ ਬਾਹਰ ਕੱਢ ਦਿੰਦਾ ਹੈ। ਇਹ ਫਾਊਲ ਪਲੇ ਕਰਦੇ ਹਨ। ਧਰਮ ਦਾ ਨਾਂ ਇਸਤੇਮਾਲ ਕਰਨ ਤੋਂ ਜੇ ਇਹ ਬਾਜ ਨਾ ਆਉਣ ਤਾਂ ਮੈਂ ਸਮਝਦਾ ਹਾਂ ਕਿ ਹਿੰਦ ਦੀ ਸਰਕਾਰ ਨੂੰ ਕੋਈ ਕਾਨੂੰਨ ਹੀ ਬਣਾਉਣਾ ਪੈ ਜਾਵੇਗਾ ਕੁਮਿਯੂਨਲ ਪਾਰਟੀਆਂ ਅਗਜ਼ਿਸਟ ਨਹੀਂ ਕਰ ਸਕਦੀਆਂ।

ਡਿਪਟੀ ਸਪੀਕਰ ਸਾਹਿਬ, ਇੱਕ ਗਲ ਮੈਂ ਬਿਜਲੀ ਦੇ ਮੁਤੱਲਿਕ ਕਰਨਾ ਚਾਹੁੰਦਾ ਹਾਂ। ਚੀਫ਼ ਮਨਿਸਟਰ ਸਾਹਿਬ ਨੇ ਇਥੇ ਵਾਇਦੇ ਕੀਤੇ ਹਨ। ਬਿਜਲੀ ਦੀ ਪੰਜਾਬ ਵਿਚ ਬੜੀ ਭਾਰੀ ਲੋੜ ਹੈ ਅਤੇ ਪਿਛਲੇ ਪੰਜ ਸਾਲ ਤੋਂ ਉਸ ਲੋੜ ਨੂੰ ਅਕਾਲੀ ਵੀਰ ਲਟਕਾਉਂਦੇ ਆ ਰਹੇ ਸਨ। ਇਹ ਜਿਹੜੇ ਪਾਵਰ ਪ੍ਰਾਜੈਕਟਸ ਹਨ ਇਨ੍ਹਾਂ ਤੇ ਪਲਾਨ ਵਿਚ 16 ਕਰੋੜ ਰੁਪਿਆ ਰੱਖਿਆ ਗਿਆ ਹੈ। ਨਾਨ-ਪਲਾਨ ਵਿਚ 4 ਕਰੋੜ ਰੁਪਏ ਰੱਖੇ ਗਏ ਹਨ। ਇਹ ਰੁਪਿਆ ਪੰਜਾਬ ਸਟੇਟ ਇਲੈਕਟਰੀਸਿਟੀ ਬੋਰਡ ਨੇ ਇਸਤੇਮਾਲ ਕਰਨਾ ਹੈ। ਠੀਕ ਹੈ ਮੈਂ ਕਿਸੇ ਨੂੰ ਕੁਝ ਕਹਿੰਦਾ ਨਹੀਂ। ਲੇਕਿਨ ਇੱਕ ਗਲ ਮੈਂ ਸਰਕਾਰ ਨੂੰ ਜ਼ਰੂਰ ਕਹਾਂਗਾ ਕਿ ਪੰਜਾਬ ਸਟੇਟ ਇਲੈਕਟਰਸਿਟੀ ਬੋਰਡ ਜਿਹੜਾ ਹੈ that requires to be streamlined specialy with respect to the purchases which are being made there ਮੈਂ ਸਮਝਦਾ ਹਾਂ ਕਿ ਇਸ ਨਾਲ ਉਹ ਐਕਸਪੈਂਡੀਚਰ ਵਿਚ ਕਾਫੀ ਇਕਾਨਮੀ ਕਰ ਸਕਣਗੇ। ਇਨ੍ਹਾਂ ਦੀ ਟੈਕਸੈਸ਼ਨ ਇਨਕੁਆਇਰੀ ਤੇ ਜਿਹੜੀ ਰਿਸੋਰਜ਼ ਕਮੇਟੀ ਹੈ ਉਸ ਦੀ ਰਿਪੋਰਟ ਵੀ ਇਨ੍ਹਾਂ ਕੋਲ ਆਈ ਹੋਣੀ ਹੈ। ਮੈਨੂੰ ਪਤਾ ਨਹੀਂ ਕਿਉਂਕਿ ਅਜੇ ਆਊਟ ਨਹੀਂ ਹੋਈ। ਲੇਕਿਨ ਮੈਂ ਸਮਝਦਾ ਹਾਂ ਕਿ ਉਸਦੇ ਵਿਚ ਕੁਝ ਐਸੀਆਂ ਚੀਜ਼ਾਂ ਜ਼ਰੂਰ ਹੋਣਗੀਆਂ ਜਿਹੜੀਆਂ ਇਨ੍ਹਾਂ ਨੂੰ ਇਕਾਨੌਮੀ ਕਰਾਉਣਗੀਆਂ। ਇਹ ਇਕਾ-ਨੌਮੀ ਜਿਸ ਤਰ੍ਹਾਂ ਮੈਂ ਟਾਪ ਹੈਵੀ ਐਡਮਿਨਿਸਟਰੇਸ਼ਨ ਦਾ ਜ਼ਿਕਰ ਕੀਤਾ ਹੈ, ਸਟੇਟ ਇਲੈਕਟਰੀਸਿਟੀ ਬੋਰਡ ਦਾ ਜ਼ਿਕਰ ਕੀਤਾ ਹੈ ਦੋਵੇਂ ਥਾਂ ਤੇ ਇਕਾਨੌਮੀ ਕਰ ਸਕਦੇ ਹਨ ਤੇ ਇਨ੍ਹਾਂ ਨੂੰ ਕਰਨੀ ਚਾਹੀਦੀ ਹੈ। ਬਿਆਸ ਡੈਮ ਦੇ ਹੰਡਰਡ ਪਰਸੈਂਟ ਗੋਰਮਿੰਟ ਆਫ ਇੰਡੀਆਂ ਦਾ ਪੈਸਾ ਲਗਦਾ ਹੈ ਉਹ ਭਾਵੇਂ ਲੋਨ

[ਸਰਦਾਰ ਪ੍ਰੇਮ ਸਿੰਘ ਪ੍ਰੇਮ]

ਹੋਵੇ। ਪਿਛਲੀ ਵਾਰ ਜੋ ਕਿਤਾਬਾਂ ਮਿਲੀਆਂ ਹਨ, ਉਨ੍ਹਾਂ ਨੂੰ ਪੜ੍ਹ ਕੇ ਵੇਖਿਆ ਹੈ ਕਿ ਉਹ ਖਰਚ ਕਈ ਚਿਰ ਤੋਂ ਪੰਜਾਬ ਸਰਕਾਰ ਕਰ ਰਹੀ ਹੈ। ਉਹ 8 ਕਰੋੜ ਰੁਪਿਆ ਇਨ੍ਹਾਂ ਨੇ ਗੌਰਮਿੰਟ ਆਫ਼ ਇੰਡੀਆ ਕੋਲੋਂ ਲੈਣਾ ਹੈ। ਇਨ੍ਹਾਂ ਨੇ ਟੈਕਸ ਨਹੀਂ ਲਾਏ । ਇਸ ਲਈ ਕਈ ਮੁਸ਼ਕਲਾਂ ਪੇਸ਼ ਆਉਣਗੀਆਂ। ਇਸ ਲਈ ਚੀਫ ਮਨਿਸਟਰ ਸਾਹਿਬ ਪਰਸਨਲ ਲੈਵਲ ਤੇ ਉਹ 8 ਕਰੋੜ ਰੁਪਿਆ ਲੈ ਕੇ ਦੇਣ ਤਾਂ ਕਿ ਇਨ੍ਹਾਂ ਨੂੰ ਕੰਮ ਵਿਚ ਮੁਸ਼ਕਲ ਨਾ ਆਵੇ ।

ਡਿਪਟੀ ਸਪੀਕਰ ਸਾਹਿਬ, ਜਿਹੜੀ ਮੈਂ ਗਲ ਹੁਣੇ ਹੁਣੇ ਧਰਮ ਅਤੇ ਸਿਆਸਤ ਦੇ ਬਾਰੇ ਵਿਚ ਕਹੀ ਸੀ ਉਸ ਦੇ ਸਬੰਧ ਵਿਚ ਇਕ ਗਲ ਹੋਰ ਕਹਿ ਕੇ ਇਸ ਪੁਆਇੰਟ ਨੂੰ ਖਤਮ ਕਰਦਾ ਹਾਂ । ਅਖਬਾਰਾਂ ਵਿਚ ਆਇਆ ਹੈ ਕਿ ਸੰਤ ਬਾਬਾ ਫਤਿਹ ਸਿੰਘ ਪਾਲਿਟਿਕਸ ਤੋਂ ਰੀਟਾਇਰ ਹੋ ਰਹੇ ਹਨ । ਇਸ ਖਬਰ ਨੂੰ ਪੜ੍ਹ ਕੇ ਨਾ ਤਾਂ ਖੁਸ਼ੀ ਹੋਈ ਨਾ ਨਰਾਜ਼ਗੀ (ਵਿਘਨ) ਇਸ ਦਾ ਕਾਰਨ ਹੈ ਕਿ ਮੈਂ ਨਹੀਂ ਚਾਹੁੰਦਾ ਉਹ ਜਾਣ। ਪਰ ਇੰਨੀ ਅਰਜ਼ ਹੈ ਕਿ ਇਹ ਜੋ ਕੁਛ ਕਿਹਾ ਗਿਆ ਹੈ ਇਹ ਕਿਤੇ ਸਟੰਟ ਤਾਂ ਨਹੀਂ। ਸਰਦਾਰ ਕਿਕਰ ਸਿੰਘ ਹੋਰਾਂ ਜਿਹੜੇ ਕਿ ਪਾਰਲੀਮੈਂਟ ਦੇ ਮੈਂਬਰ ਰਹੇ ਹਨ ਅਤੇ ਸੰਤ ਜੀ ਦੇ ਬਹੁਤ ਨਜ਼ਦੀਕ ਰਹੇ ਹਨ ਅਤੇ ਉਨ੍ਹਾਂ ਦੇ ਡਰਾਈਵਰ ਵੀ ਸਨ ਉਨ੍ਹਾਂ ਨੇ ਦਸਿਆ ਹੈ ਕਿ ਸੰਤ ਜੀ ਜਿਥੇ ਜਿਥੇ ਰਹੇ ਹਨ ਸਾਰਾ ਖਰਚ ਅਨੰਦਪੁਰ ਸਾਹਿਬ ਦੇ ਗੁਰਦਵਾਰੇ ਤੋਂ ਜਾਂਦਾ ਰਿਹਾ ਹੈ। ਇਸ ਵਾਸਤੇ ਮੈਂ ਕਹਾਂਗਾ ਕਿ ਇਹ ਚੀਜ਼ ਜੋ ਹੈ ਜੇਕਰ ਉਨ੍ਹਾਂ ਨੇ ਸਚੇ ਦਿਲੋਂ ਕੀਤੀ ਹੈ ਤਾਂ ਠੀਕ ਹੈ ਮੈਂ ਨਹੀਂ ਕਹਿੰਦਾ ਕਿ ਉਹ ਜਾਣ। ਉਹ ਬੇਸ਼ਕ ਪਾਲਿਟਿਕਸ ਵਿਚ ਰਹਿਣ ਪਰ ਮੈਂ ਇਹ ਕਹਿੰਦਾ ਹਾਂ ਕਿ ਪਿਛਲੇ ਕਰਦਾਰ ਨੂੰ ਨੁਕਸਾਨ ਨਾ ਹੋਵੇ । ਜਦੋਂ ਬਾਦਲ ਸਰਕਾਰ ਸੀ ਤਾਂ ਅਸੀਂ ਉਸ ਸਰਕਾਰ ਨੂੰ ਬਚਾਇਆ ਸਾਨੂੰ ਲੋਕਾਂ ਨੇ ਕਿਹਾ ਕਿ ਤੁਸੀਂ ਇਹ ਪਾਪ ਕੀਤਾ ਹੈ ਇਹ ਠੀਕ ਨਹੀਂ ਕੀਤਾ ਪਰ ਅਸੀਂ ਕਿਹਾ ਕਿ ਨਹੀਂ ਇਹ ਬਾਦਲ ਸਰਕਾਰ ਇਸ ਲਈ ਬਚਾਈ ਏ ਕਿ ਇਨ੍ਹਾਂ ਨੂੰ ਫਿਰ ਮੌਕਾ ਦਿਤਾ ਜਾਵੇ ਜੇਕਰ ਇਹ ਸਫਲਤਾ ਨਾਲ ਸਰਕਾਰ ਚਲਾ ਸਕਣ ਕਿਉਂਕਿ ਉਸ ਸਮੇਂ ਸਾਡੀ ਮਜਾਰਟੀ ਨਹੀਂ ਸੀ ਤੇ ਕਿਉਂ ਨਾ ਇਨ੍ਹਾਂ ਨੂੰ ਮੌਕਾ ਦਿਤਾ ਜਾਵੇ ਕਿ ਇਹ ਚੰਗੀ ਤਰ੍ਹਾਂ ਕੰਮ ਕਰ ਸਕਣ ਫਿਰ ਇਨ੍ਹਾਂ ਦੇ ਰਾਹ ਵਿਚ ਵੀ ਰੁਕਾਵਟ ਸੀ। ਸੰਤ ਜੀ ਸਾਡੇ ਪਾਸ ਆਏ ਅਤੇ ਇਹ ਕਿਹਾ ਕਿ ਅਸੀਂ ਇਸ ਬਾਦਲ ਸਰਕਾਰ ਨੂੰ ਬਚਾਣਾ ਚਾਹੁੰਦੇ ਹਾਂ ਰਾਤ ਦਾ ਵਕਤ ਸੀ ਪਰ ਇਹ ਕਿਹਾ ਗਿਆ ਕਿ ਲੋਕਾਂ ਦੇ ਸਾਹਮਣੇ ਕੀ ਲੈ ਕੇ ਅਸੀਂ ਜਾਣਾ ਹੈ ਤਾਂ ਇਨ੍ਹਾਂ ਪਾਸ ਤਾਂ ਆਪਣਾ ਕੋਈ ਪ੍ਰੋਗਰਾਮ ਨਹੀਂ ਸੀ ਸਾਨੂੰ ਕਹਿਣ ਲਗੇ ਕਿ ਲਿਆਓ ਕੋਈ ਪ੍ਰੋਗਰਾਮ ਤਾਂ ਅਸੀਂ ਜਿਹੜਾ ਕਾਂਗਰਸ ਪਾਰਟੀ ਦਾ 10 ਨੁਕਤੀ ਮੈਨੇਫੈਸਟੋ ਸੀ ਉਸ ਦਾ ਪ੍ਰੋਗਰਾਮ ਹੀ ਇਨ੍ਹਾਂ ਪਾਸ ਲੈ ਆਏ ਤਾਂ ਇਨ੍ਹਾਂ ਨੇ ਉਸੇ ਤੇ ਹੀ ਅੰਗੂਠਾ ਲਗਾ ਦਿਤਾ (ਵਿਘਨ) (ਇਕ ਮਾਨ ਯੋਗ ਮੈਂਬਰ : ਇਹ ਝੂਠ ਹੈ) ਬਾਵਜੂਦ ਇਸ ਗਲ ਦੇ ਕਿ ਇਨ੍ਹਾਂ ਪਾਸ ਕੋਈ ਆਪਣਾ ਪ੍ਰੋਗਰਾਮ ਪੰਜਾਬ ਦੇ ਭਲੇ ਲਈ ਵਿਕਾਸ ਲਈ ਨਹੀਂ ਸੀ ਇਨ੍ਹਾਂ ਨੂੰ ਅਸੀਂ ਪਰੋਗਰਾਮ ਦਿਤਾ ਪਰ ਇਸ ਤੇ ਵੀ ਇਨ੍ਹਾਂ ਅਮਲ ਨਹੀਂ ਕੀਤਾ ਅਤੇ ਇਸ ਤੇ ਸਟਿਕ ਨਹੀਂ ਕੀਤੇ । ਇਨ੍ਹਾਂ ਨੂੰ ਤਾਂ ਪਾਵਰ ਚਾਹੀਦੀ ਸੀ ਭਾਵੇਂ ਕੋਈ ਤਰੀਕਾ ਇਸਤੇਮਾਲ ਕਰ ਲਿਆ ਜਾਵੇ ।

ਇਨ੍ਹਾਂ ਦੀ ਤਾਂ ਉਹ ਗਲ ਸੀ ਕਿ

"ਮੈਅ ਭੀ ਹੋਟਲ ਮੇਂ ਪਿਊ, ਚੰਦਾ ਮਸਜਿਦ ਮੇਂ ਭੀ ਦੂੰ;
ਸ਼ੇਖ ਭੀ ਰਾਜ਼ੀ ਰਹੇ ਸ਼ੈਤਾਨ ਭੀ ਨਾਰਾਜ਼ ਨਾ ਹੋ।"

ਇਸ ਲਈ ਮੈਨੂੰ ਇਹ ਖਬਰ ਪੜ੍ਹ ਕੇ ਨਾ ਤਾਂ ਖੁਸ਼ੀ ਹੋਈ ਹੈ ਨਾ ਨਾਰਾਜ਼ਗੀ ਹੀ ਹੋਈ ਹੈ ਮੈਂ ਤਾਂ ਇਹੀ ਕਹਾਂਗਾ ਕਿ ਇਹ ਸਟੰਟ ਨਹੀਂ ਹੋਣਾ ਚਾਹੀਦਾ ਅਤੇ ਸਚੇ ਦਿਲੋਂ ਇਹ ਗਲ ਉਨ੍ਹਾਂ ਵਲੋਂ ਕਹੀ ਜਾਣੀ ਚਾਹੀਦੀ ਹੈ ਅਤੇ ਇਸ ਤੇ ਉਹ ਸਟਿਕ ਕਰਨ ਤਾਂ ਕਿ ਜਿਹੜੇ ਨੌਜਵਾਨ ਆਏ ਹਨ ਮੈਂਬਰ ਬਣ ਕੇ ਉਹ ਪਾਰਟੀ ਨੂੰ ਸਹੀ ਮਾਅਨਿਆਂ ਵਿਚ ਅਗੇ ਚਲਾ ਸਕਣ ।

ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਐਡਰੈਸ ਵਿਚ ਹਰੀਜਨਾਂ ਦੀ ਭਲਾਈ ਦੇ ਬਾਰੇ ਵਿਚ ਜ਼ਿਕਰ ਕੀਤਾ ਗਿਆ ਹੈ ਵੈਲਫੇਅਰ ਆਫ਼ ਦੀ ਹਰੀਜਨ ਐਂਡ ਬੈਕਵਰਡ ਕਲਾਸਿਜ਼। ਮੈਨੂੰ ਇਹ ਸਰਕਾਰ ਮਾਫ਼ ਕਰੇਗੀ ਜੇਕਰ ਮੈਂ ਇਹ ਕਹਾਂ ਕਿ ਹਰੀਜਨਾਂ ਨਾਲ ਵਾਹਦਾ ਬੜੀ ਦੇਰ ਤੋਂ ਹੁੰਦਾ ਚਲਿਆ ਆ ਰਿਹਾ ਹੈ। ਇਸ ਸਬੰਧ ਵਿਚ ਕਾਨੂੰਨ ਵੀ ਬਣਾਏ ਗਏ ਹਨ ਅਤੇ ਇਨ੍ਹਾਂ ਦੀ ਭਲਾਈ ਲਈ ਰਕਮ ਵੀ ਰਖੀ ਗਈ ਹੈ ਪਰ ਨਾ ਤਾਂ ਇਹ ਕਾਨੂੰਨ ਅਤੇ ਨਾ ਹੀ ਇਹ ਰੁਪਿਆ ਇਨ੍ਹਾਂ ਤਕ ਪਹੁੰਚਦਾ ਹੈ। ਇਸ ਵਿਚ ਰੁਕਾਵਟ ਕੀ ਸੀ? ਇਹ ਠੀਕ ਹੈ ਕਿ ਵੈਸਟਿਡ ਇਨਟ੍ਰਸਟ ਵਾਲੇ ਅਫ਼ਸਰਾਂ ਨੇ ਇਨ੍ਹਾਂ ਸਕੀਮਾਂ ਨੂੰ ਅਗੇ ਨਹੀਂ ਤੁਰਨ ਦਿਤਾ। ਜਿਹੜਾ ਸਰਪਲਸ ਏਰੀਆਂ ਸੀ ਅਤੇ ਜਿਹੜਾ ਹਰੀਜਨਾਂ ਨੂੰ ਮਿਲਣਾ ਸੀ ਉਹ ਉਨ੍ਹਾਂ ਨੂੰ ਨਾ ਦੇਕੇ ਉਨ੍ਹਾਂ ਦੀਆਂ ਗਰਦਾਵਰੀਆਂ ਖ਼ਰਾਬ ਕਰਵਾ ਦਿਤੀਆਂ ਗਈਆਂ ਅਤੇ ਮਾਲਕਾਂ ਆਪ ਹੀ ਮੁਜਾਰਾ ਬਣ ਕੇ ਗਰਦਾਵਰੀਆਂ ਕਰਵਾ ਲਈਆਂ ਅਤੇ ਜ਼ਮੀਨਾਂ ਆਪਣੇ ਕਬਜ਼ੇ ਵਿਚ ਹੀ ਰਖੀਆਂ। ਇਥੇ ਕਾਂਗਰਸ ਸਰਕਾਰ ਵੀ ਰਹੀ ਅਤੇ ਕਾਨੂੰਨ ਵੀ ਬਣੇ ਪਰ ਇਮਪਲੀਮੈਂਟ ਨਹੀ ਹੋਏ। ਹੁਣ ਗਿਆਨੀ ਜ਼ੈਲ ਸਿੰਘ, ਮੁੱਖ ਮਤਰੀ ਤੇ ਆਸ ਹੈ ਕਿ ਇਨ੍ਹਾਂ ਦੀ ਭਲਾਈ ਵਲ ਪੂਰਾ ਧਿਆਨ ਦੇਣਗੇ। ਮੈਂ ਸਮਝਦਾ ਹਾਂ ਕਿ 130 ਲੱਖ ਰੁਪਏ ਵਿਦਿਆ ਵਾਸਤੇ ਅਤੇ 25 ਲਖ ਧਰਮਸਾਲਾ ਵਾਸਤੇ ਅਤੇ 30 ਲੱਖ ਜਨਰਲ ਪਰਪਜ਼ ਲਈ ਜੋ ਰਕਮ ਰਖੀ ਗਈ ਹੈ ਇਹ ਆਟੇ ਵਿਚ ਲੂਣ ਵੀ ਨਹੀਂ। ਇਸ ਵਿਚ ਮੈਂ ਸਮਝਦਾ ਹਾਂ ਕਿ ਕਸੂਰ ਇਸ ਮੌਜੂਦਾ ਸਰਕਾਰ ਦਾ ਦਾ ਨਹੀਂ ਕਿਉਂਕਿ ਇਹ ਬਜਟ ਤੁਹਾਡਾ ਬਜਟ ਨਹੀਂ ਸੀ ਗਵਰਨਰ ਸਾਹਿਬ ਦਾ ਸੀ ਅਤੇ ਬਣ ਕੇ ਸਾਹ-ਮਣੇ ਆ ਗਿਆ। ਇਸ ਲਈ ਮੈਂ ਕਹਾਂਗਾ ਕਿ ਬਜਟ ਸ਼ੈਸਨ ਵਿਚ ਇਨ੍ਹਾਂ ਰਕਮਾਂ ਨੂੰ ਵਧਾਣ ਦਾ ਯਤਨ ਕੀਤਾ ਜਾਵੇ ਤਾਂ ਕਿ ਹਰੀਜਨਾਂ ਦੀਆਂ ਸ਼ਿਕਾਇਤਾਂ ਨੂੰ ਦੂਰ ਕੀਤਾ ਜਾ ਸਕੇ। ਇਸ ਦੇ ਨਾਲ ਹੀ ਮੈਂ ਅਰਜ਼ ਕਰਾਗਾਂ ਕਿ ਸ਼ੈਡੂਲਡ ਕਾਸਟ ਲੈਂਡ ਐਂਡ ਫਾਈਨੇਨਸ਼ਲ ਕਾਰਪੋਰੇਸ਼ਨ ਨੇ, ਜੋ ਖਾਸ ਇਸੇ ਮਕਸਦ ਲਈ ਬਣਾਈ ਗਈ ਸੀ, ਕੋਈ ਕੰਮ ਨਹੀਂ ਕਰ ਕੇ ਵਿਖਾਇਆ। ਇਸ ਕਾਰਪੋਰੇਸ਼ਨ ਨੂੰ 1970 ਵਿਚ ਕਾ-ਇਮ ਕੀਤਾ ਗਿਆ ਅਤੇ 150 ਲੱਖ ਰੁਪਿਆ ਦਿਤਾ ਗਿਆ ਪਰ ਕਿੰਨੇ ਅਫਸੋਸ ਦੀ ਗਲ ਹੈ ਕਿ ਹੁਣ ਤਕ 20-25 ਲੱਖ ਤੋਂ ਵਧ ਖਰਚ ਨਹੀਂ ਕੀਤਾ ਗਿ ਆ ਫਿਰ ਇਸ ਦਾ ਕੀ ਫਾਇਦਾ ਹੋਇਆ ਹਰੀਜਨਾਂ ਨੂੰ? 150 ਕਰੋੜ ਰੁਪਿਆ ਪਿਆ ਰਿਹਾ। ਇਸ ਦਾ ਇਲਜ਼ਾਮ ਕਾਂਗਰਸ ਸਰਕਾਰ ਤੇ ਨਹੀਂ ਆਉਂਦਾ। ਤੁਹਾਨੂੰ ਤਵੱਜੋ ਕਰਨੀ ਚਾਹੀਦੀ ਸੀ ਸਾਹਮਣੇ ਬੈਠੇ ਦੋਸਤਾਂ ਨੂੰ। ਇਕ ਗਲ ਇਸ ਹੀ ਸਬੰਧ ਵਿਚ ਮੈਂ ਕਹਿਣੀ ਚਾਹੁੰਦਾ ਹਾਂ ਕਿ ਬੈਕਵਰਡ ਕਲਾਸਿਜ਼ ਵਿਚ ਕੁਝ ਐਸੀਆਂ ਕਮੂਨਿਟੀਜ਼ ਹਨ ਜੋ ਚੰਗੀਆਂ ਹਨ ਪਰ ਕੁਝ ਐਸੀਆਂ ਹਨ ਜਿਹੜੀਆਂ ਬਹੁਤ ਮਾੜੀਆਂ ਹਨ ਜਿਸ ਤਰਾਂ ਕਿ ਝੀਵਰ ਹਨ ਇਹ ਹਰੀਜਨਾਂ ਤੋਂ ਵੀ ਗਏ ਗੁਜ਼ਰੇ ਹਨ ਇਹ ਸ਼ੈਡੂਲਡ ਕਾਸਟਾਂ ਵਿਚ ਨਹੀਂ ਆਂਦੇ ਇਸ ਲਈ ਇਨਾਂ ਨੂੰ ਉਹ ਰਿਆਇਤਾਂ ਨਹੀਂ ਮਿਲ-ਦੀਆਂ ਅਤੇ ਬੈਕਵਰਡ ਕਲਾਸਿਜ਼ ਨੂੰ ਰਿਆਇਤਾਂ ਘਟ ਮਿਲਦੀਆਂ ਹਨ ਇਸ ਲਈ ਮੈਂ ਕਹਾਂਗਾ ਕਿ ਇਸ ਤਰ੍ਹਾਂ ਦੀਆਂ ਜਿਹੜੀਆਂ ਜਮਾਤਾਂ ਹਨ ਉਨ੍ਹਾਂ ਵਲ ਵਧੇਰੇ ਅਤੇ ਵਿਸ਼ੇਸ਼ ਧਿਆਨ ਦਿਤਾ ਜਾਣਾ ਚਾਹੀਦਾ ਹੈ।

ਫਿਰ ਡਿਪਟੀ ਸਪੀਕਰ ਸਾਹਿਬ ਐਜੂਕੇਸ਼ਨ ਦੇ ਮੁਤਾਲਿਕ ਅਰਜ਼ ਕਰਦਾ ਹਾਂ ਕਿ ਇਸ ਦੇ ਬਾਰੇ ਵਿਚ ਮੁਖ ਮੰਤਰੀ ਤੇ ਵਜ਼ੀਰ ਤਾਲੀਮ ਨੇ ਕਿਹਾ ਹੈ ਤੇ ਸਰਕਾਰ ਵਲੋਂ ਇਹ ਇਲਾਨ ਕੀਤਾ ਗਿਆ ਹੈ ਕਿ 5 ਹਜ਼ਾਰ ਸਕੂਲ ਖੋਲੇ ਜਾਣਗੇ ਇਹ ਠੀਕ ਅਤੇ ਚੰਗਾ ਕਦਮ ਹੈ। ਬਜਟ ਵਿਚ ਅਤੇ ਐਡਰੈਸ ਵਿਚ ਇਸ ਗਲ ਦਾ ਜਿਕਰ ਆਇਆ ਹੈ ਕਿ ਇਸ ਵਕਤ ਬਜਟ ਦਾ 13% ਐਜੂਕੇਸ਼ਨ ਤੇ ਖਰਚ ਕੀਤਾ ਜਾ ਰਿਹਾ ਹੈ। ਪਰ ਇਸ ਵਿਚ ਅਪਗਰੇਡਿੰਗ ਦਾ ਜ਼ਿਕਰ ਨਹੀਂ। ਇਥੇ ਐਲੀਮੈਂਟਰੀ ਐਜੂਕੇਸ਼ਨ ਲਈ ¾ ਕਰੋੜ ਰੁਪਿਆ ਰਖਿਆ ਹੈ ਇਸ ਦੇ ਬਾਰੇ ਵਿਚ ਗਵਰਨਰ ਸਾਹਿਬ ਵਲੋਂ ਅਤੇ ਬਜਟ ਸਪੀਚ ਵਿਚ ਜਿਹੜੀਆਂ ਅਸ਼ੋਰੈਂਸ ਦਿਤੀਆਂ ਗਈਆਂ ਸਰਕਾਰ ਉਨ੍ਹਾਂ ਨੂੰ ਜੇਕਰ ਪੂਰਾ ਕਰ ਦੇਵੇ ਤਾਂ ਇਹ ਕਦਮ ਸ਼ਲਾਗ਼ਾ ਯੋਗ ਹਨ (ਵਿਘਨ)

[ਸਰਦਾਰ ਪ੍ਰੇਮ ਸਿੰਘ ਪ੍ਰੇਮ]

ਖੇਤੀ ਬਾੜੀ ਦਾ ਜਿਥੇ ਤਕ ਸਬੰਧ ਹੈ ਮੈਂ ਥੋੜਾ ਕਹਿਣਾ ਚਾਹੁੰਦਾ ਹਾਂ। ਪੰਜਾਬ ਵਿਚ ਖੇਤੀ ਬਾੜੀ ਦੀ ਖਾਸ ਮਹਤਤਾ ਹੈ। ਮੈਂ ਇਸ ਗਲ ਵਿਚ ਅਪੋਜ਼ੀਸ਼ਨ ਨਾਲ ਸਹਿਮਤ ਹਾਂ ਕਿ ਕਣਕ ਕਪਾਹ ਅਤੇ ਚਾਵਲ ਦਾ ਭਾ ਨੀਅਤ ਕਰਨ ਵਿਚ ਆਸਾਡੇ ਚੀਫ ਮਨਿਸਟਰ ਸਾਹਿਬ ਕੇਂਦਰ ਸਰਕਾਰ ਤੇ ਪੂਰਾ ਜ਼ੋਰ ਦੇਣ। ਸਾਡੇ ਸੂਬੇ ਵਿਚ ਕਣਕ ਤੇ ਚਾਵਲ ਜ਼ਿਆਦਾ ਪੈਦਾ ਹੋ ਰਿਹਾ ਹੈ ਅਤੇ ਹੁਣ ਹੋਰ ਵੀ ਸੂਬੇ ਕਣਕ ਦੀ ਕਾਸ਼ਤ ਕਰਨ ਲਗ ਪਏ ਹਨ। ਇਸ ਲਈ ਮੈਂ ਇਹ ਸੁਝਾਵ ਦੇਵਾਂਗਾ ਕਿ ਸਾਨੂੰ ਕੈਸ਼ ਕਰਾਪ ਬੀਜਣ ਵਲ ਧਿਆਨ ਮੋੜਨਾ ਚਾਹੀਦਾ ਹੈ ਤਾਂ ਜੋ ਪੰਜਾਬ ਦਾ ਕਿਸਾਨ ਆਸੂਦਾ ਹਾਲ ਹੋ ਜਾਵੇ।

ਇਸ ਦੇ ਨਾਲ ਹੀ ਮੈਂ ਪੋਲਟਰੀ ਫਾਰਮਿੰਗ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਜੇਕਰ ਸਰਕਾਰ ਇਸ ਪਾਸੇ ਧਿਆਨ ਨਾ ਦੇਵੇਗੀ ਤਾਂ ਇਹ ਘਾਟੇ ਵਿਚ ਚਲਾ ਜਾਵੇਗਾ ਇਸ ਵਕਤ ਭਾ ਅੰਡੇ ਦਾ ਬਹੁਤ ਡਿਗ ਗਿਆ ਹੈ। ਪੰਜਾਬ ਵਿਚ ਤਾਂ ਅੰਡੇ ਦੀ ਬਹੁਤੀ ਖਪਤ ਨਹੀਂ। ਦਿਲੀ ਵਿਚ ਖਪਤ ਹੈ ਪਰ ਦਿਲੀ ਦਾ ਭਾ 14-15 ਰੁਪਏ ਸੈਂਕੜਾ ਹੈ। ਇਸ ਲਈ ਜਿਹੜੇ ਪੋਲਟਰੀ ਫਾਰਮਿੰਗ ਕਰ ਰਹੇ ਹਨ ਉਨ੍ਹਾਂ ਨੂੰ ਬਚਣਾ ਬਹੁਤ ਮੁਸ਼ਕਲ ਹੋ ਜਾਵੇਗਾ। ਇਸ ਪਾਸੇ ਤਵੱਜੋ ਦੇਣ ਦੀ ਲੋੜ ਹੈ।

ਲੈਂਡ ਰਿਫਾਰਮਜ਼ ਦੇ ਬਾਰੇ ਵਿਚ ਚਰਚਾ ਕੀਤੀ ਗਈ ਹੈ ਇਹ ਠੀਕ ਹੈ ਕਿ ਪੈਪਸੂ ਅਤੇ ਪੰਜਾਬ ਦੇ ਟੈਂਨੇਸੀ ਲਾਜ਼ ਨੂੰ ਇਕੱਠਾ ਕਰਨ ਦਾ ਵਿਚਾਰ ਹੈ ਇਹ ਠੀਕ ਵਿਚਾਰ ਹੈ ਪਰ ਇਸ ਦੇ ਨਾਲ ਹੀ ਜਿਹੜੀਆਂ ਐਗਜ਼ਪਸ਼ਨਜ਼ ਮੈਕਾਨਾਇਜ਼ਡ ਫਾਰਮਜ਼ ਨੂੰ ਅਤੇ ਗਾਰਡਨਜ਼ ਨੂੰ ਦਿਤੀਆਂ ਹੋਈਆਂ ਹਨ ਇਹ ਖਤਮ ਕਰਨ ਦੀ ਲੋੜ ਹੈ ਅਤੇ ਇਹ ਵੀ ਠੀਕ ਹੈ ਕਿ ਅਰਬਨ ਪਰਾਪਰਟੀ ਤੇ ਸੀਲਿੰਗ ਲਾਣੀ ਚਾਹੀਦੀ ਹੈ ਲੇਕਿਨ ਰੂਰਲ ਰਿਚ ਅਤੇ ਅਰਬਨ ਰਿਚ ਦਾ ਕੋਈ ਮੁਕਾਬਲਾ ਨਹੀਂ। ਰੂਰਲ ਰਿਚ ਤਾਂ ਹੁਣ ਹੈ ਨਹੀਂ ਕਿਉਂਕਿ ਜ਼ਮੀਨ ਤਾਂ ਵੰਡੀ ਗਈ ਹੈ ਪਰ ਅਰਬਨ ਰਿਚ ਪਾਸ ਕੁਝ ਹੈ, ਇਸ ਪਾਸ ਰੁਪਿਆ ਵੀ ਹੈ ਜਾਇਦਾਦ ਵੀ ਹੈ ਇਸ ਤੇ ਕਿਸ ਤਰ੍ਹਾਂ ਸੀਲਿੰਗ ਲਗਾਈ ਜਾਣੀ ਹੈ, ਇਨ੍ਹਾਂ ਦੋਹਾਂ ਨੂੰ ਸਰਕਾਰ ਨੇ ਨਿਖੇੜਨਾ ਹੈ।

ਮੈਂ ਤਾਂ ਕਹਾਂਗਾ ਕਿ ਚੀਫ਼ ਮਨਿਸਟਰ ਸਾਹਿਬ ਪ੍ਰਧਾਨ ਮੰਤਰੀ ਦੇ ਨਾਲ ਗੱਲ ਕਰਨ। ਇਕ ਪਾਸੇ ਤਾਂ ਗਰੀਬਾਂ ਨੂੰ ਰੋਟੀ ਖਾਣ ਨੂੰ ਨਹੀਂ ਮਿਲਦੀ, ਹਰੀਜਨਾਂ ਨੂੰ ਕਪੜਾ ਤੱਕ ਪਹਿਨਣ ਨੂੰ ਨਹੀਂ ਮਿਲਦਾ, ਕਿਧਰੇ ਬਚਿਆਂ ਨੂੰ ਕਪੜਾ ਪਾਉਣ ਨੂੰ ਇਨ੍ਹਾਂ ਗਰੀਬਾਂ ਨੂੰ ਨਹੀਂ ਜੁੜਦਾ। ਪਰ ਕੁਝ ਲੋਕਾਂ ਪਾਸ ਇਤਨਾ ਸੋਨਾ ਹੈ ਕਿ ਉਹ ਬਾਹਾਂ ਵਿਚ, ਕੰਨਾਂ ਵਿਚ ਅਤੇ ਗਲੇ ਵਿਚ ਸੋਨਾ ਹੀ ਮੜ੍ਹੀ ਫਿਰਦੇ ਹਨ। ਉਹ ਜ਼ੇਵਰ ਸਵੇਰੇ ਕੁਝ ਪਾਉਂਦੇ ਹਨ, ਦੁਪਿਹਰ ਨੂੰ ਕੁਝ ਅਤੇ ਸ਼ਾਮ ਨੂੰ ਕੁਝ ਪਾਉਂਦੇ ਹਨ। ਇਹ ਵੇਹਲੜ ਜ਼ਨਾਨੀਆਂ ਨੂੰ ਇਸ ਤੋਂ ਸਿਵਾਏ ਹੋਰ ਕੋਈ ਕੰਮ ਹੀ ਨਹੀਂ ਹੈ। ਇਨ੍ਹਾਂ ਲੋਕਾਂ ਦੇ ਜੇ ਬੈਂਕਾਂ ਦੇ ਵਿਚ ਜਾਕੇ ਲਾਕਰ ਵੇਖੋ ਤਾਂ ਸੋਨੇ ਅਤੇ ਰੁਪਿਆ ਦੇ ਹੀ ਭਰੇ ਪਏ ਹਨ। ਮੈਂ, ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੂੰ ਤੁਹਾਡੀ ਵਸਾਤਤ ਨਾਲ ਅਰਜ਼ ਕਰਾਂਗਾ ਕਿ ਉਹ ਇਸ ਤਰ੍ਹਾਂ ਦਾ ਕੋਈ ਕਾਨੂੰਨ ਬਨਾਉਣ ਕਿ ਇਕ ਖਾਸ ਤਾਰੀਖ ਤੱਕ ਹਰ ਕੋਈ ਆਦਮੀ ਇਸ ਤਰ੍ਹਾਂ ਦਾ ਲਾਈਸੈਂਸ ਹਾਸਲ ਕਰੇ ਕਿ ਉਸ ਪਾਸ ਕਿਤਨਾ ਕਿਤਨਾ ਸੋਨਾ ਹੈ ਅਤੇ ਕਿਤਨਾ ਰੁਪਿਆ ਪੈਸਾ ਹੈ ਤਾਂ ਜੋ ਸਾਰੀ ਦੌਲਤ ਸਾਹਮਣੇ ਆ ਜਾਏ। ਇਕ ਪਾਸੇ ਇਤਨੀ ਅਮੀਰੀ ਹੈ ਅਤੇ ਦੂਸਰੇ ਪਾਸੇ ਇਤਨੀ ਗਰੀਬੀ ਬੜ੍ਹੀ ਹੋਈ ਹੈ। ਇਸ ਲਈ ਮੈਂ ਚੀਫ ਮਨਿਸਟਰ ਸਾਹਿਬ ਨੂੰ ਅਰਜ਼ ਕਰਾਂਗਾ ਕਿ ਉਹ ਮੇਰੀ ਇਸ ਗਲ ਵਲ ਖਾਸ ਤਵੱਜੋ ਦੇਣਗੇ। (ਇਕ ਮਾਨਯੋਗ ਮੈਂਬਰ: ਬਾਜਵਾ ਸਾਹਿਬ ਨੂੰ ਕਹੋ ਕਿ ਉਹ ਲਾਈਸੈਂਸ ਬਣਾ ਲੈਣ) ਡਿਪਟੀ ਸਪੀਕਰ ਸਾਹਿਬ, ਆਖਰੀ ਪੁਆਇੰਟ ਇਕ ਇੰਡਸਟਰੀ ਦਾ ਹੈ ਜਿਸ ਤੇ ਮੈਂ ਕੁਝ ਅਰਜ਼ ਕਰਾਂਗਾ ਕਿਉਂਕਿ ਹੁਣ ਮੇਰੇ ਤੋਂ ਬਾਅਦ ਮੇਰੇ ਵੀਰ ਨੇ, ਜਿਹੜੇ ਕਿ ਇਕ ਪੁਰਾਣੇ ਪਾਰਲੀਮੈਂਟੇਰੀਅਨ ਹਨ ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ ਮੇਰੀ ਇਸ ਮੋਸ਼ਨ ਨੂੰ ਸੈਕੰਡ ਕਰਨਾ ਹੈ। ਮੈਂ ਇਹ ਅਰਜ਼ ਕਰਨੀ ਹੈ ਕਿ ਪੰਜਾਬ ਦੇ ਵਿਚ ਇਸ ਵੇਲੇ ਕੋਈ ਹੈਵੀ ਇੰਡਸਟਰੀ ਨਹੀਂ ਹੈ। ਰਾਜਪਾਲ ਜੀ ਦੇ ਆਪਣੇ ਭਾਸ਼ਨ ਦੇ ਵਿਚ ਦੋ ਇੰਡਸਟਰੀਜ਼ ਦਾ ਜ਼ਿਕਰ ਕੀਤਾ ਹੈ, ਇਕ ਤਾਂ ਹੈ ਡਰਾਈ ਬੈਟਰੀ ਸੈਲਜ਼ ਦੀ ਅਤੇ ਦੂਸਰੀ ਹੈ ਸਟੀਲ ਬਿਲਟਸ ਦੀ। ਪਰ ਇਹ ਵੀ ਕੋਈ ਹੈਵੀ ਇੰਡਸਟਰੀ ਦੇ ਵਿਚ

ਨਹੀਂ ਆਉਂਦੀਆਂ। ਛੋਟੀਆਂ ਇੰਡਸਟਰੀਜ਼ ਦੇ ਨਾਲ ਕੋਈ ਕਮੀ ਪੂਰੀ ਨਹੀਂ ਹੋ ਸਕਦੀ । ਪਿਛਲੇ ਸਾਲ ਪੰਜਾਬ ਸਰਕਾਰ ਨੂੰ ਹੈਵੀ ਇੰਡਸਟਰੀ ਦੇ ਲਾਈਸੈਂਸ ਮਿਲੇ ਪਰ ਇਨ੍ਹਾਂ ਅਕਾਲੀ ਵੀਰਾਂ ਨੇ ਆਪਸੀ ਲੜਾਈ ਝਗੜੇ ਵਿਚ ਸਮਾਂ ਗੁਜ਼ਾਰ ਦਿੱਤਾ, ਜਿਸ ਦਾ ਨਤੀਜਾ ਇਹ ਹੋਇਆ ਕਿ ਇਕ ਵੀ ਲਾਇਸੈਂਸ ਦਾ ਫਾਇਦਾ ਨਹੀਂ ਉਠਾਇਆ ਜਾ ਸਕਿਆ। (ਇਕ ਮਾਨਯੋਗ ਮੈਂਬਰ: ਸਾਨੂੰ ਜਾਂਚ ਨਹੀਂ ਆਈ ਸੌਦਾ ਕਰਨ ਦੀ) ਤੁਹਾਨੂੰ ਜਾਂਚ ਨਹੀਂ ਆਈ ਜਾਂ ਸੌਦਾ ਹੀ ਤੋੜ ਨਹੀਂ ਚੜ੍ਹਿਆ। (ਹਾਸਾ) ਮੇਰਾ ਕਹਿਣ ਦਾ ਮਤਲਬ ਹੈ ਕਿ ਇਨ੍ਹਾਂ ਨੇ ਕਸਮ ਪਾਈ ਹੋਈ ਸੀ ਕਿ ਭਾਵੇਂ ਚੋਰ ਲੈ ਜਾਣ ਇਥੇ ਇੰਡਸਟਰੀ ਲਗਣ ਨਹੀਂ ਦੇਣੀ। ਇਨਾਂ ਨੇ ਪੰਜਾਬ ਦੇ ਨਾਲ ਜ਼ੁਲਮ ਕੀਤਾ ਪੰਜ਼ਾਬ ਦਾ ਇੰਡਸਟਰੀ ਦੇ ਖੇਤਰ ਵਿਚ ਬਹੁਤ ਜ਼ਿਆਦਾ ਨੁਕਸਾਨ ਕੀਤਾ। ਮੈਂ ਮੌਜੂਦਾ ਸਰਕਾਰ ਤੋਂ ਆਸ ਕਰਦਾ ਹਾਂ ਕਿ ਉਹ ਇਸ ਪਾਸੇ ਛੇਤੀ ਧਿਆਨ ਦੇਂਦੀ ਹੋਈ ਹੈਵੀ ਇੰਡਸਟਰੀ ਦਾ ਕੋਈ ਨਾ ਕੋਈ ਪ੍ਰਬੰਧ ਕਰੇਗੀ ।

ਇਕ ਗੱਲ ਹੋਰ ਮੈਂ ਅਰਜ਼ ਕਰਾਂ ਕਿ ਜਿਹੜੀ ਲੇਬਰ ਇਸ ਵੇਲੇ ਮਿਟੀ ਚੁਕਦੀ ਹੈ ਅਤੇ ਸੜਕਾਂ ਤੇ ਕੰਮ ਕਰਦੀ ਹੈ ਇਸ ਨੂੰ ਦਿਹਾੜੀ ਦੇ ਸਿਰਫ 4 ਰੁਪਏ ਮਿਲਦੇ ਹਨ, ਜਿਹੜੇ ਕਿ ਬਹੁਤ ਹੀ ਥੋੜੇ ਹਨ ਇਹ ਵਧਾ ਕੇ 5 ਰੁਪਏ ਕਰ ਦਿੱਤੇ ਜਾਣੇ ਚਾਹੀਦੇ ਹਨ ਕਿਉਂਕਿ ਅਜ ਕਲ ਮਹਿੰਗਾਈ ਦਾ ਜ਼ਮਾਨਾ ਹੈ ਇਤਨੇ ਪੈਸਿਆਂ ਵਿਚ ਕਿਸੇ ਦਾ ਗੁਜ਼ਾਰਾ ਨਹੀਂ ਹੋ ਸਕਦਾ। ਮੈਂ ਆਸ ਕਰਦਾ ਹਾਂ ਕਿ ਚੀਫ ਮਨਿਸਟਰ ਸਾਹਿਬ ਮੇਰੀਆਂ ਇਨ੍ਹਾਂ ਸਾਰੀਆਂ ਗੱਲਾਂ ਵਲ ਧਿਆਨ ਦੇਣਗੇ। ਇਨ੍ਹਾਂ ਸ਼ਬਦਾਂ ਨਾਲ ਮੈਂ ਪਿਛਲੀ ਸਰਕਾਰ ਨੂੰ ਤਾਂ ਵਧਾਈ ਕੋਈ ਦੇ ਹੀ ਨਹੀਂ ਸਕਦਾ ਕਿਉਂਕਿ ਉਨ੍ਹਾਂ ਨੇ ਕੋਈ ਕੰਮ ਨਹੀਂ ਕੀਤਾ, ਹਾਂ, ਗਵਰਨਰ ਸਾਹਿਬ ਨੂੰ ਵਧਾਈ ਦੇਂਦਾ ਹਾਂ ਜਿਨ੍ਹਾਂ ਨੇ ਪੰਜਾਬੀ ਦੇ ਵਿਚ ਇਹ ਐਡਰੈਸ ਪੜ੍ਹਿਆ । ਬਾਕੀ ਅਕਾਲੀ ਵੀਰਾਂ ਨੇ ਜੋ ਕੁਝ ਕੀਤਾ ਹੈ ਉਸ ਤੇ ਮੈਨੂੰ ਖੇਦ ਨਹੀਂ ਕਿਉਂਕਿ ਉਨ੍ਹਾਂ ਤੋਂ ਇਹੋ ਆਸ ਸੀ । ਆਖਿਰ ਵਿਚ ਮੈਂ ਗਿਆਨੀ ਜ਼ੈਲ ਸਿੰਘ ਜੀ ਨੂੰ ਅਤੇ ਉਨ੍ਹਾਂ ਦੀ ਸਰਕਾਰ ਨੂੰ ਮੁਬਾਰਕਬਾਦ ਦੇਂਦਾ ਹਾਂ ਅਤੇ ਆਸ ਕਰਦਾ ਹਾਂ ਕਿ ਉਹ ਮੁੜ ਇਸ ਸੂਬੇ ਦੀ ਤਰੱਕੀ ਲਈ ਵਧ ਤੋਂ ਵਧ ਯਤਨ ਕਰਨਗੇ ਅਤੇ ਪੰਜਾਬੀ ਸੂਬੇ ਦੀ ਸਟੇਟ ਨੂੰ ਵਧ ਤੋਂ ਵਧ ਵੈਲਫੇਅਰ ਸਟੇਟ ਬਣਾ ਦੇਣਗੇ । ਇਨ੍ਹਾਂ ਸ਼ਬਦਾਂ ਨਾਲ ਮੈਂ ਬੇਨਤੀ ਕਰਦਾ ਹਾਂ ਕਿ ਹਾਊਸ ਇਸ ਨੂੰ ਪਾਸ ਕਰੇ ।

ਅਚਾਰਿਆ ਪ੍ਰਿਥਵੀ ਸਿੰਘ ਆਜ਼ਾਦ (ਖੰਨਾ, ਐਸ. ਸੀ) : ਉਪ-ਅਧਿਕਸ਼ ਮਹੋਦਯ, ਮੈਂ ਇਸ ਪ੍ਰਸਤਾਵ ਦੀ ਪ੍ਰੋੜ੍ਹਤਾ ਕਰਨ ਲਈ ਖੜ੍ਹਾ ਹੋਇਆ ਹਾਂ ਜਿਹੜਾ ਕਿ ਮੇਰੇ ਸਤਿਕਾਰ ਯੋਗ ਮਿਤਰ ਸ੍ਰੀ ਪ੍ਰੇਮ ਸਿੰਘ ਜੀ ਨੇ ਰਾਜਪਾਲ ਮਹੋਦਯ ਦੇ ਭਾਸ਼ਨ ਦਾ ਧੰਨਵਾਦ ਕਰਨ ਲਈ ਪੇਸ਼ ਕੀਤਾ ਹੈ। ਉਪ-ਅਧਿਕਸ਼ ਮਹੋਦਯ ਰਾਜਪਾਲ ਮਹੋਦਯ ਦੇ ਭਾਸ਼ਨ ਦਾ ਸਫਾ 18 ਜੇਕਰ ਵੇਖਿਆ ਜਾਵੇ ਤਾਂ ਅਸੀਂ ਇਹ ਵੇਖਦੇ ਹਾਂ ਕਿ ਰਾਜਪਾਲ ਮਹੋਦਯ ਨੇ ਇਸ ਸਰਕਾਰ ਨੂੰ ਪੰਜਾਬ ਦਾ ਭਵਿਸ਼ ਕਿਹਾ ਹੈ, ਉਨ੍ਹਾਂ ਨੇ ਇਕ ਸੰਕੇਤ ਇਹ ਵੀ ਦਿੱਤਾ ਹੈ ਇਸ ਸਰਕਾਰ ਦਾ ਸਮਾਜਵਾਦ ਲਿਆਉਣ ਲਈ ਅਤੇ ਇਕ ਨਵੇਂ ਆਸ਼ਾਵਾਦ ਲਈ ਵਿਚਾਰ ਹੈ, ਜਿਸ ਦੇ ਅੰਦਰ ਸਮਾਜਕ ਨਿਆਏ ਅਤੇ ਸਾਮਾਨ ਉਨਤੀ ਦੇ ਅਨਕੂਲ ਆਰਥਕ ਪ੍ਰਗਤੀ ਹੋਣੀ ਹੈ । ਪ੍ਰਧਾਨ ਮੰਤਰੀ ਦੁਆਰਾ ਦਿੱਤਾ ਗਿਆ ਗਰੀਬੀ ਹਟਾਓ ਦਾ ਨਾਹਰਾ ਅਜ ਸਾਡੇ ਸਾਹਮਣੇ ਹੈ । ਵਿਕਾਸ ਅਤੇ ਆਰਥਕ ਉਨਤੀ ਦੀ ਥਾਂ ਆਪੋ ਆਪਣੇ ਧੜਿਆਂ ਨੂੰ ਜੋ ਫਾਇਦਾ ਪਹੁੰਚਾਉਂਦੇ ਰਹੇ ਸਰਕਾਰ ਨੇ ਇਸ ਨਾਬਰਾਬਰੀ ਨੂੰ ਖਤਮ ਕਰਨ ਅਤੇ ਸੁਧਾਰ ਦਾ ਭਵਿਖ ਉਚੇਰਾ ਕਰਨ ਦਾ ਤਹੀਆ ਕਰ ਲਿਆ ਹੈ। ਆਉਣ ਵਾਲੇ ਦਿਨਾਂ ਵਿਚ ਮੇਰੀ ਸਰਕਾਰ ਨੇ ਇਨ੍ਹਾਂ ਆਸ਼ਾਵਾਂ ਨੂੰ ਅਮਲੀ ਰੂਪ ਦੇਣ ਲਈ ਲੋੜੀਂਦਿਆਂ ਨਤੀਜਿਆਂ ਲਈ ਜੋ ਪ੍ਰੋਗਰਾਮ ਬਣਾਇਆ ਹੈ ਉਹੀ ਪ੍ਰੋਗਰਾਮ ਹੈ ਜੋ ਰਾਜਪਾਲ ਮਹੋਦਯ ਨੇ ਇਸ ਸਰਕਾਰ ਲਈ ਦਿੱਤਾ ਹੈ। ਇਹ ਇਕ ਅਜਿਹਾ ਪ੍ਰੋਗਰਾਮ ਹੈ ਜਿਹੜਾ ਨਵੇਂ ਪੰਜਾਬ ਦਾ ਸਚੇ ਅਰਥਾਂ ਵਿਚ ਨਵਾਂ ਨਕਸ਼ਾ ਬਣਾ ਸਕਦਾ ਹੈ। ਪਰ ਸਵਾਲ ਇਹ ਹੈ ਕਿ ਜਿਸ ਸਮਾਜਵਾਦ ਵਲ ਰਾਜਪਾਲ ਮਹੋਦਯ ਨੇ ਸੰਕੇਤ ਕੀਤਾ ਹੈ ਇਹ ਸਮਾਜਵਾਦ ਕਿਹੜਾ ਹੋਵੇਗਾ ਇਹ ਸਮਾਜ ਵਾਦ ਆਇਆ ਕਾਰਲ-ਮਾਰਕਸ ਦਾ ਹੈ ਜਾਂ ਇਹ ਗਾਂਧੀ ਜੀ ਦਾ ਸਮਾਜਵਾਦ ਹੈ ਅਜ ਅਸੀਂ ਇਹ ਨਿਸਚਾ ਕਰ ਲਿਆ ਹੈ ਕਿ ਅਸੀਂ ਇਸ ਦੇਸ਼ ਵਿਚ

[ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ]

ਕਿਹੜਾ ਸਮਾਜਵਾਦ ਕਾਇਮ ਕਰਨਾ ਹੈ। ਜਦੋਂ ਤੱਕ ਇਹ ਸਮਾਜਵਾਦ ਦਾ ਨਕਸ਼ਾ ਅਧੂਰਾ ਰਹੇਗਾ ਜਾਂ ਦੂਸਰੇ ਲਫ਼ਜ਼ਾਂ ਵਿਚ ਇਹ ਕਿ ਅਸੀਂ ਸਮਾਜਵਾਦ ਨੂੰ ਕਾਇਮ ਕਰਨ ਵਾਸਤੇ ਇਸ ਸਰਕਾਰ ਨੂੰ ਨਹੀਂ ਚਲਾਉਂਦੇ ,ਸਰਕਾਰ ਦਾ ਹਥ ਨਹੀਂ ਵਟਾਉਂਦੇ ਸਮਾਜਵਾਦ ਦੀਆਂ ਨੀਤੀਆਂ ਨੂੰ ਅਪਨਾਉਣ ਵਾਸਤੇ, ਸਮਾਜਵਾਦ ਦੀਆਂ ਨੀਤੀਆਂ ਉਤੇ ਚਲਣ ਵਾਸਤੇ ਅਤੇ ਸਮਾਜਵਾਦ ਦੀਆਂ ਨੀਤੀਆਂ ਉਤੇ ਨਿਸ਼ਚਾ ਜਮਾਉਣ ਵਾਸਤੇ ਅਸੀਂ ਆਪਣੇ ਆਪ ਨੂੰ ਤਿਆਰ ਨਹੀਂ ਕਰ ਲੈਂਦੇ ਉਦੋਂ ਤੱਕ ਕਦਾਚਿਤ ਵੀ ਸਮਾਜਵਾਦ ਨਹੀਂ ਆ ਸਕਦਾ। ਮੇਰਾ ਕਹਿਣ ਦਾ ਮਤਲਬ ਇਹ ਹੈ ਕਿ ਆਖਿਰ ਪੰਜਾਬ ਦਾ ਹੁਣ ਤੱਕ ਸਮਾਜਵਾਦ ਦੇ ਆਧਾਰਾਂ ਤੇ ਕੋਈ ਭੀ ਨਕਸ਼ਾ ਕਿਉਂ ਕਾਇਮ ਨਹੀਂ ਹੋਇਆ ? ਇਸ ਦੀ ਵਜ੍ਹਾ ਇਹ ਹੈ ਕਿ ਅੱਜ ਤੱਕ ਦੀਆਂ ਸਰਕਾਰਾਂ ਦਾ ਇਹ ਪ੍ਰੋਗਰਾਮ ਨਹੀਂ ਸੀ ਕਿ ਇਨ੍ਹਾਂ ਨੇ ਸਮਾਜਵਾਦ ਦੀਆਂ ਨੀਤੀਆਂ ਨੂੰ ਲਾਗੂ ਕਰਨਾ ਹੈ। ਪਰ ਮੈਂ ਹੁਣ ਇਹ ਗਲ ਕਹਿ ਸਕਦਾ ਹਾਂ ਕਿ ਸਤਿਕਾਰਯੋਗ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਦਾ ਇਹ ਪ੍ਰੋਗਰਾਮ ਹੈ ਕਿ ਉਨ੍ਹਾਂ ਨੇ ਸਮਾਜਵਾਦ ਕਾਇਮ ਕਰਨਾ ਹੈ ਅਤੇ ਹੁਣ ਇਹ ਸਮਾਜਵਾਦ ਦੀ ਹਵਾ ਰੁਕ ਨਹੀਂ ਸਕਦੀ। ਇਸ ਵਾਸਤੇ ਮੈਂ ਪਹਿਲਾਂ ਅਰਜ਼ ਇਹ ਕਰਨੀ ਚਾਹੁੰਦਾ ਹਾਂ ਕਿ ਜਿਸ ਪ੍ਰੋਗਰਾਮ ਵਾਸਤੇ ਜਿਸ ਪਾਲਿਸੀ ਦੇ ਵਾਸਤੇ ਅਸੀਂ ਵਚਨ ਬੱਧ ਹਾਂ ਉਹ ਪ੍ਰੋਗਰਾਮ ਤਦ ਹੀ ਪੂਰਾ ਹੋ ਸਕਦਾ ਹੈ ਜੇ ਇਹ ਸਰਕਾਰ ਸਮਾਜਵਾਦ ਦੇ ਸਿਧਾਂਤਾਂ ਨੂੰ ਅਪਣਾਏਗੀ। ਹਿਰਦਾ ਪ੍ਰੀਵਰਤਨ ਕਰਨ ਵਾਸਤੇ ਸਮਾਜਵਾਦ ਕੋਈ ਸਿਧਾਂਤ ਨਹੀ ਬਣਾ ਸਕਦਾ। ਇਸ ਦੇ ਨਾਲ ਹੀ ਮੈਂ ਅਰਜ਼ ਕਰਾਂ ਕਿ ਸਮਾਜਵਾਦ ਕੇਵਲ ਇਕ ਸ਼ਬਦ ਨਹੀਂ ਹੈ ਪਰ ਇਹ ਇਕ ਅਜਿਹਾ ਸਿਧਾਂਤ ਹੈ ਜਿਸ ਸਿਧਾਂਤ ਅਨੁਸਾਰ ਸਰਕਾਰ ਨੇ ਇਹ ਫੈਸਲਾ ਕਰਨਾ ਹੈ ਕਿ ਪੰਜਾਬ ਵਿਚ ਇਕ ਹਦ ਤੋਂ ਬਾਅਦ ਹਲ ਵਾਹੁਣ ਵਾਲਿਆਂ ਪਾਸ ਜ਼ਮੀਨਾਂ ਰਹਿੰਦੀਆਂ ਹਨ ਜਾਂ ਉਹ ਵਿਹਲੜਾਂ ਪਾਸ ਰਹਿੰਦੀਆਂ ਹਨ।

ਪੰਜਾਬ ਦੇ ਵਿਚ ਜੋ ਇੰਡਸਟਰੀ ਹੈ ਕੀ ਉਹ ਇੰਡਸਟਰੀ ਉਨ੍ਹਾਂ ਲੋਕਾਂ ਦੇ ਪਾਸ ਜਾਵੇ ਜੋ ਕੰਮ ਕਰਦੇ ਹਨ ਜਾਂ ਉਨ੍ਹਾਂ ਲੋਕਾਂ ਦੇ ਪਾਸ ਹੀ ਰਹਿਣੀ ਚਾਹੀਦੀ ਹੈ ਜੋ ਕਿ ਕੁਰਸੀਆਂ ਤੇ ਬੈਠੇ ਕੇਵਲ ਹੁਕਮ ਹੀ ਚਲਾਂਦੇ ਹਨ। ਪੰਜਾਬ ਦੇ ਵਿਚ ਟ੍ਰਾਂਸਪੋਰਟ ਹੈ, ਪੰਜਾਬ ਦੇ ਵਿਚ ਸਿਨਮੇ ਹਨ, ਪੰਜਾਬ ਦੇ ਵਿਚ ਕੋਲਡ ਸਟੋਰੇਜ਼ ਹਨ (ਵਿਘਨ) ਵਾਹਿਗੁਰੂ ਤੁਹਾਨੂੰ ਸਲਾਮਤ ਰਖੇ, ਉਹ ਵੀ ਢਹਿ ਜਾਣੇ ਹਨ। (ਹਾਸਾ) (ਵਿਘਨ) ਉਪਾਧਕਸ਼ ਮਹੋਦਯ, ਜਦੋ ਤਕ ਇਹ ਸਾਰੀਆਂ ਚੀਜ਼ਾਂ ਨੈਸ਼ਨੇਲਾਈਜ਼ ਨਹੀਂ ਕੀਤੀਆਂ ਜਾਂਦੀਆਂ, ਜੋ ਵੀ ਸਮਾਜਵਾਦ ਲਿਆਉਣ ਦੀ ਕੋਸ਼ਿਸ਼ ਕੀਤੀ ਜਾਵੇਗੀ ਉਹ ਸਮਾਜਵਾਦ ਲੰਗੜਾ ਹੋਵੇਗਾ, ਉਹ ਸਮਾਜਵਾਦ ਅਧੂਰਾ ਹੋਵੇਗਾ, ਉਸ ਦਾ ਨਾ ਕੋਈ ਫਾਇਦਾ ਹੋਵੇਗਾ ਅਤੇ ਨਾ ਹੀ ਇਨ੍ਹਾਂ ਨੂੰ ਇਹ ਦਾਵਾ ਹੀ ਕਰਨਾ ਚਾਹੀਦਾ ਹੈ ਕਿ ਇਹ ਸਰਕਾਰ ਸਮਾਜਵਾਦ ਕਾਇਮ ਕਰੇਗੀ। ਸਮਾਜਵਾਦ ਦਾ ਅਰਥ ਇਹ ਹੈ ਕਿ ਸਮਾਜ ਦੇ ਅੰਤਮ ਵਿਅਕਤੀ ਤਕ, ਜਿਹੜਾ ਕਿ ਸਮਾਜ ਦਾ ਹਿੱਸੇਦਾਰ ਹੈ, ਉਸ ਦੀਆਂ ਸਾਰੀਆਂ ਲੋੜਾਂ ਪੂਰੀਆਂ ਕੀਤੀਆਂ ਜਾਣ। ਜਦੋਂ ਤਕ ਸਮਾਜ ਦੇ ਅੰਤਮ ਵਿਅਕਤੀ ਦੀਆਂ ਲੋੜਾਂ ਨੂੰ ਪੂਰਾ ਕਰਨ ਦੀ ਕਸ਼ਮਤਾ ਸਾਡੀ ਸਰਕਾਰ ਵਿਚ ਨਹੀਂ ਆਉਂਦੀ ਤਦ ਤਕ ਸਮਾਜਵਾਦ ਵੀ ਨਹੀਂ ਆ ਸਕਦਾ। ਇਸ ਲਈ ਉਪਾਧਕਸ਼ ਮਹੋਦਯ, ਮੈਂ ਤੁਹਾਡੇ ਰਾਹੀਂ ਆਪਣੀ ਸਰਕਾਰ ਨੂੰ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਦਾ ਦਿਤਾ ਵਚਨ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਸਮਾਜ ਦੀ ਅਰਥ-ਵਿਵਸਥਾ ਤਦ ਤਕ ਠੀਕ ਨਹੀਂ ਹੋ ਸਕਦੀ ਜਦੋਂ ਤਕ ਕਿ ਸਮਾਜਕ ਨਿਆਏ ਪ੍ਰਤੀਏਕ ਵਿਅਕਤੀ ਨੂੰ ਨਹੀਂ ਮਿਲਦਾ। ਜਦੋ ਤਕ ਸਮਾਜਕ ਨਿਆਏ, ਆਰਥਿਕ ਨਿਆਏ ਸਾਰਿਆਂ ਨੂੰ ਨਹੀਂ ਮਿਲਦਾ ਤਦ ਤਕ ਦੇਸ਼ ਵਿਚ ਬਰਾਬਰੀ ਨਹੀਂ ਆ ਸਕਦੀ। ਜਦੋਂ ਤਕ ਬਰਾਬਰੀ ਨਾ ਆਵੇ ਤਦ ਤਕ ਸਮਾਜਵਾਦ ਨਹੀਂ ਆ ਸਕਦਾ। ਇਸ ਵਾਸਤੇ ਜੇ ਸਮਾਜਵਾਦ ਲਿਆਉਣਾ ਹੈ, ਜਿਸ ਸਮਾਜਵਾਦ ਨੂੰ ਲਿਆਉਣ ਵਾਸਤੇ ਸਾਡੀ ਨੇਤਾ ਸ਼੍ਰੀਮਤੀ ਇੰਦਰਾ ਗਾਂਧੀ ਵਚਨ-ਬੱਧ ਹੈ, ਜਿਸ ਸਮਾਜਵਾਦ ਨੂੰ ਲਿਆਉਣ ਵਾਸਤੇ ਸਾਡੀ ਪਾਰਟੀ ਦਾ ਨੇਤਾ, ਇਸ ਸਦਨ ਦਾ ਨੇਤਾ ਵਚਨ-ਬੱਧ ਹੈ, ਉਹ

ਸਮਾਜਵਾਦ ਤਦ ਹੀ ਆ ਸਕਦਾ ਹੈ, ਜੇ ਉਸ ਨੂੰ ਲਿਆਉਣ ਲਈ ਸਾਰੇ ਰਲ ਕੇ ਪ੍ਰਯਤਨ ਕਰੀਏ । ਸਾਨੂੰ ਇਸ ਪੰਜਾਬ ਵਿਚੋਂ ਉਹ ਸਾਰੀਆਂ ਕਮਜ਼ੋਰੀਆਂ, ਸਾਰੀਆਂ ਤਰੁਟੀਆਂ ਦੂਰ ਕਰਨੀਆਂ ਪੈਣਗੀਆਂ ਜਿਹੜੀਆਂ ਕਿ ਸਮਾਜਵਾਦ ਲਿਆਉਣ ਦੇ ਰਾਹ ਵਿਚ ਰੁਕਾਵਟ ਹਨ । ਰਾਜਪਾਲ ਮਹੋਦਯ ਨੇ ਆਪਣੇ ਭਾਸ਼ਨ ਦੇ ਸਫ਼ਾ 14 ਤੇ ਸੰਕੇਤ ਕਰਦੇ ਹੋਏ ਕਿਹਾ ਹੈ ਕਿ :

> "ਸਰਕਾਰ ਰਾਜ ਵਿਚ ਜ਼ਮੀਨਾਂ ਸਬੰਧੀ ਸੁਧਾਰਾਂ ਨੂੰ ਮੁਕੰਮਲ ਕਰਨ ਵੱਲ ਵਿਸ਼ੇਸ਼ ਧਿਆਨ ਦੇਵੇਗੀ । ਸਾਰੇ ਰਾਜ ਲਈ ਮੁਜ਼ਾਰਾਦਾਰੀ ਕਾਨੂੰਨ ਇਕਸਾਰ ਕੀਤੇ ਜਾਣਗੇ । ਸਾਰੀਆਂ ਖ਼ਾਮੀਆਂ ਦੂਰ ਕੀਤੀਆਂ ਜਾਣਗੀਆਂ ਅਤੇ ਛੋਟਾਂ ਖ਼ਤਮ ਕੀਤੀਆਂ ਜਾਣ-ਗੀਆਂ। ਵੱਧ ਤੋਂ ਵੱਧ ਜ਼ਮੀਨ ਦੀ ਹੱਦ ਨਿਸ਼ਚਿਤ ਕਰਨ ਦੇ ਮਨੋਰਥ ਲਈ ਪਰਵਾਰ ਨੂੰ ਇਕ ਇਕਾਈ ਸਮਝਿਆ ਜਾਵੇਗਾ । ਸਰਕਾਰ ਸਾਰੇ ਮੁਜ਼ਾਰਾਦਾਰੀ ਕਾਨੂੰਨਾਂ ਦੀ ਪਾਲਨਾ ਨੂੰ ਯਕੀਨੀ ਬਣਾਵੇਗੀ। ਸ਼ਹਿਰੀ ਜਾਇਦਾਦ ਦੀ ਵੀ ਯੋਗ ਹਦ ਨਿਸ਼-ਚਿਤ ਕੀਤੀ ਜਾਵੇਗੀ ।"

ਉਪਾਧਕਸ਼ ਮਹੋਦਯ, ਇਹ ਉਹ ਕਦਮ ਹਨ ਜਿਨ੍ਹਾਂ ਨੂੰ ਉਠਾਉਣ ਦੀ ਪ੍ਰਤਗਿਆ ਇਸ ਸਰਕਾਰ ਨੇ ਰਾਜਪਾਲ ਦੇ ਭਾਸ਼ਨ ਦੁਆਰਾ ਲਈ ਹੈ । ਅਜ ਹਾਊਸ ਦੇ ਸਾਹਮਣੇ ਇਕ ਸਵਾਲ ਆਇਆ ਸੀ । ਉਹ ਸਵਾਲ ਬੜਾ ਸਿਧਾ ਤੇ ਸਾਧਾ ਸੀ ਕਿ ਜਿਨ੍ਹਾਂ ਗਾਰਡਨ ਕਲੋਨੀਆਂ ਦੀਆਂ ਜ਼ਮੀਨਾਂ ਨੂੰ ਛੋਟ ਦਿਤੀ ਗਈ ਸੀ ਜੇ ਉਨ੍ਹਾਂ ਜ਼ਮੀਨਾਂ ਤੇ ਬਾਗ ਨਹੀਂ ਲਗਾਏ ਗਏ ਤਾਂ ਕੀ ਉਨ੍ਹਾਂ ਜ਼ਮੀਨਾਂ ਨੂੰ ਹੁਣੇ ਸਰਪਲਸ ਕਰਾਰ ਦਿਤਾ ਜਾਵੇਗਾ। ਉਪਾਧਕਸ਼ ਮਹੋਦਯ, ਜਦੋਂ ਇਨ੍ਹਾਂ ਗਾਰਡਨ ਕਲੋਨੀਆਂ ਨੂੰ ਛੋਟ ਦੇਣ ਦਾ ਫੈਸਲਾ ਕੀਤਾ ਗਿਆ ਸੀ ਤਾਂ ਮੈਂ ਵੀ ਉਸ ਸਰਕਾਰ ਦੇ ਵਿਚ ਸ਼ਾਮਲ ਸੀ । ਇਸ ਲਈ ਮੈਨੂੰ ਪਤਾ ਹੈ ਕਿ ਇਹ ਜੋ ਗਾਰਡਨ ਕਲੋਨੀਆਂ ਬਣਾਈਆਂ ਗਈਆਂ ਹਨ ਇਨ੍ਹਾਂ ਕਲੋਨੀਜ਼ ਥਲੇ ਜੋ ਜ਼ਮੀਨਾਂ ਆਈਆਂ ਹਨ, ਉਹ ਜ਼ਮੀਨਾਂ ਸਰਪਲੱਸ ਹਨ ਅਤੇ ਉਨ੍ਹਾਂ ਨੂੰ ਛੋਟ ਦਿਤੀ ਗਈ ਸੀ । ਉਨ੍ਹਾਂ ਨੂੰ ਇਹ ਰਿਆਇਤ ਦਿਤੀ ਗਈ ਸੀ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਜਦੋਂ ਇਹ ਸਰਕਾਰ ਵਚਨ-ਬੱਧ ਹੈ ਤਾਂ ਇਸ ਨੂੰ ਇਨ੍ਹਾਂ ਸਰ-ਪਲੱਸ ਜ਼ਮੀਨਾਂ ਲੈਣ ਤੋਂ ਸੰਕੋਚ ਕਿਉਂ ਹੈ? ਸਾਰੀਆਂ ਸਰਪਲੱਸ ਜ਼ਮੀਨਾਂ ਭਾਵੇਂ ਉਹ ਕਿਸੇ ਵੱਡੇ ਜ਼ਿਮੀਂਦਾਰ ਕੋਲ ਹਨ, ਜਾਂ ਭਾਵੇਂ ਕਿਸੇ ਵਡੇ (ਵਿਘਨ) ਸਰਕਾਰੀ ਕਰਮਚਾਰੀ ਕੋਲ ਹਨ ਭਾਵੇਂ ਕਿਸੇ ਵਜ਼ੀਰ ਪਾਸ ਹਨ, ਭਾਵੇਂ ਕਿਸੇ ਗਾਰਡਨ ਕਲੋਨੀ ਵਾਲੇ ਪਾਸ ਹਨ, ਉਨ੍ਹਾਂ ਪਾਸੋਂ ਜ਼ਮੀਨ ਲੈ ਕੇ ਉਨ੍ਹਾਂ ਨੂੰ ਜ਼ਮੀਨ ਦੇਣੀ ਚਾਹੀਦੀ ਹੈ ਜਿਨ੍ਹਾਂ ਪਾਸ ਜ਼ਮੀਨ ਨਹੀਂ ਹੈ ਜਾਂ ਜਿਹੜੇ ਹੱਥੀਂ ਵਾਹੀ ਕਰਦੇ ਹਨ । ਜਿਹੜੇ ਆਪਣੇ ਹੱਥ ਨਾਲ ਹਲ ਚਲਾਂਦੇ ਹਨ। ਇਹ ਸਮਾਜਵਾਦ ਦਾ ਰਾਹ ਹੈ ਜੇ ਇਸ ਰਾਹ ਤੇ ਚਲਣਾ ਹੈ ਤਾਂ ਟੋਟਲ ਨੈਸ਼ਨੇ-ਲਾਈਜੇਸ਼ਨ (ਵਿਘਨ) ਚੀਮਾਂ ਸਾਹਿਬ ਕਿਉਂ ਵਿਘਨ ਪਾਉਂਦੇ ਹੋ......

ਸ੍ਰੀ ਡਿਪਟੀ ਸਪੀਕਰ : ਚੇਅਰ ਨੂੰ ਐਡਰੈਸ ਕਰੋ । (Please address the Chair)

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਮੈਂ ਅਰਜ਼ ਕਰ ਰਿਹਾ ਸੀ ਕਿ ਸਮਾਜਵਾਦ ਲਿਆਉਣ ਵਿਚ ਸੰਕੋਚ ਕੀ ਹੈ। ਇਨ੍ਹਾਂ ਨੇ ਇਹ ਫੈਸਲਾ ਕੀਤਾ ਹੈ ਕਿ 30 ਸਟੈਂਡਰਡ ਏਕੜ ਤੋਂ ਵਧ ਜੋ ਵੀ ਜ਼ਮੀਨ ਹੈ, ਉਹ ਲੈ ਲਈ ਜਾਵੇਗੀ। ਅੱਜ ਸਵਾਲ ਚਲ ਰਿਹਾ ਹੈ ਕਿ ਦੇਸ਼ ਵਿਚ ਇਸ ਜ਼ਮੀਨ ਦੀ ਹਦ ਹੋਰ ਵੀ ਘਟ ਹੋਵੇ। ਪਰ ਹੋਰ ਘਟ ਹੋਵੇ ਜਾਂ ਨਾ, ਪਰ ਇਹ ਨਿਸ਼ਚਾ ਕੀਤਾ ਜਾਵੇ ਕਿ 30 ਸਟੈਂਡਰਡ ਏਕੜ ਤੋਂ ਵਧ ਜ਼ਮੀਨ ਜੇ ਕਿਸੇ ਕੋਲ ਹੈ ਤਾਂ ਉਹ ਲੈ ਲਈ ਜਾਵੇਗੀ। ਤੇ ਉਨ੍ਹਾਂ ਲੋਕਾਂ ਵਿਚ ਤਕਸੀਮ ਕਰ ਦਿਤੀ ਜਾਵੇਗੀ ਜੋ ਹਥੀਂ ਹਲ ਵਾਹੁੰਦੇ ਹਨ। ਦੂਸਰੇ ਜਿਨ੍ਹਾਂ ਨੇ ਬਾਗ਼ ਲਗਾਉਣ ਦੇ ਬਹਾਨੇ ਜ਼ਮੀਨਾਂ ਵੱਧ ਰਖੀਆਂ ਹੋਈਆਂ ਹਨ, ਉਨ੍ਹਾਂ ਤੋਂ ਵੀ ਜ਼ਮੀਨਾਂ ਲੈ ਕੇ ਉਨ੍ਹਾਂ ਨੂੰ ਕਿਉਂ ਨਹੀਂ ਦਿੰਦੇ ਜਿਨ੍ਹਾਂ ਕੋਲ ਜ਼ਮੀਨ ਨਹੀਂ ਹੈ, ਜਾਂ ਉਸ ਜ਼ਿਮੀਂਦਾਰ ਨੂੰ ਕਿਉਂ ਨਹੀਂ ਦਿੰਦੇ ਜਿਸ ਕੋਲ 5 ਏਕੜ ਤੋਂ ਘਟ ਜ਼ਮੀਨ ਹੈ । ਮੈਂ ਅਰਜ਼ ਕਰਦਾ ਹਾਂ ਕਿ ਜਦੋਂ ਤਕ ਇਹ ਪਾਲਿਸੀ ਲਾਗੂ ਕਰਨ ਦੀ ਹਿੰਮਤ ਆਪਣੇ ਅੰਦਰ ਪੈਦਾ ਨਹੀਂ ਕਰਾਂਗੇ ਤਦੋਂ ਤਕ ਸਮਾਜਵਾਦ ਨਹੀਂ ਆ ਸਕੇਗਾ ।

ਸਰਦਾਰ ਸਤਨਾਮ ਸਿੰਘ ਬਾਜਵਾ : ਤੁਸੀਂ ਜ਼ਮੀਨਾਂ ਕਿਉਂ ਲੈਂਦੇ ਹੋ, ਕਾਰਖਾਨੇ ਕਿਉਂ ਨਹੀਂ ਲੈਂਦੇ?

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਉਪਾਧਕਸ਼ ਮਹੋਦਯ, ਇਸ ਵੇਲੇ ਦੋ ਕਾਨੂੰਨ ਜ਼ਮੀਨਾਂ ਬਾਰੇ ਹਨ। ਇਕ ਪੈਪਸੂ ਦਾ ਹੈ, ਦੂਸਰਾ ਪੰਜਾਬ ਦਾ। ਮੈਨੂੰ ਸਮਝ ਨਹੀਂ ਆਉਂਦੀ ਕਿ ਕੀ ਆਫ਼ਤ ਆ ਜਾਵੇਗੀ ਜੇ ਸਾਰੇ ਪੰਜਾਬ ਦੇ ਵਿਚ ਇਕੋ ਪੈਪਸੂ ਦਾ ਕਾਨੂੰਨ ਹੀ ਲਾਗੂ ਕਰ ਦਿਤਾ ਜਾਵੇ ? ਮੈਂ ਤੁਹਾਡੇ ਰਾਹੀਂ ਉਪਾ-ਧਕਸ਼ ਮਹੋਦਯ, ਇਹ ਪੁਛਣਾ ਚਾਹੁੰਦਾ ਹਾਂ ਕਿ ਸਾਰੇ ਪੰਜਾਬ ਵਿਚ ਇਕ ਕਾਨੂੰਨ ਲਾਗੂ ਕਰਨ ਵਿਚ ਕੀ ਮੁਸ਼ਕਲ ਹੈ ? ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਜੋ ਕੁਝ ਸਰਕਾਰ ਨੇ ਗਵਰਨਰ ਦੇ ਭਾਸ਼ਣ ਵਿਚ ਗਵਰਨਰ ਸਾਹਿਬ ਦੇ ਦੁਆਰਾ ਦਸਿਆ ਹੈ ਉਸ ਨੂੰ ਉਦੋਂ ਤਕ ਅਮਲੀ ਰੂਪ ਨਹੀਂ ਦਿਤਾ ਜਾ ਸਕਦਾ ਜਦੋਂ ਤਕ ਕਿ ਅਸੀਂ ਪ੍ਰਯਤਨ ਨਹੀਂ ਕਰਦੇ। ਜਦੋਂ ਤਕ ਅਸੀਂ ਪ੍ਰਯਤਨ ਨਹੀਂ ਕਰਦੇ ਉਦੋਂ ਤਕ ਸਮਾਜ-ਵਾਦ ਨਹੀਂ ਆ ਸਕਦਾ। ਮੇਰੇ ਮਿਤਰਾਂ ਨੇ ਜੋ ਕਿ ਸਾਹਮਣੇ ਬੈਠੇ ਹੋਏ ਹਨ ਇਹ ਕਿਹਾ ਹੈ ਕਿ ਸਮਾਜ-ਵਾਦ ਸਿਰਫ਼ ਜ਼ਮੀਨਾਂ ਲੈਣ ਦੇ ਨਾਲ ਹੀ ਨਹੀਂ ਆ ਸਕੇਗਾ ਸਗੋਂ ਸਮਾਜਵਾਦ ਲਿਆਉਣ ਲਈ ਕਾਰਖਾਨੇ ਵੀ ਨੈਸ਼ਨੇਲਾਈਜ਼ ਕੀਤੇ ਜਾਣ, ਸਮਾਜਵਾਦ ਲਿਆਉਣ ਲਈ ਸਿਨਮੇ ਵੀ ਨੈਸ਼ਨੇਲਾਈਜ਼ ਕੀਤੇ ਜਾਣ, ਸਮਾਜਵਾਦ ਲਿਆਉਣ ਲਈ ਕੋਲਡ ਸਟੋਰਜ਼ ਵੀ ਨੈਸ਼ਨੇਲਾਈਜ਼ ਕੀਤੇ ਜਾਣ। ਸ਼ਹਿਰੀ ਜਾਇਦਾਦਾਂ ਬਾਰੇ ਪ੍ਰਸਤਾਵ ਇਹ ਹਾਊਸ ਪਾਸ ਕਰ ਹੀ ਚੁੱਕਾ ਹੈ। (ਵਿਘਨ) ਸਾਡੇ ਦੋਸਤ ਕਹਿੰਦੇ ਹਨ ਕਿ ਸਾਡੀ ਸਰਕਾਰ ਨੇ ਸ਼ਹਿਰੀ ਜਾਇਦਾਦਾਂ ਦੀ ਹੱਦ ਮੁਕਰਰ ਕਰਨ ਲਈ ਜੋ ਵਾਇਦਾ ਕੀਤਾ ਸੀ ਅਸੀਂ ਉਸ ਤੋਂ ਭਜ ਗਏ ਹਾਂ। ਇਹ ਭੁਲੜ ਹਨ। ਇਹ ਸਮਝਦੇ ਹਨ ਕਿ ਇਹ ਜੋ ਸ਼ਹਿਰੀ ਜਾਇਦਾਦਾਂ ਦੀ ਸੀਲਿੰਗ ਕਰਨ ਦਾ ਅਖਿਤਿਆਰ ਸੈਂਟਰ ਨੂੰ ਦਿਤਾ ਹੈ, ਇਸ ਨਾਲ ਇਨ੍ਹਾਂ ਦੀ ਚੋਰੀ ਦਾ ਰਾਹ ਰੁਕ ਜਾਵੇਗਾ ਜੋ ਕਿ ਇਹ ਕਰਨਾ ਚਾਹੁੰਦੇ ਸੀ। (ਵਿਘਨ) ਇਨ੍ਹਾਂ ਦੀ ਚੋਰੀ ਦਾ ਰਾਹ ਰੋਕਣ ਲਈ ਹੀ ਇਹ ਅਖਤਿਆਰ ਸੈਂਟਰ ਦੀ ਸਰਕਾਰ ਨੂੰ ਦਿਤਾ ਹੈ। ਸਾਡੀ ਸਰਕਾਰ ਤੇ ਸਾਡੀ ਕਾਂਗਰਸ ਪਾਰਟੀ ਨੇ ਇਹ ਵਾਇਦਾ ਕੀਤਾ ਹੈ ਇਹ ਵਾਇਦਾ ਸਾਡੀ ਸਰਕਾਰ ਨੂੰ, ਸਾਡੀ ਪਾਰਟੀ ਨੂੰ ਪੂਰਾ ਕਰਨਾ ਚਾਹੀਦਾ ਹੈ। (ਵਿਘਨ) ਇਹ ਜੋ ਸ਼ਹਿਰੀ ਜਾਇਦਾਦਾਂ ਦੀ ਹੱਦ ਮੁਕਰਰ ਕਰਨ ਲਈ ਕਾਨੂੰਨ ਕੇਂਦਰੀ ਸਰਕਾਰ ਨੂੰ ਦਿਤਾ ਹੈ ਇਸ ਤੋਂ ਤਿਲਮਲਾਂਦੇ ਹਨ। ਇਸ ਦਾ ਕਾਰਣ ਇਹ ਨਹੀਂ ਕਿ ਇਹ ਸਮਝ ਨਹੀਂ ਸਕਦੇ ਇਨ੍ਹਾਂ ਦੇ ਤਿਲਮਲਾ-ਉਣ ਦਾ ਕਾਰਣ ਇਹ ਹੈ ਕਿ ਇਹ ਕੇਂਦਰੀ ਸਰਕਾਰ ਨੂੰ ਕਮਜ਼ੋਰ ਕਰਨਾ ਚਾਹੁੰਦੇ ਹਨ। ਇਹ ਕੇਂਦਰੀ ਸਰ-ਕਾਰ ਨੂੰ ਮਜ਼ਬੂਤ ਨਹੀਂ ਕਰਨਾ ਚਾਹੁੰਦੇ।

ਹੁਣੇ ਹੁਣੇ ਮੇਰੇ ਇਕ ਮਿੱਤਰ ਨੇ ਇਸ਼ਾਰਾ ਕੀਤਾ ਸੀ ਇਸ ਪਾਰਟੀ ਦੇ ਕਦੇ ਸ਼ਾਇਦ ਜਨਰਲ ਸਕੱਤਰ ਸਨ ਅਤੇ ਹੁਣ ਕੰਮ ਚਲਾਊ ਪਰਧਾਨ ਬਣੇ ਹੋਏ ਹਨ, ਇਨ੍ਹਾਂ ਨੇ ਅਖਬਾਰ ਵਿਚ ਆਪਣਾ ਬਿਆਨ ਦਿਤਾ ਹੈ। ਉਹ ਕੇਂਦਰ ਦੀ ਸਰਕਾਰ ਨੂੰ ਤਾਕਤਵਰ ਨਹੀਂ ਹੋਣ ਦਿੰਦੇ। ਉਨ੍ਹਾਂ ਨੇ ਮਿਸਾਲ ਦਿਤੀ ਹੈ ਮੁਜੀਬ ਖੁਦ ਮੁਖਤਾਰੀ ਮੰਗਦਾ ਸੀ ਅਤੇ ਜੇ ਪਾਕਿਸਤਾਨ ਨੇ ਉਹ ਨਾ ਦਿਤੀ ਤਾਂ ਪਾਕਿਸਤਾਨ ਨੂੰ ਉਸ ਦੇ ਬਦਲੇ ਵਿਚ ਬੰਗਲਾ ਦੇਸ਼ ਦੇਣਾ ਪਿਆ (ਵਿਘਨ) ਵਿਰੋਧੀ ਪੱਖ ਦੇ ਨੇਤਾ ਵੀ ਇਹ ਕਹਿੰਦੇ ਹਨ ਕਿ ਜੇ ਸਾਨੂੰ ਖੁਦ ਮੁਖਤਿਆਰੀ ਨਾ ਦਿਤੀ ਤਾਂ ਪੰਜਾਬ ਵਿਚ ਵੀ ਅਜਿਹੇ ਹਾਲਾਤ ਪੈਦਾ ਕਰ ਦਿਤੇ ਜਾਵਗੇ। ਇਹ ਤਾਂ ਡੰਕੇ ਦੀ ਚੋਟ ਨਾਲ ਕਹਿ ਰਹੇ ਹਨ। ਇਹ ਤਾਂ ਦੇਸ਼ ਦੀ ਸਰਕਾਰ ਨੂੰ ਕਮਜ਼ੋਰ ਕਰਨਾ ਚਾਹੁੰਦੇ ਹਨ। (ਵਿਘਨ)

ਸਰਦਾਰ ਧੰਨਾ ਸਿੰਘ ਗੁਲਸ਼ਨ : ਆਨ ਏ ਪੁਆਇੰਟ ਆਫ਼ ਆਰਡਰ ਸਰ। ਆਚਾਰਿਆ ਜੀ ਗ਼ਲਤ ਬਿਆਨੀ ਕਰ ਰਹੇ ਹਨ। ਰਾਜਾਂ ਦੇ ਜ਼ਿਆਦਾ ਅਖਤਿਆਰ ਮੰਗਣ ਵਾਸਤੇ ਪਹਿਲਾਂ ਤਾਮਲ ਨਾਡੂ ਨੇ ਮੰਗ ਕੀਤੀ ਫੇਰ ਕੇਰਲਾ ਨੇ ਮੰਗ ਕੀਤੀ (ਵਿਘਨ)

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਗੁਲਸ਼ਨ ਜੀ ਨੇ ਜਿਹੜਾ ਕਿਹਾ ਹੈ ਉਸ ਬਾਰੇ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਹੜੇ ਅਖਬਾਰ ਵਿਚ ਇਨ੍ਹਾਂ ਦੇ ਲੀਡਰ ਦਾ ਬਿਆਨ ਛਪਿਆ

ਹੈ, ਉਸ ਨੂੰ ਇਹ ਦੇਖ ਲੈਣ (ਵਿਘਨ) ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਕੇਂਦਰੀ ਸਰਕਾਰ ਨੂੰ ਅਜਿਹਾ ਕਾਨੂੰਨ ਬਣਾਉਣਾ ਚਾਹੀਦਾ ਹੈ ਜਿਸ ਰਾਹੀਂ ਕਿ ਪੰਜਾਬ ਵਿਚ ਉਹ ਲੋਕ ਜਿਨ੍ਹਾਂ ਦੀ ਸ਼ਹਿਰੀ ਜਾਇਦਾਦ ਪੰਜਾਬ ਵਿਚ ਹੈ, ਉਹ ਜਿਨ੍ਹਾਂ ਦੀ ਸ਼ਹਿਰੀ ਜ਼ਾਇਦਾਦ ਦਿੱਲੀ ਵਿਚ ਹੈ ਜਾਂ ਦੂਜਿਆਂ ਸੂਬਿਆਂ ਵਿਚ ਹੈ, ਉਹ ਸਾਰੇ ਜਣੇ ਇਸ ਕਾਨੂੰਨ ਦੀ ਜ਼ਦ ਵਿਚ ਆ ਜਾਣ। ਜੇ ਪੰਜਾਬ ਵਾਲੇ ਇਹ ਕਾਨੂੰਨ ਬਣਾਉਂਦੇ ਤਾਂ ਉਹ ਘੱਗਰ ਤੋਂ ਪਰਲੇ ਪਾਸੇ ਲਾਗੂ ਨਹੀਂ ਹੋਣਾ ਸੀ । ਇਹ ਸ਼ਹਿਰੀ ਜਾਇਦਾਦ ਦੀ ਰਖਿਆ ਵਾਸਤੇ ਕੋਸ਼ਿਸ਼ ਕਰਦੇ ਹਨ। ਪੰਜਾਬ ਸਰਕਾਰ ਨੂੰ ਛੇਤੀ ਕਾਨੂੰਨ ਬਨਵਾਉਣਾ ਚਾਹੀਦਾ ਹੈ ਤਾਂ ਕਿ ਲੋਕ ਆਪਣੀ ਜ਼ਾਇਦਾਦ ਦਾ ਇਥੋਂ ਅਤੇ ਬਾਹਰ ਬਚਾਉ ਨਾ ਕਰ ਲੈਣ। ਪੰਜਾਬ ਸਰਕਾਰ ਸਮਾਜਵਾਦ ਲਿਆਉਣ ਵਾਸਤੇ ਵਚਨਬੱਧ ਹੈ। ਉਸ ਵੱਚਨ ਦੀ ਪੂਰਤੀ ਵਾਸਤੇ ਇਹ ਜ਼ਰੂਰੀ ਹੈ (ਵਿਘਨ) ਕਿ ਸਰਕਾਰ ਉਨ੍ਹਾਂ ਕੰਮਾ ਵਲ ਧਿਆਨ ਦੇਵੇ ਜਿਨ੍ਹਾਂ ਕਰਕੇ ਸਮਾਜਵਾਦ ਲਿਆਇਆ ਜਾ ਸਕਦਾ ਹੈ (ਵਿਘਨ) ਡਿਪਟੀ ਸਪੀਕਰ ਸਾਹਿਬ, ਇਸ ਪੈਰੇ ਥਲੇ ਜਿਸ ਦਾ ਮੈਂ ਪਹਿਲਾਂ ਸੰਕੇਤ ਕੀਤਾ ਹੈ ਸਫਾ (7) ਤੇ ਤੁਸੀਂ ਦੇਖੋਗੇ ਰਾਜਪਾਲ ਸਾਹਿਬ ਨੇ ਆਪਣੇ ਭਾਸ਼ਨ ਵਿਚ ਦਸਦੇ ਹੋਏ ਕਿਹਾ ਹੈ, ਹੁਣੇ ਮੇਰੇ ਦੋਸਤ ਫਿਰ ਨਾਰਾਜ਼ ਹੋ ਜਾਣਗੇ, ਕਿ ਪੰਜਾਬ ਵਿਚ ਉਨੱਤੀ ਹੋ ਕਿਉਂ ਨਹੀਂ ਸਕੀ, ਪੰਜਾਬ ਆਰਥਿਕ ਤੌਰ ਤੇ ਅੱਗੇ ਵਧ ਕਿਉਂ ਨਹੀ ਸਕਿਆ (ਵਿਘਨ) ਇਸ ਦੇ ਵਲ ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਦਸਦੇ ਹੋਏ ਕਿਹਾ ਹੈ (ਵਿਘਨ) "ਰਾਸ਼ਟਰ ਦੇ 5/6 ਪ੍ਰਤੀਸ਼ਤ ਪ੍ਰਤੀ ਸਾਲ ਦੇ ਟੀਚੇ ਦੇ ਮੁਕਾਬਲੇ ਤੇ ਪੰਜਾਬ ਨੇ 6.6 ਪ੍ਰਤੀਸ਼ਤ ਵਿਕਾਸ-ਦਰ ਪ੍ਰਾਪਤ ਕੀਤੀ । ਰਾਜ ਮਨੁੱਖੀ ਅਤੇ ਪਦਾਰਥਕ ਸਾਧਨਾਂ ਦੀ ਬਹੁਲਤਾ ਵਿਕਾਸ ਦੀਆਂ ਸੰਭਾਵਨਾਵਾਂ ਅਤੇ ਲੋਕਾਂ ਦੀ ਹਿੰਮਤ ਨੂੰ ਮੁੱਖ ਰਖਦਿਆਂ ਹੋਇਆਂ ਇਹ ਪ੍ਰਗਤੀ ਕੋਈ ਬਹੁਤੀ ਸੰਤੋਸ਼ਜਨਕ ਨਹੀਂ।" ਸੰਤੋਸ਼ਜਨਕ ਕਿਉਂ ਨਹੀਂ ? ਜੇ ਮੇਰੇ ਮਿੱਤਰ ਉਹ ਸਰਟੀਫਿਕੇਟ ਪੜ੍ਹ ਲੈਣ ਔਰ ਫਿਰ ਆਪਣੇ ਗਰੇਬਾਨ ਵਿਚ ਮੂੰਹ ਪਾਕੇ ਵੇਖਣ ਤਾਂ ਫਿਰ ਟੋਕਾ ਟਾਕੀ ਨਾ ਕਰਨ (ਵਿਘਨ) ਅੱਗੇ ਚਲਕੇ ਫਿਰ ਗਵਰਨਰ ਸਾਹਿਬ ਨੇ ਫਰਮਾਇਆ ਹੈ ਕਿ "ਪਿਛਲੇ ਕੁਝ ਸਾਲਾਂ ਤੋ ਰਾਜ ਵਿਚ ਚਲੀ ਆ ਰਹੀ ਅਸਥਿਰਤਾ ਹੀ ਸ਼ਾਇਦ ਇਸ ਦਾ ਦਾ ਮੁੱਖ ਕਾਰਨ ਹੈ।" (ਵਿਘਨ) ਇਹ ਤੁਹਾਡੀ ਕਾਰਗੁਜ਼ਾਰੀ ਹੈ। ਉਸ ਸਰਕਾਰ ਦੀ ਕਾਰਗੁਜ਼ਾਰੀ ਹੈ ਜਿਹੜੀ ਸਾਢੇ ਚਾਰ ਸਾਲ ਕਦੇ ਟੁੱਟ ਗਈ, ਕਦੇ ਬਣ ਗਈ ਅਤੇ ਕਦੇ ਇਨ੍ਹਾਂ ਦੀ ਸ਼ਰਨ ਵਿਚ ਆ ਗਈ ਅਤੇ ਕਦੇ ਉਧਰ ਚਲੀ ਗਈ। (ਵਿਘਨ) ਪਿਛਲੇ ਕੁਝ ਸਾਲਾਂ ਤੋਂ ਅਸਥਿਰਤਾ ਸ਼ਾਇਦ ਇਸ ਦਾ ਮੁੱਖ ਕਾਰਨ ਹੈ। ਅੱਜ ਜੋ ਅਸਥਿਰਤਾ ਸੀ ਉਹ ਖਤਮ ਹੋ ਗਈ । ਜਿਹੜੀ ਪਹਿਲਾਂ ਕਮਜ਼ੋਰ ਸਰਕਾਰ ਸੀ, ਦਲ ਬਦਲੂਆਂ ਦੀ ਸਰਕਾਰ ਔਰ ਅਜਿਹੀ ਸਰਕਾਰ ਜਿਸ ਦਾ ਨਾਂ ਕੋਈ ਆਰਥਿਕ ਪਰੋਗਰਾਮ ਸੀ, ਨਾ ਕੋਈ ਸਮਾਜਕ ਪਰੋਗਰਾਮ ਸੀ ਨਾ ਰਾਜਨੀਤਕ ਪਰੋਗਰਾਮ ਸੀ ਬਲਕਿ ਫਿਰਕਾਦਾਰੀ ਨੂੰ ਚਲਾਉਣ ਵਾਲੀ ਸਰਕਾਰ ਸੀ, ਉਹ ਖਤਮ ਹੋ ਗਈ ਹੈ। ਜਦ ਤਕ ਇਹ ਸਰਕਾਰ ਪੰਜਾਬ ਵਿਚ ਰਹੀ ਇਥੇ ਨਾ ਆਰਥਿਕ ਵਿਕਾਸ ਹੋਇਆ ਹੈ ਅਤੇ ਨਾ ਹੀ ਸਮਾਜਕ ਵਿਕਾਸ ਹੋਇਆ ਹੈ। ਹੁਣ ਨਵੀਂ ਸਰਕਾਰ ਜੋ ਆਈ ਹੈ ਇਹ ਭਰੋਸੇ ਯੋਗ ਸਰਕਾਰ ਆਈ ਹੈ, ਇਕ ਦਰਿੜ੍ਹ ਸਰਕਾਰ ਆਈ ਹੈ, ਮਜ਼ਬੂਤ ਸਰਕਾਰ ਆਈ ਹੈ ਔਰ ਇਕ ਪਰੋਗਰਾਮ ਨੂੰ ਲੈਕੇ ਬਣੀ ਹੈ । ਇਹ ਇਕ ਮਜ਼ਬੂਤ ਨੇਤਰਤਵ ਥਲੇ ਕੰਮ ਕਰਨ ਵਾਲੀ ਸਰਕਾਰ ਹੈ। ਇਹ ਉਹ ਸਰਕਾਰ ਹੈ ਜੋ ਕਿ ਆਰਥਿਕ ਢਾਂਚੇ ਵਿਚ ਤਬਦੀਲੀ ਲਿਆਉਣ ਲਈ ਔਰ ਦੇਸ਼ ਵਿਚ ਸਮਾਜਵਾਦ ਲਿਆਉਣ ਲਈ ਪੂਰੀ ਪੂਰੀ ਕੋਸ਼ਿਸ਼ ਕਰੇਗੀ ਤਦੇ ਹੀ ਦੇਸ਼ ਵਿਚ ਨਾ-ਬਰਾਬਰੀਆਂ ਦੂਰ ਹੋ ਸਕਦੀਆਂ ਹਨ, ਤਦੇ ਇਸ ਸੂਬੇ ਵਿਚ ਗਰੀਬ ਆਦਮੀਆਂ ਵਿਚ, ਪਛੜੇ ਵਰਗ ਵਿਚ, ਹਰੀਜਨਾਂ ਵਿਚ ਅਤੇ ਗਰੀਬ ਕਿਸਾਨਾਂ

[ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ]

ਵਿਚ ਹੋਰ ਅਮੀਰ ਵਰਗ ਦੇ ਮੁਕਾਬਲੇ ਫਰਕ ਦੂਰ ਹੋ ਸਕਦਾ ਹੈ। ਇਸ ਤਰ੍ਹਾਂ ਨਾਲ ਹੀ ਇਥੇ ਸੱਚੇ ਅਰਥਾਂ ਵਿਚ ਸਮਾਜਵਾਦ ਆ ਸਕੇਗਾ।

ਡਿਪਟੀ ਸਪੀਕਰ ਸਾਹਿਬ, ਇਸੇ ਭਾਸ਼ਣ ਵਿਚ ਸਫਾ 16-17 ਦੀ ਤਰਫ ਮੈਂ ਤੁਹਾਡਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਰਾਜਪਾਲ ਮਹੋਦਯ ਨੇ ਜੋ ਕੁਝ ਵਿਦਿਆ ਅਤੇ ਭਾਸ਼ਾ ਬਾਰੇ ਆਖਿਆ ਹੈ ਇਹ ਮਹੱਤਵ ਪੂਰਨ ਹੈ। (ਵਿਘਨ) ਸਾਡੀ ਜਿਹੜੀ ਪਿਛਲੀ ਸਰਕਾਰ ਸੀ ਉਸ ਸਰਕਾਰ ਨੇ ਜੇ ਸਚ ਪੁਛੋ ਤਾਂ ਸਾਡੇ ਪੰਜਾਬ ਦੇ ਸੂਬੇ ਦਾ ਉਸ ਪੰਜਾਬ ਦਾ ਜਿਸ ਦਾ ਕਿ ਕੋਈ ਸੂਬਾ ਸਾਨੀ ਨਹੀਂ ਸੀ ਅਜਿਹੀ ਹਾਲਤ ਬਣਾ ਦਿਤੀ ਸੀ, ਜਿਸ ਦਾ ਵਿਵਰਣ ਕਿ ਗਵਰਨਰ ਸਾਹਿਬ ਨੇ ਇਸ ਤਰ੍ਹਾਂ ਕੀਤਾ ਹੈ: "ਸਮੁਚੇ ਵਿਕਾਸ ਲਈ ਸਿੱਖਿਆ ਇਕ ਆਧਾਰ ਪ੍ਰਦਾਨ ਕਰਦੀ ਹੈ, ਅਤੇ ਕਿਸੇ ਕੌਮ ਦੀ ਤਾਕਤ ਦਾ ਨਿਰਭਰ ਉਸ ਦੇ ਲੋਕਾਂ ਦੇ ਗੁਣਾਂ ਉਤੇ ਹੁੰਦਾ ਹੈ। ਲਾਜ਼ਮੀ ਪ੍ਰਾਈਮਰੀ ਸਿੱਖਿਆ ਐਕਟ ਭਾਵੇਂ ਬਹੁਤ ਚਿਰ ਪਹਿਲਾਂ 1960 ਵਿਚ ਪਾਸ ਕੀਤਾ ਗਿਆ ਸੀ, ਫਿਰ ਵੀ ਪ੍ਰਾਈਮਰੀ ਸਿੱਖਿਆ ਵਿਚ ਬੱਚਿਆਂ ਨੂੰ ਦਾਖਲਾ ਦੇਣ ਵਿਚ ਬਦਕਿਸਮਤੀ ਨਾਲ ਸਾਡਾ ਰਾਜ ਪਿੱਛੇ ਰਿਹਾ ਹੈ। ਸਰਕਾਰ ਦੀ ਇਹ ਤੀਬਰ ਇੱਛਾ ਹੈ ਕਿ ਹਰ ਬੱਚਾ ਸਕੂਲ ਜਾਵੇ ਅਤੇ ਇਸ ਲਈ ਯੋਗ ਸਹੂਲਤਾਂ ਦਿੱਤੀਆਂ ਜਾਣਗੀਆਂ"। ਡਿਪਟੀ ਸਪੀਕਰ ਸਾਹਿਬ, ਇਹ ਜਦ ਤਕ ਪੰਜਾਬ ਦੇ ਅੰਦਰ ਸ਼ਿਖਸ਼ਾ ਦਾ ਸੱਚੇ ਅਰਥਾਂ ਵਿਚ ਵਿਕਾਸ ਨਹੀਂ ਹੁੰਦਾ ਤਦ ਤਕ ਪੰਜਾਬ ਵਿਚ ਉਹ ਪੰਜਾਬੀਅਤ ਜਿਸ ਪੰਜਾਬੀਅਤ ਦਾ ਜੋ ਆਦਰਸ਼ ਆਨੰਦਪੁਰ ਸਾਹਿਬ ਤੋਂ ਉਠਿਆ ਸੀ ਉਹ ਆਦਰਸ਼ ਕਾਇਮ ਨਹੀਂ ਹੋ ਸਕਦਾ। ਅੱਜ ਦੀ ਸਿਖਿਆ ਲੋਕਾਂ ਨੂੰ ਕੱਕਾ ਖੱਖਾ ਅਤੇ ਊੜਾ ਆੜਾ ਪੜਾਉਂਦੀ ਹੈ ਅੱਜ ਦੀ ਸਿਖਿਆ ਲੋਕਾਂ ਨੂੰ ਸੱਚੇ ਅਰਥਾਂ ਵਿਚ ਇਨਸਾਨ ਨਹੀਂ ਬਣਾਉਂਦੀ ਅਤੇ ਭਾਈਚਾਰੇ ਦਾ ਇੱਕ ਅੰਗ ਨਹੀਂ ਬਣਾਉਂਦੀ।

ਗਾਂਧੀ ਜੀ ਨੇ ਸਿੱਖਿਆ ਦਾ ਭਾਵ ਦਿੰਦੇ ਹੋਏ ਦਸਿਆ ਸੀ ਕਿ शिक्षा से मेरा तात्पर्य है बालक और मनुष्य के तन मन व आत्मा में से सर्वोत्तम का चतुर्दिक विकास करना। (ਵਿਘਨ) ਇਹ ਕੀ ਜਾਣਦੇ ਹਨ ਕਿ ਮਹਾਤਮਾ ਗਾਂਧੀ ਕੌਣ ਸਨ। ਇਹ ਸਾਰਾ ਮਹਾਤਮਾ ਗਾਂਧੀ ਦਾ ਹੀ ਪਰਤਾਪ ਹੈ ਕਿ ਅੱਜ ਇਹ ਲੋਕ ਇਥੇ ਬੈਠੇ ਹਨ। (ਵਿਘਨ) ਕਮ-ਅਜ਼-ਕਮ ਇਨ੍ਹਾਂ ਨੂੰ ਤਾਂ ਮਜ਼ਾਕ ਨਹੀਂ ਕਰਨਾ ਚਾਹੀਦਾ। ਸਿਖਿਆ ਜਿਹੜੀ ਹੈ ਇਹ ਮਨੁੱਖ ਦਾ ਚੌਪੱਖੀ ਵਿਕਾਸ ਕਰਦੀ ਹੈ। ਪਰ ਅੱਜ ਦੀ ਸਿਖਿਆ ਵਿਕਾਸ ਨਹੀਂ ਕਰ ਰਹੀ। ਨਾ ਹੀ ਸਮਾਜਿਕ ਕੋਈ ਉੱਨਤੀ ਕਰ ਰਹੀ ਹੈ, ਨਾ ਹੀ ਉਸ ਦੀ ਆਰਥਿਕ ਉਨਤੀ ਕਰ ਰਹੀ ਹੈ। ਇਸ ਵਾਸਤੇ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਅੱਜ ਦੀ ਜਿਹੜੀ ਸਿਖਿਆ ਪਰਣਾਲੀ ਹੈ, ਉਸ ਵਿਚ ਸੋਧ ਕਰਨ ਦਾ ਯਤਨ ਕਰਨਾ ਚਾਹੀਦਾ ਹੈ। ਉਸ ਸਿਖਿਆ ਪਰਣਾਲੀ ਵਿਚ ਜਿਥੇ ਹੋਰ ਸਭ ਤਰ੍ਹਾਂ ਦੀ ਸਿਖਿਆ ਦਿੱਤੀ ਜਾਂਦੀ ਹੈ ਉਥੇ ਇਹ ਸਿਖਿਆ ਵੀ ਹੋਣੀ ਚਾਹੀਦੀ ਹੈ ਕਿ ਬੱਚੇ ਦੇ ਜੰਮਦੇ ਹੀ ਸੈਕੂਲੇਰਿਜ਼ਮ ਨੈਸ਼ਨੇਲਿਜ਼ਮ ਅਤੇ ਸੋਸ਼ਲਿਜ਼ਮ, ਇਨ੍ਹਾਂ ਤਿੰਨਾਂ ਗੱਲਾਂ ਵੱਲ ਉਸ ਦਾ ਧਿਆਨ ਜਾਵੇ। ਅੱਜ ਦੀ ਸਿਖਿਆ ਨਾ ਤਾਂ ਸੈਕੂਲੇਰਿਜ਼ਮ ਵੱਲ ਲੈ ਜਾ ਰਹੀ ਹੈ, ਨਾ ਨੈਸ਼ਨੇਲਿਜ਼ਮ ਵੱਲ ਲੈ ਜਾ ਰਹੀ ਹੈ ਅਤੇ ਨਾ ਹੀ ਸੋਸ਼ਲਿਜ਼ਮ ਵੱਲ ਲੈ ਜਾ ਰਹੀ ਹੈ ਅਤੇ ਨਾ ਬੱਚਿਆਂ ਨੂੰ ਉਸ ਸੋਸ਼ਲਿਜ਼ਮ ਵੱਲ ਲੈ ਜਾ ਰਹੀ ਹੈ ਜਿਸ ਸੋਸ਼ਲਿਜ਼ਮ ਤੇ ਚਲ ਕੇ ਸਾਡੇ ਸਮਾਜ ਨੇ ਬਣਨਾ ਹੈ। ਅੱਜ ਦੀ ਵਿਦਿਆ ਬੱਚਿਆਂ ਨੂੰ

ਜ਼ਾਤਪਾਤ ਦੀ ਤਾਲੀਮ ਦੇ ਰਹੀ ਹੈ, ਅੱਜ ਦੀ ਵਿਦਿਆ ਫਿਰਕੂਪੁਣੇ ਦਾ ਪਰਚਾਰ ਕਰ ਰਹੀ ਹੈ, ਅੱਜ ਦੀ ਵਿਦਿਆ ਬੱਚਿਆਂ ਨੂੰ ਸੈਕੂਲੇਰਿਜ਼ਮ ਤੋਂ ਹਟਾ ਕੇ ਵੱਖ ਵੱਖ ਧਰਮਾਂ ਵਿਚ ਵੰਡ ਰਹੀ ਹੈ । ਮੈਂ 1960 ਦੀ ਇਕ ਗੱਲ ਵਲ ਧਿਆਨ ਦੁਆਉਂਦਾ ਹਾਂ । ਉਦੋਂ ਦੇ ਸਿਖਿਆ ਮੰਤਰੀ ਅਤੇ ਮੁਖ ਮੰਤਰੀ ਸਵਰਗੀ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਸੁਝਾਉ ਦਿੱਤਾ ਸੀ ਕਿ ਸਾਨੂੰ ਆਪਣੀ ਸਿਖਿਆ ਦੀਆਂ ਪੁਸਤਕਾਂ ਬਦਲਣੀਆਂ ਚਾਹੀਦੀਆਂ ਹਨ । ਇਹ ਪੁਰਾਣੇ ਜ਼ਮਾਨੇ ਦੀਆਂ ਪੁਸਤਕਾਂ ਨੂੰ ਜਿਨ੍ਹਾਂ ਉਤੇ ਨਵੇਂ ਲੋਕਾਂ ਨੇ ਨਾਮ ਲਿਖਕੇ ਉਨ੍ਹਾਂ ਨੂੰ ਨਵੇਂ ਰੂਪ ਵਿਚ ਪੇਸ਼ ਕੀਤਾ ਜਾ ਰਿਹਾ ਹੈ ਉਨ੍ਹਾਂ ਨੂੰ ਬਦਲਣਾ ਚਾਹੀਦਾ ਹੈ । ਉਨ੍ਹਾਂ ਦਾ ਫਾਇਦਾ ਨਹੀਂ ਹੋ ਸਕਦਾ । ਇਸ ਤਰ੍ਹਾਂ ਉਹ ਅਨੰਦਪੁਰ ਸਾਹਿਬ ਦੀ ਸਪਿਰਿਟ ਪੈਦਾ ਨਹੀਂ ਕਰ ਸਕਦੇ, ਅਤੇ ਗਾਂਧੀ ਦੀ ਸਪਿਰਿਟ ਪੈਦਾ ਨਹੀਂ ਹੋ ਸਕਦੀ । ਇਸ ਤਰ੍ਹਾਂ ਉਨ੍ਹਾਂ ਨੂੰ ਸੱਚੇ ਅਰਥਾਂ ਵਿਚ ਇਨਸਾਨ ਨਹੀਂ ਬਣਾ ਸਕਦੇ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹਾਊਸ ਦਾ ਧਿਆਨ ਰਾਜਪਾਲ ਦੇ ਭਾਸ਼ਣ ਦੇ ਸਫਾ ਨੰ : 17 ਵੱਲ ਉਸ ਸੰਕੇਤ ਵੱਲ ਦਿਵਾਉਂਦਾ ਹਾਂ ਜਿਸ ਵਿਚ ਉਨ੍ਹਾਂ ਨੇ ਕਿਹਾ ਹੈ ਕਿ :

"ਭਾਸ਼ਾ ਵਿਭਾਗ ਪੰਜਾਬੀ ਵਿਸ਼ਵ-ਕੋਸ਼ ਨੂੰ ਛੇਤੀ ਛਪਵਾਉਣ ਦੀ ਕੋਸ਼ਿਸ਼ ਕਰ ਰਿਹਾ ਹੈ । 10,000 ਸ਼ਬਦਾਂ ਦੀ ਇਕ ਕਾਨੂੰਨੀ ਸ਼ਬਦਾਵਲੀ ਪ੍ਰਕਾਸ਼ਿਤ ਕੀਤੀ ਜਾ ਚੁਕੀ ਹੈ । ਰਾਜ ਦੇ ਲੋੜਵੰਦ ਲੇਖਕਾਂ, ਕਲਾਕਾਰਾਂ ਨੂੰ ਮੁਨਾਸਿਬ ਸਹਾਇਤਾ ਦੇਣ ਦੀ ਵੀ ਤਜ-ਵੀਜ਼ ਹੈ । ਸਾਲ 1971—72 ਦੇ ਦੌਰਾਨ ਹਿੰਦੀ ਦੇ ਵਿਕਾਸ ਲਈ 1,78,000 ਰੁਪਏ ਦੀ ਰਕਮ ਖਰਚ ਕੀਤੀ ਜਾਣੀ ਹੈ ਅਤੇ ਵਿਭਾਗ ਰਾਸ਼ਟਰ ਭਾਸ਼ਾ ਦੇ ਵਿਕਾਸ ਲਈ ਹੋਰ ਸਕੀਮਾਂ ਤੇ ਵੀ ਵਿਚਾਰ ਕਰ ਰਿਹਾ ਹੈ ।"

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਅਰਜ਼ ਕਰਦਾ ਹਾਂ ਕਿ ਪੰਜਾਬ ਵਿਚ ਜੇ ਸੱਚ ਪੁਛੋ ਤਾਂ ਸੱਚੇ ਅਰਥਾਂ ਵਿਚ ਪੰਜਾਬੀ ਦਾ ਵਿਕਾਸ ਵੀ ਨਹੀਂ ਕੀਤਾ ਜਾ ਰਿਹਾ ਹੈ ਅਤੇ ਹਿੰਦੀ ਦਾ ਵਿਕਾਸ ਤਾਂ ਬਿਲਕੁਲ ਨਹੀਂ ਹੋ ਰਿਹਾ । ਐਮ. ਐਲ. ਏ. ਬਣ ਕੇ ਜਦ ਸਹੁੰ ਚੁਕੀ ਤਾਂ ਮੇਰੇ ਇਕ ਮਿਤਰ ਨੇ, ਜੋ ਕਿ ਅਕਾਲੀ ਪਾਰਟੀ ਵਿਚ ਬੈਠੇ ਹਨ, ਨੇ ਕਿਹਾ ਕਿ ਅਜ਼ਾਦ ਜੀ ਅੱਜ ਪੰਜਾਬੀ ਵਿੱਚ ਸਹੁੰ ਚੁਕੋਗੇ ਜਾਂ ਹਿੰਦੀ ਵਿਚ । ਮੈਂ ਕਿਹਾ ਕਿ ਮੇਰਾ ਦਿਲ ਕਰਦਾ ਹੈ ਕਿ ਮੈਂ ਪੰਜਾਬੀ ਵਿਚ ਸਹੁੰ ਚੁਕਾਂ ਪਰ ਜਿਸ ਅਫਸਰ ਨੇ ਅੰਗਰੇਜ਼ੀ ਤੋਂ ਅਨੁਵਾਦ ਕੀਤਾ ਹੈ 'ਸਹੁੰ' ਮੈਂ ਕਹਿੰਦਾ ਹਾਂ ਕਿ ਜੇ ਮੈਂ ਉਸ ਦਾ ਸਕੱਤਰ ਹੁੰਦਾ ਤਾਂ ਉਸ ਅਫ਼ਸਰ ਨੂੰ ਇਕ ਦਮ ਛੁੱਟੀ ਕਰ ਦਿੰਦਾ ਜਿਸ ਅਫ਼ਸਰ ਨੂੰ ਇਹ ਪਤਾ ਨਹੀਂ ਕਿ ਸੋਵਰੈਨਿਟੀ (ਪ੍ਰਭੁਤਾ) ਦੀ ਪੰਜਾਬੀ ਕੀ ਹੋਣੀ ਚਾਹੀਦੀ ਹੈ । ਉਸ ਨੂੰ ਪੰਜਾਬੀ ਵਿਚ ਕੋਈ ਸ਼ਬਦ ਨਹੀਂ ਲੱਭਿਆ । ਉਨ੍ਹਾਂ ਨੇ ਸੰਸਕ੍ਰਿਤ ਅਤੇ ਹਿੰਦੀ ਸ਼ਬਦਾਂ ਦੇ ਆਧਾਰ ਤੇ ਸ਼ਬਦ ਲਏ । ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਕੋਈ ਡੇਢ ਸੌ ਵਾਰ ਦਿੱਤਾ ਗਿਆ ਹੈ । ਪਰ ਜਿਸ ਭਾਸ਼ਾ ਵਿਭਾਗ ਵਾਲੇ ਨੇ ਕੰਸਟੀਚਿਊਸ਼ਨ ਦਾ ਅਨੁਵਾਦ ਕੀਤਾ ਹੈ ਪੰਜਾਬੀ ਵਿਚ ਉਹ ਠੀਕ ਨਹੀਂ ਕੀਤਾ ਗਿਆ । ਸੋਵਰੈਨਿਟੀ ਦਾ ਹਿੰਦੀ ਵਿਚ ਪ੍ਰਭੁਵਤਾ ਅਤੇ ਪੰਜਾਬੀ ਵਿਚ ਸਰਵ ਸਮਰੱਥਤਾ ਅਨੁਵਾਦ ਕੀਤੇ ਹਨ, ਇਹ ਗਲਤ ਹੈ । (ਵਿਘਨ) ਇਸ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, 1,78,000 ਰੁਪਏ ਨਾਲ ਹਿੰਦੀ ਦਾ ਵਿਕਾਸ ਨਹੀਂ ਹੋ ਸਕਦਾ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੰਜਾਬ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਹਿੰਦੀ ਦੇ ਪ੍ਰੇਮੀ ਹਨ, ਕੋਈ ਲੱਖ, ਪੰਜ ਲੱਖ, ਦਸ ਲੱਖ ਜਾਂ ਕਰੋੜ ਰੁਪਏ ਨਾਲ ਕੋਈ ਭਾਸ਼ਾ ਸਰਕਾਰ ਤੋਂ ਸਹਾਇਤਾ ਲੈ ਕੇ ਵਿਕਸਤ ਨਹੀਂ ਹੋ ਸਕਦੀ, ਉਸ ਭਾਸ਼ਾ ਦਾ ਵਿਕਾਸ ਨਹੀਂ

[ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ]

ਹੋ ਸਕਦਾ । ਉਸ ਭਾਸ਼ਾ ਦਾ ਵਿਕਾਸ ਤਾਂ ਹੀ ਹੋ ਸਕਦਾ ਹੈ ਜੇ ਉਸ ਭਾਸ਼ਾ ਨੂੰ ਫਲਣ ਫੂਲਣ ਦੀ ਪੂਰੀ ਅਜਾਦੀ ਦਿੱਤੀ ਜਾਵੇ ਅਤੇ ਪੜ੍ਹਨ ਪੜ੍ਹਾਉਣ ਦੀ ਪੂਰੀ ਅਜ਼ਾਦੀ ਦਿਤੀ ਜਾਵੇ । ਸਾਡੀ ਜਿਹੜੀ ਪਿਛਲੀ ਸਰਕਾਰ ਸੀ, ਇਹ ਮਾਣ ਉਸ ਸਰਕਾਰ ਨੂੰ ਹੈ ਕਿ ਉਸ ਨੇ ਪੰਜਾਬ ਦੇ ਵਿਚ ਹਿੰਦੀ, ਜਿਹੜੀ ਕਿ ਰਾਸ਼ਟਰ ਭਾਸ਼ਾ ਹੈ, ਉਸ ਦੇ ਪੜ੍ਹਨ ਉਤੇ ਪਾਬੰਦੀਆਂ ਲਾ ਕੇ ਪੰਜਾਬ ਦੇ ਬੱਚਿਆਂ ਦੇ ਭਵਿੱਖ ਨੂੰ ਤਬਾਹ ਕੀਤਾ ਹੈ (ਵਿਘਨ) ਡਿਪਟੀ ਸਪੀਕਰ ਸਾਹਿਬ, ਹਿੰਦੁਸਤਾਨ ਦੇ ਕੰਸਟੀਚਿਊਸ਼ਨ ਨੇ ਹਰ ਕਿਸੇ ਨੂੰ ਆਗਿਆ ਦਿਤੀ ਹੈ ਕਿ ਉਹ ਜਿਹੜੀ ਭਾਸ਼ਾ ਮਰਜ਼ੀ ਹੋਵੇ ਪੜ੍ਹੇ, ਕੋਈ ਪਾਬੰਦੀ ਨਹੀਂ ਹੈ । ਪਰ ਮੇਰੇ ਦੇਸ਼ ਵਿਚ, ਪੰਜਾਬ ਵਿਚ ਜਿਥੇ ਕਿ 1949 ਵਿਚ ਚੀਫ ਮਨਿਸਟਰ ਕਾਨਫਰੰਸ ਵਿਚ ਬੜਾ ਸੋਚ ਸਮਝਕੇ ਇਕ ਫਾਰਮੂਲਾ ਬਣਾਇਆ ਗਿਆ ਸੀ ਕਿ ਪੰਜਾਬ ਵਿਚ ਤਿੰਨ ਭਾਸ਼ਾਵਾਂ ਪੜ੍ਹਨੀਆਂ ਹਨ, ਕੋਈ ਭੀ ਕਿਸੇ ਸਟੇਟ ਵਿਚ ਪੜ੍ਹ ਲਵੇ, ਪਰ ਅੱਜ ਉਸ ਫਾਰਮੂਲੇ ਨੂੰ ਭੰਨ ਕੇ ਪੰਜਾਬ ਵਿਚ ਇਕ ਨਵਾਂ ਫਾਰਮੂਲਾ ਲਾਗੂ ਕੀਤਾ ਹੋਇਆ ਹੈ । (ਇਕ ਅਵਾਜ਼ : ਉਦੋਂ ਇਹ ਪੰਜਾਬ ਸੀ ਪਰ ਹੁਣ ਪੰਜਾਬੀ ਸੂਬਾ ਹੈ ।) ਪੰਜਾਬੀ ਸੂਬੇ ਵਿਚ ਕੰਸਟੀਚਿਊਸ਼ਨ ਦੇ ਅਧਾਰ ਤੇ ਕੋਈ ਤਾਕਤ ਪਾਬੰਦੀ ਨਹੀਂ ਲਗਾ ਸਕਦੀ । ਮੈਂ ਤੁਹਾਡਾ ਧਿਆਨ ਕੰਸਟੀਚਿਊਸ਼ਨ ਦੇ ਆਰਟੀਕਲ 30 ਵੱਲ ਦਿਵਾਉਣਾ ਚਾਹੁੰਦਾ ਹਾਂ ਜਿਸ ਵਿਚ ਲਿਖਿਆ ਹੈ ਕਿ :

Article 30. RIGHT OF MINORITIES TO ESTABLISH AND ADMINISTER EDUCATIONAL INSTITUTIONS (1) All minorities ,whether based on religion or language shall have the right to estabalish and administer educational institution of their choice.

(2) The State shall not, in granting aid to educational institutions, discriminate against any educational institution on the ground that it is under the management of a minority whether based on religion or language."

Similarly in Article 350 it has been stated:-

"Every person shall be entitled to submit a representation for the redress of any grievance to any officer or authority of the Union or a State in any of the language used in the Union or in the State, as the case may be."

Article 350-A deals with the facilities for instruction in mother tongue at pri mary stage. It reads:-

"It shall be the endeavour of every State and of every local authority within the State to provide adequate facilities for instruction in the mother-tongue at the primary stage of education to children belonging to linguistic miniority group; and the President may issue such directions to any State as he considers necessary or proper for securing the provisions of such facilities.'"

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਮਦਰ ਟੰਗ ਕਿਹੜੀ ਹੈ । ਇਸ ਬਾਰੇ ਵਿਚ ਬਿਲਕੁਲ ਸਪੱਸ਼ਟ ਹੈ । ਇਸ ਦੇ ਵਾਸਤੇ ਨਾ ਕੋਈ ਵਿਆਖਿਆ ਦੀ ਲੋੜ ਹੈ ਅਤੇ ਨਾ ਕੋਈ ਸਰਕਾਰ ਦੇ ਫੈਸਲੇ ਦੀ ਲੋੜ ਹੈ । 1949 ਵਿਚ ਚੀਫ ਮਨਿਸਟਰਜ਼ ਕਾਨਫਰੰਸ ਹੋਈ, ਉਸ ਕਾਨਫਰੰਸ ਨੇ ਇਹ ਫੈਸਲਾ ਕਰ ਦਿਤਾ ਕਿ :—

"The medium of instruction and examination in the so called basic stage must be the mother tongue of the Child..The Mother tongue will be the language declared by the parent or guardian to be the mother tongue."

It has been further clarified:-

"The above Resolution has been generally accepted by all the States. The basic principle underlying it, namely, the provision of adequate facilities for instruction in the mother tongue at the primary stage of the education to children belonging to linguistic miniority groups received constitutional recognition with the introduction of Article 35A of the Constitution by the Constitution (Seventh Amendment) Act, 1956."

ਔਰ. ਡਿਪਟੀ ਸਪੀਕਰ ਸਾਹਿਬ, ਇਸੇ ਸਵਾਲ ਨੂੰ ਪੰਜਾਬ ਦੀ ਅਕਾਲੀ ਸਰਕਾਰ ਨੇ ਨਜ਼ਰ ਅੰਦਾਜ਼ ਕਰ ਦਿਤਾ ਔਰ ਪਿਛਲੀਆਂ ਸਰਕਾਰਾਂ ਨੇ ਵੀ ਨਜ਼ਰ ਅੰਦਾ ਕਰ ਦਿਤਾ । (ਵਿਘਨ) ਡਿਪਟੀ ਸਪੀਕਰ ਸਾਹਿਬ, ਇਸੇ ਸਵਾਲ ਨੂੰ ਅਗੇ ਚਲ ਕੇ ਜਿਹੜੀ ਛੇਵੀਂ, ਸੱਤਵੀਂ, ਅੱਠਵੀਂ, ਨੌਵੀਂ ਰਿਪੋਰਟ ਲਿੰਗੂਇਸਟਿਕ ਮਨਾਰਟੀ ਕਮਿਸ਼ਨ ਦੀ ਹੈ ਅਤੇ ਹੁਣ ਜਿਹੜੀ ਗਿਆਰਵੀਂ ਰਿਪੋਰਟ ਹੈ, ਉਸ ਵਿਚ, ਡਿਪਟੀ ਸਪੀਕਰ ਸਾਹਿਬ, ਸਵਾਲ ਬਿਲਕੁਲ ਸਪੱਸ਼ਟ ਕਰ ਦਿਤਾ ਹੈ..

"It is felt that the statement that Punjab has got no linguistic minorities does not seem to be correct as there is a sizeable number of Hindi and Urdu-speakers in the State.'

ਡਿਪਟੀ ਸਪੀਕਰ ਸਾਹਿਬ, ਰਿਪੋਰਟ ਵਿਚ ਲਿੰਗੂਇਸਟਿਕ ਕਮਿਸ਼ਨਰ ਨੇ ਆਪਣੀ ਰਿਕਮੈਂਡੇਸ਼ਨਜ਼ 410 ਔਰ 417 ਵਿਚ ਇਹ ਗਲ ਬਿਲਕੁਲ ਵਾਜ਼ੇ ਕਰ ਦਿਤੀ ਹੈ ਕਿ ਕਿਸੀ ਵੀ ਭਾਸ਼ਾ ਵਿਚ ਪੜ੍ਹਨ ਪੜ੍ਹਾਉਣ ਤੇ ਪਾਬੰਦੀ ਨਹੀਂ ਲਾਉਣੀ ਚਾਹੀਦੀ ।

ਇਸ ਲਈ ਡਿਪਟੀ ਸਪੀਕਰ ਸਾਹਿਬ, ਸਫ਼ਾ 17 ਤੇ ਗਵਰਨਰ ਸਾਹਿਬ ਨੇ ਆਪਣੇ ਭਾਸ਼ਨ ਵਿਚ ਹਿੰਦੀ ਦੀ ਤਰੱਕੀ ਲਈ 1,78,000 ਰੁਪਏ ਰਖਣ ਦਾ ਜੋ ਜ਼ਿਕਰ ਕੀਤਾ ਹੈ ਮੈਂ ਕਹਿੰਦਾ ਹਾਂ ਕਿ ਇਸ ਰੁਪਏ ਦੀ ਕੋਈ ਲੋੜ ਨਹੀਂ । ਇਸ ਹਿੰਦੀ ਵਾਸਤੇ 1 ਕਰੋੜ ਰੁਪਏ ਦੀ ਵੀ ਲੋੜ ਨਹੀਂ । ਹਿੰਦੀ ਨੂੰ ਉਸੇ ਹਲਾਤ ਵਿਚ ਇਹ ਰਖਣ ਜਿਹੜੀ ਕਿ 1949 ਦੀ ਕਾਨਫਰੰਸ ਨੇ ਦਿਤੀ ਸੀ ਇਹ ਬੱਚੇ ਦੀ ਮਰਜ਼ੀ ਤੇ ਰਖਿਆ ਜਾਵੇ ਕਿ ਉਹ ਜਿਹੜੀ ਮਰਜ਼ੀ ਆਵੇ ਉਹੀ ਭਾਸ਼ਾ ਵਿਚ ਪੜ੍ਹਨ। ਜਿਸ ਨੇ ਪੰਜਾਬ ਰਾਜ ਵਿਚ ਨੌਕਰੀ ਕਰਨੀ ਹੈ ਉਸ ਦੇ ਵਾਸਤੇ ਇਹ ਹੋਣਾ ਚਾਹੀਦਾ ਹੈ ਕਿ ਪੰਜਾਬ ਸਰਕਾਰ ਨੇ ਜੋ ਸਟੈਂਡਰਡ ਪੰਜਾਬੀ ਦਾ ਰਖਿਆ ਹੈ ਜਿਤਨਾ ਚਿਰ ਉਹ ਪੰਜਾਬੀ ਦਾ ਸਟੈਂਡਰਡ ਪੂਰਾ ਨਹੀਂ ਕਰਦਾ ਉਸਨੂੰ ਪੰਜਾਬ ਵਿਚ ਨੌਕਰੀ ਕਰਨ ਦਾ ਕੋਈ ਹੱਕ ਨਹੀਂ ਹੋਣਾ ਚਾਹੀਦਾ ਇਸ ਤਰ੍ਹਾਂ ਉਸ ਨੂੰ ਹਿੰਦੀ ਵੀ ਆਉਣੀ ਚਾਹੀਦੀ ਹੈ । ਤਦ ਹੀ ਡਿਪਟੀ ਸਪੀਕਰ ਸਾਹਿਬ, ਪੰਜਾਬ ਵਿਚ ਹਿੰਦੀ ਦੀ ਤਰੱਕੀ ਹੋ ਸਕੇਗੀ। ਜੇ ਇਹ ਸ਼ਰਤਾਂ ਜੋ ਅਕਾਲੀ ਸਰਕਾਰ ਵਲੋਂ ਲਾਈਆਂ ਗਈਆਂ ਹਨ ਜੇ ਇਹੀ ਰਹੀਆਂ ਤਾਂ ਮੈਨੂੰ ਦੁਖ ਹੈ ਕਿ ...(ਵਿਘਨ)

ਸਰਦਾਰ ਰਣਧੀਰ ਸਿੰਘ ਚੀਮਾ :— ਆਨ ਏ ਪੁਆਇੰਟ ਆਫ਼ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਚਾਰਿਆ ਜੀ ਨੂੰ ਅਰਜ਼ ਕਰਾਗਾਂ ਕਿ ਬੋਲੀ ਦੇ ਅਧਾਰ ਤੇ ਪੰਜਾਬੀ ਸੂਬਾ ਬਣਿਆ ਹੈ। (ਵਿਘਨ) ਇਹ ਪੰਜਾਬ ਦੀ ਸਟੇਟ ਹੈ। ਇਹ ਸਾਊਥ ਵਲ ਕਿਉਂ ਨਹੀਂ ਬੋਲਦੇ । (ਵਿਘਨ)

Mr. Deputy Speaker: Please resume your seat. This is no Point of Order.

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਡਿਪਟੀ ਸਪੀਕਰ ਸਾਹਿਬ, ਮੇਰੇ ਦੋਸਤ ਨੂੰ ਪਤਾ ਨਹੀਂ ਕਿ ਮੈਂ ਪੰਜਾਬ ਅਸੈਂਬਲੀ ਦਾ ਮੈਂਬਰ ਹਾਂ ਜਾਂ ਸਾਊਥ ਦਾ ਮੈਂਬਰ ਹਾਂ? ਮੈਂ ਪੰਜਾਬ ਅਸੈਂਬਲੀ ਦਾ ਮੈਂਬਰ ਹਾਂ, ਪੰਜਾਬ ਅਸੈਂਬਲੀ ਦੀ ਗਲ ਕਰ ਸਕਦਾ ਹਾਂ। ਸਾਊਥ ਦੀ ਗਲ ਨਹੀਂ ਕਰ ਸਕਦਾ। (ਵਿਘਨ)

ਡਿਪਟੀ ਸਪੀਕਰ ਸਾਹਿਬ, ਬਿਜਲੀ ਦੇ ਵਾਸਤੇ ਆਪਣੀਆਂ ਯੋਜਨਾਵਾਂ ਦਾ ਜ਼ਿਕਰ ਕਰਦੇ ਹੋਏ ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿਚ ਸਫ਼ਾ 7 ਤੇ ਬੜੇ ਵਿਸਥਾਰ ਨਾਲ ਕਿਹਾ ਹੈ :—

'ਚੌਥੀ ਯੋਜਨਾ 293.56 ਕਰੋੜ ਰੁਪਏ ਤੋਂ ਵਧਾ ਕੇ 366.95 ਕਰੋੜ ਰੁਪਏ ਦੀ ਕਰ ਦਿਤੀ ਗਈ ਹੈ। ਪੰਜਾਬ ਵਿਚ ਬਿਜਲੀ ਦੀ ਅਤੇ ਪਾਣੀ ਦੀ ਸਖ਼ਤ ਘਾਟ ਹੈ, ਜਿਸ ਕਰਕੇ ਖੇਤੀਬਾੜੀ ਅਤੇ ਉਦਯੋਗ ਦੇ ਵਿਕਾਸ ਵਿਚ ਰੁਕਵਾਟ ਪੈਂਦੀ ਹੈ। ਚੌਥੀ ਯੋਜਨਾ ਦੇ ਬਾਕੀ ਰਹਿੰਦੇ ਸਾਲਾਂ

ਦੇ ਦੌਰਾਨ ਬਿਜਲੀ ਅਤੇ ਪਾਣੀ ਦੇ ਸਾਧਨਾਂ ਦੇ ਵਿਕਾਸ ਉਤੇ ਵਿਸ਼ੇਸ਼ ਜ਼ੋਰ ਦਿਤਾ ਜਾਵੇਗਾ ਤਾਂ ਜੋ ਪੰਜਾਬ ਦੇ ਕਿਸਾਨ ਅਤੇ ਮਜ਼ਦੂਰ ਦੋਹਾਂ ਖੇਤਰਾਂ ਵਿਚ ਤੇਜ਼ੀ ਨਾਲ ਉਤ-ਪਾਦਨ ਵਧਾ ਸਕਣ। ਸਾਲ 1971-72 ਦੇ ਦੌਰਾਨ ਗੁਰੂ ਨਾਨਕ ਥਰਮਲ ਪਲਾਂਟ. ਉਤੇ ਖਰਚ ਵਿਚ ਨਿਗਰ ਵਾਧਾ ਕੀਤਾ ਜਾ ਰਿਹਾ ਹੈ। 110 ਮੈਗਾਵਾਟ ਪਹਿਲਾ ਯੂਨਿਟ ਸਾਲ ਦੇ ਅੰਤ ਤੱਕ ਅਤੇ ਦੂਜਾ ਯੂਨਿਟ ਸਾਲ 1973 ਦੇ ਅੰਤ ਤੱਕ ਚਾਲੂ ਹੋ ਜਾਵੇਗਾ। ਇਸ ਥਰਮਲ ਪਲਾਂਟ ਦੇ ਵਿਸਥਾਰ ਪ੍ਰਾਜੈਕਟ ਦਾ ਕੰਮ ਵੀ ਸ਼ੁਰੂ ਹੋ ਗਿਆ ਹੈ, ਜਿਸ ਵਿਚ 110—110 ਮੈਗਾਵਾਟ ਦੇ ਦੋ ਹੋਰ ਯੂਨਿਟ ਹੋਣਗੇ। ਪ੍ਰਾਜੈਕਟ ਨੂੰ ਪਰਮ ਅਗੇਤ ਦਿਤੀ ਜਾਵੇਗੀ ਅਤੇ ਸਰਕਾਰ ਨੇ ਇਸ ਸਾਲ ਦੇ ਉਤੇ ਕੰਮ ਸ਼ੁਰੂ ਕਰਨ ਦਾ ਹੋਰ ਪੱਕਾ ਨਿਸ਼ਚਾ ਕੀਤਾ ਹੋਇਆ ਹੈ।"

ਡਿਪਟੀ ਸਪੀਕਰ ਸਾਹਿਬ, ਪੰਜਾਬ ਵਿਚ ਜਿੰਨੀ ਬਿਜਲੀ ਪੈਦਾ ਹੋ ਰਹੀ ਹੈ ਉਹ ਪੰਜਾਬ ਵਿਚ ਜਿਤਨੀ ਜ਼ਰੂਰਤ ਹੈ ਉਤਨੀ ਨਹੀਂ ਹੋ ਰਹੀ। ਇਹ ਬਿਜਲੀ ਪੰਜਾਬ ਦੀ ਲੋੜ ਨੂੰ ਪੂਰਾ ਨਹੀਂ ਕਰਦੀ। ਇਸ ਵਾਸਤੇ ਜੇਕਰ ਪੰਜਾਬ ਨੂੰ ਖੁਸ਼ਹਾਲ ਬਣਾਉਣਾ ਹੈ ਤਾਂ ਪੰਜਾਬ ਨੂੰ ਪੂਰੀ ਬਿਜਲੀ ਦੇਣ ਦਾ ਪ੍ਰਬੰਧ ਕੀਤਾ ਜਾਵੇ। ਮੈਂ ਆਪਣੀ ਸਰਕਾਰ ਨੂੰ ਤੁਹਾਡੇ ਰਾਹੀਂ ਡਿਪਟੀ ਸਪੀਕਰ ਸਾਹਿਬ, ਇਹ ਕਹਾਗਾਂ ਕਿ ਭਾਖੜਾ ਤੋਂ ਜਿੰਨੀ ਬਿਜਲੀ ਲੈਣ ਦਾ ਉਨ੍ਹਾਂ ਦਾ ਆਸ਼ਾ ਹੈ ਉਹ ਕੁਦਰਤ ਦੇ ਉਤੇ ਦਾਰੋ ਮਦਾਰ ਰਖਦਾ ਹੈ। ਜੇਕਰ ਬਾਰਸ਼ ਹੋ ਜਾਵੇ ਤਾਂ ਬਿਜਲੀ ਮਿਲਦੀ ਹੈ ਜੇਕਰ ਬਾਰਸ਼ ਨਾ ਹੋਵੇ ਤਾਂ ਪੰਜਾਬ ਵਿਚ ਬਿਜਲੀ ਦਾ ਕਹਿਰ ਪੈ ਸਕਦਾ ਹੈ। ਇਸ ਲਈ ਡਿਪਟੀ ਸਪੀਕਰ ਸਾਹਿਬ, ਸਾਰੇ ਇਲਾਕਿਆਂ ਨੂੰ ਬਿਜਲੀ ਦੇਣ ਵਾਸਤੇ ਜ਼ਰੂਰੀ ਹੈ ਥਰਮਲ ਪਲਾਂਟ ਇਕ ਨਹੀਂ ਕਈ ਲਾਏ ਜਾਣ ਤਾਂ ਕਿ ਲੋਕਾਂ ਨੂੰ ਜ਼ਰੂਰਤ ਮੁਤਾਬਕ ਬਿਜਲੀ ਮਿਲ ਸਕੇ।

ਦੂਸਰੀ ਗਲ ਜਿਸ ਵਲ ਤੁਹਾਡੇ ਰਾਹੀਂ ਡਿਪਟੀ ਸਪੀਕਰ ਸਾਹਿਬ, ਮੈਂ ਆਪਣੀ ਸਰਕਾਰ ਦਾ ਧਿਆਨ ਦੁਆਉਣਾ ਚਾਹੁੰਦਾ ਹਾਂ ਉਹ ਹੈ ਬਿਜਲੀ ਬੋਰਡ ਬਾਰੇ। ਮੌਜੂਦਾ ਬਿਜਲੀ ਬੋਰਡ ਜਿਹੜਾ ਹੈ ਉਸ ਦਾ ਆਪਣਾ ਖਰਚ ਇਤਨਾ ਹੈ ਕਿ ਉਹ ਬਿਜਲੀ ਦੇ ਵਿਕਾਸ ਦੇ ਕੰਮਾਂ ਨੂੰ ਪੂਰੀ ਤਰ੍ਹਾਂ ਚਲਾ ਨਹੀਂ ਸਕਦਾ। ਟਾਪ ਹੈਵੀ ਐਡਮਿਨਿਸਟਰੇਸ਼ਨ ਚਲੀ ਆਉਂਦੀ ਹੈ। ਡਿਪਟੀ ਸਪੀਕਰ ਸਾਹਿਬ, ਜੇਕਰ ਤੁਸੀਂ ਬਿਜਲੀ ਬੋਰਡ ਦੀ ਬਨਾਵਟ ਵੱਲ ਧਿਆਨ ਦੇਵੋ ਤਾਂ ...

ਸ੍ਰੀ ਡਿਪਟੀ ਸਪੀਕਰ:— ਆਚਾਰਿਆ ਜੀ ਤੁਸੀਂ 2—4 ਮਿੰਟ ਵਿਚ ਹੀ ਆਪਣੀ ਸਪੀਚ ਖ਼ਤਮ ਕਰ ਦਿਓ। (*Addressing Acharya Prithvi Singh Azad.* The hon. Member may please wind up his speech within two or three minutes.)

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਬਹੁਤ ਅੱਛਾ ਜੀ। ਡਿਪਟੀ ਸਪੀਕਰ ਸਾਹਿਬ, ਜੇਕਰ ਤੁਸੀਂ ਬਿਜਲੀ ਬੋਰਡ ਦੀ ਬਨਾਵਟ ਵੱਲ ਧਿਆਨ ਦੇਵੋਂ ਤਾਂ ਪਤਾ ਲਗੇਗਾ ਕਿ ਸਾਡੀ ਜਿਹੜੀ ਅਕਾਲੀ ਸਰਕਾਰ ਪਹਿਲਾਂ ਸੀ ਉਸ ਨੇ 1948 ਐਕਟ ਜੋ ਹੈ, ਜਿਸ ਦੇ ਵਿਚ ਮੈਂਬਰਾਂ ਦੇ ਲਾਣ ਲਈ ਕਈ ਕਾਇਦੇ ਕਾਨੂੰਨ ਦੀਆਂ ਸ਼ਰਤਾਂ ਹਨ, ਉਸ ਵਲ ਕੋਈ ਧਿਆਨ ਨਹੀਂ ਦਿਤਾ। ਐਕਟ ਦੇ ਚੈਪਟਰ ਤੀਜੇ ਦੀ ਕਲਾਜ਼ 5 ਦੀ ਸਬ-ਕਲਾਜ਼ 4 ਵਿਚ ਲਿਖਿਆ ਹੈ...

Clause 5, Sub—clause (4) of the Electricity (Supply) Act, 1948 reads:
"(4) Of the members—

(a) One shall be a person who has experience of, and has shown capacity in commercial matters and administration.

(b) One shall be electrical engineer with wide experience and

(c) One shall be a person who has experience of accounting and financial matters in a public utility under taking preferably an electricity supply undertaking.

ਇਹ ਸ਼ਰਤਾਂ ਹਨ ਜਿਨ੍ਹਾਂ ਨੂੰ ਮੁੱਖ ਰਖ ਕੇ ਬਿਜਲੀ ਬੋਰਡ ਦੇ ਮੈਂਬਰਾਂ ਦੀ ਨਿਯੁਕਤੀ ਕਰਨੀ ਚਾਹੀਦੀ ਹੈ। ਪਰ ਸਾਡੀ ਜਿਹੜੀ ਅਕਾਲੀ ਸਰਕਾਰ ਚਲੀ ਗਈ ਹੈ ਉਨ੍ਹਾਂ ਨੇ ਜਦੋਂ ਮੈਂਬਰ ਲਾਏ ਤਾਂ ਇਹ ਦੇਖਿਆ ਹੀ ਨਹੀਂ ਕਿ ਇਹ ਮੈਂਬਰ ਸ਼ਰਤਾਂ ਪੂਰੀਆਂ ਵੀ ਕਰਦਾ ਹੈ ਜਾਂ ਨਹੀਂ ? ਇਕ ਚੀਫ਼ ਮਨਿਸਟਰ ਆਇਆ ਉਸ ਨੇ ਦੂਸਰੇ ਚੀਫ਼ ਮਨਿਸਟਰ ਦਾ ਲਾਇਆ ਹੋਇਆ ਬੰਦਾ ਹਟਾ ਦਿਤਾ ਆਪਣਾ ਬੰਦਾ ਲਾ ਦਿਤਾ। ਉਸ ਨੇ ਹਾਈ ਕੋਰਟ ਵਿਚ ਰਿਟ ਕਰ ਦਿਤੀ। ਹਾਈ ਕੋਰਟ ਨੇ ਉਸ ਦੀ ਰਿਟ ਮੰਨਜ਼ੂਰ ਕਰ ਲਈ। (ਵਿਘਨ) ਡਿਪਟੀ ਸਪੀਕਰ ਸਾਹਿਬ, ਬੋਰਡ ਨੇ ਇਹ ਨਹੀਂ ਸੋਚਿਆ ਕਿ ਸਾਡੇ ਤੇ ਫਜ਼ੂਲ ਖਰਚ ਪੈਂਦਾ ਹੈ, ਰਿਟ ਨੂੰ ਪੜ੍ਹਿਆ ਹੀ ਨਹੀਂ ਔਰ ਸੁਪਰੀਮ ਕੋਰਟ ਵਿਚ ਰਿਟ ਕਰ ਦਿਤੀ। ਇਸੇ ਤਰ੍ਹਾਂ ਜਨਤਾ ਦਾ ਬਹੁਤ ਸਾਰਾ ਰੁਪਿਆ ਫਜ਼ੂਲ ਜ਼ਾਇਆ ਹੁੰਦਾ ਹੈ। ਡਿਪਟੀ ਸਪੀਕਰ ਸਾਹਿਬ, ਇਹ ਤਾਂ ਇਕ ਮਿਸਾਲ ਹੈ. ਇਸੇ ਤਰ੍ਹਾਂ ਦੀਆਂ ਕਈ ਮਿਸਾਲਾਂ ਹਨ। ਲੱਖਾਂ ਰੁਪਿਆ ਜਨਤਾ ਦਾ ਜ਼ਾਇਆ ਕਰ ਰਹੇ ਹਨ। ਮੈਂ ਤਾਂ ਇਹ ਕਹਿੰਦਾ ਹਾਂ ਕਿ ਜੇਕਰ ਚੀਫ਼ ਮਨਿਸਟਰ ਸਾਹਿਬ ਕੋਈ ਇਸ ਦੇ ਲਈ ਪੜਤਾਲੀਆ ਕਮੇਟੀ ਬਣਾ ਦੇਣ ਤਾਂ ਇਤਨਾ ਰੁਪਿਆ ਬਚ ਸਕਦਾ ਹੈ ਕਿ ਕਈ ਥਾਂ ਹੋਰ ਥਰਮਲ ਪਲਾਂਟ ਲਗ ਸਕਦੇ ਹਨ।

ਡਿਪਟੀ ਸਪੀਕਰ ਸਾਹਿਬ, ਹੁਣੇ ਹੀ ਤੁਸੀਂ ਸੰਕੇਤ ਕੀਤਾ ਸੀ ਕਿ ਮੇਰੇ ਹੋਰ ਬੋਲਣ ਲਈ ਟਾਈਮ ਥੋੜਾ ਹੈ। ਉਨ੍ਹਾਂ ਪੁਆਇੰਟਸ ਨੂੰ ਜੋ ਮੈਂ ਹਾਊਸ ਦੇ ਸਾਹਮਣੇ ਰਖਣੇ ਸਨ ਦੂਸਰੇ ਮਿਤਰਾਂ ਲਈ ਛੱਡਦਾ ਹੋਇਆ ਤੁਹਾਡੇ ਰਾਹੀਂ ਗਵਰਨਰ ਸਾਹਿਬ ਦੇ ਭਾਸ਼ਣ ਨੂੰ ਮੁੱਖ ਰਖਦੇ ਹੋਏ, ਆਪਣੀ ਸਰਕਾਰ ਦੀਆਂ ਨੀਤੀਆਂ ਨੂੰ ਮੁੱਖ ਰਖਦੇ ਹੋਏ ਚੀਫ਼ ਮਨਿਸਟਰ ਸਾਹਿਬ ਨੂੰ ਜੋ ਕਿ ਆਪ ਕਿਰਤੀ ਸ਼੍ਰੇਣੀ ਨਾਲ ਸਬੰਧ ਰਖਦੇ ਹਨ ਕਹਿਣਾ ਚਾਹੁੰਦਾ ਹਾਂ ਕਿ ਜੇ ਉਹ ਦੁਖੀ ਦਰਿਦਰ ਤੇ ਪੀੜ੍ਹਤ ਲੋਕਾਂ ਨੂੰ ਸੁਖ ਪਹੁੰਚਾਉਣਾ ਚਾਹੁੰਦੇ ਹਨ ਤਾਂ ਉਹ ਉਸ ਸਮਾਜਵਾਦ ਨੂੰ ਲਿਆਉਣ ਦੀ ਕੋਸ਼ਿਸ਼ ਕਰਨ ਜਿਹੜਾ ਭੁਖ ਨੰਗ ਨੂੰ ਦੂਰ ਕਰੇ ਨਾਬਰਾਬਰੀ ਨੂੰ ਦੂਰ ਕਰੇ। ਜਿਸ ਦਾ ਆਧਾਰ ਨੈਸ਼ਨੇਲਿਜ਼ਮ ਹੋਵੇ ਤਦ ਜਾ ਕੇ ਇਥੇ ਸਹੀ ਮਹਿਨਿਆਂ ਵਿਚ ਸਮਾਜਵਾਦ ਕਾਇਮ ਹੋ ਸਕੇਗਾ। ਨਹੀਂ ਤਾਂ ਅਸੀਂ ਕਹਿੰਦੇ ਰਹਾਂਗੇ ਅਤੇ ਪੰਜਾਬ ਦੇ ਵਿਚ ਸਮਾਜਵਾਦ ਨਹੀਂ ਆ ਸਕੇਗਾ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਉਸ ਪ੍ਰਸਤਾਵ ਦਾ ਸਮਰਥਨ ਕਰਦਾ ਹਾਂ ਜਿਹੜਾ ਸਰਦਾਰ ਪ੍ਰੇਮ ਸਿੰਘ ਪ੍ਰੇਮ ਨੇ ਇਸ ਹਾਊਸ ਵਿਚ ਪੇਸ਼ ਕੀਤਾ ਹੈ ਔਰ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਆਪਣੇ ਵਿਚਾਰ ਇਸ ਸਦਨ ਵਿਚ ਰਖਣ ਦਾ ਸਮਾਂ ਦਿਤਾ ਹੈ।

Mr. Deputy Speaker: The Motion moved by Sardar Prem Singh Prem and seconded by Acharya Prithvi Singh Azad is :-

> "That the Members of this House assembled in this Session are deeply grateful to the Governor for the Address which he has been pleased to deliver to the House on the 22nd March, 1972.

I have received two notices of amendment to this Motion, one by Sardar Dhanna Singh Gulshan and the other by Comrade Satya Pal Dang, Comrade Jangir Singh Joga and Comrade Dana Ram. These will be deemed to have been read and moved.

Sardar Dhanna Singh Gulshan : That in the motion, the following be added at the end, namely —

"but regret that no mention has been made in the Address:-

(1) about giving adequate and satisfactory assistance to the families of 177 civilians killed during the 14 days Indo-Pak War;

(2) about giving satisfactory relief to meet the heavy losses suffered by the farmers' agricultural labourers, petty shop-keepers and small-scale industrialists during the war for keeping their business running;

(3) about the meritorious services rendered by the Truck operators and other Transporters of Punjab during the recent War and it is sheer injustice to allow higher daily freight to the truck operators from other States than the truck operators from Punjab State;

(4) about giving timely grants for the rehabilitation of residents of 564 villages affected by War;

[Sardar Dhanna Singh Gulshan]

(5) about perpetuating the decision taken earlier for maintaining perennial and uninterrupted flow of water to the farmers for securing double production of foodgrains and their scheme to keep the tube-wells in action;

(6) about extending the facilities of canal water and supplying fertilizers and diesel at cheaper rates to the farmers for increasing the production which is the main occupation of the farmers and in the absence of purchase of cotton (Narma) by the Government in the market and the declining prices thereof;

(7) about the removal of discrimination in the distribution of sugar in rural and urban areas for which empty promises have been made;

(8) about the immediate implementation of the scheme formulated for giving more facilities to the Government employees in order to increase the efficiency of Transport services;

(9) about the time by which the scheme for the welfare of Backward Classes referred to in the Address would be implemented;

(10) about the increase in poverty due to rising prices whereas the Governor has supported the office slogan of "Garibi Hatao" raised by the Prime Minister."

1. Comrade Satyapal Dang,
2. Comrade Jangir Singh Joga,
3. Comrade Danna Ram,
} That in the motion

the following be added at the end, namely—

"but regret that-

(a) the Address reveals an amazing and complete lack of awareness of the problems and difficulties facing the industrial working class in the State;

(b) the Address is silent about the unprecedented extent to which corruption has reached in the State and makes no mention of any measure for fighting and reducing the same;

(c) the Address maintains absolute silence about the most heinous crimes and innumerable illegal acts which the police has been committing in the State; and

(d) the Address shows complacency about the rise in prices of essential commodities and falsely paints a rosy picture."

ਸਰਦਾਰ ਸੁਰਜੀਤ ਸਿੰਘ (ਬਰਨਾਲਾ): ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਭਾਸ਼ਣ ਦੇ ਸਮੇਂ ਹਾਊਸ ਦੇ ਅੰਦਰ ਆਪਣੇ ਕਿਸੇ ਰੋਸ਼ ਦਾ ਮੁਜ਼ਾਹਰਾ ਕਰਨ , ਜਾਂ ਹਾਊਸ ਦੇ ਵਿਚੋਂ ਵਾਕ-ਆਊਟ ਕਰ ਜਾਣਾ ਇਹ ਵੈਸ ਸਦਨ ਦੀ ਆਮ ਗੀਤੀ ਦੇ ਵਿਰੁਧ ਹੈ। ਇਸ ਵੇਰ ਆਪੋਜ਼ੀਸ਼ਨ ਪਾਰਟੀ ਨੂੰ ਹਾਊਸ ਦੇ ਅੰਦਰ ਜਿਸ ਵੇਲੇ ਗਵਰਨਰ ਸਾਹਿਬ ਆਪਣਾ ਐਡਰੈਸ ਪੜ੍ਹ ਰਹੇ ਸਨ, ਆਪਣੇ ਰੋਸ਼ ਦਾ ਮੁਜ਼ਾਹਿਰਾ ਕਰਨਾ ਪਿਆ ਅਤੇ ਆਖਰ ਵਾਕ-ਆਊਟ ਕਰਨਾ ਪਿਆ। ਇਸ ਦੇ ਕੁਝ ਕਾਰਨ ਹਨ, ਜੋ ਮੈਂ ਆਪ ਜੀ ਨੂੰ ਦਸਣਾ ਚਾਹੁੰਦਾ ਹਾਂ ।

ਪਹਿਲਾ ਕਾਰਨ ਇਹ ਸੀ ਕਿ ਇਸ ਤੋਂ ਪਹਿਲਾਂ ਜਦੋਂ ਅਕਾਲੀ ਸਰਕਾਰ ਪੰਜਾਬ ਉਤੇ ਰਾਜ ਕਰ ਰਹੀ ਸੀ ਜਾਂ ਇਹ ਕਹਿ ਦਿਤਾ ਜਾਵੇ ਕਿ ਪੰਜਾਬ ਦੀ ਸੇਵਾ ਕਰ ਰਹੀ ਸੀ, ਇਸ ਦੇ ਜੋ ਚੰਗੇ ਕੰਮ ਸਨ ਜੋ ਚੰਗੇ ਫੈਸਲੇ ਸਨ ਉਨ੍ਹਾਂ ਨੂੰ ਗਵਰਨਰ ਰਾਜ ਦੇ ਸਮੇਂ ਖਤਮ ਕਰ ਦਿਤਾ ਗਿਆ ਹੈ। ਚੰਗੇ ਫੈਸਲੇ ਰੱਦ ਕਰ ਦਿਤੇ ਗਏ' ਤਰੱਕੀ ਦੇ ਕੰਮ ਜੋ ਚਲ ਰਹੇ ਸਨ, ਉਨ੍ਹਾਂ ਨੂੰ ਰੋਕ ਦਿਤਾ ਗਿਆ। ਇਸ ਲਈ ਵਿਰੋਧੀ ਬੈਂਚਾਂ ਨੂੰ ਇਕ ਬਹੁਤ ਵੱਡਾ ਰੋਸ ਸੀ ਜਿਸ ਦਾ ਉਸ ਦਿਨ ਪ੍ਰਗਟਾਵਾ ਕੀਤਾ ਗਿਆ। ਪਹਿਲਾ ਕੰਮ ਜੋ ਗਵਰਨਰ ਰਾਜ ਦੇ ਸਮੇਂ ਅਕਾਲੀ ਸਰਕਾਰ

ਦਾ ਜੋ ਇਕ ਵਧੀਆ ਕੰਮ ਸੀ ਖ਼ਤਮ ਕੀਤਾ ਗਿਆ ਹੈ ਉਹ ਸੀ ਜ਼ਮੀਨਾਂ ਤੇ ਮਾਮਲਾ ਮੁੜ ਬਹਾਲ ਕਰ ਦੇਣਾ। ਡਿਪਟੀ ਸਪੀਕਰ ਸਾਹਿਬ, ਤੁਸੀਂ ਜਾਣਦੇ ਹੋ ਕਿ ਜ਼ਮੀਨਾਂ ਉਤੇ ਜੋ ਲੈਂਡ ਰੈਵਿਨਿਊ ਚਲ ਰਿਹਾ ਹੈ ਇਹ ਬਹੁਤ ਹੀ ਪੁਰਾਣੇ ਸਮੇਂ ਤੋਂ ਜਦੋਂ ਬਾਹਰਲੇ ਹਮਲਾਵਰ ਆਏ ਸਨ ਉਨ੍ਹਾਂ ਦਿਨਾਂ ਤੋਂ ਚਲ ਰਿਹਾ ਹੈ ਇਹ ਮੁਗਲਾਂ ਦੇ ਸਮੇਂ ਰਿਹਾ, ਅੰਗਰੇਜ਼ਾਂ ਦੇ ਸਮੇਂ ਇਹ ਕੁਝ ਹੋਰ ਵਧਾਇਆ ਗਿਆ। ਉਸ ਤੋਂ ਬਾਦ ਕਾਂਗਰਸ ਰਾਜ ਆਇਆ ਉਸ ਦੇ ਸਮੇਂ ਵਿਚ ਵੀ ਕੋਈ ਛੋਟ ਨਾ ਦਿਤੀ ਗਈ। ਪਹਿਲਾਂ ਸਮਾਂ ਸੀ ਜਦੋਂ ਯੂਨਾਈਟਿਡ ਫ਼ਰੰਟ ਦੀ ਮਨਿਸਟਰੀ ਬਣੀ ਉਸ ਸਮੇਂ 5 ਸਟੈਂਡਰਡ ਏਕੜ ਦਾ ਮਾਲੀਆਂ ਮੁਆਫ਼ ਕੀਤਾ ਗਿਆ ਸੀ। ਸਾਰੀ ਜੰਤਾ ਨੇ ਇਹ ਬਹੁਤ ਅੱਛਾ ਕਦਮ ਸਮਝਿਆ ਸੀ। 1970-71 ਵਿਚ ਅਕਾਲੀ ਸਰਕਾਰ ਨੇ ਸਮਝਿਆ ਕਿ ਮਾਮਲਾ ਸਮੁਚੇ ਤੌਰ ਤੇ ਜ਼ਮੀਨਾਂ ਤੇ ਖ਼ਤਮ ਕਰ ਦੇਣਾ ਚਾਹੀਦਾ ਹੈ। ਜਿਸ ਤਰ੍ਹਾਂ ਮੈਂ ਪਿਛਲੀ ਦਿਨੀਂ ਬਜਟ ਉਤੇ ਬੋਲਦੇ ਕਿਹਾ ਸੀ ਕਿ ਪੰਜਾਬ ਦੇ ਲੋਕਾਂ ਉਤੇ ਟੈਕਸੇਸ਼ਨ ਦਾ ਸਭ ਤੋਂ ਜ਼ਿਆਦਾ ਜੀ ਪ੍ਰਤੀ ਬੋਝ ਹੈ। ਜੋ ਟੈਕਸ ਇਸ ਵਕਤ ਪੰਜਾਬ ਦੇ ਲੋਕਾਂ ਉਤੇ ਲਗੇ ਹੋਏ ਹਨ ਉਨ੍ਹਾਂ ਦਾ ਬੋਝ ਜੀ ਪ੍ਰਤਿ 86 ਰੁਪਏ ਹੈ, ਜਿਹੜਾ ਕਿ ਸਾਰੇ ਹਿੰਦੁਸਤਾਨ ਦੇ ਲੋਕਾਂ ਨਾਲੋਂ ਵੱਧ ਹੈ। ਉਨ੍ਹਾਂ 86 ਰੁਪਏ ਦੇ ਵਿਚੋਂ 10 ਰੁਪਏ ਤਾਂ ਸਿੱਧੇ ਟੈਕਸ ਦੇ ਹਨ ਅਤੇ ਬਾਕੀ ਦੇ 76 ਰੁਪਏ ਅਸਿੱਧੇ ਟੈਕਸ ਵਜੋਂ ਹਨ। ਅਸੀਂ ਕੋਸ਼ਿਸ਼ ਕੀਤੀ ਕਿ ਜੋ ਸਿਧੇ ਟੈਕਸ ਹਨ ਉਨ੍ਹਾਂ ਨੂੰ ਘੱਟ ਕੀਤਾ ਜਾਵੇ। ਇਹ ਮੁਆਮਲਾ ਮੁਆਫ਼ ਕਰਨ ਦੇ ਨਾਲ ਪੰਜਾਬ ਦੇ ਕਿਸਾਨ ਨੂੰ 3.75 ਕਰੋੜ ਰੁਪਏ ਦਾ ਫ਼ਾਇਦਾ ਪਹੁੰਚਾਣਾ ਸੀ। ਇਹ ਇਕ ਸਿੱਧਾ ਟੈਕਸ ਸੀ ਜਿਹੜਾ ਕਿ ਮਾਫ਼ ਕੀਤਾ ਗਿਆ। ਮੈਂ ਸਮਝਦਾ ਹਾਂ ਕਿ ਪੰਜਾਬ ਦਾ ਕਿਸਾਨ ਵਰਗ ਸਮੂਚੇ ਤੌਰ ਤੇ ਇਸ ਗਲ ਉਤੇ ਖੁਸ਼ ਸੀ। ਦੂਸਰੇ ਪਾਸੇ ਫਿਨਾਂਸ ਮਨਿਸਟਰ ਸਾਹਿਬ ਨੇ ਬੋਲਦਿਆਂ ਇਹ ਕਿਹਾ ਸੀ ਕਿ ਜੋ 20 ਏਕੜ ਤੋਂ ਘੱਟ ਵਾਲੇ ਨੇ ਉਨ੍ਹਾਂ ਦੀ ਤਾਦਾਦ ਪੰਜਾਬ ਦੇ ਵਿਚ 97% ਹੈ ਅਤੇ 20 ਏਕੜ ਤੋਂ ਵੱਧ ਵਾਲੇ ਜਿਹੜੇ ਹਨ ਉਹ ਸਿਰਫ਼ 3% ਹੀ ਹਨ। ਮੈਂ ਕਹਿੰਦਾ ਹਾਂ ਕਿ ਜੇ ਗਵਰਨਰ ਸਾਹਿਬ ਨੇ ਇਸ ਫ਼ੈਸਲੇ ਵਿਚ ਕੋਈ ਤਬਦੀਲੀ ਕਰਨੀ ਸੀ ਤਾਂ ਉਹ ਜਿਹੜੇ 3% ਵਾਲੇ ਨੇ ਜੋ ਇਹ ਸਮਝਦੇ ਹਨ ਕਿ ਵਡੇ ਲੈਂਡ ਲਾਰਡ ਨੇ ਉਨ੍ਹਾਂ ਤੇ ਇਹ ਮਾਮਲਾ ਨਾ ਮੁਆਫ਼ ਕਰਦੇ ਅਤੇ ਉਨ੍ਹਾਂ ਤੇ ਮਾਮਲਾ ਲਾ ਲੈਂਦੇ। ਬਾਕੀ 97 ਤੇ ਮਾਫ਼ ਰਹਿਣ ਦਿੰਦੇ ਤਾਂ ਇਹ ਅੱਛੀ ਗਲ ਸੀ। ਲੇਕਿਨ ਇਹ ਕਦਮ ਜਿਹੜਾ ਗਵਰਨਰ ਰਾਜ ਦੇ ਸਮੇਂ ਉਠਾਇਆ ਗਿਆ ਇਸ ਦੀ ਵਿਰੋਧਤਾ ਕਾਰਨ ਅਸੀਂ ਡਿਮਾਨਸਟਰੇਸ਼ਨ ਕੀਤੀ।

ਇਸ ਦੇ **ਨਾਲ** ਇਕ **ਹੋਰ** ਜੋ ਸੁਚੱਜਾ ਕੰਮ ਅਕਾਲੀ ਸਰਕਾਰ ਨੇ ਕੀਤਾ ਸੀ, ਉਨ੍ਹਾਂ ਨੂੰ ਗ਼ਲਤ ਸਮਝਦੇ ਹੋਇਆਂ ਉਨ੍ਹਾਂ ਤੇ ਅਮਲ ਨਹੀ ਕੀਤਾ। ਮੈਂ ਆਪਣੇ ਮਹਿਕਮੇ ਦੀ ਗਲ ਦਸਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਅੱਜ ਇਥੇ ਕੁਝ ਸਜਨਾਂ ਨੇ ਕਿਹਾ ਕਿ ਸਕੂਲਾਂ ਨੂੰ ਜ਼ਰੂਰ ਅੱਪ-ਗਰੇਡ ਕਰਨ ਵਾਸਤੇ ਕੋਈ ਪ੍ਰੋਵੀਜ਼ਨ ਬਜਟ ਵਿਚ ਰਖਣਾ ਚਾਹੀਦਾ **ਸੀ।** ਸਰਦਾਰ ਪ੍ਰੇਮ ਸਿੰਘ ਪ੍ਰੇਮ ਨੇ ਵੀ ਕਿਹਾ ਸੀ ਕਿ ਸਕੂਲਾਂ ਦੇ ਅਪਗਰੇਡ ਕਰਨ ਦੀ ਬਹੁਤ ਲੋੜ ਹੈ। 1971-72 ਦੇ ਬਜਟ ਲਈ, ਬਜਟ ਦੇ ਪਾਸ ਹੋਣ ਤੋਂ ਪਹਿਲਾਂ ਚੂੰਕਿ ਕੁਝ ਫੈਸਲੇ ਕਰਨੇ ਪੈਂਦੇ ਹਨ, ਅਕਾਲੀ ਸਰਕਾਰ ਦੇ ਟੁੱਟਣ ਤੋਂ ਪਹਿਲਾਂ ਫ਼ੈਸਲਾ ਕੀਤਾ ਸੀ ਕਿ 90 ਸਕੂਲ ਅੱਪਗਰੇਡ ਕਰਨੇ ਹਨ। ਜਿਨ੍ਹਾਂ ਵਿਚੋਂ 29 ਮਿਡਲ ਸਕੂਲਾਂ ਤੋਂ ਹਾਈ ਜਾਂ ਹਾਇਰ ਸਕੈਂਡਰੀ ਅਤੇ ਬਾਕੀ ਦੇ 61 ਪ੍ਰਾਇਮਰੀ ਤੋਂ ਮਿਡਲ ਅਪਗਰੇਡ ਹੋਣੇ ਸਨ। ਸਾਡਾ 90 ਸਕੂਲਾਂ ਦੀ ਅਪਗਰੇਡੇਸ਼ਨ ਦਾ ਇਰਾਦਾ ਸੀ। ਅਸੀਂ ਬਜਟ ਵਿਚ ਪੈਸਾ ਖ਼ਰਚ ਕਰਨ ਲਈ ਵੀ ਪ੍ਰੋਵੀਜ਼ਨ ਰਖ ਦਿਤਾ ਸੀ। ਇਸ ਦੇ ਨਾਲ ਸਮੂਚੀ ਜਨਤਾ ਦਾ ਭਲਾ ਸੀ। ਇਸ ਦੇ ਵਿਚ ਸਾਰੇ ਪੰਜਾਬ ਦੇ ਸਕੂਲ ਆਉਣੇ ਸਨ, ਪਤਾ ਨਹੀਂ ਉਸ ਫੈਸਲੇ ਨੂੰ ਵੀ ਕਿਉਂ ਰਦ ਕਰ ਦਿਤਾ ਗਿਆ

ਇਸ ਤਰ੍ਹਾਂ ਇਕ ਹੋਰ ਬੜਾ ਸੁਚੱਜਾ ਫ਼ੈਸਲਾ ਅਕਾਲੀ ਸਰਕਾਰ ਨੇ ਲਾਗੂ ਕੀਤਾ। ਇਹ ਸਮਝਦੇ ਹੋਏ ਕਿ ਪੰਜਾਬ ਦੇ ਵਿਚ ਬੇਰੁਜ਼ਗਾਰੀ ਬਹੁਤ ਹੈ, ਬਹੁਤ ਸਾਰੇ ਪੜ੍ਹੇ ਲਿਖੇ ਨੌਜਵਾਨ ਬੇਰੋਜ਼ਗਾਰ ਫਿਰਦੇ ਹਨ ਏਜ ਆਫ਼ ਰਿਟਾਇਰਮੈਂਟ ਜਿਹੜੀ ਹੈ, ਉਸ ਨੂੰ ਘਟਾ ਦਿਤਾ ਜਾਵੇ। ਅੱਜ 58 ਸਾਲ ਤੋਂ ਰਿਟਾਇਰ ਹੁੰਦੇ ਹਨ, ਉਸ ਦੇ ਲਈ 55 ਸਾਲ ਦਾ ਫ਼ੈਸਲਾ ਕੀਤਾ ਗਿਆ ਸੀ। ਇਸ ਗੱਲ ਨੂੰ ਵੀ ਰੱਦ ਕਰ ਦਿਤਾ ਗਿਆ। **ਇਸ ਦਾ ਨੌਜਵਾਨ ਤਬਕੇ ਵਿਚ ਬਹੁਤ ਰੋਸ ਹੋਇਆ।**

[ਸਰਦਾਰ ਸੁਰਜੀਤ ਸਿੰਘ]

ਇਸ ਤਰ੍ਹਾਂ ਮਾਡਲ ਪਿੰਡਾਂ ਦਾ ਇਕ ਬੜਾ ਚੰਗਾ ਫ਼ੈਸਲਾ ਹੋਇਆ ਸੀ। 1971-72 ਦੇ ਸਮੇਂ ਇਹ ਗੱਲ ਲਿਆਂਦੀ ਜਾ ਰਹੀ ਸੀ ਕਿ ਹਰ ਇਕ ਬਲਾਕ ਦੇ ਅੰਦਰ 10 ਮਾਡਲ ਪਿੰਡ ਬਣਾਏ ਜਾਣਗੇ। ਪਰ ਹੁਣ ਜਿਹੜਾ ਬਜਟ ਇਨ੍ਹਾਂ ਨੇ ਲਿਆਂਦਾ ਹੈ ਇਸ ਦੇ ਵਿਚ ਇੰਨੀ ਗੱਲ ਜ਼ਰੂਰ ਮੰਨੀ ਹੈ ਕਿ ਇਹ ਮਾਡਲ ਪਿੰਡ ਬਣਾਉਣਗੇ, ਇਹ ਗਲ ਅੱਛੀ ਤਾਂ ਸਮਝੀ, ਲੇਕਿਨ ਆਖਿਆ ਇਹ ਕਿ ਮਾਡਲ ਪਿੰਡ ਹਰ ਬਲਾਕ ਵਿਚ ਤਿੰਨ ਬਣਾਉਣੇ ਹਨ। ਲੇਕਿਨ ਗਵਰਨਰ ਰਾਜ ਦੇ ਸਮੇਂ ਜੋ ਮਾਡਲ ਪਿੰਡ ਬਣਨੇ ਸ਼ੁਰੂ ਹੋਏ ਸਨ, ਜਿਥੇ ਇੱਟਾਂ ਲਗੀਆਂ ਸਨ ਉਥੇ ਹੀ ਰਹਿ ਗਈਆਂ ਸਨ, ਉਹ ਬੰਦ ਕਰਾ ਦਿਤੇ ਗਏ, ਉਹ ਠੱਪ ਕਰ ਦਿਤੇ ਗਏ, ਉਨ੍ਹਾਂ ਦੇ ਲਈ ਵੀ ਰੋਸ਼ ਦਾ ਪ੍ਰਗਟਾਵਾ ਕੀਤਾ ਗਿਆ।

ਇਸ ਤਰ੍ਹਾਂ ਧਰਮਸ਼ਾਲਾਵਾਂ ਅਤੇ ਚੌਪਾਲਾਂ ਦਾ ਕੰਮ ਬਹੁਤ ਹੱਦ ਤਕ ਘਟਾ ਦਿਤਾ ਗਿਆ। ਗਵਰਨਰ ਸਾਹਿਬ ਦੇ ਐਡਰੈਸ ਦੇ ਸਫ਼ਾ 15 ਉਤੇ ਇਹ ਗਲ ਕਹੀ ਗਈ ਹੈ ਕਿ :

> "ਹਰ ਪਿੰਡ ਵਿਚ ਧਰਮਸ਼ਾਲਾਂ ਅਤੇ ਚੌਪਾਲਾਂ ਬਣਾਉਣ ਦੀਆਂ ਸਕੀਮਾਂ ਨੂੰ ਤੇਜ਼ ਕਰ ਦਿਤਾ ਜਾਵੇਗਾ ਅਤੇ ਇਹ ਸਹੂਲਤਾਂ ਰਾਜ ਦੇ ਹਰ ਪਿੰਡ ਵਿਚ ਦੋ ਸਾਲਾਂ ਦੇ ਅੰਦਰ ਅੰਦਰ ਮੁਹੱ-ਈਆ ਕਰ ਦਿਤੀਆਂ ਜਾਣਗੀਆਂ।..."

ਮੈਂ ਕਹਿਣਾ ਚਾਹੁੰਦਾ ਹਾਂ ਕਿ ਰਾਜਪਾਲ ਸਾਹਿਬ ਤਾਂ ਭਾਸ਼ਣ ਦੇ ਕੇ ਚਲੇ ਗਏ। ਉਸ ਤੋਂ ਬਾਦ ਜੋ ਬਜੱਟ ਆਇਆ ਤਾਂ ਵੇਖਿਆ, ਜੋ ਦੋ ਸਾਲਾਂ ਵਿਚ ਆਖਿਆ ਕਿ ਹਰ ਪਿੰਡ ਵਿਚ ਚੌਪਾਲ ਬਣਾ ਦੇਣੀ ਹੈ, ਤਾਂ ਉਸ ਵਿਚ ਕੋਈ ਅਜਿਹਾ ਪ੍ਰੋਵੀਜ਼ਨ ਹੈ ਹੀ ਨਹੀਂ। ਟਰੈਜ਼ਰੀ ਬੈਂਚਾਂ ਵਲੋਂ ਕਈ ਸਜਣਾਂ ਨੇ ਕਿਹਾ ਸੀ ਕਿ ਚੌਪਾਲਾਂ ਵਾਸਤੇ 25 ਲੱਖ ਰੁਪਏ ਦੀ ਜਿਹੜੀ ਰਕਮ ਰਖੀ ਗਈ ਹੈ, ਇਹ ਬਹੁਤ ਹੀ ਥੋੜ੍ਹੀ ਹੈ। ਇਸ ਨੂੰ ਵਧਾਉਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ 25 ਲੱਖ ਦਾ ਜਿਥੋਂ ਤਕ ਤੁਅੱਲਕ ਹੈ। ਅਗਰ 5 ਹਜ਼ਾਰ ਇਕ ਚੌਪਾਲ ਦਾ ਦੇਣਾ ਹੋਵੇ ਤਾਂ ਸਿਰਫ਼ 500 ਚੌਪਾਲਾਂ ਬਣਨਗੀਆਂ, ਪਰ ਅਜ ਪੰਜਾਬ ਦੇ ਅੰਦਰ 12 ਹਜ਼ਾਰ ਪਿੰਡ ਨੇ ਜਿਥੇ ਧਰਮਸ਼ਾਲਾਂ ਦੀ ਲੋੜ ਹੈ। ਐਸੇ ਵੀ ਪਿੰਡ ਹਨ ਜਿਥੇ ਰਾਮਦਾਸੀਅ ਵਾਸਤੇ ਅੱਡ ਅਤੇ ਦੂਜਿਆਂ ਲਈ ਅੱਡ ਚੌਪਾਲਾਂ ਬਣਾਉਣੀਆਂ ਹਨ। ਫ਼ਿਰ ਬਾਜੀਗਰਾਂ ਆਦਿ ਦੇ ਡੇਰੇ ਹਨ। ਜੇ ਅਸੈਸ ਕਰਕੇ ਦੇਖਿਆ ਜਾਵੇ ਤਾਂ ਤਕਰੀਬਨ 20 ਹਜ਼ਾਰ ਧਰਮਸਾਲਾਂ ਬਣਾਉਣ ਦੀ ਲੋੜ ਹੈ, ਪਰ ਇਨ੍ਹਾਂ ਨੇ 5 ਸੌ ਦਾ ਪ੍ਰੋਵੀਜ਼ਨ ਰਖਿਆ ਹੈ। ਮੈਨੂੰ ਸਮਝ ਨਹੀਂ ਆਉਂਦੀ ਕਿ ਇਹ ਕਿਸ ਤਰ੍ਹਾਂ ਦੋ ਸਾਲਾਂ ਵਿਚ ਕਰ ਦੇਣਗੇ। ਫ਼ਿਰ ਇਨ੍ਹਾਂ ਨੇ ਕਿਹਾ ਕਿ ਜੇ ਲੋੜ ਪਈ ਤਾਂ ਹਜ਼ਾਰ ਬਣਾ ਦਿਆਂਗੇ। ਕੁੱਲ ਧਰਮਸਾਲਾਂ ਜਿਹੜੀਆਂ ਬਣਾਉਣੀਆਂ ਹਨ ਉਹ ਹਨ 20 ਹਜ਼ਾਰ ਜਿਨ੍ਹਾਂ ਬਾਰੇ ਗਵਰਨਰ ਸਾਹਿਬ ਨੇ ਆਪਣੇ ਭਾਸ਼ਨ ਵਿਚ ਆਖਿਆ ਕਿ 2 ਸਾਲਾਂ ਵਿਚ ਹਰ ਪਿੰਡ ਵਿਚ ਚੌਪਾਲ ਬਣਾ ਦਿਆਂਗੇ। ਇਸ ਤੋਂ ਮੈਂ ਸਮਝਦਾ ਹਾਂ ਕਿ ਜਿਸ ਵੇਲੇ ਗਵਰਨਰ ਸਾਹਿਬ ਦਾ ਐਡਰੈਸ ਤਿਆਰ ਹੋ ਰਿਹਾ ਸੀ ਫ਼ਿਨਾਂਸ ਵਾਲਿਆਂ ਤੋਂ ਇਸ ਬਾਰੇ ਰਾਏ ਹੀਂ ਨਹੀਂ ਲਈ, ਨਤੀਜਾ ਇਹ ਰਹੇਗਾ ਕਿ ਸਾਲ ਦੇ ਅੰਤ ਵਿਚ ਸਿੱਟਾ ਕੁਝ ਵੀ ਨਹੀਂ ਨਿਕਲਣਾ।

ਡਿਪਟੀ ਸਪੀਕਰ ਸਾਹਿਬ, ਮੈਂ ਗਵਰਨਰ ਸਾਹਿਬ ਨੂੰ ਅਤੇ ਚੀਫ਼ ਮਨਿਸਟਰ ਸਾਹਿਬ ਨੂੰ ਅਰਜ਼ ਕਰਾਂਗਾ ਕਿ ਜੇ 20 ਹਜ਼ਾਰ ਧਰਮਸਾਲਾਂ ਬਣਾਉਣੀਆਂ ਹਨ ਤਾਂ ਇਹ ਸਕੀਮ ਲੈ ਆਉਂਦੇ ਕਿ ਇਕ ਸਾਲ ਦੇ ਵਿਚ, ਦੋ ਸਾਲ ਦੇ ਵਿਚ ਜਾਂ ਚਾਰ ਸਾਲਾਂ ਦੇ ਵਿਚ ਬਣਾਉਣੀਆਂ ਹਨ ਤਾਂ ਤੇ ਅਸੀਂ ਵੀ ਕੁਝ ਸਮਝਦੇ ਕਿ ਕੋਈ ਚੰਗੀ ਗਲ ਇਹ ਸਰਕਾਰ ਕਰਨਾ ਚਾਹੁੰਦੀ ਹੈ।

ਸੋ ਮੈਂ ਅਰਜ਼ ਕਰਾਂ ਕਿ ਸਬੋਰਡੀਨੇਟ ਸਰਵਿਸਿਜ਼ ਸਲੈਕਸ਼ਨ ਬੋਰਡ ਬਣਾਇਆ, ਉਸ ਨੇ ਬੜੇ ਚੰਗੇ ਢੰਗ ਨਾਲ ਇੰਟਰਵਿਊ ਸ਼ੁਰੂ ਕੀਤੀਆਂ। ਉਮੀਦਵਾਰ ਆ ਰਹੇ ਸਨ ਕਿ ਗਵਰਨਰੀ ਰਾਜ ਆ ਗਿਆ

ਅਤੇ ਉਸ ਨੇ ਆਉਂਦਿਆਂ ਹੀ ਬਿਲਾ ਵਜ੍ਹਾ ਇਹ ਰੌਰਡ ਤੋੜ ਦਿਤਾ। ਚੇਅਰਮੈਨ ਸਾਹਿਬ, ਐਸੀਆਂ ਹੋਰ ਵੀ ਬਹੁਤ ਸਾਰੀਆਂ ਗੱਲਾਂ ਹਨ ਜਿਨ੍ਹਾਂ ਦਾ ਕਿ ਜ਼ਿਕਰ ਨਹੀਂ ਕਰਨਾ ਚਾਹੁੰਦਾ।

(ਇਸ ਸਮੇਂ ਸ੍ਰੀ ਬ੍ਰਿਸ਼ ਭਾਨ, ਜੋ ਪੈਨਲ ਆਫ਼ ਚੇਅਰਮੈਨ ਦੇ ਮੈਂਬਰ ਹਨ, ਕੁਰਸੀ ਤੇ ਬਿਰਾਜਮਾਨ ਹੋਏ)

ਗਵਰਨਰ ਸਾਹਿਬ ਨੇ ਆਪਣੀ ਸਪੀਚ ਦੇ ਸਫਾ ਨੰਬਰ 17 ਤੇ ਕਿਹਾ ਹੈ ਕਿ "ਸਾਲ ਦੇ ਦੌਰਾਨ ਰਾਜ ਵਿਚ ਅਮਨ ਤੇ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਕਾਬੂ ਵਿਚ ਰਹੀ" ਅਤੇ ਫਿਰ ਅਗਲੇ ਪਹਿਰੇ ਵਿਚ ਕਿਹਾ ਹੈ "ਪੁਲਿਸ ਦੇ ਰੱਵਈਏ ਅਤੇ ਉਸ ਦੇ ਢੰਗਾਂ ਨੂੰ ਬਦਲਣ ਦਾ ਪੱਕਾ ਨਿਸਚਾ ਕਰ ਲਿਆ ਹੈ ਤਾਂ ਜੋ ਉਹ ਜਨਤਾ ਦੇ ਸੱਚੇ ਸੇਵਾਦਾਰ ਅਤੇ ਉਨ੍ਹਾਂ ਦੀ ਭਲਾਈ ਦੇ ਰਾਖੇ ਬਣ ਸਕਣ।" ਪਰ ਮੈਨੂੰ ਖੇਦ ਹੈ ਕਿ ਗਵਰਨਰ ਰਾਜ ਵਿਚ ਉਹ ਗੱਲਾਂ ਹੋਈਆਂ ਕਿ ਅੰਗਰੇਜ਼ਾਂ ਦੇ ਸਮੇਂ ਵਿਚ ਵੀ ਨਹੀਂ ਸਨ ਹੋਈਆਂ ਜਦੋਂ ਕਿ ਸਾਡਾ ਦੇਸ਼ ਗੁਲਾਮ ਸੀ। ਮੈਂ ਦੂਰ ਨਹੀਂ ਜਾਂਦਾ ਕੇਵਲ ਆਪਣੇ ਹੀ ਹਲਕੇ ਦੇ ਇਕ ਪਿੰਡ ਦਦਾਹੂਰ ਦਾ ਜ਼ਿਕਰ ਕਰਦਾ ਹਾਂ। ਉਹ ਇਕ ਛੋਟਾ ਜਿਹਾ ਪਿੰਡ ਹੈ ਅਤੇ ਉਥੇ 1200 ਦੀ ਆਬਾਦੀ ਹੈ। ਉਸ ਪਿੰਡ ਵਿਚ ਪੁਲੀਸ ਚੌਕੀ ਇਸ ਕਰਕੇ ਬਿਠਾ ਦਿਤੀ ਗਈ ਸੀ ਕਿ ਉਸ ਪਿੰਡ ਦਾ ਇਕ ਵਿਅਕਤੀ ਭਗੌੜਾ ਹੋ ਗਿਆ ਸੀ ਅਤੇ ਪੁਲੀਸ ਨੇ ਉਸ ਨੂੰ ਨਕਸਲੀ ਕਰਾਰ ਦੇ ਦਿਤਾ ਸੀ। ਉਸ ਚੌਕੀ ਵਿਚ ਪੰਜ ਆਦਮੀ ਸਿਰਫ ਉਸ ਆਦਮੀ ਦੀ ਗਰਫਤਾਰੀ ਲਈ ਹੀ ਬਿਠਾ ਦਿਤੇ ਗਏ। ਪਿੰਡ ਦੀ ਬਦਕਿਸਮਤੀ ਕਹਿ ਲਓ, ਕੁਝ ਦਿਨਾਂ ਪਿਛੋਂ ਉਨ੍ਹਾਂ ਪੰਜਾਂ ਸਿਪਾਹੀਆਂ ਵਿਚੋਂ ਇਕ ਸਿਪਾਹੀ ਦਾ ਕਤਲ ਹੋ ਗਿਆ। ਪੁਲੀਸ ਨੇ ਇਹ ਕੇਸ ਦਰਜ ਕੀਤਾ ਕਿ ਜਿਹੜਾ ਵਿਅਕਤੀ ਭਗੌੜਾ ਹੈ ਅਤੇ ਜਿਸ ਨੂੰ ਨਕਸਲਵਾਦੀ ਕਰਾਰ ਦਿਤਾ ਹੋਇਆ ਸੀ ਉਸ ਨੇ ਹੀ ਇਹ ਕਤਲ ਆਪਣੇ ਦੋ ਹੋਰ ਸਾਥੀਆਂ ਨੂੰ ਨਾਲ ਲੈ ਕੇ ਕੀਤਾ ਹੈ। ਇਹ ਵਾਕਾ ਦਿਨ ਦਾ ਸੀ। ਅਗਲੇ ਦਿਨ ਸਵਰ ਨੂੰ ਹੀ ਜਦੋਂ ਕਿ ਅਜੇ ਪਿੰਡ ਵਾਲੇ ਜਾਗੇ ਨਹੀਂ ਸਨ ਤਾਂ ਪਿੰਡ ਦੀ ਨਾਕਾਬੰਦੀ ਕਰ ਦਿਤੀ ਗਈ। ਬਹੁਤ ਤਾਦਾਦ ਵਿਚ ਪੁਲੀਸ ਪੁੱਜ ਗਈ ਅਤੇ ਹਰ ਇਕ ਘਰ ਵਿਚੋਂ ਜੋ ਵੀ ਬੁਢੇ, ਨੌਜਵਾਨ ਬੰਦੇ ਮਿਲੇ ਉਨ੍ਹਾਂ ਨੂੰ ਇਕ ਨਾਲ ਲਗਦੇ ਨਹਿਰੀ ਵਿਸ਼ਰਾਮ ਘਰ ਵਿਚ ਇਕੱਠੇ ਕਰ ਦਿਤਾ ਗਿਆ। ਉਥੇ ਹੀ ਸਾਰੇ ਪੁਲੀਸ ਕਰਮਚਾਰੀ ਸਨ ਕਿ ਇਨਸਪੈਕਟਰ ਜਨਰਲ ਜਿਹੜੇ ਕਿ ਹੁਣ ਵੀ ਇਸ ਆਹੁਦੇ ਤੇ ਹਨ, ਆ ਗਏ। ਚੇਅਰਮਨ ਸਾਹਿਬ, ਜੋ ਲਫਜ਼ ਉਸ ਵੇਲੇ ਉਨ੍ਹਾਂ ਨੇ ਕਹੇ ਉਹ ਨਿਹਾਇਤ ਹੀ ਦੁਖਦਾਈ ਸਨ। ਉਨ੍ਹਾਂ ਨੇ ਆਪਣੇ ਪੁਲੀਸ ਅਫਸਰਾਂ ਨੂੰ ਕਿਹਾ ਕਿ ਤੁਸੀਂ ਬੰਦੇ ਮੇਰੇ ਪੇਸ਼ ਕਿਉਂ ਕਰ ਰਹੇ ਹੋ। ਚਾਰ ਪੰਜ ਲਾਸ਼ਾਂ ਇਸ ਪਿੰਡ ਦੇ ਬੰਦਿਆਂ ਦੀਆਂ ਪੇਸ਼ ਕੀਤੀ ਹੁੰਦੀਆਂ ਤਾਂ ਚੰਗਾ ਸੀ। (ਸ਼ੇਮ) (ਸ਼ੇਮ) ਮੈਂ ਚੇਅਰਮੈਨ ਸਾਹਿਬ, ਕੱਲ ਉਸ ਪਿੰਡ ਜਾ ਕੇ ਆਇਆ ਹਾਂ ਅਤੇ ਇਸ ਵਾਸਤੇ ਹੀ ਉਥੇ ਗਿਆ ਸੀ ਕਿ ਕੋਈ ਗਲਤ ਗੱਲ, ਨਾ ਦਸੀ ਹੋਵੇ। ਮੈਂ ਉਸ ਪਿੰਡ ਦੇ ਲੋਕਾਂ ਨੂੰ ਪੁੱਛਿਆ ਜਿਸ ਤੇ ਉਨ੍ਹਾਂ ਨੇ ਦਸਿਆ ਕਿ ਉਸ ਵੇਲੇ ਦਾ ਵਤੀਰਾ ਇਹੋ ਹੀ ਸੀ ਕਿ ਉਹ ਲਾਸ਼ਾਂ ਹੀ ਵੇਖਣੀਆਂ ਚਾਹੁੰਦੇ ਸਨ ਅਤੇ ਸਾਨੂੰ ਨਹੀਂ ਸਨ ਵੇਖਣਾ ਚਾਹੁੰਦੇ ਹੁੰਦੇ।

ਸਾਰਾ ਦਿਨ ਬਿਨਾਂ ਕੁਝ ਖਾਧਿਆਂ ਸਾਰੇ ਲੋਕਾਂ ਨੂੰ ਉਥੇ ਰਖਿਆ ਗਿਆ ਅਤੇ ਫਿਰ ਇਕ ਪਾਸਿਓਂ 20 ਆਦਮੀ ਛਾਂਟ ਲਏ ਗਏ ਅਤੇ ਉਨ੍ਹਾਂ ਨੂੰ 16-17 ਦਿਨ ਕੁੱਟਦੇ ਰਹੇ। ਪਿੰਡ ਦੇ ਡੰਗਰਾਂ ਰਾਹੀਂ ਫਸਲਾਂ ਤਬਾਹ ਕਰ ਦਿਤੀਆਂ ਗਈਆਂ। ਔਰਤਾਂ ਦੀ ਬੇਪਤੀ ਕੀਤੀ ਗਈ। ਕਈਆਂ ਦੇ ਘਰ ਢਾਹ ਦਿਤੇ ਗਏ। ਮੈਨੂੰ ਕੋਈ ਗਿਲਾ ਨਹੀਂ, ਚੇਅਰਮੈਨ ਸਾਹਿਬ, ਕਿ ਜਿਸ ਨੇ ਕਤਲ ਕੀਤਾ ਹੈ ਉਸ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿਤੀ ਜਾਵੇ। ਕਾਨੂੰਨ ਦੇ ਆਧਾਰ ਤੇ ਉਸ ਨੂੰ ਕੋਰਟ ਫਾਂਸੀ ਦੀ ਸਜ਼ਾ ਦੇ ਸਕਦੀ ਹੈ। ਲੇਕਿਨ ਪਿੰਡ ਦੇ ਹਰ ਘਰ ਦੇ ਨਾਲ ਇਸ ਤਰ੍ਹਾਂ ਦਾ ਰਵੱਈਆਂ ਅਪਣਾਇਆ ਜਾਵੇ ਤਾਂ ਕਿਤਨੀ ਭੈੜੀ ਗੱਲ ਹੈ। ਉਸ ਹਲਕੇ ਵਿਚ ਇਸ ਕਾਂਡ ਨਾਲ ਹਾਹਾਕਾਰ ਮਚੀ ਹੋਈ ਹੈ ਅਤੇ ਪੁਲੀਸ ਨੇ ਜੋ ਉਸ ਪਿੰਡ ਨਾਲ ਵਰਤਾਉ

[ਸਰਦਾਰ ਸੁਰਜੀਤ ਸਿੰਘ]

ਕੀਤਾ ਹੈ, ਜਿਸ ਤਰ੍ਹਾਂ ਉਥੇ ਲੋਕਾਂ ਨਾਲ ਵਧੀਕੀਆਂ ਕੀਤੀਆਂ ਹਨ, ਸੁਣ ਕੇ ਅੱਖਾਂ ਵਿਚੋਂ ਅਥਰੂ ਆ ਜਾਂਦੇ ਹਨ। ਚੇਅਰਮੈਨ ਸਾਹਿਬ, ਪੰਦਰਾਂ ਆਦਮੀਆਂ ਦੀ ਪੁਲੀਸ ਚੌਕੀ ਉਸ ਪਿੰਡ ਹੁਣ ਵੀ ਹੈ ਔਰ ਜਿਸ ਬੰਦੇ ਦੇ ਸਿਰ ਉਸ ਸਿਪਾਹੀ ਦੇ ਕਤਲ ਦਾ ਅਲਜ਼ਾਮ ਲਗਿਆ ਸੀ ਉਹ ਮਰ ਵੀ ਚੁੱਕਾ ਹੈ। ਉਸ ਨੂੰ ਮਾਰਿਆ ਜਾ ਚੁਕਾ ਹੈ ਪਰ ਫਿਰ ਵੀ ਪੰਦਰਾਂ ਆਦਮੀਆਂ ਦੀ ਫੋਰਸ ਉਥੇ ਬੈਠੀ ਹੈ। ਉਥੇ ਲੋਕਾਂ ਵਿਚ ਇਸ ਗੱਲ ਦੀ ਦਹਿਸ਼ਤ ਫੈਲੀ ਹੋਈ ਹੈ। ਉਥੇ ਆਦਮੀਆਂ ਨੂੰ ਪਹਿਲਾਂ ਫੜ ਲਿਆ ਜਾਂਦਾ ਹੈ ਅਤੇ ਫਿਰ ਦਸ ਪੰਦਰਾਂ ਦਿਨ ਉਨ੍ਹਾਂ ਨੂੰ ਤੰਗ ਕਰਨ ਤੋਂ ਬਾਅਦ ਉਨ੍ਹਾਂ ਉਤੇ ਕਿਸੇ ਨਾ ਕਿਸੇ ਚੋਰੀ ਦਾ ਅਲਜ਼ਾਮ ਲਗਾਇਆ ਜਾਂਦਾ ਹੈ ਅਤੇ ਇਸ ਤਰ੍ਹਾਂ ਉਨ੍ਹਾਂ ਤੇ ਜ਼ੁਲਮ ਢਾਹੇ ਜਾ ਰਹੇ ਹਨ। ਇਹ ਹੈ ਲਾ ਐਂਡ ਆਰਡਰ ਦੀ ਹਾਲਤ ਔਰ ਦੂਜੇ ਪਾਸੇ ਗਵਰਨਰ ਸਾਹਿਬ ਨੇ ਕਿਹਾ ਹੈ ਕਿ ਕਾਨੂੰਨ ਦੀ ਵਿਵਸਥਾ ਠੀਕ ਰਹੀ ਹੈ। ਮੈਂ ਜ਼ਿਆਦਾ ਵਿਸਥਾਰ ਵਿਚ ਨਹੀਂ ਜਾਂਦਾ ਕੇਵਲ ਪੁਲੀਸ ਦੀਆਂ ਵਧੀਕੀਆਂ ਅਤੇ ਲਾ ਐਂਡ ਆਰਡਰ ਦੀ ਹੀ ਗੱਲ ਕਰਦਾ ਹਾਂ।

ਪਿੰਡ ਸੈਹਣੇ ਦੇ ਹੈਡ ਮਾਸਟਰ ਸਾਹਿਬ ਸਕੂਲ ਤੋਂ ਛੁੱਟੀ ਹੋਣ ਪਿਛੋਂ ਭਦੌੜ ਨੂੰ ਜਾ ਰਹੇ ਸਨ ਕਿ ਉਨ੍ਹਾਂ ਨੂੰ ਕਤਲ ਰਸਤੇ ਵਿਚ ਹੀ ਕਰ ਦਿਤਾ ਗਿਆ। ਖੈਰ, ਇਹ ਸਬਜੁਡਿਸ ਮੈਟਰ ਹੋਣ ਕਰਕੇ ਮੈਂ ਇਸ ਦੇ ਵਿਸਥਾਰ ਵਿਚ ਨਹੀਂ ਜਾਂਦਾ। ਲੇਕਿਨ ਇਸ ਕਾਂਡ ਨਾਲ ਉਸ ਹਲਕੇ ਦੇ ਟੀਚਰਾਂ ਵਿਚ ਅਤੇ ਮੁੰਡਿਆਂ ਵਿਚ ਇਹ ਦਹਿਸ਼ਤ ਫੈਲ ਗਈ ਹੈ ਅਤੇ ਉਹ ਸਮਝਦੇ ਹਨ ਕਿ ਸਾਡੀ ਲਾਈਫ ਸੇਫ ਨਹੀਂ ਹੈ ਅਤੇ ਇਸ ਐਡਰੈਸ ਵਿਚ ਕਿਹਾ ਗਿਆ ਹੈ ਕਿ ਰਾਜ ਵਿਚ ਕਾਨੂੰਨ ਦੀ ਅਤੇ ਲਾਅ ਐਂਡ ਆਰਡਰ ਦੀ ਹਾਲਤ ਠੀਕ ਰਹੀ ਹੈ।

ਫਿਰ, ਚੇਅਰਮੈਨ ਸਾਹਿਬ, ਸਾਨੂੰ ਚੋਣਾਂ ਬਾਰੇ ਵੀ ਇਤਰਾਜ਼ ਹੈ। ਇਹ ਚੋਣਾਂ ਨਿਰਪੱਖਤਾ ਨਾਲ ਨਹੀਂ ਹੋਈਆਂ ਕਿਉਂਕਿ ਇਨ੍ਹਾਂ ਚੋਣਾਂ ਵਿਚ ਹਰ ਕਿਸਮ ਦੀ ਮਸ਼ੀਨਰੀ ਵਰਤੀ ਗਈ ਹੈ। ਸਰਕਾਰੀ ਕਰਮ-ਚਾਰੀਆਂ ਨੂੰ ਵਰਤਿਆ ਗਿਆ ਹੈ। ਗਵਰਨਰ ਰਾਜ ਨੂੰ ਸਿੱਧਾ ਕੇਂਦਰ ਦਾ ਰਾਜ ਸਮਝਿਆ ਜਾਂਦਾ ਹੈ। ਮੈਂ ਆਪਣੇ ਹਲਕੇ ਦੀ ਹੀ ਅਰਜ਼ ਕਰਾਂ ਕਿ ਬਰਨਾਲਾ ਬੜਾ ਖੁਸ਼ਕਿਸਮਤ ਹੈ ਕਿ ਹਰ ਇਲੈਕਸ਼ਨ ਸਮੇਂ ਉਥੇ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਚਰਨ ਪਾਉਂਦੇ ਹਨ। ਉਨ੍ਹਾਂ ਨੇ 1969 ਦੀਆਂ ਇਲੈਕਸ਼ਨਾਂ ਵਿਚ ਵੀ ਅਤੇ ਹੁਣ ਵੀ ਚਰਨ ਪਾਏ। ਉਹ ਜਗਾਹ ਛੋਟੀ ਹੋਣ ਕਰਕੇ ਉਥੇ ਹੈਲੀਪੈਡ ਬਣਾਇਆ ਹੀ ਨਹੀਂ ਸੀ ਗਿਆ। ਇਸ ਵਾਰ ਪੀ. ਡਬਲਿਊ. ਡੀ. ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਕਿ ਉਹ ਛੇਤੀ ਤੋਂ ਛੇਤੀ ਇਕ ਹੈਲੀਪੈਡ ਜਲਸੇ ਵਾਲੀ ਜਗਾਹ ਦੇ ਨੇੜੇ ਬਨਾਉਣ ਲੇਕਿਨ ਉਥੇ ਜਗਾਹ ਥੋੜੀ ਹੋਣ ਕਾਰਣ ਹੈਲੀਪੈਡ ਕੁਝ ਦੂਰੀ ਤੇ ਬਣਾਇਆ ਗਿਆ ਪਰ ਹੁਣ ਉਸ ਹੈਲੀਪੈਡ ਨੂੰ ਭਾਸ਼ਨ ਵਾਲੇ ਸਥਾਨ ਨਾਲ ਮਿਲਾਉਂਦੀ ਹੋਈ ਇਕ ਸੜਕ ਵੀ ਚਾਹੀਦੀ ਸੀ। ਛੇ ਸੱਤ ਦਿਨਾਂ ਦੇ ਅੰਦਰ ਅੰਦਰ ਹੈਲੀਪੈਡ ਤਿਆਰ ਹੋ ਗਿਆ ਅਤੇ ਸੜਕ ਵੀ ਬਣਾਈ ਗਈ। ਉਥੇ ਸਾਰਾ ਹੀ ਸਰਕਾਰੀ ਮਸ਼ਨੀਰੀ ਦਾ ਇਸਤੇਮਾਲ ਹੋਇਆ। ਮੈਂ ਸਮਝਦਾ ਹਾਂ ਕਿ ਪ੍ਰਧਾਨ ਮੰਤਰੀ ਜੀ ਇਲੈਕਸ਼ਨ ਦੀ ਖਾਤਰ ਉਥੇ ਆਏ ਸਨ ਅਤੇ ਮੈਂ ਚੀਫ ਮਨਿਸਟਰ ਸਾਹਿਬ ਨੂੰ ਇਹ ਗੱਲ ਪੁੱਛਣਾ ਚਾਹੁੰਦਾ ਹਾਂ ਕਿ ਪੀ. ਡਬਲਿਯੂ. ਡੀ. ਰਾਹੀਂ ਇਸ ਤਰ੍ਹਾਂ ਖਰਚ ਕਰਨਾ ਕੀ ਇਹ ਜਾਇਜ਼ ਗੱਲ ਹੈ, ਉਥੇ ਉਸ ਸਮੇਂ ਤਿੰਨ ਹਜ਼ਾਰ ਪੁਲੀਸ ਕਰਮਚਾਰੀ ਲਿਆਂਦੇ ਗਏ। ਮੈਂ ਇਸ ਗਲ ਦੇ ਹੱਕ ਵਿਚ ਹਾਂ ਕਿ ਸਾਡੇ ਦੇਸ਼ ਦੀ ਪ੍ਰਧਾਨ ਮੰਤਰੀ ਜੇਕਰ ਕਿਸੇ ਥਾਂ ਜਾਂਦੀ ਹੈ ਤਾਂ ਮੁਨਾਸਿਬ ਸਕਿਉਰਿਟੀ ਦੀ ਲੋੜ ਹੈ। ਪੁਲੀਸ ਫੋਰਸ ਦੀ ਲੋੜ ਹੁੰਦੀ ਹੈ। ਪਰ 40, 50, 60, ਜਾਂ 100 ਪੁਲੀਸ ਕਰਮਚਾਰੀ ਸਕਿਉਰਿਟੀ ਦੀ ਖਾਤਰ ਲਗਾਏ ਜਾਣ ਤਾਂ ਮੈਂ ਸਮਝਦਾ ਹਾਂ ਕਿ ਕੋਈ ਗੱਲ ਨਹੀਂ ਹੈ ਕਿਉਂਕਿ ਇਸ ਤਰ੍ਹਾਂ ਦੇ ਵੱਡੇ ਲੀਡਰਾਂ ਨੂੰ ਸਕਿਉਰਿਟੀ ਦੀ ਲੋੜ ਹੁੰਦੀ ਹੈ ਪਰ ਤਿੰਨ ਹਜ਼ਾਰ ਬੰਦੇ ਸਫੈਦ ਕਪੜਿਆਂ ਵਿਚ ਕੇਵਲ ਜਲਸੇ ਦੀ ਰੌਣਕ ਵਧਾਉਣ ਲਈ ਇਕੱਠੇ ਕਰ ਲੈਣੇ ਬਿਲਕੁਲ ਨਜਾਇਜ਼ ਗੱਲ ਹੈ। ਅਤੇ ਫਿਰ ਉਨ੍ਹਾਂ ਪੁਲੀਸ ਕਰਮਚਾਰੀਆਂ ਨੂੰ ਛੇਤੀ ਛੇਤੀ ਵਾਪਸ ਭੇਜਿਆ ਗਿਆ। ਇਹ ਸਾਰੀ ਗਲ ਮੈਂ ਆਪਣੇ ਹਲਕੇ ਦੀ ਕਰ ਰਿਹਾ ਹਾਂ ਅਤੇ ਸ਼ਾਇਦ ਹੋਰ

ਥਾਵਾਂ ਤੇ ਵੀ ਇਸ ਤਰ੍ਹਾਂ ਹੀ ਹੋਇਆ ਹੋਵੇਗਾ, ਜਿਥੇ ਕਿਤੇ ਬੀਬੀ ਜੀ ਨੇ ਚਰਨ ਪਾਏ ਹੋਣਗੇ । (ਵਿਘਨ) ਜਿਹੜੇ ਭਰਾ ਡਿਸਟਰਬ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਮੈਂ ਉਨ੍ਹਾਂ ਨੂੰ ਅਰਜ਼ ਕਰਾਂਗਾ ਕਿ ਇਸ ਤਰ੍ਹਾਂ ਨਾ ਕਰਨ। ਸੋ ਚੇਅਰਮੈਨ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਜਿਸ ਵੇਲੇ ਕੋਈ ਵਿਅਕਤੀ ਇਲੈਕਸ਼ਨ ਕੰਮਪੇਨ ਤੇ ਆਵੇ ਤਾਂ ਉਸ ਦਾ ਖਰਚ ਪਾਰਟੀ ਨੂੰ ਕਰਨਾ ਚਾਹੀਦਾ ਹੈ । ਭਾਵੇਂ ਹੈਲੀਪੈਡ ਤੇ ਖਰਚ ਹੁੰਦਾ ਹੋਵੇ। (ਵਿਘਨ) ਪਰ ਉਥੇ ਪੀ. ਡਬਲਿਊ. ਡੀ. ਵਲੋਂ ਹੈਲੀਪੈਡ ਬਣਾਇਆ ਗਿਆ।

ਸ੍ਰੀ ਵਿਸ਼ਵਾ ਮਿੱਤਰ ਸੇਖਰੀ : ਚੇਅਰਮੈਨ ਸਾਹਿਬ, ਜਿਹੜਾ ਇਨ੍ਹਾਂ ਨੇ ਇਹ ਫਰਮਾਇਆ ਹੈ ਕਿ 3000 ਬੰਦਿਆਂ ਨੂੰ ਉਥੇ ਹਾਜ਼ਰੀ ਤੇ ਲਾਇਆ ਗਿਆ ਸੀ। ਇਨ੍ਹਾਂ ਨੂੰ ਪਤਾ ਨਹੀਂ ਕਿ ਜਲਸੇ ਵਿਚ ਹਾਜ਼ਰੀ ਕਿੰਨੀ ਸੀ। ਲੱਖਾਂ ਦੀ ਤਦਾਦ ਵਿਚ ਆਦਮੀ ਉਥੇ ਆਏ ਸਨ। ਇਸ ਲਈ ਇਹ ਗਲ ਬਿਲਕੁਲ ਗਲਤ ਕੀਤੀ ਜਾ ਰਹੀ ਹੈ। ਇਸ ਨੂੰ ਰੋਕਣਾ ਚਾਹੀਦਾ ਹੈ। ਬਾਕੀ ਜਿਥੋਂ ਤਕ ਜਲਸੇ ਦਾ ਤੁਅੱਲਕ ਹੈ, ਜਲਸਾ ਕਾਂਗਰਸ ਪਾਰਟੀ ਨੇ ਆਰਗੇਨਾਈਜ਼ ਕੀਤਾ ਅਤੇ ਕਾਂਗਰਸ ਪਾਰਟੀ ਨੇ ਖਰਚ ਕੀਤਾ ਹੈ ।

ਸਰਦਾਰ ਸੁਰਜੀਤ ਸਿੰਘ : ਇਨ੍ਹਾਂ ਨੇ ਆਖਿਆ ਹੈ ਕਿ ਜਲਸੇ ਤੇ ਕਾਂਗਰਸ ਪਾਰਟੀ ਨੇ ਖਰਚਾ ਕੀਤਾ ਹੈ। ਮੈਂ ਤਾਂ ਚੇਅਰਮੈਨ ਸਾਹਿਬ, ਇਸ ਗਲ ਦਾ ਸਵਾਲ ਵੀ ਦਿੱਤਾ ਹੋਇਆ ਹੈ ਕਿ ਉਹ ਜਿਹੜਾ ਖਰਚ ਹੋਇਆ ਹੈ ਹੈਲੀਪੈਡ ਤੇ ਉਹ ਸਾਨੂੰ ਦੱਸਿਆ ਜਾਵੇ ਕਿਉਂਕਿ ਉਥੇ ਪੀ. ਡਬਲਿਊ. ਡੀ. ਦੀ ਮਸ਼ੀਨਰੀ ਮੇਰੇ ਸਾਹਮਣੇ ਚਲਦੀ ਰਹੀ ਹੈ। ਇਨ੍ਹਾਂ ਨੇ ਪੈਸਾ ਕਿਥੋਂ ਖਰਚ ਕਰਨਾ ਸੀ।

ਮੈਂ ਅਰਜ਼ ਕਰਨਾ ਚਾਹੁੰਦਾ ਹਾਂ, ਚੇਅਰਮੈਨ ਸਾਹਿਬ, ਕਿ ਇਸ ਕਿਸਮ ਦੀਆਂ ਗੱਲਾਂ ਹੋਈਆਂ । ਸਰਹੱਦੀ ਜ਼ਿਲ੍ਹਿਆਂ ਵਿਚ ਰੀਲੀਫ ਵੰਡਣ ਦੀ ਖਾਤਰ ਬਹਾਨਾ ਲਾ ਕੇ ਪਹਿਲਾਂ ਤਾਂ ਰੀਲੀਫ ਉਨ੍ਹਾਂ ਨੂੰ ਦਿੱਤਾ ਨਹੀਂ ਗਿਆ ਅਲੈਕਸ਼ਨ ਦੇ ਨੇੜੇ ਜਾ ਕੇ ਜਿਹੜੇ ਫੈਮਲੀ ਦੇ 5 ਮੈਂਬਰ ਸਨ ਉਨ੍ਹਾਂ ਨੂੰ 10 ਦਿਖਾਇਆ ਗਿਆ ਅਤੇ ਉਨ੍ਹਾਂ ਨੂੰ ਟਪਲਾ ਦਿੱਤਾ ਗਿਆ ਕਿ ਰੀਲੀਫ ਵੱਧ ਮਿਲੇਗਾ। ਅਖਰੀਲੇ ਦਿਨ ਰੀਲੀਫ ਵੰਡਿਆ ਗਿਆ। ਪੌਣੇ ਦੋ ਕਰੋੜ ਰੁਪਿਆ ਤਿੰਨ ਜ਼ਿਲ੍ਹਿਆਂ ਵਿਚ ਇਕ ਦੋ ਦਿਨਾਂ ਦੇ ਅੰਦਰ ਵੰਡਿਆ ਗਿਆ । ਜਿਹੜੇ ਇਤਨੇ ਦਿਨ ਭੁੱਖਾ ਰਿਹਾ ਹੋਵੇ ਉਸ ਨੂੰ ਇੱਕ ਦਮ 1200, 1400 ਰੁਪਿਆ ਮਿਲੇ ਤਾਂ ਫਿਰ ਇਹ ਵੋਟ ਕਿਥੇ ਪੈਣੇ ਸੀ। ਕਿਉਂਕਿ ਚੋਣਾਂ ਨਿਰਪੱਖ ਨਹੀਂ ਹੋਈਆਂ, ਇਸ ਕਰਕੇ ਅਸੀਂ ਗਵਰਨਰ ਸਾਹਿਬ ਦੇ ਵਿਰੁੱਧ ਰੋਸ਼ ਕਾਰਨ ਉਸ ਦਿਨ ਵਾਕ ਆਊਟ ਕਰ ਗਏ ਅਤੇ ਇਥੇ ਸ਼ੋਰ ਗੁਲ ਹੋਇਆ। ਮੈਂ ਇਥੇ ਇਹ ਵੀ ਕਹਾਂਗਾ ਕਿ ਗਵਰਨਰ ਰਾਜ ਸਮੇਂ ਉਹ ਭਾਅ ਠੀਕ ਨਹੀਂ ਰੱਖ ਸਕੇ ਸਨ। ਚੇਅਰਮੈਨ ਸਾਹਿਬ, ਅਸੀਂ ਦੇਖਦੇ ਆਏ ਕਿ 1967 ਤੋਂ ਭਾਅ ਇੱਕ ਥਾਂ ਟਿਕੇ ਰਹੇ। ਜੋ ਭਾਅ ਗਵਰਨਰ ਸਾਹਿਬ ਵੇਲੇ ਸੀ ਉਹ ਵੱਧਦੇ ਹੀ ਗਏ । 1971-72 ਲਈ 76 ਰੁਪਏ ਕੁਅੰਟਲ ਕਣਕ ਦਾ ਭਾਅ ਮੁਕਰੱਰ ਹੋਇਆ ਸੀ। 76 ਰੁਪਏ ਦੇ ਭਾਅ ਤੇ ਕਣਕ ਜ਼ਿਮੀਂਦਾਰ ਕੋਲੋਂ ਚਲੀ ਗਈ। ਗਵਰਨਰ ਰਾਜ ਸਮੇਂ, ਮੈਂ ਬਰਨਾਲੇ ਦੀ ਮੰਡੀ ਦਾ ਜ਼ਿਕਰ ਕਰਦਾ ਹਾਂ ਜੋ ਕਿ ਪੰਜਾਬ ਦੀ ਇੱਕ ਬਹੁਤ ਵੱਡੀ ਮੰਡੀ ਹੈ, 110 ਰੁਪਏ ਕੁਅੰਟਲ ਦੇ ਹਿਸਾਬ ਨਾਲ ਕਣਕ ਮੰਡੀ ਵਿਚ ਵਿਕਦੀ ਰਹੀ । ਪੰਜਾਬ ਦੀਆਂ ਹੋਰ ਮੰਡੀਆਂ ਵਿਚ ਵੀ ਇਸੇ ਭਾਅ ਤੇ ਵਿਕਦੀ ਰਹੀ ਹੋਵੇਗੀ ਭਾਅ 76 ਰੁਪਏ ਕੁਇੰਟਲ ਤੋਂ 110 ਰੁਪਏ ਤਕ ਚਲੇ ਗਏ। ਆਖਿਰ ਇਹ ਸੱਟ ਕਿਸੇ ਤੇ ਵੱਜੀ । ਇਹ ਇਨ੍ਹਾਂ ਦੀ ਨਾਅਹਲੀਅਤ ਸਮਝੋ ਕਿ ਭਾਅ ਠੀਕ ਨਹੀਂ ਰਖ ਸਕੇ। ਇਸ ਦੀ ਸੱਟ ਪੰਜਾਬ ਦੇ ਗਰੀਬ ਤੇ ਵੱਜੀ ਹੈ, ਪੰਜਾਬ ਦੇ ਮੁਲਾਜ਼ਮ ਤੇ ਵੱਜੀ ਹੈ ਜਿਹੜਾ ਸਾਰੇ ਸਾਲ ਦਾ ਸਟਾਕ ਨਹੀਂ ਰੱਖ ਸਕਦਾ ਹੈ । ਗਰੀਬ ਮਜ਼ਦਰ ਜਿਹੜਾ ਰੋਜ਼ ਰੋਜ਼ ਦਿਹਾੜੀ ਕਰਕੇ ਦਾਣੇ ਖਰੀਦਦਾ ਹੈ ਅਤੇ ਆਪਣੇ ਬੱਚਿਆਂ ਦਾ ਪੇਟ ਪਾਲਦਾ ਹੈ।

ਇਸ ਤੋਂ ਬਾਦ ਕਪਾਹ ਅਤੇ ਨਰਮੇ ਦੀ ਕੀ ਹਾਲਤ ਹੈ। ਰੋਜ਼ ਚਰਚਾ ਹੁੰਦੀ ਰਹਿੰਦੀ ਹੈ ਕਿ ਲੋਕ ਲੁੱਟੇ ਗਏ ਹਨ ਅਤੇ ਅਡਰੈਸ ਵਿਚ ਵੀ ਕਿਹਾ ਗਿਆ ਹੈ। ਕਿ ਲੋਕ ਖੁਸ਼ ਸਨ ਕਿ ਭਾਅ ਸਾਢੇ ਤਿੰਨ ਸੌ

[ਸਰਦਾਰ ਸੁਰਜੀਤ ਸਿੰਘ]

ਹੈ। ਲੋਕ ਕਹਿੰਦੇ ਸਨ ਸਾਡੇ ਘਰ ਨਰਮਾ ਪਿਆ ਹੈ। ਇਸ ਦਾ ਮੁਲ ਡੇਢ ਸੌ ਰੁਪਿਆ ਕੁਇੰਟਲ ਰਹਿ ਗਿਆ। ਦੋ ਸੌ ਰੁਪਿਆ ਕੁਇੰਟਲ ਦਾ ਘਾਟਾ ਪਿਆ ਹੈ ਉਸ ਗਰੀਬ ਨੂੰ। ਇਸ ਗਲ ਦਾ ਰੋਸ ਸੀ ਜਿਹੜਾ ਕਿ ਉਸ ਦਿਨ ਦਿਖਾਇਆ ਗਿਆ। ਸਰਦਾਰ ਪ੍ਰੇਮ ਸਿੰਘ ਪ੍ਰੇਮ ਜਦੋਂ ਭਾਸ਼ਨ ਦੇ ਰਹੇ ਸਨ ਅਤੇ ਉਨ੍ਹਾਂ ਨੇ ਕੁਝ ਸੁਆਲਾਂ ਦਾ ਵਿਚ ਵੀ ਜ਼ਿਕਰ ਕੀਤਾ ਕਿ ਇੱਟਾਂ ਨਾ ਹੋਣ ਕਾਰਣ ਸੜਕਾਂ ਨਹੀਂ ਬਣੀਆਂ। ਇੱਟਾਂ ਦੇ ਭਾਅ ਬਾਰੇ ਇੱਕ ਕਮੇਟੀ ਮੁਕਰੱਰ ਹੋਈ ਸੀ 1967 ਵਿਚ। ਮੈਨੂੰ ਵੀ ਉਸ ਕਮੇਟੀ ਵਿਚ ਬੈਠਣ ਦਾ ਮੌਕਾ ਮਿਲਿਆ ਸੀ। ਉਸ ਵੇਲੇ ਭਾਅ ਮੁਕਰੱਰ ਕੀਤੇ ਸਨ। ਉਹ ਭਾਅ ਕਾਇਮ ਰਹੇ ਸਨ। ਜਦੋਂ ਗਵਰਨਰੀ ਰਾਜ ਆਇਆ, ਪਤਾ ਨਹੀਂ ਕੀ ਹੋਇਆ ਇੱਟਾਂ ਦੇ ਭਾਅ ਵੱਧਣੇ ਸ਼ੁਰੂ ਹੋ ਗਏ। ਇੱਟਾ ਮਿਲਣੀਆਂ ਨਾਯਾਬ ਹੋ ਗਈਆਂ, ਮਿਲਦੀਆਂ ਸਨ ਤਾਂ ਬਲੈਕ ਮਾਰਕਿਟ ਵਿੱਚ। ਹੁਣ ਇਹ ਕਿਹਾ ਗਿਆ ਹੈ ਕਿ ਇੱਟਾਂ ਦਾ ਕੰਟਰੋਲ ਟੁੱਟ ਗਿਆ ਹੈ ਇਸ ਲਈ ਕੀ ਕਰੀਏ। ਇਹ ਆਪਣੀ ਨਾਅਹਲੀਅਤ ਦਸ ਰਹੇ ਹਨ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਰੋਜ਼ ਮਰੇ ਦੀਆਂ ਚੀਜ਼ਾਂ ਦੇ ਭਾਅ ਗਵਰਨਰੀ ਰਾਜ ਸਮੇਂ ਚੜ੍ਹੇ ਹਨ ਇਸ ਕਰਕੇ ਸਾਨੂੰ ਇਹ ਰੋਸ਼ ਦਿਖਾਉਣਾ ਪਿਆ।

ਸੜਕਾਂ ਦੇ ਬਾਰੇ ਮੈਂ ਅਰਜ਼ ਕਰਾਂਗਾ ਕਿ ਸੜਕਾਂ ਦਾ ਵਿਕਾਸ ਜਿਹੜਾ ਹੋ ਰਿਹਾ ਸੀ ਰੋਕ ਦਿੱਤਾ ਗਿਆ ਹੈ ਅਤੇ ਭਾਸ਼ਨ ਵਿਚ ਇਹ ਕਿਹਾ ਹੈ ਕਿ ਦੋ ਸਾਲ ਦੇ ਅੰਦਰ ਅੰਦਰ ਹਰ ਪਿੰਡ ਨੂੰ ਸੜਕ ਨਾਲ ਜੋੜ ਦਿੱਤਾ ਜਾਵੇਗਾ। ਜਦੋਂ ਬਜਟ ਦੇ ਆਂਕੜੇ ਦੇਖਦੇ ਹਾਂ ਤਾਂ ਇਹ ਗਲ ਜ਼ਾਹਿਰ ਹੁੰਦੀ ਹੈ ਕਿ ਸਾਡੀ ਮਨਿ-ਸਟਰੀ ਵੇਲੇ ਸਾਢੇ ਸੱਤ ਕਰੋੜ ਰੁਪਿਆ ਰੱਖਿਆ ਸੀ ਇਸ ਵਾਰ 6 ਕਰੋੜ ਰੁਪਿਆ ਕਰ ਦਿੱਤਾ ਗਿਆ ਹੈ। ਡੇਢ ਕਰੋੜ ਰੁਪਏ ਘੱਟ ਰਖੇ ਹਨ। 790 ਲੱਖ ਰੁਪਏ ਮਾਰਕਿਟ ਕਮੇਟੀਆਂ ਵੱਲੋਂ ਸੜਕਾਂ ਦੇ ਵਿਕਾਸ ਲਈ ਸਾਡੀ ਮਨਿਸਟਰੀ ਵੇਲੇ ਦਿੱਤੇ ਗਿਆ ਸੀ। ਜਿਹੜੀਆਂ ਕਿਤਾਬਾਂ ਸਾਨੂੰ ਸੁਪਲਾਈ ਕੀਤੀਆਂ ਗਈਆਂ ਹਨ ਉਨ੍ਹਾਂ ਵਿਚੋਂ ਫੈਕਟਸ ਦੱਸ ਰਿਹਾ ਹਾਂ। 790 ਲੱਖ ਰੁਪਿਆ ਮਾਰਕਿਟ ਕਮੇਟੀਆਂ ਵਲੋਂ ਸੜਕਾਂ ਦੇ ਵਿਕਾਸ ਦੀ ਖਾਤਰ ਦਿੱਤਾ ਗਿਆ ਸੀ। ਇਸ ਵਾਰ ਉਹ 4 ਕਰੋੜ ਰੁਪਏ ਕਰ ਦਿੱਤਾ ਹੈ। 10 ਕਰੋੜ ਰੁਪਿਆ ਹੈ ਇਨ੍ਹਾਂ ਕੋਲ ਸੜਕਾਂ ਦੇ ਵਿਕਾਸ ਲਈ। ਪਿਛਲੇ ਸਾਲ ਸਾਡੇ ਕੋਲ 15½ ਕਰੋੜ ਰੁਪਿਆ ਸੀ। ਫਿਰ ਇਹ ਕਿਸ ਤਰ੍ਹਾਂ ਕਹਿੰਦੇ ਹਨ ਕਿ ਅਸੀਂ ਜੋੜ ਦੇਵਾਂਗੇ ਹਰ ਪਿੰਡ ਨੂੰ ਸੜਕ ਦੇ ਨਾਲ ? ਇਹ ਨਹੀਂ ਕਰ ਸਕਦੇ ਕਿਸੇ ਹੋਰ ਮਹਿਕਮੇ ਨੇ ਮੇਰਾ ਖਿਆਲ ਹੈ ਕਿ ਗਵਰਨਰ ਸਾਹਿਬ ਦਾ ਭਾਸ਼ਨ ਲਿਖਿਆ ਹੈ ਅਤੇ ਕਿਸੇ ਦੂਸਰੇ ਨੇ ਫਾਈਨਾਂਸ ਮਨਿਸਟਰ ਦੀ ਸਪੀਚ ਬਣਾਈ ਹੈ, ਜਿਸ ਨੂੰ ਇਹ ਬਜਟ ਸਪੀਚ ਕਹਿੰਦੇ ਹਨ। ਇਸ ਲਈ ਇਨ੍ਹਾਂ ਦੀ ਆਪਸ ਵਿਚ ਕੋਹੀਜ਼ਨ ਨਹੀਂ ਹੈ, ਇੱਕ, ਦੂਜੇ ਦੇ ਮੁਤਜ਼ਾਦ ਹਨ। ਇਸ ਕਰਕੇ ਅਸੀਂ ਗਵਰਨਰ ਸਾਹਿਬ ਦੇ ਭਾਸ਼ਨ ਨੂੰ ਆਰਾਮ ਨਾਲ ਨਹੀਂ ਸੁਣ ਸਕਦੇ ਸੀ ਕਿਉਂਕਿ ਇਸ ਵਿਚ ਉਕੀ ਨਵੀਂ ਗਲ ਨਹੀਂ ਸੀ।

ਇਥੇ ਜ਼ਿਕਰ ਕਰ ਦਿਤਾ ਗਿਆ ਕਿ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰ ਦਿਆਂਗੇ ਗਵਰਨਰ ਸਾਹਿਬ ਦੇ ਭਾਸ਼ਨ ਵਿਚ ਵੀ ਜ਼ਿਕਰ ਆਇਆ ਕਿ ਟਰਾਂਸਪੋਰਟ ਨੈਸ਼ਨੇਲਾਈਜ਼ ਕਰਨੀ ਹੈ। ਜੇਕਰ ਨੈਸ਼ਨੇਲਾਈਜ਼ੇਸ਼ਨ ਕਰਨੀ ਹੈ ਤਾਂ ਬਜਟ ਵਿਚ ਪ੍ਰੋਵੀਜ਼ਨ ਬਣਾਉਣਾ ਚਾਹੀਦਾ ਸੀ। ਮੈਂ ਸਮਝਦਾ ਹਾਂ ਕਿ ਇਹ ਇਕ ਥੋਥੀ ਅਤੇ ਫੋਕੀ ਗੱਲ ਆਖੀ ਹੈ। ਇਸ ਵਿਚ ਨੈਸ਼ਨੇਲਾਈਜੇਸ਼ਨ ਕਰਨ ਲਈ ਪ੍ਰੋਵੀਜ਼ਨ ਨਹੀਂ ਰੱਖਿਆ ਗਿਆ। ਇਥੇ ਤਾਂ ਬੱਸਾਂ ਨੂੰ ਬਦਲਾਣ ਵਾਸਤੇ, ਕਾਰਪੋਰੇਸ਼ਨ ਵਾਸਤੇ, ਪੰਜਾਬ ਰੋਡਵੇਜ਼ ਵਾਸਤੇ ਹੀ ਪ੍ਰੋਵੀਜ਼ਨ ਹੈ, ਪਰ ਇਸ ਤੋਂ ਵੱਧ ਪ੍ਰੋਵੀਜ਼ਨ ਨਹੀਂ ਬਣਾਇਆ ਗਿਆ। ਨੇਸ਼ਨੇਲਾਈਜੇਸ਼ਨ ਦੀ ਗਲ ਆਖ ਦਿੱਤੀ ਹੈ। ਕੋਈ ਪ੍ਰੋਵੀਜ਼ਨ ਨਹੀਂ। ਪਹਿਲੇ ਬੱਜਟ ਵਿਚ 14.69 ਕਰੋੜ ਰੁਪਏ ਦਾ ਘਾਟਾ ਵਿਖਾਇਆ ਹੈ ਜਿਸ ਨੂੰ ਕਿ ਮੈਂ 39 ਕਰੋੜ ਕਹਿੰਦਾ ਹਾਂ ਜੇ ਨੈਸ਼ਨੇਲਾਈਜੇਸ਼ਨ ਕੀਤੀ ਗਈ ਤਾਂ ਇਸ ਵਾਸਤੇ ਹੋਰ ਪੈਸੇ ਕੱਢਣੇ ਪੈਣਗੇ ਅਤੇ ਇਹ ਖੱਪਾ ਹੋਰ ਵੱਧ ਜਾਵੇਗਾ ਅਤੇ ਇਸ ਕਰਕੇ ਟੈਕਸ ਭਾਰੀ ਲਾਉਣੇ ਪੈਣਗੇ। ਮੈਂ ਸੁਝਾਵ

ਦਿਆਂਗਾ ਕਿ ਜੋ ਅਕਾਲੀ ਸਰਕਾਰ ਨੇ ਪ੍ਰੋਗਰੈਸਿਵ ਨੈਸ਼ਨੇਲਾਈਜੇਸ਼ਨ ਆਫ਼ ਟਰਾਂਸਪੋਰਟ ਦੀ ਨੀਤੀ ਅਪਣਾਈ ਸੀ ਕਿ 60% ਗੌਰਮਿੰਟ ਨੂੰ ਮਿਲਦੇ ਹਨ ਅਤੇ 40% ਪ੍ਰਾਈਵੇਟ ਆਪਰੇਟਰਾਂ ਨੂੰ, ਆਹਿਸਤਾ ਆਹਿਸਤਾ ਪ੍ਰਾਈਵੇਟ ਆਪਰੇਟਰ ਇਲੀਮੀਨੇਟ ਹੋ ਜਾਂਦੇ। ਇਸ ਨੂੰ ਇਸ ਤਰ੍ਹਾਂ ਸੋਧ ਲਵੋ ਕਿ ਜਿਹੜਾ ਵੱਡਾ ਟਰਾਂਸਪੋਰਟਰ ਹੈ, ਜਿਸ ਪਾਸ ਹਜ਼ਾਰਾਂ ਕਿਲੋਮੀਟਰ ਦੇ ਰੂਟ ਹਨ ਉਸ ਨੂੰ ਪਹਿਲਾਂ ਨੈਸ਼ਨੇਲਾਈਜ਼ ਕਰੋ। ਜਿਹੜੇ ਲੋਕ ਇਕ ਯਾ ਦੋ ਬਸਾਂ ਲੈ ਕੇ ਬੈਠੇ ਹਨ ਉਹ ਤਾਂ ਕਿਸ਼ਤਾਂ ਬੜੀ ਮੁਸ਼ਕਲ ਨਾਲ ਉਤਾਰਦੇ ਹਨ, ਕਿਸੇ ਨੂੰ 50 ਜਾਂ 100 ਕਿਲੋਮੀਟਰ ਦਾ ਰੂਟ ਮਿਲਿਆ ਹੋਇਆ ਹੈ। ਉਸ ਨੂੰ ਬਾਦ ਵਿਚ ਲੈ ਲੈਣਾ। ਮੈਨੂੰ ਪਤਾ ਹੈ ਕਿ ਇਹ ਮਨਿਸਟਰੀ ਨੈਸ਼ਨੇਲਾਈਜੇਸ਼ਨ ਨਹੀਂ ਕਰ ਸਕੇਗੀ ਕਿਉਂਕਿ ਵੱਡੇ ਵੱਡੇ ਟਰਾਂਸਪੋਰਟਰ ਇਸ ਦੇ ਨਾਲ ਬੈਠੇ ਹਨ। ਇਹ ਜੋ ਸਮਾਜਵਾਦ ਲਿਆਉਣਾ ਚਾਹੁੰਦੇ ਹਨ ਇਸ ਤਰੀਕੇ ਨਾਲ ਨਹੀਂ ਆ ਸਕਦਾ। ਵੱਡੇ ਟਰਾਂਸਪੋਰਟਰ ਨੂੰ ਨੈਸ਼ਨੇਲਾਈਜ਼ ਕਰ ਲਓ ਜਿਸ ਪਾਸ ਬਹੁਤ ਜ਼ਿਆਦਾ ਟਰਾਂਸਪੋਰਟ ਹੈ, ਜਿਸ ਕੋਲ ਮਾਈਲੇਜ ਜ਼ਿਆਦਾ ਹੈ, ਬੱਸਾਂ ਜ਼ਿਆਦਾ ਹਨ। ਕੋਈ ਆਂਕੜੇ ਮੁਕੱਰਰ ਕਰ ਲਉ ਉਸ ਤੋਂ ਬਾਦ ਛੋਟੇ ਟਰਾਂਸਪੋਰਟਰ ਨੂੰ ਪੈ ਜਾਣਾ। ਇਸ ਕਰਕੇ ਫਾਈਨਾਂਸਜ਼ ਦੀ ਦਿੱਕਤ ਨਹੀਂ ਹੋਵੇਗੀ। ਇਹ ਕੰਸਟਰਕਟਿਵ ਸਜੈਸ਼ਨ ਹੈ।

ਚੇਅਰਮੈਨ ਸਾਹਿਬ, ਇਥੇ ਜ਼ਿਕਰ ਆਇਆ ਹੈ ਕਿ 5,000 ਪ੍ਰਾਇਮਰੀ ਸਕੂਲ ਬਣਵਾਉਣੇ ਹਨ। ਪਤਾ ਨਹੀਂ ਇਹ ਅੰਕੜੇ ਕਿਥੋਂ ਇਨ੍ਹਾਂ ਨੂੰ ਮਿਲ ਗਏ ਹਨ। ਕਿਸ ਨੇ ਸਪਲਾਈ ਕਰ ਦਿੱਤੇ ਕਿ 5,000 ਪ੍ਰਾਇਮਰੀ ਸਕੂਲਾਂ ਦੀ ਇਸ ਵੇਲੇ ਪੰਜਾਬ ਵਿਚ ਲੋੜ ਹੈ। ਇਨ੍ਹਾਂ ਨੇ ਕਿਹਾ ਕਿ 5,000 ਐਸੇ ਪਿੰਡ ਹਨ ਜਿਨ੍ਹਾਂ ਵਿਚ ਪ੍ਰਾਇਮਰੀ ਸਕੂਲ ਨਹੀਂ ਖੁਲ੍ਹੇ ਹਨ। ਪੰਜਾਬ ਦੇ ਪਿੰਡਾਂ ਦੀ ਤਦਾਦ 12,992 ਹੈ। ਇਸ ਵੇਲੇ ਪ੍ਰਾਇਮਰੀ ਸਕੂਲ ਜਿੰਨੇ ਬਣੇ ਹਨ ਉਨ੍ਹਾਂ ਦੀ ਤਾਦਾਦ 7332 ਹੈ। ਇਨ੍ਹਾਂ ਨੇ ਮਾਈਨਸ ਕਰ ਲਿਤੀ ਪੰਜਾਬ ਦੇ ਪਿੰਡਾਂ ਦੀ ਤਦਾਦ ਵਿਚੋਂ ਸਕੂਲਾਂ ਦੀ ਤਦਾਦ ਅਤੇ ਕਿਹਾ ਕਿ 5000 ਪਿੰਡ ਰਹਿ ਗਏ ਹਨ ਜਿਨ੍ਹਾਂ ਵਿਚ ਸਕੂਲ ਨਹੀਂ। ਇਸ ਲਈ 5000 ਸਕੂਲ ਬਣਾਉਣੇ ਹਨ। ਜਿਥੇ ਸੜਕਾਂ ਨਹੀਂ, ਸੜਕਾਂ ਬਣਵਾ ਦੇਣੀਆਂ ਹਨ ਅਤੇ ਜਿਥੇ ਸਕੂਲ ਨਹੀਂ ਉਥੇ ਸਕੂਲ ਖੋਲ੍ਹ ਦੇਣੇ ਹਨ। ਮੈਂ ਅਰਜ਼ ਕਰਾਂ ਕਿ ਇਨ੍ਹਾਂ ਪਿੰਡਾਂ ਵਿਚੋਂ ਜਿਹੜੇ ਕਿ 12,992 ਹਨ, ਕੋਈ 943 ਪਿੰਡ ਉਹ ਹਨ ਜਿਥੇ ਕੋਈ ਵਸਦਾ ਨਹੀਂ, ਜੋ ਬੇਚਿਰਾਗ ਪਿੰਡ ਹਨ, ਅਨਇਨਹੈਬੀਟਡ ਹਨ। ਇਥੇ ਇਨ੍ਹਾਂ ਨੇ ਕੋਈ ਸਕੂਲ ਨਹੀਂ ਬਣਾਉਣਾ।

Mr. Chairman: Sardar Surjit Singh, how much time will you take?

Sardar Surjit Singh : Sir, I have just started.

Mr. Chairman: You have already taken 40 minutes.

ਸਰਦਾਰ ਸੁਰਜੀਤ ਸਿੰਘ : ਚੇਅਰਮੈਨ ਸਾਹਿਬ, 270 ਪਿੰਡ ਐਸੇ ਨੇ ਜਿਹੜੇ ਕਿ ਕਸਬਿਆਂ ਵਿਚ ਮਰਜ ਹੋ ਚੁੱਕੇ ਨੇ 2378 ਪਿੰਡ ਐਸੇ ਨੇ ਜਿਨ੍ਹਾਂ ਦੀ ਆਬਾਦੀ 200 ਤੋਂ ਘੱਟ ਹੈ। ਮੈਂ ਇਸ ਸਬੰਧ ਵਿਚ ਅਰਜ਼ ਕਰਾਂ ਕਿ ਕਈ ਜ਼ਿਲ੍ਹਿਆਂ ਵਿਚ ਇਲੈਕਸ਼ਨਾਂ ਦੇ ਦਿਨਾਂ ਵਿਚ ਮੈਂ ਪਿੰਡਾਂ ਵਿਚ ਗਿਆ ਹਾਂ ਅਤੇ ਵੇਖਿਆ ਹੈ ਕਿ ਮਾਲ ਦੇ ਕਾਗਜ਼ਾਤ ਵਿਚ ਪਿੰਡ ਦਸੇ ਗਏ ਹਨ। ਰੈਵੇਨਿਯੂ ਅਸਟੇਟ ਦੱਸੀ ਗਈ ਹੈ ਪਰ ਇਕ ਪਿੰਡ ਵਿਚ ਵੋਟਰਾਂ ਦੀ ਸੂਚੀ ਵੇਖੀ ਤਾਂ 4 ਵੋਟਾਂ ਦੂਜੇ ਪਿੰਡ ਵਿਚ, 9 ਵੋਟਾਂ ਇਸੇ ਤਰ੍ਹਾਂ ਇਕ ਹੋਰ ਪਿੰਡ ਵਿਚ, 11 ਵੋਟਾਂ ਤੇ ਫਿਰ ਕਿਸੇ ਪਿੰਡ ਵਿਚ ਇਕ ਇਕੱਲਾ ਕੋਠਾ, ਕਿਸੇ ਪਿੰਡ ਵਿਚ 2 ਕੋਠੇ ਬਣੇ ਹੋਏ ਹਨ

[ਸਰਦਾਰ ਸੁਰਜੀਤ ਸਿੰਘ]

ਮੈਂ ਧਰਮਕੋਟ ਦੇ ਇਲਾਕੇ ਦਾ ਜ਼ਿਕਰ ਕਰ ਰਿਹਾ ਹਾਂ ਪਰ ਉਥੇ ਰੇਵਨਿਯੂ ਅਸਟੇਟ ਦਸੀ ਗਈ ਹੈ। ਇਸ ਲਈ ਇਸ ਸਰਕਾਰ ਨੇ ਅੰਕੜੇ ਪਤਾ ਨਹੀਂ ਕਿਸ ਤਰ੍ਹਾਂ ਇਕੱਠੇ ਕਰ ਲਏ। ਇਨ੍ਹਾਂ ਨੇ ਜਿਹੜਾ ਸਟੈਟਿਸਟੀਕਲ ਐਬਸਟ੍ਰੈਕਟ ਦਿਤਾ ਹੈ ਇਸ ਵਿਚ ਸਾਰੇ 12 ਹਜ਼ਾਰ 9 ਸੋ ਪਿੰਡ ਦੱਸੇ ਗਏ ਹਨ, ਇਨ੍ਹਾਂ ਨੇ ਪਰਾਇਮਰੀ ਸਕੂਲਾਂ ਦੀ ਗਿਣਤੀ ਕੱਢ ਕੇ ਅੰਕੜੇ ਪੇਸ਼ ਕਰ ਦਿਤੇ ਕਿ ਇਹ ਸਰਕਾਰ 5 ਹਜ਼ਾਰ ਸਕੂਲ ਖੋਲ੍ਹੇਗੀ। ਮੈਂ ਚੇਅਰਮੈਨ ਸਾਹਿਬ, ਅਰਜ਼ ਕਰਾਂ ਕਿ ਇਹ ਸਰਕਾਰ 5 ਹਜਾਰ ਸਕੂਲ ਤਾਂ ਕੀ ਬਣਾਏਗੀ ਜੇਕਰ ਸਾਲ ਦੇ ਅਖੀਰ ਵਿਚ 5 ਸੌ ਸਕੂਲ ਵੀ ਕਾਇਮ ਕਰ ਦੇਣ ਤਾਂ ਇਨ੍ਹਾਂ ਦੀ ਪਰਸ਼ੰਸਾ ਕੀਤੀ ਜਾ ਸਕਦੀ ਹੈ (ਵਿਘਨ)

ਸਰਦਾਰ ਸੁਰਜੀਤ ਸਿੰਘ ਅਟਵਾਲ: ਮੈਂ ਮਾਨਯੋਗ ਮੈਂਬਰ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਸੀ ਕਿ 20 ਹਜ਼ਾਰ ਧਰਮਸ਼ਾਲਾਂ ਬਣਾਈਆਂ; ਉਹ ਫਿਗਰਜ਼ ਇਨ੍ਹਾਂ ਨੇ ਕਿਥੋਂ ਲਏ ਸਨ ? (ਵਿਘਨ) (ਹਾਸਾ)

ਸਰਦਾਰ ਸੁਰਜੀਤ ਸਿੰਘ: ਚੇਅਰਮੈਨ ਸਾਹਿਬ, ਮੈਂ ਆਪਣੀ ਪਾਰਟੀ ਦਾ ਟਾਇਮ ਲੈ ਰਿਹਾ ਹਾਂ, ਮੈਂ ਹੋਰ ਅੱਧਾ ਘੰਟਾ ਲਵਾਂਗਾ।

(ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ)

ਮੇਰੇ ਇਕ ਮਿੱਤਰ ਨੇ ਜ਼ਿਕਰ ਕੀਤਾ ਹੈ ਕਿ ਪਿੰਡਾਂ ਦੀ ਗਿਣਤੀ ਤਾਂ 12 ਹਜ਼ਾਰ ਦੇ ਲਗਭੱਗ ਹੈ ਫਿਰ 20 ਹਜ਼ਾਰ ਧਰਮਸ਼ਾਲਾਂ ਦਾ ਜ਼ਿਕਰ ਕਿਉਂ ਅਸਾਡੀ ਸਰਕਾਰ ਨੇ ਕੀਤਾ? ਇਸ ਦੇ ਬਾਰੇ ਵਿਚ ਬੇਨਤੀ ਹੈ ਕਿ ਇਹ ਸ਼ਾਇਦ ਜਾਣਦੇ ਨਹੀਂ ਕਿ ਪਿੰਡਾਂ ਵਿਚ ਕਈ ਕਈ ਵਿਹੜੇ ਹੁੰਦੇ ਹਨ ਜਿਵੇਂ ਰਾਮਦਾਸੀਆਂ ਦਾ ਵਿਹੜਾ, ਮਜ਼ਬੀਆਂ ਦਾ ਵਿਹੜਾ, ਬਾਜ਼ੀਗਰਾਂ ਦਾ ਵਿਹੜਾ ਅਤੇ ਹਰ ਇਕ ਵਿਹੜਾ ਅੱਡ ਅੱਡ ਧਰਮਸ਼ਾਲਾ ਮੰਗਦਾ ਹੈ ਇਸ ਲਈ ਇਹ ਗਿਣਤੀ ਠੀਕ ਤੌਰ ਤੇ ਦੱਸੀ ਗਈ ਸੀ (ਵਿਘਨ) (ਸ਼ੋਰ)

ਚੌਧਰੀ ਜਗਤ ਰਾਮ: ਆਨ ਏ ਪੁਆਇੰਟ ਆਫ ਆਰਡਰ, ਸਰ (ਵਿਘਨ) (ਸ਼ੋਰ)

Mr. Deputy Speaker : Please resume your seat,

ਚੌਧਰੀ ਜਗਤ ਰਾਮ: ਇਹ ਬਿਲਕੁਲ ਗਲਤ ਗੱਲ ਕਹਿ ਰਹੇ ਹਨ ਇਹ ਹੁਣ ਕਈ ਵਿਹੜੇ ਕਹਿੰਦੇ ਹਨ।

ਸਰਦਾਰ ਸਰਜੀਤ ਸਿੰਘ: ਥੋੜੇ ਜਿਹੇ ਸਮੇਂ ਵਿਚ 15 ਹਜ਼ਾਰ ਧਰਮਸ਼ਾਲਾਂ ਬਣੀਆਂ ਹਨ। (ਵਿਘਨ)

ਚੌਧਰੀ ਜਗਤ ਰਾਮ: ਮੇਰਾ ਪੁਆਇੰਟ ਆਫ ਆਰਡਰ ਇਹ ਹੈ, ਡਿਪਟੀ ਸਪੀਕਰ ਸਾਹਿਬ, ਕਿ (ਵਿਘਨ) (ਸ਼ੋਰ)

Mr. Deputy Speaker Sahib Chaudhri Jagat Ram Jee, please resume your seat (*Interruption*)

ਚੌਧਰੀ ਜਗਤ ਰਾਮ: ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਇਹ ਪਤਾ ਨਹੀਂ ਕਿ ਉਸ ਵਿਚ ਇਹ ਲਿਖਿਆ ਹੋਇਆ ਸੀ ਕਿ ਤਿੰਨ ਮੀਲ ਦੀ ਹੱਦ ਅੰਦਰ ਕੋਈ ਦੂਜੀ ਧਰਮਸਾਲਾ ਨਹੀਂ ਬਣਾਈ ਜਾਵੇਗੀ। ਹੁਣ ਇਹ ਵਿਹੜਿਆਂ ਦਾ ਜ਼ਿਕਰ ਕਰਨ ਲੱਗ ਪਏ

(ਚੌਧਰੀ ਜਗਤ ਰਾਮ)

ਹਨ । ਬੇਸ਼ਕ ਫਾਇਲ ਕਢਵਾ ਕੇ ਵੇਖ ਲਿਆ ਜਾਵੇ ਕਿ ਕੀ ਆਰਡਰ ਪਾਸ ਹੋਏ ਹਨ ਅਤੇ ਕੀ ਰੂਲਜ਼ ਬਣਾਏ ਗਏ ਸਨ (ਵਿਘਨ) (ਸ਼ੋਰ)

ਸਰਦਾਰ ਅਜਾਇਬ ਸਿੰਘ ਸੰਧੂ: ਆਨ ਏ ਪੁਆਇੰਟ ਆਫ ਆਰਡਰ, ਸਰ । ਮੇਰੀ ਬੇਨਤੀ ਇਹ ਹੈ ਲੀਡਰ ਆਫ ਦੀ ਹਾਊਸ ਨੂੰ ਤੁਸੀਂ ਬੇਨਤੀ ਕਰੋ ਕਿ ਇਹ ਜਿਹੜਾ ਇਨ੍ਹਾਂ ਦਾ ਚੌਕੀਦਾਰ ਹੈ ਸਰਦਾਰ ਜਗਤ ਰਾਮ ਇਸ ਦੇ ਨਾਲ ਇਕ ਹੋਰ ਲਗਾ ਦਿਓ (ਵਿਘਨ) (ਸ਼ੋਰ)

ਚੌਧਰੀ ਜਗਤ ਰਾਮ: ਆਨ ਏ ਪੁਆਇੰਟ ਆਫ ਆਰਡਰ, ਸਰ (ਵਿਘਨ)

ਇਹ ਬਿਲਕੁਲ ਗਲਤ ਬਿਆਨੀ ਕਰ ਰਹੇ ਹਨ: (ਵਿਘਨ) (ਸ਼ੋਰ)

ਸਰਦਾਰ ਅਜਾਇਬ ਸਿੰਘ ਸੰਧੂ: ਮੈਂ ਆਨਰੇਬਲ ਮੈਂਬਰ ਸਰਦਾਰ ਜਗਤ ਰਾਮ ਜੀ ਨੂੰ ਕਹਿੰਦਾ ਹਾਂ (ਵਿਘਨ) (ਸ਼ੋਰ)

(ਇਸ ਸਮੇਂ ਕੁਝ ਮਾਨਯੋਗ ਮੈਂਬਰ ਖੜ੍ਹੇ ਹੋ ਗਏ) (ਵਿਘਨ)

ਸ੍ਰੀ ਡਿਪਟੀ ਸਪੀਕਰ: ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਬਿਨੈ ਕਰਾਂਗਾ ਕਿ ਹਾਊਸ ਦੀ ਡਿਗਨਿਟੀ ਦਾ ਖਿਆਲ ਰੱਖਣ ਅਤੇ ਇਸ ਤਰ੍ਹਾਂ ਇੰਟਰੱਪਟ ਨਾ ਕਰਨ । ਥੋੜ੍ਹਾ ਬਹੁਤ ਲੂਣ ਮਿਰਚ ਲਗਾ ਕੇ ਗਲ ਕਹਿ ਦੇਣੀ ਹਾਸਾ ਹੋ ਜਾਂਦਾ ਹੈ ਪਰ ਆਪਸ ਵਿਚ ਬਹੁਤ ਸਾਰੇ ਮੈਂਬਰ ਇਸ ਤਰ੍ਹਾਂ ਝਗੜਨ ਲਗ ਪੈਂਦੇ ਹਨ, ਇਹ ਸੋਭਾ ਨਹੀਂ ਦਿੰਦਾ । (I would request the hon. Members to maintain the dignity of the House and not to interrupt in this manner. There can be pin pricks here and there just to make the proceedings spicy but it does not look nice to enact disorderly scenes in the House.)

ਸਰਦਾਰ ਅਜਾਇਬ ਸਿੰਘ ਸੰਧੂ: ਆਨ ਏ ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਅਸੀਂ ਹਾਊਸ ਦੀ ਡਿਗਨਿਟੀ ਅਤੇ ਡੈਕੋਰਮ ਨੂੰ ਕਾਇਮ ਰਖਾਂਗੇ ਪਰ ਮੈਂ ਆਪ ਦੀ ਰਾਹੀਂ ਲੀਡਰ ਆਫ ਦੀ ਹਾਊਸ ਨੂੰ ਕਹਾਂਗਾ ਕਿ ਇਨ੍ਹਾਂ ਨੇ ਜਿਹੜੀ ਮੁਫਤ ਦੀ ਚੌਕੀਦਾਰੀ ਸਰਦਾਰ ਜਗਤ ਸਿੰਘ ਨੂੰ ਦਿਤੀ ਹੋਈ ਹੈ ਇਹ ਬੰਦ ਹੋਣੀ ਚਾਹੀਦੀ ਹੈ (ਹਾਸਾ) (ਵਿਘਨ)

ਚੌਧਰੀ ਜਗਤ ਰਾਮ: ਮੇਰੇ ਨਾਲ ਡਿਪਟੀ ਸਪੀਕਰ ਸਾਹਿਬ, ਇਹ ਜ਼ਿਆਦਤੀ ਹੈ ਇਨ੍ਹਾਂ ਨੂੰ ਚੌਧਰੀ ਕਹਿਣਾ ਚਾਹੀਦਾ ਹੈ (ਵਿਘਨ)

ਸ੍ਰੀ ਡਿਪਟੀ ਸਪੀਕਰ: ਆਰਡਰ ਪਲੀਜ਼ । ਤੁਸੀਂ ਬਰਨਾਲਾ ਸਾਹਿਬ ਦੋ ਚਾਰ ਮਿੰਟ ਵਿਚ ਵਾਇੰਡ ਅੱਪ ਕਰੋ । (ਵਿਘਨ) (Order please. I would request Sardar Surjit Singh Barnala to wind up his speech within three-four minutes.)

ਸਰਦਾਰ ਗੁਰਬੰਤਾ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਝਗੜਾ ਇਸ ਗੱਲ ਤੇ ਹੋ ਗਿਆ ਅਤੇ ਚੌਧਰੀ ਜਗਤ ਰਾਮ ਨੂੰ ਤੈਸ਼ ਆ ਗਿਆ ਕਿ ਬਰਨਾਲਾ ਸਾਹਿਬ ਨੇ 20 ਹਜ਼ਾਰ ਧਰਮਸ਼ਾਲਾਂ ਦਾ ਜ਼ਿਕਰ ਕੀਤਾ ਇਹ ਆਪ ਅਕਾਲੀ ਸਰਕਾਰ ਵਿਚ ਵਜ਼ੀਰ ਸਨ ਅਤੇ ਇਨ੍ਹਾਂ ਨੇ ਕਾਨੂੰਨ ਬਣਾਇਆ ਸੀ । ਉਸ ਵਿਚ ਜਿਹੜੇ ਰੂਲਜ਼ ਬਣਾਏ ਗਏ ਉਨ੍ਹਾਂ ਵਿਚ ਇਹ ਜ਼ਿਕਰ ਕੀਤਾ ਗਿਆ ਕਿ ਇਕ ਪਿੰਡ ਵਿਚ ਧਰਮਸ਼ਾਲਾ ਬਣਾਈ ਜਾਵੇਗੀ ਅਤੇ ਫਿਰ ਉਸ ਤੋਂ ਐਨੇ ਫਾਸਲੇ ਤੇ ਦੂਜੀ ਧਰਮਸ਼ਾਲਾ ਬਣਾਈ ਜਾਵੇਗੀ (ਵਿਘਨ) ਤੇ ਫਿਰ ਇਨ੍ਹਾਂ ਨੇ ਵਿਹੜਿਆਂ ਦਾ ਜ਼ਿਕਰ ਕਰ ਦਿਤਾ, ਜਗਤ ਰਾਮ ਜੀ ਨੂੰ ਤੈਸ਼ ਇਸ ਕਰਕੇ ਆ ਗਿਆ ਕਿ 12 ਹਜ਼ਾਰ ਦੀ ਜਿਹੜੀ ਇਨ੍ਹਾਂ ਫ਼ਿਗਰ ਦਿਤੀ ਹੈ ਉਹ ਗਲਤ ਸੀ (ਵਿਘਨ)

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇਟ ਆਫ ਆਰਡਰ ਨਹੀ। (This is no point of order.)

ਚੌਧਰੀ ਜਗਤ ਰਾਮ : ਡਿਪਟੀ ਸਪੀਕਰ ਸਾਹਿਬ ਇਹ ਗਲਤ ਬਿਆਨੀ ਕਰ ਰਹੇ ਹਨ ਇਨ੍ਹਾਂ ਨੇ ਤਾਂ ਆਪ ਅਕਾਲੀ ਦਲ ਦਾ ਚੌਕੀਦਾਰਾ ਸੰਭਾਲਿਆ ਹੋਇਆ ਹੈ ਇਹ ਤਾਂ ਉਸ ਸਮੇਂ ਇਸ ਹਾਊਸ ਦੇ ਮੈਂਬਰ ਵੀ ਨਹੀਂ ਸਨ ਜਦ ਦਾ ਮੈਂ ਮੈਂਬਰ ਆ ਰਿਹਾ ਹਾਂ ਅਤੇ ਇਹ ਹਾਈ ਕੋਰਟ ਦੇ ਵਕੀਲ ਸਨ (ਵਿਘਨ) (ਸ਼ੋਰ)**

ਸ੍ਰੀ ਡਿਪਟੀ ਸਪੀਕਰ : ਸਾਰੇ ਹੀ ਆਪਣੀਆਂ ਪਾਰਟੀਆਂ ਦੇ ਚੌਕੀਦਾਰ ਹੁੰਦੇ ਹਨ । (ਹਾਸਾ) (ਵਿਘਨ) All the membes are the Chaukidars of their parties)

ਡਾਕਟਰ ਅਮੀਰ ਸਿੰਘ ਕਲਕਟ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, * * * * *

ਸ੍ਰੀ ਡਿਪਟੀ ਸਪੀਕਰ : ਇਹ ਲਫ਼ਜ ਜਿਹੜੇ ਕਹੇ ਗਏ ਹਨ, ਐਕਸਪੰਜ ਕਰ ਦਿਤੇ ਜਾਣ । (These words should be expunged)

• **ਸਰਦਾਰ ਸੁਰਜੀਤ ਸਿੰਘ** : ਡਿਪਟੀ ਸਪੀਕਰ ਸਾਹਿਬ, ਪਤਾ ਨਹੀਂ ਕਿਉਂ ਇਨਾਂ ਨੂੰ ਮੇਰੇ ਦਿਤੇ ਸਹੀ ਅੰਕੜੇ ਚੁਭ ਗਏ ਹਨ ਮੈਨੂੰ ਪਤਾ ਹੁੰਦਾ ਤਾਂ ਮੈਂ ਹੋਰ ਤਰ੍ਹਾਂ ਕਹਿ ਦਿੰ ਦਾ (ਪ੍ਰਸ਼ੰਸਾ)

ਮੈਂ ਕੁਝ ਗੱਲਾਂ ਜੰਗ ਪੀੜਤ ਲੋਕਾਂ ਦੇ ਬਾਰੇ ਵਿਚ ਕਹਿਣਾ ਚਾਹੁੰਦਾ ਹਾਂ। ਇਹ ਜਿਹੜੀ ਲੜਾਈ ਪਾਕਿਸਤਾਨ ਅਤੇ ਹਿੰਦੁਸਤਾਨ ਦੀ ਹੋਈ ਇਸ ਨਾਲ ਕਿਉਂਕਿ ਪੰਜਾਬ ਸਾਰਾ ਸਰਹੱਦੀ ਸੂਬਾ ਹੈ ਇਸ ਲਈ ਸਾਰੇ ਹੀ ਪੀੜਤ ਹਨ, ਇਸ ਗੱਲ ਦਾ ਜ਼ਿਕਰ ਲਾਟ ਸਾਹਿਬ ਨੇ ਆਪਣੀ ਤਕਰੀਰ ਵਿਚ ਵੀ ਕੀਤਾ ਹੈ ਅਤੇ ਬਜਟ ਸਪੀਚ ਵਿਚ ਫਿਨਾਂਸ ਮਨਿਸਟਰ ਸਾਹਿਬ ਨੇ ਵੀ ਪਹਿਲੇ ਤਿੰਨ ਚਾਰ ਸਫੇ ਇਸ ਗੱਲ ਦੇ ਭਰੇ ਹਨ ਪਰ ਮਹਿਜ਼ ਚਾਰ ਅੱਖਰ ਚੰਗੇ ਜੋੜ ਦੇਣ ਨਾਲ ਜੰਗ ਪੀੜਤ ਲੋਕਾਂ ਦਾ, ਜਿਨ੍ਹਾਂ ਦਾ ਨੁਕਸਾਨ ਹੋਇਆ ਹੈ, ਉਨ੍ਹਾਂ ਨੂੰ ਕੋਈ ਫਾਇਦਾ ਨਹੀਂ ਹੋ ਸਕਦਾ ।

---

* Expunged as ordered by the Chair.

ਜੋ ਨੁਕਸਾਨ ਹੋਇਆ ਹੈ ਪੰਜਾਬ ਦਾ ਇਸ ਜੰਗ ਕਾਰਨ ਉਤਨਾ ਕਿਸੇ ਦੂਸਰੇ ਸੂਬੇ ਦਾ ਨਹੀਂ ਹੋਇਆ । ਇਹ ਪੰਜਾਬ ਦਾ ਹੀ ਇਕੋ ਇਕ ਸੂਬਾ ਹੈ ਜਿਹੜਾ ਹਿੰਦੁਸਤਾਨ ਦੀ ਸੇਵਾ ਹਮੇਸ਼ਾ ਸੋਰਡ ਆਰਮ ਬਣਕੇ ਕਰਦਾ ਹੈ । ਪੰਜਾਬੀਆਂ ਨੂੰ ਹਮੇਸ਼ਾ ਆਪਣੀ ਤਲਵਾਰ ਤੇ ਮਾਣ ਰਿਹਾ ਹੈ। ਇਸ ਵਾਰ ਹੀ ਨਹੀਂ ਇਹ ਸੂਬਾ ਹਮੇਸ਼ਾਂ ਦੁਸ਼ਮਣ ਤੇ ਕਰਾਰੀ ਸੱਟ ਲਾਉਂਦਾ ਰਿਹਾ ਹੈ । ਜਦੋਂ ਵੀ ਕਦੇ ਜੰਗ ਦੀਆਂ ਘਟਨਾਵਾਂ ਆਈਆਂ ਹਨ ਤਾਂ ਪੰਜਾਬੀਆਂ ਦਾ ਖੂਨ ਸਭ ਤੋਂ ਜ਼ਿਆਦਾ ਡੁਲ੍ਹਦਾ ਰਿਹਾ ਹੈ—(ਵਿਘਨ)

ਚੌਧਰੀ ਰਾਮ ਸਿੰਘ : ਗੱਲ ਇਹ ਹੁਣ ਜੰਗ ਦੀ ਕਰ ਰਹੇ ਹਨ । ਪਰ ਮੈਂ ਇਹ ਜਾਨਣਾ ਚਾਹੁੰਦਾ ਹਾਂ ਕਿ ਜਦੋਂ ਜੰਗ ਲਗੀ ਸੀ ਉਦੋਂ ਇਹ ਕਿਥੇ ਚੜ੍ਹ ਗਏ ਸੀ ?

ਸਰਦਾਰ ਸੁਰਜੀਤ ਸਿੰਘ : ਇਨ੍ਹਾਂ ਨੂੰ ਕਿਸੇ ਗੱਲ ਦਾ ਪਤਾ ਹੀ ਨਹੀ । ਗੱਲ ਕੀਤੀ ਜਾ ਰਹੀ ਹੈ ਸੂਬੇ ਦੀ, ਇਸ ਸਟੇਟ ਦੇ ਹਿੱਤ ਦੀ ਅਤੇ ਇਨ੍ਹਾਂ ਨੂੰ ਮਜ਼ਾਕ ਸੁਝ ਰਿਹਾ ਹੈ । ਮੈਂ ਅਰਜ਼ ਕਰ ਰਿਹਾ ਸੀ ਕਿ ਉਨ੍ਹਾਂ ਦਿਨਾਂ ਵਿਚ ਜਿਤਨਾ ਇਸ ਸਟੇਟ ਦੇ ਕਿਸਾਨਾਂ ਦੀਆਂ ਫਸਲਾਂ ਦਾ ਨੁਕਸਾਨ ਹੋਇਆ ਉਹ ਅਸੈਸ ਕਰਾਉਣਾ ਚਾਹੀਦਾ ਹੈ । ਬਾਰਡਰ ਦੇ ਨਾਲ ਤਿੰਨ ਜ਼ਿਲ੍ਹਿਆਂ ਦੀਆਂ ਹੱਦਾਂ ਲਗਦੀਆਂ ਹਨ, ਉਥੇ ਇਨ੍ਹਾਂ ਦਿਨਾਂ ਵਿਚ ਕਿਸੇ ਦੀ ਕਪਾਹ ਖੜ੍ਹੀ ਸੀ, ਕਿਸੇ ਦਾ ਨਰਮਾ ਖੜ੍ਹਾ ਸੀ, ਇਸ ਸਾਰੇ ਦੀ ਅਸੈਸਮੈਂਟ ਹੋ ਕੇ ਕੰਪੈਨਸੇਸ਼ਨ ਮਿਲਣੀ ਚਾਹੀਦੀ ਹੈ । ਉਨ੍ਹਾਂ ਲੋਕਾਂ ਦੇ ਖੇਤਾਂ ਵਿਚ ਮਾਈਨਜ਼ ਵਿਛਾ ਦਿਤੀਆਂ ਗਈਆਂ ਸਨ (ਵਿਘਨ)

ਸ੍ਰੀ ਵਿਸ਼ਵਾ ਮਿੱਤਰ ਸੇਖੜੀ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਹ ਜਿਹੜਾ ਇਨ੍ਹਾਂ ਨੇ ਫਰਮਾਇਆ ਹੈ ਕਿ ਪੰਜਾਬ ਦਾ ਬੁਹਤ ਨੁਕਸਾਨ ਹੋਇਆ, ਇਹ ਅਸੈਸ ਕਰਕੇ ਕੰਪੈਨਸੇਸ਼ਨ ਦਿੱਤੀ ਜਾਵੇ, ਇਹ ਜੇ ਦੇਣਾ ਪਵੇ ਤਾਂ ਇਹ ਕਰੋੜਾਂ ਰੁਪਏ ਦਾ ਡਿਫਰੈਂਸ ਹੈ।

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ । (This is no point of order)

ਸਰਦਾਰ ਸੁਰਜੀਤ ਸਿੰਘ : ਡਿਪਟੀ ਸਪੀਕਰ ਸਾਹਿਬ, ਇਨ੍ਹਾ ਨੂੰ ਕੋਈ ਹਮਦਰਦੀ ਨਹੀਂ ਉਨ੍ਹਾਂ ਲੋਕਾਂ ਨਾਲ ਜਿਨ੍ਹਾਂ ਦਾ ਕਿ ਇਤਨਾ ਨੁਕਸਾਨ ਹੋਇਆ ਹੈ। ਮੈਂ ਅਰਜ਼ ਕਰ ਰਿਹਾ ਸੀ ਕਿ ਜੇ ਉਨ੍ਹਾਂ ਦੀਆਂ ਫ਼ਸਲਾਂ ਦੇ ਨੁਕਸਾਨ ਨੂੰ ਅਸੈਸ ਕਰ ਲਿਆ ਜਾਵੇ, ਜਿਵੇਂ ਕਿ ਨਾ ਉਨ੍ਹਾਂ ਲੋਕਾਂ ਨੇ ਸਾਉਣੀ ਦੀ ਫ਼ਸਲ ਲਈ ਅਤੇ ਨਾ ਹੀ ਹਾੜੀ ਬੀਜੀ । ਇਸ ਨੁਕਸਾਨ ਨੂੰ ਅਸੈਸ ਕਰਕੇ ਕੰਪੈਨਸੇਟ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਦੀ ਅਸੈਸਮੈਂਟ ਇੰਡਸਟਰੀ ਦੀ ਵੀ ਹੋ ਸਕਦੀ ਹੈ ਜਿਸ ਤਰਾਂ ਕਿ ਅੰਮ੍ਰਿਤਸਰ, ਬਟਾਲੇ ਅਤੇ ਗੁਰਦਾਸਪੁਰ ਵਰਗੇ ਸ਼ਹਿਰਾਂ ਵਿਚ ਇੰਡਸਟਰੀ ਦਾ ਵੀ ਬਹੁਤ ਨੁਕਸਾਨ ਹੋਇਆ ਹੈ ਪਰ ਅਜੇ ਤੱਕ ਇਸ ਦੀ ਅਸੈਸਮੈਂਟ ਨਹੀਂ ਹੋਈ। ਮੈਂ ਸਮਝਦਾ ਹਾਂ ਇਹ ਇਕ ਨੈਸ਼ਨਲ ਲਾਸ ਹੈ ਜਿਹੜਾ ਸਾਰੇ ਦੇਸ਼ ਨੂੰ ਬਰਦਾਸ਼ਤ ਕਰਨਾ ਚਾਹੀਦਾ ਹੈ। ਜਿਸ ਤਰਾਂ ਬੰਗਲਾ ਦੇਸ਼ ਦੇ ਲਈ ਸਾਡੇ ਸਾਰੇ ਮੁਲਕ ਵਿਚ ਰੈਵਨੀਊ ਸਟੈਂਪ ਰਾਹੀਂ ਟੈਕਸ ਉਗਰਾਹਿਆ ਜਾਂਦਾ ਹੈ ਇਸ ਤਰ੍ਹਾਂ ਇਹ ਨੁਕਸਾਨ ਪੰਜਾਬ ਵਾਸਤੇ ਸਾਰੀਆਂ ਸਟੇਟਾਂ ਤੋਂ ਲੈਣਾ ਚਾਹੀਦਾ ਹੈ। ਇਸ ਤਰ੍ਹਾਂ ਪੰਜਾਬੀਆਂ ਨੂੰ ਕੰਪੈਨਸੇਟ ਕੀਤਾ ਜਾ ਸਕਦਾ ਹੈ ਮੈਂ ਸਰਕਾਰ ਨੂੰ ਕਹਾਂਗਾ ਕਿ ਉਹ ਹਿਸਾਬ ਲਾ ਕੇ ਸੈਂਟਰ ਦੀ ਸਰਕਾਰ ਨੂੰ ਦੱਸਣ ਕਿ ਇਤਨਾ ਨੁਕਸਾਨ ਹੋਇਆ ਹੈ ਜਿਸ ਨੂੰ ਸਪੈਸ਼ਲ ਗਰਾਂਟ ਰਾਹੀ ਜਾਂ ਟੈਕਸ ਲਗਾ ਕੇ ਪੂਰਾ ਕੀਤਾ ਜਾਵੇ। ਜਿਥੋਂ ਤੱਕ ਉਗਰਾਹੀ ਦਾ ਸਵਾਲ ਹੈ ਇਸ ਵਿਚ ਵੀ ਪੰਜਾਬ ਨੇ ਸਾਰਿਆਂ ਤੋਂ ਵਧ ਉਗਰਾਹੀ ਕੀਤੀ ਹੈ । ਏਥੇ ਦੋ

[ਸਰਦਾਰ ਸੁਰਜੀਤ ਸਿੰਘ]

ਰੁਪਏ ਫੀ ਏਕੜ ਦੇ ਹਿਸਾਬ ਨਾਲ ਟੈਕਸ ਲਾਇਆ ਗਿਆ ਹੈ ਜਿਹੜਾ ਕਿਸੇ ਹੋਰ ਸੂਬੇ ਵਿਚ ਨਹੀਂ । ਇਸ ਪਾਸੇ ਵੀ ਸਰਕਾਰ ਨੂੰ ਤਵੱਜੋ ਦੇਣੀ ਚਾਹੀਦੀ ਹੈ ।

ਮੈ ਕੁਝ ਇਤਰਾਜ਼ ਕੀਤਾ ਸੀ ਫਾਈਨੈਂਸ ਮਨਿਸਟਰ ਸਾਹਿਬ ਦੀ ਸਪੀਚ ਤੇ ਜਿਹੜਾ ਉਨ੍ਹਾਂ ਨੇ ਕਿਹਾ ਸੀ ਕਿ ਬਿਆਸ ਪ੍ਰਾਜੈਕਟ ਦੀ ਲੈਂਡ ਐਕੁਈਜੀਸ਼ਨ ਕਾਰਨ ਸਾਨੂੰ 27 ਕਰੋੜ ਰੁਪਿਆ ਦੇਣਾ ਪੈ ਰਿਹਾ ਹੈ । ਮੈਂ ਅਰਜ਼ ਕਰਾਂ ਕਿ ਇਹ ਹਿਮਾਚਲ ਦੀ ਜ਼ਮੀਨ ਹੈ । ਉਨ੍ਹਾਂ ਦੇ ਹੀ ਲੈਂਡ ਇਵੈਲੂਏਸ਼ਨ ਆਫੀਸਰਜ਼ ਨੇ ਮੁਆਵਜ਼ਾ ਵਧਾ ਕੇ ਜਿਹੜਾ 18 ਕਰੋੜ ਸੀ 45 ਕਰੋੜ ਕਰ ਦਿੱਤਾ ਹੈ, ਇਸ ਤਰਾਂ ਪੰਜਾਬ ਨੂੰ 27 ਕਰੋੜ ਵਾਧੂ ਦਾ ਖਰਚਾ ਪਾਇਆ ਜਾ ਰਿਹਾ ਹੈ । ਇਹ ਪੰਜਾਬ ਸਰਕਾਰ ਨੂੰ ਸੈਂਟਰ ਨੂੰ ਕਹਿਣਾ ਚਾਹੀਦਾ ਹੈ ਕਿ ਇਹ ਭਾਰ ਸਾਡੇ ਤੇ ਨਾ ਪਾਇਆ ਜਾਵੇ । ਮੈਂ ਇਸ ਬਾਰੇ ਇਕ ਸੁਜੈਸ਼ਨ ਦਿੱਤਾ ਸੀ ਕਿਉਂਕਿ ਉਨ੍ਹਾਂ ਨੂੰ ਸਾਰੀ ਗੱਲ ਦਾ ਪੱਤਾ ਨਹੀਂ ਇਸ ਕਰਕੇ ਅਕਾਲੀ ਬੈਂਚਿਜ਼ ਨੂੰ ਕਸੂਰ ਵਾਰ ਠਹਰਾਇਆ ਗਿਆ । ਉਨ੍ਹਾਂ ਨੂੰ ਸ਼ਾਇਦ ਇਸ ਗੱਲ ਦਾ ਪੱਤਾ ਨਹੀਂ ਇਹ ਲੈਂਡ ਹਿਮਾਚਲ ਦੇ ਕਾਸ਼ਤਕਾਰਾਂ ਦੀ ਐਕੁਆਇਰ ਹੋਈ ਸੀ ਇਨ੍ਹਾਂ ਨੂੰ ਹੀ ਕੰਪਨਸੇਸ਼ਨ ਦੇਣੀ ਸੀ । ਹਿਮਾਂਚਲ ਦੇ ਲੈਂਡ ਐਕੁਈਜ਼ੀਸ਼ਨ ਆਫ਼ੀਸਰ ਨੇ ਸਾਰੀ ਅਸੈਸਮੈਂਟ ਕੀਤੀ । ਦਫਾ 18 ਅਧੀਨ ਕੇਸ ਹੋਇਆ । ਉਥੇ ਦੀ ਕੋਰਟਸ ਨੇ ਕੰਮਪੈਂਨਸੇਸ਼ਨ ਹੋਰ ਵੀ ਜਿਆਦਾ ਪਾ ਦਿੱਤਾ। ਪਬਲਿਕ ਪ੍ਰਾਸੀਕਿਊਟਰ ਨੇ ਵੀ ਉਹ ਐਗਰੀ ਕਰ ਲਿਆ ਅਤੇ ਅਸੈਸਮੈਂਟ ਫਾਈਨੇਲਾਈਜ਼ ਕਰ ਦਿੱਤੀ। ਉਨ੍ਹਾਂ ਦੇ ਅਫਸਰਾਂ ਨੇ ਹੀ ਅਪੀਲਾਂ ਕਰਨੀਆਂ ਸਨ ਜੋ ਨਹੀਂ ਕੀਤੀਆਂ, ਪੰਜਾਬ ਸਰਕਾਰ ਨੂੰ ਇਸ ਮੁਆਮਲੇ ਤੇ ਯੋਗ ਸਟੈਪ ਉਠਾਉਣੇ ਚਾਹੀਦੇ ਸਨ । ਕਿਉਂਕਿ ਇਨ੍ਹਾਂ ਨੂੰ ਕੋਈ ਇਤਲਾਹ ਹੀ ਨਹੀਂ ਸੀ । ਇਹ ਸਾਰੀ ਗਲ ਉਨ੍ਹਾਂ ਨੇ ਜਾਣ-ਬੁਝ ਕੇ ਕੀਤੀ ਹੈ । 27 ਕਰੋੜ ਦੀ ਰਕਮ ਕੋਈ ਛੋਟੀ ਰਕਮ ਨਹੀਂ ਹੈ, ਇਹ ਹੋਰ ਵੀ ਜ਼ਿਆਦਾ ਹੋ ਸਕਦੀ ਹੈ ਜੇ ਇਸੇ ਤਰ੍ਹਾਂ ਦੀ ਢਿੱਲ ਰਹੀ । ਇਸ ਲਈ ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਉਨ੍ਹਾਂ ਨੂੰ ਇਸ ਪਾਸੇ ਤਵੱਜੋ ਦੇਣੀ ਚਾਹੀਦੀ ਹੈ ।

ਇਥੇ ਇਕ ਗੱਲ ਮੇਰੇ ਫਾਜ਼ਲ ਦੋਸਤ ਆਚਾਰੀਆ ਜੀ ਨੇ ਭਾਸ਼ਾ ਦੇ ਬਾਰੇ ਵੀ ਆਖੀ ਸੀ । ਇਹ ਇਕ ਬਿਲਾ ਵਜ੍ਹਾ ਸਵਾਲ ਉਠਾਇਆ ਗਿਆ ਕਿ ਹਿੰਦੀ ਦੀ ਭਾਸ਼ਾ ਵਾਸਤੇ ਇਸ ਵਿਚ ਬਹੁਤ ਕਮ ਰਕਮ ਰਖੀ ਗਈ ਹੈ । ਮੈਂ ਉਨ੍ਹਾਂ ਦੀ ਵਾਕਫੀਅਤ ਲਈ ਅਰਜ਼ ਕਰ ਦੇਵਾਂ ਕਿ ਹਿੰਦੀ ਦੀ ਉਨਤੀ ਲਈ ਜਿਤਨਾ ਵੀ ਖਰਚ ਹੁੰਦਾ ਹੈ ਉਹ ਸੈਂਟਰ ਦੀ ਸਰਕਾਰ ਵੱਲੋਂ ਕੀਤਾ ਜਾਂਦਾ ਹੈ । ਇਸ ਵਿਚ ਜਿਹੜੀ 1,78,000 ਦੀ ਰਕਮ ਰੱਖੀ ਗਈ ਹੈ, ਇਹ ਤਾਂ ਲਿਖਾਰੀਆਂ ਨੂੰ ਸਨਮਾਨਣ ਲਈ ਜਾਂ ਹੋਰ ਕਾਨਫਰੰਸਾਂ ਆਦਿ ਲਈ ਖਰਚ ਕਰਨ ਵਾਸਤੇ ਰੱਖੀ ਜਾਂਦੀ ਹੈ । ਇਨ੍ਹਾਂ ਨੇ ਇਸ ਸਬੰਧ ਵਿਚ ਆਰਟੀਕਲ 30 ਅਤੇ ਆਰਟੀਕਲ 350 ਵੀ ਰੈਫਰ ਕੀਤਾ ਹੈ। ਆਰਟੀਕਲ 30 ਸਰਕਾਰੀ ਸਕੂਲਾਂ ਵਿਚ ਪੜ੍ਹਾਈ ਦੀ ਪਾਲੀਸੀ ਨੂੰ ਰੈਫਰ ਨਹੀਂ ਕਰਦਾ । ਜਿਹੜਾ ਵੀ ਕੋਈ ਪ੍ਰਾਈਵੇਟ ਇੰਸਟੀਚੀਊਸ਼ਨ ਚਲਾਉਣਾ ਚਾਹੁੰਦਾ ਹੈ ਜਾਂ ਕੋਈ ਧਾਰਮਕ, ਕਲਚਰਲ ਸੰਸਥਾ ਹੈ ਉਨ੍ਹਾਂ ਨੂੰ ਅਧਿਕਾਰ ਹੈ ਕਿ ਉਹ ਜਿਸ ਤਰ੍ਹਾਂ ਦੀ ਲੈਂਗੁਏਜ ਚਾਹੁੰਣ ਰੱਖਣ । ਇਸੇ ਤਰ੍ਹਾਂ ਆਰਟੀਕਲ 350 ਵੀ ਇਸ ਗੱਲ ਨੂੰ ਕਵਰ ਨਹੀਂ ਕਰਦਾ । ਪੰਜਾਬੀ ਸੂਬਾ ਭਾਸ਼ਾ ਦੇ ਅਧਾਰ ਤੇ ਬਣਿਆ ਹੈ । ਇਸ ਲਈ ਸਰਕਾਰੀ ਸਕੂਲਾਂ ਵਿਚ ਪਹਿਲੀ ਭਾਸ਼ਾ ਪੰਜਾਬੀ ਅਤੇ ਦੂਜੀ ਹਿੰਦੀ ਰਖੀ ਗਈ ਹੈ । ਪ੍ਰਾਈਵੇਟ ਸਕੂਲਾਂ ਬਾਰੇ ਇਹ ਹੈ ਕਿ ਹਰ ਕੋਈ ਪੰਜਾਬੀ ਅਤੇ ਹਿੰਦੀ ਦੋਵੇਂ ਭਾਸ਼ਾਵਾਂ ਜਾਣਦਾ ਹੋਵੇ । ਜਿਸ ਬੱਚੇ ਦੀ ਪਹਿਲੀ ਜ਼ਬਾਨ ਪੰਜਾਬੀ ਹੋਵੇ ਉਥੇ ਦੂਸਰੀ ਹਿੰਦੀ ਅਤੇ ਜਿਥੇ ਪਹਿਲੀ ਹਿੰਦੀ ਹੋਵੇ ਉਥੇ ਦੂਸਰੀ ਪੰਜਾਬੀ ਲਗਣੀ

ਜ਼ਰੂਰੀ ਹੈ । ਇਹ ਪਾਲਿਸੀ ਸੀ, ਪਤਾ ਨਹੀਂ ਇਹ ਕਿਉਂ ਮੁੜ ਮੁੜ ਉਹੀ ਗੱਲਾਂ ਕਰ ਰਹੇ ਹਨ । ਆਰਟੀਕਲ 30 ਅਤੇ 350 ਦੋਵੇਂ ਨਿਰਮੂਲ ਹਨ । ਆਖ਼ਿਰ ਵਿਚ ਮੈਂ ਆਪਦਾ ਧੰਨਵਾਦ ਕਰਦਾ ਹਾਂ ਅਤੇ ਇਨ੍ਹਾਂ ਗੱਲਾਂ ਦੇ ਆਧਾਰ ਤੇ ਜੋ ਮੈਂ ਕਹੀਆਂ ਹਨ ਇਹ ਸ਼ੁਕਰੀਏ ਦਾ ਮਤਾ ਪਾਸ ਨਹੀਂ ਹੋਣਾ ਚਾਹੀਦਾ ।

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪਰਸਨਲ ਐਕਸਪਲੇਨੇਸ਼ਨ, ਸਰ । ਡਿਪਟੀ ਸਪੀਕਰ ਸਾਹਿਬ, ਅੱਜ ਜਦੋਂ ਸੈਸ਼ਨ ਸ਼ੁਰੂ ਹੋਇਆ ਸੀ ਤਾਂ ਡਾਕਟਰ ਅਮੀਰ ਸਿੰਘ ਜੀ ਨੇ ਜਥੇਦਾਰ ਉਮਰਾਨੰਗਲ ਦਾ ਨਾਂ ਲੈ ਕੇ . . . .

ਸ੍ਰੀ ਡਿਪਟੀ ਸਪੀਕਰ : ਇਹ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ ਨਹੀਂ ਹੈ । ਤੁਸੀਂ ਬੈਠ ਜਾਉ । (It is not a point of personal explanation. Please resume your seat.)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਤੁਸੀਂ ਮੈਨੂੰ ਸੁਣ ਤਾਂ ਲਓ (ਵਿਘਨ)

ਸ੍ਰੀ ਡਿਪਟੀ ਸਪੀਕਰ : ਪਰਸਨਲ ਐਕਸਪਲੇਨੇਸ਼ਨ ਤੁਸੀਂ ਆਪਣੇ ਬਾਰੇ ਹੀ ਦੇ ਸਕਦੇ ਹੋ, ਕਿਸੇ ਹੋਰ ਬਾਰੇ ਨਹੀਂ । (The hon. member can give personal explanation on his own behalf only and not on behalf of any other person.)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ ਮੈਂ ਆਪਣੇ ਬਾਰੇ ਹੀ ਐਕਸਪਲੇਨੇਸ਼ਨ ਦਿਆਂਗਾ ਕਿਸੇ ਹੋਰ ਬਾਰੇ ਨਹੀਂ ਤੁਸੀ ਮੈਨੂੰ ਸੁਣ ਤਾਂ ਲਉ । (ਵਿਘਨ)

ਸ੍ਰੀ ਡਿਪਟੀ ਸਪੀਕਰ : ਨਹੀਂ ਤੁਸੀਂ ਬੈਠ ਜਾਉ । (No please resume your seat.)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ ਮੈਨੂੰ ਸੁਣ ਤਾਂ ਲਉ । (ਵਿਘਨ) ਅੱਜ ਜਦੋਂ ਇਥੇ ਜਥੇਦਾਰ ਉਮਰਾਨੰਗਲ ਬਾਰੇ ਗਲਤ ਬਿਆਂਨੀ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਮੈ ਉਸ ਬਾਰੇ ਕੁਝ ਕਿਹਾ । ਮੇਰੇ ਸ਼ਬਦ ਕੁਝ ਇਸ ਤਰ੍ਹਾਂ ਨੋਟ ਕੀਤੇ ਗਏ ਹਨ ਜਿਸ ਤਰ੍ਹਾਂ ਕਿ ਮੈਂ ਡਾਕਟਰ ਜਗਜੀਤ ਸਿੰਘ ਨੂੰ ਸਪੋਰਟ ਕੀਤਾ ਹੈ । ਮੈਂ ਇਹ ਸਪਸ਼ਟ ਕਰਨ ਦੇਣਾ ਚਾਹੁੰਦਾ ਹਾਂ ਕਿ ਡਾਕਟਰ ਜਗਜੀਤ ਸਿੰਘ ਨੂੰ ਡੀਫੈਂਡ ਨਹੀਂ ਸੀ ਕੀਤਾ ਸਿਰਫ ਆਪਣੇ ਲੀਡਰ ਜਥੇਦਾਰ ਉਮਰਾਨੰਗਲ ਨੂੰ ਕੀਤਾ ਸੀ । (ਵਿਘਨ) ਡਾਕਟਰ ਜਗਜੀਤ ਸਿੰਘ ਦਾ ਸਾਡੀ ਪਾਰਟੀ ਦੇ ਨਾਲ ਕੋਈ ਸਬੰਧ ਨਹੀਂ ਹੈ । ਇਨ੍ਹਾਂ ਨੂੰ ਇਹ ਗਲਤ ਬਿਆਨੀ ਨਹੀ ਸੀ ਕਰਨੀ ਚਾਹੀਦੀ । (ਵਿਘਨ)

ਸ੍ਰੀ ਡਿਪਟੀ ਸਪੀਕਰ । ਇਹ ਕੋਈ ਪਰਸਨਲ ਐਕਸਪਲੇਨੇਸ਼ਨ ਨਹੀਂ ਹੈ, ਤੁਸੀਂ ਬੈਠ ਜਾਓ । (It is not a personal explanation. Please resume your seat)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ * * *

---

*Expunged as ordered by the Chair.

ਸ੍ਰੀ ਡਿਪਟੀ ਸਪੀਕਰ : ਜੋ ਕੁਝ ਵੀ ਸੰਧੂ ਸਾਹਿਬ ਨੇ ਕਿਹਾ ਹੈ ਇਹ ਪਾਰਟ ਆਫ ਪ੍ਰੋਸੀਡਿੰਗਜ਼ ਨਹੀਂ ਬਣੇਗਾ । (Whatever the hon. Member has said, will not form part of the proceedings.)

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੀ ਤਵੱਜੋ ਇਸ ਗਲ ਵਲ ਦਿਵਾਉਂਦਾ ਹਾਂ ਕਿ ਮੈਂ ਕੋਈ ਮਾੜੀ ਗੱਲ ਨਹੀਂ ਆਖੀ । ਤੁਸੀਂ ਐਵੇਂ ਹੀ ਸਾਡੀਆਂ ਗਲਾਂ ਕਟਵਾਉਣ ਦੀ ਕੋਸ਼ਿਸ਼ ਨਾ ਕੀਤਾ ਕਰੋ । ਇਕ ਗੱਲ ਖਾਹ ਮਖਾਹ ਮੇਰੇ ਗਲ ਮੜ੍ਹੀ ਗਈ, ਸਾਡੇ ਬਾਰੇ ਇਥੇ ਗਲਤ ਗੱਲਾਂ ਕਹੀਆਂ ਗਈਆਂ । ਮੈਂ ਤਾਂ ਇਹ ਕਿਹਾ ਸੀ ਕਿ ਸਾਡੇ ਲੀਡਰਾਂ ਦੀ ਬਦਨਾਮੀ ਕਰੋਗੇ ਤਾਂ ਅਸੀਂ ਤੁਹਾਡੇ ਸਾਰੇ ਲੀਡਰਾਂ ਦੀ ਬਦਨਾਮੀ ਕਰਾਂਗੇ । (ਵਿਘਨ) ਸਾਡਾ ਜਗਜੀਤ ਸਿੰਘ ਦੇ ਨਾਲ ਕੋਈ ਸਬੰਧ ਨਹੀਂ, ਕੀ ਤੁਸੀਂ ਇਹ ਸਬੰਧ ਪੈਦਾ ਕਰਨਾ ਚਾਹੁੰਦੇ ਹੋ ।(ਵਿਘਨ)

Agriculture And Devlopment Minister: Mr. Deputy Speaker, Sir, I draw your attention to Rule 56 of the Rules of Procedure and Conduct of Business in the Punjab Legislative Assembly which reads as under:-

> "Any member may, with the permission of the Speaker, make a personal explanation although there is no question before the Assembly:
>
> Privided that such explanation ,if permitted, shall be made at the earliest possible opportunity before the business for the day is entered upon, and shall be limited to the circumstances which are the subject of the explanation and no speech or debate thereon shall be allowed by the Speaker."

ਇਸ ਲਈ ਮੈਂ ਸਮਝਦਾ ਹਾਂ ਕਿ ਜੋ ਕੁਝ ਵੀ ਸੰਧੂ ਸਾਹਿਬ ਨੇ ਕਿਹਾ ਹੈ ਇਸ ਰੂਲ ਥਲੇ ਪਰਸਨਲ ਐਕਸਪਲੇਨੇਸ਼ਨ ਵਿਚ ਨਹੀਂ ਆਉਂਦਾ, ਇਸ ਲਈ ਇਸ ਨੂੰ ਐਕਸਪੰਜ ਕਰ ਦਿਤਾ ਜਾਵੇ ।

ਸ੍ਰੀ ਡਿਪਟੀ ਸਪੀਕਰ : ਮੈਂ ਪਹਿਲਾਂ ਹੀ ਕਹਿ ਚੁਕਾ ਹਾਂ ਕਿ ਉਹ ਪਾਰਟ ਆਫ ਦੀ ਪ੍ਰੋਸੀਡਿੰਗ ਨਾ ਬਣੇ । (I have already ordered that whatever the hon. Member Sh. Sandhu has said will not form part of the proceedings) (ਇਸ ਵੇਲੇ ਸ੍ਰੀ ਸਪੀਕਰ ਨੇ ਕੁਰਸੀ ਸੰਭਾਲੀ)

SECOND REPORT OF THE BUSINESS ADVISORY COMMITTEE

Mr. Speaker: I have to report of the programme of the Punjab Vidhan Sabha as contained in the second Report the Business advisory Committee The report reads:-

After some discussion the Committee recomended that following business be transacte d at sittings to be held during the period from-4th April, 1972 to 8th April, 1972:-

Tuesday, the 4th April,	Discussion on Governer's Address.	
Wednesday, the 5th April.	i) The Punjab Consolidation of land proceedings (validation) Bill, 1972.	Half an hour
	ii) Discussion on Governer's Address	
Thursday, the 6th April,	Non-official Business.	
Friday, the 7th April,	Discussion on Governer's Address.	
Saturday, the 8th April.	i) the Punjab Gram Panchayat (Amendment) Bill, 1972.	45Minutes
	ii) Official resolution regarding ratification of the Constitution (Twenty-Fifth Amendment) Bill, 1971, as passed by both houses of Parliament.	

It was also recommended that from the 4th to 8th April, 1972, the House should meet from 9.00 A.M. to 1.30 P.M.

Agriculture and Development Minister (Captain Rattan Singh) Sir I beg to move-

That this House agrees with the recommendations contained in the second report of the Business Advisory Committee.

Mr. Speaker: Motion moved:

That this House agrees with the recommendations contained in the second report of the Business Advisory Committee.

Mr. Speaker: Question is—

That this House agrees with the recommendations contained in the second report of the Business Advisory Committee.

The motion was carried.

DISCUSSION OF GOVERNOR'S ADDRESS

(*Resumption*)

ਕਾਮਰੇਡ ਦਾਨਾ ਰਾਮ : (ਲੰਬੀ. ਐਸ. ਸੀ.) ਸਪੀਕਰ ਸਾਹਿਬ, ਇਸ ਵੇਲੇ ਜੋ ਗਵਰਨਰ ਸਾਹਿਬ ਦਾ ਐਡਰੈਸ ਹਾਊਸ ਵਿਚ ਪੇਸ਼ ਹੈ ਉਸ ਬਾਰੇ ਮੈਂ ਦੋ ਚਾਰ ਗਲਾਂ ਤੁਹਾਡੇ ਸਾਹਮਣੇ ਰਖਣੀਆਂ ਹਨ । 1969 ਵਿਚ ਵੀ ਇਕ ਐਡਰੈਸ ਪੜ੍ਹਿਆ ਗਿਆ ਸੀ ਉਹ ਐਡਰੈਸ ਵੀ ਇਸ ਅਸੈਂਬਲੀ ਵਿਚ ਪੇਸ਼ ਕੀਤਾ ਗਿਆ ਪਰ ਇਸ ਅਸੈਂਬਲੀ ਵਿਚ ਵੀ ਅਤੇ ਇਥੋਂ ਬਾਹਰ ਵੀ ਉਸ ਤੋਂ ਉਲਟ ਗੱਲਾਂ ਕੀਤੀਆਂ ਗਈਆਂ । ਇਨ੍ਹਾਂ ਦੇ ਅਕਾਲੀ ਰਾਜ ਦੇ ਵਿਚ । ਇਨ੍ਹਾਂ ਨੇ ਸਰਕਾਰੀ ਮੁਲਾਜ਼ਮਾਂ ਨੂੰ ਚੰਗਾ ਕੜਾਹ ਪ੍ਰਸ਼ਾਦ ਛਕਾਇਆ । (ਹਾਸਾ) ਇਸ ਦੇ ਨਾਲ ਹੀ ਹਰੀਜਨਾਂ ਦੇ ਨਾਲ ਇਸ ਤਰ੍ਹਾਂ ਦਾ ਵਰਤਾਉ ਕੀਤਾ ਗਿਆ ਕਿ 57 ਪਿੰਡਾਂ ਦੇ ਵਿਚ ਹਰੀਜਨਾਂ ਦਾ ਸੋਸ਼ਲ ਬਾਈਕਾਟ ਕੀਤਾ ਗਿਆ । ਇਸ ਤੋਂ ਬਿਨਾਂ ਵਿਦਿਆਰਥੀਆਂ ਨੂੰ ਵੀ ਇਨ੍ਹਾਂ ਨੇ ਸ਼ਕਰਪਾਰੇ ਛਕਾਏ । (ਹਾਸਾ) ਇਸ ਦੇ ਨਾਲ ਨਾਲ ਹੀ ਇਨ੍ਹਾਂ ਨੇ ਮੁਜ਼ਾਰਿਆਂ ਨੂੰ ਵੀ ਚੰਗਾ ਦਾਖੂਦਾਣਾ ਛਕਾਇਆ । (ਵਿਰੋਧੀ ਬੈਂਚਾਂ ਵੱਲੋਂ ਗਲਤ ਹੈ, ਗਲਤ ਹੈ, ਦੀਆਂ ਅਵਾਜ਼ਾਂ ।) ਤੇ ਇਸ ਵੇਲੇ ਜਿਹੜੀਆਂ ਗੱਲਾਂ ਐਡਰੈਸ ਵਿਚ ਆਈਆਂ ਹਨ ਉਸ ਬਾਰੇ ਮੈਂ ਹੁਣ ਵੀ ਇਹ ਕਹਿ ਰਿਹਾ ਹਾਂ ਕਿ ਪੰਜਾਬ ਦਾ ਮੁਜ਼ਾਰਾ ਕੁਟਿਆ ਜਾ ਰਿਹਾ ਹੈ । ਪੰਜਾਬ ਦਾ ਆਬਾਦਕਾਰ ਅੱਜ ਵੀ ਉਜੜ ਰਿਹਾ ਹੈ । ਆਬਾਦ-ਕਾਰਾਂ ਦੀਆਂ ਮਸ਼ੀਨਾਂ ਉਤੇ ਸ਼ਹਿਰਾਂ ਦੇ ਵੱਡੇ ਵੱਡੇ ਲਾਲਿਆਂ ਦੇ ਨਾਉਂ ਉਤੇ ਗਿਰਦਾਵਰੀਆਂ ਹੋ ਰਹੀਆਂ ਹਨ । (ਵਿਘਨ) ਜਿਹੜੇ ਆਬਾਦਕਾਰ ਜਲਾਲਾਬਾਦ ਬੈਠੇ ਹਨ ਉਨ੍ਹਾਂ ਦੀਆਂ ਗਿਰਦਾਵਰੀਆਂ ਵੱਡੇ ਵੱਡੇ ਅਕਾਲੀ ਜਿਹੜੇ ਇਥੇ ਮਨਿਸਟਰ ਵੀ ਰਹਿ ਚੁੱਕੇ ਹਨ, ਉਨ੍ਹਾਂ ਦੇ ਨਾਉਂ ਉਤੇ ਹਨ। ਕਾਬਜ਼ ਕੋਈ ਹੋਰ ਹੈ ਅਤੇ ਗਿਰਦਾਵਰੀਆਂ ਕਿਸੇ ਹੋਰ ਨਾਉਂ ਉਤੇ ਹਨ । ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਫਾਜ਼ਲਕਾ, ਅਬੋਹਰ, ਮੁਕਤਸਰ ਅਤੇ ਬਠਿੰਡੇ ਵਿਚ ਜਿੰਨੇ ਵੀ ਮੁਜ਼ਾਰੇ ਹਨ ਉਨ੍ਹਾਂ ਦੀਆਂ ਜ਼ਮੀਨਾਂ ਦੀਆਂ ਗਿਰਦਾਵਰੀਆਂ ਕਿਸੇ ਦੂਸਰੇ ਮਾਲਕਾਂ ਦੇ ਨਾਉਂ ਉਤੇ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ । ਮੇਰੇ ਇਲਾਕੇ ਵਿਚ ਪਿੰਡ ਮੋਤੀ ਚੱਕ ਦੇ ਮੁਜ਼ਾਰਿਆਂ ਦੀ ਜ਼ਮੀਨ ਦੀਆਂ ਗਿਰਦਾਵਰੀਆਂ ਕਿਸੇ ਹੋਰ ਦੇ ਨਾਉਂ ਕੀਤੀ ਜਾਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ । ਮੁਜ਼ਾਰਿਆਂ ਦੇ ਖਿਲਾਫ ਜਾਲ੍ਹੀ ਕੇਸ ਕਈ ਤਰ੍ਹਾਂ ਦੇ ਬਣਾਕੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਸੁੱਟਿਆ ਹੋਇਆ ਹੈ । ਗਵਰਨਰ ਦੇ ਰਾਜ ਵੇਲੇ ਵੀ ਇਸ ਤਰ੍ਹਾਂ ਹੀ ਚਲਦਾ ਰਿਹਾ ਅਤੇ ਅੱਜ ਵੀ ਇਹ ਹਾਲਾਤ ਉਥੇ ਹੀ ਖੜ੍ਹੇ ਹਨ । ਪੁਲਿਸ ਉਨ੍ਹਾਂ ਦੇ ਖਿਲਾਫ 326 ਅਤੇ 307 ਦੇ ਕੇਸ ਬਣਾ ਰਹੀ ਹੈ । ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਗਵਰਨਰ

[ਕਾਮਰੇਡ ਦਾਨਾ ਰਾਮ]

ਦੇ ਰਾਜ ਵੇਲੇ ਵੀ ਉਸੇ ਤਰ੍ਹਾਂ ਚਲਦਾ ਰਿਹਾ ਅਤੇ ਅਕਾਲੀ ਰਾਜ ਦੇ ਵੇਲੇ ਵੀ ਪੁਲਿਸ ਉਨ੍ਹਾਂ ਦੀ ਧਮਕੀ ਨਾਲ ਹੀ ਚਲਦੀ ਰਹੀਂ (ਵਿਘਨ) ਇਥੋਂ ਤਕ ਕਿ ਅੱਜ ਵੀ ਪੁਲਿਸ ਅਕਾਲੀ ਰਾਜ ਵੇਲੇ ਦੀ ਸਰਕਾਰ ਦੀ ਥਪਕੀ ਨਾਲ ਹੀ ਚਲ ਰਹੀ ਹੈ । ਕਾਂਗਰਸ ਰਾਜ ਅਜੇ ਵੀ ਨਹੀਂ ਹੈ (ਸ਼ੋਰ) (ਵਿਘਨ)

Mr. Speaker : Order, order please.

ਕਾਮਰੇਡ ਦਾਨਾ ਰਾਮ : ਸਪੀਕਰ ਸਾਹਿਬ ਮੈਂ ਕਹਿ ਰਿਹਾ ਸੀ ਕਿ ਪਿੰਡ ਬਾਦਲ ਵਿਚ ਅਕਾਲੀ ਰਾਜ ਦੇ ਅੰਦਰ ਬਾਦਲ ਸਾਹਿਬ ਦੇ ਗੁੰਡਿਆਂ ਨੇ ਇਕ ਰੇਲੂ ਸਿੰਘ ਦੀ ਝੋਟੀ ਖੋਲ੍ਹ ਲਈ ਅਤੇ ਲੈ ਗਏ (ਵਿਘਨ) ਇਹ ਦੋ ਹਜ਼ਾਰ ਦੀ ਝੋਟੀ ਨੂੰ ਉਨ੍ਹਾਂ ਨੇ ਦੋ ਸੌ ਵਿਚ ਵੇਚ ਦਿਤਾ (ਵਿਘਨ) ਬਾਦਲ ਸਾਹਿਬ ਦੇ ਗੁੰਡਿਆਂ ਨੇ ਉਸ ਵੇਲੇ ਸ਼ਰਾਬ ਪੀਤੀ ਹੋਈ ਸੀ । (ਵਿਘਨ) ਬਾਦਲ ਸਾਹਿਬ ਦੀ ਚੀਫ ਮਨਿਸਟਰੀ ਵਿਚ ਇਸ ਤਰ੍ਹਾਂ ਹੀ ਹੋਇਆ ਅਤੇ ਅੱਜ ਵੀ ਉਥੇ ਇਸੇ ਤਰ੍ਹਾਂ ਹੀ ਹੋ ਰਿਹਾ ਹੈ । (ਵਿਘਨ) ਤਾਂ ਮੈਂ ਕਹਿ ਰਿਹਾ ਸੀ ਕਿ ਅੱਜ ਵੀ ਪਿੰਡ ਬਾਦਲ ਵਿਚ ਉਹੀ ਹਾਲਤ ਹੈ । (ਵਿਘਨ) ਸਾਧੂ ਸਿੰਘ ਹਰੀਜਨ ਨੂੰ ਗੁੰਡਿਆਂ ਨੇ ਸ਼ਰਾਬ ਪੀਕੇ ਕੁਟਿਆ (ਸ਼ੇਮ. ਸ਼ੇਮ). ਥਾਣੇਦਾਰ ਨੇ ਬਾਦਲ ਸਾਹਿਬ ਦੇ ਇਸ਼ਾਰੇ ਤੇ ਉਹਦੀ, ਗਰੀਬ ਦੀ ਰਪਟ ਲਿਖਣ ਤੋਂ ਵੀ ਇਨਕਾਰ ਕਰ ਦਿਤਾ (ਵਿਘਨ) ਮੈਂ ਕਹਿਣਾ ਚਾਹੁੰਦਾ ਹਾਂ, ਸਪੀਕਰ ਸਾਹਿਬ, ਕਿ ਸਮਾਜਵਾਦ ਦਾ ਨਾਹਰਾ ਦਿਤਾ ਜਾ ਰਿਹਾ ਹੈ ਲੇਕਿਨ ਹੋ ਕਾਣੀ ਵੰਡ ਰਹੀ ਹੈ (ਵਿਘਨ)

ਸ੍ਰੀ ਸਪੀਕਰ : ਆਰਡਰ, ਆਰਡਰ ਪਲੀਜ਼ । ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਕਿ ਉਹ ਆਨਰੇਬਲ ਮੈਂਬਰ ਨੂੰ ਸੁਣਨ । (Order, order please. All the Members are requested to listen to the hon. Member.)

ਕਾਮਰੇਡ ਦਾਨਾ ਰਾਮ : ਤਾਂ ਮੈਂ ਸਪੀਕਰ ਸਾਹਿਬ ਕਹਿ ਰਿਹਾ ਸੀ ਕਿ ਸਾਧੂ ਸਿੰਘ ਹਰੀਜਨ ਨੂੰ ਕੁੱਟਿਆ ਗਿਆ । ਪੁਲਿਸ ਵਿਚ ਰਪਟ ਦਰਜ ਕਰਾਈ ਗਈ (ਵਿਘਨ) ਲੇਕਿਨ ਉਨ੍ਹਾਂ ਬੰਦਿਆਂ ਨੂੰ ਛੱਡ ਦਿਤਾ ਗਿਆ । ਬਾਦਲ ਸਾਹਿਬ ਅੱਜ ਵੀ ਉਥੇ ਇਸੇ ਤਰ੍ਹਾਂ ਹੀ ਚਲਾ ਰਹੇ ਹਨ । ਲਾਂਬੀ ਦੇ ਹਲਕੇ ਵਿਚ ਇਕ ਪਿੰਡ ਚੁਨੂੰ ਹੈ । ਉਥੇ ਹੈਡਮਾਸਟਰ ਬਾਦਲ ਸਾਹਿਬ ਨੇ ਲਗਾਇਆ ਸੀ । ਇਹ ਹੈਡਮਾਸਟਰ ਸਾਰੇ ਪਿੰਡ ਨੂੰ ਘੇਰੀ ਫਿਰਦਾ ਹੈ । ਅੱਜ ਵੀ ਉਥੇ ਇਹ ਹਾਲਤ ਹੈ । (ਵਿਘਨ) (ਸ਼ੋਰ) ਸਪੀਕਰ ਸਾਹਿਬ, ਪਿਛਲੇ ਹਾਲਾਤ ਵਾਂਗ ਅੱਜ ਵੀ ਮੁਜ਼ਾਰੇ ਬੇ-ਦਖਲ ਹੋ ਰਹੇ ਹਨ ।

ਜਿਥੋ ਤੱਕ ਪਾਣੀ ਦਾ ਤਾਅਲੁਕ ਹੈ, ਸਪੀਕਰ ਸਾਹਿਬ, ਅਕਾਲੀ ਰਾਜ ਵਿਚ, ਇਨ੍ਹਾਂ ਜਥੇਦਾਰਾਂ ਦੀ ਸਰਕਾਰ ਵਿਚ ਕਾਣੀ ਵੰਡ ਹੋਈ ਹੈ । ਬਾਦਲ ਦੇ ਖਾਸ ਪਿੰਡਾਂ ਵਿਚ ਨਹਿਰਾਂ ਕਢੀਆਂ ਗਈਆਂ ਹਨ (ਵਿਘਨ) ਅਤੇ ਬਾਕੀ ਥਾਵਾਂ ਤੇ ਅਜੇ ਵੀ ਕਿਸਾਨ ਪਾਣੀ ਤੋਂ ਭੁੱਖਾ ਮਰ ਰਿਹਾ ਹੈ ਔਰ ਉਸ ਦੀਆਂ ਫਸਲਾਂ ਸੁਕ ਰਹੀਆਂ ਹਨ । ਜੇ ਗਿਆਨੀ ਜੀ ਲੰਬੀ ਦਾ ਹਲਕਾ ਦੇਖ ਲੈਣ ਤਾਂ ਇਨ੍ਹਾਂ ਨੂੰ ਆਪ ਪਤਾ ਲਗ ਜਾਵੇ ਕਿ ਉਥੇ ਫਸਲਾਂ ਦੀ ਕੀ ਹਾਲਤ ਹੈ । ਦੂਜੇ ਪਾਸੇ ਬਾਦਲ ਸਾਹਿਬ ਦਾ ਮਾਮਾ ਕਿਵੇਂ ਆਪਣੇ ਬਾਗਾਂ ਨੂੰ ਪਾਣੀ ਲਗਾ ਰਿਹਾ ਹੈ । (ਵਿਘਨ)

ਸ੍ਰੀ ਸਪੀਕਰ : ਕਿਸੇ ਆਨਰੇਬਲ ਮੈਂਬਰ ਦਾ ਨਾਉਂ ਲੈਕੇ ਨਾ ਕਹੋ (ਵਿਘਨ) (Please do not make any such reference to an hon. Member by name.)

ਕਾਮਰੇਡ ਸੱਤਪਾਲ ਡਾਂਗ : ਆਨ ਏ ਪੁਆਇੰਟ ਆਫ ਆਰਡਰ, ਸਰ । ਜੇ ਬਾਦਲ ਸਾਹਿਬ ਦਾ ਨਾਂ ਲਿਆ ਜਾਂਦਾ ਹੈ ਤਾਂ ਉਹ ਉਠਕੇ ਜਵਾਬ ਦੇ ਦੇਣਗੇ । ਗੱਲ ਕੀ ਹੈ ।

ਸ੍ਰੀ ਸਪੀਕਰ : ਡਾਂਗ ਸਾਹਿਬ, ਜੇ ਤੁਸੀਂ ਉਸ ਤੇ ਐਲੀਗੇਸ਼ਨਜ਼ ਲਾਉਣੀਆਂ ਹਨ ਤਾਂ ਉਸ ਲਈ ਆਨਰੇਬਲ ਮੈਂਬਰ ਲਈ ਪਰਾਇਰ ਨੋਟਿਸ ਦੇਣਾ ਜ਼ਰੂਰੀ ਹੈ । (Dang Sahib, in case the allegations are to be levelled against anybody, then prior notice is required for doing so.)

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ (ਵਿਘਨ)

ਸ੍ਰੀ ਸਪੀਕਰ : ਇਹ ਟਾਈਮ ਤੁਹਾਡੀ ਪਾਰਟੀ ਦੇ ਟਾਈਮ ਵਿਚੋਂ ਕੱਟ ਲਿਆ ਜਾਵੇਗਾ । *(Addressing Sardar Ajib Sinhg Sandhu.* This time wil be deducted out of the time allotted to your party.)

ਸਰਦਾਰ ਅਜਾਇਬ ਸਿੰਘ ਸੰਧੂ : ਸ੍ਰੀ ਦਾਨਾ ਰਾਮ ਜੀ ਨੇ ਬਾਦਲ ਸਾਹਿਬ ਤੇ ਚਾਰਜਿਜ਼ ਲਗਾਏ ਹਨ ਔਰ ਤੁਹਾਡੀ ਪਰਮਿਸ਼ਨ ਤੋਂ ਬਗੈਰ ਲਗਾਏ ਹਨ । ਇਸ ਲਈ ਜਦ ਤੱਕ ਤੁਸੀਂ ਪਰਮਿਸ਼ਨ ਨਾ ਦਿਓ ਇਹ ਪਰੋਸੀਡਿੰਗਜ਼ ਤੋਂ ਕੱਢੇ ਜਾਣੇ ਚਾਹੀਦੇ ਹਨ ।

ਸ੍ਰੀ ਸਪੀਕਰ : ਬਾਦਲ ਸਾਹਿਬ ਆਪਣਾ ਪਰਸਨਲ ਐਕਸਪਲੇਨੇਸ਼ਨ ਦੇ ਸਕਦੇ ਹਨ । (Badal Sahib can give his personal explanation.)

ਕਾਮਰੇਡ ਦਾਨਾ ਰਾਮ : ਇਨਕੁਆਇਰੀ ਕਰਵਾਓ । ਮੈਂ ਕੋਈ ਝੂਠ ਕਹਿੰਦਾ ਹਾਂ?

ਸਰਦਾਰ ਜਸਦੇਵ ਸਿੰਘ ਸੰਧੂ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਇਥੇ ਹਾਊਸ ਵਿਚ ਕਿਸੇ ਅਫ਼ਸਰ ਦੇ ਖਿਲਾਫ਼, ਵੀ ਜਿਹੜਾ ਹਾਊਸ ਦਾ ਮੈਂਬਰ ਨਹੀਂ ਕੋਈ ਐਲੀਗੇਸ਼ਨਜ਼ ਨਹੀਂ ਲਗਾਏ ਜਾ ਸਕਦੇ । ਹੁਣੇ ਇਕ ਹੈਡਮਾਸਟਰ ਬਾਰੇ ਕਿਹਾ ਗਿਆ ਹੈ, ਫਿਰ ਬਾਦਲ ਸਾਹਿਬ ਦੇ ਮਾਮੇ ਬਾਰੇ ਕਿਹਾ ਗਿਆ ਅਤੇ ਫਿਰ ਝੋਟੇ ਝੋਟੀ ਬਾਰੇ ਕਿਹਾ ਗਿਆ । ਜਿਹੜੇ ਇਥੇ ਹਾਜ਼ਰ ਨਹੀਂ ਬਾਦਲ ਸਾਹਿਬ ਦੇ ਮਾਮਾ ਜੀ ਦੇ ਬਾਰੇ ਜਾਂ ਹੈਡਮਾਸਟਰ ਦੇ ਬਾਰੇ ਜੋ ਕਿਹਾ ਗਿਆ ਹੈ ਉਹ ਪਾਰਟ ਆਫ਼ ਦੀ ਪਰੋਸੀਡਿੰਗਜ਼ ਨਹੀਂ ਬਣਨਾ ਚਾਹੀਦਾ । (ਵਿਘਨ) ਇਸ ਬਾਰੇ ਇਕ ਅਸੂਲ ਬਣਨਾ ਚਾਹੀਦਾ ਹੈ ਤਾਂ ਕਿ ਉਸ ਦੇ ਮੁਤਾਬਿਕ ਹੀ ਹਾਊਸ ਦੀ ਕਾਰਵਾਈ ਚਲ ਸਕੇ ।

ਵਿਕਾਸ ਤੇ ਖੇਤੀ ਬਾੜੀ ਮੰਤਰੀ (ਕੈਪਟਨ ਰਤਨ ਸਿੰਘ): ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਸ਼ਬਦ ਝੋਟੀ ਦਾ ਕਿਹਾ ਹੈ ਉਹ ਅਨ-ਪਾਰਲੀਮੈਂਟਰੀ ਨਹੀਂ ਹੈ । ਗਰੀਬ ਆਦਮੀ ਹਰੀਜਨ ਕੋਲ ਝੋਟੀ ਹੀ ਹੋਣੀ ਹੈ । ਮੈਂ ਤਾਂ ਕਹਾਂਗਾ ਕਿ ਬੜੇ ਸੋਹਣੇ ਐਟਮਾਸਫੀਅਰ ਵਿਚ ਹਾਊਸ ਵਿਚ ਆਨਰੇਬਲ ਮੈਂਬਰ (ਵਿਘਨ) ਨੂੰ ਕਹਿਣਾ ਚਾਹੀਦਾ ਹੈ ਜਾਂ ਫਿਰ ਗਤਤ ਨੂੰ ਥੋੜ੍ਹਾ ਜਿਹਾ ਹੋਰ ਮਿੱਠਾ ਬਣਾ ਲੈਣ ਲੇਕਿਨ ਝੋਟੀ ਚੋਰੀ ਹੋਣਾ ਅਨ-ਪਾਰਲੀਮੈਂਟਰੀ ਨਹੀਂ ਹੈ ।

ਸਰਦਾਰ ਜਸਦੇਵ ਸਿੰਘ ਸੰਧੂ : ਹੈਡਮਾਸਟਰ ਬਾਦਲ ਸਾਹਿਬ ਦਾ ਲਗਾਇਆ ਹੋਇਆ ਹੈ ਇਸ ਲਈ ਉਹ ਪਿੰਡ ਨੂੰ ਘੇਰੀ ਫਿਰਦਾ ਹੈ, ਮੈਂ ਸਮਝਦਾ ਹਾਂ ਕਿ ਇਹ ਲਫ਼ਜ਼ ਬਿਲਕੁਲ ਖਾਰਜ ਹੋਣੇ ਚਾਹੀਦੇ ਹਨ । ਜਿਹੜਾ ਕੋਈ ਹਾਊਸ ਵਿਚ ਹਾਜ਼ਰ ਨਹੀਂ ਜਾਂ ਇਸ ਤਰ੍ਹਾਂ ਕਰਨ ਦੀ ਇਜ਼ਾਜ਼ਤ ਨਹੀਂ ਤਾਂ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ । (ਵਿਘਨ) ਜਾਂ ਫਿਰ ਇਸ ਤਰ੍ਹਾਂ ਕਰਨ ਤੋਂ ਸਾਨੂੰ ਵੀ ਨਾ ਰੋਕਿਆ ਜਾਵੇ ਵਿਘਨ)

ਸ਼੍ਰੀ ਸਪੀਕਰ : ਮੈਂ ਆਨਰੇਬਲ ਮੈਂਬਰ ਨੂੰ ਕਹਾਂਗਾ ਕਿ ਜਦ ਵੀ ਉਹ ਕਿਸੇ ਆਦਮੀ ਨੂੰ ਰੈਫਰ ਕਰਨ ਤਾਂ ਬੜੇ ਚੰਗੇ ਸ਼ਬਦਾਂ ਨਾਲ ਉਨ੍ਹਾਂ ਦੇ ਮੁਤੱਲਕ ਕਹਿਣ। ਇਸ ਢੰਗ ਨਾਲ ਕਹਿਣ ਕਿ ਇਸ ਹਾਊਸ ਦੀ ਡਿਗਨਿਟੀ ਅਤੇ ਡੈਕੋਰਮ ਵਿਚ ਕੋਈ ਫਰਕ ਨਾ ਆਵੇ । ਆਨਰੇਬਲ ਮੈਂਬਰ ਜ਼ਰੂਰ ਇਸ ਬਾਰੇ ਧਿਆਨ ਦੇਣ । (I would request the hon. Member that he should refer to others in proper words, whenever he does so. His language should not mar the decorum or lower the dignity of the House. The hon. Member must pay attention to this aspect.)

ਸਰਦਾਰ ਜਸਦੇਵ ਸਿੰਘ ਸੰਧੂ : ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮੈਂ ਤੁਹਾਡੀ ਸੇਵਾ ਵਿਚ ਬੇਨਤੀ ਕੀਤੀ ਹੈ ਕਿ ਜਿਹੜੇ ਅਫਸਰ ਸਾਹਿਬਾਨ ਜਾਂ ਕੋਈ ਹੋਰ ਸੱਜਣ ਇਥੇ ਮੌਜੂਦ ਨਾ ਹੋਵੇ, ਉਸ ਦਾ ਇਥੇ ਨਾਮ ਨਹੀਂ ਲੈਣਾ ਚਾਹੀਦਾ। ਇਸ ਬਾਰੇ ਤੁਸੀ ਆਪਣੀ ਰੂਲਿੰਗ ਵੀ ਦਿੱਤੀ ਹੈ। ਪਰ ਮੈਂ ਅਰਜ਼ ਕਰਦਾ ਹਾਂ ਕਿ ਜੇ ਤਾਂ ਤੁਸੀਂ ਇਨ੍ਹਾਂ ਨੂੰ ਬਾਹਰਲੇ ਲੋਕਾਂ ਦਾ ਨਾਮ ਲੈਣ ਤੋਂ ਨਹੀਂ ਰੋਕਣਾ ਤਾਂ ਫਿਰ ਸਾਨੂੰ ਵੀ ਇਜ਼ਾਜ਼ਤ ਹੋਣੀ ਚਾਹੀਦੀ ਹੈ ਅਤੇ ਜੇ ਨਹੀਂ ਲੈਣਾ ਤਾਂ ਸਾਰਿਆਂ ਆਨਰੇਬਲ ਮੈਂਬਰਜ਼ ਨੂੰ ਇਸ ਗਲ ਤੋਂ ਰੋਕੋ । ਜੇ ਉਨ੍ਹਾਂ ਨੂੰ ਨਹੀਂ ਰੋਕਣਾ ਤਾਂ ਇਨ੍ਹਾਂ ਦੇ ਢੱਗਿਆਂ ਦੇ ਮੁਕਾਬਲੇ ਸਾਡੇ ਸਾਨ੍ਹ ਕਾਇਮ ਹਨ । (ਵਿਘਨ)

ਸ਼੍ਰੀ ਸਪੀਕਰ : ਹੁਣ ਵਾਲੀਆਂ ਪ੍ਰੋਸੀਡਿੰਗਜ਼ ਹੋਈਆਂ ਹਨ, ਮੈਂ ਉਨ੍ਹਾਂ ਨੂੰ ਐਗਜ਼ਾਮਿਨ ਕਰਾਂਗਾ ਉਸ ਦੇ ਵਿਚ ਜੇ ਕੋਈ ਐਸੀ ਗਲ ਹੋਈ ਤਾਂ ਦੇਖ ਲਵਾਂਗਾ । (ਵਿਘਨ) (I will examine these proceedings for any such references.) (Interruption)

ਕਾਮਰੇਡ ਦਾਨਾ ਰਾਮ : ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਇਹ ਜਿਹੜੀ ਧੱਕਾ ਸ਼ਾਹੀ ਚਲ ਰਹੀ ਹੈ, ਇਸ ਨੂੰ ਅੱਜ ਦੀ ਸਰਕਾਰ ਨੂੰ ਰੋਕਣਾ ਚਾਹੀਦਾ ਹੈ ਕਿਉਂਕਿ ਇਹ ਪਿਛੇ ਤੋਂ ਹੀ ਧਕੇਸ਼ਾਹੀ ਚਲਦੀ ਆ ਰਹੀ ਹੈ। ਇਸ ਧੱਕੇ ਨਾਲ ਲੋਕਾਂ ਦਾ ਜੋ ਮਾਲ ਆਦਿ ਦਾ ਨੁਕਸਾਨ ਹੋਇਆ ਹੈ ਜੇ ਇਸ ਸਬੰਧੀ ਅਸੀਂ ਇਥੇ ਹਾਊਸ ਵਿਚ ਦੱਸ ਨਹੀਂ ਸਕਦੇ ਤਾਂ ਮੈਨੂੰ ਸਮਝ ਨਹੀਂ ਆਈ ਕਿ ਅਸੀਂ ਇਸ ਬਾਰੇ ਕਿਥੇ ਦਸੀਏ? ਫਿਰ ਅਸੀਂ ਇਥੇ ਕਿਸ ਵਾਸਤੇ ਆਏ ਹਾਂ।(ਤਾੜੀਆਂ)ਸਪੀਕਰ ਸਾਹਿਬ, ਇਕ ਤਪਾ ਖੇੜਾ ਪਿੰਡ ਹੈ, ਉਥੇ ਹਰੀਜਨਾਂ ਦੇ ਘਰਾਂ ਨੂੰ ਢਾਹ ਕੇ ਇਨ੍ਹਾਂ ਨੇ (ਬਾਦਲ ਸਾਹਿਬ ਵਲ ਇਸ਼ਾਰਾ ਕਰਦੇ ਹੋਏ) ਉਥੇ ਬਿਲਡਿੰਗਜ਼ ਬਣਾ ਲਈਆਂ ਹਨ । ਉਨ੍ਹਾਂ ਵਿਚਾਰਿਆਂ ਨੂੰ ਪੈਸੇ ਨਹੀਂ ਦਿਤੇ ਗਏ । (ਵਿਘਨ) ਉਨ੍ਹਾਂ ਨੇ ਦਰਖਾਸਤਾਂ ਦਿਤੀਆਂ, ਇਨਕੁਆਇਰੀ ਹੋਈ ਪਰ ਪਤਾ ਨਹੀਂ ਇਨਕੁਆਇਰੀ ਕਿਧਰ ਨੂੰ ਗਈ ਹੈ । ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਉਨ੍ਹਾਂ ਹਰੀਜਨਾਂ ਨੂੰ ਮੁਆਵਜ਼ਾ ਦਿਤਾ ਜਾਵੇ ਜਾਂ ਹੋਰ ਜਗ੍ਹਾ ਦਿਤੀ ਜਾਵੇ । ਨਹੀਂ ਤਾਂ ਫਿਰ ਗ਼ਰੀਬ ਨਹੀਂ ਰਹਿ ਸਕਣਗੇ । ਮੁਰਬੇਬੰਦੀ ਵਿਚ ਜਿਹੜੀ ਜ਼ਮੀਨ ਹਰੀਜਨਾਂ ਨੂੰ ਮਿਲੀ ਸੀ ਪੰਜਾਬ ਵਿਚ, ਸਾਡੇ ਜ਼ਿਲ੍ਹੇ ਵਿਚ, ਸਾਡੇ ਇਲਾਕੇ ਵਿਚ ਅਜੇ ਤੱਕ ਕੁਝ ਪਿੰਡਾਂ ਵਿਚ, ਬਾਦਲ ਸਾਹਿਬ ਨੀਂਹ ਪਥਰ ਰਖਕੇ ਆਏ, ਉਥੇ ਜਿਹੜੇ ਹਰੀਜਨਾਂ ਵਾਸਤੇ ਪਲਾਟ ਰਖੇ ਗਏ ਸਨ ਉਥੇ ਗੁਰਦੁਆਰੇ

ਜਾਂ ਧਰਮਸ਼ਾਲਾਂ ਬਣਾਉਣ ਲਈ ਨੀਂਹ ਪੱਥਰ ਰੱਖ ਆਏ (ਵਿਘਨ) ਮੈਂ ਕਹਿੰਦਾ ਹਾਂ ਕਿ ਇਸ ਚੀਜ਼ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ ਜੇ ਇਨਕੁਆਇਰੀ ਨਾ ਹੋਈ ਤਾਂ ਫਿਰ ਕੋਈ ਗਲ ਨਹੀਂ ਬਣਦੀ (ਵਿਘਨ) ਪਿੰਡ ਮਿੱਡੂ ਖੇੜਾ ਵਿਚ ਨੀਂਹ ਪੱਥਰ ਰਖਿਆ ਜਿਥੇ ਕਿ ਹਰੀਜਨਾਂ ਦੇ ਪਲਾਟ ਸੀ। (ਘੰਟੀ)

ਸ੍ਰੀ ਸਪੀਕਰ : ਤੁਸੀਂ ਵਾਈਂਡ ਅੱਪ ਕਰੋ । (Please wind up.)

ਕਾਮਰੇਡ ਦਾਨਾ ਰਾਮ : ਹਰੀਜਨਾਂ ਦੇ ਪਲਾਟ ਉਤੇ ਨੀਂਹ ਪੱਥਰ ਰੱਖ ਕੇ ਹਰੀਜਨਾਂ ਨੂੰ ਉਹ ਪਲਾਟ ਨਹੀਂ ਦਿਤੇ। ਮੈਂ ਪਿਛਲੀ ਵਾਰੀ ਵੀ ਕਿਹਾ ਸੀ ਕਿ ਉਨ੍ਹਾਂ ਨੂੰ ਉਹ ਪਲਾਟ ਦਿਤੇ ਜਾਣ । ਮੈਂ ਇਸ ਸਰਕਾਰ ਨੂੰ ਵੀ ਬੇਨਤੀ ਕਰਾਂਗਾ ਕਿ ਹਰੀਜਨਾਂ ਦੇ ਪਲਾਟ ਰੂੜੀਆਂ ਵਾਸਤੇ ਜਾਂ ਘਰਾਂ ਵਾਸਤੇ ਜੋ ਛਡੇ ਸਨ, ਪਰ ਉਨ੍ਹਾਂ ਨੂੰ ਨਹੀਂ ਦਿਤੇ ਗਏ, ਉਨ੍ਹਾਂ ਦੀ ਇਨਕੁਆਇਰੀ ਕਰਨੀ ਚਾਹੀਦੀ ਹੈ। ਦੂਸਰੀ ਗੱਲ ਇਹ ਹੈ ਕਿ ਜਿਤਨੇ ਮੁਜ਼ਾਰਿਆਂ ਦੀ ਬੇਦਖਲੀ ਚਲਦੀ ਹੈ, ਮਾਲਕਾਂ ਨੂੰ ਕਹਿ ਦੇਣਾ ਚਾਹੀਦਾ ਹੈ ਕਿ ਤੁਸੀਂ ਆਰਾਮ ਨਾਲ ਬੈਠੋ ਅਤੇ ਉਨ੍ਹਾਂ ਮੁਜ਼ਾਰਿਆਂ ਨੂੰ ਜ਼ਮੀਨ ਦਿਤੀ ਜਾਵੇ ਅਤੇ ਉਨ੍ਹਾਂ ਦੀਆਂ ਗਿਰਦਾਵਰੀਆਂ ਬਹਾਲ ਕਰਾਓ । (ਘੰਟੀ)

ਸ੍ਰੀ ਸਪੀਕਰ : ਤੁਸੀਂ ਵਾਈਂਡ ਅਪ ਕਰੋ । (ਵਿਘਨ) ਨਹੀਂ ਤਾਂ ਇਹ ਟਾਈਮ ਤੁਹਾਡੀ ਪਾਰਟੀ ਦੇ ਟਾਈਮ ਵਿਚੋਂ ਕਟਿਆ ਜਾਵੇਗਾ । (Please wind up. (Interruption) Otherwise this time will be deducted out of the time allotted to your party.)

ਕਾਮਰੇਡ ਦਾਨਾ ਰਾਮ: ਸਪੀਕਰ ਸਾਹਿਬ, ਇਹ ਠੀਕ ਨਹੀਂ ਹੈ ਕਿ ਤੁਸੀਂ ਬੋਲਣ ਹੀ ਨਾ ਦਿਓ ਮੈਂ ਤੁਹਾਨੂੰ ਦਸਦਾ ਹਾਂ ਕਿ ਅਸੀਂ ਇਕ ਥਾਣੇ ਵਿਚ ਸੌ ਆਦਮੀ ਗਏ ਪਰ ਉਸ ਨੇ ਥਾਣੇ ਵਿਚ ਵੜਨ ਨਹੀਂ ਦਿਤਾ। (ਸ਼ੇਮ, ਸ਼ੇਮ) ਕੀ ਇਹ ਤੁਸੀਂ ਗਰੀਬਾਂ ਦੀ ਮਦਦ ਕਰਦੇ ਪਏ ਹੋ? ਤੁਸੀਂ ਮੈਨੂੰ ਬੋਲਣ ਨਹੀਂ ਦਿੰਦੇ, ਇਹ ਸਾਡੇ ਵਾਸਤੇ ਬੜੀ ਸ਼ਰਮ ਦੀ ਗੱਲ ਹੈ। (ਵਿਘਨ) (ਤਾੜੀਆਂ) ਮੈਂ ਸਪੀਕਰ ਸਾਹਿਬ, ਗਿਆਨੀ ਜ਼ੈਲ ਸਿੰਘ ਜੀ ਨੂੰ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਕੰਮ ਚੰਗੇ ਕੀਤੇ ਹਨ । ਇਹ ਤੱਦ ਹੀ ਰਹਿਣਗੇ ਜੇ ਕੁਝ ਕਰਨਗੇ। ਸਮਾਜਵਾਦ ਦੇ ਨਾਹਰੇ ਨੂੰ ਪੂਰਾ ਕਰਨ ਦੇ ਵਾਸਤੇ ਪਿਛਲੀ ਸਰਕਾਰ ਵਾਂਗ ਹੀ ਨਾ ਕਰਨਾ। ਲੋਕ ਬੜੇ ਦੁਖੀ ਹਨ। ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਮੁਲਾਜ਼ਮਾਂ ਨਾਲ ਜਿਹੜੇ ਤੁਸੀ ਵਾਅਦੇ ਕੀਤੇ ਹਨ, ਉਨ੍ਹਾਂ ਨੂੰ ਪੂਰਾ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਦੁਨੀਆਂ ਨੂੰ ਇਕ ਰਾਹ ਵਿਖਾਇਆ ਹੈ ਸੋਸ਼ਲਿਜ਼ਮ ਅਤੇ ਸਮਾਜਵਾਦ ਦਾ, ਉਨ੍ਹਾਂ ਦਾ ਧਿਆਨ ਰੱਖਣਾ ਚਾਹੀਦਾ ਹੈ । (ਵਿਘਨ) ਅੱਜ ਹਾੜੀ ਦੀ ਵਾਢੀ ਆ ਗਈ ਹੈ। ਤੁਸੀਂ ਅੱਜ ਸਾਰਿਆਂ ਨੇ ਜਾਣਾ ਹੈ ਪਿੰਡਾਂ ਵਿਚ। ਉਥੇ ਮੁਜ਼ਾਰਿਆਂ ਨਾਲ ਜੋ ਬੀਤਦੀ ਹੈ ਤੁਹਾਨੂੰ ਪਤਾ ਹੀ ਹੈ। ਜੇ ਕੋਈ ਵੱਧ ਪੈਸੇ ਮੰਗਦਾ ਹੈ ਤਾਂ ਉਸ ਦਾ ਬਾਈਕਾਟ ਹੋ ਜਾਂਦਾ ਹੈ। ਮੈਂ ਇਸ ਸਰਕਾਰ ਨੂੰ ਕਹਾਂਗਾ ਕਿ ਅਕਾਲੀ ਸਰਕਾਰ ਵਾਂਗ ਨਾ ਹੋਵੇ। 22 ਪਿੰਡਾਂ ਦਾ ਬਾਈਕਾਟ ਕੀਤਾ ਗਿਆ। ਜੇ ਤਾਂ ਜ਼ਿਮੀਦਾਰ ਉਸ ਨਾਲ ਰਜ਼ਾਮੰਦ ਹੋ ਜਾਂਦਾ ਤਾਂ ਤੇ ਠੀਕ. ਨਹੀਂ ਤਾਂ ਉਨ੍ਹਾਂ ਵਿਚਾਰਿਆਂ ਦਾ ਬਾਈਕਾਟ ਹੋ ਜਾਂਦਾ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਅਤੇ ਉਨ੍ਹਾਂ ਦਾ ਬਾਈਕਾਟ ਨਹੀਂ ਹੋਣਾ ਚਾਹੀਦਾ, ਇਹ ਚੀਜ਼ ਬਕਾਇਦਾ ਕਾਨੂੰਨ ਵਿਚ ਲਿਆਉਣੀ ਚਾਹੀਦੀ ਹੈ। ਇਸ ਸਬੰਧੀ ਕਾਨੂੰਨ ਬਣਨਾ ਚਾਹੀਦਾ ਹੈ।

ਸ੍ਰੀ ਸਪੀਕਰ : ਤੁਸੀਂ ਵਾਈਂਡ ਅੱਪ ਕਰੋ। ਸਿਰਫ ਦੋ ਮਿੰਟ ਰਹਿ ਗਏ ਹਨ। (ਹਾਸਾ) (Please wind up. Only two mintes, are left) (Laughter)

ਕਾਮਰੇਡ ਦਾਨਾ ਰਾਮ : ਮੈਂ ਕੁਰੱਪਟ ਅਫਸਰਾਂ ਦੇ ਮੁਤੱਲਕ ਅਰਜ਼ ਕਰਦਾ ਹਾਂ। ਇਨ੍ਹਾਂ ਨੇ ਪੰਜਾਬ ਵਿਚ ਹਾਹਾਕਾਰ ਮਚਾਈ ਹੋਈ ਸੀ ਕਿ ਨਕਸਲਵਾੜੀਆਂ ਦੇ ਮੁੰਡਿਆਂ ਨੂੰ ਮਾਰਨਾ ਹੈ। ਇਹ ਕੋਈ ਚੰਗੀ ਗੱਲ ਨਹੀਂ। (ਵਿਘਨ) ਮੈਂ ਦੱਸਦਾ ਹਾਂ ਕਿ ਇਨ੍ਹਾਂ ਨੇ ਦਦਾਹੂਰ ਵਿਚ ਚੌਕੀ ਬਿਠਾ ਦਿੱਤੀ। (ਵਿਘਨ) ਉਹ ਕਿਸ ਨੇ ਬਿਠਾਈ ਸੀ? ਉਹ ਇਨ੍ਹਾਂ ਨੇ (ਅਕਾਲੀ ਪਾਰਟੀ ਵੱਲ ਇਸ਼ਾਰਾ ਕਰਦੇ ਹੋਏ) ਬਿਠਾਈ, ਉਂਗਲਾਂ ਦੇ ਕੇ, ਨਕਸਲਵਾੜੀ ਬਣਾ ਕੇ, ਬਹਾਨਾ ਇਹ ਬਣਾਇਆ ਕਿ ਇਹ ਕਾਂਗਰਸ ਨੇ ਮਰਵਾਏ ਹਨ । ਮੈਂ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਨਾਲ ਨਿਆਂ ਹੋਣਾ ਚਾਹੀਦਾ ਹੈ। (ਵਿਘਨ) ਫਾਨੇ ਦੇ ਕੇ ਉਨ੍ਹਾਂ ਨੂੰ ਮਰਵਾਉਣਾ (ਵਿਘਨ) ਮੈਂ ਬੇਨਤੀ ਕਰਾਂਗਾ ਕਿ ਇਸ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ । ਬਾਦਲ ਪਿੰਡ ਵਿਚ ਚੌਕੀ ਬੈਠੀ (ਵਿਘਨ) ਮੈ ਅਰਜ਼ ਕਰਦਾ ਹਾਂ ਕਿ ਗਰੀਬਾਂ ਵਾਸਤੇ ਇਹੋ ਜਿਹੀਆਂ ਚੌਕੀਆਂ ਨਹੀਂ ਹੋਣੀਆਂ ਚਾਹੀਦੀਆਂ, ਇਹ ਉਠਾ ਲੈਣੀਆਂ ਚਾਹੀਦੀਆਂ ਹਨ। (ਘੰਟੀ) ਗਰੀਬਾਂ ਨੂੰ ਜ਼ਮੀਨਾਂ ਦਿਓ।

Mr. Speaker: The House stands adjourned till 9.00 A.M. on Tuesday the 4th April, 1972.

6-30 P.M.

(The Sabha then adjourned till 9.00 a.m. on Tuesday, the 4th April 1972.)

155-18-7-72 284—ਪੰਜਾਬ ਸਰਕਾਰ, ਪਰੈਸ, ਪਟਿਆਲਾ ।

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

PUNJAB VIDHAN SABHA
DEBATES

4th April, 1972

Vol. I—No. 9

OFFICIAL REPORT

CONTENTS

Tuesday, the 4th April, 1972

Punjab Vidhan Sabha Secretariat, Chandigarh.

Price Rs : 14.17

ERRATA

To

PUNJAB VIDHAN SABHA, DEBATES.

DATED 4TH APRIL, 1972

Vol. I—No. 9.

Read	For	Page	Line
ਲਿਆਉਣੀ	ਲਿਅ ਉਣੀ	(9)29	3
ਸੋਸ਼ਲ	ਸੋਸ਼ਅਲ	(9)29	12
Governor's	Governor'	(9)39	Head line
ਐਜੂਕੇਸ਼ਨਲ	ਐਜੂਕੇਸ਼ਨਜ਼	(9)45	14
में	म	(9)46	12th from below
प्राइमरी	प्रईमरी	(9)49	9
में	म	(9)49	9
श्री यशपाल	क्षी यशपाल	(9)50	1
ਰਿਉਮੀਨਰੇਟਿਵ	ਨਿਉਮੀਨੇਰੇਟਿਵ	(9)56	4
ਲੈਜਿਸਲੇਟਰ	ਲੈਜਿਸਲੇਚਰ	(9)59	6th from below
ਕਾਂਸਟੀਚੂਸ਼ਨ	ਕਾਂਸਟੀਚੂਉਸ਼ਨਲ	(9)60	12th from below
ਦੇ	ਤੇ	(9)61	13th from below
रुपया	पया	(9)77	6th from below
इन्तजाम	इन्तज़ाव	(9)78	9
पकड़	पक	(9)78	17
ਸਰਦਾਰ ਗੁਰਚਰਨ ਸਿੰਘ	ਸਰਦਾਰ ਗਰਚਰਨ ਸਿੰਘ	9(80)	1
ਜਨਰਲ	ਜਰਨਲ	9(80)	4
ਮਕਾਨ	ਮਕਨ	(9)86	Last but one
ਢਾਂਚੇ ਨੂੰ	ਢਾਂਚੇ	(9)86	Last
ਦੀ	ਦ	(9)87	17
ਕੋਠੀਆਂ ਦਾ	ਕੋਠੀਅ ਦਾ	(9)88	13th from below

PUNJAB VIDHAN SABHA

Tuesday, the 4th April, 1972

The Vidhan Sabha met in the Punjab Vidhan Sabha Hall, Vidhan Bhavan, Sector-1, Chandigarh, at 9.00 a. m. of the Clock. Mr. Speaker (Sardar Darbara Singh) in the Chair.

STARRED QUESTIONS AND ANSWERS

ANIMALS KILLED DUE TO SHELLING/BOMBARDMENT DURING THE RECENT INDO-PAK WAR.

*10. **Comrade Satya Pal Dang** : Will the Minister for Education be pleased to state :—

(a) the rates at which compensation/financial help has been given, or is admissible, to the persons in the State whose animals were killed as a result of shelling during the recent Indo-Pak war;

(b) whether compensation/financial help has been given or is admissible at the same rates to those whose animals were killed as a result of aerial bombardment during the said war, if not, the rate at which compensation is given or is admissible in such cases together with the reasons for the difference in the rates of compensation ;

(c) whether the Government proposed to bring at par the rates of compensation admissible in case of animals killed due to shelling and bombardment ?

Sardar Umrao Singh: (a and b) The agriculturists who lost their bullocks/camels/milch cattle, as a result of shelling, bombing or enemy action and are willing to restart agricultural operations, on their own lands, are entitled for exgratia grant within the monetary ceiling for different items, at the rates prescribed by the Government of India as under :—

Item	*Ceiling per Family*
(i) for bullocks up to	Rs. 1000 per bullock
(ii) for a camel up to	Rs. 2000 „ camel
(iii) for a milch cattle up to	Rs. 800 „ cattle

(c) The rates of compensation admissible in case of animals are the same whether killed due to shelling or bombing.

ਸਿਖਿਆ ਮੰਤਰੀ : ਸਪੀਕਰ ਸਾਹਿਬ, ਇਸਦੇ ਬਾਰੇ ਅਸੀਂ ਗੌਰਮਿੰਟ ਆਫ ਇੰਡੀਆ ਨੂੰ ਰਿਕੁਮੈਂਡ ਕਰਕੇ ਕੇਸ ਭੇਜਿਆ ਹੈ । ਇਸ ਦੇ ਵਿਚ ਵੀ ਸੈਂਟਰ ਗੌਰਮਿੰਟ ਨੇ ਦੋ ਕੈਟੇਗਰੀਜ਼ ਲਈਆਂ ਹਨ, ਇਕ ਟੇਨੇਂਟਸ ਦੀ ਔਰ ਦੂਸਰੀ ਲੇਬਰਰਜ਼ । ਅਸੀਂ ਗੌਰਮਿੰਟ ਆਫ ਇੰਡੀਆ ਨੂੰ ਕੇਸ ਰਿਕੁਮੈਂਡ ਕਰਕੇ ਭੇਜਿਆ ਹੈ ਕਿ ਨਾਨ-ਐਗਰੀਕਲਚਰਿਸਟ ਨੂੰ ਵੀ ਮੁਆਵਜ਼ਾ ਦਿਤਾ ਜਾਵੇ ।

ਕਾਮਰੇਡ ਸੱਤਪਾਲ ਡਾਂਗ : ਕੀ ਮਨਿਮਟਰ ਸਾਹਿਬ ਦਸਣਗੇ ਕਿ ਜੋ ਇਨ੍ਹਾਂ ਨੇ ਗੌਰ-ਮਿੰਟ ਆਫ਼ ਇੰਡੀਆ ਨੂੰ ਮੁਆਵਜ਼ਾ ਦੇਣ ਵਾਸਤੇ ਕੇਸ ਰਿਕੁਮੈਂਡ ਕੀਤਾ ਹੈ ਉਹ ਐਗਰੀਕਲ-ਚਰਿਸਟ ਹੈ ਭਾਵੇਂ ਉਹ ਨਾਨ-ਐਗਰੀਕਲਕਰਿਸਟ ਹੈ ਉਸ ਨੂੰ ਮੁਆਵਜ਼ਾ ਦੇਣ ਵਾਸਤੇ ਇਕੋ ਜਿਹਾ ਮੁਆਵਜ਼ਾ ਰਿਕੁਮੈਂਡ ਕੀਤਾ ਹੈ ਜਾਂ ਕਿ ਅੱਡ ਅੱਡ ਕੀਤਾ ਹੈ । (ਵਿਘਨ)

ਮੰਤਰੀ : ਇਸ ਦੇ ਲਈ ਨੋਟਿਸ ਦੇ ਦਿਓ । ਜੋ ਅਸੀਂ ਇਸ ਵਲੋ ਦੇ ਰਹੇ ਹਾਂ ਉਸਦਾ ਜਵਾਬ ਅਸੀਂ ਦੇ ਦਿਤਾ ਹੈ । ਜੋ ਇਨ੍ਹਾਂ ਨੇ ਪੁਛਿਆ ਹੈ, ਸਪੀਕਰ ਸਾਹਿਬ, ਉਸ ਦੇ ਵਾਸਤੇ ਮੇਰੇ ਪਾਸ ਇਸ ਵੇਲੇ ਇਨਫਾਰਮੇਸ਼ਨ ਨਹੀਂ ਹੈ ।

ਸ੍ਰੀ ਸਪੀਕਰ : ਜਿਹੜੇ ਬਾਰਡਰ ਏਰੀਆ ਦੇ ਪਿੰਡਾਂ ਦੇ ਛੋਟੇ ਦੁਕਾਨਦਾਰ ਜਾਂ ਹੋਰ ਛੋਟੇ ਛੋਟੇ ਤਬਕੇ ਦੇ ਲੋਕ ਵਸਦੇ ਹਨ ਉਨ੍ਹਾਂ ਦੇ ਬਾਰੇ ਕੀ ਕੀਤਾ ਹੈ ? (ਵਿਘਨ) (What have you done for the petty shopkeepers and other ordinary people residing in the border areas ?) (*Interruption*)

ਮੰਤਰੀ : ਸਪੀਕਰ ਸਾਹਿਬ, ਇਸ ਦੇ ਮੁਤੱਲਕ ਅਰਜ਼ ਹੈ ਕਿ ਜਿਹੜੇ ਦੁਕਾਨਦਾਰ ਜਾਂ ਹਾਂਕਰਜ਼ ਵਗੈਰਾ ਹਨ ਉਨ੍ਹਾਂ ਨੂੰ ਅਸੀਂ ਗਰਾਂਟ ਦਿਦੇ ਹਾਂ । (ਵਿਘਨ) ਉਨ੍ਹਾਂ ਦੇ ਵਾਸਤੇ ਵੀ ਸਪੀਕਰ ਸਾਹਿਬ, ਅਸੀ ਗੌਰਮਿੰਟ ਆਫ ਇੰਡੀਆ ਨੂੰ ਕੇਸ ਰਿਕੁਮੈਂਡ ਕਰਕੇ ਭੇਜਿਆ ਹੈ । ਗੌਰਮਿੰਟ ਆਫ ਇੰਡੀਆ ਨੇ ਸਿਰਫ ਐਗਰੀਕਲਚਰਿਸਟ ਲਈ ਕੀਤਾ ਸੀ, ਉਹ ਵੀ ਉਸ ਲਈ ਜਿਹੜੇ ਲੈਂਡ ਤੇ ਸੈਟਲ ਹੋਣਗੇ, ਜਿਹੜੇ ਵਾਪਸ ਨਹੀਂ ਜਾਣਗੇ ਉਹ ਗਰਾਂਟ ਲਈ ਐਨਟਾਈਟਲ ਨਹੀਂ ਹੋਣਗੇ । ਹੁਣ ਇਹ ਕੇਸ ਸਾਰਾ ਬਣਾਕੇ ਅਸੀਂ ਗੌਰਮਿੰਟ ਆਫ ਇਡੀਆ ਨੂੰ ਰਿਕੁਮੈਂਡ ਕਰਕੇ ਭੇਜਿਆ ਹੈ ।

ਅਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਸਪੀਕਰ ਸਾਹਿਬ, ਹੁਣੇ ਹੁਣੇ ਵਜ਼ੀਰ ਸਾਹਿਬ ਨੇ ...ਣ ਦੀ ਕਿਰਪਾ ਕੀਤੀ ਹੈ ਕਿ ਗੌਰਮਿੰਟ ਆਫ ਇੰਡੀਆ ਨੂੰ ਕੁਝ ਤਜਵੀਜ਼ ਕਰਕੇ ਭੇਜਿਆ ... । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜੋ ਪਹਿਲਾਂ ਪਰੋਪੋਜ਼ਲ ਭੇਜੀ ਗਈ ਸੀ ਅਤੇ ਜੋ ...ਮਿੰਟ ਆਫ ਇੰਡੀਆ ਦਾ ਜਵਾਬ ਆਇਆ ਕੀ ਉਹ ਅਸਲ ਰੂਪ ਵਿਚ ਸਦਨ ਦੀ ਮੇਜ਼ ...ਖਣਗੇ ?

ਮੰਤਰੀ : ਜਵਾਬ ਆਏਗਾ ਤਾਂ ਜ਼ਰੂਰ ਦਸ ਦਿਆਂਗੇ । (ਵਿਘਨ) ਇਸ ਦੇ ਲਈ ... ਦੇ ਦਿਓ । (ਵਿਘਨ)

Acharya Prithvi Singh Azad : Mr. Speaker, when I am requesting through you it does not require any notice. It arises from this question.

Minister : It does not arise from this question.

ਸ਼੍ਰੀ ਸਪੀਕਰ : ਸਰਦਾਰ ਉਮਰਾਓ ਸਿੰਘ ਜੀ, ਇਹ ਕੋਈ ਸੀਕਰਟ ਡਾਕੂਮੈਂਟ ਨਹੀਂ ਹੈ । ਇਹ ਹਾਊਸ ਦੀ ਮੇਜ਼ ਤੇ ਰਖਣ ਵਿਚ ਤੁਹਾਨੂੰ ਕੀ ਹਰਜ ਹੈ । (ਵਿਘਨ) (Sardar Umrao Singh jee, it is not a secret document. You should have no objection in placing it on the Table of the House) (*Interruption*)

ਮੰਤਰੀ : ਸਪੀਕਰ ਸਾਹਿਬ, ਅਰਜ਼ ਇਹ ਹੈ ਕਿ ਸਟੇਟ ਗੌਰਮਿੰਟ ਦੀ ਗੌਰਮਿੰਟ ਆਫ ਇੰਡੀਆ ਨਾਲ ਜਿੰਨੀ ਕਾਰਸਪੋਨਡੈਂਸ ਚਲ ਰਹੀ ਹੈ ਉਸ ਦੇ ਮੰਗਣ ਲਈ ਇਹ ਨੋਟਿਸ ਦੇ ਦੇਣ । ਜਿਹੜੀ ਇਨਫਾਰਮੇਸ਼ਨ ਪਬਲਿਕ ਇਨਟਰੈਸਟ ਵਿਚ ਨਹੀਂ ਹੋਵੇਗੀ ਉਹ ਅਸੀਂ ਨਹੀਂ ਦਿਆਂਗੇ, ਬਾਕੀ ਦੀ ਇਨਫਾਰਮੇਸ਼ਨ ਅਸੀਂ ਸਾਰੀ ਦੇ ਦਿਆਂਗੇ । ਕੋਈ ਲੁਕਾਉਣ ਦੀ ਕੋਸ਼ਿਸ਼ ਨਹੀਂ ਕਰਾਂਗੇ । (ਵਿਘਨ) ਜੇ ਮੈਂਬਰ ਸਾਹਿਬ ਮੇਰੇ ਪਾਸ ਦਫਤਰ ਵਿਚ ਆ ਜਾਣ ਤਾਂ ਮੈਂ ਉਨ੍ਹਾਂ ਨੂੰ ਸਾਰੀ ਕਾਰਸਪੋਨਡੈਂਸ ਪੜ੍ਹਾ ਦਿਆਂਗਾ ।

ਸ਼੍ਰੀ ਸਪੀਕਰ : ਇਹ ਜਿਹੜੀ ਰਿਕੁਐਸਟ ਇਨ੍ਹਾਂ ਨੇ ਕੀਤੀ ਹੈ, ਉਹ ਤੁਸੀਂ ਨੋਟਿਸ ਹੀ ਸਮਝ ਲਉ । (You may take this request as a notice)

ਮੰਤਰੀ : ਸਪੀਕਰ ਸਾਹਿਬ, ਇਹ ਜਿਹੜੀ ਕਾਰਸਪੋਨਡੈਂਸ ਹੈ ਮੈਨੂੰ ਵੀ ਨਹੀਂ ਪਤਾ ਕਿ ਕਿਤਨੀ ਲੰਮੀ ਹੈ । ਜਿਹੜੀ ਜਿਹੜੀ ਇਨਫਰਮੇਸ਼ਨ ਇਹ ਚਾਹੁੰਦੇ ਹਨ, ਇਹ ਮੇਰੇ ਪਾਸ ਆ ਜਾਣ ਮੈਂ ਇਨ੍ਹਾਂ ਦੀ ਤਸੱਲੀ ਕਰਵਾ ਦਿਆਂਗਾ । (ਵਿਘਨ) ਅਸੀਂ ਜਿਹੜੀ ਲਿਖੀ ਹੈ ਉਹ ਅਸੀਂ ਹਾਊਸ ਦੀ ਟੇਬਲ ਤੇ ਰਖ ਦਿਆਂਗੇ ।

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਲੜਾਈ ਹੋਈ
ਹੋ ਗਏ ਹਨ । ਮੈਂ ਮਨਿਸਟਰ ਸਾਹਿਬ ਨੂੰ ਇਹ ਪੁਛਣਾ
ਨੇ ਸਿਰਫ ਐਗਰੀਕਲਚਰਿਸਟਸ ਦੇ ਲਾਸ ਵਾਸਤੇ
ਕਰੇ ਜਾਂ ਕਿ ਜਿਹੜੇ ਨਾਨਐਗਰੀਕਲਚਰਿਸ
ਸੈਂਟਰ ਦੀ ਸਰਕਾਰ ਨੇ ਇਨ੍ਹਾਂ ਨੂੰ ਆ

ਮੰਤਰੀ : ਸਪੀਕ
ਵੈਸੇ ਜਿੰਨੀ ਗਾ

ਸ੍ਰੀ ਸਪੀਕਰ : ਉਨ੍ਹਾਂ ਨੇ ਇਹ ਪੁਛਿਆ ਹੈ ਕਿ ਕੀ ਨਾਨ-ਐਗਰੀਕਲਚਰਿਸਟ ਵਾਸਤੇ ਵੀ ਗੌਰਮਿੰਟ ਆਫ ਇੰਡੀਆ ਵਲੋਂ ਕੋਈ ਹਦਾਇਤ ਆਈ ਹੈ ? (The hcn. Member has asked whether you have received any instructions from the Government of India regarding non-agriculturists also ?)

ਮੰਤਰੀ: ਜਿਹੜਾ ਨਾਨ ਐਗਰੀਕਲਚਰਿਸਟ ਹੈ ਉਸ ਵਾਸਤੇ ਜੇ ਗੌਰਮਿੰਟ ਆਫ ਇੰਡੀਆ ਤੋਂ ਗਰਾਂਟ ਆ ਗਈ ਤਾਂ ਜਿਹੜੀਆਂ ਕਨਡੀਸ਼ਨਾਂ ਉਸਦੇ ਮੁਤਲਕ ਹੋਣਗੀਆਂ ਉਸ ਦੇ ਮੁਤਾਬਕ ਅਸੈਸਮੈਂਟ ਕਰਕੇ ਅਸੀਂ ਗਰਾਂਟ ਦੇਵਾਂਗੇ । (ਵਿਘਨ)

ਚੌਧਰੀ ਦਰਸ਼ਨ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ।....

ਸ੍ਰੀ ਸਪੀਕਰ : ਕੁਐਸਚਨ ਆਵਰ ਵਿਚ ਕੋਈ ਪੁਆਇੰਟ ਆਫ ਆਰਡਰ ਨਹੀਂ ਹੋ ਸਕਦਾ (ਵਿਘਨ) (No point of order can be raised during the question hour.) (Interruption)

ਸਰਦਾਰ ਸੁਰਜੀਤ ਸਿੰਘ ਅਟਵਾਲ : ਸਪੀਕਰ ਸਾਹਿਬ. ਤੁਹਾਡੀ ਰਾਹੀਂ ਮੈਂ ਸਿਖਿਆ ਮੰਤਰੀ ਜੀ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਕੀ ਸਰਕਾਰ ਕੋਈ ਐਸੀ ਲਿਸਟ ਬਣਾ ਰਹੀ ਹੈ ਜਿਸ ਤੋਂ ਪਤਾ ਲਗ ਸਕੇ ਕਿ ਨਾਨ ਐਗਰੀਕਲਚਰਿਸਟਸ ਦਾ ਕਿੰਨਾ ਨੁਕਸਾਨ ਹੋਇਆ ਹੈ ?

ਮੰਤਰੀ : ਇਸ ਦੇ ਬਾਰੇ ਨੋਟਿਸ ਦੇ ਦਿਓ। ਡੀਟੇਲ ਵਿਚ ਜਵਾਬ ਦੇ ਦਿਆਂਗੇ।

ਡਾਕਟਰ ਅਮੀਰ ਸਿੰਘ ਕਲਕਟ: ਕੀ ਮੰਤਰੀ ਮਹੋਦੇ ਇਸ ਚੀਜ਼ ਨੂੰ ਐਕਸੇਪੇਡਾਈਟ ਕਰਨ ਵਾਸਤੇ ਕੋਈ ਹੋਰ ਐਕਸ਼ਨ ਲੈ ਰਹੇ ਹਨ । ਆਇਆ ਸੈਂਟਰਲ ਗੌਰਮਿੰਟ ਨੂੰ ਉਥੇ ਜਾ ਕੇ ਪਰਸਨਲ ਤੌਰ ਤੇ ਕੋਈ ਰਿਕੁਐਸਟ ਕਰਨਗੇ ਕਿ ਇਹ ਰਿਲੀਫ ਜਿਹੜਾ ਹੈ ਉਹ ਛੇਤੀ ਤੋਂ ਛੇਤੀ ਦਿਤਾ ਜਾਵੇ ?

ਮੰਤਰੀ : ਸਪੀਕਰ ਸਾਹਿਬ, ਜੇ ਲੋੜ ਪਈ ਤਾਂ ਹਰ ਮੁਮਕਿਨ ਕੋਸ਼ਿਸ਼ ਕਰਾਂਗੇ ।

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਮੰਤਰੀ ਮਹੋਦੇ ਨੇ ਹੁਣੇ ਹੀ ਫੁਰਮਾਇਆ ਹੈ ਕਿ ਸੈਂਟਰਲ ਗੌਰਮਿੰਟ ਅਸੈਸ ਕਰਕੇ ਦਸੇਗੀ ਕਿ ਕਿੰਨੇ ਪਸ਼ੂ ਮਰੇ ਹਨ ਔਰ ਕਿੰਨਾ ਨਾਨ-ਐਗਰੀਕਲਚਰਿਸਟ ਦਾ ਨੁਕਸਾਨ ਹੋਇਆ ਹੈ । ਮੈਂ ਇਹ ਮੰਤਰੀ ਜੀ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਅਸੈਸਮੈਂਟ ਕਰਕੇ ਪੰਜਾਬ ਸਰਕਾਰ ਨੇ ਭੇਜਣੀ ਹੈ ਜਾਂ ਸੈਂਟਰ ਦੀ ਸਰਕਾਰ ਨੇ ਆਪ ਕਰਨੀ ਹੈ । (ਵਿਘਨ)

ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਇਹ ਕਿਹਾ ਹੀ ਨਹੀਂ । (ਵਿਘਨ) ਮੈਂ ਤਾਂ ਸਪੀਕਰ ਸਾਹਿਬ, ਅਗੇ ਵੀ ਇਹੀ ਕਿਹਾ ਹੈ ਕਿ ਅਸੀਂ ਕਲੇਮ ਬਣਾ ਕੇ ਭੇਜਿਆ ਹੈ । ਉਸ ਦਾ ਰਿਲੀਫ ਗੌਰਮਿੰਟ ਆਫ਼ ਇੰਡੀਆ ਨੇ ਸੈਂਗਸ਼ਨ ਕਰਨਾ ਹੈ । ਜਿਸ ਹਿਸਾਬ ਨਾਲ ਉਹ ਸੈਂਗਸ਼ਨ ਕਰਨਗੇ ਉਸ ਹਿਸਾਬ ਨਾਲ ਅਸੀਂ ਪੈਸੇ ਡਿਸਬਰਸ ਕਰ ਦਿਆਂਗੇ । (ਵਿਘਨ)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਮੰਤਰੀ ਜੀ ਨੇ ਇਹ ਦਸਿਆ ਹੈ ਕਿ ਇਸ ਵੇਲੇ ਸ਼ੈਲਿੰਗ ਜਾਂ ਬੰਬਿੰਗ ਨਾਲ ਹੋਣ ਵਾਲੇ ਨੁਕਸਾਨ ਦਾ ਇਕੋ ਜਿੰਨਾ ਮੁਆਵਜ਼ਾ ਦਿਤਾ ਜਾਂਦਾ ਹੈ । ਮੈਂ ਮੰਤਰੀ ਜੀ ਤੋਂ ਇਹ ਪਤਾ ਕਰਨਾ ਚਾਹੁੰਦਾ ਹਾਂ ਕਿ ਇਹ ਠੀਕ ਹੈ ਕਿ ਪਹਿਲੀ ਸਟੇਜ ਤੇ ਬੰਬਿੰਗ ਔਰ ਸ਼ੈਲਿੰਗ ਦੇ ਨਾਲ ਜਿਹੜਾ ਨੁਕਸਾਨ ਹੁੰਦਾ ਸੀ ਉਸ ਦਾ ਵੱਖਰਾ ਵੱਖਰਾ ਮੁਆਵਜ਼ਾ ਦਿਤਾ ਜਾਂਦਾ ਸੀ ਔਰ ਇਹ ਘੱਟ ਵੱਧ ਹੁੰਦਾ ਸੀ । ਬਾਦ ਵਿਚ ਇਹ ਇਕੋ ਜਿੰਨਾ ਕੀਤਾ ਗਿਆ ਹੈ । ਕੀ ਮੰਤਰੀ ਜੀ ਇਹ ਦਸਣਗੇ ਕਿ ਇਹ ਇਕੋ ਜਿੰਨਾ ਮੁਆਵਜ਼ਾ ਕਦੋਂ ਤੋਂ ਕੀਤਾ ਗਿਆ ਹੈ ਔਰ ਪਹਿਲਾਂ ਕਿਉਂ ਵਖਰਾ ਵਖਰਾ ਸੀ ?

ਮੰਤਰੀ : ਸਪੀਕਰ ਸਾਹਿਬ, ਜੋ ਪਹਿਲਾਂ ਪਾਲਿਸੀ ਬਣੀ ਸੀ ਜੇ ਉਹ ਜ਼ੋਰ ਪਵਾ ਕੇ ਰਿਵਾਈਜ਼ਡ ਕਰਵਾ ਲਈ ਹੈ ਤਾਂ ਇਸ ਵਿਚ ਕਿਹੜੀ ਮਾੜੀ ਗਲ ਹੈ । (ਵਿਘਨ)

ਕਾਮਰੇਡ ਸੱਤਪਾਲ ਡਾਂਗ : ਕੀ ਮਨਿਸਟਰ ਸਾਹਿਬ ਨੂੰ ਇਸ ਗਲ ਦੀ ਵਾਕਫ਼ੀਅਤ ਹੈ ਕਿ ਗਵਰਨਰ ਰਾਜ ਵਿਚ ਅਫ਼ਸਰਾਂ ਨੇ ਬਾਰਡਰ ਦੇ ਇਲਾਕੇ ਦੇ ਲੋਕਾਂ ਲਈ ਕਾਫ਼ੀ ਜ਼ੋਰ ਇਸ ਗਲ ਤੇ ਲਾਇਆ ਪਰ ਜਦੋਂ ਦੀ ਇਹ ਪਾਪੂਲਰ ਗੌਰਮਿੰਟ ਆਈ ਹੈ, ਇਸ ਪਖੋਂ ਕੁਝ ਅਵੇਸਲੀ ਹੋ ਗਈ ਹੈ ਅਤੇ ਕੋਈ ਖਾਸ ਜ਼ੋਰ ਨਹੀਂ ਲਾ ਰਹੀ, ਇਸ ਦੇ ਕੀ ਕਾਰਨ ਹਨ ?

ਮੰਤਰੀ : ਮੈਂ ਇਸ ਹਫ਼ਤੇ ਬਾਰਡਰਜ਼ ਦੇ ਐਮ. ਐਲ. ਏਜ਼ ਦੀ, ਬਗੈਰ ਕਿਸੇ ਪਾਰਟੀ ਦੇ ਇਮਤਿਆਜ਼ ਤੋਂ, ਮੀਟਿੰਗ ਬੁਲਾ ਰਿਹਾ ਹਾਂ (ਵਿਘਨ) ਉਨ੍ਹਾਂ ਦੇ ਨਾਲ ਇਸ ਸਮੱਸਿਆ ਤੇ ਡਿਸਕਸ਼ਨ ਕਰਕੇ ਜੋ ਵੀ ਤਜਵੀਜ਼ ਉਹ ਰਖਣਗੇ ਉਸ ਤੇ ਅਮਲਦਰਾਮਦ ਕੀਤਾ ਜਾਵੇਗਾ।

ਸ੍ਰੀ ਸਪੀਕਰ : ਉਮਰਾਓ ਸਿੰਘ ਜੀ, ਇਹ ਬੜੀ ਅਨਫ਼ਾਰਚੂਨੇਟ ਗਲ ਹੈ ਕਿ ਡਾਂਗ ਸਾਹਿਬ ਵਰਗੇ ਸੀਨੀਅਰ ਮੈਂਬਰ ਇਹ ਕਹਿਣ ਕਿ ਸਰਕਾਰ ਇਸ ਪੱਖ ਤੋਂ ਅਵੇਸਲੀ ਹੋ ਗਈ ਹੈ । ਇਹ ਗਲ ਠੀਕ ਨਹੀਂ ਹੈ । (Sardar Umrao Singh Jee, it is unfortunate that a senior Member like Comrade Satya Pal Dang has to say that the Government is not paying due attention to this matter. It does not become this Government).

ਮੰਤਰੀ : ਸਪੀਕਰ ਸਾਹਿਬ, ਇਹ ਮਸਲਾ ਹਾਊਸ ਵਿਚ ਤਿੰਨ ਵੇਰ ਆਇਆ ਹੈ । ਅਸੀਂ ਰਿਲੀਫ਼ ਬਾਰੇ ਹਰ ਇਕ ਚੀਜ਼ ਤੇ ਗੌਰ ਕਰ ਰਹੇ ਹਾਂ ਅਤੇ ਸਭ ਨਾਲੋਂ ਵਧ ਪ੍ਰੀਆਰਿਟੀ ਇਸ ਮਸਲੇ ਨੂੰ ਦਿਤੀ ਜਾਏਗੀ ।

ਸਰਦਾਰ ਦਰਸ਼ਨ ਸਿੰਘ ਕੇ. ਪੀ. : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਅਤੇ ਸਰਕਾਰ ਤੋਂ ਜਾਣਨਾ ਚਾਹੁੰਦਾ ਹਾਂ ਕਿ ਬਾਰਡਰ ਦੇ ਇਲਾਕਿਆਂ ਵਿਚ ਸ਼ੈਲਿੰਗ ਦੇ ਨਾਲ ਪਸ਼ੂ ਮਰੇ ਅਤੇ ਕਈ ਜ਼ਿਲ੍ਹਿਆਂ ਵਿਚ ਅਗਾਂ ਲੱਗ ਕੇ ਔਰ ਬਿਜਲੀ ਪੈ ਕੇ ਵੀ ਪਸ਼ੂ ਮਰ ਗਏ, ਉਨ੍ਹਾਂ ਦੇ ਲਈ ਵੀ ਕੀ ਸਰਕਾਰ ਕੋਈ ਸਹਾਇਤਾ ਦੇਵੇਗੀ ?

ਸ੍ਰੀ ਸਪੀਕਰ : ਇਹ ਤਾਂ ਇਸ ਦੇ ਨਾਲ ਸਬੰਧਤ ਨਹੀਂ ਹੈ । (It does not arise out of the main question).

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਜਿਹੜੀ ਅਸੈਸਮੈਂਟ ਕਰਨ ਵਿਚ ਦੇਰੀ ਕੀਤੀ ਜਾ ਰਹੀ ਹੈ ਅਤੇ ਜਿਹੜੀ ਪੈਸੇ ਦੇਣ ਵਿਚ ਦੇਰੀ ਕੀਤੀ ਜਾ ਰਹੀ ਹੈ, ਮੈਂ ਸਮਝਦਾ ਹਾਂ ਕਿ ਜਿਹੜਾ ਇਤਨੀ ਦੇਰ ਨਾਲ ਇਨਸਾਫ ਮਿਲਿਆ ਹੈ ਉਹ ਇਨਸਾਫ ਨਹੀਂ । ਦੂਜੀ ਗਲ ਇਹ ਹੈ ਕਿ ਸ਼ੈਲਿੰਗ ਨਾਲ ਕੇਵਲ ਬਾਰਡਰ ਦੇ ਹੀ ਪਸ਼ੂ ਨਹੀਂ ਮਰੇ ਬਾਰਡਰਜ਼ ਦੇ ਨਾਲ ਜਿਹੜੇ ਇਲਾਕੇ ਹਨ ਉਥੇ ਵੀ ਬੰਬਾਰਮੈਂਟ ਅਤੇ ਹਵਾਈ ਜਹਾਜ਼ਾਂ ਤੋਂ ਗੋਲੇ ਡਿਗਣ ਨਾਲ ਵੀ ਪਸ਼ੂ ਮਰੇ ਹਨ । ਕੀ ਉਨ੍ਹਾਂ ਇਲਾਕਿਆਂ ਵਿਚ ਵੀ ਬਾਰਡਰ ਦੇ ਮੁਤਾਬਿਕ ਰਿਆਇਤਾਂ ਦਿਤੀਆਂ ਜਾਣਗੀਆਂ ਜਾਂ ਉਨ੍ਹਾਂ ਵਾਸਤੇ ਕੋਈ ਹੋਰ ਫ਼ਾਰਮੂਲਾ ਵਰਤਿਆ ਜਾਏਗਾ ?

ਮੰਤਰੀ : ਇਹ ਗਲ ਬਿਲਕੁਲ ਗਲਤ ਹੈ ਕਿ ਰਿਲੀਫ਼ ਦੇਣ ਵਿਚ ਕੋਈ ਦੇਰੀ ਕੀਤੀ ਜਾ ਰਹੀ ਹੈ। ਥੋੜ੍ਹੇ ਜਿਹੇ ਸਮੇਂ ਵਿਚ ਕੋਈ 5 ਕਰੋੜ ਰੁਪਏ ਰਿਲੀਫ਼ ਦਿਤਾ ਗਿਆ ਹੈ, ਇਸ ਤੋਂ ਜ਼ਿਆਦਾ ਹੋਰ ਜਲਦੀ ਕੰਮ ਕੀ ਹੋ ਸਕਦਾ ਹੈ ? ਦੂਜੀ ਗਲ ਜਿਹੜੀ ਬਾਰਡਰ ਦੇ ਨਾਲ ਲਗਦੇ ਇਲਾਕਿਆਂ ਬਾਰੇ ਕਹੀ ਗਈ ਹੈ, ਉਸ ਬਾਰੇ ਮੈਂ ਕਹਿੰਦਾ ਹਾਂ ਕਿ ਜਿਥੇ ਵੀ ਸ਼ੈਲਿੰਗ ਹੋਈ ਹੈ ਉਥੇ ਅਸੀਂ ਸਾਰਿਆਂ ਨੂੰ ਮੁਆਵਜ਼ਾ ਦੇ ਰਹੇ ਹਾਂ ।

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਜਿਹੜੇ ਪਸ਼ੂ ਮਰੇ ਹਨ ਉਨ੍ਹਾਂ ਦੇ ਅਸੈਸ-ਮੈਂਟ ਕਰਕੇ ਹਾਲੇ ਤਕ ਉਨ੍ਹਾਂ ਲੋਕਾਂ ਨੂੰ ਪੈਸਿਆਂ ਦੀ ਡਿਸਟਰੀਬਿਊਸ਼ਨ ਨਹੀਂ ਹੋਈ ਹੈ, ਕੀ ਇਸ ਮਾਮਲੇ ਨੂੰ ਜਲਦੀ ਤੋਂ ਜਲਦੀ ਐਕਸਪੀਡਾਈਟ ਕੀਤਾ ਜਾਏਗਾ ? (ਵਿਘਨ) ਹਾਲੇ ਤਕ ਕਿਸੇ ਨੂੰ ਕੋਈ ਪੈਸਾ ਨਹੀਂ ਮਿਲਿਆ ।

ਮੰਤਰੀ : ਸਪੀਕਰ ਸਾਹਿਬ, ਕੰਪਨਸੇਸ਼ਨ ਉਨ੍ਹਾਂ ਲੋਕਾਂ ਵਾਸਤੇ ਮਨਜ਼ੂਰ ਹੋ ਚੁਕਾ ਹੈ, ਜਿਹੜੇ ਲੋਕ ਦੋਬਾਰਾ ਸੈਟਲ ਹੋ ਗਏ ਹਨ, ਮੇਰਾ ਖਿਆਲ ਹੈ ਕਿ ਉਨ੍ਹਾਂ ਨੂੰ ਪੈਸੇ ਮਿਲ ਚੁਕੇ ਹਨ, ਜੇ ਅਗਰ ਨਹੀਂ ਮਿਲੇ ਤਾਂ ਮੈਂ ਅਜ ਹੀ ਕੇਸ ਟੇਕਅੱਪ ਕਰਕੇ ਇਨਕੁਆਇਰੀ ਕਰ ਲਵਾਂਗਾ ।

PERSONS DETAINED DURING PRESIDENT'S RULE IN THE STATE

*11. **Comrade Satya Pal Dang** : Will the Chief Minister be pleased to :—

(a) state the total number of persons detained under the Maintenance of Internal Security Act, 1971 during the recent President's Rule in the State;

(b) state the number of persons amongst those referred to in part (a) above who were suspected to be Naxalites

... of suspected Naxalites still under detention;

(d) state the number of students, if any, out of those referred to in part (b) above;

(e) lay on the Table of the House a list showing the names and addresses of those who were suspected to be Naxalites and are still under detention as well as of the students mentioned in part (d) above;

(e) state whether any of the student detenus referred to in part (d) above was involved in any murder case;

(f) state whether any of the students detenus sought permission of the Government to take his examination;

(g) state whether any of the students have been granted such permission;

(h) state whether the Government proposes to release those who have been detained under the Maintenance of Internal Security Act, 1971 for political reasons ?

ਗਿਆਨੀ ਜ਼ੈਲ ਸਿੰਘ : (ਏ) 103

(ਬੀ) 69

(ਸੀ) 41

(ਡੀ) 2

(ਈ) ਲੋੜੀਂਦੀ ਸੂਚਨਾ ਸਦਨ ਮੇਜ਼ ਤੇ ਰਖ ਦਿਤੀ ਹੈ ਜੀ ।

(ਈ) ਨਾ ਜੀ

(ਐਫ) (ਜੀ) ਹਾਂ ਜੀ, 2 ਵਿਦਿਆਰਥੀਆਂ ਨੇ ਇਮਤਿਹਾਨ ਦੇਣ ਦੀ ਆਗਿਆ ਮੰਗੀ ਸੀ ਜਿਹੜੀ ਦੇ ਦਿਤੀ ਗਈ ।

(ਐਚ) ਇਹ ਸਮੱਸਿਆ ਵੀਚਾਰ ਅਧੀਨ ਹੈ ।

List showing the names and addresses of those who are Naxalites Students and who are still under Detention.

1. Surjit Singh, s/o Mehnga Ram, r/o Kulewal P. S. Garhshankar, Distt. Hoshiarpur.
2. Chanan Singh s/o Babu Singh Jat r/o Chak Hajipur, P. S. Garhshankar, Distt. Hoshiarpur.
3. Parshotam Singh s/o Maghar Singh r/o Dehriwala P. S. Tanda, Distt. Hoshiarpur.
4. Smt. Kewal Kaur w/o Sh. R. C. Handa, 147/L, Model Town, Jullundur City.
5. Sh. R. C. Handa s/o Sh. Devi Dass, 147/L, Model Town, Jullundur City.
6. Jasbir Singh Johal s/o Jagjit Singh, Jat, r/o Jandiala, Distt. Jullundur.
7. Dilawar Singh s/o Rattan Singh, Jat, r/o Village Mehli, Distt. Jullundur.

[Chief Minister]

8. Gurdev Singh s/o Gurdas Singh r/o Manguwal, Distt. Jullundur.
9. Aj it Sigh s/o Ravel Singh Jat of Khankhana Distt. Jullundur.
10. Ram Singh alias Ram Kishan s/o Hazura Singh Jat r/o Talwandi Fattu Distt. Jullundur.
11. Amrik Singh, s/o Raghbir Singh r/o Model Town Phagwara, Distt. Kapurthala.
12. Darshan Singh s/o Nahar Singh r/o Ber Kalan, P. S. Dohlon, Distt. Ludhiana.
13. Mohinder Singh s/o Thaman Singh r/o Daulatpur P. S. Dohlon, Distt. Ludhiana.
14. Gurdip Singh @ Hardip Singh @ Dipi s/o Vir Singh @ Wasakha Singh r/o Ucha Jatana P. S. Khamano, Distt. Ludhiana.
15. Rupinder Singh s/o Santokh Singh r/o Kakrala Kalan, P. S. Khamano, Distt Ludhiana.
16. Gursewak Singh s/o Surain Singh r/o Ladhran, P. S. Samrala, Distt. Ludhiana.
17. Surinder Singh s/o Sadhu Singh, Editor Hem Jyoti, Sham Lal Road, Ludhiana.
18. Babu Singh s/o Sher Singh of Joujean, P. S. Rajkot, Distt. Ludhiana.
19. Ranjit Singh s/o Labh Singh r/o Chhandran, P. S. Sahnewal, Distt. Ludhiana.
20. Kuljit Singh s/o Hardit Singh r/o Shiva Ji Nagar, Ludhiana.
21. Tarlochan Singh s/o Mehar Singh r/o Lalton, Distt. Ludhiana.
22. Pritam Singh @ Laddoo s/o Gurmukh Singh r/o Bilaspur, P. S. Nihal Singh Wala, Distt. Ferozepur.
23. Surjit Singh s/o Jalou Singh Jat r/o Gholian Kalan, P. S. Bagha Purana, Distt. Ferozepur.
24. Jagir Singh s/o Maharaj Singh r/o Laddar, P. S. Beas, Distt. Amritsar.
25. Lok Nath s/o Dina Nath Brahman r/o V. Tarsikka, P. S. Jandiala, Distt. Amritsar.
26. Giani Mohinder Singh s/o Niranjan Singh r/o Rampur, P. S. Payal. At present teacher Govt. Higher Secondary School, Mandi Gobindgarh, Distt. Patiala.
27. Jarnail Singh 'Kranti' s/o Badan Singh r/o Sampli, P. S. Bassi Pathana, Distt. Patiala
28. Prem Singh s/o Asa Singh r/o Jangpura, P. S. Banur, Distt. Patiala.
29. Balwant Singh s/o Roda Singh r/o Mullanpur, P. S. Bassi Pathana, Distt: Patiala.
30. Gurnam Singh s/o Hazura Singh r/o Bhankar, P. S. Sadar Patiala.
31. Ved Parkash Gupta s/o Mahasha Kishori Lal r/o Sirki Bazar, Bhatinda.
32. Raman Naurang s/o Satya Bandhu r/o Raman Mandi, Distt. Bhatinda.
33. Inderjit Singh s/o Alam Singh r/o Mansa, Distt. Bhatinda.
34. Bant Singh s/o Dalip Singh r/o Vill. Phool Khurd, P. S. Ropar.
35. Pritam Singh s/o Maghi Singh r/o Surtapur, P. S. Chamkaur Sahib, Distt. Ropar.
36. Bakhshish Singh s/o Maghi Singh r/o Surtapur, P. S. Chamkaur Sahib Distt. Ropar.

37. Dara Singh s/o Bachan Singh r/o Asanpur P. S. Chamkaur Sahib, Distt. Ropar.

38. Master Himat Singh s/o Sarwan Singh r/o V. Majat P. S. Kharar, Distt. Ropar.

39. Amrik Singh s/o Labh Singh r/o Boor Majra, P. S. Morinda, Distt. Ropar.

40. Bhupinder Singh s/o Hardial Singh r/o Chaklan, P. S. Morinda Distt. Ropar.

Students

1. Gurdip Singh @ Hardip Singh @ Dipi s/o Vir Singh @ Wasakha Singh r/o Ucha Jantana, P. S. Khamano, Distt. Ludhiana. (As mentioned at Sr. No. 14 above).

2. Lok Nath s/o Dina Nath, Brahman r/o V. Tarsikka P. S. Jandiala, Distt. Amritsar (As mentioned at Sr. No. 25 above).

ਕਾਮਰੇਡ ਸੱਤਪਾਲ ਡਾਂਗ : ਇਸ ਹਕੀਕਤ ਦੇ ਮਦੇ ਨਜ਼ਰ ਕਿ ਜਦੋਂ ਮੇਂਟੇਨੈਂਸ ਆਫ਼ ਇੰਟਰਨਲ ਸਿਕਿਉਰਟੀ ਐਕਟ ਲੋਕ ਸਭਾ ਨੇ ਪਾਸ ਕੀਤਾ ਸੀ ਤਾਂ ਪ੍ਰਾਈਮ ਮਨਿਸਟਰ ਨੇ ਅਸ਼ਿਉਰੈਂਸ ਦਿਤੀ ਸੀ ਕਿ ਬੰਗਲਾ ਦੇਸ਼ ਵਿਚੋਂ ਸਿਪਾਹੀ ਆਦਿ ਆ ਰਹੇ ਹਨ ਉਨ੍ਹਾਂ ਵਾਸਤੇ ਹੀ ਇਹ ਬਣਾਇਆ ਜਾ ਰਿਹਾ ਹੈ। ਅਜ ਦੇ ਹਾਲਾਤ ਨੂੰ ਮੁਖ ਰਖਦੇ ਹੋਇਆ ਜਿੰਨੇ ਵੀ ਵਿਅਕਤੀ ਮੇਂਟੇਨੈਂਸ ਆਫ਼ ਇੰਟਰਨਲ ਸਿਕਿਉਰਟੀ ਐਕਟ ਦੇ ਅਧੀਨ ਨਜ਼ਰ ਬੰਦ ਕੀਤੇ ਗਏ ਸੀ, ਕੀ ਹੁਣ ਉਨ੍ਹਾਂ ਨੂੰ ਛਡ ਦਿਤਾ ਜਾਏਗਾ ਔਰ ਕੀ ਅਗੇ ਨੂੰ ਇਹ ਸਿਆਸੀ ਵਿਰੋਧੀਆਂ ਦੇ ਵਿਰੁਧ ਨਹੀਂ ਵਰਤਿਆ ਜਾਏਗਾ ?

ਮੁੱਖ ਮੰਤਰੀ : ਇਹ ਮਸਲਾ ਸਰਕਾਰ ਦੇ ਵਿਚਾਰ ਅਧੀਨ ਹੈ। ਮੇਨਟੇਨੈਂਸ ਆਫ਼ ਇੰਟਰਨਲ ਸਿਕਿਉਰਟੀ ਐਕਟ 1971 ਵਿਚ ਬਣਾਇਆ ਗਿਆ ਸੀ ਤਾਂ ਕਿ ਦੇਸ਼ ਦੀ ਰਖਿਆ ਮਜ਼ਬੂਤ ਕੀਤੀ ਜਾਵੇ ਔਰ ਮੁਲਕ ਦੀ ਸਥਿਤੀ ਮਜ਼ਬੂਤ ਕੀਤੀ ਜਾਏ, ਇਸ ਕਾਨੂੰਨ ਦਾ ਹੇਠ ਲਿਖੀਆਂ ਸ਼ਰੇਣੀਆਂ ਦੇ ਵਿਰੁਧ ਪ੍ਰਯੋਗ ਕੀਤਾ ਗਿਆ ਹੈ :

1. ਨਕਸਲਬਾੜੀ

2. ਸਮੱਗਲਰਜ਼

ਹੁਣ ਤਕ ਨਕਸਲਬਾੜੀ 69 ਅਤੇ ਸਮਗਲਰ 34 ਪਕੜੇ ਗਏ ਹਨ। ਜੋ ਵੀ ਵਿਅਕਤੀ ਇਸ ਕਾਨੂੰਨ ਹੇਠ ਪਕੜੇ ਜਾਂਦੇ ਹਨ ਉਨ੍ਹਾਂ ਦਾ ਕੇਸ ਅਦਾਲਤ ਦੇ ਸਾਮ੍ਹਣੇ ਪੇਸ਼ ਹੁੰਦਾ ਹੈ। ਇਕ ਐਡਵਾਈਜ਼ਰੀ ਬੋਰਡ ਹੈ ਜਿਸ ਦਾ ਚੇਅਰਮੈਨ ਹਾਈਕੋਰਟ ਦਾ ਇਕ ਜੱਜ ਹੁੰਦਾ ਹੈ। ਉਹ ਵਿਅਕਤੀ ਉਥੇ ਪੇਸ਼ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਪੱਖ ਤੇ ਸਫ਼ਾਈ ਦਾ ਪੂਰਾ ਮੌਕਾ ਦਿਤਾ ਜਾਂਦਾ ਹੈ ਔਰ ਉਸ ਐਡਵਾਈਜ਼ਰੀ ਬੋਰਡ ਦੇ ਸਾਮ੍ਹਣੇ ਉਹ ਆਪਣਾ ਡਿਫੈਂਸ ਪੂਰੀ ਤਰ੍ਹਾਂ ਨਾਲ ਪੇਸ਼ ਕਰਦੇ ਹਨ। ਐਡਵਾਈਜ਼ਰੀ ਬੋਰਡ ਸਾਰੇ ਪੱਖ ਵੇਖ ਕਰਕੇ ਹਰ ਕੇਸ ਦਾ ਫੈਸਲਾ ਕਰਦਾ ਹੈ ਕਿ ਨਜ਼ਰਬੰਦੀ ਜਾਇਜ਼ ਹੈ ਜਾਂ ਨਹੀਂ ? ਇਹ ਵੀ ਉਨ੍ਹਾਂ ਦੇ ਅਖਤਿਆਰ ਵਿਚ ਹੈ ਕਿ ਜੇ ਕਿਸੇ ਦੇ ਖਿਲਾਫ਼ ਕੇਸ ਸਾਬਤ ਨਾ ਹੋਵੇ ਛੱਡ ਦੇਣ। ਉਨ੍ਹਾਂ ਦੇ ਸਾਮ੍ਹਣੇ ਪੇਸ਼ ਕਰਕੇ ਨਜ਼ਰ ਬੰਦ ਕੀਤੇ ਜਾਂਦੇ ਹਨ। ਇਸ ਤਰ੍ਹਾਂ ਕਿਸੇ ਨਾਲ ਜ਼ਬਰਦਸਤੀ ਜਾਂ ਕੋਈ ਧੱਕਾ ਨਹੀਂ ਹੋ ਸਕਦਾ।

ਕਾਮਰੇਡ ਸੱਤਪਾਲ ਡਾਂਗ : ਕੀ ਚੀਫ਼ ਮਨਿਸਟਰ ਸਾਹਿਬ ਇਹ ਦਸਣ ਦੀ ਖੇਚਲ ਕਰਨਗੇ ਕਿ ਜਿੰਨਾਂ ਚਿਰ ਇਸ ਮਾਮਲੇ ਤੇ ਵਿਚਾਰ ਹੁੰਦੀ ਹੈ, ਉਸ ਤੋਂ ਪਹਿਲਾਂ ਘੱਟੋ ਘੱਟ ਜਿਹੜੇ ਦੋ ਵਿਦਿਆਰਥੀ ਪਕੜੇ ਹਨ, ਜਿਨ੍ਹਾਂ ਬਾਰੇ ਉਨ੍ਹਾਂ ਨੇ ਆਪ ਮੰਨਿਆ ਹੈ ਕਿ ਉਨ੍ਹਾਂ ਦੇ ਖਿਲਾਫ ਕੋਈ ਕਤਲ ਆਦਿ ਦਾ ਮੁਕਦਮਾ ਨਹੀਂ, ਵੱਧ ਤੋਂ ਵੱਧ ਉਹ ਗਰਮ ਵਿਚਾਰਧਾਰਾ ਹੀ ਰਖਦੇ ਹੋਣਗੇ, ਛੱਡ ਦਿਤਾ ਜਾਏਗਾ ?

ਮੁੱਖ ਮੰਤਰੀ : ਉਨ੍ਹਾਂ ਦੋਨਾਂ ਵਿਦਿੱਆਰਥੀਆਂ ਨੂੰ ਇਮਤਿਹਾਨ ਦੇਣ ਦੀ ਤਾਂ ਆਗਿਆ ਦੇ ਦਿਤੀ ਹੈ ਔਰ ਇਹ ਵੀ ਵਿਚਾਰ ਅਧੀਨ ਹੈ ਕਿ ਉਨ੍ਹਾਂ ਨੂੰ ਰਿਲੀਜ਼ ਕਰ ਦਿਤਾ ਜਾਏ ।

ਕਾਮਰੇਡ ਅਰਜਨ ਸਿੰਘ ਮਸਤਾਨਾ : ਸਪੀਕਰ ਸਾਹਿਬ, ਗੁਰਬਚਨ ਸਿੰਘ ਨਦੀਬੁਰ ਜਿਹੜਾ ਹੁਸ਼ਿਆਰਪੁਰ ਜ਼ਿਲ੍ਹੇ ਦਾ ਹੈ ਉਹ ਅਜੇ ਤਕ ਨਜ਼ਰਬੰਦ ਹੈ। ਉਸ ਦਾ ਨੱਕਸਲਬਾੜੀਆਂ ਨਾਲ ਕੋਈ ਤਅਲੁਕ ਨਹੀਂ । ਜਿਸ ਤਰ੍ਹਾਂ ਮੈਨੂੰ ਵੀ ਨਕਸਲਬਾੜੀ ਕਹਿ ਕੇ ਨਜ਼ਰਬੰਦ ਰਖਿਆ ਗਿਆ ਸੀ ਉਸੇ ਤਰ੍ਹਾਂ ਉਸ ਨੂੰ ਰਖਿਆ ਹੋਇਆ ਹੈ । ਕੀ ਵਜ਼ੀਰ ਸਾਹਿਬ ਦਸਣਗੇ ਕਿ ਉਨ੍ਹਾਂ ਦਾ ਕੋਈ ਨਕਸਲਬਾੜੀਆਂ ਨਾਲ ਤਅਲੁਕ ਹੈ ? ਜੇ ਨਹੀਂ, ਤਾਂ ਹੁਣ ਰਿਹਾ ਕਰ ਦੇਣਗੇ ?

ਮੁੱਖ ਮੰਤਰੀ : ਕਿਸੇ ਵੀ ਸ਼ਖਸ ਦਾ ਜਿਸ ਦਾ ਨਕਸਲਬਾੜੀਆਂ ਨਾਲ ਕੋਈ ਤਅੱਲੁਕ ਨਹੀਂ ਹੋਵੇਗਾ, ਉਸ ਨੂੰ ਜੇਲ ਵਿਚ ਨਹੀਂ ਰਖਿਆ ਜਾਵੇਗਾ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਮੈਂ ਤਾਂ ਇਹ ਪਤਾ ਕਰਨਾ ਚਾਹੁੰਦਾ ਹਾਂ ਕਿ ਜੇ ਕੋਈ ਵਿਅਕਤੀ ਪਹਿਲਾਂ ਨਕਸਬਾੜੀ ਸਰਗਰਮੀਆਂ ਵਿਚ ਹਿੱਸਾ ਲੈਂਦੇ ਰਹਿੰਦੇ ਸਨ ਅਤੇ ਨਜ਼ਰਬੰਦ ਕਰ ਦਿਤੇ ਗਏ ਹੋਣ ਔਰ ਹੁਣ ਉਹ ਇਹ ਕਹਿਣ ਨੂੰ ਤਿਆਰ ਹੋਣ ਕਿ ਉਹ ਉਸ ਵਿਚਾਰਧਾਰਾ ਨੂੰ ਛੱਡ ਚੁਕੇ ਹਨ, ਕੀ ਉਨ੍ਹਾਂ ਨੂੰ ਛੱਡ ਦਿਤਾ ਜਾਏਗਾ ਤਾਕਿ ਉਹ ਆਪਣੀ ਨਵੀਂ ਨੀਤੀ ਅਖਤਿਆਰ ਕਰਕੇ ਅਤੇ ਨਵੇਂ ਸਿਆਸੀ ਜੀਵਨ ਵਿਚ ਨਵੀਂ ਵਿਚਾਰਧਾਰਾ ਨਾਲ ਹਿਸਾ ਲੈ ਸਕਣ ?

ਮੁੱਖ ਮੰਤਰੀ : ਸਰਕਾਰ ਬਿਲਕੁਲ ਇਸ ਗੱਲ ਲਈ ਤਿਆਰ ਹੈ । ਔਰ ਅਸੀਂ ਇਹ ਗਲ ਕਹਿ ਚੁਕੇ ਹਾਂ ਕਿ ਜੇ ਉਹ ਹੁਣ ਵੀ ਇਹ ਗਲ ਕਹਿਣ ਅਤੇ ਇਸ ਗਲ ਦਾ ਵਿਸ਼ਵਾਸ ਦਿਲਾਉਣ ਕਿ ਉਨ੍ਹਾਂ ਨੇ ਗਲਤਫਹਮੀ ਨਾਲ ਤੋੜਫੋੜ ਦੀ ਪਾਲੀਸੀ ਅਪਨਾਈ ਸੀ ਅਤੇ ਉਨ੍ਹਾਂ ਦਾ ਨਕਸਲਬਾੜੀਆਂ ਨਾਲ ਕੋਈ ਤਅਲੁਕ ਨਹੀਂ, ਅਸੀ ਉਨ੍ਹਾਂ ਦੇ ਮਾਮਲੇ ਨੂੰ ਹਮਦਰਦੀ ਨਾਲ ਨਿਜਿਠਣ ਨੂੰ ਤਿਆਰ ਹਾਂ।

ਕਾਮਰੇਡ ਸੱਤਪਾਲ ਡਾਂਗ : ਕੀ ਚੀਫ਼ ਮਨਿਸਟਰ ਸਾਹਿਬ ਨੂੰ ਪਤਾ ਹੈ, ਜੇ ਨਹੀਂ ਤਾਂ ਕੀ ਇਹ ਇਨਕੁਆਇਰੀ ਕਰਾਉਣ ਲਈ ਤਿਆਰ ਹਨ ਕਿ ਜਿਹੜੇ ਪੁਲਿਸ ਦੇ ਅਫ਼ਸਰ ਹਨ ਉਹ ਕਾਂਗਰਸ ਸਰਕਾਰ ਨੂੰ ਬਦਨਾਮ ਕਰਨ ਲਈ ਔਰ ਕਾਂਗਰਸ ਅਤੇ ਸੀ. ਪੀ. ਆਈ. ਵਿਚ ਰਿਫ਼ਟ ਵਧਾਉਣ ਲਈ ਬੇਗੁਨਾਹ ਬੰਦਿਆਂ ਨੂੰ ਨਕਸਲਬਾੜੀ ਕਰਾਰ ਦੇਕੇ ਜੇਲ ਵਿਚ ਬੰਦ ਕਰ ਦਿਤਾ ਗਿਆ । ਕੀ ਇਸ ਹਕੀਕਤ ਨੂੰ ਚੀਫ਼ ਮਨਿਸਟਰ ਸਾਹਿਬ ਦੇਖਣਗੇ ?

ਮੁੱਖ ਮੰਤਰੀ: ਇਹ ਚੀਜ਼ ਸਾਡੇ ਨੋਟਿਸ ਵਿਚ ਨਹੀਂ ਆਈ। ਅਗਰ ਕੋਈ ਆਨਰੇਬਲ ਮੈਂਬਰ ਇਸ ਗਲ ਨੂੰ ਪੁਆਇੰਟ ਆਊਟ ਕਰੇਗਾ ਤਾਂ ਸਰਕਾਰ ਇਸ ਵਿਚ ਪੂਰੀ ਤਰ੍ਹਾਂ ਇਨਕੁਆਇਰੀ ਕਰੇਗੀ ਅਗਰ ਕੋਈ ਕਸੂਰਵਾਰ ਸਾਬਤ ਹੋਵੇਗਾ ਤਾਂ ਉਸ ਨੂੰ ਜ਼ਰੂਰ ਸਜ਼ਾ ਦਿਤੀ ਜਾਏਗੀ।

ਅਚਾਰਿਆ ਪ੍ਰਿਥਵੀ ਸਿੰਘ ਆਜ਼ਾਦ: ਕੀ ਮੁੱਖ ਮੰਤਰੀ ਮਹੋਦਯ ਇਸ ਗਲ ਤੇ ਵਿਚਾਰ ਕਰਨ ਦੀ ਕਿਰਪਾ ਕਰਨਗੇ ਕਿ ਜਿਹੜੀ ਪੰਜਾਬ ਸਰਕਾਰ ਨੇ ਨਕਸਲਬਾੜੀ ਦੀ ਤਹਿਰੀਕ ਥਲੇ ਪੁਲੀਸ ਦੇ ਬੰਦਿਆਂ ਤੋਂ ਇਲਾਵਾ ਕੁਝ ਸਪੈਸ਼ਲ ਸਟਾਫ਼ ਰਖਿਆ ਹੈ, ਇਹ ਸਪੈਸ਼ਲ ਸਟਾਫ ਨਾਜਾਇਜ਼ ਤੌਰ ਤੇ ਲੋਕਾਂ ਨੂੰ ਨਕਸਲਬਾੜੀ ਕਰਾਰ ਦੇ ਕੇ ਤੰਗ ਕਰ ਰਿਹਾ ਹੈ। ਕਿ ਇਸ ਸਪੈਸ਼ਲ ਸਟਾਫ਼ ਨੂੰ ਖਤਮ ਕਰਕੇ ਇਹ ਮਾਮਲਾ ਪੁਲਿਸ ਤੇ ਛੱਡ ਦਿਤਾ ਜਾਏਗਾ ?

ਮੁੱਖ ਮੰਤਰੀ ਸਪੀਕਰ ਸਾਹਿਬ, ਸਰਕਾਰ ਦਾ ਇਹ ਫ਼ਰਜ਼ ਹੁੰਦਾ ਹੈ ਕਿ ਉਹ ਲਾਅ ਐਂਡ ਆਰਡਰ ਨੂੰ ਮੇਨਟੇਨ ਕਰੇ। ਅਗਰ ਸਰਕਾਰ ਦੀ ਇਸ ਗਲ ਨਾਲ ਤਸੱਲੀ ਹੋ ਜਾਵੇ ਕਿ ਹੁਣ ਤੋੜ ਫੋੜ ਕਰਨ ਦੀ ਪਾਲਿਸੀ ਵਲ ਜਿਹੜੇ ਲੋਕ ਚਲੇ ਗਏ ਸਨ, ਹੁਣ ਹਟ ਗਏ ਹਨ ਤਾਂ ਇਹ ਸਪੈਸ਼ਲ ਸਟਾਫ ਰਖਣ ਦੀ ਜ਼ਰੂਰਤ ਨਹੀਂ ਰਹੇਗੀ। ਲੇਕਿਨ ਸਪੈਸ਼ਲ ਸਟਾਫ਼ ਨੂੰ ਹਟਾਉਣ ਬਾਰੇ ਤਾਂ ਵਿਚਾਰ ਕਰਨ ਤੋਂ ਬਾਅਦ ਹੀ ਕੁਝ ਦੱਸਿਆ ਜਾ ਸਕਦਾ ਹੈ।

ਕਾਮਰੇਡ ਅਰਜਨ ਸਿੰਘ ਮਸਤਾਨਾ: ਕੀ ਇਹ ਮੁੱਖ ਮੰਤਰੀ ਜੀ ਦੱਸਣ ਦੀ ਖੇਚਲ ਕਰਨਗੇ ਕਿ ਜਿਹੜੀਆਂ ਪੁਰਾਣੀਆਂ ਜੇਲ੍ਹਾਂ ਹਨ ਅਤੇ ਜਿਹੜੀਆਂ ਕਿ ਲਾਹੌਰ ਦੇ ਕਬੂਤਰਖਾਨੇ ਵਾਂਗ ਹਨ ਇਨ੍ਹਾਂ ਵਿਚ ਸਟੂਡੈਂਟਸ ਨੂੰ ਮਾਰਿਆ ਜਾਂਦਾ ਹੈ ਉਨ੍ਹਾਂ ਬੁੱਚੜ ਖਾਨਿਆਂ ਨੂੰ ਬੰਦ ਕਰਨ ਦਾ ਸਰਕਾਰ ਕੋਈ ਯਤਨ ਕਰੇਗੀ ?

ਸ਼੍ਰੀ ਸਪੀਕਰ: ਇਸ ਗਲ ਦਾ ਇਸ ਸਵਾਲ ਨਾਲ ਕੋਈ ਸਬੰਧ ਨਹੀਂ ਹੈ। (It does not arise out of the main question).

ਡਾਕਟਰ ਅਮੀਰ ਸਿੰਘ ਕਲਕਟ: ਕੀ ਮੁੱਖ ਮੰਤਰੀ ਜੀ ਇਹ ਦਸਣਗੇ ਕਿ ਕੀ ਇਹ ਗਲ ਸੱਚ ਹੈ ਕਿ ਨਕਸਲਬਾੜੀ ਤਹਿਰੀਕ ਵਿਚ ਬਿਰਲਿਆਂ ਅਤੇ ਟਾਟਿਆਂ ਦਾ ਹੱਥ ਹੈ। ਇਸ ਲਹਿਰ ਪਿਛੇ ਸਰਮਾਏਦਾਰਾਂ ਦਾ ਹੱਥ ਹੈ ?

ਮੁੱਖ ਮੰਤਰੀ: ਮੈਂ ਇਹ ਗਲ ਨਹੀਂ ਕਹਿੰਦਾ ਕਿ ਇਸ ਵਿਚ ਕਿਸੇ ਦਾ ਹੱਥ ਹੈ ਲੇਕਿਨ ਇਹ ਗਲ ਸਾਫ ਹੈ ਕਿ ਕੁਝ ਲੋਕ ਦਰਹਕੀਕਤ ਨਕਸਲਬਾੜੀ ਨਹੀਂ ਹਨ ਪਰ ਉਨ੍ਹਾਂ ਦੇ ਘਰੇਲੂ ਜਾਂ ਸਮਾਜਕ ਹਾਲਾਤ ਖਰਾਬ ਹੋਣ ਕਾਰਨ ਉਹ ਗਲਤ ਕਦਮ ਚੁਕ ਲੈਂਦੇ ਹਨ। ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਉਨ੍ਹਾਂ ਨੂੰ ਗਲਤ ਕਦਮ ਚੁਕਣ ਦੇ ਰਸਤੇ ਤੋਂ ਹਟਾਇਆ ਜਾਏ ਅਤੇ ਜਿਹੜੀਆਂ ਪੁਰਾਣੀਆਂ ਗਲਤੀਆਂ ਕਰੀ ਬੈਠੇ ਹਨ ਉਨ੍ਹਾਂ ਤੇ ਵੀ ਵੀਚਾਰ ਕਰਨ ਦਾ ਯਤਨ ਕਰ ਰਹੇ ਹਾਂ।

ਕਾਮਰੇਡ ਸੱਤ ਪਾਲ ਡਾਂਗ: ਜਿਹੜੀ ਲਿਸਟ ਇਨ੍ਹਾਂ ਨੇ ਨਜ਼ਰਬੰਦੀਆਂ ਦੀ ਦਿਤੀ ਹੈ ਅਤੇ ਜਿਹੜੇ ਨਕਸਲਬਾੜੀ ਸਮਝੇ ਜਾਂਦੇ ਹਨ ਉਨ੍ਹਾਂ ਵਿਚੋਂ ਬਹੁਤ ਸਾਰੇ ਐਸੇ ਹਨ ਜਿਨ੍ਹਾਂ ਬਾਰੇ ਪੁਲਿਸ ਨੇ ਵੀ ਇਤਨਾ ਹੀ ਸ਼ਕ ਕੀਤਾ ਹੈ ਕਿ ਉਹ ਸਮਝਦੇ ਹਨ ਕਿ ਇੰਮਪੀਰੀਐਲਿਜ਼ਮ ਕੁਝ ਖੜਕਾ ਦੜਕਾ ਕਰਨ ਤੋਂ ਬਿਨਾਂ ਨਹੀਂ ਹੱਟ ਸਕਦਾ ਅਤੇ ਸੋਸ਼ਲਿਜਮ ਨਹੀਂ ਲਿਆਇਆ ਜਾ ਸਕਦਾ। ਇਸ ਚੀਜ਼ ਨੂੰ ਮੱਦੇਨਜ਼ਰ ਰਖ ਕੇ ਉਹ ਛੋਟੀ ਮੋਟੀ ਕਵਿਤਾ ਵੀ ਰਚ ਦਿੰਦੇ ਹਨ। ਕੀ ਇਨ੍ਹਾਂ ਨੂੰ ਚੀਫ ਮਨਿਸਟਰ ਸਾਹਿਬ ਨਕਸਲਬਾੜੀ ਸਮਝਦੇ ਹਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਡਾਂਗ ਸਾਹਿਬ ਨੂੰ ਇਹ ਗਲ ਦਸਣੀ ਚਾਹੁੰਦਾ ਹਾਂ ਕਿ ਦਰਹਕੀਕਤ ਨਕਸਲਬਾੜੀਆਂ ਦੀ ਕੋਈ ਥਿਊਰੀ ਨਹੀਂ ਹੈ ਅਤੇ ਜਿਹੜੇ ਇਸ ਤਰ੍ਹਾਂ ਦੀ ਤੋੜ ਫੋੜ ਕਰਨ ਵਾਲੇ ਆਦਮੀ ਹਨ ਉਨ੍ਹਾਂ ਨੂੰ ਇਸ ਤਰ੍ਹਾਂ ਕਰਨ ਦੀ ਆਗਿਆ ਨਹੀਂ ਦਿਤੀ ਜਾ ਸਕਦੀ। ਹਾਂ, ਜਿਵੇਂ ਕਿ ਮੈਂ ਪਹਿਲਾਂ ਵੀ ਕਿਹਾ ਹੈ ਕਿ ਕਿਸੇ ਆਦਮੀ ਨੇ ਅਗਰ ਗਲਤ ਫਹਿਮੀ ਵਿਚ ਆ ਕੇ ਜਾਂ ਕਿਸੇ ਨਿਰਾਸ਼ਾ ਦੇ ਕਾਰਨ ਅਜਿਹਾ ਗਲਤ ਕਦਮ ਉਠਾਇਆ ਹੈ ਅਤੇ ਅਗੋਂ ਤੋਂ ਉਹ ਇਸ ਰਸਤੇ ਤੋਂ ਹਟ ਗਏ ਹਨ, ਤਾਂ ਉਨ੍ਹਾਂ ਦੇ ਪਿਛਲੇ ਗੁਨ੍ਹਾਹਾਂ ਨੂੰ ਮੁਆਫ਼ ਕਰਨ ਲਈ ਸਰਕਾਰ ਤਿਆਰ ਹੈ।

ਸ੍ਰੀ ਪਿਆਰਾ ਰਾਮ ਧੰਨੋਵਾਲੀ : ਸਪੀਕਰ ਸਾਹਿਬ, ਅਕਾਲੀ ਮਨਿਸਟਰੀ ਵਿਚ ਬਹੁਤ ਸਾਰੇ ਹਰੀਜਨ ਮੁੰਡਿਆਂ ਨੂੰ, ਬਗੈਰ ਕਿਸੇ ਦੋਸ਼ ਦੇ, ਕੇਵਲ ਉਨ੍ਹਾਂ ਨੂੰ ਨਕਸਲਬਾੜੀ ਕਹਿਕੇ ਹੀ ਮਾਰਿਆ ਕੁੱਟਿਆ ਗਿਆ ਹੈ। ਕੀ ਅਜੇਹੇ ਕੇਸ ਚੀਫ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਆਉਣ ਤੇ ਉਹ ਇਸ ਮਾਮਲੇ ਦੀ ਇਨਕੁਆਇਰੀ ਕਰਾਉਣਗੇ ?

ਮੁੱਖ ਮੰਤਰੀ : ਸਰਕਾਰ ਦੇ ਨੋਟਿਸ ਵਿਚ ਆਉਣ ਤੇ, ਜਿਹੜੀਆਂ ਗਲਾਂ ਨੂੰ ਸਮਝੇਗੀ ਕਿ ਗਲਤ ਹੋਈਆਂ ਹਨ ਉਨ੍ਹਾਂ ਦੀ ਇਨਕੁਆਰੀ ਕਰਾਉਣ ਲਈ ਤਿਆਰ ਹੋਵੇਗੀ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਜੇਲ੍ਹਾਂ ਵਿਚ ਜਿਹੜੇ ਨਕਸਲ-ਬਾੜੀ ਹਨ ਅਤੇ ਜਿਨ੍ਹਾਂ ਵਿਚ ਪੜ੍ਹੇ ਲਿਖੇ ਮੁੰਡੇ ਵੀ ਹਨ ਉਨ੍ਹਾਂ ਨਾਲ ਜੇਲ੍ਹ ਵਿਚ ਪਸ਼ੂਆਂ ਤੋਂ ਵੀ ਮੰਦਾ ਸਲੂਕ ਕੀਤਾ ਜਾ ਰਿਹਾ ਹੈ। ਕਈ ਬੇਗੁਨਾਹਾਂ ਨੂੰ ਹੀ ਨਕਸਲਬਾੜੀ ਕਹਿ ਕੇ ਜੇਲ੍ਹਾਂ ਵਿਚ ਬੰਦ ਕੀਤਾ ਗਿਆ ਹੈ ਅਤੇ ਸਜ਼ਾ ਦਿਤੀ ਜਾ ਰਹੀ ਹੈ। ਕੀ ਮੁੱਖ ਮੰਤਰੀ ਜੀ ਇਸ ਚੀਜ਼ ਦੀ ਇਨਕੁਆਰੀ ਕਰਾਉਣ ਦਾ ਕੋਈ ਪ੍ਰਬੰਧ ਕਰਨਗੇ ?

ਮੁੱਖ ਮੰਤਰੀ : ਸਾਡੇ ਪਾਸ ਕੋਈ ਐਸੀ ਇਤਲਾਹ ਨਹੀਂ ਆਈ ਕਿ ਕਿਸੇ ਨੂੰ ਜੇਲ੍ਹ-ਖਾਨੇ ਵਿਚ ਜੇਲ੍ਹ ਦੀਆਂ ਨਿਸਚਿਤ ਸਹੂਲਤਾਂ ਦੇਣ ਤੋਂ ਵਰਜਿਆ ਗਿਆ ਹੋਵੇ। ਅਗਰ ਕੋਈ ਅਜਿਹੀ ਸ਼ਿਕਾਇਤ ਆਵੇਗੀ ਤਾਂ ਅਸੀਂ ਉਸ ਨੂੰ ਹਮਦਰਦੀ ਨਾਲ ਵੇਖਾਂਗੇ।

ਜਿਥੋਂ ਤਕ ਕੋਈ ਬੇਗੁਨਾਹ ਨੂੰ ਸਜ਼ਾ ਮਿਲਣ ਦਾ ਸਵਾਲ ਹੈ ਉਹ ਤੁਸੀਂ ਵੀ ਜਾਣਦੇ ਹੋ ਕਿ ਜਿਸ ਵੇਲੇ ਲੱਖਾਂ ਆਦਮੀਆਂ ਨੂੰ ਬਚਾਉਣ ਦਾ ਸਵਾਲ ਸਾਹਮਣੇ ਆ ਜਾਵੇ ਤਾਂ ਕਈ ਵਾਰ ਬੇਗੁਨਾਹਾਂ ਨੂੰ ਵੀ ਸਜ਼ਾ ਹੋ ਸਕਦੀ ਹੈ। ਲੇਕਿਨ ਜਾਣ ਬੁਝ ਕੇ ਨਹੀਂ ਹੋਣ ਦਿਆਂਗੇ। ਅਗਰ ਕੋਈ ਅਜਿਹਾ ਕੇਸ ਹੋਵੇ ਤਾਂ ਸਾਡੇ ਨੋਟਿਸ ਵਿਚ ਲਿਆਓ ਉਸ ਦੀ ਅਸੀਂ ਜ਼ਰੂਰ ਇਨਕੁਆਰੀ ਕਰਾਵਾਂਗੇ।

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਤੋਂ ਇਹ ਤਹਿਕੀਕਾਤ ਕਰਨਾ ਚਾਹੁੰਦਾ ਹਾਂ ਕਿ ਇਹ ਜਿਹੜੀ ਨਕਸਲਬਾੜੀ ਤਹਿਰੀਕ ਪੰਜਾਬ ਵਿਚ ਅਤੇ ਹੋਰ ਕਈ ਸੂਬਿਆਂ ਵਿਚ ਚਾਲੂ ਹੋਈ, ਕੀ ਸਰਕਾਰ ਨੇ ਇਹ ਐਸਟੀਮੇਟ ਲਗਾਇਆ ਹੈ ਕਿ ਉਨ੍ਹਾਂ ਨੌਜਵਾਨਾਂ ਦਾ ਮੁੱਦਾ ਕੀ ਸੀ ?

ਸਿੱਖਿਆ ਮੰਤਰੀ : ਅਕਾਲੀਆਂ ਨੂੰ ਉਧਰ ਬਿਠਾਉਣ ਦਾ... (ਹਾਸਾ) (ਵਿਘਨ)

ਸ੍ਰੀ ਸਪੀਕਰ : ਸਰਦਾਰ ਉਮਰਾਓ ਸਿੰਘ ਜੀ, ਤੁਸੀਂ ਮਨਿਸਟਰ ਹੋ। ਤੁਹਾਨੂੰ ਏਹੋ ਜਿਹੀਆਂ ਗਲਾਂ ਨਹੀਂ ਸ਼ੋਭਦੀਆਂ। (*Addressing the hon. Education Minister* : Sardar Umrao Singh Ji, you are a Minister and such remarks do not behove you.)

ਮੁੱਖ ਮੰਤਰੀ : ਸਪੀਕਰ ਸਾਹਿਬ, ਜਿਹੜਾ ਮਸਲਾ ਗੁਲਸ਼ਨ ਸਾਹਿਬ ਨੇ ਉਠਾਇਆ ਹੈ ਇਹ ਇਕ ਅਜਿਹਾ ਮਸਲਾ ਹੈ ਜਿਸ ਤੇ ਕਾਫੀ ਬਹਿਸ ਹੋ ਸਕਦੀ ਹੈ। ਮੈਂ ਕੇਵਲ ਇਤਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਇਸ ਸਬੰਧ ਵਿਚ ਪੰਜਾਬ ਵਿਚ ਔਰ ਹਿੰਦੋਸਤਾਨ ਦੇ ਬਾਕੀ ਸੂਬਿਆਂ ਵਿਚ ਵੀ, ਵਿਚਾਰ ਕੀਤੀ ਜਾ ਰਹੀ ਹੈ ਔਰ ਹੁਣ ਤੋੜ ਫੋੜ ਵਲੋਂ ਲੋਕਾਂ ਦਾ ਧਿਆਨ ਹਟਦਾ ਜਾ ਰਿਹਾ ਹੈ ਬਲਕਿ ਕਿਸੇ ਹੱਦ ਤਕ ਤਾਂ ਹਟ ਹੀ ਗਿਆ ਹੈ।

ਚੌਧਰੀ ਸੁੰਦਰ ਸਿੰਘ : ਮੈਨੂੰ ਇਥੇ ਇਨਫਰਮੇਸ਼ਨ ਮਿਲੀ ਹੈ ਕਿ ਹਰੀਜਨਾਂ ਨੂੰ ਬਦਲਾ ਲੈਣ ਦੀ ਭਾਵਨਾ ਨਾਲ ਨਕਸਲਬਾੜੀ ਕਰਾਰ ਦਿਤਾ ਜਾ ਰਿਹਾ ਹੈ। ਮੈਂ ਪੁਛਦਾ ਹਾਂ ਕਿ ਕਿਤਨਿਆਂ ਨੂੰ ਤੁਸੀਂ ਫਾਂਸੀ ਦਿਤੀ ਹੈ ਔਰ ਕਿਤਨਿਆਂ ਨੂੰ ਗੋਲੀ ਮਾਰੀ। (ਹਾਸਾ) ਇਹ ਲਿਸਟ ਸਾਨੂੰ ਸਪਲਾਈ ਕਰੋ ਤਾਂ ਜੋ ਅਸੀਂ ਤੁਹਾਨੂੰ ਦਸਾਂਗੇ ਕਿ ਆਇਆ ਕੋਈ ਨਕਸਲਬਾੜੀ ਹੈ ਜਾਂ ਨਹੀਂ ?

ਸ੍ਰੀ ਸਪੀਕਰ : ਚੌਧਰੀ ਸਾਹਿਬ, ਤੁਸੀਂ ਆਪ ਹੀ ਜਵਾਬ ਦੇ ਰਹੇ ਹੋ। (ਹਾਸਾ) (Chaudhri Sahib, you yourself are giving the reply) (Laughter)

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਇਹ ਵੀ ਨੈਕਸਲਾਈਟ ਹਨ। (ਹਾਸਾ)

ਚੌਧਰੀ ਸੁੰਦਰ ਸਿੰਘ : ਇਸ ਵਾਸਤੇ ਮੈਂ ਚੀਫ ਮਨਿਸਟਰ ਸਾਹਿਬ ਨੂੰ ਦਰਖਾਸਤ ਕਰਾਂਗਾ ਕਿ ਉਹ ਮੈਨੂੰ ਦਸਣ ਕਿ ਕਿਹੜੇ ਕਿਹੜੇ ਨਕਸਲਬਾੜੀ ਹਨ ਤਾਕਿ ਮੈਂ ਸੀ. ਐਮ. ਸਾਹਿਬ ਦੀ ਮੱਦਦ ਕਰ ਸਕਾਂ।

ਸ੍ਰੀ ਸਪੀਕਰ : ਚੌਧਰੀ ਸਾਹਿਬ, ਤੁਸੀਂ ਇਕੱਲੇ ਹਰੀਜਨਾਂ ਦੀ ਹੀ ਨੁਮਾਇੰਗੀ ਕਰਦੇ ਹੋ, ਬਾਕੀ ਵਰਗਾਂ ਦਾ ਵੀ ਖਿਆਲ ਰਖੋ। (Chaudhri Sahib, you talk only about Harijans, you should keep in mind the interest of other classes also.)

ਸਰਦਾਰ ਗੁਰਬੰਤਾ ਸਿੰਘ : ਕੀ ਇਹ ਗਲ ਸੱਚੀ ਹੈ ਕਿ ਜੇ ਪਿੰਡ ਦਾ ਕੋਈ ਹਰੀਜਨ ਮੁੰਡਾ ਆਪਣੇ ਪਿੰਡ ਵਿਚ ਆਕੜ ਕੇ ਤੁਰਦਾ ਹੈ ਜਾਂ ਧੌਣ ਉਚੀ ਕਰਕੇ ਤੁਰਦਾ ਹੈ ਜਾਂ ਦਸਦਾ ਹੈ ਕਿ ਇਹ ਤਕਲੀਫ ਹੈ ਇਹ ਨਹੀਂ ਰਹਿਣੀ ਚਾਹੀਦੀ ਤਾਂ ਉਸ ਪਿਡ ਦਾ ਮੋਢੀ ਉਸ ਮੁੰਡੇ ਤੇ ਨਕਸਲਬਾੜੀ ਹੋਣ ਦਾ ਇਲਜ਼ਾਮ ਲਗਾ ਕੇ ਪੁਲੀਸ ਦੇ ਹਵਾਲੇ ਕਰ ਦਿੰਦਾ ਹੈ ?

ਮੁਖ ਮੰਤਰੀ : ਵੈਸੇ ਤਾਂ ਇਸ ਮਸਲੇ ਦਾ ਸਵਾਲ ਨਾਲ ਕੋਈ ਸਬੰਧ ਨਹੀਂ ਪਰ ਇਹ ਆਮ ਵੇਖਿਆ ਗਿਆ ਹੈ ਕਿ ਜੇ ਕੋਈ ਨੀਵੀਂ ਜ਼ਾਤੀ ਦਾ ਮੁੰਡਾ ਮਾਣ ਨਾਲ ਤੁਰਦਾ ਹੈ ਤਾਂ ਪਿੰਡ ਵਾਲੇ ਉਸ ਨੂੰ ਈਰਖਾ ਕਰਦੇ ਹਨ । ਪਰ ਮੈਨੂੰ ਯਕੀਨ ਹੈ ਕਿ ਪਿੰਡਾਂ ਵਿਚ ਚਾਹੇ ਕੋਈ ਕਿਸੇ ਮਜ਼ਹਬ ਨਾਲ ਸਬੰਧ ਰਖਦਾ ਹੋਵੇ ਉਸ ਨੂੰ ਜ਼ੋਰ ਨਾਲ ਦਬਾਇਆ ਨਹੀਂ ਜਾ ਸਕਦਾ । ਸਾਡੇ ਕੋਲ ਅਜੇਹੀ ਗਲ ਦਾ ਨੋਟਿਸ ਹੋਣਾ ਚਾਹੀਦਾ ਹੈ ਅਸੀਂ ਉਸ ਦੀ ਪੜਤਾਲ ਕਰਨ ਲਈ ਤਿਆਰ ਹਾਂ । (ਪ੍ਰਸ਼ੰਸਾ) (ਤਾੜੀਆਂ)

CASES AGAINST PERSONS INVOLVED IN LAND AGITATION LAUNCHED BY C. P. I. IN AUGUST-SEPTEMBER, 1970

*13. Comrade Satya Pal Dang: Will the Chief Minister be pleased to state—

(a) The number of cases registered by the police in the State against the persons involved in the land agitation launched by the C. P.I. in August-September, 1970 which have not been withdrawn ;

(b) the number of persons involved in each of the said cases;

(c) whether the Government propose to withdraw the cases, referred to in part (a) above ;

Giani Zail Singh: (a) Two. F.I. Rs. Nos. 330 and 331 dated 17th August, 1970, P. S. Fazilka Distt. Ferozepur.)

(b) 56 persons in the first case and 50 in the second case. Cases against 10 women have been withdrawn, thus, 96 men involved in both the cases are on trial in court.

(c) The matter is under consideration of the State Government.

[(ਏ) ਦੋ (ਮੁਕਦਮਾ ਨੰ: 330 ਅਤੇ 331 ਮਿਤੀ 17 ਅਗਸਤ, 1970, ਥਾਣਾ ਫਾਜ਼ਿਲਕਾ ਜ਼ਿਲਾ ਫਿਰੋਜ਼ਪੁਰ)

(ਬੀ) 56 ਵਿਅਕਤੀ ਇਕ ਮੁਕਦਮੇ ਵਿੱਚ ਅਤੇ 50 ਦੂਜੇ ਵਿੱਚ, ਪਰੰਤੂ ਇਨ੍ਹਾਂ ਵਿਚੋਂ 10 ਜ਼ਨਾਨੀਆਂ ਦੇ ਵਿਰੁਧ ਮੁਕਦਮੇ ਵਾਪਸ ਲਏ ਗਏ ਹਨ । ਇਸ ਲਈ 96 ਪੁਰਸ਼ਾਂ ਦੇ ਖਿਲਾਫ ਮੁਕਦਮੇ ਅਦਾਲਤ ਵਿਚ ਚਲ ਰਹੇ ਹਨ ।

(ਸੀ) ਇਹ ਮੁਆਮਲਾ ਸਰਕਾਰ ਦੇ ਵਿਚਾਰ ਅਧੀਨ ਹੈ ।]

ਇਹਨਾਂ 96 ਪੁਰਸ਼ਾਂ ਦੇ ਖਿਲਾਫ ਮੁਕਦਮੇ ਵੀ ਵਾਪਸ ਲੈ ਲਏ ਗਏ ਹਨ ।]

CONSTRUCTION OF MIRANPUR-SWAI SINGH WALA ROAD IN TEHSIL PATIALA

*7. Sardar Prem Singh Prem: Will the Chief Minister be pleased to state—

(a) whether the road from village Miranpur to village Swai Singh-wala in tehsil Patiala is under consideration; if so, its present stage ;

(b) whether it is a fact that the work on the said road has been stopped while the road is only half constructed; if so, the reasons there for ?

Shri Joginder Pal Pandey: (Minister of State for Local Government and Jails) (a) Yes, Out of 4.2 K. Ms of the road, one K. Ms. length has already been constructed. Collection of material on the remaining length is in progress.

(b) Yes. It was temporarily stopped owing to some dispute with the Contractor regarding supply of stone metal.

[(ੲ) ਜੀ ਹਾਂ । ਇਸ ਸੜਕ ਦੀ ਕੁਲ ਲੰਬਾਈ 4.2 ਕਿਲੋਮੀਟਰ ਹੈ, ਜਿਸ ਵਿਚੋਂ ਇਕ ਕਿਲੋਮੀਟਰ ਤੇ ਪੱਥਰ ਦੀ ਕੁਟਾਈ ਦਾ ਕੰਮ ਹੋ ਚੁਕਿਆ ਹੈ ਬਾਕੀ ਸੜਕ ਤੇ ਸਮੱਗਰੀ ਇਕੱਠੀ ਕੀਤੀ ਜਾ ਰਹੀ ਹੈ ।

(ਬੀ) ਜੀ ਹਾਂ, ਇਹ ਕੰਮ ਠੇਕੇਦਾਰ ਦੇ ਨਾਲ ਝਗੜਾ ਹੋਣ ਦੇ ਕਾਰਨ ਆਰਜ਼ੀ ਤੌਰ ਤੇ ਬੰਦ ਹੋ ਗਿਆ ਹੈ ।]

ਸਰਦਾਰ ਪ੍ਰੇਮ ਸਿੰਘ ਪ੍ਰੇਮ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਹਕੀਕਤ ਨਹੀਂ ਕਿ ਜਿਸ ਸਾਮੱਗਰੀ ਦਾ ਵਜ਼ੀਰ ਸਾਹਿਬ ਨੇ ਜ਼ਿਕਰ ਕੀਤਾ ਹੈ ਇਹ ਕਈ ਮਹੀਨਿਆਂ ਤੋਂ ਸੜਕ ਉਤੇ ਪਈ ਹੈ ਲੇਕਿਨ ਫਿਰ ਵੀ ਸੜਕ ਦਾ ਕੰਮ ਸ਼ੁਰੂ ਨਹੀਂ ਹੋਇਆ ?

ਰਾਜ ਮੰਤਰੀ : ਜੋ ਮੇਰਾ ਖਿਆਲ ਹੈ ਉਹ ਮੈਂ ਅਰਜ਼ ਕਰ ਰਿਹਾ ਹਾਂ । ਮੈਂ ਪ੍ਰੇਮ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਸੜਕ ਦੇ ਕੰਮ ਲਈ ਇਸ ਵੇਲੇ ਸਟੋਨ ਸਪਲਾਈ ਹੋ ਚੁਕਾ ਹੈ । ਅਪ੍ਰੈਲ ਦੇ ਐਂਡ ਤਕ ਸ਼ਾਇਦ ਇਹ ਕੰਮ ਕੰਪਲੀਟ ਹੋ ਜਾਵੇਗਾ ।

ਸ੍ਰੀ ਸਪੀਕਰ: ਪ੍ਰੇਮ ਜੀ ਸ਼ਾਇਦ ਠੇਕੇਦਾਰ ਨੇ ਸਮੱਗਰੀ ਅਜੇ ਹੈਂਡ-ਓਵਰ ਨਹੀਂ ਕੀਤੀ ਹੋਣੀ । (*Addressing the hon. Member Sardar Prem Singh Prem* : The contractor might not have handed over the material yet.)

ਸਰਦਾਰ ਪ੍ਰੇਮ ਸਿੰਘ ਪ੍ਰੇਮ : ਮੈਂ ਤਾਂ ਇਹ ਅਰਜ਼ ਕਰ ਰਿਹਾ ਹਾਂ ਕਿ ਸਮਗਰੀ ਬੜੀ ਦੇਰ ਤੋਂ ਉਥੇ ਪਈ ਹੈ । ਇਹ ਸੜਕ ਕਿਸ ਵਜਾ ਕਰਕੇ ਬੰਦ ਕਰ ਦਿੱਤੀ ਗਈ ?

ਰਾਜ ਮੰਤਰੀ ਮੈਂ ਅਰਜ਼ ਕਰਦਾ ਹਾਂ ਕਿ ਇਹ ਸਮੱਗਰੀ ਉਥੇ ਹੁਣ ਆਈ ਹੈ। ਸਰਕਾਰ ਨੇ ਕੰਮ ਬੰਦ ਹੋਣ ਦੀ ਵਜਾ, ਕਰਕੇ ਉਹ ਖਰਚ ਅਪਣੇ ਜ਼ਿਮੇ ਲੈ ਕੇ ਕੰਮ ਸ਼ੁਰੂ ਕੀਤਾ ਹੈ। ਸ਼ਾਇਦ ਪਈ ਹੋਈ ਸਮੱਗਰੀ ਦਾ ਇਸ ਲਈ ਖਿਆਲ ਹੋਵੇ ਕਿਉਂਕਿ ਸਰਕਾਰ ਨੇ ਕੰਮ ਆਪਣੇ ਹੱਥ ਵਿਚ ਲੈ ਲਿਆ ਹੈ।

ਸਰਦਾਰ ਪ੍ਰੇਮ ਸਿੰਘ ਪ੍ਰੇਮ ਵਜ਼ੀਰ ਸਾਹਿਬ ਨੇ ਇਹ ਦੱਸਿਆ ਹੈ ਕਿ ਇਹ ਕੰਮ ਠੇਕੇਦਾਰ ਨਾਲ ਝਗੜਾ ਹੋਣ ਕਾਰਨ ਰੁਕਿਆ ਸੀ। ਕੀ ਵਜੀਰ ਸਾਹਿਬ ਦਸਣਗੇ ਕਿ ਠੇਕੇਦਾਰ ਨਾਲ ਕੀ ਝਗੜਾ ਹੋਇਆ ਸੀ ?

ਮੁੱਖ ਮੰਤਰੀ ਪ੍ਰੇਮ ਜੀ ਨੂੰ ਇਹ ਦੱਸਣਾ ਬੜਾ ਮੁਸ਼ਕਲ ਹੈ। ਮੈਂ ਇਸ ਗੱਲ ਦਾ ਯਕੀਨ ਦਿਵਾਉਂਦਾ ਹਾਂ ਕਿ ਕੰਮ ਜਲਦੀ ਚਾਲੂ ਕਰਾ ਦਿੱਤਾ ਜਾਵੇਗਾ। ਅਗਰ ਨਾ ਹੋਇਆ ਤਾਂ ਉਹ ਮਿਲ ਲੈਣ।

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ: ਕੀ ਵਜ਼ੀਰ ਸਾਹਿਬ ਇਹ ਦਸਣ ਦੀ ਕਿਰਪਾਲਤਾ ਕਰਨਗੇ ਕਿ ਜਿਹੜੀ ਸੜਕ ਬਣ ਰਹੀ ਸੀ, ਇਸ ਦਾ ਬਣਨ ਦਾ ਕੰਮ ਕਦੋਂ ਬੰਦ ਕੀਤਾ ਅਤੇ ਕਿਸ ਦੇ ਆਰਡਰ ਥੱਲੇ ਹੋਇਆ ?

ਰਾਜ ਮੰਤਰੀ : ਮੈਂ ਆਜ਼ਾਦ ਸਾਹਿਬ ਨੂੰ ਅਤੇ ਪ੍ਰੇਮ ਜੀ ਨੂੰ ਕਹਾਂਗਾ ਕਿ ਉਹ ਕਿਸੇ ਵੇਲੇ ਟਾਈਮ ਕੱਢ ਕੇ ਮੇਰੇ ਪਾਸ ਤਸ਼ਰੀਫ ਲੈ ਆਉਣ ਮੈਂ ਇਨ੍ਹਾਂ ਨੂੰ ਪੂਰਾ ਵੇਰਵਾ ਦੇ ਦਿਆਂਗਾ।

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ: ਕੀ ਇਹ ਅਮਰ ਵਾਕਿਆ ਹੈ ਕਿ ਇਸ ਸੜਕ ਦੇ ਬਣਾਉਣ ਦਾ ਕੰਮ ਠੀਕ ਉਦੋਂ ਬੰਦ ਕੀਤਾ ਗਿਆ ਜਦੋਂ ਅਲੈਕਸ਼ਨ ਹੋ ਰਹੇ ਸੀ ਅਤੇ ਵਿਸੇਸ਼ ਰੂਪ ਤੋਂ ਇਹ ਬੰਦ ਕਰਵਾਇਆ ਗਿਆ। ਕੀ ਮਨਿਸਟਰ ਸਾਹਿਬ ਇਹ ਗਲ ਜਾਣਦੇ ਹਨ। ਇਸ ਦੇ ਵਿਚ ਕਮਰੇ ਵਿਚ ਆਉਣ ਦੀ ਕੀ ਲੋੜ ਹੈ। ਇਹ ਸੜਕ ਅਲੈਕਸ਼ਨਾਂ ਦੇ ਦਿਨਾਂ ਵਿਚ ਬਣਨੀ ਬੰਦ ਹੋਈ, ਕਿਉਂ ਹੋਈ ?

ਰਾਜ ਮੰਤਰੀ. ਤੁਸੀਂ ਅਲੱਗ ਨੋਟਿਸ ਦੇ ਦਿਉ, ਮੈਂ ਪੂਰਾ ਵੇਰਵਾ ਦੇ ਦਿਆਂਗਾ।

ਸ਼੍ਰੀ ਸਪੀਕਰ: ਇਸ ਦੇ ਲਈ ਅਲੱਗ ਨੋਟਿਸ ਦੀ ਲੋੜ ਨਹੀਂ। (Separate notice is not required for this)

ਸਰਦਾਰ ਪ੍ਰੇਮ ਸਿੰਘ ਪ੍ਰੇਮ . ਸਪੀਕਰ ਸਾਹਿਬ, ਮੈਨੂੰ ਚੀਫ ਮਨਿਸਟਰ ਸਾਹਿਬ ਅਤੇ ਵਜ਼ੀਰ ਸਾਹਿਬ ਤੇ ਪੂਰਾ ਇਤਬਾਰ ਹੈ। ਇਨ੍ਹਾਂ ਨੇ ਫਰਮਾਇਆ ਹੈ ਕਿ ਅਪ੍ਰੈਲ ਦੇ ਅੰਦਰ ਅੰਦਰ ਕੰਮ ਖਤਮ ਕਰਵਾ ਦੇਣਗੇ। ਜਿਸ ਵਜ੍ਹਾ ਕਰਕੇ ਉਹ ਸੜਕ ਰੋਕੀ ਗਈ ਉਹ ਇਹ ਹੈ, ਅਲੈਕਸ਼ਨ ਦੇ ਉਤੇ ਅਸਰ ਪਾਉਣ ਵਾਸਤੇ। ਅਲੈਕਸ਼ਨ ਸ਼ੁਰੂ ਹੋਣ ਵੇਲੇ ਕੰਮ ਬੰਦ ਕਰ ਦਿੱਤਾ ਗਿਆ। ਕੀ ਵਜ਼ੀਰ ਸਾਹਿਬ ਇਸ ਗਲ ਦੀ ਇਨਕੁਆਇਰੀ ਕਰਾਉਣਗੇ ਕਿ ਕੌਣ ਜ਼ਿਮੇਂਵਾਰ ਹੈ?

ਰਾਜ ਮੰਤਰੀ : ਮੈਂ ਪਹਿਲਾਂ ਵੀ ਪ੍ਰੇਮ ਜੀ ਅਰਜ਼ ਕੀਤੀ ਸੀ ਕਿ ਇਸ ਤਰ੍ਹਾਂ ਦੇ ਜਿਹੜੇ ਕੇਸਿਜ਼ ਹੋਣਗੇ ਉਨ੍ਹਾਂ ਦੀ ਇਨਕੁਆਇਰੀ ਕਰਵਾ ਦਿੱਤੀ ਜਾਵੇਗੀ।

ਡਾਕਟਰ ਅਮੀਰ ਸਿੰਘ ਕਲਕਟ : ਕੀ ਇਹ ਗਲ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਹੈ ਕਿ ਜੋ ਰੋਡ ਡਿਵੈਲਪਮੈਂਟ ਪਿਛਲੇ ਚਾਰ ਸਾਲਾਂ ਵਿਚ ਪੰਜਾਬ ਵਿਚ ਹੋਈ ਹੈ, ਉਹ ਬੜੀ ਹੈਪਹੈਜ਼ਰਡ ਔਰ ਗਲਤ ਤਰੀਕੇ ਨਾਲ ਹੋਈ ਹੈ । ਕੀ ਹੁਣ ਸਰਕਾਰ ਕੋਈ ਬੋਰਡ ਜਾਂ ਹਾਊਸ ਦੀ ਕਮੇਟੀ ਬਣਾ ਕੇ ਇਹ ਜਿਹੜੀ ਰੋਡ ਡਿਵੈਲਪਮੈਂਟ ਪਾਰਟੀਜ਼ਨ ਤਰੀਕੇ ਨਾਲ ਹੋਈ ਹੈ ਇਸ ਦੀ ਪੜਤਾਲ ਕਰਵਾਏਗੀ । ਕੀ ਸਾਰੇ ਹਲਕਿਆਂ ਨੂੰ ਇਨਸਾਫ ਦੇਣ ਵਾਸਤੇ ਇਹ ਕਮੇਟੀ ਜਾਂ ਬਰਡ ਬਣਾਉਣਗੇ ?

ਸ੍ਰੀ ਸਪੀਕਰ : ਇਹ ਰੈਲੇਵੈਂਟ ਨਹੀਂ ਹੈ । (This is not relevant)

CONSTRUCTION OF CIRCULAR ROAD AT SANAUR PATIALA

*8. Sardar Prem Singh Prem: Will the Chief Minister be pleased to state :

(a) whether the construction of circular road of Sanaur (Patiala) has been sanctioned ;

(b) if the answer to part (a) above be in the affirmative, the reasons for not starting the construction work on the said road so far ?

Giani Zail Singh :- (a) No

(b) Question does not arise.

[(ੲ) ਨਹੀਂ ਜੀ ।

(ਬੀ) ਸਵਾਲ ਹੀ ਪੈਦਾ ਨਹੀਂ ਹੁੰਦਾ ।]

ਚੌਧਰੀ ਕਾਂਸ਼ੀ ਰਾਮ: ਮੈਂ, ਸਪੀਕਰ ਸਾਹਿਬ, ਪੀ. ਡਬਲਯੂ. ਡੀ. ਮਨਿਸਟਰ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਹਾਊਸ ਦੀ ਇਨਫਰਮੇਸ਼ਨ ਲਈ ਕੀ ਉਹ ਦਸ ਸਕਦੇ ਹਨ ਕਿ ਅਸੀਂ ਪੀ. ਡਬਲਯੂ. ਡੀ. ਡਿਪਾਰਟਮੈਂਟ ਨੂੰ ਮੇਨਟੇਨ ਕਰਨ ਦੀ ਖਾਤਰ ਕਿੰਨਾਂ ਰੁਪਿਆ ਖਰਚ ਕਰਦੇ ਹਾਂ, ਐਕਚੁਅਲ ਸੜਕਾਂ ਅਸੀਂ ਕਿੰਨੀਆਂ ਬਣਾਉਂਦੇ ਹਾਂ ਅਤੇ ਕਿਤਨੇ ਫੰਡਜ਼ ਅਲਾਟ ਕੀਤੇ ਹੋਏ ਹਨ ?

ਸ੍ਰੀ ਸਪੀਕਰ : ਇਹ ਇਕ ਪਾਰਟੀਕੁਲਰ ਸੜਕ ਸਨੌਰ ਸਰਕੁਲਰ ਰੋਡ ਦੇ ਬਾਰੇ ਸਵਾਲ ਹੈ । ਜੇ ਤੁਸੀਂ ਸਾਰੇ ਡਿਪਾਰਟਮੈਂਟ ਦੀ ਕਾਰਗੁਜ਼ਾਰੀ ਪੁਛੋ ਤਾਂ ਰੈਲੇਵੈਂਟ ਨਹੀਂ ਹੈ ।

(The question is about a particular road, namely Sanaur Circular Road. To ask about the working of the whole department is not relevant)

Now the Development Minister will lay some papers on the Table of the House.

STATEMENTS LAID ON THE TABLE OF THE HOUSE IN REPLY TO CALL ATTENTION NOTICES

ਵਿਕਾਸ ਮੰਤਰੀ: (ਕੈਪਟਨ ਰਤਨ ਸਿੰਘ) ਸਪੀਕਰ ਸਾਹਿਬ, ਮੈਂ ਕਾਲ ਅਟੈਨਸ਼ਨ ਮੋਸ਼ਨ ਨੰਬਰ 1, 59 ਅਤੇ 85 ਦੇ ਉਤਰ ਸਦਨ ਦੀ ਮੇਜ਼ ਤੇ ਰਖਦਾ ਹਾਂ ।

(ਕ੍ਰਮ ਨੰ: 1)

ਕਾਮਰੇਡ ਦਾਨਾ ਰਾਮ: ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਅਰਥਾਤ, ਲੰਬੀ ਹਲਕੇ ਦੇ ਪਿੰਡਾਂ ਵਿਚ ਨਹਿਰੀ ਪਾਣੀ ਦੀ ਅਤਿਅੰਤ ਘਟ ਸਪਲਾਈ ਵੱਲ ਖਾਸ ਕਰਕੇ ਅਬੋਹਰ ਸਬ-ਤਹਿਸੀਲ ਦੇ 26, 27 ਪਿੰਡਾਂ ਵਿਚ ਪਾਣੀ ਬਿਲਕੁਲ ਹੀ ਨਹੀਂ ਦਿੱਤਾ ਜਾ ਰਿਹਾ ਹੈ ਕਿਉਂਕਿ ਇਹ ਪਿੰਡ ਚੰਡੀਗੜ੍ਹ ਅਵਾਰਡ ਦੇ ਅਨੁਸਾਰ ਹਰਿਆਣੇ ਵਿਚ ਜਾਣੇ ਹਨ। ਪਿਛਲੀ ਅਕਾਲੀ ਸਰਕਾਰ ਇਨ੍ਹਾਂ ਪਿੰਡਾਂ ਵੱਲ ਬਦਲਾ ਲਊ ਰਵੱਈਆ ਰੱਖਦੀ ਰਹੀ ਹੈ।

ਸ੍ਰੀ ਗੁਰਮੇਲ ਸਿੰਘ (ਸਿੰਜਾਈ ਅਤੇ ਬਿਜਲੀ ਮੰਤਰੀ): ਲੰਬੀ ਹਲਕੇ ਦੇ ਬਹੁਤ ਸਾਰੇ ਪਿੰਡ ਜਿਹੜੇ ਕਿ ਲੰਬੀ ਡਿਸਟ੍ਰੀਬਿਊਟਰੀ ਸਿਸਟਮ, ਸੁਖਚੈਨ ਡਿਸਟ੍ਰੀਬਿਊਟਰੀ ਸਿਸਟਮ ਅਤੇ ਮਲੂਕਪੁਰ ਡਿਸਟ੍ਰੀਬਿਊਟਰੀ ਸਿਸਟਮ ਤੇ ਹਨ, ਚੰਡੀਗੜ੍ਹ ਅਵਾਰਡ ਦੇ ਸਿਲਸਲੇ ਵਿਚ ਹਰਿਆਣਾ ਸਟੇਟ ਨੂੰ ਬਦਲੇ ਜਾਣੇ ਤਜਵੀਜ਼ ਹੋਏ ਹਨ, ਜਿਵੇਂ ਕਿ ਮਤੇ ਵਿਚ ਲਿਖਿਆ ਹੋਇਆ ਹੈ। ਇਨ੍ਹਾਂ ਚੈਨਲਾਂ ਦੀ ਸਪਲਾਈ ਦੀ ਹਾਲਤ ਬੜੀ ਤਸੱਲੀ ਬਖਸ਼ ਹੈ ਜਿਵੇਂ ਕਿ ਇਰੀਗੇਸ਼ਨ ਸਟੇਟਮੈਂਟਾਂ (ਨੱਥੀ) ਤੋਂ ਮਾਲੂਮ ਹੁੰਦਾ ਹੈ।

ਟੇਲਗੇਜ ਸਟੇਟਮੈਂਟਾਂ ਤੋਂ ਵੀ ਪਤਾ ਲਗਦਾ ਹੈ ਕਿ ਇਨ੍ਹਾਂ ਚੈਨਲਾਂ ਤੇ ਕੋਈ ਕਮੀ ਨਹੀਂ ਜਿਵੇਂ ਕਿ ਦੋਸ਼ ਲਗਾਇਆ ਗਿਆ ਹੈ। ਸਰਦੀਆਂ ਵਿਚ ਜਦੋਂ ਕਿ ਦਰਿਆ ਵਿਚ ਪਾਣੀ ਦੀ ਸਪਲਾਈ ਘੱਟ ਜਾਂਦੀ ਹੈ ਤੋਂ ਬਿਨਾਂ ਇਹ ਚੈਨਲਾਂ 12 ਮਾਸੀ ਹੋਣ ਕਾਰਨ ਪੂਰੇ ਡਿਸਚਾਰਜ ਨਾਲ ਸਾਰਾ ਸਾਲ ਚਲਦੀਆਂ ਰਹਿੰਦੀਆਂ ਹਨ ਅਤੇ ਸਰਦੀਆਂ ਵਿਚ ਇਹ ਨਹਿਰਾਂ ਵੀ ਵਾਰੀ ਸਿਰ ਬੰਦ ਕੀਤੀਆਂ ਜਾਂਦੀਆਂ ਹਨ ਤਾਂ ਜੋ ਸਮੂਹ ਨਹਿਰਾਂ ਨੂੰ ਉਸ ਮੌਸਮ ਵਿਚ ਇਕੋ ਜਿਹੀ ਸਪਲਾਈ ਮਿਲ ਸਕੇ।

(The various villages in Lambi area proposed to be transferred to Haryana under Chandigarh award as mentioned in the note, fall on Lambi Distributary system Sukhchain Distributary and Mulukpur Distributary system and the supply condition on these channels is quite satisfactory, as is evident from the enclosed irrigation statement.

The tail gauge statements for these channels further reveal that there is no such shortage as alleged. These channels being perennial ones run with full supply discharge during the year except in winter when the supply in the River falls and these are made to run in rotation for equitable distribution in all the channels without any discrimination.)

VILLAGE WISE IRRIGATION OF ABOHAR DIVISION

Name of Village		Kharif 1969	Kharif 1970	Kharif 1971	Rabi 1969-70	Rabi 1970-71
Sito Gannu	..	2,201	2,028	2,227	1,371	1,518
Muajpur	..	1,494	1,342	1,421	793	966
Bhagsar	..	980	1,005	1,097	694	829
Khairpur	..	546	558	616	381	386
Bhagu	..	1,576	1,878	1,876	1,613	1,516
Savdar Pur	..	1,402	1,440	1,460	1,092	1,069
Sukhchain	..	1,242	1,278	1,589	1,195	1,161
Datanwala	..	1,959	1,950	2,142	1,416	1,450
Bazidpur	..	2,277	2,186	2,103	1,577	1,547

Name of the Village	Kharif 1969	Kharif 1970	Kharif 1971	Rabi 1969-70	Rabi 1970-71
Himatpur	1729	1528	1502	1236	1116
Bishan Pur	1272	1586	1349	977	971
Narainpura	1019	1257	1118	653	698
Ram Pura	800	755	767	518	508
Kutar	1881	2092	1685	1574	1195
Dode Wala	1840	2203	2133	1936	1396
Rajanwali	2316	2411	2446	1879	1893
Kalatibha	1625	1564	1603	1295	1290
Raipura	1916	1322	1221	960	1062
Ram Pura	1600	2486	2417	1805	1868
Amarpura	1850	2142	1690	1446	1441
Wahab Wala	1372	1787	1420	1580	1493
Rajpura	1476	1558	1484	1010	1037

TAIL GAUGES FOR 2/72 (CHANNEL RUNNING IN ROTATION)

Date	Lambi Disty.	Preference	Sukchain Disty.	Preference	Malukpur Disty.	Preference
1	1.1	1st preference	0.7	Ist preference	1.05	2nd Preference.
2	Nil		Nil		1.05	
3	„		„		1.20	
4	„	3rd preference	„	3rd Preferencе.	1.15	1st preference.
5	„		„		1.15	
6	„	Sunday	„		1.1	
7	„		„		1.1	
8	„		„		1.1	
9	„		„		1.0	
10	Nil		Nil		0.8	
11	1.2		„		Nil	
12	1.25		0.65		„	
13	1.3	Sunday			„	
14	1.2	2nd Preference	—	2nd Preference	„	3rd Preference.
15	Nil		0.85		„	
16	1.0		0.85		„	
17	1.2		0.7		„	
18	1.65		0.3		Nil	
19	1.65		Nil		„	

[Development Minister]

Date	Lambi Disty.	Preference	Sukhchain Disty.	Preference	Malukpur Disty.	Preference
20	1.6	Sunday	—		0.3	
21	1.65	Ist Perference	0.95	Ist Preference.	Nil	IInd Preference.
22	1.65		0.95		0.55	
23	1.6		0.95		0.65	
24	1.5		1.0			
25	1.6		1.0		Nil	
26	1.65		1.0		Nil	
27	Nil	IIIrd Preference.	Nil	IIIrd Preference.	0.6	Ist Preference.
28	,,		,,		0.3	
29	,,		,,		Nil	

Tail Ganges for 3/72 (Channel running in rotation)

Date	Lambi Disty	Preference	Sukhchain Disty	preference	Malukpur Disty	Preference
1.	Nil		Nil		Nil	1st preference
2.	,,	IIIrd preference	,,	IIIrd preference	0.65	
3.	,,		,,		0.6	
4.	,,		,,		0.65	
5.	Nil		Nil		0.70	
6.	,,		,,		—	
7.	,,	IInd preference	,,	IInd preference	—	IIIrd preference
8.	,,		1.1		,,	
9.	,,		1.15		,,	
10.			1.15		,,	
11.	1.7		1.1		,,	
12.	1.5	Sunday	—		,,	
1..	1.65		1.05		Nil	
14.	1.7		1.05		0.65	
15.	1.6		1.1		0.65	
16.	1.6		1.1		0.80	
17.	1.6	Ist preference	1.0	Ist preference	0.75	IInd preference
18.	1.65		1.0		0.85	
19.	1.7	Sunday	—		0.90	

Date	Lambi Disty	Preference	Sukhchain Disty	Preference	Malukpur Disty	Preference
20	1.7		1.0		0.85	
21	1.7		1.05		0.85	
22	1.7		Nil		0.90	
23	1.2		,,		0.90	
24	Nil		Nil		0.90	
25	,,	3rd preference	Nil	3rd preference	0.85	1st preference
26	,,		,,		0.85	
27	,,		,,		0.80	
28			,,		0.50	
29	,,		,,		Nil	

(*Serial No. 59*)

Comrade Shamsher Singh Josh: to draw the attention of the Government towards a matter of urgent public importance namely, the resentment amongst the Punjab Roadways workers due to the reported decision of the Punjab Government to convert Punjab Roadways into a Corporation. The employees are reported to have decided to launch an agitation to get this decision reversed as the formation of the Corporation will lead to change the service conditions and other benefits they draw at present as Government employees, as reported in a section of press. Accordingly this notice is given. The Government may make a statement at the earliest.

ਗਿਆਨੀ ਜ਼ੈਲ ਸਿੰਘ (ਮੁੱਖ ਮੰਤਰੀ) : ਮਾਮਲਾ ਵਿਚਾਰ ਅਧੀਨ ਹੈ । ਅੰਤਮ ਫੈਸਲਾ ਕਰਨ ਤੋਂ ਪਹਿਲਾਂ ਕਰਮਚਾਰੀਆਂ ਦੇ ਹਿਤਾਂ ਬਾਰੇ ਵਿਚਾਰ ਕੀਤਾ ਜਾਵੇਗਾ ।

[The matter is under consideration. At the time of taking final decision, the interests of employees will be given due consideration.]

(*Serial No. 83*)

Sardar Surjit Singh: to draw the attention of the Government towards a matter of urgent public importance, namely, that about six months back a huge police force was posted at Village Dadahoor in District Sangrur because a murder had been committed, there. The standing crops of the villagers were destroyed. Some houses were also demolished and a large population of the village was handcuffed for several days. Even now a large police force is stationed at this village. The mounted policemen even now forcibly graze their horses in the fields and their is a great resentment in this area about the conduct of policemen.

As it is a matter of considerable public importance the Government may be asked to make a statement.

ਗਿਆਨੀ ਜ਼ੈਲ ਸਿੰਘ (ਮੁੱਖ ਮੰਤਰੀ) : ਇਸ ਸਿਲਸਲੇ ਵਿਚ- ਸਥਿਤੀ ਇਸ ਪ੍ਰਕਾਰ ਹੈ । 28 ਸਤੰਬਰ, 1971 ਨੂੰ 6 ਐਕਸਟ੍ਰੀਮਿਸਟਸ (Extremists) ਜਿਨ੍ਹਾਂ ਵਿਚ ਇਕ ਪਿਆਰਾ ਸਿੰਘ ਪਿੰਡ ਦਦਾਹੂਰ ਇਸ਼ਤਿਹਾਰੀ ਮੁਲਜ਼ਮ, ਜਿਸ ਦਾ ਇਨਾਮ 5000 ਰੁਪਿਆ ਸੀ, ਨੇ ਦਿਨ ਦਿਹਾੜੇ ਘੋੜਸਵਾਰ ਹਥਿਆਰ ਬੰਦ ਪੁਲਿਸ ਚੌਕੀ ਦਦਾਹੂਰ ਤੇ ਹਮਲਾ ਕੀਤਾ । ਪੁਲਿਸ ਵਾਲਾ ਗਾਰਡ ਡਿਊਟੀ ਤੇ ਨਾ ਹੋਣ ਕਰਕੇ ਇਕ ਕਰਮਚਾਰੀ ਨੂੰ ਉਹ ਨੇ ਗੋਲੀ ਮਾਰ ਕੇ ਮਾਰ ਦਿਤਾ । ਚਾਰ ਰਾਈਫਲਾਂ ਅਤੇ 200 ਕਾਰਤੂਸ ਲੈਕੇ ਭਜ ਗਏ, ਇਹ ਇਕ ਬੜਾ ਗੰਭੀਰ ਜੁਰਮ ਸੀ ਜਿਹੜਾ ਅਤਿ ਵਾਦੀਆਂ ਨੇ ਕੀਤਾ ਸੀ । ਪੁਲੀਸ ਨੇ ਬੜੇ ਜ਼ੋਰ ਨਾਲ ਤਫਤੀਸ਼ ਕੀਤੀ ਅਤੇ ਕਾਫੀ ਪੁਲਿਸ ਇਸ ਸਿਲਸਲੇ ਵਿਚ ਲਾਈ ਗਈ ਅਤੇ ਗਸ਼ਤ ਕਰਨ ਲਈ ਵੀ ਕਾਫੀ ਪੁਲਿਸ ਲਾਈ ਗਈ ਤਾਂ ਕਿ ਅਮਨ ਪਸੰਦ ਲੋਕਾਂ ਵਿਚ ਅਮਨ ਬਹਾਲ ਰੱਖਣ ਵਾਲੀ ਮਸ਼ੀਨਰੀ ਤੇ ਭਰੋਸਾ ਆ ਜਾਵੇ ।

ਤਫਤੀਸ਼ ਦੇ ਦੌਰਾਨ ਮੁਲਜ਼ਮਾਂ ਅਤੇ ਚੋਰੀ ਹੋਏ ਅਸਲੇ ਦੀ ਭਾਲ ਕਰਨ ਲਈ ਉਨ੍ਹਾਂ ਦੇ ਘਰਾਂ ਅਤੇ ਹੋਰ ਲੁਕਣ ਵਾਲੀਆਂ ਥਾਵਾਂ ਦੀ ਤਲਾਸ਼ੀ ਕੀਤੀ ਗਈ। ਪਨਾਹ ਦੇਣ ਵਾਲਿਆਂ ਦੇ ਘਰਾਂ ਦੀ ਤਲਾਸ਼ੀ ਲੈਣ ਤੋਂ ਉਪਰੰਤ 119 ਪਨਾਹ ਦੇਣ ਵਾਲੇ ਵਿਅਕਤੀ ਗ੍ਰਿਫਤਾਰ ਕੀਤੇ ਗਏ । ਇਸ਼ ਕੇਸ ਦੇ ਮੁਲਜ਼ਮਾ ਵਿਚੋਂ ਇਕ ਮੁਲਜ਼ਮ ਪਹਿਲਾਂ ਹੀ ਗ੍ਰਿਫਤਾਰ ਕੀਤਾ ਗਿਆ ਸੀ, ਤਿੰਨ ਪੁਲਿਸ ਮੁਕਾਬਲੇ ਵਿਚ ਮਾਰੇ ਗਏ ਹਨ ਅਤੇ ਬਾਕੀ ਦੋਹਾਂ ਦੀ ਭਾਲ ਕੀਤੀ ਜਾ ਰਹੀ ਹੈ । ਤਿੰਨ ਰਾਈਫਲਾਂ ਅਤੇ 31 ਕਾਰਤੂਸ ਵੀ ਪ੍ਰਾਪਤ ਕੀਤੇ ਜਾ ਚੁਕੇ ਹਨ ।

2. ਪੁਲਿਸ ਦੀ ਅਸਰਦਾਰ ਕਾਰਵਾਈ ਕਰਕੇ ਅਤਿਵਾਦੀਆਂ ਦੇ ਮਦਦਗਾਰਾਂ ਵਲੋਂ ਪੁਲਿਸ ਦੇ ਖਿਲਾਫ ਸ਼ਿਕਾਇਤਾਂ ਕੀਤੀਆਂ ਗਈਆਂ ਹਨ । ਇਹ ਦੋਸ਼ ਲਾਇਆ ਗਿਆ ਸੀ ਕਿ ਮੁਲਜਮਾਂ ਅਤੇ ਉਨ੍ਹਾਂ ਦੇ ਸਬੰਧੀਆਂ ਦੇ ਘਰਾਂ ਨੂੰ ਗਿਰਾ ਦਿਤਾ ਗਿਆ ਹੈ ਅਤੇ ਉਨ੍ਹਾਂ ਦੀਆਂ ਖੜੀਆਂ ਫਸਲਾਂ ਉਜਾੜ ਦਿਤੀਆਂ ਗਈਆਂ ਹਨ । ਮਾਸੂਮ ਲੋਕਾਂ ਨੂੰ ਅਤੇ ਔਰਤਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਤੰਗ ਕੀਤਾ ਗਿਆ ਹੈ । ਇਨ੍ਹਾਂ ਦੋਸ਼ਾਂ ਦੀ ਪੜਤਾਲ ਡਿਪਟੀ ਇਨਸਪੈਕਟਰ ਜਨਰਲ ਪੁਲਿਸ, ਪਟਿਆਲਾ ਰੇਂਜ ਨੇ ਕੀਤੀ ਅਤੇ ਇਹ ਰਿਪੋਰਟ ਦਿਤੀ ਕਿ ਇਨ੍ਹਾਂ ਵਿਚ ਕੋਈ ਸਚਾਈ ਨਹੀਂ ।

3. ਸੁਪਰਡੰਟ ਪੁਲਿਸ, ਸੰਗਰੂਰ ਨੇ ਰਿਪੋਰਟ ਦਿਤੀ ਹੈ ਇਕ ਸਬ-ਇਨਸਪੈਕਟਰ ਇਕ ਹੈਡਕਾਂਸਟੇਬਲ ਅਤੇ 10 ਸਿਪਾਹੀ ਪਿੰਡ ਦਦਾਹੂਰ ਵਿਚ ਤਾਇਨਾਤ ਹਨ । ਇਹਨਾਂ ਨੂੰ ਉਥੇ ਅਮਨ ਰਖਣ ਲਈ ਅਤੇ ਅਮਨ ਪਸੰਦ ਲੋਕਾਂ ਦੀ ਸੁਰਖਿਆ ਲਈ ਰਖਿਆ ਗਿਆ ਹੈ । ਉਸ ਨੇ ਇਹ ਵੀ ਰਿਪੋਰਟ ਦਿਤੀ ਹੈ ਕਿ ਪਿੰਡ ਵਲੋਂ ਅਜਿਹੀ ਕੋਈ ਸ਼ਿਕਾਇਤ ਨਹੀਂ ਮਿਲੀ ਕਿ ਪੁਲਿਸ ਕਰਮਚਾਰੀ ਆਪਣੇ ਘੋੜੇ ਜਬਰਦਸਤੀ ਪੈਲੀਆਂ ਵਿਚ ਚਰ ਦੇ ਹਨ । ਉਸ ਦਾ ਇਹ ਵੀ ਕਹਿਣਾ ਹੈ ਕਿ ਪਿੰਡ ਵਾਸੀ ਪੁਲਿਸ ਨੂੰ ਉਥੇ ਤਾਈਨਾਤ ਕਰਨ ਵਿਚ ਕੋਈ ਚਿੰਤਾ ਪ੍ਰਗਟ ਨਹੀਂ ਕਰ ਰਹੇ ਸਗੋਂ ਉਹ ਖੁਸ਼ੀ ਹਨ ਕਿਉਂਕਿ ਉਹਨਾਂ ਦੀ ਸੁਰਖਿਆ ਕੀਤੀ ਜਾ ਰਹੀ ਹੈ ।

ਚੌਧਰੀ ਰਾਮ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਮੇਰੀ ਅਰਜ਼, ਸਪੀਕਰ ਸਾਹਿਬ, ਇਹ ਹੈ ਕਿ ਮੈ ਕਲ ਇਕ ਸ਼ਾਰਟ ਨੋਟਿਸ ਕੁਐਸਚਨ ਦਿਤਾ ਸੀ। ਇਸ ਗਲ ਨੂੰ ਦੇਖਿਆ ਜਾਏ । (ਸ਼ੋਰ) ਸਰਕਾਰ ਨੂੰ ਤਵੱਜੋ ਦੇਣੀ ਚਾਹੀਦੀ ਹੈ । ਇਹ ਬੜਾ ਇੰਪਾਰਟੈਂਟ ਪੁਆਇੰਟ ਹੈ । ਇਸ ਦੇ ਨਾਲ ਸਾਰੇ ਹਿੰਦੁਸਤਾਨ ਤੇ ਅਸਰ ਪਏਗਾ ਕਿ ਅਜ ਪੰਜਾਬ ਵਿਚ ਕੀ ਹਾਲਤ ਹੈ । (ਵਿਘਨ)

ਸ੍ਰੀ ਸਪੀਕਰ : ਮੈਂ ਤੁਹਾਡਾ ਸੁਆਲ ਵਜ਼ੀਰ ਸਾਹਿਬ ਨੂੰ ਭੇਜ ਦਿਤਾ ਸੀ । ਉਨ੍ਹਾਂ ਦਾ ਜਵਾਬ ਮਿਲਣ ਤੇ ਆ ਜਾਏਗਾ । (I have sent your question to the Minister concerned. On receiving the reply from the Government it will be taken up.)

ਸਿਖਿਆ ਮੰਤਰੀ : ਤੁਹਾਡਾ ਸੁਆਲ ਚੌਧਰੀ ਸਾਹਿਬ ਮੈਨੂੰ ਪਹੁੰਚਿਆ ਨਹੀਂ । ਜਦੋਂ ਆਏਗਾ ਤਾਂ ਜਵਾਬ ਦੇ ਦਿਆਂਗੇ ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਜਦੋਂ ਤਿੰਨ ਛੁੱਟੀਆਂ ਹੋਣ ਤਾਂ ਕਾਲ ਅਟੈਨਸ਼ਨ ਮੋਸ਼ਨਾਂ ਲਈ 24 ਘੰਟਿਆਂ ਵਾਲਾ ਰੂਲ ਰਿਲੈਕਸ ਕਰ ਦਿਤਾ ਜਾਂਦਾ ਹੈ ।

ਸ੍ਰੀ ਸਪੀਕਰ : ਡਾਂਗ ਸਾਹਿਬ ਨੋਟਿਸ ਕੁਝ ਦੇਰ ਪਹਿਲਾਂ ਦੇਣਾ ਚਾਹੀਦਾ ਸੀ । (Dang Sahib, the notice should have been given a bit earlier.)

ਕਾਮਰੇਡ ਸੱਤ ਪਾਲ ਡਾਂਗ : ਇਸ ਤੋਂ ਪਹਿਲਾਂ, ਸਪੀਕਰ ਸਾਹਿਬ, ਕਿ ਗਵਰਨਰ ਦੇ ਅਡਰੈਸ ਤੇ ਡਿਸਕਸ਼ਨ ਰਿਜ਼ਿਊਮ ਕਰੋ, ਇਮਪਲਾਈਜ਼ ਦੇ ਇੰਟੈਰਿਮ ਦਾ ਮਸਲਾ ਕਾਫੀ ਅਹਿਮ ਹੈ । ਇਸ ਦੇ ਵਿਚ ਲੋਕਾਂ ਨੇ ਆਪਣੇ ਵਿਚਾਰ ਰਖਣੇ ਹਨ ਅਤੇ ਅਖਬਾਰਾਂ ਵਿਚ ਵੀ ਰੋਜ ਆਉਂਦਾ ਹੈ ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਸਾਨੂੰ ਦਸ ਦੇਣ ਕਿ ਇਨ੍ਹਾਂ ਨੇ ਕੀ ਫੈਸਲਾ ਕੀਤਾ ਹੈ । ਇਥੇ ਹਾਊਸ ਵਿਚ ਅਤੇ ਅਖਬਾਰਾਂ ਵਿਚ ਵੀ ਆਇਆ ਹੈ ਕਿ ਅਨਾਊਂਸਮੈਂਟ ਕਰਨੀ ਹੈ ।

ਸ੍ਰੀ ਸਪੀਕਰ : ਗੌਰਮਿੰਟ ਨੇ ਕਮੇਟੀ ਬੜੀ ਛੇਤੀ ਬਣਾਈ ਹੈ । ਕਮੇਟੀ ਮੀਟਿੰਗ ਕਰਦੀ ਹੈ । ਫੈਸਲਾ ਤੁਹਾਡੇ ਸਾਹਮਣੇ ਆ ਜਾਵੇਗਾ । (Government has promptly constituted a committee which is holding its meetings and the decision will be out very soon.)

ਮੁੱਖ ਮੰਤਰੀ : ਸਪੀਕਰ ਸਾਹਿਬ ਮੈਂ ਡਾਂਗ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਇਮਪਲਾਈਜ਼ ਬਾਰੇ ਸਟੇਟਮੈਂਟ ਅੱਜ ਕਰਨ ਦਾ ਇਰਾਦਾ ਸੀ । ਲੇਕਿਨ ਸਾਡੇ ਫਾਈਨਾਂਸ ਮਨਿਸਟਰ ਬਿਮਾਰ ਹੋ ਗਏ ਹਨ ਤੇ ਇਹ ਸਾਰਾ ਮਾਮਲਾ ਫਾਈਨਾਂਸ ਨਾਲ ਤੁਅੱਲਕ ਰੱਖਦਾ ਹੈ ਇਸ ਲਈ ਉਨ੍ਹਾਂ ਦੇ ਨਾਲ ਸਲਾਹ ਕਰਕੇ ਕਰਨ ਵਾਲੀ ਗਲ ਸੀ । ਇਸ ਕਰਕੇ ਅਨਾਊਂਸਮੈਂਟ ਰੋਕੀ ਗਈ ਸੀ ।

DISCUSSION ON GOVERNOR'S ADDRESS (RESUMPTION)

Mr. Speaker : Now the House will resume discussion on Motion of Thanks for Governors Address moved by Sardar Prem Singh Prem M.L.A. on the 3rd April, 1972 and seconded by Acharya Prithvi Singh Azad, M.L.A.

ਸ੍ਰੀ ਮਤੀ ਗੁਰਬਰਿੰਦਰ ਕੌਰ ਬਰਾੜ (ਮਲੋਟ) ਮਾਨ ਯੋਗ ਸਪਿਕਰ ਸਾਹਿਬ, ਮੈਂ ਗਵਰਨਰ ਸਾਹਿਬ ਦੇ ਐਡਰੈਸ ਨੂੰ ਸੁਣਿਆ ਹੈ ਅਤੇ ਸਭ ਤੋਂ ਪਹਿਲਾਂ ਮੈਂ ਇਸ ਗਲ ਲਈ ਮੁਬਾਰਕਬਾਦ ਦਿੰਦੀ ਹਾਂ ਕਿ ਉਨ੍ਹਾਂ ਨੇ ਪੰਜਾਬੀ ਜ਼ਬਾਨ ਵਿਚ ਆਪਣਾ ਐਡਰੈਸ ਪੜ੍ਹਿਆ ਸੀ, (ਪ੍ਰਸ਼ੰਸਾ) ਬੜੇ ਸੋਹਣੇ ਢੰਗ ਨਾਲ ਅਤੇ ਸੁੰਦਰ ਲਹਿਜੇ ਵਿਚ ਪੜ੍ਹਿਆ ।

(ਵਿਘਨ)

ਸਰਦਾਰ ਗੁਰਚਰਨ ਸਿੰਘ (ਨਿਹਾਲ ਸਿੰਘ ਵਾਲਾ): ਸਪੀਕਰ ਸਾਹਿਬ, ਇਹ ਮੇਰੀ ਕਾਲ-ਅਟੈਂਸ਼ਨ ਸੀ ਇਸ ਦੀ ਕਾਪੀ ਮੈਨੂੰ ਹੁਣ ਦਿਤੀ ਗਈ ਹੈ ਇਸ ਨੂੰ ਟੇਕ ਅਪ ਕਿਉਂ ਨਹੀ ਕੀਤਾ ਗਿਆ ?

ਸ੍ਰੀ ਸਪੀਕਰ: ਇਹ ਤੁਸੀਂ ਕਦ ਦਿਤੀ ਸੀ। ਕਿਸ ਵਕਤ ਦਿਤੀ ਸੀ ?(I would like to know the date and time when the hon. Member gave the notice of his Call Attention Motion ?)

ਸਰਦਾਰ ਗੁਰਚਰਨ ਸਿੰਘ (ਨਿਹਾਲ ਸਿੰਘ ਵਾਲਾ): ਮੈਂ ਇਸ ਦਾ ਨੋਟਿਸ ਕਲ ਦਿਤਾ ਸੀ, ਕੋਈ ਦੋ ਪੌਣੇ ਦੋ ਵਜੇ।

ਸ੍ਰੀ ਸਪੀਕਰ: ਇਸ ਲਈ ਤਾਂ 24 ਘੰਟੇ ਦਾ ਨੋਟਿਸ ਚਾਹੀਦਾ ਹੈ ।

ਇਸ ਦੇ ਨਾਲ ਹੀ ਮੈਂ ਮੈਂਬਰ ਸਾਹਿਬਾਨ ਪਾਸ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਅਸਾਡੇ ਪਾਸ ਗਵਰਨਰ ਸਾਹਿਬ ਦੇ ਐਡਰੈਸ ਤੇ ਡਿਸਕਸ਼ਨ ਲਈ ਕੁਲ 10 ਘੰਟੇ ਹਨ ਸ਼ੁਰੂ ਤੋਂ ਆਖਿਰ ਤਕ ਅਤੇ ਟਾਈਮ ਦੀ ਵੰਡ ਇਸ ਪ੍ਰਕਾਰ ਕੀਤੀ ਗਈ ਗਈ ਹੈ। ਸੀ: ਪੀ. ਆਈ. 1 ਘੰਟਾ ; ਅਕਾਲੀ ਪਾਰਟੀ ਢਾਈ ਘੰਟੇ ਕਾਂਗਰਸ; ਸਾਢੇ ਛੇ ਘੰਟੇ; ਇਨਡੀਪੈਂਡੈਂਟਸ; ਅੱਧਾ ਘੰਟਾ ਅਤੇ ਸੀ. ਪੀ: ਐਮ: 15 ਮਿੰਟ । ਇਸ ਸਮੇਂ ਵਿਚੋਂ ਕੁਝ ਸਮਾਂ ਪਾਰਟੀਆਂ ਨੇ ਲੈ ਵੀ ਲਿਆ ਹੋਇਆ ਹੈ ਜਿਹੜਾ ਇਸ ਪ੍ਰਕਾਰ ਹੈ; ਸੀ: ਪੀ: ਆਈ: 17 ਮਿੰਟ; ਅਕਾਲੀ ਪਾਰਟੀ 54 ਮਿੰਟ; ਕਾਂਗਰਸ 1 ਘੰਟਾ 33 ਮਿੰਟ । ਇਸ ਲਈ ਮੈਂ ਬੇਨਤੀ ਕਰਾਂਗਾ ਕਿ ਲੀਡਰ ਆਫ ਦੀ ਪਾਰਟੀਜ਼ ਆਪਣੇ ਪਾਰਟੀਆਂ ਦੇ ਚੀਫ ਵਿਪਸ ਨੂੰ ਕਹਿ ਦੇਣ ਤਾਂ ਕਿ ਜਿਨ੍ਹਾਂ ਮੈਂਬਰਾਂ ਨੂੰ ਉਹ ਅਕੋਮੋਡੇਟ ਕਰਨਾ ਚਾਹੁਣ ਕਰ ਲੈਣ ਅਤੇ ਐਡਜਸਟ ਕਰ ਲੈਣ

(But 24 hours' notice is needed in respect of a Call-Attention Notice.

I would like to submit before the hon. Members that we have only ten hours at our disposal for the discussion on the Governor's Address. This time has been divided among parties as under: C. P. I.—1 hour; Akali Party – 2½ hours; Congress Party 6½ hours; Independents-half an hour and the C.P.M.—fifteen minutes. Out of their share, the parties have already taken time as under: C.P.I. — 17 minutes; Akali Party —54 minutes; Congress Party-1 hour and 33 minutes. I would, therefore, request the Party Leaders to ask their party whips to adjust the time among their party Members accordingly.)

ਸਿਖਿਆ ਮੰਤਰੀ: ਸਪੀਕਰ ਸਾਹਿਬ, 10 ਜਾਂ 15 ਮਿੰਟ ਦਾ ਸਮਾਂ ਸਪੀਚ ਲਈ ਮੁਕਰਰ ਕਰ ਦਿਓ ।

ਸ੍ਰੀ ਸਪੀਕਰ : ਇਹ ਤਾਂ ਪਾਰਟੀਆਂ ਤੇ ਹੀ ਮੁਨਹਸਰ ਹੈ । ਤੁਸੀਂ ਆਪਣੀ ਪਾਰਟੀ ਬਾਰ ਜਿਸ ਤਰ੍ਹਾਂ ਚਾਹੋ ਕਰ ਲਓ । (The allotment of time has been left to the Parties. The hon Minister can adjust the time among his Party Members.)

ਸ੍ਰੀਮਤੀ ਗੁਰਬਰਿੰਦਰ ਕੌਰ ਬਰਾੜ : ਤੇ ਮੈਂ, ਸਪੀਕਰ ਸਾਹਿਬ, ਇਹ ਕਹਿ ਰਹੀ ਸਾਂ ਕਿ ਗਵਰਨਰ ਸਾਹਿਬ ਨੇ ਪੰਜਾਬੀ ਵਿਚ ਆਪਣਾ ਐਡਰੈਸ ਪੜ੍ਹਿਆ ਅਤੇ ਸੋਹਣੇ ਲਹਿਜੇ ਵਿਚ ਪੜ੍ਹਿਆ । ਇਸ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਨੇ ਪੰਜਾਬੀ ਜ਼ਬਾਨ ਦੀ ਕਿੰਨੀ ਪਰੈਕਟਿਸ ਕੀਤੀ ਹੋਈ ਸੀ ਅਤੇ ਉਨ੍ਹਾਂ ਦੇ ਦਿਲ ਵਿਚ ਪੰਜਾਬੀ ਬੋਲੀ ਨੂੰ ਸਿਖਣ ਦਾ ਕਿੰਨਾ ਸ਼ੌਕ ਹੈ । ਅਸੀਂ ਸਾਰੇ ਬਹੁਤ ਸਾਰਾ ਵਕਤ ਪੰਜਾਬੀ ਅਤੇ ਹਿੰਦੀ ਦੇ ਝਗੜਿਆਂ ਵਿਚ ਉਲਝੇ ਰਹਿੰਦੇ ਹਾਂ । ਅਸਾਡੇ ਦੇਸ਼ ਵਿਚ ਤੇ ਵਿਦੇਸ਼ ਵਿਚ ਕਿੰਨੀਆਂ ਹੀ ਜ਼ਬਾਨਾਂ ਹਨ ਜਿਨ੍ਹਾਂ ਨੂੰ ਅਸਾਨੂੰ ਇਸ ਤਰ੍ਹਾਂ ਦੇ ਝਗੜਿਆਂ ਨੂੰ ਛੱਡ ਕੇ ਸਿਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ । ਬੋਲੀਆਂ ਸਿਖਣ ਨਾਲ ਅਸਾਡੀ ਸੋਚ ਸ਼ਕਤੀ ਦਾ ਦਾਇਰਾ ਵਸੀਹ ਹੁੰਦਾ ਹੈ ਅਤੇ ਨਜ਼ਰੀਆ ਤੰਗ ਨਹੀਂ ਰਹਿੰਦਾ । ਅਸੀਂ ਆਪਣੇ ਖਿਆਲਾਂ ਦਾ ਇਜ਼ਹਾਰ ਦੂਜੀਆਂ ਜ਼ਬਾਨਾਂ ਵਿਚ ਵੀ ਕਰ ਸਕਦੇ ਹਾਂ । ਅਤੇ ਉਨ੍ਹਾਂ ਦੇ ਲਿਟ੍ਰੇਚਰ ਤੋਂ ਬਹੁਤ ਕੁਝ ਸਿਖ ਸਕਦੇ ਹਾਂ । ਸੋ ਬੜੀ ਖੁਸ਼ੀ ਦੀ ਗਲ ਹੈ ਕਿ ਗਵਰਨਰ ਸਾਹਿਬ ਨੇ ਭਾਸ਼ਨ ਪੰਜਾਬੀ ਵਿਚ ਪੜ੍ਹਿਆ । ਜਿਹੜਾ ਭਾਸ਼ਨ ਉਨ੍ਹਾਂ ਨੇ ਅਸਾਨੂੰ ਦਿਤਾ ਉਸ ਤੋਂ ਪਤਾ ਲਗਦਾ ਹੈ ਕਿ ਪਿਛਲੇ ਸਾਲ ਵਿਚ ਸਰਕਾਰ ਨੇ ਕੀ ਕੰਮ ਕੀਤਾ ਅਤੇ ਇਹ ਵੀ ਦਸਿਆ ਗਿਆ ਹੈ ਕਿ ਆਉਣ ਵਾਲੇ ਸਾਲ ਵਿਚ ਕੀ ਕੁਝ ਕੀਤਾ ਜਾਵੇਗਾ ।

ਮੈਂ ਇਸੇ ਹੀ ਸਬੰਧ ਵਿਚ ਕੁਝ ਬੇਨਤੀਆਂ ਕਰਨੀਆਂ ਹਨ । ਪਹਿਲੀ ਗੱਲ ਮੈਂ ਪਿਛੇ ਜਿਹੇ ਹੋਈ ਪਾਕਿਸਤਾਨ ਭਾਰਤ ਦੀ ਲੜਾਈ ਦੇ ਬਾਰੇ ਵਿਚ ਕਹਿਣਾ ਚਾਹੁੰਦੀ ਹਾਂ । ਇਸ ਲੜਾਈ ਵਿਚ ਸਰਕਾਰ ਨੇ ਸ਼ਲਾਘਾਯੋਗ ਕੰਮ ਕੀਤਾ ਅਤੇ ਕਈ ਕਦਮ ਉਠਾਏ । ਇਹ ਠੀਕ ਹੈ ਕਿ ਇਨ੍ਹਾਂ ਕਦਮਾਂ ਦੀ ਇਮਪਲੀਮੈਂਟੇਸ਼ਨ ਠੀਕ ਤਰੀਕੇ ਨਾਲ ਹੋਣੀ ਚਾਹੀਦੀ ਹੈ । ਅਸਾਨੂੰ ਇਸ ਗਲ ਵਿਚ ਝਿਜਕ ਮਹਿਸੂਸ ਨਹੀਂ ਕਰਨੀ ਚਾਹੀਦੀ, ਸਰਕਾਰ ਨੇ ਜੋ ਕਦਮ ਸਰਕਾਰੀ ਅਫਸਰਾਂ ਫੌਜੀਆਂ ਅਤੇ ਨੌਜਵਾਨਾਂ ਵਾਸਤੇ ਉਠਾਏ ਹਨ ਖਾਸ ਤੌਰ ਤੇ ਬਾਰਡਰ ਏਰੀਆ ਦੇ ਪਿੰਡਾਂ ਅਤੇ ਸ਼ਹਿਰਾਂ ਵਿਚ ਉਹ ਸ਼ਲਾਘਾਯੋਗ ਹਨ । ਮੈਂ ਇਕ ਮਿਸਾਲ ਦੇਣਾ ਚਾਹੁੰਦੀ ਹਾਂ ਕਿ ਕਿਸ ਤਰ੍ਹਾਂ ਅਸਾਡੇ ਪਿੰਡ ਵਿਚ ਇਕ ਨੌਜਵਾਨ ਦੀ ਮੌਤ ਤੋਂ ਬਾਦ ਉਸ ਦੀ ਵਿਧਵਾ ਨੂੰ ਸਹਾਇਤਾ ਛੇਤੀ ਤੋਂ ਛੇਤੀ ਦਿਤੀ ਗਈ । ਸਰਕਾਰ ਦੀ ਨੀਤੀ ਠੀਕ ਸੀ ਕਿ ਛੇਤੀ ਤੋ ਛੇਤੀ ਸਹਾਇਤਾ ਦਿਤੀ ਜਾਵੇ ਅਤੇ ਇਸੇ ਨੀਤੀ ਨਾਲ ਹੇਠਾਂ ਤਕ ਸਾਰਿਆਂ ਅਫਸਰਾਂ ਅਤੇ ਕਰਮਚਾਰੀਆਂ ਨੂੰ ਕੰਮ ਕਰਨਾ ਚਾਹੀਦਾ ਹੈ ਇਸ ਸਬੰਧ ਵਿਚ, ਸਪੀਕਰ ਸਾਹਿਬ, ਮੈਂ ਆਪ ਦਾ ਧਿਆਨ ਰਾਜਪਾਲ ਸਾਹਿਬ ਦੇ ਐਡਰੈਸ ਦੇ ਪੰਨਾ 7 ਤੇ ਦਿਵਾਂਦੀ ਹਾਂ ਜਿਸ ਵਿਚ ਇਹ ਲਿਖਿਆ ਗਿਆ ਹੈ ਕਿ :

"ਇਨ੍ਹਾਂ ਸਾਰੀਆਂ ਮੁਸ਼ਕਲਾਂ ਦੇ ਬਾਵਜੂਦ ਮੇਰੀ ਸਰਕਾਰ ਨੇ ਉਨ੍ਹਾਂ ਸਾਰੇ ਆਦਰਸ਼ਾਂ ਨੂੰ ਆਪਣੇ ਸਾਹਮਣੇ ਰਖਣ ਦਾ ਫੈਸਲਾ ਕੀਤਾ ਹੈ, ਜਿਹੜੇ ਪਰਧਾਨ ਮੰਤਰੀ ਜੀ ਨੇ ਸਾਰੀ ਕੌਮ ਲਈ ਨਿਸਚਤ ਕੀਤੇ ਹਨ । ਅਸੀਂ ਆਪਣੇ ਰਾਜ ਨੂੰ ਲੋਕ ਰਾਜੀ, ਸਮਾਨਤਾਪੂਰਣ ਅਤੇ

[ਸ਼੍ਰੀਮਤੀ ਗੁਰਬਰਿੰਦਰ ਕੌਰ ਬਰਾੜ]

ਸਮਾਜ਼ਵਾਦੀ ਰਾਜ ਬਣਾਉਣ ਲਈ ਅਣਥਕ ਯਤਨ ਕਰਦੇ ਰਹਾਂਗੇ । ਅਸੀਂ ਆਪਣੇ ਹਰੀਜਨ ਮਜ਼ਦੂਰ, ਛੋਟੇ ਕਿਸਾਨ ਮੁਜ਼ਾਰੇ ਅਤੇ ਸਮਾਜ ਦੇ ਹੋਰ ਗਰੀਬ ਵੀਰਾਂ ਦੀ ਭਲਾਈ ਦੇ ਵਿਕਾਸ ਲਈ ਸਰਕਾਰ ਦੀਆਂ ਆਰਥਕ ਨੀਤੀਆਂ ਨੂੰ ਨਵੀਂ ਸੇਧ ਦਿਆਂਗੇ । ਇਹ ਕੋਈ ਦੂਰ ਦੇ ਮੰਤਵ ਨਹੀਂ ਹੋਣਗੇ ਸਗੋਂ ਇਹ ਨਿਸਚਿਤ ਸਮੇਂ ਦੇ ਅੰਦਰ ਅੰਦਰ ਪ੍ਰਾਪਤ ਕੀਤੇ ਜਾਣ ਵਾਲੇ ਫੌਰੀ ਪ੍ਰੋਗਰਾਮ ਹੋਣਗੇ ।"

ਮੈਂ ਇਸ ਸਬੰਧ ਵਿਚ ਅਰਜ਼ ਕਰਨੀ ਚਾਹੁੰਦੀ ਹਾਂ ਕਿ ਅਸਾਨੂੰ ਕੋਈ ਗਲ ਐਬਸਟ੍ਰੈਕਟ ਨਹੀਂ ਰਖਣੀ ਚਾਹੀਦੀ । ਅਸਾਡੇ ਟਾਰਗੈਟ ਫਿਕਸ ਹੋਣੇ ਚਾਹੀਦੇ ਹਨ ਅਤੇ ਸਮਾਂ ਵੀ ਨਿਸਚਤ ਹੋਣਾ ਚਾਹੀਦਾ ਹੈ ਤਾਂ ਕਿ ਜਨਤਾ ਵਿਚ ਵਿਸ਼ਵਾਸ ਪੈਦਾ ਕੀਤਾ ਜਾ ਸਕੇ ਕਿ ਇਹ ਕੰਮ ਐਨੇ ਸਮੇਂ ਵਿਚ ਸਰਕਾਰ ਕਰ ਦੇਵੇਗੀ । ਇਸ ਨਾਲ ਜਨਤਾ ਵਿਚ ਭਰੋਸਾ ਅਤੇ ਸਵੈ ਵਿਸ਼ਵਾਸ ਪੈਦਾ ਹੋਵੇਗਾ ।

ਸਪੀਕਰ ਸਾਹਿਬ, ਇਥੇ ਮੇਰੇ ਤੋਂ ਪਹਿਲਾਂ ਕੁਝ ਪੁਆਇੰਟਸ ਮੇਰੀ ਪਾਰਟੀ ਵਲੋਂ ਅਤੇ ਕੁਝ ਅਪੋਜੀਸ਼ਨ ਦੇ ਵੀਰਾਂ ਵਲੋਂ ਹਾਊਸ ਵਿਚ ਇਸ ਐਡਰੈਸ ਤੇ ਬਹਿਸ ਦੇ ਦੌਰਾਨ ਪੇਸ਼ ਕੀਤੇ ਗਏ ਹਨ । ਮੈਂ ਉਨ੍ਹਾਂ ਨੂੰ ਨਹੀਂ ਲੈਂਦੀ ਸਗੋਂ ਕੁਝ ਹੋਰ ਬੇਨਤੀਆਂ ਕਰਨਾ ਚਾਹੁੰਦੀ ਹਾਂ ।

ਪੰਜਾਬ ਵਿਚ ਬਿਜਲੀ ਤੇ ਪਾਣੀ ਦੀ ਕਾਫੀ ਘਾਟ ਹੈ । ਅਤੇ ਇਹ ਠੀਕ ਹੈ ਕਿ ਇਸ ਐਡਰੈਸ ਦੇ ਪੰਨਾ 7 ਤੇ ਇਹ ਦਿਤਾ ਗਿਆ ਹੈ ਕਿ :—

"ਚੌਥੀ ਯੋਜਨਾ ਦੇ ਬਾਕੀ ਰਹਿੰਦੇ ਸਾਲਾਂ ਦੇ ਦੌਰਾਨ ਬਿਜਲੀ ਅਤੇ ਪਾਣੀ ਦੇ ਸਾਧਨਾਂ ਦੇ ਵਿਕਾਸ ਉਤੇ ਵਿਸ਼ੇਸ ਜ਼ੋਰ ਦਿਤਾ ਜਾਵੇਗਾ ਤਾਂ ਜੋ ਪੰਜਾਬ ਦੇ ਕਿਸਾਨ ਅਤੇ ਮਜ਼ਦੂਰ ਦੋਹਾਂ ਖੇਤਰਾਂ ਵਿਚ ਤੇਜ਼ੀ ਨਾਲ ਉਤਪਾਦਨ ਵਧਾ ਸਕਣ ।" ਇਹ ਠੀਕ ਹੈ ਕਿ ਥਰਮਲ ਪਲਾਂਟ ਉਤੇ ਖਰਚ ਕੀਤਾ ਜਾ ਰਿਹਾ ਹੈ ਅਤੇ ਥੀਨ ਡੈਮ ਤੇ ਖਰਚ ਕੀਤਾ ਜਾ ਰਿਹਾ ਹੈ ਪਰ ਸਰਕਾਰ ਨੇ ਆਪ ਹੀ ਇਸ ਐਡਰੈਸ ਵਿਚ ਮੰਨਿਆ ਹੈ ਕਿ ਪੰਜਾਬ ਵਿਚ ਬਿਜਲੀ ਤੇ ਪਾਣੀ ਦੀ ਸਖ਼ਤ ਘਾਟ ਹੈ । (ਵਿਘਨ)

(ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ)

ਇਸ ਸਬੰਧ ਵਿਚ ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਇਲੈਕਸ਼ਨ ਦੇ ਦਿਨਾਂ ਵਿਚ ਮੈਨੂੰ ਆਪਣੇ ਹਲਕੇ ਦੇ ਪਿੰਡਾਂ ਦਾ ਦੌਰਾ ਕਰਨ ਦਾ ਮੌਕਾ ਮਿਲਿਆ ਅਤੇ ਮੈਂ ਚਾਹੁੰਦੀ ਸਾਂ ਕਿ ਵੇਖਾਂ ਕਿ ਪਿੰਡਾਂ ਵਿਚ ਵੈਲਫੇਅਰ ਅਤੇ ਲੋਕ ਭਲਾਈ ਦਾ ਕੰਮ ਕਿੰਨਾ ਕੁ ਹੋ ਰਿਹਾ ਹੈ । ਤੁਸੀਂ ਡਿਪਟੀ ਸਪੀਕਰ ਸਾਹਿਬ, ਹੈਰਾਨ ਹੋਵੋਗੇ ਇਹ ਗਲ ਸੁਣ ਕੇ ਕਿ ਇਕ ਪਬਲਿਕ ਸਪੀਚ ਵਿਚ ਇਕ ਸਰਪੰਚ ਨੇ ਇਹ ਕਿਹਾ ਕਿ ਸਾਡੇ ਪਿੰਡਾਂ ਵਿਚ ਪਾਣੀ ਨਹੀਂ ਆਉਂਦਾ ਕਿਉਂਕਿ ਪਿੰਡ ਟੇਲ ਤੇ ਹਨ ਅਤੇ ਰਾਹ ਵਿਚ ਪਾਣੀ ਨਲਾਂ ਲਾ ਕੇ ਕਟ ਲਿਆ ਜਾਂਦਾ ਹੈ ਅਤੇ ਗਰੀਬੀ ਹਦ ਤੋਂ ਜ਼ਿਆਦਾ ਹੋ ਗਈ ਹੈ ਇਸ ਕਰਕੇ ਅਸੀਂ ਨਾਜਾਇਜ਼ ਸ਼ਰਾਬ ਕੱਢ ਕੇ ਰੋਜ਼ੀ ਪੂਰੀ ਕਰਦੇ ਹਾਂ । ਇਹ ਗਲ ਸੁਣ ਕੇ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ ਕਿ ਕਿਸ ਤਰੀਕੇ ਨਾਲ ਇਹ ਰੋਜ਼ੀ ਕਮਾਂਦੇ ਹਨ ਅਤੇ ਸ਼ਰਾਬ ਦਾ ਅਸਰ ਨੌਜਵਾਨਾਂ ਤੇ ਅਤੇ ਬਚਿਆਂ ਤੇ ਕੀ ਹੁੰਦਾ ਹੈ । ਜੁਆਇੰਟ ਪੰਜਾਬ ਵਿਚ ਸ਼ਰਾਬ ਦੇ ਠੇਕਿਆਂ ਤੋਂ ਸਰਕਾਰ ਨੂੰ ਕੇਵਲ ਤਿੰਨ ਕਰੋੜ ਦੀ ਆਮਦਨ ਸੀ ਪਰ ਹੁਣ ਜਦ ਕਿ ਪੰਜਾਬ

ਅਧਾ ਰਹਿ ਗਿਆ ਹੈ ਇਹ ਆਮਦਨ 28 ਕਰੋੜ ਰੁਪਿਆ ਹੋ ਗਈ ਹੈ । ਮੈਂ ਸਮਝਦੀ ਹਾਂ ਕਿ ਅਸਾਨੂੰ ਇਹੋ ਜਿਹਾ ਰੈਵੇਨਿਯੂ ਨਹੀਂ ਚਾਹੀਦਾ ਜਿਸ ਨਾਲ ਲੋਕਾਂ ਵਿਚ ਸ਼ਰਾਬ ਵਧੇਰੇ ਪਰਚਲਿਤ ਹੋ ਜਾਵੇ । ਪਿੰਡਾਂ ਵਿਚ ਨਾਜਾਇਜ਼ ਸ਼ਰਾਬ ਕੱਢੀ ਜਾਂਦੀ ਹੈ ਅਤੇ ਇਸ ਦਾ ਅਸਰ ਹੱਦ ਤੋਂ ਜ਼ਿਆਦਾ ਨੌਜਵਾਨਾਂ ਤੇ ਅਤੇ ਬਚਿਆਂ ਤੇ ਪੈ ਰਿਹਾ ਹੈ । ਪਿਛੇ ਤੁਸੀਂ ਦਿਲੀ ਦਾ ਵਾਕਿਆ ਪੜ੍ਹਿਆ ਹੀ ਹੈ ਕਿ 50 ਆਦਮੀ ਗਲਤ ਢੰਗ ਦੀ ਸ਼ਰਾਬ ਪੀਣ ਨਾਲ ਮਰ ਗਏ ਹਨ । ਇਸ ਸਬੰਧ ਵਿਚ ਸਾਡੇ ਚੀਫ ਮਨਿਸਟਰ ਸਾਹਿਬ ਨੇ ਪੀ. ਜੀ. ਆਈ. ਚੰਡੀਗੜ੍ਹ ਵਿਖੇ ਆਪਣਾ ਐਡਰੈਸ ਪੜ੍ਹਿਆ ਤਾਂ ਕਿਹਾ ਕਿ ਮੈਂ ਮੰਨਦਾ ਹਾਂ ਕਿ ਸ਼ਰਾਬ ਤੋਂ ਸਾਨੂੰ ਚੰਗੀ ਆਮਦਨ ਹੁੰਦੀ ਹੈ ਪਰ ਮੇਰੀ ਜ਼ਾਤੀ ਰਾਏ ਹੈ ਕਿ ਸਿਆਸੀ ਲੀਡਰ ਅਤੇ ਸਰਕਾਰੀ ਅਫਸਰ ਸ਼ਰਾਬ ਛਡ ਦੇਣ ਤਾਂ ਕਿ ਲੋਕਾਂ ਵਿਚ ਇਕ ਮਿਸਾਲ ਕਾਇਮ ਕੀਤੀ ਜਾ ਸਕੇ। ਇਸ ਤੋਂ ਪਤਾ ਲਗਦਾ ਹੈ ਕਿ ਸਾਡੇ ਚੀਫ਼ ਮਨਿਸਟਰ ਸਾਹਿਬ ਵੀ ਇਸ ਖਿਆਲ ਨਾਲ ਸਹਿਮਤ ਹਨ ਕਿ ਸ਼ਰਾਬ ਦੀ ਲਾਹਨਤ ਤੋਂ ਲੋਕਾਂ ਨੂੰ ਬਚਾਇਆ ਜਾ ਸਕੇ । ਇਸ ਪਾਸੇ ਸਰਕਾਰ ਨੂੰ ਸੁਚਾਰੂ ਰੂਪ ਵਿਚ ਸੋਚਣਾ ਚਾਹੀਦਾ ਹੈ । ਮੇਰੇ ਕਹਿਣ ਦਾ ਭਾਵ ਇਹ ਸੀ ਕਿ ਪਿੰਡਾਂ ਵਿਚ ਕਿਸਾਨਾਂ ਨੂੰ ਪਾਣੀ ਦੀ ਸਪਲਾਈ ਕੀਤੀ ਜਾਵੇ ਅਤੇ ਬਿਜਲੀ ਦਿਤੀ ਜਾਵੇ ਤਾਂ ਕਿ ਉਹ ਗ਼ਰੀਬੀ ਤੋਂ ਤੰਗ ਆ ਕੇ ਨਾਜਾਇਜ਼ ਸ਼ਰਾਬ ਨਾ ਕਢਣ ਅਤੇ ਜ਼ਮੀਨ ਤੋਂ ਹੀ ਆਪਣੀ ਆਮਦਨ ਵਧਾ ਲੈਣ । ਅਤੇ ਇਸ ਤਰ੍ਹਾਂ ਲੋਕਾਂ ਦੀ ਸਿਹਤ ਤਬਾਹ ਨਾ ਹੋਵੇ ।

ਮੈਂ ਜ਼ਿਆਦਾ ਟਾਈਮ ਨਾ ਲੈਂਦੀ ਹੋਈ, ਕਿਉਂਕਿ ਕਾਫੀ ਬਹਿਸ ਹੋ ਚੁਕੀ ਹੈ, ਆਪ ਦਾ ਧਿਆਨ ਸਫਾ 9 ਵਲ ਦਿਵਾਂਦੀ ਹਾਂ । ਇਥੇ ਬਾਗਾਂ ਦੇ ਬਾਰੇ ਵਿਚ ਜ਼ਿਕਰ ਕੀਤਾ ਗਿਆ । ਕੱਲ੍ਹ ਵੀ ਸਵਾਲਾਂ ਦੇ ਸਮੇਂ ਵਿਚ ਵੀ ਇਸ ਦਾ ਜ਼ਿਕਰ ਆਇਆ ਸੀ ਅਤੇ ਇਹ ਕਿਹਾ ਗਿਆ ਸੀ ਸਿਟਰਸ ਫਰੂਟ ਵਿਚ ਇਕ ਨਵੀਂ ਕਿਸਮ ਦਾ ਵਾਇਰਸ ਫੈਲ ਰਿਹਾ ਹੈ ਅਬੋਹਰ ਫਿਰੋਜ਼ਪੁਰ ਵਿਚ ਵੀ ਸਿਟਰਸ ਫਰੂਟ ਦੇ ਇਸ ਵਾਇਰਸ ਬਾਰੇ ਰੀਸਰਚ ਕੀਤੀ ਜਾ ਰਹੀ ਹੈ । ਅਮਰੀਕਾ ਤੋਂ ਟੀਮਾਂ ਆਈਆਂ ਹਨ ਉਹ ਵੀ ਇਸ ਗਲ ਦੀ ਰੀਸਰਚ ਕਰ ਰਹੀਆਂ ਹਨ ਪਰ ਅਜੇ ਤਕ ਕੋਈ ਕਾਮਯਾਬੀ ਨਹੀਂ ਹੋਈ ।

ਸਫ਼ਾ 9 ਤੇ ਗਵਰਨਰ ਸਾਹਿਬ ਲਿਖਦੇ ਹਨ ਕਿ —

'ਸਾਡੇ ਲਈ ਇਹ ਜ਼ਰੂਰੀ ਹੋ ਗਿਆ ਹੈ ਕਿ ਅਸੀਂ ਆਪਣੀਆਂ ਫਸਲਾਂ ਦੀਆਂ ਕਿਸਮਾਂ ਵਿਚ ਅਦਲਾ ਬਦਲੀ ਕਰੀਏ ਅਤੇ ਤੇਲ ਦੇ ਬੀਜਾਂ ਕਪਾਹ ਫਲਾਂ ਦੇ ਬਾਗ ਲਗਾਉਣ ਆਦਿ ਵਲ ਵਿਸ਼ੇਸ਼ ਧਿਆਨ ਦੇਈਏ' ।

ਇਥੇ ਇਕ ਚੀਜ਼ ਇਹ ਵੀ ਡਿਸਕਸ ਹੋਈ ਹੈ ਜਿਵੇਂ ਕਿ ਕੈਪਟਨ ਸਾਹਿਬ ਨੇ ਕਿਹਾ ਸੀ ਕਿ ਸਾਨੂੰ ਛੋਟੇ ਛੋਟੇ ਪੌਦੇ ਲਗਾ ਕੇ ਪੰਜਾਬ ਦੀ ਤਰੱਕੀ ਫਲਾਂ ਵਾਲੇ ਪਾਸੇ ਵੀ ਕਰਨੀ ਚਾਹੀਦੀ ਹੈ । ਇਸ ਬਾਰੇ ਇਹ ਰੀਸਰਚ ਵੀ ਹੋਈ ਸੀ ਕਿ ਕਿਹੜਾ ਫਲ ਕਿਹੜੀ ਜਗ੍ਹਾ ਕਾਮਯਾਬ ਹੋ ਸ਼ਕਦਾ ਹੈ । ਇਹ ਇਕ ਐਸਾ ਵਡਾ ਪੁਆਇੰਟ ਹੈ ਜਿਸ ਨੂੰ ਮੈਂ ਇਥੇ ਡਿਸਕਰਾਈਬ ਨਹੀਂ ਕਰਨਾ ਚਾਹੁੰਦੀ, ਇਹ ਅਜੇ ਏਥੇ ਹੀ ਛਡਦੀ ਹਾਂ ।

ਜਿਥੋਂ ਤੱਕ ਜ਼ਿਮੀਦਾਰ ਦੀ ਜਿਨਸ ਦੀ ਕੀਮਤ ਦਾ ਸਵਾਲ ਹੈ, ਮੈਂ ਅਰਜ਼ ਕਰਾਂ ਕਿ ਕਪਾਹ ਦੀਆਂ ਕੀਮਤਾਂ ਇਕ ਦਮ ਹੀ ਗਿਰ ਗਈਆਂ । ਜ਼ਿਮੀਦਾਰ ਨੂੰ 100—150/- ਰੁਪਏ ਕੁਇੰਟਲ ਤੱਕ ਦਾ ਘਾਟਾ ਪਿਆ । ਮੈਂ ਇਹ ਗੱਲ ਚੀਫ ਮਨਿਸਟਰ ਸਾਹਿਬ ਨੂੰ

[ਸ੍ਰੀਮਤੀ ਗੁਰਬਰਿੰਦਰ ਕੌਰ ਬਰਾੜ]

ਕਹਾਂਗੀ ਕਿ ਇਨ੍ਹਾਂ ਦਾ ਇਹ ਫਰਜ਼ ਹੈ ਕਿ ਉਹ ਇਸ ਗੱਲ ਦੀ ਕੋਸ਼ਿਸ਼ ਕਰਨ ਕਿ ਉਨ੍ਹਾਂ ਨੂੰ ਫਸਲ ਦੀਆਂ ਕੀਮਤਾਂ ਨੂੰ ਘੱਟਣ ਨਹੀਂ ਦੇਣਾ ਚਾਹੀਦਾ। ਇਹ ਬੜੀ ਖੁਸ਼ੀ ਦੀ ਗਲ ਹੈ ਹੁਣ ਚੀਫ ਮਨਿਸਟਰ ਸਾਹਿਬ ਪੰਜਾਬ ਦਾ ਇਹ ਮਸਲਾ ਦਿਲੀ ਦੀ ਸਰਕਾਰ ਅਗੇ ਰਖਣਗੇ।

ਇਕ ਗਲ ਦਾ ਹੋਰ ਗਵਰਨਰ ਸਾਹਿਬ ਨੇ ਡੇਰੀ ਫਾਰਮਿੰਗ ਦੇ ਮੁਤਾਲਿਕ ਅਤੇ ਪਸ਼ੂ ਧਨ ਦੇ ਮੁਤਾਲਿਕ ਇਸ ਐਡਰੈਸ ਦੇ ਵਿਚ ਜ਼ਿਕਰ ਕੀਤਾ ਹੈ। ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਪੰਜਾਬ ਵਿਚ ਵੀ ਗੁਜਰਾਤ ਵਾਲਾ ਹੀ ਕੰਪਲੈਕਸ ਕਾਇਮ ਹੋਵੇਗਾਂ। ਮੇਰੀ ਵੀ ਇਹੋ ਰਿਕੁਐਸਟ ਹੈ ਕਿ ਇਹ ਇਕ ਬਹੁਤ ਹੀ ਅਛਾ ਪ੍ਰਾਜੈਕਟ ਹੈ, ਇਹ ਪੰਜਾਬ ਵਿਚ ਜ਼ਰੂਰ ਆਉਣਾ ਚਾਹੀਦਾ ਹੈ।

ਹੈਵੀ ਇੰਡਸਟਰੀ ਦੇ ਮੁਤਾਲਿਕ ਵੀ ਬਹੁਤ ਸਾਰੇ ਭਰਾਵਾਂ ਨੇ ਕਿਹਾ ਹੈ। ਮੇਰਾ ਵੀ ਇਹੋ ਖਿਆਲ ਹੈ ਕਿ ਪੰਜਾਬ ਵਿਚ ਹੈਵੀ ਇੰਡਸਟਰੀ ਹੋਣੀ ਚਾਹੀਦੀ ਹੈ ਕਿਉਂਕਿ ਇਸ ਦੇ ਬਗੈਰ ਕੋਈ ਗੁਜ਼ਾਰਾ ਨਹੀਂ ਹੈ। ਮੇਰੇ ਹੋਰ ਭਰਾ ਵੀ ਇਸ ਪੁਆਇੰਟ ਤੇ ਬੋਲਣਗੇ, ਇਸ ਲਈ ਮੈਂ ਇਸ ਨੂੰ ਏਥੇ ਹੀ ਛਡਦੀ ਹਾਂ।

ਇਸ ਐਡਰੈਸ ਵਿਚ ਇਹ ਵੀ ਕਿਹਾ ਗਿਆ ਹੈ ਕਿ ਉਨ੍ਹਾਂ ਨੇ ਕਰੈਸ਼ ਪ੍ਰੋਗਰਾਮ ਵੀ ਚਾਲੂ ਕਰਨਾ ਹੈ, ਇਹ ਵੀ ਇਕ ਬਹੁਤ ਸ਼ਲਾਘਾ ਯੋਗ ਉਦਮ ਹੈ। ਕਈ ਪਿੰਡਾਂ ਵਿਚ ਡਰਿੰਕਿੰਗ ਵਾਟਰ ਦੀ ਵੀ ਬੜਾ ਭਾਰੀ ਪ੍ਰਾਬਲਮ ਹੈ। ਇਸ ਵਕਤ ਵਿਚਾਰੇ ਪਿੰਡਾਂ ਦੇ ਪਸ਼ੂ ਛਪੜ, ਜੋਹੜ ਅਤੇ ਡਿਗੀਆਂ ਦੇ ਵਿਚੋਂ ਪਾਣੀ ਪੀਂਦੇ ਹਨ ਪਰ ਇਨ੍ਹਾਂ ਦੇ ਵਿਚ ਕੀੜੇ ਹੁੰਦੇ ਹਨ। ਇਸ ਪਾਣੀ ਨੂੰ ਪੀਣਾ ਤਾਂ ਕੀ ਹੈ ਵੇਖਣ ਤੇ ਵੀ ਇਨਸਾਨ ਨੂੰ ਘਿਰਨਾ ਆਉਂਦੀ ਹੈ। ਮੈਂ ਇਸ ਗਲ ਤੇ ਜ਼ੋਰ ਦੇਵਾਂਗੀ ਕਿ ਪੀਣ ਦੇ ਪਾਣੀ ਦਾ ਜ਼ਰੂਰ ਕੁਝ ਨਾ ਕੁਝ ਪ੍ਰਬੰਧ ਕੀਤਾ ਜਾਵੇ।

ਜਦੋਂ ਲੈਂਡ ਰੀਫਾਰਮਜ਼ ਤੇ ਬਹਿਸ ਚਲਦੀ ਹੈ ਤਾਂ ਅਸੀਂ ਇਹ ਗਲ ਬੜੀ ਤੇਜ਼ੀ ਨਾਲ ਕਰਦੇ ਹਾਂ ਕਿ 5-5, 10-10 ਏਕੜ ਹਰੀਜਨਾਂ ਨੂੰ ਦਿਓ। ਪਰ ਜਦੋਂ ਉਨ੍ਹਾਂ ਨੂੰ ਜ਼ਮੀਨ ਦੇ ਦਿੰਦੇ ਹਾਂ ਤਾਂ ਕੀ ਕੋਈ ਇਹ ਸਰਵੇ ਕਰਦਾ ਹੈ ਕਿ ਇਸ 5 ਏਕੜ ਵਾਲੀ ਜ਼ਮੀਨ ਤੇ ਕੀ ਫਸਲ ਬੀਜੀ ਜਾ ਸਕਦੀ ਹੈ। ਇਸ ਗਲ ਦਾ ਖਿਆਲ ਕਰਨਾ ਬਹੁਤ ਜ਼ਰੂਰੀ ਹੈ ਕਿ 5 ਯਾ 10 ਏਕੜ ਜ਼ਮੀਨ ਕਿਵੇਂ ਵੱਧ ਤੋਂ ਵੱਧ ਪੈਦਾਵਾਰ ਦੇ ਸਕਦੀ ਹੈ। ਇਹ ਫਾਲੋ ਅਪ ਦਾ ਪ੍ਰੋਗਰਾਮ ਵੀ ਰਖਣਾ ਨਿਹਾਇਤ ਹੀ ਜ਼ਰੂਰੀ ਹੈ। ਅਸੀਂ ਜ਼ਮੀਨਾਂ ਘਟਾਉਣਾ ਚਾਹੁੰਦੇ ਹਾਂ ਜਿਨ੍ਹਾਂ ਪਾਸ ਵੱਧ ਹਨ, ਪਰ ਇਕ ਗੱਲ ਦਿਮਾਗ ਦੇ ਵਿਚ ਰਖਣੀ ਚਾਹੀਦੀ ਹੈ ਕਿ ਜਿਹੜੀ ਆਬਾਦੀ ਵਧਦੀ ਜਾ ਰਹੀ ਹੈ ਇਸ ਨੂੰ ਵੀ ਤਾਂ ਰੋਕਣਾ ਚਾਹੀਦਾ ਹੈ। ਸਾਡਾ ਫਰਜ਼ ਹੈ ਕਿ ਅਸੀਂ ਫੈਮਲੀ ਪਲੈਨਿੰਗ ਤੇ ਜੋਰ ਦੇਈਏ। ਇਹ ਜ਼ਮੀਨ ਕੋਈ ਰਬੜ ਤਾਂ ਹੈ ਨਹੀਂ ਜਿਸ ਨੂੰ ਖਿਚ ਖਿਚ ਕੇ ਲੰਮੀ ਕਰ ਲਿਆ ਜਾਵੇ ਪਰ ਜਿਸ ਢੰਗ ਨਾਲ ਆਬਾਦੀ ਬੜ੍ਹ ਰਹੀ ਹੈ ਤੁਸੀਂ ਇਹ ਵੇਖ ਕੇ ਹੈਰਾਨ ਹੋਵੋਗੇ ਕਿ ਉਹ ਬਹੁਤ ਹੀ ਜ਼ਿਆਦਾ ਹੈ। ਸਾਡੀ ਆਬਾਦੀ ਹਰ ਸਾਲ ਇਕ ਕਰੋੜ, 30 ਲੱਖ ਵੱਧ ਜਾਂਦੀ ਹੈ। 1998 ਵਿਚ ਇਹ ਆਬਾਦੀ 100 ਕਰੋੜ ਵੱਧ ਕੇ ਹੋ ਜਾਵੇਗੀ। (ਵਿਘਨ)

Mr. Deputy Speaker : Please don't interrupt the hon. Lady Member.

ਸ੍ਰੀਮਤੀ ਗੁਰਬਰਿੰਦਰ ਕੌਰ ਬਰਾੜ : ਡਿਪਟੀ ਸਪੀਕਰ ਸਾਹਿਬ, ਅਮਰੀਕਾ ਸਾਡੇ ਤੋਂ ਇਕ ਦੁਗਣਾ ਮੁਲਕ ਹੈ ਪਰ ਉਸ ਦੀ ਆਬਾਦੀ ਸਾਡੇ ਤੋਂ ਅੱਧੀ ਹੈ । ਸਾਨੂੰ ਇਹ ਚੀਜ਼ ਆਪਣੇ ਮੁਲਕ ਵਿਚ ਵੱਧ ਤੋਂ ਵੱਧ ਲਿਆਉਣੀ ਚਾਹੀਦੀ ਹੈ। ਜਿਤਨੇ ਵੀ ਮੈਂਬਰ ਸਾਹਿਬਾਨ ਹਨ ਭਾਵੇਂ ਉਹ ਅਪੋਜ਼ੀਸ਼ਨ ਵਿਚ ਹਨ ਭਾਵੇਂ ਸਰਕਾਰੀ ਬੈਂਚਾਂ ਤੇ ਹਨ ਜਿਥੇ ਉਨ੍ਹਾਂ ਦੇ ਕੁਝ ਹੱਕ ਹਨ ਉਥੇ ਉਨ੍ਹਾਂ ਦੇ ਫਰਜ਼ ਵੀ ਹਨ । ਫਰਜ਼ ਤਾਂ ਇਹ ਹਨ ਕਿ ਜੋ ਵੀ ਕੋਈ ਪ੍ਰੋਗਰਾਮ ਸਰਕਾਰ ਲਿਆਉਂਦੀ ਹੈ ਉਸ ਨੂੰ ਆਪੋ ਆਪਣੀ ਕੰਸੀਚੂਐਂਸੀ ਵਿਚ ਲਿਜਾਕੇ ਅਸੀਂ ਲਾਗੂ ਕਰੀਏ। ਮੈਂ ਆਪਦੇ ਰਾਹੀਂ ਮੈਂਬਰ ਸਾਹਿਬ ਨੂੰ ਦਸਣਾ ਚਾਹੁੰਦੀ ਹਾਂ ਕਿ ਉਨ੍ਹਾਂ ਨੂੰ ਆਪੋ ਆਪਣੇ ਇਲਾਕੇ ਵਿਚ ਦਿਲਚਸਪੀ ਲੈਣ ਦੀ ਲੋੜ ਹੈ । ਫੈਮਲੀ ਪਲੈਨਿੰਗ ਸੈਂਟਰ ਤਕਰੀਬਨ ਸਾਰੇ ਹਲਕਿਆਂ ਦੇ ਵਿਚ ਖੁਲ੍ਹੇ ਹੋਏ ਹਨ । ਜੋ ਵੀ ਉਹ ਸਕੀਮਾਂ ਦੇਣ ਸਾਡਾ ਫਰਜ਼ ਹੈ ਕਿ ਉਨ੍ਹਾਂ ਨੂੰ ਤੋੜ ਚਾੜ੍ਹੀਏ ।

ਇਸ ਐਡਰੈਸ ਵਿਚ ਕੁਝ ਹਰੀਜਨ ਸੋਸ਼ਲ ਵੈਲਫੇਅਰ ਸਕੀਮਾਂ ਦਾ ਵੀ ਜ਼ਿਕਰ ਆਉਂਦਾ ਹੈ । ਇਤਨੀਆਂ ਵੈਲਫੇਅਰ ਦੀਆਂ ਸਕੀਮਾਂ ਆਉਂਦੀਆਂ ਹਨ ਪਰ ਅਸੀਂ ਇਨ੍ਹਾਂ ਰਾਹੀਂ ਕਿਤਨਾ ਕੁ ਸੁਧਾਰ ਲਿਆਉਂਦੇ ਹਾਂ ਜਾਂ ਅਸੀਂ ਕਿਤਨਾ ਕੁ ਇਸ ਵਿਚ ਹਿਸਾ ਪਾਕੇ ਲੋਕਾਂ ਦਾ ਸੁਧਾਰ ਕਰਦੇ ਹਾਂ ਇਹ ਚੀਜ਼ ਵੇਖਣ ਵਾਲੀ ਹੈ । ਜਦੋਂ ਤੱਕ ਇਨ੍ਹਾਂ ਸਕੀਮਾਂ ਨੂੰ ਅਮਲੀ ਰੂਪ ਨਹੀਂ ਦਿੱਤਾ ਜਾਂਦਾ ਇਸ ਪਾਸੇ ਕੋਈ ਸੁਧਾਰ ਹੋ ਨਹੀਂ ਸਕਦਾ । ਇਹ ਕਈ ਸਕੀਮਜ਼ ਹਨ, ਪੈਰਾ-ਫਾਰਮਿੰਗ, ਪਿਗਰੀ, ਪਾਲਟਰੀ ਪਰਚੇਜ਼ ਆਫ ਇੰਪਲੀਮੈਂਟਸ, ਪਰਚੇਜ਼ ਆਫ ਸਕੂਟਰਜ਼ । ਇਕ ਥਰੀ ਵੀਹਲਰ ਸਕੂਟਰ ਲਈ ਇਸ ਤਰ੍ਹਾਂ 5,000/- ਦਿੱਤਾਂ ਜਾਂਦਾ ਹੈ । ਇਸੇ ਤਰ੍ਹਾਂ ਇੰਡਸਟਰੀ ਲਾਉਣ ਦੇ ਵਾਸਤੇ ਵੀ ਸਬਸੀਡੀ ਰਖੀ ਹੋਈ ਹੈ । ਸਰਕਾਰ ਵੱਲੋਂ ਲੀਗਲ ਅਸਿਸਟੈਂਸ ਵੀ ਦਿੱਤੀ ਜਾਂਦੀ ਹੈ। ਸਾਰਿਆਂ ਦਾ ਸਾਡਾ ਫਰਜ਼ ਬਣਦਾ ਹੈ ਕਿ ਇਨ੍ਹਾਂ ਸਾਰੀਆਂ ਸਕੀਮਾਂ ਰਾਹੀਂ ਗਰੀਬਾਂ ਦਾ ਭਲਾ ਕਰੀਏ, ਅਸੀਂ ਉਨ੍ਹਾਂ ਦੀ ਇਮਦਾਦ ਕਰੀਏ ਜਿਨ੍ਹਾਂ ਨੂੰ ਇਨ੍ਹਾਂ ਸਕੀਮਾਂ ਦਾ ਪਤਾ ਹੀ ਨਹੀਂ ।

ਇਸੇ ਤਰ੍ਹਾਂ ਇਨ੍ਹਾਂ ਲੋਕਾਂ ਦੀ ਸਹਾਇਤਾ ਲਈ ਇਕ ਸੋਸ਼ਲ ਵੈਲਫੇਅਰ ਡੀਪਾਰਟਮੈਂਟ ਹੈ, ਇਕ ਪੰਜਾਬ ਸੋਸ਼ਲ ਵੈਲਫੇਅਰ ਐਡਵਾਈਜ਼ਰੀ ਬੋਰਡ ਵੀ ਹੈ। ਮੇਰਾ ਸੈਂਟਰਲ ਸੋਸ਼ਲ ਵੈਲਫੇਅਰ ਬੋਰਡ ਦੇ ਨਾਲ ਸਿੱਧਾ ਸੰਬੰਧ ਹੈ । ਇਸ ਰਾਹੀਂ ਅਸੀਂ ਬਹੁਤ ਸਾਰੀਆਂ ਸਕੀਮਾਂ ਦੇ ਲਈ ਪੈਸਾਂ ਦੇਂਦੇ ਹਾਂ। ਇਸ ਦਾ ਮੈਂ ਏਥੇ ਇਸ ਲਈ ਜ਼ਿਕਰ ਕਰ ਰਹੀ ਹਾਂ ਕਿ ਜਿਹੜੇ ਮੇਰੇ ਬਹੁਤ ਸਾਰੇ ਵੀਰ ਏਥੇ ਬੈਠੇ ਹਨ ਉਨ੍ਹਾਂ ਨੂੰ ਇਸ ਚੀਜ਼ ਦਾ ਗਿਆਨ ਹੋਵੇ, ਤਾਂ ਜੋ ਉਹ ਇਸ ਤੋਂ ਫਾਇਦਾ ਉਠਾ ਸਕਣ । ਇਨ੍ਹਾਂ ਰਾਹੀਂ ਗਵਰਮੈਂਟ ਆਫ ਇੰਡੀਆ ਗਰਾਂਟ ਇਨ ਏਡ ਦੇ ਕੇ ਸਕੀਮਜ਼ ਚਲਾਉਂਦੀ ਹੈ ਅਤੇ ਜਿਨ੍ਹਾਂ ਰਾਹੀਂ ਬੜੀ ਦੇਰ ਤੋਂ ਸਮਾਜ ਸੁਧਾਰ ਦਾ ਕੰਮ ਚਲ ਰਿਹਾ ਹੈ । ਕੋਈ 85,000/- ਦੇ ਕਰੀਬ ਵਖੋ ਵਖ ਸਮਾਜਕ ਸੰਸਥਾਵਾਂ ਰਾਹੀਂ ਬਤੌਰ ਗਰਾਂਟ ਇਨ ਏਡ ਦੇ ਅਸੀਂ ਰੁਪਿਆ ਦਿੰਦੇ ਹਾਂ । ਇਹ ਗਰਾਂਟ ਔਰਤਾਂ ਅਤੇ ਬਚਿਆਂ ਦੀ ਸਮਾਜਿਕ ਭਲਾਈ ਲਈ ਹੈ ।

ਭਾਰਤ ਵਿਚ ਇਕ ਇੰਦਰਾ ਹਾਲੀਡੇ ਹੋਮ ਸਕੀਮ ਵੀ ਹੈ । ਜਦੋਂ ਸ੍ਰੀਮਤੀ ਗਾਂਧੀ ਰੂਸ ਵਿਚ ਗਏ ਤਾਂ ਉਨ੍ਹਾਂ ਨੇ ਵੇਖਿਆ ਕਿ ਮੁਲਕ ਦੇ ਛੋਟੇ ਛੋਟੇ ਬਚਿਆਂ ਦੀ ਉਹ ਕਿਵੇਂ ਚੰਗੀ ਤਰ੍ਹਾਂ ਦੇਖ ਭਾਲ ਕਰਦੇ ਹਨ । ਉਹ ਸਮਝਦੇ ਹਨ ਕਿ ਅਸਲੀ ਇਹ ਬਚੇ ਹੀ ਕੌਮ ਦਾ ਧਨ ਹੁੰਦੇ ਹਨ । ਇਸੇ ਆਧਾਰ ਤੇ ਹੀ ਇਕ ਸਕੀਮ ਸੈਂਟਰਲ ਸੋਸ਼ਅਲ ਵੈਲਫੇਅਰ

[ਸ੍ਰੀਮਤੀ ਗੁਰਬ੍ਰਿੰਦਰ ਕੌਰ ਬਰਾੜ]

ਬੋਰਡ ਨੇ ਬਣਾਈ ਹੈ ਜਿਸ ਦਾ ਨਾਉਂ ਹਾਲੀਡੇ ਹੋਮ ਰਖਿਆ ਗਿਆ ਹੈ । ਉਹ ਬੱਚੇ ਜਿਹੜੇ ਲੋ ਇਨਕਮ ਗਰੁਪ ਦੇ ਵਿਚ ਆਉਂਦੇ ਹਨ ਜਿਨ੍ਹਾਂ ਦੇ ਮਾਂ-ਬਾਪ ਦੀ 200 ਤੋਂ 300 ਰੁਪਏ ਤੱਕ ਆਮਦਨ ਹੁੰਦੀ ਹੈ, ਇਸ ਸਕੀਮ ਰਾਹੀਂ ਉਨ੍ਹਾਂ ਨੂੰ ਮੌਕਾ ਦਿੱਤਾ ਜਾਂਦਾ ਹੈ ਕਿ ਉਹ ਵੀ ਕਿਸੇ ਪਹਾੜ ਜਾਂ ਹੋਰ ਰਮਣੀਕ ਥਾਂ ਦੀ ਸੈਰ ਕਰ ਸਕਣ ਜਿਸ ਨਾਲ ਉਨ੍ਹਾਂ ਦਾ ਮਾਨਸਕ ਅਤੇ ਸਰੀਰਕ ਵਿਕਾਸ ਹੋ ਸਕੇ । ਇਸ ਰਾਹੀਂ ਪੰਜਾਬ ਦੇ ਬਚਿਆਂ ਨੂੰ ਪਹਾੜ ਤੇ ਲੈ ਜਾਕੇ ਅਤੇ ਪਹਾੜ ਦੇ ਬਚਿਆਂ ਨੂੰ ਪੰਜਾਬ ਦੇ ਮੈਦਾਨਾਂ ਵਿਚ ਲਿਆ ਕੇ ਕੈਂਪਸ ਲਗਾਏ ਜਾਂਦੇ ਹਨ। ਇਹ 15-15 ਦਿਨ ਤੱਕ ਦੇ ਕੈਂਪ ਹੁੰਦੇ ਹਨ, ਜਿਥੇ ਇਨ੍ਹਾਂ ਨੂੰ ਖੁਰਾਕ ਅੱਛੀ ਦਿੱਤੀ ਜਾਂਦੀ ਹੈ ਅਤੇ ਐਟਮਾਸਫੀਅਰ ਦੀ ਅਦਲਾ ਬਦਲੀ ਕਰਵਾਕੇ ਸੈਰਾਂ ਕਰਵਾਈਆਂ ਜਾਂਦੀਆਂ ਹਨ। ਇਸ ਕਿਸਮ ਦੀ ਸਕੀਮ ਦੀ ਜੇ ਕੋਈ ਵੀਰ ਦਿਲਚਸਪੀ ਰਖਦਾ ਹੋਵੇ ਉਹ ਆਪਣੇ ਹਲਕੇ ਵਿਚ ਲੈ ਜਾ ਸਕਦਾ ਹੈ।

ਲੋੜੀਂਦੇ ਸ਼ਹਿਰਾਂ ਦੇ ਵਿਚ Socio ਇਕਨਾਮਿਕ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਜਿਸ ਦਾ ਇਹ ਲਕਸ਼ ਹੈ ਕਿ ਗਰੀਬ ਔਰਤਾਂ ਨੂੰ ਇਕ ਸੈਂਟਰ ਦੇ ਵਿਚ ਬੁਲਾ ਕੇ ਉਨ੍ਹਾਂ ਨੂੰ ਕੰਮ ਦਿਤਾ ਜਾਂਦਾ ਹੈ ਤਾਂ ਕਿ ਉਹ ਇਜ਼ਤ ਨਾਲ ਕੰਮ ਕਰਕੇ ਆਪਣੇ ਟਬਰ ਦਾ ਪੇਟ ਪਾਲ ਸਕਣ ।

ਇਸੇ ਤਰ੍ਹਾਂ ਪ੍ਰੀਵਾਰ ਤੇ ਬਾਲ ਕਲਿਆਣ ਪ੍ਰੋਜੈਕਟ ਹੈ । ਇਹ ਇਕ ਅਜਿਹੀ ਸਕੀਮ ਹੈ ਜੋ ਪੰਜਾਬ ਦੇ ਵਿਚ ਚਲ ਰਹੀ ਹੈ ਅਤੇ ਜਿਸ ਦੀ ਸੈਂਟ ਪਰਸੈਂਟ ਗ੍ਰਾਂਟ ਸੈਂਟਰ ਤੋਂ ਮਿਲਦੀ ਹੈ ਇਨ੍ਹਾਂ ਪ੍ਰੋਜੈਕਟਾਂ ਰਾਹੀਂ ਔਰਤਾਂ ਨੂੰ ਹਰ ਤਰ੍ਹਾਂ ਦੀ ਟਰੇਨਿੰਗ ਅਤੇ ਬਚਿਆਂ ਦਾ ਪੂਰਾ ਵਿਕਾਸ ਹੁੰਦਾ ਹੈ। ਹਰ ਸਾਲ ਪੰਜਾਬ ਬੋਰਡ ਨੂੰ ਸੈਂਟਰ ਤੋਂ 3 ਲੱਖ 50 ਹਜਾਰ ਰੁਪਏ ਦੀ ਗ੍ਰਾਂਟ ਮਿਲਦੀ ਹੈ। ਮੈਂ ਤੁਹਾਡੇ ਰਾਹੀਂ, ਡਿਪਟੀ ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ ਨੂੰ ਇਹ ਰਿਕੁਐਸਟ ਕਰਨਾ ਚਾਹੁੰਦੀ ਹਾਂ ਕਿ ਗਵਰਨਰ ਸਾਹਿਬ ਦੇ ਰਾਜ ਤੋਂ ਪਹਿਲਾਂ ਸੈਂਟਰ ਦੀ ਸਰਕਾਰ ਨੇ ਇਹ ਲਿਖ ਕੇ ਭੇਜਿਆ ਸੀ ਕਿ ਅਸੀਂ 5 ਹੋਰ ਫੈਮਲੀ ਐਂਡ ਚਾਈਲਡ ਵੈਲਫੇਅਰ ਸੈਂਟਰ ਖੋਲਣ ਲਈ ਤਿਆਰ ਹਾਂ । ਪਹਿਲੇ ਪੰਜਾਂ ਸਾਲਾਂ ਲਈ ਜੇਕਰ ਪੰਜਾਬ ਸਰਕਾਰ ਇਹ ਮੰਨ ਲਵੇ ਉਹ ਪੰਜ ਸਾਲਾਂ ਤੋਂ ਬਾਅਦ ਇਨ੍ਹਾਂ ਦਾ ਪੂਰਾ ਖਰਚਾ ਸੰਭਾਲ ਲਵੇਗੀ। ਇਨ੍ਹਾਂ ਲਈ ਸੈਂਟਰ ਨੇ 20 ਲੱਖ ਰੁਪਏ ਦੀ ਗ੍ਰਾਂਟ ਦੇਣੀ ਹੈ । ਮੈਂ ਇਹ ਅਰਜ਼ ਕਰਨੀ ਚਾਹੁੰਦੀ ਹਾਂ ਕਿ ਸਾਨੂੰ ਇਸ ਯੋਗ ਹੋਣਾ ਚਾਹੀਦਾ ਹੈ ਕਿ ਪੰਜ ਸਾਲਾਂ ਬਾਦ ਅਸੀਂ ਆਪਣੇ ਪੈਰਾਂ ਤੇ ਖੜੇ ਹੋ ਕੇ ਇਨ੍ਹਾਂ ਸੈਂਟਰਾਂ ਨੂੰ ਸੰਭਾਲ ਸਕੀਏ। ਇਹ ਬਹੁਤ ਅੱਛੇ ਪ੍ਰੋਜੈਕਟ ਹਨ ਅਤੇ ਪੰਜਾਬ ਵਿਚ ਇਹ ਜ਼ਰੂਰ ਚਾਲੂ ਹੋਣੇ ਚਾਹੀਦੇ ਹਨ ।

ਫਿਰ, ਡਿਪਟੀ ਸਪੀਕਰ ਸਾਹਿਬ, ਨਿਊਟ੍ਰੀਸ਼ਨ ਦਾ ਵੀ ਪ੍ਰੋਗਰਾਮ ਹੈ । ਇਹ ਮਹਿਸੂਸ ਕੀਤਾ ਗਿਆ ਹੈ ਕਿ ਗਰੀਬਾਂ ਦੇ ਬਚਿਆਂ ਨੂੰ ਪੂਰੀ ਖੁਰਾਕ ਨਹੀਂ ਦਿਤੀ ਜਾ ਰਹੀ । ਇਸ ਲਈ ਉਨ੍ਹਾਂ ਵਿਚ ਕਈ ਤਰ੍ਹਾਂ ਦੇ ਨੁਕਸ ਪੈਦਾ ਹੋ ਜਾਂਦੇ ਹਨ । ਗੌਰਮਿੰਟ ਆਫ ਇੰਡੀਆ ਨੇ ਇਸ ਸਕੀਮ ਲਈ 11 ਕਰੋੜ ਰੁਪਏ 1971-72 ਲਈ ਦਿਤੇ ਸਨ ਅਤੇ ਹੁਣ ਚਾਲੂ ਸਾਲ ਲਈ ਇਸ ਗ੍ਰਾਂਟ ਨੂੰ ਵਧਾ ਕੇ 22.5 ਕਰੋੜ ਰੁਪਏ ਦੇਣ ਲਈ ਮਨਜ਼ੂਰੀ ਦਿਤੀ ਹੈ । ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਇਹ ਕਹਿਣਾ ਚਾਹੁੰਦੀ ਹਾਂ ਕਿ ਇਹ ਪ੍ਰੋਗਰਾਮ ਬਹੁਤ ਹੀ ਅੱਛਾ ਹੈ ਅਤੇ ਸਾਨੂੰ ਸਾਰਿਆਂ ਨੂੰ ਇਹ ਪ੍ਰੋਗਰਾਮ ਆਪਣੀ ਆਪਣੀ ਕੰਸਟੀਚੁਐਂਸੀ ਵਿਚ ਲਾਗੂ ਕਰਨਾ ਚਾਹੀਦਾ ਹੈ। ਇਸ ਦੇ ਲਈ ਸਹਾਇਤਾ ਤਿੰਨ ਥਾਵਾਂ ਤੋਂ ਮਿਲ਼ ਸਕਦੀ

ਹੈ । (1) ਸ਼ੋਸ਼ਲ ਵੈਲਫੇਅਰ ਡਿਪਾਰਟਮੈਂਟ, (2) ਸੈਂਟਰਲ ਸੋਸ਼ਲ ਵੈਲਫੇਅਰ ਬੋਰਡ ਅਤੇ (3) ਇੰਡੀਅਨ ਕੌਂਸਲ ਫਾਰ ਚਾਈਲਡ ਵੈਲਫੇਅਰ । ਮੇਰੇ ਕਹਿਣ ਦਾ ਭਾਵ ਇਹ ਹੈ ਕਿ ਅਜਿਹੀਆਂ ਚੀਜ਼ਾਂ ਹੋ ਰਹੀਆਂ ਹਨ । ਜਿਥੇ ਅਸੀਂ ਵਡੇ ਵਡੇ ਪ੍ਰੋਗਰਾਮਾਂ ਨੂੰ, ਵਡੇ ਵਡੇ ਰੈਜ਼ੋਲਿਊਸ਼ਨਾਂ ਨੂੰ, ਵਡੀਆਂ ਵਡੀਆਂ ਤਬਦੀਲੀਆਂ ਨੂੰ ਲਿਆਉਣਾ ਚਾਹੁੰਦੇ ਹਾਂ, ਉਥੇ ਇਸ ਤਰ੍ਹਾਂ ਤਬਦੀਲੀ ਲਿਆਉਣ ਲਈ ਅਛੇ ਪ੍ਰੋਗਰਾਮ ਵੀ ਹਨ, ਇਨ੍ਹਾਂ ਵਲ ਵੀ ਸਾਨੂੰ ਧਿਆਨ ਦੇਣਾ ਚਾਹੀਦਾ ਹੈ ।

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਇਕ ਹੋਰ ਗਲ ਧਰਮਸ਼ਾਲਾਵਾਂ ਦੇ ਬਾਰੇ ਕਹਿਣਾ ਚਾਹੁੰਦੀ ਹਾਂ, ਇਥੇ ਕਿਹਾ ਗਿਆ ਹੈ ਕਿ ਧਰਮਸ਼ਾਲਾਵਾਂ ਇਕ ਐਵੇਂ ਜਿਹੀ ਚੀਜ਼ ਹੈ । ਮੈਂ ਇਹ ਦਸਣਾ ਚਾਹੁੰਦੀ ਹਾਂ ਕਿ ਇਹ ਐਵੇਂ ਜਿਹੀ ਚੀਜ਼ ਨਹੀਂ ਹੈ । ਉਥੇ ਗਰੀਬ ਹਰੀਜਨਾਂ ਦੀਆਂ ਬਰਾਤਾਂ ਠਹਿਰਦੀਆਂ ਹਨ । ਇਹ ਸਕੀਮ ਇਕ ਬਹੁਤ ਅੱਛੀ ਸਕੀਮ ਹੈ । (ਵਿਘਨ)

ਸ੍ਰੀ ਡਿਪਟੀ ਸਪੀਕਰ : ਆਨਰੇਬਲ ਲੇਡੀ ਮੈਂਬਰ ਬੋਲ ਰਹੀ ਹੈ, ਸਾਨੂੰ ਸਾਰਿਆਂ ਨੂੰ ਇਹ ਕੰਵਨਸ਼ਨ ਬਣਾ ਲੈਣੀ ਚਾਹੀਦੀ ਹੈ ਕਿ ਅਸੀਂ ਇਨ੍ਹਾਂ ਨੂੰ ਇੰਟ੍ਰਪਟ ਨਾ ਕਰੀਏ । ਉਨ੍ਹਾਂ ਦਾ ਹੌਂਸਲਾ ਵਧਾਈਏ । (The hon. lady Member is speaking. We should make it a convention not to interrupt the lady Members, rather we should encourage them.)

ਸ੍ਰੀਮਤੀ ਗੁਰਬਰਿੰਦਰ ਕੌਰ ਬਰਾੜ : ਇਲੈਕਸ਼ਨਾਂ ਵਿਚ ਹਰ ਥਾਂ ਤੇ ਹਰੀਜਨ ਇਹ ਡਿਮਾਂਡ ਕਰਦੇ ਸੀ ਕਿ ਸਾਨੂੰ ਧਰਮਸ਼ਾਲਾ ਬਣਾ ਕੇ ਦਿਓ । ਜਦ ਉਹ ਆਪ ਇਸ ਚੀਜ਼ ਦੀ ਮੰਗ ਕਰਦੇ ਹਨ ਤਾਂ ਸਾਨੂੰ ਦੇ ਦੇਣੀ ਚਾਹੀਦੀ ਹੈ । ਫਿਰ ਉਨ੍ਹਾਂ ਦੀ ਪੀਣ ਵਾਲੇ ਪਾਣੀ ਲਈ ਨਲਕਿਆਂ ਦੀ ਮੰਗ ਹੈ । ਮੈਨੂੰ ਇਹ ਦੇਖ ਕੇ ਖੁਸ਼ੀ ਹੋਈ ਹੈ ਕਿ ਗਵਰਨਰ ਸਾਹਿਬ ਨੇ ਨਲਕਿਆਂ ਲਈ ਸਬਸਿਡੀ ਦੇਣ ਲਈ ਆਪਣੇ ਐਡਰੈਸ ਦੇ ਵਿਚ ਜ਼ਿਕਰ ਕੀਤਾ ਹੈ । ਜੇ ਅਸੀ ਗਰੀਬਾਂ ਨੂੰ ਉਚਾ ਚੁਕਣਾ ਹੈ ਤਾਂ ਅਜਿਹੀਆਂ ਸਕੀਮਾਂ ਦੇ ਰਾਹੀਂ ਹੀ ਅਸੀਂ ਉਨ੍ਹਾਂ ਨੂੰ ਉਚਾ ਚੁਕ ਸਕਦੇ ਹਾਂ । ਇਹ ਹੀ ਸਾਡਾ ਫਰਜ਼ ਬਣਦਾ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦੀ ਹਾਂ ਕਿ ਕ੍ਰਿਟੀਸਿਜ਼ਮ ਤਾਂ ਹੋਣਾ ਚਾਹੀਦਾ ਹੈ, ਪਰ ਹੈਲਦੀ ਕ੍ਰਿਟੀਸਿਜ਼ਮ ਹੋਣਾ ਚਾਹੀਦਾ ਹੈ । ਇਹ ਤਾਂ ਸਿਆਸਤ ਹੈ । ਅਜ ਇਨ੍ਹਾਂ ਬੈਂਚਾਂ ਤੇ ਬੈਠੇ ਹਨ, ਕਲ ਉਨ੍ਹਾਂ ਬੈਂਚਾਂ ਤੇ ਬੈਠਣਗੇ । ਸਾਰਿਆਂ ਨੂੰ ਇਕ ਵਾਰੀ ਸੇਵਾ ਦਾ ਮੌਕਾ ਮਿਲ ਚੁਕਾ ਹੈ । ਮੈਂ ਆਪੋਜ਼ੀਸ਼ਨ ਦੇ ਬੈਂਚਾਂ ਤੇ ਬੈਠੇ ਹੋਏ ਅਤੇ ਟਰੈਜ਼ਰੀ ਬੈਂਚਾਂ ਤੇ ਬੈਠੇ ਹੋਏ ਮੈਂਬਰ ਸਾਹਿਬਾਨ ਨੂੰ, ਡਿਪਟੀ ਸਪੀਕਰ ਸਾਹਿਬ, ਇਹ ਕਹਿਣਾ ਚਾਹੁੰਦੀ ਹਾਂ ਕਿ ਸਾਨੂੰ ਹੈਲਦੀ ਕ੍ਰਿਟੀਸਿਜ਼ਮ ਕਰਨਾ ਚਾਹੀਦਾ ਹੈ । ਚੰਗੀ ਗਲ ਨੂੰ ਚੰਗੀ ਕਹਿਣਾ ਹੀ ਚਾਹੀਦਾ ਹੈ । ਭਾਵੇਂ ਮਾੜੀ ਗਲ ਦਾ ਕ੍ਰਿਟੀਸਿਜ਼ਮ ਕਰੋ ।

ਫਿਰ, ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਆਪਣੇ ਐਡਰੈਸ ਦੇ ਵਿਚ ਖੇਡਾਂ ਵਲ ਧਿਆਨ ਦੇਣ ਦੀ ਗੱਲ ਕੀਤੀ ਹੈ । ਇਹ ਇਕ ਬਹੁਤ ਚੰਗੀ ਗੱਲ ਹੈ । ਇਸ ਦੇ ਰਾਹੀਂ ਸਾਡੇ ਨੌਜਵਾਨਾਂ ਦੀਆਂ ਰੁਚੀਆਂ ਇਸ ਪਾਸੇ ਜਾਣਗੀਆਂ ਅਤੇ ਉਹ ਆਪਣੀ ਸਿਹਤ ਬਣਾ ਸਕਣਗੇ ਅਤੇ ਦੁਨੀਆਂ ਦੀਆਂ ਖੇਡਾਂ ਵਿਚ ਹਿਸਾ ਪਾ ਸਕਣਗੇ । ਸਾਡੇ ਬਚੇ ਦੁਨੀਆਂ ਦੀਆਂ ਖੇਡਾਂ ਵਿਚ ਜਾ ਕੇ ਜੇ ਕੋਈ ਪਦਵੀ ਪਾ ਜਾਣ ਤਾਂ ਸਾਨੂੰ ਇਸ ਗੱਲ ਦੀ ਖੁਸ਼ੀ ਹੀ ਹੋਵੇਗੀ । ਇਸ ਵਾਸਤੇ ਸਾਨੂੰ ਉਨ੍ਹਾਂ ਨੂੰ ਚੰਗੀ ਖੁਰਾਕ ਦੇਣੀ ਪਏਗੀ । ਇਸ ਗਲ ਲਈ ਮੈਂ

[ਸ੍ਰੀਮਤੀ ਗੁਰਬਰਿੰਦਰ ਕੌਰ ਬਰਾੜ]

ਗਵਰਨਰ ਸਾਹਿਬ ਨੂੰ ਮੁਬਾਰਕਬਾਦ ਦਿੰਦੀ ਹਾਂ । ਡਿਪਟੀ ਸਪੀਕਰ ਸਾਹਿਬ, ਤੁਸੀਂ ਸੁਣ ਕੇ ਹੈਰਾਨ ਹੋਵੋਗੇ ਕਿ ਪਿਛੇ ਜਿਹੇ ਜਿਹੜਾ ਜਰਮਨੀ ਅਤੇ ਭਾਰਤ ਵਿਚ ਹਾਕੀ ਦਾ ਮੈਚ ਹੋਇਆ ਸੀ ਉਸ ਵਿਚ ਜਰਮਨੀ ਦੀ ਟੀਮ ਦੇ ਫਾਰਵਰਡਾਂ ਦੀ ਦੌੜ ਦਾ ਰਿਕਾਰਡ 10.6 ਸੀ ਅਤੇ ਸਾਡਾ ਨੈਸ਼ਨਲ ਰਿਕਾਰਡ 10.4 ਹੈ । ਜਿਹੜੇ ਲੋਕ ਖੇਡ ਦੇਖ ਰਹੇ ਸੀ ਉਹ ਮਹਿਸੂਸ ਕਰਦੇ ਸੀ ਕਿ ਉਨ੍ਹਾਂ ਦੀ ਟੀਮ ਸੁਪੀਰੀਅਰ ਹੈ। ਇਸ ਦਾ ਮਤਲਬ ਇਹ ਹੋਵੇਗਾ ਕਿ ਸਾਡੇ ਨੌਜਵਾਨਾਂ ਦੀਆਂ ਰੁਚੀਆਂ ਸਟਰਾਈਕਸ ਵਲੋਂ ਅਤੇ ਹੋਰ ਹੋਰ ਕੰਮਾਂ ਵਲੋਂ ਹਟ ਕੇ ਇਸ ਪਾਸੇ ਵਲ ਲਗ ਜਾਣਗੀਆਂ ।

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ਼ ਮਨਿਸਟਰ ਸਾਹਿਬ ਨੂੰ ਵਧਾਈ ਦਿੰਦੀ ਹਾਂ ਕਿ 7 ਸਾਲਾਂ ਬਾਦ ਦਯਾ ਸਿੰਘ ਨੂੰ ਜੋ ਕਿ ਕੈਰੋਂ ਸਾਹਿਬ ਦੇ ਕਾਤਲਾਂ ਵਿਚੋਂ ਇਕ ਸੀ, ਫੜ੍ਹ ਲਿਆ ਗਿਆ ਹੈ । ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਜਿਹੜਾ ਕੰਮ ਕਈ ਸਾਲਾਂ ਤੋਂ ਨਹੀਂ ਸੀ ਹੋ ਸਕਿਆ, ਉਹ ਇਨ੍ਹਾਂ ਦੇ ਗਦੀ ਤੇ ਬੈਠਦਿਆਂ ਹੀ ਹੋ ਗਿਆ ਹੈ। ਇਹ ਠੀਕ ਹੈ ਕਿ ਗਲਤੀਆਂ ਹੋ ਜਾਂਦੀਆਂ ਹਨ, ਉਨ੍ਹਾਂ ਦਾ ਚਰਚਾ ਵੀ ਇਸ ਹਾਊਸ ਵਿਚ ਹੋਇਆ ਹੈ । ਪਰ ਜੋ ਕੰਮ ਪੁਲੀਸ ਫੋਰਸ ਨੇ ਚੰਗੇ ਕੀਤੇ ਹਨ ਜਾਂ ਕਰ ਰਹੀ ਹੈ, ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਉਨ੍ਹਾਂ ਦੀ ਤਾਰੀਫ਼ ਵੀ ਕਰੀਏ । ਇਹ ਖੁਸ਼ੀ ਦੀ ਗੱਲ ਹੈ ਕਿ ਇਕ ਭਗੌੜਾ ਜਿਹੜਾ ਕਿ ਸਾਡੇ ਦਿਮਾਗ ਤੇ ਬੋਝ ਬਣਿਆ ਹੋਇਆ ਸੀ, ਗ੍ਰਿਫਤਾਰ ਕਰ ਲਿਆ ਗਿਆ ਹੈ । ਇਸ ਲਈ ਆਈ. ਜੀ. ਪੁਲਿਸ ਤੇ ਸਾਰੀ ਪੁਲਿਸ ਫੋਰਸ ਮੁਬਾਰਕਬਾਦ ਦੀ ਹੱਕਦਾਰ ਹੈ । ਇਹ ਠੀਕ ਹੈ ਕਿ ਪੁਲੀਸ ਤੋਂ ਗਲਤੀਆਂ ਹੋਈਆਂ ਹਨ, ਗੁਨਾਹਗਾਰਾਂ ਨੂੰ ਸਜ਼ਾ ਮਿਲੇਗੀ, ਜਿਨ੍ਹਾਂ ਨੇ ਬੇਗੁਨਾਹ ਫੜੇ ਹਨ, ਉਨ੍ਹਾਂ ਨੂੰ ਵੀ ਸਜ਼ਾ ਮਿਲੇਗੀ । ਇਹ ਕਹਿਣਾ ਕਿ ਸਾਰੀਆਂ ਖਰਾਬੀਆਂ ਹੀ ਖਰਾਬੀਆਂ ਹਨ, ਇਹ ਗੱਲ ਮੈਨੂੰ ਜਚਦੀ ਨਹੀਂ ਹੈ । (ਇਕ ਆਵਾਜ਼ : ਉਹ ਤਾਂ ਐਸ. ਐਚ. ਓ. ਨੇ ਫੜਿਆ ਹੈ) ਇਹ ਠੀਕ ਹੈ ਕਿ ਐਸ.ਐਚ.ਓ. ਨੇ ਫੜਿਆ ਹੈ ਪਰ ਇਹ ਸਾਰਾ ਕੰਮ ਇਕ ਤਰੀਕੇ ਦੇ ਨਾਲ ਹੀ ਹੋ ਸਕਦਾ ਹੈ। ਡਿਪਟੀ ਸਪੀਕਰ ਸਾਹਿਬ, ਕੁਝ ਦਿਨ ਹੋਏ ਇਸ ਹਾਊਸ ਨੇ ਇਕ ਰੈਜ਼ੋਲਿਊਸ਼ਨ ਪਾਸ ਕੀਤਾ ਸੀ ਜਿਸ ਵਿਚ ਸ੍ਰੀਮਤੀ ਇੰਦਰਾ ਗਾਂਧੀ ਜੀ ਨੂੰ ਇਸ ਗੱਲ ਦੀ ਵਧਾਈ ਦਿਤੀ ਗਈ ਸੀ ਕਿ ਉਨ੍ਹਾਂ ਦੀ ਅਗਵਾਈ ਹੇਠ ਦੇਸ਼ ਨੇ ਇੰਨਾ ਵੱਡਾ ਕੰਮ ਕੀਤਾ ਹੈ । ਇਹ ਠੀਕ ਹੈ ਕਿ ਵਡੇ ਵਡੇ ਅਫਸਰ ਸ਼ਹੀਦ ਹੋਏ, ਬਹਾਦਰ ਜਵਾਨ ਸ਼ਹੀਦ ਹੋਏ, ਬਾਰਡਰ ਤੇ ਰਹਿਣ ਵਾਲੀ ਸਾਡੀ ਸਿਵਲੀਅਨ ਪਾਪੂਲੇਸ਼ਨ ਸ਼ਹੀਦ ਹੋਈ, ਪਰ, ਡਿਪਟੀ ਸਪੀਕਰ ਸਾਹਿਬ, ਲੀਡਰਸ਼ਿਪ ਵੀ ਇਕ ਬੜੀ ਵਡੀ ਚੀਜ਼ ਹੁੰਦੀ ਹੈ । ਇਸ ਕਠਿਨ ਸਮੇਂ ਤੇ ਜਿਵੇਂ ਇੰਦਰਾ ਗਾਂਧੀ ਜੀ ਨੇ ਠੀਕ ਸਮੇਂ ਤੇ ਠੀਕ ਫੈਸਲੇ ਕੀਤੇ ਪ੍ਰਤਖ ਸਬੂਤ ਹੈ। ਇੰਦਰਾ ਗਾਂਧੀ ਜੀ ਦੀ ਸੁਚੱਜੀ ਲੀਡਰਸ਼ਿਪ ਹੇਠ ਇਹ ਵਡਾ ਕੰਮ ਹੋਇਆ ਜਿਸ ਨਾਲ ਸਾਰੀ ਦੁਨੀਆਂ ਨੇ ਦੇਖਿਆ ਕਿ ਹਿੰਦੁਸਤਾਨ ਦਾ ਸਿਰ ਸਾਰੇ ਸੰਸਾਰ ਵਿਚ ਉਚਾ ਹੋ ਗਿਆ ਹੈ । ਇਸ ਗਲ ਵਿਚ ਸਾਨੂੰ ਕੋਈ ਝਿਜਕ ਨਹੀਂ ਹੋਣੀ ਚਾਹੀਦੀ ਕਿ ਜੋ ਚੰਗੀ ਗਲ ਹੈ, ਉਸ ਦੀ ਤਾਰੀਫ਼ ਕਰ ਸਕੀਏ । ਇਹ ਸਾਬਤ ਹੋ ਗਿਆ ਹੈ ਕਿ ਇੰਦਰਾ ਗਾਂਧੀ ਜੀ ਦੀ ਲੀਡਰਸ਼ਿਪ ਵਿਚ ਸਾਡਾ ਦੇਸ਼ ਅਗੇ ਹੀ ਵਧਦਾ ਜਾਵੇਗਾ ।

ਅਖੀਰ ਵਿਚ ਇਨ੍ਹਾਂ ਸ਼ਬਦਾਂ ਦੇ ਨਾਲ ਹੀ ਮੈਂ, ਡਿਪਟੀ ਸਾਹਿਬ, ਤੁਹਾਡਾ ਧੰਨਵਾਦ ਕਰਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿਤਾ ।

ਸਰਦਾਰ ਜਸਵਿੰਦਰ ਸਿੰਘ ਬਰਾੜ (ਕੋਟ ਕਪੂਰਾ): ਡਿਪਟੀ ਸਪੀਕਰ ਸਾਹਿਬ....(ਵਿਘਨ)

ਸਿਖਿਆ ਮੰਤਰੀ : ਡਿਪਟੀ ਸਪੀਕਰ ਸਾਹਿਬ, ਵਾਰੀ ਦੇ ਹਿਸਾਬ ਨਾਲ ਦੋ ਉਸ ਤਰਫ ਤੋਂ ਹੁੰਦੇ ਹਨ ਅਤੇ ਦੋ ਇਸ ਤਰਫ ਤੋਂ ਹੁੰਦੇ ਹਨ । (ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਭਾਸ਼ਣ ਵਿਚ ਕਿਸਾਨਾਂ ਦੀ ਉਨਤੀ ਵਾਸਤੇ, ਮਜ਼ਦੂਰਾਂ ਦੀ ਉਨਤੀ ਵਾਸਤੇ, ਦੁਕਾਨਦਾਰਾਂ ਦੀ ਉਨਤੀ ਵਾਸਤੇ ਅਤੇ ਮੁਲਾਜ਼ਮ ਵਰਗ ਦੀ ਉਨਤੀ ਵਾਸਤੇ ਕੋਈ ਸਪੈਸ਼ਲ ਚੀਜ਼ ਨਹੀਂ ਦਸੀ ਗਈ ਜਿਸ ਨਾਲ ਉਨ੍ਹਾਂ ਦੀ ਉਨਤੀ ਹੋ ਸਕੇ । ਅਸੀਂ ਇਹ ਮਹਿਸੂਸ ਕਰਦਿਆਂ ਹੋਇਆਂ ਕਿ ਇਹ ਗਲਾਂ ਗਵਰਨਰ ਸਾਹਿਬ ਦੇ ਐਡਰੈਸ ਵਿਚ ਨਹੀਂ ਆਈਆਂ ਅਤੇ ਬਾਦਲ ਸਾਹਿਬ ਜਾਂ ਗੁਰਨਾਮ ਸਿੰਘ ਦੀ ਸਰਕਾਰਾਂ ਵਿਚ ਜੋ ਚੰਗੇ ਕੰਮ ਕੀਤੇ ਗਏ ਸੀ ਉਨ੍ਹਾਂ ਦਾ ਇਸ ਐਡਰੈਸ ਵਿਚ ਵਰਨਣ ਨਹੀਂ ਕੀਤਾ ਗਿਆ, ਇਨ੍ਹਾਂ ਗੱਲਾਂ ਨੂੰ ਮਹਿਸੂਸ ਕਰਦੇ ਹੋਏ ਅਸੀਂ ਰੋਸ ਪਰਗਟ ਕੀਤਾ ਸੀ । ਇਹ ਚੰਗੀ ਪਰੰਪਰਾ ਨਹੀਂ ਸੀ । ਇਸੀ ਕਾਰਨ ਅਸੀਂ ਵਾਕ ਆਊਟ ਕੀਤਾ ਸੀ । ਕਿਉਂਕਿ ਹੋਰ ਰੋਸ ਪਰਗਟ ਕਰਨ ਦਾ ਸਾਡੇ ਕੋਲ ਕੋਈ ਚਾਰਾ ਨਹੀਂ ਸੀ । ਜੋ ਗਵਰਨਰ ਸਾਹਿਬ ਦੇ ਭਾਸ਼ਣ ਵਿਚ ਦਸਿਆ ਗਿਆ ਹੈ ਉਨ੍ਹਾਂ ਗਲਾਂ ਵਲ ਮੈਂ ਆਪ ਜੀ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ।

ਗਵਰਨਰ ਸਾਹਿਬ ਦਾ ਰਾਜ ਇਕ ਨਿਰਪੱਖ ਰਾਜ ਹੋਣਾ ਚਾਹੀਦਾ ਹੈ (ਵਿਘਨ) ਇਸ ਵਿਚ ਸਾਰਿਆਂ ਨੂੰ, ਸਾਰੀਆਂ ਪੁਲੀਟੀਕਲ ਪਾਰਟੀਆਂ ਨੂੰ ਇਕੋ ਜਿਹਾ ਸਨਮਾਨਿਆ ਜਾਣਾ ਚਾਹੀਦਾ ਹੈ । ਸਾਰਿਆਂ ਦਾ ਦੁਖ ਦਰਦ ਚੰਗੀ ਤਰ੍ਹਾਂ ਨਾਲ ਸੁਣਿਆ ਜਾਣਾ ਚਾਹੀਦਾ ਹੈ । (ਵਿਘਨ) ਪਰ, ਡਿਪਟੀ ਸਪੀਕਰ ਸਾਹਿਬ, ਇਲੈਕਸ਼ਨਾਂ ਦੇ ਦਿਨਾਂ ਵਿਚ ਜੋ ਗਵਰਨਰ ਸਾਹਿਬ ਦੇ ਰਾਜ ਵਿਚ ਇਥੇ ਪੰਜਾਬ ਵਿਚ ਹੋਇਆ ਇਸ ਬਾਰੇ, ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਜ਼ਿਲ੍ਹਿਆਂ ਦੇ ਐਸ. ਪੀਜ਼ ਅਤੇ ਡਿਪਟੀ ਕਮਿਸ਼ਨਰ ਨੇ ਉਹ ਕੰਮ ਕੀਤਾ, ਜੋ ਗੌਰ ਨਾਲ ਵੇਖੋ ਤਾਂ ਪਤਾ ਲਗੇਗਾ ਕਿ ਇਸ ਦੇ ਨਾਲ ਆਪੋਜ਼ੀਸ਼ਨ ਪਾਰਟੀਆਂ ਦੇ ਵਕਾਰ ਨੂੰ ਕਿਸ ਤਰ੍ਹਾਂ ਨਾਲ ਸੱਟ ਵੱਜੀ (ਵਿਘਨ) । ਇਲੈਕਸ਼ਨਾਂ ਦੇ ਦਿਨਾਂ ਵਿਚ ਫਿਰੋਜ਼ਪੁਰ ਦੇ ਐਸ. ਐਸ. ਪੀ. ਨੇ ਮੀਟਿੰਗ ਬੁਲਾਕੇ ਕਿਹਾ ਕਿ ਵੋਟਾਂ ਕਾਂਗਰਸ ਨੂੰ ਪਾਉਣੀਆਂ ਚਾਹੀਦੀਆਂ ਹਨ (ਸ਼ੇਮ, ਸ਼ੇਮ) (ਵਿਘਨ) ।

Doctor Amir Singh Kalkat : On a point of order, Mr. Deputy Speaker. Worthy Leader of the Opposition is making a wrong statement. ਇਨ੍ਹਾਂ ਨੂੰ ਪੁਛੋ ਇਹ ਆਪਣੀ ਸਰਕਾਰ ਵਿਚ ਕੀ ਕਰਦੇ ਰਹੇ ਹਨ ? (ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਮੈਂ ਸਤਿਕਾਰ ਯੋਗ ਮੈਂਬਰ ਨੂੰ ਇਹ ਦਸਣਾ ਚਾਹੁੰਦਾ ਹਾਂ ਕਿ ਇਸ ਜ਼ਬਾਨ ਵਿਚੋਂ ਕਦੇ ਵੀ ਗਲਤ ਗੱਲ ਨਾਂ ਨਿਕਲੀ ਹੈ ਅਤੇ ਨਾਂ ਨਿਕਲੇਗੀ (ਥੰਪਿੰਗ) (ਵਿਘਨ)

ਸ੍ਰੀ ਵਿਸ਼ਵਾ ਮਿੱਤਰ ਸੇਖਰੀ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਪਾਰਲੀਮੈਂਟ ਦੀਆਂ ਚੋਣਾਂ ਤੋਂ ਪਹਿਲਾਂ ਇਥੇ ਬਾਈ ਇਲੈਕਸ਼ਨਜ਼ ਹੋਈਆਂ ਸਨ । ਜਿਸ ਵੇਲੇ ਇਥੇ ਅਕਾਲੀ ਪਾਰਟੀ ਦੀ ਸਰਕਾਰ ਸੀ ਉਸ ਵੇਲੇ ਇਥੇ ਕੀ ਹੋਇਆ ਸੀ । (ਵਿਘਨ)

Mr. Deputy Speaker : This is no point of order.

ਸਰਦਾਰ ਜਸਵਿੰਦਰ ਸਿੰਘ ਬਰਾੜ : ਤੁਹਾਡੇ ਰਾਹੀਂ ਗਿਆਨੀ ਜ਼ੈਲ ਸਿੰਘ ਨੂੰ ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹੋ ਜਿਹੀ ਇੰਟਰਫੀਅਰੈਂਸ ਜੋ ਪੁਲਿਸ ਨੇ ਅਤੇ ਦੂਜੇ ਅਫਸਰਾਂ ਨੇ ਇਲੈਕਸ਼ਨਾਂ ਦੇ ਦਿਨਾਂ ਵਿਚ ਕੀਤੀ ਇਹ ਇਕ ਸ਼ਰਮਨਾਕ ਵਾਕਿਆ ਹੈ ਅਤੇ ਇਹ ਉਚੇ ਆਦਰਸ਼ਾਂ ਵਾਲੀ ਗੱਲ ਨਹੀਂ ਜੋ ਕਿ ਇਕ ਲੋਕ ਰਾਜ ਵਿਚ ਹੋਣੀ ਚਾਹੀਦੀ ਹੈ ਜਿਸ ਦੇ ਕਿ ਇਹ ਹਾਮੀ ਬਣਦੇ ਹਨ । (ਵਿਘਨ)

ਬਾਕੀ ਜੋ ਰੂਸ ਵਰਗੀ ਵਿਅਕਤੀਗਤ ਰਾਜ ਲਿਆਉਣ ਦੀ ਕੋਸ਼ਿਸ਼ ਇਥੇ ਹੁੰਦੀ ਰਹੀ, ਮੈਂ ਰੂਸ ਦਾ ਧੰਨਵਾਦੀ ਹਾਂ ਜਿਸ ਨੇ ਔਖੇ ਵੇਲੇ ਸਾਡੀ ਮਦਦ ਕੀਤੀ, (ਵਿਘਨ) ਪਰ ਰੂਲਿੰਗ ਪਾਰਟੀ ਦੇ ਵੀਰਾਂ ਨੂੰ ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਕਿਸੇ ਇਕ ਵਿਅਕਤੀ ਦੀ ਸਿੱਫਤ ਕਰੀ ਜਾਣੀ ਅਤੇ ਦੂਸਰੀ ਪਾਰਟੀ ਦੇ ਲੀਡਰਾਂ ਨੂੰ ਨਜ਼ਰਅੰਦਾਜ਼ ਕਰੀ ਜਾਣਾ ਮੈਂ ਸਮਝਦਾ ਹਾਂ ਕਿ ਇਹ ਲੋਕ ਰਾਜ ਦੀ ਚੰਗੀ ਮਿਸਾਲ ਨਹੀਂ । ਜੇ ਇੰਦਰਾ ਗਾਂਧੀ ਨੇ ਚੰਗੀ ਲੀਡਰਸ਼ਿਪ ਦਿਤੀ ਹੈ ਤੇ ਹੋਰ ਵੀ ਨੇਤਾ ਚੰਗੇ ਨੇ, ਜਰਨੈਲ ਨੇ, ਜਿਨ੍ਹਾਂ ਨੇ ਬੰਗਲਾ ਦੇਸ਼ ਨੂੰ ਆਜ਼ਾਦ ਕਰਾਉਣ ਵਿਚ ਪੂਰੀ ਮਿਲਵਰਤਨ ਦਿਤੀ ਹੈ ਤੇ ਆਪਣਾ ਉਘਾ ਹਿੱਸਾ ਪਾਇਆ ਹੈ । (ਵਿਘਨ) ਨਿਰੀ ਪੁਰੀ ਬੀਬੀ ਇੰਦਰਾ ਦੀ ਗਲ ਕਰੀ ਜਾਣੀ ਇਹ ਠੀਕ ਗੱਲ ਨਹੀਂ ਹੈ । ਗੱਲ ਅਜਿਹੀ ਹੋਣੀ ਚਾਹੀਦੀ ਹੈ ਜਿਸ ਦੇ ਨਾਲ ਕਿ ਲੋਕ ਰਾਜ ਦੀ ਪਰੰਪਰਾ ਨੂੰ ਖੁਲ੍ਹੀ ਅਤੇ ਨਿਗਰ ਕਰ ਸਕੀਏ (ਵਿਘਨ) ਇਨ੍ਹਾਂ ਜਰਨੈਲਾਂ ਦਾ, ਜਵਾਨਾਂ ਦਾ, ਕਿਸਾਨਾਂ ਦਾ ਅਤੇ ਹੋਰ ਇਸ ਧਰਤੀ ਤੇ ਪੈਦਾ ਹੋਏ ਮੇਰੇ ਵੀਰਾਂ ਦਾ ਧੰਨਵਾਦ ਕਰਨਾ ਚਾਹੀਦਾ ਹੈ ਜਿਨ੍ਹਾਂ ਦਾ ਬੰਗਲਾ ਦੇਸ਼ ਆਜ਼ਾਦ ਕਰਾਉਣ ਵਿਚ ਖੂਨ ਪਸੀਨਾ ਵਿਹਾ ਅਤੇ ਜਿਨ੍ਹਾਂ ਨੇ ਜ਼ੁਲਮ ਤਸ਼ਦਦ ਸਹਿ ਕੇ ਇਹ ਮਹਾਨ ਕੰਮ ਕੀਤਾ । ਸਾਨੂੰ ਇਨ੍ਹਾਂ ਲੋਕਾਂ ਦਾ ਧੰਨਵਾਦੀ ਹੋਣਾ ਚਾਹੀਦਾ ਹੈ । (ਵਿਘਨ)

ਅਕਾਲੀ ਸਰਕਾਰ ਵਿਚ ਪਹਿਲਾਂ ਪੰਜ ਏਕੜ ਦਾ ਮਾਮਲਾ ਮਾਫ ਹੋਇਆ । (ਵਿਘਨ)

ਸਰਦਾਰ ਦਰਸ਼ਨ ਸਿੰਘ (ਕੇ. ਪੀ.) : ਆਨ ਏ ਪੁਆਇੰਟ ਆਫ ਆਰਡਰ, ਸਰ । ਮੈਂ ਆਪੋਜ਼ੀਸ਼ਨ ਦੇ ਲੀਡਰ ਨੂੰ ਤੁਹਾਡੇ ਰਾਹੀਂ ਇਹ ਗਲ ਪੁਛਣੀ ਚਾਹੁੰਦਾ ਹਾਂ ਕਿ ਯੂ. ਐਨ. ਓ. ਵਿਚ ਕੌਣ ਗਿਆ ਸੀ ?

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (This is no point of order.

ਸਰਦਾਰ ਜਸਵਿੰਦਰ ਸਿੰਘ ਬਰਾੜ : ਤੋ, ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਜਵਾਨਾਂ ਦਾ, ਜਰਨੈਲਾਂ ਦਾ, ਅਤੇ ਹੋਰ ਬੰਦਿਆਂ ਦਾ ਜਿਨ੍ਹਾਂ ਨੇ ਬੰਗਲਾ ਦੇਸ਼ ਦੀ ਆਜ਼ਾਦੀ ਵਿਚ ਆਪਣਾ ਹਿੱਸਾ ਪਾਇਆ ਉਨ੍ਹਾਂ ਸਾਰਿਆਂ ਦਾ ਧੰਨਵਾਦ ਕਰਨਾ ਚਾਹੀਦਾ ਹੈ ਅਤੇ ਇਕੋ ਵਿਅਕਤੀ ਦੀ ਗੱਲ ਨਹੀਂ ਕਰੀ ਜਾਣੀ ਚਾਹੀਦੀ। ਵਿਅਕਤੀਗਤ ਦੀ ਪੂਜਾ (ਵਿਘਨ) ਲੋਕਰਾਜ ਵਿਚ ਹਾਨੀਕਾਰਕ ਹੁੰਦੀ ਹੈ। ਇਹੋ ਜਿਹੀ ਗੱਲ ਨਹੀਂ ਕਰਨੀ ਚਾਹੀਦੀ। ਜਵਾਨਾਂ ਨੂੰ ਮਾਣ ਅਤੇ ਸਤਿਕਾਰ ਦੇਣਾ ਚਾਹੀਦਾ ਹੈ।

ਇਸ ਤੋਂ ਬਾਅਦ, ਡਿਪਟੀ ਸਪੀਕਰ ਸਾਹਿਬ, ਬਜਟ ਵਿਚ ਕਹਿੰਦੇ ਹਨ ਕਿ ਕੋਈ ਟੈਕਸ ਨਹੀਂ ਲਾਇਆ ਗਿਆ (ਵਿਘਨ) ਪਰ ਮੈਂ ਪੁਛਣਾ ਚਾਹੁੰਦਾ ਹਾਂ ਕਿ ਬੰਗਲਾ ਦੇਸ਼ ਦੇ ਰਿਫੂਜੀ ਵਾਪਸ ਚਲੇ ਗਏ ਹਨ ਅਤੇ ਉਥੇ ਇਕ ਸਵਤੰਤਰ ਸਰਕਾਰ ਬਣ ਚੁਕੀ ਹੈ ਲੇਕਿਨ ਇਹ ਬੰਗਲਾ ਦੇਸ਼ ਦਾ ਟੈਕਸ ਹਾਲੇ ਵੀ ਇਥੇ ਲਗਿਆ ਹੋਇਆ ਹੈ। ਇਹ ਹਟਾਇਆ ਜਾਣਾ ਚਾਹੀਦਾ ਹੈ।

ਇਸ ਤੋਂ ਬਾਅਦ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪਾਪੂਲਰ ਸਰਕਾਰ ਆਉਣ ਦੇ ਬਾਅਦ ਵੀ ਇਨ੍ਹਾਂ ਜਵਾਨਾਂ ਵਾਸਤੇ, ਇਨ੍ਹਾਂ ਜਰਨੈਲਾਂ ਵਾਸਤੇ ਜਿਨ੍ਹਾਂ ਨੇ ਬੰਗਲਾ ਦੇਸ਼ ਨੂੰ ਆਜ਼ਾਦ ਕਰਾਉਣ ਵਾਸਤੇ ਆਪਣਾ ਖੂਨ ਪਸੀਨਾਂ ਇਕ ਕਰ ਦਿਤਾ, ਇਨ੍ਹਾਂ ਵਾਸਤੇ ਇਸ ਪਾਪੂਲਰ ਸਰਕਾਰ ਨੇ ਹਾਲੇ ਤਕ ਕੋਈ ਕੰਮ ਨਹੀਂ ਕੀਤਾ। (ਵਿਘਨ) ਇਨ੍ਹਾਂ ਵਾਸਤੇ ਨੌਕਰੀਆਂ ਰਿਜ਼ਰਵ ਕਰ ਦੇਣੀਆਂ ਚਾਹੀਦੀਆਂ ਹਨ। ਇਨ੍ਹਾਂ ਨੂੰ ਇੰਡਸਟ੍ਰੀਅਲ ਲੋਨ ਬੜੀ ਘਟ ਸ਼ਰ੍ਹਾ ਤੇ ਖੁਲ ਦਿਲੀ ਨਾਲ ਦੇਣੇ ਚਾਹੀਦੇ ਹਨ। ਇਨ੍ਹਾਂ ਦੀ ਵਿਡੋਜ਼ ਨੂੰ ਅਤੇ ਇਨ੍ਹਾਂ ਦੇ ਬੱਚਿਆਂ ਨੂੰ ਸਕੂਲਾਂ ਵਿਚ ਪੜ੍ਹਨ ਵਾਸਤੇ ਐਜੂਕੇਸ਼ਨ ਫਰੀ ਹੋਣੀ ਚਾਹੀਦੀ ਹੈ। ਜਿਹੜੇ ਲੋਕ ਉਜੜ ਕੇ ਆਏ ਹਨ ਉਨ੍ਹਾਂ ਨੂੰ ਆਪਣੇ ਘਰ-ਬਾਰ ਬਨਾਉਣ ਵਾਸਤੇ ਕੋਈ ਸਰਕਾਰ ਵਲੋਂ ਸਹਾਇਤਾ ਹੋਣੀ ਚਾਹੀਦੀ ਹੈ। ਅਜਿਹੇ ਕੰਮ ਹੋਣੇ ਚਾਹੀਦੇ ਹਨ ਤਾਂ ਕਿ ਇਨ੍ਹਾਂ ਲੋਕਾਂ ਦੀ ਤਸੱਲੀ ਹੋ ਸਕੇ।

ਕਿਸਾਨਾਂ ਵਾਸਤੇ ਗਵਰਨਰ ਸਾਹਿਬ ਦੇ ਐਡਰੈਸ ਵਿਚ ਇਕ ਸਾਧਾਰਨ ਜਿਹੀ ਗੱਲ ਕੀਤੀ ਗਈ ਹੈ। ਖਾਦ ਦੇ ਭਾਅ ਤਿੰਨ ਗੁਣਾ ਹੋ ਗਏ ਹਨ। ਕਣਕ ਦੇ ਭਾਅ 90/- ਰੁਪਏ ਤੋਂ 70/- ਰੁਪਏ ਰਹਿ ਗਏ ਹਨ। ਰੇਹ ਦੀ ਬੋਰੀ ਜਿਹੜੀ 13/- ਰੁਪਏ ਦੀ ਸੀ ਉਹ ਹੁਣ 33 ਰੁਪਏ ਹੋ ਗਈ ਹੈ. ਕਪੜੇ ਦਾ ਭਾਅ, ਖਾਦ ਦਾ ਭਾਅ, ਬਿਜਲੀ ਅਤੇ ਪਾਣੀ ਦੇ ਭਾਅ ਇਹ ਸਭ ਵਧ ਗਏ ਹਨ ਅਤੇ ਇਸ ਦੇ ਉਪਰੰਤ ਕਣਕ ਦੇ ਭਾਅ ਘਟ ਗਏ ਹਨ। ਇਸੇ ਕਾਰਨ ਰੋਸ ਪਰਗਟ ਕਰਨ ਲਈ ਅਸੀਂ ਵਾਕ ਆਊਟ ਕੀਤਾ ਸੀ। (ਵਿਘਨ)

ਅਬੋਹਰ, ਫਾਜ਼ਲਕਾ ਅਤੇ ਮੇਰੇ ਇਲਾਕੇ ਵਿਚ ਜੋ ਕਾਟਨ ਪਰੋਡਿਊਸਰ ਏਰੀਆ ਹੈ ਉਥੇ ਕਾਫੀ ਨਰਮਾਂ ਪੈਦਾ ਹੁੰਦਾ ਹੈ ਪਰ ਇਨ੍ਹਾਂ ਨੂੰ ਹੋਰ ਉਤਸ਼ਾਹ ਦੇਣ ਦੀ ਬਜਾਏ ਗਵਰਨਰ ਸਾਹਿਬ ਦੇ ਰਾਜ ਵਿਚ ਇਨ੍ਹਾਂ ਲੋਕਾਂ ਨੂੰ ਦਿਨ ਦਿਹਾੜੇ ਲੁਟਿਆ ਗਿਆ ਹੈ। (ਵਿਘਨ) ਜਿਹੜਾ ਇਸ ਦਾ ਪਹਿਲਾ ਰੇਟ 300 ਰੁਪਏ ਦਾ ਸੀ ਉਹ ਹੁਣ 120 ਜਾਂ 135 ਰਹਿ ਗਿਆ ਹੈ। ਕਿਸਾਨ ਨੇ ਇਹ ਚਿੱਟਾ ਸੋਣਾ ਸੱਪਾਂ ਦੀਆਂ ਸਿਰੀਆਂ ਨੂੰ ਮਿਧ ਕੇ ਸੈਂਟਰ ਦੇ ਕੋਠਿਆਂ ਵਿਚ ਭਰਿਆ ਅਤੇ ਉਸ ਦੇ ਬਦਲੇ ਇਨ੍ਹਾਂ ਨੂੰ ਸੈਂਟਰ ਦੀ ਸਰਕਾਰ ਵਲੋਂ ਦਿਨ ਦਿਹਾੜੇ

[ਸਰਦਾਰ ਜਸਵਿੰਦਰ ਸਿੰਘ ਬਰਾੜ]

ਲੁਟਿਆ ਗਿਆ ਹੈ । (ਵਿਘਨ) ਇਨ੍ਹਾਂ ਕਿਸਾਨਾਂ ਨਾਲ ਨਿਆਂ ਹੋਣਾ ਚਾਹੀਦਾ ਹੈ । ਇਨ੍ਹਾਂ ਨੂੰ ਨਰਮੇ ਦੇ ਭਾਅ ਪੂਰੇ ਮਿਲਣੇ ਚਾਹੀਦੇ ਹਨ । ਮੈਂ, ਚੀਫ਼ ਮਨਿਸਟਰ ਸਾਹਿਬ ਨੂੰ ਇਹ ਬੇਨਤੀ ਕਰਾਂਗਾ ਕਿ ਕਿਸਾਨ ਨੇ ਇਸ ਵਿਚ ਹਾਲੇ ਹੋਰ ਰੈਵੋਲਿਊਸ਼ਨ ਲਿਆਉਣਾ ਹੈ (ਵਿਘਨ) ਇਸ ਲਈ ਇਨ੍ਹਾਂ ਨੂੰ ਕਣਕ ਅਤੇ ਨਰਮੇ ਦੇ ਭਾਅ ਮੁਨਾਸਿਬ ਮਿਲਣੇ ਚਾਹੀਦੇ ਹਨ । ਇਹ ਜੋ ਹੁਣ ਰੇਟਾਂ ਵਿਚ ਕਾਫੀ ਫਰਕ ਹੈ, ਇਹ ਦੂਰ ਹੋਣਾ ਚਾਹੀਦਾ ਹੈ । ਗਵਰਨਰ ਸਾਹਿਬ ਨੇ ਇਨ੍ਹਾਂ ਕਿਸਾਨਾਂ ਦਾ, ਮਜ਼ਦੂਰਾਂ ਦਾ ਕੋਈ ਸਤਿਕਾਰ ਨਹੀਂ ਕੀਤਾ ਜਿਨ੍ਹਾਂ ਨੇ ਐਨੀਆਂ ਮੁਸ਼ਕਲਾਂ ਨਾਲ, ਸੱਪਾਂ ਦੀਆਂ ਸਿਰੀਆਂ ਮਿਧ ਕੇ ਇਹ ਪੈਦਾਵਾਰ ਵਿਚ ਵਾਧਾ ਕੀਤਾ ਹੈ । ਇਨ੍ਹਾਂ ਨੂੰ ਪੰਜਾਬ ਦੇ ਕਿਸਾਨਾਂ ਨਾਲ ਨਿਆਂ ਕਰਨਾ ਚਾਹੀਦਾ ਹੈ (ਥੰਪਿੰਗ)

ਫਿਰ, ਡਿਪਟੀ ਸਪੀਕਰ ਸਾਹਿਬ, ਇਥੇ ਢਾਈ ਲੱਖ ਦੀ ਜਾਇਦਾਦ ਮਿਥਨ ਵਾਸਤੇ ਰੈਜ਼ੋਲਿਊਸ਼ਨ ਆਇਆ । ਇਹ ਰੈਜ਼ੋਲਿਊਸ਼ਨ ਸੋਸ਼ਲਿਸਟ ਨੇਤਾ ਗਿਆਨੀ ਜ਼ੈਲ ਸਿੰਘ ਨੇ ਮੂਵ ਕੀਤਾ (ਵਿਘਨ) ਇਸ ਬਾਰੇ ਮੈਂ ਪਹਿਲਾਂ ਵੀ ਜ਼ਿਕਰ ਕਰ ਚੁਕਾ ਹਾਂ ਕਿ ਹਰੀਜਨਾਂ ਲਈ, ਗਰੀਬਾਂ ਲਈ ਅਤੇ ਮਜ਼ਦੂਰਾਂ ਲਈ ਜੋ ਵੀ ਚੀਜ਼ ਇਥੇ ਇਨ੍ਹਾਂ ਲੋਕਾਂ ਦੀ ਬੇਹਤਰੀ ਲਈ ਆਵੇਗੀ ਸਾਡੀ ਪਾਰਟੀ ਉਸ ਨੂੰ ਹੋਰ ਪਾਰਟੀਆਂ ਨਾਲੋਂ ਦੋ ਕਦਮ ਅੱਗੇ ਹੋ ਕੇ ਮਨਜ਼ੂਰ ਕਰੇਗੀ ਅਤੇ ਸੋਸ਼—ਲਿਸਟਿਕ ਪਰੋਗਰਾਮ ਵਲ ਵਧੇਗੀ ।

ਡਿਪਟੀ ਸਪੀਕਰ ਸਾਹਿਬ, ਮੈਂ ਮਹਿਸੂਸ ਕਰਦਾ ਹਾਂ ਕਿ ਉਸ ਪ੍ਰੋਗਰਾਮ ਨੂੰ, ਵੱਡੇ ਵੱਡੇ ਟਰਾਂਸਪੋਰਟਰਜ਼ ਨੇ, ਵੱਡੇ ਵੱਡੇ ਜ਼ਿਮੀਦਾਰਾਂ ਨੇ ਅਤੇ ਵੱਡੇ ਵੱਡੇ ਕਾਰਖਾਨੇਦਾਰਾਂ ਨੇ ਟਾਰਪੀਡੋ ਕਰਕੇ ਗਿਆਨੀ ਜ਼ੈਲ ਸਿੰਘ ਜੀ ਤੇ ਸੱਟ ਮਾਰੀ ਹੈ । (ਵਿਘਨ) ਮੈਂ ਬੇਨਤੀ ਕਰਾਂਗਾ ਕਿ ਜੇ ਇਨ੍ਹਾਂ ਨੇ ਨੁਕਤਾਚੀਨੀ ਕਰਨੀ ਹੈ ਤਾਂ ਕਨਸਟਰਕਟਿਵ ਨੁਕਤਾਚੀਨੀ ਕਰਨ । ਇਹ ਇਨ੍ਹਾਂ ਨੇ ਮਾੜੀ ਗੱਲ ਕੀਤੀ ਹੈ ਕਿ ਇਹ ਜਿਹੜਾ ਅਰਬਨ ਸੀਲਿੰਗ ਦਾ ਬਿੱਲ ਹੈ, ਇਸ ਨੂੰ ਇਥੇ ਪਾਸ ਨਹੀਂ ਕੀਤਾ ਗਿਆ ਅਤੇ ਸੈਂਟਰ ਨੂੰ ਭੇਜ ਕੇ ਉਨ੍ਹਾਂ ਨੂੰ ਹੋਰ ਮੌਕਾ ਦਿਤਾ ਗਿਆ ਅਤੇ ਉਨ੍ਹਾਂ ਲੋਕਾਂ ਨੂੰ ਹੋਰ ਇਸ ਤਰ੍ਹਾਂ ਰਿਆਇਤ ਦਿਤੀ ਗਈ ਹੈ ਤਾਕਿ ਉਹ ਆਪਣੀਆਂ ਜਾਇਦਾਦਾਂ ਬਚਾਈ ਰੱਖਣ। ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਗਰੀਬੀ ਦੂਰ ਨਹੀਂ ਹੋ ਸਕਦੀ । ਜੇ ਗਰੀਬੀ ਦੂਰ ਕਰਨੀ ਹੈ, ਜੇ ਸਮਾਜਵਾਦ ਲਿਆਉਣਾ ਹੈ, ਇਹੋ ਜਿਹੇ ਨੇਤਾ ਪੈਦਾ ਕਰਨੇ ਹਨ, ਇਨ੍ਹਾਂ ਹਰੀਜਨਾਂ ਨੂੰ ਅੱਗੇ ਲਿਆਉਣਾ ਹੈ ਤਾਂ ਇਹ ਬਿੱਲ ਇਸ ਅਸੈਂਬਲੀ ਵਿਚ ਪਾਸ ਕਰਨਾ ਚਾਹੀਦਾ ਹੈ ਅਤੇ ਉਥੇ (ਸੈਂਟਰ ਨੂੰ) ਨਹੀਂ ਘੱਲਣਾ ਚਾਹੀਦਾ! ਸਰਮਾਏਦਾਰਾਂ ਵਲੋਂ, ਕਾਰਖਾਨੇਦਾਰਾਂ ਵੱਲੋਂ, ਟਰਾਂਸ-ਪੋਰਟਰਜ਼ ਵਲੋਂ ਅਤੇ ਅਮੀਰਾਂ ਵੱਲੋਂ ਸੱਟ ਮਾਰੀ ਗਈ ਹੈ । (ਵਿਘਨ) ਮੈਂ ਸਮਝਦਾ ਹਾਂ ਕਿ ਗਿਆਨੀ ਜ਼ੈਲ ਸਿੰਘ ਜੀ ਤੇ ਡਾਇਰੈਕਟ ਸੱਟ ਮਾਰੀ ਹੈ । ਇਸ ਨੂੰ ਇਸ ਤਰ੍ਹਾਂ ਲਮਕਾਉਣ ਵਿਚ ਠੀਕ ਨਹੀਂ ਹੋਵੇਗਾ । ਮੈਂ ਗਿਆਨੀ ਜ਼ੈਲ ਸਿੰਘ ਜੀ ਨੂੰ ਅਰਜ਼ ਕਰਾਂਗਾ ਕਿ ਇਹੋ ਜਿਹੇ ਸੱਜਣ ਇਨ੍ਹਾਂ ਗਰੀਬਾਂ ਨੂੰ, ਹਰੀਜਨਾਂ ਨੂੰ, ਮਜ਼ਦੂਰਾਂ ਨੂੰ ਅਤੇ ਕਾਮਿਆਂ ਨੂੰ ਪਿੰਡਾਂ ਵਿਚ ਅਤੇ ਸ਼ਹਿਰਾਂ ਵਿਚ ਧੌਣ ਖੜੀ ਨਹੀਂ ਕਰਨ ਦਿੰਦੇ ! (ਵਿਘਨ) ਤੁਹਾਨੂੰ ਸਮਾਜਵਾਦ ਦੇ ਦੁਸ਼ਮਣ ਤੁਹਾਡੇ ਪਿੱਛੇ ਬੈਠੇ ਦਿਸ ਪੈਣਗੇ । (ਵਿਘਨ)

ਇਸ ਤੋਂ ਬਾਅਦ, ਸਪੀਕਰ ਸਾਹਿਬ, ਮੈਂ ਬਾਰਡਰ ਦੇ ਲੋਕਾਂ ਦੇ ਮੁਤੱਲਕ ਅਰਜ਼ ਕਰਦਾ ਹਾਂ । ਮੈਂ ਬੇਨਤੀ ਕਰਾਂਗਾ ਕਿ ਅਪਰੂਟਡ ਲੋਕਾਂ ਨੂੰ, ਜੋ ਬਾਰਡਰ ਤੋਂ ਉਜੜੇ ਹਨ, ਉਨ੍ਹਾਂ ਨਾਲ ਧੱਕਾ ਕੀਤਾ ਗਿਆ, ਉਨ੍ਹਾਂ ਨਾਲ ਨਿਆਏ ਨਹੀਂ ਕੀਤਾ ਗਿਆ ਅਤੇ ਉਨ੍ਹਾਂ ਨੂੰ ਸਹਾਇਤਾ ਜੋ ਦੇਣੀ ਚਾਹੀਦੀ ਸੀ, ਨਹੀਂ ਦਿਤੀ ਗਈ । ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਕਿਹਾ ਕਿ

ਐਨਾ ਰੁਪਿਆ ਦੇ ਦਿਤਾ ਅਤੇ ਇਸ ਗੱਲ ਵਾਸਤੇ ਦੇ ਦਿਤਾ। ਮੈਂ ਸਮਝਦਾ ਹਾਂ ਕਿ ਜਿਨ੍ਹਾਂ ਦੇ ਪਰਵਾਰ ਨਿਖੜ ਗਏ, ਬੱਚੇ ਮਾਰੇ ਗਏ, ਜ਼ਮੀਨਾਂ ਤਬਾਹ ਹੋ ਗਈਆਂ, ਫਸਲਾਂ ਦਾ ਨੁਕਸਾਨ ਹੋਇਆ ਅਤੇ ਜਿਹੜੇ ਅਜੇ ਤੱਕ ਘਰੀਂ ਨਹੀਂ ਗਏ, ਉਨ੍ਹਾਂ ਨੂੰ ਸਹਾਇਤਾਂ ਨਹੀਂ ਦਿਤੀ ਗਈ ਜੋ ਕਿ ਦੇਣੀ ਚਾਹੀਦੀ ਸੀ। ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਚੀਫ ਮਨਿਸਟਰ ਨੂੰ ਅਰਜ਼ ਕਰਾਂਗਾ ਕਿ ਇਨ੍ਹਾਂ ਅਪਰੂਟਡ ਲੋਕਾਂ, ਉਜੜੇ ਹੋਏ ਲੋਕਾਂ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਨੂੰ ਜ਼ਿਆਦਾ ਰਿਆਇਤਾਂ ਦੇਣੀਆਂ ਚਾਹੀਦੀਆਂ ਹਨ ਤਾਂ ਕਿ ਉਹ ਬਾਰਡਰ ਤੇ ਬੈਠੇ ਇਹ ਮਹਿਸੂਸ ਕਰਨ ਕਿ ਇਹ ਜੋ ਪਾਪੂਲਰ ਸਰਕਾਰ ਹੈ ਇਹ ਸਾਡੀ ਰਾਖੀ ਕਰ ਰਹੀ ਹੈ ਅਤੇ ਇਹ ਸਾਡਾ ਖਿਆਲ ਰਖੇਗੀ। ਇਸ ਲਈ ਇਸ ਪਾਸੇ ਖਾਸ ਧਿਆਨ ਦਿਤਾ ਜਾਵੇ। ਬਾਰਡਰ ਤੇ ਬੈਠੇ ਲੋਕ ਮਨੋਵਿਗਿਆਨਿਕ ਤੌਰ ਤੇ ਮਹਿਸੂਸ ਕਰਦੇ ਹਨ ਕਿ ਪੰਜਾਬ ਵਿਚ ਰਹਿਣ ਨਾਲ ਅਸੀਂ ਹਿੰਦੁਸਤਾਨ ਦੇ ਸ਼ਹਿਰੀ ਨਹੀਂ ਬਣ ਸਕਦੇ। ਜਦੋਂ ਵੀ ਕੋਈ ਮੁਸ਼ਕਲ ਪੇਸ਼ ਆਵੇ, ਭਾਵੇਂ ਵੈਸਟ ਪਾਕਿਸਤਾਨ ਵਲੋਂ ਜਾਂ ਚੀਨ ਵੱਲੋਂ ਇਸ ਨਾਲ ਪਹਿਲਾਂ ਪੰਜਾਬ ਦੇ ਜਵਾਨ ਪਰੀਵਾਰਾਂ ਤੇ ਸੱਟ ਵਜਦੀ ਹੈ। ਮੂੰਹ ਜ਼ਬਾਨੀ ਅੱਖਾਂ ਪੂੰਝਣ ਵਾਸਤੇ ਪੈਸੇ ਦਿਤੇ ਜਾਂਦੇ ਹਨ, ਇਸ ਤਰ੍ਹਾਂ ਉਨ੍ਹਾਂ ਦਾ ਕੁਝ ਨਹੀਂ ਸੰਵਰਨਾ, ਸਗੋਂ ਉਨ੍ਹਾਂ ਨਾਲ ਨਿਆਏ ਹੋਣਾ ਚਾਹੀਦਾ ਹੈ ਤਾਂ ਕਿ ਬਾਰਡਰ ਤੇ ਬੈਠੇ ਲੋਕ ਇਹ ਮਹਿਸੂਸ ਕਰਨ ਕਿ ਅਸੀਂ ਪੰਜਾਬ ਦੇ ਸ਼ਹਿਰੀ ਹਾਂ ਅਤੇ ਸਾਡੇ ਨਾਲ ਨਿਆਏ ਹੋਵੇਗਾ।

ਇਸ ਤੋਂ ਅੱਗੇ, ਡਿਪਟੀ ਸਪੀਕਰ ਸਾਹਿਬ, ਹਰੀਜਨ ਭਰਾਵਾਂ ਵਾਸਤੇ ਅਕਾਲੀ ਸਰਕਾਰ ਨੇ ਧਰਮਸ਼ਾਲਾਂ ਵਾਸਤੇ 5 ਕਰੋੜ ਦੀ ਕਾਰਪੋਰੇਸ਼ਨ ਬਣਾਈ ਅਤੇ ਇਹੋ ਜਿਹੀ 5 ਕਰੋੜ ਦੀ ਕਾਰਪੋਰੇਸ਼ਨ ਸਮੁੱਚੇ ਹਿੰਦੁਸਤਾਨ ਵਿਚ ਆਜ਼ਾਦੀ ਮਿਲਣ ਤੋਂ ਬਾਅਦ ਪੰਜਾਬ ਹੀ ਇਹੋ ਜਿਹਾ ਸੂਬਾ ਹੈ ਜਿਥੇ ਕਿ ਇਹ ਕਾਰਪੋਰੇਸ਼ਨ ਬਣਾ ਕੇ ਹਰੀਜਨਾਂ ਨੂੰ ਅਕਾਮੋਡੇਟ ਕਰਨ, ਕਰਜ਼ੇ ਦੇਣ, ਸਹਾਇਤਾ ਦੇਣ ਦੇ ਯਤਨ ਕੀਤੇ ਗਏ। ਡਿਪਟੀ ਸਪੀਕਰ ਸਾਹਿਬ, ਹਿੰਦੁਸਤਾਨ ਵਿਚ ਇਹ ਪਹਿਲੀ ਮਿਸਾਲ ਸੀ ਕਿ ਜਦ ਹਰੀਜਨ ਭਰਾਵਾਂ ਦੇ ਜਿਨ੍ਹਾਂ ਦੇ ਕੋਈ ਪਰਾਹੁਣੇ ਆ ਜਾਂਦੇ ਸੀ ਤਾਂ ਉਹ ਰੂੜੀਆਂ ਤੇ ਬੈਠਦੇ ਸੀ, ਅਤੇ ਉਨ੍ਹਾਂ ਦੀ ਬੇਇਜ਼ਤੀ ਹੁੰਦੀ ਸੀ ਅਤੇ ਇਕਠੇ ਬੈਠਕੇ ਧਰਮਸ਼ਾਲਾ ਵਿਚ ਕੋਈ ਫੈਸਲਾ ਨਹੀਂ ਸੀ ਕਰ ਸਕਦੇ। ਇਸ ਵਾਸਤੇ ਅਕਾਲੀ ਸਰਕਾਰ ਨੇ ਇਹ ਕਾਰਪੋਰੇਸ਼ਨ ਬਣਾ ਕੇ ਜਿਹੜੀ ਹਰੀਜਨਾਂ ਦੀ ਮੱਦਦ ਕੀਤੀ ਹੈ, ਇਹ ਸਾਰਾ ਕਰੈਡਿਟ ਅਕਾਲੀ ਸਰਕਾਰ ਨੂੰ ਜਾਂਦਾ ਹੈ ਜਿਹੜਾ ਕਿ ਉਨ੍ਹਾਂ ਨੇ ਹਰੀਜਨ ਭਰਾਵਾਂ ਵਾਸਤੇ ਧਰਮਸ਼ਾਲਾਂ ਬਣਾ ਕੇ ਉਨ੍ਹਾਂ ਨੂੰ ਅਕਾਮੋਡੇਟ ਕਰਨ ਦਾ ਯਤਨ ਕੀਤਾ ਹੈ। (ਵਿਘਨ) ਮੈਂ ਮਹਿਸੂਸ ਕਰਦਾ ਹਾਂ ਕਿ ਜੇ ਕੋਈ ਕੰਸਟਰੱਕਟਿਵ ਨੁਕਤਾਚੀਨੀ ਕਰਨ ਤਾਂ ਪਤਾ ਲਗੇ ਕਿ ਕੋਈ ਇੰਟੈਲੀਜੈਂਟ ਬੰਦਾ ਨੁਕਤਾਚੀਨੀ ਕਰ ਰਿਹਾ ਹੈ। (ਵਿਘਨ)

ਸ੍ਰੀ ਪਿਆਰਾ ਰਾਮ ਧੰਨੋਵਾਲੀ : ਪੁਆਇੰਟ ਆਫ ਆਡਰ ਸਰ। ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਇਹ ਗਲਤ ਕਿਹਾ ਹੈ ਕਿ ਧਰਮਸ਼ਾਲਾਂ ਵਾਸਤੇ ਇਨ੍ਹਾਂ ਨੇ ਕੋਸ਼ਿਸ਼ ਕੀਤੀ। ਮੈਂ ਕਹਿੰਦਾ ਹਾਂ ਕਿ ਗਿੱਲ ਸਾਹਿਬ ਦੀ ਸਰਕਾਰ ਵੇਲੇ ਕੰਮ ਸ਼ੁਰੂ ਹੋਇਆ ਸੀ ਅਤੇ ਜਿਸ ਨੂੰ ਕਾਂਗਰਸ ਪਾਰਟੀ ਨੇ ਸਪੋਰਟ ਕੀਤਾ ਸੀ। (ਵਿਘਨ) (ਸ਼ੋਰ)।

ਸ੍ਰੀ ਡਿਪਟੀ ਸਪੀਕਰ: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (This is no point of order.)

ਸ੍ਰੀ ਗੁਰਦਿਆਲ ਸੈਣੀ: ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਲੀਡਰ ਆਫ ਦੀ ਆਪੋਜ਼ੀਸ਼ਨ ਨੇ ਦੱਸਿਆ ਹੈ ਕਿ ਹਰੀਜਨ ਰੂੜੀਆਂ ਤੇ ਬੈਠਦੇ ਸੀ। ਮੈਂ ਕਹਿੰਦਾ ਹਾਂ ਕਿ ਇਹ ਹਰੀਜਨਾਂ ਨਾਲ ਜ਼ਿਆਦਤੀ ਹੈ। ਇਸ ਲਈ ਇਹ ਲਫਜ਼ ਵਾਪਸ ਹੋਣੇ ਚਾਹੀਦੇ ਹਨ। (ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ: ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ, ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਹਰੀਜਨਾਂ ਵਾਸਤੇ, ਗਰੀਬ ਭਰਾਵਾਂ ਵਾਸਤੇ ਅਕਾਲੀ ਸਰਕਾਰ ਨੇ ਜੋ ਕੰਮ ਸ਼ੁਰੂ ਕੀਤੇ ਸਨ, ਜੇ ਤੁਸੀਂ ਉਨ੍ਹਾਂ ਨੂੰ ਵਧਾ ਨਹੀਂ ਸਕਦੇ ਤਾਂ ਘਟਾਉ ਵੀ ਨਾ। ਹਰੀਜਨ ਵਰਗ ਇਕ ਹਿੰਦੁਸਤਾਨ ਵਿਚ ਪਛੜਿਆ ਹੋਇਆ ਹੈ। ਜੇ ਗੱਡੇ ਦੇ ਪਹੀਏ ਇਕੋ ਜਿਹੇ ਨਾ ਹੋਣ ਤਾਂ ਕੰਮ ਨਹੀਂ ਚਲ ਸਕਦਾ ਇਸੇ ਤਰ੍ਹਾਂ ਜੇ ਉਨ੍ਹਾਂ ਵਾਸਤੇ ਕੁਝ ਨਾ ਕੀਤਾ ਗਿਆ ਤਾਂ ਸਮਾਜ ਤਰੱਕੀ ਨਹੀਂ ਕਰ ਸਕਦਾ। ਮੈਂ ਚੀਫ਼ ਮਨਿਸਟਰ ਨੂੰ ਕਹਾਂਗਾ ਜਿਹੜੇ ਕਿ ਸੋਸ਼ਲਿਜ਼ਮ ਦੇ ਹਾਮੀ ਹਨ, ਕਿ ਹਰੀਜਨਾਂ ਵਾਸਤੇ ਕੁਝ ਕਰਨਾ ਚਾਹੀਦਾ ਹੈ। (ਵਿਘਨ) ਤਾਂ ਕਿ ਉਹ ਸਮਝਣ ਕਿ ਸਾਡੀ ਸਰਕਾਰ ਸਾਡੇ ਲਈ ਯਤਨ ਕਰ ਰਹੀ ਹੈ ਅਤੇ ਉਹ ਸੋਸ਼ਲੀ ਨੀਵੇਂ ਮਹਿਸੂਸ ਨਾ ਕਰਨ। ਉਹ ਵੀ ਸਾਡੇ ਨਾਲ ਬਰਾਬਰ ਦੇ ਮਹਿਸੂਸ ਕਰਨ।(ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਇਨ੍ਹਾਂ ਨੂੰ ਤਕੜਿਆਂ ਕਰਨ ਵਾਸਤੇ ਇਨ੍ਹਾਂ ਦੀ ਆਰਥਿਕ ਤੌਰ ਤੇ ਐਨੀ ਮੱਦਦ ਹੋਣੀ ਚਾਹੀਦੀ ਹੈ ਸਮਾਜਿਕ ਤੇ ਆਰਥਿਕ ਸਹਾਇਤਾ ਐਨੀ ਮਿਲਣੀ ਚਾਹੀਦੀ ਹੈ ਕਿ ਉਹ ਆਪਣੇ ਆਪ ਨੂੰ ਦੂਜੀਆ ਸਵਰਨ ਜਾਤੀਆਂ ਦੇ ਬਰਾਬਰ ਸਮਝਣ। ਆਰਥਿਕ ਮੱਦਦ ਕਿਸ ਤਰ੍ਹਾਂ ਹੋ ਸਕਦੀ ਹੈ ? ਮੈਂ ਗਿਆਨੀ ਜ਼ੈਲ ਸਿੰਘ ਨੂੰ ਰੀਂ-ਕੁਐਸਟ ਕਰਾਂਗਾ ਕਿ ਜੋ ਕਿ ਸੋਸ਼ਲਿਜ਼ਮ ਦੇ ਹਾਮੀ ਹਨ, ਕਿ ਉਹ ਹਰੀਜਨਾਂ ਦੀ ਭਲਾਈ ਦੇ ਕੰਮ ਕਰਨ। ਪਿੰਡਾਂ ਵਿਚ ਇੰਡਸਟਰੀਆਂ ਲਾਈਆਂ ਜਾਣੀਆਂ ਚਾਹੀਦੀਆਂ ਹਨ। ਮੈਂ ਬੇਨਤੀ ਕਰਾਂਗਾ ਕਿ ਹੁਣ ਤਕ ਪਿੰਡਾਂ ਵਿਚ ਹਰੀਜਨਾਂ ਦੀ ਭਲਾਈ ਦੇ ਵਾਸਤੇ ਬਹੁਤ ਸਾਰੀਆਂ ਸਰਕਾਰਾਂ ਨੇ ਢੋਲ ਵਜਾਏ ਕਿ ਅਸੀਂ ਇਹ ਕਰ ਦਿਆਂਗੇ, ਉਹ ਕਰ ਦਿਆਗੇ ਪਰ ਮੈਂ ਕਹਿੰਦਾ ਹਾਂ ਕਿ ਕੋਈ ਬਾਂਹ ਖੜੀ ਕਰਕੇ ਇਹ ਕਹਿ ਸਕਦਾ ਹੈ ਕਿ ਕਿਸੇ ਨੇ ਵੀ ਆਪਣੀ 4 ਕਨਾਲ ਜਾਂ ਕੁਝ ਏਕੜ ਜ਼ਮੀਨ ਵੇਚ ਕੇ ਕੋਈ ਚੱਕੀ ਲਗਾ ਲਈ ਹੋਵੇ ਜਾਂ ਕੋਈ ਆਰਾ ਲਗਾ ਲਿਆ ਹੋਵੇ, ਹਰਗਿਜ਼ ਨਹੀਂ। ਕਿਤੇ ਵੀ ਸਰਕਾਰ ਨੇ ਛੋਟੀ ਇੰਡਸਟਰੀ ਪਿੰਡਾਂ ਵਿਚ ਹਰੀਜਨਾਂ ਨੂੰ ਨਹੀਂ ਦਿਤੀ। ਛੋਟੀਆਂ ਛੋਟੀਆਂ ਇੰਡਸਟਰੀਜ਼ ਜਿਸ ਤਰ੍ਹਾਂ ਬੁਨੈਣਾ ਬੁਣਨ, ਕੱਛੇ ਆਦਿ ਬਣਾਉਣ ਵਾਸਤੇ ਇਸੇ ਤਰ੍ਹਾਂ ਹੋਰ ਇੰਡਸਟਰੀਆਂ, ਪਿੰਡਾਂ ਵਿਚ ਹੋਣੀਆਂ ਚਾਹੀਦੀਆਂ ਹਨ। (ਵਿਘਨ) (ਸ਼ੋਰ)

ਮੁੱਖ ਮੰਤਰੀ : ਮੈਂ ਸਾਰੇ ਹਾਊਸ ਨੂੰ ਬੇਨਤੀ ਕਰਾਂਗਾ ਕਿ ਜਦੋਂ ਲੀਡਰ ਆਫ ਦੀ ਆਪੋਜ਼ੀਸ਼ਨ ਬੋਲ ਰਹੇ ਹੋਣ ਤਾਂ ਉਸ ਵੇਲੇ ਕਿਸੇ ਆਨਰੇਬਲ ਮੈਂਬਰ ਨੂੰ ਖਾਹ ਮਖਾਹ ਬਗੈਰ ਕਿਸੇ ਜ਼ਰੂਰਤ ਦੇ ਇਸ ਤਰ੍ਹਾਂ ਨਹੀਂ ਉਠਣਾ ਚਾਹੀਦਾ। (ਤਾੜੀਆਂ) (ਵਿਘਨ) ਕੋਈ ਰੈਲੇਵੈਂਸੀ ਜਾਂ ਇਰੈਲੇਵੈਂਸੀ ਦੀ ਗੱਲ ਨਹੀਂ ਹੋਣੀ ਚਾਹੀਦੀ। ਉਨ੍ਹਾਂ ਨੂੰ ਬੋਲਣ ਦੀ ਖੁੱਲ੍ਹ ਹੋਣੀ ਚਾਹੀਦੀ ਹੈ।

ਸ੍ਰੀ ਡਿਪਟੀ ਸਪੀਕਰ. ਇਹ ਅੱਛੀ ਕਨਵੈਨਸ਼ਨ ਹੈ ਕਿ ਆਪੋਜ਼ੀਸ਼ਨ ਦੇ ਲੀਡਰ ਨੂੰ ਅਰਾਮ ਨਾਲ ਸੁਣੋ (It is a good convention to hear the leader of the opposition patiently)

ਸਰਦਾਰ ਜਸਵਿੰਦਰ ਸਿੰਘ ਬਰਾੜ: ਮੈਂ ਬੇਨਤੀ ਕਰਾਂਗਾ ਕਿ ਜੋ ਸਮਾਲ ਸਕੇਲ ਇੰਡਸਟਰੀਜ਼ ਹੁਣ ਤੱਕ ਸ਼ਹਿਰਾਂ ਨੂੰ ਮਿਲੀਆਂ ਹਨ, ਹਰੀਜਨਾਂ ਦਾ ਭੇਸ ਵਟਾ ਕੇ ਜੋ ਇਸ ਤਰ੍ਹਾਂ ਦੇ ਕੰਮ ਕੀਤੇ ਹਨ, ਇਨ੍ਹਾਂ ਨੂੰ ਬੰਦ ਕਰਨਾ ਚਾਹੀਦਾ ਹੈ। ਮੈਂ ਮੁਖ ਮੰਤਰੀ ਨੂੰ ਅਰਜ਼ ਕਰਾਂਗਾ ਕਿ ਪਿੰਡਾਂ ਵਿਚ ਪੰਜ ਪੰਜ ਪਿੰਡਾਂ ਦੀ ਯੂਨਿਟ ਬਣਾਕੇ ਹਰੀਜਨ ਕਲਿਆਣ ਵਾਸਤੇ ਇੰਡਸਟਰੀਆਂ ਦੇਣੀਆਂ ਚਾਹੀਦੀਆਂ ਹਨ । ਹਰੀਜਨਾਂ ਨੂੰ ਕਿਸਾਨ ਦੇ ਬਰਾਬਰ ਲਿਆਉਣ ਵਾਸਤੇ ਇਕੱਲੀ ਇਹ ਗੱਲ ਨਹੀਂ ਕਿ ਜਾਗੀਰਦਾਰੀ ਨੂੰ ਖਤਮ ਕੀਤਾ ਜਾਵੇ, ਇਹ ਨਹੀਂ ਕਿ ਕਾਰਖਾਨੇ ਬੰਦ ਕੀਤੇ ਜਾਣ, ਸਗੋਂ ਇਹ ਹੈ ਕਿ ਛੋਟੀ ਛੋਟੀ ਇੰਡਸਟਰੀ ਲਾ ਕੇ ਹਰੀਜਨ ਭਰਾਵਾਂ ਨੂੰ ਸਮਾਲ ਸਕੇਲ ਇੰਡਸਟਰੀਆਂ ਦਿਤੀਆਂ ਜਾਣ ਅਤੇ ਹੋਰ ਸਹੂਲਤਾਂ ਦਿਤੀਆਂ ਜਾਣ ਜਿਹੜੀਆਂ ਕਿ ਸਮਾਲ ਸਕੇਲ ਇੰਡਸਟਰੀ ਨੂੰ ਸ਼ਹਿਰਾਂ ਵਿਚ ਮਿਲਦੀਆਂ ਹਨ। (ਵਿਘਨ) ਡਿਪਟੀ ਸਪੀਕਰ ਸਾਹਿਬ, ਇਹ ਸਰਕਾਰ ਕਹਿੰਦੀ ਹੈ ਕਿ ਹਰੀਜਨ ਇਕ ਰਾਤ ਵਿਚ ਤਕੜੇ ਨਹੀਂ ਹੋ ਸਕਦੇ। ਮੈਂ ਅਰਜ਼ ਕਰਦਾ ਹਾਂ ਕਿ ਇਕ ਕਲਮ ਨਾਲ ਰਾਤ ਨੂੰ ਆਰਡੀਨੈਂਸ ਪਾਸ ਕੀਤਾ ਜਾ ਸਕਦਾ ਹੈ। ਵੱਡੇ ਵੱਡੇ ਕਾਰਖਾਨੇਦਾਰਾਂ, ਵੱਡੇ ਵੱਡੇ ਟਰਾਂਸਪੋਰਟਰਜ਼ ਜਾਂ ਜਿਨ੍ਹਾਂ ਜ਼ਿਮੀਦਾਰਾਂ ਪਾਸ 28 ਸੌ ਏਕੜ ਜ਼ਮੀਨ ਹੈ ਜਾਂ ਜਿਹੜੇ ਹੋਰ ਵੱਡੇ ਵੱਡੇ ਜ਼ਿਮੀਦਾਰ ਹਨ, ਉਨ੍ਹਾਂ ਦੀ ਜ਼ਮੀਨ ਖੋਹ ਕੇ 6 ਮਹੀਨਿਆਂ ਵਿਚ ਹਰੀਜਨਾਂ ਨੂੰ ਦਿਤੀ ਜਾਵੇ। (ਤਾੜੀਆਂ) ਜੇ ਅਸੀਂ ਸਹੀ ਮਾਹਨਿਆਂ ਵਿਚ, ਸਰਕਾਰੀ ਬੈਂਚਿਜ਼ ਵਾਲੇ, ਵਿਰੋਧੀ ਪਾਰਟੀ, ਕਮਿਊਨਿਸਟ ਪਾਰਟੀ ਵਾਲੇ ਸੋਸ਼ਲਿਜ਼ਮ ਲਿਆਉਣਾ ਚਾਹੁੰਦੇ ਹਾਂ ਤਾਂ ਸਾਨੂੰ ਤਕੜੇ ਹੋ ਕੇ ਹਮਲਾ ਮਾਰਨਾ ਚਾਹੀਦਾ ਹੈ ਅਤੇ ਜਾਗੀਰ-ਦਾਰੀ ਨੂੰ ਖਤਮ ਕਰਨਾ ਚਾਹੀਦੀ ਹੈ। ਮੈਂ ਅਰਜ਼ ਕਰਦਾ ਹਾਂ ਕਿ ਇਹ ਜਿਹੜੇ ਕਾਰਖਾਨੇਦਾਰ ਹਨ, ਜਿਨ੍ਹਾਂ ਨੇ ਬਚਪਨ ਤੋਂ ਲੈਕੇ ਕੰਮ ਨਹੀਂ ਕੀਤਾ, ਇਨ੍ਹਾਂ ਤੋਂ ਕਾਰਖਾਨੇ ਖੋਹ ਕੇ 50 % ਹਰੀਜਨ ਭਰਾਵਾਂ ਵਿਚ ਵੰਡ ਦੇਣੇ ਚਾਹੀਦੇ ਹਨ ਜੇ ਇਹ ਸਰਕਾਰ ਸਹੀ ਮਾਹਨਿਆਂ ਵਿਚ ਹਰੀਜਨਾਂ ਦੀ ਭਲਾਈ ਕਰਨਾ ਚਾਹੁੰਦੀ ਹੈ।

ਤੇ, ਡਿਪਟੀ ਸਪੀਕਰ ਸਾਹਿਬ, ਇਹ ਹਰੀਜਨ ਭਲਾਈ ਦੀਆਂ ਸਕੀਮਾਂ ਬਹੁਤ ਜ਼ਿਆਦਾ ਹਨ। ਸਮਾਂ ਘਟ ਹੈ ਔਰ ਕਈ ਗਲਾਂ ਤੇ ਬੋਲਣਾ ਹੈ, ਇਸ ਵਾਸਤੇ ਮੈਂ ਇਹ ਬੇਨਤੀ ਕਰਾਂਗਾ ਕਿ ਇਨ੍ਹਾਂ ਸਾਰੀਆਂ ਗੱਲਾਂ ਨੂੰ ਇਮਪਲੀਮੈਂਟ ਕਰਨ ਲਈ ਦੇਰ ਨਹੀਂ ਕਰਨੀ ਚਾਹੀਦੀ। ਸਮਾਜ ਵਿਚ ਹਰੀਜਨ ਭਰਾਵਾਂ ਨੂੰ ਉਚਾ ਚੁਕਣਾ ਚਾਹੀਦਾ ਹੈ, ਬੇਜ਼ਮੀਨ ਲੋਕਾਂ ਨੂੰ ਜ਼ਮੀਨਾਂ ਦਿਤੀਆਂ ਜਾਣ ਤਾਂ ਹੀ ਉਹ ਖੁਸ਼ਹਾਲ ਹੋ ਸਕਣਗੇ। ਜਿੰਨਾਂ ਚਿਰ ਗਰੀਬ ਲੋਕਾਂ ਦੀ ਆਰਥਿਕ ਹਾਲਤ ਚੰਗੀ ਨਹੀਂ ਹੁੰਦੀ ਉਤਨਾ ਚਿਰ ਪੰਜਾਬ ਵਿਚ ਖੁਸ਼ਹਾਲੀ ਨਹੀਂ ਆ ਸਕਦੀ। ਤੇ, ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਜਿੰਨੇ ਮੈਂ ਸੁਝਾਅ ਰਖੇ ਹਨ— ਹਰੀਜਨਾਂ ਵਾਸਤੇ, ਬੇਜ਼ਮੀਨੇ ਲੋਕਾਂ ਵਾਸਤੇ, ਮਜ਼ਦੂਰਾਂ ਵਾਸਤੇ, ਕਾਰਖਾਨੇ ਵਿਚ ਕੰਮ ਕਰਨ ਵਾਲਿਆਂ ਵਾਸਤੇ, ਉਨ੍ਹਾਂ ਨੂੰ ਜਲਦੀ ਤੋਂ ਜਲਦੀ ਇੰਮਪਲੀਮੈਂਟ ਕਰਨ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਹੀ ਗਰੀਬੀ ਦੂਰ ਹੋ ਸਕਦੀ ਹੈ। ਨਿਰੀ ਨਾਹਰਿਆਂ ਨਾਲ ਗਰੀਬੀ ਦੂਰ ਨਹੀਂ ਹੋ ਸਕਣੀ।

ਡਿਪਟੀ ਸਪੀਕਰ ਸਾਹਿਬ, ਮੈਂ ਇਸ ਗੱਲ ਵਲ ਵੀ ਆਪ ਦਾ ਧਿਆਨ ਦੁਆਉਣਾ ਚਾਹੁੰਦਾ ਹਾਂ ਕਿ ਬੈਂਕਾਂ ਨੂੰ ਕੌਮੀਕਰਨ ਇਸਵਾਸਤੇ ਕੀਤਾ ਗਿਆ ਸੀ ਕਿ ਪੈਸਾ ਗਰੀਬ ਵਰਗ ਦੇ ਲੋਕਾਂ ਨੂੰ ਮਿਲ ਸਕੇ, ਉਨ੍ਹਾਂ ਨੂੰ ਬੈਂਕਾ ਤੋਂ ਕੋਈ ਸਹੂਲਤ ਮਿਲ ਸਕੇ। ਡਿਪਟੀ ਸਪੀਕਰ ਸਾਹਿਬ, ਬੈਂਕਾਂ ਦੇ ਕੌਮੀਕਰਨ ਹੋਣ ਦੇ ਬਾਦ ਮੈਂ ਮਹਿਸੂਸ ਕਰਦਾ ਹਾਂ ਮੇਰੇ ਵਰਗੇ ਕਈ ਲੋਕ

[ਸਰਦਾਰ ਜਸਵਿੰਦਰ ਸਿੰਘ ਬਰਾੜ]

ਅਖਬਾਰਾਂ ਪੜ੍ਹ ਕੇ ਇਹ ਮਹਿਸੂਸ ਕਰਦੇ ਸਨ, ਕਿ ਬੈਂਕਾਂ ਦੇ ਕੌਮੀਕਰਨ ਨਾਲ ਮੁਲਕ ਵਿਚ ਕੋਈ ਰੈਵੋਲਿਊਸ਼ਨ ਆਏਗਾ, ਕੋਈ ਕਰਾਂਤੀ ਆਏਗੀ। ਲੇਕਨ ਡਿਪਟੀ ਸਪੀਕਰ ਸਾਹਿਬ, ਇਸ ਨਾਲ ਗਰੀਬ ਆਦਮੀ ਨੂੰ ਕੋਈ ਫਾਇਦਾ ਨਹੀਂ ਪਹੁੰਚਿਆ। ਜੋ ਪੈਸਾ ਮਿਲਿਆ ਹੈ ਉਹ ਸਭ ਵਡੇ ਵਡੇ ਲੋਕ ਲੈ ਗਏ, ਲੱਖਾਪਤੀਆਂ ਨੇ ਪੈਸਾ ਲੈ ਲਿਆ, ਟਾਟਿਆਂ ਔਰ ਬਿਰਲਿਆਂ ਨੇ ਉਹ ਪੈਸਾ ਲੈ ਲਿਆ ਪਰ ਇਕ ਗਰੀਬ ਹਰੀਜਨ ਭਰਾ ਨੂੰ, ਇਕ ਛੋਟੇ ਜਿਹੇ ਤਬਕੇ ਦੇ ਆਦਮੀ ਨੂੰ ਮੈਂ ਕਹਿ ਸਕਦਾ ਹਾਂ ਕਿ ਬੈਂਕਾਂ ਦੇ ਕੌਮੀਕਰਨ ਤੋਂ ਬਾਦ ਬਿਨਾਂ ਉਸ ਦੀ ਜ਼ਮਾਨਤ ਦਿਤਿਆਂ, ਬਿਨਾਂ ਕਿਸੀ ਜਗੀਰਦਾਰ ਦੇ ਕਿਹਾਂ ਜਾਂ ਕਾਰਖਾਨੇਦਾਰ ਦੇ ਕਿਹਾਂ ਸੌ ਰੁਪਿਆ ਵੀ ਨਹੀਂ ਮਿਲਿਆ। ਜੇ ਤੁਸੀਂ ਗਰੀਬੀ ਦੂਰ ਕਰਨੀ ਹੈ ਤਾਂ ਮੈਂ ਅਰਜ਼ ਕਰਾਂਗਾ ਕਿ ਗਰੀਬ ਨੂੰ ਕੋਈ ਫਾਇਦਾ ਪਹੁੰਚਾਉ, ਗਰੀਬ ਨੂੰ ਕੋਈ ਸਹੂਲਤ ਦਿਉ। ਬੈਂਕਾਂ ਦੇ ਕੌਮੀਕਰਨ ਨਾਲ ਗਰੀਬ ਵਰਗ ਨੂੰ ਕੋਈ ਫਾਇਦਾ ਨਹੀਂ ਹੋਇਆ। ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜੇ ਉਹ ਗਰੀਬਾਂ ਨੂੰ ਕੋਈ ਇਸ ਗਲ ਦਾ ਫਾਇਦਾ ਪੰਹੁਚਾਉਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਬਗੈਰ ਕਿਸੀ ਜ਼ਮਾਨਤ ਦੇ ਬਿਨਾਂ ਕਿਸੀ ਕਾਰਖਾਨੇਦਾਰ ਨੂੰ ਲੈ ਜਾਣ ਦੇ ਜਾਂ ਬਿਨਾਂ ਕਿਸੀ ਹੋਰ ਰੁਕਾਵਟ ਦੇ ਉਸ ਨੂੰ ਆਪਣੀ ਜ਼ਮਾਨਤ ਤੇ ਹੀ ਪੈਸੇ ਮਿਲਣੇ ਚਾਹੀਦੇ ਹਨ। (ਆਪੋਜ਼ੀਸ਼ਨ ਬੈਂਚਾਂ ਵਲੋਂ ਤਾੜੀਆਂ) (ਵਿਘਨ)

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹੋ ਜਿਹਾ ਹੀ ਹਾਲ ਛੋਟੇ ਵਪਾਰੀ ਵਰਗ ਨਾਲ ਹੁੰਦਾ ਹੈ। ਛੋਟੇ ਛੋਟੇ ਦੁਕਾਨਦਾਰਾਂ ਤੇ ਬਹੁਤ ਜ਼ਿਆਦਾ ਟੈਕਸ ਲਾਇਆ ਜਾਂਦਾ ਹੈ। ਮੈਂ ਕਹਿੰਦਾ ਹਾਂ ਕਿ ਟੈਕਸ ਉਸ ਕਾਰਖਾਨੇਦਾਰ ਤੇ ਲਗਣਾ ਚਾਹੀਦਾ ਹੈ ਜਿਹੜਾ ਕਿਸੀ ਚੀਜ਼ ਦਾ ਉਤਪਾਦਨ ਕਰਦਾ ਹੈ, ਛੋਟੇ ਦੁਕਾਨਦਾਰ ਤੇ ਇਹ ਨਹੀਂ ਲਗਣਾ ਚਾਹੀਦਾ। ਫਿਰ ਮੈਂ ਆਪ ਦਾ ਧਿਆਨ ਇਸ ਪਾਸੇ ਵਲ ਵੀ ਦਆਉਣਾ ਚਾਹੁੰਦਾ ਹਾਂ ਕਿ ਛੋਟੇ ਛੋਟੇ ਦੁਕਾਨਦਾਰ ਪਿੰਡਾਂ ਵਿਚ ਵਸਦੇ ਹਨ, ਸ਼ਹਿਰਾਂ ਵਿਚ ਛੋਟੇ ਛੋਟੇ ਦੁਕਾਨਦਾਰ ਹਨ ਉਨ੍ਹਾਂ ਲਈ ਇਕ ਇਕ ਸ਼ਹਿਰ ਵਿਚ 8-8, 10-10 ਇਨਸਪੈਕਟਰ ਲਗਾਏ ਹੋਏ ਹਨ। ਜਿਤਨਾ ਚਿਰ ਇਹ ਪਾਪੂਲਰ ਸਰਕਾਰ ਉਨ੍ਹਾਂ ਇਨਸਪੈਕਟਰਾਂ ਦਾ ਕੀਰਤਨ ਸੋਹਿਲਾ ਨਹੀਂ ਪੜ੍ਹਦੀ ਉਤਨਾ ਚਿਰ ਇਹ ਇਨਸਪੈਕਟਰ ਮੋਟੇ ਹੁੰਦੇ ਜਾਣਗੇ। ਮੈਂ ਤਾਂ ਇਹ ਕਹਾਂਗਾ ਕਿ ਜਿਹੜਾ ਇਨਸਪੈਕਟਰ ਲਾਇਆ ਜਾਂਦਾ ਹੈ ਉਸ ਦੀ ਜਾਇਦਾਦ ਲਗਣ ਤੋਂ ਪਹਿਲਾਂ ਦੇਖਣੀ ਚਾਹੀਦੀ ਹੈ ਔਰ ਫਿਰ ਦੋ ਮਹੀਨੇ ਦੇ ਬਾਦ ਦੇਖਣੀ ਚਾਹੀਦੀ ਹੈ ਕਿ ਕਿਤਨੀ ਜਾਇਦਾਦ ਉਸ ਨੇ ਇਸ ਪੀਰੀਅਡ ਵਿਚ ਹੀ ਬਣਾ ਲਈ ਹੈ। ਇਹ ਇਨਸਪੈਕਟਰ ਛੋਟੇ ਦੁਕਾਨਦਾਰਾਂ ਨੂੰ ਲੁਟ ਰਹੇ ਹਨ ਔਰ ਆਪਣੇ ਹਥ ਰੰਗ ਰਹੇ ਹਨ। ਦੁਕਾਨਦਾਰਾਂ ਨੂੰ ਹਰ ਕੰਮ ਵਾਸਤੇ ਇਨਸਪੈਕਟਰਾਂ ਦੀਆਂ ਮਿੰਨਤਾ ਕਰਨੀਆਂ ਪੈਂਦੀਆਂ ਹਨ ਔਰ ਉਸ ਨੂੰ ਰਿਸ਼ਵਤ ਵੀ ਦੇਣੀ ਪੈਂਦੀ ਹੈ। ਇਨਸਪੈਕਟਰਾਂ ਤੋਂ ਲੈ ਕੇ ਚੰਡੀਗੜ੍ਹ ਦੇ ਵਡੇ ਵਡੇ ਅਫ਼ਸਰਾਂ ਤਕ ਇਹ ਰਿਸ਼ਵਤ ਦਾ ਦੌਰ ਚਲ ਰਿਹਾ ਹੈ। ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਡੀ ਰਾਹੀਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਕ ਸ਼ਹਿਰ ਵਿਚ ਸਿਰਫ ਇਕ ਇਨਸਪੈਕਟਰ ਹੋਣਾ ਚਾਹੀਦਾ ਹੈ ਜਿਹੜਾ ਕਿ ਦੁਕਾਨਦਾਰਾਂ ਦੀਆਂ ਤਕਲੀਫਾਂ ਨੂੰ ਮਹਿਸੂਸ ਕਰ ਸਕੇ ਔਰ ਉਨ੍ਹਾਂ ਨੂੰ ਨਾਜਾਇਜ਼ ਤੰਗ ਨਾ ਕਰੇ।

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਇਸ ਗਲ ਵਲ ਵੀ ਆਪ ਦਾ ਧਿਆਨ ਦੁਆਉਣ ਚਾਹੁੰਦਾ ਹਾਂ ਕਿ ਜਿਹੜੀ ਮਿਲਾਵਟ ਹੁੰਦੀ ਹੈ ਉਹ ਵਡੇ ਵਡੇ ਕਾਰਖਾਨੇਦਾਰ ਹੀ ਕਰਦੇ ਹਨ,

ਛੋਟੇ ਛੋਟੇ ਦੁਕਾਨਦਾਰਾਂ ਨੇ ਜਿੰਨਾ ਨੇ ਪਾਈਆ ਪਾਈਆ ਚੀਜ਼ ਵੇਚਣੀ ਹੈ ਉਸ ਨੇ ਕੀ ਮਿਲਾਵਟ ਕਰਨੀ ਹੈ । ਜਿਸ ਬੰਦੇ ਨੇ 200 ਮਣ ਹਲਦੀ ਆਦਿ ਪੀਹ ਕੇ ਵੇਚਣੀ ਹੈ ਉਹ ਉਸ ਵਿਚ 10-20 ਮਣ ਲਿਦ ਮਿਲਾ ਕੇ ਵੇਚ ਸਕਦਾ ਹੈ, ਛੋਟੇ ਦੁਕਾਨਦਾਰ ਵਿਚਾਰੇ ਨੇ ਕੀ ਮਿਲਾਵਟ ਕਰਨੀ ਹੈ ਜਿਸ ਨੇ ਪਾਈਆ ਪਾਈਆ ਚੀਜ਼ ਲਿਆ ਕੇ ਵੇਚਣੀ ਹੈ । ਇਸ ਲਈ ਮੇਰੀ ਅਰਜ਼ ਹੈ ਕਿ ਇਹ ਚੈਕ ਵਡੇ ਵਡੇ ਕਾਰਖਾਨੇਦਾਰਾਂ ਤੇ ਹੋਣਾ ਚਾਹੀਦਾ ਹੈ ਅੌਰ ਉਨ੍ਹਾਂ ਨੂੰ ਮਿਲਾਵਟ ਕਰਨ ਵਾਸਤੇ ਸਜਾਵਾਂ ਦੇਣੀ ਚਾਹੀਦੀਆਂ ਹਨ ।

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਮੁਲਾਜ਼ਮਾਂ ਬਾਰੇ ਕੁਝ ਅਰਜ਼ ਕਰਨਾ ਚਾਹੁੰਦਾ ਹਾਂ । ਮੈਂ ਪਹਿਲਾਂ ਵੀ ਮਹਿਸੂਸ ਕਰਦਾ ਸੀ ਅੌਰ ਹੁਣ ਵੀ ਮਹਿਸੂਸ ਕਰਦਾ ਹਾਂ ਕਿ ਇਨ੍ਹਾਂ ਨਾਲ ਬਦਲੇ ਦੀ ਭਾਵਨਾ ਨਾਲ ਵੈਰ ਦੀ ਭਾਵਨਾ ਨਾਲ ਇਨ੍ਹਾਂ ਨਾਲ ਕੋਈ ਵਿਤਕਰਾ ਨਹੀਂ ਕਰਨਾ ਚਾਹੀਦਾ । ਮੁਲਾਜ਼ਮ ਭਰਾ, ਅੱਡ ਅੱਡ ਵਰਗ ਵਿਚ ਕੰਮ ਕਰਨ ਵਾਲਾ ਕੋਈ ਸਾਡਾ, ਭਰਾ ਹੈ, ਭਤੀਜਾ ਹੈ ਜਾਂ ਕੋਈ ਹੋਰ ਰਿਸ਼ਤੇਦਾਰ ਹੈ, ਉਹ ਪੰਜਾਬ ਦੀ ਧਰਤੀ ਤੇ ਜੰਮੇ ਹਨ ਜੇ ਉਹ ਪੰਜਾਬ ਵਿਚ ਨਹੀਂ ਜੰਮੇ ਤਾਂ ਹਿੰਦੁਸਤਾਨ ਦੀ ਪਵਿਤਰ ਧਰਤੀ ਉਨ੍ਹਾਂ ਦੀ ਜਨਮ ਭੂਮੀ ਹੋਵੇਗੀ, ਇਸ ਲਈ ਸਾਨੂੰ ਉਨ੍ਹਾਂ ਨੂੰ ਆਪਣਾ ਸਮਝ ਕੇ ਸਹੂਲਤਾ ਦੇਣੀਆਂ ਚਾਹੀਦੀਆਂ ਹਨ । ਮੈਂ ਸਮਝਦਾ ਹਾਂ ਕਿ ਜਿਹੜੀ ਪਾਪੂਲਰ ਸਰਕਾਰ ਨੇ ਉਨ੍ਹਾਂ ਨੂੰ ਇਨਟੈਰਿਮ ਦੇਣ ਵਿਚ ਜਾਂ ਹੋਰ ਕੋਈ ਮਹਿਗਾਈ ਭੱਤਾ ਦੇਣ ਵਿਚ ਦੇਰ ਕੀਤੀ ਹੈ ਉਹ ਨਹੀਂ ਕਰਨੀ ਚਾਹੀਦੀ ਅੌਰ ਇਹ ਰਿਲੀਫ ਪਹਿਲਾਂ ਹੀ ਦੇ ਦੇਣਾ ਚਾਹੀਦਾ ਸੀ । ਜੇ ਅਸੀਂ ਉਨ੍ਹਾਂ ਦਾ ਸਟੈਂਡਰਡ ਆਫ ਲਿਵਿੰਗ ਉਚਾ ਨਹੀਂ ਕਰ ਸਕਦੇ, ਖਾਸ ਤੌਰ ਤੇ ਟੀਚਰਜ਼ ਦਾ ਤਾਂ ਮੈਂ ਸਮਝਦਾ ਹਾਂ ਕਿ ਸਾਡੀ ਆਉਣ ਵਾਲੀ ਜਿਹੜੀ ਪੋਂਦ ਹੈ ਉਨ੍ਹਾਂ ਨੂੰ ਟੀਚਰ ਚੰਗਾ ਪੜ੍ਹਾ ਨਹੀਂ ਸਕਣਗੇ ਅੌਰ ਉਹ ਤਰੱਕੀ ਨਹੀਂ ਕਰ ਸਕਦੇ । ਸੋ ਮੇਰੀ ਅਰਜ਼ ਹੈ ਕਿ ਉਨ੍ਹਾਂ ਦੀਆਂ ਮੰਗਾਂ ਵਲ ਤੁਰਤ ਧਿਆਨ ਦੇਣਾ ਚਾਹੀਦਾ ਹੈ ਅੌਰ ਮੰਨ ਲੈਣੀਆਂ ਚਾਹੀਦੀਆਂ ਹਨ ।

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਇਕ ਰਜਵਾਂ ਸੂਬਾ ਹੈ ਉਸ ਦੇ ਵਿਚ ਤਾਂ ਐਜੂਕੇਸ਼ਨ ਨੂੰ ਫਰੀ ਨਹੀਂ ਕੀਤਾ ਗਿਆ ਪਰ ਪੰਜਾਬ ਤੋਂ ਜਿਹੜੇ ਛੋਟੇ ਛੋਟੇ ਪ੍ਰਦੇਸ਼ ਹਨ ਜਿਥੇ ਕਿ ਗਰੀਬੀ ਵੱਧੀ ਹੋਈ ਹੈ ਜਿਸ ਤਰ੍ਹਾਂ ਕਿ ਜੰਮੂ ਕਸ਼ਮੀਰ, ਮਹਾਰਾਸ਼ਟਰਾ ਆਦਿ ਸਟੇਟਾਂ ਵਿਚ ਐਜੂਕੇਸ਼ਨ ਫਰੀ ਹੈ । ਮੈਂ ਸਰਕਾਰ ਨੂੰ ਇਹ ਬੇਨਤੀ ਕਰਾਂਗਾ ਕਿ ਇਹ ਪੰਜਾਬ, ਜਿਥੇ ਦੇ ਬਹੁਤੇ ਲੋਕ ਰਜਵੀਂ ਰੋਟੀ ਖਾਂਦੇ ਹਨ, ਜਿਥੇ ਦੀ ਆਮਦਨ ਦੀ ਪਰਸੈਂਟੇਜ ਦੂਸਰਿਆਂ ਸੂਬਿਆਂ ਨਾਲੋਂ ਕਿਤੇ ਵੱਧ ਹੈ ਉਥੇ ਐਜੂਕੇਸ਼ਨ ਪਹਿਲੀ ਜਮਾਤ ਤੋਂ ਲੈ ਕੇ ਆਖ਼ਰੀ 18ਵੀਂ 20ਵੀਂ ਜਮਾਤ ਤਕ ਫਰੀ ਹੋਣੀ ਚਾਹੀਦੀ ਹੈ । ਮੈਂ ਸਮਝਦਾ ਹਾਂ ਕਿ ਇਹ ਜਿਹੜੀ ਫੰਡਾਮੈਂਟਲ ਗਲ ਹੈ ਜਦੋਂ ਤਕ ਅਸੀਂ ਇਹ ਨਹੀਂ ਕਰਦੇ ਸਾਡਾ ਸੂਬਾ ਤਰੱਕੀ ਨਹੀਂ ਕਰ ਸਕਦਾ, ਸਾਡਾ ਪੰਜਾਬ ਤਕੜਾ ਨਹੀਂ ਹੋ ਸਕਦਾ, ਸਾਡਾ ਹਿੰਦੁਸਤਾਨ ਤਕੜਾ ਨਹੀਂ ਹੋ ਸਕਦਾ । ਇਸ ਲਈ ਮੇਰੀ ਅਰਜ਼ ਹੈ ਕਿ ਐਜੂਕੇਸ਼ਨ ਜਿਹੜੀ ਹੈ ਉਹ ਫਰੀ ਹੋਣੀ ਚਾਹੀਦੀ ਹੈ ।

ਡਿਪਟੀ ਸਪੀਕਰ ਸਾਹਿਬ, ਇਸ ਤੋਂ ਬਾਦ ਮੈਂ ਪੰਜਾਬੀ ਜ਼ਬਾਨ ਵਲ ਆਉਂਦਾ ਹਾਂ । ਪੰਜਾਬੀ ਜ਼ਬਾਨ ਨੂੰ ਆਪਣੀ ਥਾਂ ਦਿਵਾਉਣ ਵਾਸਤੇ, ਪੰਜਾਬੀ ਜ਼ਬਾਨ ਦਾ ਰੁਤਬਾ ਉਚਾ ਕਰਨ ਵਾਸਤੇ, ਪੰਜਾਬੀ ਜ਼ਬਾਨ ਨੂੰ ਬਾਕੀ ਦੀਆਂ ਜ਼ਬਾਨਾਂ ਵਿਚ ਥਾਂ ਦੁਆਉਣ ਵਾਸਤੇ ਪੰਜਾਬ ਦੇ ਲੋਕਾਂ

[ਸਰਦਾਰ ਜਸਵਿੰਦਰ ਸਿੰਘ ਬਰਾੜ]

ਨੇ, ਹਿੰਦੂਆਂ, ਸਿੱਖਾਂ, ਮੁਸਲਮਸਾਨਾਂ ਔਰ ਈਸਾਈਆਂ ਨੇ ਆਪਣੇ ਤਨ, ਮਨ ਤੇ ਧਨ ਦੀ ਕੁਰਬਾਨੀ ਦਿਤੀ ਹੈ। ਤਦ ਜਾ ਕੇ 20 ਸਾਲ ਦੇ ਬਾਦ ਪੰਜਾਬੀ ਜ਼ਬਾਨ ਨੂੰ ਇਹ ਅਸਥਾਨ ਮਿਲਿਆ ਹੈ। ਕਚਿਹਰੀਆਂ, ਅਦਾਲਤਾਂ ਅਤੇ ਸੈਕਟਰੀਏਟ ਵਿਚ ਪੰਜਾਬੀ ਜ਼ਬਾਨ ਨੂੰ ਪੂਰੀ ਜਗ੍ਹਾਂ ਦੇਣ ਵਾਸਤੇ ਅਸੀਂ ਆਪਣੀ ਵੱਧ ਤੋਂ ਵਧ ਕੁਰਬਾਨੀ ਦਿਤੀ। ਪਰ ਡਿਪਟੀ, ਸਪੀਕਰ ਸਾਹਿਬ, ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਗਵਰਨਰ ਸਾਹਿਬ ਨੇ ਆਪਣੇ ਭਾਸ਼ਨ ਵਿਚ ਪੰਜਾਬੀ ਨੂੰ ਉਨਤ ਕਰਨ ਵਾਸਤੇ, ਪੰਜਾਬੀ ਨੂੰ ਤਗੜਾ ਕਰਨ ਵਾਸਤੇ ਕੋਈ ਠੋਸ ਪ੍ਰੋਗਰਾਮ ਨਹੀਂ ਦਸਿਆ। ਇਕ ਵੇਗ ਜਿਹਾ ਆਈਡੀਆ ਦਿਤਾ ਗਿਆ ਹੈ। ਮੈਂ ਸਮਝਦਾ ਹਾਂ ਕਿ ਪੰਜਾਬੀ ਜਿਹੜੀ ਸਾਡੀ ਮਾਤਰੀ ਜ਼ਬਾਨ ਹੈ, ਜਿਸ ਦੇ ਵਿਚ ਅਸੀਂ ਲੋਰੀਆਂ ਲੈਂਦੇ ਰਹੇ ਹਾਂ ਉਸ ਨੂੰ ਤਗੜਾ ਕਰਨ ਵਾਸਤੇ ਕੋਈ ਠੋਸ ਪ੍ਰੋਗਰਾਮ ਬਣਾਉਣਾ ਸੀ। ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਇਸ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਉਹ ਪੰਜਾਬੀ ਜ਼ਬਾਨ ਉਨਤ ਕਰਨ ਵਾਸਤੇ, ਉਸ ਨੂੰ ਤਗੜਾ ਕਰਨ ਵਾਸਤੇ ਆਪਣਾ ਪੂਰਾ ਪੂਰਾ ਧਿਆਨ ਦੇਵੇ।

ਇਸੇ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਾਂਗਾ ਕਿ ਚਿਲਡਰਨ ਵੈਲਫੇਅਰ ਵਾਸਤੇ ਪੰਜਾਬ ਵਿਚ ਉਹ ਕੰਮ ਨਹੀਂ ਹੋ ਰਹੇ ਜਿਹੜੇ ਕਿ ਮਹਾਰਾਸ਼ਟਰਾ, ਬੰਬਈ ਆਦਿ ਵਿਚ ਹੋ ਰਹੇ ਹਨ। ਇਸ ਲਈ ਮੇਰੀ ਬੇਨਤੀ ਹੈ ਕਿ ਇਸਤਰੀ ਜ਼ਾਤੀ ਕਲਿਆਨ ਔਰ ਚਿਲਡਰਨ ਵੈਲਫੇਅਰ ਲਈ ਹੋਰ ਪੈਸੇ ਰਖਣੇ ਚਾਹੀਦੇ ਹਨ ਔਰ ਇਸ ਵਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ।

ਇਸ ਤੋਂ ਬਾਦ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪਿੰਡਾਂ ਦੇ ਵਿਚ ਸੜਕਾਂ ਦਾ ਜਾਲ ਵਿਛਾਉਣ ਲਈ, ਹਸਪਤਾਲ ਬਣਾਉਣ ਲਈ, ਨਹਿਰਾਂ ਪੱਕੀਆਂ ਕਰਨ ਲਈ, ਸੂਏ ਆਦਿ ਬਣਾਉਣ ਲਈ ਜੋ ਕਰਾਂਤੀ ਲਿਆਉਣ ਲਈ ਅਕਾਲੀ ਸਰਕਾਰ ਨੇ ਯਤਨ ਕੀਤਾ ਸੀ ਉਹ ਹੁਣ ਇਤਨੀ ਤੇਜ਼ੀ ਨਾਲ ਕੰਮ ਨਹੀਂ ਹੋ ਰਿਹਾ ਜਿਤਨਾ ਕਿ ਹੋਣਾ ਚਾਹੀਦਾ ਸੀ। ਇਹ ਕਹਿੰਦੇ ਹਨ ਕਿ ਦੋ ਸਾਲਾਂ ਦੇ ਅੰਦਰ ਅੰਦਰ ਅਸੀਂ ਸੜਕਾਂ ਪੱਕੀਆਂ ਕਰਵਾ ਦਿਆਂਗੇ। ਮੈਂ ਕਹਿੰਦਾ ਹਾਂ ਕਿ ਇਹ ਨਹੀਂ ਕਰ ਸਕਣਗੇ। ਜਿਸ ਅਕਾਲੀ ਸਰਕਾਰ ਨੇ ਢਾਈ ਜਾਂ ਤਿੰਨ ਸਾਲ ਵਿਚ ਕਰੈਸ਼ ਪਰੋਗਰਾਮ ਬਣਾ ਕੇ ਇਹੋ ਜਿਹੇ ਕੰਮ ਕੀਤੇ ਸੀ ਇਹ 20 ਸਾਲਾਂ ਵਿਚ ਵੀ ਪੂਰੇ ਨਹੀਂ ਕਰ ਸਕੇ। ਸੋ, ਮੇਰੀ ਅਰਜ਼ ਹੈ ਕਿ ਜੋ ਅਕਾਲੀ ਸਰਕਾਰ ਨੇ ਪ੍ਰੋਗਰਾਮ ਬਣਾਇਆ ਸੀ ਉਸ ਨੂੰ ਹੁਣ ਤੇਜ਼ੀ ਨਾਲ ਪੂਰਾ ਕਰਨ ਦਾ ਯਤਨ ਕੀਤਾ ਜਾਵੇ। ਜੇ ਪੰਜਾਬ ਨੂੰ ਤਗੜਾ ਕਰਨਾ ਹੈ, ਹਿੰਦੁਸਤਾਨ ਨੂੰ ਤਗੜਾ ਕਰਨਾ ਹੈ ਤਾਂ ਪਿੰਡਾਂ ਵਿਚ ਹਸਪਤਾਲ ਖੋਲੇ ਜਾਣ, ਸੂਏ, ਖਾਲਾਂ ਅਤੇ ਟਿਊਬਵੈਲ ਵਗੈਰਾ ਲਾ ਕੇ ਪਾਣੀ ਦਿਤਾ ਜਾਵੇ। ਅਕਾਲੀ ਸਰਕਾਰ ਨੇ ਜੋ ਇਹ ਫੈਸਲਾ ਕੀਤਾ ਸੀ ਕਿ 12 ਮਹੀਨੇ ਪਾਣੀ ਛੋਟੇ ਕਿਸਾਨਾਂ ਨੂੰ, ਹਰੀਜਨਾਂ ਨੂੰ ਦੇਣਾ ਹੈ ਮੇਰਾ ਖਿਆਲ ਹੈ ਕਿ ਇਸ ਗਵਰਨਰ ਸਾਹਿਬ ਦੇ ਐਡਰੈਸ ਵਿਚ, ਇਸ ਬਜਟ ਵਿਚ ਇਸ ਦਾ ਕੋਈ ਧਿਆਨ ਨਹੀਂ ਰਖਿਆ ਗਿਆ।

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮਜ਼ਦੂਰ ਛੋਟੇ ਕਿਸਾਨ ਦੀ, ਹੋਰ ਛੋਟੇ ਕਿੱਤੇ ਕਰਨ ਵਾਲਿਆਂ ਦੀ ਆਰਥਿਕ ਹਾਲਤ ਚੰਗੀ ਕਰਨ ਵਾਸਤੇ ਉਨ੍ਹਾਂ ਨੂੰ ਸਮਾਲ ਸਕੇਲ ਇੰਡਸਟਰੀ ਲਈ ਮਦਦ ਦਿਤੀ ਜਾਵੇ, ਛੋਟੇ ਟਿਊਬਵੈਲਾਂ ਰਾਹੀਂ ਪਾਣੀ ਦਿਤਾ ਜਾਵੇ, ਔਰ ਸਰਕਾਰ ਨੂੰ ਕਰੈਸ਼ ਪ੍ਰੋਗਰਾਮ ਬਣਾ ਕੇ ਸੂਏ, ਕਸੀਆਂ ਔਰ ਨਹਿਰਾਂ ਪੱਕੀਆਂ ਕਰਨੀਆਂ ਚਾਹੀਦੀਆਂ ਹਨ।

ਬਿਨਾ ਕਿਸੇ ਮਿੱਲਤ ਤੋਂ ਬਿਨਾਂ ਕਿਸੇ ਫਿਰਕੇਦਾਰੀ ਤੋਂ ਜੋ ਨਹਿਰਾਂ ਦਿਤੀਆਂ ਜਾਂਦੀਆਂ ਹਨ ਉਨ੍ਹਾਂ ਤੇ ਛੋਟੇ ਛੋਟੇ ਟਿਊਬਵੈਲਜ਼ ਲਾ ਕੇ ਪਾਣੀ ਚਲਾਉਣਾ ਚਾਹੀਦਾ ਹੈ ਤਾਂ ਕਿ ਕਿਸਾਨ 3—4 ਫ਼ਸਲਾਂ ਕਰ ਸਕੇ । ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਜਿਨ੍ਹਾਂ ਹਲਕਿਆਂ ਵਿਚ ਥਲੇ ਦਾ ਪਾਣੀ ਚੰਗਾ ਹੈ ਉਥੇ ਟਿਊਬਵੈਲਾਂ ਰਾਹੀਂ ਪਾਣੀ ਦੇਣਾ ਚਾਹੀਦਾ ਹੈ ਅਤੇ ਜਿਹੜਾ ਉਥੋਂ ਨਹਿਰਾਂ ਦਾ ਪਾਣੀ ਬਚੇ ਉਹ ਫਿਰੋਜ਼ਪੁਰ ਅਤੇ ਬਠਿੰਡੇ ਜਿਹੇ ਜ਼ਿਲ੍ਹਿਆਂ ਨੂੰ ਦੇਣਾ ਚਾਹੀਦਾ ਹੈ ਜਿਥੇ ਦਾ ਥਲੇ ਦਾ ਪਾਣੀ ਚੰਗਾ ਨਹੀਂ । ਫਿਰੋਜ਼ਪੁਰ ਅਤੇ ਬਠਿੰਡਾ ਉਹ ਉਪਜਾਊ ਇਲਾਕੇ ਹਨ ਜਿਨ੍ਹਾਂ ਨੇ ਗਰੀਨ ਰੈਵੋਲਿਊਸ਼ਨ ਲਿਆਉਣ ਵਿਚ ਪੰਜਾਬ ਦਾ ਸਿਰ ਉਚਾ ਕੀਤਾ ਹੈ ਬਲਕਿ ਮੈਂ ਤਾਂ ਇਹ ਕਹਾਂਗਾ ਕਿ ਉਨ੍ਹਾਂ ਜ਼ਿਲ੍ਹਿਆਂ ਨੇ ਹਿੰਦੁਸਤਾਨ ਦਾ ਸਿਰ ਉਚਾ ਕੀਤਾ ਹੈ ।

ਡਿਪਟੀ ਸਪੀਕਰ ਸਾਹਿਬ, ਪਿੰਡਾਂ ਵਿਚ ਹੈਲਥ ਸੈਂਟਰ ਅਤੇ ਕੈਟਲ ਬਰੀਡਿੰਗ ਸੈਂਟਰ ਖੋਲ੍ਹਣ ਦਾ ਸਰਕਾਰ ਨੇ ਇਕ ਬੜਾ ਵੇਗ ਜਿਹਾ ਆਈਡੀਆ ਦਿਤਾ ਹੈ ਕਿ ਬਾਹਰਲੀਆਂ ਸਟੇਟਾਂ ਤੋਂ ਕੈਟਲ ਆਦਿ ਲਿਆ ਕੇ ਤੇ ਇਸ ਖੇਤਰ ਵਿਚ ਬੜੀ ਉਨਤੀ ਕੀਤੀ ਜਾਏਗੀ । ਇਸ ਸਬੰਧ ਵਿਚ ਮੈਂ ਟਰੈਜ਼ਰੀ ਬੈਂਚਿਜ਼ ਤੇ ਬੈਠੇ ਮੇਰੇ ਵੀਰਾਂ ਦਾ ਧਿਆਨ ਦਿਲਾਉਣਾ ਚਾਹੁੰਦਾ ਹਾਂ ਅਤੇ ਡਾਇਰੈਕਟਰ ਐਨੀਮਲ ਹਸਬੈਂਡਰੀ ਸਾਹਿਬ ਵੀ ਬੈਠੇ ਹਨ, ਜਿਨ੍ਹਾਂ ਚਿਰ ਵਲਾਇਤੀ ਗਊਆਂ ਕਿਸਾਨਾਂ ਨੂੰ ਸਪਲਾਈ ਨਹੀਂ ਕੀਤੀਆਂ ਜਾਂਦੀਆਂ ਅਤੇ ਪਿੰਡਾਂ ਵਿਚ ਵਲਾਇਤੀ ਸਾਹਨ ਨਹੀਂ ਛਡੇ ਜਾਂਦੇ ਉਨ੍ਹਾਂ ਚਿਰ ਤਕ ਦੁਧ ਦੇ ਖੇਤਰ ਵਿਚ ਕੋਈ ਫਾਇਦਾ ਨਹੀਂ ਹੋ ਸਕਦਾ । ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਪੋਲਟਰੀ ਨੇ ਆਮ ਹੱਥਾਂ ਵਿਚ ਜਾ ਕੇ ਪੰਜਾਬ ਵਿਚ ਉਨਤੀ ਕੀਤੀ ਹੈ ਇਸੇ ਤਰ੍ਹਾਂ ਜੇ ਡਰੀ ਦੇ ਖੇਤਰ ਵਿਚ ਉਨਤੀ ਕਰਨਾ ਚਾਹੁੰਦੇ ਹੋ ਤਾਂ ਇਹ ਵਲਾਇਤੀ ਗਾਵਾਂ ਅਤੇ ਸਾਹਨ ਆਦਿ ਆਮ ਕਿਸਾਨਾਂ ਨੂੰ ਦਿਤੇ ਜਾਣ । ਇਹ ਮੇਰੇ ਕੁਝ ਸੁਝਾਓ ਸਨ ਜਿਹੜੇ ਮੈਂ ਸਰਕਾਰ ਦੇ ਧਿਆਨ ਵਿਚ ਲਿਆਉਣ ਦਾ ਯਤਨ ਕੀਤਾ ਹੈ ।

ਇਸ ਤੋਂ ਬਾਦ, ਡਿਪਟੀ ਸਪੀਕਰ ਸਾਹਿਬ, ਮੈਂ ਕੁਝ ਅਰਜ਼ ਆਪਣੇ ਹਲਕੇ ਕੋਟਕਪੂਰਾ ਅਤੇ ਫਰੀਦਕੋਟ ਦੇ ਬਾਰੇ ਵਿਚ ਕਰਨੀ ਚਾਹੁੰਦਾ ਹਾਂ । (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਫਰੀਦਕੋਟ ਦੀ ਰਿਆਸਤ ਹਿੰਦੁਸਤਾਨ ਦੀਆਂ ਸਾਰੀਆਂ ਰਿਆਸਤਾਂ ਤੋਂ ਛੋਟੀ ਰਿਆਸਤ ਸੀ ਜਿਸ ਦੇ ਵਿਚ ਕੁਲ 180 ਪਿੰਡ ਹੁੰਦੇ ਸਨ, ਪਰ ਉਹ ਹਿੰਦੁਸਤਾਨ ਦੀਆਂ ਬਹੁਤ ਹੀ ਚੰਗੀਆਂ ਰਿਆਸਤਾਂ ਵਿਚੋਂ ਗਿਣੀ ਜਾਂਦੀ ਸੀ । ਐਕਾਨੋਮੀ ਦੇ ਲਿਹਾਜ਼ ਨਾਲ ਵੀ ਇਹ ਰਿਆਸਤ ਬੜੀ ਫਲਾਰਿਸ਼ਡ ਸੀ । ਗੁਲਾਮੀ ਦੇ ਦਿਨਾਂ ਵਿਚ, ਰਜਵਾੜਿਆਂ ਦੇ ਰਾਜ ਵਿਚ ਵੀ ਉਸ ਰਿਆਸਤ ਦੇ ਹਰ 10—15 ਪਿੰਡਾਂ ਦੇ ਮਗਰ ਇਕ ਹਾਈ ਸਕੂਲ ਹੁੰਦਾ ਸੀ । ਪਰ ਮੈਨੂੰ ਬੜੇ ਅਫਸੋਸ ਦੇ ਨਾਲ ਕਹਿਣਾ ਪੈਂਦਾ ਹੈ ਕਿ ਅਜ਼ਾਦੀ ਤੋਂ ਬਾਦ ਫਰੀਦਕੋਟ ਦੇ ਖ਼ਜ਼ਾਨੇ ਨੂੰ ਬਹੁਤ ਬੁਰੀ ਤਰ੍ਹਾਂ ਨਾਲ ਲੁਟਿਆ ਗਿਆ । ਉਥੋਂ ਦੀਆਂ ਹਿਸਟੋਰੀਕਲ ਚੀਜ਼ਾਂ ਕੌਲੀਆਂ, ਗਿਲਾਸ ਫਰਾਸ਼, ਲਾਇਬ੍ਰੇਰੀ ਆਦਿ ਸਭ ਲੁਟ ਲਈਆਂ ਗਈਆਂ ਅਤੇ ਉਥੇ ਕੁਝ ਨਹੀਂ ਰਹਿਣ ਦਿਤਾ ਗਿਆ । ਮੈਨੂੰ ਸਮਝ ਨਹੀਂ ਆਉਂਦੀ ਕਿ ਫਰੀਦਕੋਟ ਦੇ ਲੋਕਾਂ ਨੇ ਪੰਜਾਬ ਵਾਸਤੇ ਕੀ ਕੁਝ ਨਹੀਂ ਕੀਤਾ ? ਉਥੇ ਦੇ ਲੋਕਾਂ ਨੇ ਅਜ਼ਾਦੀ ਲਈ ਆਪਣੀਆਂ ਜਾਨਾਂ ਵਾਰ ਦਿਤੀਆਂ ਪਰ ਉਸ ਇਲਾਕੇ ਨਾਲ ਪੰਜਾਬ ਸਰਕਾਰ ਨੇ ਕੋਈ ਚੰਗਾ ਵਰਤਾਵ ਨਹੀਂ ਕੀਤਾ ।

[ਸਰਦਾਰ ਜਸਵਿੰਦਰ ਸਿਘ ਬਰਾੜ]

ਫਰੀਦਕੋਟ ਦੇ ਵਿਚ ਗੰਨੇ ਦੀ ਫਸਲ ਬਹੁਤ ਜ਼ਿਆਦਾ ਹੁੰਦੀ ਹੈ ਅਤੇ ਇਸ ਕਰਕੇ ਉਥੇ ਗੰਨੇ ਦੀ ਇਕ ਮਿਲ ਲਗਣੀ ਚਾਹੀਦੀ ਹੈ । ਇਸ ਦੇ ਨਾਲ ਨਾਲ ਚਾਵਲਾਂ ਦਾ ਸ਼ੈਲਰ ਲਗਾਉਣਾ ਚਾਹੀਦਾ ਹੈ। ਮੈਂ ਪ੍ਰੈਸ ਕਾਨਫਰੰਸ ਵਿਚ ਅਗੇ ਅਰਜ਼ ਕਰ ਚੁਕਾ ਹਾਂ ਕਿ ਫਰੀਦਕੋਟ ਇਕ ਹਿਸਟੋਰੀਕਲ ਸ਼ਹਿਰ ਹੈ । ਬਾਬਾ ਫ਼ਰੀਦ ਇਕ ਮਹਾਨ ਅਤੇ ਉਘੀ ਹਸਤੀ, ਸਨ ਜਿਸ ਨੂੰ ਸਾਰੇ ਬਜ਼ੁਰਗ ਮੰਨਦੇ ਆਏ ਹਨ । ਉਥੇ ਬਾਬਾ ਫ਼ਰੀਦ ਨੇ ਬੜੀ ਭਗਤੀ ਕੀਤੀ ਤਪਸਿਆ ਕੀਤੀ । ਮੈਂ ਅਰਜ਼ ਕਰਾਂਗਾ ਕਿ ਉਥੇ ਬਾਬਾ ਫਰੀਦ ਦੇ ਨਾਮ ਤੇ, ਜਿਸ ਤਰ੍ਹਾਂ ਅੰਮ੍ਰਿਤਸਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂ ਤੇ ਯੂਨੀਵਰਸਿਟੀ ਬਣਾਈ ਹੈ ਇਕ ਯੂਨੀਵਰਸਿਟੀ ਕਾਇਮ ਕਰਨੀ ਚਾਹੀਦੀ ਹੈ ਤਾਂ ਕਿ ਉਥੇ ਦੇ ਬਚੇ ਅਤੇ ਬਚੀਆਂ ਤਾਲੀਮ ਹਾਸਲ ਕਰ ਸਕਣ ਅਤੇ ਅਸੀਂ ਕਹਿ ਸਕੀਏ ਕਿ ਹਿੰਦੁਸਤਾਨ ਆਮ ਤੌਰ ਤੇ ਅਤੇ ਪੰਜਾਬ ਖ਼ਾਸ ਤੌਰ ਤੇ ਇਕ ਨਿਰਪਖੱਤਾ ਦਾ ਦੇਸ਼ ਹੈ ਜਿਥੇ ਸਾਰੇ ਮਤਾਂ ਦੇ ਲੋਕਾਂ ਨੂੰ ਪੂਰਾ ਪੂਰਾ ਸਤਿਕਾਰ ਮਿਲਦਾ ਹੈ ।

ਇਸ ਤੋਂ ਅਗੇ, ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਜਿਹੜਾ ਸਾਡਾ ਕੋਟਕਪੂਰਾ ਅਤੇ ਜੈਤੋਂ ਦਾ ਇਲਾਕਾ ਹੈ ਉਸ ਨੂੰ ਹੁਣ ਤਾਈ ਰਾਜਭਾਗ ਵਿਚ ਹਿੱਸਾ ਨਹੀਂ ਮਿਲਿਆ । ਜਦੋਂ ਅਕਾਲੀ ਵਜ਼ਾਰਤ ਬਣੀ ਤਾਂ ਉਥੋਂ ਇਕ ਕਾਂਗਰਸ ਦਾ ਨੁਮਾਇੰਦਾ ਚੁਣ ਕੇ ਆਇਆ ਅਤੇ ਜਦੋਂ ਹੁਣ ਕਾਂਗਰਸ ਦੀ ਵਜ਼ਾਰਤ ਆਈ ਹੈ ਤਾਂ ਉਥੋਂ ਮੈਨੂੰ ਨੁਮਾਇੰਦਗੀ ਲਈ ਭੇਜਿਆ ਗਿਆ ਹੈ । ਇਸ ਕਰਕੇ ਉਸ ਇਲਾਕੇ ਨੂੰ ਹਰ ਪੱਖ ਤੋਂ ਵਾਂਝਿਆਂ ਰਖਿਆ ਗਿਆ ਹੈ ਅਤੇ ਉਸ ਇਲਾਕੇ ਦੀ ਉਨਤੀ ਲਈ ਜ਼ਰੂਰੀ ਕਦਮ ਉਠਾਏ ਜਾਣੇ ਚਾਹੀਦੇ ਹਨ । ਮੈਂ ਆਸ ਰਖਦਾ ਹਾਂ ਕਿ ਮੇਰੇ ਬਜ਼ੁਰਗ ਜਿਹੜੇ ਉਸ ਪਾਰਟੀ ਦੇ ਆਗੂ ਹਨ ਅਤੇ ਜਿਨ੍ਹਾਂ ਨੂੰ ਕੋਟਕਪੂਰੇ ਨਾਲ, ਜੈਤੋਂ ਨਾਲ, ਦਿਲੀ ਪਿਆਰ ਹੈ, ਜਿਹੜੇ ਉਥੇ ਜੰਮੇ ਤੇ ਪਲੇ ਹਨ ਅਤੇ ਉਨ੍ਹਾਂ ਗਲੀਆਂ ਵਿਚ ਖੇਡ ਕੇ ਆਏ ਹਨ, ਮੈਂ ਉਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਜੋ ਉਥੇ ਲੜਕੀਆਂ ਦਾ ਕਾਲਜ ਹੈ, ਜਿਹੜਾ ਮਹਾਂਪੁਰਸ਼ ਸਦਾਨੰਦ ਨੇ ਬਣਇਆ ਸੀ ਉਸ ਨੂੰ ਕਬਜ਼ੇ ਵਿਚ ਲੈਣਾ ਚਾਹੀਦਾ ਹੈ । ਕੋਟਕਪੂਰੇ ਵਿਚ ਕੋਈ ਗੌਰਮਿੰਟ ਕਾਲਜ ਨਹੀਂ ਹੈ. ਉਥੇ ਇਕ ਕਾਲਜ ਛੇਤੀ ਬਣਾਉਣਾ ਚਾਹੀਦਾ ਹੈ । ਉਥੇ ਦੀਆਂ ਸੜਕਾਂ ਦੀ ਹਾਲਤ ਬੜੀ ਖਸਤਾ ਹੈ, ਪੁਲਾਂ ਦਾ ਕੰਮ ਬੜੀ ਮੱਧਮ ਸਪੀਡ ਤੇ ਚਲ ਰਿਹਾ ਹੈ । ਇਕ ਪੁਲ ਜਿਹੜਾ ਤਿੰਨ ਮਹੀਨਿਆਂ ਤੋਂ ਬਣਦਾ ਚਲਿਆ ਆ ਰਿਹਾ ਹੈ ਉਹ ਹਾਲ ਤਾਈ ਚਾਲੂ ਨਹੀਂ ਹੋ ਸਕਿਆ । ਪੁਲਾਂ ਦੇ ਨਾ ਹੋਣ ਕਰਕੇ ਉਥੋਂ ਦੇ ਪਿੰਡਾਂ ਵਾਲਿਆਂ ਨੂੰ ਬੜੀ ਤਕਲੀਫ ਹੁੰਦੀ ਹੈ। ਪੁਲਾਂ ਵੱਲ ਵੀ ਖਾਸ ਧਿਆਨ ਦੇਣ ਦੀ ਲੋੜ ਹੈ ।

ਇਸ ਤੋਂ ਅਗੇ ਮੈਂ ਅਰਜ਼ ਕਰਾਂ ਕਿ ਜਿਸ ਤਰ੍ਹਾਂ ਅਬੋਹਰ ਅਤੇ ਫਾਜ਼ਲਕਾ ਵਿਚ ਕਪੜੇ ਦੀਆਂ ਮਿਲਾਂ ਲਗਾਈਆਂ ਗਈਆਂ ਹਨ ਇਸੇ ਤਰ੍ਹਾਂ ਮੇਰੇ ਕੋਟਕਪੂਰੇ ਵਿਚ ਵੀ ਲਗਣੀ ਚਾਹੀਦੀ ਹੈ । ਉਥੇ ਕਾਟਨ ਬਹੁਤ ਜ਼ਿਆਦਾ ਹੁੰਦੀ ਹੈ । ਅਤੇ ਪੰਜਾਬ ਦੀਆਂ 5 ਆਗੂ ਮੰਡੀਆਂ ਵਿਚੋਂ ਇਕ ਆਗੂ ਮੰਡੀ ਗਿਣੀ ਜਾਂਦੀ ਹੈ । ਉਥੇ ਕਪੜਾ ਬਣਾਉਣ ਦਾ ਕਾਰਖਾਨਾ, ਧਾਗਾ ਵਟਣ ਦਾ ਕਾਰਖਾਨਾ ਅਤੇ ਇਕ ਰੂੰ ਦਾ ਕਾਰਖਾਨਾ ਪ੍ਰਾਈਵੇਟ ਸੈਕਟਰ ਵਿਚ ਲਗਾਉਣਾ ਚਾਹੀਦਾ ਹੈ। ਪਿਛਲੇ ਸਮਿਆਂ ਵਿਚ ਇਸ ਇਲਾਕੇ ਦੇ ਨਾਲ ਬੜੇ ਧੱਕੇ ਹੁੰਦੇ ਰਹੇ ਹਨ । ਮੈਂ ਆਪਣੇ ਬਜ਼ੁਰਗ ਨੇਤਾ ਨੂੰ ਅਰਜ਼ ਕਰਾਂਗਾ ਕਿ ਉਹ ਪਿਛਲੇ ਸਾਰੇ ਉਲਾਹਮੇ ਲਾਹ ਦੇਣ।

ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਾਂਗਾ ਕਿ ਜਿਹੜੀ ਜੈਤੋਂ ਦੀ ਮੰਡੀ ਹੈ ਉਹ ਲੋਹੇ ਦੇ ਖੇਤਰ ਵਿਚ ਗੋਬਿੰਦਗੜ੍ਹ ਮੰਡੀ ਵਰਗੀ ਹੈ । ਉਥੇ ਦੇ ਲੋਕਾਂ ਨੇ

ਗਿਆਨੀ ਜ' ਦੇ ਮੋਢੇ ਨਾਲ ਮੋਢਾ ਲਾ ਕੇ ਰਜਵਾੜਾਸ਼ਾਹੀ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ । ਉਥੇ ਸਟੀਲ ਦਾ ਇਕ ਕਾਰਖਾਨਾ ਲਾਇਆ ਜਾਣਾ ਚਾਹੀਦਾ ਹੈ । ਉਹ ਲੋਹੇ ਦੇ ਖੇਤਰ ਵਿਚ ਇਕ ਬਹੁਤ ਹੀ ਵਡੀ ਮੰਡੀ ਹੈ । ਜਿਸ ਤਰ੍ਹਾਂ ਰਸ਼ੀਆ ਦੀ ਕੋਲੈਬੋਰੇਸ਼ਨ ਦੇ ਨਾਲ ਜਾਂ ਦੂਜੇ ਮੁਲਕਾਂ ਦੀ ਕੋਲੈਬੋਰੇਸ਼ਨ ਦੇ ਨਾਲ ਦੂਸਰੀਆਂ ਥਾਂਵਾਂ ਤੇ ਸਟੀਲ ਪਲਾਂਟਸ ਲਾਏ ਜਾਂਦੇ ਹਨ, ਉਸੇ ਤਰ੍ਹਾਂ ਉਥੇ ਵੀ ਇਕ ਸਟੀਲ ਪਲਾਂਟ ਲਾਉਣਾ ਚਾਹੀਦਾ ਹੈ । ਡਿਪਟੀ ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਸਟੀਲ ਪਲਾਂਟ ਲਾਉਣ ਵਾਸਤੇ ਉਥੇ ਕੋਇਲਾ ਨਹੀਂ ਜਾ ਸਕਦਾ ਮੈਂ ਅਰਜ਼ ਕਰਾਂ ਕਿ ਗੁਰੂ ਨਾਨਕ ਥਰਮਲ ਪਲਾਂਟ ਵਾਸਤੇ ਕੋਇਲਾ ਆ ਸਕਦਾ ਹੈ ਤਾਂ ਮੈਂ ਸਮਝਦਾ ਹਾਂ ਕਿ ਜੈਤੋਂ ਮੰਡੀ ਕੋਈ ਦੂਰ ਨਹੀਂ। ਉਸ ਦੇ ਵਾਸਤੇ ਵੀ ਉਥੇ ਕੋਇਲਾਂ ਪਹੁੰਚ ਸਕਦਾ ਹੈ ।

ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਅਗਰ ਮੈਂ ਸਾਰੀਆਂ ਗਲਾਂ ਕਰਾਂ ਤਾਂ ਬਹੁਤ ਵਕਤ ਲਗੇਗਾ । ਮੇਰੇ ਕੋਲ ਮਸਾਲਾ ਬਹੁਤ ਜ਼ਿਆਦਾ ਹੈ ਪਰ ਵਕਤ ਬਹੁਤ ਥੋੜ੍ਹਾ ਹੈ । ਇਸ ਲਈ ਮੈਂ ਸਰਕਾਰੀ ਬੈਂਚਾਂ ਤੇ ਬੈਠੇ ਵੀਰਾਂ ਨੂੰ ਕਹਾਂਗਾ ਕਿ ਮੈਂ ਜੋ ਤੁਛ ਬੇਨਤੀਆਂ ਕੀਤੀਆਂ ਹਨ ਪੰਜਾਬ ਨੇ ਹਰੀਜਨਾਂ ਵਾਸਤੇ, ਕਿਸਾਨਾਂ ਵਾਸਤੇ ਮਜ਼ਦੂਰਾਂ ਵਾਸਤੇ ਅਤੇ ਆਪਣੇ ਇਲਾਕੇ ਦੇ ਲੋਕਾਂ ਵਾਸਤੇ ਐਜੂਕੇਸ਼ਨਜ਼ ਇੰਸਟੀਚਿਊਸ਼ਨਜ਼ ਵਾਸਤੇ ਪ੍ਰੋਫੈਸਰਾ ਵਾਸਤੇ ਜਾਂ ਜੋ ਪ੍ਰਾਈਵੇਟ ਸਕੂਲਾਂ ਦੇ ਟੀਚਰਜ਼ ਹਨ ਉਨ੍ਹਾਂ ਵਾਸਤੇ ਜਿਨ੍ਹਾਂ ਨਾਲ ਮੱਤਰੇਈ ਮਾਂ ਵਾਲਾ ਸਲੂਕ ਹੁੰਦਾ ਹੈ ਅਤੇ ਜਿਨ੍ਹਾਂ ਤੋਂ 5 ਸੌ ਤੇ ਅੰਗੂਠਾ ਲਗਵਾ ਕੇ 3 ਸੌ ਹੀ ਦਿਤੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਉਹ ਫੈਸੀਲਿਟੀਜ਼ ਨਹੀਂ ਦਿਤੀਆਂ ਜਾਂਦੀਆਂ ਜਿਹੜੀਆਂ ਸਰਕਾਰੀ ਟੀਚਰਾਂ ਅਤੇ ਪ੍ਰੋਫੈਸਰਾਂ ਨੂੰ ਦਿਤੀਆਂ ਜਾਂਦੀਆਂ ਹਨ, ਉਨ੍ਹਾਂ ਗਲਾਂ ਵਲ ਮੈਂ ਟਰੈਜ਼ਰੀ ਬੈਂਚਾਂ ਤੇ ਬੈਠੇ ਵੀਰ ਅਤੇ ਗਿਆਨੀ ਜੀ ਉਚੇਚਾ ਧਿਆਨ ਦੇਣਗੇ । ਮੈਂ ਬੈਠਣ ਤੋਂ ਪਹਿਲਾਂ ਇਕ ਵਾਰੀ ਫਿਰ ਆਪਣੇ ਬਜ਼ੁਰਗ ਗਿਆਨੀ ਜੀ ਨੂੰ ਜਿਸ ਦੀ ਜਨਮ ਭੂਮੀਂ ਅਤੇ ਮੇਰੀ ਜਨਮ ਭੂਮੀ ਇਕ ਹੈ ਅਤੇ ਜਿਥੇ ਅਸੀਂ ਜੰਮ ਪੱਲ ਕੇ ਇਨ੍ਹਾਂ ਬੈਂਚਾਂ ਤੇ ਬੈਠਣ ਯੋਗ ਹੋਏ ਹਾਂ, ਸਾਨੂੰ ਉਸ ਨੂੰ ਭੁਲਣਾ ਨਹੀਂ ਚਾਹੀਦਾ ਹੈ । ਮੈਂ ਅਰਜ਼ ਕਰਾਂ ਜਿਥੇ ਉਹ ਸਾਰੇ ਪੰਜਾਬ ਦਾ ਭਲਾ ਸੋਚਦੇ ਹਨ (ਵਿਘਨ) ਉਥੇ ਉਨ੍ਹਾਂ ਨੂੰ ਆਪਣੇ ਇਲਾਕੇ ਦਾ ਵੀ ਭਲਾ ਸੋਚਣਾ ਚਾਹੀਦਾ ਹੈ ਜਿਸ ਨੇ ਇਨ੍ਹਾਂ ਬੈਂਚਾਂ ਤੇ ਬੈਠਣ ਦੇ ਯੋਗ ਬਣਾਇਆ ਹੈ । ਇਨ੍ਹਾਂ ਸ਼ਬਦਾਂ ਦੇ ਨਾਲ ਮੈਂ, ਡਿਪਟੀ ਸਪੀਕਰ ਸਾਹਿਬ, ਆਪ ਦਾ ਧੰਨਵਾਦ ਕਰਦਾ ਹੋਇਆ ਬੈਠਦਾ ਹਾਂ ।

श्री यशपाल (जालन्धर, दक्षिण) : डिप्टी स्पीकर साहिब, विरोधी दल के माननीय नेता ने एक बड़ी अच्छी बात कही है कि बंगला देश की लड़ाई का क्रैडिट सिरफ श्रीमती इन्द्रा गांधी को नहीं है, यह बात दुरुस्त है । बंगला देश की लड़ाई जीतने का क्रैडिट इस देश के हर व्यक्ति को है, चाहे वह हिन्दू है, चाहे मुसलमान है या सिख है । इस लड़ाई का क्रैडिट लगभग सभी पुलीटीकल पार्टीज़ को भी है । लेकिन यह बात बिलकुल स्पष्ट है, कि इसका क्रैडिट अकाली पार्टी की लीडरशिप को नहीं मिल सकता । यह बात मैंने इस लिए नहीं कही कि अकाली दल के जनरल सैक्रेटरी ने इंगलैंड में जाकर देश के साथ गद्दारी की । (शेम) (शेम) । अकाली दल के नेता कह सकते हैं कि हमने डाक्टर जगजीत सिंह को पार्टी से खारिज कर दिया , ठीक है । लेकिन बात इतनी ही नहीं है । 1965 के युद्ध में जब कि कशमीर तथा पंजाब में पाकिस्तानी घुसपैठिए शरारतें कर रहे

[श्री यशपाल]

थे तो अकाली दल के नेताओं ने कहा कि हम अपने सत्याग्रह को वापस नहीं लेंगे चाहे अमृतसर की गलियों में ही लड़ाई शुरु हो जाए। फिर अकाली दल ने जो भी आन्दोलन चलाया वह किसी न किसी राष्ट्रीय त्यौहार के दिन ही शुरु किया। चंडीगढ़ के बारे में एजीटेशन भी एक राष्ट्रीय दिन पर शुरू की गई। सन्त फतेह सिंह ने छब्बीस जनवरी को भूख हड़ताल शुरु करने का इलान किया और उसके साथ ही अकाली दल के नेताओं ने फर्मान जारी किया कि उन के वज़ीर कौमी झण्डे को सलामी नहीं देंगे। मैं समझता हूँ कि गवर्नर साहिब ही कमज़ोर हैं। अगर कोई तगड़ा गवर्नर होता तो उन वज़ीरों को जिन्होंने कौमी झण्डे को सलामी देने से इन्कार किया था जेल में बन्द कर देता। इस के इलावा 15 अगस्त को एक और एजीटेशन शुरु कर दी कि दिल्ली के गुरद्वारे आज़ाद होने चाहिएं लेकिन हैरानी की बात है कि दिल्ली वालों ने तो कोई ऐजीटेशन नहीं की, पंजाब वालों ने ही की। एक तरफ तो यह एजीटेशन कर रहे थे और दूसरी तरफ भारत तथा पाकिस्तान का युद्ध हो रहा था। यह कह रहे थे कि स्थिति चाहे कितनी भी गम्भीर क्यों न हो हम अपना ऐजीटेशन वापिस नहीं लेंगे। जब तक लोगों ने मजबूर नहीं किया कि हमारे पर मेहरबानी करें ....(विघ्न) तब तक ऐजीटेशन वापिस नहीं ली। संत फतेह सिंह ने ऐजीटेशन तब वापिस ली जब देश भक्त सिक्खों ने उनके गले में अंगूठा दिया। इस लिये मैंने कहा है कि बंगला देश की जीत में अकाली लीडरों का कोई हिस्सा नहीं है। (विघ्न)

Mr. Deputy Speaker: Order please.

श्री यशपाल : मुझे बड़ी हैरानी होती है कि अब यह अकाली लीडर साहिबान एतराज़ कर रहे हैं कि शहिरी जायदाद की सीलिंग का बिल इस हाऊस में पेश नहीं किया गया। मैं इनसे पूछना चाहता हूँ कि पिछले पांच सालों में आपके पास तीन बार हकूमत आई तो अकाली हकूमत ने सीलिंग का बिल पास क्यों नहीं किया। (विघ्न)

Mr. Deputy Speaker : No interruptions please.

श्री यशपाल : अगर अकाली लीडर इमानदार होते तो यह बिल ज़रूर पास कर देते। लेकिन अकाली लीडरों के दिल में न तो शहिरी लोगों के लिए और न ही देहाती लोगों के लिए हमदर्दी है। इन्होंने सीलिंग की बात ही पसन्द न की। इन को तो यह अच्छा लगता है कि गुरुद्वारे की अजारेदारी कैसे हाथ में रहे। (विघ्न) जो अख्तियार पंजाब की सरकार ने सीलिंग के बारे में केन्द्र की सरकार को दिया है, उसके सम्बन्ध म मैं भी कुछ अर्ज़ करना चाहता हूं। सरदार प्रताप सिंह जी जिस समय मुख्य मंत्री थे और ज्ञानी करतार सिंह जी वज़ीर थे तो ज्ञानी जी को कहा गया कि वह इस आशय का एक बिल ड्राफ्ट करें जिस से कि जायदाद की सीलिंग नियत की जा सके। लेकिन पता नहीं कि तीन चार महीने वह किस तरह काम करते रहे कि मामला लटकता ही रहा - और उसके बाद उन्होंने एक ऐसा बिल बनाया जिसमें कई किसम की शर्तें रख दी गईं जिससे कि सीलिंग नहीं हो सकती थी। मैं समझता हूँ यह कोई आसान मसला नहीं है कि शहरी जायदाद पर सीलिंग लागू की जाए। इसलिए बेहतर यही समझा गया कि इस मसले को भारत सरकार के हवाले कर दिया जाय ताकि वह एक ऐसा कानून बनाए जो कि हिंदुस्तान भर के लोगों को मन्जूर हो। लोग इस मसले के बारे में कांग्रेस पार्टी पर एस्परशन्ज़ करने की कोशिश करते हैं।

वह वास्तव में हदबन्दी के फैसले को सैबोटेज करना चाहते हैं। जैसी उनकी अपनी शक्ल है, वैसी ही आईने में देखते रहते हैं। (विघ्न) (शोर) मुझे यकीन है कि शहरी जायदाद की हदबन्दी होकर रहेगी और कांग्रेस पार्टी करके दिखलाएगी।

कुछ और जरूरी बातें हैं जिनका मैं जिक्र करना जरूरी समझता हूँ। गवर्नर महोदय ने अपने भाषण के शुरु के हिस्से में कहा है कि सरकार ने युद्धपीड़ितों के लिए बहुत कुछ किया है और कर भी रही है, लेकिन हम पूरा मुआवज़ा नहीं दे सकते। यह बात गवर्नर साहिब को नहीं करनी चाहिए थी। यह कोई सरहदी देहात की लड़ाई नहीं है, यह तो भारत तथा पाकिस्तान का युद्ध था और जिस किसी का नुकसान हुआ है वह वास्तव में समुचे देश का नुकसान है। इसलिए यह नहीं चाहिए कि वह अपने आप ही निपटता रहे। इसलिए मैं कहूँगा कि उन को जो सहूलियात दी है, वे बहुत कम हैं।। उन लोगों को पूरा मुआवज़ा मिलना चाहिए। सीमाओं पर बसने वाले लोग भी हमसे यह ही आशा रखते हैं कि उनकी तरफ सरकार का पूरा ध्यान हो और उन को ज्यादा सहूलियत दी जाए।

गवर्नर साहिब ने अपने भाषण में और कई बातों का ज़िक्र किया है। लेकिन एक बात का कतई ज़िक्र नहीं किया। वह है शहरों की हालत के बारे में, शहरों की गन्दगी के बारे में। अकाली सरकार ने भी और उसके बाद कुछ और सरकारों नें कुछ ध्यान दिया माडल विलेजिज़, आदर्श गांव बनाए। यह अच्छी बात है। गांव जितने साफ सुथरे होंगे उतना अच्छा है। जितनी फैसिलिटीज़ मिलें अच्छी बात है, बुरी बात नहीं। मैं यह कहूँगा कि हर गांव आदर्श गांव बनाना चाहिए। हमारे शहरों में कुछ आदर्श नगर माडल हाऊसिज़, माडल कालोनीज़ बनी हैं। मैं डिप्टी स्पीकर साहिब, आपकी मार्फत चीफ मिनिस्टर साहिब से कहूँगा कि वह उन माडल कालोनीज़ का दौरा करें जिन्हें माडल कहा जाता है उनसे अधिक गन्दी कालोनीज़ और नहीं हो सकती। माडल कालोनीज़ बनाई गई हैं, लेकिन ड्रेनेज़ नहीं, सड़कें नहीं, पीने का पानी नहीं और अगर थोड़ा सा पानी बरस जाए तो सारी गलियां, सड़कें पानी से भर जाती हैं। कभी इसकी तर्फ ध्यान नहीं दिया गया। कम-अज़-कम इस भाषण में इसका ज़िक्र नहीं। पंजाब में बहुत से शहर पुराने बसे हुए हैं, उनमें इम्प्रूवमैंट की कोई गुंजाइश नहीं। जितना रुपया खर्च करें, कम है। म्यूनिसिपल कमेटीज़ और इम्प्रूवमैंट ट्रस्टस अकेले वहां पर इम्प्रूवमैंट नहीं कर सकते। अगर म्यूनसपल कमेटी अपना सारा बजट खर्च करे तो भी कुछ नहीं हो सकता। हमारे शहरो की हालत को बेहतर बनाने के लिए नया फण्ड बनाया जाना चाहिए। पंजाब सरकार ने बजट में इसका ज़िक्र किया है कि म्युनिसिपल कमेटियों की मदद करेंगे लेकिन वह न होने के बराबर है। इस काम में पंजाब सरकार को भारत सरकार की मदद लेनी पड़ेगी। भारत सरकार के पास दो schemes हैं slum clearance and slum improvement. इन दोनों से हम मदद लेकर काफी रुपया शहरों पर खर्च कर सकेंगे। तब शायद बात बन सकती है। जालन्धर के अन्दर भार्गव कैंप एक छोटी सी बसती है, लेकिन आबादी इतनी ज्यादा है जितनी कि सारे चण्डीगढ़ की है। एक एक मरले में पांच सात आदमी रहते हैं। वहां पर कोई सैनीटेशन का इन्तज़ाम नहीं, कोई लेट्रीन नहीं, पीने का पानी नहीं, सड़क नहीं, ड्रेनेज़ नहीं। उस बसती में तपेदिक की बिमारी

[श्री यशपाल]

फल रही है। भार्गव कैंप के मरीज़ों से प्रायः हस्पताल भरे रहते हैं। जालन्धर के इम्प्रूवमैंट ट्रस्ट ने 22 लाख रुपये की गवर्नमेंट ग्राफ इण्डिया के पास स्कीम भेजी है। अगर वह मंजूर हो जाए तो सीवरेज का प्रबन्ध हो सकता है। इस तरह पंजाब सरकार भारत सरकार की मदद ले, म्युनिसिपैलेटीज़ और इम्प्रूवमैंट ट्रस्ट, इन चारों को इकट्ठा करके कोई स्कीम नहीं बनेगी तो मुझे डर है कि सारे शहर और गन्दे होते जाएंगे। जालन्धर का आदर्श नगर बहुत मशहूर है, लेकिन आदर्श वाली कोई बात नहीं। इसको इम्प्रूवमैंट ट्रस्ट ने बनाया है। ड्रेनेज का इन्तज़ाम ठीक नहीं है। जो नई बसतियां बनाई जाती हैं, उनको बनाने से पहले ड्रेनेज़ का इन्तज़ाम करना चाहिए। अगर नहीं होगा तो नुकसान ज्यादा होगा और लाभ कम।

डिप्टी स्पीकर साहिब, मैं पंजाब सरकार की नई ऐकसाइज़ पालिसी की तर्फ फौरी तौर पर ध्यान दिलाना चाहता हूँ। नई नीति के अनुसार पंजाब में जगह जगह शराब की दुकानें खुल गई हैं। अकेले जालन्धर शहर में, ठीक मुझे पता नहीं लेकिन जो इतलाह मिली है उसके मुताबिक 60, 70 शराब की नई दुकानें खुल गई हैं। पंजाब सरकार की नई पालिसी के मुताबिक जो आदमी 7,000 रुपये का लाईसैंस ले कर 10,000 रुपये ज़मानत जमा करा दे तो वह किसी भी जगह पर दुकान खोल सकता है। पंजाब सरकार के बयान के अनुसार यह देखना जरूरी है कि किस जगह पर दुकान खुल रही है। कहा गया है कि हमारे लिये कुछ नियम हैं Technically तो यह बात दुरुस्त हो सकती है लेकिन practically नहीं। जालन्धर का ऐसा कोई मोहल्ला नहीं जहां पर शराब की दुकान न हो। नेहरू गार्डन के पास एक लड़कियों का स्कूल है जहां पर सुबह और शाम को दो शिफ्टों में लगभग दो तीन हजार लड़कियां पढ़ती हैं। नेहरू गार्डन के आस पास आधी दर्जन के करीब शराब की दुकाने हैं। स्कूलों के पास, मन्दिरों के पास, गुरुद्वारों के पास और पवित्र स्थानों के पास शराब की दुकानें नहीं खोलनी चाहियें, वह दुकानें वहां से उठानी चाहिएं। यह पालिसी हमारी बुनयादी नीतियों, हमारे मंजूर शुदा प्रोग्रामों और कंस्टीच्यूशन के विरूद्ध है। यह ठीक है कि पंजाब सरकार को इससे काफी आमदनी होती है। पैसे की बड़ी जरूरत रहती है। और टैक्स हमारी सरकार लगाना नहीं चाहती। यह दलील गलत है कि शराब से इस तरह आमदनी बढ़ाई जा सकती है; आमदनी का यह ढंग पहले भी गलत था आज भी गलत है। मैं प्रोहीबीशन का हांमी नहीं। ज़बरदस्ती नहीं की जा सकती। डंडे के ज़ोर से कोई काम नहीं हो सकता लेकिन प्रोहीबीशन न करने का मतलब यह नहीं कि आप लोगों को शराब पीने के लिए प्रोत्साहित करें। शराब एक लानत है। शराब जो दिन रात पीते हैं वह भी कहते हैं कि शराब एक बुरी चीज़ है, शराब को रोकने का यह तरीका है कि शराब की अवलेबिलटी में मुश्किल पैदा की जाए। ऐसा वातावरण पैदा हो जाए कि लोग शराब लेने से झिझकें, अड़चनें पैदा की जाएं लेकिन अगर पीने की सहूलतें दी जाएंगी तो शराब पीने वालों की तादाद बढ़ती जाएगी। शराब तो एक लानत है जितनी जल्दी छुटकारा मिल जाए, अच्छा है। शराब जहर है, शराब पीने से आदमी मर जाते हैं, कौम तबाह हो जाती है, कुनबे तबाह हो जाते हैं। यह मोटे मोटे अक्षरों में शराब की दुकानों के बाहर लिखा होना

चाहिए। अगर पंजाब सरकार ने इस तरह नज़रसानी न की तो पंजाब के लोग यह बरदाश्त नहीं करेंगा इस गलतफहमी में नहीं रहना चाहिए कि लोगों ने इतने वोट दिए हैं। पंजाब के लोगों ने श्रीमती इन्द्रा गांधी की प्रगतिशील पालिसी को वोट दिए हैं। परन्तु मिज़ाज बदलते देर नहीं लगती। जो लोग चुन सकते हैं वह हटा भी देते हैं। सरकार को इस तरफ नज़रसानी करनी चाहिए, इस तरीके, से शराब पीने की सहुलतें नहीं देनी चाहिएं। मैं चीफ मिनिस्टर साहिब से आशा करूँगा कि इस बारे में नज़रसानी करने की कोशिश करेंगे।

तीसरी बात मैं स्कूलों के बारे में कहना चाहता हूँ। पंजाब के अभी 5,000 गांव ऐसे हैं जहां पर प्राईमरी स्कूल नहीं है। ठीक है वहां पर स्कूल नहीं हैं। लेकिन इस बारे में थोड़ा सा बजट की तरफ ज़रूर ध्यान देना पड़ेगा। क्या यह ज़रूरी है कि प्रत्येक गांव में एक स्कूल खोला जाए चाहे उसकी कितनी ही आबादी हो ? इसके खर्च के दृष्टीकोण के नुकतानिगाह से बात करना चाहता हूँ। पहले पंजाब सरकार की नीति थी कि एक प्राईमरी स्कूल एक मील के दायरे के अन्दर ज़रूर होना चाहिए। ज्यादा से ज्यादा आधा मील बच्चे को चलना पड़े। इस नीति को बदल कर स्कूल ज़रूर खोलिए। अगर फाईनांसिज़ इजाज़त देते हैं तो पांच पांच बच्चों के लिए भी स्कूल खोलना चाहिए क्योंकी किसी बच्चे को भी इस सहुलियत से बंचित नहीं रखना चाहिए। लेकिन इस बात पर ज़रूर ध्यान दिया जाए कि जो बच्चे स्कूलों से कालजों से पढ़ कर बाहर निकलते हैं वह अपने पैरों पर खड़े हो सकें। आप डिप्टी स्पीकर साहिब, मेरी इस बात से मुत्तफिक होंगे कि अभी तक हम तालीम को ऐसे सांचों में नहीं ढाल सके जब कि बच्चा स्कूल से बाहर निकल तो अपने पैरों पर खड़ा हो सकें। जो Engineering पास करता है M.Sc., B. Sc. पास करता है उसको नौकरी नहीं मिलती। इतना खर्च करने के बाद यह पोज़ीशन है।.........

श्री डिप्टी स्पीकर : यश जी, अब खत्म कीजिए समय होने वाला है। दो तीन मिन्ट म खत्म कीजिये। (*Addressing the hon Member, Sh. Yash* : Please wind up, your time is over. Please conclude your speech within two or three minutes.)

श्री यश पाल : हमें कोशिश करनी चाहिए कि बेकारों की तादाद न बढ़े। अपनी स्कीमों को इस ढंग से बनाना चाहिए कि जिस से समाजवाद पूरी तरह कायम किया जा सके। समाजवाद स्थापित करने के लिए यह ज़रूरी है कि बेकारों की तादाद न बढ़े। समाजवाद हमारे लिये केवल कोई पोलीटीकल थ्यूरी नहीं, यह जनता की ज़रूरत है, हमारी बुनियादी ज़रूरत है, प्रजातंत्र की बुनियादी ज़रूरत है और अगर हम इसको कायम नहीं कर सकते जिस तरह कि शांतमय ढंग से हम देश में तबदीली लाए हैं, तो लोग दूसरा रास्ता अपनाएंगे।

इसके बाद मैं अर्ज़ करना चाहता हूँ हैल्थ डिपार्टमैंट के बारे में, आजकल जो इनकी तरफ से सी. ऐम. ओज़. लगाए जाते हैं वह आला दर्जे के सरजन और फिज़ीशन होते हैं। और उन्हें सी. एम. ओ. लगा कर क्लर्क बना दिया जाता है। इसलिये मैं सरकार से निवेदन करूँगा कि वह इस पालिसी पर नज़रसानी करे और जो सी. एम. ओज़ हैं उन्हें

[श्री यशपाल]

अाप्रेशन करने की इजाजत दी जाए। सी. ऐम. ओज़ का ओहदा ग्लैमरस हो सकता है लेकिन उनकी जरूरत अप्रेशन के क्षेत्र में ज्यादा है इस लिये इस पालिसी पर सरकार को नज़रसानी करनी चाहिए ताकि जो टैलैंट सी.ऐम. ओज़. का है उसका फायदा उठाया जा सके।

इसी डिपार्टमैंट की एक और बात की ओर सरकार का ध्यान दिलाना चाहता हूँ कि जितनी भी रूरल डिसपैंसरीज हैं यूनानी और आयुर्वेदिक की उनके बारे में यह फैसला सरकार ने किया था कि डिसपैंसर्ज को ही प्रोमोट कर दिया जाएगा। यह उस वक्त का फैसला था जब कि क्वालीफाइड हकीम और वैद नहीं मिलते थे और अब जब कि क्वालीफाइड हकीम और वैद मिल रहे हैं तो डिसपैंसरों को डिसपैंसरियों का इनचार्ज नहीं बनाना चाहिए। इसके साथ ही आज कल असिस्टैंट डायरैक्टर फार यूनानी सिस्टम नहीं है और उसके बिना यूनानी डिसपैंसरियों की सुपरविज़न नहीं हो सकती। इस तरफ सरकार को ध्यान देना चाहिए।

आखिर में मैं पंजाब की भाषा के बारे में ज़िक्र करना चाहता हूँ। भाषा के बारे में यह समझ लेना कि पंजाब की भाषा की नीति तय हो गई है गलत बात है। इसमें किसी ज़िद का सवाल नहीं। पंजाब की राज भाषा पंजाबी है इस पर किसी को कोई मत भेद नहीं है और न ही इस बात में मतभेद है कि पंजाबी हमारी राजभाषा है। पंजाबी की तरक्की होनी चाहिए लेकिन पंजाबी की तरक्की का यह अर्थ नहीं होना चाहिए कि कोई और भाषा न पढ़ी जाए और जो पढ़े उस पर पाबंदी लगा दी जाए। यह बात आपके या मेरे फैसला की नहीं है यह भारत की सब से बड़ी अदालत सुप्रीम कोर्ट ने फैसला दिया है कि विद्यार्थी को पूरा अधिकार है कि जिस भाषा में भी चाहे वह शिक्षा प्राप्त कर सकता है। सरकार ने इस बात का फैसला नहीं माना। इस बात का फैसला बच्चे के मां बाप ने या स्वयं विद्यार्थी ने करना है। फिर क्या कारण है कि राष्ट्रभाषा की पढ़ाई में बाधा डाली जाए। इस लिए मैं पंजाब सरकार से प्रार्थना करूँगा कि बगैर सोचे समझे भाषा के बारे में कोई ब्यान न दे इस तरह परिस्थिति उलझ सकती है। सुप्रीम कोर्ट के फैसले से यूनीवर्सिटी में और कालेजों में तो बच्चों को अधिकार मिल गया है कि वह अपनी इच्छासे भाषा को पढ़ सकें लेकिन सरकार को इस बात की ओर ध्यान देना चाहिए कि स्कूलों में अगर सरकार भाषा के संबंध में सुविधा न दे तो ऊपर कालेज में बच्चों को भाषा चुनने की आज़ादी देने का कोई लाभ नहीं होगा। इस बात की ओर ध्यान देना चाहिए। मैं इन शब्दों के साथ आपका शुक्रिया अदा करता हूँ और गवर्नर महोदय के ऐडरेस पर जो सरदार प्रेम सिंह प्रेम की ओर से धन्यवाद का प्रस्ताव रखा गया है, उसका समर्थन करता हूँ।

ਕਾਮਰੇਡ ਸੱਤ ਪਾਲ ਡਾਂਗ: (ਅੰਮ੍ਰਿਤਸਰ ਪੱਛਮ) ਡਿਪਟੀ ਸਪੀਕਰ ਸਾਹਿਬ, ਅਸਾਡੀਆਂ ਚੋਣਾਂ, ਬੰਗਲਾ ਦੇਸ਼ ਤੇ ਜੋ ਹਮਲਾ ਹੋਇਆ ਅਤੇ ਹਿੰਦੁਸਤਾਨ ਤੇ ਜੋ ਹਮਲਾ ਹੋਇਆ ਉਨ੍ਹਾਂ ਵਾਕਿਆਤ ਦੇ ਪਿਛੋਕੜ ਨਾਲ ਹੋਈਆਂ ਅਤੇ ਲੋਕਾਂ ਨੇ ਫੈਸਲਾ ਦੇ ਦਿੱਤਾ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜੇ ਕਰ ਇਨ੍ਹਾਂ ਚੋਣਾਂ ਵਿਚ ਕਿਸੇ ਪਾਰਟੀ ਨੂੰ ਸਟ ਵਜਦੀ ਹੈ ਅਤੇ ਲੋਕ ਪਹਿਲਾਂ ਦੇ ਮੁਕਾਬਲੇ ਵਿਚ ਉਸ ਪਾਰਟੀ ਨਾਲੋਂ ਟੁਟਣ ਤਾਂ ਉਸ ਪਾਰਟੀ ਨੂੰ ਸੰਜੀਦਗੀ ਨਾਲ ਸੋਚਣਾ ਚਾਹੀਦਾ ਹੈ ਕਿ ਇਸ ਦਾ ਕੀ ਕਾਰਨ ਹੈ। ਇਹ ਨਹੀਂ ਹੋਣਾ ਚਾਹੀਦਾ ਕਿ ਉਹ ਦੂਜਿਆਂ ਨੂੰ ਕਹਿਣ

ਅਤੇ ਗਿਲਾ ਕਰਨ ਕਿ ਚੋਣਾਂ ਠੀਕ ਢੰਗ ਨਾਲ ਨਹੀਂ ਹੋਈਆਂ। ਜਦ ਪਾਕਿਸਤਾਨ ਬਣਿਆ ਸੀ ਤਾਂ ਇਹ ਕਿਹਾ ਗਿਆ ਸੀ ਕਿ ਇਹ ਮੁਸਲਮਾਨਾਂ ਦਾ ਦੇਸ਼ ਹੋਵੇਗਾ ਅਤੇ ਇਥੇ ਦੁਧ ਦੀਆਂ ਨਦੀਆਂ ਵਹਿਣਗੀਆਂ ਅਤੇ ਧਰਮ ਅਤੇ ਸਿਆਸਤ ਨੂੰ ਉਨ੍ਹਾਂ ਇਕਠਾ ਕਰਕੇ ਇਕ ਸਿਧਾਂਤ ਤੇ ਪਾਕਿਸਤਾਨ ਕਾਇਮ ਕੀਤਾ ਸੀ ਪਰ ਅਜ ਅਸੀਂ ਵੇਖਿਆ ਹੈ ਕਿ ਉਥੇ ਕੀ ਹੋਇਆ। ਇਕਠੇ ਨਾ ਰਹਿ ਸਕੇ ਦੁਧ ਦੀ ਥਾਂ ਲਹੂ ਦੀਆਂ ਨਦੀਆਂ ਵਹਿ ਤੁਰੀਆਂ। ਦੇਸ਼ ਦੇ ਟੋਟੇ ਹੋ ਗਏ। ਇਹ ਹਿੰਦੁਸਤਾਨ ਦੀ ਜਨਤਾ ਨੇ ਆਪਣੀਆਂ ਅੱਖਾਂ ਨਾਲ ਵੇਖਿਆ। ਅਤੇ ਦੇਸ਼ ਦੀ ਜਨਤਾ ਨੇ ਇਸ ਗੱਲ ਤੋਂ ਦਰੁਸਤ ਸਬਕ ਲਿਆ ਅਤੇ ਇਨ੍ਹਾਂ ਚੋਣਾਂ ਦੇ ਸਿਟੇ ਸਾਹਮਣੇ ਆ ਗਏ। ਅਤੇ ਉਸ ਆਇਡੀਆਲੋਜੀ ਨੂੰ ਕਰਾਰੀ ਸਟ ਮਾਰੀ ਕਿ ਧਰਮ ਅਤੇ ਸਿਆਸਤ ਇਕਠੇ ਨਹੀਂ ਕੀਤੇ ਜਾ ਸਕਦੇ ਅਤੇ ਜਿਸ ਦੇਸ਼ ਵਿਚ ਇਸ ਨੂੰ ਇਕਠਾ ਕੀਤਾ ਗਿਆ ਉਸ ਦੇਸ਼ ਦਾ ਜੋ ਹਾਲ ਹੋਇਆਂ ਸਭ ਦੇ ਸਾਹਮਣੇ ਆ ਗਿਆ। ਮੈਂ ਇਸ ਲਈ ਅਕਾਲੀ ਦਲ ਦੇ ਪਰਾਗਰੈਸਿਵ ਦੋਸਤਾਂ ਨੂੰ ਕਹਾਂਗਾ ਕਿ ਉਹ ਬੰਗਲਾ ਦੇਸ਼ ਨਾਲ ਹੋਈ ਲੜਾਈ ਤੋਂ ਸਬਕ ਲੈਣ ਅਤੇ ਇਨ੍ਹਾਂ ਦੇ ਵਕਤ ਦੇ ਲੀਡਰ ਤੋਂ ਮੰਗ ਕਰਦਾ ਹਾਂ ਕਿ ਉਹ ਰਾਜ ਨੀਤੀ ਨੂੰ ਧਰਮ ਨਾਲ ਨਾ ਜੋੜਨ। ਅਕਾਲੀ ਪਾਰਟੀ ਨੂੰ ਧਰਮ ਪਰਚਾਰ ਦਾ ਕੰਮ ਕਰਨਾ ਚਾਹੀਦਾ ਹੈ ਅਤੇ ਸਿਆਸਤ ਨੂੰ ਨਾਲ ਨਾ ਜੋੜਨ ਅਤੇ ਇਕਲਾ ਅਕਾਲੀ ਕਿਸੇ ਵੀ ਪਾਰਟੀ ਵਿਚ ਜਾ ਸਕਦਾ ਹੈ। ਸਿਆਸੀ ਤੌਰ ਤੇ ਕਾਂਗਰਸ ਵਿਚ ਚਲਾ ਜਾਵੇ, ਕਮਿਊਨਿਸਟਾਂ ਵਿਚ ਚਲਾ ਜਾਵੇ ਤਾਂ ਕਿ ਰਾਜਨੀਤੀ ਅਤੇ ਧਰਮ ਦੇ ਇਕਠੇ ਹੋਣ ਤੋਂ ਪਰੇ ਚਲਾ ਜਾਵੇ। ਇਹ ਸਰਕਾਰ ਇਸੇ ਲਈ ਰਾਜਨੀਤੀ ਅਤੇ ਧਰਮ ਨੂੰ ਅਡਰਾ ਕਰਕੇ ਤਾਕਤ ਵਿਚ ਆਈ ਹੈ ਅਤੇ ਨਿਰਪੱਖ ਹੋ ਕੇ ਸਰਕਾਰ ਚਲਾਈ ਜਾ ਰਹੀ ਹੈ (ਪ੍ਰਸ਼ੰਸਾ) ਮੈਨੂੰ ਪਤਾ ਨਹੀਂ ਕਿ ਅਕਾਲੀ ਵੀਰ ਕਿਸ ਤਰ੍ਹਾਂ ਇਸ ਮੇਰੀ ਤਜਵੀਜ਼ ਦੇ ਬਾਰੇ ਵਿਚ ਸੋਚਣਗੇ ਪਰ ਮੈਂ ਇੰਨ੍ਹਾਂ ਜ਼ਰੂਰ ਕਹਾਂਗਾ ਕਿ ਇਨ੍ਹਾਂ ਨੂੰ ਸਬਕ ਸਿਖਣਾ ਚਾਹੀਦਾ ਹੈ ਅਤੇ ਧਰਮ ਨੂੰ ਸਿਆਸਤ ਤੋਂ ਅਡਰਾ ਰਖਣਾ ਚਾਹੀਦਾ ਹੈ (ਵਿਘਨ)।

ਸਰਦਾਰ ਰਣਧੀਰ ਸਿੰਘ ਚੀਮਾਂ: ਆਨ ਏ ਪੁਆਇੰਟ ਆਫ ਆਰਡਰ, ਸਰ। ਮੇਰੇ ਵੀਰ ਡਾਂਗ ਸਾਹਿਬ ਨੂੰ ਅਜ ਅਕਾਲੀ ਪਾਰਟੀ ਨਾਲ ਹਿਤ ਪੈਦਾ ਹੋ ਗਿਆ ਹੈ ਅਤੇ ਅਸਾਨੂੰ ਸਲਾਹ ਦਿੰਦੇ ਹਨ ਕਿ ਧਰਮ ਤੇ ਸਿਆਸਤ ਨੂੰ ਅਡ ਕਰ ਦਿਤਾ ਜਾਵੇ ਪਰ ਇਨ੍ਹਾਂ ਨੂੰ ਸ਼ਾਇਦ ਪਤਾ ਨਹੀਂ (ਵਿਘਨ) ਕਿ ਇਹ ਤਾਂ ਗੁਰੂ ਗੋਬਿੰਦ ਸਿੰਘ ਹੋਰਾਂ ਦੇ ਸਮੇਂ ਤੋਂ ਚਲਿਆ ਆ ਰਿਹਾ ਹੈ। ਅਜ ਦਾ ਨਹੀਂ ਅਤੇ ਇਸ ਨੂੰ ਅਸੀਂ ਕਿਸ ਤਰ੍ਹਾਂ ਵਖ ਕਰ ਸਕਦੇ ਹਾਂ (ਵਿਘਨ)।

Mr. Deputy Speaker: This is no point of order. Please resume your seat.

ਕਾਮਰੇਡ ਸੱਤ ਪਾਲ ਡਾਂਗ: ਮੈਂ ਚੀਮਾ ਸਾਹਿਬ ਨੂੰ ਕਹਾਂਗਾ ਕਿ ਇਨ੍ਹਾਂ ਨੂੰ ਹਾਲਾਤ ਤੋਂ ਸਬਕ ਸਿਖਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਅਕਾਲੀ ਦਲ ਨੇ ਇਹ ਫੈਸਲਾ ਕੀਤਾ ਹੈ ਕਿ ਚੰਡੀਗੜ੍ਹ ਅਤੇ ਫਾਜ਼ਿਲਕਾ ਤੇ ਅਬੋਹਰ ਦੇ ਇਲਾਕੇ ਦੇ ਸਬੰਧ ਵਿਚ ਮੁੜ ਕੇ ਮੋਰਚਾ ਲਗਾਇਆ ਜਾਵੇ। ਮੈਂ ਬੇਨਤੀ ਕਰਾਂਗਾ ਕਿ ਮੋਰਚਾ ਅਗੇ ਵੀ ਲਗਾ ਸੀ ਅਤੇ ਇਸਦੇ ਮੁਕਾਬਲੇ ਵਿਚ ਹਰਿਆਣੇ ਵਿਚ ਵੀ ਮੋਰਚਾ ਲਗਾ ਸੀ। ਜੇਕਰ ਹੁਣ ਮੋਰਚਾ ਲਗਾਇਆ ਤਾਂ ਚਵਨਿਜ਼ਮ ਨੂੰ ਹੋਰ ਸ਼ਹਿ ਮਿਲੇਗੀ ਅਤੇ ਇਹ ਮੋਰਚਾ ਲਗਾਣਗੇ ਤਾਂ ਉਹ ਹਰਿਆਣੇ ਵਾਲੇ ਵੀ ਮੋਰਚਾ ਲਗਾਣਗੇ ਅਤੇ ਇਸ ਦਾ ਸਿਟਾ ਕੋਈ ਨਹੀਂ ਨਿਕਲੇਗਾ ਜਿਹੜਾ ਇਹ ਬੋਲੀ ਦਾ ਅਧਾਰ ਮੰਨਦੇ ਹਨ ਕਿ ਉਸ ਤੇ ਹੱਦ ਬੰਦੀ ਹੋਣੀ ਚਾਹੀਦੀ ਹੈ ਉਸ ਦਾ ਹਲ ਪੁਰ ਅਮਨ ਤਰੀਕੇ ਨਾਲ ਬੈਠ

(ਕਾਮਰੇਡ ਸੱਤ ਪਾਲ ਡਾਂਗ)

ਕੇ ਕੀਤਾ ਜਾ ਸਕਦਾ ਹੈ ਨਵਾਂ ਮੋਰਚਾ ਲਗਾਣ ਦੀ ਲੋੜ ਨਹੀਂ, ਇਸ ਵਿਚ ਨਾ ਪੰਜਾਬ ਦੀ ਭਲਾਈ ਹੈ ਅਤੇ ਨਾ ਹੀ ਹਰਿਆਣੇ ਦੀ ਭਲਾਈ ਹੋਵੇਗੀ ਅਤੇ ਇਸ ਤਰ੍ਹਾਂ ਦੀ ਕਿਸੇ ਵੀ ਮੂਵ ਦਾ ਅਸਾਡੀ ਪਾਰਟੀ ਡਟ ਕੇ ਮੁਕਾਬਲਾ ਕਰੇਗੀ। (ਪ੍ਰਸ਼ੰਸਾ)

ਇਥੇ ਬੋਲੀ ਦਾ ਜ਼ਿਕਰ ਕੀਤਾ ਗਿਆ ਹੈ। ਸ੍ਰੀ ਯਸ਼ ਜੀ ਅਤੇ ਅਜ਼ਾਦ ਸਾਹਿਬ ਨੇ ਜ਼ਿਕਰ ਕੀਤਾ ਹੈ। ਪੰਜਾਬ ਵਿਚ ਰਹਿੰਦੇ ਪੰਜਾਬੀ ਵਿਚ ਗਲਾਂ ਕਰਦੇ ਘਰਾਂ ਵਿਚ ਪੰਜਾਬੀ ਜ਼ਬਾਨ ਵਰਤਣ ਵਾਲੇ ਆਪਣੀ ਮਾਂ ਬੋਲੀ ਪੰਜਾਬੀ ਨਹੀਂ ਮੰਨਦੇ ਕਿੰਨੇ ਅਫਸੋਸ ਦੀ ਗੱਲ ਹੈ। ਮੈਂ ਇਹ ਨਹੀਂ ਕਹਿੰਦਾ ਕਿ ਇਸ ਤਰ੍ਹਾਂ ਦੇ ਲੋਕਾਂ ਨੂੰ ਡੰਡਾ ਚਾੜ੍ਹਿਆ ਜਾਵੇ ਪਰ ਇਹ ਗੱਲ ਸਪਸ਼ਟ ਹੋਣੀ ਚਾਹੀਦੀ ਹੈ ਅਤੇ ਇਸੇ ਗਲ ਵਿਚ ਪੰਜਾਬ ਦੇ ਲੋਕਾਂ ਦੀ ਭਲਾਈ ਹੈ ਕਿ ਪੰਜਾਬ ਦੇ ਲੋਕ ਪੰਜਾਬੀ ਨੂੰ ਆਪਣੀ ਮਾਂ ਬੋਲੀ ਮੰਨਣ। ਬਾਕੀ ਇਥੇ ਜ਼ਿਕਰ ਕੀਤਾ ਗਿਆ ਹੈ ਸੁਪਰੀਮ ਕੋਰਟ ਦੇ ਫੈਸਲੇ ਦੇ ਬਾਰੇ ਵਿਚ, ਸ੍ਰੀ ਯਸ਼ ਜੀ ਨੂੰ ਗ਼ਲਤੀ ਲਗੀ ਹੈ ਕਿ ਮਾਧਿਅਮ ਦੀ ਖੁਲ੍ਹ ਦੇ ਦਿਤੀ ਗਈ ਹੈ ਇਹ ਜਿਹੜੀ ਮਾਧਿਅਮ ਦੀ ਖੁਲ੍ਹ ਸੁਪਰੀਮ ਕੋਰਟ ਨੇ ਦਿਤੀ ਹੈ ਇਹ ਸਰਕਾਰੀ ਸਕੂਲਾਂ ਅਤੇ ਕਾਲਜਾ ਲਈ ਨਹੀਂ ਇਹ ਪਰਾਈਵੇਟ ਸਕੂਲਾਂ ਲਈ ਹੈ। ਇਸ ਲਈ ਮੈਂ ਕਹਾਂਗਾ ਕਿ ਸਰਕਾਰੀ ਸਕੂਲਾਂ ਵਿਚ ਅਜ ਜੋ ਪੰਜਾਬੀ ਦੀ ਪੋਜ਼ੀਸ਼ਨ ਹੈ, ਇਸੇ ਨੂੰ ਹੀ ਮਾਨਤਾ ਦੇਣੀ ਚਾਹੀਦੀ ਹੈ। ਮੈਂ ਸਮਝਦਾ ਹਾਂ ਕਿ ਇਨ੍ਹਾਂ ਦੋਸਤਾਂ ਦਾ ਨਜ਼ਰੀਆ ਪੰਜਾਬੀ ਬੋਲੀ ਦੇ ਹਿੱਤ ਵਿਚ ਨਹੀਂ। (ਵਿਘਨ)।

ਇਸ ਤਰ੍ਹਾਂ ਦਾ ਨਜ਼ਰੀਆ ਨਹੀਂ ਅਪਨਾਣਾ ਚਾਹੀਦਾ।

ਚੋਣਾਂ ਦਾ ਜੋ ਸਿੱਟਾ ਨਿਕਲਿਆ, ਅਜ ਅਗੇ ਵਧੂ ਤਾਕਤਾਂ ਖੁਸ਼ ਨੇ ਕਿ ਪੰਜਾਬ ਵਿਚ ਅਤੇ ਹਿੰਦੁਸਤਾਨ ਦੇ ਬਾਕੀ ਸੂਬਿਆਂ ਵਿਚ ਧਰਮ ਅਤੇ ਸਿਆਸਤ ਨੂੰ ਇਕਠਾ ਕਰਨ ਵਾਲੀਆਂ ਸ਼ਕਤੀਆਂ ਖ਼ਤਮ ਹੋ ਰਹੀਆਂ ਹਨ। ਪੰਜਾਬ ਵਿਚ ਅਕਾਲੀ ਦਲ ਕੇਵਲ 27 ਸੀਟਾਂ ਲੈ ਕੇ ਆਏ ਹਨ ਅਤੇ ਇਸ ਤਰ੍ਹਾਂ ਦੀ ਫਿਰਕਾਪਰਸਤੀ ਨੂੰ ਜੇ ਕਰ ਸਰਕਾਰ ਨੇ ਸਦਾ ਲਈ ਖਤਮ ਕਰਨਾ ਹੈ ਤਾਂ ਇਸ ਦਾ ਦਾਰੋਮਦਾਰ ਇਸ ਗੱਲ ਤੇ ਹੈ ਕਿ ਸਰਕਾਰ ਆਪਣੀਆਂ ਨੀਤੀਆਂ ਤੇ ਡਟ ਕੇ ਅਮਲ ਕਰਾਵੇ ਜਿਹੜੀ ਸਰਕਾਰ ਨੇ ਧਰਮ ਤੇ ਸਿਆਸਤ ਦੀਆਂ ਨੀਤੀਆਂ ਤੇ ਅਮਲ ਕੀਤਾ ਉਸ ਦਾ ਪੰਜਾਬ ਦੇ ਲੋਕਾਂ ਨੇ ਆਪ ਫੈਸਲਾ ਦੇ ਦਿਤਾ।

ਗਵਰਨਰ ਸਾਹਿਬ ਦੇ ਭਾਸ਼ਨ ਵਿਚ ਕਈ ਗੱਲਾਂ ਐਸੀਆਂ ਹਨ ਜਿਹੜੀਆਂ ਇਕ ਬੁਨਿਆਦੀ ਨੋਈਅਤ ਦੇ ਮੋੜ ਬਾਰੇ ਮੰਗ ਕਰਦੀਆਂ ਹਨ। ਜਿਨ੍ਹਾਂ ਲੋਕਾਂ ਨੇ ਵੋਟਾਂ ਪਾਈਆਂ ਹਨ ਇਨ੍ਹਾਂ ਦੇ ਭਲੇ ਦਾ ਸ਼ਬਦ ਇਸ ਐਡਰੈਸ ਵਿਚ ਕਿਤੇ ਨਹੀਂ ਆਇਆ। ਅਜ ਦਾ ਸਮ੍ਹਾਂ ਮੰਗ ਕਰਦਾ ਹੈ ਕਿ ਗਰੀਬ ਦਾ ਸੁਧਾਰ ਕਰਨਾ ਨਿਹਾਇਤ ਹੀ ਜ਼ਰੂਰੀ ਹੈ। ਜਿਨ੍ਹਾਂ ਲੋਕਾਂ ਨੇ ਆਜ਼ਾਦੀ ਦੀਆਂ ਜੰਗਾਂ ਲੜੀਆਂ ਉਨ੍ਹਾਂ ਨੂੰ ਇਗਨੋਰ ਕਰਕੇ ਸਰਮਾਇਦਾਰ ਸ਼ਕਤੀਆਂ ਨੂੰ ਹੋਰ ਵੱਡਾ ਬਨਾਉਣ ਦੀਆਂ ਗਲਾਂ ਹੀ ਇਸ ਦੇ ਵਿਚ ਆਈਆ ਹਨ। ਪਰ ਮੈਂ ਦਸ ਦੇਣਾ ਚਾਹੁੰਦਾ ਹਾਂ ਕਿ ਇਸ ਜ਼ਮਾਨੇ ਵਿਚ ਇਕੋ ਇਕ ਮਜ਼ਦੂਰ ਜਮਾਤ ਹੈ ਜਿਹੜੀ ਸਰਮਾਇਦਾਰਾਂ ਨਾਲੋਂ ਵਧ ਨਜ਼ਰ ਆਉਂਦੀ ਹੈ ਪਰ ਇਹ ਮਜ਼ਦੂਰਾਂ ਦੇ ਭਲੇ ਦਾ ਦਾਵਾ ਕਰਨ ਵਾਲੀ ਸਰਕਾਰ ਦੇ ਗਵਰਨਰ ਨੇ ਜਿਹੜਾ ਇਹ 20 ਸਫੇ ਦਾ ਐਡਰੈਸ ਪੇਸ਼ ਕੀਤਾ ਹੈ ਇਸ ਦੇ ਵਿਚ ਇਕ ਅਖਰ ਵੀ ਗਰੀਬ ਮਜ਼ਦੂਰਾਂ ਲਈ ਮੌਜੂਦ ਨਹੀਂ। ਤਨਖਾਹ ਦੇ ਲਿਹਾਜ਼ ਨਾਲ ਪੰਜਾਬ ਹਿੰਦੁਸਤਾਨ ਦੀਆਂ ਸਟੇਟਾਂ ਵਿਚੋਂ ਹੇਠਲੇ ਪਾਸਿਉਂ ਤੀਸਰੇ ਦਰਜੇ ਤੇ ਹੈ। ਪਰ ਵੇਖੋ ਕੇਰਾਲਾ ਸਟੇਟ ਦੀ

ਪੁਜ਼ੀਸ਼ਨ ਇਕ ਕਾਰਖਾਨੇਦਾਰ ਜਿਸ ਲਾਈਨ ਵਿਚ ਖੜ੍ਹਾ ਹੈ ਉਸੇ ਸਫ ਦੇ ਵਿਚ ਇਕ ਮਜ਼ਦੂਰ ਹੈ। ਇਹ ਪੁਜ਼ੀਸ਼ਨ ਪੰਜਾਬ ਰਾਜ ਵਿਚ ਕਿਉਂ ਨਹੀਂ ਆਈ। ਕਿਉਂ ਕੋਈ ਇਸ ਤਰ੍ਹਾਂ ਦੇ ਸੁਧਾਰ ਦੇ ਕਾਨੂੰਨ ਪੰਜਾਬ ਰਾਜ ਦੇ ਵਿਚ ਨਹੀਂ ਆਏ। ਦੋ ਸਾਲ ਤੋਂ ਇਕ ਕਾਰਖਾਨਾ ਬੰਦ ਪਿਆ ਹੈ। ਮਜ਼ਦੂਰਾਂ ਨੂੰ ਮਾਲਕ ਨਾ ਕੋਈ ਕੰਮ ਦਿੰਦੇ ਹਨ ਅਤੇ ਨਾ ਹੀ ਸਰਕਾਰ ਨੂੰ ਕੋਈ ਹਿਸਾਬ ਦਿੰਦੇ ਹਨ। ਵਜ੍ਹਾ ਇਹ ਹੈ ਕਿ ਸਾਡੇ ਪਾਸ ਐਸਾ ਕੋਈ ਕਾਨੂੰਨ ਹੀ ਨਹੀਂ ਹੈ। ਮੈਨੂੰ ਇਹ ਗੱਲ ਬੜੇ ਦੁਖ ਨਾਲ ਕਹਿਣੀ ਪੈਂਦੀ ਹੈ, ਅਸੀਂ ਸੋਸ਼ਲਿਜ਼ਮ ਦੇ ਨਾਹਰੇ ਲਾਉਂਦੇ ਹਾਂ ਪਰ ਸੋਸ਼ਲਿਜ਼ਮ ਦੀ ਜਿਹੜੀ ਵਡੀ ਜੜ੍ਹ ਹੈ ਉਸ ਨੂੰ ਭੁਲਾ ਰਹੇ ਹਾਂ। ਸੋਸਲਿਜ਼ਮ ਦੀ ਲੜਾਈ ਮਜ਼ਦੂਰ ਜਮਾਤ ਤੋਂ ਬਗੈਰ ਕਿਸ ਤਰ੍ਹਾਂ ਲੜੀ ਜਾ ਸਕਦੀ ਹੈ। ਇਸ ਸਰਕਾਰ ਨੇ ਵੀ ਮਜ਼ਦੂਰ ਜਮਾਤ ਦਾ ਸਹਾਰਾ ਲੈ ਕੇ ਕਾਮਯਾਬੀ ਹਾਸਲ ਕੀਤੀ ਹੈ। ਨਹੀਂ ਤਾਂ ਪਿਛਲੀਆਂ ਚੋਣਾਂ ਦੇ ਹਾਲਾਤ ਇਨ੍ਹਾਂ ਨੇ ਵੇਖ ਹੀ ਲਏ ਹਨ। ਮੈਨੂੰ ਦੁਖ ਹੁੰਦਾ ਹੈ ਕਿ ਗਿਆਨੀ ਜੀ ਦੀ ਸਰਕਾਰ ਮਜ਼ਦੂਰਾਂ ਦੀਆਂ ਤਕਲੀਫਾਂ ਦੂਰ ਕਰਨ ਵਿਚ ਦੇਰੀ ਕਰ ਰਹੀ ਹੈ। ਇਕ ਅਖਰ ਵੀ ਇਸ 20 ਸਫੇ ਦੇ ਐਡਰੈਸ ਵਿਚ ਨਾ ਹੋਵੇ ਕਿਤਨੇ ਅਫਸੋਸ ਦੀ ਗੱਲ ਹੈ ਮੈਨੂੰ ਡਰ ਹੈ ਕਿ ਕਿਤੇ ਇਸ ਦੇਸ਼ ਦੇ ਨੌਜਵਾਨ ਕੋਈ ਗਲਤ ਰਸਤਾ ਨਾ ਇਖਤਿਆਰ ਕਰ ਲੈਣ ਅਤੇ ਜਿਸ ਦਾ ਬਾਅਦ ਵਿਚ ਪਛਤਾਵਾ ਹੋਵੇ। ਇਹ ਮੈਂ ਮੰਨਦਾ ਹਾਂ ਕਿ ਦੇਸ਼ ਨੂੰ ਅਗੇ ਲੈ ਜਾਣਾ, ਇਕ ਦਮ ਗਰੀਬੀ ਦਾ ਦੂਰ ਕਰਨਾ ਕੋਈ ਆਸਾਨ ਕੰਮ ਨਹੀਂ ਹੈ। ਪਰ ਮੈਂ ਇਹ ਗੱਲ ਕਹਿੰਦਾ ਹਾਂ ਕਿ ਪੰਜਾਬ ਦਾ ਨੌਜਵਾਨ ਅਜ ਕਲ ਬੇਚੈਨ ਹੈ, ਇਸ ਦੀ ਸਹਾਇਤਾ ਲਈ ਭਾਸ਼ਨ ਵਿਚ ਇਕ ਅਖਰ ਸਹਾਰੇ ਲਈ ਮੌਜੂਦ ਨਹੀਂ। ਨੌਜਵਾਨ ਵਿਚ ਬੇਚੈਨੀ ਸਰਕਾਰ ਦੀ ਨੀਤੀ ਵਿਚ ਨੁਕਸ ਹੋਣ ਕਰਕੇ ਹੈ। ਸਰਕਾਰ ਦੀ ਪੁਲੀਸ ਨੂੰ ਇਨ੍ਹਾਂ ਬਾਰੇ ਆਪਣੀ ਨੀਤੀ ਬਦਲ ਲੈਣੀ ਚਾਹੀਦੀ ਹੈ। ਜੇ ਕੋਈ ਸਮਝਦਾ ਹੋਵੇ ਕਿ ਪੰਜਾਬ ਦੀ ਪੁਲੀਸ ਨੈਕਸੇਲਾਈਟ ਖਤਮ ਕਰ ਰਹੀ ਹੈ, ਉਨ੍ਹਾਂ ਦਾ ਇਹ ਖਿਆਲ ਗਲਤ ਹੈ, ਪੁਲੀਸ ਨੈਕਸੇਲਾਈਟ ਪੈਦਾ ਕਰ ਰਹੀ ਹੈ। ਇਸ ਦਾ ਆਖਰੀ ਅਤੇ ਇਕੋ ਇਕ ਹਲ ਇਹੋ ਹੈ ਕਿ ਸਰਕਾਰ ਨੂੰ ਬੇਕਾਰੀ ਦੂਰ ਕਰਕੇ ਸੋਸ਼ਲਿਜ਼ਮ ਵਲ ਵਧਣਾ ਚਾਹੀਦਾ ਹੈ। ਟੀਚਰ ਬੇਕਾਰ ਹਨ, ਉਹ ਦੇਸ਼ ਦਾ ਭਵਿਖ ਬਣਾਉਣ ਵਾਲੇ ਹਨ। ਉਨ੍ਹਾਂ ਨੂੰ ਸਰਵਿਸਿਜ਼ ਦੇ ਵਿਚ ਸਕੂਲਾਂ ਨੂੰ ਅਪਗਰੇਡ ਕਰਕੇ ਲਿਆ-ਇਆ ਜਾ ਸਕਦਾ ਹੈ। ਇਸ ਤਰ੍ਹਾਂ ਹਜ਼ਾਰਾਂ ਬੇਕਾਰ ਟੀਚਰ ਕਾਰੋਬਾਰ ਤੇ ਲਗਾਏ ਜਾ ਸਕਦੇ ਹਨ। ਇਸ ਦੇ ਲਈ ਕੋਈ ਬਹੁਤੇ ਫੰਡਜ਼ ਦੀ ਵੀ ਜ਼ਰੂਰਤ ਨਹੀਂ।

ਸਰਕਾਰ ਨੇ 500 ਹੈਲਥ ਸੈਂਟਰ ਖੋਲ੍ਹਣ ਦਾ ਐਲਾਨ ਕੀਤਾ ਹੈ। ਪਰ ਮੈਂ ਕਹਾਂਗਾ ਕਿ ਇਨ੍ਹਾਂ ਦੇ ਨਾਲ ਕੁਝ ਨਹੀਂ ਹੋਣਾ ਇਹ ਪਿੰਡ ਦੇ ਪਿੰਡ ਵਿਚ ਖੁਲ੍ਹਣੇ ਚਾਹੀਦੇ ਹਨ। ਇਨ੍ਹਾਂ ਮਸਲਿਆਂ ਵਿਚ ਸਰਕਾਰ ਨੂੰ ਤੁਰੰਤ ਧਿਆਨ ਦੇਣਾ ਚਾਹੀਦਾ ਹੈ ਜਿਨ੍ਹਾਂ ਦਾ ਸਿੱਧਾ ਸਬੰਧ ਮਾਸਿਜ ਦੇ ਨਾਲ ਹੈ।

ਗੁਰੂ ਨਾਨਕ ਯੂਨੀਵਰਸਟੀ ਅਤੇ ਪੰਜਾਬੀ ਯੂਨੀਵਰਸਟੀਜ਼ ਹਨ, ਇਨ੍ਹਾਂ ਦੇ ਐਕਟ ਦੇ ਵਿਚ ਤਰਮੀਮ ਕੀਤੀ ਜ਼ਾਵੇ। ਟੀਚਰਾਂ ਨੂੰ ਸੈਨੇਟਸ ਵਿਚ ਕੋਈ ਨੁਮਾਇੰਦਗੀ ਨਹੀਂ ਜਿਹੜੀ ਕਿ ਦਿਤੀ ਜਾਣੀ ਲਾਜ਼ਮੀ ਹੈ।

ਮੈਂ ਇਹ ਵੀ ਬੇਨਤੀ ਕਰਾਂਗਾ ਕਿ ਕਾਲਜਾਂ ਦੇ ਵਿਚ ਸਟੂਡੈਂਟਸ ਦੀਆਂ ਡੈਮੋਕਰੈਟਿਕ ਯੂਨੀਅਨਾਂ ਹੋਣੀਆਂ ਚਾਹੀਦੀਆਂ ਹਨ ਤਾਂ ਜੋ ਆਪਣੇ ਮੁਫਾਦ ਦੀਆਂ ਗੱਲਾਂ ਕਰਵਾ ਸਕਣ। ਆਫੀਸਰ-ਆਨ-ਡਿਊਟੀ ਜਿਹੜੇ ਇਮਤਹਾਨਾਂ ਵਿਚ ਲਗਦਾ ਹੈ ਉਨ੍ਹਾਂ ਦੇ ਬੱਚੇ ਸਰੀਹਨ ਨਕਲ

[ਕਾਮਰੇਡ ਸੱਤਪਾਲ ਡਾਂਗ]

ਮਾਰਦੇ ਹਨ। ਇਕ ਐਮ. ਪੀ. ਦੀ ਡਿਊਟੀ ਪਿਛੇ ਜਿਹੇ ਇਕ ਸੈਂਟਰ ਤੇ ਲਗੀ ਅਤੇ ਉਸ ਦੇ ਬੱਚੇ ਨੇ ਨਕਲ ਮਾਰੀ।

ਸੈਂਟਰ ਦਾ ਅਤੇ ਸਟੇਟਸ ਦਾ ਇੰਟੈਰਮ ਰੀਲੀਫ ਦਾ ਜਿਹੜਾ ਮਸਲਾ ਹੈ ਇਹ ਇਕੋ ਪੈਟਰਨ ਤੇ ਹੋਵੇ। ਪੀ ਡਬਲੀਊ. ਡੀ. ਵਿਚ ਐਂਪਲਾਈਜ਼ ਲਈ ਅਜੇ ਵੀ ਠੇਕੇਦਾਰੀ ਦਾ ਪੁਰਾਣਾ ਸਿਸਟਮ ਰਾਇਜ਼ ਹੈ। ਉਹ ਜਿਤਨੇ ਵੀ ਮੁਲਾਜ਼ਮ ਵਰਕ ਚਾਰਜ ਤੇ ਰਖਦੇ ਹਨ ਉਹ ਸਾਰੇ ਦੇ ਸਾਰੇ ਟੈਂਪਰੇਰੀ ਹੁੰਦੇ ਹਨ ਭਾਵੇਂ ਉਨ੍ਹਾਂ ਨੂੰ 10—10 ਸਾਲ ਕਿਉਂ ਨਾ ਕੰਮ ਕਰਦਿਆਂ ਨੂੰ ਹੋ ਜਾਣ। ਇਨ੍ਹਾਂ ਨੂੰ ਰੈਗੂਲਰ ਕਰਨਾ ਚਾਹੀਦਾ ਹੈ।

ਅਜ ਹਰੀਜਨ ਕਹਿੰਦੇ ਹਨ, ਕਿ ਇਹ ਹਰੀਜਨਾਂ ਦੀ ਸਾਡੀ ਆਪਣੀ ਸਰਕਾਰ ਹੈ। ਆਪਦੇ ਰਾਹੀ ਮੈਂ ਗਿਆਨੀ ਜੀ ਨੂੰ ਅਰਜ਼ ਕਰ ਦੇਣੀ ਚਾਹੁੰਦਾ ਹਾਂ ਕਿ ਸਵੀਪਰਾਂ ਦੀ ਜਿਹੜੀ ਤਨਖਾਹ ਹੈ ਇਹ ਬਹੁਤ ਹੀ ਘੱਟ ਹੈ। ਇਨ੍ਹਾਂ ਦੀ ਤਨਖਾਹ ਵਿਚ ਵਾਧਾ ਹੋਣਾ ਚਾਹੀਦਾ ਹੈ ਅਤੇ ਅਗੋਂ ਲਈ ਵੀ ਕੋਈ ਐਸੀ ਮਸ਼ੀਨਰੀ ਸਰਕਾਰ ਵਲੋਂ ਕਾਇਮ ਹੋਣੀ ਚਾਹੀਦੀ ਹੈ ਜੋ ਇਨ੍ਹਾਂ ਦਾ ਨਾਲ ਦੀ ਨਾਲ ਜਿਥੇ ਕਿਤੇ ਦਰਾਂ ਵਿਚ ਅਜ਼ਾਫ਼ਾ ਹੁੰਦਾ ਹੈ ਉਹ ਵੀ ਕਰਨ।

ਜ਼ਮੀਨਾਂ ਬਾਰੇ ਕਾਮਰੇਡ ਕੈਨੇਡੀਅਨ ਜੀ ਦਸ ਹੀ ਚੁਕੇ ਹਨ। ਇਕ ਗਲ ਮੈਂ ਮਿਸਿਜ਼ ਬਰਾੜ ਦੇ ਖਿਆਲਾਤ ਬਾਰੇ ਅਰਜ਼ ਕਰਾਂ ਕਿ ਉਨ੍ਹਾਂ ਨੇ ਫੈਮਿਲੀ ਪਲੈਨਿੰਗ ਦਾ ਜ਼ਿਕਰ ਕੀਤਾ। ਮੇਰੀ ਬੇਨਤੀ ਹੈ ਕਿ ਕਰੋੜਾਂ ਰੁਪਿਆ ਫੈਮਲੀ ਪਲੈਨਿੰਗ ਤੇ ਖਰਚ ਹੁੰਦਾ ਹੈ, ਪਰ ਜੇ ਇਹ ਪੈਸਾ ਗਰੀਬਾਂ ਦੀ ਇਮਦਾਦ ਤੇ ਉਨ੍ਹਾਂ ਦੇ ਕਲਚਰ ਨੂੰ ਉਚਾ ਕਰਨ ਤੇ ਲਾਇਆ ਜਾਵੇ ਤਾਂ ਮੁਲਕ ਵਿਚ ਫੈਮਿਲੀ ਪਲੈਨਿੰਗ ਦੀ ਜ਼ਰੂਰਤ ਹੀ ਨਾ ਰਹੇ ਉਨ੍ਹਾਂ ਨੂੰ ਜੇ ਇਸ ਗਲ ਦਾ ਗਿਆਨ ਹੋ ਜਾਵੇ ਕਿ ਸਾਡੇ ਫਰਜ ਮੁਲਕ ਲਈ ਕੀ ਹਨ।

ਇਕ ਗਲ ਮੈਂ ਉਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਹਰੀਜਨ ਕਾਂਗਰਸ ਨੂੰ ਪਿਆਰ ਕਰਦੇ ਹਨ, ਪੰਜਾਬ ਵਿਚ ਇਕ ਵਾਕਾ ਹੋਇਆ ਹੈ ਜਿਹੜਾ ਕਿ 30 ਮਾਰਚ ਦੇ ਟਰੀਬੀਊਨ ਦੇ ਵਿਚ ਆਇਆ ਹੈ। ਪਟਿਆਲੇ ਦਾ ਇਹ ਵਾਕਾ ਹੈ ਜਿਥੇ ਕਿ ਹਰੀਜਨਾਂ ਦਾ ਬਾਈਕਾਟ ਹੋਇਆ ਪਰ ਉਥੇ ਇਕ ਜਿਮੀਦਾਰ ਨੇ ਸਾਰਿਆ ਨੂੰ ਇਹ ਸਦਾ ਦਿੱਤਾ ਹੈ ਕਿ ਕੋਈ ਫਿਕਰ ਨਹੀਂ ਆਉ ਤੁਸੀਂ, ਤੁਹਾਡੇ ਲਈ ਮੇਰਾ ਘਰ ਅਤੇ ਘਾਟ ਖੁਲੇ ਹਨ। ਇਹ ਗਲ ਮੈਂ ਦਾਵੇ ਨਾਲ ਕਹਿ ਸਕਦਾ ਹਾਂ ਕਿ ਉਹ ਜ਼ਿਮੀਦਾਰ ਕੋਈ ਕਮਿਊਨਿਸਟ ਹੀ ਹੋਵੇਗਾ (ਹਾਸਾ) ਹਰੀਜਨ ਜੇ ਦਿਹਾੜੀਆਂ ਮੰਗੇ ਤਾਂ ਉਸ ਦਾ ਬਾਈਕਾਟ ਕਰ ਦਿੱਤਾ ਜਾਏ, ਇਸ ਤਰ੍ਹਾਂ ਦੀ ਕਿਸੇ ਨੂੰ ਵੀ ਕੋਈ ਇਜਾਜ਼ਤ ਨਹੀਂ ਹੋਣੀ ਚਾਹੀਦੀ। ਹਰੀਜਨਾਂ ਨੂੰ ਉਚਾ ਚੁਕਣ ਲਈ ਜਿਹੜੀ ਕਾਰਪੋਰੇਸ਼ਨ ਬਣਾਈ ਹੈ, ਸਰਕਾਰ ਨੇ ਇਨ੍ਹਾਂ 5 ਕਰੋੜ ਰੁਪਿਆ ਦੇਣ ਦਾ ਵਾਅਦਾ ਕੀਤਾ ਹੈ। ਮੈਂ ਕਹਾਂਗਾ ਕਿ ਕਾਰਪੋਰੇਸ਼ਨ ਨੂੰ ਭਾਵੇਂ 5 ਦੀ ਥਾਂ 10 ਕਰੋੜ ਦੇ ਦਿਉ ਪਰ ਜਿਹੜਾ ਲੋਨ ਹਰੀਜਨਾਂ ਨੂੰ ਦਿੱਤਾ ਜਾਵੇ ਉਸ ਤੇ 3% ਤੋਂ ਜ਼ਿਆਦਾ ਸੂਦ ਹਰਗਿਜ਼ ਨਹੀਂ ਲੈਣਾ ਚਾਹੀਦਾ। ਜੇ ਇਹ ਦਰ 3% ਹੋਵੇਗਾ ਤਾਂ ਲੋਕ ਹੋਰ ਵੀ ਕਰਜ਼ੇ ਲੈਣਗੇ ਨਹੀਂ ਤਾਂ ਕਿਸੇ ਨੇ ਕਾਰਪੋਰੇਸ਼ਨ ਤੋਂ ਪੈਸਾ ਹੀ ਨਹੀਂ ਲੈਣਾ। ਮੈਂ ਪਹਿਲਾਂ ਵੀ ਕਿਹਾ ਸੀ ਕਿ ਸਾਨੂੰ ਆਪਣੀ ਨੀਤੀ ਹਾਲਾਤ ਦੇ ਮੁਤਾਬਕ ਹੀ ਬਦਲਣੀ ਚਾਹੀਦੀ ਹੈ। ਜਦੋਂ ਦਾ ਪਿੰਡਾਂ ਦੇ ਵਿਚ ਗਰੀਨ ਰੈਵੋਲਿਊਸ਼ਨ ਦਾ ਨਾਹਰਾ ਲਾਇਆ ਹੈ ਪੰਜਾਬ ਦੇ ਵਿਚ ਡਿਸਪੈਰੇਟੀ ਹੋਰ ਵੀ

ਵਧੀ ਹੈ। ਗਰੀਬ ਕਿਸਾਨ ਟਰੈਕਟਰ ਲੈ ਹੀ ਨਹੀਂ ਸਕਦਾ, ਉਸ ਪਾਸ ਇਤਨਾ ਪੈਸਾ ਨਹੀਂ ਹੁੰਦਾ। ਇਹ ਉਹ ਟਰੇਕਟਰ ਦਿੰਦੇ ਹਨ ਜਿਸ ਦਾ ਮੁਲ 50,000 ਹੋਵੇ ਹਾਲਾਂ ਕਿ ਐਗਰੋ-ਇੰਡਸਟਰੀ ਕਾਰਪੋਰੇਸ਼ਨ 10,000 ਦੇ ਟਰੈਕਟਰ ਵੇਚਦੀ ਹੈ। ਜੇ ਛੋਟੇ ਕਿਸਾਨ ਨੇ ਟਿਊਬਵੈਲ ਲਗਾਉਣਾ ਹੋਵੇ ਤਾਂ ਉਸਨੂੰ ਉਸ ਵੇਲੇ ਤੱਕ ਕੁਨੈਕਸ਼ਨ ਹੀ ਨਹੀਂ ਮਿਲਦਾ ਜਦੋਂ ਤੱਕ ਕਿ ਉਹ 6,000 ਰੁਪਿਆ ਪਹਿਲਾਂ ਨਾ ਜਮ੍ਹਾਂ ਕਰਾ ਦੇਵੇ, ਇਸ ਤਰ੍ਹਾਂ ਦਾ ਹਾਲ ਕੰਬਾਈਨਜ਼ ਦੇ ਮੁਤਅੱਲਕ ਹੈ। ਫੇਰ ਕਿਸਾਨ ਨੂੰ ਜਿਨਸ ਤੇ ਲਗਿਆ ਹੋਇਆ ਮੁਲ ਨਹੀਂ ਮਿਲਦਾ। ਕਪਾਹ ਦੀਆਂ ਨਰਮੇ ਦੀਆਂ ਕੀਮਤਾਂ ਇਤਨੀਆਂ ਗਿਰ ਗਈਆਂ ਹਨ ਕਿ ਉਸਨੂੰ ਸਰਾਸਰ ਨੁਕਸਾਨ ਹੋਇਆ ਹੈ। ਇਸ ਤਰ੍ਹਾਂ ਹੀ ਗੰਨਾ, ਕਪਾਹ, ਤੋਰੀਆ, ਦਾਲ ਆਦਿ ਐਸੀਆਂ ਫਸਲਾਂ ਹਨ ਜਿਨ੍ਹਾਂ ਦੀ ਨਿਸਬਤ ਕਿਸਾਨ ਅਨਾਜ ਬੀਜਣਾ ਪਸੰਦ ਕਰਦਾ ਹੈ ਕਿ ਉਨ੍ਹਾਂ ਦੇ ਭਾਉ ਕੁਝ ਨਹੀਂ ਹੁੰਦੇ। ਇਨ੍ਹਾਂ ਚੀਜ਼ਾਂ ਵਿਚ ਕਿਸਾਨ ਦਾ ਪਿਆਰ ਤਦ ਹੀ ਪੈ ਸਕਦਾ ਹੈ ਜੇ ਉਸਨੂੰ ਕਝ ਆਮਦਨੀ ਨਜ਼ਰ ਆਉਂਦੀ ਹੋਵੇ। ਫੇਰ ਜੇ ਫਸਲ ਦਾ ਭਾਅ ਵਕਤ ਸਿਰ ਮੁਕਰੱਰ ਨਾਂ ਕੀਤਾ ਜਾਵੇ ਤਾਂ ਵੀ ਕੋਈ ਲਾਭ ਨਹੀਂ। ਟਰੇਡ ਕਾਰਪੋਰੇਸ਼ਨਜ਼ ਨੂੰ ਚਾਹੀਦਾ ਹੈ ਕਿ ਉਹ ਤੇਲਾਂ ਦੇ ਬੀਜ, ਅਨਾਜ ਆਦਿ ਦੀਆਂ ਵਾਜਬੀ ਕੀਮਤਾਂ ਮੁਕੱਰਰ ਕਰੇ, ਪੰਜਾਬ ਦੇ ਕਿਸਾਨ ਦਾ ਭਵਿਖ ਇਤਨਾ ਚੰਗਾ ਨਹੀਂ ਪੰਜਾਬ ਦੀ ਕਣਕ ਦੀ ਮੰਗ ਹਿੰਦੁਸਤਾਨ ਵਿਚ ਉਨੀ ਰਹੇਗੀ ਜਿੰਨੀ ਕਿ ਅਗੇ ਸੀ। ਇਹ ਚਿੰਤਾਜਨਕ ਹਾਲਤ ਹੈ ਕਿ ਪੰਜਾਬ ਵਿਚ ਅਗੇ ਹੀ ਦਾਲਾਂ ਦੀ ਪੈਦਾਵਾਰ ਘੱਟ ਗਈ ਹੈ। ਕਈ ਚੀਜ਼ਾਂ ਦੀ ਪੈਦਾਵਾਰ ਘੱਟ ਗਈ ਹੈ। ਕਿਉਂਕਿ ਉਨ੍ਹਾਂ ਫਸਲਾਂ ਦੀ ਕੀਮਤ ਕਿਸਾਨ ਨੂੰ ਪੂਰੀ ਨਹੀਂ ਮਿਲਦੀ ਇਸ ਲਈ ਮੈਂ ਇਹ ਕਹਾਂਗਾ ਕਿ ਸਰਕਾਰ ਨੂੰ ਇਸ ਪ੍ਰਕਾਰ ਦੀਆਂ ਫਸਲਾਂ ਦੀ ਖਰੀਦ ਆਪ ਕਰਕੇ ਕਿਸਾਨ ਨੂੰ ਪੂਰੀ ਕੀਮਤ ਦੇਣੀ ਚਾਹੀਦੀ ਹੈ। ਡਿਪਟੀ ਸਪੀਕਰ ਸਾਹਿਬ, ਪਿਛੇ ਜਿਤੇ ਐਗਰੀ ਲਚਰਲ ਪ੍ਰਾਈਸ ਕਮਿਸ਼ਨ ਦੀ ਰਿਪੋਰਟ ਆਈ ਅਤੇ ਉਨ੍ਹਾਂ ਨੇ ਜਿਹੜੀ ਕੀਮਤ ਫਿਕਸ ਕੀਤੀ ਹੈ, ਉਹ ਨਾਵਾਜਿਬ ਹੈ ਅਤੇ ਘੱਟ ਹੈ। ਪਹਿਲਾਂ ਵੀ ਉਹ ਕਮਿਸ਼ਨ ਆਪਣੀ ਰਿਪੋਰਟ ਵਿਚ ਘੱਟ ਹੀ ਕੀਮਤਾਂ ਦੀ ਸਿਫਾਰਸ਼ਾਂ ਕਰਦਾ ਸੀ ਅਤੇ ਉਹ ਪਹਿਲਾਂ ਵੀ ਰੱਦ ਕੀਤੀਆਂ ਜਾਂਦੀਆਂ ਸਨ। ਮੈਨੂੰ ਪੂਰੀ ਉਮੀਦ ਹੈ ਕਿ ਇਸ ਵਾਰੀ ਵੀ ਉਸ ਦੀਆਂ ਸਿਫ਼ਾਰਸ਼ਾਂ ਨੂੰ ਨਹੀਂ ਮੰਨਿਆ ਜਾਵੇਗਾ। ਪਰ ਇਸ ਦੇ ਨਾਲ ਹੀ ਉਹ ਲੋਕ ਜੋ ਕਣਕ ਦੀਆਂ ਕੀਮਤਾਂ 100 ਰੁਪਏ ਜਾਂ 110 ਰੁਪਏ ਮੰਗ ਰਹੇ ਹਨ। ਮੈਂ ਉਨ੍ਹਾਂ ਨੂੰ ਵੀ ਠੀਕ ਨਹੀਂ ਸਮਝਦਾ। ਉਹ ਹਾਮੀ ਤਾਂ ਗਰੀਬਾਂ ਦੇ ਬਣਦੇ ਹਨ ਪਰ ਸਮਝ ਨਹੀਂ ਆਉਂਦੀ ਕਿ ਕੀਮਤਾਂ ਵਧ ਕਿਉਂ ਮੰਗਦੇ ਹਨ। ਮੈਂ ਸਮਝਦਾ ਹਾਂ ਕਿ ਇਹ ਜੋ ਕੀਮਤਾਂ ਇਸ ਵੇਲੇ ਹਨ, ਉਹ ਠੀਕ ਹਨ। ਇਥੇ ਇਹ ਕਿਹਾ ਗਿਆ ਹੈ ਕਿ ਕਣਕ ਦੀ ਪੈਦਾਵਾਰ ਤੇ ਖਰਚ ਵੱਧ ਗਿਆ ਹੈ। ਮੈਂ ਮੰਨਦਾ ਹਾਂ ਕਿ ਖਾਦ ਦਾ ਖਰਚ ਵੱਧ ਗਿਆ ਹੈ ਅਤੇ ਹੋਰ ਖਰਚ ਵੀ ਕੁਝ ਵਧ ਗਏ ਹਨ, ਪਰ ਇਸ ਦੇ ਨਾਲ ਇਹ ਵੀ ਵੇਖਣਾ ਪਏਗਾ ਕਿ ਝਾੜ ਕਿਤਨਾ ਵਧਿਆ ਹੈ। ਇਸ ਬਾਰੇ ਮੈਂ ਕੁਝ ਅੰਕੜੇ ਇਸ ਸਦਨ ਦੇ ਸਾਹਮਣੇ ਰਖਣਾ ਚਾਹਾਂਗਾ। ਇਹ ਅੰਕੜੇ ਪੰਜਾਬ ਸਰਕਾਰ ਦੇ ਸਟੈਟਿਸਟੀਕਲ ਡਿਪਾਰਟਮੈਂਟ ਨੇ ਹੁਣੇ ਜਿਹੇ ਦਿਤੇ ਹਨ। ਇਨ੍ਹਾ ਅੰਕੜਿਆਂ ਦੇ ਮੁਤਾਬਿਕ 1965—66 ਵਿਚ ਕਣਕ ਦਾ ਝਾੜ 1,236 ਕਿਲੋਗ੍ਰਾਮ ਪਰ ਹੈਕਟਰ ਏਕੜ ਸੀ, 1967—68 ਵਿਚ 1863 ਕਿਲੋਗ੍ਰਾਮ ਅਤੇ 1969—70 ਵਿਚ ਇਹ ਝਾੜ ਵੱਧ ਕੇ 2238 ਕਿਲੋਗ੍ਰਾਮ ਪਰ ਹੈਕਟਰ ਏਕੜ ਹੋ ਗਿਆ ਸੀ ! ਇਸ ਤਰ੍ਹਾਂ ਜੇ ਦੇਖਿਆ ਜਾਵੇ ਤਾਂ ਪਰ ਕਵਿੰਟਲ ਕਣਕ ਦਾ ਖਰਚ ਘਟਿਆ ਹੀ ਹੈ ਵਧਿਆ ਨਹੀਂ। ਇਸ ਦੇ ਨਾਲ ਹੀ ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਐਗਰੀਕਲਚਰ ਯੂਨੀਵਰਸਿਟੀ ਦਾ ਇਕ ਰਸਾਲਾ

[ਕਾਮਰੇਡ ਸੱਤਪਾਲ ਡਾਂਗ]

ਨਿਕਲਦਾ ਹੈ 'ਪ੍ਰੋਗਰੈਸਿਵ ਫਾਰਮਿੰਗ' ਉਸ ਵਿਚ ਦਸਿਆ ਹੈ ਕਿ ਕਣਕ ਦੀ ਪਰ ਕਵਿੰਟਲ ਪੈਦਾਵਾਰ ਤੇ ਖਰਚ 76 ਰੁਪਏ ਹੈ । ਇਸ ਕਰਕੇ ਜਿਹੜੀ ਹੁਣ ਪ੍ਰਾਈਸ ਕਣਕ ਦੀ ਹੈ ਇਹ ਬੜੀ ਨਿਊਮੀਨੇਰੇਟਿਵ ਹੈ । ਇਸ ਲਈ ਇਹ ਮੰਗ ਕਰਨੀ ਚਾਹੀਦੀ ਹੈ ਕਿ ਜੋ ਪ੍ਰਾਈਸ ਇਸ ਵੇਲੇ ਹੈ ਉਹ ਹੀ ਰਖੀ ਜਾਵੇ । ਔਰ ਇਸ ਗਲ ਦੀ ਮੰਗ ਕਰਨੀ ਚਾਹੀਦੀ ਹੈ ਕਿ ਕੰਨਜਿਉਮਰ ਨੂੰ ਵੱਧ ਪੈਸੇ ਨਾ ਦੇਣੇ ਪੈਣ । ਭਾਵੇਂ ਸਰਕਾਰ ਉਨ੍ਹਾਂ ਨੂੰ ਸਬਸਿਡੀ ਦੇਵੇ ।

ਸਰਦਾਰ ਰਣਧੀਰ ਸਿੰਘ ਚੀਮਾ: ਆਨ ਏ ਪੁਆਇੰਟ ਆਫ਼ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਐਗਰੀਕਲਚਰ ਯੂਨੀਵਰਸਿਟੀ ਦੇ ਰਸਾਲੇ ਦਾ ਜ਼ਿਕਰ ਕੀਤਾ ਹੈ ਕਿ ਕਣਕ ਦੀ ਕੀਮਤ 76 ਰੁਪਏ ਹੈ ਇਹ ਗਲਤ ਗਲ ਹੈ । ਉਹ ਮੁੜ ਕੇ ਉਨ੍ਹਾਂ ਤੋਂ ਪੁਛ ਲੈਣ ਕਿ ਕਣਕ ਦੀ ਕੀਮਤ ਪਰ ਕਵਿੰਟਲ 82 ਰੁਪਏ ਹੈ ਕਿ ਨਹੀਂ । (ਵਿਘਨ)

ਸ੍ਰੀ ਡਿਪਟੀ ਸਪੀਕਰ: ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ । (This is no point of order.)

ਕਾਮਰੇਡ ਸੱਤਪਾਲ ਡਾਂਗ : ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਦਾ ਰਸਾਲਾ ਹੈ ਪ੍ਰੋਗਰੇਸਿਵ ਫਾਰਮਿੰਗ' ਉਹ ਮੇਰੇ ਕੋਲ ਹੈ ਜੇ ਕਹਿਣ ਤਾਂ ਮੈਂ ਉਸ ਦੀਆਂ ਤਰੀਕਾਂ ਵੀ ਦਸ ਸਕਦਾ ਹਾਂ । (ਵਿਘਨ) ਉਹ ਰਸਾਲਾ ਹੈ, ਅਪਰੈਲ 1971 ਦਾ ਉਸ ਵਿਚ ਲਿਖਿਆ ਹੈ ਕਿ

> "The cropping pattern of any particulars region depends upon its agro-climatic conditions and price structure during any year. During the past few years the area under wheat has considerably increased because the yield potential of the new varieties is quite high and the price of this crop has also been favourable.'

ਮੈਂ ਅਜਿਹੀਆਂ ਕਈ ਹੋਰ ਕੁਟੇਸ਼ਨਾਂ ਵੀ ਦੇ ਸਕਦਾ ਹਾਂ । ਇਸ ਪਾਲੀਸੀ ਦੇ ਨਾਲ ਧਨੀ ਕਿਸਾਨ ਤਾਂ ਸੁਖੀ ਹਨ ਪਰ ਗਰੀਬ ਕਿਸਾਨ ਦੁਖੀ ਹਨ ।

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਬਿਜਲੀ ਬਾਰੇ ਕੁਝ ਗਲਾਂ ਕਹਿਣੀਆਂ ਚਾਹੁੰਦਾ ਹਾਂ । ਡਿਪਟੀ ਸਪੀਕਰ ਸਾਹਿਬ, ਪਹਿਲਾਂ ਬਿਜਲੀ ਬੋਰਡ ਨੇ ਇਹ ਫੈਸਲਾ ਕੀਤਾ ਸੀ ਕਿ ਜੋ ਕੋਈ ਕੁਨੈਕਸ਼ਨ ਦਾ ਖਰਚ ਪਹਿਲਾਂ ਜਮ੍ਹਾਂ ਕਰਵਾ ਦੇਵੇਗਾ, ਉਸ ਨੂੰ ਕੁਨੈਕਸ਼ਨ ਦਿਤੇ ਜਾਣਗੇ ਪਰ ਹੁਣ ਇਸ ਨੇ ਇਹ ਫੈਸਲਾ ਕਰ ਦਿਤਾ ਹੈ ਕਿ ਜੋ ਕੋਈ ਤਾਰਾਂ ਦਾ ਖਰਚ ਪਹਿਲਾਂ ਜਮ੍ਹਾਂ ਕਰਵਾ ਦੇਵੇਗਾ ਉਸ ਨੂੰ ਕੁਨੈਕਸ਼ਨ ਪਹਿਲਾ ਦਿਤਾ ਜਾਵੇਗਾ। ਇਸ ਪਾਲਿਸੀ ਦਾ ਨਤੀਜਾ, ਡਿਪਟੀ ਸਪੀਕਰ ਸਾਹਿਬ, ਇਹ ਹੋਵੇਗਾ ਕਿ ਧਨੀ ਕਿਸਾਨਾਂ ਨੂੰ ਤਾਂ ਕੁਨੈਕਸ਼ਨ ਮਿਲ ਜਾਣਗੇ ਪਰ ਗਰੀਬ ਕਿਸਾਨਾਂ ਨੂੰ ਕੋਈ ਕੁਨੈਕਸ਼ਨ ਨਹੀਂ ਮਿਲੇਗਾ । ਬਿਜਲੀ ਦੇ ਬਾਰੇ, ਮੈਂ, ਇਹ ਗਲ ਗਿਆਨੀ ਜੀ ਦੇ ਨੋਟਿਸ ਵਿਚ ਲਿਆਉਣੀ ਚਾਹੁੰਦਾ ਹਾਂ ਕਿ ਬਾਦਲ ਸਰਕਾਰ ਨੇ ਇਕ ਫੈਸਲਾ ਕੀਤਾ ਸੀ ਗਵਰਨਰ ਸਾਹਿਬ ਉਸ ਤੋਂ ਵੀ ਅਗੇ ਚਲੇ ਗਏ । ਇਕ ਗਰੀਬ ਮਜ਼ਦੂਰ ਜੋ 150-200 ਰੁਪਏ ਮਹੀਨੇ ਦੇ ਕਮਾਉਂਦਾ ਹੈ, ਜੇ ਉਸ ਨੇ ਆਪਣੇ ਘਰ ਵਿਚ ਇਕ ਲਾਟੂ ਬਿਜਲੀ ਦਾ ਲਗਾਉਣਾ ਹੋਵੇ ਤਾਂ ਉਸ ਨੂੰ 80-90 ਰੁਪਏ ਦੇਣੇ ਪੈਂਦੇ ਹਨ । ਬਾਦਲ ਸਾਹਿਬ ਨੇ ਤਾਂ ਇਹ ਫੈਸਲਾ ਨਵੇਂ ਕੁਨੈਕਸ਼ਨ ਲਈ ਕੀਤਾ ਸੀ ਪਰ ਗਵਰਨਰ ਸਾਹਿਬ ਨੇ ਇਹ ਫੈਸਲਾ ਪੁਰਾਣੇ ਕੁਨੈਕਸ਼ਨਾਂ ਤੇ ਵੀ ਲਾਗੂ ਕਰ ਦਿਤਾ ਹੈ । ਇਸ ਦਾ ਮਤਲਬ ਇਹ ਹੋਵੇਗਾ ਕਿ ਕਿਸੇ ਗਰੀਬ ਮਜ਼ਦੂਰ ਦੇ ਘਰ

ਕੋਈ ਲਾਟੂ ਨਾ ਲਗ ਸਕੇ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਅਸੀਂ ਇਹ ਨੀਤੀ ਅਪਣਾਉਣੀ ਹੈ ਕਿ ਸੂਬੇ ਵਿਚ ਤਬਦੀਲੀਆਂ ਲਿਆਂਦੀਆਂ ਜਾਣ ਤਾਂ ਸਾਨੂੰ ਲੋਕਾਂ ਤੇ ਇਤਬਾਰ ਕਰਨਾ ਹੀ ਪਏਗਾ । ਲੋਕਾਂ ਤੇ ਵਿਸ਼ਵਾਸ ਕੀਤੇ ਬਿਨਾਂ ਅਸੀਂ ਅਗੇ ਨਹੀਂ ਵਧ ਸਕਦੇ । ਮੈਂ ਬੀਬੀ ਜੀ ਦੀ ਬੜੀ ਇਜ਼ਤ ਕਰਦਾ ਹਾਂ, ਉਨ੍ਹਾਂ ਨੇ ਕਿਹਾ ਸੀ ਕਿ ਪੁਲੀਸ ਬੜੇ ਚੰਗੇ ਕੰਮ ਕਰਦੀ ਹੈ । ਜੋ ਕਦੇ ਟਾਂਵਾ ਟਾਂਵਾ ਚੰਗਾ ਕੰਮ ਪੁਲੀਸ ਕਰਦੀ ਹੈ ਉਸ ਦੀ ਮੈਂ ਪੂਰੀ ਕਦਰ ਕਰਦਾ ਹਾਂ ਪਰ With full sense of responsibility, I would say that Punjab Police is the biggest crime agency in Punjab today. ਚੋਰੀਆਂ ਵਿਚ ਇਸ ਦਾ ਹਥ ਹੈ ਡਾਕਿਆਂ ਵਿਚ ਇਸ ਦਾ ਹਥ ਹੈ । ਇਹ ਠੀਕ ਹੈ ਕਿ ਦਯਾ ਸਿੰਘ ਨੂੰ ਇਕ ਐਸ. ਐਚ ਓ. ਨੇ ਫੜ ਲਿਆ ਹੈ ਪਰ ਮੈਂ ਇਹ ਕਹਿੰਦਾ ਹਾਂ ਕਿ ਜੇ ਇਸ ਦੀ ਇਨਕੁਆਇਰੀ ਕਰਵਾਉਣ ਤਾਂ ਇਨ੍ਹਾਂ ਨੂੰ ਵੀ ਪਤਾ ਲਗ ਜਾਵੇਗਾ ਕਿ ਉਸ ਨੂੰ ਨਸਾਉਣ ਵਿਚ ਵੀ ਪੰਜਾਬ ਦੀ ਪੁਲੀਸ ਦੇ ਕਿਨ੍ਹਾਂ ਅਫ਼ਸਰਾਂ ਦਾ ਹੱਥ ਸੀ । (ਵਿਘਨ) ਜਿਸ ਤਰੀਕੇ ਦੇ ਨਾਲ ਪੰਜਾਬ ਵਿਚ ਪੁਲੀਸ ਚਲ ਰਹੀ ਹੈ, ਉਹ ਦੇ ਵਿਚ ਸੁਧਾਰ ਹੋਣਾ ਚਾਹੀਦਾ ਹੈ । ਸੀ. ਆਈ. ਡੀ. ਸਾਡੇ ਪਿਛੇ ਹੀ ਨਾ ਫਿਰਦੀ ਰਹੇ, ਉਹ ਬਲੈਕੀਆਂ ਦੇ ਮਗਰ ਵੀ ਪਏ । ਪੁਰਅਮਨ ਇੱਕਠਾਂ ਉਤੇ ਪੁਲੀਸ ਤਸ਼ੱਦਦ ਕਰਦੀ ਹੈ । ਬੇਕਸੂਰ ਲੋਕਾਂ ਨੂੰ ਗੋਲੀ ਮਾਰ ਦਿੰਦੀ ਹੈ । ਮੈਂ ਇਹ ਮੰਗ ਕਰਦਾ ਹਾਂ ਕਿ ਤਾਰਾਗੜ੍ਹ ਅਤੇ ਦਦਾਹੂਰ ਵਰਗੇ ਵਾਕਿਆਤ ਫਿਰ ਪੰਜਾਬ ਵਿਚ ਨਹੀਂ ਹੋਣੇ ਚਾਹੀਦੇ । ਇਹ ਤਾਂ ਹੀ ਹੋ ਸਕਦਾ ਹੈ ਜੇ ਪਿਛਲਿਆਂ ਵਾਕਿਆਤਾਂ ਦੀ ਜੁਡੀਸ਼ਲ ਇਨਕੁਆਇਰੀ ਕਰਵਾਈ ਜਾਵੇ ।

ਇਕ ਗਲ ਮੈਂ, ਲੋਕਲ ਬਾਡੀਜ਼ ਅਤੇ ਮਿਊਨਸਪਲ ਕਮੇਟੀਆਂ ਦੇ ਬਾਰੇ ਕਹਿਣਾ ਚਾਹੁੰਦਾ ਹਾਂ । ਜੇ ਕੋਈ ਕਮੇਟੀ ਆਪਣੇ ਲੋਕਾਂ ਤੇ ਟੈਕਸ ਨਹੀਂ ਲਾਉਣਾ ਚਾਹੁੰਦੀ ਤਾਂ ਸਰਕਾਰ ਨੂੰ ਇਹ ਅਖਤਿਆਰ ਆਪਣੇ ਕੋਲ ਲੈ ਕੇ ਟੈਕਸ ਨਹੀਂ ਲਾਉਣਾ ਚਾਹੀਦਾ । ਜੇ ਕੋਈ ਜ਼ਿਲ੍ਹਾ ਪ੍ਰਸ਼ੀਦ ਆਪਣੇ ਮੁਲਾਜ਼ਮਾਂ ਨੂੰ ਗ੍ਰੈਚੁਟੀ ਦੇਣਾ ਚਹੁੰਦਾ ਹੈ ਤਾਂ ਸਰਕਾਰ ਨੂੰ ਉਸ ਨੂੰ ਰੋਕਣਾ ਨਹੀਂ ਚਾਹੀਦਾ । ਮੈਂ ਕਹਿੰਦਾ ਹਾਂ ਕਿ ਲੋਕਲ ਬਾਡੀਜ਼ ਨੂੰ ਕੰਮ ਕਰਨ ਲਈ ਅਟਾਨਮੀ ਦਿਓ ।

ਫਿਰ, ਡਿਪਟੀ ਸਪੀਕਰ ਸਾਹਿਬ, ਅਜ ਪੰਜਾਬ ਦੇ ਵਿਚ ਕੁਰਪਸ਼ਨ ਦਾਂ ਬੜਾ ਚਰਚਾ ਹੋ ਰਿਹਾ ਹੈ । ਇਕ ਦਵੇ ਕਮਿਸ਼ਨ ਬੈਠਾ ਹੋਇਆ ਹੈ ਪਹਿਲਾਂ ਅਜਿਹਾ ਇਕ ਦਾਸ ਕਮਿਸ਼ਨ ਬੈਠਾ ਸੀ । ਇਸ ਕਮਿਸ਼ਨ ਦੇ ਸਾਹਮਣੇ ਬਹੁਤ ਸਾਰੇ ਕੇਸ ਹਨ ਪਰ ਆਪਣੇ ਐਡਰੇਸ ਵਿਚ ਗਵਰਨਰ ਸਾਹਿਬ ਨੇ ਇਸ ਚੀਜ ਦਾ ਕੋਈ ਜ਼ਿਕਰ ਨਹੀਂ ਕੀਤਾ । ਮੈਨੂੰ ਇਸ ਗਲ ਦਾ ਦੁਖ ਹੈ ਕਿ ਭ੍ਰਿਸ਼ਟਾਚਾਰ ਇਤਨਾਂ ਫੈਲਿਆ ਹੋਇਆ ਹੈ ਪਰ ਗਵਰਨਰ ਸਾਹਿਬ ਇਸ ਬਾਰੇ ਚੁਪ ਰਹੇ ਹਨ । ਮੈਂ ਸਮਝਦਾ ਹਾਂ ਕਿ ਕੁਰਪਸ਼ਨ ਨੂੰ ਰੋਕਣ ਲਈ ਇਕ ਟ੍ਰਿਬਊਨਲ ਬਣਨਾ ਚਾਹੀਦਾ ਹੈ ਜਿਸ ਵਿਚ ਕੋਈ ਵੀ ਬੰਦਾ 100—200 ਰੁਪਏ ਜ਼ਮਾਨਤ ਦੇ ਜਮ੍ਹਾ ਕਰਵਾ ਕੇ ਕਿਸੇ ਵੀ ਆਦਮੀ ਵਿਰੁਧ ਇਲਜ਼ਾਮ ਲਗਾ ਸਕੇ ਅਤੇ ਫਿਰ ਉਨ੍ਹਾਂ ਦੀ ਪੜਤਾਲ ਹੋਵੇ ਤਾਂ ਇਹ ਕੁਰਪਸ਼ਨ ਨੂੰ ਰੋਕਣ ਲਈ ਇਕ ਛੋਟਾ ਜਿਹਾ

[ਕਾਮਰੇਡ ਸੱਤਪਾਲ ਡਾਂਗ]

ਯਤਨ ਹੋਵੇਗਾ। ਫਿਰ ਮੈਂ ਇਸ ਬਾਰੇ ਕੁਝ ਹੋਰ ਗਲਾਂ ਕਹਿਣੀਆਂ ਚਾਹੁੰਦਾ ਹਾਂ ਕਿ ਕੋਟਾ ਸਿਸਟਮ ਬੰਦ ਹੋਣਾ ਚਾਹੀਦਾ ਹੈ। ਮੈਡੀਕਲ ਕਾਲਜਾਂ ਦੇ ਵਿਚ ਕੋਟਾ ਹੈ, ਕਿਸ ਨੂੰ ਦਿਤਾ ਜਾਂਦਾ ਹੈ ? ਲਿਹਾਜ਼ਦਾਰਾਂ ਨੂੰ। ਇਹ ਬੰਦ ਹੋਣਾ ਚਾਹੀਦਾ ਹੈ। ਫਿਰ ਇੰਟਰਵਿਊ ਹੁੰਦਾ ਹੈ ਇਸ ਵਿਚ ਪ੍ਰਸਨੈਲਿਟੀ ਦੇ ਨੰਬਰ ਹੁੰਦੇ ਹਨ। ਪਹਿਲਾਂ ਇਹ 10 ਹੁੰਦੇ ਸੀ ਪਰ ਬਾਦਲ ਸਾਹਿਬ ਨੇ ਵਧਾ ਕੇ 50 ਕਰ ਦਿਤੇ ਹਨ। ਇਸਦੇ ਨਾਲ ਵੀ ਭ੍ਰਿਸ਼ਟਾਚਾਰ ਵਧਦਾ ਹੈ। ਜਿਸ ਨੂੰ ਸੀਲੈਕਟ ਕਰਨਾ ਹੁੰਦਾ ਹੈ ਉਸ ਨੂੰ 50 ਵਿਚੋਂ 40 ਨੰਬਰ ਦੇ ਦਿਤੇ ਜਾਂਦੇ ਹਨ ਅਤੇ ਜਿਸ ਨੂੰ ਸੀਲੈਕਟ ਨਹੀਂ ਕਰਨਾ ਹੁੰਦਾ ਉਸਨੂੰ 4 ਦਿਤੇ ਜਾਂਦੇ ਹਨ। ਇਹ ਸਿਸਟਮ ਬੰਦ ਹੋਣਾ ਚਾਹੀਦਾ ਹੈ। ਟੈਸਟ ਵਿਚ ਜਿੰਨੇ ਕਿਸੇ ਦੇ ਨੰਬਰ ਹੋਣ, ਆਬਜੈਕਟਿਵ ਨੰਬਰ ਹੋਣ ਉਸ ਦੇ ਹਿਸਾਬ ਨਾਲ ਹੀ ਉਸ ਨੂੰ ਐਡਮਿਸ਼ਨ ਜਾਂ ਨੌਕਰੀ ਮਿਲਣੀ ਚਾਹੀਦੀ ਹੈ ਅਤੇ ਇਹ ਇੰਟਰਵਿਊ ਜਿਸ ਨਾਲ ਕਿ ਭ੍ਰਿਸ਼ਟਾਚਾਰ ਫੈਲਦਾ ਹੈ, ਬੰਦ ਹੋਣਾ ਚਾਹੀਦਾ ਹੈ। ਜਦੋਂ ਤਕ ਇਹ ਸਿਸਟਮ ਖਤਮ ਨਹੀਂ ਹੁੰਦਾ, ਉਦੋਂ ਤਕ ਕੁਰਪਸ਼ਨ ਨਹੀਂ ਖਤਮ ਕੀਤੀ ਜਾ ਸਕਦੀ।

ਫਿਰ ਮੈਂ, ਗਿਆਨੀ ਜੀ ਨੂੰ ਇਕ ਹੋਰ ਬੇਨਤੀ ਕਰਾਂਗਾ ਕਿ ਉਹ ਬੀਐਰੋਕਰੇਸੀ ਤੋਂ ਖਬਰਦਾਰ ਰਹਿਣ। ਇਸ ਬੀਐਰੋਕਰੇਸੀ ਦਾ ਤਰੀਕਾ ਇਹ ਹੈ ਇਕ ਮੇਜ਼ ਤੋਂ ਕੇਸ ਦੂਜੇ ਮੇਜ਼ ਤੇ ਪਹੁੰਚਾ ਦਿਤਾ ਅਤੇ ਸਮਝ ਲਿਆ ਕਿ ਮੇਰਾ ਕੰਮ ਖਤਮ ਹੋ ਗਿਆ ਹੈ। ਜਨਤਾ ਦਾ ਕੰਮ ਹੋਇਆ ਹੈ ਜਾਂ ਨਹੀਂ ਹੋਇਆ ਇਸ ਗਲ ਵਲ ਕੋਈ ਧਿਆਨ ਨਹੀਂ ਦਿੰਦਾ। ਪੰਚਾਇਤ ਸੈਕਟਰੀਆਂ ਦੀ ਤਨਖਾਹ ਵਧੀ, ਉਸ ਫੈਸਲੇ ਤੇ ਕੁਝ ਏ. ਜੀ. ਨੇ ਇਤਰਾਜ਼ ਕੀਤਾ, ਬਜਾਏ ਇਸ ਦੇ ਕਿ ਉਸ ਇਤਰਾਜ਼ ਨੂੰ ਦੂਰ ਕੀਤਾ ਜਾਂਦਾ ਉਨ੍ਹਾਂ ਨੂੰ ਕਿਹਾ ਗਿਆ ਕਿ ਜ਼ਿਆਦਾ ਲਈ ਹੋਈ ਤਨਖਾਹ ਵਾਪਸ ਦਿਓ। 1967 ਵਿਚ ਮਿਡਲ ਪਾਸ ਲੜਕੀਆਂ ਨੇ ਜੇ. ਬੀ. ਟੀ. ਪਾਸ ਕੀਤੀ ਅਤੇ ਨੌਕਰੀ ਤੇ ਲਗ ਗਈਆਂ। ਉਨ੍ਹਾਂ ਵਿਚੋਂ 66 ਤਾਂ ਕਨਫਰਮ ਵੀ ਹੋ ਗਈਆਂ ਹਨ, ਪਰ 1972 ਵਿਚ ਸਰਕਾਰ ਦਾ ਉਨ੍ਹਾਂ ਨੂੰ ਹੁਕਮ ਚਲਾ ਗਿਆ ਹੈ ਕਿ ਤੁਸੀਂ ਮੈਟਰਿਕ ਪਾਸ ਨਹੀਂ ਕੀਤੀ। ਇਸ ਲਈ ਤੁਸੀਂ ਜ਼ਿਆਦਾ ਤਨਖਾਹ ਲੈ ਰਹੀਆਂ ਹੋ ਇਸ ਲਈ ਜਿਹੜੀ ਤਨਖਾਹ ਜ਼ਿਆਦਾ ਲਈ ਹੈ ਉਹ ਵਾਪਸ ਕਰੋ। ਮੈਂ ਅਰਜ਼ ਕਰਦਾ ਹਾਂ ਕਿ ਇਹ ਬੀਐਰੋ-ਕਰੇਟਿਕ ਅਪਰੋਚ ਹੈ। ਗਿਆਨੀ ਜੀ ਨੂੰ ਵਡੇ ਵਡੇ ਅਫ਼ਸਰਾਂ ਤੋਂ ਖਬਰਦਾਰ ਰਹਿਣਾ ਚਾਹੀਦਾ ਹੈ ਕਿਉਂਕਿ ਇਲੈਕਸ਼ਨਾਂ ਦੇ ਦੌਰਾਨ ਇਕ ਵਡਾ ਅਫ਼ਸਰ ਤਾਂ ਇਥੋਂ ਤਕ ਵੀ ਗਿਆ ਕਿ ਉਸਨੇ ਯਤਨ ਕੀਤਾ ਕਿ ਸਰਦਾਰ ਗੁਰਨਾਮ ਸਿੰਘ ਸੰਤ ਫਤਿਹ ਸਿੰਘ ਨਾਲ ਸਮਝੌਤਾ ਕਰ ਲਵੇ। ਹੁਣ ਵੀ ਵਡੇ ਵਡੇ ਅਫ਼ਸਰ ਇਹੋ ਜਿਹੀਆਂ ਕਾਰਵਾਈਆਂ ਕਰ ਰਹੇ ਹਨ, ਆਪਣਾ ਟਿਲ ਲਾ ਰਹੇ ਹਨ ਕਿ ਕਾਂਗਰਸ ਅਤੇ ਸੀ. ਪੀ. ਆਈ. ਵਿਚ ਰਿਫਟ ਪਏ। ਮੈਂ, ਸਰਕਾਰ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਉਸ ਨੂੰ ਰੈਸ਼ਨਲ ਵਿਊ ਲੈਣਾ ਚਾਹੀਦਾ ਹੈ ਇਹ ਨਹੀਂ ਕਿ ਬਿਜਲੀ ਬੋਰਡ ਦਾਂ ਚੇਅਰਮੈਨ ਲੈਣਾ ਹੈ ਤਾਂ ਇਹ ਸੋਚਿਆ ਜਾਵੇ ਕਿ ਬੰਦਾ ਤਾਂ ਭਾਵੇਂ ਭੈੜਾ ਹੈ ਪਰ ਪਹਿਲਾ ਉਨ੍ਹਾਂ ਦੇ ਥਲੇ ਲਗਿਆ ਰਿਹਾ ਹੈ, ਹੁਣ ਸਾਡੇ ਥਲੇ ਲਗਾ ਰਹੇ।

ਮੈਂ, ਡਿਪਟੀ ਸਪੀਕਰ ਸਾਹਿਬ, ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜੇ ਸਰਕਾਰ ਕੁਰੱਪਸ਼ਨ ਨੂੰ ਦੂਰ ਕਰਨਾ ਚਾਹੁੰਦੀ ਹੈ ਤਾਂ ਜਿਹੜੇ ਅਫ਼ਸਰ ਗੈਰ-ਇਮਾਨਦਾਰ ਹਨ.

ਕੁਰਪਟ ਅਫਸਰ ਹਨ, ਉਨ੍ਹਾਂ ਸਾਰਿਆਂ ਨੂੰ ਕੰਪਲਸਰੀ ਰਿਟਾਇਰ ਕਰਨਾ ਚਾਹੀਦਾ ਹੈ ਤਦ ਹੀ ਪਤਾ ਲਗ ਸਕਦਾ ਹੈ ਕਿ ਸਰਕਾਰ ਵਾਕਿਆ ਹੀ ਕੁਰੱਪਸ਼ਨ ਨੂੰ ਦੂਰ ਕਰਨਾ ਚਾਹੁੰਦੀ ਹੈ ।

ਡਿਪਟੀ ਸਪੀਕਰ ਸਾਹਿਬ, ਜਦੋਂ ਕੋਈ ਮੰਗ ਆਉਂਦੀ ਹੈ, ਇੰਟੈਰਿਮ ਰਲੀਫ ਦਿਉ, ਬਕਾਇਆ ਦਿਉ ਜਾਂ ਹੈਲਥ ਸੈਂਟਰ ਦਿਉ, ਤਾਂ ਇਹ ਅਫਸਰ ਕਹਿ ਦਿੰਦੇ ਹਨ ਕਿ ਪੈਸਾ ਕਿਥੋਂ ਦੇਈਏ । ਪੰਜਾਬ ਦੀ ਹਾਲਤ ਬਹੁਤ ਚੰਗੀ ਹੈ । ਇਹ ਘਾਟੇ ਨਾ ਵਿਖਾਇਆ ਕਰੋ । ਹਰ ਵਾਰੀ ਘਾਟਾ ਦਿਖਾਇਆ ਜਾਂਦਾ ਹੈ ਅਤੇ ਆਖੀਰ ਵਿਚ ਨਫ਼ਾ ਆਉਂਦਾ ਹੈ । ਜੇ ਪੰਜਾਬ ਐਟ ਏ ਗਲਾਂਸ ਕਿਤਾਬ 1967–68 ਤੋਂ 1972–73 ਤਕ ਦੇਖੀ ਜਾਵੇ ਤਾਂ ਪਤਾ ਲਗਦਾ ਹੈ ਕਿ ਜਿਹੜਾ ਐਕਚੁਅਲ ਰੈਵੀਨਿਊ ਹੋਇਆ ਉਸ ਦਾ ਟੋਟਲ ਬਣਦਾ ਹੈ 107 ਕਰੋੜ ਰੁਪਏ ਅਤੇ ਜਿਹੜਾ ਐਕਚੂਅਲ ਐਕਸਪੈਂਡੀਚਰ ਹੈ ਉਹ ਹੋਇਆ ਹੈ 81 ਕਰੋੜ ਰੁਪਏ । ਇਸ ਤਰ੍ਹਾਂ ਨਾਲ 26 ਕਰੋੜ ਰੁਪਏ ਦੀ ਬੱਚਤ ਹੋਈ ਹੈ । ਅਤੇ ਲੋਕਾਂ ਤੇ ਟੈਕਸ ਲਾਉਣ ਦੀ ਲੋੜ ਨਹੀਂ ਹੈ । ਲੋਕਾਂ ਨੂੰ ਟੈਕਸਾਂ ਵਿਚ ਰਿਆਇਤ ਮਿਲ ਸਕਦੀ ਹੈ । ਜਨਤਾ ਦੀਆਂ ਬੜੀਆਂ ਮੰਗਾਂ ਪੂਰੀਆਂ ਹੋ ਸਕਦੀਆਂ ਹਨ । ਬੰਗਲਾ ਦੇਸ਼ ਦੀ ਲੇਵੀ ਗਰੀਬ ਲੋਕਾਂ ਤੇ ਲਗਦੀ ਹੈ, ਇਹ ਛਡਣੀ ਚਾਹੀਦੀ ਹੈ । ਮੈਂ ਬੇਨਤੀ ਕਰਾਂਗਾ ਕਿ ਲੋਕਲ ਬਸਾਂ ਦੇ ਕਰਾਏ ਵਧਾ ਦਿਉ, ਟਿਕਟਾਂ ਲੈਣ ਦੀ ਜ਼ਿਮੇਵਾਰੀ ਪੈਸੰਜਰ ਤੇ ਕਰ ਦਿਉ । ਇਸ ਨਾਲ ਆਮਦਨ ਵਧ ਜਾਵੇਗੀ ।

ਪੰਜਾਬ ਵਿਚ ਕੈਰੋਂ ਸਾਹਿਬ ਨਾਲ ਬੜੀ ਲੜਾਈ ਕੀਤੀ ਪਰ ਇਨ੍ਹਾਂ ਨੇ ਕੁਝ ਚੰਗੇ ਕੰਮ ਵੀ ਕੀਤੇ । ਕਣਕ ਉਤੇ, ਫੂਡ ਗਰੇਨਜ਼ ਉਤੇ ਚੁੰਗੀ ਹਟਾਈ । ਇਸ ਨਾਲ ਕਿਸਾਨਾਂ ਨੂੰ ਥੋੜੀ ਬਹੁਤ ਰਿਆਇਤ ਮਿਲੀ । ਮੈਂ ਅਰਜ਼ ਕਰਾਂਗਾ ਕਿ ਇਸੇ ਤਰ੍ਹਾਂ ਚਾਰੇ ਉਤੇ, ਦੁਧ ਉਤੇ ਚੁੰਗੀ ਹਟਾ ਦਿਉ । ਕਿਸਾਨ ਬੜਾ ਦੁਖੀ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਸਾਡੀ ਮਾਲੀ ਹਾਲਤ ਚੰਗੀ ਹੈ । ਟੈਕਸ ਲਾਉ ਪਰ ਅਮੀਰਾਂ ਤੇ ਲਗਾਣੇ ਚਾਹੀਦੇ ਹਨ ਜਿਹੜੇ ਕਿ ਟੈਕਸ ਦੇ ਸਕਦੇ ਹਨ । ਦੇਸੀ ਸ਼ਰਾਬ ਉਤੇ ਵਿਕਰੀ ਟੈਕਸ ਲਗਾਉ । ਕੰਟਰੀ ਲਿਕੂਅਰ ਦੀ ਡਿਸਟ੍ਰੀਬਿਊਸ਼ਨ ਅਤੇ ਪੈਦਾਵਾਰ ਨੂੰ ਸਰਕਾਰ ਆਪਣੇ ਹਥ ਵਿਚ ਲਵੇ ਨਹੀਂ ਤਾਂ ਜਿਸ ਤਰ੍ਹਾਂ ਨਾਲ ਪਿਛੇ ਜਿਹੇ ਦਿਲੀ ਵਿਚ ਕਈ ਆਦਮੀ ਮਰ ਗਏ ਹਨ ਇਸੇ ਤਰ੍ਹਾਂ ਨਾਲ ਪੰਜਾਬ ਵਿਚ ਵੀ ਹੋਵੇਗਾ ।

ਡਿਪਟੀ ਸਪੀਕਰ ਸਾਹਿਬ, ਜਿਥੋਂ ਤਕ ਪੈਸੇ ਦਾ ਸਵਾਲ ਹੈ ਬਜਟ ਪੂਰਾ ਹੋ ਸਕਦਾ ਹੈ । ਬੜੀਆਂ ਵਡੀਆਂ ਵਡੀਆਂ ਪੋਸਟਾਂ ਇਸ ਲਈ ਕ੍ਰੀਏਟ ਨਹੀਂ ਕੀਤੀਆਂ ਜਾਂਦੀਆਂ ਕਿ ਇਨ੍ਹਾਂ ਪੋਸਟਾਂ ਦੀ ਲੋੜ ਹੈ ਬਲਕਿ ਇਹ ਪੋਸਟਾਂ ਇਸ ਲਈ ਕ੍ਰੀਏਟ ਕੀਤੀਆਂ ਜਾਂਦੀਆਂ ਹਨ ਕਿ ਆਪਣੇ ਆਪਣੇ ਬੰਦਿਆਂ ਨੂੰ ਐਡਜਸਟ ਕਰਨਾ ਹੁੰਦਾ ਹੈ । ਮਨਿ-ਸਟਰਾਂ ਦੀ ਤਾਦਾਦ ਦਸ ਤੋਂ ਵਧ ਨਹੀਂ ਹੋਣੀ ਚਾਹੀਦੀ ਹੈ । ਪੰਜਾਬ ਦੇ ਲੈਜਿਸ-ਲੇਚਰ ਨੂੰ ਜੋ ਕੁਝ ਮਿਲਦਾ ਹੈ ਉਹ ਮੁਲਕ ਦੀ ਦਸ਼ਾ ਨੂੰ ਮੱਦੇ ਨਜ਼ਰ ਰਖਦੇ ਹੋਏ ਬਹੁਤ ਜਿਆਦਾ ਹੈ । ਮਨਿਸਟਰ ਸਾਹਿਬਾਨ ਕੋਠੀਆਂ ਦੀ ਬਜਾਏ ਫ਼ਲੈਟਸ ਵਿਚ ਕਿਉਂ ਨਹੀਂ ਰਹਿੰਦੇ । ਬਜਟ ਵਿਚ ਰਾਜਿਆਂ ਲਈ ਹਾਲੇ ਵੀ ਰਕਮ ਰਖੀ ਹੋਈ ਹੈ, ਇਸ ਬਾਰੇ ਸ਼੍ਰੀ ਹੰਸ ਰਾਜ ਜੀ ਨੋਟ ਕਰਨ । ਇਸ ਰਕਮ ਦੀ ਬੱਚਤ ਹੋ ਸਕਦੀ ਹੈ ।

ਗਵਰਨਰ ਸਾਹਿਬ ਦੇ ਭਾਸ਼ਣ ਵਿਚ ਇਹ ਗਲ ਗਲਤ ਲਿਖੀ ਹੋਈ ਹੈ, ਹੰਸ ਰਾਜ ਜੀ ਨੋਟ ਕਰਨ, ਕਿ ਕੱਲੇ ਆਟੇ ਦਾ ਭਾਅ ਹੀ ਨਹੀਂ ਬਲਕਿ ਹਰ ਐਸੈਂਸ਼ਿਅਲ

[ਕਾਮਰੇਡ ਸੱਤਪਾਲ ਡਾਂਗ]

ਕਮੋਡਿਟੀਜ਼ ਦੀ ਹਾਲਤ ਤਸੱਲੀਬਖਸ਼ ਨਹੀਂ ਹੈ । ਇੱਟਾਂ, ਕੋਲਾ, ਖੰਡ, ਇਹ ਕਿਸ ਤਰ੍ਹਾਂ ਚੀਜ਼ਾਂ ਵਿਕ ਰਹੀਆਂ ਹਨ । ਜੇ ਇਸ ਨੂੰ ਤਸੱਲੀਬਖਸ਼ ਕਰਨਾ ਹੈ ਤਾਂ ਮੈਂ, ਡਿਪਟੀ ਸਪੀਕਰ ਸਾਹਿਬ, ਅਰਜ਼ ਕਰਾਂਗਾ ਕਿ ਠੋਸ ਕਦਮ ਚੁਕੋ । ਖੰਡ ਪਿੰਡਾਂ ਅਤੇ ਸ਼ਹਿਰਾਂ ਵਿਚ ਬਰਾਬਰ ਮਿਲੇ । ਇਹ ਸਰਕਾਰ ਤੇ ਹਿੰਦੁਸਤਾਨ ਦੀ ਸਰਕਾਰ ਜੇ ਡਟ ਕੇ ਜ਼ੋਰ ਪਾਏ ਅਤੇ ਸਾਰੀਆਂ ਹਿੰਦੁਸਤਾਨ ਦੀਆਂ ਮਿਲਾਂ ਫੌਰੀ ਤੋਰ ਤੇ ਨੈਸ਼ਨਾਲਾਈਜ਼ਡ ਹੋਣੀਆਂ ਚਾਹੀਦੀਆਂ ਹਨ । ਇਸ ਨਾਲ ਖੰਡ ਦੀਆਂ ਕੀਮਤਾਂ ਵਿਚ ਵੀ ਕਮੀ ਆਵੇ ਅਤੇ ਕਿਸਾਨ ਨੂੰ ਵੀ ਆਪਣੀ ਫਸਲ ਦਾ ਠੀਕ ਮੁਲ ਮਿਲੇ । ਸਰਕਾਰ ਵੱਧ ਤੋਂ ਵੱਧ ਭੱਠੇ ਖੋਲੇ । ਤਦ ਇਹ ਮਸਲਾ ਹੱਲ ਹੋ ਸਕਦਾ ਹੈ ।

ਡਿਪਟੀ ਸਪੀਕਰ ਸਾਹਿਬ, ਆਖਿਰ ਵਿਚ ਮੈਂ ਇਹ ਅਰਜ਼ ਕਰਾਂਗਾ ਕਿ ਸਾਡਾ ਕਰੋੜਾਂ ਰੁਪਿਆ ਪਬਲਿਕ ਸੈਕਟਰ ਵਿਚ ਇਨਵੈਸਟ ਹੋਇਆ ਹੋਇਆ ਹੈ । ਇਸ ਵਿਚ ਕਿਹਾ ਗਿਆ ਹੈ ਕਿ ਰੋਡਵੇਜ਼ ਦੀ ਕਾਰਪੋਰੇਸ਼ਨ ਬਣਾਈ ਜਾਵੇ । ਮੈਂ ਕਹਿੰਦਾ ਹਾਂ ਕਿ ਇਹ ਨਾ ਬਣਾਓ । ਕਾਰਪੋਰੇਸ਼ਨਜ਼ ਵਿਚ ਕਾਫੀ ਰੁਪਿਆ ਸਰਕਾਰ ਦਾ ਲਗਿਆ ਹੋਇਆ ਹੈ । ਪਰ ਉਥੇ ਹੋ ਕੀ ਰਿਹਾ ਹੈ ? ਮਨਿਸਟਰ ਟੈਲੀਫੂਨ ਕਰ ਦਿੰਦਾ ਹੈ ਕਿ ਨੌਕਰ ਰਖ ਲਵੋ । ਅਤੇ ਕਾਰਪੋਰੇਸ਼ਨ ਵਾਲੇ ਉਸ ਨੂੰ ਨੌਕਰ ਰਖ ਲੈਂਦੇ ਹਨ । ਉਥੇ ਨੌਕਰ ਰਖਣ ਵਾਸਤੇ ਕੋਈ ਐਡਵਰਟਾਈਜ਼ਮੈਂਟ, ਨਹੀਂ ਹੁੰਦੀ । ਇਸ ਬਾਰੇ ਡਿਪਟੀ ਸਪੀਕਰ ਸਾਹਿਬ, ਮੈਂ ਮਿਸਾਲ ਦਿੰਦਾ ਹਾਂ ਮਾਰਕਫੈਡ ਵਿਚ ਕੁਲ ਸਰਮਾਇਆ 85 ਲਖ, 87 ਹਜ਼ਾਰ ਅਤੇ 5 ਸੌ ਰੁਪਏ ਹੈ । ਇਸਦੇ ਵਿਚ ਸਰਕਾਰ ਦਾ ਸਰਮਾਇਆ 83 ਲਖ, 54 ਹਜ਼ਾਰ ਅਤੇ 5 ਸੌ ਰੁਪਏ ਹੈ । ਸਿਰਫ ਦੋ ਲੱਖ ਸਰਮਾਇਆ ਮਾਰਕਫ਼ੈਡ ਦੇ ਹਿਸੇਦਾਰਾਂ ਦਾ ਹੈ । ਪੈਸੇ ਸਾਰੇ ਸਰਕਾਰ ਦੇ ਹਨ ਅਤੇ ਕਬਜ਼ਾ ਉਥੇ ਧਨੀ ਕਿਸਾਨਾਂ ਦਾ ਹੈ । ਉਥੇ ਚਾਲੀ ਪੋਸਟਾਂ ਲਈ ਪੰਜ ਹਜ਼ਾਰ ਅਰਜ਼ੀਆਂ ਆਈਆਂ । ਉਨ੍ਹਾਂ ਵਿਚੋਂ 60 ਬੰਦਿਆਂ ਨੂੰ ਇੰਟਰਵਿਊ ਭੇਜੀ ਗਈ ਅਤੇ 30 ਬੰਦਿਆਂ ਨੂੰ ਰਖ ਲਿਆ ਗਿਆ । They are kitchen gardens for Ministerial patronage. ਇਹ ਬੰਦ ਹੋਣਾ ਚਾਹੀਦਾ ਹੈ । ਪਬਲਿਕ ਅੰਡਰ-ਟੇਕਿੰਗਜ਼ ਵਿਚ ਬਾਕਾਇਦਾ ਕਾਂਸਟੀਚੂਊਸ਼ਨਲ ਹੋਵੇ, ਰੂਲਜ਼ ਹੋਣ, ਲੋਕਾਂ ਦੇ ਨੁਮਾਇੰਦੇ ਹੋਣ, ਟਰੇਂਡ ਆਦਮੀ ਹੋਣ । ਉਥੇ ਜਿਹੜੇ ਅਫਸਰਾਂ ਨੂੰ ਲਗਾਇਆ ਜਾਂਦਾ ਹੈ ਉਨ੍ਹਾਂ ਨੂੰ ਇਸ ਲਈ ਨਹੀਂ ਲਗਾਇਆ ਜਾਂਦਾ ਕਿ ਉਥੇ ਦੀ ਹਾਲਤ ਸੁਧਾਰਨੀ ਹੈ ਬਲਕਿ ਇਸ ਲਈ ਲਗਾਇਆਂ ਜਾਂਦਾ ਹੈ ਕਿ ਉਥੇ ਕੁਰਪਸ਼ਨ ਕਰਨੀ ਹੈ । ਇਹ ਸਿਲਸਿਲਾ ਬੰਦ ਹੋਣਾ ਚਾਹੀਦਾ ਹੈ ।

ਮਜ਼ਦੂਰਾਂ ਦਾ ਕੀ ਕਸੂਰ ਹੈ । ਇਨ੍ਹਾਂ ਨੂੰ ਗਰਾਂਟਾਂ ਕਿਉਂ ਨਹੀਂ ਮਿਲਦੀਆਂ ? ਇਸ ਵਾਸਤੇ ਇਕ ਕਮੇਟੀ ਬਣਾਈ ਜਾਵੇ ਜਿਸ ਤਰ੍ਹਾਂ ਕਿ ਪੁਰਾਣੀ ਸਿਟੀਜ਼ਨ ਕੌਂਸਲ ਸੀ । ਇਸ ਕਮੇਟੀ ਦੇ ਗਿਆਨੀ ਜ਼ੈਲ ਸਿੰਘ ਜੀ ਚੇਅਰਮੈਨ ਹੋਣ, ਫਾਈਨੈਂਸ ਅਤੇ ਰਿਹੈਬਲੀਟੇਸ਼ਨ ਮਨਿਸਟਰਜ਼ ਤੇ ਹੋਰ ਸਾਰੀਆਂ ਪਾਰਟੀਆਂ ਵਿਚੋਂ ਨੁਮਾਇੰਦੇ ਲਏ ਜਾਣ । ਇਸ ਤਰ੍ਹਾਂ ਕਰਨ ਨਾਲ ਹੀ ਇਹ ਮਸਲਾ ਹੱਲ ਹੋ ਸਕਦਾ ਹੈ ।

ਆਖ਼ਿਰ ਵਿਚ ਗਵਰਨਰ ਸਾਹਿਬ ਦੇ ਭਾਸ਼ਣ ਵਿਚ ਕਿਹਾ ਗਿਆ ਹੈ ਕਿ ਪਿਛਲੇ ਕੁਝ ਸਾਲਾਂ ਵਿਚ ਪ੍ਰਗਤੀ ਘੱਟ ਹੋਈ ਹੈ ਕਿਉਂਕਿ ਇਥੇ ਇੰਸਟੇਬਿਲਿਟੀ ਰਹੀ । ਡਿਪਟੀ

ਸਪੀਕਰ ਸਾਹਿਬ, ਮੈਂ ਅਰਜ਼ ਕਰਾਂਗਾ ਕਿ ਉਨ੍ਹਾਂ ਚਿਰ ਇਹ ਪਰਗਤੀ ਧੀਮੀ ਰਹਿਣੀ ਹੈ ਜਿੰਨਾ ਚਿਰ ਸਰਮਾਇਦਾਰੀ ਦੇ ਰਸਤੇ ਨੂੰ ਛੱਡ ਕੇ ਗੈਰ ਸਰਮਾਇਦਾਰੀ ਦਾ ਰਸਤਾ ਨਹੀਂ ਅਪਣਾਇਆ ਜਾਂਦਾ ।

(ਥੰਪਿੰਗ)

ਕਈ ਨੀਤੀਆਂ ਗ਼ਲਤ ਹਨ । ਇਨ੍ਹਾਂ ਬੁਨਿਆਦੀ ਨੀਤੀਆਂ ਵਿਚ ਸਰਕਾਰ ਨੂੰ ਤਬਦੀਲੀ ਕਰਨੀ ਚਾਹੀਦੀ ਹੈ । ਮੈਨੂੰ ਆਸ ਹੈ ਕਿ ਗਿਆਨੀ ਜੀ, ਇਹ ਜੋ ਤਰਮੀਮਾਂ ਦਿੱਤੀਆਂ ਗਈਆਂ ਹਨ ਇਨ੍ਹਾਂ ਨੂੰ ਮੰਨ ਲੈਣਗੇ ਅਤੇ ਇਸ ਤਰ੍ਹਾਂ ਨਾਲ ਤਰਮੀਮਾਂ ਕਰਕੇ ਰੈਜ਼ੋਲਿਊਸ਼ਨ ਪਾਸ ਕੀਤਾ ਜਾਵੇਗਾ ।

ਸਰਦਾਰ ਗੁਰਮੇਜ ਸਿੰਘ (ਵੇਰਕਾ. ਐਸ: ਸੀ.) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਜਿਨ੍ਹਾਂ ਨੇ ਇਕ ਬਾਰਡਰ ਏਰੀਆ ਦੇ ਮੈਂਬਰ ਨੂੰ ਵਕਤ ਦਿਤਾ ਹੈ । ਮੈਂ ਤੁਹਾਡੀ ਮਾਰਫਤ ਕੁਝ ਗੱਲਾਂ ਅੱਜ ਦੀ ਸਰਕਾਰ, ਜਿਸ ਸਰਕਾਰ ਨੇ ਪੰਜਾਬ ਦੇ ਲੋਕਾਂ ਨੂੰ ਅਗੇ ਵਧਣ ਲਈ ਇਕ ਹਲੂਣਾ ਦਿਤਾ ਹੈ ਔਰ ਇਥੇ ਗਵਰਨਰ ਜੀ ਨੇ ਐਡਰੈਸ ਪੇਸ਼ ਕੀਤਾ ਹੈ ਉਸ ਦਾ ਧੰਨਵਾਦ ਕਰਨ ਲਈ ਖੜ੍ਹਾ ਹੋਇਆ ਹਾਂ । ਮੈਂ ਇਸ ਗਲ ਦੀ ਵੀ ਹਿੰਦ ਸਰਕਾਰ ਨੂੰ ਵਧਾਈ ਦੇਣਾ ਯੋਗ ਸਮਝਦਾ ਹਾਂ ਕਿ ਉਨ੍ਹਾਂ ਨੇ ਹਿੰਦੁਸਤਾਨ ਦੀ ਤਾਰੀਖ ਨੂੰ ਦੋਹਰਾਇਆ ਜਦ ਕਿ ਭਗਵਾਨ ਰਾਮ ਨੇ ਲੰਕਾ ਨੂੰ ਜਿੱਤ ਕੇ ਭਵੀਸ਼ਨ ਨੂੰ ਰਾਜ ਦਿਤਾ ਸੀ ਔਰ ਇਹ ਇਤਿਹਾਸ ਅੱਜ ਦੀ ਮਹਾਨ ਦੇਵੀ ਮਹਾਨ ਨੇਤਾ ਹਿੰਦੁਸਤਾਨ ਦੀ ਸ਼ਾਨ ਇੰਦਰਾ ਗਾਂਧੀ ਨੇ ਬੰਗਲਾ ਦੇਸ਼ ਨੂੰ ਆਜ਼ਾਦ ਕਰਾਕੇ ਔਰ ਇਨ੍ਹਾਂ ਮਾਸੂਮਾਂ ਨੂੰ ਜਿਹੜੇ ਕਈ ਮਾਂ ਪੁੱਤ ਮਰਵਾਕੇ ਆਏ ਸੀ, ਕਈ ਧੀ ਪਿਉ ਮਰਵਾ ਕੇ ਆਏ ਸੀ, ਕਈ ਭੈਣ ਭਰਾਂ ਮਰਵਾ ਕੇ ਆਏ ਸੀ ਇਨ੍ਹਾਂ ਦੀਆਂ ਸੱਧਰਾਂ ਨੂੰ ਧਰਵਾਸ ਦਿਤਾ । ਇਨ੍ਹਾਂ ਦਾ ਮੁਲਕ ਇਨ੍ਹਾਂ ਦੇ ਦੇਸ਼ ਵਾਸੀਆਂ ਨੂੰ ਸੌਂਪਿਆ ।

ਦੁਨੀਆਂ ਦੀ ਤਾਰੀਖ ਇਸ ਗੱਲ ਦੀ ਗਵਾਹ ਹੈ ਕਿ ਅੱਜ ਤੱਕ ਕਿਸੇ ਮੁਲਕ ਨੇ ਐਸਾ ਕੰਮ ਨਹੀਂ ਕੀਤਾ ਕਿ ਕਿਸੇ ਮੁਲਕ ਨੂੰ ਆਜ਼ਾਦ ਕਰਾਕੇ ਉਸ ਮੁਲਕ ਦੇ ਵਾਸੀਆਂ ਤੇ ਸਪੁਰਦ ਕੀਤਾ ਹੋਵੇ । ਇਹ ਸਿਰਫ ਹਿੰਦੁਸਤਾਨ ਅਤੇ ਹਿੰਦੁਸਤਾਨ ਦੀ ਸਰਕਾਰ ਨੂੰ ਫਖਰ ਹਾਸਿਲ ਹੈ ਜਿਸ ਕਰਕੇ ਮੈਂ ਉਨ੍ਹਾਂ ਦਾ ਦਿਲੋਂ ਧੰਨਵਾਦ ਕਰਦਾ ਹਾਂ ਅਤੇ ਇਸ ਗੱਲ ਦੀ ਆਸ ਕਰਦਾ ਹਾਂ ਕਿ ਜਿਸ ਤਰ੍ਹਾਂ ਨਾਲ ਉਨ੍ਹਾਂ ਨੇ ਬੰਗਲਾ ਦੇਸ਼ ਨੂੰ ਆਜ਼ਾਦ ਕਰਾਇਆ ਹੈ ਉਸੇ ਤਰ੍ਹਾਂ ਹਿੰਦੁਸਤਾਨ ਦੇ ਬਾਰਡਰ ਦੇ ਜ਼ਿਲ੍ਹਿਆਂ ਵਿਚ ਜੋ ਬਾਰਡਰ ਤੇ ਲੋਕ ਰਹਿੰਦੇ ਹਨ ਉਨ੍ਹਾਂ ਵੱਲ ਵੀ ਤਵੱਜੋ ਦਿਤੀ ਜਾਵੇਗੀ । ਇਨ੍ਹਾਂ ਬਾਰਡਰ ਦੇ ਜ਼ਿਲ੍ਹਿਆਂ ਵਿਚ ਜਦੋਂ ਲੜਾਈ ਹੁੰਦੀ ਹੈ ਭਾਵੇਂ ਚੀਨ ਨਾਲ ਹੋਵੇ, ਭਾਵੇਂ ਪਾਕਿਸਤਾਨ ਨਾਲ ਹੋਵੇ, ਜਦ ਵੀ ਲੜਾਈ ਹੁੰਦੀ ਹੈ ਤਾਂ ਇਨ੍ਹਾਂ ਜ਼ਿਲ੍ਹਿਆਂ ਦੇ ਉਤੇ ਜ਼ਿਆਦਾ ਮੁਸ਼ਕਲ ਆਉਂਦੀ ਹੈ । ਮੈਂ ਤੁਹਾਡੀ ਸੇਵਾ ਵਿਚ ਅਰਜ਼ ਕਰਦਾ ਹਾਂ ਕਿ ਮੇਰੀ ਕੰਸਟੀਚਿਊਐਂਸੀ ਵਿਚ ਇਕ ਪਿੰਡ ਹੈ ਲੋਹਾਰਕਾ ਕਲਾਂ, ਉਥੇ ਕੁਦਰਤੀ ਜੋ ਕਹਿਰ ਆਇਆ ਅਤੇ ਇਸ ਲੜਾਈ ਦਾ ਜੋ ਉਥੇ ਅਸਰ ਹੋਇਆ ਉਹ ਮੈਂ ਤੁਹਾਡੀ ਸੇਵਾ ਵਿਚ ਦੱਸਦਾ ਹਾਂ । ਉਥੇ ਇਸ ਲੜਾਈ ਵਿਚ 12 ਬੰਬ ਸੁਟੇ ਗਏ ਅਤੇ ਇਨ੍ਹਾਂ 12 ਬੰਬਾਂ ਨਾਲ ਉਥੇ 12 ਹਰੀਜਨ ਸ਼ਹੀਦ ਹੋਏ । ਇਥੇ ਹੀ ਬਸ ਨਹੀਂ ਜ਼ਿਮੀਂਦਾਰ ਘਰਾਣੇ ਦੇ ਡੰਗਰ ਮਰ ਗਏ । ਸਾਰੀ ਬਸਤੀ ਦਾ ਬਹੁਤ ਨੁਕਸਾਨ ਹੋਇਆ । ਲੇਕਿਨ ਉਨ੍ਹਾਂ ਨੂੰ ਜੋ ਕੰਪੇਨਸੇਸ਼ਨ ਦਿੱਤੀ ਗਈ ਹੈ ਉਹ ਮਜ਼ਾਕ ਦਾ ਮੌਜੂ ਬਣ ਕੇ ਰਹਿ ਗਈ ਹੈ । ਇਸ ਲਈ ਇਸ ਪਾਸੇ ਤਵੱਜੋਂ ਦੇਣੀ ਚਾਹੀਦੀ

[ਜੁਤਦਾਰ ਗੁਰਮੇਜ ਸਿੰਘ]

ਹੈ । ਮੈਂ ਤੁਹਾਡੀ ਸੇਵਾ ਵਿਚ ਬਾਰਡਰ ਦੇ ਜ਼ਿਲ੍ਹਿਆਂ ਦੇ ਪਿੰਡਾਂ ਵਿਚ ਜਿਹੜੇ ਲੋਕ ਵਸਦੇ ਹਨ, ਇਸ ਲੜਾਈ ਵਿਚ ਉਨ੍ਹਾਂ ਤੇ ਕੀ ਕੀ ਤਕਲੀਫਾਂ ਆਈਆਂ, ਉਨ੍ਹਾਂ ਬਾਰੇ ਮੈਂ ਤੁਹਾਨੂੰ ਦੱਸਦਾ ਹਾਂ । ਗੋਲਿਆਂ ਪੈਂਦਿਆਂ ਵਿਚ ਉਨ੍ਹਾਂ ਦਾ ਸਾਮਾਨ ਨਹੀਂ ਪਿਛਾਂਹ ਆਇਆ, ਉਨ੍ਹਾਂ ਦਾ ਰਾਸ਼ਨ ਨਹੀਂ ਆਇਆ ਅਤੇ ਕੁਝ ਨਹੀਂ ਆਇਆ । ਇਸੇ ਤਰ੍ਹਾਂ ਲੇਬਰ, ਜੋ ਕਾਰਖਾਨਿਆਂ ਵਿਚ ਕੰਮ ਕਰਦੀ ਸੀ ਉਸ ਦਾ ਬੁਰਾ ਹਾਲ ਹੋਇਆ । ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਅੱਜ ਦੀ ਸਰਕਾਰ ਨੂੰ ਇਹ ਅਰਜ਼ ਕਰਾਂਗਾ ਕਿ ਬਾਰਡਰ ਦੇ ਜ਼ਿਲ੍ਹੇ, ਗੁਰਦਾਸਪੁਰ, ਅੰਮ੍ਰਿਤਸਰ ਅਤੇ ਫਿਰੋਜ਼ਪੁਰ ਜੋ ਹਨ ਉਨ੍ਹਾਂ ਵੱਲ ਖਾਸ ਧਿਆਨ ਦਿਤਾ ਜਾਵੇ । ਕੋਈ ਬਾਰਡਰ ਏਰੀਆ ਮੁਕੱਰਰ ਕਰਕੇ ਉਸ ਬਾਰਡਰ ਏਰੀਆ ਨੂੰ ਖਾਸ ਸਹੂਲਤਾਂ ਬਿਜਲੀ ਦੀਆਂ, ਪਾਣੀ ਦੀਆਂ, ਨਹਿਰ ਦੀਆਂ ਅਤੇ ਹੋਰ ਸਭ ਸਹੂਲਤਾਂ ਬੀਜ ਆਦਿ ਦੀਆਂ ਦੇਣੀਆਂ ਚਾਹੀਦੀਆਂ ਹਨ । ਇਸੇ ਤਰ੍ਹਾਂ ਸਮਾਲ ਸਕੇਲ ਇੰਡਸਟਰੀ ਨੂੰ ਅਤੇ ਲੇਬਰ ਨੂੰ ਵੀ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ । ਲੇਕਿਨ ਇਕ ਗੱਲ ਮੈਂ ਤੁਹਾਡੀ ਸੇਵਾ ਵਿਚ ਅਰਜ਼ ਕਰ ਦਿਆਂ ਕਿ ਅੱਜ ਦੀ ਸਰਕਾਰ ਜੋ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਹੈ ਉਹ ਭਾਈ ਲਾਲੋਆਂ ਦੀ ਸਰਕਾਰ ਹੈ । ਮੈਂ ਅਰਜ਼ ਕਰਦਾ ਹਾਂ ਕਿ ਮੈਂ ਇਕ ਇਤਿਹਾਸ ਵਿਚ ਪੜ੍ਹਿਆ ਹੈ ਕਿ ਗੁਰੂ ਨਾਨਕ ਜੀ ਮਲਿਕ ਭਾਗੋ ਨੂੰ ਛੱਡਕੇ ਭਾਈ ਲਾਲੋ ਦੇ ਘਰ ਆਏ ਸਨ ਅਤੇ ਮਲਿਕ ਭਾਗੋ ਦੀਆਂ ਕੀਤੀਆਂ ਬੁਰਾਈਆਂ ਨੂੰ ਦੇਖਦੇ ਹੋਏ ਅਤੇ ਜਿਸ ਨੇ ਗਰੀਬਾਂ ਦਾ ਖੂਨ ਚੂਸਕੇ ਧਨ ਕਮਾਇਆ ਹੋਇਆ ਸੀ ਉਸ ਦੇ ਘਰ ਨਹੀਂ ਗਏ ਸਗੋਂ ਇਕ ਕਿਰਤੀ ਦੇ ਘਰ ਗਏ । ਗੁਰੂ ਜੀ ਗਰੀਬ ਦੇ ਘਰ ਆਏ । ਸੋ ਅੱਜ ਉਹ ਸੀ. ਐਮ. ਸਾਹਿਬ ਮੇਰੇ ਸਾਹਮਣੇ ਬੈਠੇ ਹਨ ਜੋ ਗਰੀਬਾਂ ਦੇ ਹਿਮਾਇਤੀ ਹਨ । (ਤਾੜੀਆਂ) ਮੇਰੇ ਅਕਾਲੀ ਵੀਰਾਂ ਦੀ ਸਰਕਾਰ ਮਲਿਕ ਭਾਗੋਆਂ ਦੀ ਸਰਕਾਰ ਸੀ ਅਤੇ ਗੁਰੂ ਉਨ੍ਹਾਂ ਦੇ ਘਰ ਨਹੀਂ ਗਿਆ ਉਹ ਤਾਂ ਭਾਈ ਲਾਲੋ ਵਰਗਿਆਂ ਦੇ ਘਰ ਜਾਂਦਾ ਹੈ । ਇਸ ਲਈ ਭਾਈ ਲਾਲੋ ਦੇ ਜੋ ਸੱਜਣ, ਗਿਆਨੀ ਜ਼ੈਲ ਸਿੰਘ ਜੀ ਮੁੱਖ ਮੰਤਰੀ ਜੀ ਤੇ ਮੈਂ ਵਿਸ਼ਵਾਸ਼ ਕਰ ਸਕਦਾ ਹੈ ਕਿ ਇਹ ਗਰੀਬ, ਮਜ਼ਦੂਰਾਂ, ਗਰੀਬ ਕਿਸਾਨ ਅਤੇ ਗਰੀਬ ਹਰੀਜਨ ਦਾ ਕਲਿਆਣ ਕਰਨ ਲਈ ਅੱਗੇ ਵਧਣਗੇ । ਇਨ੍ਹਾਂ ਨੇ ਸ਼ਹਿਰੀ ਅਤੇ ਪੇਂਡੂ ਜਾਇਦਾਦ ਦਾ ਮਿਸ਼ਨ ਲਿਆ ਕਿ ਸ਼ਹਿਰੀ ਤੇ ਪੇਂਡੂ ਜਾਇਦਾਦ ਦੀ ਵੀ ਹੱਦ ਹੋਵੇਗੀ । ਮੈਂ ਇਸ ਗੱਲ ਤੇ ਇਨ੍ਹਾਂ ਦਾ ਦਿਲੋਂ ਧੰਨਵਾਦ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਇਹ ਜੋ ਸ਼ਹਿਰੀ ਤੇ ਪੇਂਡੂ ਜਾਇਦਾਦ ਦੀ ਹੱਦ ਦਾ ਮਿਸ਼ਨ ਹੈ ਇਹ ਪੂਰਾ ਹੋਵੇਗਾ । ਇਕ ਆਦਮੀ ਜੋ ਸੜਕ ਤੇ ਪੈਂਦਾ ਹੈ, ਇਕ ਆਦਮੀ ਕੋਲ ਇਕ ਝੌਂਪੜੀ ਹੈ (ਵਿਘਨ) ਇਹ ਜਿਹੜੀ ਇੰਪਰੂਵਮੈਂਟ ਸਕੀਮ ਹੈ, ਇਸ ਦੇ ਇਕ ਪਾਸੇ ਤਾਂ ਗਰੀਬਾਂ ਦੀਆਂ ਝੌਂਪੜੀਆਂ ਹਨ ਅਤੇ ਦੂਸਰੇ ਪਾਸੇ ਅਮੀਰਾਂ ਦੇ ਮਹਿਲ ਤਿਆਰ ਹੋ ਰਹੇ ਹਨ । (ਵਿਘਨ) ਮੈਂ ਅੱਜ ਸਰਕਾਰ ਨੂੰ ਕਹਿੰਦਾ ਹਾਂ ਕਿ ਜਿਸ ਕੋਲ ਇਕ ਮਕਾਨ ਹੈ, ਜਿਸ ਦੇ ਕੋਲ ਇਕ ਦੁਕਾਨ ਹੈ ਉਸ ਨੂੰ ਦੂਸਰੇ ਮਕਾਨ ਅਤੇ ਦੂਸਰੀ ਦੁਕਾਨ ਲਈ ਕੋਈ ਪਲਾਟ ਅਲਾਟ ਨਾ ਕੀਤਾ ਜਾਵੇ । ਜੇ ਉਸ ਦੇ ਰਿਸ਼ਤੇਦਾਰ ਪਾਸ ਕੋਈ ਨਹੀਂ ਹੈ ਤਾਂ ਉਸ ਨੂੰ ਬੇਸ਼ੱਕ ਦਿਤਾ ਜਾਵੇ । ਇਕ ਹੋਰ ਗੱਲ ਮੈਂ ਕਹਿੰਦਾ ਹਾਂ । ਮੇਰੇ ਆਪੋਜ਼ੀਸ਼ਨ ਦੇ ਲੀਡਰ ਨੇ, ਅਕਾਲੀ ਲੀਡਰਾਂ ਨੇ ਬੋਲਦਿਆਂ ਹਰੀਜਨਾਂ ਦੇ ਮੁਤੱਲਕ ਬਹੁਤ ਗੱਲਾਂ ਕੀਤੀਆਂ ਹਨ । ਮੈਂ ਇਕ ਗੱਲ ਤੁਹਾਡੀ ਸੇਵਾ ਵਿਚ ਅਰਜ਼ ਕਰਦਾ ਹਾਂ ਕਿ ਜਦ 1947 ਵਿਚ ਹਿੰਦੁਸਤਾਨ ਦੇ ਦੋ ਪਾਰਟ ਹੋਏ ਸਨ, ਇਕ ਪਾਕਿਸਤਾਨ ਬਣਿਆ ਅਤੇ ਦੂਸਰਾ ਹਿੰਦੁਸਤਾਨ ਬਣਿਆ । ਉਸ ਹਿੰਦੁਸਤਾਨ ਵਿਚੋਂ ਪੰਜਾਬ ਬਣਿਆ । ਇਸ ਪੰਜਾਬ ਵਿਚ ਜੋ ਪਹਿਲੀ ਸਰਕਾਰ ਬਣੀ ਉਸ ਵਿਚ ਸ਼ੈਡਿਊਲਡ

ਕਾਸਟ ਸਿੱਖਾਂ ਨੂੰ ਕੋਈ ਰਿਆਇਤ ਨਹੀਂ ਦਿਤੀ ਗਈ ਸੀ । ਅਕਾਲੀ ਲੀਡਰਾਂ ਨੂੰ ਅਸੀਂ ਅੰਮ੍ਰਿਤਸਰ ਇਕ ਡੈਪੂਟੇਸ਼ਨ ਲੈ ਕੇ ਮਿਲੇ । ਮੇਰੇ ਨਾਲ ਪ੍ਰਧਾਨ ਗੇਂਡਾ ਸਿੰਘ ਸਨ ਅਤੇ ਮੈਂ ਜਨਰਲ ਸੈਕਟਰੀ ਸੀ । ਜਦ ਅਸੀਂ ਉਨ੍ਹਾਂ ਨੂੰ ਮਿਲੇ ਤਾਂ ਅਸੀਂ ਕਿਹਾ ਕਿ ਹਿੰਦੂ ਹਰੀਜਨਾਂ ਨੂੰ ਤਾਂ ਰਿਆਇਤ ਮਿਲ ਗਈ ਹੈ, ਅਤੇ ਉਨ੍ਹਾਂ ਦੇ ਅੱਠ ਮੈਂਬਰ ਹਨ ਉਸ ਵੇਲੇ ਅਚਾਰਿਆ ਪ੍ਰਿਥਵੀ ਸਿੰਘ ਆਜ਼ਾਦ ਪੰਜਾਬ ਦੇ ਵਜ਼ੀਰ ਸਨ ਪਰ ਤੁਸੀਂ ਸਿੱਖਾਂ ਨੂੰ ਰਿਆਇਤ ਕਿਉਂ ਨਹੀਂ ਦਿੰਦੇ । ਸਾਨੂੰ ਉਨ੍ਹਾਂ ਨੇ ਕਿਹਾ ਕਿ ਤੁਹਾਨੂੰ ਦੋ ਰਿਆਇਤਾਂ ਦਿਤੀਆਂ ਹਨ । ਇਕ ਤਾਂ ਇਹ ਕਿ ਤੁਹਾਡੇ ਆਦਮੀ ਆਥੜੀ ਕਰਨ ਅਤੇ ਤੁਹਾਡੀਆਂ ਜ਼ਨਾਨੀਆਂ ਗੋਹਾ ਸੁੱਟਣ । (ਵਿਘਨ) (ਸ਼ੋਰ) ਇਹੋ ਜਿਹੇ ਹਰੀਜਨਾਂ ਨਾਲ ਵਿਹਾਰ ਹੋ ਰਹੇ ਸਨ (ਇਕ ਆਵਾਜ਼: ਇਹ ਬਿਲਕੁਲ ਗਲਤ ਹੈ ।) ਮੈਂ, ਤੁਹਾਡੀ ਸੇਵਾ ਵਿਚ ਅਰਜ਼ ਕਰਦਾ ਹਾਂ ਕਿ 1949 ਦੇ ਵਿਚ ਸ਼ੈਡਿਊਲਡ ਕਾਸਟ ਸਿੱਖਾਂ ਨੇ ਇਕ ਮੋਰਚਾ ਲਾਇਆ........

(ਵਿਘਨ)

ਗਿਆਨੀ ਕੁੰਦਨ ਸਿੰਘ ਪਤੰਗ : ਆਨ ਏ ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਕੀ ਇਨ੍ਹਾਂ ਕੋਲ ਕੋਈ ਲਿਖਤੀ ਸਬੂਤ ਹੈ ?

(ਵਿਘਨ)

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (ਵਿਘਨ) ਸਰਦਾਰ ਗੁਰਮੇਜ ਸਿੰਘ ਜੀ ਤੁਹਾਨੂੰ ਪੰਜ ਮਿੰਟ ਹੋਰ ਮਿਲਣਗੇ । (This is no point of order. (*Interruption*) Sardar Gurmej Singh, there are five minutes more at your disposal.)

ਸਰਦਾਰ ਗੁਰਮੇਜ ਸਿੰਘ : ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਅਰਜ਼ ਕਰਦਾ ਹਾਂ ਕਿ 1949 ਵਿਚ ਪਸਮਾਂਦਾ ਸਿੱਖਾਂ ਨੇ ਇਕ ਤਹਿਰੀਕ ਚਲਾਈ ਕਿ ਸਾਨੂੰ ਕਿਉਂ ਨਹੀਂ ਹੱਕ ਦਿੱਤੇ ਜੋ ਕਿ ਹਿੰਦੂ ਸ਼ੈਡਿਊਲਡ ਕਾਸਟਸ ਨੂੰ ਦਿੱਤੇ ਗਏ ਹਨ । ਉਹ ਸਰਦਾਰ ਪਟੇਲ ਦੇ ਪੇਸ਼ ਹੋਏ। ਉਨ੍ਹਾਂ ਨੇ ਗਿਆਨੀ ਕਰਤਾਰ ਸਿੰਘ ਨੂੰ ਸੱਦਿਆ । ਉਨ੍ਹਾਂ ਨੇ ਇਹ ਪੁੱਛਿਆ ਕਿ ਦੱਸੋ ਜੀ ਤੁਹਾਡੇ ਵਿਚੋਂ ਮਜ਼ਹਬੀ ਸਿੱਖ, ਰਾਮਦਾਸੀਏ ਸਿੱਖ, ਕਬੀਰ ਪੰਥੀ ਸਿੱਖ, ਸਿਗਲੀਗਰ ਸਿੱਖ, ਸਿੱਖਾਂ ਵਿਚੋਂ ਪਸਮਾਂਦਾ ਸ਼੍ਰੇਣੀਆਂ ਹਨ ਜਾਂ ਨਹੀਂ । ਇਹ ਸੰਨ 1949 ਵਿਚ ਗਿਆਨੀ ਕਰਤਾਰ ਸਿੰਘ ਨੇ ਮੰਨਿਆ ਸੀ ਅਤੇ 1952 ਦੀ ਰੀਜ਼ਰਵੇਸ਼ਨ ਵਿਚ ਸਾਨੂੰ ਹੱਕ ਮਿਲੇ । ਮੈਂ ਅਰਜ਼ ਕਰਦਾ ਹਾਂ ਕਿ ਇਕ ਜ਼ਮਾਨਾ ਸੀ ਕਿ ਜਦੋਂ ਇਕ ਮਹਾਨ ਮਨੂੰ ਨੇ..........

(ਵਿਘਨ)

ਸਰਦਾਰ ਧੰਨਾ ਸਿੰਘ ਗੁਲਸ਼ਨ : ਆਨ ਏ ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸਦਾ ਹਾਂ ਕਿ ਉਦੋਂ ਦੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਮਾਸਟਰ ਤਾਰਾ ਸਿੰਘ ਜੀ ਅਨੰਦਪੁਰ ਸਾਹਿਬ ਤੋਂ ਜੱਥਾ ਲੈ ਕੇ ਤੁਰੇ ਅਤੇ ਇਨ੍ਹਾਂ ਨੂੰ ਇਹ ਹੱਕ ਦਿਵਾਏ । (ਵਿਘਨ)

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ । (This is no point of order.)

ਸਰਦਾਰ ਗੁਰਮੇਜ ਸਿੰਘ : ਮੈਂ ਤੁਹਾਡੀ ਸੇਵਾ ਵਿਚ ਅਰਜ਼ ਕਰ ਰਿਹਾ ਸੀ ਕਿ ਇਕ ਯੁਗ ਸੀ ਜਦ ਕਿ ਮਨੂੰ ਜੀ ਨੇ ਮਨੂੰ ਸਿਮਰਤੀ ਵਿਚ ਲਿਖਿਆ ਸੀ ਕਿ ਇਸਤਰੀ ਅਤੇ ਸ਼ੂਦਰ ਸੰਸਾਰ ਵਿਚ ਸਨਮਾਨ ਪ੍ਰਾਪਤ ਨਹੀਂ ਕਰ ਸਕਦੇ । ਮੈਂ ਤੁਹਾਡੀ ਸੇਵਾ ਵਿਚ ਅਰਜ਼ ਕਰਦਾ ਹਾਂ ਕਿ ਅੱਜ ਹਰੀਜਨ ਦਾ ਪੂਰਾ ਸਨਮਾਨ ਕੀਤਾ ਜਾਂਦਾ ਹੈ । ਇਸਤਰੀ ਨੂੰ ਵੀ ਪੂਰਾ ਸਨਮਾਨਿਆਂ ਜਾਂਦਾ ਹੈ । ਹਿੰਦੁਸਤਾਨ ਦੀ ਮਹਾਨ ਦੇਵੀ ਜੋ ਕਿ ਇਕ ਇਸਤਰੀ ਹੈ, ਸ਼੍ਰੀਮਤੀ ਇੰਦਰਾ ਗਾਂਧੀ, ਹਿੰਦੁਸਤਾਨ ਦੇ ਪ੍ਰਧਾਨ ਮੰਤਰੀ, ਜਿਸ ਨੇ ਹਿੰਦੁਸਤਾਨ ਦਾ ਸਨਮਾਨ ਉੱਚਾ ਕੀਤਾ ਹੈ (ਤਾੜੀਆਂ) ਅਤੇ ਇਕ ਹਰੀਜਨ ਜੋ ਕਿ ਡੀਫੈਂਸ ਮਨਿਸਟਰ ਹਨ ਸ੍ਰੀ ਜਗਜੀਵਨ ਰਾਮ ਜੀ ਜਿਸ ਨੇ ਕਿ ਫੌਜ਼ ਦਾ ਮਾਨ ਉਚਾ ਕੀਤਾ ਹੈ (ਤਾੜੀਆਂ) ਮਹਾਤਮਾਂ ਗਾਂਧੀ ਨੇ ਜੋ ਹਰੀਜਨ ਅਤੇ ਇਸਤਰੀ ਨੂੰ ਹੱਕ ਦਿੱਤੇ ਸਨ, ਉਸ ਦੇ ਸਦਕਾ ਹੀ ਅੱਜ ਉਹ ਦੇਵੀ ਇਸ ਸਥਾਨ ਤੇ ਪਹੁੰਚੀ ਹੈ ਅਤੇ ਅੱਜ ਉਹ ਸਾਡੇ ਦੇਸ਼ ਦੀ ਅਗਵਾਈ ਕਰ ਰਹੇ ਹਨ । (ਤਾੜੀਆਂ) ਮੈਂ ਤੁਹਾਡੀ ਸੇਵਾ ਵਿਚ ਕੁਝ ਲੰਬੀਆਂ ਚੌੜੀਆਂ ਗੱਲਾਂ ਕਰਨਾ ਚਾਹੁੰਦਾ ਸੀ ਪਰ ਸਮਾਂ ਥੋੜ੍ਹਾ ਹੋਣ ਕਰਕੇ ਮੈਂ ਜਲਦੀ ਹੀ ਖਤਮ ਕਰਦਾ ਹਾਂ । ਮੈਂ ਇਨ੍ਹਾਂ ਅਕਾਲੀ ਭਾਈਆਂ ਦੀ ਗੱਲ ਕਰਦਾ ਹਾਂ । ਪਿਛਲੇ ਦਿਨਾਂ ਵਿਚ ਜਦ ਇਨ੍ਹਾਂ ਦੀ ਸਰਕਾਰ ਚਲਦੀ ਸੀ ਇਨ੍ਹਾਂ ਦੀ ਸਰਕਾਰ ਕਹਿੰਦੀ ਸੀ ਕਿ ਅਸੀਂ ਧਰਮਸ਼ਾਲਾ ਬਣਾਈਆਂ ਹਨ, ਹਰੀਜਨਾਂ ਵਾਸਤੇ । ਮੈਂ ਕਹਿੰਦਾ ਹਾਂ ਕਿ ਸਰਦਾਰ ਪ੍ਰਤਾਪ ਸਿੰਘ ਕੈਰੋਂ ਜੋ ਕਿ ਕਾਂਗਰਸ ਦੇ ਮੁੱਖ ਮੰਤਰੀ ਸਨ ਉਨ੍ਹਾਂ ਨੇ ਇਕ ਟੈਂਪਰੇਰੀ ਸ਼ੈਡਿਊਲਡ ਕਾਸਟਸ ਟੈਕਸ ਲਾਇਆ ਉਸ ਵਿਚ ਉਨ੍ਹਾਂ ਨੇ 5 ਕਰੋੜ ਰੁਪਿਆ ਇਕੱਠਾ ਕੀਤਾ । ਅਤੇ ਪੰਜ ਕਰੋੜ ਰੁਪਿਆ ਉਨ੍ਹਾਂ ਨੇ ਸਰਕਾਰੀ ਖਜ਼ਾਨੇ ਵਿਚੋਂ ਪਾ ਕੇ ਇਸ ਤਰ੍ਹਾਂ 10 ਕਰੋੜ ਰੁਪਿਆ ਇਕੱਠਾ ਕਰਕੇ ਇਨ੍ਹਾਂ ਨੂੰ ਰੁਜ਼ਗਾਰ ਮੁਹੱਈਆ ਕਰਨ ਵਾਸਤੇ ਦਿੱਤਾ ਗਿਆ। (ਵਿਘਨ) ਮੈਂ ਅਰਜ਼ ਕਰਦਾ ਹਾਂ ਕਿ ਇਹ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ. ਸਾਨੂੰ ਤਾਂ ਇਹ ਪਤਾ ਨਹੀਂ ਲੱਗਦਾ ਕਿ ਇਹ ਜਿਹੜਾ ਸਾਡਾ ਰੁਪਿਆ ਹੈ ਇਹ ਪਤਾ ਨਹੀਂ ਕਿਸ ਵੱਟੇ ਖਾਤੇ ਪਾ ਦਿਤਾ ਹੈ । ਇਹ ਲੱਭਦਾ ਹੀ ਨਹੀਂ ਪਿਆ । ਪਤਾ ਨਹੀਂ ਕਿਧਰ ਚਲਾ ਗਿਆ ਹੈ । ਇਹ ਕਹਿੰਦੇ ਹਨ ਕਿ ਧਰਮਸ਼ਾਲਾਂ ਵਾਸਤੇ ਦਿੱਤਾ ਗਿਆ ਸੀ । (ਵਿਘਨ) ਮਨੂੰ ਜੀ ਨੇ ਅੱਜ ਇਨ੍ਹਾਂ ਦੇ ਦੀਵੇ ਗੁਲ ਕਰ ਦਿੱਤੇ ਹਨ, ਉਹ ਨਜ਼ਰ ਨਹੀਂ ਆਉਂਦੇ । (ਵਿਘਨ) ਇਨ੍ਹਾਂ ਦੇ ਜੋ ਸਾਥੀ ਸਨ, ਜੋ ਅਕਾਲੀਆਂ ਦੇ ਜੋਟੀਦਾਰ ਸਨ (ਵਿਘਨ) ਨਾਲ ਹੀ ਮਰਹੂਮ ਸੰਤ ਜੀ ਵੀ ਤੁਰ ਗਏ। (ਵਿਘਨ) (ਸ਼ੋਰ) ਮੇਰੇ ਅਕਾਲੀ ਭਾਈਆਂ ਨੇ ਪਿਛਲੀ ਵਜ਼ਾਰਤ ਵਿਚ........ ।

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੇਰੇ ਇਕ ਸਾਥੀ ਸਰਦਾਰ ਗੁਰਮੇਜ ਸਿੰਘ ਨੇ ਸੰਤ ਫਤਹ ਸਿੰਘ ਦੇ ਬਾਰੇ 'ਮਰਹੂਮ' ਲਫਜ਼ ਕਿਹਾ ਹੈ, ਮੈਂ ਸਮਝਦਾ ਹਾਂ ਕਿ ਇਹ ਲਫਜ਼ ਇਨ੍ਹਾਂ ਨੂੰ ਵਾਪਸ ਲੈਣਾ ਚਾਹੀਦਾ ਹੈ । (ਵਿਘਨ) (ਸ਼ੋਰ)

ਸਰਦਾਰ ਗੁਰਮੇਜ ਸਿੰਘ : ਮੈਂ, ਡਿਪਟੀ ਸਪੀਕਰ ਸਾਹਿਬ, ਪੋਲੀਟੀਕਲ ਮਰਹੂਮ ਕਿਹਾ ਹੈ, ਮੇਰਾ ਖਿਆਲ ਹੈ ਕਿ ਇਸ ਦੇ ਵਿਚ ਕੋਈ ਹਰਜ ਨਹੀਂ ।

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੈਂ ਫਿਰ ਬੇਨਤੀ ਕਰਾਂਗਾਂ ਕਿ ਤੁਸੀਂ ਇਸ ਮਹਾਨ ਕੁਰਸੀ ਤੇ ਬਿਰਾਜਮਾਨ ਹੋ ਔਰ ਮੈਂ ਇਹ ਆਸ ਕਰਦਾ ਹਾਂ ਕਿ

ਤੁਸੀਂ ਉਨ੍ਹਾਂ ਨੂੰ ਇਹ 'ਮਰਹੂਮ' ਲਫ਼ਜ਼ ਵਾਪਸ ਲੈਣ ਲਈ ਕਹੋਗੇ ਔਰ ਇਹ ਲਫ਼ਜ਼ ਉਨ੍ਹਾਂ ਤੋਂ ਵਾਪਸ ਕਰਵਾਓਗੇ । (ਵਿਘਨ)

ਸ੍ਰੀ ਡਿਪਟੀ ਸਪੀਕਰ : ਸਰਦਾਰ ਗੁਰਮੇਜ ਸਿੰਘ ਜੀ, ਇਹ 'ਮਰਹੂਮ' ਦਾ ਲਫ਼ਜ਼ ਵਾਪਸ ਲਓ । (ਵਿਘਨ) (Sardar Gurmej Singh Jee, please withdraw the word 'Marhoom'.) (*Interruption*)

ਸਰਦਾਰ ਗੁਰਮੇਜ ਸਿੰਘ : ਮਰ ਗਿਆ ਵਾਸਤੇ ਅਗਰ ਕਿਹਾ ਗਿਆ ਹੈ ਤਾਂ ਉਹ ਮੈਂ6 ਵਾਪਸ ਲੈਂਦਾ ਹਾਂ ਪਰ ਸਿਆਸੀ ਮੌਤ ਦਾ ਮੇਰਾ ਖ਼ਿਆਲ ਹੈ ਦਲਣ ਦੇਣਾ ਚਾਹੁੰਦਾ ਹੈ। (ਵਿਘਨ)

ਤੇ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਕ ਸਮਾਂ ਐਸਾ ਆਇਆ ਜਦੋਂ ਇਥੇ ਅਕਾਲੀਆਂ ਦੀ ਸਰਕਾਰ ਸੀ । ਉਸ ਅਕਾਲੀ ਸਰਕਾਰ ਨੇ ਆਪਣੇ ਵੇਲੇ ਇਕ ਰੇਟ ਲਿਸਟ ਲਿਖ ਕੇ ਲਾ ਦਿਤੀ ਸੀ। ਕਿਸੀ ਡਾਕਟਰ ਨੇ ਬਦਲੀ ਕਰਾਉਣੀ ਹੈ ਇਤਨੀ ਫੀਸ ਦੇ ਦਿਓ, ਕਿਸੇ ਡਿਪਟੀ ਨੇ ਬਦਲੀ ਕਰਾਉਣੀ ਹੈ, ਇਤਨੀ ਫੀਸ ਦੇ ਦਿਓ, ਕਿਸੇ ਕੈਪਟਨ ਨੇ ਕਿਥੇ ਜਾਣਾ ਹੈ ਇਤਨੀ ਫੀਸ ਦੇ ਦਿਓ, ਕਿਸੇ ਥਾਣੇਦਾਰ ਨੇ ਕਿਥੇ ਜਾਣਾ ਹੈ, ਕਿਸੇ ਸਿਵਲ ਸਪਲਾਈ ਅਫ਼ਸਰ ਨੇ ਕਿਸ ਜਗ੍ਹਾ ਜਾਣਾ ਹੈ ਜਾਂ ਕਿਸੀ ਹੋਰ ਅਫਸਰ ਨੇ ਕਿਸੀ ਚੰਗੀ ਜਗ੍ਹਾ ਜਾਣਾ ਹੈ ਉਨ੍ਹਾਂ ਸਾਰਿਆਂ ਵਾਸਤੇ ਵਖਰੀ ਵਖਰੀ ਫੀਸ ਮੁਕੱਰਰ ਕੀਤੀ ਹੋਈ ਸੀ। ਜਿਥੇ ਜਿਥੇ ਕਿਸੇ ਨੇ ਜਾਣਾ ਹੈ ਉਸ ਮੁਤਾਬਕ ਫੀਸ ਦੇ ਦੇਵੇ ਤੇ ਚਲਾ ਜਾਵੇ । ਸੋ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੀ ਰਾਹੀਂ ਇਹ ਅਰਜ਼ ਕਰ ਦੇਣੀ ਚਾਹੁੰਦਾ ਹਾਂ ਕਿ ਇਹ ਜੋ ਪੰਜਾਬ ਦੀ ਐਡਮਿਨਿਸਟਰੇਸ਼ਨ ਖਰਾਬ ਕਰਨ ਦੀ ਜ਼ਿੰਮੇਵਾਰੀ ਹੈ ਇਹ ਜ਼ਿੰਮੇਂਵਾਰੀ ਅਕਾਲੀ ਸਰਕਾਰ ਤੇ ਆਉਂਦੀ ਹੈ ਨਾ ਕਿ ਵਿਚਾਰੇ ਅਫਸਰਾਂ ਤੇ ਜਿਨ੍ਹਾਂ ਨੂੰ ਐਵੇਂ ਬਦਨਾਮ ਕੀਤਾ ਜਾ ਰਿਹਾ ਹੈ। ਕਿਉਂਕਿ ਇਹ ਅਫਸਰਾਂ ਨੂੰ ਆਪ ਕਹਿੰਦੇ ਸਨ ਕਿ ਇਤਨੇ ਪੈਸੇ ਭਰ ਕੇ ਦੇਵੋ, ਉਹ ਪੈਸੇ ਕਿਥੋਂ ਪੂਰੇ ਕਰਦੇ ? ਉਹ ਪੈਸੇ ਇਨ੍ਹਾਂ ਦੇ ਰਾਹੀਂ ਹੀ ਪੂਰੇ ਕਰਕੇ ਇਨ੍ਹਾਂ ਨੂੰ ਦਿੰਦੇ ਸਨ । ਸੋ ਇਹ ਤਾਂ ਸੀ ਇਨ੍ਹਾਂ ਦੀ ਕਲੀਨ ਐਡਮਿਨਿਸਟਰੇਸ਼ਨ ਜਿਸ ਦਾ ਜ਼ਿਕਰ ਇਹ (ਅਪੋਜ਼ੀਸ਼ਨ ਵਲ ਇਸ਼ਾਰਾ) ਕਰਦੇ ਹਨ ।

ਫਿਰ, ਡਿਪਟੀ ਸਪੀਕਰ ਸਾਹਿਬ, ਹਰੀਜਨਾਂ ਦੇ ਮਸਲਿਆਂ ਬਾਰੇ ਇਨ੍ਹਾਂ ਨੇ ਕਾਫੀ ਕੁਝ ਕਿਹਾ ਹੈ। ਮੈਂ ਤੁਹਾਡੀ ਰਾਹੀਂ ਇਹ ਅਰਜ਼ ਕਰ ਦੇਣੀ ਚਾਹੁੰਦਾ ਹਾਂ ਕਿ, ਇਨ੍ਹਾਂ ਦੀ ਹਕੂਮਤ ਵੇਲੇ, ਲੁਧਿਆਣੇ ਵਿਚ ਜਿਹੜੀਆਂ ਜ਼ਮੀਨਾਂ ਹਰੀਜਨਾਂ ਨੇ ਆਬਾਦ ਕੀਤੀਆਂ ਸਨ, ਰਾਤੋ ਰਾਤ ਇਨ੍ਹਾਂ ਦੇ ਟਰੈਕਟਰ ਲਿਜਾ ਕੇ ਉਨ੍ਹਾਂ ਦੇ ਕੋਠੇ ਢਾਹ ਕੇ ਉਨ੍ਹਾਂ ਵਿਚਾਰਿਆਂ ਦੀਆਂ ਜਿਹੜੀਆਂ ਜ਼ਮੀਨਾਂ ਸਨ ਉਹ ਵਾਹ ਕੇ ਉਨ੍ਹਾਂ ਗਰੀਬ ਹਰੀਜਨਾਂ ਨੂੰ ਇਨ੍ਹਾਂ ਨੇ ਘਰੋਂ ਬੇਘਰ ਕਰ ਦਿਤਾ, ਉਨ੍ਹਾਂ ਨੂੰ ਉਜਾੜ ਦਿਤਾ। ਇਹ ਸੀ ਇਨ੍ਹਾਂ ਦਾ ਹਰੀਜਨ ਕਲਿਆਣ ਜਿਸ ਦੀਆਂ ਅੱਜ ਇਹ ਗੱਲਾਂ ਕਰਦੇ ਹਨ (ਘੰਟੀ)

ਡਿਪਟੀ ਸਪੀਕਰ ਸਾਹਿਬ, ਪੰਜ ਮਿੰਟ ਹੋਰ ਲਵਾਂਗਾ ਜੀ। ਫਿਰ ਮੈਂ ਅਪਣੀ ਸਪੀਚ ਖਤਮ ਕਰ ਦਿਆਂਗਾ (ਵਿਘਨ)

ਸ੍ਰੀ ਡਿਪਟੀ ਸਪੀਕਰ : ਤੁਹਾਡਾ ਸਮ੍ਹਾਂ ਪੂਰਾ ਹੋ ਗਿਆ ਹੈ। (ਵਿਘਨ) (Your time is over please.) (*Interruption*)

ਸਰਦਾਰ ਗੁਰਮੇਜ ਸਿੰਘ : ਬਸ ਜੀ ਦੋ ਤਿੰਨ ਮਿੰਟ ਵਿਚ ਹੀ ਮੁਕਾ ਦਿੰਦਾ ਹਾਂ। (ਵਿਘਨ) ਤੇ, ਡਿਪਟੀ ਸਪੀਕਰ ਸਾਹਿਬ, ਇਥੇ ਹੁਣ ਇਹ ਆਖਦੇ ਹਨ ਕਿ ਅਸੀਂ ਬੜੇ ਦੇਸ਼ ਹਿਤੈਸ਼ੀ ਹਾਂ। ਮੈਂ ਇਕ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮੈਂ ਇਕ ਵਾਰੀ ਬਾਰਡਰ ਦੇ ਪਿੰਡਾਂ ਵਲ ਗਿਆ ਸੀ ਤਾਂ ਉਸ ਵੇਲੇ ਦੇਸ਼ ਦੀਆਂ ਫੌਜਾਂ, ਦੇਸ਼ ਦੇ ਜਵਾਨ, ਦੇਸ਼ ਦੇ ਸੂਰਬੀਰ ਬਹਾਦਰ ਬਾਰਡਰ ਵਲ ਨੂੰ ਜਾ ਰਹੇ ਸਨ। ਦੇਸ਼ ਦੀਆਂ ਫੌਜਾਂ, ਦੇਸ਼ ਦੇ ਜਵਾਨ ਬਾਰਡਰ ਦੀ ਉਸ ਵੇਲੇ ਹਿਫਾਜ਼ਤ ਲਈ ਜਾ ਰਹੇ ਸਨ, ਪਾਕਿਸਤਾਨ ਦੀਆਂ ਫੌਜਾਂ ਦਾ ਟਾਕਰਾ ਕਰਨ ਜਾ ਰਹੀਆਂ ਸਨ, ਪਾਕਿਸਤਾਨ ਦਾ ਸਫ਼ਾਇਆ ਕਰਨ ਜਾ ਰਹੀਆਂ ਸਨ ਪਰ ਮੇਰੇ ਇਹ ਸਜਣ (ਆਪੋਜ਼ੀਸ਼ਨ ਬੈਂਚਾਂ ਵਲ ਇਸ਼ਾਰਾ ਕਰਦੇ ਹੋਏ) ਢੋਲਕੀਆਂ ਛੈਣੇ ਖੜਕਾਈ ਦਿਲੀ ਵਲ ਨੂੰ ਜਾ ਰਹੇ ਸਨ। ਇਹ ਤਾਂ ਇਨ੍ਹਾਂ ਦੀ ਦੇਸ਼ ਭਗਤੀ ਹੈ? ਮੈਂ ਇਕ ਜਥੇਦਾਰ ਨੂੰ ਪੁਛਿਆ ਕਿ ਭਾਈ ਕਿਧਰ ਨੂੰ ਜਾ ਰਹੇ ਹੋ ਤਾਂ ਉਹ ਕਹਿਣ ਲਗਾ ਕਿ ਅਸੀਂ ਦਿਲੀ ਦੇ ਗੁਰਦੁਆਰੇ ਆਜ਼ਾਦ ਕਰਾਉਣ ਲਈ ਜਾ ਰਹੇ ਹਾਂ। ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਦਿਲੀ ਦੇ ਗੁਰਦੁਆਰੇ ਕੈਦ ਹਨ ਜਾਂ ਕਿ ਇਹ ਗੁਰਦੁਆਰੇ—ਨਨਕਾਣਾ ਸਾਹਿਬ, ਪੰਜਾ ਸਾਹਿਬ, ਗੁਰਦੁਆਰਾ ਡੇਰਾ ਸਾਹਿਬ–ਕੈਦ ਹਨ। ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਜੇ ਤੁਸੀਂ ਸਹੀ ਮਾਹਨਿਆਂ ਵਿਚ ਦੇਸ਼ ਦੇ ਹਿਤੈਸ਼ੀ ਹੋ, ਦੇਸ਼ ਭਗਤ ਹੋ ਤਾਂ ਆਓ ਜਿਹੜੇ ਗੁਰਦੁਆਰੇ ਸਾਡੇ ਨਨਕਾਣਾ ਸਾਹਿਬ, ਪੰਜਾ ਸਾਹਿਬ ਔਰ ਡੇਰਾ ਸਾਹਿਬ ਆਦਿ ਕੈਦ ਹਨ ਉਨ੍ਹਾਂ ਨੂੰ ਆਜ਼ਾਦ ਕਰਾਈਏ। ਦਿਲੀ ਵਲ ਨੂੰ ਕਾਹਦੇ ਲਈ ਭਜੇ ਜਾਂਦੇ ਹੋ ? ਡਿਪਟੀ ਸਪੀਕਰ ਸਾਹਿਬ, ਮਨਸ਼ਾਂ ਤਾਂ ਇਨ੍ਹਾਂ ਦਾ ਇਹ ਸੀ ਅੰਮ੍ਰਿਤਸਰ ਦੇ ਜ਼ਿਲੇ ਵਿਚੋਂ ਫੀਰੋਜ਼ਪੁਰ ਦੇ ਜ਼ਿਲ੍ਹੇ ਵਿਚ ਔਰ ਗੁਰਦਾਸ ਪੁਰ ਦੇ ਜ਼ਿਲ੍ਹੇ ਵਿਚ ਜਿਹੜੇ ਕਿ ਬਾਰਡਰ ਦੇ ਜ਼ਿਲ੍ਹੇ ਹਨ, ਇਨ੍ਹਾਂ ਵਿਚੋਂ ਨਿਕਲ ਜਾਈਏ ਔਰ ਆਪਣੀਆਂ ਜਾਨਾਂ ਨੂੰ ਬਚਾਈਏ ਤੇ ਦਿੱਲੀ ਵਲ ਨੂੰ ਭਜ ਜਾਈਏ। ਇਨ੍ਹਾਂ ਦਾ ਹੋਰ ਕੋਈ ਮਨਸ਼ਾ ਨਹੀਂ ਸੀ, ਸਿਰਫ ਆਪਣੀਆਂ ਜਾਨਾਂ ਬਚਾਉਣ ਲਈ ਇਹ ਕੁਝ ਕੀਤਾ ਗਿਆ। (ਥੰਪਿੰਗ)

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਇਕ ਹੋਰ ਅਰਜ਼ ਤੁਹਾਡੀ ਸੇਵਾ ਵਿਚ ਕਰਨਾ ਚਾਹੁੰਦਾ ਹਾਂ ਕਿ ਗੁਰੂ ਮਹਾਰਾਜ ਗੁਰੂ ਗੋਬਿੰਦ ਸਿੰਘ ਜੀ ਸਭ ਦੇ ਸਾਂਝੇ ਸਨ। ਇਕ ਵਾਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਉਨ੍ਹਾਂ ਦਾ ਸਿੱਖ ਸੀ ਔਰ ਉਹ ਤਿਆਰੀ ਵਿਚ ਸਨ। ਕਿਸੇ ਨੇ ਪੁਛਿਆ ਕਿ ਮਹਾਰਾਜ ਤੁਸੀਂ ਮੈਨੂੰ ਇਕ ਗੱਲ ਦਸੋ ਕਿ ਇਹ ਸ਼ਸਤਰ ਬਸਤਰ ਔਰ ਸਿੰਘ ਕਾਹਦੇ ਲਈ ਹਨ ਤਾਂ ਉਨ੍ਹਾਂ ਨੇ ਫਰਮਾਇਆ ਕਿ ਇਹ ਗਰੀਬ ਦੀ ਔਰ ਗਊ ਦੀ ਰਾਖੀ ਲਈ ਹਨ। ਗਰੀਬ ਦੀ ਔਰ ਗਊ ਦੀ ਰਾਖੀ ਲਈ ਉਨ੍ਹਾਂ ਨੇ ਸਭ ਕੁਝ ਕੀਤਾ। ਗੁਰੂ ਗੋਬਿੰਦ ਸਿੰਘ ਜੀ ਦਾ ਮਿਸ਼ਨ ਸਾਂਝੀਵਾਲਤਾ ਸੀ। ਉਹ ਸਭ ਦੇ ਸਾਂਝੇ ਗੁਰੂ ਸਨ। ਉਨ੍ਹਾਂ ਨੇ ਕਦੇ ਨਹੀਂ ਕਿਹਾ ਮੈਂ ਕਿ ਸਿੱਖਾਂ ਦਾ ਗੁਰੂ ਹਾਂ, ਉਨ੍ਹਾਂ ਨੇ ਇਹ ਕਦੇ ਨਹੀਂ ਕਿਹਾ ਕਿ ਮੈਂ ਅਕਾਲੀਆਂ ਦਾ ਗੁਰੂ ਹਾਂ। ਇਹੋ ਮਿਸ਼ਨ ਜੋ ਗੁਰੂ ਗੋਬਿੰਦ ਸਿੰਘ ਜੀ ਦਾ ਸੀ ਉਹ ਬਾਪੂ ਗਾਂਧੀ ਜੀ ਨੇ ਅਪਨਾਇਆ ਔਰ ਹਿੰਦੂ, ਸਿੱਖ, ਮੁਸਲਿਮ, ਇਸਾਈ ਸਭ ਨੂੰ ਇਕਠਾ ਕੀਤਾ......... (ਵਿਘਨ)

ਇਕ ਆਵਾਜ਼ : ਮਹਾਤਮਾ ਗਾਂਧੀ ਨੇ ਪਾਕਿਸਤਾਨ ਵੀ ਬਣਾਇਆ ਸੀ। (ਵਿਘਨ)

ਸਰਦਾਰ ਗੁਰਮੇਜ ਸਿੰਘ : ਅੱਜ ਇਹ ਮੇਰੇ ਭਾਈ ਗੱਲਾਂ ਕਰਦੇ ਹਨ । (ਵਿਘਨ) ਡਿਪਟੀ ਸਪੀਕਰ ਸਾਹਿਬ, ਜਦੋਂ ਸਾਡੀ ਪਾਕਿਸਤਾਨ ਨਾਲ ਪਹਿਲਾਂ ਲੜਾਈ ਹੋਈ ਤਾਂ ਇਨ੍ਹਾਂ ਨੇ ਪਹਿਲਾ ਮੋਰਚਾ ਲਾਇਆ, ਜਦੋਂ ਸਾਡੀ ਚੀਨ ਨਾਲ ਲੜਾਈ ਹੋਈ ਤਾਂ ਇਨ੍ਹਾਂ ਨੇ ਦੂਸਰਾਂ ਮੋਰਚਾ ਲਾਇਆ ਔਰ ਜਦੋਂ ਸਾਡੀ ਫਿਰ ਲੜਾਈ ਪਾਕਿਸਤਾਨ ਨਾਲ ਹੋਈ ਤਾਂ ਇਨ੍ਹਾਂ ਨੇ ਤੀਸਰਾ ਮੋਰਚਾ ਲਾਇਆ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੀ ਰਾਹੀਂ, ਪੰਜਾਬ ਸਰਕਾਰ ਨੂੰ, ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਨੂੰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਅਕਾਲੀਆਂ ਦਾ ਚਾਲ ਚਲਨ ਤਸਦੀਕ ਕਰਾਓ ਕਿ ਕਿਧਰੇ ਇਹ ਪਾਕਿਸਤਾਨ ਨਾਲ ਮਿਲੇ ਹੋਏ ਤਾਂ ਨਹੀਂ । ਜਦੋਂ ਵੀ ਪਾਕਿਸਤਾਨ ਨਾਲ ਲੜਾਈ ਲਗਦੀ ਹੈ, ਇਹ ਮੋਰਚਾ ਲਾਕੇ ਬਹਿ ਜਾਂਦੇ ਹਨ । (ਵਿਘਨ)(ਸ਼ੋਰ)

ਡਿਪਟੀ ਸਪੀਕਰ ਸਾਹਿਬ, ਇਥੇ ਹੀ ਬਸ ਨਹੀਂ ਮੈਂ ਤੁਹਾਡੀ ਸੇਵਾ ਵਿਚ ਕੁਝ ਐਸੀਆਂ ਗੱਲਾਂ ਕਰਨਾ ਚਾਹੁੰਦਾ ਹਾਂ ਜੋ ਇਥੇ ਹਾਊਸ ਵਿਚ ਦਸਣੀਆਂ ਜ਼ਰੂਰੀ ਹਨ। ਇਹ ਆਪਣੇ ਆਪ ਨੂੰ ਬੜੇ ਦੇਸ਼ ਹਿਤੈਸ਼ੀ ਦਸਦੇ ਹਨ । ਡਿਪਟੀ ਸਪੀਕਰ ਸਾਹਿਬ, ਜਦੋਂ ਸਾਡੇ ਦੇਸ਼ ਦੀ ਪ੍ਰਧਾਨ ਮੰਤਰੀ ਹਿੰਦੁਸਤਾਨ ਤੋਂ ਬਾਹਰ, ਹਿੰਦੁਸਤਾਨ ਦਾ ਕਾਜ਼ ਪਲੀਡ ਕਰਨ ਜਾ ਰਹੀ ਸੀ, ਹਿੰਦੁਸਤਾਨ ਦੀ ਰਹਿਬਰੀ ਕਰਨ ਜਾ ਰਹੀ ਸੀ ਤਾਂ ਉਦੋਂ ਡਾਕਟਰ ਜਗਜੀਤ ਸਿੰਘ ਜੋ ਸ਼ਰੋਮਣੀ ਅਕਾਲੀ ਦਲ ਦਾ ਜਨਰਲ ਸਕੱਤਰ ਸੀ ਉਸਨੇ ਕਿਹਾ ਕਿ ਅਸੀਂ ਸਿਖ ਹੋਮ ਲੈਂਡ ਬਣਾਵਾਂਗੇ ਔਰ ਸਿਖ ਹੋਮ ਲੈਂਡ ਬਣਾਉਣ ਦਾ ਬਾਹਰਲੇ ਮੁਲਕ ਵਿਚ ਨਾਹਰਾ ਦਿਤਾ। ਅੱਜ ਇਹ ਦੇਸ਼ ਹਿਤੈਸ਼ੀ ਹੋਣ ਦੀਆਂ ਗਲਾਂ ਕਰਦੇ ਹਨ । ਡਿਪਟੀ ਸਪੀਕਰ ਸਾਹਿਬ, ਮੈਂ ਇਕ ਗਲ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅੰਗਰੇਜਾਂ ਵੇਲੇ ਹਿੰਦੁਸਤਾਨ ਦੀਆਂ ਅੱਡ ਅੱਡ ਸਟੇਟਾਂ ਸਨ । ਬੰਗਾਲ ਵਿਚ ਲੜਾਈ ਹੁੰਦੀ ਤਾਂ ਬੰਗਾਲੀ ਲੜਦੇ, ਮਹਾਰਾਸ਼ਟਰਾ ਵਿਚ ਹੁੰਦੀ ਤਾਂ ਉਹ ਲੜਦੇ ਇਸ ਤਰ੍ਹਾਂ ਅੱਡ ਅੱਡ ਸਮੇਂ ਅੱਡ ਅੱਡ ਲੜਾਈਆਂ ਲੜੀਆਂ ਇਸ ਕਰਕੇ ਗ਼ੁਲਾਮੀ ਆਈ ਸੀ । ਅੱਜ ਅਗਰ ਹਿੰਦੁਸਤਾਨ ਦੀ ਜਿੱਤ ਹੋਈ ਹੈ ਤਾਂ ਸਿਰਫ ਇਸ ਕਰਕੇ ਹੋਈ ਹੈ ਕਿ ਅੱਜ ਨਾ ਹਿੰਦੂ ਲੜੇ ਨਾ ਸਿੱਖ ਲੜੇ, ਨਾ ਮੁਸਲਮਾਨ ਲੜੇ ਔਰ ਨਾ ਇਸਾਈ ਹੀ ਲੜੇ, ਅੱਜ ਜੇ ਲੜੇ ਤਾਂ ਸਾਰੇ ਹਿਦੁਸਤਾਨੀ ਲੜੇ ਹਿੰਦੁਸਤਾਨ ਸਾਰੀ ਇਕ ਕੌਮ ਹੋਕੇ ਲੜੀ ਤਾਂ ਜਾ ਕੇ ਹਿੰਦੁਸਤਾਨ ਦੀ ਜਿਤ ਹੋਈ ਹੈ । (ਤਾੜੀਆਂ) ਮੈਂ ਅਕਾਲੀਆਂ ਨੂੰ ਪੁਛਣਾ ਚਾਹੁੰਦਾ ਹਾਂ ਕਿ ਇਹ ਕਿਉਂ ਖਾਲਿਸਤਾਨ ਚਾਹੁੰਦੇ ਹਨ ? ਫਿਰ ਮਹਾਰਾਸ਼ਟਰ ਵਾਲੇ, ਬੰਗਾਲ ਵਾਲੇ. ਮਧ ਪ੍ਰਦੇਸ਼ ਔਰ ਰਾਜਿਸਥਾਨ ਵਾਲੇ ਔਰ ਹੋਰ ਬਾਕੀ ਦੀਆਂ ਸਟੇਟਾਂ ਇਸੇ ਤਰ੍ਹਾਂ ਅੱਡ ਹੋਣ ਲਈ ਸੋਚਣਗੀਆਂ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਦੇਸ਼ ਨੂੰ ਮੁੜਕੇ ਗੁਲਾਮ ਬਣਾਉਣ ਦੀ ਸੋਚਦੇ ਹਨ ਇਹ ਕਿਥੋਂ ਦੀ ਦੇਸ਼ ਭਗਤੀ ਹੈ ? (ਵਿਘਨ)

ਫਿਰ ਡਿਪਟੀ ਸਪੀਕਰ ਸਾਹਿਬ, ਇਥੇ ਪੰਜਾਬੀ ਸੂਬੇ ਦਾ ਮਿਸ਼ਨ ਚਲਦਾ ਸੀ। ਪੰਜਾਬੀ ਸੂਬੇ ਦੇ ਮਿਸ਼ਨ ਵੇਲੇ ਇਨ੍ਹਾਂ ਨੇ (ਆਪੋਜ਼ੀਸ਼ਨ ਵਲ ਇਸ਼ਾਰਾ) ਸਿੱਖਾਂ ਨੂੰ ਕਿਹਾ ਕਿ ਸਾਨੂੰ ਹਿੰਦੂਆਂ ਤੋਂ ਖਤਰਾ ਹੈ ਔਰ ਮੇਰੇ ਜਨਸੰਘ ਭਾਈਆਂ ਨੇ ਜੋ ਇਥੇ ਆਏ ਨਹੀਂ, ਜਿਨ੍ਹਾਂ ਦਾ ਚਿਰਾਗ ਗੁਲ ਹੋ ਚੁਕਾ ਹੈ ਉਹ ਕਹਿੰਦੇ ਸਨ ਕਿ ਹਿੰਦੂਆਂ ਨੂੰ ਸਿੱਖਾਂ ਤੋਂ ਖਤਰਾ ਹੈ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਅਕਾਲੀ ਔਰ ਜਨਸੰਘ ਦੀ ਸਰਕਾਰ ਬਣੀ ਔਰ ਇਨ੍ਹਾਂ ਨੇ ਅੰਦਰ ਖਾਤੇ ਕਈ ਗਲਾਂ ਕੀਤੀਆਂ, ਮੈਂ ਤਾਂ ਇਹ ਕਹਿੰਦਾ ਹਾਂ ਕਿ ਜਦੋਂ ਕੋਈ ਮੁੰਡਾ ਕੁੜੀ ਆਪਸ ਵਿਚ ਰਜ਼ਾਮੰਦ ਹੋ ਜਾਂਦੇ ਹਨ ਤਾਂ ਉਹ ਲਵ ਮੈਰਿਜ ਕਰ ਲੈਂਦੇ ਹਨ, ਇਨ੍ਹਾਂ ਨੇ ਲਵ ਮੈਰਿਜ ਆਪਸ ਵਿਚ ਕਰ ਲਈ ਔਰ ਸਰਕਾਰ ਬਣਾਈ, ਉਸ ਵੇਲੇ ਹਿੰਦੂ ਸਿੱਖ ਦਾ ਖੱਤਰਾ....

(ਵਿਘਨ)

ਸਰਦਾਰ ਰਣਧੀਰ ਸਿੰਘ ਚੀਮਾ: ਆਨ ਏ ਪ੍ਰਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਹੁੰਦਾ ਹਾਂ ਕਿ ਅਸੀਂ ਅਗਰ ਜਨਸੰਘ ਨਾਲ ਸ਼ਾਦੀ ਕਰਾਈ ਤਾਂ ਇਨ੍ਹਾਂ ਨੇ ਲਾਲ ਝੰਡੀਆਂ ਵਾਲਿਆਂ ਨਾਲ ਸ਼ਾਦੀ ਕਰਵਾ ਲਈ ਹੈ ।

(ਵਿਘਨ) (ਸ਼ੋਰ)

ਸਰਦਾਰ ਗੁਰਮੇਜ ਸਿੰਘ: ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਡੀ ਮਾਰਫਤ ਇਹ ਪ੍ਰਆਇੰਟ ਆਫ ਆਰਡਰ ਕਰਨ ਵਾਲਿਆਂ ਨੂੰ ਗਿਆਨ ਇਸ ਕਰਕੇ ਦੇਣ ਲਗਾ ਹਾਂ ਕਿ ਇਹ ਦੀਵੇ ਗੁਲ ਹੋਣ ਨਾਲ ਸੰਤ ਜੀ ਵੀ ਤੁਰ ਗਏ, ਕਿਉਂਕਿ ਲੱਵ ਮੈਰਿਜ ਦਾ ਸੁਆਦ ਅਡੋ ਅਡ ਰਹਿ ਕੇ ਨਹੀਂ ਰਹਿੰਦਾ । ਉਨ੍ਹਾਂ ਦੀ ਦੇਸ਼ ਭਗਤੀ ਦੀ ਨਾ ਇਥੇ ਹਿੰਦੀ ਰਹਿ ਗਈ ਹੈ, ਨਾ ਹਿੰਦੁਸਤਾਨ ਰਹਿ ਗਿਆ ਹੈ, ਨਾ ਹਿੰਦੂਆਂ ਦਾ ਸਨਮਾਨ ਰਹਿ ਗਿਆ ਹੈ, ਨਾ ਸਿਖਇਜ਼ਮ ਰਹਿ ਗਿਆ ਹੈ। ਨਾ ਪੰਜਾਬ ਦੀ ਪੰਜਾਬੀਅਤ ਰਹਿ ਗਈ । ਰਹਿ ਗਏ ਡਾਕਟਰ ਬਲਦੇਵ ਪ੍ਰਕਾਸ਼ ਅਤੇ ਟੰਡਨ ਸਾਹਿਬ ਜਿਨ੍ਹਾਂ ਨਾਲ ਇਹ ਰਲਕੇ ਸਰਕਾਰ ਚਲਾਉਣ ਲਗ ਪਏ ਸਨ ।

(ਇਸ ਵਕਤ ਸ਼੍ਰੀ ਸਪੀਕਰ ਕੁਰਸੀ ਤੇ ਬਿਰਾਜਮਾਨ ਹੋਏ)

ਮੈਂ, ਸਪੀਕਰ ਸਾਹਿਬ, ਤੁਹਾਡੀ ਮਾਰਫ਼ਤ ਹਾਊਸ ਵਿਚ ਅਰਜ਼ ਕਰਦਾ ਹਾਂ ਕਿ ਜੋ ਲੋਕਾਂ ਦਾ ਇੱਕਠਾ ਕੀਤਾ ਹੋਇਆ ਧੰਨ ਸੀ। ਜੋ ਇਮਾਰਤਾਂ ਬਣੀਆਂ ਹੋਈਆਂ ਸਨ, ਜੋ ਰੇਲਵੇ ਲਾਇਨਾਂ ਸਨ, ਇਨ੍ਹਾਂ ਨੇ ਉਸ ਵੇਲੇ ਸ਼ਹਿਰਾਂ ਵਿਚ ਅੱਗਾਂ ਲਾਉਣੀਆਂ ਸ਼ੁਰੂ ਕਰ ਦਿਤੀਆਂ, ਇਨ੍ਹਾਂ ਨੇ ਭੜਥੂ ਪਾ ਦਿਤਾ । ਇਨ੍ਹਾਂ ਨੇ ਸਰਕਾਰੀ ਇਮਾਰਤਾਂ, ਹਸਪਤਾਲ ਸਾੜੇ । ਇਸ ਤੋਂ ਇਲਾਵਾ ਕ੍ਰਾਂਤੀ ਕੁਮਾਰ. ਜੋ ਇਕ ਦੇਸ਼ ਭਗਤ ਸੀ ਇਨ੍ਹਾਂ ਨੇ ਉਸ ਨੂੰ ਪਾਨੀਪਤ ਵਿਚ ਦੁਕਾਨ ਦੇ ਅੰਦਰ ਬੰਦ ਕਰਕੇ ਸਾੜ ਦਿਤਾ । ਮੈਂ, ਸਮਾਂ ਜ਼ਿਆਦਾ ਨਾ ਲੈਂਦਾ ਹੋਇਆ ਤੁਹਾਡਾ ਆਰਡਰ ਮੰਨਦਾ ਹਾਂ ਕਿਉਂਕਿ ਫਿਰ ਵੀ ਸਮਾਂ ਲੈਣਾ ਹੈ, ਇਸ ਲਈ ਮੈਂ ਆਖਰੀ ਅਰਜ ਕਰਦਾ ਹਾਂ ਕਿ ਮੈਨੂੰ ਤਾਂ ਇਨ੍ਹਾਂ ਦੀ ਦੇਸ਼ ਭਗਤੀ ਤੇ ਸ਼ਕ ਹੈ, ਇਨ੍ਹਾਂ ਦੇ ਦੇਸ਼ ਵਾਸੀ ਹੋਣ ਤੇ ਵੀ ਸ਼ਕ ਹੈ । ਇਹ ਪਾਕਿਸਤਾਨ ਨਾਲ ਰਲੇ ਹੋਏ ਲਗਦੇ ਨੇ ਕਿਉਂਕਿ ਜਦੋਂ ਵੀ ਲੜਾਈ ਹੁੰਦੀ ਹੈ ਇਹ ਨਵਾਂ ਮੋਰਚਾ ਖੜਾ ਕਰ ਲੈਂਦੇ ਹਨ । ਹੁਣ ਗਿਆਨੀ ਜੀ ਦੀ ਸਰਕਾਰ.....

(ਵਿਘਨ)

ਸ਼੍ਰੀ ਸਪੀਕਰ: ਸਰਦਾਰ ਗੁਰਮੇਜ ਸਿੰਘ ਜੀ, ਇਹ ਦੇਸ਼ ਭਗਤ ਨੇ, ਇਨ੍ਹਾਂ ਦੀ ਦੇਸ਼ ਭਗਤੀ ਤੇ ਸ਼ਕ ਨਾ ਕਰੋ । (ਵਿਘਨ) (Sardar Gurmej Singh ji, they are patriots, don't doubt their patriotism.) (*Interruption*)

ਸਰਦਾਰ ਧੰਨਾ ਸਿੰਘ ਗੁਲਸ਼ਨ: ਸਪੀਕਰ ਸਾਹਿਬ, ਮੇਰਾ ਪ੍ਰਆਇੰਟ ਆਫ ਆਰਡਰ ਇਹ ਹੈ ਕਿ ਇਨ੍ਹਾਂ ਨੇ ਇਕ ਬੜੀ ਵਡੀ ਗਲ ਕੀਤੀ ਹੈ ਸਿੱਖਾਂ ਦੀ ਦੇਸ਼ ਭਗਤੀ ਦੇ ਬਾਰੇ ਵਿਚ (ਵਿਘਨ) ਇਹ ਦੇਸ਼ ਦੇ ਗ਼ੱਦਾਰ ਨੇ, ਇਨ੍ਹਾਂ ਨੇ ਦੇਸ਼ ਦੇ ਟੁਕੜੇ ਕਰਾਏ । (ਵਿਘਨ) ਇਹ ਕਾਂਗਰਸੀ ਗਲਤ ਗਲ ਕਰ ਰਹੇ ਹਨ, ਇਨ੍ਹਾਂ ਨੇ ਦੇਸ਼ ਦੇ ਨਾਲ ਧਰੋਹ ਕੀਤਾ ਤੇ ਟੁਕੜੇ ਕਰਵਾਏ (ਵਿਘਨ)

Mr. Speaker : Gulshan ji, please resume your seat (*Interruption*) (Noise)

(ਇਸ ਵਕਤ ਸਰਦਾਰ ਅਜਾਇਬ ਸਿੰਘ ਸੰਧੂ, ਸਰਦਾਰ ਗੁਰਬਚਨ ਸਿੰਘ, ਸਰਦਾਰ ਰਣਧੀਰ ਸਿੰਘ ਚੀਮਾਂ ਅਤੇ ਹੋਰ ਕਈ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜੇ ਹੋ ਕੇ ਕੁਝ ਬੋਲ ਰਹੇ ਸਨ, ਪਰ ਸ਼ੋਰ ਜ਼ਿਆਦਾ ਹੋਣ ਦੇ ਕਾਰਨ ਕੁਝ ਸੁਣਾਈ ਨਹੀਂ ਦੇ ਰਿਹਾ ਸੀ)

Mr. Speaker : Order, please, order (*Interruption*) Please resume your seats (*Interruption*)

ਸਰਦਾਰ ਧੰਨਾ ਸਿੰਘ ਗੁਲਸ਼ਨ: X X X

ਸ਼ੋਰ (ਵਿਘਨ)

Mr. Speaker : Whatever the hon. Member has said without the permission of the Chair should not form part of the proceedings.

ਸਰਦਾਰ ਧੰਨਾ ਸਿੰਘ ਗੁਲਸ਼ਨ : (ਵਿਘਨ, ਸ਼ੋਰ) ਤੁਸੀਂ ਅਕਾਲੀਆਂ ਜਿੰਨੇ ਦੇਸ਼ ਭਗਤ ਨਹੀਂ ਹੋ ਸਕਦੇ (ਸ਼ੋਰ) (ਵਿਘਨ)

Mr. Speaker : Gulshan jee, please resume your seat. Please obey the Chair. (Interruptions). You are seasoned legislator, please obey the Chair (*Interruptions*)

ਵਿਕਾਸ ਮੰਤਰੀ : ਸਪੀਕਰ ਸਾਹਿਬ, ਸਿਖਾਂ ਦੀ ਦੇਸ਼ ਭਗਤੀ ਦੇ ਉਤੇ ਕੋਈ ਸ਼ਕ ਨਹੀਂ । ਡਾ: ਜਗਜੀਤ ਸਿੰਘ ਜੋ ਇਨ੍ਹਾਂ ਦੇ ਜਨਰਲ ਸੈਕਟਰੀ ਨੇ ਉਨ੍ਹਾਂ ਨੇ ਜ਼ਰੂਰ ਸ਼ੱਕ ਪਾ ਦਿਤਾ ਹੈ । (ਸ਼ੋਰ) (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੈਨੂੰ ਬੜਾ ਤਰਸ ਆਉਂਦਾ ਹੈ ਆਨਰੇਬਲ ਮੈਂਬਰ ਸਰਦਾਰ ਗੁਰਮੇਜ ਸਿੰਘ ਜੀ ਤੇ......(ਵਿਘਨ)

ਸ੍ਰੀ ਸਪੀਕਰ : ਸੰਧੂ ਸਾਹਿਬ, ਇਹ ਤਰਸ ਪੁਆਇੰਟ ਆਫ਼ ਆਰਡਰ ਦੇ ਥੱਲੇ ਆਉਂਦਾ ਹੈ ? (Sandhu Sahib, this reference to 'Tars' is not a point of order.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਦਸਦਾ ਹਾਂ ਕਿ ਇਹ ਇਕ ਗਲਤ ਰਵਾਇਤ ਚਲ ਜਾਏਗੀ । ਮੈਂ ਸਮਝਦਾ ਹਾਂ ਕਿ ਇਨ੍ਹਾਂ ਨੇ ਬਿਲਕੁਲ ਗਲਤ ਔਰ ਬੇਬੁਨਿਆਦ ਗਲ ਕਹੀ ਹੈ । 'ਅਕਾਲੀ ਦੇਸ਼ ਦੇ ਗ਼ਦਾਰ ਨੇ' । ਇਨ੍ਹਾਂ ਨੂੰ ਇਹ ਸ਼ਬਦ ਵਾਪਸ ਲੈਣੇ ਚਾਹੀਦੇ ਹਨ; ਕਿਉਂਕਿ ਦੇਸ਼ ਦੀ ਵੰਡ ਇਨ੍ਹਾਂ ਕਾਂਗਰਸ ਵਾਲਿਆਂ ਨੇ ਕਰਾਈ ਸੀ, ਪਾਕਿਸਤਾਨ ਵਿਚ ਇਹ ਗੁਰਦੁਆਰੇ ਇਨ੍ਹਾਂ ਨੇ ਰਖਵਾਏ ਸੀ । ਇਨ੍ਹਾਂ ਨੇ ਦੇਸ਼ ਭਗਤੀ ਦਾ ਠੇਕਾ ਲਿਆ ਹੋਇਆ ਹੈ ? ਇਹ ਕਿਸੇ ਸਿੱਖ ਨੂੰ ਗ਼ਦਾਰ ਕਿਸ ਤਰ੍ਹਾਂ ਕਹਿੰਦੇ ਹਨ (ਵਿਘਨ) ਮੈਨੂੰ ਪਤਾ ਹੈ ਕਿ ਅਕਾਲੀਦਲ ਵਾਲੇ ਦੇਸ਼ ਭਗਤ ਹਨ । ਸਾਡੇ ਮੁੰਡੇ ਮਰੇ ਨੇ ਅਸੀਂ ਕਿੰਨੀਆਂ ਕੁਰਬਾਨੀਆਂ ਦੇਸ਼ ਵਾਸਤੇ ਕੀਤੀਆਂ ਹਨ । ਇਨ੍ਹਾਂ ਨੇ ਕੋਈ ਠੇਕਾ ਨਹੀਂ ਲਿਆ ਹੋਇਆ ? (ਵਿਘਨ)

---

*Expunged as orderd by the Chair.

ਸਿਖਿਆ ਮੰਤਰੀ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮੇਰੇ ਅਕਾਲੀ ਭਾਈ ਐਵੇਂ ਛੋਟੀ ਜਿਹੀ ਗਲ ਤੇ ਨਾਰਾਜ਼ ਹੋ ਗਏ ਹਨ । (ਵਿਘਨ) (ਸ਼ੋਰ)

ਸਰਦਾਰ ਰਣਧੀਰ ਸਿੰਘ ਚੀਮਾਂ : (ਵਿਘਨ) (ਸ਼ੋਰ) × × × × (ਵਿਘਨ)

(ਇਸ ਵਕਤ ਹਾਊਸ ਵਿਚ ਕਈ ਮੈਂਬਰ ਸਾਹਿਬਾਨ ਇਕਠੇ ਹੀ ਬੋਲ ਰਹੇ ਸਨ ਅਤੇ ਕੋਈ ਗਲ ਸਾਫ ਸੁਣਾਈ ਨਹੀਂ ਦੇ ਰਹੀ ਸੀ।)

Mr. Speaker : Whatever the hon. Member has said without the permission of the Chair should not form part of the proceedings.

ਸਿਖਿਆ ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਥੋਂ ਤਕ ਸਿੱਖਾਂ ਦੀ ਦੇਸ਼ ਭਗਤੀ ਦਾ ਤੁਅੱਲਕ ਹੈ ਇਸ ਦੇ ਵਿਚ ਕੋਈ ਸ਼ਕ ਵਾਲੀ ਗੱਲ ਨਹੀਂ ਹੈ । ਜਿਨੇ ਮੇਰੇ ਇਹ ਸਾਥੀ ਸਿਖ ਹਨ, ਉਨ੍ਹਾਂ ਤੋਂ ਜ਼ਿਆਦਾ ਅਸੀਂ ਸਿਖ ਹਾਂ । ਸਿੱਖਾਂ ਦੀ ਦੇਸ਼ ਭਗਤੀ ਦੇ ਬਾਰੇ ਕੋਈ ਗੱਲ ਨਹੀਂ ਕੀਤੀ ਗਈ, ਇਹ ਇਨ੍ਹਾਂ ਨੂੰ ਗਲਤ ਫਹਿਮੀ ਹੋ ਗਈ ਹੈ। (ਵਿਘਨ) ਮੈਂਬਰ ਸਾਹਿਬ ਦਾ ਅਜਿਹਾ ਕੋਈ ਮੰਤਵ ਨਹੀਂ ਸੀ, ਜੇ ਕਿਸੇ ਇਕ ਵਿਅਕਤੀ ਦੇ ਮੁਤਅੱਲਕ ਕੁਝ ਕਿਹਾ ਹੈ. . . .(ਵਿਘਨ)

ਸਰਦਾਰ ਰਣਧੀਰ ਸਿੰਘ ਚੀਮਾਂ : ਕਿਸੇ ਇਕ ਵਿਅੱਕਤੀ ਦੇ ਮੁਤਅਲਕ ਨਹੀਂ ਕਿਹਾ ਗਿਆ . . . .(ਸ਼ੋਰ)

Mr. Speaker : Please resume your seat. (*Interruptions*)

ਸਿਖਿਆ ਮੰਤਰੀ : ਸਪੀਕਰ ਸਾਹਿਬ, ਤੁਸੀਂ ਆਪ ਵੇਖ ਲਓ, ਡਾ: ਜਗਜੀਤ ਸਿੰਘ ਨਾਲ ਇਨ੍ਹਾਂ ਦਾ ਕੀ ਸਬੰਧ ਹੈ . . . . .(ਵਿਘਨ)

Mr. Speaker : Please resume your seat. (*interruption*)

ਸਰਦਾਰ ਗੁਰਮੇਜ ਸਿੰਘ : ਸਪੀਕਰ ਸਾਹਿਬ, ਮੈਂ ਬੜੇ ਅਦਬ ਦੇ ਨਾਲ ਤੁਹਾਡੀ ਮਾਰਫਤ ਇਨ੍ਹਾਂ ਅਕਾਲੀ ਭਾਈਆਂ ਦੀ ਸੇਵਾ ਵਿਚ ਅਰਜ਼ ਕਰਦਾ ਹਾਂ ਕਿ ਮੈਂ ਸਿਖਾਂ ਦੇ ਮੁਤੱਅਲਕ ਕੋਈ ਲਫ਼ਜ਼ ਨਹੀਂ ਕਹੇ । ਮੈਂ ਤਾਂ ਕਹਿੰਦਾ ਹਾਂ ਕਿ ਸਿਖ ਯੋਧਾ ਹਨ, ਸਿੱਖ ਦੇਸ਼ ਭਗਤ ਨੇ, ਸਿੱਖ ਗੁਰੂ ਗੋਬਿੰਦ ਸਿੰਘ ਦੀ ਸੰਤਾਨ ਨੇ, ਸਿੱਖ ਹਮੇਸ਼ਾਂ ਦੇਸ਼ ਦੀ ਹਿਫ਼ਾਜ਼ਤ ਕਰਨ ਲਈ ਲੜਦੇ ਰਹੇ ਹਨ, ਮੈਂ ਤਾਂ ਡਾ: ਜਗਜੀਤ ਸਿੰਘ ਦੇ ਟੋਲੇ ਲਈ ਅਰਜ਼ ਕੀਤੀ ਸੀ (ਵਿਘਨ) (ਸ਼ੋਰ)

ਸ੍ਰੀ ਸਪੀਕਰ: ਰੋਜ਼ ਇਸ ਮਾਮਲੇ ਤੇ ਗਰਮਾਗਰਮੀ ਹੋ ਜਾਂਦੀ ਹੈ, ਜਦੋਂ ਵੀ ਡਾਕਟਰ ਜਗਜੀਤ ਸਿੰਘ ਦਾ ਨਾਉਂ ਆਉਂਦਾ ਹੈ । ਉਨ੍ਹਾਂ ਨੂੰ ਪਾਰਟੀ ਵਿਚੋਂ ਕੱਢ ਵੀ ਦਿੱਤਾ ਹੈ ਉਨ੍ਹਾਂ ਬਾਰੇ ਵਾਜ਼ਿਹ ਤੌਰ ਤੇ ਇਕ ਬਿਆਨ ਹਾਊਸ ਵਿਚ ਦੇ ਦਿਉ । (Heated discussion takes place, whenever Dr. Jagjit Singh is referred to in the House. Since he has been expelled from the party, it would be better if a categorical statement in this regard, is made in this House.)

---

*Expunged as ordered by the Chair.

ਸਰਦਾਰ ਰਣਧੀਰ ਸਿੰਘ ਚੀਮਾਂ : ਸਪੀਕਰ ਸਾਹਿਬ, ਜਿਹੜਾ ਸਰਦਾਰ ਗੁਰਮੇਜ ਸਿੰਘ ਹੋਰਾਂ ਨੇ ਇਸ ਹਾਊਸ ਵਿਚ ਬਿਆਨ ਕੀਤਾ ਹੈ ਅਤੇ ਹੁਣ ਕਿਹਾ ਹੈ ਕਿ ਉਨ੍ਹਾਂ ਨੇ ਸਿਰਫ ਡਾਕਟਰ ਜਗਜੀਤ ਸਿੰਘ ਦਾ ਹੀ ਨਾਮ ਲਿਆ ਹੈ, ਉਨ੍ਹਾਂ ਦੇ ਟੋਲੇ ਦਾ ਹੀ ਨਾਮ ਲਿਆ ਹੈ, ਮੇਰੀ ਬੇਨਤੀ ਹੈ ਕਿ ਤੁਸੀਂ ਪ੍ਰੋਸੀਡਿੰਗਜ਼ ਕਢਵਾ ਕੇ ਵੇਖ ਲਉ । ਇਹ ਗਲ ਉਨ੍ਹਾ ਨੇ ਗਲਤ ਕਹੀ ਹੈ । (ਵਿਘਨ)

Mr. Speaker : Please resume your seat. (*Interruption*)

ਇਕ ਮਾਨਯੋਗ ਮੈਂਬਰ : ਸਪੀਕਰ ਸਾਹਿਬ, ਇਸ ਸਦਨ ਵਿਚ ਏਸ ਸਿੱਖ ਕੌਮ ਦਾ ਨਾਉਂ ਬਦਨਾਮ....(ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਤੁਸੀਂ ਸਰਦਾਰ ਗੁਰਮੇਜ ਸਿੰਘ ਜੀ ਨੂੰ ਸੁਣਿਆ ਹੈ । ਉਨ੍ਹਾਂ ਨੇ ਬਿਲਕੁਲ ਗਲਤ ਗਲ ਕਹੀ ਹੈ । ਉਨ੍ਹਾਂ ਨੇ ਸਿੱਖਾਂ ਦੀ ਗੈਰਤ ਨੂੰ ਵੰਗਾਰਿਆ ਹੈ । ਉਨ੍ਹਾਂ ਨੇ ਸਿੱਖੀ ਤੇ ਚੋਟ ਮਾਰੀ ਹੈ । ਉਨ੍ਹਾਂ ਨੇ ਸਿੱਖ ਧਰਮ ਤੇ ਸੱਟ ਮਾਰੀ ਹੈ ... (ਵਿਘਨ) ਸਪੀਕਰ ਸਾਹਿਬ, ਇਹ ਉਹ ਸਿੱਖ ਹਨ ਜਿਨ੍ਹਾਂ ਨੇ ਹਰ ਯੁਧ ਵਿਚ ਵਧ ਚੜ੍ਹ ਕੇ ਹਿੱਸਾ ਪਾਇਆ ਹੈ । ਸ਼ਹੀਦੀਆਂ ਪਾਈਆਂ ਹਨ ਪਰ ਇਨ੍ਹਾਂ ਨੇ ਉਸ ਸਿੱਖੀ ਤੇ ਚੋਟ ਮਾਰੀ ਹੈ ....(ਵਿਘਨ) (ਸ਼ੋਰ)

ਸ੍ਰੀ ਸਪੀਕਰ: ਬਰਾੜ ਸਾਹਿਬ, ਤੁਹਾਨੂੰ ਇਸ ਤਰ੍ਹਾਂ ਜੋਸ਼ ਵਿਚ ਨਹੀਂ ਆਉਣਾ ਚਾਹੀਦਾ । ਤੁਸਾਂ ਤਾਂ ਆਪੋਜ਼ੀਸ਼ਨ ਨੂੰ ਲੀਡ ਕਰਨਾ ਹੈ । ਇਸ ਤਰ੍ਹਾਂ ਜੋਸ਼ ਵਿਚ ਆ ਕੇ ਬੋਲਣਾ ਚੰਗੀ ਗਲ ਨਹੀਂ ਹੈ । ਸਰਦਾਰ ਗੁਰਮੇਜ ਸਿੰਘ ਜੀ ਨੇ ਸਿੱਖਾਂ ਦੇ ਖਿਲਾਫ ਕੁਝ ਨਹੀਂ ਕਿਹਾ । ਉਨ੍ਹਾਂ ਨੇ ਤਾਂ ਡਾਕਟਰ ਜਗਜੀਤ ਸਿੰਘ ਜੀ ਬਾਰੇ ਕਿਹਾ ਹੈ । ਮੇਰਾ ਖਿਆਲ ਹੈ ਕਿ ਤੁਸੀਂ ਇਸ ਬਾਰੇ ਆਪਣੇ ਖਿਆਲ ਸਾਂਝੇ ਕਰ ਲਉ ਤਾਕਿ ਸਦਾ ਲਈ ਇਹ ਗਲ ਮੁਕ ਜਾਵੇ । (ਵਿਘਨ) (Brar Sahib, You should not get excited like this. You have to give a lead to the Members of the Opposition. It does not look nice to talk excitedly like this. Sardar Gurmej Singh has not said anything against the Sikhs. He made a reference only to Dr. Jagjit Singh. I am of the view that you should accept each others views and put an end to this bickering.) (*Interruption*)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਤੁਹਾਡੇ ਥਰੂ ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਜੀ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਥੇ ਹਾਊਸ ਵਿਚ ਸਰਦਾਰ ਗੁਰਮੇਜ ਸਿੰਘ ਜੀ ਨੇ ਇਹ ਗਲਤ ਬਿਆਨੀ ਕੀਤੀ ਹੈ ਕਿ ਅਕਾਲੀ ਕੌਮ ਦੇਸ਼ ਦੀ ਗਦਾਰ ਹੈ । ਮੇਰੀ ਬੇਨਤੀ ਹੈ ਕਿ ... (ਵਿਘਨ)

ਸ੍ਰੀ ਸਪੀਕਰ: ਸੰਧੂ ਸਾਹਿਬ, ਇਹ ਗਲ ਹੁਣ ਬਿਲਕੁਲ ਸਾਫ ਹੋ ਗਈ ਹੈ । (Sandhu Sahib, the matter is now quite clear.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਤੁਸੀਂ ਇਸ ਗਲ ਨੂੰ ਸਾਫ ਨਹੀਂ ਕਰਨਾ ਚਾਹੁੰਦੇ, ਜਿਹੜਾ ਤੁਸੀਂ ਇਹ ਕਹਿ ਰਹੇ ਹੋ ਕਿ ਸਰਦਾਰ ਗੁਰਮੇਜ ਸਿੰਘ ਨੇ ਇਹ ਗਲ ਨਹੀਂ ਕਹੀ । (ਵਿਘਨ)

ਸ੍ਰੀ ਸਪੀਕਰ : ਸਰਦਾਰ ਗੁਰਮੇਜ ਸਿੰਘ ਨੇ ਸਿਰਫ ਡਾਕਟਰ ਜਗਜੀਤ ਸਿੰਘ ਦਾ ਹੀ ਵਰਨਣ ਕੀਤਾ ਹੈ, ਉਹ ਵਾਕਿਆ ਹੀ ਗੱਦਾਰ ਨੇ ਅਤੇ ਤੁਹਾਨੂੰ ਵੀ ਉਨ੍ਹਾਂ ਦੀ ਨਖੇਧੀ ਕਰਨੀ ਚਾਹੀਦੀ ਹੈ । (ਵਿਘਨ) (Sardar Gurmej Singh has referred only to Dr. Jagjit Singh who is certainly a traitor. You should also condemn him.) (Interruption)

WALK OUT

(ਇਸ ਸਮੇਂ ਅਕਾਲੀ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋਕੇ ਉੱਚੀ ਉਚੀ ਇਕਠੇ ਹੀ ਬੋਲੀ ਜਾ ਰਹੇ ਸਨ । ਕਈ ਮੈਂਬਰ ਸਾਹਿਬਾਨ ਕਹਿ ਰਹੇ ਸਨ .... 'ਇਨ੍ਹਾਂ ਨੂੰ ਕਹੋ ਮੁਆਫੀ ਮੰਗਣ' .... 'ਇਹ ਵੱਡੇ ਦੇਸ਼ ਭਗਤ ਆਏ ਹਨ' ....)

(ਇਸ ਸਮੇਂ ਅਕਾਲੀ ਮੈਂਬਰ ਸਾਹਿਬਾਨ ਜੋ ਸਦਨ ਵਿਚ ਹਾਜ਼ਰ ਸਨ ਵਾਕ ਆਊਟ ਕਰ ਗਏ ਅਤੇ ਜਾਂਦੇ ਜਾਂਦੇ ਸ਼ੋਰ ਪਾ ਰਹੇ ਸਨ) (ਟਰੈਜ਼ਰੀ ਬੈਂਚਾਂ ਵਲੋਂ ਆਵਾਜ਼ਾਂ : 'ਸ਼ੇਮ' 'ਸ਼ੇਮ')

(ਸਰਦਾਰ ਰਣਧੀਰ ਸਿੰਘ ਚੀਮਾਂ ਅਤੇ ਸਰਦਾਰ ਅਜਾਇਬ ਸਿੰਘ ਸੰਧੂ ਜਾਂਦੇ ਹੋਏ ਕਹਿ ਰਹੇ ਸਨ, 'ਅਸੀਂ ਤੁਹਾਨੂੰ ਵੇਖਿਆ ਹੈ' .... 'ਵੱਡੇ ਦੇਸ਼ ਭਗਤ ਆਏ ਹੋ' ....)

ਚੌਧਰੀ ਜਗਤ ਰਾਮ : ਇਹ ਡਾਕਟਰ ਜਗਜੀਤ ਸਿੰਘ ਦਾ ਟੋਲਾ ਜਾ ਰਿਹਾ ਹੈ । (ਵਿਘਨ)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਜਿਸ ਤਰ੍ਹਾਂ ਦਸਿਆ ਗਿਆ ਹੈ ਕਿ ਅਕਾਲੀ ਪਾਰਟੀ ਦਾ ਡਾਕਟਰ ਜਗਜੀਤ ਸਿੰਘ ਨਾਲ ਜਾਇਜ਼ ਜਾਂ ਨਜਾਇਜ਼ ਤੁਅੱਲਕ ਸੀ । ਇਸ ਬਾਰੇ ਫੈਸਲਾ ਹੋਣਾ ਚਾਹੀਦਾ ਹੈ ਤਾਂਕਿ ਇਨ੍ਹਾਂ ਦੀ ਨੇਕ ਚਲਣੀ ਦਾ ਪਤਾ ਲਗ ਸਕੇ । ਜਦੋਂ ਪਕਿਸਤਾਨ ਦੇ ਹੁਕਮਰਾਨ ਨੇ ਯੁਧ ਦਾ ਇਲਾਨ ਕਰ ਦਿਤਾ ਸੀ ਤਾਂ ਇਨ੍ਹਾਂ ਨੇ ਖਾਲਿਸਤਾਨ ਦਾ ਇਕ ਰੈਜ਼ੋਲਿਊਸ਼ਨ ਪਾਸ ਕੀਤਾ ਸੀ । ਇਹ ਗਲ ਵੀ ਕਲੈਰੀਫਾਈ ਹੋਣੀ ਚਾਹੀਦੀ ਹੈ ਤਾਕਿ ਇਨ੍ਹਾਂ ਦੀ ਨੇਕਚਲਣੀ ਦਾ ਸਬੂਤ ਮਿਲ ਸਕੇ ।

ਸ੍ਰੀ ਸਪੀਕਰ : ਜੋਸ਼ ਸਾਹਿਬ, ਤੁਸੀਂ ਤਸ਼ਰੀਫ ਰਖੋ । (Comrade Shamsher Singh Josh, Please resume your seat.)

DISCUSSION ON GOVERNOR'S ADDRESS (RESUMPTION)

ਸਰਦਾਰ ਗੁਰਮੇਜ ਸਿੰਘ : ਮੈਂ ਸਪੀਕਰ ਸਾਹਿਬ, ਤੁਹਾਡੀ ਮਾਰਫਤ ਹਾਊਸ ਨੂੰ ਇਹ ਵਾਜ਼ੇ ਕਰ ਦੇਣ ਚਾਹੁੰਦਾ ਹਾਂ ਕਿ ਮੈਨੂੰ ਡਾਕਟਰ ਜਗਜੀਤ ਸਿੰਘ ਜੀ ਦੇ ਟੋਲੇ

ਉਤੇ ਦੇਸ਼ ਭਗਤੀ ਬਾਰੇ ਸ਼ੱਕ ਹੈ ਕਿਉਂਕਿ, ਸਪੀਕਰ ਸਾਹਿਬ, ਜਦੋਂ ਕਦੀ ਵੀ ਸਾਡੇ ਇਸ ਦੇਸ਼ ਤੇ ਕੋਈ ਬਿਪਤਾ ਪੈਂਦੀ ਹੈ, ਕੋਈ ਲੜਾਈ ਹੁੰਦੀ ਹੈ, ਪਾਕਿਸਤਾਨ ਨਾਲ ਜਾਂ ਹੋਰ ਵੀ ਕੋਈ ਸੰਕਟ ਆਉਂਦਾ ਹੈ ਤਾਂ ਇਹ ਕਿਸੇ ਨਾ ਕਿਸੇ ਬਹਾਨੇ ਸਤਿਆਗ੍ਰਹਿ ਦਾ ਜਹਾਦ ਖੜਾ ਕਰ ਦਿੰਦੇ ਹਨ । ਮੈਂ, ਸਪੀਕਰ ਸਾਹਿਬ, ਪੰਜਾਬ ਸਰਕਾਰ ਪਾਸ ਇਹ ਬੇਨਤੀ ਕਰਾਂਗਾ ਕਿ ਉਹ ਇਸ ਗਲ ਦੀ ਤਹਿਕੀਕਾਤ ਕਰੇ ।

ਮੈਂ ਅੰਤ ਵਿਚ ਫਿਰ ਅਰਜ਼ ਕਰਾਂਗਾ ਕਿ ਅੱਜ ਜੋ ਪੰਜਾਬ ਸਰਕਾਰ ਨੇ ਇਕ ਨਵਾਂ ਯੁਗ ਲਿਆਉਣ ਦਾ ਤਹਈਆ ਕੀਤਾ ਹੈ ਉਸ ਨੂੰ ਇਹ ਪੂਰਾ ਕਰਨ । ਇਸ ਸਬੰਧੀ ਜੋ ਇਨ੍ਹਾਂ ਨੇ ਸ਼ਹਿਰੀ ਜਾਇਦਾਦ ਤੇ ਸੀਲਿੰਗ ਲਾਉਣ ਦਾ ਮਿਸ਼ਨ ਲਿਆਂਦਾ ਹੈ ਮੈਂ ਇਸ ਦੀ ਰੋਸ਼ਨੀ ਵਿਚ ਵੀ ਅਰਜ਼ ਕਰਨਾ ਚਾਹੁੰਦਾ ਹਾਂ ।

ਸਰਦਾਰ ਗੁਰਚਰਨ ਸਿੰਘ, (ਨਿਹਾਲ ਸਿੰਘ ਵਾਲਾ): ਸਪੀਕਰ ਸਾਹਿਬ, ਸਰਦਾਰ ਪ੍ਰੇਮ ਸਿੰਘ ਜੀ ਨੇ ਦੋ ਵਾਰ ਫਲੋਰ ਕਰਾਸ ਕੀਤਾ ਹੈ ਜਿਹੜਾ ਕਿ ਹਾਊਸ ਦੀ ਡਿਗਨਿਟੀ ਦੇ ਵਿਰੁਧ ਹੈ । ਇਹ ਦੋ ਵਾਰ ਇਧਰੋਂ ਉਧਰ ਗਏ ਹਨ ।

Sardar Prem Singh Prem : I am sorry, Sir.

ਸਰਦਾਰ ਗੁਰਮੇਜ ਸਿੰਘ : ਤੋਂ, ਸਪੀਕਰ ਸਾਹਿਬ, ਮੈਂ ਅਕਾਲੀ ਸਰਕਾਰ ਦੀ ਗਲ ਕਰ ਰਿਹਾ ਸੀ । ਜਦੋਂ ਹਿੰਦੋਸਤਾਨ ਦੀ ਸਰਕਾਰ ਨੇ ਰਾਜਿਆਂ ਦੇ ਭੱਤੇ ਬੰਦ ਕਰਨੇ ਚਾਹੇ ਤਾਂ ਰਾਜਿਆਂ ਦੇ ਹੱਥ ਵਿਚ ਅਕਾਲੀ ਨੇਤਾ ਸਰਦਾਰ ਕਿੱਕਰ ਸਿੰਘ ਸਨ ਅਤੇ ਉਨ੍ਹਾਂ ਨੇ ਰਾਜਿਆਂ ਦੇ ਹਕ ਵਿਚ ਵੋਟ ਪਾਈ ਸੀ । ਤੋਂ ਮੈਂ ਇਹ ਕਿਵੇਂ ਮੰਨ ਸਕਦਾ ਹਾਂ ਕਿ ਅਕਾਲੀ ਸਰਕਾਰ ਹਰੀਜਨਾਂ ਦੀ ਹਿਤੈਸ਼ੀ, ਗਰੀਬ ਕਿਸਾਨਾਂ ਤੇ ਮਜ਼ਦੂਰਾਂ ਦੀ ਹਿਤੈਸ਼ੀ ਹੋ ਸਕਦੀ ਹੈ । ਸਰਦਾਰ ਕਿੱਕਰ ਸਿੰਘ ਜੀ ਜੋ ਕਿ ਉਸ ਵੇਲੇ ਮੈਂਬਰ ਪਾਰਲੀਮੈਂਟ ਸਨ ਅਤੇ ਉਨ੍ਹਾਂ ਨੇ ਕਿਹਾ ਕਿ ਮੈਨੂੰ ਸੰਤ ਚੰਨਣ ਸਿੰਘ ਦੀ ਚਿੱਠੀ ਮਿਲੀ ਸੀ । ਰਾਜ ਕਾਰਨੀ ਜਿਹੜੇ ਕਿ ਬੀਕਾਨੇਰ ਦੇ ਰਾਜੇ ਸਨ ਉਨ੍ਹਾਂ ਦੇ ਕਹਿਣ ਤੇ ਇਹ ਵੋਟ ਪਾਈ ਸੀ । ਪਰ ਜੋ ਇਸ ਕਾਂਗਰਸ ਸਰਕਾਰ ਨੇ ਇਹ ਮਿਸ਼ਨ ਚੁਕਿਆ ਹੈ ਸਾਨੂੰ ਇਸ ਨੂੰ ਸਲਾਹੁਣਾ ਚਾਹੀਦਾ ਹੈ । ਜਿਸ ਤਰ੍ਹਾਂ ਵਿਸ਼ਵਕਰਮਾ ਜੀ ਨੇ ਗਰੀਬਾਂ ਦਾ ਅਧਾਰ ਕੀਤਾ ਸੀ, ਜਿਸ ਤਰ੍ਹਾਂ ਭਗਵਾਨ ਰਾਮ ਚੰਦਰ ਜੀ ਨੇ ਸਮੁੰਦਰ ਦੇ ਦੋਹਾਂ ਕੰਢਿਆਂ ਨੂੰ ਜੋੜ ਕੇ ਲੰਕਾ ਦੇ ਰਾਜੇ ਰਾਵਣ ਨੂੰ ਖਤਮ ਕਰਕੇ ਭਵੀਸ਼ਨ ਨੂੰ ਰਾਜ ਦਿਤਾ ਸੀ ਠੀਕ ਉਸੇ ਤਰ੍ਹਾਂ ਹੀ ਇਸ ਸਰਕਾਰ ਨੂੰ ਚਾਹੀਦਾ ਹੈ ਕਿ ਗਰੀਬ ਕਿਸਾਨਾਂ ਅਤੇ ਮਜ਼ਦੂਰਾਂ ਦੇ ਸਿਰਾਂ ਨੂੰ ਮਿਲਾ ਕੇ ਇਨ੍ਹਾਂ ਰਜਵਾੜਿਆਂ ਨੂੰ ਖਤਮ ਕਰੇ, ਰਜਵਾੜਾਸ਼ਾਹੀ ਨੂੰ ਖਤਮ ਕਰਨਾ ਚਾਹੀਦਾ ਹੈ । ਮੈਂ ਸਰਕਾਰ ਪਾਸੋਂ ਇਹੋ ਹੀ ਮੰਗ ਕਰਦਾ ਹਾਂ ਕਿ ਉਹ ਗਰੀਬਾਂ ਨੂੰ, ਸਦੀਆਂ ਤੋਂ ਲਤਾੜੇ ਹੋਏ ਮਜ਼ਦੂਰਾਂ ਨੂੰ, ਹਰੀਜਨਾਂ ਨੂੰ ਨਵਾਂ ਇਨਕਲਾਬ ਲਿਆ ਕੇ ਉੱਚਾ ਚੁਕਣ । ਇਹੋ ਹੀ ਮੇਰੀ ਮੰਗ ਹੈ । ਧੰਨਵਾਦ ।

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) : ਸਪੀਕਰ ਸਾਹਿਬ, ਮੈਂ ਥੋੜੀ ਜਿਹੀ ਬੇਨਤੀ ਕਰਨਾ ਚਾਹੁੰਦਾ ਹਾਂ । ਮੈਂ ਸੁਣ ਨਹੀਂ ਸਕਿਆ ਕਿ ਇਥੇ ਕੀ ਸਪੀਚ ਹੋਈ ਅਤੇ ਕਿਸ ਗਲ ਤੋਂ ਸਾਡੇ ਅਕਾਲੀ ਵੀਰਾਂ ਨੂੰ ਨਰਾਜ਼ਗੀ ਹੋਈ ਹੈ । ਮੈਂ ਇੱਕ ਗਲ ਸਪਸ਼ਟ ਕਰ ਦੇਣੀ ਚਾਹੁੰਦਾ ਹਾਂ ਕਿ ਅਕਾਲੀ ਪਾਰਟੀ ਵਾਲੇ ਇਸ ਗਲ ਨੂੰ ਹਮੇਸ਼ਾ ਮਿਸਯੂਜ਼ ਕਰਦੇ ਹਨ । ਉਹ ਇਹ ਸਮਝਦੇ ਹਨ ਕਿ ਸਿੱਖ

[ਮੁੱਖ ਮੰਤਰੀ]

ਕੇਵਲ ਉਹੀ ਹਨ। ਜਦੋਂ ਕੋਈ ਗੱਲ ਅਕਾਲੀਆਂ ਪ੍ਰਤੀ ਕਹੀ ਜਾਵੇ ਤਾਂ ਉਹ ਅਕਾਲੀ ਪਾਰਟੀ ਵਾਸਤੇ ਹੈ ਉਹ ਸਾਰੇ ਸਿੱਖ ਰਿਲੀਜਨ ਨੂੰ ਮੰਨਣ ਵਾਲਿਆਂ ਵਾਸਤੇ ਨਹੀਂ। ਸਿੱਖ ਧਰਮ ਇੱਕ ਪਵਿੱਤਰ ਧਰਮ ਹੈ। ਇੱਕ ਮੱਤ ਹੈ। ਦੇਸ਼ ਵਿਚ ਇਸ ਦੀ ਮਹਾਨਤਾ ਹੈ ਔਰ ਇਸ ਨੂੰ ਸਮਝਦੇ ਹੋਏ ਮੈਂ ਇਹ ਗੱਲ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਉਹ ਇੱਕ ਪੁਲੀਟੀਕਲ ਪਾਰਟੀ ਦੇ ਰੂਪ ਵਿਚ ਆਪਣੇ ਆਪ ਨੂੰ ਸਮਝਣ। ਇਹ ਕਹਿਣਾ ਕਿ ਉਹ ਸਾਰੇ ਹੀ ਸਿੱਖਾਂ ਦੇ ਨੁਮਾਇੰਦੇ ਹਨ, ਬਿਲਕੁਲ ਗਲਤ ਗਲ ਹੈ। ਸਿੱਖ ਅਸੀਂ ਵੀ ਹਾਂ, ਸਿੱਖ ਕਮਿਊਨਿਸਟ ਵੀ ਹਨ, ਸਿੱਖ ਸੋਸ਼ਲਿਸਟ ਵੀ ਹਨ। ਸਿੱਖ ਉਹ ਵੀ ਹਨ ਜਿਹੜੇ ਰਾਜਨੀਤੀ ਵਿਚ ਕੋਈ ਦਖਲ ਨਹੀਂ ਦਿੰਦੇ। ਇਸ ਲਈ ਸਾਰਿਆਂ ਨੂੰ ਪੰਥ ਤਾਂ ਕਿਹਾ ਜਾ ਸਕਦਾ ਹੈ ਜੇ ਸਾਰੇ ਸਿੱਖ ਹੋਣ। ਮੈਂ ਇਹ ਨਹੀਂ ਚਾਹੁੰਦਾ ਕਿ ਕਿਸੇ ਪਾਰਟੀ ਨੂੰ ਸਮੁਚੇ ਤੌਰ ਤੇ ਅਸੀਂ ਬੁਰਾ ਭਲਾ ਕਹੀਏ। ਮੈਂ ਇਹ ਗੱਲ ਵੀ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਪੁਲੀਟੀਕਲ ਮੈਦਾਨ ਵਿਚ ਇਹ ਗਲ ਮਿਸਯੂਜ਼ ਨਹੀਂ ਕਰਨੀ ਚਾਹੀਦੀ। ਸਿੱਖਾਂ ਦੀ ਠੇਕੇਦਾਰੀ ਇਕੱਲੀ ਅਕਾਲੀ ਪਾਰਟੀ ਪਾਸ ਨਹੀਂ। ਸਿੱਖਾਂ ਨੂੰ ਰਿਪਰੀਜ਼ੈਂਟ ਕਰਨ ਵਾਲੀਆਂ ਹੋਰ ਪਾਰਟੀਆਂ ਵੀ ਹਨ।

चौधरी बलराम : स्पीकर साहिब, मैं आपकी मार्फत गवर्नर महोदय को बधाई पेश करना चाहता हूँ। मैं उनका धन्यवाद करता हूँ। जो बातें उन्होंने अपने एड्रैस में कही हैं, वह बहुत ही प्रगतिशील हैं। मैं कुछ बातों के मुतल्लिक जिक्र करना चाहता हूँ। ग्रोथ रेट जो नेशन का है वह 5.6 है भारत वर्ष का और हमारे प्रदेश का 6.6 है। इसमें भी बढ़ोतरी करनी चाहिए। यह बहुत अहम कदम है।

प्लानिंग के लिए 293 करोड़ रुपये से 386 करोड़ रुपये की बढ़ौतरी करनी बहुत अहम है। इस बात की मुझे बेहद खुशी है कि पहली बार इस हिन्दुस्तान में काले और गोरे के फर्क को दूर करने की कोशिश की है। पहली बार ऐसा हुआ है कि शहरी और देहाती को चीनी के मामले में बराबरी दी गई है। यह हमारे कदम राईट डाईरैक्शन में हैं। शहरी और देहाती को बराबर तस्लीम किया जाना चाहिए। स्पीकर साहिब, जिस तरीके से चीनी के मामले में किया गया है इसी तरह सीलिंग के मामले में भी देहाती और शहरी को बराबर रखना चाहिए। आज तक 25 वर्ष में सिर्फ देहाती पर ही सीलिंग लगाने की कोशिश की गई। शहरी जायदाद, शहिरी इम्पीरियलिज्म, कैपिटेलिज्म के खिलाफ कोई कदम नहीं उठाया गया। जो आज से पहले कदम उठाये गए ठीक नहीं हैं। इस मामले में अर्ज़ करूंगा कि जो मुज़ारे के कानून हैं जिसमें हमारे मुजारे भाइयों को काफी तकलीफें उठानी पड़ती हैं। मेरे इलाके में मुज़ारे को काफी कठिनाइयां और तकलीफें होती हैं। एक एक केस 9:9, 10:10 साल चलता रहता है क्यों ना कोई कानून बनाया जाए किसान की जमीन के मुतल्लिक ताकि तकलीफ न हो? यहां पर काफी पैरासाईट्स पैदा हो गए हैं। पटवारी, तहसीलदार और वकील लोग इस तरीके से उसका खून चूसते हैं। इसको बंद करना जरूरी है। किस तरीके से इस मसले को हल किया जाये। क्यों नहीं हम उसको हक देते कि मलकीयत वे ले लें। यह बात सोच के और ठीक ढंग से करने की ज़रूरत है।

गवर्नर महोदय ने अपने भाषण में किसान के मुतल्लिक और ऐगरीकल्चर के मुतल्लिक बातें की हैं। वे बहुत ऐहम हैं। मैं अर्ज़ करूँगा कि जिस तरीके से कीमतों का मसला है कपास के भाव के मुतल्लिक बातें हो रही हैं। कपास के भाव गिर चुके हैं इसका अर्थ यह है कि काम उस समय करना चाहिए जब उसकी ज़रूरत हो। जब कपास किसान के पास थी उस समय भाव की तरफ ध्यान देने की ज़रूरत थी। अब तो कपास को किसान बेच चुका है हमारी बागड़ी में जैसे कहा है। आप हंसेंगे तो ज़रूर लेकिन मैं बताना ज़रूर चाहता हूँ

'होली पछे घाघरे मार
खसम के सिर में।'

वह औरत अपने पति से कहती है कि जब होली के दिन घाघरा न मिला तो बाद में इसको लेकर क्या करूँगी। जैसे घोड़ा तो भाग जाए तो फिर अस्तबल को बंद करने का क्या लाभ है? मैं चीफ मिनिस्टर साहिब और अपनी सरकार को कहूँगा कि यह कदम पहले उठाना चाहिए था।

आज मुझे खुशी हुई है कि हमारे अकाली पार्टी के लीडर ने इस बात का समर्थन किया है। खुशी है कि एक शिकारी को शिकार का ख्याल आ गया। उन्होंने कहा था कि फाजिलका और अबोहर के इलाके वालों को कपास की कीमत से पीड़ा हुई है। मैं परसों कोई बीस गांवों में घूम कर आया हूँ उन लोगों की सिर्फ एक मांग थी कि पानी उनको मिले। वे पानी के लिए तरसते हैं। उनकी खेती पशु और ज़बान पानी के लिए तरसती है। जिन लोगों के पास पानी ले आने के साधन नहीं वह तरसते हैं पानी के लिए। उनके खेत सूखे पड़े हैं। यह एक ऐसा मसला है जिसका हल किया जा सकता है। उसका हल हमारे पास है लेकिन उसे करने के लिए हिम्मत आज तक किसी की नहीं हुई। इस ढंग से किसी ने सोचने की ज़रूरत नहीं समझी कि हम सभी पंजाबी हैं। ऊपर के रहने वाले कई स्थानों पर कट लगाते थे परन्तु मुकद्दमे दर्ज नहीं हुए हैं। यह बातें बन्द की जा सकती हैं। हमारे पिछले भाइयों ने कुछ मोघे लगवा दिए। म चीफ मिनिस्टर साहिब से अर्ज़ करूँगा कि सरहिंद फीडर में जो मोघे लगे हुए हैं, बन्द किये जाने चाहिए। वहां पर 'x x' की गई।

श्री अध्यक्ष : यह 'X X' शब्द अनपार्लियामैंट्री है। यह ऐक्सपंज कर दिया जाए। (This word 'X X' is unparliamentary, this may be expunged.)

चौधरी बल राम : सौरी सर। यह कहे बिना मैं रह नहीं सकता। इसको ज़रूरी तौर पर बंद किया जाना चाहिए। इसकी तरफ ध्यान नहीं दिया गया।

मैं पर्स नल तजर्बे की बात बताता हूँ। अगर चैनलज बना दिए जाएं तो 25 फीसदी अज़ाफा हो सकता है, लेबर भी बच सकती है। आमदन भी ज़्यादा हो सकती है।

+Expunged as ordered by the Chair.

[चौधरी बलराम]

पिछली बार अकाली चीफ मिनिस्टर ने इस बात पर कुछ सोचा । वह इस बात की हिम्मत नहीं कर सके, फाईनांसिज़ नहीं रख सके। यह ज़रूरी है कि इस ब्यूरोक रेसी को हम ठीक ढंग से चलाएं। जैसे जब घोड़े पर कोई आदमी सवार होता है तो घोड़ा पहचान जाता है कि सवार कैसा है।

ठीक उसी तरह इस गवर्नमैंट की मशीनरी को भी देखना चाहिए कि सवार कैसा है। यह न हो कि सवार उसके इशारे पर चले। यह बात देखने और समझने की है।

मैं, स्पीकर साहिब, अर्ज़ करना चाहता हूँ कि पानी कहां से आ सकता है। थीं डैम का ज़िकर यहां पर आया है। यह कहा है कि एक साल में शुरू हो जाएगा। पंजाब में 124.2 लाख एकड़ ज़मीन है जिसमें हम खेती कर सकते हैं। 110 लाख एकड़ कल्टीवेबल और कमन्डेबल एरिया है। 54 लाख एकड़ में काशत होती है जिसमें पानी लगता है। वह भी खरीफ़ में 27 लाख एकड़ और रब्बी में 27 लाख एकड़ में खेती होती है। 50 फ़ीप्रतिशत में हमारे पास एरीगेशन की फेसिलिटी है। दूसरे मुल्कों में अगर आप जा कर देखें तो वहां 200 प्रतिशत एरीगेशन का बन्दोबस्त है। मैं यह अर्ज़ करना चाहता हूँ कि सैंटर का पंजाब के साथ बरताव गलत रहा है और है। कावेरी नदी की स्कीम पर 240 करोड़ रुपया खर्च किया जा रहा है और वह भी एक्स-प्लोरेशन के लिए और इसमें 100 करोड़ का फार्न एक्सचेंज भी है। पर हमारे पंजाब में थीं डैम पर 1:40 करोड़ लगाने के लिये त्यार नहीं। इसके बिना काम नहीं हो सकता। इसलिये सरकार को इस ओर ध्यान देना चाहिए।

इसी तरह ब्यास नदी के पानी का हाल है। यह काम भी पूरा नहीं हो रहा क्योंकि यह भी सैंट्रल प्राजैक्ट है। इस का 1970 में फैसला किया था कि पाकिस्तान का पानी बंद करना है लेकिन खेद की बात है कि आज तक वह पानी चल रहा है और हम सांप को दूध पिला रहे हैं, वही हम को डंसने वाले हैं। इसलिये मैं चीफ मिनिस्टर साहिब से अर्ज़ करूँगा कि पंजाब के किसानों की बेहतरी के लिये उन्हें काम दिलाने के लिए रोजगार मुहिय्या करने के लिए सैंटर की सरकार पर ज़ोर दें ताकि थईं डैम बनाया जाए और ब्यास नदी का काम पूरा किया जाए। इस के साथ ही में यह कहूंगा कि यह भी सेंटर का प्राजैक्ट क्यों रखा हुआ है ? पंजाब के इंजिनियर कहां चले गए हैं वह इस काम को कर सकते हैं और सरकार इस काम को अपने हाथ में लेकर पूरा करें अगर गंगा नदी का पानी कावेरी नदी मे डाला जा सकता है तो क्यों न यह पानी राजिस्थान को दिया जाए और राजिस्थान को जो हम पानी दे रहे हैं वह पंजाब के अपने काम आए। इस ओर अवश्य ध्यान देना चाहिए।

इस के बाद में सायल कन्ज़रवेशन के बारे में अर्ज़ करना चाहता हूँ। इसकी वजह से किसानों की क्या हालत है इस का अंदाज़ा मैं इस बात से हाऊस को कराना चाहता हूँ कि लोगों के जज़बात को सही रूप में कैसे डिपिक्ट किया गया है। मैं आपकी इजाज़त से यह पढ़ कर सुनाना चाहता हूँ और ख्याल है कि हाऊस एप्रीशीयेट करेगा।

The pati nce of the hardy peasant of Punjab is now at an end. He finds that while on the one hand, out of the total procurement of 45 lakh tons of food-grains, he is contributing 25 lakh tons at the prices which are hardly remunerative, he is being denied the legitimate facilities which are due to him. His tubewells cannot run for want of power and the canal irrigation supplies are absolutely inadequate. The completion of the Pong Dam does not seem to be in sight and the starting of Thein Dam on river Ravi is a dream rather than a reality.

The Punjab peasant, who toils in the scorching heat of June and the shivering cold of December to provide food so badly needed by the rest of the country, is now becoming restless. He has started realising that he is being discriminated against. His patience appears to be at an end. The cauldron of his discontentment, which has been simmering for many years, is now on the brink of spilling over. If and when this happens, the State will have to face a very serious law and order problem. It is, therefore, only fair to sound a note of warning because if we fail to see the writing on the wall now, tomorrow it may be too late.

आज जो किसान की हालत है सही महनों में इस में बताई गई है। इस लिए मैं सी. एम. साहिब से अर्ज करूँगा कि मेरे हलका में कई गांव टेल पर हैं जैसे गुंजाल गांव है और पानी नहीं जाता। लोग भूखे प्यासे मर रहे हैं और इलाका रुइन्ज़ बना हुआ है। इसकी खास वजह यह भी थी कि अकाली सरकार ने इस इलाके के साथ डिसक्रिमीनेट किया हुआ था। **सिर्फ पानी** के बारे में नहीं सड़कों के बारे में भी और स्कूलों के बारे में भी हमारा इलाका **डिसक्रिमीनेट** किया गया। पहले ही पंजाब में गांव का बच्चा शहरी इलाके के बच्चों से **कमपीट नहीं** कर सकता और अगर उसको बराबर का हक्क भी आप नहीं देना चाहते तो कम से कम वह चीजें तो मुहिय्या कर दें जो ज़िन्दगी के लिए ज़रूरी हैं। इस इलाके में पानी की इतनी भारी दिक्कत है। डंगरों को पानी नहीं मिलता। और जो बच्चे स्कूल जाते हैं और 5 या 7 मील का फासला तह करते हैं इन्हे भी पीने का पानी नहीं मिलता। इस तरह की वहां की हालत है (विघ्न)

मेरे दिल से आह और तड़प निकलती है और चीस निकलती है और मैं सीना खोल कर दिखा नहीं सकता कि क्या हालत है। मैं सरकार से मांग करता हूँ कि सायल कन्ज़रवेशन के बारे में ध्यान दे।

इसके इलावा लैंड मार्टगेज बैंक की हालत क्या है कि वह किसानों को चक्कर में डाल देते हैं। क्यों न सरकार आप कर्ज़ा दे और किश्तों में वसूल कर ले। किसी तरह भी 5 सालमें लैंड रैवेन्यू के साथ या आबियाना के साथ लेकिन इस तरह किसानों को तरसाइए मत। इस तरह के डाकुओं से उन को बचाइये जो रास्ते में ही रुपया खा जाते हैं और हरिजनों और गरीबों तक नहीं पहुँचने देते। मैं तो यह कहता हूँ कि जो विचारे गरीब इस तरह की हालत में जी रहे हैं उन्हे तो मैडल मिलने चाहिएं चाहे आयरन क्रास ही क्यों न हो। अगर मैं सी. एस. साहिब को वहां पर ले जाऊं तो नाक पर साफा रख कर वहां से गुजरने में मजबूर हो जाएं। इसलिये मैं कहूँगा कि अगर आप उन्हें रोटी नहीं जुटा सकते तो हवा तो खाने को दें और वहां पर स्लम क्लीरैंस का काम किया जाए। और सहूलियतें दी जाएं।

[चौधरी बलराम]

यहां पर, स्पीकर साहिब, गारडन कालोनीज़ के बारे में जिक्र किया गया और फरूट इन्डस्ट्रीज़ का भी । फरूट की हमारे देश में ज़रूरत है । हमारे देश में पर कैपीटा कनजंप्शन 4 पौंड है जब कि बाहर के देशों में 52 पौंड है । यहां पर तो चोर बैठे हुए हैं । (विघ्न) जो गारडन कालोनीज़ नहीं लगाते और सारी सहूलतें ले रहे हैं। इसके साथ एक और बात भी है कि फरूट की बाकायदा मारकेटिंग का इन्तज़ाम सरकार की ओर से नहीं किया गया । उसकी रिमुनेरेटिव प्राइस नहीं मिल रही जिस को कि पहले देखना चाहिए था । अगर हम अंगूर की काश्त को देखें तो पता लगेगा कि इस पर बहुत खर्च किया गया और लगाया भी गया पर इस की रिमुनेरैटिव प्राइस नहीं मिल पाई । इसको प्रासैस करने का इन्तज़ाव नहीं किया गया । अगर पौदे लगाए जाते हैं तो पानी नहीं दिया जाता और जिन्हें पानी दिया जाता है वहां बाग नहीं लगाते । इस के बारे में कमेटी भी बिठाई गई थी और यह पता चला था कि बागों को ज़रूरत है लेकिन यह तरीका ठीक नहीं । न देश के लिए ठीक है और न हो मुझे ऐसा लगता ठीक है कि बागों के लिए पानी लिया जाए और बाग न लगाया जाए और दूसरे लोग पानी के लिए तरसते रहें । इसका कोई और तरीका ढूंढ निकालना चाहिए ।

एक बात मैं कुआप्रेटिवज़ के बारे में अर्ज़ करना चाहता हूँ यह जो गांवों में बनी हुई हैं इन्हें हदायत की जानी चाहिए कि यह देखें कि किसान की क्या ज़रूरत है और जो चीजें उन्हें मुहिय्या नहीं वह दी जाएं, जैसा कि खाद आदि । और ऐसा ना हो कि किसान बैंकों की पकड़ में आ जाएं और गारंटी तलाश करते फिरें । आशा है किसी. ऐम. साहिब मेरी इन बातों की ओर ध्यान देंगे । इन शब्दों के साथ मैं आपका धन्यवाद करता हूँ ।

ਸ੍ਰੀ ਸਪੀਕਰ: ਹੁਣ ਚੀਫ ਮਨਿਸਟਰ ਸਾਹਿਬ ਇਕ ਅਹਿਮ ਬਿਆਨ ਦੇਣਗੇ । (Now the Chief Minister will make an important statement)

STATEMENT BY THE CHIEF MINISTER REGARDING INTERIM RELIEF FOR GOVERNMENT EMPLOYEES

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) ਸਤਿਕਾਰਯੋਗ ਸਪੀਕਰ ਸਾਹਿਬ, ਮੇਰੀ ਸਰਕਾਰ ਨੇ 17 ਮਾਰਚ, 1972 ਨੂੰ ਸੌਂਹ ਚੁਕਣ ਦੇ ਬਾਦ ਇਹ ਵੀ ਕਿਹਾ ਸੀ ਕਿ ਅਸੀਂ ਕਰਮਚਾਰੀਆਂ ਦੀਆਂ ਮੰਗਾਂ ਤੇ ਪੂਰੀ ਤਰ੍ਹਾਂ ਹਮਦਰਦੀ ਨਾਲ ਗੌਰ ਕਰਾਂਗੇ । ਸਰਕਾਰ ਨੇ ਇਸ ਮਾਮਲੇ ਤੇ ਬੜੀ ਚੰਗੀ ਤਰ੍ਹਾਂ ਗੰਭੀਰਤਾ ਨਾਲ ਗੌਰ ਕੀਤਾ ਹੈ । ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ ਬਜਟ ਵਿਚ ਇਕ ਬੜਾ ਖੱਪਾ ਹੈ ਜਿਸ ਨੂੰ ਕਿ ਸਰਕਾਰ ਬਿਨਾ ਟੈਕਸ ਲਗਾਏ ਪੂਰਾ ਕਰਨਾ ਚਾਹੁੰਦੀ ਹੈ । ਸਰਕਾਰ ਨੇ ਕੁਝ ਹੋਰ ਬਹੁਤ ਸਾਰੇ ਵਿਕਾਸ ਦੇ ਪਰੋਗਰਾਮ ਵੀ ਲਾਗੂ ਕਰਨ ਦਾ ਐਲਾਨ ਕੀਤਾ ਹੈ, ਜਿਨ੍ਹਾਂ ਦਾ ਜ਼ਿਕਰ ਰਾਜਪਾਲ ਜੀ ਅਤੇ ਵਿੱਤ ਮੰਤਰੀ ਜੀ ਦੇ ਭਾਸ਼ਨਾਂ ਵਿਚ ਕੀਤਾ ਗਿਆ ਹੈ । ਇਨ੍ਹਾਂ ਵਿਕਾਸ ਦੇ ਪਰੋਗਰਾਮਾਂ ਦਾ ਖਰਚਾ ਕਈ ਕਰੋੜ ਰੁਪਏ ਹੋਵੇਗਾ । ਸਰਕਾਰ ਦੇ ਸਾਹਮਣੇ ਇਕ ਪਾਸੇ ਇਹ ਬਜਟ ਦਾ ਖੱਪਾ ਹੈ ਅਤੇ ਇਨ੍ਹਾਂ ਸਾਰੇ ਪਰੋਗਰਾਮਾਂ ਨੂੰ ਪੂਰੇ ਕਰਨ ਅਤੇ ਤੇਜ਼ ਕਰਨ ਦੀ ਜ਼ਿਮੇਵਾਰੀ ਹੈ । ਦੂਜੇ ਪਾਸੇ ਸਰਕਾਰ ਨੂੰ ਆਪਣੇ ਕਰਮਚਾਰੀਆਂ ਦੇ ਹਿਤਾਂ ਦਾ ਵੀ ਖਿਆਲ ਹੈ । ਸਰਕਾਰ ਨੇ ਅਗੇ ਇਹ ਇਲਾਨ ਕੀਤਾ ਹੈ ਕਿ ਉਹ ਫਿਲਹਾਲ ਕੋਈ ਟੈਕਸ ਨਹੀਂ ਲਾਵੇਗੀ ।

ਭਾਵੇਂ ਸਾਡੇ ਸੂਬੇ ਦੀ ਜੀਅ ਪ੍ਰਤੀ ਆਮਦਨੀ ਕਾਫੀ ਵਧੇਰੀ ਹੈ ਪਰ ਇਥੇ ਜੀਅ ਪ੍ਰਤੀ ਟੈਕਸ ਦਾ ਭਾਰ ਵੀ ਸਾਰੇ ਸੂਬਿਆਂ ਤੋਂ ਵੱਧ ਹੈ। ਸਰਕਾਰ ਨੇ ਕਰਮਚਾਰੀਆਂ ਦੀ ਵੱਧ ਰੀਲੀਫ ਦਿੱਤੇ ਜਾਣ ਦੀ ਮੰਗ ਤੇ ਵੀ ਪੂਰਾ ਵਿਚਾਰ ਕੀਤਾ ਹੈ। ਉਨ੍ਹਾਂ ਸਾਰੀਆਂ ਗੱਲਾਂ ਨੂੰ ਮੁੱਖ ਰੱਖ ਕੇ ਇਹ ਫੈਸਲੇ ਕੀਤੇ ਹਨ।

(ੳ) 575 ਰੁਪਏ ਤੱਕ ਤਨਖਾਹ ਪਾਉਣ ਵਾਲੇ ਸਰਕਾਰੀ ਕਰਮਚਾਰੀਆਂ ਨੂੰ ਹੇਠ ਲਿਖਿਆ ਰੀਲੀਫ ਦਿੱਤਾ ਜਾਵੇਗਾ.

ਜਿਸ ਦੀ ਮੁਢਲੀ ਤਨਖਾਹ 85 ਰੁਪਏ ਤੋਂ ਹੇਠਾਂ ਹੈ ਉਸ ਨੂੰ 15 ਰੁਪਏ ਪ੍ਰਤੀ ਮਹੀਨਾ ਅਤੇ
85 ਰੁਪਏ ਤੋਂ 209 ਰੁਪਏ ਵਾਲੇ ਨੂੰ 25 ਰੁਪਏ ਅਤੇ
210 ਰੁਪਏ ਤੋਂ 499 ਰੁਪਏ ਤਕ 30 ਰੁਪਏ ਅਤੇ
500 ਰੁਪਏ ਤੋਂ 575 ਰੁਪਏ ਤਕ 45 ਰੁਪਏ

(ਅ) ਇਹ ਫੈਸਲਾ 17 ਮਾਰਚ, 1972, ਅਰਥਾਤ ਜਿਸ ਦਿਨ ਤੋਂ ਹੁਣ ਦੀ ਸਰਕਾਰ ਨੇ ਪ੍ਰਬੰਧ ਸੰਭਾਲਿਆ ਹੈ, ਤੋਂ ਲਾਗੂ ਕੀਤਾ ਜਾਵੇਗਾ। ਕੇਂਦਰੀ ਵੇਤਨ ਕਮਿਸ਼ਨ ਨੇ ਇਹ ਨਹੀਂ ਦੱਸਿਆ ਕਿ ਜੋ ਅੰਤਰਿਮ ਰੀਲੀਫ ਉਨ੍ਹਾਂ ਨੇ ਦਿੱਤਾ ਹੈ ਉਹਦੇ ਵਿਚ ਮਹਿੰਗਾਈ ਭਤਾ ਕਿਤਨਾ ਹੈ ਅਤੇ ਤਨਖਾਹ ਦਾ ਹਿੱਸਾ ਕਿਤਨਾ ਹੈ। ਜਦੋਂ ਵੇਤਨ ਕਮਿਸ਼ਨ ਦੀ ਰਿਪੋਰਟ ਆ ਜਾਵੇਗੀ ਤੇ ਸਾਨੂੰ ਇਹ ਪਤਾ ਲਗੇਗਾ ਕਿ ਅੰਤਰਿਮ ਰੀਲੀਫ ਵਿਚ ਮਹਿੰਗਾਈ ਭੱਤਾ ਕਿਤਨਾ ਹੈ ਤਾਂ ਉਹ ਮਹਿੰਗਾਈ ਭੱਤਾ ਅਸੀਂ 1 ਮਾਰਚ, 1970 ਤੋਂ ਦੇਵਾਂਗੇ ਅਤੇ ਇਹ ਅਗੋਂ ਵਾਸਤੇ ਵੀ ਜਾਰੀ ਰਹੇਗਾ।

ਮੇਰੇ ਵਿਚਾਰ ਦੇ ਵਿਚ ਇਹ ਫੈਸਲਾ ਕਰਮਚਾਰੀਆਂ ਅਤੇ ਲੋਕਾਂ ਦੇ ਹਿਤ ਵਿਚ ਹੈ ਅਤੇ ਸੂਬੇ ਦੀ ਮਾਲੀ ਹਾਲਤ ਨੂੰ ਤੇ ਵਿਕਾਸ ਦੇ ਪਰੋਗਰਾਮਾਂ ਨੂੰ ਮੁੱਖ ਰਖ ਕੇ ਕੀਤਾ ਗਿਆ ਹੈ। ਮੈਨੂੰ ਪੂਰੀ ਆਸ ਹੈ ਕਿ ਸਰਕਾਰੀ ਕਰਮਚਾਰੀ ਹੁਣ ਆਪਣੇ ਦੇਸ਼ ਭਗਤ ਤੇ ਜਨ ਸਾਧਾਰਨ ਦਾ ਹਿੱਤੂ ਹੋਣ ਦਾ ਸਬੂਤ ਦੇਣਗੇ ਅਤੇ ਇਨ੍ਹਾਂ ਫੈਸਲਿਆਂ ਨੂੰ ਪੂਰੀ ਤਰਾਂ ਮਨਣਗੇ।

ਕਾਮਰੇਡ ਸੱਤਪਾਲ ਡਾਂਗ: ਸਪੀਕਰ ਸਾਹਿਬ, ਮੈਂ ਇਸ ਸਟੇਟਮੈਂਟ ਬਾਰੇ ਦੋ ਇਕ ਗੱਲਾਂ ਤੇ ਚੀਫ ਮਨਿਸਟਰ ਸਾਹਿਬ ਦੀ ਕਲੈਰੀਫੀਕੇਸ਼ਨ ਚਾਹੁੰਦਾ ਹਾਂ।

ਸ੍ਰੀ ਸਪੀਕਰ: ਡਾਂਗ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਸਟੇਟਮੈਂਟ ਦੇ ਦਿੱਤਾ ਹੈ, ਹੁਣ ਇਹਦੇ ਵਿਚ ਕੋਈ ਕਲੈਰੀਫੀਕੇਸ਼ਨ ਦਾ ਸਵਾਲ ਪੈਦਾ ਨਹੀਂ ਹੁੰਦਾ। (*Addressing the hon. Member Comrade Satya Pal Dang*; The Chief Minister has made the statement. No clarification can be sought now)

DISCUSSION ON GOVERNORS ADDRESS
(RESUMPTION)

ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ (ਬਾਘਾ ਪੁਰਾਣਾ): ਸਪੀਕਰ ਸਾਹਿਬ, ਇਸ ਐਡਰੈਸ ਦੇ ਪੜ੍ਹਨ ਤੋਂ ਬਾਦ ਮੈਂ ਐਡਰੈਸ ਨੂੰ ਵੈਲਕਮ ਕਰਨ ਵਾਸਤੇ ਖੜ੍ਹਾ ਹੋਇਆ ਹਾਂ। ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਐਡਰੈਸ ਵਿਚ ਜਿਨ੍ਹਾਂ ਆਈਟਮਜ਼ ਦੇ ਮੁਤਾਲਿਕ ਦਸਿਆ ਗਿਆ ਹੈ ਉਨ੍ਹਾਂ ਵਿਚੋਂ ਕੁਝ ਦੇ ਮੁਤਾਲਿਕ ਮੈਂ ਆਪਣੇ ਵਿਚਾਰ ਦੇਣੇ ਜ਼ਰੂਰੀ ਸਮਝਦਾ ਹਾਂ।

[ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ]

ਪਹਿਲੀ ਗੱਲ ਮੈਂ ਐਡਮਨਿਸਟਰੇਸ਼ਨ ਦੇ ਮੁਤਾਲਿਕ ਅਰਜ਼ ਕਰਾਂਗਾ ਕਿ ਪਿਛਲੇ ਸਾਲਾਂ ਵਿਚ ਪੰਜਾਬ ਦੀਆਂ ਸਰਕਾਰਾਂ ਜਲਦੀ ਜਲਦੀ ਬਦਲਦੀਆਂ ਰਹੀਆਂ ਹਨ। ਇਨ੍ਹਾਂ ਬਦਲੀਆਂ ਦੇ ਕਾਰਨ ਸਭ ਤੋਂ ਬੁਰਾ ਅਸਰ ਇਸ ਸਟੇਟ ਦੀ ਜਰਨਲ ਐਡਮਨਿਸਟਰੇਸ਼ਨ ਤੇ ਪਿਆ। ਮੈਂ ਸਮਝਦਾ ਹਾਂ ਕਿ ਮੌਜੂਦਾ ਸਰਕਾਰ ਨੂੰ ਇਸ ਦੇ ਦਰੁਸਤ ਕਰਨ ਤੇ ਕਾਫੀ ਮੇਹਨਤ ਕਰਨੀ ਪਏਗੀ। ਹਰ 6-7 ਮਹੀਨੇ ਤੋਂ ਬਾਦ ਜਿਹੜੀਆਂ ਵੀ ਸਰਕਾਰਾਂ ਬਦਲੀਆਂ ਅਫਸਰ ਸ਼ਾਹੀ ਨੇ ਇਹ ਮਹਿਸੂਸ ਕਰ ਲਿਆ ਸੀ ਕਿ ਏਥੇ ਤਾਂ ਇਸ ਤਰ੍ਹਾਂ ਦੀਆਂ ਸਰਕਾਰਾਂ ਆਉਂਦੀਆਂ ਜਾਂਦੀਆਂ ਹੀ ਰਹਿਣਗੀਆਂ। ਜਿਸ ਦਾ ਨਤੀਜਾ ਇਹ ਹੋਇਆਂ ਕਿ ਬਹੁਤ ਸਾਰੇ ਮਹਿਕਮਿਆਂ ਵਿਚ ਕਰਮਚਾਰੀਆਂ ਦੇ ਨਾਲ ਜ਼ਿਆਦਤੀਆਂ ਹੋਈਆਂ। ਇਸ ਤਰ੍ਹਾਂ ਦੀਆਂ ਜ਼ਿਆਦਤੀਆਂ ਪੁਲਿਸ ਦੇ ਮਹਿਕਮੇ ਵਿਚ ਵੀ ਹੋਈਆਂ। ਕਈ ਅਹਿਮ ਪੋਸਟਾਂ ਤੇ ਲੋਕਾਂ ਨਾਲ ਧੱਕੇ ਕੀਤੇ ਗਏ। ਇਹ ਗੱਲ ਮੈਂ ਬੜੇ ਦੁਖ ਦੇ ਨਾਲ ਕਹਿੰਦਾ ਹਾਂ ਕਿ ਉਨ੍ਹਾਂ ਦਿਨਾਂ ਵਿਚ ਜਦੋਂ ਮੈਂ ਇਸ ਪਾਰਟੀ ਵਿਚ ਸੀ ਤਾਂ ਉਨ੍ਹਾਂ ਨਾਲ ਇਸ ਤਰ੍ਹਾਂ ਦੀਆਂ ਜ਼ਿਆਦਤੀਆਂ ਤੇ ਲੜਦਾ ਵੀ ਸੀ। ਪਰ ਚੰਗਾ ਹੋਇਆ ਕਿ ਹੁਣ ਮੈਂ ਇਸ ਪਾਰਟੀ ਦਾ ਮੈਂਬਰ ਵੀ ਨਹੀਂ ਹਾਂ ਨਹੀਂ ਤਾਂ (ਵਿਘਨ).. .. ..

ਸ਼੍ਰੀ ਸਪੀਕਰ: ਆਨਰੇਬਲ ਮੈਂਬਰ ਬਾਈ ਨੇਮ ਇਸ ਤਰ੍ਹਾਂ ਕੁਝ ਨਹੀਂ ਕਹਿ ਸਕਦੇ। ਇਹ ਸ਼ਬਦ ਉਮਿਟ ਕੀਤੇ ਜਾਣ (The hon. Member cannot refer to an outsider by name like this. These words may be omitted)

ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ: ਬਹੁਤ ਅੱਛਾ ਜੀ, ਕਿਉਂਕਿ ਸੂਬੇ ਵਿਚ ਐਸੀ ਰੀਤ ਚਲਾਈ ਗਈ ਕਿ ਮੈਂਬਰਾਂ ਨੂੰ ਖਰੀਦ ਖਰੀਦ ਕੇ ਉਨ੍ਹਾਂ ਨੂੰ ਵਜ਼ੀਰੀਆਂ ਦਿੱਤੀਆਂ ਗਈਆਂ। ਇਨ੍ਹਾਂ ਰਾਹੀਂ ਜੂਨੀਅਰਜ਼ ਨੂੰ ਸੀਨੀਅਰਜ਼ ਬਣਾ ਕੇ ਲੋਕਾਂ ਤੇ ਜ਼ੁਲਮ ਢਾਏ ਗਏ। ਇਕ ਮੈਂਬਰ ਨੂੰ ਇਸ ਲਈ ਸ਼ਾਮਲ ਕੀਤਾ ਕਿ ਉਸ ਦੇ ਰਿਸ਼ਤੇਦਾਰ ਨੂੰ ਐਸ. ਐਸ. ਪੀ. ਬਣਾਇਆ ਜਾਵੇ। ਉਸ ਐਸ. ਐਸ. ਪੀ. ਦੇ ਖਿਲਾਫ 70 ਲੱਖ ਦੀ ਰਿਸ਼ਵਤ ਦਾ ਕੇਸ ਹੋਇਆ ਜਿਸ ਨੂੰ ਕਿ ਚੈਲੰਜ ਕੀਤਾ। ਮੈਂ ਇਸ ਤੇ ਹੋਰ ਡੀਟੇਲ ਵਿਚ ਨਹੀਂ ਜਾਂਦਾ। ਇਤਨਾ ਹੀ ਕਹਾਂਗਾ ਕਿ ਮੌਜੂਦਾ ਚੀਫ ਮਨਿਸਟਰ ਸਾਹਿਬ ਨੂੰ ਖਾਸ ਧਿਆਨ ਦੇਣਾ ਚਾਹੀਦਾ ਹੈ। ਲੋਕਾਂ ਦੀਆਂ ਆਦਤਾਂ ਬਹੁਤ ਹੀ ਵਿਗਾੜ ਕੇ ਰਖ ਦਿੱਤੀਆਂ ਗਈਆਂ ਹਨ। ਇਹ ਉਸ ਵੇਲੇ ਤੱਕ ਠੀਕ ਨਹੀਂ ਹੋਣੀਆਂ ਜਦੋਂ ਤਕ ਕਿ ਮਜ਼ਬੂਤ ਹਥਾਂ ਨਾਲ ਢੀਲ ਨਾ ਕੀਤੀਆਂ ਜਾਣ। ਇਕ ਦੋ ਆਈਟਮਾਂ ਦੇ ਮੁਤਾਲਿਕ ਮੈਂ ਦਸਣਾ ਚਾਹੁੰਦਾ ਹਾਂ ਇਕ ਤਾਂ ਇਹ ਕਿ ਅਗੇ ਤਾਂ ਜ਼ਿਮੀਦਾਰ ਬਚ ਗਿਆ ਪਰ ਹੁਣ ਆਉਣ ਵਾਲੇ ਜੋ ਮੁਲਕ ਦੇ ਹਾਲਾਤ ਹਨ ਸਾਨੂੰ ਉਨ੍ਹਾਂ ਦੇ ਮੁਤਾਬਿਕ ਐਡਜਸਟ ਕਰਨਾ ਚਾਹੀਦਾ ਹੈ। ਅਜ ਹਰ ਆਦਮੀ ਇਹ ਚਾਹੁੰਦਾ ਹੈ ਕਿ ਜ਼ਮੀਨ ਔਰ ਜਾਇਦਾਦ ਦੇ ਵਿਚ ਸੀਲਿੰਗ ਹੋਣੀ ਚਾਹੀਦੀ ਹੈ। ਇਸ ਲਈ ਅਸੀਂ ਵੀ ਇਸ ਆਵਾਜ਼ ਦੇ ਖਿਲਾਫ ਨਾ ਜਾਈਏ। ਮੈਂ ਉਨ੍ਹਾਂ ਲੋਕਾਂ ਦੇ ਵਿਚੋਂ ਹਾਂ ਕਿ ਜ਼ਮੀਨ ਬੇਸ਼ਕ ਨੈਸ਼ਨੇਲਾਈਜ਼ ਕਰ ਲਵੋ ਪਰ ਇਕ ਗਲਤੀ ਨਹੀਂ ਹੋਣੀ ਚਾਹੀਦੀ ਕਿ ਹੋਲਡਿੰਗ ਇਸ ਤਰ੍ਹਾਂ ਦੀ ਹੋ ਜਾਵੇ ਕਿ ਇਹ ਅਨਇਕਨਾਮੀਕਲ ਯੂਨਿਟ ਹੀ ਬਣ ਕੇ ਰਹਿ ਜਾਵੇ। ਜਿਸ ਦਾ ਨਤੀਜਾ ਇਹ ਹੋਵੇਗਾ ਕਿ ਅਗੋਂ ਲਈ ਪੈਦਾਵਾਰ ਹੀ ਖਤਮ ਹੋ ਜਾਵੇਗੀ। 30 ਏਕੜ ਦੀ ਸਾਡੇ ਸੂਬੇ ਵਿਚ ਸੀਲਿੰਗ ਹੈ, ਜਿਹੜੀ ਕਿ ਸਹੀ ਹੈ ਇਸ ਲਈ ਸਰਕਾਰ ਨੂੰ ਇਹ ਇੰਪਲੀਮੈਂਟ

ਕਰ ਦੇਣੀ ਚਾਹੀਦੀ ਹੈ। ਜੇ ਕਹੋ ਕਿ 30 ਏਕੜ ਵਿਚ ਕੋਈ ਜ਼ਿਮੀਦਾਰ ਮੁਨਾਫਾ ਕਮਾ ਸਕਦਾ ਹੈ ਇਹ ਖਿਆਲ ਹੀ ਹੈ, ਉਸ ਦਾ ਗੁਜ਼ਾਰਾ ਹੀ ਬੜੀ ਮੁਸ਼ਕਲ ਨਾਲ ਹੁੰਦਾ ਹੈ। ਪਰ ਜੇ ਸਰਕਾਰ ਚਾਹੁੰਦੀ ਹੈ ਕਿ ਜ਼ਮੀਨ ਘਟ ਹੋਣੀ ਚਾਹੀਦੀ ਹੈ ਤਾਂ ਇਹ ਅਨਇਕਨਾਮੀਕਲ ਯੂਨਿਟ ਬਣ ਕੇ ਰਹਿ ਜਾਵੇਗੀ। ਜੇ ਤੁਸੀਂ ਚਾਹੁੰਦੇ ਹੋ ਕਿ ਇਹ ਰਹਿਣੀ ਹੀ ਨਹੀਂ ਚਾਹੀਦੀ ਤਾਂ ਮੈਂ ਨੈਸ਼ਨੇਲਾਈਜ਼ੇਸ਼ਨ ਦੀ ਸਕੀਮ ਨੂੰ ਵੈਲਕਮ ਕਰਾਂਗਾ। ਇਸ ਗਵਰਨਮੈਂਟ ਤੋਂ ਪਹਿਲਾਂ ਦੀਆਂ ਸਰਕਾਰਾਂ ਨੇ ਸੀਡ ਫਾਰਮਜ਼ ਬਣਾਏ, ਉਨ੍ਹਾਂ ਦਾ ਬਾਕਾਇਦਾ ਹਿਸਾਬ ਕਿਤਾਬ ਸਰਕਾਰ ਦੇ ਪਾਸ ਮੌਜੂਦ ਹੈ। 25—25 ਦੇ ਕਰੀਬ ਉਹ ਸੀਡ ਫਾਰਮਜ ਸਨ, ਮੈਨੂੰ ਦਸਿਆ ਜਾਵੇ ਕਿ ਜਿਹੜੇ ਸੀਡ ਫਾਰਮ ਨੇ ਨਫਾ ਕਮਾਇਆ ਹੈ। ਉਹ ਸਾਰੇ ਦੇ ਸਾਰੇ ਘਾਟੇ ਵਿਚ ਹੀ ਰਹੇ। ਇਕ 15-20 ਏਕੜ ਦੇ ਟੁਕੜੇ ਤੇ ਮੈਂ ਦਾਵੇ ਨਾਲ ਕਹਿੰਦਾ ਹਾਂ ਕਿਸਾਨ ਦੀ ਸਾਰੀ ਦੀ ਮਿਹਨਤ ਜਾਂਦੀ ਹੈ। ਮੈਂ ਇਸ ਤੇ ਬਹੁਤਾ ਨਾ ਜਾਂਦਾ ਹੋਇਆ ਡਾਂਗ ਸਾਹਿਬ ਦੀ ਵਾਕਫੀਅਤ ਲਈ ਕਹਾਂਗਾ ਕਿ ਉਹ ਕਿਸੇ ਵੀ ਫਾਰਮ ਦੀ ਐਵਰੇਜ ਅਸੈਸ ਕਰ ਲੈਣ। ਅਜਕਲ੍ਹ ਦੇ ਹਾਲਾਤ ਹੀ ਐਸੇ ਹਨ ਕਿ ਖੇਤੀ ਵਿਚੋਂ ਨਾ ਧਨੀ ਨੂੰ ਨਫਾ ਹੈ ਅਤੇ ਨਾ ਹੀ ਕਿਸਾਨ ਨੂੰ ਫਾਇਦਾ ਹੈ।

ਕਾਮਰੇਡ ਸੱਤਪਾਲ ਡਾਂਗ: ਤੁਸੀ ਧਨੀ ਹੋ ਜਾਂ ਕਿਸਾਨ ਹੋ ?

ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ: ਮੈਂ ਕਿਸਾਨ ਹਾਂ ਮੇਰਾ ਰਹਿਣ ਸਹਿਣ ਤੁਹਾਡੇ ਨਾਲੋਂ ਚੰਗਾ ਨਹੀਂ। (ਵਿਘਨ) (ਹਾਸਾ) ਮੈਂ ਕਈ ਕਮਿਊਨਿਸਟ ਭਰਾਵਾਂ ਨੂੰ ਜਾਣਦਾ ਹਾਂ ਇਸ ਲਈ ਮੈਂ ਇਸ ਬਾਰੇ ਇਕ ਮਿਸਾਲ ਦੇਣਾ ਚਾਹੁੰਦਾ ਹਾਂ......

ਸ੍ਰੀ ਸਪੀਕਰ: ਸਰਦਾਰ ਗੁਰਚਰਨ ਸਿੰਘ ਤੁਸੀਂ ਆਪਣਾ ਰਹਿਣ ਸਹਿਣ ਡਾਂਗ ਸਾਹਿਬ ਨਾਲ ਅਦਲਾ ਬਦਲੀ ਕਰ ਲਉ। (ਹਾਸਾ) (Sardar Gurcharan Singh you may exchange your standard of living with Dang Sahib)

ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ: ਮੈਨੂੰ ਮਨਜ਼ੂਰ ਹੈ ਜੀ। ਮੈਂ ਹਾਊਸ ਵਿਚ ਆਖਦਾ ਹਾਂ ਕਿ ਉਹ ਵਟਾ ਲੈਣ। (ਹਾਸਾ)

ਕਾਮਰੇਡ ਸੱਤਪਾਲ ਡਾਂਗ: ਸਪੀਕਰ ਸਾਹਿਬ, ਮੈਨੂੰ ਮਨਜ਼ੂਰ ਹੈ ਇਹ ਵਟਾ ਲੈਣ। ਇਥੇ ਹੀ ਇਨਾਂ ਕੋਲੋਂ ਅਸ਼ਟਾਮ ਲਿਖਾ ਲਉ (ਹਾਸਾ) ਇਨ੍ਹਾਂ ਦੇ ਦਸਖਤ ਕਰਵਾ ਲਉ ਜੀ, ਬਾਦ ਵਿਚ ਮੁਕਰ ਨਾ ਜਾਣ (ਹਾਸਾ) (ਵਿਘਨ) ਸਪੀਕਰ ਸਾਹਿਬ ਮੈਂ ਇਹ ਸਾਰੀ ਜਇਦਾਦ ਪਾਰਟੀ ਨੂੰ ਦੇ ਦੇਵਾਂਗਾ, ਆਪਣੇ ਪਾਸ ਨਹੀਂ ਰਖਾਂਗਾ ਪਰ ਹੁਣ ਤੁਸੀਂ ਇਹਨਾਂ ਤੋਂ ਜਾਇਦਾਦ ਦਿਵਾਓ। (ਹਾਸਾ)

ਸ੍ਰੀ ਸਪੀਕਰ: ਡਾਂਗ ਸਾਹਿਬ, ਉਨ੍ਹਾਂ ਨੇ ਰਹਿਣ ਸਹਿਣ ਬਦਲਾਉਣ ਦੀ ਗਲ ਕੀਤੀ ਹੈ ਜਾਇਦਾਦ ਬਦਲਾਉਣ ਦੀ ਨਹੀਂ। ਉਹ ਰਹਿਣ ਸਹਿਣ ਤੁਸੀਂ ਬਦਲਾਉਣਾ ਨਹੀਂ (ਹਾਸਾ) (Dang Sahib, the hon. Member Sardar Gurcharan Singh NihalSinghwala has offered to exchange the standard of living with you and not the property. I am sure that you will not agree to that) (Laughter)

ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ: ਸਪੀਕਰ ਸਾਹਿਬ, ਮੈਨੂੰ ਕਮਿਊਨਿਸਟ ਪਾਰਟੀ ਦੇ ਨਾਲ ਬੜਾ ਪਿਆਰ ਹੈ। ਮੈਂ ਪਿਛਲੇ 10—15 ਸਾਲਾ ਤੋਂ ਉਨ੍ਹਾਂ ਨਾਲ ਉਥੇ ਲੋਕਲ ਸਮਝੌਤਾ ਕਰਕੇ ਚਲਦਾ ਆ ਰਿਹਾ ਹਾਂ। ਮੈਂ ਡਾਂਗ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਨਿਹਾਲ ਸਿੰਘ ਵਾਲਾ ਵਿਚ ਹੀ ਇਨ੍ਹਾਂ ਦੀ ਪੋਲਟਬਿਊਰੋ ਦੇ 3-4 ਮੈਂਬਰ ਰਹਿੰਦੇ ਹਨ ਉਹ ਮੇਰੇ ਤੋਂ ਵੀ ਵਡੇ ਜ਼ਿਮੀਦਾਰ ਹਨ ਔਰ ਇਹ ਜ਼ਮੀਨ ਦੀ ਸੀਲਿੰਗ ਦੀ ਗਲ ਕਰਦੇ ਹਨ। (ਵਿਘਨ)

ਕਾਮਰੇਡ ਸੱਤਪਾਲ ਡਾਂਗ. ਸਾਡੀ ਪਾਰਟੀ ਦੀ ਕੋਈ ਪੋਲਟਬਿਓਰੋ ਹੀ ਨਹੀ ਹੈ।

ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ : ਸਪੀਕਰ ਸਾਹਿਬ, ਮੈਂ ਜ਼ਮੀਨਾਂ ਦੇ ਬਾਰੇ ਇਹ ਨਹੀਂ ਕਹਿੰਦਾ ਕਿ ਸੀਲਿੰਗ ਨਾ ਕਰੋ। ਮੈ ਇਹ ਕਹਿੰਦਾ ਹਾਂ ਕਿ ਸਾਡੀਆਂ ਸਾਰੀਆਂ ਜ਼ਮੀਨ ਲੈ ਲਓ ਪਰ ਇਥੇ 17 ਸੈਕਟਰ ਜਾਂ 22 ਸੈਕਟਰ ਵਿਚ ਇਕ ਛੋਟੀ ਜਿਹੀ ਦੁਕਾਨ ਸਾਨੂੰ ਦੇ ਦਿਓ। ਸਾਰੀ ਜ਼ਮੀਨ ਦਾ ਸੌਦਾ ਕਰਨ ਨੂੰ ਤਿਆਰ ਹਾਂ।

ਸ੍ਰੀ ਸਪੀਕਰ : ਪਰ 17 ਸੈਕਟਰ ਵਿਚ ਵੀ ਤਾਂ ਦੁਕਾਨਾਂ ਫਿਰੋਜ਼ਪੁਰੀਆਂ ਨੇ ਹੀ ਮਹਿੰਗੀਆਂ ਕੀਤੀਆਂ ਹਨ। (ਹਾਸਾ) (The cost of shops in sector 17 has increased due to high bids by residents of Ferozepur.)

ਕਾਮਰੇਡ ਸਤਪਾਲ ਡਾਂਗ: ਦਿਲੀ ਦੇ ਕਨਾਟ ਪਲੇਸ ਵਿਚ ਵੀ ਮਾਲਕੀਅਤ ਫਿਰੋਜ਼ ਪੁਰੀਆਂ ਦੀ ਹੈ। (ਹਾਸਾ)

ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ : ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਹ ਮਸਲਾ ਪੂਰੀ ਤਰ੍ਹਾਂ ਸੋਚ ਵਿਚਾਰ ਕਰਕੇ ਕਰਨ ਵਾਲਾ ਹੈ, ਪੂਰੀ ਤਰ੍ਹਾਂ ਗਿਣਤੀ ਮਿਣਤੀ ਕਰਕੇ ਇਹ ਕਰਨਾ ਚਾਹੀਦਾ ਹੈ। ਫਿਰ, ਸਪੀਕਰ ਸਾਹਿਬ, ਮੈਂ ਨਹਿਰੀ ਪਾਣੀ ਦੇ ਮੁਤਾਲਿਕ ਕੁਝ ਗਲਾਂ ਕਰਨੀਆਂ ਹਨ। ਇਥੇ ਬੀਬੀ ਗੁਰਬਰਿੰਦਰ ਕੌਰ ਨੇ ਵੀ ਨਹਿਰੀ ਪਾਣੀ ਦੀ ਗਲ ਕੀਤੀ ਅਤੇ ਬਲਰਾਮ ਜੀ ਨੇ ਵੀ ਜੋ ਕਿ ਮੇਰੇ ਇਲਾਕੇ ਦੇ ਬੰਦੇ ਹਨ ਉਨ੍ਹਾਂ ਨੇ ਵੀ ਇਸ ਬਾਰੇ ਗਲ ਕੀਤੀ। ਜਦੋਂ ਮੈਂ ਗੌਰਮਿੰਟ ਵਿਚ ਹੁੰਦਾ ਸੀ ਤਾਂ ਮੈਂ ਇਸ ਗਲ ਦੀ ਖੋਜ ਕੀਤੀ ਕਿ ਪਾਣੀ ਦਾ ਘਾਟਾ ਕਿਉਂ ਹੈ। ਸਪੀਕਰ ਸਾਹਿਬ, ਪੰਜਾਬ ਵਿਚ ਪਾਣੀ ਦਾ ਜੋ ਘਾਟਾ ਹੈ ਉਸ ਵਿਚ ਖਾਸ ਤੌਰ ਤੇ ਫਿਰੋਜ਼ਪੁਰ ਜ਼ਿਲ੍ਹੇ ਵਿਚ ਪਾਣੀ ਦਾ ਘਾਟਾ ਹੈ। ਫਿਰੋਜ਼ਪੁਰ ਵਿਚੋਂ ਵੀ ਮੁਕਤਸਰ ਸਬ-ਡਿਵੀਜ਼ਨ ਦਾ ਇਲਾਕਾ ਹੈ ਜਿਸ ਵਿਚ ਇਹ ਇਕ ਪ੍ਰਾਬਲਮ ਹੈ। ਮੁਕਤਸਰ ਵਿਚ ਵੀ ਕੁਝ ਇਕ ਖਾਨਦਾਨਾਂ ਨਾਲ ਇਹ ਮਸਲਾ ਸਬੰਧ ਰਖਦਾ ਹੈ। ਮੈਂ ਕਹਿੰਦਾ ਹਾਂ ਕਿ ਜੇ ਇਨ੍ਹਾਂ ਚੰਦ ਖਾਨਦਾਨਾਂ ਤੇ ਪਹਿਰਾ ਲਗਾ ਦਿਤਾ ਜਾਵੇ ਤਾਂ ਇਹ ਪਾਣੀ ਦੀ ਪ੍ਰਾਬਲਮ ਹਲ ਹੋ ਸਕਦੀ ਹੈ। (ਵਿਘਨ) ਮੈਂ ਅਰਜ਼ ਕਰਦਾ ਹਾਂ ਕਿ ਅਬੋਹਰ ਦੇ ਅਗਲੇ ਕੁਝ ਪਿੰਡਾਂ ਅਤੇ ਮਲੋਟ ਦੇ ਕੁਝ ਉਪਰਲੇ ਪਿੰਡਾਂ ਤਕ ਪਾਣੀ ਨਹੀਂ ਪਹੁੰਚਦਾ। ਕਿਉਂਕਿ ਬਦਕਿਸਮਤੀ ਦੇ ਨਾਲ ਇਨ੍ਹਾਂ ਦੇ ਰਾਹ ਵਿਚ ਹੀ 2, 3 ਪਿੰਡ ਝੀਡਵਾਲਾ ਅਤੇ ਸ਼ੇਰਪੁਰ ਆਦਿ ਹਨ ਜਿਥੇ ਜ਼ਿਮੀਦਾਰ ਨਾਲਾਂ ਲਗਾ ਕੇ ਅਤੇ ਨਹਿਰਾਂ ਵਢ ਕੇ ਪਾਣੀ ਕਢ ਲੈਂਦੇ ਹਨ ਜਿਸ ਕਰਕੇ ਅਗੇ ਪਾਣੀ ਨਹੀਂ ਜਾਂਦਾ। ਇਸ ਗਲ ਨੂੰ ਰੋਕਣਾ ਚਾਹੀਦਾ ਹੈ।

ਮੈਂ ਇਸ ਤੋਂ ਇਲਾਵਾ, ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਦੇ ਧਿਆਨ ਵਿਚ [illegible]ਰੀ ਗਲ ਲਿਆਉਣੀ ਚਾਹੁੰਦਾ ਹਾਂ। ਉਹ ਹੈ ਕੁਰਪਸ਼ਨ ਬਾਰੇ। ਵੈਸੇ

ਤਾਂ ਕੁਰਪਸ਼ਨ ਦੀਆਂ ਬੜੀਆਂ ਸ਼ਿਕਾਇਤਾਂ ਆਉਂਦੀਆਂ ਹਨ, ਪਰ ਜੋ ਕੁਰਪਸ਼ਨ ਕੋਆਪ੍ਰੇਟਿਵ ਮਹਿਕਮੇ ਵਿਚ ਹੈ, ਉਸ ਦੀ ਮਿਸਾਲ ਦੁਨੀਆਂ ਵਿਚ ਕਿਧਰੇ ਨਹੀਂ ਮਿਲ ਸਕਦੀ। ਮੈਂ ਸਮਝਦਾ ਹਾਂ ਕਿ ਇਸ ਹਾਊਸ ਵਿਚ ਕੋਈ ਵੀ ਮੈਂਬਰ ਉਠ ਕੇ ਉਸ ਮਹਿਕਮੇ ਦੀ ਸਫਾਈ ਪੇਸ਼ ਨਹੀਂ ਕਰ ਸਕਦਾ। ਉਥੇ ਅਜਿਹੀ ਲੁਟ ਮਚੀ ਹੋਈ ਹੈ ਕਿ ਛੋਟੇ ਛੋਟੇ ਪਿੰਡਾਂ ਵਿਚ ਜਾਕੇ ਜਦੋਂ ਇਹ ਪਤਾ ਕਰੀਏ ਕਿ ਇਥੇ ਕੰਮ ਕਿਉਂ ਨਹੀਂ ਹੋਇਆ ਤਾਂ ਜਵਾਬ ਮਿਲਦਾ ਹੈ ਕਿ ਡੇਢ ਲਖ ਰੁਪਿਆ ਫਲਾਣਾ ਸੈਕਟਰੀ ਖਾ ਗਿਆ ਅਤੇ 2 ਲਖ ਫਲਾਣਾ ਖਜ਼ਾਨਚੀ ਖਾ ਗਿਆ। ਇਹ ਛੋਟੇ ਛੋਟੇ ਪਿੰਡਾਂ ਦੀ ਹਾਲਤ ਹੈ। ਉਥੇ ਦੇ ਪੰਚਾਇਤ ਸੈਕਟਰੀ, ਖਜ਼ਾਨਚੀ ਅਤੇ ਚੇਅਰਮੈਨ ਆਦਿ ਗਬਨ ਕਰ ਰਹੇ ਹਨ। ਫਿਰ ਕੋਆਪ੍ਰੇਟਿਵ ਸੋਸਾਇਟੀਆਂ ਕਣਕ ਦੀ ਖਰੀਦ ਵੀ ਕਰਦੀਆਂ ਹਨ। ਮੈਂ ਇਸ ਬਾਰੇ ਜ਼ਾਤੀ ਤੌਰ ਤੇ ਕੁਝ ਗਲਾਂ ਜਾਣਦਾ ਹਾਂ। ਮੇਰੇ ਆਪਣੇ ਪਿੰਡ ਵੀ ਕਣਕ ਦੀ ਮੰਡੀ ਹੈ ਅਤੇ ਉਥੇ ਕਣਕ ਦੀ ਬਹੁਤ ਆਮਦ ਹੈ। ਉਥੇ ਕੋਆਪ੍ਰੇਟਿਵ ਦੇ ਮਹਿਕਮੇ ਵਾਲੇ ਲਖਾਂ ਰੁਪਏ ਦੀ ਕਣਕ ਖਰੀਦ ਕੇ ਬਾਹਰ ਬਾਰਸ਼ਾਂ ਵਿਚ ਭਿਜਣ ਲਈ ਛਡ ਦਿੰਦੇ ਹਨ। ਬਾਰਸ਼ ਵਿਚ ਭਿਜ ਕੇ ਕਣਕ ਫੁਲ ਜਾਂਦੀ ਹੈ ਅਤੇ ਬੋਰੀਆਂ ਫਟ ਜਾਂਦੀਆਂ ਹਨ ਤਾਂ ਉਹ ਕਣਕ ਵਿਚੋਂ ਕਢ ਕੇ ਗਬਨ ਕਰ ਲੈਂਦੇ ਹਨ ਅਤੇ ਫਿਰ ਬਾਕੀ ਬੋਰੀਆਂ ਸਟਾਕ ਵਿਚ ਜਮ੍ਹਾਂ ਕਰਵਾ ਦਿੰਦੇ ਹਨ। ਕਣਕ ਭਿਜ ਕੇ ਭਾਰੀ ਹੋ ਜਾਂਦੀ ਹੈ। ਇਸ ਕਰਕੇ ਪਤਾ ਨਹੀਂ ਲਗਦਾ। ਜੇ ਉਨ੍ਹਾਂ ਨੂੰ ਇਸ ਤਰ੍ਹਾਂ ਪੈਸਾ ਖਾਣ ਤੋਂ ਰੋਕਿਆ ਨਾ ਗਿਆ ਤਾਂ ਉਹ ਮਹਿਕਮਾ ਸਿਰਫ਼ ਕਾਗਜ਼ਾਂ ਵਿਚ ਹੀ ਰਹਿ ਜਾਵੇਗਾ, ਉਸ ਕੋਲ ਕੋਈ ਪੈਸਾ ਨਹੀਂ ਰਹੇਗਾ। ਉਥੇ ਇਤਨੀ ਦਲੇਰੀ ਦੇ ਨਾਲ ਹੀ ਪੈਸਾ ਖਾਧਾ ਜਾ ਰਿਹਾ ਹੈ।

ਫਿਰ, ਸਪੀਕਰ ਸਾਹਿਬ, ਮੈਂ ਗਿਆਨੀ ਜੀ ਦਾ ਸ਼ੁਕਰੀਆ ਅਦਾ ਕਰਦਾ ਹਾਂ ਕਿ ਇਨ੍ਹਾਂ ਨੇ ਸਰਕਾਰੀ ਕਰਮਚਾਰੀਆਂ ਬਾਰੇ ਸਾਡੇ ਬੋਲਣ ਦੀ ਕੋਈ ਲੋੜ ਨਹੀਂ ਰਹਿਣ ਦਿਤੀ। ਹੁਣੇ ਹੀ ਉਨ੍ਹਾਂ ਨੇ ਹਾਊਸ ਵਿਚ ਇਕ ਸਟੇਟਮੈਂਟ ਪੜ੍ਹੀ ਹੈ। ਇਸ ਲਈ ਮੈਂ ਉਨ੍ਹਾਂ ਨੂੰ ਮੁਬਾਰਕਬਾਦ ਦਿੰਦਾ ਹਾਂ।

ਫਿਰ, ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਸਰਕਾਰ ਨੂੰ ਆਪਣੇ ਆਪ ਨੂੰ ਮਜ਼ਬੂਤ ਕਰਨ ਲਈ ਲੋਕਾਂ ਦੇ ਦੁਖ ਦੂਰ ਕਰਨੇ ਪੈਣਗੇ। ਜਿਥੇ ਇਕ ਨੈਕਸੇਲਾਈਟ ਮੂਵਮੈਂਟ ਚਲੀ ਸੀ। ਇਸ ਬਾਰੇ ਬੜੇ ਮੈਂਬਰਾਂ ਨੇ ਜ਼ਿਕਰ ਕੀਤਾ ਹੈ। ਚੀਫ਼ ਮਨਿਸਟਰ ਸਾਹਿਬ ਨੇ ਵਿਸ਼ਵਾਸ਼ ਦਿਵਾਇਆ ਹੈ ਕਿ ਜੇ ਕੋਈ ਗਲਤ ਗਲ ਹੋ ਰਹੀ ਹੈ ਤਾਂ ਉਹ ਦੂਰ ਕਰਨ ਦਾ ਯਤਨ ਕਰਨਗੇ। ਇਸ ਬਾਰੇ ਮੈਂ ਇਨ੍ਹਾਂ ਨੂੰ ਇਹ ਦਸਣਾ ਚਾਹੁੰਦਾ ਹਾਂ ਕਿ ਜਿਥੇ ਜਿਥੇ ਵੀ ਨੈਕਸੇਲਾਈਟ ਮੂਵਮੈਂਟ ਲਈ ਇਨ੍ਹਾਂ ਨੇ ਸਟਾਫ਼ ਰਖਿਆ ਹੈ ਉਥੇ ਉਥੇ ਇਨ੍ਹਾਂ ਨੇ ਉਸ ਸਟਾਫ਼ ਨੂੰ ਬੜੇ ਹੀ ਵਸੀਹ ਅਖਤਿਆਰਾਤ ਦਿਤੇ ਹਨ। ਉਹ ਅਖਤਿਆਰਾਤ ਇਤਨੇ ਵਸੀਹ ਹਨ ਕਿ ਜਿਥੇ ਉਨ੍ਹਾਂ ਨੇ ਆਪਣਾ ਦੁਖ ਕਟਣਾ ਹੁੰਦਾ ਹੈ, ਜਾਂ ਜੇਬ ਵਿਚ ਪੈਸੇ ਨਹੀਂ ਰਹੇ ਹੁੰਦੇ, ਪੈਸੇ ਭਰਨੇ ਹੁੰਦੇ ਹਨ ਉਹ ਉਥੇ ਲੋਕਾਂ ਤੇ ਤਸ਼ਦਦ ਕਰਨਾ ਸ਼ੁਰੂ ਕਰ ਦਿੰਦੇ ਹਨ। ਉਹ ਇਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੇ ਉਪਰ ਕੋਈ ਗੌਰਮਿੰਟ ਨਹੀਂ ਬੈਠੀ, ਉਹ ਆਪ ਹੀ ਗੌਰਮਿੰਟ ਹਨ। ਉਨ੍ਹਾਂ ਦਾ ਲੋਕਾਂ ਦੇ ਨਾਲ ਬੀਹੇਵੀਅਰ ਐਸਾ ਹੀ ਹੈ। ਫਿਰ ਇਨ੍ਹਾਂ ਕੋਲ ਬੜੇ ਟੈਕਟਿਕਸ ਹੁੰਦੇ ਹਨ। ਮੇਰੇ ਇਲਾਕੇ ਦੇ 2 ਗਰੀਬ ਮੁੰਡੇ ਫੜ ਲਏ। ਮੈਂ ਉਨ੍ਹਾਂ ਦੇ ਪਾਸ ਗਿਆ ਤੇ ਕਿਹਾ ਕਿ ਇਹ ਮੁੰਡੇ ਤਾਂ ਬੜੇ ਸ਼ਰੀਫ਼ ਹਨ, ਇਨ੍ਹਾਂ ਦਾ ਕੋਈ ਹੱਥ ਅਜਿਹੇ ਕੰਮ ਵਿਚ ਨਹੀਂ ਹੈ, ਇਸ ਲਈ ਇਨ੍ਹਾਂ ਨੂੰ ਛੱਡ ਦਿਤਾ ਜਾਵੇ

[ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ]

ਤਾਂ ਉਹ ਇੰਸਪੈਕਟਰ ਮੈਨੂੰ ਕਹਿਣ ਲਗਾ ਕਿ ਤੁਸੀਂ ਕਲ ਆਉਣਾ । ਜਦ ਮੈਂ ਦੂਜੇ ਦਿਨ ਉਥੇ ਗਿਆ ਤਾਂ ਉਹ ਨੇ ਆਪਣੀ ਕਲਮ ਦੇ ਨਾਲ ਲਿਖੇ ਹੋਏ ਉਨ੍ਹਾਂ ਮੁੰਡਿਆਂ ਦੇ ਬਿਆਨ ਮੈਨੂੰ ਦਸੇ ਕਿ ਉਹ ਹਰਚਰਨ ਸਿੰਘ ਅਤੇ ਗੁਰਚਰਨ ਸਿੰਘ ਨਿਹਾਲਸਿੰਘਵਾਲਾ ਨੂੰ ਕਤਲ ਕਰਨਾ ਚਾਹੁੰਦੇ ਹਨ । ਮੈਂ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਮੈਨੂੰ ਫੂਲ ਬਣਾਉਣਾ ਚਾਹੁੰਦੇ ਹੋ ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਮੈਂ ਉਨ੍ਹਾਂ ਦੀ ਹਮਦਰਦੀ ਵਿਚ ਇਥੇ ਆਵਾਂ ਤੇ ਉਹ ਬਿਆਨ ਦੇਣ ਕਿ ਉਹ ਮੈਨੂੰ ਕਤਲ ਕਰਨਾ ਚਾਹੁੰਦੇ ਹਨ । ਇਹ ਤੇਰੀ ਜਾਂ ਤੇਰੇ ਸਟਾਫ਼ ਦੇ ਕਿਸੇ ਆਦਮੀ ਦੀ ਸ਼ਰਾਰਤ ਹੈ । ਮੈਨੂੰ ਤਾਂ ਉਨ੍ਹਾਂ ਤੋਂ ਕੋਈ ਖਤਰਾ ਨਹੀਂ ਹੈ । ਫਿਰ ਮੈਂ ਇਨ੍ਹਾਂ ਨੂੰ ਦਸਦਾ ਹਾਂ ਕਿ ਉਥੇ ਇਕ ਇੰਸਪੈਕਟਰ ਡਿਪਿਊਟ ਕੀਤਾ ਗਿਆ । ਉਸ ਦਾ ਕੰਮ ਇਹ ਸੀ ਕਿ ਰੋਜ਼ ਕਿਸੇ ਤੋਂ ਕਾਰ ਮੰਗ ਲੈਣੀ ਅਤੇ ਟਰੱਕਾਂ ਵਾਲਿਆਂ ਤੋਂ 40-50 ਲੀਟਰ ਤੇਲ ਲੈ ਲੈਣਾ । ਜੇ ਕਿਸੇ ਨੇ 10 ਦਿਨ ਦੇ ਕੇ 11ਵੇਂ ਦਿਨ ਕਿਹਾ ਕਿ ਮੇਰੇ ਕੋਲ ਅਜ ਹੈ ਨਹੀਂ ਤਾਂ ਉਸ ਨੇ ਉਸ ਦੇ ਸਾਰੇ ਟਰੱਕ ਰੋਕ ਲੈਣੇ ਅਤੇ ਫਿਰ ਉਨ੍ਹਾਂ ਨੇ ਪੈਰੀ ਪੈਂਦੇ ਫਿਰਨਾ । ਉਨ੍ਹਾਂ ਤੋਂ 400-500 ਲੀਟਰ ਪਟਰੋਲ ਵੀ ਲੈ ਲੈਣਾ ਤੇ ਪਿਛਲਾ ਲਿਹਾਜ਼ ਵੀ ਨਾ ਕਰਨਾ । ਫਿਰ ਇਕ ਹੋਰ ਇੰਸਪੈਕਟਰ ਇਨ੍ਹਾਂ ਨੇ ਉਥੇ ਲਾਇਆ । ਇਸ ਬਾਰੇ ਮੈਂ ਪਹਿਲਾਂ ਇਥੇ ਇਕ ਕਾਲ ਅਟੈਨਸ਼ਨ ਮੋਸ਼ਨ ਵੀ ਦਿਤੀ ਸੀ । ਮੇਰੇ ਇਲਾਕੇ ਵਿਚ ਬੋਰੀਏ ਸਿਖ ਹੁੰਦੇ ਹਨ, ਉਹ ਸ਼ਿਕਾਰ ਦੇ ਬੜੇ ਸ਼ੌਕੀਨ ਅਤੇ ਜਾਣਕਾਰ ਹੁੰਦੇ ਹਨ । ਇਸ ਇੰਸਪੈਕਟਰ ਨੇ ਉਨ੍ਹਾਂ ਨੂੰ ਥਾਣੇ ਬੁਲਾ ਲੈਣਾ ਅਤੇ ਉਨ੍ਹਾਂ ਨੂੰ ਕਹਿਣਾ ਕਿ 100 ਤਿਤਰ ਫੜ ਲਿਆਓ । ਅੱਜ ਟੋਕਰਾ ਤਿਤਰਾਂ ਦਾ ਆਈ. ਜੀ. ਅਸ਼ਵਨੀ ਕੁਮਾਰ ਨੂੰ ਜਾ ਰਿਹਾ ਹੈ, ਅਜ ਟੋਕਰਾ ਕਿਸੇ ਹੋਰ ਨੂੰ ਜਾ ਰਿਹਾ ਹੈ । ਉਨ੍ਹਾਂ ਗਰੀਬਾਂ ਨੇ ਆਪਣੀ ਮਜ਼ਦੂਰੀ ਵੀ ਛਡਣੀ ਅਤੇ ਜਿਨ੍ਹਾਂ ਕਿਸਾਨਾਂ ਦੀਆਂ ਫਸਲਾਂ ਵਿਚ ਜਾਲ ਲਗਾਉਣੇ ਉਨ੍ਹਾਂ ਤੋਂ ਕੁਟ ਵੀ ਖਾਣੀ ਕਿਸਾਨ ਵੀ ਸੱਚੇ ਸਨ ਕਿਉਂਕਿ ਉਨ੍ਹਾਂ ਦੀਆਂ ਕਣਕਾਂ ਟੁਟਦੀਆਂ ਸਨ । ਜੇ ਕਿਸੇ ਕਿਸਾਨ ਨੇ ਤਿਤਰ ਨਾ ਫੜਨ ਦੇਣੇ ਤਾਂ ਉਸ ਨੇ ਜ਼ਿਮੀਦਾਰ ਨੂੰ ਵੀ ਕੁਟਣਾ ਅਤੇ ਉਨ੍ਹਾਂ ਬੋਰੀਏ ਸਿਖਾਂ ਨੂੰ ਵੀ ਕੁਟਣਾ । ਇਸ ਕਰਕੇ ਮੈਂ ਕਾਲ ਅਟੈਨਸ਼ਨ ਮੋਸ਼ਨ ਦਿਤੀ ਸੀ ।

ਲੇਕਿਨ ਮੈਨੂੰ ਅਫ਼ਸੋਸ ਹੈ ਕਿ ਕੈਪਟਨ ਸਾਹਿਬ ਨੇ ਮੇਰੀ ਕਾਲ ਅਟੈਨਸ਼ਨ ਨੂੰ ਮਜ਼ਾਕ ਵਿਚ ਟਾਲ ਦਿਤਾ ਸੀ । ਮੈਂ ਚਾਹੁੰਦਾ ਸੀ ਕਿ ਮੈਂ ਕਿਸੇ ਦਿਨ ਬੋਲਾਂ ਅਤੇ ਫਿਰ ਬੇਨਤੀ ਕਰਾਂ । ਇਸ ਗਲ ਨੂੰ ਮਾਮੂਲੀ ਗਲ ਨਹੀਂ ਸਮਝਣਾ ਚਾਹੀਦਾ । ਲੋਕਾਂ ਨਾਲ ਜ਼ੁਲਮ ਹੋਇਆ ਹੈ, ਧੱਕਾ ਹੋਇਆ ਹੈ । (ਘੰਟੀ)

ਸਪੀਕਰ ਸਾਹਿਬ, ਮੈਂ ਹੁਣੇ ਹੀ ਵਾਈਂਡਅੱਪ ਕਰ ਦਿੰਦਾ ਹਾਂ । ਇੱਕ ਗਲ ਲਾਸਟ ਵਿਚ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਮੇਰੇ ਫਾਜ਼ਲ ਬਜ਼ੁਰਗ ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਨੇ ਨਵੀਂ ਗਲ ਹੋਰ ਛੇੜੀ ਹੈ । ਇਹ ਨਵਾਂ ਕਲੇਸ਼ ਛੇੜਿਆ ਹੈ । ਜਦੋਂ ਪੰਜਾਬੀ ਸੂਬਾ ਬਣਿਆ ਹੈ ਉਦੋਂ ਮੈਂ ਵੀ ਇਸ ਸਦਨ ਵਿਚ ਸੀ । ਸਾਰਿਆਂ ਨੇ ਲਛੇਦਾਰ ਸਪੀਚਾਂ ਕੀਤੀਆਂ ਸਨ । ਹਿੰਦੁਸਤਾਨ ਦੀ ਸਰਕਾਰ ਨੇ ਮੰਨ ਲਿਆ ਔਰ ਇਸ ਮੁਲਕ ਦੇ ਹੋਰ ਸੂਬੇ ਵੀ ਜ਼ਬਾਨ ਦੇ ਅਧਾਰ ਤੇ ਬਣੇ ਹਨ ਲੇਕਿਨ ਮੇਰੇ ਫਾਜ਼ਲ ਦੋਸਤ ਬਜ਼ੁਰਗ ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਨੇ ਕਿਹਾ ਸੀ ਕਿ ਜਿਸ ਜ਼ਬਾਨ ਵਿਚ ਕੋਈ ਪੜ੍ਹਨਾ ਚਾਹੇ ਉਸੇ ਜ਼ਬਾਨ ਵਿਚ ਹੀ ਉਸ ਨੂੰ ਪੜ੍ਹਨ ਦੀ ਇਜਾਜ਼ਤ ਦਿਤੀ ਜਾਵੇ । ਤੁਸੀਂ ਪੰਜਾਬ ਵਿਚ ਰਹਿੰਦੇ ਹੋ । ਜੇ ਇਹ ਗਲਾਂ ਨਾ ਕਰਦੇ ਤਾਂ ਪੰਜਾਬੀ ਸੂਬਾ ਕਿਉਂ ਬਣਦਾ । ਬੋਲਦੇ ਪੰਜਾਬੀ ਸੀ

ਅਤੇ ਸਿਖਵਾਈ ਹਿੰਦੀ । ਇਸ ਤਰ੍ਹਾਂ ਕਰਨ ਨਾਲ ਇਹ ਹੋਇਆ ਹੈ । ਆਜ਼ਾਦ ਸਾਹਿਬ ਕਹਿੰਦੇ ਹਨ ਕਿ ਫਿਰਕਾਪ੍ਰਸਤੀ ਦੀ ਬੂ ਆਉਂਦੀ ਹੈ । (ਵਿਘਨ) ਬੜੀ ਖੁਸ਼ੀ ਨਾਲ ਹਿੰਦੂ ਸਿਖ ਇਕਠੇ ਹੋਏ ਹਨ । ਸਾਰਿਆਂ ਨੇ ਪੰਜਾਬੀ ਨੂੰ ਮੰਨ ਲਿਆ ਹੈ । ਬਹੁ-ਗਿਣਤੀ ਪੰਜਾਬੀ ਸੂਬੇ ਬਣਨ ਤੋਂ ਬਾਅਦ ਜੇ ਫੇਰ ਵੀ ਅਜਿਹੀਆਂ ਗਲਾਂ ਕਰਨੀਆ ਹਨ ਤਾਂ ਮੈਂ, ਸਪੀਕਰ ਸਾਹਿਬ, ਸਮਝਦਾ ਹਾਂ ਕਿ ਇਸ ਦੇ ਨਤੀਜੇ ਮਾੜੇ ਨਿਕਲਣਗੇ । ਮੈਂ ਬੜੇ ਅਦਬ ਨਾਲ ਕਹਾਂਗਾ ਕਿ ਇਹ ਗਲ ਨਹੀਂ ਛੇੜਨੀ ਚਾਹੀਦੀ । ਇਹ ਗਲ ਕਹਿ ਕੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿਤਾ ਹੈ ।

ਸ੍ਰੀ ਪ੍ਰੇਮ ਗੁਪਤਾ (ਪਟਿਆਲਾ) : ਗਵਰਨਰ ਸਾਹਿਬ ਦੇ ਐਡਰੈਸ ਤੇ ਬੋਲਣ ਤੋਂ ਪਹਿਲਾਂ ਮੈਂ ਮੁੱਖ ਮੰਤਰੀ, ਗਿਆਨੀ ਜ਼ੈਲ ਸਿੰਘ ਜੀ ਅਤੇ ਫਾਈਨੈਂਸ ਮਨਿਸਟਰ, ਸ੍ਰੀ ਹੰਸ ਰਾਜ ਜੀ ਦੀ ਸਰਕਾਰ ਦਾ ਅੱਜ ਦਾ ਐਲਾਨ ਜੋ ਚੀਫ ਮਨਿਸਟਰ ਸਾਹਿਬ ਨੇ ਕੀਤਾ ਹੈ, ਉਸ ਦਾ ਸਵਾਗਤ ਕਰਦਾ ਹਾਂ । ਸਰਕਾਰ ਨੂੰ ਇਸ ਗਲ ਦੀ ਵਧਾਈ ਦਿੰਦਾ ਹਾਂ ਕਿ ਜਿਹੜੀ ਕਮਿਟਮੈਂਟ ਜਨਤਾ ਦੇ ਤੌਰ ਤੇ, ਜਨਤਾ ਵਿਚ ਖੜ੍ਹ ਕੇ ਅਜ ਤੋਂ ਇਕ ਸਾਲ ਪਹਿਲਾਂ ਪੰਜਾਬ ਦੇ ਕਰਮਚਾਰੀਆਂ ਨਾਲ ਪੰਜਾਬ ਦੀ ਕਾਂਗਰਸ ਅਤੇ ਕਮਿਊਨਿਸਟ ਪਾਰਟੀਆਂ ਨੇ ਲੋਕ ਸਭਾ ਦੀਆਂ ਚੋਣਾਂ ਵਿਚ ਦੋਵਾਂ ਨੇ ਰਲ ਕੇ ਕੀਤੀ ਸੀ ਕਿ ਅਸੀਂ ਕੇਂਦਰੀ ਦਰ੍ਹਾਂ ਤੇ ਮਹਿੰਗਾਈ ਭਤਾ ਦੇਣ ਦੀ ਹਮਾਇਤ ਕਰਦੇ ਹਾਂ ਅਤੇ ਆਉਣ ਵਾਲੇ ਸਮੇਂ ਵਿਚ ਜਦ ਵੀ ਸਾਡੀ ਸਰਕਾਰ ਬਣੀ ਤਾਂ ਇਹ ਮੰਗ ਨੂੰ ਮੰਨਣ ਵਿਚ ਕੋਈ ਦੇਰ ਨਹੀਂ ਲਾਵਾਂਗੇ, ਉਹ ਕਮਿਟਮੈਂਟ ਅੱਜ ਪੂਰੀ ਹੋ ਗਈ ਹੈ । ਇਸ ਮੰਗ ਦੇ ਬਾਰੇ ਥੋੜ੍ਹੇ ਜਿਹੇ ਸਮੇਂ ਵਿਚ ਕਈ ਭੁਲੇਖੇ ਪਏ । ਮੇਰੇ ਅਕਾਲੀ ਦੋਸਤ ਜੇ ਹੁਣ ਬੈਂਚਾਂ ਤੇ ਬੈਠੇ ਹੁੰਦੇ ਤਾਂ ਉਹ ਵੀ ਖਰੇ ਹੋਕੇ ਦੋ ਗਲਾਂ ਕਹਿ ਸਕਦੇ । ਉਨ੍ਹਾਂ ਨੇ ਬਜਟ ਅਤੇ ਗਵਰਨਰ ਸਾਹਿਬ ਦੇ ਐਡਰੈਸ ਤੇ ਬੋਲਦੇ ਹੋਇਆਂ ਮੁਲਾਜ਼ਮਾਂ ਵਾਸਤੇ ਇੰਟੈਰਿਮ ਰਲੀਫ ਵਾਸਤੇ ਮੰਗ ਕੀਤੀ ਸੀ ਅਤੇ ਖਦਸ਼ਾ ਜ਼ਾਹਿਰ ਕੀਤਾ ਸੀ ਕਿ ਇਹ ਮੰਗ ਮੰਨਣਾ ਨਹੀਂ ਚਾਹੁੰਦੇ । ਪਰ ਸਰਕਾਰ ਨੇ, ਫਾਈਨੈਂਸ ਮਨਿਸਟਰ ਸਾਹਿਬ ਨੇ ਆਪਣੇ ਬਜਟ ਭਾਸ਼ਣ ਵਿਚ ਸਾਫ ਲਿਲਫਾਜ਼ ਵਿਚ ਇਕ ਪਰੋਸੀਜਰ ਅਨਾਊਂਸ ਕੀਤਾ ਸੀ ਕਿ ਇਸ ਮੰਗ ਨੂੰ ਅਸੀਂ ਮੰਨਾਂਗੇ । ਇਹ ਐਲਾਨ ਸਾਡੇ ਮੁੱਖ ਮੰਤਰੀ ਜੀ ਗਿਆਨੀ ਜ਼ੈਲ ਸਿੰਘ ਜੀ ਨੇ ਕੀਤਾ । ਇਹ ਐਲਾਨ ਕੱਲ੍ਹ ਹੋਣਾ ਸੀ ਪਰ ਕਿਉਂਕਿ ਸ੍ਰੀ ਹੰਸ ਰਾਜ ਜੀ, ਫਾਈਨੈਂਸ ਮਨਿਸਟਰ ਸਾਹਿਬ ਬੀਮਾਰ ਹੋ ਗਏ ਅਤੇ ਹਾਊਸ ਵਿਚ ਕੱਲ ਨਹੀਂ ਆਏ, ਇਸ ਲਈ ਇਹ ਐਲਾਨ ਨਹੀਂ ਹੋ ਸਕਿਆ । ਅੱਜ ਫਾਈਨੈਂਸ ਮਨਿਸਟਰ ਸਾਹਿਬ ਦੇ ਹਾਊਸ ਵਿਚ ਆਉਣ ਨਾਲ ਇਨ੍ਹਾਂ ਲੋਕਾਂ ਨੂੰ ਫਿਕਰ ਪੈ ਗਿਆ ਕਿ ਸਰਕਾਰੀ ਮੁਲਾਜ਼ਮਾਂ ਲਈ ਇੰਟੈਰਿਮ ਰਲੀਫ ਬਾਰੇ ਸਰਕਾਰ ਨੇ ਐਲਾਨ ਕਰਨਾ ਹੋਵੇਗਾ । ਉਹ ਇਸ ਐਲਾਨ ਨੂੰ ਸੁਣ ਨਹੀਂ ਸਕਦੇ ਸਨ । ਇਸ ਮੰਗ ਪਿਛੇ ਕਰਮਚਾਰੀਆਂ ਨੇ ਬੜੀਆਂ ਕੁਰਬਾਨੀਆਂ ਕੀਤੀਆਂ । ਬੜੇ ਅੰਦੋਲਨ ਹੋਏ । ਕਰਮਚਾਰੀਆਂ ਨਾਲ ਬੜਾ ਰਿਪਰੈਸ਼ਨ ਹੋਇਆ । ਹਰ ਕਿਸਮ ਦੇ ਗੈਰ ਜਮਹੂਰੀ ਕਦਮ ਉਸ ਵੇਲੇ ਦੀ ਸਰਕਾਰ ਨੇ ਕਰਮਚਾਰੀਆਂ ਦੇ ਅੰਦੋਲਨ ਨੂੰ ਦਬਾਉਣ ਲਈ ਚੁਕੇ । ਮੈਂ ਬਹੁਤੀਆਂ ਗਲਾਂ ਵਿਚ ਨਹੀਂ ਜਾਂਦਾ। ਪਰ ਸਪੀਕਰ ਸਾਹਿਬ, ਤੁਹਾਡਾ ਧਿਆਨ ਇਸ ਗਲ ਵਲ ਦਿਵਾਉਣਾਂ ਚਾਹੁੰਦਾ ਹਾਂ ਕਿ ਕਈ ਕਿਸਮ ਦੇ ਝੂਠੇ ਮੁਕੱਦਮੇ ਬਣਵਾਏ ਗਏ ਅਤੇ ਹਜ਼ਾਰਾਂ ਕਰਮਚਾਰੀਆਂ ਨੂੰ ਰਾਤੋ ਰਾਤ ਦੋ ਦੋ ਵਜੇ ਫੜਿਆ ਗਿਆ । ਮੈਨੂੰ ਦਫਾ ਦੇ ਨੰਬਰਾਂ ਦਾ ਤਾਂ ਚੰਗੀ ਤਰ੍ਹਾਂ ਨਾਲ ਯਾਦ ਨਹੀਂ ਪਰ ਐਨਾਂ ਜ਼ਰੂਰ ਕਹਿ ਸਕਦਾ ਹਾਂ ਕਿ ਇਨ੍ਹਾਂ ਨੇ ਕਈ ਦਫਾ ਲਾਗੂ ਕੀਤੀਆਂ ਜਿਨੀਆਂ ਵੀ ਉਸ ਵੇਲੇ ਪੁਲਿਸ ਕੋਲ ਅਵੇਲੇਬਲ ਸਨ ।

[ਸ੍ਰੀ ਪ੍ਰੇਮ ਗੁਪਤਾ]

ਜਨਵਰੀ, 1971 ਨੂੰ ਇਨ੍ਹਾਂ ਕਰਮਚਾਰੀਆਂ ਨੂੰ ਫੜਿਆ ਗਿਆ। ਪਰ ਸਰਕਾਰੀ ਕਰਮਚਾਰੀਆਂ ਨੇ ਬੜੀ ਦਰਿੜ੍ਹਤਾ ਨਾਲ ਐਜੀਟੇਸ਼ਨ ਨੂੰ ਚਲਾਇਆ। ਲੋਕ ਸਭਾ ਦੀਆਂ ਚੋਣਾਂ ਆਈਆਂ। ਮੈਂ ਕੋਈ ਡਿਟੇਲ ਵਿਚ ਨਹੀਂ ਜਾਣਾ ਚਾਹੁੰਦਾ। ਉਸ ਵੇਲੇ ਕਾਂਗਰਸ ਅਤੇ ਕਮਿਊਨਿਸਟ ਪਾਰਟੀਆਂ ਨੇ 13 ਵਿਚੋਂ 12 ਸੀਟਾਂ ਜਿੱਤੀਆਂ। ਉਸ ਵੇਲੇ ਇਹ ਗਲ ਖੁਲ੍ਹ ਕੇ ਸਾਹਮਣੇ ਆਈ ਕਿ ਜਿਹੜੀ ਪਾਰਟੀ ਐਨੀ ਬੁਰੀ ਤਰ੍ਹਾਂ ਨਾਲ ਹਾਰ ਚੁਕੀ ਹੈ ਉਸ ਨੂੰ ਸਰਕਾਰ ਵਿਚ ਰਹਿਣ ਦਾ ਕੋਈ ਹੱਕ ਨਹੀਂ ਹੈ। ਉਸ ਸਰਕਾਰ ਨੂੰ ਅਸਤੀਫਾ ਦੇ ਦੇਣਾ ਚਾਹੀਦਾ ਹੈ। ਲੋਕਾਂ ਦੇ ਵਰਡਿਕਟ ਨੂੰ ਆਨਰ ਕਰਨਾ ਚਾਹੀਦਾ ਹੈ। ਹੁਣ ਦੀਆਂ ਇਲੈਕਸ਼ਨਾਂ ਵਿਚ ਜਨ-ਸੰਘ ਤਾਂ ਨਜ਼ਰ ਹੀ ਨਹੀਂ ਆਉਂਦਾ ਅਤੇ ਅਕਾਲੀ ਪਾਰਟੀ ਵਲ ਵੀ ਜੋ ਲੋਕਾਂ ਨੇ ਵਰਡਿਕਟ ਦਿਤਾ ਹੈ ਉਹ ਸਾਰਿਆਂ ਦੇ ਸਾਹਮਣੇ ਹੀ ਹੈ। ਸਪੀਕਰ ਸਾਹਿਬ, ਤੁਸੀਂ ਜਾਣਦੇ ਹੀ ਹੋ ਕਿ ਜਿਹੜੀਆਂ ਪਾਰਟੀਆਂ ਸਿਆਸਤ ਵਿਚ ਲੋਕਾਂ ਦੀ ਭਲਾਈ ਨੂੰ ਛੱਡ ਕੇ ਨੈਗੇਟਿਵ ਅਪ੍ਰੋਚ ਵਲ ਤੁਰ ਪੈਂਦੀਆਂ ਹਨ ਉਨ੍ਹਾਂ ਦਾ ਇਹੋ ਜਿਹਾ ਹੀ ਹਾਲ ਹੁੰਦਾ ਹੈ। ਅਜਿਹੀਆਂ ਸਰਕਾਰਾਂ ਬਹੁਤਾ ਚਿਰ ਨਹੀਂ ਰਹਿ ਸਕਦੀਆਂ ਹੁੰਦੀਆਂ। ਇਨ੍ਹਾਂ ਗਲਾਂ ਦਾ ਉਨ੍ਹਾਂ ਨੂੰ ਵੀ ਪਤਾ ਸੀ ਅਤੇ ਹਿੰਦੁਸਤਾਨ ਦੇ ਲੋਕਾਂ ਨੂੰ ਵੀ ਪਤਾ ਸੀ। ਮੈਂ ਇਸ ਗਲ ਵਲ ਜ਼ਿਆਦਾ ਨਾ ਜਾਂਦਾ ਹੋਇਆ, ਸਪੀਕਰ ਸਾਹਿਬ, ਮੈਂ ਚੀਫ ਮਨਿਸਟਰ ਸਾਹਿਬ ਦਾ ਸਵਾਗਤ ਇਸ ਗਲ ਦਾ ਕਰਦਾ ਹਾਂ ਕਿ ਕਈ ਪਾਰਟੀਆਂ ਨੇ ਅਤੇ ਕਈ ਬੰਦਿਆਂ ਨੇ ਇਸ ਗਲ ਤੇ ਭੁਲੇਖਾ ਪਾਉਣਾ ਸੀ ਕਿ ਕੇਂਦਰੀ ਸਰਕਾਰ ਨੇ ਇਹ ਮਹਿੰਗਾਈ ਭਤਾ ਮਾਰਚ, 1970 ਤੋਂ ਦਿਤਾ ਹੈ ਪਰ ਇਥੇ ਇਸ ਤਰ੍ਹਾਂ ਕਿਉਂ ਨਹੀਂ ਕੀਤਾ ਗਿਆ। ਇਸ ਸਰਕਾਰ ਦੀ ਪਾਰਟੀ ਨੇ 1971 ਵਿਚ ਕਿਹਾ ਸੀ ਕਿ ਇਹ ਮੰਗ ਮੰਨਾਂਗੇ। (ਵਿਘਨ) ਪਰ ਚੰਗਾ ਕੀਤਾ ਚੀਫ ਮਨਿਸਟਰ ਸਾਹਿਬ ਨੇ ਆਪਣੇ ਬਿਆਨ ਵਿਚ ਸਾਫ ਲਫਜ਼ਾਂ ਵਿਚ ਇਸ ਗਲ ਨੂੰ ਕਲੀਅਰ ਕਰ ਦਿਤਾ ਹੈ ਕਿ ਕਮਿਸ਼ਨ ਦੀ ਫਾਈਨਲ ਰਿਪੋਰਟ ਆਉਣ ਤੋਂ ਬਾਅਦ ਜਿਹੜਾ ਡੀ. ਏ. ਸੈਂਟਰਲ ਗੌਰਮੈਂਟ ਰਖੇਗੀ ਉਹੀ 1970 ਤੋਂ ਪੰਜਾਬ ਦੇ ਮੁਲਾਜ਼ਮਾਂ ਨੂੰ ਮਿਲੇਗਾ। ਉਹੀ ਚੀਜ਼ ਪੰਜਾਬ ਦੇ ਮੁਲਾਜ਼ਮ ਤੇ ਲਾਗੂ ਹੋਵੇਗੀ। ਇਸ ਲਈ ਇਸ ਚੀਜ਼ ਬਾਰੇ ਜੋ ਗਲਤ ਫਹਿਮੀਆਂ ਪੈਦਾ ਕੀਤੀਆਂ ਗਈਆਂ ਸਨ ਉਨ੍ਹਾਂ ਨੂੰ ਚੀਫ ਮਨਿਸਟਰ ਸਾਹਿਬ ਨੇ ਆਪਣੇ ਬਿਆਨ ਰਾਹੀਂ ਦੂਰ ਕਰ ਦਿਤਾ ਹੈ।

ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਭਾਸ਼ਣ ਬਾਰੇ ਮੈਂ ਕੋਈ ਲੰਮਾ-ਚੌੜਾ ਭਾਸ਼ਣ ਨਹੀਂ ਕਰਨਾ ਚਾਹੁੰਦਾ ਲੇਕਿਨ ਪੰਜਾਬ ਸਰਕਾਰ ਨੇ ਇਸ ਮੰਗ ਨੂੰ ਮੰਨ ਕੇ ਇਕ ਦਲੇਰੀ ਦਾ ਸਬੂਤ ਦਿਤਾ ਹੈ। ਆਮ ਲੋਕ ਇਹ ਸਮਝਦੇ ਸਨ ਕਿ ਇਹੋ ਜਿਹੀਆਂ ਗਲਾਂ ਇਲੈਕਸ਼ਨਾਂ ਲੜਨ ਵੇਲ਼ੇ ਕਹੀਆਂ ਜਾਂਦੀਆਂ ਹਨ ਪਰ ਸਰਕਾਰ ਬਣਨ ਤੋਂ ਬਾਅਦ ਇਹ ਵਾਇਦੇ ਨਿਭਾਉਣੇ ਔਖੇ ਹੋ ਜਾਂਦੇ ਹਨ। ਲੇਕਿਨ ਇਨ੍ਹਾਂ ਨੇ ਵਾਇਦਾ ਕਰਕੇ ਉਸ ਨੂੰ ਨਿਭਾ ਕੇ ਦਿਖਾ ਦਿਤਾ ਹੈ।

ਇਸ ਤੋਂ ਬਾਅਦ ਹਿੰਦੁਸਤਾਨ ਦੀ ਪਰਧਾਨ ਮੰਤਰੀ ਇੰਦਰਾ ਗਾਂਧੀ ਨੇ ਜੋ ਲਲਕਾਰ ਪਾਈ ਹੈ, ਗਰੀਬੀ ਹਟਾਉਣ ਦੀ, ਅਸੀਂ ਸਾਰੇ ਲੋਕ ਇਸ ਗਲ ਦੇ ਪਾਬੰਦ ਹਾਂ। ਇਸ ਗਲ ਦੇ ਵਚਨਬੱਧ ਹਾਂ ਕਿ ਗਰੀਬੀ ਹਿੰਦੁਸਤਾਨ ਵਿਚੋਂ ਮਿਟਾਉਣੀ ਹੈ। ਜਿਸ ਗਰੀਬ ਕਿਸਾਨ ਨੂੰ, ਮਜ਼ਦੂਰ ਨੂੰ ਹਰੀਜਨ ਨੂੰ ਦੋਨੋਂ ਵੇਲੇ ਰੱਜ ਕੇ ਰੋਟੀ ਨਹੀਂ ਮਿਲਦੀ, ਰਹਿਣ ਨੂੰ ਮਕਾਨ ਨਹੀਂ ਮਿਲਦਾ ਇਨ੍ਹਾਂ ਬਾਰੇ ਗਵਰਨਰ ਸਾਹਿਬ ਦੇ ਭਾਸ਼ਣ ਵਿਚ ਆਇਆ ਹੈ ਕਿ ਹੁਣ ਦੇ ਢਾਂਚੇ ਸਮਾਜਵਾਦ ਵਿਚ ਬਦਲਿਆ ਜਾਵੇਗਾ।

ਮੈਂ ਇਸ ਗੱਲ ਦੇ ਨਾਲ ਨਾਲ, ਸਪੀਕਰ ਸਾਹਿਬ, ਸਰਕਾਰ ਦਾ ਜਿਥੇ ਇਹ ਸ਼ਹਿਰਾਂ ਦੇ ਵਿਚ ਮਕਾਨ ਬਣਾਉਣ, ਹਾਊਸਿੰਗ ਸਮੱਸਿਆ ਦਾ ਜ਼ਿਕਰ ਕੀਤਾ ਗਿਆ ਹੈ, ਮੈਂ ਸਰਕਾਰ ਤੋਂ ਇਸ ਗੱਲ ਦੀ ਮੰਗ ਕਰਾਂਗਾ ਕਿ ਲੋਕਾਂ ਨੂੰ, ਗਰੀਬ ਲੋਕਾਂ ਨੂੰ ਮਕਾਨ ਦੇਣੇ ਸਰਕਾਰ ਦੀ ਜ਼ਿਮੇਂਵਾਰੀ ਹੈ। ਸਪੀਕਰ ਸਾਹਿਬ, ਸ਼ਹਿਰਾ ਦੇ ਵਿਚ ਅਗਰ ਅਸੀਂ ਦੇਖੀਏ ਤਾਂ ਪਤਾ ਲਗਦਾ ਹੈ ਕਿ ਗਰੀਬਾਂ ਨੂੰ, ਮਜ਼ਦੂਰਾਂ ਨੂੰ, ਕਾਮਿਆਂ ਨੂੰ ਰਹਿਣ ਵਾਸਤੇ ਮਕਾਨ ਨਹੀਂ ਹਨ। ਜਿਉਂ ਜਿਉਂ ਸ਼ਹਿਰ ਵਡੇ ਹੁੰਦੇ ਜਾ ਰਹੇ ਹਨ, ਆਬਾਦੀ ਵਧਦੀ ਜਾ ਰਹੀ ਹੈ ਤਿਉਂ ਤਿਉਂ ਕਿਰਾਏ ਵਧਦੇ ਜਾ ਰਹੇ ਹਨ। ਅਤੇ ਲੋਕਾਂ ਨੂੰ ਰਹਿਣ ਵਾਸਤੇ ਮਕਾਨ ਨਹੀਂ ਮਿਲ ਰਹੇ। ਮੈਂ ਪਟਿਆਲਾ ਤੋਂ ਆਇਆ ਹਾਂ ਪਟਿਆਲਾ ਪੰਜਾਬ ਦੀ ਦੂਜੀ ਰਾਜਧਾਨੀ ਸਮਝਿਆ ਜਾਂਦਾ ਹੈ। ਪੈਪਸੂ ਰਾਜ ਦੀ ਪਟਿਆਲਾ ਰਾਜਧਾਨੀ ਸੀ। ਉਥੇ ਮਾਲ ਰੋਡ ਤੋਂ ਜੇ ਕੋਈ ਬੰਦਾ ਕਰਾਸ ਕਰ ਜਾਂਦਾ ਹੈ ਤਾਂ ਉਹ ਇਸ ਸ਼ਹਿਰ ਤੋਂ ਬੜਾ ਪ੍ਰਭਾਵਿਤ ਹੋ ਕੇ ਆਉਂਦਾ ਹੈ। ਇਸੇ ਤਰ੍ਹਾਂ ਉਥੇ ਬਾਰਾਂਦਰੀ ਗਾਰਡਨ ਹੈ। ਉਹ ਵੀ ਬੜਾ ਅੱਛਾ ਹੈ। ਲੇਕਿਨ ਇਸ ਦੇ ਨਾਲ ਹੀ ਮੈਂ ਦਸਦਾ ਹਾਂ ਕਿ ਸ਼ਹਿਰਾਂ ਦੇ ਨਾਲ ਜੋ ਕਾਲੋਨੀਆਂ ਹਨ ਜਾਂ ਹੋਰ ਮੁਹੱਲੇ ਹਨ, ਉਥੇ ਬਰਸਾਤਾਂ ਦੇ ਦਿਨਾਂ ਵਿਚ ਬੜਾ ਮੁਸ਼ਕਲ ਹੁੰਦਾ ਹੈ। ਉਨ੍ਹਾਂ ਲੋਕਾ ਨੂੰ ਪਾਣੀ ਦੇ ਵਿਚ ਦੀ ਲੰਘਣਾ ਪੈਂਦਾ ਹੈ ਅਤੇ ਉਹ ਘਰਾਂ ਤਕ ਨਹੀਂ ਜਾ ਸਕਦੇ। ਮੈਂ ਇਨਾਂ ਕਾਰਨਾਂ ਵਿਚ ਨਹੀਂ ਜਾਂਦਾ ਕਿ 5 ਸਾਲਾਂ ਵਿਚ ਜਿਹੜੀਆਂ ਉਥੇ ਕਾਲੋਨੀਆਂ ਨਵੀਆਂ ਬਣੀਆਂ ਹਨ ਇਨ੍ਹਾਂ ਦੀ ਡੀਵੈਲਪਮੈਂਟ ਕਿਉਂ ਨਹੀਂ ਹੋਈ। ਜੇ ਪਿਛਲੀਆਂ ਸਰਕਾਰਾਂ ਨੇ ਕੰਮ ਨਹੀਂ ਕੀਤਾ ਤਾਂ ਉਸ ਦੀ ਜ਼ਿਮੇਵਾਰੀ ਅਸੀਂ ਇਸ ਗਲ ਨਾਲ ਨਹੀਂ ਟਾਲ ਸਕਦੇ ਕਿ ਇਹ ਜ਼ਿਮੇਵਾਰੀ ਕਿਸੇ ਹੋਰ ਦਾ ਸੀ। ਮੈਂ ਸਰਕਾਰ ਦਾ ਧਿਆਨ ਇਸ ਗਲ ਵਲ ਦਿਵਾਉਂਦਾ ਹਾਂ ਕਿ ਅੱਜ ਦੀ ਮੌਜੂਦਾ ਸਰਕਾਰ ਪਿਛਲੀਆਂ ਸਰਕਾਰਾਂ ਵਰਗੀ ਸਰਕਾਰ ਨਹੀਂ ਹੈ ਕਿਉਂਕਿ 1969 ਵਿਚ ਵੀ ਕਾਂਗਰਸ ਨੇ ਇਕ ਨਵਾਂ ਪ੍ਰੀਵਰਤਨ ਲਿਆ। ਨਵਾਂ ਮੋੜ ਸ੍ਰੀਮਤੀ ਇੰਦਰਾ ਗਾਂਧੀ ਜੀ ਨੇ ਦਿਤਾ ਹਿੰਦੁਸਤਾਨ ਨੂੰ ਸਮਾਜਵਾਦ ਦੇ ਰਸਤੇ ਤੇ ਲਿਆਉਣ ਦਾ ਤੇ ਕਾਂਗਰਸ ਵਿਚ ਸੁਧਾਰ ਆਇਆ। ਕਾਂਗਰਸ ਨੇ ਰੈਵੋਲਿਉਸ਼ਨਰੀ ਕਦਮ ਚੁਕਣ ਦਾ ਦੇਸ਼ ਵਿਚ ਵਾਅਦਾ ਕੀਤਾ। ਉਸ ਦੇ ਨਾਲ ਪੰਜਾਬ ਦੀ ਕਾਂਗਰਸ ਵੀ ਉਸ ਦੀ ਰਹਿਨੁਮਾਈ ਨੂੰ ਮੰਨਦੇ ਹੋਏ ਇਸ ਗਲ ਦਾ ਵਾਅਦਾ ਕੀਤਾ ਕਿ ਪਿਛਲੇ ਸਾਲਾ ਵਿਚ ਕਿਉਂਕਿ ਕੁਝ ਨਹੀਂ ਕੀਤਾ ਗਿਆ ਅਤੇ ਸਾਨੂੰ ਬੜੀ ਤੇਜ਼ੀ ਦੇ ਨਾਲ ਕਦਮ ਚੁਕਣੇ ਚਾਹੀਦੇ ਹਨ। (ਵਿਘਨ) ਇਸ ਦੇ ਬਾਅਦ, ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਕ ਟਰਮ ਆਉਂਦੀ ਹੈ ਸਲੱਮ ਕਲੀਅਰੈਂਸ ਦੀ। ਇਸ ਸਲੱਮ ਕਲੀਅਰੈਂਸ ਵਿਚ ਕਈ ਗਰੀਬਾਂ ਦੇ ਮਕਾਨ ਢਾਹੇ ਗਏ, ਕਈਆਂ ਨੂੰ ਬੇਘਰ ਕੀਤਾ ਜਾ ਰਿਹਾ ਹੈ ਅਤੇ ਕਈ ਕਰ ਦਿਤੇ ਹਨ। ਮੈਂ ਕਹਿੰਦਾ ਹਾਂ ਕਿ ਜਿਹੜਾ ਸਲੱਮ ਕਲੀਅਰੈਂਸ ਦਾ ਪ੍ਰੋਗਰਾਮ ਹੈ ਇਹ ਸਰਕਾਰ ਨੂੰ ਚਲਾਉਣਾ ਚਾਹੀਦਾ ਹੈ। ਇਹ ਜਿਹੜੀਆਂ ਸ਼ਹਿਰ ਦੀਆਂ ਗੰਦੀਆਂ ਵਸਤੀਆਂ ਹਨ ਇਨ੍ਹਾਂ ਦੀ ਇੰਪਰੂਵਮੈਂਟ ਕਿਸ ਤਰ੍ਹਾਂ ਹੋ ਸਕਦੀ ਹੈ ਇਸ ਪਾਸ਼ੇ ਧਿਆਨ ਦੇਣਾ ਚਾਹੀਦਾ ਹੈ ਇਨ੍ਹਾਂ ਦੀ ਡੀਵੈਲਪਮੈਂਟ ਕਿਸ ਤਰ੍ਹਾਂ ਹੋ ਸਕਦੀ ਹੈ ਅਤੇ ਉਨ੍ਹਾਂ ਲੋਕਾਂ ਨੂੰ ਬਗੈਰ ਉਜਾੜੇ ਕਿਸ ਤਰ੍ਹਾਂ ਸੁਧਾਰ ਕੀਤਾ ਜਾ ਸਕਦਾ ਹੈ, ਇਸ ਬਾਰੇ ਧਿਆਨ ਦੇਣਾ ਚਾਹੀਦਾ ਹੈ। ਜਿਸ ਗਰੀਬ ਆਦਮੀ ਦਾ ਮਕਾਨ ਸਲੱਮ ਕਲੀਅਰੈਂਸ ਸਕੀਮ ਵਿਚ ਢਾਹ ਦਿਤਾ ਜਾਵੇ ਉਹ ਹੋਰ ਮਕਾਨ ਤਾਂ ਬਣਾ ਨਹੀਂ ਸਕਦਾ ਕਿਉਂਕਿ ਉਸ ਦੇ ਕੋਲ ਐਨਾ ਪੈਸਾ ਨਹੀਂ ਹੋਦਾ। ਮੈਂ ਅਰਜ਼ ਕਰਾਂਗਾ ਕਿ ਸਲੱਮ ਕਲੀਅਰੈਂਸ ਦੀ ਬਜਾਏ ਇੰਪਰੂਵਮੈਂਟ ਦੇ ਪ੍ਰੋਗਰਾਮ ਵਲ ਸਰਕਾਰ ਨੂੰ ਬੜੀ ਤੇਜ਼ੀ ਦੇ ਨਾਲ ਸ਼ਹਿਰਾਂ ਵਿਚ ਵਸਦੇ ਗਰੀਬਾਂ ਦੀ ਹਾਲਤ ਸੁਧਾਰਨ ਵਾਸਤੇ ਛੇਤੀ ਤੋਂ ਛੇਤੀ ਕਦਮ ਚੁੱਕੇ ਜਾਣੇ ਚਾਹੀਦੇ ਹਨ। ਸਪੀਕਰ ਸਾਹਿਬ, ਮੈਂ ਇਸ ਸਰਕਾਰ ਦਾ ਧਿਆਨ ਤੁਹਾਡੇ ਰਾਹੀਂ ਇਸ

[ਸ੍ਰੀ ਪ੍ਰੇਮ ਗੁਪਤਾ]

ਗੱਲ ਵੱਲ ਦਿਵਾਉਂਦਾ ਹਾਂ ਕਿ 20 ਸਾਲਾਂ ਵਿਚ ਲੋਕਾਂ ਨੂੰ ਕਈ ਪਲਾਟ ਅਲਾਟ ਹੋਏ, ਜ਼ਮੀਨਾਂ ਅਲਾਟ ਹੋਈਆਂ, ਉਨ੍ਹਾਂ ਨੇ ਮਕਾਨ ਬਣਾ ਲਏ ਪਰ ਅਜੇ ਤੱਕ ਇਹ ਫੈਸਲਾ ਨਹੀਂ ਹੋਇਆ ਕਿ ਮਕਾਨ ਦੀ ਮਲਕੀਅਤ ਉਸ ਆਦਮੀ ਦੀ ਹੈ ਜਿਹੜਾ ਕਿ ਮਕਾਨ ਵਿਚ ਬੈਠਾ ਹੈ ਜਾਂ ਕਿ ਜਿਸ ਪਲਾਟ ਤੇ ਮਕਾਨ ਬਣਾਇਆ ਹੈ। ਇਹ ਉਸ ਦੇ ਕੋਲ ਰਹਿਣਾ ਹੈ ਜਾਂ ਨਹੀਂ, ਇਸ ਦਾ ਫੈਸਲਾ ਨਹੀਂ ਕੀਤਾ ਗਿਆ। ਇਹੋ ਜਿਹੀਆਂ ਹੋਰ ਵੀ ਬਹੁਤ ਸਾਰੀਆਂ ਸਮੱਸਿਆਵਾਂ ਹਨ। ਹੋਰ ਵੀ ਕਈ ਕੇਸਿਜ਼ ਇਹੋ ਜਿਹੇ ਹਨ। ਜਿਹੜੇ ਲੋਕਾਂ ਨੇ ਮਕਾਨ ਬਣਾਏ ਸਨ ਇੰਤਕਾਲ ਹੋਏ ਜਾਂ ਨਹੀਂ ਉਨ੍ਹਾਂ ਨੂੰ ਟਰਾਂਸਫਰ ਕਰ ਦੇਣੇ ਚਾਹੀਦੇ ਹਨ। ਮੈਂ ਅਰਜ਼ ਕਰਾਂਗਾ ਕਿ ਸਰਕਾਰੀ ਕਰਮਚਾਰੀਆਂ ਵਾਸਤੇ ਸੂਬੇ ਭਰ ਵਿਚ ਜਿਹੜੇ ਕੁਆਰਟਰ ਬਣੇ ਹੋਏ ਸੀ, ਉਹ ਸਰਕਾਰੀ ਕਰਮਚਾਰੀਆਂ ਨੂੰ, ਜੋ ਅਸੈਸਮੈਂਟ ਅੱਜ ਤੱਕ ਹੋਈ ਉਸ ਅਨੁਸਾਰ ਉਹ ਕਿਸ਼ਤਾਂ ਤੇ ਉਨ੍ਹਾਂ ਨੂੰ ਅਲਾਟ ਕਰ ਦੇਣੇ ਚਾਹੀਦੇ ਹਨ। ਇਸ ਦੇ ਇਲਾਵਾ ਇਹ ਪੈਸਾ ਜਿਹੜਾ ਇਕੱਠਾ ਹੋਵੇ ਇਸ ਵਿਚੋਂ ਹਰੀਜਨ ਭਲਾਈ ਵਾਸਤੇ ਪੈਸਾ ਕੱਢਕੇ ਨਵੀਆਂ ਕਲੋਨੀਆਂ ਬਣਾਉਣੀਆਂ ਚਾਹੀਦੀਆਂ ਹਨ। ਇਸ ਦੇ ਨਾਲ ਸਰਕਾਰੀ ਕਰਮਚਾਰੀਆਂ ਦੀ, ਆਮ ਲੋਕਾਂ ਦੀ ਹਾਊਸਿੰਗ ਪ੍ਰੋਬਲਮ ਘੱਟ ਜਾਵੇਗੀ। ਉਹ ਕੁਆਰਟਰਾਂ ਵਿਚ ਰਹਿਣਗੇ ਅਤੇ ਉਨ੍ਹਾਂ ਨੂੰ ਜਿਹੜਾ ਕਿਰਾਏ ਦਾ ਵਧ ਪੈਸਾ ਦੇਣਾ ਪੈਂਦਾ ਹੈ, ਉਹ ਵੀ ਨਹੀਂ ਦੇਣਾ ਪਵੇਗਾ। ਇਸ ਲਈ ਹਾਇਰ ਪਰਚੇਜ਼ ਸਿਸਟਮ ਛੇਤੀ ਤੋਂ ਛੇਤੀ ਲਾਗੂ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਲੋ ਪੇਡ ਇਮਪਲਾਈਜ਼ ਜੋ ਹਨ, ਉਨ੍ਹਾਂ ਦੀ ਮਕਾਨਾਂ ਦੀ ਸਮੱਸਿਆ ਵੀ ਹੱਲ ਹੋਣੀ ਚਾਹੀਦੀ ਹੈ। ਪਟਿਆਲਾ ਦੀ ਬਾਰਾਂਦਰੀ ਬਾਗ ਵਿਚ ਇਤਨੀ ਜਗ੍ਹਾ ਹੈ ਅਤੇ ਦੂਸਰੇ ਪਾਸੇ ਲੋਕਾਂ ਨੂੰ ਮਕਾਨ ਨਹੀਂ ਮਿਲ ਰਹੇ। ਸਕੂਲਾਂ ਲਈ ਜਗ੍ਹਾ ਨਹੀਂ ਹੈ, ਬੱਚਿਆਂ ਦੀ ਹਾਲਤ ਗਰਮੀਆਂ ਵਿਚ ਬਹੁਤ ਬੁਰੀ ਹੁੰਦੀ ਹੈ। ਬਾਰਾਂਦਰੀ ਬਾਗ ਵਿਚ ਇਕ ਇਕ ਕੋਠੀ ਨਾਲ ਕਿੰਨੇ ਕਿੰਨੇ ਪਲਾਟ ਹਨ ਅਤੇ ਉਹ ਇਕ ਇਕ ਅਫਸਰ ਨੂੰ ਦਿਤੇ ਹੋਏ ਹਨ। ਮੈਂ ਸਮਝਦਾ ਹਾਂ ਕਿ ਜਿਸ ਸਮਾਜ ਵਿਚ ਆਮ ਲੋਕ ਘਰਾਂ ਤੋਂ ਬਗੈਰ ਰਹਿੰਦੇ ਹੋਣ, ਬੱਚੇ ਸੜਕਾਂ ਤੇ ਬੈਠਕੇ ਪੜ੍ਹਦੇ ਹੋਣ ਅਤੇ ਦੂਸਰੇ ਪਾਸੇ ਵਡੇ ਵਡੇ ਆਦਮੀ ਚਾਹੇ ਉਹ ਅਫਸਰ ਹਨ ਵਡੀਆਂ ਵਡੀਆਂ ਕੋਠੀਆਂ ਵਿਚ ਰਹਿਣ ਤਾਂ ਇਹ ਉਨ੍ਹਾਂ ਦਾ ਹੱਕ ਨਹੀਂ ਅਤੇ ਇਹੋ ਜਿਹੀਆਂ ਕੋਠੀਆਂ ਦਾ ਕੋਈ ਲਾਭ ਨਹੀਂ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਐਜੂਕੇਸ਼ਨ ਨੂੰ ਪ੍ਰਾਇਰਿਟੀ ਦੇ ਕੇ ਸਕੂਲਾਂ ਨੂੰ ਅਕਾਮੋਡੇਸ਼ਨ ਦਿਤੀ ਜਾਵੇ। ਪਰ ਇਥੇ ਵੀਹ ਵੀਹ ਏਕੜਾਂ ਦੇ ਪਲਾਟ ਹਨ। ਉਨ੍ਹਾਂ ਤੋਂ ਕੋਈ ਯੂਟੈਲਿਟੀ ਨਹੀਂ ਹੋ ਰਹੀ। ਉਥੇ ਜੋ ਬਾਗ ਹਨ ਉਨ੍ਹਾਂ ਦੀ ਕੋਈ ਰਾਖੀ ਨਹੀਂ, ਕੋਈ ਖੇਤੀ ਨਹੀਂ ਹੋ ਰਹੀ, ਉਨ੍ਹਾਂ ਬਾਗਾਂ ਦਾ ਕੋਈ ਠੇਕਾ ਨਹੀਂ ਹੁੰਦਾ। ਇਸ ਲਈ ਮੈਂ ਕਹਾਂਗਾ ਕਿ ਛੋਟੇ ਛੋਟੇ ਪਲਾਟ ਬਣਾ ਕੇ ਛੋਟੇ ਕਰਮਚਾਰੀਆਂ ਨੂੰ ਅਲਾਟ ਕਰਨੇ ਚਾਹੀਦੇ ਹਨ। ਹੁਣ ਰਜਵਾੜਿਆਂ ਦਾ ਜ਼ਮਾਨਾ ਨਹੀਂ ਹੈ ਉਦੋਂ ਉਹ ਆਪਣੀ ਮਰਜ਼ੀ ਕਰਦੇ ਸਨ।

(ਘੰਟੀ......)

ਸ੍ਰੀ ਸਪੀਕਰ: ਤੁਸੀਂ ਵਾਈਂਡ ਅੱਪ ਕਰੋ। (Please wind up)

ਸ੍ਰੀ ਪ੍ਰੇਮ ਗੁਪਤਾ: ਮੈਨੂੰ ਕੱਲ ਨੂੰ ਟਾਈਮ ਦਿੱਤਾ ਜਾਵੇ।

ਸ੍ਰੀ ਸਪੀਕਰ: 15 ਮਿੰਟ ਤੁਹਾਡੀ ਪਾਰਟੀ ਵੱਲੋਂ ਤੁਹਾਨੂੰ ਟਾਈਮ ਦਿਤਾ ਗਿਆ ਹੈ।

(Only fifteen minutes have been allotted to you by your party).

ਸ੍ਰੀ ਪ੍ਰੇਮ ਗੁਪਤਾ: ਮੈਂ ਬੇਨਤੀ ਕਰਾਂਗਾ ਕਿ ਮੈਨੂੰ ਹੋਰ ਟਾਈਮ ਦਿੱਤਾ ਜਾਵੇ। (ਵਿਘਨ) ਪੰਜ ਮਿੰਟ ਹੋਰ ਦੇ ਦਿਓ।

ਸ੍ਰੀ ਸਪੀਕਰ: ਫਿਰ ਇਹ 20 ਮਿੰਟ ਤੋਂ ਜ਼ਿਆਦਾ ਸਮਾਂ ਹੋ ਜਾਵੇਗਾ। (Then your time will exceed twenty minutes).

ਸ੍ਰੀ ਪ੍ਰੇਮ ਗੁਪਤਾ: ਮੈਂ ਇਕ ਮਾਨਯੋਗ ਮੈਂਬਰ ਨੂੰ ਰੀਕੁਐਸਟ ਕਰ ਲਵਾਂਗਾ ਕਿ ਉਹ ਆਪਣਾ ਟਾਈਮ ਮੈਨੂੰ ਦੇ ਦੇਵੇ। (ਵਿਘਨ) ਮੈਂ, ਸਪੀਕਰ ਸਾਹਿਬ, ਬਹੁਤਾ ਸਮਾਂ ਨਾ ਲੈਂਦਾ ਹੋਇਆ ਸਰਕਾਰ ਦਾ ਧਿਆਨ ਇਕ ਗੱਲ ਵੱਲ ਦਿਵਾਉਂਦਾ ਹਾਂ ਕਿ ਜਿਥੇ ਐਜੂਕੇਸ਼ਨ ਬਾਰੇ ਗਵਰਨਰ ਦੇ ਐਡਰੈਸ ਦੇ ਵਿਚ ਵੀ ਅਤੇ ਬੱਜਟ ਵਿਚ ਵੀ ਕਿਹਾ ਗਿਆ ਹੈ ਕਿ ਐਜੂਕੇਸ਼ਨ ਦੀ ਡੀਵੈਲਪਮੈਂਟ ਹੋਣੀ ਚਾਹੀਦੀ ਹੈ, ਇਸ ਦੇ ਵਿਚ ਕੋਈ ਕੰਟਰੋਵਰਸੀ ਨਹੀਂ। 5 ਹਜ਼ਾਰ ਪ੍ਰਾਇਮਰੀ ਸਕੂਲ ਖੋਲ੍ਹਣੇ ਹਨ। ਸਕੂਲਾਂ ਨੂੰ ਟੇਕ ਓਵਰ ਕਰਨਾ ਹੈ ਅਤੇ ਅੱਪ-ਗਰੇਡ ਕਰਨੇ ਹਨ। ਇਥੇ ਇਕ ਗੱਲ ਨੈਸ਼ਨੇਲਾਈਜ਼ੇਸ਼ਨ ਦੀ ਆਉਂਦੀ ਹੈ। ਇਸ ਦੇ ਵਿਧਾਨ ਨੂੰ ਵੀ ਰੈਫਰ ਕੀਤਾ (ਵਿਘਨ) ਵਿਧਾਨ ਸਾਰੇ ਲੋਕਾਂ ਨੇ ਪੜ੍ਹਿਆ ਹੈ। ਮੈਂ ਸਮਝਦਾ ਹਾਂ ਕਿ ਜਿਹੜੀ ਜਨਰਲ ਐਜੂਕੇਸ਼ਨ ਹੈ, ਇਸ ਦੇ ਵਿਚ ਕਾਨੂੰਨ ਦੇ ਮੁਤਾਬਿਕ ਸਲੇਬਸ ਬਣਦੇ ਹਨ ਉਨ੍ਹਾਂ ਨੂੰ ਸਰਕਾਰ ਨੈਸ਼ਨੇਲਾਈਜ਼ ਕਰ ਸਕਦੀ ਹੈ, ਉਨ੍ਹਾਂ ਦਾ ਸਰਕਾਰ ਕੌਮੀਕਰਨ ਕਰ ਸਕਦੀ ਹੈ। ਜਿਥੋਂ ਤਕ ਮਾਈਨੌਰਟੀ ਦਾ ਸਵਾਲ ਹੈ ਮਾਇਨਰਟੀ ਦੀ ਪਰੋਟੈਕਸ਼ਨ ਵਾਸਤੇ ਸਪੈਸ਼ਲ ਐਜੂਕੇਸ਼ਨ ਦਾ ਸਵਾਲ ਹੈ. ਉਥੇ ਸਕੂਲ ਖੋਲ੍ਹਣ ਵਾਸਤੇ ਇਜਾਜ਼ਤ ਦਿਤੀ ਜਾ ਸਕਦੀ ਹੈ। ਵਿਧਾਨ ਦੀ ਧਾਰਾ ਨੂੰ ਪੜ੍ਹਕੇ, ਇਸ ਨੂੰ ਡੀਲੇ ਕਰਕੇ ਕਿ ਐਜੂਕੇਸ਼ਨ ਨੂੰ ਨੈਸ਼ਨੇਲਾਈਜ਼ ਨਹੀਂ ਕੀਤਾ ਜਾ ਸਕਦਾ ਹੈ, ਮੈਂ ਇਸ ਗੱਲ ਨਾਲ ਸਹਿਮਤ ਨਹੀਂ। ਮੈਂ ਬੇਨਤੀ ਕਰਾਂਗਾ ਕਿ ਜਿਹੜੇ ਵਿਧਾਨ ਦੇ ਕੋਈ ਐਕਸਪਰਟਸ ਹਨ, ਇਸ ਮੱਦ ਵਾਸਤੇ ਉਨ੍ਹਾਂ ਦੀ ਕੋਈ ਕਮੇਟੀ ਬਣਾਈ ਜਾਵੇ ਤਾਂ ਕਿ ਜਿਹੜੇ ਪੰਜਾਬ ਦੇ ਸਕੂਲ ਅਤੇ ਕਾਲਜ ਚੱਲਦੇ ਹਨ ਵਿਧਾਨ ਦੇ ਮੁਤਾਬਿਕ ਉਹ ਉਨ੍ਹਾਂ ਦਾ ਕੌਮੀਕਰਨ ਕਰ ਸਕੇ। ਮੇਰਾ ਖਿਆਲ ਹੈ ਕਿ ਇਨ੍ਹਾਂ ਦਾ ਕੌਮੀਕਰਨ ਹੋ ਸਕਦਾ ਹੈ ਅਤੇ ਇਹ ਕੌਮੀਕਰਨ ਕਰਨੇ ਚਾਹੀਦੇ ਹਨ। (ਘੰਟੀ) ਇਨ੍ਹਾਂ ਪੁਰਾਣੇ ਸਕੂਲਾਂ ਵਿਚ ਜਿੰਨੀਆਂ ਪੁਰਾਣੀਆਂ......(ਵਿਘਨ)

ਸ੍ਰੀ ਸਪੀਕਰ: ਤੁਸੀਂ ਹੁਣ ਵਾਈਂਡ ਅੱਪ ਕਰ ਦਿਓ। (Please wind up now).

ਸ੍ਰੀ ਪ੍ਰੇਮ ਗੁਪਤਾ: ਮੈਨੂੰ ਫਿਰ ਕੱਲ ਨੂੰ ਬੋਲ ਲੈਣ ਦੇਣਾ।

Mr. Speaker: Please wind up.

ਸ੍ਰੀ ਪ੍ਰੇਮ ਗੁਪਤਾ: ਮੈਨੂੰ ਤਾਂ 10 ਮਿੰਟ ਵੀ ਨਹੀਂ ਮਿਲੇ।

ਸ੍ਰੀ ਸਪੀਕਰ: ਤੁਹਾਨੂੰ ਬੋਲਦਿਆਂ ਨੂੰ 17-18 ਮਿੰਟ ਹੋ ਗਏ ਹਨ। (You have already taken seventeen to eighteen minutes.)

ਸ੍ਰੀ ਪ੍ਰੇਮ ਗੁਪਤਾ: ਪਿਛਲੇ ਸਾਲ ਵਿਚ ਪੰਜਾਬ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ, ਗੁਰੂ ਨਾਨਕ ਯੂਨੀਵਰਸਿਟੀ ਅਤੇ ਪੰਜਾਬ ਸਿਖਿਆ ਬੋਰਡ ਐਕਟ ਜੋ ਆਇਆ (ਵਿਘਨ) ਯੂਨੀਵਰਸਿਟੀ ਦੀ ਜੋ ਕੰਸਟੀਚਿਊਸ਼ਨ ਹੈ ਉਸ ਦੇ ਵਿਚ ਤਰਮੀਮ ਕਰਨ ਦੀ ਲੋੜ ਹੈ।

(ਵਿਘਨ)

ਸ਼੍ਰੀ ਸਪੀਕਰ : ਤੁਸੀਂ ਹੁਣ ਖਤਮ ਕਰ ਦਿਓ। (Please wind up now.)

ਸ਼੍ਰੀ ਪ੍ਰੇਮ ਗੁਪਤਾ : ਮੈਂ ਕੱਲ ਨੂੰ ਬੋਲ ਲਵਾਂਗਾ।

ਸ਼੍ਰੀ ਸਪੀਕਰ : ਨਹੀਂ ਜੀ। (No please)

ਸ਼੍ਰੀ ਪ੍ਰੇਮ ਗੁਪਤਾ : ਇਹ ਜਿਹੜਾ ਡੈਮੋਕਰੈਟਿਕ ਐਲੀਮੈਂਟ ਹੈ, ਇਨ੍ਹਾਂ (ਯੂਨੀਵਰਸਿਟੀਆਂ) ਦੇ ਵਿਚ ਇੰਟਰੋਡਿਊਸ ਕੀਤਾ ਜਾਵੇ। ਇਸ ਐਕਟ ਵਿਚ ਤਰਮੀਮ ਕਰਕੇ ਐਜੂਕੇਸ਼ਨ ਦਾ ਸੁਧਾਰ ਕੀਤਾ ਜਾਵੇ।......

Mr. Speaker : Please resume your seat. The House stands adjourned till 9.00 A. M. on Wednesday, the 5th April, 1972.

1.30 a.m.

(The House then adjourned till 9.00 A.M. on Wednesday, the 5th April, 1972).

602-29-6-73—304—ਛਾਪੀ ਪੰਜਾਬ ਸਰਕਾਰ ਪਰੈਸ ਪਟਿਆਲਾ।

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

PUNJAB VIDHAN SABHA

DEBATES

5th April, 1972

Vol. I—No. 10

OFFICIAL REPORT

CONTENTS

Wednesday, the 5th April, 1972

Punjab Vidhan Sabha Secretariat, Chandigarh.

Price Rs. 23-40 P.

ERRATA

To

Punjab Vidhan Sabha Debates,

Dated the 5th April, 1972.

Vol. I—No. 10.

Read	*For*	*Page*	*Line*
Comrade	Conrade	(10)10	4
ਜੇਲ	ਜ਼ੈਲ	(10)79	18
ਮੇਰੇ	ਮੈਰੇ	(10)79	13th from below
April	Appil	(10)80	Headline
ਵੇਲੇ	ਵੇਲੋ	(10)82	7
ਸੀਲਿੰਗ	ਸੀਲਿਗ	(10,82	18
ਮਿਥੇ	ਮਿਥੋ	(10)82	18
ਲੋਕ	ਲਕ	(10)83	6
ਹੁੰਦੀਆਂ	ਹੁੰਦਿਆਂ	(10)83	12
ਵਾਲੇ	ਵਾਲ	(10)86	3
ਪੁਤਲਾ	ਪੁਤਲੀ	(10)89	15
ਹਾਂ	ਰਾਂ	(10)106	6
ਰਵੱਈਆ	ਰਵੀਇਆਂ	(10)107	10th from below
सकता	सक्त	(10)111	9
ਸੂਬਾ	ਸ਼ਬਾ	(10)114	15
ਸ਼ੋਰ	ਸ਼ਰ	(10)115	10
Committee	Commitee	Appendix	17

PUNJAB VIDHAN SABHA

Wednesday, the 5th April, 1972

The Vidhan Sabha met in the Punjab Vidhan Sabha Hall, Vidhan Bhavan, Sector—1, Chandigarh at 9-00 A. M. of the Clock. Mr. Speaker (Sardar Darbara Singh) in the Chair.

STARRED QUESTIONS AND ANSWERS

MEMORANDA/LETTERS SENT BY FORMER LEGISLATORS REGARDING IRREGULARITIES IN THE V. J. HOSPITAL AND MEDICAL COLLEGE, AMRITSAR

*27. **1. Comrade Jangir Singh Joga**
2. Comrade Satya Pal Dang:] Will the Minister for Finance be pleased to state—

(a) whether the Punjab Government received any memoranda/letters during the months of July and August, 1971 from any former legislator alleging serious irregularities in the V. J. Hospital and Medical College, Amritsar ; if so, copies thereof be laid on the Table of the House;

(b) the details of the action, if any, taken on each of the allegations contained in the said memoranda/letters and with what results ?

Shri Hans Raj Sharma : (a) Yes. Copies of Shri S. P. Dang's Memo. No. dated 2nd July, 1970 and D. O. letter dated ..h August, 1971 addressed to Governor, are laid on the Table of the House.

(b) An enquiry was held into the allegations levelled. The report of the Enquiry Officer is under examination.

Copy of Letter received from Comrade Satya Pal Dang, M. L. A. dated 2nd July, 1971

Ekta Bhawan,
Chheharta,
(Camp : Chandigarh)
Dated 2nd July, 1971

My dear Shri Pavate Ji,

V. J. Hospital and the Medical College to which this Hospital is attached, are premier institutions of this type in the State. The position from the viewpoint of the public has been pretty bad. During the last few years it has further deteriorated rapidly. From time to time myself as also some other publicmen have drawn the attention of the Government to the sorry state of affairs in these institutions giving a number of specific instances to prove our contention. I have also been

[Minister for Finance]

agitating about it in the Punjab Vidhan Sabha. Unfortunately there has been no improvement whatsoever The reason for this has been the fact that these institutions are controlled by a narrow selfish and unscrupulous clique enjoying powerful support both in the Pb. Civil Secretariat and at the political level.

I am now approaching you with the hope that you will take immediate and strong action to save these institutions from utter ruin. I will give not all the instances of serious irregularities of corruption, nepotism, etc. which I have but only the important ones.

1. It is a well known fact that patients admitted in the General Ward get very raw deal. All these patients have to purchase most of the medicines themselves from private chemists. Often the position is so bad that these patients have to purchase everything starting from bandages to costly medicines. The question arises as to what happens to the medicines worth lakhs of rupees which are supplied by the Government to the Hospital.

2. A good deal of Government money goes into the pockets of some big bosses through the Purchase Committee. Greater part of the medicines which do reach the Hospital find their way to the private market. They are sold to private chemists who resell them to patients making good profit in the process. These hospital medicines with hospital stamps on them are sold quite openly and with impunity by chemists right opposite the Hospital itself. In August 1969, I personally showed such medicine purchased by a patient from a private chemist to the S.S.P. Amritsar. He promised strong action in the matter but nothing happened.

3. On my instance Sh. Ravel Singh, Minister for Health at that time organised a special check up. A patient at his suggestion purchased hospital medicine from a chemist. It was in the Assembly session during 1969-70 that Sh. Ravel Singh admitted having come to the conclusion that Hospital medicines were being sold outside. He too assured me that he would take strong action but nothing happened. It is because powerful people having powerful connections are involved.

4. In September, 1969, I had submitted a memorandum to the Government in which I had stressed the need for a high powered probe into the working of the V. J. Hospital. One of the instances in the Memorandum related to the disappearance of 500 ampules of pathedin from the stock of the Hospital. The disappearance was discovered by the Deputy Medical Superintendent. Instead of ordering an enquiry into the matter the Medical Superintendent ordered that the loss be attributed to breakage which was absolutely untrue.

5. Apart from medicines being sold in the market, costly medicines are given to friends and relatives without any regard for any rules. In my September, 1969, Memorandum referred to above I had enclosed Photostet copies of some prescriptions drawn up by some X X X . X X X mentioned in these prescriptions were sufficient to last a few months. The patient had never visited the Hospital but that did not prevent the Medical Supt. to pass orders "issue". The person who benefitted was a gazetted officer. He was at that time a Superintending Engineer posted at Amritsar and now is Chief Engineer.

6. I asked an Assembly question during October, 1969 session of the Vidhan Sabha about my memorandum. The question was numbered 806 and was included in the list of Starred Questions for 27th October, 1969. I was assured that the matter was being enquired into by the Health Department. Another question numbered 1046 was asked by Com. Dana Ram on 4th March, 1970. We were told that the matter was still being enquired into. Nothing has come out of it till today. I am not surprised because I think the matter was entrusted to Sh. Banwari Lal Kakkar IAS who is a close relative of and who has been helping by every possible means Sh. Yudhvir Sachdeva Principal, Medical College, Amritsar.

7. It is strange but true that there are no fixed hours during which professors and other senior doctors must be in the Hospital. Many senior professors come late, go early, whenever they like, donot attend and operate General Ward patients. If they visit wards, the visit consists of entry from one door and exit from another. All the time they are doing private practice running between nursing home and private wards of V. J. Hospital. They donot take

XXX Not legible.

classes and then tell the Government that they donot take the roll call. Many patients are charged either at residence or even in the Hospital. With some senior professors acting in this manner the loss to the public and students can be imagined.

8. It is a debatable point whether Government doctors should be allowed private practice or not. It is however strange that private practice to the extent of running nursing home should be permitted. There is a Kakkar Nursing Home at Amritsar. Some senior professors indulge in continuous talk against the V. J. Hospital in order to boost this Nursing Home. Doctors Yudhvir Sachdeva, Yashvir Sachdeva and othess have been working in this Nursing Home even during working hours. The charges there are quite heavy but the fees charged are not shown to evade Income Tax. The usual certificate is given "patient known to me, not charged". Sh. Sharma, Superintendent of principal's Office who has now retired was attending this Nursing Home for full one year during working hours under the orders of Principal Medical College, Amritsar. There are reports that the staff as well as equipment is being shifted to his Nursing Home. Whatever be the reasons, the fact is that the recent increase in fees in V. J. Hospital without increase in facilities has benefitted this private Nursing Home.

The effect of all this on V. J. Hospital and the patients who get admitted here can be easily imagined.

9. In the V. J. Hospital Amritsar there existed a Burn unit to treat the burnt patients. Without any regard for public interests this unit was closed some time ago and was converted into Urology Ward. I understand that this was done to somehow prepare ground to promote Dr. Yashvir son of the Principal superseding the claims of his seniors on the ground that he had special training in this field for 2 years in USA.

In fact there is such wide-spread favouritism for close relatives and friends on the part of the bosses that there is widespread demoralisation among the doctors who suffer as a result of this favouritism and this is inevitably doing great harm to the institution and to the interests of the general patients.

10. Dr. Yashvir referred to above went to the USA sometime ago on study leave. He overstayed there and his dismissal was proposed. The case was however hushed up when he got engaged/married to the daughter of an IAS officer.

While the proposal to dismiss him was dropped, every possible effort was made to promote him as Assistant Professor. It was some how managed to get two more posts of Assistant Professors created. This however did not help Dr. Yashvir because the posts were of general surgery and there were many senior lecturers senior to him whose claims could not be ignored. So new proposals were floated. Original plan was to develop specialities in medicine, surgery and pathology. These plans were changed number of times. If the last two years, files relating to this matter are studied a revealing picture would be revealed.

11. Finally one post of hoego surgery was converted to genitourinary surgery to accommodate Dr. Yashvir Sachdeva. In the process a number of Assistant professors have been done gross injustice.

It may be pointed out that the general practice in case of doctors going for study leave to the USA etc. has been not to give any advantage of any type on ground of the study abroad. In fact this is a condition which is imposed when study leave is sanctioned. But to accommodate Dr. Yashvir Sachdeva this rule had to be given go by in his case and also alongwith that and thereafter possibly in other cases too.

It is also interesting to note that the entire correspondence regarding the case of sub-specialities in surgery took place between the Principal and Sh. Banwari Lal Kakkar, bypassing the Director Health Services.

Apart from injustice done to doctors who were already Assistant professors by right when Dr. Yashvir Sachdeva was S. lecturer injustice has also been done to senior lecturer Dr. Joyti who was senior to Dr. Yashvir Sachdeva and is now in the Army on deputation. He was ignored though he fulfilled all the qualifications for the job.

[Minister for Finance]

The promotion of Sh. Yashvir is thus a case of sheer favouritism. It create the possibility of Sh. Yashvir becoming a professor after a few years while those who became Assistant professors much before him would remain as such. It also goes against the rule of promotion/selection-3.1 decided upon by the Punjab Cabinet in 1967.

Even when Dr. Yashvir was a senior lecturer he ran an independent unit. Two jobs of registrars for him were got sanctioned many years earlier. Beds, space, private rooms, operation days etc. were provided without delay. Beds were given out of general surgery beds contrary to recommendations of the Medical Council.

12. Again every possible effort was made by the Principal and Sh. B. L. Kakkar to equate the pay-scales of the Assistant Professors and senior lecturers. At one stage proposal was got floated that all the posts of senior lecturers should be upgraded to Assistant Professorship. The motive had nothing to do either with any expert technical advice or a strong desire to do good to all the senior lecturers. It was part of effort to somehow promote Dr. Yashvir. If others too stood to gain, it was only incidental.

13. I have been told that Principal Yudhvir Sachdeva opposed all promotions during the last two three years except in three cases i.e. Dr. Yashvir (son), Dr. Rakesh (son) and Dr. Manchanda (brother-in-law).

Doctors who have suffered as a result of his policy of favouritism on one hand and victimisation on the other include Dr. Hardas Singh (Patiala), Dr. Gurdev Singh, Amritsar, Dr. O. P. Thaman, Amritsar, Dr. Kuldip Khera Patiala and Dr. M. L. Chugh Amritsar. It would be quite revealing to go through the files of the 3 favoured doctors on the one hand and 5 sufferers on the other.

14. As a result of policies being determined with a view to favour some persons, beds were taken from some Assistant Professors to be given to the new specialities. Assistant Professors feel demoralised because they have been ignored during creation of specialities and they face blocked future. They will be superseded by junior persons a few years later.

Junior professors have been given less beds and staff. Their status and position have also been downgraded. All types of rifts have been created. ACR's are now to be written by heads of departments and not by the Principal and the same are being attached to spoil the chances of those who are not part of the clique

The bosses who act in this manner as described above in relation to the public and staff cannot be expected to be far and honest to the State Government.

15. As is well known unlimited private practice of all types is allowed by the Government and yet some of the senior professors were very keen that telephone at their residences should be provided at the Government expenses. After a good deal of bargaining and haggling the Punjab Government agreed to give them a big concession and vide the Letter No. 6182-c-P M S—57/30220 dated 24th December, 1957 issued orders that expenditure on telephonic connections at the residences of the professors of Government Medical Colleges should, henceforth be shared between them and the Government on 50:50 basis. Strangely enough the Government also agreed that the entire payment should be made in the first instance by the Government and then the Government would be reimbursed to the extent of 50%. From 1957 on wards till today not a pie has been paid either by Dr. Yudhvir Singh Sachdeva or by Dr. Man Singh. The Government have thereby suffered a huge loss of thousands of rupees. This matter was raised in the Punjab Vidhan Sabha more than once. The only result has been "loss of record for the entire period prior to 1966" and of course no body has taken the trouble of reconstructing tne record with the help of Inspection Reports or Telephone Department etc. I may mention that both these gentlemen are about to retire

16. There is a good deal of Government land attached to the Hospital/College official's residences. Year after year wheat has been grown at government land with the help of government servants. There is however general belief that no income has ever accrued to the Government on this account.

Punjab Government has suffered a huge financial loss in connection with the land adjacent to the Medical College due to the callousness of the Principal.

17. Till sometime ago it was a rigid principle that only those doctors would be appointed as registrars who had done 3 years rural service. Later on this was changed to accommodate also these who might not have put any rural service but who might give bonds agreeing to give a such service later on or to pay Rs. 5000 to the Government. Such a bond was given also by the Dr. Rakesh Sachdeva. He never put in any rural service and the bond-money has not been realised from him on the ground that bond has been lost. Recently he has been allowed to resign and to go away. He is another son of the Principal.

18. Here is one instance how government money is being misappropriated. Recently the construction of a new building was completed within the premises of the V. J. Hospital to house "Intensive Cure Unit and Blood Bank".

It was inaugurated by about 3 months ago by S. Ravel Singh. On this building there is a sign board containing the above writing. It could not have cost more than Rs. 60/- but a bill of Rs. 1760/- was obtained and paid. It is obvious that more than one man must have shared this loot.

19. The Hospital gets many bags of scientific instruments as aid. Recently Sh. Jatinder Singh, Administrative Officer in the Directorate of Health made some sort of an enquiry. Five out of six such bags whose value would be Rs. 50,000/- to 60,000/- were found missing. The one found there was also not intact.

20. Enclosed is Annexure A which contains strictures passed by a lower court and confirmed by an Apellate Court. It speaks for itself.

21. An enquiry by the Vigilance Department was held sometime ago against Principal Dr. Yadhvir Sachdeva. The same seems to have been hushed up.

Many more instances can be given but I think the above ones are sufficient to convince any one about the sorry state of affairs in the V. J. Hospital, Amritsar. I would very strongly request immediate and urgent steps to put the institution on a sound footing. In this connection the following steps are suggested :—

(i) High-powered public enquiry into the working of this Hospital.

(ii) (a) No extension under any circumstances to those who were guilty of such acts of omission and commission.

(iii) (b) It should be ensured that those responsible for above acts are not able to go scot free.

(iv) (c) Unlimited private practice should not be permitted. At least nursing home private practice and practice during working hours should be banned.

(v) (d) All doctors including senior professors must be required to observe certain fixed working hours in the Hospital and there should be strict check up on to the same.

(vi) (e) To ensure that the Government is not misled in matters which are of technical nature, there should be consultation not only with the Principal but also with the representatives of the staff specially the younger professors, Assistant Professors, Senior Lecturers and Registrars.

III. It must be ensured that the money spent for medicines for Hospital is made maximum use of and that medicines reach the patients in the general wards.

VI. There should be a non-official advisory committee for the Hospital.
With kind regards,

Yours sincerely,
Sd/
(Satyapal Dang)

Shri D. C. Pavate,
Governor of Punjab,
Chandigarh.

[Minister for Finance]

Copy of urgent d. o. dated 6th August, 1971 from Shri Satya Pal Dang to Shri D. C. Pavate, Governor, Punjab Chandigarh.

I am writing this to draw your urgent and personal attention to my memorandum regrding the V. J. Hospital & Medical College Amritsar, which I submitted to you in the first week of July 1971. Another copy of the same is enclosed herewith for ready reference.

I had submitted a separate memorandum about the V. J. Hospital and the Medical College, Amritsar because of the very great importance of the matter to the public. My allegations and charges contained in this memorandum are in no way less serious than the charges contained in my other memorandum containing 33 allegations of corruption, favouritism, nepotism, etc. Unfortunately, however, the memorandum regarding V. J. Hospital and Medical College Amritsar, seems to have gone in the back ground. It seems to me that the importance it deserves is not being given to it. It also seems that only a departmental enquiry regarding this has been ordered. No one has yet made enquiry from me. You know that there are entrenched vested interests in departments who are extremely powerful and who will do their best to justify what they did in the past and may not hesitated to suppress facts and documents. There is a report current here that a proposal backed by some very influential people to grant extensions to certain people who are about to retire and against whom I have levelled very serious allegations is under consideration. I can only hope tnat it is not true. In any case, I would very strongly urge that enquiry into the memorandum should be in the same manner as in my other two memorandums. Below I am giving more facts whieh will bring out once again the seriousness of the situation :—

(1) The position with regard to the availability of medicines for patients in the general wards instead of improving has worsened. Hospital medicines with hospital stamps on them continue to be sold by chemists right opposite to the Hospital. About three weeks ago, one of the House Surgeons caught one such medicine and took it to his authority and requested suitable action. Instead of being encouraged he was told that nothing could be done. The position in the hospital for general patients is worse than in any primary health centre. Neither ordinary medicines nor emergency drugs are available. Most of the patients have to purchase from outside. This means much disadvantage to the poor patients. Sympathetic doctors try to help by giving samples and collecting donations. That obviously cannot solve the problem.

(2) Many patients do not have mattresses. One can imagine what it would mean for a patient to lie on an iron bed without a mattress below him. Those who are lucky to get mattresses are not lucky to get clean and hygienic stuff.

(3) Hospital roofs leak when it rains. One can imagine the torture of the patients.

(4) Operations have been postponed for want of adequate material like gauge and cotton.

(5) X-Ray department is not fully operated for want of films and for some defects in the machine for the last some months.

(6) In the laboratory some of the important Reagents like Ehrlic Reagent are not available. Most of the above problems can easily be solved but the Medical Supervisor and the Medical Superintendent are reported to be too busy in their own quarrels about their respective authorities etc. and that they do not find time to solve any of these urgent problems. In fact problems are being created.

(7) Sometime ago, there was strike by the House Surgeons internees etc. One of the demands was proper accommodation for the House Surgeons who have to work 12 hours a day. The demand was conceded and more quarters were constructed. Some of them have now been dislodged from their quarters and now they are forced to stay in pairs in small-rooms with furniture and bed only for one.

(8) Rural service was made an essential condition for any doctor to be selected as a Registrar. I have been told that no son of a senior professor has ever fulfilled this condition though many were selected as registrars.

(9) There is a rule that a house surgeon must have his residence within the hospital. I have been told that this rule is too not observed by the sons of the senior professors and bosses of these two institutions.

(10) I have been told that if a list is made of those who stood first and who got gold medals etc. during the last 18 years and same is scrutinised thoroughly, it will be discovered that big majority of them are related to some big people of these two institutions, even though most of them had pretty bad academic record before they joined the Medical College. The rule that a father will not take the examination of his son too has been violated. It should not be difficult for any one to imagine its effects on the students and the institution.

I hope that the above facts would suffice to bring out clearly the necessity of an enquiry into allegations made in my memorandum previously sent other than a routine departmental enquiry.

With regards,

ਕਾਮਰੇਡ ਸੱਤਪਾਲ ਡਾਂਗ : ਕੀ ਮਨਿਸਟਰ ਸਾਹਿਬ ਇਸ ਇਨਕੁਆਇਰੀ ਦੀ ਰਿਪੋਰਟ ਸਦਨ ਦੀ ਮੇਜ਼ ਤੇ ਰਖਣਗੇ ?

ਮੰਤਰੀ : ਸਪੀਕਰ ਸਾਹਿਬ, ਇਹ ਇਨਕੁਆਇਰੀ ਰਿਪੋਰਟ ਅੰਡਰ ਐਗਜ਼ਾਮੀਨੇਸ਼ਨ ਹੈ । ਮੇਰਾ ਖਿਆਲ ਹੈ ਕਿ ਜੋ ਜੋ ਇਜ਼ੂ ਇਨਕੁਆਇਰੀ ਅਫ਼ਸਰ ਨੇ ਲੈ ਕੇ ਰਿਪੋਰਟ ਕੀਤੀ ਹੈ ਉਸ ਤੇ ਅਸੀਂ ਵਿਚਾਰ ਕਰਕੇ ਮੈਂਬਰ ਸਾਹਿਬ ਨੂੰ ਉਸ ਦੀ ਕਾਪੀ ਦੇ ਦਿਆਂਗੇ ।

ਕਾਮਰੇਡ ਸੱਤਪਾਲ ਡਾਂਗ : ਕੀ ਮਨਿਸਟਰ ਸਾਹਿਬ ਨੂੰ ਇਸ ਗੱਲ ਦਾ ਇਲਮ ਹੈ ਕਿ ਇਹ ਜਿਹੜੇ ਐਲੀਗੇਸ਼ਨ, ਮੈਂ, ਵੀ. ਜੇ. ਹਸਪਤਾਲ ਬਾਰੇ ਲਾਏ ਹਨ ਉਨ੍ਹਾਂ ਵਿਚੋਂ ਕਝ ਐਲੀਗੇਸ਼ਨਜ਼ ਪਹਿਲਾਂ ਵੀ ਲਗ ਚੁਕੇ ਹਨ ਪਰ ਕਿਉਂਕਿ ਸੈਕਰੇਟੇਰੀਏਟ ਵਿਚ ਕੁਝ ਟਾਪ ਅਫਸਰਾਂ ਦੀ ਕਨਾਈਵੈਂਸ ਨਾਲ ਹੇਰਾ ਫੇਰੀ ਹੁੰਦੀ ਰਹੀ ਹੈ ਇਸ ਲਈ ਇਨਕੁਆਇਰੀ ਕਦੇ ਸਿਰੇ ਨਹੀਂ ਚੜ੍ਹੀ ਔਰ ਹੁਣ ਵੀ ਇਹੀ ਗਲ ਹੋਣੀ ਹੈ ?

ਮੰਤਰੀ: ਇਹ ਤਾਂ ਮੈਟਰ ਆਫ਼ ਓਪੀਨੀਅਨ ਹੈ, ਸਰ । (ਵਿਘਨ)

ਡਾਕਟਰ ਅਮੀਰ ਸਿੰਘ ਕਲਕਟ: ਕੀ ਮਨਿਸਟਰ ਸਾਹਿਬ ਹਾਊਸ ਨੂੰ ਇਸ ਗੱਲ ਲਈ ਅਸ਼ੋਰੈਂਸ ਦੇਣਗੇ ਕਿ ਇਸ ਇਨਕੁਆਇਰੀ ਵਿਚ ਜਿਨ੍ਹਾਂ ਅਫ਼ਸਰਾਂ ਦੇ ਖਿਲਾਫ ਐਲੀਗੇਸ਼ਨ ਸੱਚੇ ਸਾਬਤ ਹੋਣਗੇ, ਉਨ੍ਹਾਂ ਨੂੰ ਪਨਿਸ਼ਮੈਂਟ ਮਿਲੇਗੀ ?

ਮੰਤਰੀ: ਹਾਂ ਜੀ, ਇਸ ਇਨਕੁਆਇਰੀ ਵਿਚ ਐਗਜ਼ਾਮੀਨੇਸ਼ਨ ਹੋਣ ਦੇ ਬਾਅਦ ਜਿਸ ਦੇ ਖਿਲਾਫ ਐਲੀਗੇਸ਼ਨ ਸੱਚੇ ਸਾਬਤ ਹੋਣਗੇ ਭਾਵੇਂ ਉਹ ਕੋਈ ਵੀ ਕਨਾਈਵੈਂਸ ਕਰ ਲਵੇ ਉਸ ਅਫ਼ਸਰ ਨੂੰ ਮਾਫ ਨਹੀਂ ਕੀਤਾ ਜਾਵੇਗਾ ।

ਕਾਮਰੇਡ ਸੱਤਪਾਲ ਡਾਂਗ : ਮਨਿਸਟਰ ਸਾਹਿਬ ਨੇ ਹੁਣੇ ਹੀ ਦਸਿਆ ਹੈ ਕਿ ਇਨਕੁਆਇਰੀ ਅੰਡਰ ਐਗਜ਼ਾਮੀਨੇਸ਼ਨ ਹੈ, ਮੈਂ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਉਹ ਇਕ ਮਹੀਨੇ ਦੇ ਅੰਦਰ ਅੰਦਰ ਐਗਜ਼ਾਮਿਨ ਕਰ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਬਹੁਤ ਜਲਦੀ ਹੀ ਅਸੀਂ ਕਰ ਦਿਆਂਗੇ। ਕਿਉਂਕਿ ਹੁਣ ਤਾਂ ਅਸੀਂ ਬਜਟ ਸੈਸ਼ਨ ਵਿਚ ਲਗੇ ਹੋਏ ਹਾਂ। ਬਜਟ ਸੈਸ਼ਨ ਦੇ ਬਾਅਦ ਅਸੀਂ ਇਹ ਜਲਦੀ ਹੀ ਕਰ ਦਿਆਂਗੇ ਔਰ ਜਿਸ ਦੇ ਵੀ ਖਿਲਾਫ਼ ਐਲੀਗੇਸ਼ਨ ਸਚੇ ਸਾਬਤ ਹੋਏ ਉਸ ਤੇ ਕੋਈ ਰਹਿਮ ਨਹੀਂ ਕੀਤਾ ਜਾਵੇਗਾ।

Chaudhri Darshan Singh : Has the hon. Minister gone through the Enquiry Report ? If so, whether any *prima facie* case has been made out or not ?

ਮੰਤਰੀ : ਸਪੀਕਰ ਸਾਹਿਬ, ਜੇ ਇਨਕੁਆਇਰੀ ਰਿਪੋਰਟ ਪੜ੍ਹ ਲਈ ਹੁੰਦੀ ਤਾਂ ਮੈਂ ਪਹਿਲਾਂ ਹੀ ਜਵਾਬ ਦੇ ਦੇਣਾ ਸੀ। ਉਹ ਡੀਪਾਰਟਮੈਂਟ ਦੇ ਅੰਡਰ ਐਗਜ਼ਾਮੀਨੇਸ਼ਨ ਹੈ, ਉਸ ਦੇ ਬਾਅਦ ਮੇਰੇ ਕੋਲ ਆਉਣੀ ਹੈ। ਮੈਂ ਅਗੇ ਵੀ ਅਰਜ਼ ਕਰ ਚੁਕਾ ਹਾਂ ਕਿ ਉਸ ਦੇ ਉਤੇ ਪੂਰਾ ਪੂਰਾ ਐਕਸ਼ਨ ਹੋਵੇਗਾ।

ਚੌਧਰੀ ਜਗਤ ਰਾਮ : ਕੀ ਮਨਿਸਟਰ ਸਾਹਿਬ, ਦਸਣਗੇ ਕਿ ਉਸ ਰਿਪੋਰਟ ਨੂੰ ਪੜ੍ਹਨ ਲਈ ਕਿੰਨਾ ਚਿਰ ਲਗੇਗਾ ?

(ਕੋਈ ਜਵਾਬ ਨਹੀਂ ਦਿਤਾ ਗਿਆ)

STARRED QUESTION NO. 22*

ਸ੍ਰੀ ਸਪੀਕਰ : ਸਵਾਲ ਨੰਬਰ 22 ਅਗਾਂਹ ਪਾਉਣ ਲਈ ਕਿਹਾ ਗਿਆ ਹੈ। ਨੈਕਸਟ ਕੁਐਸਚਨ ਕਾਮਰੇਡ ਦਰਸ਼ਨ ਸਿੰਘ ਕਨੇਡੀਅਨ। (Extension has been asked for in respect of Starred Question No. 22. Next Question Comrade Darshan Singh Canadian).

SINKING OF DEEP TUBEWELLS IN MAHALPUR DEVELOPMENT BLOCK OF HOSHIARPUR DISTRICT

***16. 1. Comrade Darshan Singh Canadian**
2. Comrade Jangir Singh Joga
} Will the Minister for Irrigation and Power be pleased to state —

(a) the number of deep tubewells proposed to be sunk in the Mahalpur Development Block of Hoshiarpur District ;

---

*For Starred Question No. 22 and reply thereto please *see* the Punjab Vidhan Sabha Debate dated 25th April, 1972

(b) the number of villages allotted in Zones A, B and C of the said Block and the number of tubewells allotted to each zone ;

(c) the number of tubewells sunk in each zone ;

(d) the number of tubewells in operation at present ;

(e) the time by which the said project is likely to be completed ?

Shri Gurmail Singh : (a) 98.

(b) Zone 'A' 62 villages, 45 tubewells ; Zone 'B' . 57 villages, 41 tubewells ; Zone 'C' : 17 villages, 12 tubewells.

(c) Zone 'A': 27 tubewells,

Zone 'B': 25 tubewells,

Zone 'C': 3 tubewells.

(d) 9.

(e) By the end of 1973-74.

[(ੳ) 98.

(ਅ) ਜ਼ੋਨ 'ਏ'—62 ਪਿੰਡ, 45 ਟਿਊਬਵੈਲ।

ਜ਼ੋਨ 'ਬੀ'—57 ਪਿੰਡ, 41 ਟਿਊਬਵੈਲਜ਼ ।

ਜ਼ੋਨ 'ਸੀ'—17 ਪਿੰਡ, 12 ਟਿਊਬਵੈਲਜ਼ ।

(ੲ) ਜ਼ੋਨ 'ਏ'—27 ਟਿਊਬਵੈਲਜ਼ ।

ਜ਼ੋਨ 'ਬੀ'—25 ਟਿਊਬਵੈਲਜ਼ ।

ਜ਼ੋਨ 'ਸੀ'—3 ਟਿਊਬਵੈਲਜ਼ ।

(ਸ) 9 ।

(ਹ) 1973-74 ਦੇ ਅੰਤ ਤਕ]

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਜ਼ੋਨ 'ਏ' ਹੈ ਉਸ ਦੇ ਵਿਚ ਪਾਣੀ ਦੀ ਬਹੁਤਾਤ ਹੈ ਔਰ ਉਥੇ ਟਿਊਬਵੈਲ ਸੈਂਕੜਿਆਂ ਦੀ ਗਿਣਤੀ ਵਿਚ ਲਾਏ ਗਏ ਹਨ ਪਰ ਜ਼ੋਨ 'ਸੀ' ਵਿਚ ਪਾਣੀ ਪੀਣ ਨੂੰ ਵੀ ਨਹੀਂ ਮਿਲਦਾ ਉਥੇ ਟਿਊਬਵੈਲ ਕੋਈ ਲਾਇਆ ਹੀ ਨਹੀਂ ਗਿਆ । ਇਹ ਅਲਾਟਮੈਂਟ ਕਿਸ ਹਿਸਾਬ ਨਾਲ ਕੀਤੀ ਗਈ ਹੈ ਕਿ ਜਿਥੇ ਤਾਂ ਪਾਣੀ ਦੀ ਬਹੁਤਾਤ ਹੈ ਉਥੇ ਤਾਂ ਵਧ ਤੋਂ ਵਧ ਟਿਊਬਵੈਲ ਲਾਏ ਗਏ ਹਨ ਔਰ ਜਿਥੇ ਪਾਣੀ ਦੀ ਕਿੱਲਤ ਹੈ ਉਥੇ ਘਟ ਤੋਂ ਘਟ ਟਿਊਬਵੈਲ ਲਾਏ ਗਏ ਹਨ ?

ਮੰਤਰੀ : ਸਪੀਕਰ ਸਾਹਿਬ, ਲੋੜ ਮੁਤਾਬਿਕ ਐਸਾ ਕੀਤਾ ਗਿਆ ਹੈ।

ਸ੍ਰੀ ਸਪੀਕਰ : ਕਨੇਡੀਅਨ ਸਾਹਿਬ, ਇਹ ਇਰੀਗੇਸ਼ਨ ਦੇ ਟਿਊਬਵੈਲ ਹਨ, ਪਾਣੀ ਪੀਣ ਵਾਲੇ ਨਹੀਂ। ਜਿਥੇ ਜਿਥੇ ਲੋੜ ਸੀ ਉਸੇ ਹਿਸਾਬ ਨਾਲ ਹੀ ਇਹ ਲਾਏ ਗਏ ਹਨ। (ਵਿਘਨ) (*Addressing Comrade Darshan Singh Canadian*: The question is regarding the Irrigation Tubewells and not Water Supply Tubewells. These have been installed where ever they were needed) (*Interruption*)

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ: ਸਪੀਕਰ ਸਾਹਿਬ, ਮੈਂ ਇਹ ਗਲ ਕਰ ਰਿਹਾ ਹਾਂ। ਜਿਹੜੇ 'ਬੀ' ਜ਼ੋਨ ਦੇ ਪਿੰਡ ਦਸੇ ਹਨ ਉਨ੍ਹਾਂ ਵਿਚ ਤਾਂ 5-6 ਤੋਂ ਵਧ ਟਿਊਬਵੈਲ ਨਹੀਂ ਹਨ ਪਰ 'ਏ' ਜ਼ੋਨ ਵਿਚ ਸੈਂਕੜਿਆਂ ਤੋਂ ਵਧ ਟਿਊਬਵੈਲ ਲਗੇ ਹੋਏ ਹਨ। ਸਪੀਕਰ ਸਾਹਿਬ, ਇਹ ਸਕੀਮ ਇਸ ਗਲ ਲਈ ਬਣੀ ਸੀ ਕਿ ਜਿਹੜੇ ਆਮ ਲੋਕ ਟਿਊਬਵੈਲ ਨਹੀਂ ਲਗਾ ਸਕਦੇ, ਸਰਕਾਰ ਉਨ੍ਹਾਂ ਦੀ ਮਦਦ ਕਰੇ ਔਰ ਉਨ੍ਹਾਂ ਲਈ ਟਿਊਬਵੈਲਜ਼ ਲਗਵਾਏ। 'ਸੀ' ਜ਼ੋਨ ਜਿਹੜਾ ਹੈ ਉਥੇ ਨਾ ਪਾਣੀ ਪੀਣ ਲਈ ਹੈ ਔਰ ਨਾ ਹੀ ਇਰੀਗੇਸ਼ਨ ਲਈ ਹੈ। ਇਸ ਲਈ ਮੇਰੀ ਅਰਜ਼ ਹੈ ਕਿ ਉਥੇ ਲੋੜ ਅਨੁਸਾਰ ਟਿਊਬਵੈਲਜ਼ ਨਹੀਂ ਲਗਾਏ ਗਏ? (ਵਿਘਨ)

ਮੰਤਰੀ: ਸਪੀਕਰ ਸਾਹਿਬ, ਲੋੜ ਮੁਤਾਬਿਕ ਜਿਥੇ ਜਿਥੇ ਹੋਰ ਜ਼ਿਆਦਾ ਟਿਊਬਵੈਲ ਲਾਉਣ ਦੀ ਲੋੜ ਹੋਵੇਗੀ ਉਸ ਜ਼ੋਨ ਵਿਚ ਅਸੀਂ ਹੋਰ ਟਿਊਬਵੈਲਜ਼ ਲਾਉਣ ਦੀ ਕੋਸ਼ਿਸ਼ ਕਰਾਂਗੇ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਪਛੜੇ ਇਲਾਕੇ ਜਿਸ ਤਰ੍ਹਾਂ ਕਿ ਗੜ੍ਹਸ਼ੰਕਰ ਹੈ ਔਰ ਇਸੇ ਤਰ੍ਹਾਂ ਦੇ ਹੋਰ ਹੁਸ਼ਿਆਰਪੁਰ, ਰੋਪੜ ਔਰ ਗੁਰਦਾਸਪੁਰ ਜ਼ਿਲਿਆਂ ਦੇ ਪਛੜੇ ਇਲਾਕੇ ਹਨ, ਕੀ ਸਰਕਾਰ ਨੇ ਇਹੋ ਜਿਹੇ ਇਲਾਕਿਆਂ ਵਿਚ ਡੀਪ ਟਿਊਬਵੈਲਜ਼ ਲਾਉਣ ਦਾ ਕੋਈ ਫੈਸਲਾ ਕੀਤਾ ਹੈ?

ਮੰਤਰੀ: ਹਾਂ ਜੀ। ਜਿਹੜੇ ਜਿਹੜੇ ਬੈਕਵਰਡ ਏਰੀਏ ਵਿਚ ਹਨ ਔਰ ਜਿਥੇ ਜਿਥੇ ਲੋੜ ਹੋਵੇਗੀ ਉਥੇ ਅਸੀਂ ਇਸ ਲੋੜ ਨੂੰ ਪੂਰਾ ਕਰਾਂਗੇ।

ਡਾਕਟਰ ਅਮੀਰ ਸਿੰਘ ਕਲਕਟ: ਕੀ ਮਨਿਸਟਰ ਸਾਹਿਬ ਇਸ ਪਾਸੇ ਵਲ ਧਿਆਨ ਦੇਣਗੇ ਕਿ ਅਕਾਲੀ ਸਰਕਾਰ ਨੇ ਇਕ ਵਜ਼ੀਰ ਸਾਹਿਬ ਨੂੰ ਨਿਵਾਜਨ ਵਾਸਤੇ 98 ਟਿਊਬਵੈਲ ਲਾ ਦਿਤੇ ਪਰ ਹੁਸ਼ਿਆਰਪੁਰ ਵਿਚ ਜਿਥੇ ਕਿ ਪਾਣੀ ਦੀ ਬੜੀ ਸਖ਼ਤ ਲੋੜ ਹੈ ਉਥੇ ਇਕ ਵੀ ਟਿਊਬਵੈਲ ਨਹੀਂ ਲਾਇਆ। ਕੀ ਮਨਿਸਟਰ ਸਾਹਿਬ, ਅਕਾਲੀ ਸਰਕਾਰ ਨੇ ਜੋ ਇਲਾਕੇ ਇਗਨੋਰ ਕਰ ਦਿਤੇ ਸੀ, ਉਨ੍ਹਾਂ ਇਲਾਕਿਆਂ ਨੂੰ ਪਰੈਫਰੈਂਸ ਦੇਣਗੇ?

ਮੰਤਰੀ: ਹਾਂ ਜੀ। ਜਿਹੜੇ ਅਕਾਲੀਆਂ ਵਲੋਂ ਟਿਊਬਵੈਲ ਲਾਏ ਗਏ ਹਨ ਉਹ ਅਸੀਂ ਉਖਾੜਨਾ ਨਹੀਂ ਚਾਹੁੰਦੇ ਲੇਕਿਨ ਜਿਥੇ ਜਿਥੇ ਵੀ ਹੋਰ ਲੋੜ ਹੈ ਔਰ ਜਿਥੇ ਡਾਕਟਰ ਸਾਹਿਬ ਨੇ ਦਸਿਆ ਹੈ ਉਸ ਏਰੀਏ ਵਿਚ ਜਿਥੇ ਲੋੜ ਹੋਈ, ਉਸ ਲੋੜ ਨੂੰ ਪੂਰਾ ਕੀਤਾ ਜਾਵੇਗਾ।

आचार्य पृथ्वी सिंह आज़ाद: अध्यक्ष महोदय वजीर साहिब ने फरमाया है कि यह स्कीम बैकवर्ड एरिया में लागू की जायेगी। मैं आपके द्वारा मिनिस्टर साहिब से पूछना चाहता हूँ कि जो पहले बैकवर्ड एरिया थे वे सभी अकाली सरकार के वक्त से डीनोटीफ़ाई हो चुके हैं। क्या इस गवर्नमेंट नें बैकवर्ड एरियाज़ नये सिरे से नोटीफाई कर दिये हैं, अगर कर दिये हैं तो कौन कौन से एरियाज़ नोटीफाई किये हैं ?

ਮੰਤਰੀ : ਇਸ ਦੇ ਲਈ ਸੈਪਰੇਟ ਨੋਟਿਸ ਦਰਕਾਰ ਹੈ ।

ਚੌਧਰੀ ਰਾਮ ਸਿੰਘ: ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਿਹੜਾ ਧੱਰ ਬਲਾਕ ਸੱਬ ਮਾਊਂਨਟੇਨ ਏਰੀਆ ਹੈ, ਉਨ੍ਹਾਂ ਵਾਸਤੇ ਵੀ ਕੋਈ ਡੀਪ ਟਿਊਬਵੈੱਲ ਲਾਉਣ ਦੀ ਪਰਪੋਜ਼ਲ ਹੈ, ਜੇ ਨਹੀਂ ਤਾਂ ਕੋਈ ਸਕੀਮ ਬਣਾਉਣਗੇ ?

ਮੰਤਰੀ: ਇਹ ਐਗਜ਼ਾਮਿਨ ਕਰਕੇ ਦੱਸ ਦਿਆਂਗੇ ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ: ਸਪੀਕਰ ਸਾਹਿਬ, ਇਥੇ ਇਹ ਗਲ ਕਹੀ ਗਈ ਹੈ ਕਿ ਇਹ ਜਿਹੜੇ ਟਿਊਬਵੈਲਜ਼ ਹੈਗੇ ਨੇ। ਇਹ ਟਿਊਬਵੈਲ ਕਾਰਪੋਰੇਸ਼ਨ ਦੁਆਰਾ ਲਾਏ ਜਾਂਦੇ ਹਨ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਗਲ ਗਲਤ ਹੈ, ਇਹ ਟਿਊਬਵੈਲਜ਼ ਇਰੀਗੇਸ਼ਨ ਮਹਿਕਮੇ ਵਲੋਂ ਲਾਏ ਜਾ ਰਹੇ ਹਨ । ਇਕ ਏਰੀਆ ਅਜਿਹਾ ਹੈ ਜਿਥੇ ਪਾਣੀ ਦੀ ਲੋੜ ਘੱਟ ਹੈ ਉਥੇ ਤਾਂ 27 ਟਿਊਬਵੈਲਜ਼ ਲਗਾਏ ਗਏ ਹਨ, ਇਕ ਦੂਸਰਾ ਏਰੀਆ ਹੈ ਉਤਲੇ ਜ਼ੋਨ ਵਿਚ ਜਿਥੇ ਪਾਣੀ ਦੀ ਲੋੜ ਵਧ ਤੋਂ ਵਧ ਹੈ, ਉਥੇ ਸਿਰਫ ਤਿੰਨ ਟਿਊਬਵੈਲਜ਼ ਲਗਾਏ ਹਨ । ਮੈਂ ਪੁਛਣਾ ਚਾਹੁੰਦਾ ਹਾਂ ਕਿ ਇਹ ਡਿਸਕਰੀਮੀਨੇਸ਼ਨ ਕਿਉਂ ਹੈ?

ਮੰਤਰੀ: ਜਿਹੜਾ ਜ਼ੋਨ 'ਸੀ' ਹੈ ਅਸੀਂ ਉਸ ਦੀ ਲੋੜ ਨੂੰ ਪੂਰਾ ਕਰਾਂਗੇ ਦੂਜੀ ਗਲ ਇਹ ਹੈ ਕਿ ਇਹ ਟਿਊਬਵੈਲਜ਼ ਦਾ ਸਾਰਾ ਜਿਹੜਾ ਕੰਮ ਹੈ ਉਹ 1973-74 ਦੇ ਅੰਤ ਤਕ ਮੁਕੰਮਲ ਹੋਣਾ ਹੈ, ਪਰ ਸਾਡੀ ਕੋਸ਼ਿਸ਼ ਇਹ ਹੈ ਕਿ ਇਹ ਮਾਰਚ, 1973 ਤਕ ਪੂਰਾ ਕਰ ਦਿਤਾ ਜਾਏ ।

ਸਰਦਾਰ ਲਛਮਣ ਸਿੰਘ : ਸਪੀਕਰ ਸਾਹਿਬ, ਜਿਸ ਏਰੀਆ ਦਾ ਹੇਠਲਾ ਪਾਣੀ ਕੌੜਾ ਹੈ ਉਥੇ ਨਹਿਰਾਂ ਉਤੇ ਟਿਊਬਵੈਲਜ਼ ਲਾਏ ਜਾਣ ਦੀ ਕੋਈ ਸਕੀਮ ਸਰਕਾਰ ਦੇ ਜ਼ੇਰ ਗੌਰ ਹੈ ?

ਮੰਤਰੀ : ਇਸ ਦੇ ਲਈ ਸੈਪਰੇਟ ਨੋਟਿਸ ਚਾਹੀਦਾ ਹੈ ।

चौधरी बलराम : क्या मंत्री महोदय बताने की कृपा करेंगे कि फ़ाजिल्का तहसील में डीप टियूबवैल्ज लगाने की स्कीम बनाई गई थी, पर वहां पर कोई टियूबवैल नहीं लगाया गया, इसका क्या कारण है ?

ਮੰਤਰੀ : ਇਸ ਦੇ ਲਈ ਸੈਪਰੇਟ ਨੋਟਿਸ ਚਾਹੀਦਾ ਹੈ ।

(ਇਸ ਵਕਤ ਕਈ ਮੈਂਬਰ ਸਾਹਿਬਾਨ ਸਪਲੀਮੈਂਟਰੀਜ਼ ਕਰਨ ਵਾਸਤੇ ਖੜੇ ਹੋ ਗਏ)

ਸ੍ਰੀ ਸਪੀਕਰ : ਜਿਹੜੇ ਵੀ ਕੁਐਸਚਨ ਆ ਰਹੇ ਹਨ, ਸਾਰੇ ਦੇ ਸਾਰੇ ਸੀ. ਪੀ. ਆਈ. ਵਲੋਂ ਆ ਰਹੇ ਹਨ, ਇਸ ਲਈ ਸਪਲੀਮੈਂਟਰੀਜ਼ ਵਾਸਤੇ ਵੀ ਦੂਜੇ ਮੈਂਬਰ ਸਾਹਿਬਾਨ ਨੂੰ ਸੰਕੋਚ ਕਰਨਾ ਚਾਹੀਦਾ ਹੈ । ਮੈਂ ਸਾਰੀਆਂ ਪਾਰਟੀਆਂ ਦੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਕੁਐਸਚਨਜ਼ ਬਹੁਤ ਜ਼ਰੂਰੀ ਹੁੰਦੇ ਹਨ ਅਤੇ ਕੁਐਸਚਨ ਦੇਣ ਵਿਚ ਉਹ ਵੀ ਆਪਣਾ ਹਿੱਸਾ ਪਾਉਣ । (Notices of the questions are being received from the C.P.I. Members only. Accordingly the Members of other parties should restrain themselves in the matter of putting supplementary questions also. I would point out to the Members of all parties that the questions form a very essential part of a legislature's business. So they should also make their contribution in this respect.)

SCHEMES FOR SUPPLYING DRINKING WATER IN KANDHI AREA VILLAGES OF GARHSHANKAR CONSTITUENCY OF HOSHIARPUR DISTRICT

*15. 1. **Comrade Darshan Singh Canadian**
2. **Comrade Jangir Singh Joga** : Will the Minister for Irrigation and Power be pleased to state—

(a) whether there are at present any schemes for supplying drinking water to the Kandhi area villages of Lesara, Mehdood, Gajjar, etc., in Garhshankar constituency of Hoshiaspur district; if so, the progress so far made in the implementation of the said schemes ;

(b) the time by which the said schemes are likely to be completed?

Shri Gurmail Singh : (a) Yes, only one scheme.

The site for water works has been approved and order for the material required for the work has been placed with the firms by the Controller of Stores, Punjab Chandigarh.

(b) The scheme is likely to be completed in about 8 (eight) months after the full funds equal to the estimated cost are sanctioned by the Sanitary Board, Punjab Chandigarh and released by the Accountant General, Punjab.

[(ੲ) ਹਾਂ ਜੀ, ਕੇਵਲ ਇਕ ਸਕੀਮ ।

ਵਾਟਰ ਵਰਕਸ ਲਈ ਥਾਂ ਮੰਜ਼ੂਰ ਕਰ ਦਿਤੀ ਗਈ ਹੈ ਅਤੇ ਇਸ ਕੰਮ ਲਈ ਲੋੜੀਂਦੇ ਸਮਾਨ ਵਾਸਤੇ ਕੰਨਟਰੋਲਰ ਆਫ ਸਟੋਰਜ਼, ਪੰਜਾਬ, ਚੰਡੀਗੜ੍ਹ, ਨੇ ਸਬੰਧਤ ਫਰਮਾਂ ਨੂੰ ਮਾਲ ਸਪਲਾਈ ਕਰਨ ਲਈ ਆਰਡਰ ਦੇ ਦਿਤੇ ਹਨ ।

(ਬੀ) ਇਸ ਸਕੀਮ ਵਾਸਤੇ ਤਖਮੀਨੇ ਦੀ ਰਕਮ ਦੇ ਬਰਾਬਰ ਪੂਰੇ ਫੰਡਜ਼ ਸੈਨੀਟਰੀ ਬੋਰਡ ਪੰਜਾਬ ਵਲੋਂ ਮੰਨਜ਼ੂਰ ਹੋ ਜਾਣ ਅਤੇ ਮਹਾਂ ਲੇਖਾਕਾਰ ਪੰਜਾਬ ਵਲੋਂ ਫੰਡਜ਼ ਰੀਲੀਜ਼ ਕਰਨ ਤੋਂ ਤਕਰੀਬਨ ਅਠ (8) ਮਹੀਨਿਆਂ ਦੇ ਵਿਚ ਵਿਚ ਸਕੀਮ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ ।]

ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ : ਕੀ ਵਜ਼ੀਰ ਸਾਹਿਬ ਦਸਣਗੇ ਕਿ ਅਕਾਊਂਟੈਂਟ-ਜਨਰਲ ਸਾਹਿਬ ਇਸ ਪੈਸੇ ਦੀ ਮਨਜ਼ੂਰੀ ਕਿੰਨੀ ਜਲਦੀ ਦੇ ਦੇਣਗੇ ਅਤੇ ਕਿਤੇ ਇਹ ਸਿਲਸਲਾ ਇਸ ਤਰ੍ਹਾਂ ਲਮਕਦਾ ਤਾਂ ਨਹੀਂ ਰਹੇਗਾ ?

ਮੰਤਰੀ : ਇਸ ਦੇ ਬਾਰੇ ਵਿਚ ਪਹਿਲੋਂ ਜਵਾਬ ਵਿਚ ਦਸ ਹੀ ਦਿਤਾ ਹੈ ।

आचार्य पृथ्वी सिंह आज़ाद : क्या मंत्री महोदय यह बताने की कृपा करेंगे कि यह जो सैमी हिल्ली एरिया के लिये स्कीम है, क्या इसी तरह की स्कीम बैकवर्ड एरिया के लिये भी है ? जो पहला सवाल हो चुका है वह भी उसी से सम्बन्धित है । मैं सरकार से दोबारा जानना चाहूँगा कि जो बैकवर्ड एरियाज़ या हिल्ली एरियाज़ हैं उनको पहली सरकार ने डी-नोटीफाई कर दिया था । अब पंजाब सरकार ने जो हिल्ली एरियाज़ या बैकवर्ड एरियाज़ को रियायतें देनी हैं, क्या सरकार ने उनको नोटीफाई कर दिया है या नहीं ?

ਮੁੱਖ ਮੰਤਰੀ : ਸਪੀਕਰ ਸਾਹਿਬ, ਸਰਕਾਰ ਇਸ ਬਾਰੇ ਗੌਰ ਕਰ ਰਹੀ ਹੈ । ਕੁਝ ਐਮ. ਐਲ. ਏਜ਼. ਨੇ ਵੀ ਲਿਖਿਆ ਹੈ ਕਿ ਜਿਹੜੇ ਏਰੀਆ ਵਾਕਈ ਬੈਕਵਰਡ ਹਨ ਅਤੇ ਹੁਣ ਤਕ ਕੋਈ ਲਾਭ ਨਹੀਂ ਪਹੁੰਚਾਇਆ ਗਿਆ ਹੈ, ਉਨ੍ਹਾਂ ਨੂੰ ਵੀ ਅਸੀਂ ਬੈਕਵਰਡ ਕਰਾਰ ਦਿਆਂਗੇ ।

ਡਾਕਟਰ ਅਮੀਰ ਸਿੰਘ ਕਲਕੱਟ : ਮੈਂ ਆਪਣੀ ਸਰਕਾਰ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਅਕਾਲੀ ਸਰਕਾਰ ਨੇ ਤਾਂ ਉਹ ਕੀਤਾ (ਵਿਘਨ) 'ਅੰਨ੍ਹਾ ਵੰਡੇ ਰੇਵੜੀਆਂ, ਮੁੜ ਮੁੜ ਆਪਣੇ ਨੂੰ' ਉਸ ਨੇ ਤਾਂ ਆਪਣੇ ਹਲਕਿਆਂ ਵਿਚ ਹੀ ਸਭ ਕੁਝ ਬਣਾਇਆ ਸੀ । ਹੁਣ ਜਿਹੜੇ ਦੂਸਰੇ ਹਲਕੇ ਹਨ ਕੀ ਉਨ੍ਹਾਂ ਲਈ ਇਹ ਸਰਕਾਰ ਕੁਝ ਕਰੇਗੀ....(ਵਿਘਨ)

ਮੰਤਰੀ : ਇਹ ਤਾਂ ਇਸ ਵਿਚੋਂ ਅਰਾਈਜ਼ ਹੀ ਨਹੀਂ ਹੁੰਦਾ ।

MEMORANDUM AGAINST TECHNICAL MEMBER, PUNJAB STATE ELECTRICITY BOARD

*18. 1. **Comrade Raj Kumar** :
2. **Comrade Achhra Singh** : } Will the Minister for Irrigation

and Power be pleased to state whether any memorandum was submitted by the Joint Action Committee of P.S.E.B. Employees to the Governor, Punjab during the President's Rule in 1971-72 regarding charges of corruption and misuse of Power etc. against the Technical Member, P.S.E.B.; if so, the details of the said charges and the action taken in this regard ?

Shri Gurmail Singh : No.

[ਜੀ ਨਹੀਂ ।]

ਕਾਮਰੇਡ ਰਾਜ ਕੁਮਾਰ: ਕੀ ਮੰਤਰੀ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਇਸ ਤੋਂ ਇਲਾਵਾ ਕਿਸੇ ਹੋਰ ਸੰਸਥਾ ਵਲੋਂ ਇਸ ਬਾਰੇ ਕੋਈ ਮੈਮੋਰੈਂਡਮ ਸਰਕਾਰ ਕੋਲ ਆਇਆ ਹੈ?

ਮੰਤਰੀ: ਜਿਹੜੀ ਗਲ ਪੁੱਛੀ ਹੈ ਉਸ ਦਾ ਜਵਾਬ ਮੈਂ ਦੇ ਦਿਤਾ ਹੈ 'ਨਹੀਂ ਜੀ'। ਅਗਰ ਕਿਸੇ ਸੰਸਥਾ ਨੇ ਕੋਈ ਮੈਮੋਰੈਂਡਮ ਦਿਤਾ ਹੈ ਉਸ ਦੇ ਬਾਰੇ ਮੈਂਬਰ ਸਾਹਿਬ ਨੋਟਿਸ ਦੇ ਦੇਣ, ਮੈਂ ਜਵਾਬ ਦੇ ਦਿਆਂਗਾ।

ਕਾਮਰੇਡ ਸੱਤਪਾਲ ਡਾਂਗ: ਕੀ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਹੈ ਕਿ ਜਿਹੜੇ ਸਰਦਾਰ ਹਰਬੰਸ ਸਿੰਘ ਹਨ, ਜਿਨ੍ਹਾਂ ਦਾ ਜ਼ਿਕਰ ਆਇਆ ਹੈ, ਉਨ੍ਹਾਂ ਦੇ ਖ਼ਿਲਾਫ਼ ਕੁਰਪਸ਼ਨ ਦੇ ਅਪਰੂਵਡ ਕੇਸਿਜ਼ ਹਨ, ਉਨ੍ਹਾਂ ਦੇ ਖ਼ਿਲਾਫ਼ ਬਿਜਲੀ ਦੇ ਸਾਰੇ ਕਰਮਚਾਰੀ ਐਜੀਟੇਸ਼ਨ ਕਰ ਰਹੇ ਹਨ, ਉਸ ਦੇ ਬਾਵਜੂਦ ਉਸ ਟੈਕਨੀਕਲ ਮੈਂਬਰ ਨੂੰ ਕਿਉਂ ਐਕਸਟੈਂਨਸ਼ਨ ਦਿਤੀ ਗਈ ਹੈ, ਉਨ੍ਹਾਂ ਦਾ ਨਾਉਂ ਚੇਅਰਮੈਨ ਲਈ ਕਿਉਂ ਅਪਰੂਵ ਕੀਤਾ ਜਾ ਰਿਹਾ ਹੈ?

ਮੰਤਰੀ: ਇਸ ਦੇ ਲਈ ਨੋਟਿਸ ਦੇ ਦਿਉ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਸਪੀਕਰ ਸਾਹਿਬ, ਕੀ ਸਿੰਜਾਈ ਮੰਤਰੀ ਸਾਹਿਬ ਹਾਊਸ ਨੂੰ ਵਿਸ਼ਵਾਸ ਦਿਲਾਉਣਗੇ ਕਿ ਜਦ ਤਕ ਉਸ ਟੈਕਨੀਕਲ ਮੈਂਬਰ ਨੂੰ ਸਾਰੇ ਦੋਸ਼ਾਂ ਤੋਂ ਕਲੀਅਰੈਂਸ ਸਰਟੀਫ਼ਿਕੇਟ ਨਹੀਂ ਮਿਲ ਜਾਂਦਾ, ਉਸ ਨੂੰ ਚੇਅਰਮੈਨ ਨਹੀਂ ਬਣਾਇਆ ਜਾਏਗਾ?

ਮੰਤਰੀ: ਇਹ ਇਸ ਸੁਆਲ ਵਿਚੋਂ ਤਾਂ ਅਰਾਈਜ਼ ਮਹੀ ਹੁੰਦਾ। (ਵਿਘਨ)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹੈ ਕਿ ਇਹ ਉਸ ਟੈਕਨੀਕਲ ਮੈਂਬਰ ਨੂੰ ਚੇਅਰਮੈਨ ਨਿਯੁਕਤ ਕਰਨ ਲਈ ਵਿਚਾਰ ਕਰ ਰਹੇ ਹਨ। ਜਦੋਂ ਅਸੀਂ ਕਹਿੰਦੇ ਹਾਂ ਕਿ ਉਸ ਦੇ ਖ਼ਿਲਾਫ਼ ਕੁਰਪਸ਼ਨ ਦੇ ਚਾਰਜਿਜ਼ ਹਨ, ਮਿਸ ਐਪ੍ਰੋਪਰੀਏਸ਼ਨ ਆਫ਼ ਇਲੈਕਟਰੀਸਿਟੀ ਫ਼ੰਡਜ਼ ਦੇ ਕੇਸਿਜ਼ ਉਸ ਦੇ ਖ਼ਿਲਾਫ਼ ਹਨ। ਇਹ ਹਾਊਸ ਨੂੰ ਵਿਸ਼ਵਾਸ ਦਿਲਾਉਣ ਕਿ ਅਜਿਹੇ ਕੁਰਪਟ ਆਦਮੀ ਨੂੰ ਏਡੀ ਵੱਡੀ ਪੋਸਟ ਤੇ ਨਹੀਂ ਲਗਾਇਆ ਜਾਏਗਾ, ਜਿਸ ਦੇ ਖ਼ਿਲਾਫ਼ ਕਰੋੜਾਂ ਰੁਪਏ ਦੇ ਗ਼ਬਨ ਦੇ ਕੇਸਿਜ਼ ਹਨ।

ਮੰਤਰੀ: ਮੇਰੇ ਪਾਸ ਐਸੀ ਕੋਈ ਚੀਜ਼ ਨਹੀਂ ਆਈ।

ਕਾਮਰੇਡ ਸੱਤਪਾਲ ਡਾਂਗ: ਸਪੀਕਰ ਸਾਹਿਬ, ਕੀ ਮੰਤਰੀ ਸਾਹਿਬ ਨੂੰ ਇਸ ਗੱਲ ਦਾ ਪਤਾ ਹੈ ਕਿ ਇਹ ਅਫ਼ਸਰ ਥਰਮਲ ਪਲਾਂਟ ਦਾ ਇੰਚਾਰਜ ਸੀ ਅਤੇ ਉਸ ਨੂੰ ਉਥੋਂ ਇਸ ਕਰਕੇ ਰਿਮੂਵ ਕੀਤਾ ਗਿਆ, ਕਿਉਂਕਿ ਉਸ ਦੇ ਖ਼ਿਲਾਫ਼ ਕੁਰਪਸ਼ਨ ਦੇ ਚਾਰਜਿਜ਼ ਸਨ?

ਮੰਤਰੀ: ਜਿਹੜੇ ਚਾਰਜਿਜ਼ ਲਾਏ ਗਏ ਹਨ, ਉਨ੍ਹਾਂ ਦੀ ਇਨਕੁਆਇਰੀ ਕਰਾ ਲਵਾਂਗੇ।

ਕਾਮਰੇਡ ਰਾਜ ਕੁਮਾਰ: ਸਪੀਕਰ ਸਾਹਿਬ, ਉਸ ਟੈਕਨੀਕਲ ਮੈਂਬਰ ਦੇ ਖਿਲਾਫ਼ ਹਜ਼ਾਰਾਂ ਰੁਪਏ ਦੇ ਨੁਕਸਾਨ ਦਾ ਇਲਜ਼ਾਮ ਲਗਾਇਆ ਗਿਆ ਸੀ ਅਤੇ ਜਿਸ ਕਰਕੇ ਉਸ ਨੂੰ ਵਾਰਨਿੰਗ ਦਿਤੀ ਗਈ ਸੀ, ਫਾਈਂਡਿੰਗਜ਼ ਤੋਂ ਬਾਅਦ। ਇਸ ਤੋਂ ਇਲਾਵਾ ਉਸ ਮੈਂਬਰ ਨੇ

ਰੋਪੜ ਤੋਂ ਨੰਗਲ ਤਕ ਦਾ ਸੈਕਿੰਡ ਕਲਾਸ ਦਾ ਇਕ ਫਾਲਸ ਟੀ. ਏ. ਬਿੱਲ ਕਲੇਮ ਕੀਤਾ ਸੀ ਜਿਸ ਦੇ ਵਿਚ ਉਸ ਨੂੰ ਵਾਰਨਿੰਗ ਹੋਈ ਸੀ । ਕੀ ਮੰਤਰੀ ਸਾਹਿਬ ਦੱਸਣਗੇ ਕਿ ਇਸ ਕਿਸਮ ਦੇ ਸ਼ੈਬੀ ਰਿਕਾਰਡ ਵਾਲੇ ਅਫਸਰ ਨੂੰ ਚੇਅਰਮੈਨ ਨਿਯੁਕਤ ਕੀਤਾ ਜਾਏਗਾ ?

ਮੰਤਰੀ: ਇਹ ਦਸ ਦੇਣ ਇਨਕੁਆਇਰੀ ਕਰਵਾ ਲਵਾਂਗੇ।

ਕਾਮਰੇਡ ਰਾਜ ਕੁਮਾਰ: ਸਪੀਕਰ ਸਾਹਿਬ, ਸਰਕਾਰ ਨੂੰ ਚਾਹੀਦਾ ਹੈ ਕਿ ਐਸੇ ਅਫਸਰ ਨੂੰ ਜਿਸ ਦਾ ਰਿਕਾਰਡ ਇਤਨਾ ਸ਼ੈਬੀ ਹੋਵੇ, ਚੇਅਰਮੈਨ ਨਾ ਲਗਾਇਆ ਜਾਵੇ । ਉਸ ਦੇ ਖਿਲਾਫ ਬਹੁਤ ਚਾਰਜਿਜ਼ ਹਨ ।

ਮੰਤਰੀ: ਇਸ ਬਾਰੇ ਮੈਨੂੰ ਨਹੀਂ ਪਤਾ ਪਰ ਜੇਕਰ ਤੁਹਾਡੇ ਪਾਸ ਕੋਈ ਚਾਰਜਿਜ਼ ਹਨ ਤਾਂ ਦਸ ਦਿਓ ਇਨਕੁਆਇਰੀ ਕਰਵਾ ਲਵਾਂਗੇ ।

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਮੈਂ ਫੁਲ ਸੈਂਸ ਆਫ ਰਿਸਪਾਂਸਿਬਿਲਟੀ ਨਾਲ ਕਹਿੰਦਾ ਹਾਂ ਕਿ ਉਸ ਮੈਂਬਰ ਬਾਰੇ ਸਪੈਸੇਫਿਕ ਚਾਰਜਿਜ਼ ਹਨ । ਇਨ੍ਹਾਂ ਬਾਰੇ ਕੇਵਲ ਮੈਨੂੰ ਹੀ ਨਹੀਂ ਪਤਾ ਬਲਕਿ ਸਾਰੇ ਪੰਜਾਬ ਨੂੰ ਪਤਾ ਹੈ । ਚਾਰਜਿਜ਼ ਬੜੇ ਸੀਰੀਅਸ ਹਨ ਇਸ ਲਈ, ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਜਦੋਂ ਤਕ ਉਨ੍ਹਾਂ ਚਾਰਜਿਜ਼ ਦੀ ਇਨਕੁਆਇਰੀ ਨਹੀਂ ਕਰਾ ਲੈਂਦੇ ਉਦੋਂ ਤਕ ਉਸ ਨੂੰ ਚੇਅਰਮੈਨ ਨਾ ਬਣਾਵੇ । ਸਰਕਾਰ ਨੂੰ ਇਹ ਐਸ਼ੋਰੈਂਸ ਦੇਣੀ ਚਾਹੀਦੀ ਹੈ ।

ਮੁੱਖ ਮੰਤਰੀ: ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਜਿਹੜਾ ਅਫਸਰ ਇਥੇ ਸਦਨ ਵਿਚ ਆਪਣੇ ਆਪ ਨੂੰ ਡੀਫੈਂਡ ਨਾ ਕਰ ਸਕਦਾ ਹੋਵੇ ਉਸ ਦੇ ਖਿਲਾਫ ਕੋਈ ਸਿੱਧਾ ਇਲਜ਼ਾਮ ਲਗਾਉਣਾ ਇਨਸਾਫ ਨਹੀਂ ਹੈ ।

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਜਿਹੜਾ ਅਫਸਰ ਕੁਰੱਪਟ ਹੈ ਉਸ ਦੇ ਖਿਲਾਫ ਇਨਕੁਆਇਰੀ ਬਿਠਾਉ । We will prove the charge.

(ਇਸ ਸਮੇਂ ਵਿੱਤ ਮੰਤਰੀ ਸਾਹਿਬ ਜਵਾਬ ਦੇਣ ਲਈ ਖੜੇ ਹੋਏ)

ਸ਼੍ਰੀ ਸਪੀਕਰ: ਸ਼ਰਮਾ ਜੀ, ਗੱਲ ਬੜੀ ਸਿੱਧੀ ਹੈ ਕਿ ਆਨਰੇਬਲ ਮੈਂਬਰਜ਼ ਦੇ ਨਾਲਿਜ ਵਿਚ ਹੈ ਕਿ ਉਸ ਅਫਸਰ ਦੇ ਖਿਲਾਫ ਚਾਰਜਿਜ਼ ਹਨ ਔਰ ਇਸ ਲਈ ਉਹ ਚਾਹੁੰਦੇ ਹਨ ਕਿ ਉਸ ਅਫਸਰ ਨੂੰ ਚੇਅਰਮੈਨ ਨਾ ਬਣਾਇਆ ਜਾਵੇ । (*Addressing the Finance Minister*: The matter is very clear. It is in the knowledge of the hon. Members that there are charges of corruption against that officer and for this reason they want that that officer should not be appointed as Chairman of the Board.)

ਕਾਮਰੇਡ ਰਾਜ ਕੁਮਾਰ: ਸਰ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਅਸੀਂ ਚਾਰਜਿਜ਼ ਨਹੀਂ ਵੇਖੇ । ਮੇਰੀ ਬੇਨਤੀ ਹੈ, ਕਿ ਇਹ ਅਸ਼ੋਰੈਂਸ ਦੇ ਦੇਣ ਕਿ ਜਦ ਤਕ ਚਾਰਜਿਜ਼ ਦੀ ਇਨਕੁਆਇਰੀ ਖਤਮ ਨਹੀਂ ਹੋ ਜਾਂਦੀ ਅਤੇ ਜਦ ਤਕ ਚਾਰਜ਼ਿਜ਼ ਪਰੂਵ ਨਹੀਂ ਹੋ ਜਾਂਦੇ ਉਸ ਸਮੇਂ ਤਕ ਉਸ ਨੂੰ ਚੇਅਰਮੈਨ ਨਹੀਂ ਬਣਾਇਆ ਜਾਵੇਗਾ ?

ਮੁੱਖ ਮੰਤਰੀ: ਸਪੀਕਰ ਸਾਹਿਬ, ਜਿਹੜਾ ਮੇਰੇ ਆਨਰੇਬਲ ਮੈਂਬਰ ਨੇ ਕਿਹਾ ਹੈ ਕਿ ਸਰਕਾਰ ਐਸ਼ੋਰੈਂਸ ਦੇਵੇ ਕਿ ਜਦ ਤਕ ਚਾਰਜਿਜ਼ ਦੀ ਇਨਕੁਆਇਰੀ ਨਹੀਂ ਹੋ ਜਾਂਦੀ ਅਤੇ ਜਦ ਤਕ ਚਾਰਜਿਜ਼ ਡਿਸਪਰੂਵ ਨਹੀਂ ਹੋ ਜਾਂਦੇ ਉਸ ਨੂੰ ਚੇਅਰਮੈਨ ਨਾ ਬਣਾਇਆ ਜਾਵੇ। ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਚਾਰਜਿਜ਼ ਲਗਾਉਣਾ ਕੁਝ ਹੋਰ ਗਲ ਹੈ ਅਤੇ ਉਨ੍ਹਾਂ ਨੂੰ ਪਰੂਵ ਕਰਨਾਂ ਕੁਝ ਹੋਰ ਗਲ ਹੈ। ਪਰ ਮੇਰੀ ਬੇਨਤੀ ਹੈ ਕਿ ਜਿਹੜਾ ਆਦਮੀ ਇਥੇ ਹਾਊਸ ਵਿਚ ਆਪਣੇ ਆਪ ਨੂੰ ਡੀਫੈਂਡ ਨਾ ਕਰ ਸਕਦਾ ਹੋਵੇ ਉਸ ਦੇ ਖਿਲਾਫ ਚਾਰਜਿਜ਼ ਲਗਾਉਣੇ ਰੂਲਜ਼ ਦੀ ਉਲੰਘਣਾ ਹੈ।

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਜਿਤਨੀਆਂ ਵਾਰਨਿੰਗਜ਼ ਉਸ ਅਫਸਰ ਨੂੰ ਹੋਈਆਂ ਹਨ ਅਗਰ ਇਜਾਜ਼ਤ ਹੋਵੇ ਤਾਂ ਮੈਂ ਸਦਨ ਦੀ ਮੇਜ਼ ਤੇ ਰਖ ਦੇਵਾਂ ? (ਵਿਘਨ)

Minister of Finance (Shri Hans Raj Sharma) : Sir, the hon. Member can ask supplemetary question if it is realy a supplementary question. If they have to make some suggestion or levy some allegation then they can come to us. They cannot make suggestion here

---

STARRED QUESTION NO. 26*

ਸ੍ਰੀ ਸਪੀਕਰ: ਪ੍ਰਸ਼ਨ ਨੰਬਰ 26 ਅਗੇ ਪਾਉਣ ਲਈ ਕਿਹਾ ਗਿਆ ਹੈ।

(Extension has been asked for in respect of S. Q. No. 26.)

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਜਿਤਨੀ ਇਨਫਰਮੇਸ਼ਨ ਇਸ ਪ੍ਰਸ਼ਨ ਦੇ ਜਵਾਬ ਲਈ ਚਾਹੀਦੀ ਸੀ ਉਹ ਇਨ੍ਹਾਂ ਦੇ ਮਹਿਕਮੇ ਚੰਡੀਗੜ੍ਹ ਵਿਚ ਹੀ ਹੈ ਅਤੇ ਇਸ ਦੀ ਫਿਰ ਐਕਸਟੈਂਨਸ਼ਨ ਕਿਉਂ ਦਿਤੀ ਜਾਂਦੀ ਹੈ। ਸਪੀਕਰ ਸਾਹਿਬ, ਇਹ ਇਨਫਰਮੇਸ਼ਨ ਇਨ੍ਹਾਂ ਨੇ ਆਪਣੇ ਦਫਤਰ ਜਿਹੜਾ ਕਿ ਸੈਕਟਰ 17 ਵਿਚ ਹੈ ਉਥੋਂ ਮੰਗਵਾਉਣੀ ਸੀ।

ਵਿੱਤ ਮੰਤਰੀ: ਜੇਕਰ ਅੱਜ ਜਵਾਬ ਨਹੀਂ ਦਿਤਾ ਗਿਆ ਤਾਂ ਕਲ ਦੇ ਦਿਆਂਗੇ।

DEMANDS OF PUNJAB SUBORDINATE SERVICES FEDERATION

*11 **Comrade Shamsher Singh Josh**: Will the Chief Minister be pleased to state :—

(a) the details of the decision, if any, taken by the Government in regard to the demand for the grant of interim relief to Government employees and other demands of the Punjab Subordinate Services Federation;

---

*Starred Question No. 26 and reply thereto appear in Punjab Vidhan Sabha Debate dated 6th April, 1972.

(b) the date from which the decision mentioned in part (a) above, is likely to be given effect?

ਸ੍ਰੀ ਹੰਸ ਰਾਜ ਸ਼ਰਮਾ (ਵਿੱਤ ਮੰਤਰੀ): (ਏ) ਅਤੇ (ਬੀ) ਕਰਮਚਾਰੀਆਂ ਨੂੰ ਸਹਾਇਤਾ ਦੇਣ ਬਾਰੇ ਮੈਂ ਕਲ ਵਿਧਾਨ ਸਭਾ ਵਿਚ ਬਿਆਨ ਦੇ ਚੁੱਕਿਆ ਹਾਂ । ਬਾਕੀ ਮੰਗਾਂ ਤੇ ਸਰਕਾਰ ਵਿਚਾਰ ਕਰ ਰਹੀ ਹੈ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਜਿਹੜਾ ਕਲ ਚੀਫ ਮਿਨਿਸਟਰ ਸਾਹਿਬ ਨੇ ਮੁਲਾਜ਼ਮਾਂ ਨੂੰ ਰੀਲੀਫ ਦੇਣ ਬਾਰੇ ਐਲਾਨ ਕੀਤਾ ਹੈ ਉਸ ਦਾ ਸਾਰਿਆਂ ਨੇ ਹੀ ਸਵਾਗਤ ਕੀਤਾ ਹੈ। ਲੇਕਿਨ ਜਿਹੜੇ ਅਫਸਰ 576 ਤੋਂ 1,250 ਤਕ ਪੇ ਰੇਂਜ ਵਿਚ ਆਉਂਦੇ ਹਨ ਉਨ੍ਹਾਂ ਨੂੰ ਵੀ ਇਹ ਰੀਲੀਫ ਮਿਲਣਾ ਚਾਹੀਦਾ ਹੈ । ਸਰਕਾਰ ਨੇ ਇਹ ਰੀਲੀਫ ਆਈ. ਏ. ਐਸ., ਅਫਸਰਾਂ ਨੂੰ ਪਹਿਲਾਂ ਹੀ ਦਿਤੀ ਹੋਈ ਹੈ ਜਦੋਂ ਕਿ ਉਨ੍ਹਾਂ ਨੂੰ ਹੋਰ ਸਹੂਲਤਾਂ ਤੋਂ ਬਿਨਾ $12\frac{1}{2}\%$ ਹਾਊਸ ਰੈਂਟ ਵੀ ਮਿਲਦਾ ਹੈ । ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਇਨ੍ਹਾਂ ਅਫਸਰਾਂ ਨੂੰ ਇਨਟੈਰਿਮ ਰੀਲੀਫ ਦੇਣ ਦਾ ਕੋਈ ਇੰਤਜ਼ਾਮ ਕਰ ਰਹੀ ਹੈ ?

ਵਿੱਤ ਮੰਤਰੀ: ਸਪੀਕਰ ਸਾਹਿਬ, ਉਨ੍ਹਾਂ ਨੂੰ ਰੀਲੀਫ ਦੇਣ ਬਾਰੇ ਫੈਡਰੇਸ਼ਨ ਦੇ ਆਗੂਆਂ ਦੀ ਕੋਈ ਮੰਗ ਨਹੀਂ ਸੀ । ਉਨ੍ਹਾਂ ਦਾ ਅਪਣਾ ਹੀ ਡੈਪੂਟੇਸ਼ਨ ਮਿਲਿਆ ਸੀ । ਜਿਸ ਤਰ੍ਹਾਂ ਕਿ ਮੈਂ ਕਲ ਵੀ ਅਰਜ਼ ਕੀਤੀ ਸੀ ਕਿ ਅਸੀਂ ਫਾਇਨਾਂਨਸ਼ਲ ਇੰਪਲੀਕੇਸ਼ਨਜ਼ ਐਗਜ਼ਾਮਿਨ ਕਰ ਰਹੇ ਹਾਂ । ਇਸ ਤੋਂ ਪਿਛੋਂ ਹੀ ਸਰਕਾਰ ਕੁਝ ਦਸ ਸਕੇਗੀ ।

PERSONS ARRESTED IN CONNECTION WITH LAND AGITATION IN FAZILKA SUB-DIVISION.

***12. Sardar Mehtab Singh:** Will the Chief Minister be pleased to state :—

(a) the total number of persons arrested during the land agitation of 1971 in Fazilka Sub Division together with the number of those among them who were convicted;

(b) the number of persons out of those mentioned in part (a) above against whom cases are still pending in the Court;

(c) whether there is any proposal under the consideration of the Government to withdraw the cases against the persons mentioned in part (b) above.

Giani Zail Singh: (a) Nil.

(b) and (c) Question does note arise.

[(ਏ) ਕੋਈ ਨਹੀ ।

(ਬੀ) ਅਤੇ (ਸੀ) ਸਵਾਲ ਹੀ ਪੈਦਾ ਨਹੀਂ ਹੁੰਦਾ ।]

ਸਰਦਾਰ ਮਹਿਤਾਬ ਸਿੰਘ: ਜ਼ਮੀਨ ਐਜੀਟੇਸ਼ਨ ਵਿਚ 1971 ਵਿਚ 97 ਬੰਦੇ ਅਰੈਸਟ ਹੋਏ ਹਨ । ਇਨ੍ਹਾਂ ਬਾਰੇ ਦਸ ਦਿਤਾ ਜਾਵੇਗਾ।

ਸ੍ਰੀ ਸਪੀਕਰ: ਸਰਦਾਰ ਮਹਿਤਾਬ ਸਿੰਘ ਜੀ ਸਵਾਲ ਪੁਛੋ । ਵਿਆਖਿਆ ਨਾ ਕਰੋ ।(ਹਾਸਾ) (Sardar Mehtab Singh, please ask the question and do not give explanations.)

ਕਾਮਰੇਡ ਸੱਤ ਪਾਲ ਡਾਂਗ: ਇਸ ਸਵਾਲ ਦੇ ਜਵਾਬ ਵਿਚ ਚੀਫ ਮਨਿਸਟਰ ਸਾਹਿਬ, ਨੇ ਕਿਹਾ ਹੈ ਕਿ ਕੋਈ ਗਰਿਫਤਾਰੀ ਨਹੀਂ ਹੋਈ ਇਸ ਕਰਕੇ ਭਾਗ 'ਬੀ' ਔਰ 'ਸੀ' ਵਿਚ ਪੁਛੀ ਗਈ ਇਨਫਰਮੇਸ਼ਨ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ । ਮੇਰੀ ਗੁਜ਼ਾਰਿਸ਼ ਹੈ ਕਿ ਕਲ ਸਰਕਾਰ ਨੇ ਆਪ ਹੀ ਦਸਿਆ ਹੈ ਕਿ 961 ਮੁਕੱਦਮੇਂ ਇਸ ਸਬੰਧ ਵਿਚ ਅਜੇ ਵੀ ਚਲਦੇ ਹਨ ਔਰ ਹੁਣ ਕਹਿ ਦਿਤਾ ਹੈ ਕਿ ਫਾਜ਼ਿਲਕਾ ਵਿਚ ਗਰਿਫਤਾਰੀ ਕੋਈ ਨਹੀਂ ਹੋਈ ।

(ਵਿਘਨ)

ਮੁੱਖ ਮੰਤਰੀ: ਸਪੀਕਰ ਸਾਹਿਬ ਸਵਾਲ ਜੋ ਪੁੱਛਿਆ ਗਿਆ ਸੀ ਉਸ ਵਿਚ ਕੇਵਲ ਇਤਨਾ ਹੀ ਕਿਹਾ ਗਿਆ ਹੈ ਕਿ 1971 ਵਿਚ ਕਿਤਨੀਆਂ ਗਰਿਫਤਾਰੀਆਂ ਹੋਈਆਂ। ਮੈਂ ਉਸ ਸਵਾਲ ਦੇ ਮੁਤਾਬਿਕ ਜਵਾਬ ਦੇ ਦਿਤਾ ਹੈ। ਜੋ ਡਾਂਗ ਸਾਹਿਬ ਨੇ ਪੁੱਛਿਆ ਹੈ ਉਹ ਵਾਕਿਆ 1970 ਦਾ ਹੈ ।ਇਸ ਲਈ ਮੈਂ ਤਾਂ ਸਵਾਲ ਦੇ ਮੁਤਾਬਿਕ ਹੀ ਜਵਾਬ ਦੇਣਾ ਸੀ।

ਚੌਧਰੀ ਦਰਸ਼ਨ ਸਿੰਘ: ਸਪੀਕਰ ਸਾਹਿਬ, ਮੈਂ ਸਰਕਾਰ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ 1970 ਵਿਚ ਹੋਇਆ ਸੀ ਇਸ ਤਰ੍ਹਾਂ ਅਗੇ ਤੋਂ ਤਾਂ ਨਹੀਂ ਹੋਵੇਗਾ। ਇਸ ਚੀਜ਼ ਨੂੰ ਰੋਕਣ ਲਈ ਕੀ ਸਰਕਾਰ ਵੱਡੇ ਵੱਡੇ ਫਾਰਮਾਂ ਤੇ ਪੁਲਿਸ ਗਾਰਦ ਲਗਾਉਣ ਦਾ ਪ੍ਰਬੰਧ ਕਰੇਗੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਮਸਲੇ ਦਾ ਇਸ ਸਵਾਲ ਨਾਲ ਕੋਈ ਸਬੰਧ ਨਹੀਂ ਹੈ।

REPRESENTATION FOR TAKING OVER HINDUSTAN EMBROIDERY MILLS (PVT.) LTD., CHHEHARTA, (AMRITSAR)

1. Comrade Dana Ram
2. Comrade Satya Pal Dang

: Will the Chief Minister be pleased to state :—

(a) whether the State Government received any representation from any Union or any former legislator during the President's Rule for moving the Government of India to take over the Hindustan Embroidery Mills (Pvt.) Ltd., Chheharta ; if so, when such a representation was received for the first time ;

(b) whether any recommendation in this respect has been made to the Government of India by the Punjab Government, if so, the date on which it was made and the nature of the recommendations;

(c) whether any reply has been received from the Government of India so far?

Giani Zail Singh: (a) Yes on 26th October, 1971.

(b) Yes on 13th January, 1972 State Government have strongly recommended to the Central Government for taking over the Hindustan Embroidery Mills, Chheharta, under the provisions of the Industrial (Development and Regulation). Amendment Act, 1971, after satisfying themselves that the financial condition of the Mills and the condition of the plant and machinery of the under taking are such that it is possible to start the mills.

(c) Yes, Government of India have intimated that Survey of the Mills is programmed for the month of April, 1972, in respect of technical and financial conditions.

[(ੳ) ਹਾਂ ਜੀ—26 ਅਕਤੂਬਰ, 1971 ਨੂੰ

(ਅ) ਹਾਂ ਜੀ—13 ਜਨਵਰੀ, 1972 ਨੂੰ ।

ਰਾਜ ਸਰਕਾਰ ਨੇ ਕੇਂਦਰੀ ਸਰਕਾਰ ਨੂੰ ਪੁਰਜ਼ੋਰ ਸਫਾਰਜ਼ ਕੀਤੀ ਕਿ ਇੰਡਸਟ੍ਰੀਅਲ (ਸੁਧਰੇ ਹੋਏ ਅਤੇ ਰੈਗੂਲੇਸ਼ਨਜ਼), ਤਰਮੀਮ ਐਕਟ, 1971 ਦੇ ਪਰੋਵਿਜ਼ਨ ਦੇ ਤਹਿਤ ਹਿੰਦੁਸਤਾਨ ਇੰਬਰਾਇਡਰੀ ਮਿਲਜ਼, ਛੇਹਰਟਾ, ਨੂੰ ਆਪਣੇ ਅਧੀਨ ਲੈ ਲੈਣ ਜਦੋਂ ਕਿ ਭਾਰਤ ਸਰਕਾਰ ਨੂੰ ਉਨ੍ਹਾਂ ਦੀ ਮਾਲੀ ਹਾਲਤ ਅਤੇ ਪਲਾਂਟ ਅਥਵਾ ਮਸ਼ੀਨਰੀ ਦੀ ਹਾਲਤ ਨੂੰ ਵੇਖ ਕੇ ਯਕੀਨ ਹੋ ਜਾਵੇ ਕਿ ਉਸ ਉਦਿਯੋਗਕ ਮਿਲ ਨੂੰ ਦੁਬਾਰਾ ਚਾਲੂ ਕਰ ਸਕਦੇ ਹਾਂ ।

(ੲ) ਹਾਂ ਜੀ । ਕੇਂਦਰੀ ਸਰਕਾਰ ਨੇ ਸੂਚਿਤ ਕੀਤਾ ਹੈ ਕਿ ਇਸ ਮਿਲ ਦੇ ਤਕਨੀਕੀ ਅਤੇ ਮਾਲੀ ਹਾਲਤ ਦੇ ਸਰਵੇਖਣ ਲਈ ਅਪਰੈਲ, 1972 ਦਾ ਮਹੀਨਾ ਨਿਯਤ ਕੀਤਾ ਹੈ ।]

ਕਾਮਰੇਡ ਸੱਤ ਪਾਲ ਡਾਂਗ: ਇਸ ਗੱਲ ਦੀ ਰੌਸ਼ਨੀ ਵਿਚ ਕਿ ਇਹ ਮਿਲ ਪਿਛਲੇ ਦੋ ਸਾਲਾਂ ਤੋਂ ਬੰਦ ਹੈ ਔਰ ਨਾ ਵਰਕਰਾਂ ਨੂੰ ਤਨਖਾਹਾਂ ਦਿਤੀਆਂ ਗਈਆਂ ਹਨ, ਔਰ ਨਾ ਹੀ ਉਨ੍ਹਾਂ ਵਿਚਾਰਿਆਂ ਨੂੰ ਕੰਮ ਦਿਤਾ ਜਾਂਦਾ ਹੈ । ਕੀ ਪੰਜਾਬ ਸਰਕਾਰ ਕੇਂਦਰ ਸਰਕਾਰ ਤੇ ਜ਼ੋਰ ਪਾਏਗੀ ਕਿ ਉਹ ਇਸ ਮਿਲ ਨੂੰ ਆਪਣੇ ਹੱਥ ਵਿਚ ਲੈਣ ਦਾ ਫੈਸਲਾ ਕਰੇ ?

ਮੁੱਖ ਮੰਤਰੀ: ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਦੱਸ ਚੁਕਾ ਹਾਂ ਕਿ ਹਿੰਦ ਸਰਕਾਰ ਨੂੰ ਕਿਹਾ ਹੈ ਅਤੇ ਉਨ੍ਹਾਂ ਨੇ ਮੰਨ ਲਿਆ ਹੈ । ਉਹ ਇਸ ਮਹੀਨੇ ਵਿਚ ਉਸ ਮਿੱਲ ਦੀ ਮਸ਼ੀਨਰੀ ਆਦਿ ਨੂੰ ਵੇਖਣਗੇ ਅਤੇ ਫਿਰ ਫੈਸਲਾ ਕਰਨਗੇ । ਮੈਨੂੰ ਆਸ ਹੈ ਕਿ ਅਗਰ ਇਹ ਮਿੱਲ ਚੱਲਣ ਯੋਗ ਹੋਈ ਤਾਂ ਮਨਜ਼ੂਰੀ ਮਿਲ ਜਾਵੇਗੀ ।

ਕਾਮਰੇਡ ਸੱਤ ਪਾਲ ਡਾਂਗ: ਇਸ ਮਿਲ ਦੀ ਮੈਨੇਜਮੈਂਟ ਨੇ ਜਿਹੜਾ ਇੱਕ ਲੱਖ ਰੁਪਿਆ ਗਰੀਬ ਵਰਕਰਾਂ ਦਾ ਪ੍ਰੌਵੀਡੈਂਟ ਫੰਡ ਦਾ ਗਬਨ ਕੀਤਾ ਹੈ ਅਤੇ ਕਈ ਮਹੀਨਿਆਂ ਦੀਆਂ ਤਨਖਾਹਾਂ ਨਹੀਂ ਦਿੱਤੀਆਂ ਅਤੇ ਉਨ੍ਹਾਂ ਦੇ ਹੋਰ ਲੀਗਲ ਡਿਊਜ਼ ਨਹੀਂ ਦਿਤੇ ਕੀ ਸਰਕਾਰ ਉਨ੍ਹਾਂ ਬਾਰੇ ਛੇਤੀ ਤੋਂ ਛੇਤੀ ਕਨੂੰਨ ਅਨੁਸਾਰ ਪੂਰੀ ਕਾਰਵਾਈ ਕਰਾਏਗੀ ?

ਮੁੱਖ ਮੰਤਰੀ: ਜੋ ਵੀ ਚੀਜ਼ਾਂ ਸਾਡੇ ਨੋਟਿਸ ਵਿਚ ਆਉਣਗੀਆਂ ਭਾਵੇਂ ਉਹ ਮਜ਼ਦੂਰਾਂ ਦੇ ਮੁਤੱਲਿਕ ਹੋਣ ਜਾਂ ਮਾਲਕਾਂ ਦੇ ਮੁਤੱਲਿਕ ਹੋਣ ਸਰਕਾਰ ਯੋਗ ਕਾਰਵਾਈ ਕਰਉਣ ਲਈ ਤਿਆਰ ਹੋਵੇਗੀ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਕੀ ਮੁੱਖ ਮੰਤਰੀ ਸਾਹਿਬ ਇਹ ਦੱਸਣ ਦੀ ਕਿਰਪਾ ਕਰਨਗੇ ਕਿ ਇਸ ਗੱਲ ਦੀ ਰੋਸ਼ਨੀ ਵਿਚ ਕਿ ਨਾਂ ਸਿਰਫ ਇਸੇ ਹੀ ਮਿੱਲ ਵਿਚ ਬਲਕਿ ਪੰਜਾਬ ਦੀਆਂ ਹੋਰ ਬਹੁਤ ਸਾਰੀਆਂ ਮਿਲਾਂ ਵਿਚ ਜਿਥੇ ਕਿ ਮਾਲਕਾਂ ਨੇ ਕਈ ਮਹੀਨਿਆਂ ਤੋਂ ਤਨਖ਼ਾਹ ਨਹੀਂ ਦਿਤੀ, ਪ੍ਰਵੀਡੈਂਟ ਫੰਡ ਅਤੇ ਈ. ਐਸ. ਆਈ. ਫੰਡ ਇੱਕਤਰ ਕਰਕੇ ਸਰਕਾਰ ਪਾਸ ਜਮਾਂ ਨਹੀਂ ਕਰਾਇਆਂ, ਜਿਸ ਤਰ੍ਹਾਂ ਕਿ ਪਾਨੀਪਤ ਵੂਲਨ ਮਿਲ ਖਰਤ ਹੈ, ਕੇ. ਕੇ. ਐਮ. ਮਿਲ ਖਰਤ ਹੈ, ਕੀ ਸਰਕਾਰ ਇਨ੍ਹਾਂ ਦੇ ਵਿਰੁਧ ਕਾਰਵਾਈ ਕਰੇਗੀ ? ਇਹ ਬਿਮਾਰੀ ਸਾਰੇ ਪੰਜਾਬ ਵਿਚ ਫੈਲ ਰਹੀ ਹੈ ।

ਸ੍ਰੀ ਸਪੀਕਰ: ਇਕ ਸਪੇਸਫਿਕ ਮਿਲ ਦਾ ਕੁਐਸਚਨ ਹੈ (This question relates to a specific Mill.)

COMPLAINT AGAINST SUGAR-CANE GROWERS CO-OPERATIVE SOCIETY DHURI, DISTRICT. SANGRUR

*20 **Comrade Achhra Singh**: Will the Chief Minister be pleased to state whether the Assistant Registrar, Co-operative Societies, Malerkotla, received any complaint against the Sugar-cane Growers Cooperative Society, Dhuri, Distt. Sangrur during the year 1971? If so, the action, if any, taken thereon so far ?

Giani Zail Singh: No such complaint was received by Assistant Registrar, Co-operative Societies, Malerkotla. The question of taking any action does not, therefore, arise.

[ਅਜਿਹੀ ਕੋਈ ਸ਼ਿਕਾਇਤ ਸਹਾਇਕ ਰਜਿਸ਼ਟਰਾਰ, ਸਹਿਕਾਰੀ ਸਭਾਵਾਂ, ਮਲੇਰਕੋਟਲਾ, ਨੂੰ ਨਹੀਂ ਮਿਲੀ । ਇਸ ਲਈ ਕੋਈ ਕਾਰਵਾਈ ਕਰਨ ਦਾ ਸਵਾਲ ਪੈਦਾ ਨਹੀਂ ਹੁੰਦਾ ।]

ਕਾਮਰੇਡ ਅੱਛਰਾ ਸਿੰਘ : ਕੀ ਮੁੱਖ ਮੰਤਰੀ ਸਾਹਿਬ ਦੱਸਣਗੇ ਕਿ ਸਬੰਧਤ ਮਹਿਕਮੇ ਨੇ ਅਪਣੇ ਗੁਨਾਹ ਲੁਕਾਉਣ ਵਾਸਤੇ ਗਲਤ ਸੂਚਨਾ ਦਿਤੀ ਹੈ ਅਤੇ ਇਸ ਆਧਾਰ ਤੇ ਮੁਖ ਮੰਤਰੀ ਸਾਹਿਬ ਗਲਤ ਸੂਚਨਾ ਦੇ ਰਹੇ ਹਨ ? ਕੀ ਚੀਫ ਮਨਿਸਟਰ ਸਾਹਿਬ ਅਜਿਹੇ ਦੋਸ਼ਾਂ ਦੀ ਪੜਤਾਲ ਕਰਾਉਣ ਲਈ ਤਿਆਰ ਹਨ ਜੇ ਕੋਈ ਬੇਨਤੀ ਕਰੇ ?

ਮੁੱਖ ਮੰਤਰੀ: ਸਪੀਕਰ ਸਾਹਿਬ, ਸੁਣਿਆ ਨਹੀਂ । ਦੁਬਾਰਾ ਮੈਂਬਰ ਸਾਹਿਬ ਕਹਿਣ ।

ਕਾਮਰੇਡ ਅੱਛਰਾ ਸਿੰਘ: ਮੈਂ ਅਰਜ਼ ਕਰ ਰਿਹਾ ਸੀ ਕਿ ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਸਬੰਧਤ ਮਹਿਕਮੇ ਨੇ ਆਪਣੇ ਗੁਨਾਹ ਲੁਕਾਉਣ ਵਾਸਤੇ ਗਲਤ ਸੂਚਨਾ ਦਿਤੀ ਹੈ ਅਤੇ ਇਸ ਅਧਾਰ ਤੇ ਮੁੱਖ ਮੰਤਰੀ ਸਾਹਿਬ ਗਲਤ ਸੂਚਨਾ ਦੇ ਰਹੇ ਹਨ। ਕੀ ਚੀਫ ਮਨਿਸਟਰ ਸਾਹਿਬ ਅਜੇਹੇ ਦੋਸ਼ਾਂ ਦੀ ਪੜਤਾਲ ਕਰਾਉਣ ਲਈ ਤਿਆਰ ਹਨ ਜੇ ਕੋਈ ਬੇਨਤੀ ਕਰੇ ?

ਮੁੱਖ ਮੰਤਰੀ: ਜਿੰਨੇ ਵੀ ਦੋਸ਼ ਮੇਰੇ ਨੋਟਿਸ ਵਿਚ ਲਿਆਉਣਗੇ ਉਨ੍ਹਾਂ ਦੀ ਪੜਤਾਲ ਕਰਾਈ ਜਾਵੇਗੀ।

STARRED QUESTIONS NOS. 14 AND 25**

ਰਾਜ ਮੰਤਰੀ (ਸਥਾਨਕ ਸਰਕਾਰ ਅਤੇ ਜੇਲ੍ਹਾਂ) : ਸਪੀਕਰ ਸਾਹਿਬ, 14 ਅਤੇ 25 ਨੰਬਰ ਸਵਾਲਾਂ ਲਈ ਹੋਰ ਟਾਈਮ ਚਾਹੀਦਾ ਹੈ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ ਮੈਂ ਸੁਆਲ ਨੰ: 25 ਮੁਤਲਕ ਅਰਜ਼ ਕਰਨੀ ਚਾਹੁੰਦਾ ਹਾਂ। ਜੁਲਾਈ, 1971 ਵਿਚ ਪੁਲਿਸ ਪੋਸਟ ਅਤੇ ਪੀ. ਡਬਲਯੂ. ਡੀ. ਦੇ ਆਦਮੀਆਂ ਨੇ ਚੋਗਾਵਾਂ, ਜ਼ਿਲ੍ਹਾ ਅੰਮ੍ਰਿਤਸਰ ਵਿਚ 200 ਦੁਕਾਨਾਂ, ਮਕਾਨ ਢਾਹ ਦਿੱਤੇ। ਗਿਰਾਏ ਗਏ ਬਿਨਾ ਕਿਸੇ ਨੋਟਿਸ ਦਿਤੇ। ਉਥੇ ਜੁਲਾਈ, 1971 ਦਾ ਝਗੜਾ ਚਲ ਰਿਹਾ ਹੈ। ਤਿੰਨ ਵਾਰ ਡੈਪੂਟੇਸ਼ਨ ਲੈ ਕੇ ਮੈਂ ਗਵਰਨਰ ਸਾਹਿਬ ਨੂੰ ਮਿਲਿਆ ਹਾਂ। ਇਸ ਵਿਚ ਕਿਉਂ ਐਕਸਟੈਨਸ਼ਨ ਮੰਗੀ ਗਈ ਹੈ ? ਗੁਨਾਹਗਾਰ ਅਫਸਰਾਂ ਨੂੰ ਲੁਕਾਉਨ ਵਾਸਤੇ ਇਹ ਕਰ ਰਹੇ ਹਨ। ਜੁਲਾਈ, 1971 ਤੋਂ ਝਗੜਾ ਚਲ ਰਿਹਾ ਹੈ। ਤਿੰਨ ਵਾਰ ਡੇਪੂਟੇਸ਼ਨ ਲੈ ਕੇ ਮੈਂ ਗਵਰਨਰ ਸਾਹਿਬ ਨੂੰ ਮਿਲ ਚੁਕਾ ਹਾਂ। ਕੋਈ ਨਵੀਂ ਗਲ ਨਹੀਂ। ਕਿਉਂ ਇਨਫਰਮੇਸ਼ਨ ਨਹੀਂ ਮਿਲੀ ? ਮੈਂ ਇਲਜ਼ਾਮ ਲਗਾਉਂਦਾ ਹਾਂ ਕਿ ਜ਼ਿਲੇ ਦੇ ਅਫਸਰ ਗੁਨਾਹਗਾਰ ਅਫਸਰਾਂ ਨੂੰ ਬਚਾਉਣ ਲਈ ਇਨਫਰਮੇਸ਼ਨ ਨੂੰ ਡਿਲੇ ਕਰਦੇ ਹਨ। ਕਿਉਂ ਕਾਰਵਾਈ ਨਹੀਂ ਕਰਦੇ ? ਗੈਰਕਾਨੂੰਨੀ ਦੋ ਸੌ ਦੁਕਾਨਾਂ ਢਾਹ ਦਿਤੀਆਂ ਕੋਈ ਨੋਟਿਸ ਨਹੀਂ ਦਿਤਾ।

ਕਾਮਰੇਡ ਅਰਜਨ ਸਿੰਘ ਮਸਤਾਨਾ: ਹਰੀਕੇ ਪੱਤਣ ਦੀਆਂ ਦੁਕਾਨਾਂ ਵੀ ਇਸੇ ਤਰ੍ਹਾਂ ਢਾਹ ਦਿਤੀਆਂ ਗਈਆਂ ਹਨ।

NAZUL LAND OF VILLAGES KHANPUR, SEKE AND BUNGA, TEHSIL MALERKOTLA

***21. Comrade Achhra Singh**: Will the Minister for Education be pleased to state :—

(a) whether it is a fact that during the recent President's rule in the State Government had ordered the distribution of Nazul land of villages Khanpur, Seke and Bunga, tehsil Malerkotla which was in unauthorised possession of a person amongst Harijans in 1971,

---

** 1. Starred Question No. 14 and reply thereto appear in Punjab Vidhan Sabha Debate dated 24th April, 1972.

2. Starred Question No. 25 and reply thereto appear in Punjab Vidhan Sabha Debate dated 2nd May, 1972.

(Comrade Achhra Singh)

(b) if the answer to part (a) above be in the affirmative, whether the D. C. Sangrur had also invited applications from Harijans for the allotment of the said land;

(c) if the reply to parts (a) and (b) above be in the affirmative, the action, being taken by the Government in the matter?

ਸਰਦਾਰ ਉਮਰਾਉ ਸਿੰਘ: (ਏ) ਹਾਂ ਜੀ;

(ਬੀ) ਹਾਂ ਜੀ;

(ਸੀ) ਅਦਾਲਤ ਦੀਵਾਨੀ ਤੋਂ ਬੰਦੀ ਦੇ ਹੁਕਮ ਹੋਣ ਕਾਰਨ ਜ਼ਮੀਨ ਦੀ ਅਲਾਟਮੈਂਟ ਰੋਕ ਦਿਤੀ ਗਈ।

ਕਾਮਰੇਡ ਅੱਛਰਾ ਸਿੰਘ : ਕੀ ਸਰਕਾਰ ਅਦਾਲਤ ਦੀਵਾਨੀ ਦੇ ਫੈਸਲੇ ਤੋਂ ਬਾਦ ਨਜ਼ੂਲ ਜ਼ਮੀਨ ਜ਼ਿਮੀਦਾਰਾਂ ਵਿਚ ਤਕਸੀਮ ਕਰੇਗੀ ਅਤੇ ਕੋਈ ਤਾਰੀਖ਼ ਵੀ ਮੁਕੱਰਰ ਕਰਨ ਦਾ ਸਰਕਾਰ ਦਾ ਕੋਈ ਇਰਾਦਾ ਹੈ ਜਿਸ ਦੇ ਅੰਦਰ ਅੰਦਰ ਦਿੱਤੀ ਜਾਵੇਗੀ ?

ਮੰਤਰੀ: ਇਸ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮੈਂ ਫਾਈਲ ਵੇਖੀ ਹੈ । ਇਹ ਜ਼ਮੀਨ 3, 4 ਪਿੰਡਾਂ ਦੀ ਹੈ । ਜਿਹੜੀ ਕਿ ਇਕ ਨਾਜ਼ਮ ਪਟਿਆਲਾ ਸਟੇਟ ਦੇ ਭਗਵੰਤ ਸਿੰਘ ਦੀ ਸੀ । ਉਸ ਤੋਂ ਕਨਫਿਸਕੇਟ ਕੀਤੀ ਸੀ । ਪਟਿਆਲੇ ਦੀ ਸਰਕਾਰ ਨੇ ਉਸ ਤੋਂ ਬਾਦ ਫੈਸਲਾ ਕੀਤਾ ਕਿ ਅਲਾਟਮੈਂਟ ਕੀਤੀ ਜਾਵੇ । ਮੈਂ ਦੇਖਿਆ ਹੈ ਕਿ ਉਸ ਜ਼ਮੀਨ ਨੂੰ ਕਦੇ ਕਿਸੇ ਰੈਵੇਨਿਯੂ ਮਨਿਸਟਰ ਨੇ ਅਤੇ ਕਦੇ ਕਿਸੇ ਨੇ ਅਤੇ ਬਾਦ ਵਿਚ ਅਕਾਲੀ ਸਰਕਾਰ ਦੇ ਚੀਫ ਮਨਿਸਟਰ ਨੇ ਸਟੇ ਕਰ ਕੇ ਰੋਕੀ ਰਖਿਆ ਸੀ ਫਿਰ ਗਵਰਨਰ ਰੂਲ ਆਇਆ, ਸਟੇ ਸਬ-ਜੱਜ ਤੋਂ ਵੇਕੇਟ ਕਰਾਈ ਗਈ । ਹੁਣ ਮੈਂ ਦੇਖਾਂਗਾ ਕਿ ਡਿਸਟ੍ਰਿਕਟ ਜੱਜ ਤੋਂ ਅਪੀਲ ਕਰਾਕੇ ਸਟੇ ਨੂੰ ਦੂਰ ਕੀਤਾ ਜਾਵੇ ਜੇ ਉਹ ਹੋ ਜਾਵੇ ਤਾਂ ਜ਼ਿਮੀਦਾਰਾਂ ਵਿਚ ਡਿਸਟ੍ਰਿਬਿਊਟ ਕੀਤੀ ਜਾਵੇਗੀ ।

आचार्य पृथ्वी सिंह आज़ाद : क्या मिनिस्टर साहिब यह बताने की कृपा करेंगे कि यह अमर वाक्या है कि पंजाब सरकार ने जितनी नज़ूल ज़मीन है वह हरिजनों को देने का निश्चय किया मगर उसके बाद सरकार उस फैसले को बदलती गई ? क्या यह नई सरकार उस पालिसी की पाबंद है? क्या यह उस केस को रीओपन करके जहां नज़ूल लैंड पर जिस किसी ने अधिकार किया हुआ है उसको खाली करवा के हरिजनों को देगी ?

ਮੰਤਰੀ: ਇਹ ਪਾਲਿਸੀ ਮੈਟਰ ਹੈ । ਅਸੀਂ ਸਾਰੇ ਹਰੀਜਨ ਮੈਂਬਰਾਂ ਨਾਲ ਸਲਾਹ ਕਰ ਕੇ ਪਾਲਿਸੀ ਬਣਾ ਲਵਾਂਗੇ ।

ਕਾਮਰੇਡ ਜ਼ੰਗੀਰ ਸਿੰਘ ਜੋਗਾ: ਜਿਹੜੀ ਇਹ ਜ਼ਮੀਨ ਤਿੰਨ ਚਾਰ ਪਿੰਡਾਂ ਦੀ ਹੈ, ਹਰੀਜਨਾਂ ਨੂੰ ਅਲਾਟ ਹੋਣੀ ਸੀ । ਪਰੰਤੂ ਇੱਕ ਬਹੁਤ ਵਡੇ ਲੈਂਡਲਾਰਡ ਨੇ ਸਰਕਾਰ ਨਾਲ ਮਿਲੀ ਭਗਤ ਕਰਕੇ ਆਪਣਾ ਕਬਜ਼ਾ ਕੀਤਾ ਹੋਇਆ ਸੀ । ਕੀ ਸਰਕਾਰ ਉਸਨੂੰ ਠੇਕੇ ਤੇ ਦੇਣ ਵਾਸਤੇ ਤਿਆਰ ਹੈ ?

ਮੰਤਰੀ : ਉਸਨੂੰ ਖਾਲੀ ਕਰਾਉਣ ਦਾ ਯਤਨ ਕਰ ਰਹੇ ਹਾਂ । ਖਾਲੀ ਕਰਾਕੇ ਹਰੀਜਨਾਂ ਨੂੰ ਤਕਸੀਮ ਕਰ ਦਿੱਤੀ ਜਾਵੇਗੀ ।

Acharya Prithvi Singh Azad:—Mr. Speaker, the question which I raised was according to the question put by my hon. friend which relates to Nazool land. So I put a general question regarding the policy of the Government.

ਮੰਤਰੀ : ਮੈਂ ਆਲਰੈਡੀ ਇਸ ਦਾ ਜਵਾਬ ਦੇ ਚੁਕਾ ਹਾਂ। ਹਰੀਜਨਾਂ ਨੂੰ ਜ਼ਮੀਨ ਦੇਣ ਦੀ ਪਾਬੰਦੀ ਹਟਾਈ ਨਹੀਂ। ਅਸੀਂ ਕੋਸ਼ਿਸ਼ ਕਰ ਰਹੇ ਹਾਂ।

ਸਰਦਾਰ ਗੁਰਬਚਨ ਸਿੰਘ : ਮੈਂ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਿਹੜੀ ਜ਼ਮੀਨ ਹਰੀਜਨਾਂ ਨੂੰ ਦਿੱਤੀ ਗਈ ਸੀ। ਦਸ ਸਾਲ ਹੋ ਗਏ ਹਨ ਅਜੇ ਤਕ ਉਨ੍ਹਾਂ ਦੇ ਨਾਂ ਇੰਤਕਾਲ ਨਹੀਂ ਚੜ੍ਹਿਆ। ਤਹਿਸੀਲਦਾਰ ਉਨ੍ਹਾਂ ਨੂੰ ਟਰਕਾਈ ਜਾਂਦੇ ਹਨ। ਉਹ ਕਦੋਂ ਦੀਆਂ ਕਿਸ਼ਤਾਂ ਜਮ੍ਹਾਂ ਕਰਾਈ ਬੈਠੇ ਹਨ।

ਸ਼੍ਰੀ ਸਪੀਕਰ : ਇਹ ਤਾਂ ਨਜ਼ੂਲ ਲੈਂਡ ਦੀ ਗਲ ਹੈ। (The question relates to Nazool land)

ਚੌਧਰੀ ਜਗਤ ਰਾਮ : ਸਪੀਕਰ ਸਾਹਿਬ ਇਹ ਗਲ ਉਨ੍ਹਾਂ ਨੇ ਠੀਕ ਆਖੀ ਹੈ। ਜੇ ਇੰਤਕਾਲ ਨਹੀਂ ਹੋਏ ਤਾਂ ਇਹ ਫਿਰ ਉਨ੍ਹਾਂ ਤੋਂ ਲੈ ਲੈਣਗੇ।

RELIEF FOR WAR AFFECTED PERSONS IN VILLAGES

*23 1. **Comrade Dana Ram**
2. **Comrade Satya Pal Dang.**] : Will the Minister for Education be pleased to state—

(a) the number and names of villages placed in category 'A' and 'B' separately for purposes of grant of relief to the war-affected persons in the State, district-wise ;

(b) the nature and the amount of relief admissible under each category separately ;

(c) whether any representations were received from various villages by the Deputy Commissioners of the Border Districts for placing their villages from Category 'B' to category 'A', if so, the district-wise lists thereof giving the names of villages making such representations be laid on the table of the House ;

(d) whether these representations have been decided upon ;

(e) the criteria for placing various villages in category 'A' as well as in category 'B' for purpose of grant of relief mentioned in part (a) above ?

Sardar Umrao Singh. (a) to (e). A statement is laid on the table of the House.

[(ੲ) ਤੋਂ (ੲੀ) : ਲੋੜੀਂਦੀ ਸੂਚਨਾਂ ਸਭਾ ਦੀ ਮੇਜ਼ ਤੇ ਰਖ ਦਿੱਤੀ ਗਈ ਹੈ।]

[Education Minister]

STATEMENT TO ACCOMPANY STARRED ASSEMBLY QUESTION No. 23

(a) Number of 'A' & 'B' category villages is as below :—

Name of District	Category 'A'	Category 'B'
Amritsar	... 38	163
Ferozepore	.. 46	244
Gurdaspur	... 12	158

A statement showing names of villages placed in category 'A' and 'B' is enclosed. (annexure).

(b) The nature and the amount of relief admissible under Category 'A' villages is as under :—

(i) Cash doles

(a) Adults (including children above 8 years)	Rs. 1.50 per day
(b) Children between 3—8 years.	Rs. 1.00 ,,
(c) Children below 3 years.	Rs. 0.50 ,,

Residents of Category 'A' villages will continue to draw the cash dole till they are in a position to go back and harvest one crop.

(ii) Clothing

Rs. 26/- per head per adult and Rs. 18/- per minor aged 12 years or less for one year provided the income of the family does not exceed Rs. 2.0 per month including cash doles.

(iii) Blankets/Quilts

Blankets/Quilts at the rate of one blanket/quilt per adult (including children of 8 years or more) subject to the maximum of three per family. In case of cash Rs. 30/ per blanket/quilt snbject to the maximum of Rs. 90/-.

(iv) Cremation and Sradh Grants.

At the rate of Rs. 40/- per dead person for adult and Rs. 25/- per minor (upto 12 years).

(v) Utensils

(vi) Medical and educational facilities.

Facilities to the inmates at the State Govt. scales.

(vii) Marriage Grant

Females not exceeding Rs. 250/-

(viii) Warm clothing

Warm clothing (woollen bundies or jackets or sweaters) to the children of camp. inmates in deserving cases at a rate not exceeding Rs. 11/-.

(ix) Fodder Grant

Fodder grant @ 75 paise per head of cattle per day.

(x) Loss of cattle

(a) For bullocks up to Rs. 1000 per bullock.

(b) For a camel up to Rs. 2000.

(c) For a milch cattle up to Rs. 800.

(d) For seeds and Fertilizers up to Rs. 500.

(e) For Agricultural implements up to 500.

(xi) Damage to buildings

	Grant up to Rs.	Loan up to Rs.
Kacha Building	.. 3,000	—
Pucca Building	.. 5,000	6,000

(xii) Grant/Loan to Non-Agriculturists

Item	Grant up to Rs.	Loan up to Rs.
(i) Hawkers	300	—
(ii) Artisans including Carpenters, blacksmiths, potters, etc.	750	—
(iii) Tea-stall holders and small hotel keepers	1,000	5,000
(iv) Shop-keepers and Traders etc.	1,000	5,000
(v) Professional people—doctors, lawyers.	1,000	5,000

The nature and the amount of relief admissible under category 'B' village is as under :—

(I) Ad-hoc grant for maintenance

For a family of one member	Rs. 150
For a family of two members	Rs. 225
For a family of three members	Rs. 300
For a family of four members	Rs. 350
For a family of five members and above	Rs. 400

(II) Cash doles from 4-12-1971 to 31-12-1971

Cash doles from 4th December, 1971 to 31st December, 1971 at the following rates :—

(a) Adults (including children above 8 years).	Rs. 1.50 per day
(b) Children (between 3—8 years)	Rs. 1.00 ,,
(c) Children below 3 years	Rs. 0.50 ,,

(iii) Damage to buildings

	Grant up to Rs.	Loan up to Rs.
Kacha building	3,000	—
Pucca building	5,000	6,000

(iv) Loss of Cattle

(a) For bullocks up to Rs. 1000 per bullock.
(b) For a camel up to Rs. 2000.
(c) For a milch cattle up to Rs. 800.
(d) For seeds & Fertilizers up to Rs. 500.
(e) For agricultural implements up to Rs. 500.

]Education Minister]

(v) Grant/loan to Non-Agriculturists

	Item	Grant up to Rs.	Loan up to Rs.
(i)	Hawkers	300	—
(ii)	Artisans including carpenters, blacksmiths, potters etc.	750	—
(iii)	Tea stall holders & small hotel keepers.	1,000	—
(iv)	Shop-keepers & Traders etc.	1,000	5,000
(vi)	Professional people —doctors, lawyers.	1,000	5,000

Land Revenue and abiana for kharif 1971 in the entire area of villages within ten miles of the Indo-Pakistan border in the districts of Amritsar, Ferozepore and Gurdaspur has been remitted.

Recovery of taccavi loans has been postponed till 30th March, 1972 in the district of Amritsar, Ferozepore and Gurdaspur.

A sum of Rs. 50.00 lakhs has been sanctioned for disbursement as loans under the State Aid to the Industries Act to small scale Industrialists affected by Indo-Pakistan war of 1971.

(c) Amritsar ... Information is being collected.

Ferozepore ... nil.

Gurdaspur ... 7 villages.—represented for changing the category from 'B' to 'A' as below :—

1.	Shehzada,	Tehsil Batala
2.	Khasanwala	—do—
3.	Pakhoke Tehli Sahib	—do—
4.	Panwan	—do—
5.	Veroke	—do—
6.	Talwandi Hindwan	—do—
7.	Palla Nangal	—do—

(d) These representations were duly considered by the Deputy Commissioner, Gurdaspur and were rejected.

(e) Category 'A' villages are those which are not available to the civilian population for occupation either on account of enemy occupation or requirements of our own army from defence point of view. Any village which is still not available for occupation is to be treated as category 'A' and the residents thereof are to be provided relief admissible to the residents of 'A' category villages.

'B' category villages are such from where the population had to move out on account of direct shelling or imminent threat of war. These villages were, however, available for occupation after cessation of hostilities and the civilian population have since gone back and resettled there. The criteria fixed for identification of Category 'B' villages is as under :—

(a) There was actual shelling by the enemy ;

(b) The position of the enemy guns ; and

(c) Migration of the village people owing to the war threat.

Mostly villages situated within two-three miles belt from the international border have been included in 'B' category.

CATEGORY 'A'

LIST OF VILLAGES NOT AVAILABLE FOR OCCUPATION

Tehsil Taran Taran

1. Chhina Bidi Chand .. enemy occupied.
2. Bharopal.
3. Daoke.
4. Dhanoya Khurd.
5. Kahan Garh.
6. Dhanoya Kalan.
7. Naushehra Haveli.
8. Roranwala Khurd.
9. Rattan Khurd.
10. Rasulpur.

Tehsil Ajnala

1. Bhindi Naiyana.
2. Burj.
3. Bhindi Aulakh Kalan.
4. Bhindi Khurd.
5. Chhan Kalan.
6. Chak Allah Baksh.
7. Dhariwal.
8. Dug.
9. Kakkar.
10. Mule Kot.
11. Odhar.
12. Rayia.
13. Saidan.
14. Tur.
15. Toot.
16. Veera.
17. Wara.

Tehsil Patti

1. Amin Shah.
2. Dode.
3. Dall.
4. Gill Pan.
5. Kalsian Khurd.
6. Kals.
7. Khalra.
8. Mast Garh.
9. Narli.
10. Thah Alah.
11. Wan.

LIST OF VILLAGES UNDER CATEGORY 'A' (FEROZEPUR)

Ferozepur Tehsil

1. Gatti Rahimeke.
2. Jhugian Lal Singh Wali.
3. Nihalewala.
4. Machhiwara.
5. Kaluwara.
6. Veer.

[Education Minister]

Fazilka Tehsil

1. Alamshah.
2. Asafwala.
3. Boriwala.
4. Bakoo Shah.
5. Badni Ram Singh Rattewala and Jhanger Bhani Part of village Hasta Kalan.
6. Bereka.
7. Bhani Channwala part of village Muthianwal.
8. Chak Rohele Be Chirag.
9. Dilawar Bhani (Muhar Jamsher)
10. Gull Shah.
11. G. G. III Rehela Tejeka.
12. Ganj Bakhah Sani Be Chirag.
13. Bulaba Bhaini (Part of village Walle Shah Hithar)
14. G. G. I.
15. Ghurmi alias Gumuksh Khera.
16. Jiwanwali Bhain (Jiwanpura).
17. Jangur.
18. Khokhar be Chirag.
19. Kotha alias Likhamanpura.
20. Khanpur alias Khanwala.
21. Kadar Bux.
22. Muradwala Bhongir.
23. Membeke.
24. Mohd. Pira.
25. Mohd. Usman Be Chirag.
26. Mohd. Amina.
27. Mohar Sona (Nakike).
28. Mohtam Nagar including GG II Bhenis Labh Singh, Chanan Singh, Dholewali.
29. Muhar Khows including Bhiwani Mansa and Hugge Walsere.
30. Mohd. Islam.
31. Mauzam.
32. Mandi Hazur Singh part of village Karnikhera.
33. Noor Mohd.
34. Pakka Chisti including Jhuge Mehtab Singh, Bheri Mohd. Ali Dhari Kartar Singh, Dhani Dalip Singh.
35. Piarewali Dhani part of village Muthianwali.
36. Qabul Shah Hithar including Uttampura.
37. Roop Nagar alias Roopana.
38. Swan.
39. Salemshah.
40. Chahriwala including Shahsawar.

LIST OF 'A' CATEGORY VILLAGES (GURDASPUR DISTRICT)

1. Ghania-ke-bet.
2. Gunian.
3. Gola Dholla.
4. Gurchack.
5. Laluwal.
6. Mansur.
7. Puranwala.
8. Rasulpur
9. Dharam Kot Randhawa.
10. Dalla.
11. Rattan Chattar.
12. Thetharke.

CATEGORY 'B'

LIST OF VILLAGES WHICH WERE EVACUATED DURING THE WAR AND EVACUATION WAS JUSTIFIED

Tehsil Tarn Taran

1. Attari.
2. Bhudiar.
3. Bhaini Rajputana.
4. Bagrian.
5. Buchar Kalan.
6. Budhar Khurd
7. China Kalan
8. Dhalia.
9. Dande
10. Galluwala.
11. Kacuke.
12. Mohana.
13. Mode.
14. Malian.
15. Mahna.
16. Naushehara.
17. Nehhta.
18. Ranike.
19. Rangharh.
20. Roranwala Kalan.
21. Rattan Kalan.
22. Rajatal.
23. Chukar Chak.
24. Sohal Thathi.

Tehsil Patti

1. Amireke.
2. Asa
3. Basercke.
4. Bhadhal.
5. Bhura Kuhna.
6. Bhura Karipura.
7. Ballianwala.
8. Chak Doaba.
9. Chung.
10. Chima Khurd.
11. Duhal Mua.
12. Dalsri.
13. Dhun.
14. Dholan.
15. Duhal Kuhna.
16. Daudpura.
17. Dibbipura.
18. Darazke.
19. Gajjal.
20. Hundel.
21. Jagatpura.
22. Jhugian Natha Singh.
23. Khem Karan.
24. Kotli Waswa Singh.
25. Kalanjar.
26. Lakhna.
27. Mian Wala.
28. Mehdipura.
29. Macchike.
30. Maddar Mathra Bhagi.
31. Mari Kambeke.
32. Mari Udhoke.
33. Mari Megha,
34. Mughal Chak.
35. Manwan.
36. Mehmudwala.
37. Nurwala.
38. Pahuwind.
39. Pehalwanke.
40. Rajoke.
41. Rattoke.
42. Ramuwala.
43. Sankhatra.
44. Sidhwan.
45. Sarai Valtoha.
46. Sur Singh.
47. Thathi Jaimal Singh.
48. Viram.
49. Valtoha.
50. Kalia.

Tehsil Ajnala

1. Awan Bastu.
2. Ballarhwal.
3. Bal Labe Darya.
4. Barlas.
5. Bhangwan.
6. Bhagupur Uttar.
7. Bhadal.
8. Bikraur.

[Education Minister]

Tehsil Ajnala—concld.

9. Beharwal.
10. Chahrpura.
11. Chak Bala.
12. Chawinda Khurd.
13. Chak Dogran.
14. Cheleke.
15. Darya Musa.
16. Dulowal.
17. Dalla Mallian.
18. Dalia Rajputan.
19. Dhup Sarai.
20. Dalieke.
21. Dalia.
22. Dial.
23. Dhangai.
24. Gaggar.
25. Ganara.
26. Galibh.
27. Ghonewala.
28. Ghoga.
29. Gaggar Mal.
30. Granth Garh.
31. Hashampura.
32. Hatampura.
33. Jatta.
34. Jagdev Khurd.
35. Jaffar Kot.
36. Jairam Kot.
37. Kiran Garh.
38. Kot Rajoda.
39. Khanwal.
40. Kuttiwal.
41. Kamaske.
42. Kawen.
43. Kotli Aulakh.
44. Khizirpur.
45. Kotli Dasondhi.
46. Kotli Kokan.
47. Kiral Garh.
48. Lodhi Gujjar.
49. Lellian.
50. Langarpura.
51. Macchiwala.
52. Manj.
53. Makhanpura.
54. Mandian Wala.
55. Mohleke.
56. Navjeevanpura.
57. Nissoke.
58. Nangal Ahmd.
59. Malkpur.
60. Nangal Sohal.
61. Odher.
62. Punga.
63. Pangarhian Wahla.
64. Pandori.
65. Panju Sain.
66. Pashla.
67. Raipur Kalan.
68. Rai.
69. Rurewal.
70. Shehzada.
71. Singhoke.
72. Sohiwal.
73. Sarangdev.
74. Saido Gazi.
75. Shekh Batti.
76. Shahaliwal.
77. Saidpur Khurd.
78. Shahura.
79. Sarangra.
80. Sidwan.
81. Theekhriali,
82. Tanana.
83 Thathi.
84. Vanieke.
85. Tera Rajputana (Bhutanpura)
86. Bachiwind.
87. Samrai.
88. Chawinda Kalan.
89. Jeoke.

LIST OF VILLAGES UNDER CATEGORY 'B' (FAZILKA TEHSIL)

1. Awa.
2. Alam ke Hithar.
3. Abadi Fateh Garh near Ladhuka Mandi.
4. Bandiwala.
5. Bandha.
6. Behak Hasta Uttar.
7. Behak Khas.
8. Behak Hasta Hithar.
9. Bhamba Wattu Hithar.
10. Bhamba Wattu Uttar.
11. Bage ke Hithar.

12. Bakinwala.
13. Baggeke Uttar.
14. Chanmari alias Saidaki Uttar.
15. Chaniani.
16. Chak Khawa.
17. Chak Hamid Saildoke.
18. Ghubaya.
19. Chak Tahliwala.
20. Chak Bujida.
21. Chak Garbia Sandar.
22. Chak Sarkar No. I.
23. Chak Sarkar No. II.
24. Chak Sarkar Mehani Parbhat Singh wala.
25. Dhandi Khurd.
26. Dhandi Qadim.
27. Fazilka.
28. Fattu Wala
29. Gaganke.
30. Ghurka.
31. Gjanuana.
32. Gulam Rasul.
33. Hasta Kalan.
34. Hamid Saidoke.
35. Jandawala Mire Sangla.
36. Jhugian Gulab Singh (Part of Village Bakh Khas).
37. Jamaike.
38. Karni Khera.
39. Lakhe Wali.
40. Kheo Wali.
41. Ladhuwala.
42. Lakhewali Asli.
43. Lakhe Ke Hithar.
44. Lakhcke Jalla Hithar.
45. Lamochar Khurd.
46. Mohar Singh Wala Uttar.
47. Mohzam Arain.
48. Lamochar Kalan Hittar.
49. Lakheke Musahib Uttar.
50. Maini Basti.
51. Naulan.
52. Maujwala.
53. Mohar Singh Wala Hithar.
54. Parbhat Singh wala Uttar.
55. Parbhat Singh wala Hithar.
56. Rana.
57. Ram Nagar Jat Wali.
58. Ram Singh Wala.
59. Sultanpur.
60. Sureehwala.
61. Shatirwala.
62. Saidoke Hithar.
63. Shikarpura alias Pathar Wali Dhani.
64. Shemas bad.
65. Santokh Singh Wala.
66. Tillanwali.
67. Walle Shah Uttar.
68. Walle Shah Hithar (Nur Shah)
69. Kahnewala.
70. Kariam.
71. Ladhuka including Mandi.

LIST OF VILLAGES UNDER CATEGORY 'B' (FEROZEPUR TEHSIL)

1. Ali Aulakh.
2. Asawala.
3. Alleruila.
4. Asman Randhawa.
5. Arikunwala.
6. Attuwala Hithar.
7. Attuwala Uttar.
8. Ashyat ke.
9. Baghe wala.
10. Bagha Singh wala.
11. Basti Jatan Wali
12. Beturalin.
13. Bodial.
14. Badhanaji.
15. Bhreke.
16. Bahaderke.
17. Bula Rai Hithar.
18. Bula Rai Uttar.
19. Billi Mar.
20. Baddal ke Hithar.
21. Badal ke Kamal wala.
22. Ballel ke Hasel.
23. Ballel ke Rehella.
24. Bamble Wala.
25. Bodal Pire ke.
26. Baje ke.
27. Balian Bagha.
28. Chak Bhanga Wala.
29. Chak Dhausa Rahim Ke.
30. Chak Rao Ke Hithar.
31. Chak Swai Khurd.
32. Chak Hunder.

[Education Minister]

33. Chak Mogha Rai.
34. Chak Madin Ke.
35. Chak Satria.
36. Changa Khurd.
37. Chak Gohai Uri Tangan.
38. Chak Goahi Uri Taranwala.
39. Chak Shikar Geh.
40. Chak Sarkar Mahzi Badhadur.
41. Chak Chhanga Rai.
42. Chhaungar Rai Uttar.
43. Chhaungar Rai Hithar.
44. Chopati.
45. Dona Ramit Wala.
46. Dona Jaimal Wala.
47. Dona Kalan.
48. Dona Bahadur Ke.
49. Dona Bahaduru.
50. Dona Gudder Panj Garian.
51. Dulle ke Nathuwala.
52. Dulchike.
53. Daria ke.
54. Dona Mattar.
55. Dona Talu mal.
56. Dona Raja Dina Nath.
57. Dualok Char Abad.
58. Dule ke Abad.
59. Duira Ghara.
60. Dulle Wala.
61. Gatti Bhal Jadid.
62. Gatti Bastan No. 1.
63. Gatti Bastan No. 2.
64. Gatti Mattar.
65. Guddar Panh Gurian.
66. Gatti Ajaib Singh Wala.
67. Gulam Hussain wala.
68. Gandu Kulcha Uttar.
69. Gandu Kulcha Hithar.
70. Gatti Talu Mal (Mehtukara).
71. Gatti Mehmud ke.
72. Gokhi wala.
73. Fetta Wala Hithar.
74. Fatta Wala Uttar.
75. Hazara Singh wala.
76. Habibke.
77. Habib Wala.
78. Hajji Batu.
79. Illahi Bukah Budala.
80. Panh garhi (Isa Panj Garhi).
81. Jama Rakhia Hithar.
82. Jatora.
83. Jiwa Bhedi.
84. Jalalwala.
85. Jama Rakhin Uttar.
86. Khugha Kol Hithar.
87. Kamal Wala.
88. Kanda Walai.
89. Kamal din wala.
90. Khundar Uttar.
91. Kallu Aryan Uttar.
92. Kallu Aryan Hithar.
93. Khera ke Hithar.
94. Khare ke uttar.
95. Kakar
96. Kamal wala.
97. Lakhmire ke kitham.
98. Lakha Singh Wala.
99. Lamochar.
100. Lakho Bobna.
101. Langiana.
102. Lakhmir ke uttar.
103. Lakha Singh wala uttar.
104. Lakha Haji.
105. Momdot hithar (Partial abadi Jalloka Sethan Wala).
106. Megha Panj Garian Hithar.
107. Masta ke.
108. Machhiwara.
109. Mamdot Hithar (partly) except Jallo Ke Sethanwala.
110. Mamdot Uttar.
111. Mina Lakho Ke.
112. Mattar Hithar.
113. Maghe Rai.
114. Media Ke.
115. Midda Haji.
116. Mehmud ke hithar.
117. Mehmud Ke Mahal Hithar.
118. Mehmud ke uttar.
119. Mall Rehme ke uttar.
120. Malla Rehimke uttar.
121. Moahan ke hithar.
122. Megha Panj Gari uttar.
123. Midda.
124. Memod Khana Ke.
125. Mothan wala.
126. Mttar Uttar
127. Modhra.
128. Nau Behram Shersingh wala.

129. Nizam wala.
130. Nihala Kilcha.
131. Noore ke Chak Panj ke.
132. Noor ke.
133. Nathu Chisti.
134. Nihala Lawara.
135. Pharuwala.
136. Palla Meha.
137. Pir Ismail Khan.
138. Pajoke Hithar.
139. Pajoke Uttar.
140. Panje ke uttar.
141. Panje ke hithar.
142. Pireke uttar.
143. Pireke Hithar.
144. Pirbux Chuhan.
145. Rahimeke.
146. Raja Rao.
147. Rana Panj Garhian.
148. Raoke Hithar.
149. Raoke Uttar.
150. Rohela Haji Huttar.
151. Rohela Haji Hithar.
152. Rahime ke uttar.
153. Rukhna Bodla.
154. Sher Singh Wala.
155. Sultan Wala.
156. Swai Bhoki.
157. Saide ke naul.
158. Swai Rai uttar.
159. Shesk Shama.
160. Theth.
161. Tega Siugh wala.
162. Thera Singh Wala Hithar.
163. Thara Singh Uttar.
164. Tibbi Kalan.
165. Ulake.
166. Swai Rai Hithar.
167. Waghewala.
168. Wadi.
169. Wahke.
170. Khundar Hithar.
171. Bora Sarwan.
172. Jama Magha.
173. Raheme Shah Bodla.

ANNEXURE

LIST OF VILLAGES APPROVED FOR THE PAYMENT OF CASH DOLES/ AD-HOC MAINTENANCE GRANT IN GURDASPUR DISTRICT.

Gurdaspur Tehsil

1. Addi.
2. Alwalpur.
3. Bharial.
4. Boharwadala.
5. Bahadurpura.
6. Bartla Khurd.
7. Bartla Kalan.
8. Chanuntra.
9. Chakri.
10. Chandu Wadala.
11. Chak Takhatpur.
12. Dhidiowal.
13. Kukar.
14. Kahna.
15. Kamalpur Jattan.
16. Khoaddar.
17. Kalupur.
18. Babupur Afgana.
19. Khagar.
20. Lopee.
21. Lalu Chak.
22. Majwal.
23. Mamichakranja.
24. Mamka.
25. Mirzapur.
26. Maini Malakan.
27. Malu Muan.
28. Momanpur.
29. Mirkachana.
30. Muradpur.
31. Nangal Dalla.
32. Nikka.
33. Naharpur.
34. Nidala.
35. Pakiwan.
36. Rajpur Chib.
37. Rosie.
38. Roora.
39. Rulaiana.
40. Salach.

[Education Minister]

41. Sandalpur.
42. Shamsherpur.
43. Sarja Chak.
44. Shahur.
45. Sirirampur.
46. Salim.
47. Shahpur Afgana.
48. Raju Wala.
49. Tur.
50. Tahkarpur.
51. Wazirpur Jattan.

Tehsil Batala

1. Agwan.
2. Abdal.
3. Bhagtana Boharwala.
4. Bhagtana Tillianwala.
5. Bal.
6. Behloolpur.
7. Chandu Nangal.
8. Chakanwali.
9. Chaura.
10. Chhakrit.
11. Dharamkot Randhwa New and old.
12. Dharmabad.
13. Dalla.
14. Gola Ghola.
15. Gurchak.
16. Gunian.
17. Ghania-ke-bet.
18. Ghoman.
19. Haruwal.
20. Haveli Khurd.
21. Heveli Kalan.
22. Jaurian Khurd.
23. Jaurian Kalan.
24. Kotli Daya Ram.
25. Khasanwala.
26. Kotha.
27. Khushalpur.
28. Khode-bet.
29. Khana Chamaran.
30. Khalilpur.
31. Kahlan wali.
32. Laluwal.
33. Mohra Ransike.
34. Motla.
35. Machhrala.
36. Mahal Nangal.
37. Mangian.
38. Mooluwali.
39. Mehta.
40. Mehgar.
41. Mansoor.
42. Pakhoke Dera Baba Nanak.
43. Palla Nangal.
44. Pankhoke.
45. Panwan.
46. Puranwahla.
47. Qadian.
48. Rattar Chattar.
49. Rasulpura.
50. Ratta.
51. Shampur.
52. Shahpur Gorya.
53. Shadhanwali.
54. Singpura.
55. Shahzadi.
56. Samrai.
57. Thatharka.
58. Talwani Hindwan
59. Talwandi Goraya.
60. Tapala.
61. Varoke.
62. Man.
63. Rampur.

Tehsil Pathankot

1. Anial.
2. Ama Changa.
3. Adam Barwan.
4. Abadi of Jhilari of Gazi Barwan.
5. Abadi of Laxmi colony of village Daulatpur.
6. Bamail
7. Bhohalpur.

8. Balotar.
9. Bali Akalian.
10. Basu Barwan.
11. Bhagwal.
12. Dhina.
13. Bhalotar.
14. Dhanwal.
15. Dostpur.
16. Dhira.
17. Dhaki.
18. Darsopur
19. Gazi Barwan.
20. Khojaki Chak.
21. Kot Bhatina.
22. Koti Jawahar (Kotli Jawahar).
23. Khajli.
24. Khundipur.
25. Khanshi Barwan.
26. Lassain.
27. Mehra Mananta.
28. Makhanpura.
29. Madhojainpur.
30. Palaha.
31. Paharipur.
32. Pharwal.
33. Rajpr Jattan.
34. Sakol.
35. Pindi Bharollian.
36. Simbal.
37. Saroto.
38. Jainpur Khokar.
39. Tajpur.
40. Village Abadi of Panjupura.
41. Village Abadi of Maushehra Malwandan.
42. Zaidpur.
43. Chola.

ਕਾਮਰੇਡ ਸੱਤ ਪਾਲ ਡਾਂਗ: ਇਸ ਸੁਆਲ ਦੇ ਪੋਰਸ਼ਨ 'ਸੀ' ਵਚ ਇਹ ਸੀ ਕਿ ਇਨ੍ਹਾਂ ਤਿੰਨਾਂ ਜ਼ਿਲਿਆਂ ਵਿਚ ਕਿਨ੍ਹਾਂ ਕਿਨ੍ਹਾਂ ਨੇ ਦਰਖਾਸਤਾਂ ਦਿੱਤੀਆਂ ਹਨ ਕ ਅਸੀਂ 'ਬੀ' ਕੈਟੇਗਰੀ ਵਿਚ ਨਹੀਂ, ਸਾਨੂੰ ਗਲਤ ਪਾਇਆ ਗਿਆ ਹੈ, ਸਾਨੂੰ 'ਏ' ਵਿਚ ਪਾਇਆ ਜਾਵੇ। ਫਿਰੋਜ਼ਪੁਰ ਦੇ ਬਾਰੇ ਮਨਿਸਟਰ ਸਾਹਿਬ ਨੇ ਲਿਖਤੀ ਜਵਾਬ ਦਿੱਤਾ ਹੈ ਕਿ ਕਿਸੇ ਨੇ ਕੋਈ ਅਰਜ਼ੀ ਨਹੀਂ ਦਿੱਤੀ। ਮੈਂ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਫਿਰੋਜ਼ਪੁਰ ਸ਼ਹਿਰ ਤੇ ਛਾਉਣੀ ਦੇ ਨਾਲ ਟੰਕਵਾਲੀ ਬਸਤੀ ਵਾਲਿਆਂ ਨੇ ਲਿਖ ਕੇ ਛਪਵਾ ਕੇ ਅਰਜ਼ੀਆਂ ਡਿਪਟੀ ਕਮਿਸ਼ਨਰ, ਮਨਿਸਟਰ ਸਾਹਿਬ, ਚੀਫ ਮਨਿਸਟਰ ਸਾਹਿਬ ਅਤੇ ਹੋਰ ਐਮ.ਐਲ.ਏਜ਼ ਨੂੰ ਇਕੱਲੇ ਇਕੱਲੇ ਅਰਜ਼ੀਆਂ ਘੱਲੀਆਂ ਹਨ। ਇਹ ਕਹਿੰਦੇ ਹਨ ਅਰਜ਼ੀ ਕੋਈ ਨਹੀਂ ਮਿਲੀ। ਉਨ੍ਹਾਂ ਦੀ ਕੈਟੇਗਰੀ 'ਏ' ਹੋਣੀ ਚਾਹੀਦੀ ਹੈ।

ਮੰਤਰੀ: ਤੁਸੀਂ ਤਾਂ ਪਿੰਡਾਂ ਵਾਲਿਆਂ ਬਾਰੇ ਪੁਛ ਰਹੇ ਹੋ, ਨਾ ਕਿ ਸ਼ਹਿਰਾਂ ਦੇ ਬਾਰੇ ।

ਕਾਮਰੇਡ ਸੱਤ ਪਾਲ ਡਾਂਗ: ਟੱਕਵਾਲੀ ਦੀ ਬਸਤੀ ਫਿਰੋਜ਼ਪੁਰ ਸ਼ਹਿਰ ਵਿਚ ਹੈ ।

ਮੰਤਰੀ: ਤੁਸੀਂ ਨੋਟਿਸ ਦੇ ਦਿਉ । ਜਵਾਬ ਦੇ ਦਿਆਂਗੇ ।

ਕਾਮਰੇਡ ਸੱਤ ਪਾਲ ਡਾਂਗ: ਕੀ ਵਜ਼ੀਰ ਸਾਹਿਬ ਨੂੰ ਪਤਾ ਹੈ ਕਿ ਚੂਕਿ ਫੈਮਲੀ ਦੀ ਡੈਫੀਨੇਸ਼ਨ ਕੁਰਪਟ ਅਫਸਰਾਂ ਨੇ ਪੈਸੇ ਖਾ ਕੇ ਗਲਤ ਕਰ ਦਿਤੀ ਹੈ ਕਿਤੇ ਤਾਂ ਇਕ ਦੀਆਂ ਚਾਰ ਫੈਮਲੀਆਂ ਸ਼ੋ ਕਰ ਦਿਤੀਆਂ ਹਨ ਅਤੇ ਕਿਤੇ ਚਾਰ ਦੀਆਂ ਇਕ ਫੈਮਲੀ ਕਰ ਦਿੱਤੀ ਹੈ ਪਿਉ ਦਾ ਪੁਤ ਹੈ; ਵਿਆਹਿਆ ਹੋਇਆ ਹੈ ਅਤੇ ਚੁਲ੍ਹਾ ਵੀ ਵਖਰਾ ਹੈ ਪਰ ਫੈਮਲੀ ਇਕ ਲਿਖ ਦਿਤੀ ਹੈ, ਕੀ ਸਰਕਾਰ ਇਸ ਗਲ ਦੀ ਪੜਤਾਲ ਕਰਾਵੇਗੀ ?

ਮੰਤਰੀ ਸਪੀਕਰ ਸਾਹਿਬ, ਇਹ ਗਲ ਮੇਰੇ ਨੋਟਿਸ ਵਿਚ ਆਈ ਹੈ ਅਤੇ ਮੈਂ ਆਪ ਵੀ ਮਹਿਸੂਸ ਕੀਤਾ ਹੈ ਕਿ ਫੈਮਲੀ ਦੀ ਡੈਫਿਨੇਸ਼ਨ ਠੀਕ ਨਹੀਂ ਹੋਈ। ਇਸ ਕੇਸ ਨੂੰ ਐਗਜ਼ਾਮਿਨ ਕਰਵਾਕੇ ਇਸ ਨੂੰ ਠੀਕ ਕਰ ਦਿਤਾ ਜਾਵੇਗਾ ।

ਕਾਮਰੇਡ ਅਰਜਨ ਸਿੰਘ ਮਸਤਾਨਾ: ਕੀ ਵਜ਼ੀਰ ਸਾਹਿਬ ਦਸਣਗੇ ਕਿ ਇਹ ਗਲ ਵਲਟੋਹੇ ਹਲਕੇ ਦੀ ਹੈ, ਜਿਥੇ ਇਕ ਹਜ਼ਾਰ ਕੁਨਬਾ ਹੈ ਅਤੇ ਇਸ ਦੀ ਤਸਦੀਕ ਇਕ ਸਸਪੈਂਡਿਡ ਸਰਪੰਚ ਕਰਦਾ ਹੈ ਜਿਸ ਤੇ ਆਪ ਕਈ ਕੇਸ ਬਣੇ ਹੋਏ ਹਨ । ਕੀ ਸਰਕਾਰ ਇਸ ਗੱਲ ਦੀ ਇਨਕੁਆਇਰੀ ਕਰਾਵੇਗੀ ? (ਵਿਘਨ) ਸਪੀਕਰ ਸਾਹਿਬ, ਹਰੀਜਨਾਂ ਨੂੰ ਹੇਟ ਕੀਤਾ ਜਾਂਦਾ ਹੈ, ਕਈ ਵਾਨ ਵਟ ਅਤੇ ਇਸਾਈ ਹਨ, ਉਨ੍ਹਾਂ ਵੱਲ ਕੋਈ ਧਿਆਨ ਨਹੀਂ ਦਿਤਾ ਗਿਆ । ਇਸ ਤੋਂ ਅੱਗੇ ਜਾ ਕੇ ਬੈਰੋਵਾਲ ਅਤੇ ਅਲਗੋ ਆਦੀ ਪਿੰਡਾਂ ਵਿਚ ਰਾਸ਼ਨ ਤਾਂ ਦਿੱਤਾ ਗਿਆ ਹੈ ਪਰ ਇਥੇ ਇਨ੍ਹਾਂ ਨੂੰ ਨਹੀਂ ਦਿਤਾ ਗਿਆ ਜਦ ਕਿ ਇਹ ਰਾਸ਼ਨ ਦੇ ਸਾਰੇ ਹੱਕਦਾਰ ਸਨ ਅਤੇ ਇਹ ਜਾਤੀਆਂ ਦੇ ਬੰਦੇ ਡੀ.ਸੀ. ਸਾਹਿਬ ਦੇ ਬੂਹੇ ਤੇ ਰਾਸ਼ਨ ਲਈ ਫਿਰਦੇ ਹਨ (ਵਿਘਨ) ਇਸ ਪਾਸੇ ਸਰਕਾਰ ਧਿਆਨ ਦੇਵੇ । ਸਪੀਕਰ ਸਾਹਿਬ, ਮੈਨੂੰ ਨਾ ਰੋਕੋ, ਜੋ ਮੈਂ ਕਹਿਣਾ ਚਾਹੁੰਦਾ ਹਾਂ ਕਹਿ ਲੈਣ ਦਿਉ । (ਵਿਘਨ) ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਹਰੀਜਨਾਂ ਦੇ ਮੁਤਅਲਿਕ ਹੇਟ ਕੀਤਾ ਜਾਂਦਾ ਹੈ । ਇਸ ਪਾਸੇ ਸਰਕਾਰ ਧਿਆਨ ਦੇਵੇ । (ਵਿਘਨ)

ਚੌਧਰੀ ਸੁੰਦਰ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਪਾਸੋਂ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਪੈਸੇ ਵੰਡੇ ਗਏ ਹਨ ਕੀ ਇਹ ਜੈਨੂਅਨ ਹੱਥਾਂ ਵਿਚ ਗਏ ਹਨ ਜਾਂ ਬੋਗਸ ਹੀ ਵੰਡੇ ਗਏ ਹਨ ਅਤੇ ਕੀ ਇਸ ਗੱਲ ਦੀ ਪੜਤਾਲ ਲਈ ਕੋਈ ਹਾਈ ਪਾਵਰਡ ਕਮੇਟੀ ਸਰਕਾਰ ਬਣਾਵੇਗੀ ਤਾਂ ਕਿ ਜਾਂਚ ਕਰੇ ਕਿ ਜਿਹੜੇ [illegible] ਪਾਂ. ਵਿਚ ਰਹਿੰਦੇ ਹਨ ਉਨਾਂ ਨੂੰ ਪੈਸੇ ਦਿਤੇ ਗਏ ਹਨ ਅਤੇ ਜਿਨ੍ਹਾਂ ਦੀ ਇਕ ਵੀ ਕੋ[illegible]ੀ ਨਹੀਂ ਉਨ੍ਹਾਂ ਨੂੰ ਪੈਸੇ ਦਿਤੇ ਗਏ ਹਨ । ਇਸ ਵਿਚ ਲੱਖਾਂ ਰੁਪਏ ਦਾ ਗਬਨ ਹੋਇਆ ਹੈ, ਕੀ ਇਸ ਸਾਰੀ ਗਲ ਦੀ ਇਨਕੁਆਇਰੀ ਕਰਵਾਈ ਜਾਵੇਗੀ ?

ਮੰਤਰੀ : ਮੈਂ ਸਪੀਕਰ ਸਾਹਿਬ ਤੁਹਾਡੇ ਰਾਹੀਂ ਚੌਧਰੀ ਸਾਹਿਬ ਪਾਸ ਬੇਨਤੀ ਕਰਦਾ ਹਾਂ ਕਿ ਜਿੰਨੇ ਵੀ ਇਸ ਤਰ੍ਹਾਂ ਦੇ ਕੇਸਿਜ਼ ਇਹ ਅਸਾਡੇ ਨੋਟਿਸ ਵਿਚ ਲਿਆਉਣਗੇ ਉਨ੍ਹਾਂ ਦੀ ਪਰਾਪਰ ਤਹਕੀਕਾਤ ਕੀਤੀ ਜਾਵੇਗੀ ਅਤੇ ਜੇਕਰ ਕਿਤੇ ਕੋਈ ਗ਼ਲਤੀ ਸਾਬਿਤ ਹੋਈ ਤਾਂ ਯੋਗ ਕਾਰਵਾਈ ਵੀ ਕੀਤੀ ਜਾਵੇਗੀ । (ਪ੍ਰਸ਼ੰਸਾ)

ਕਾਮਰੇਡ ਸੱਤ ਪਾਲ ਡਾਂਗ: ਕੀ ਮੰਤਰੀ ਸਾਹਿਬ ਦਸਣਗੇ ਕਿ ਇਸ ਗਲ ਦੇ ਬਾਰੇ ਵਿਚ ਬਾਰਡਰ ਦੇ ਪਿੰਡਾਂ ਦ ਲੋਕਾਂ ਵਿਚ ਬੇਚੈਨੀ ਹੈ ਕਿ ਉਨ੍ਹਾਂ ਨੂੰ ਸਹੀ ਕੈਟੇਗਰੀ ਨਹੀਂ ਦਿੱਤੀ ਗਈ ਅਤੇ ਪਿਛੇ ਜਿਹੇ ਲੋਕ ਸਭਾ ਦੇ ਸਪੀਕਰ ਸ੍ਰੀ ਢਿਲੋਂ ਸਾਹਿਬ ਇਕ ਜਲਸੇ ਵਿਚ ਇਹ ਇਲਾਨ ਕਰਕੇ ਆਏ ਹਨ ਕਿ ਕੋਈ ਕਰਾਇਟੇਰੀਆ ਮੁਕੱਰਰ ਕੀਤਾ ਜਾਵੇਗਾ 5 ਮੀਲ ਦੀ ਹੱਦ ਜਾਂ ਇਸ ਤੋਂ ਘਟ ਤਾਂ ਕੀ ਸਰਕਾਰ ਇਸ ਬਾਰੇ ਦਸ ਸਕਦੀ ਹੈ ਕਿ ਕੋਈ ਇਸ ਤਰ੍ਹਾਂ ਦੀ ਕੈਟੇਗਰਾਇਜ਼ੇਸ਼ਨ ਕੀਤੀ ਜਾਵੇਗੀ ਕਿ ਇੰਨੇ ਮੀਲ ਦੇ ਹਦ ਅੰਦਰ 'ਏ' ਕੈਟੇਗਰੀ ਅਤੇ ਐਨੇ ਮੀਲ ਦੀ ਹਦ ਵਿਚ 'ਬੀ' ਕੈਟੇਗਰੀ ।

ਮੰਤਰੀ: ਮੈਂ ਕਲ ਬਾਰਡਰ ਏਰੀਆ ਦੇ ਸਾਰੇ ਮੈਂਬਰ ਸਾਹਿਬਾਨ, ਲੀਡਰ ਆਫ ਦੀ ਅਪੋਜ਼ੀਸ਼ਨ, ਲੀਡਰ ਆਫ ਦੀ ਕਮਿਊਨਿਸਟ ਪਾਰਟੀ ਅਤੇ ਬਾਕੀਆਂ ਦੀ ਇਹ ਮੀਟਿੰਗ ਇਸੇ ਹੀ ਮੰਤਵ ਲਈ ਬੁਲਾਈ ਹੈ, ਉਸ ਵਿਚ ਇਸ ਤਰ੍ਹਾਂ ਦੇ ਸਾਰੇ ਮਸਲਿਆਂ ਤੇ ਵਿਚਾਰ ਕਰਾਂਗੇ ਅਤੇ ਵਧ ਤੋਂ ਵੱਧ ਜਿੰਨੀ ਵੀ ਸੇਵਾ ਬਾਰਡਰ ਦੇ ਏਰੀਆ ਦੀ ਹੋ ਸਕੇਗੀ, ਕਰਾਂਗੇ ।

COMPENSATION FOR VILLAGES SITUATED NEAR INDO-PAK BORDER

*28. 1. **Comrade Jangir Singh Joga**
2. **Comrade Satya Pal Dang** : Will the Minister for Education be pleased to state—

a) whether it is a fact that in a number of villages near the Indo-Pak border wheat crop could not be sown on account of recent Indo-Pak war, if so, whether there is any proposal under consideration of the Government to compensate the peasants who could not sow the crop and the agricultural labourers who too suffered because of loss of employment;

b) if the answer to part (a) above be in affirmative the details of the scheme in this behalf be laid on the Table of the House;

Sardar Umrao Singh : (a) Where farmers were prevented from sowing the new crops compensation under the Defence Ministry s scale shall be paid only in cases where the land has been taken over and occupied by the Army authorities or where such lands were mined.

The compensation under the scheme of Ministry of Rehabilitation is also admissible in the cases (a) where farmers were prevented from sowing the new crops due to diversion of irrigation water for defence purposes, enemy occupation and evacuation of civilians from the affected areas as a result of hostilities and (b) inregard to new crops which have been sown but the farmers were prevented from tending them on account of hostilities.

[Education Minister]

As for the landless labourers who suffered loss, the matter has been taken up with the Govt. of India to provide resettlement assistance at par with the hawkers.

b) Copies of Government of India, Ministry of Defence, New Delhi letter No. 10(49)-71/(GS-II), dated 3rd January 1972 and Ministry of Rehabilitation letter No. MWB/DOR/71-13, dated 10th January, 1972 containing details of the scheme are laid down on the Table of the House.

No. MWB/DOR/71-13

Government of India

Ministry of Labour and Rehabilitation

Department of Rehabilitation

New Delhi, the 10th January, 1972

To

1. The Chief Secretary to the Government of Punjab, Chandigarh.

x x x x x x x x

Subject: Ad-hoc ex-gratia assistance for crops damaged in border States during war operations.

Sir,

I am directed to refer to this office letter of even number dated 29th December, 1971 on the subject noted above and to state that the payment of ex-gratia assistance for the crops damaged during recent Indo-Pak hostilities will be subject to the following further clarifications and conditions etc.

A. Clarifications

(i) The compensation under the scheme of the Department of rehabilitation covers the damages of the following types :

(a) Damages to standing crops ;

(b) Damages to standing fruit trees, mango groves etc.

(c) Damages to fences, sheds, structures connected with agriculture and other agricultural properties.

(ii) Compensation shall be paid in the cases where farmers were prevented from sowing the new crops due to diversion of irrigation water for defence purposes, enemy occupation and evacuation of civilians from the affected areas as a result of hostilities.

(iii) Compensation in regard to the new crops which have been sown but the farmers were prevented from tending them on account of the hostilities shall be paid.

B. Conditions

(i) Compensation shall be payable in respect of the crops etc. damaged on account of hostilities in the areas which are under the enemy occupation or are inaccessible and not available for occupation.

(ii) The scheme of assessment and the payment of ex-gratia compensation to the persons in the border States whose crops etc. have been damaged, will be applied irrespective of whether the damages are near the border or in the interior subject to the conditions already prescribed being satisfied.

C. **Principles of Assessment**

(i) Compensation payable will be related to the net income i. e. after deducting the costs and labourer's share that could have accrued to individuals and not to gross income on possible yield.

D. **General**

Compensation due for crops damaged by hostilities, should be paid quickly. In cases requiring verification by Army authorities, a sum equivalent to 50% of the amount due should be paid immediately on certification by the prescribed revenue authority, pending issue of formal orders after a survey by Army authorities.

2. This issues with the concurrence of Ministry of Finance (L & R) vide there U. O. No. 242-L & R/-72 dated 7th January, 1972.

Yours faithfully,

Sd-K. D. Arora

Under Secretary to the Govt. of India

SECRET

No. 10 (49)/71/D (GS-II)

Government of India

Ministry of Defence

New Delhi, the 3rd January, 1972

To

The Chief Secretaries to the Government of Assam, Gujrat, J&K Meghalaya, PUNJAB, Rajasthan, Tripura, West Bengal.

Subject:—Ex-gratia payment of compensation to people affected during the preparatory stage of defence preparations.

Sir

I am directed to refer to the Ministry of Defence letter No. 10(49) 71/D(GS-II) dated 12th November, 1971 and to say that assessment of payment of ex-gratia compensation people affected during the preparatory stage of defensive preparation will be subject to the following further conditions/clarifications:—

(i) The compensation under the scheme covers damages of the following type:—

(a) Damage to standing crops ;

(b) Damages to standing fruit trees, mango groves etc ;

(c) Crops, fruit trees, etc. around airfields and other vital installations damaged or destroyed due to Defence preparations ; and

(d) damages to fences, sheds, structures connected with agriculture and other agricultural properties.

(ii) Where farmers were prevented from sowing the new crops compensation under the Defence Ministry Scheme shall be paid only in cases where the land has been taken over and occupied by the Army Authorities or where such lands were mined. Compensation payable in such cases will be

[Education Minister]

related to the net gross income on possible yield. No compensation shall be payable under this scheme in cases of land taken on hire or requisition and such cases will be regulated under the terms of hiring/requisitioning. No compensation shall be payable under the Defence Ministry's Scheme where farmers are prevented from sowing the new crops under other circumstance e. g. loss of irrigation water, enemy occupation, evacuation of civilians from the area etc.

(iii) As regards new crops which have been sown and where the farmers were prevented from tending them on account of the hostilities, payment of compensation will be regulated under the schemes formulated by the Department of Rehabilitation.

(iv) No assistance will be admissible under the Ministry of Defence order in cases where payment for loss of crops etc., has been made or will be made by Department of Rehabilitation.

(v) No assistance will be admissible under Ministry of Defence order in cases of damages due to operations of enemy shelling or air raid.

(vi) Scheme of assessment and payment of ex-gratia compensation to people affected during the preparatory stage of defensive preparations in the border States will be applied irrespective of whether the damages is near the border or in the interior subject to the condition prescribed being satisfied

2. This issues with the concurrence of the Ministry of Finance.

Sd.

Under Secy. to Govt. of India.

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ ਇਹ ਬੜੀ ਖੁਸ਼ੀ ਦੀ ਗਲ ਹੈ ਕਿ ਕਲ ਸਰਕਾਰ ਅਸਾਡੀ ਗਲ ਨੂੰ ਮੰਨ ਲਵੇਗੀ ਪਰ ਮੈਂ ਇਹ ਗਲ ਕਹਿਣੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜਿਹੜੀ ਡੈਫੀਨੇਸ਼ਨ ਬਣਾਈ ਹੈ ਉਹ ਇਹ ਹੈ ਕਿ ਜਿਥੇ ਕਣਕ ਬੀਜੀ ਗਈ ਪਰ ਡੀਫੈਂਸ ਦੇ ਪਰਪਜ਼ ਲਈ ਪਾਣੀ ਡਾਇਵਰਟ ਕਰ ਲਿਆ ਗਿਆ ਅਤੇ ਬੀਜੀ ਖੇਤੀ ਨੂੰ ਪੂਰੀ ਤਰ੍ਹਾਂ ਅਟੈਂਡ ਨਹੀਂ ਕੀਤਾ ਗਿਆ ਪਰ ਇਕ ਕੈਟੇਗਰੀ ਉਹ ਹੈ ਜਿਥੇ ਕਿ ਕਿਸਾਨ ਨੇ ਹਿੰਮਤ ਕਰਕੇ ਕਣਕ ਬੀਜ ਦਿਤੀ ਹੈ ਪਰ ਬੀਜੀ ਬਹੁਤ ਪਿਛੇਤੀ ਹੈ। ਇਹ ਕਿਉਂਕਿ ਲੇਟ ਸੀ ਇਸ ਲਈ ਇਸ ਦਾ ਝਾੜ ਬਹੁਤ ਘਟ ਹੋਣਾ ਹੈ, ਤਾਂ ਕਿ ਇਸ ਤਰ੍ਹਾਂ ਦੇ ਕੇਸਾਂ ਵਿਚ ਵੀ ਗੌਰਮੈਂਟ ਮੁਆਵਜ਼ਾ ਦੇਣ ਦਾ ਵਿਚਾਰ ਕਰਦੀ ਹੈ ਅਤੇ ਹਿੰਦ ਸਰਕਾਰ ਨੂੰ ਡਟ ਕੇ ਇਸ ਦੇ ਬਾਰੇ ਵਿਚ ਕਹੇਗੀ।

ਮੰਤਰੀ. ਇਹ ਤਾਂ ਪਤਾ ਕਰਨਾ ਬਹੁਤ ਮੁਸ਼ਕਿਲ ਹੈ ਕਿ ਕਣਕ ਕਦੋਂ ਬੀਜੀ ਗਈ ਇਸ ਦਾ ਰਿਕਾਰਡ ਨਹੀਂ ਮਿਲ ਸਕਦਾ ਜਿਸ ਦੀ ਵੀ ਫਸਲ ਮਾੜੀ ਹੋਈ ਉਹ ਕਹਿ ਸਕਦਾ ਹੈ ਕਿ ਮੈਂ ਲੇਟ ਬੀਜੀ ਸੀ ਇਸ ਲਈ ਇਹ ਇਕ ਵੇਗ ਜਿਹੀ ਡਫੀਨੇਸ਼ਨ ਹੈ। ਬਾਕੀ ਸਾਰੇ ਮਸਲੇ ਬਾਰੇ ਵਿਚਾਰ ਹੋ ਰਿਹਾ ਹੈ ਅਤੇ ਜੋ ਫੈਸਲਾ ਕੀਤਾ ਜਾਵੇਗਾ ਉਸ ਅਨੁਸਾਰ ਸੈਂਟਰ ਦੀ ਸਰਕਾਰ ਪਾਸ ਸਿਫਾਰਸ਼ ਕਰਾਂਗੇ।

ਕਾਮਰੇਡ ਅਰਜਨ ਸਿੰਘ ਮਸਤਾਨਾ: ਕੀ ਵਜ਼ੀਰ ਸਾਹਿਬ ਨੂੰ ਪਤਾ ਹੈ ਕਿ ਖਾਰਾ ਮਾਝਾ ਵਿਚ ਇਕ ਮਹੀਨਾਂ ਪਹਿਲਾਂ ਤੋਂ ਹੀ ਪਾਣੀ ਨਹੀਂ ਦਿਤਾ ਗਿਆ ਅਤੇ ਫਸਲਾਂ ਬਹੁਤ ਕਮਜ਼ੋਰ ਹਨ, ਇਸ ਲਈ ਇਹ ਗਲ ਪਟਵਾਰੀਆਂ ਦੇ ਰਹਿਮ ਤੇ ਨਹੀਂ ਰਹਿਣ ਦੇਣੀ ਚਾਹੀਦੀ। ਅਤੇ ਸਰਕਾਰ ਆਪ ਇਸ ਦਾ ਪਰਬੰਧ ਕਰੇ ਅਤੇ ਕਮਜ਼ੋਰ ਫਸਲਾਂ ਦਾ ਮੁਆਵਿਜ਼ਾ ਦਿਵਾਏ।

ਸ਼੍ਰੀ ਸਪੀਕਰ: ਵਜ਼ੀਰਾਂ ਨੂੰ ਪਟਵਾਰੀ ਲਗਾ ਦਿਓ (ਹਾਸਾ) (Let the hon. Ministers be appointed as Patwaris).

PETITIONS FROM CERTAIN VILLAGES OF P.S. KALANAUR DISTRICT GURDASPUR FOR RESETTLEMENT GRANTS ETC.

*19. 1. **Comrade Raj Kumar**
2. **Comrade Achhra Singh** | Will the Minister for Education be pleased to state (a) whether *en masse* petitions from the war affected people of villages Dostpur, Dehriwal, Kiran Kukkar Chhcd, Gaddian, Saleh Chak, Shahoor, Shohan, Kalanaur Aghwan of Police Station Kalanaur, District Gurdaspur situated on Indo-Pakistan International Border demanding the rehabilitation grants and cash doles for their resettlement was received by the Deputy Commissioner Gurdaspur, during the months of January-February, 1972; if so, the details of the demands made there in and the action taken in this regard?

Sardar Umrao Singh : Yes.

The representations from the residents of these villages were received by the Deputy Commissioner, Gurdaspur. These were examined and rejected except village Shahoor where relief has been given treating it as 'B' category village. The rest of the villages are not covered by the criteria laid down by the State Government.

[ਹਾਂ ਜੀ।

ਇਨ੍ਹਾਂ ਪਿੰਡਾਂ ਦੇ ਵਸਨੀਕਾਂ ਵਲੋਂ ਡਿਪਟੀ ਕਮਿਸ਼ਨਰ, ਗੁਰਦਾਸਪੁਰ, ਨੇ ਪ੍ਰਤਿ-ਬੇਨਤੀਆਂ ਪ੍ਰਾਪਤ ਕੀਤੀਆਂ ਸਨ। ਇਨ੍ਹਾਂ ਦੀ ਪ੍ਰੀਖਿਆ ਕੀਤੀ ਗਈ ਸੀ ਅਤੇ ਕੇਵਲ ਪਿੰਡ ਸ਼ਹੂਰ ਦੇ ਬਾਕੀ ਨਾ-ਮਨਜ਼ੂਰ ਕੀਤੀਆਂ ਗਈਆਂ ਸਨ। ਪਿੰਡ ਸ਼ਹੂਰ ਨੂੰ 'ਬੀ' ਸ਼ਰੇਣੀ ਦਾ ਪਿੰਡ ਸਮਝਿਆ ਗਿਆ ਹੈ ਅਤੇ ਉਥੇ ਸਹਾਇਤਾ ਦਿੱਤੀ ਜਾ ਚੁਕੀ ਹੈ। ਬਾਕੀ ਦੇ ਪਿੰਡ ਸਰਕਾਰ ਵਲੋਂ ਨਿਰਧਾਰਤ ਕੀਤੀ ਗਈ ਨੀਤੀ ਤੇ ਪੂਰੇ ਨਹੀਂ ਉਤਰਦੇ।]

ਕਾਮਰੇਡ ਰਾਜ ਕੁਮਾਰ : ਕੀ ਮਨਿਸਟਰ ਸਾਹਿਬ ਇਸ ਸਦਨ ਨੂੰ ਦਸਣ ਦੀ ਕਿਰਪਾਲਤਾ ਕਰਨਗੇ ਕਿ ਉਹ ਕਿਹੜੀਆਂ ਡੀਟੇਲਜ਼ ਹਨ ਜਿਨ੍ਹਾਂ ਰਾਹੀਂ ਪਿੰਡਾਂ ਨੂੰ 'ਏ' ਅਤੇ 'ਬੀ' ਵਿਚ ਕੇਟੇਗਰਾਈਜ਼ ਕੀਤਾ ਜਾਂਦਾ ਹੈ।

ਮੰਤਰੀ : 'ਬੀ' ਕੈਟੇਗਰੀ ਲਈ ਤਿੰਨ ਚੀਜ਼ਾਂ ਦਾ ਖਿਆਲ ਰਖਿਆ ਜਾਂਦਾ ਹੈ। ਇਕ ਤਾਂ ਇਹ ਜਿਥੇ ਐਕਚੁਅਲੀ ਐਨੀਮੀ ਦਾ ਹਮਲਾ ਹੋਇਆ ਹੋਵੇ। ਦੂਸਰੇ ਜਿਥੇ ਐਨੀਮੀ ਦੀ ਗਨਜ਼ ਦੀ ਪੁਜ਼ੀਸ਼ਨ ਕਾਇਮ ਹੋਵੇ ਅਤੇ ਤੀਸਰੇ ਜਿਥੋਂ ਲੋਕ ਉਠ ਕੇ ਚਲੇ ਗਏ ਹੋਣ।

ਕਾਮਰੇਡ ਰਾਜ ਕੁਮਾਰ : ਕੀ ਮਨਿਸਟਰ ਸਾਹਿਬ ਉਸ ਰਿਪੋਰਟ ਨੂੰ ਜਿਹੜੀ ਕਿ ਇਨ੍ਹਾਂ ਦਰਖਾਸਤਾਂ ਨੂੰ ਰਦ ਕਰਨ ਸਮੇਂ ਡਿਪਟੀ ਕਮਿਸ਼ਨਰ ਸਾਹਿਬ ਨੇ ਬਣਾਈ, ਇਸ ਸਦਨ ਦੀ ਟੇਬਲ ਤੇ ਰਖਣ ਲਈ ਤਿਆਰ ਹਨ ?

ਮੰਤਰੀ : ਇਹ ਕਾਪੀ ਡੀ.ਸੀ. ਦੇ ਦਫਤਰ ਵਿਚੋਂ ਲਈ ਜਾ ਸਕਦੀ ਹੈ, ਆਨਰੇਬਲ ਮੈਂਬਰ ਉਥੋਂ ਲੈ ਸਕਦੇ ਹਨ।

ਕਾਮਰੇਡ ਰਾਜ ਕੁਮਾਰ : ਮੈਂ ਇਸ ਲਈ ਸਦਨ ਵਿਚ ਇਹ ਰਿਪੋਰਟ ਲਿਆਉਣੀ ਚਾਹੁੰਦਾ ਹਾਂ ਕਿਉਂਕਿ ਜੋ ਕਰਾਂਈਟੇਰੀਆ ਵਜ਼ੀਰ ਸਾਹਿਬ ਨੇ ਫਰਮਾਇਆ ਹੈ ਉਹ ਰਿਪੋਰਟ ਦੇ ਵਿਚ ਨਹੀਂ । ਕੀ ਉਹ ਇਹ ਕਾਪੀ ਸਦਨ ਦੀ ਟੇਬਲ ਤੇ ਲਿਆਉਣ ਲਈ ਤਿਆਰ ਹਨ ?

(ਕੋਈ ਜਵਾਬ ਨਹੀਂ ਦਿੱਤਾ ਗਿਆ)

ਕਾਮਰੇਡ ਅਰਜਨ ਸਿੰਘ ਮਸਤਾਨਾ : ਕੀ ਵਜ਼ੀਰ ਸਾਹਿਬ ਇਹ ਦਸਣ ਦੀ ਕਿਰਪਾ ਕਰਨਗੇ ਕਿ ਜਿਹੜਾ 3 ਮੀਲ ਦੀ ਹੱਦ ਰਖਣ ਦਾ ਜਵਾਬ ਦਿੱਤਾ ਗਿਆ ਹੈ, ਇਹ ਇੰਟਰਨੈਸ਼ਨਲ ਬਾਰਡਰ ਤੋਂ ਹੋਵੇਗਾ ਜਾਂ ਉਨ੍ਹਾਂ ਪਿੰਡਾਂ ਤੋਂ ਜਿਨ੍ਹਾਂ ਦਾ ਨੁਕਸਾਨ ਹੋਇਆ ? ਮੇਰੇ ਖਿਆਲ ਵਿਚ ਇਹ ਤਿੰਨ ਮੀਲ ਪਿੰਡ ਦੀ ਹਦ ਤੋਂ ਗਿਣਿਆ ਜਾਵੇ । ਇਸ ਬਾਰੇ ਮੈਂ ਪਰਸੋਂ ਡੀ.ਸੀ. ਸਾਹਿਬ ਨੂੰ ਵੀ ਮਿਲਿਆ ਸੀ ।

ਮੰਤਰੀ : ਮੈਂ ਅਗੇ ਵੀ ਕਰਾਈਟੇਰੀਆ ਦਸ ਚੁਕਾ ਹਾਂ ! 10-10 ਪਿੰਡ ਤੱਕ ਇਸ ਤਿੰਨ ਮੀਲ ਵਿਚ ਆ ਜਾਂਦੇ ਹਨ । ਜਿਹੜੀਆਂ ਇਸ ਤਰ੍ਹਾਂ ਦੀਆਂ ਰਿਪਰੇਜ਼ੇਂਟੇਸ਼ਨਜ਼ ਆਈਆਂ ਹਨ ਮੈਂ ਇਨ੍ਹਾਂ ਦੇ ਮੁਤਾਲਿਕ ਵੀ ਆਰਡਰ ਦੇ ਦਿੱਤੇ ਹਨ ਕਿ 10 ਦਿਨਾਂ ਦੇ ਅੰਦਰ ਅੰਦਰ ਇਨ੍ਹਾਂ ਦੇ ਫੈਸਲੇ ਕਰਕੇ ਗਵਰਮੈਂਟ ਪਾਸ ਭੇਜ ਦੇਣ ।

ਸਰਦਾਰ ਮਹਿਤਾਬ ਸਿੰਘ : ਕੁਝ ਪਿੰਡ ਪਾਕਿਸਤਾਨ ਵਿਚ ਚਲੇ ਗਏ ਅਤੇ ਕੁਝ ਪਿੰਡ ਪਾਕਿਸਤਾਨ ਦੇ ਐਸੇ ਹਨ, ਜਿਨ੍ਹਾਂ ਵਿਚ ਸਾਡੀ ਫੌਜ ਬੈਠੀ ਹੋਈ ਹੈ, ਇਨ੍ਹਾਂ ਪਿੰਡਾਂ ਵਿਚੋਂ ਜਿਥੇ ਸਾਡਾ ਕਬਜ਼ਾ ਹੈ ਲੋਕ ਫਸਲ ਵੀ ਨਹੀਂ ਲਿਆ ਸਕਦੇ, ਕੀ ਇਨ੍ਹਾਂ ਨੂੰ ਵੀ ਕੋਈ ਮੁਆਵਜ਼ਾ ਦਿੱਤਾ ਜਾਵੇਗਾ ?

ਮੰਤਰੀ : ਇਹ ਸਵਾਲ ਨਾਲ ਇਸ ਸਪਲੀਮੈਂਟਰੀ ਦਾ ਕੋਈ ਸਬੰਧ ਨਹੀਂ ।

ਡਾਕਟਰ ਅਮੀਰ ਸਿੰਘ ਕਲਕਟ : ਜਿਥੇ ਕੰਪੈਨਸੇਸ਼ਨ ਦੇਣ ਲਈ ਹਦ ਦਾ ਸਵਾਲ ਹੈ ਕੀ ਵਜ਼ੀਰ ਸਾਹਿਬ ਉਥੇ ਹੋਰ ਡਿਸਟਰਿਕਟਸ ਦੇ ਨਾਲ ਹੀ ਹੋਸ਼ਿਆਰਪੁਰ ਦਾ ਵੀ ਖਿਆਲ ਰਖਣਗੇ, ਇਹ ਵੀ ਬਾਰਡਰ ਨਾਲ ਲਗਦਾ ਹੈ ।

(ਕੋਈ ਜਵਾਬ ਨਹੀਂ ਦਿੱਤਾ ਗਿਆ)

ਸ੍ਰੀ ਕਾਂਸ਼ੀ ਰਾਮ : ਜਿਹੜੀਆਂ ਡਿਸਟਰਬੈਂਸ ਵਾਲੀਆਂ ਥਾਵਾਂ ਹਨ, ਜਾਂ ਜਿਥੋਂ ਬਾਰਡਰ ਟੁਟ ਚੁਕਾ ਹੈ ਫੋਰਸਿਜ਼ ਆ ਗਈਆਂ ਹਨ, ਇਹ ਤਿੰਨ ਮੀਲ ਦਾ ਏਰੀਆ ਉਥੋਂ ਗਿਣਿਆ ਜਾਵੇਗਾ ਜਾਂ ਮੌਜੂਦਾ ਨਕਸ਼ਿਆਂ ਦੇ ਮੁਤਾਬਿਕ ਲਇਆ ਜਾਵੇਗਾ ।

ਮੰਤਰੀ : ਇਹ ਸਵਾਲ ਇਸ ਦੇ ਵਿਚੋਂ ਅਰਾਈਜ਼ ਹੀ ਨਹੀਂ ਹੁੰਦਾ ।

Mr. Speaker. Question Hour is over.

UNSTARRED QUESTIONS AND ANSWERS

RESOLUTIONS PASSED BY THE MUNICIPAL COMMITTEE, DHARIWAL, DISTRICT GURDASPUR.

I. **Comrade Raj Kumar** : Will the Minister of State for Local Government be pleased to state whether copies of the resolutions passed by the Municipal Committee, Dhariwal, District Curdaspur regarding :—

(i) extension of Municipal climits of the town of Dhariwal;

(ii) transfer of superfluous P.W.D. land on berm of Amritsar-Pathankot road for the construction of Municipal Market in Dhariwal Town ;

(iii) demand for funds from out of the Central Government Grant from the Sanitary Board, Punjab for the construction of water supply schemes; were received by the Director Local Government, Punjab if so, a copy of these resolutions be placed on the Table of the House along with the action taken by the Government thereon ?

Shri Joginder Pal Pandey : (i) Yes. The matter is under consideration. A copy of the resolution No. 14 dated 22nd January, 1971 is placed on the Table of the House.

(ii) Yes. The matter is in correspondence with the P.W.D. A copy of resolution No. 16 dated 23rd January, 1970 as also copy of correspondence is placed on the Table of the House.

(iii) Yes. After consideration Municipal Committee, Dhariwal has been advised to approach Secretary, Sanitary Board, Punjab direct for the grant for the water supply scheme. A copy of the resolution No. 55 dated 17th March, 1971 is placed on the Table of the House.

[(1) ਹਾਂ ਜੀ, ਮਾਮਲਾ ਵਿਚਾਰ ਅਧੀਨ ਹੈ ਮਤਾ: ਨੰ:14 ਮਿਤੀ 22 ਜਨਵਰੀ, 1971 ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(2) ਹਾਂ ਜੀ । ਇਸ ਮਾਮਲੇ ਬਾਰੇ ਲੋਕ ਨਿਰਮਾਣ ਵਿਭਾਗ ਨਾਲ ਚਿੱਠੀ ਪੱਤਰ ਹੋ ਰਹੀ ਹੈ । ਮਤਾ ਨੰ: 16 ਮਿਤੀ 23 ਜਨਵਰੀ 1970 ਦੀ ਕਾਪੀ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ ।

(3) ਹਾਂ ਜੀ । ਵਿਚਾਰ ਕਰਨ ਉਪਰੰਤ ਨਗਰਪਾਲਕਾ ਧਾਰੀਵਾਲ ਨੂੰ ਇਸ ਬਾਰੇ ਸਲਾਹ ਦਿਤੀ ਗਈ ਹੈ ਕਿ ਇਸ ਗਰਾਂਟ ਲਈ ਸਕੱਤਰ, ਸੈਨੀਟਰੀ ਬੋਰਡ, ਪੰਜਾਬ ਨੂੰ ਸਿੱਧੀ ਪਹੁੰਚ ਕੀਤੀ ਜਾਵੇ । ਮਤਾ ਨੰ: 55 ਮਿਤੀ 17 ਮਾਰਚ 1971 ਦੀ ਕਾਪੀ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ ।]

ਮਤਾ ਜੋ ਨਗਰਪਾਲਿਕਾ

ਧਾਰੀਵਾਲ ਨੇ ਆਪਣੀ ਮੀਟਿੰਗ ਵਿਚ ਪਾਸ ਕੀਤਾ ।

ਪੇਸ਼ ਹੋਈ ਦਰਖਾਸਤ ਵਾਸੀ ਨਵੀਂ ਆਬਾਦੀ ਜੀ.ਟੀ.ਰੋਡ ਮਿਤੀ 11 ਨਵੰਬਰ, 1970 ਅਤੇ ਰਿਪੋਰਟ ਸਕੱਤਰ ਮਿਤੀ 12 ਨਵੰਬਰ, 1970 ਕਿ ਮਿਉਂਸਪਲ ਐਕਟ ਦੀ ਧਾਰਾ 5 (1) ਅਧੀਨ ਤਿਆਰ ਕੀਤੇ ਗਏ ਨਕਸ਼ਿਆਂ ਆਦਿ ਅਨੁਸਾਰ ਕਮੇਟੀ	ਤਜਵੀਜ਼ ਸਰਵ ਸੰਮਤੀ ਨਾਲ ਪ੍ਰਵਾਨ ਕੀਤੀ ਜਾਂਦੀ ਹੈ, ਪ੍ਰਧਾਨ ਜੀ ਨੂੰ ਬੇਨਤੀ ਕੀਤੀ ਜਾਂਦੀ

*For Unstarred Questions Nos. 2&3 and replies thereto please see Appendix to this Debate.

[State Minister for Local Government,]

ਦੀਆਂ ਹੱਦਾਂ ਹੇਠ ਲਿਖੇ ਵੇਰਵੇ ਅਨੁਸਾਰ ਵਧਾ ਦਿਤੀਆਂ ਜਾਣ ਅਤੇ ਕਮੇਟੀ ਦੀ ਇਹ ਤਜਵੀਜ਼ ਧਾਰੀਵਾਲ ਸ਼ਹਿਰ, ਪੰਚਾਇਤ ਫਤਿਹ ਨੰਗਲ ਤੇ ਗਨਿਆਂ ਦੇ ਵਸਨੀਕਾਂ ਦੀ ਜਾਣਕਾਰੀ ਅਤੇ ਇਤਰਾਜ਼ਾਂ ਵਾਸਤੇ ਸਰਕਾਰੀ ਗਜ਼ਟ ਵਿਚ ਛਪਣ ਲਈ ਪੰਜਾਬ ਸਰਕਾਰ ਨੂੰ ਲਿਖਿਆ ਜ਼ਾਵੇ । ਇਸ ਤੋਂ ਪਿਛੋਂ ਲੋੜੀਂਦੀ ਕਾਰਵਾਈ ਕਰਕੇ ਸ਼ਹਿਰ ਦੀਆਂ ਹੱਦਾ ਵਧਾਈਆਂ ਜਾਣ ।

ਹੈ ਕਿ ਉਹ ਖੁਦ ਚੰਡੀ ਗੜ ਅੰਮ੍ਰਿਤਸਰ ਜਾਂ ਜਿਥੇ ਕਿਤੇ ਵੀ ਜਾਣ ਦੀ ਲੋੜ ਪਵੇ ਖੁਦ ਜਾ ਕੇ ਹੱਦਾਂ ਵਧਾਉਣ ਦਾ ਪੂਰਾ ਪਿਛਾ ਤੇ ਪੈਰਵੀ ਕਰਨ । ਕਮੇਟੀ ਇਸ ਸਬੰਧ ਵਿਚ ਹੋਣ ਵਾਲੇ ਸਫਰ ਖਰਚੇ ਆਦਿ ਤੇ ਆਨ ਵਾਲੇ ਖਰਚੇ ਦੀ ਅਗੇਤੀ ਮੰਜ਼ੂਰੀ ਦਿੰਦੀ ਹੈ ।

ਤਰਫ ਨਵੀਂ ਆਬਾਦੀ ਪਿੰਡ ਫਤਿਹ ਨੰਗਲ : ਹੱਦਬਸਤ ਨੰ: 387 : ਆਇਤਕਾਰ ਨੰ: 59 ਦੇ ਪਹਾੜ ਲੈਂਦੇ ਕੋਨੇ ਤੋਂ ਲੈ ਕੇ ਆਇਤਕਾਰ ਨੰ: 32 ਦੀ ਪਹਾੜ ਚੜਦੇ ਕੋਨੇ ਤਕ ਅਤੇ ਆਇਤਕਾਰ ਨੰ: 38 ਕਿਲਾ ਨੰ: 18/4 ਤੋਂ ਸ਼ੁਰੂ ਹੋ ਕੇ ਆਇਤਕਾਰ ਨੰ: 56 ਦੇ ਦਖਨ ਲੈਂਦੇ ਕੋਨੇ ਤਕ ਜਿਸ ਵਿਚ ਹੇਠ ਲਿਖੇ ਖਸਰਾ ਨੰ: ਸ਼ਾਮਲ ਹੋਣਗੇ ।

15/22, 16/17, 18, 23, 24, 25, 19/3, 4, 5, 20/1, 2/1, 2/2, 2/3, 2/4, 8/1, 8/2, 8/3, 8/4, 13/1, 13/2, 13/3, 13/4, 17, 18/1, 18/2, 23, 24, 25, 18/3, 14/1, 14/2, 38/3 2, 4/3, 4/2, 5, 6/1, 6/2, 7/1, 7/2, 8, 13/1, 13/2, 14, 15/1, 15/2, 15/3, 15/4, 15/5, 16/1, 16/2, 16/3, 16/4, 17, 18/, 18/2, 18/3, 18/4, 37/1, 2/1, 8/2, 8/3, 37/9, 1, 9/2, 10/10/2, 11/1, 11/2, 11/3, 11/4/1, 11/4/2, 12/1, 12/2, 12/3, 12/4, 18/1, 18/2, 18/3, 18/4 19/1, 19/2, 20/1, 20/2, 20/3, 20/4, 20/5, 23/2, 21/21, 37/27, 28, 29/129/2, 30/1, 30/2, 27/31, 32, 1048, 1093, 1054, 1164, 437, 448, 470, 460, 471, 434, 435, 436, 445, 446, 447, 456, 457, 458, 459, 461, 462, 463, 464, 465, 466, 467, 468, 469, 472, 473, 474, 475, 476, 477, 478, 479, 480, 481, 482, 483, 484, 485, 486, 59, 60, 56, 384, 1004/1, 1004/2, 1003, 379, 385, 386, 387, 388, 389, 390, 391, 392, 393, 394, 395, 396, 400, 401, 402, 63, 408, 405, 406, 407, 38/27, 409, 410, 411, 412, 413, 414/ 1,4 : 4/2, 38/28,

ਤਰਫ ਰਨਿਆ ਹਦਬਸਤ ਨੰ: 389, ਆਇਤਕਾਰ ਨੰ: 123/1 ਦੇ ਪਹਾੜ ਲੈਂਦੇ ਕੋਨੇ ਤੋਂ ਲੈ ਕੇ ਜੀ.ਟੀ.ਰੋਡ ਨਾਲ ਲਗਦਾ ਹੈ ਆਇਤਕਾਰ ਨੰ: 82 ਦੇ ਪਹਾੜ ਚੜਦੇ ਕੋਨੇ ਤਕ ਆਇਤਕਾਰ ਨੰ: 59/1 ਦੇ ਦਖਣ ਚੜਦੇ ਕੋਨੇ ਤੋਂ ਲੈ ਕੇ ਆਇਤਕਾਰ ਨੰ: 138 ਦੇ ਦੱਖਣ ਲੈਂਦੇ ਕੋਨੇ ਤਕ ਜੋ ਜੀ.ਟੀ.ਰੋਡ ਨਾਲ ਲਗਦਾ ਹੈ ਕਿਲਾ ਨੰ: 20 ਦੇ ਪਹਾੜ ਲੈਂਦੇ ਕੋਨੇ ਤੋਂ ਲੇ ਕੇ ਰੇਲਵੇ ਲਾਈਨ ਤਕ ਆਇਤਕਾਰ ਨੰ: 44 ਕਿਲਾ ਨੰ: 5/2

ਦੇ ਦਖਣ ਚੜਦੇ ਹੋਏ ਕੋਨੇ ਤੋਂ ਲੈ ਕੇ ਆਇਤਕਾਰ ਨੰ: 47 ਕਿਲਾ ਨੰ: 21 ਦੇ ਦਖਨ ਲੈਂਦੇ ਕੋਨੇ ਤਕ ਹੇਠ ਲਿਖੇ ਨੰਬਰ ਸ਼ਾਮਲ ਹਨ: 2/28, 21, 26/24, 25, 30/1, 10, 31/3, 4, 5, 6, 7, 8/1, 8/2, 8/3, 9, 10, 11, 12, 13, 14, 15, 16, 17, 18, 19, 20, 21, 22/1, 31/22/2, 23, 24, 25/1, 32/15, 16, 17, 23, 24, 25, 43/2, 3, 4, 5, 6, ', 8, 9, 10, 11, 12, 13, 14, 15, 16, 17, 18, 19, 20, 21, 31/25/2, 44/5/2, 42/2, 7/2, 8/1, 8/2, 8/3, 8/4, 9, 13/1, 13/2, 14/1, 14/2, 18, 82, 83, 84, 87, 59/1, 59/2, 326, 44,5/1, 1, 2, 3, 4, 7, 8, 9, 10, 11/441, 74/1, 7, 74/2, 121/1, 121/2, 122, 123/2, 123, 123/1, 124, 125/1, 125/2, 126, 127, 128, 129, 130, 131, 132, 133/1, 134, 135, 136, 137, 138, 375, 376, 377, 41/4, 5/1, 5/2, 4, 5/3, 5/4, 6/1, 6/2 6/3, 261, 6 88/1, 88/2, 94/1, 94/2, 94/4, 94, 94/5 94/6, 94/7,9, 94/8, 105, 106, 107, 108, 109, 111, 112, 113, 114, 115, 116, 117, 118, 119, 120, 380, 381, 382, 383, 384, 385

ਤਸਦੀਕ ਕਰਦਾ:

ਸਹੀ/—

ਸਕੱਤਰ ਨਗਰਪਾਲਕਾ ਧਾਰੀਵਾਲ।

ਨਕਲ ਮਤਾ ਨੰ: 16 ਮਿਤੀ 23 ਜਨਵਰੀ 1970 ਜੋ ਕਿ ਨਗਰਪਾਲਕਾ ਧਾਰੀਵਾਲ ਨੇ ਆਪਣੀ ਖਾਸ ਮੀਟਿੰਗ ਵਿਚ ਪਾਸ ਕੀਤਾ।

ਪੇਸ਼ ਹੋਇਆ ਇਸ ਦਫਤਰ ਦਾ ਯਾਦ ਪੱਤਰ ਨੰ: 1199 ਮਿਤੀ 20 ਜੂਨ, 1969 ਡੀ.ਸੀ. ਦਾ ਪਿੱਠ ਅੰਕਣ ਨੰ: 2237 ਮਿਤੀ 14 ਜੁਲਾਈ 1969 ਅਤੇ ਕਾਰਜਕਾਰੀ ਇੰਜੀਨੀਅਰ ਦਾ ਯਾਦ ਪੱਤਰ ਨੰ: 6998 ਮਿਤੀ 15 ਸਤੰਬਰ 1969 ਅਤੇ ਤਜਵੀਜ ਦਫਤਰ ਕਿ ਮਿਉਂਸਪਲ ਕਮੇਟੀ ਦੇ ਪੁਰਾਣੇ ਦਫਤਰ ਦੇ ਸਾਹਮਣੇ ਫੁਟਪਾਥ ਤੋਂ ਦਫਤਰ ਅਤੇ ਕੋਆਪਰੇਟਿਵ ਸੋਸਾਇਟੀ ਵਲ ਡਾਕਖਾਨੇ ਤਕ ਪਈ ਖਾਲੀ ਥਾਂ ਵਿਚ ਕਮੇਟੀ ਵਲੋਂ 21 ਦੁਕਾਨਾਂ ਬਣਾਈਆਂ ਜਾਣ ਜਿਹਨਾਂ ਵਿਚ ਉਸ ਥਾਂ ਉਪਰ ਖੋਖੇ ਰੇੜੀ ਵਾਲੀਆਂ ਨੂੰ ਆਬਾਦ ਕੀਤਾ ਜਾਵੇ ਇਹਨਾਂ ਦੁਕਾਨਾਂ ਨੂੰ ਬਣਾਨ ਦੀਆਂ ਸ਼ਰਤਾਂ ਵੀ ਉਹ ਹੀ ਹੋਣ ਜੋ ਮਿਉਂਸਪਲ ਮਾਰਕੀਟ ਨੰ: 1 ਅਤੇ ਨੰ: 2 ਦੀਆਂ ਹਨ। ਦੁਕਾਨਾਂ ਦਾ ਨਕਸ਼ਾ ਜੋ ਸ੍ਰੀ ਵਿਦਿਆ ਰਤਨ ਦੁਗਲ ਰਾਹੀਂ ਬਣਾਇਆ ਗਿਆ ਹੈ ਉਸ ਉਪਰ 25/— ਰੁਪਏ ਦਾ ਖਰਚ ਆਇਆ ਇਹ

(ੳ) ਤਜਵੀਜ ਪ੍ਰਵਾਨ ਕੀਤੀ ਜਾਂਦੀ ਹੈ।

(ਅ) ਨਕਸ਼ੇ ਦੇ ਮੁਤਾਬਿਕ ਦਫਤਰ ਇਸਟੀਮੇਟ ਤਿਆਰ ਕਰਵਾਏ।

(ੲ) ਕਾਰਜਕਾਰੀ ਇੰਜੀਨੀਅਰ ਦੇ ਸੁਝਾਉ ਅਨੁਸਾਰ ਪੰਜਾਬ ਸਰਕਾਰ ਪਾਸੋਂ ਇਸ ਥਾਂ ਉਪਰ ਦੁਕਾਨਾਂ ਦੀ ਉਸਾਰੀ ਕਰਨ ਵਾਸਤੇ ਮੰਜੂਰੀ ਲਈ ਜਾਵੇ ਅਤੇ ਪ੍ਰਧਾਨ ਜੀ ਨੂੰ ਅਧਿਕਾਰ ਦਿਤਾ ਜਾਂਦਾ ਹੈ ਕਿ ਇਹ ਮੰਜੂਰੀ ਹਾਸਲ ਕਰਨ ਵਾਸਤੇ ਸਭ ਉਪਰਾਲੇ ਕਰਨ। ਇਸ ਸਬੰਧ ਵਿਚ ਜੇਕਰ ਉਨ੍ਹਾਂ ਨੂੰ ਚੰਡੀਗੜ੍ਹ

[ਰਾਜ ਮੰਤਰੀ ਸਥਾਨਕ ਸਰਕਾਰ ਅਤੇ ਜੇਲ੍ਹਾਂ]

ਦੁਕਾਨਾਂ ਉਸਾਰਨ ਦੀ ਮੰਜ਼ੂਰੀ ਦਿਤੀ ਜਾਵੇ ਅਤੇ ਨਕਸ਼ਾ ਬਨਵਾਈ ਦਾ ਬਿਲ ਪਾਸ ਕੀਤਾ ਜਾਵੇ ।

ਜਾਣਾ ਪਏ ਤਾਂ ਜਾਣ ਇਸ ਉਪਰ ਆਉਣ ਵਾਲਾ ਖਰਚ ਵੀ ਪਾਸ ਕੀਤਾ ਜਾਂਦਾ ਹੈ । ਨਕਸ਼ੇ ਬਣਾਨ ਉਪਰ ਲਗਾ ਖਰਚ ਪਾਸ ਕੀਤਾ ਜਾਂਦਾ ਹੈ।

(ਸ) ਕਾਰਜਕਾਰੀ ਇੰਜਨੀਅਰ ਗੁਰਦਾਸਪੁਰ ਡਵੀਜ਼ਨ ਮਹਿ-ਕਮਾ ਨਹਿਰ ਯੂ.ਬੀ. ਡੀ.ਸੀ. ਪਾਸੋਂ ਮਿਲ ਦੀ ਕੱਚ ਤੋਂ ਲੈ ਕੇ ਨਹਿਰ ਦੀ ਪੱਟਰੀ ਤਕ ਜੀ.ਟੀ.ਰੋਡ ਉਪਰ ਪੁਲ ਦੇ ਨੇੜੇ ਖਾਲੀ ਪਈ ਥਾਂ ਕਮੇਟੀ ਵਲੋਂ ਦੁਕਾਨਾਂ ਬਨਾਏ ਜਾਣ ਵਾਸਤੇ ਲਈ ਲੀਜ਼ ਉਪਰ ਹਾਸਲ ਕਰਨ ਦੇ ਵੀ ਯਤਨ ਕੀਤੇ ਜਾਣ ।

ਤਸਦੀਕ ਕਰਦਾ:

ਸਹੀ/—

ਸਕੱਤਰ, ਮਿਊਂਸਪਲ ਕਮੇਟੀ,

ਧਾਰੀਵਾਲ ।

ਵਿਸ਼ਾ :—ਨਗਰ ਪਾਲਿਕਾ ਧਾਰੀਵਾਲ ਨੂੰ ਜ਼ਮੀਨ ਤਬਦੀਲ ਕਰਨ ਬਾਰੇ ।

ਕੀ ਸਕੱਤਰ, ਪੰਜਾਬ ਸਰਕਾਰ, ਲੋਕ ਨਿਰਮਾਣ ਵਿਭਾਗ ਮੂਲ ਰੂਪ ਵਿਚ ਨਾਲ ਨੱਥੀ ਕੀਤੀ ਗਈ ਨਗਰ ਪਾਲਿਕਾ ਧਾਰੀਵਾਲ ਜ਼ਿਲ੍ਹਾ ਗੁਰਦਾਸਪੁਰ ਦੀ ਚਿੱਠੀ ਨੰ: ਐਨ ਸੀਡੀ/69-70/244-47 ਮਿਤੀ 13 ਫਰਵਰੀ, 1970 ਵੱਲ ਧਿਆਨ ਦੇਣ ਦੀ ਕ੍ਰਿਪਾਲਤਾ ਕਰਨਗੇ ?

ਸਥਾਨਕ ਸਰਕਾਰ ਵਿਭਾਗ ਇਸ ਗੱਲ ਨਾਲ ਸਹਿਮਤ ਹੈ ਕਿ ਜਿਹੜੀਆਂ ਹਾਲਤਾਂ ਵਿਚ ਨਗਰ ਪਾਲਿਕਾਂ ਨੇ ਹਵਾਲੇ ਵਾਲੀ ਜ਼ਮੀਨ ਮੰਗੀ ਹੈ, ਉਹ ਨਗਰ ਪਾਲਿਕਾਂ ਨੂੰ ਦਿੱਤੀ ਜਾਣੀ ਚਾਹੀਦੀ ਹੈ । ਇਸ ਗੱਲ ਨਾਲ ਸ਼ਹਿਰ ਵਿਚੋਂ ਖੋਖੇ ਚੁੱਕੇ ਜਾਣਗੇ ਅਤੇ ਬਦਸੂਰਤੀ ਦੂਰ ਹੋਵੇਗੀ । ਉਨ੍ਹਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਥਾਂ ਨੂੰ ਨਗਰਪਾਲਿਕਾ ਧਾਰੀਵਾਲ ਦੇ ਨਾਉਂ ਤਬਦੀਲ ਕਰਨ ਦੀ ਮੰਨਜ਼ੂਰੀ ਦਿੰਦੇ ਹੋਏ ਇਸ ਪੱਤਰ ਰਾਹੀਂ ਭੇਜੇ ਗਏ ਸਹਿ ਪੱਤਰ ਵੀ ਇਸ ਵਿਭਾਗ ਨੂੰ ਭੇਜਣ ਦੀ ਕਿਰਪਾ ਕਰਨ ।

ਸੈਕਸ਼ਨ ਅਫਸਰ ਕਮੇਟੀ 1,

ਵਾਸਤੇ ਸਕੱਤਰ, ਪੰਜਾਬ ਸਰਕਾਰ,

ਸਥਾਨਕ ਸਰਕਾਰ ਵਿਭਾਗ ।

ਸੇਵਾ ਵਿਚ,

ਸਕੱਤਰ, ਪੰਜਾਬ ਸਰਕਾਰ,

ਲੋਕ ਨਿਰਮਾਣ ਵਿਭਾਗ ।

ਗੋ: ਸ: ਨੰ: 94(25)-3ਜੀ 1-70/ ਮਿਤੀ, ਚੰਡੀਗੜ੍ਹ, 30 ਅਪਰੈਲ, 1970

ਨੰ: 94(25)-3ਜੀ 1-70/ ਮਿਤੀ ਚੰਡੀਗੜ੍ਹ, 30 ਅਪਰੈਲ, 1970

ਇਸ ਦਾ ਇਕ ਉਤਾਰਾ ਪ੍ਰਧਾਨ, ਨਗਰ ਪਾਲਿਕਾ, ਧਾਰੀਵਾਲ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।

ਸੈਕਸ਼ਨ ਅਫਸਰ ਕਮੇਟੀ ।
ਵਾਸਤੇ ਸਕੱਤਰ, ਪੰਜਾਬ ਸਰਕਾਰ
ਸਥਾਨਕ ਸਰਕਾਰ ਵਿਭਾਗ ।

ਨਕਲ ਮਤਾ ਨੰ: 55 ਮਿਤੀ 17-3-71 ਜੋ ਕਿ ਨਗਰਪਾਲਕਾ ਧਾਰੀਵਾਲ ਨੇ ਆਪਣੀ ਖਾਸ ਮੀਟਿੰਗ ਵਿਚ ਪਾਸ ਕੀਤਾ

ਪੇਸ਼ ਹੋਈ ਸਕੱਤਰ ਸੈਨੀਟਰੀ ਦਿਲੀ ਨੰ: ਪੀ. ਐਚ. (1)-71/2627-29 ਮਿਤੀ 11-3-71 ਬਾਬਤ ਐਡਮਿਨਿਸਟਰੇਟਵ ਅਪਰੂਵਲ ਵਾਟਰ ਸਪਲਾਈ ਸਕੀਮ ਜੋ ਕੁਲ 1,7,73,605/3,22,802 ਦੇ ਹੈ ਕਮੇਟੀ ਦੀ ਇਤਲਾਹ ਵਜੋਂ ਪੇਸ਼ ਹੈ ।

55. ਕਮੇਟੀ ਸ਼ਹਿਰ ਵਾਸਤੇ ਸੁਰਕਸ਼ਤ ਪਾਣੀ ਸਪਲਾਈ ਵਾਸਤੇ ਪੰਜਾਬ ਸਰਕਾਰ ਪਾਸ ਬੇਨਤੀ ਕਰਦੀ ਹੈ ਕਿ ਸਿਹਤ ਵਿਭਾਗ ਵਲੋਂ ਪਾਣੀ ਸਪਲਾਈ ਯੋਜਨਾ ਦੇ ਦੇਣ ਭਾਗ ਦੀ ਪੂਰਤੀ ਵਾਸਤੇ ਉਸਾਰੀ ਵਿਚ ਅਮਦਾਦ ਵਜੋਂ ਯੋਜਨਾ ਉਤੇ ਖਰਚ ਆਉਣ ਵਾਲੀ ਕੁਲ ਅਨੁਮਾਨਤ ਰਕਮ 50% ਮੈਚਿੰਗ ਗਰਾਂਟ ਦੇ ਰੂਪ ਵਿਚ ਛੇਤੀ ਤੋਂ ਛੇਤੀ ਕਮੇਟੀ ਨੂੰ ਦੇਵੇ । ਕਿਉਂਕਿ ਧਾਰੀਵਾਲ ਦਾ ਪਾਣੀ ਸਿਹਤ ਵਾਸਤੇ ਦਿਨ ਬ ਦਿਨ ਮਾੜਾ ਹੋ ਰਿਹਾ ਹੈ। ਅਮਦਾਦ ਵਜੋਂ ਰਕਮ ਛੇਤੀ ਤੋਂ ਛੇਤੀ ਦਿਤੀ ਜਾਵੇ, ਕਮੇਟੀ ਸੈਨਟਰੀ ਬੋਰਡ ਪੰਜਾਬ ਪਾਸ ਵੀ ਬੇਨਤੀ ਕਰਦੀ ਹੈ ਕਿ ਕੇਂਦਰੀ ਸਰਕਾਰ ਵਲੋਂ ਅਜਿਹੇ ਕੰਮਾਂ ਦੀ ਪੂਰਤੀ ਵਾਸਤੇ ਜੋ ਰਕਮ ਪੰਜਾਬ ਸਰਕਾਰ ਨੂੰ ਮਿਲਦੀ ਹੈ ਉਸ ਵਿਚੋਂ ਯੋਜਨਾ ਉਪਰ ਖਰਚ ਆਉਣ ਵਾਲੀ ਪੂਰੀ ਨਹੀਂ ਤਾਂ ਘਟੋ ਘੱਟ 1/2 ਰਕਮ ਜ਼ਰੂਰ ਅਮਦਾਦ ਵਜੋਂ ਕਰਜ਼ੇ ਜਾਂ ਗਰਾਂਟ ਦੀ ਸ਼ਕਲ ਵਿਚ ਕਮੇਟੀ ਨੂੰ ਦਿਤੀ ਜਾਵੇ । ਕਮੇਟੀ ਪ੍ਰਧਾਨ ਜੀ ਨੂੰ ਬੇਨਤੀ ਕਰਦੀ ਹੈ ਕਿ ਉਹ ਇਸ ਸਬੰਧ ਵਿਚ ਗੁਰਦਾਸਪੁਰ, ਅੰਮ੍ਰਿਤਸਰ, ਜਲੰਧਰ, ਚੰਡੀਗੜ੍ਹ, ਪਟਿਆਲਾ ਆਦਿ ਵਿਚ ਸਬੰਧਤ ਅਧਿਕਾਰੀਆਂ ਨੂੰ ਨਿਜੀ ਰੂਪ ਵਿਚ ਮਿਲ ਕੇ ਅਤੇ ਹੋਰ ਲੋਕੀ ਦੇ ਉਪਰਾਲੇ ਕਰਕੇ ਇਸ ਯੋਜਨਾ ਨੂੰ ਨੇਪਰੇ ਚੜ੍ਹਾਉਣ । ਇਹਨਾਂ ਥਾਵਾਂ ਤੇ ਜਾਣ ਲਈ ਜੋ ਵੀ ਸਫਰ ਕਰਨਾ ਜ਼ਰੂਰੀ ਸਮਝਣ ਉਸ ਦੀ ਅਗੇਤੀ ਮੰਜੂਰੀ ਦਿਤੀ ਜਾਂਦੀ ਹੈ ।

[ਰਾਜ ਮੰਤਰੀ ਸਥਾਨਕ ਸਰਕਾਰ ਅਤੇ ਜੇਲ੍ਹਾਂ]

ਕਾਨੂੰਨ ਅਨੁਸਾਰ ਹੋਣ ਵਾਲਾ ਖਰਚ ਅਗੇਤੇ ਤੌਰ ਤੇ ਪਾਸ ਕੀਤਾ ਜਾਂਦਾ ਹੈ ।

ਸਹੀ/-
ਸਕੱਤਰ, ਮਿਉਂਸਪਲ ਕਮੇਟੀ,
ਧਾਰੀਵਾਲ ।

ਚੌਧਰੀ ਰਾਮ ਸਿੰਘ : ਸਪੀਕਰ ਸਾਹਿਬ, ਮੈਂ ਦੀਨਾ ਨਗਰ ਫੈਕਟਰੀ ਬਾਰੇ ਇਕ ਨੋਟਿਸ ਦਿਤਾ ਸੀ ਸ਼ਾਰਟ ਨੋਟਿਸ ਕੁਐਸਚਨ ਦਾ ਉਹ ਨਹੀਂ ਆਇਆ ?

ਸ੍ਰੀ ਸਪੀਕਰ : ਚੌਧਰੀ ਸਾਹਿਬ, ਇਹ ਤੁਹਾਨੂੰ ਵਾਪਸ ਕਰ ਦਿਤਾ ਗਿਆ ਹੈ । ਰੂਲਜ਼ ਦੇ ਮੁਤਾਬਿਕ ਇਹ ਸ਼ਾਰਟ ਨੋਟਿਸ ਕੁਐਸਚਨ ਬਣਦਾ ਨਹੀਂ । (Chaudhri Sahib, that notice has been returned to you as under the rules it cannot be admitted as a Short Notice Question).

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਤੁਸੀਂ ਸਾਨੂੰ ਰੀਜੈਕਟਿਡ ਮੋਸ਼ਨਜ਼ ਦੀ ਇਤਲਾਹ ਭੇਜਦੇ ਸੀ, ਉਹ ਨਹੀਂ ਆਈ ।

ਸ੍ਰੀ ਸਪੀਕਰ : ਇਹ ਵੀ ਆ ਰਹੀ ਹੋਵੇਗੀ । (It must be on the way)

CALL ATTENTION NOTICES UNDER RULE 66

(Serial No. 104)

Comrade Darshan Singh Canadian : I beg to draw the attention of the Government towards a matter of urgent public importance, namely, the following Reports have appeared in the press that a good deal of Milk of the Government Dairy at Patiala in going waste and is being fed to pigs because its price is prohibitive.

In view of the obvious and urgent importance of the matter, the Government may please be asked to make a statement in the House.

ਸ੍ਰੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ, ਸਬੰਧਤ ਵਜ਼ੀਰ ਸਾਹਿਬ ਜਵਾਬ ਦੇਣ ਦੀ ਕਿਰਪਾਲਤਾ ਕਰਨ । (Admitted The Minister concerned may please make a statement in this respect).

ਵਿਕਾਸ ਮੰਤਰੀ (ਕੈਪਟਨ ਰਤਨ ਸਿੰਘ) : ਇਹ ਗਲ ਠੀਕ ਹੈ ਕਿ 8 ਮਾਰਚ ਤੋਂ 24 ਮਾਰਚ ਤਕ, ਫੇਰ ਇਕ ਦਿਨ 28 ਮਾਰਚ ਨੂੰ ਦੁਧ ਖਰਾਬ ਹੋਇਆ ਸੀ ਇਸ ਦਾ ਕਾਰਨ ਇਹ ਸੀ ਕਿ ਉਸ ਵੇਲੇ ਚਿਲਿੰਗ ਫੈਸਲਿਟੀਜ਼ ਨਹੀਂ ਸਨ । ਹੁਣ ਇਕ ਪ੍ਰਾਜੈਕਟ ਲਗਾਇਆ ਹੈ ਅਤੇ ਉਮੀਦ ਹੈ ਕੋਈ ਹੁਣ ਸ਼ਕਾਇਤ ਨਹੀਂ ਆਵੇਗੀ । ਜੇ ਦੁਧ ਖਰਾਬ ਵੀ ਹੋ ਜਾਵੇ ਉਸ ਦਾ ਯਾ ਤਾਂ ਪਨੀਰ ਕਢ ਲਿਆ ਜਾਂਦਾ ਹੈ ਜਾਂ ਇਹ ਸੂਰਾਂ ਨੂੰ ਵੀ ਪਾਇਆ ਜਾਂਦਾ ਹੈ । ਬਾਹਰਲੇ ਮੁਲਕਾਂ ਵਿਚ ਇਸ ਤਰ੍ਹਾਂ ਦਾ ਖਰਾਬ ਹੋਇਆ ਦੁਧ ਸੂਰਾਂ ਨੂੰ ਆਮ ਪਾਇਆ ਜਾਂਦਾ ਹੈ ।

ਇਕ ਮਾਨਯੋਗ ਮੈਂਬਰ : ਇਹ ਸੂਰ ਕਿਸ ਨੇ ਰਖੇ ਹੋਏ ਹਨ ?

ਵਿਕਾਸ ਮੰਤਰੀ : ਇਹ ਵੀ ਸਰਕਾਰ ਨੇ ਹੀ ਰਖੇ ਹੋਏ ਹਨ ।

ਚੌਧਰੀ ਜਗਤ ਰਾਮ : (ਸਾਹਮਣੇ ਹਥ ਕਰਕੇ) ਔਹ ਵੇਖੋ ਜੀ, ਸਾਡੇ ਹੀ ਰਖੇ ਹੋਏ ਹਨ ।

ਸ੍ਰੀ ਸਪੀਕਰ : ਚੌਧਰੀ ਸਾਹਿਬ ਤੁਸੀਂ ਤਾਂ ਬਜ਼ੁਰਗ ਹੋ, ਪਲੀਜ਼ (Chaudhri Sahib, you are an elder Member, you should not behave like this).

ਵਿਕਾਸ ਮੰਤਰੀ : ਹੁਣ ਇਹ ਪ੍ਰਬੰਧ ਕਰ ਦਿਤਾ ਗਿਆ ਹੈ ਕਿ ਇਹ ਫਿਟੇ ਨਾਂ ਅਤੇ ਇਹ ਵੀ ਪ੍ਰਬੰਧ ਕੀਤਾ ਗਿਆ ਹੈ ਕਿ ਦੁਧ ਦੀ ਸਪਲਾਈ ਗਵਰਨਮੈਂਟ ਜਾਂ ਸੈਮੀ ਗਵਰਨਮੈਂਟ ਇਨਸਟੀਚੀਊਸ਼ਨਜ਼ ਨੂੰ ਹੁੰਦੀ ਰਹੇ ।

(Serial No. 105)

Shri Gurdial Saini : I beg to draw the attention of the Government towards a matter of urgent public importance, namely, large number of industrialists secured from the Government industry loans, but because of ignorance, they did not get their property/factories insured, with the result that the Government has imposed penal interest on them. This imposition of penal interest is harassment of industry in the State. The already hard-hit industry of the State will further suffer by the imposition of this penal interest—hence this Call Attention Motion.

ਸ੍ਰੀ ਸਪੀਕਰ : ਸਵੀਕਾਰ ਕੀਤੀ ਜਾਂਦੀ ਹੈ, ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । (Admitted. The Minister concerned may please make a statement).

(ਕ੍ਰਮ ਨੰ: 106)

ਸਰਦਾਰ ਗੁਰਦੇਵ ਸਿੰਘ ਬਾਦਲ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ ਅਰਥਾਤ, ਫਰੀਦਕੋਟ ਤੋਂ ਸੰਗਗਾ ਹੂਰ ਤਕ ਪਿੰਡ ਨੂੰ ਗੁਦਾਰਾ ਬਸ, ਸਮੁੰਦਰੀ ਬਸ ਲਗੀਆਂ ਸੀ ਪਰ ਹੁਣ ਰੁਕ ਗਈਆਂ ਹਨ ਲੋਕਾਂ ਵਿਚ ਬੜੀ ਬੇਚੈਨੀ ਹੈ ਸਰਕਾਰ ਤੁਰੰਤ ਚਾਲੂ ਕਰਕੇ ਲੋਕਾਂ ਦੀ ਬੇਚੈਨੀ ਨੂੰ ਰੋਕਿਆ ਜਾਵੇ ।

ਸ੍ਰੀ ਸਪੀਕਰ : ਪ੍ਰਵਾਨ ਕੀਤੀ ਜਾਂਦੀ ਹੈ, ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । (Admitted. The Minister concerned may please make a statement).

(ਕ੍ਰਮ ਨੰ: 108)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਖਰੜ ਟੈਕਸਟਾਇਲ ਮਿਲ ਖਰੜ ਦੇ ਜਰਨਲ ਸਟਾਫ ਦੇ ਸਾਰੇ ਹੀ ਕਰਮਚਾਰੀ 29 ਮਾਰਚ ਤੋਂ ਹੜਤਾਲ ਉਤੇ ਹਨ ਅਤੇ ਉਨ੍ਹਾਂ ਦੀ ਮੰਗ ਹੈ ਕਿ ਉਨ੍ਹਾਂ ਨੂੰ ਫਰਵਰੀ ਅਤੇ ਮਾਰਚ, 1972 ਦੀ ਤਨਖਾਹ ਦੁਵਾ ਦਿਤੀ ਜਾਵੇ ਜਿਸ ਦਾ ਵਾਹਦਾ ਮਿਲ ਮਾਲਕਾਂ ਨੇ ਕੀਤਾ ਸੀ ਇਹ ਦੁਖ ਦੀ ਗਲ ਹੈ ਕਿ ਪਿਛਲੇ ਦੋ ਮਹੀਨਿਆਂ ਤੋਂ ਇਨ੍ਹਾਂ ਕਰਮਚਾਰੀਆਂ ਨੂੰ ਤਨਖਾਹ ਨਹੀਂ ਦਿਤੀ ਗਈ ਸਰਕਾਰ ਦਾ ਧਿਆਨ ਇਸ ਮਾਮਲੇ ਵੱਲ ਦੁਵਾਇਆ ਜਾਂਦਾ ਹੈ ਅਤੇ ਸਰਕਾਰ ਨੂੰ ਧਿਆਨ ਦੇਣ ਲਈ ਕਿਹਾ ਜਾਂਦਾ ਹੈ ।

ਸ਼੍ਰੀ ਸਪੀਕਰ : ਪ੍ਰਵਾਨ ਕੀਤੀ ਜਾਂਦੀ ਹੈ, ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । (Admitted. The Minister concerned may please make a statement).

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਇਸ ਦਾ ਜਵਾਬ ਹੁਣੇ ਹੀ ਦੇ ਦਿੰਦਾ ਹਾਂ । ਜੋਸ਼ ਸਾਹਿਬ ਦੀ ਕਾਲ ਅਟੈਨਸ਼ਨ ਮੋਸ਼ਨ ਤੋਂ ਬਿਨਾਂ ਵੀ ਸਾਡੇ ਕੋਲ ਅਜਿਹੀਆਂ ਰਿਪੋਰਟਾਂ ਆਈਆਂ ਹਨ । ਅਸੀਂ ਉਹ ਦੋ ਮਹੀਨਿਆਂ ਦੀ ਤਨਖਾਹ ਜਲਦੀ ਤੋਂ ਜਲਦੀ ਦਿਵਾਵਾਂਗੇ ਅਤੇ ਹੋਰ ਖਰਾਬੀਆਂ ਵੀ ਦੂਰ ਕਰਾਂਗੇ ।

(ਥੰਪਿੰਗ)

(Serial No. 110)

Comrade Darshan Singh Canadian : I beg to draw the attention of the Government towards a matter of urgent public importance, namely. that on the evening of March 24th after a minor altercation between two persons the landlord of village Bhulewal Rathan attacked the Harijan Basti of the said village inflicting injuries on a number of people.

That next morning before the already harassed and beaten Harijans could reach the Thana at Mahilpur, ASI Jagdish Singh of the said Thana at the instance of the landlords culprits reached Bhulewal Rathan, called the Harijan leaders to the Tubewell of one of the landlords, beat them up mercilessly and let them go only when he received illegal gratification.

That the said Harijans of Bhulewal Rathan are still harassed and terrorised by the police and the landlords who are in league with each other.

In view of the urgent public importance of the matters the Minister concerned may be asked to make a statement on the matter in the House.

ਸ਼੍ਰੀ ਸਪੀਕਰ : ਪ੍ਰਵਾਨ ਕੀਤੀ ਜਾਂਦੀ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ । (Admitted. The Minister concerned may please make a statement),

(ਕ੍ਰਮ ਨੰ: 113)

ਕਾਮਰੇਡ ਜੰਗੀਰ ਸਿੰਘ ਜੋਗਾ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ, ਅਰਥਾਤ, ਸਰਕਾਰ ਨੇ ਅੰਗਰੇਜ਼ੀ ਸ਼ਰਾਬ ਦੇ ਠੇਕੇ ਨੀਲਾਮ ਕਰਨ ਦੀ ਥਾਂ ਇਸ ਸਾਲ ਤੋਂ ਇਕ ਨਵਾਂ ਸਿਸਟਮ ਚਾਲੂ ਕੀਤਾ ਹੈ ਜਿਸ ਅਨੁਸਾਰ ਇਕ ਮੁਕਰਰ ਕੀਤੀ ਫ਼ੀਸ ਭਰਨ ਵਾਲੇ ਕਿਸੇ ਵੀ ਆਦਮੀ ਨੂੰ ਅੰਗ੍ਰੇਜ਼ੀ ਸ਼ਰਾਬ ਦਾ ਠੇਕਾ ਦੇ ਦਿਤਾ ਜਾਂਦਾ ਹੈ। ਇਸ ਦਾ ਨਤੀਜਾ ਇਹ ਹੋਇਆ ਹੈ ਕਿ ਪੰਜਾਬ ਦੇ ਸ਼ਹਿਰਾਂ ਵਿਚ ਰਿਹਾਇਸ਼ੀ ਇਲਾਕਿਆਂ, ਸਕੂਲਾਂ, ਮੰਦਰਾਂ ਅਤੇ ਗੁਰਦਵਾਰਿਆਂ ਨੇੜੇ ਠੇਕੇ ਖੁਲ੍ਹ ਗਏ ਹਨ। ਇਸ ਨਾਲ ਲੋਕਾਂ ਵਿਚ ਬਹੁਤ ਬੇਚੈਨੀ ਹੈ। ਲੁਧਿਆਣੇ ਸ਼ਹਿਰ ਵਿਚ ਔਰਤਾਂ ਨੇ ਇਸ ਵਿਰੁਧ ਇਕ ਥਾਂ ਉਪਰ ਧਰਨਾ ਵੀ ਮਾਰਿਆ ਹੈ। ਮਸਲਾ ਗੰਭੀਰ ਹੈ ਅਤੇ ਸਰਕਾਰ ਨੂੰ ਇਸ ਸਦਨ ਵਿਚ ਆਪਣੀ ਨੀਤੀ ਸਪਸ਼ਟ ਕਰਨ ਲਈ ਆਖਿਆ ਜਾਵੇ।

ਸ੍ਰੀ ਸਪੀਕਰ : ਪ੍ਰਵਾਨ ਕੀਤੀ ਜਾਂਦੀ ਹੈ, ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ। (Admitted. The Minister concerned may please make a statement).

ਵਿਕਾਸ ਮੰਤਰੀ : ਸਪੀਕਰ ਸਾਹਿਬ, ਮੈਂ ਕਾਲ ਅਟੈਨਸ਼ਨ ਮੋਸ਼ਨ ਨੰ: 113 ਅਤੇ 120 ਦਾ ਜਵਾਬ ਪੜ੍ਹ ਦਿੰਦਾ ਹਾਂ ਕਿਉਂਕਿ ਉਹ ਵੀ ਇਸੇ ਸਬਜੈਕਟ ਤੇ ਹੈ।

The policy regarding issue of licences for Indian made foreign liquor has been changed to curb mal-practices especially the supply of adulterated and spurious liquor. Competition has been introduced instead of the monopolistic system. The rules with regard to suitable location of licensed vends have not been changed. The only change is that instead of holding auctions, licences are granted to eligible individuals or organisations. The L—2 vends are only for sale of liquor off the premises and no one is allowed to consume it there. The licensing authorities are required to ensure that the vends are situated at a reasonable distance from religious and educational institutions. If any licensing authority has violated the rule in any particular case. the matter can be enquired into and suitable action taken.

आचार्य पृथ्वी सिंह आजाद : क्या मंत्री महोदय यह बताने की कृपा करेंगे कि यह जो पुरानी पालीसी को बदल कर हजारों की तादाद में और कई स्थानों पर स्कूलों और मंदिरों के सामने जो नए ठेकों के लाइसेंस दिये गए हैं उनका जनता के चरित्र पर और जनता की सेहत पर बुरा असर नहीं पड़ेगा ? और अगर यह लाइसेंस केवल आमदनी बढ़ाने की दृष्टि से दिए गए हैं तो क्या सरकार फरेंच पालीसी के अनुसार गरीनहाउस भी खोलेगी ? (विघ्न)

ਵਿਕਾਸ ਮੰਤਰੀ : ਇਹ ਪਾਲਿਸੀ ਗਵਰਨਰੀ ਰਾਜ ਵਿਚ ਬਣੀ ਸੀ ਅਤੇ ਇਹ ਅਸੀਂ ਸਿਰਫ ਟਰਾਇਲ ਬੇਸਿਜ਼ ਤੇ ਲਾਗੂ ਕੀਤੀ ਹੈ। ਇਹ ਠੇਕੇ ਹਜ਼ਾਰਾਂ ਦੀ ਤਦਾਦ ਵਿਚ ਨਹੀਂ.. (ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ ਵਲੋਂ ਵਿਘਨ) ਘੱਟੋ ਘੱਟ ਮੈਂ ਤੁਹਾਡੇ ਤੋਂ ਇਹ ਐਕਸਪੈਕਟ ਨਹੀਂ ਸੀ ਕਰਦਾ ਕਿ ਬਾਤ ਦਾ ਬਤੰਗੜ ਬਣਾ ਦਿਉਗੇ। (ਥੰਪਿੰਗ) (ਵਿਘਨ) ਮੈਂ ਫਿਗਰਜ਼ ਦੇ ਰਿਹਾ ਹਾਂ। 3.4.72 ਤਕ ਇਹ ਸਾਰੇ ਠੇਕੇ 396 ਚਾਲੂ ਹੋਏ ਸੀ। ਕੁਲ 624

[ਵਿਕਾਸ ਮੰਤਰੀ]

ਸੈਂਕਸ਼ਨ ਹੋਏ ਸੀ ਪਰ ਬਾਕੀ ਦੇ ਰੂਲਜ਼ ਦੀ ਪ੍ਰੋਵੀਜ਼ਨਜ਼ ਨੂੰ ਪੂਰਿਆ ਨਹੀਂ ਸੀ ਕਰਦੇ ਇਸ ਲਈ ਚਾਲੂ ਸਿਰਫ 396 ਹੀ ਹੋਏ ਸ੍ਰੀ। ਸਪੀਕਰ ਸਾਹਿਬ, ਸਾਰਿਆਂ ਨੇ ਅਖਬਾਰਾਂ ਵਿਚ ਪੜ੍ਹ ਲਿਆ ਹੋਣਾ ਹੈ ਕਿ ਦਿੱਲੀ ਵਿਚ ਕਈ ਆਦਮੀ ਜ਼ਹਿਰੀਲੀ ਸ਼ਰਾਬ ਪੀਣ ਕਰਕੇ ਮਰ ਗਏ (ਵਿਘਨ) ਤੁਸੀਂ ਤਾਂ ਕਦੇ ਪੀਤੀ ਹੀ ਨਹੀਂ, ਜਿਨ੍ਹਾਂ ਨੇ ਪੀਤੀ ਹੈ ਉਨ੍ਹਾਂ ਨੂੰ ਪੁਛੋ। (ਹਾਸਾ)

ਸ੍ਰੀ ਸਪੀਕਰ : ਕੈਪਟਨ ਸਾਹਿਬ, ਕਦੇ ਉਨ੍ਹਾਂ ਨੂੰ ਪਿਲਾ ਹੀ ਦਿਓ।(ਹਾਸਾ) I would suggest to the hon. Minister Capt. Rattan Singh that he should serve drinks to the hon.Member sometime)(laughter)

ਇਕ ਮਾਨ ਯੋਗ ਮੈਂਬਰ : ਇਹ ਤਾਂ ਮਝਾਂ ਖਾ ਗਏ ਸਨ।

ਵਿਕਾਸ ਮੰਤਰੀ : ਮੇਰਾ ਖਿਆਲ ਹੈ ਇਹ ਚਮੜਾ ਲਾਹੁਣ ਦਾ ਕੰਮ ਹੀ ਕਰਦੇ ਹੋਣੇ ਨੇ। (ਵਿਘਨ) ਸਪੀਕਰ ਸਾਹਿਬ ਜਿਵੇਂ ਕਿ ਆਜ਼ਾਦ ਜੀ ਨੇ ਕਿਹਾ ਹੈ ਇਹ ਮਸਲਾ ਬੜਾ ਸੀਰੀਅਸ ਹੈ। ਸਾਡੀ ਸਰਕਾਰ ਇਹ ਨਹੀਂ ਚਾਹੁੰਦੀ ਕਿ ਲੋਕ ਜ਼ਿਆਦਾ ਸ਼ਰਾਬ ਪੀਣ। ਪਰ ਇਹ ਜ਼ਰੂਰ ਚਾਹੁੰਦੇ ਹਾਂ ਕਿ ਜੋ ਪੀਂਦੇ ਹਨ ਉਹ ਜ਼ਹਿਰ ਨਾ ਪੀਣ। ਮੈਂ ਤਾਂ ਆਪਣੇ ਮਹਿਕਮੇ ਵਾਲਿਆਂ ਨੂੰ ਕਹਿਣ ਵਾਲਾ ਹਾਂ ਕਿ ਉਹ ਹਰ ਬੋਤਲ ਦੇ ਲੇਬਲ ਤੇ ਲਿਖ ਦੇਣ ਕਿ ਇਹ ਜ਼ਹਿਰ ਹੈ। ਸਾਡੀ ਤਾਂ ਮਨਸ਼ਾ ਇਹ ਹੈ। ਪਰ ਤੁਸੀਂ ਇਸ ਨੂੰ ਕਿਸੇ ਹੋਰ ਤਰ੍ਹਾਂ ਵੇਖਦੇ ਹੋ।

STATEMENTS LAID ON THE TABLE OF THE HOUSE IN REPLY TO CALL ATTENTION NOTICES

ਸ੍ਰੀ ਸਪੀਕਰ : ਹੁਣ ਮੰਤਰੀ ਸਾਹਿਬ, ਕਾਲ ਅਟੈਨਸ਼ਨਾਂ ਦੇ ਜਵਾਬ ਹਾਊਸ ਦੀ ਮੇਜ਼ ਤੇ ਰਖਣਗੇ (Now a Minister will lay on the Table replies to Call Attention Notices).

ਬਿਜਲੀ ਅਤੇ ਸਿੰਜਾਈ ਮੰਤਰੀ : ਸਪੀਕਰ ਸਾਹਿਬ, ਮੈਂ ਧਿਆਨ ਦਿਵਾਊ ਮਤੇ ਨੰ: 20, 33 ਅਤੇ 47 ਦੇ ਉੱਤਰ ਸਦਨ ਦੀ ਮੇਜ਼ ਤੇ ਰਖਦਾ ਹਾਂ।

(ਕ੍ਰਮ ਨੰ: 20)

ਚੌਧਰੀ ਕੇਵਲ ਕ੍ਰਿਸ਼ਨ : ਮੈਂ ਸਰਕਾਰ ਦਾ ਧਿਆਨ ਇਕ ਲੋਕ ਮਹੱਤਤਾ ਦੇ ਜ਼ਰੂਰੀ ਮਾਮਲੇ ਵੱਲ ਦਿਵਾਵਾਂਗਾ, ਅਰਥਾਤ, ਪੰਜਾਬ ਵਿਚ ਚੀਨੀ ਦੀ ਵੰਡ ਦੇ ਬਾਰੇ ਭਾਰੀ ਵਿਤਕਰਾ ਹੋ ਰਿਹਾ ਹੈ। ਪਿੰਡਾਂ ਦੇ ਲੋਕਾਂ ਨੂੰ ਦੋ ਸੌ ਗ੍ਰਾਮ ਪ੍ਰਤੀ ਵਿਅਕਤੀ ਚੀਨੀ ਮਿਲਦੀ ਹੈ ਜਦੋਂ ਕਿ ਸ਼ਹਿਰਾਂ ਦੇ ਵਿਚ ਰਹਿਣ ਵਾਲੇ ਲੋਕਾਂ ਨੂੰ ਚੀਨੀ ਇਕ ਕਿਲੋ ਗ੍ਰਾਮ ਪ੍ਰਤੀ ਵਿਅਕਤੀ ਮਿਲ ਰਹੀ ਹੈ। ਆਜ਼ਾਦ ਭਾਰਤ ਵਿਚ ਪੰਜਾਬੀ ਪੇਂਡੂ ਭਰਾਵਾਂ ਨੂੰ ਘੱਟੀਆ ਦਰਜੇ ਦਾ ਨਾਗਰਿਕ ਸਮਝਣ ਦਾ ਡਰਾਮਾਂ ਤੁਰੰਤ ਬੰਦ ਹੋਣਾ ਚਾਹੀਦਾ ਹੈ। ਪਿੰਡਾਂ ਵਿਚ ਵਸਣ ਵਾਲੇ ਬਹਾਦੁਰ ਪੰਜਾਬੀ ਲਗਾਤਾਰ ਅਜਿਹੇ ਸਲੂਕ ਨੂੰ ਸਹਿਨ ਨਹੀਂ ਕਰ ਸਕਦੇ। ਸਸਤੇ ਦਰਾਂ ਤੇ ਦਿਤੀ ਜਾਣ ਵਾਲੀ ਚੀਨੀ ਦਾ ਰਾਸ਼ਨ ਸਾਰੀਆਂ ਲਈ ਇਕੋ ਜਿਹਾ ਕਰਨ ਬਾਰੇ ਸਰਕਾਰ ਸਦਨ ਵਿਚ ਆਪਣੀ ਨੀਤੀ ਸਪਸ਼ਟ ਕਰੇ।

State Minister for Food and Supplies : Controlled distribution of sugar was restarted w. e. f. 1st January, 1972 under the instructions of the Government of India. Punjab Government as a policy fixed the scale of sugar ration both for urban and rural areas at 1 Kg. per head per month and accordingly instructions were issued.

2. The Government of India allotted 5,580 tonnes of sugar quota to the State of Punjab for distribution both in urban and rural areas during January, 1972. Since this quota was quite insufficient, Government of India was approached to increase the quota to 13,400 tonnes which was based on the calculation of 1 Kg per head per month: Government of India did not allot the quota according to the demand of the State but raised it to only 6,500 tonnes from February, 1972.

3. The State Government stand committed to the principle of distribution of sugar in the rural as well as urban areas at the same scale as mentioned in Governor's address. Necessary arrangements are being made to implement this policy.

4. Government of India have again been approached to raise the quota of sugar of the State to 13,400 and the matter is being pursued with them so that we may be able to supply adequate quantity of sugar at controlled price.

[ਭਾਰਤ ਸਰਕਾਰ ਦੀ ਹਦਾਇਤਾਂ ਅਧੀਨ ਖੰਡ ਦਾ ਕੰਟਰੋਲ ਫੇਰ 1 ਜਨਵਰੀ, 1972 ਤੋਂ ਚਾਲੂ ਕੀਤਾ ਗਿਆ । ਪੰਜਾਬ ਸਰਕਾਰ ਨੇ ਪਾਲਿਸੀ ਦੇ ਤੌਰ ਤੇ ਪੇਂਡੂ ਅਤੇ ਸ਼ਹਿਰੀ ਇਲਾਕਿਆਂ ਲਈ ਇਕ ਕਿਲੋ ਪ੍ਰਤੀ ਜੀਅ ਪ੍ਰਤੀ ਮਾਸਕ ਕੋਟਾ ਨਿਸਚਿਤ ਕੀਤਾ ਅਤੇ ਇਸ ਬਾਰੇ ਹਦਾਇਤਾਂ ਜਾਰੀ ਕੀਤੀਆਂ ਗਈਆਂ ।

2. ਭਾਰਤ ਸਰਕਾਰ ਨੇ 5,580 ਟਨ ਖੰਡ ਦਾ ਕੋਟਾ ਜਨਵਰੀ, 1972 ਲਈ ਪੇਂਡੂ ਅਤੇ ਸ਼ਹਿਰੀ ਇਲਾਕਿਆਂ ਵਿਚ ਵੰਡਣ ਲਈ ਅਲਾਟ ਕੀਤਾ ਕਿਉਂਕਿ ਇਹ ਕੋਟਾ ਕਾਫੀ ਨਹੀਂ ਸੀ, ਭਾਰਤ ਸਰਕਾਰ ਨੂੰ 13,400 ਟਨ ਖੰਡ ਦੇਣ ਲਈ ਬੇਨਤੀ ਕੀਤੀ ਗਈ ਜਿਹੜਾ ਕਿ ਇਕ ਕਿਲੋ ਪ੍ਰਤੀ ਜੀਅ ਪ੍ਰਤੀ ਮਾਸਕ ਦੇ ਆਧਾਰ ਤੇ ਸੀ । ਭਾਰਤ ਸਰਕਾਰ ਨੇ ਪੰਜਾਬ ਸਰਕਾਰ ਦੀ ਮੰਗ ਅਨੁਸਾਰ ਕੋਟਾ ਨਾ ਵਧਾਇਆ ਪਰ 6500 ਟਨ ਫਰਵਰੀ, 1972 ਤੋ ਕਰ ਦਿੱਤਾ ।

3. ਪੰਜਾਬ ਸਰਕਾਰ ਪੇਂਡੂ ਅਤੇ ਸ਼ਹਿਰੀ ਇਲਾਕਿਆਂ ਲਈ ਕੋਟਾ ਦੇਣ ਲਈ ਵਚਨ-ਬੱਧ ਹੈ ਜਿਸ ਤਰ੍ਹਾਂ ਕਿ ਰਾਜਪਾਲ ਦੇ ਭਾਸ਼ਨ ਵਿਚ ਵਰਨਣ ਕੀਤਾ ਗਿਆ ਸੀ। ਇਸ ਨੀਤੀ ਨੂੰ ਅਮਲੀ ਰੂਪ ਵਿਚ ਦੇਣ ਲਈ ਜਰੂਰੀ ਬੰਦੋਬਸਤ ਕੀਤਾ ਜਾ ਰਿਹਾ ਹੈ ।

ਭਾਰਤ ਸਰਕਾਰ ਨੂੰ ਫਿਰ ਬੇਨਤੀ ਕੀਤੀ ਗਈ ਹੈ ਕਿ ਇਸ ਰਾਜ ਲਈ ਖੰਡ ਦਾ ਕੋਟਾ 13,400 ਟਨ ਕੀਤਾ ਜਾਏ ਅਤੇ ਇਸ ਮੁਆਮਲੇ ਦੀ ਪੈਰਵਾਈ ਕੀਤੀ ਜਾ ਰਹੀ ਹੈ ਤਾਂ ਕਿ ਅਸੀਂ ਖੰਡ ਦੀ ਮੁਨਾਸਬ ਮਿਕਦਾਰ ਕੰਟਰੋਲ ਰੇਟ ਤੇ ਦੇ ਸਕੀਏ ।]

(Serial No. 33)

[Irrigation & Power Minister]

1. Comrade Raj Kumar Dhariwal
2. Comrade Dana Ram
3. Comrade Mehtab Singh
4. Comrade Saggar Singh
5. Comrade Achhra Singh
6. Comrade Jangir Singh Joga

to draw the attention of the Government towards a matter of urgent public importance, namely, that in the State unlike previous periods of control on sugar Government has not as yet introduced system of supplying Sugar for marriages, Social and religious ceremonies etc. through appointed Depot holders on special permit. As a result of this people in the State have to undergo fleecing in Private Market by traders because of high price of free scale sugar.

There is great discontentment among Middle and Poorer sections of population in the rural as well as urban areas.

In view of the urgent public importance of the matter the Government may please be asked to make a statement in the House.

State Minister for Food and Supplies : In view of the anticipated low production of sugar during 1971-72 and rising trend of prices, Government of India re-introduced policy of partial control with effect from 1st January, 1972. After negotiations with the representatives of the Sugar Factories, Central Government took over 60% of the total production for controlled distribution and released the remaining 40 Per cent for sale in the open market.

2. Against the demand of 13,400 tonnes of sugar for distribution amongst domestic consumers through cards at the scale of 1 Kg per head per month, the Government of India have fixed the sugar quota of the State at 6,500 tonnes and the efforts made by the State Government to get the quota increased have not so far been fruitful but still Government is making all out efforts in this regard. On account of the inadequate quota of sugar the Government of India have advised the State Government that the sugar ear-marked for controlled distribution should only be distributed against cards. In view of the fact that sugar quota of the State even for distribution against cards and sugar is also available in the free market, it is not possible to issue sugar for special occasions like marriages and other social/religious ceremonies.

As and when sugar quota is increased, after meeting domestic consumers' demands, Government will certainly consider favourably the demands for sugar for marriages and other social/religious ceremonies.

[1971–72 ਵਿਚ ਖੰਡ ਦੀ ਪੈਦਾਵਾਰ ਘਟ ਹੋਣ ਦੇ ਕਾਰਨ ਅਤੇ ਕੀਮਤਾਂ ਦੇ ਚੜ੍ਹਨ ਦੇ ਕਾਰਨ ਭਾਰਤ ਸਰਕਾਰ ਨੇ 1 ਜਨਵਰੀ, 1972 ਤੋਂ ਖੰਡ ਦਾ ਪਾਰਸ਼ਲ ਕੰਟਰੋਲ ਕੀਤਾ। ਸ਼ੂਗਰ ਮਿਲਾਂ ਦੇ ਨੁਮਾਇੰਦਿਆਂ ਨਾਲ ਗੱਲ ਬਾਤ ਕਰਨ ਤੋਂ ਬਾਅਦ ਭਾਰਤ ਸਰਕਾਰ ਨੇ ਖੰਡ ਦੀ ਕੁਲ ਪੈਦਾਵਾਰ ਦਾ 60 ਪ੍ਰਤੀਸਤ ਕੰਟਰੋਲ ਵੰਡ ਲਈ ਅਤੇ ਬਾਕੀ 40 ਪ੍ਰਤੀਸ਼ਤ ਖੁਲੀ ਖੰਡ ਵਚਨ ਲਈ ਕਬਜ਼ਾ ਕੀਤਾ।

2. ਪੰਜਾਬ ਦੇ ਲੋਕਾਂ ਨੂੰ ਘਰੇਲੂ ਵਰਤੋਂ ਲਈ ਇਕ ਕਿਲੋ ਪ੍ਰਤੀ ਜੀਅ ਪ੍ਰਤੀ ਮਾਸਿਕ ਦੇਣ ਲਈ 13,400 ਟਨ ਖੰਡ ਦੀ ਲੋੜ ਹੈ ਪਰ ਭਾਰਤ ਸਰਕਾਰ ਨੇ ਕੇਵਲ 6500 ਟਨ ਖੰਡ ਦਾ ਕੋਟਾ ਪੰਜਾਬ ਸਰਕਾਰ ਲਈ ਨਿਸਚਿਤ ਕੀਤਾ। ਕੋਸ਼ਿਸ਼ ਕਰਨ ਦੇ ਬਾਵਜੂਦ ਕੋਟਾ ਵਧਣ ਦੀ ਕੋਈ ਸੰਭਾਵਨਾ ਨਹੀਂ ਪਰ ਫੇਰ ਵੀ ਸਰਕਾਰ ਇਸ ਸਬੰਧ ਵਿਚ ਕੋਸ਼ਿਸ਼ ਕਰ ਰਹੀ ਹੈ। ਖੰਡ ਦੇ ਕੋਟੇ ਦੇ ਘੱਟ ਹੋਣ ਦੇ ਕਾਰਨ ਭਾਰਤ ਸਰਕਾਰ ਨੇ ਪੰਜਾਬ ਸਰਕਾਰ ਨੂੰ ਸਲਾਹ ਦਿਤੀ ਹੈ ਕਿ ਖੰਡ ਜੋ ਕੰਟਰੋਲ ਭਾਅ ਤੇ ਵੰਡਨ ਲਈ ਮੁਕਰਰ ਹੋਈ ਹੈ ਉਹ ਸਿਰਫ ਕਾਰਡਾਂ ਤੇ ਹੀ ਵੰਡਾ ਜਾਵੇ। ਇਨ੍ਹਾਂ ਹਾਲਾਤ ਦੇ ਅਨੁਸਾਰ ਖੰਡ ਦਾ ਕੋਟਾ ਕਾਰਡਾਂ ਰਾਹੀਂ ਜੋ ਵੰਡਿਆਂ ਜਾਂਦਾ ਹੈ ਘਟ ਹੈ ਅਤੇ ਖੰਡ ਖੁਲੀ ਮਾਰਕਿਟ ਵਿਚ ਵੀ ਮਿਲ ਰਹੀ ਹੈ। ਇਸ ਕਰਕੇ ਖੰਡ ਖਾਸ ਮੌਕਿਆਂ ਸਮਾਜੀ, ਸ਼ਾਦੀਆਂ ਅਤੇ ਦੂਸਰੇ ਖਾਸ ਮੌਕੇ ਧਾਰਮਕ ਸੰਸਕਾਰਾਂ ਲਈ ਨਹੀਂ ਦਿਤੀ ਜਾ ਸਕਦੀ।

ਜਦੋਂ ਖੰਡ ਦਾ ਕੋਟਾ ਘਰੇਲੂ ਖਪਤਕਾਰਾਂ ਦੀ ਮੰਗ ਤੋਂ ਵਧ ਗਿਆ ਸਰਕਾਰ ਸ਼ਾਦੀਆਂ ਲਈ ਅਤੇ ਦੂਸਰੇ ਧਾਰਮਕ ਸੰਸਕਾਰਾਂ ਲਈ ਖੰਡ ਦੇਣ ਲਈ ਵਿਚਾਰ ਕਰੇਗੀ।

Call Attention Notice No. 47

Doctor Amir Singh Kalkat: I beg to draw the attention of the Government towards a matter of urgent Public Importance namely the Punjab State Electricity Board is demanding from all the consumers of electricity of this State an additional Security of Rs. 20 per consumer, over and above the security already deposited with the Board. This is causing great resentment amongst the consumers in the State. Hence this Call Attention Motion.

Minister for Irrigation and Power: The Punjab State Electricity Board has revised the rates of security deposit from various categories of consumers with effect from 26th April, 1971 :—

Security deposit towards payments of energy bills

(i) Domestic and Commercial Supply.	Rs. 20 per Kw of load applied/connected or part thereof.
(ii) Agricultural and Cottage Industrial Supply.	Rs. 10 per Kw of load applied/connected or part thereof.
(iii) Small power and Medium power supply.	Rs 20 per Kw of load applied/connected or part thereof.
(iv) Large supply, Bulk supply and street Lighting supply.	Rs 40 per Kw of load applied/connected or part thereof.

(b) Security for meters

(i) For domestic and commercial supply.	Rs 20 per meter.
(ii) For Industrial and Agricultural and Street Lighting supply up to 30 Kw.	Rs 50 „ „

[Irrigation and Power Minister]

(iii) For medium Industrial power supply, Bulk supply and Street lighting consumers above 20 Kw and up to 100 Kw.	Rs 100 per meter
(iv) For Industrial Bulk Supply consumers above 100 Kw.	Rs 500 per meter

Prior to that the rate of security was Rs 10 per Kw of connected load or part thereof in the case of domestic, commercial consumers, Agricultural and Cottage Industrial supply and Rs 20 per Kw or part thereof in the case of Industrial supply and Bulk Supply consumers plus the following amount per meter :—

(i) For domestic and Commercial supply.	Rs 10
(ii) For Industrial and Agricultural supply upto 20 Kw.	Rs 25
(iii) For Medium Industrial supply and Bulk Supply above 20 Kw. and upto 100 Kw.	Rs 50
(iv) For Industrial and Bulk supply above 100 Kw.	Rs 100

The Security at revised rates is not obtained by the Board from the existing Industrial, Bulk Supply and Street Lighting consumers. From these categories the security at revised rates is being recovered from the new applicants only. However, the security at revised rates is being obtained from the existing domestic and Commercial consumers on the grounds that with effect from 1st August, 1970 the Board has started the bi-monthly billing system in their case only. As such, to safeguard the interest of the Board against the payment of the energy bills, the Board has to enhance the security deposit rate from Rs 10 per Kw. to 20 Kw. Security deposit at revised rates for the meters is not being recovered from the existing domestic and commercial consumers. Even in the case of security deposits against energy bills the balance amount is recovered from these consumers in four monthly instalments. As such, this does not cause hardship to these consumers, and become a cause of resentment. The Board under clause VI to the schedule of Indian Electricity Act, 1910, is competent to enhance the security if the same become invalid or insufficient.

ਸ੍ਰੀ ਸਪੀਕਰ : ਹੁਣ ਸੈਕਟਰੀ ਸਾਹਿਬ ਅਨਾਊਂਸਮੈਂਟ ਕਰਨਗੇ । (ਸ਼ੋਰ) (ਵਿਘਨ) (Now the Secretary will make an announcement.)

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਮੈਂ ਕਾਲ ਅਟੈਨਸ਼ਨ ਨੋਟਿਸ ਦਿਤਾ ਸੀ (ਸ਼ੋਰ) (ਵਿਘਨ)

ਸ੍ਰੀ ਸਪੀਕਰ : ਤੁਸੀਂ ਚੈਂਬਰ ਵਿਚ ਆ ਜਾਣਾ, ਉਥੇ ਡਿਸਕਸ ਕਰ ਲਵਾਂਗੇ । (Please come to my Chamber, we will go over this matter there.)

ਸਰਦਾਰ ਗੁਰਦੇਵ ਸਿੰਘ ਬਾਦਲ : ਜਨਾਬ, ਮੇਰੀ ਵੀ ਕਾਲ ਅਟੈਨਸ਼ਨ ਮੋਸ਼ਨ ਸੀ । (ਵਿਘਨ)

ਸ੍ਰੀ ਸਪੀਕਰ : ਤੁਸੀਂ ਵੀ ਚੈਂਬਰ ਵਿਚ ਆ ਜਾਣਾ, ਉਥੇ ਗੱਲ ਕਰ ਲਵਾਂਗੇ । (You too, may please come to my Chamber, for the purpose).

ਗਿਆਨੀ ਕੁੰਦਨ ਸਿੰਘ ਪਤੰਗ : (ਸ਼ੋਰ) (ਵਿਘਨ) ਸਾਡੇ ਧਿਆਨ ਦਿਵਾਊ ਮਤੇ ਕੱਟੇ ਜਾ ਰਹੇ ਹਨ । ਸਾਡੇ ਨਾਲ ਬੇਇਨਸਾਫੀ ਹੋ ਰਹੀ ਹੈ ।

ਸ੍ਰੀ ਸਪੀਕਰ : ਗਿਆਨੀ ਜੀ, ਰੂਲ ਪੜ੍ਹੋ, ਅਤੇ ਉਸ ਦੇ ਮੁਤਾਬਿਕ ਮਤਾ ਦਿਉ । (Giani ji, Call Attention Notices should be tabled according to the provisions of the rules).

ਸ੍ਰੀ ਯਸ਼ ਪਾਲ : ਮੇਰੀ ਕਾਲ ਅਟੈਨਸ਼ਨ ਮੋਸ਼ਨ ਨੰ. 23 ਦਾ ਜਵਾਬ ਦਿਵਾਇਆ ਜਾਵੇ ।

ਸ੍ਰੀ ਸਪੀਕਰ : ਵਜ਼ੀਰ ਸਾਹਿਬ, ਜਵਾਬ ਦੇਣ ਦਾ ਯਤਨ ਕਰਨਗੇ । (The hon. Minister concerned will try to give a reply to Call Attention Notice No. 23.)

ਸ੍ਰੀ ਪਿਆਰਾ ਰਾਮ ਧੰਨੋਵਾਲੀ : ਆਨ ਏ ਪੁਆਇੰਟ ਆਫ ਆਰਡਰ, ਸਰ । ਕੀ ਸਪੀਕਰ ਸਾਹਿਬ ਇਸ ਗੱਲ ਤੇ ਰੂਲਿੰਗ ਦੇਣਗੇ ਕਿ ਇਹ ਜਿਹੜੇ ਮੇਰੇ ਜਥੇਦਾਰ ਭਰਾ ਇਥੇ ਬੈਠੇ ਹਨ ਇਨ੍ਹਾਂ ਨੂੰ ਹਿਸਾਬ ਨਹੀਂ ਆਉਂਦਾ, ਇਨ੍ਹਾਂ ਲਈ ਕਲਾਸਾਂ ਲਾਉਣ ਦਾ ਪਰਬੰਧ ਕਰਨਗੇ ?

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (ਸ਼ੋਰ) (ਵਿਘਨ) ਧੰਨੋਵਾਲੀ ਸਾਹਿਬ, ਤੁਹਾਨੂੰ ਇਹੋ ਜਿਹੇ ਸ਼ਬਦ ਨਹੀਂ ਕਹਿਣੇ ਚਾਹੀਦੇ । (ਸ਼ੋਰ) ਹੁਣ ਸਕੱਤਰ ਸਾਹਿਬ ਅਨਾਊਂਸਮੈਂਟ ਕਰਨ । (This is no point of order. *(Noise)* *(Interruption)* Dhannowali Sahib you should not use such words. *(Noise)* Now the Secretary will make an announcement.)

ANNOUNCEMENT BY THE SECRETARY

Secretarry : Sir, I beg to lay on the Table of the House a statement showing the Bills which were passed by the Punjab Vidhan Sabha during its current Session and which have since been assented to by the Governor.

Statement showing the Bills which have been passed by the Punjab Vidhan Sabha during its current Session 1972, and which have since been assented to by the Governor.

1. The Punjab Appropriation (Vote-on-Account) Bill, 1972.
2. The Punjab Appropriation Bill, 1972.

LEGISLATIVE BUSINESS

THE PUNJAB CONSOLIDATION OF LAND PROCEEDINGS (VALIDATION) BILL, 1972

Education and Revenue Minister (Sardar Umrao Singh) : Sir, I beg to introduce the Punjab Consolidation of Land Proceedings (Validation) Bill, 1972.

Education and Revenue Minister : Sir, I beg to move—

> That the Punjab Consolidation of Land Proceedings (Validation) Bill be taken into consideration at once.

Mr. Speaker : Motion moved—

> That the Punjab Consolidation of Land Proceedings (Validation) Bill be taken into consideration at once

ਸਿੱਖਿਆ ਮੰਤਰੀ (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਇਹ ਜਿਹੜਾ ਬਿਲ ਹੈ ਇਹ ਬੜਾ ਛੋਟਾ ਜਿਹਾ ਬਿਲ ਹੈ ਔਰ ਇਸ ਦਾ ਮਕਸਦ ਸਿਰਫ ਐਨਾ ਹੀ ਹੈ ਕਿ 1957 ਵਿਚ ਸਦਨ ਵਿਚ ਬਿਲ ਪਾਸ ਹੋਇਆ ਸੀ ਜਿਸ ਵਿਚ ਕਾਮਨ ਪੂਲ ਵਿਚ ਜ਼ਮੀਨਾਂ ਛਡੀਆਂ ਜਾਂਦੀਆਂ ਸਨ । ਪਿੰਡਾਂ ਵਿਚ ਜਿਥੇ ਜੋ ਮੁਰੱਬਾ ਬੰਦੀ ਹੁੰਦੀ ਹੈ ਉਥੇ ਜੋ ਸਕੀਮ ਬਣਦੀ ਹੈ ਉਸ ਨੂੰ ਲੀਗਾਲਈਜ਼ ਕੀਤਾ ਜਾਏ । ਪੰਜਾਬ ਵਿਚ ਮੁਰੱਬਾ ਬੰਦੀ ਹੋ ਚੁਕੀ ਹੈ। ਸਾਰੇ ਪਿੰਡਾਂ ਵਿਚ ਸਕੀਮ ਦੇ ਮੁਤਾਬਿਕ ਸਾਂਝੇ ਕੰਮ ਵਾਸਤੇ ਇਹ ਜ਼ਮੀਨਾਂ ਛਡੀਆਂ ਗਈਆਂ । ਇਸ ਦੇ ਖ਼ਲਾਫ ਪਿੰਡਾਂ ਵਿਚ ਰਿਟਾਂ ਕੀਤੀਆਂ ਗਈਆਂ ਔਰ ਉਸ ਵਿਚ ਕੇਹਰ ਸਿੰਘ ਵਰਸਿਜ਼ ਸਟੇਟ ਪੰਜਾਬ ਦੇ ਕੇਸ ਵਿਚ ਹਾਈ ਕੋਰਟ ਨੇ ਇਹ ਅਪ-ਹੋਲਡ ਕਰ ਦਿਤਾ ਕਿ ਜਿੰਨੀਆਂ ਵੀ ਕਾਮਨ ਪੂਲ ਲਈ ਜ਼ਮੀਨਾਂ ਛੱਡੀਆਂ ਗਈਆਂ ਹਨ ਉਹ-ਇਨਵੈਲਿਡ ਹਨ । ਇਸ ਤਰ੍ਹਾਂ ਕਰਕੇ ਜਿਸ ਮਕਸਦ ਵਾਸਤੇ ਸਾਰੀਆਂ ਜ਼ਮੀਨਾਂ ਛਡੀਆਂ ਗਈਆਂ ਸਨ ਉਹ ਮਕਸਦ ਫੌਤ ਹੋ ਗਿਆ । ਫਿਰ ਪੰਜਾਬ ਸਰਕਾਰ ਵਲੋਂ ਇਸ ਤੇ ਸੁਪਰੀਮ ਕੋਰਟ ਵਿਚ ਅਪੀਲ ਕੀਤੀ ਗਈ । ਸੁਪਰੀਮ ਕੋਰਟ ਨੇ ਕਾਮਨ ਪੂਲ ਵਾਲੀ ਸਕੀਮ ਨੂੰ ਬਰਕਰਾਰ ਰਖਿਆ । ਇਸ ਫ਼ੈਸਲੇ ਨਾਲ ਹਾਈ ਕੋਰਟ ਦਾ ਫੈਸਲਾ ਰਿਜੈਕਟ ਹੋ ਗਿਆ । ਇਸ ਤੋਂ ਬਾਅਦ ਉਰਿਜਨਲ ਪੁਜ਼ੀਸ਼ਨ ਬਹਾਲ ਹੋ ਗਈ । ਹੋਰ ਵੀ ਬਹੁਤ ਸਾਰੇ ਪਿੰਡ ਅਜਿਹੇ ਹਨ ਜਿਨ੍ਹਾਂ ਨੇ ਹਾਈ ਕੋਰਟ ਵਿਚ ਅਪੀਲਾਂ ਕੀਤੀਆਂ ਸਨ ਅਤੇ ਮਨਜ਼ੂਰ ਹੋ ਗਈਆਂ ਸਨ । ਪਰ ਸੁਪਰੀਮ ਕੋਰਟ ਦੇ ਫੈਸਲੇ ਦੇ ਮੁਤਾਬਿਕ ਉਹ ਅਪੀਲਾਂ ਵੀ ਖਤਮ ਹੋ ਗਈਆਂ ਅਤੇ ਜੋ ਜ਼ਮੀਨਾਂ ਕਾਮਨ ਪੂਲ ਵਾਸਤੇ ਰਖੀਆਂ ਗਈਆਂ ਸਨ ਉਹ ਵੈਲਿਡ ਰਹੀਆਂ । ਇਸ ਕਰਕੇ ਇਹ ਬਿਲ ਲਿਆਂਦਾ ਗਿਆ ਹੈ ਜਿਸ ਦੇ ਮੁਤਾਬਿਕ ਜੋ ਰਿਟਾਂ ਹਾਈ ਕੋਰਟ ਵਿਚ ਹੁੰਦੀਆਂ ਸਨ ਉਹ ਫੈਸਲੇ, ਡਿਗਰੀਆਂ ਇਨਵੈਲਿਡ ਹੋ ਜਾਣ । ਔਰ ਅਸਲ ਪੁਜ਼ੀਸ਼ਨ ਕਨਸੋਲੀਡੇਸ਼ਨ ਦੀ ਕਾਮਨ ਪੂਲ ਲੈਂਡ ਦੇ ਮੁਤਅੱਲਕ ਬਹਾਲ ਹੋ ਜਾਵੇ ਅਤੇ ਪਿੰਡਾਂ ਵਿਚ ਵਿਕਾਸ ਦਾ ਕੰਮ ਪੰਚਾਇਤਾਂ, ਜਾਰੀ ਰਖ ਸਕਣ ।

ਸਰਦਾਰ ਸੁਰਜੀਤ ਸਿੰਘ (ਬਰਨਾਲਾ) ਸਪੀਕਰ ਸਾਹਿਬ, ਵੈਲੀਡੇਸ਼ਨ ਦੇ ਵਾਸਤੇ ਇਸ ਬਿਲ ਦਾ ਲਿਆਉਣਾ ਜ਼ਰੂਰੀ ਸੀ । ਮੈਂ ਇਸ ਬਿਲ ਦੇ ਬਾਰੇ ਕੁਝ ਕਹਿਣਾ ਨਹੀਂ ਚਾਹੁੰਦਾ ਸੀ ਕਿਉਂਕਿ ਖਾਸ ਬਾਤ ਤਾਂ ਇਸ ਬਿਲ ਦੇ ਅੰਦਰ ਨਹੀਂ ਪਰ ਮੈਂ ਚੀਫ ਮਨਿਸਟਰ ਸਾਹਿਬ ਦੀ ਤਵੱਜੋ ਇਸ ਗੱਲ ਵਲ ਦਿਵਾਉਣੀ ਚਾਹੁੰਦਾ ਹਾਂ ਕਿ ਇਸ ਦਾ ਕਾਰਨ ਕੀ ਹੈ ਕਿ ਇਹ ਮੁੜ ਮੁੜ ਵੈਲੀਡੇਸ਼ਨ ਦੇ ਬਿਲਜ਼ ਲਿਆਉਣੇ ਪੈਂਦੇ ਹਨ । ਕਾਰਨ ਸਪੀਕਰ ਸਾਹਿਬ ਇਸ ਦਾ ਇਹ ਹੈ ਕਿ ਹਾਈ ਕੋਰਟ ਵਿਚ ਜੋ ਕੇਸ ਕੰਡਕਟ ਕੀਤੇ ਜਾਂਦੇ ਹਨ ਉਸ ਤਰੀਕੇ ਨਾਲ ਕੰਡਕਟ ਨਹੀਂ ਹੁੰਦੇ ਜਿਸ ਤਰੀਕੇ ਨਾਲ ਕੰਡਕਟ ਹੋਣੇ ਚਾਹੀਦੇ ਹਨ । ਇਸ ਲਈ ਮੈਂ ਦਸਣਾ ਚਾਹੁੰਦਾ ਹਾਂ ਕਿ ਆਮ ਤੌਰ ਤੇ ਐਡਵੋਕੇਟ ਜਨਰਲ ਸਾਹਿਬ ਤਾਂ ਉਹ ਕੇਸ ਆਪ ਲੈਂਦੇ ਹਨ ਜਿਥੇ ਇਕੋ ਪੁਆਇੰਟ ਉਤੇ ਕਈ ਕਈ ਰਿਟਾਂ, ਸੌ ਤੋਂ ਵੀ ਵਧ, ਹੁੰਦੀਆਂ ਹਨ ਤਾ ਇਕੋ ਫੈਸਲੇ ਨਾਲ ਸਾਰੇ ਕੇਸਾਂ ਦਾ ਫੈਸਲਾ ਹੋ ਜਾਵੇ ਅਤੇ ਫੀਸ ਵੀ ਕਾਫੀ ਬਣ ਜਾਵੇ । ਇਹ ਜਿਹੜਾ ਸਾਧਾਰਨ ਕੇਸ ਕੇਹਰ ਸਿੰਘ ਵਾਲਾ ਹੈ, ਇਹੋ ਜਿਹੇ ਕੇਸ ਪਰਾਈਵੇਟ ਕੌਂਸਲ ਨੂੰ ਦੇ ਦਿਤੇ ਜਾਂਦੇ ਹਨ । ਮੈਂ ਇਹ ਨਹੀਂ ਕਹਿੰਦਾ ਕਿ ਪਰਾਈਵੇਟ ਕੌਂਸਲ ਕੰਪੀਟੈਂਟ ਨਹੀਂ ਹਨ ਜਾਂ ਠੀਕ ਤਰੀਕੇ ਨਾਲ ਕੇਸ ਨੂੰ ਪੇਸ਼ ਨਹੀਂ ਕਰ ਸਕਦੇ । ਕਾਰਨ ਇਹ ਹੁੰਦਾ ਹੈ ਕਿ ਸਮਾਂ ਪੂਰਾ ਨਹੀਂ ਦਿੱਤਾ ਜਾਂਦਾ । ਮੇਰਾ ਜ਼ਾਤੀ ਤਜਰਬਾ ਹੈ ਕਿ ਮਹਿਜ਼ ਇਕ ਦਿਨ ਪਹਿਲਾਂ ਜਿਸ ਦਿਨ ਕੇਸ ਲਗਿਆ ਹੁੰਦਾ ਹੈ, ਉਸ ਦਿਨ ਵੀ ਸ਼ਾਮ ਨੂੰ ਅੱਠ ਵਜੇ ਦੇ ਕਰੀਬ ਕੇਸ ਵਕੀਲ ਕੋਲ ਪਹੁੰਚਦਾ ਹੈ । ਸਵੇਰ ਨੂੰ ਕੇਸ ਲਗਿਆ ਹੁੰਦਾ ਹੈ । ਵਕੀਲ ਕੋਲ ਹੋਰ ਕੰਮ ਵੀ ਹੁੰਦਾ ਹੈ ਇਸ ਕਾਰਨ ਉਹ ਕੇਸ ਵਲ ਆਪਣਾ ਪੂਰਾ ਧਿਆਨ ਨਹੀਂ ਦੇ ਸਕਦਾ । ਇਸ ਤਰ੍ਹਾਂ ਨਾਲ ਅਦਾਲਤ ਵਿਚ ਉਸ ਕੇਸ ਦੀ ਮੁਨਾਸਿਬ ਤਰੀਕੇ ਨਾਲ ਪੈਰਵੀ ਨਹੀਂ ਹੁੰਦੀ। ਇਸ ਕਰਕੇ ਹੀ ਬਹੁਤ ਸਾਰੇ ਸਰਕਾਰੀ ਕੇਸ ਫੇਲ ਹੋ ਜਾਂਦੇ ਹਨ ।

ਇਸ ਸਬੰਧੀ ਮੇਰਾ ਸੁਝਾਓ ਹੈ ਕਿ ਸਰਕਾਰੀ ਕੇਸਾਂ ਦੀ ਕੰਡਕਟਿੰਗ ਦਾ ਜੋ ਡਿਪਾਰਟ-ਮੈਂਟ ਹੈ ਅਤੇ ਐਡਵੋਕੇਟ ਜਨਰਲ ਸਾਹਿਬ ਨੂੰ ਹਦਾਇਤ ਜਾਰੀ ਕੀਤੀ ਜਾਵੇ ਕਿ ਜੋ ਕੇਸ ਪਰਾਈਵੇਟ ਕੌਂਸਲ ਨੂੰ ਭੇਜੇ ਜਾਣ ਉਹ ਤਿੰਨ ਦਿਨ ਪਹਿਲਾਂ ਉਨ੍ਹਾਂ ਨੂੰ ਭੇਜੇ ਜਾਣੇ ਚਾਹੀਦੇ ਹਨ ਕਿਉਂਕਿ ਕਈ ਵਾਰੀ ਕਿਤਾਬਾਂ ਉਸ ਦੀ ਲਾਇਬਰੇਰੀ ਵਿਚ ਨਹੀਂ ਹੁੰਦੀਆਂ ਅਤੇ ਉਸ ਨੂੰ ਹਾਈ ਕੋਰਟ ਦੀ ਲਾਇਬ੍ਰੇਰੀ ਵਿਚ ਕਿਤਾਬਾਂ ਮਿਲਦੀਆਂ ਹਨ । ਇਸ ਲਈ ਪਰਾਈਵੇਟ ਕੌਂਸਲ ਨੂੰ ਕੇਸ ਵਾਸਤੇ ਮੁਨਾਸਿਬ ਸਮਾਂ ਮਿਲਣਾ ਚਾਹੀਦਾ ਹੈ ।

ਇਸ ਤਰ੍ਹਾਂ ਨਾਲ ਇਹ ਜੋ ਕੇਸ ਸਾਡੇ ਸਾਹਮਣੇ ਆਇਆ ਹੈ, ਹਾਊਸ ਦੇ ਸਾਹਮਣੇ ਆਇਆ ਹੈ, ਇਹ ਬਿਲ ਦੀ ਸ਼ਕਲ ਵਿਚ ਆਇਆ ਹੈ । ਇਸ ਦਾ ਕਾਰਨ ਕੀ ਹੈ ? ਕਾਰਨ ਇਹ ਹੈ ਕਿ ਇਕ ਕੇਸ ਤੇ ਫਾਈਡਿੰਗ ਆ ਗਈ ਹਾਈ ਕੋਰਟ ਦੀ ਇਸ ਦੇ ਵਿਧਾਨਕ ਨਾਂ ਹੋਣ ਬਾਰੇ ਅਤੇ ਫਿਰ ਹੋਰ ਬਹੁਤ ਸਾਰੇ ਕੇਸਾਂ ਵਿਚ ਇਸੇ ਤਰ੍ਹਾਂ ਦੀ ਫਾਈਡਿੰਗਜ਼ ਆ ਗਈ । ਬਹੁਤ ਸਾਰੇ ਕੇਸਾਂ ਵਿਚ ਸੁਪਰੀਮ ਕੋਰਟ ਵਿਚ ਅਪੀਲਾਂ ਕੀਤੀਆਂ ਗਈਆਂ ਅਤੇ ਬਹੁਤ ਸਾਰੀਆਂ ਖਾਰਜ ਹੋ ਗਈਆਂ । ਉਨ੍ਹਾਂ ਵਿਚੋਂ ਇਕ ਕੇਸ ਉਥੇ ਮਨਜ਼ੂਰ ਹੋ ਗਿਆ ਪਰ ਜਿਨ੍ਹਾਂ ਕੇਸਿਜ਼ ਵਿੱਚ ਸੁਪਰੀਮ ਕੋਰਟ ਨੇ ਅਪੀਲਾਂ ਖਾਰਜ ਕਰ ਦਿੱਤੀਆਂ ਸਨ ਉਨ੍ਹਾਂ ਕੇਸਿਜ਼ ਨੂੰ ਰੈਗੂਲੇਰਾਈਜ਼ ਕਰਨ ਵਾਸਤੇ ਅੱਜ ਇਸ ਨੂੰ ਹਾਊਸ ਵਿਚ ਲਿਆਂਦਾ ਹੈ । ਮੈਂ ਕਹਿੰਦਾ ਹਾਂ ਕਿ ਇਸ ਤਰ੍ਹਾਂ ਬਹੁਤ ਸਾਰਾ ਸਮਾਂ ਜ਼ਾਇਆ ਜਾਂਦਾ ਹੈ, ਇਸ ਲਈ ਮੈਂ ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਉਹ ਇਸ ਬਾਰੇ ਹਦਾਇਤ ਜਾਰੀ ਕਰਨ ਕਿ ਐਡਵੋਕੇਟ ਜਨਰਲ ਦੇ ਦਫ਼ਤਰ ਵਿਚ ਜੋ ਸਰਕਾਰੀ ਕੇਸ ਹੁੰਦੇ ਹਨ ਉਨ੍ਹਾਂ ਦੀ ਪੈਰਵੀ ਮੁਨਾਸਿਬ ਤਰੀਕੇ ਨਾਲ ਕੀਤੀ ਜਾਵੇ ।

ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ (ਗੜ੍ਹਸ਼ੰਕਰ) : ਸਪੀਕਰ ਸਾਹਿਬ, ਇਹ ਜਿਹੜਾ ਮੁਰੱਬੇਬੰਦੀ ਐਕਟ ਦੇ ਵਿਚ ਸੰਸ਼ੋਧਨ ਲਿਆਂਦਾ ਗਿਆ ਹੈ, ਮੈਂ ਇਸ ਦਾ ਆਪਣੀ ਪਾਰਟੀ ਵੱਲੋਂ ਸਵਾਗਤ ਕਰਦਾ ਹਾਂ । (ਤਾੜੀਆਂ) ਮੈਂ ਕਹਿਣਾ ਚਾਹੁੰਦਾ ਹਾਂ ਕਿ 18 ਸਾਲ ਹੋ ਗਏ ਹਨ ਪੰਜਾਬ ਵਿਚ ਮੁਰੱਬੇਬੰਦੀ ਸ਼ੁਰੂ ਹੋਈ ਨੂੰ, ਅਤੇ ਇਹ ਜਿਹੜੀ ਡਿਫੀਕਲਟੀ ਪੇਸ਼ ਆ ਰਹੀ ਹੈ ਅਤੇ ਕੁਝ ਲੋਕਾਂ ਨੇ ਜਾਇਦਾਦ ਦੇ ਬਾਰੇ, ਕੁਝ ਗੱਲਾਂ ਵਿਧਾਨ ਵਿਚ ਜੋ ਲਿਖੀਆਂ ਹਨ, ਉਨ੍ਹਾਂ ਨੂੰ ਵਰਤਕੇ ਇਹ ਜਿਹੜੇ ਸਾਂਝੇ ਮੰਤਵ ਲਈ ਜ਼ਮੀਨ ਛੱਡੀ ਗਈ ਸੀ, ਉਸ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ । ਮੈਂ ਕਹਿੰਦਾ ਹਾਂ ਕਿ ਕੋਈ ਵੀ ਵਿਕਾਸ ਦਾ ਕੰਮ ਨਹੀਂ ਚੱਲ ਸਕਦਾ ਜਿੰਨਾਂ ਚਿਰ ਜਿਹੜੀ ਸਾਂਝੀ ਜ਼ਮੀਨ ਹੈ ਇਸ ਨੂੰ ਸੁਰੱਖਿਅਤ ਨਾ ਕੀਤਾ ਜਾਵੇ ਅਤੇ ਇਸ ਦਾ ਸਹੀ ਤੌਰ ਤੇ ਇਸਤੇਮਾਲ ਨਾ ਕੀਤਾ ਜਾਵੇ । ਇਸ ਤਰ੍ਹਾਂ ਮੈਂ ਸਮਝਦਾ ਹਾਂ ਕਿ ਜਿਹੜੀ ਵਿਧਾਨ ਵਿਚ ਤਰਮੀਮ ਹੋਈ ਹੈ ਇਹ ਅੱਗੇ ਲਈ ਸਾਨੂੰ ਮੱਦਦ ਕਰੇਗੀ । ਇਹ ਜਿਹੜਾ ਫੌਰੀ ਤੌਰ ਤੇ ਸਾਡੇ ਰੈਵੇਨਿਊ ਮਨਿਸਟਰ ਸਾਹਿਬ ਨੇ ਇਸ ਦੇ ਵਿਚ ਸੰਸ਼ੋਧਨ ਲਿਆਂਦਾ ਹੈ, ਇਹ ਸਾਨੂੰ ਬੜਾ ਮੱਦਦਗਾਰ ਹੋਵੇਗਾ ਰਿੱਟਾਂ ਦੇ ਮਾਮਲੇ ਨੂੰ ਖਤਮ ਕਰਨ ਲਈ । ਇਸ ਲਈ ਮੈਂ ਇਨ੍ਹਾਂ ਨੂੰ ਇਸ ਗੱਲ ਦੇ ਉਤੇ ਵਧਾਈ ਦਿੰਦਾ ਹਾਂ । ਇਸ ਨਾਲ ਜਿਹੜੀ ਜ਼ਮੀਨ ਦੀ ਸਾਂਝੀ ਪੂਲ ਹੈ ਉਹ ਸੁਰੱਖਿਅਤ ਰਹੇਗੀ ।

ਚੌਧਰੀ ਰਾਮ ਸਿੰਘ (ਪਠਾਨਕੋਟ) : ਸਪੀਕਰ ਸਾਹਿਬ, ਇਹ ਜਿਹੜੀ ਤਰਮੀਮ ਕਨ-ਸੌਲੀਡੇਸ਼ਨ ਐਕਟ ਵਿਚ ਲਿਆਂਦੀ ਗਈ ਹੈ, ਇਸ ਲਈ ਮੈਂ ਸਰਕਾਰ ਦੀ ਸ਼ਲਾਘਾ ਕਰਦਾ ਹਾਂ । ਕਿਉਂਕਿ ਮੈਨੂੰ ਪਤਾ ਹੈ ਕਿ ਮੇਰੇ ਇਲਾਕੇ ਦੇ ਮਾਲਕਾਂ ਨੇ ਜ਼ਬਰੀ ਜ਼ਮੀਨਾਂ ਤੇ ਕਬਜ਼ਾ ਕਰ ਲਿਆ ਹੈ ਸਾਂਝੀ ਜ਼ਮੀਨ ਦੇ ਉਤੇ ਅਤੇ ਉਹ ਲੋਕਾਂ ਨੂੰ ਘਾਹ ਵੱਢਣ ਤੋਂ ਡੱਕਦੇ ਪਏ ਹਨ । ਇਸੇ ਤਰ੍ਹਾਂ ਹੀ ਦਰਾਗਾਹਾਂ ਦਾ ਹਾਲ ਹੈ । ਇਸ ਲਈ ਇਹ ਜੋ ਕੰਮ ਸਰਕਾਰ ਨੇ ਕੀਤਾ ਹੈ ਇਹ ਬੜਾ ਚੰਗਾ ਕੀਤਾ ਹੈ । ਇਸ ਨੂੰ ਫੌਰੀ ਪਾਸ ਕਰਕੇ ਇਨ੍ਹਾਂ ਪਿੰਡਾਂ ਵਿਚ ਲੋਕਾਂ ਦਾ ਖਿਆਲ ਕਰਨਾ ਚਾਹੀਦਾ ਹੈ ।

Mr. Speaker : Question is—

That the Punjab Consolidation of Land Proceedings (Validation) Bill be taken into consideration at once.

The motion was carried.

Mr. Speaker : I have received notices of some amendments. Some of them need not have been given. For instance there is no need for giving an amendment for substituting capital letter for small letter in the enacting Formula or small letter for capital letter in clause 2. These amendments (Nos. 1—4) need not be moved.

Necessary corrections in the Bill will be made as these are patent in nature. The other amendments may be moved at the appropriate stage.

Now the House will consider the Bill, Clause by Clause.

SUB-CLAUSE (2) OF CLAUSE (1)

Mr. Speaker : Question is—

That Sub-Clause (2) of Clause 1 stand part of the Bill.

The motion was carried.

CLAUSE 2

Shri Prem Gupta : Sir, I move—

In line 6, for "should" *substitute* "shall".

Mr. Speaker : Motion moved—

In line 6, *for* "should" *substitute* "shall."

Mr. Speaker : Question is—

In line 6, *for* 'should" *substitute* 'shall".

The motion was carried

Shri Prem Gupta : Sir, I move—

In line 7, *for* "even" *snbstitute* "ever".

Mr. Speaker : Motion moved—

In line 7, *for* "even" *substitute* "ever".

Mr. Speaker : Question is—

In line 7, *for* 'even' *substitute* "ever'.

The motion was carried.

Shri Prem Gupta : Sir, I move—

In line 9, *between* 'were' and 'validated' "*delete*" .

Mr. Speaker : Motion moved—

In line 9, between 'were' and "validated" *delete* ",

Mr. Speaker : Question is—

In line 9, *between* "were" and "validated" *delete*".

The motion was carried

Mr. Speaker : Question is—

Clause 2, as amended, stand part of the Bill.

The motion was carried.

SUB-CLAUSE (1) OF CLAUSE 1

Mr. Speaker : Question is—

That Sub-clause (1) of Clause 1 stand part of the Bill.

The motion was carried.

TITLE

Mr. Speaker : Question is—

That Title be the Title of the Bill.

The motion was carried.

Education and Revenue Minister (Sardar Umrao Singh) : Sir, I beg to move—

That the Punjab Consolidation of Land Proceedings (Validation) Bill, as amended, be passed.

Mr. Speaker : Motion moved—

That the Punjab Consolidation of Land Proceedings (Validation) Bill, as amended, be passed.

ਸਰਦਾਰ ਅਜਾਇਬ ਸਿੰਘ ਸੰਧੂ (ਮਰਿੰਡਾ ਰੀਜ਼ਰਵ) : ਸਪੀਕਰ ਸਾਹਿਬ, ਇਹ ਜਿਹੜਾ ਵੈਲੀਡੇਸ਼ਨ ਬਿੱਲ ਅੱਜ ਅਸੀਂ ਪਾਸ ਕਰਨ ਲੱਗੇ ਹਾਂ, ਮੈਂ ਆਪਣੀ ਪਾਰਟੀ ਵੱਲੋਂ ਇਸ ਦਾ ਪੂਰਾ ਸਮਰਥਨ ਕਰਦਾ ਹਾਂ। (ਤਾੜੀਆਂ) ਕਿਉਂਕਿ ਇਕ ਐਕਟ ਪਾਸ ਹੋਇਆ ਸੀ ਬਹੁਤ ਦੇਰ ਪਹਿਲਾਂ, ਉਸ ਦੇ ਮੁਤਾਬਿਕ ਕੁਝ ਗੱਲਾਂ ਹੋਈਆਂ। ਹਾਈਕੋਰਟ ਦੇ ਫੈਸਲੇ ਨੇ ਕੁਝ ਗੱਲਾਂ ਰੋਕੀਆਂ ਅਤੇ ਫਿਰ ਸੁਪਰੀਮ ਕੋਰਟ ਨੇ ਉਨ੍ਹਾਂ ਫੈਸਲਿਆਂ ਨੂੰ ਰੱਦ ਕੀਤਾ। ਚੱਲੋ ਠੀਕ ਹੈ ਇਸ ਤਰ੍ਹਾਂ ਅੱਗੇ ਨੂੰ ਮਹਿਕਮੇ ਦਾ ਕੰਮ ਚੰਗੀ ਤਰ੍ਹਾਂ ਚੱਲੇਗਾ। ਸਪੀਕਰ ਸਾਹਿਬ, ਮੈਂ ਦੋ ਗੱਲਾਂ ਕਹਿਣੀਆਂ ਚਾਹੁੰਦਾ ਹਾਂ। ਪਹਿਲੀ ਗੱਲ ਇਹ ਹੈ ਕਿ ਸਾਡੇ ਆਨਰੇਬਲ ਮੈਂਬਰ ਸਾਹਿਬਾਨ ਨੂੰ ਹਾਲਾਂ ਤਾਈਂ ਵੈਲੀਡੇਸ਼ਨ ਦੇ ਤਰਜਮੇ ਦਾ ਨਹੀਂ ਪਤਾ। (ਵਿਘਨ) (ਇਕ ਆਵਾਜ਼ : ਤੁਸੀਂ ਕਰ ਦਿਤੈ।) ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ ਨੇ ਇਸ ਨੂੰ ਸੋਧਨ ਬਿਲ ਕਿਹਾ ਹੈ ਅਤੇ ਚੌਧਰੀ ਰਾਮ ਸਿੰਘ, ਜੋ ਕਿ ਦਿਨ ਰਾਤ ਉਠਦੇ ਰਹਿੰਦੇ ਹਨ (ਹਾਸਾ) ਉਨ੍ਹਾਂ ਨੇ ਇਸ ਨੂੰ ਕੰਸੋਲੀਡੇਸ਼ਨ ਕਿਹਾ ਹੈ। (ਵਿਘਨ)

ਸ੍ਰੀ ਸਪੀਕਰ : ਤੁਸੀਂ ਬਿੱਲ ਤੇ ਬੋਲੋ। (Please speak on the Bill.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਜਿਹੜੀਆਂ ਸਾਰੀਆਂ ਕਾਰਵਾਈਆਂ ਹੋਣੀਆਂ ਚਾਹੀਦੀਆਂ ਸਨ ਉਹ ਰੁਕ ਗਈਆਂ। (ਵਿਘਨ) ਉਨ੍ਹਾਂ ਨੂੰ ਵੈਲੀਡੇਟ ਕਰਨ ਦੇ ਵਾਸਤੇ ਇਹ ਬਿੱਲ ਲਿਆਂਦਾ ਗਿਆ ਹੈ ਅਸੀਂ ਇਸ ਦਾ ਸਵਾਗਤ ਕਰਦੇ ਹਾਂ। ਹਾਈਕੋਰਟ ਦੇ ਫੈਸਲੇ ਦੇ ਬਾਅਦ ਜੋ ਕੁਝ ਗੱਲਾਂ ਹੋਈਆਂ ਉਨ੍ਹਾਂ ਨੂੰ ਠੀਕ ਕਰਨ ਦੇ ਵਾਸਤੇ ਇਹ ਕੀਤਾ ਗਿਆ ਹੈ। ਮੈਂ ਇਹ ਅਰਜ਼ ਕਰਦਾ ਹਾਂ ਕਿ ਕਨਸੋਲੀਡੇਸ਼ਨ ਐਕਟ ਵਿਚ ਇਕ ਐਸੀ ਪਰੋਵੀਜ਼ਨ ਕੀਤੀ ਹੋਈ ਹੈ ਕਿ ਹਰੀਜਨਾਂ ਨੂੰ ਜਾਂ ਬੈਕਵਰਡ ਕਲਾਸਿਜ਼ ਵਾਲਿਆਂ ਨੂੰ ਆਬਾਦੀ ਅਤੇ ਵਾੜਿਆਂ ਵਾਸਤੇ ਥਾਂ ਦੇਣੀ ਹੈ। ਸਪੀਕਰ ਸਾਹਿਬ, ਮੈਂ ਰੈਵੇਨਿਊ ਮਨਿਸਟਰ ਸਾਹਿਬ ਦੀ ਸੇਵਾ ਵਿਚ ਅਰਜ਼ ਕਰਦਾ ਹਾਂ ਕਿ ਕਾਨੂੰਨ ਤਾਂ ਇਹ ਹੈ ਕਿ ਉਨ੍ਹਾਂ ਨੂੰ ਆਬਾਦੀ ਵਾਸਤੇ ਥਾਂ ਦੇਣੀ ਚਾਹੀਦੀ ਹੈ..... ਲੇਕਿਨ ਜਿਹੜੇ ਐਕਟ ਦੇ ਅਧੀਨ ਰੂਲ ਬਣੇ ਹਨ ਉਨ੍ਹਾਂ ਦੇ ਵਿਚ ਕਾਫੀ ਸ਼ਰਤਾਂ ਇਹੋ ਜਿਹੀਆਂ ਹਨ ਜਿਨ੍ਹਾਂ ਦੇ ਮੁਤਾਬਕ ਜੇ 100 ਬੰਦੇ ਪਿੰਡ ਵਿਚ ਵਸਦੇ ਹਨ ਤਾਂ ਮੁਸ਼ਕਲ ਨਾਲ ਉਨ੍ਹਾਂ ਵਿਚੋਂ 10 ਬੰਦਿਆਂ ਨੂੰ ਜ਼ਮੀਨਾਂ ਮਿਲਦੀਆਂ ਹਨ। ਇਸ ਕਰਕੇ ਸਪੀਕਰ ਸਾਹਿਬ, ਮੈਂ ਚਾਹੁੰਦਾ ਹਾਂ ਉਨ੍ਹਾਂ ਗਰੀਬ ਹਰੀਜਨਾਂ ਦੇ ਨਾਲ ਜਿਨ੍ਹਾਂ ਨਾਲ ਕਿ ਅਸੀਂ

ਸਾਰੇ ਬਹੁਤ ਇਨਸਾਫ ਕਰਨਾ ਚਾਹੁੰਦੇ ਹਾਂ, ਇਨਸਾਫ ਕੀਤਾ ਜਾਵੇ ਔਰ ਉਸ ਰੂਲ ਨੂੰ ਵੀ ਅਮੈਂਡ ਕੀਤਾ ਜਾਵੇ ਜਿਹੜਾ ਕਿ ਮੇਰਾ ਖਿਆਲ ਹੈ ਰੂਲ 16 ਹੈ। ਇਸ ਰੂਲ ਵਿਚ ਇਨ੍ਹਾਂ ਲਿਖਿਆ ਹੈ ਕਿ ਸਿਰਫ ਐਸੇ ਬੰਦਿਆਂ ਨੂੰ ਜ਼ਮੀਨ ਮਿਲੇਗੀ ਜਿਸ ਦੀ ਆਮਦਨੀ ਸੌ ਰੁਪਏ ਤੋਂ ਘੱਟ ਹੋਵੇਗੀ ਔਰ ਜਿਹੜਾ ਐਗਰੀਕਲਚਰਲ ਲੇਬਰਰ ਹੋਵੇਗਾ। ਸਪੀਕਰ ਸਾਹਿਬ,ਜਦੋਂ ਤਕ ਉਹ ਬੰਦਾ ਇਸ ਗੱਲ ਨੂੰ ਸਾਬਤ ਨਾ ਕਰ ਦੇਵੇ ਕਿ ਉਸ ਦੀ ਜਿਹੜੀ ਆਮਦਨੀ ਹੈ ਉਹ 100 ਰੁਪਏ ਤੋਂ ਘੱਟ ਹੈ ਔਰ ਉਹ ਇਕ ਐਗਰੀਕਲਚਰ ਲੇਬਰਰ ਹੈ ਉਸ ਨੂੰ ਨਾ ਆਬਾਦੀ ਵਾਸਤੇ ਔਰ ਨਾ ਹੀ ਬਾੜੇ ਵਾਸਤੇ ਜ਼ਮੀਨ ਦੇਣੀ ਹੈ। ਐਕਟ ਵਿਚ ਕੋਈ ਇਹੋ ਜਿਹਾ ਪ੍ਰੋਵੀਜ਼ਨ ਨਹੀਂ ਹੈ। ਰੂਲਾਂ ਵਿਚ ਜਿਹੜਾ ਪ੍ਰੋਵੀਜ਼ਨ ਕੀਤਾ ਹੈ ਉਹ ਇਹ ਹੈ ਕਿ ਹਰੀਜਨਾਂ ਨੂੰ, ਬੈਕਵਰਡ ਕਲਾਸ ਵਾਲਿਆਂ ਨੂੰ ਐਕਟ ਦੇ ਮੁਤਾਬਕ ਬਾੜੇ ਔਰ ਜ਼ਮੀਨਾਂ ਦੇਣੀਆਂ ਹਨ ਲੇਕਿਨ ਉਸ ਦੇ ਉਤੇ ਮਹਿਕਮੇ ਨੇ ਇਹ ਇਨਸਟਰੱਕਸ਼ਨ ਜਾਰੀ ਕੀਤੀਆਂ ਹਨ ਜਿਸ ਦੇ ਵਿਚ ਉਨ੍ਹਾਂ ਨੇ ਲਿਖਿਆ ਹੈ ਕਿ ਜਿਨ੍ਹਾਂ ਲੋਕਾਂ ਦੀ 100 ਰੁਪਏ ਤੋਂ ਵੱਧ ਆਮਦਨੀ ਹੈ ਔਰ ਜਿਹੜੇ ਖੇਤੀ ਬਾੜੀ ਨਹੀਂ ਕਰਦੇ ਜਾਂ ਐਗਰੀਕਲਕਰਲ ਲੇਬਰਰ ਨਹੀਂ ਉਨ੍ਹਾਂ ਨੂੰ ਜ਼ਮੀਨਾਂ ਨਹੀਂ ਦੇਣੀਆਂ। ਇਸ ਬਾਰੇ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪਿੰਡਾਂ ਦੇ ਸਰਪੰਚ ਔਰ ਨੰਬਰਦਾਰ ਜਿਹੜੇ ਹਰੀਜਨਾਂ ਨਾਲ ਇਨਸਾਫ ਨਹੀਂ ਕਰਨਾ ਚਾਹੁੰਦੇ, ਉਹ ਕਹਿ ਦਿੰਦੇ ਹਨ ਕਿ ਇਸ ਦੀ ਤਾਂ ਜਿਹੜੀ ਆਮਦਨੀ ਹੈ ਉਹ 100 ਰੁਪਏ ਤੋਂ ਵੱਧ ਹੈ ਜਾਂ ਇਹ ਕਹਿ ਦੇਣਗੇ ਕਿ ਇਹ ਐਗਰੀਕਲਚਰਲ ਲੇਬਰਰ ਨਹੀਂ। ਇਸ ਲਈ ਮੈਂ ਇਹ ਵਜ਼ੀਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਗਲ ਵੱਲ ਧਿਆਨ ਦੇਣ, ਕਾਨੂੰਨ ਵਿਚ ਜਿਹੜਾ ਘਾਟਾ ਹੈ, ਉਸ ਦੇ ਰਸਤੇ ਵਿਚ ਜਿਹੜੀ ਰੁਕਾਵਟ ਹੈ ਉਸ ਨੂੰ ਦੂਰ ਕਰਕੇ ਜਿਨ੍ਹਾਂ ਲੋਕਾਂ ਨੂੰ ਇਹ ਉੱਚਾ ਚੁਕਣਾ ਚਾਹੁੰਦੇ ਹਨ, ਜਿਨ੍ਹਾਂ ਲੋਕਾਂ ਨੂੰ ਇਹ ਮਕਾਨ ਦੇਣਾ ਚਾਹੁਦੇ ਹਨ, ਉਹ ਕਾਨੂੰਨ ਵਿਚ ਜੋ ਘਾਟਾ ਹੈ ਉਸ ਨੂੰ ਦੂਰ ਕਰਨ ਔਰ ਉਨ੍ਹਾਂ ਗਰੀਬ ਲੋਕਾਂ ਨੂੰ ਜ਼ਮੀਨ ਦੇਣ। ਮੈਂ ਇਕ ਵਾਰੀ ਫਿਰ ਸਪੀਕਰ ਸਾਹਿਬ, ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਇਹ ਚੀਜ਼ ਜ਼ਰੂਰ ਕਰਵਾ ਦੇਣ।

Mr. Speaker : Question is—

That the Punjab Consolidation of Land Proceedings (Validation) Bill, as amended, be passed.

The motion was carried.

GOVERNOR'S ADDRESS (RESUMPTION OF DISCUSSION)

ਸਰਦਾਰ ਸੁਰਿੰਦਰ ਸਿੰਘ ਕੈਰੋਂ (ਪੱਟੀ) : ਸਪੀਕਰ ਸਾਹਿਬ, ਮੈਂ ਗਵਰਨਰ ਸਾਹਿਬ ਨੂੰ ਉਨ੍ਹਾਂ ਦੇ ਚੰਗੇ ਤੇ ਸੁਚੱਜੇ ਭਾਸ਼ਣ ਦੇਣ ਲਈ ਵਧਾਈ ਦਿੰਦਾ ਹਾਂ। ਗਵਰਨਰ ਸਾਹਿਬ ਨੇ ਆਪਣੇ ਭਾਸ਼ਨ ਵਿਚ ਬੜੇ ਚੰਗੇ ਢੰਗ ਨਾਲ ਦਸਿਆ ਹੈ ਕਿ ਅਸੀਂ ਕਿਸ ਤਰ੍ਹਾਂ ਦਾ ਸਮਾਜ ਬਣਾਉਣਾ ਹੈ ਔਰ ਸਾਡਾ ਨਿਸ਼ਾਨਾ ਕੀ ਹੈ। ਉਸ ਦੇ ਬਾਰੇ ਮੈਂ ਆਪ ਨੂੰ ਕੁਝ ਉਨ੍ਹਾਂ ਦੇ ਐਡਰੈਸ ਵਿਚੋਂ ਪੜ੍ਹ ਕੇ ਸੁਣਾਉਣਾ ਚਾਹੁੰਦਾ ਹਾਂ। ਸਫਾ 6 ਤੇ ਉਨ੍ਹਾਂ ਨੇ ਦਸਿਆ ਹੈ—

"ਅਸੀਂ ਆਪਣੇ ਰਾਜ ਨੂੰ ਲੋਕ ਰਾਜੀ, ਸਮਾਨਤਾ ਪੂਰਣ ਅਤੇ ਸਮਾਜਵਾਦੀ ਰਾਜ ਬਣਾਉਣ ਲਈ ਅਣਥੱਕ ਯਤਨ ਕਰਦੇ ਰਹਾਂਗੇ। ਅਸੀਂ ਆਪਣੇ ਹਰੀਜਨ, ਮਜ਼ਦੂਰ, ਛੋਟੇ **ਕਿਸਾਨ ਮੁਜ਼ਾਰੇ ਅਤੇ ਸਮਾਜ ਦੇ ਹੋਰ ਗਰੀਬ ਵੀਰਾਂ ਦੀ ਭਲਾਈ ਦੇ ਵਿਕਾਸ ਲਈ ਸਰਕਾਰ**

[ਸਰਦਾਰ ਸੁਰਿੰਦਰ ਸਿੰਘ ਕੈਰੋਂ]

ਦੀਆਂ ਆਰਥਕ ਨੀਤੀਆਂ ਨੂੰ ਨਵੀਂ ਸੇਧ ਦੇਵਾਂਗੇ। ਇਹ ਕੋਈ ਦੂਰ ਦੇ ਮੰਤਵ ਨਹੀਂ ਹੋਣਗੇ, ਸਗੋਂ ਇਹ ਨਿਸਚਿਤ ਸਮੇਂ ਦੇ ਅੰਦਰ ਅੰਦਰ ਪ੍ਰਾਪਤ ਕੀਤੇ ਜਾਣ ਵਾਲੇ ਫੌਰੀ ਪ੍ਰੋਗਰਾਮ ਹੋਣਗੇ।"

ਇਸ ਤੋਂ ਇਲਾਵਾ ਪੇਜ 8 ਤੇ, ਸਪੀਕਰ ਸਾਹਿਬ, ਉਨ੍ਹਾਂ ਨੇ ਦਸਿਆ ਹੈ—

"ਸਾਡਾ ਰਾਜ ਇਕ ਖੇਤੀਬਾੜੀ ਪ੍ਰਧਾਨ ਰਾਜ ਹੈ। ਰਾਜ ਦੀ ਆਰਥਕ ਵਿਵਸਥਾ ਖੇਤੀ ਦੇ ਉਨੱਤ ਢੰਗਾਂ, ਰਸਾਇਣਕ ਖਾਦਾਂ ਦੀ ਵਰਤੋਂ ਦੇ ਨਮੂਨੇ ਦੇ ਫਸਲ-ਚੱਕਰ ਅਪਨਾਉਣ ਅਤੇ ਪੇਂਡੂ ਲੋਕਾਂ ਲਈ ਡੇਅਰੀ ਅਤੇ ਮੁਰਗ਼ੀ ਪਾਲਣ ਆਦਿ ਜਿਹੇ ਹੋਰ ਮਹੱਤਵ ਪੂਰਣ ਸਹਾਇਕ ਕਿਤਿਆਂ ਦੇ ਉਪਬੰਧ ਕਰਨ ਤੇ ਨਿਰਭਰ ਹੈ। ਇਸ ਕਰਕੇ ਰਾਜ ਦੀ ਉਨਤੀ ਮੁਖ ਰੂਪ ਵਿਚ ਦਿਹਾਤੀ ਸੈਕਟਰ ਦੀ ਉਨਤੀ ਉਤੇ ਨਿਰਭਰ ਕਰੇਗੀ।"

ਮੈਂ ਸਮਝਦਾ ਹਾਂ ਕਿ ਉਨ੍ਹਾਂ ਨੇ ਇਹ ਆਪ ਮੰਨਿਆ ਹੈ ਕਿ ਦਿਹਾਤੀ ਸੈਕਟਰ ਦੀ ਉਨਤੀ ਤੇ ਇਹ ਨਿਰਭਰ ਕਰੇਗੀ। ਫਿਰ ਇਹ ਲਿਖਿਆ ਹੈ ਕਿ—

'ਆਉਣ ਵਾਲੇ ਸਾਲ ਦੇ ਦੌਰਾਨ ਸਰਕਾਰ ਜ਼ਰਾਇਤੀ ਵਿਕਾਸ ਦੇ ਪ੍ਰੋਗਰਾਮਾਂ ਨੂੰ ਪੂਰੇ ਜ਼ੋਰ ਨਾਲ ਚਾਹੁੰਦੀ ਹੈ। ਕਣਕ ਅਧੀਨ ਰਕਬੇ ਦਾ 75 ਪ੍ਰਤੀਸ਼ਤ ਅਰਥਾਤ 18 ਲੱਖ ਹੈਕਟੇਅਰ ਰਕਬਾ, ਕਣਕ ਦੀਆਂ ਵਧੇਰੇ ਝਾੜ ਦੇਣ ਵਾਲੀਆਂ ਕਿਸਮਾਂ ਅਧੀਨ ਲਿਆਂਦਾ ਜਾਵੇਗਾ ਚਾਲੂ ਸਾਲ ਵਿਚ ਕਣਕ ਦੀ ਪੈਦਾਵਾਰ ਸਾਲ 1970-71 ਵਿਚ ਹੋਈ 51.45 ਲੱਖ ਮੀਟਰਿਕ ਟੱਨ ਤੋਂ ਵੱਧ ਕੇ 56 ਲੱਖ ਮੀਟਰਕ ਟਨ ਹੋਣ ਦੀ ਆਸ ਹੈ। ਦਸੰਬਰ ਦੀ ਜੰਗ ਦੇ ਕਾਰਨ ਪੈਦਾ ਹੋਈਆਂ ਮੁਸ਼ਕਲਾਂ ਦੇ ਬਾਵਜੂਦ ਇਹ ਪ੍ਰਾਪਤੀ ਕਰ ਲਈ ਗਈ ਹੈ। ਕਣਕ ਦੀ ਪੈਦਾਵਾਰ ਵਿਚ ਪੰਜਾਬ ਨੇ ਬੜਾ ਨਾਮ ਖੱਟਿਆ ਹੈ। ਚਾਵਲਾਂ ਦੀ ਪੈਦਾਵਾਰ ਵਿਚ ਵੀ ਅਜਿਹੀ ਕਰਾਂਤੀ ਲਿਆਉਣ ਲਈ ਵੱਧ ਤੋਂ ਵੱਧ ਯਤਨ ਕੀਤਾ ਜਾ ਰਿਹਾ ਹੈ। ਸਾਲ 1972-73 ਦੇ ਦੌਰਾਨ ਚਾਵਲਾਂ ਅਧੀਨ ਕੁਲ ਰਕਬੇ ਦਾ ਲਗਭਗ 75 ਪ੍ਰਤੀਸ਼ਤ ਅਰਥਾਤ 3.80 ਲੱਖ ਹੈਕਟੇਅਰ ਰਕਬਾ ਵਧੇਰੇ ਝਾੜ ਦੇਣ ਵਾਲੀਆਂ ਕਿਸਮਾਂ ਅਧੀਨ ਲਿਆਂਦਾ ਜਾਵੇਗਾ। ਸਾਲ 1970-71 ਦੇ ਦੌਰਾਨ ਹੋਈ ਚਾਵਲਾਂ ਦੀ 6.68 ਲੱਖ ਮੀਟਰਿਕ ਟਨ ਪੈਦਾਵਾਰ ਦੇ ਮੁਕਾਬਲੇ ਸਾਲ 1972-73 ਦੇ ਦੌਰਾਨ 11 ਲੱਖ ਮੀਟਰਿਕ ਟਨ ਦੀ ਪੈਦਾਵਾਰ ਪ੍ਰਾਪਤ ਹੋਣ ਦੀ ਆਸ ਹੈ।

11 ਲੱਖ ਮੀਟਰਿਕ ਟਨ ਚਾਵਲ ਦੀ ਪੈਦਾਵਾਰ ਦੀ ਆਸ ਕੀਤੀ ਹੈ। ਫਿਰ ਪੇਜ 9 ਤੇ ਉਨ੍ਹਾਂ ਨੇ ਦਸਿਆ ਹੈ—

'ਇਸ ਵਿਚ ਕੋਈ ਸ਼ਕ ਨਹੀਂ ਕਿ ਪੰਜਾਬ ਦੇ ਕਿਸਾਨਾਂ ਨੇ ਖੇਤੀ ਦੀਆ

-34 AM (ਇਸ ਵਕਤ ਸ੍ਰੀ ਡਿਪਟੀ ਸਪੀਕਰ ਨੇ ਕੁਰਸੀ ਸੰਭਾਲੀ।)

ਨਵੀਆਂ ਤਕਨੀਕਾ ਅਤੇ ਖੇਤੀਬਾੜੀ ਦੇ ਚੰਗੇ ਢੰਗਾਂ ਨੂੰ ਅਪਣਾ ਲਿਆ ਹੈ, ਪਰ ਇਹ ਗੱਲ ਵੀ ਜ਼ਰੂਰੀ ਹੈ ਕਿ ਅਨਾਜ ਦੀ ਪੈਦਾਵਾਰ ਨੂੰ ਬਰਕਰਾਰ ਰਖਣ ਲਈ ਕਿਸਾਨਾਂ ਨੂੰ ਉਚਿਤ ਲਾਹੇਵੰਦ ਕੀਮਤਾਂ ਮਿਲਦੀਆਂ ਰਹਿਣ। ਪੰਜਾਬ ਸਰਕਾਰ ਕਿਸਾਨਾਂ ਲਈ ਅਜਿਹੀ ਕੀਮਤ ਯਕੀਨੀ ਬਣਾਉਣ ਅਤੇ ਰਾਜ ਵਿਚਲੇ ਖਪਤਕਾਰਾਂ ਲਈ ਵੀ ਯੋਗ ਕੀਮਤ ਕਾਇਮ ਰਖਣ ਲਈ ਹਰ ਸੰਭਵ ਕੋਸ਼ਿਸ਼ ਕਰੇਗੀ।"

ਤੋਂ ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਉਨ੍ਹਾਂ ਨੇ ਕੀਮਤਾਂ ਲਈ ਵੀ ਤਵਜੋ ਦਿਵਾਈ ਹੈ। ਫਿਰ ਪੇਜ 18 ਤੇ, ਸਾਡੇ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਜੀ ਦਾ ਜੋ ਨਿਸ਼ਾਨਾ ਹੈ ਉਹ ਵੀ ਬੜੇ ਚੰਗੇ ਤੇ ਸੁਚੱਜੇ ਰੂਪ ਵਿਚ ਬਿਆਨ ਕੀਤਾ ਹੈ—

'ਪ੍ਰਧਾਨ ਮੰਤਰੀ ਜੀ ਦੁਆਰਾ ਦਿਤੀ ਗਈ "ਗਰੀਬੀ ਹਟਾਉ" ਦੀ ਵੰਗਾਰ ਸਾਡੀ ਆਪਣੀ ਵੰਗਾਰ ਹੈ।'

ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਕਿਹਾ ਹੈ ਕਿ ਸਾਡੀਆਂ ਬਹੁਤ ਸਾਰੀਆਂ ਚੀਜ਼ਾਂ ਖੇਤੀਬਾੜੀ ਤੇ ਨਿਰਭਰ ਹਨ। ਸਾਡੀ ਜਿਹੜੀ ਇਕਨਾਮਿਕ ਹਾਲਤ ਹੈ ਇਹ ਅਗਰੀਕਲਚਰ ਨਾਲ ਚਲੇਗੀ। ਇਹ ਚੀਜ਼ ਤਾਂ ਚਲਣੀ ਹੈ ਜੇ ਇਕਨਾਮਿਕ ਯੂਨਿਟ ਹੋਵੇਗੀ, ਇਹ ਜਿਨਸਾਂ ਦੀਆਂ ਕੀਮਤਾਂ ਤੇ ਹੋਲਡਿੰਗ ਤੇ ਮਬਨੀ ਹੋਵੇਗੀ। ਕੀਮਤਾਂ ਦਾ ਟੀਚਾ ਜੋ ਇਸ ਵੇਲੇ ਐਗਰੀਕਲਚਰ ਪ੍ਰਾਈਸ ਕਮਿਸ਼ਨ ਨੇ ਸਿਫਾਰਿਸ਼ ਕੀਤਾ ਹੈ ਉਸ ਵਿਚ ਉਸ ਨੇ ਕਣਕ 76 ਰੁਪਏ ਪਰ ਕੁਇੰਟਲ ਤੋਂ 72 ਰੁਪਏ ਕਰਨ ਦੀ ਸਿਫਾਰਸ਼ ਕੀਤੀ ਹੈ। ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਜਿਨਸ ਦੀਆਂ ਕੀਮਤਾਂ ਨਹੀਂ ਘਟ ਸਕਦੀਆਂ ਜਿੰਨਾਂ ਚਿਰ ਇਨ ਪੁਟਸ ਦੀ ਕੀਮਤ ਨਾ ਘਟਾਈ ਜਾਵੇ ਅਰਥਾਤ ਜਿੰਨਾਂ ਚਿਰ ਖਾਦ ਦੀਆਂ ਟਰੈਕਟਰ ਦੀਆਂ, ਡੀਜ਼ਲ ਇੰਜਨ ਆਦਿ ਦੀਆਂ ਕੀਮਤਾਂ ਨਾ ਘਟਣ।

ਡਿਪਟੀ ਸਪੀਕਰ ਸਾਹਿਬ, ਮੈਂ ਕੁਝ ਹੋਰ ਕਹਿਣ ਤੋਂ ਪਹਿਲਾਂ ਇਕ ਗੱਲ ਇਥੇ ਇਹ ਸਪਸ਼ਟ ਕਰ ਦੇਣੀ ਚਾਹੁੰਦਾ ਹਾਂ ਕਿ ਪੰਜਾਬ ਦੀ ਜਿਹੜੀ ਜ਼ਮੀਨ ਹੈ ਜਿਸ ਦੇ ਵਿਚ ਖੇਤੀ ਬਾੜੀ ਹੁੰਦੀ ਹੈ ਉਸ ਵਿਚੋਂ 90% ਜ਼ਮੀਨ ਐਸੀ ਹੈ ਜੋ ਛੋਟੇ ਕਿਸਾਨਾਂ ਦੇ ਹੱਥਾ ਵਿਚ ਹੈ ਔਰ 80% ਉਸ ਦਾ ਜਿਹੜਾ ਏਰੀਆ ਹੈ ਉਹ ਇਨ੍ਹਾਂ ਕਿਸਾਨਾਂ ਦੇ ਹੱਥਾਂ ਵਿਚ ਹੈ ਜਿਨ੍ਹਾਂ ਦੀ 25 ਏਕੜ ਤੋਂ ਜ਼ਮੀਨ ਥੋੜੀ ਹੈ। ਫਿਰ ਇਸ ਗਲ ਦਾ ਇਹ ਪ੍ਰਚਾਰ ਕਰਨਾ ਕਿ ਅਗਰ ਜ਼ਮੀਨ ਦੀ ਕੀਮਤ ਨਾ ਘਟਾਈ ਗਈ ਤਾਂ ਛੋਟੇ ਕਿਸਾਨ ਨੂੰ ਨੁਕਸਾਨ ਹੈ, ਮੈਂ ਸਮਝਦਾ ਹਾਂ ਕਿ ਇਹ ਬਿਲਕੁਲ ਗਲਤ ਹੈ। ਮੈਂ ਸਮਝਦਾ ਹਾਂ ਕਿ 90% ਹਿਸਾ 25 ਏਕੜ ਤੋਂ ਥੱਲੇ ਵਾਲੇ ਛੋਟਾ ਕਿਸਾਨ ਹੈ ਔਰ ਜਿਸ ਦੇ ਨਾਲ ਖੇਤ ਮਜ਼ਦੂਰ ਵੀ ਫਾਇਦਾ ਉਠਾਉਂਦੇ ਹਨ।

ਹੁਣ ਮੈਂ, ਡਿਪਟੀ ਸਪੀਕਰ ਸਾਹਿਬ, ਕੀਮਤ ਦੇ ਬਾਰ ਅਰਜ਼ ਕਰਨੀ ਚਾਹੁੰਦਾ ਹਾਂ। 1968 ਦੇ ਵਿਚ ਕਣਕ ਦੀ ਜੋ ਕੀਮਤ ਮੁਕਰਰ ਕੀਤੀ ਗਈ ਸੀ ਉਹ 76 ਰੁਪਏ ਪਰ ਕੁਇੰਟਲ ਸੀ ਉਸ ਵੇਲੇ ਕੇਨ ਦਾ ਭਾਹ 35 ਰੁਪਏ ਸੀ, ਪੋਟਾਸ਼ 29 ਰੁਪਏ 20 ਪੈਸੇ ਪਰ ਕੁਇੰਟਲ ਸੀ ਔਰ ਯੂਰਿਆ ਜਿਹੜੀ ਸੀ ਉਹ 84 ਰੁਪਏ ਪਰ ਕੁਇੰਟਲ ਸੀ। 196) ਦੇ ਵਿਚ ਇਹ ਕੀਮਤਾਂ ਵੱਧ ਗਈਆਂ। ਕੇਨ ਦਾ ਭਾਅ 38 ਰੁਪਏ ਤੋਂ ਵਧਾ ਦਿਤਾ ਗਿਆ ਔਰ ਯੂਰੀਆ ਵੀ ਮਹਿੰਗੀ ਹੋ ਗਈ। ਪੋਟਾਸ਼ ਦਾ ਭਾਅ 50. 70 ਹੋ ਗਿਆ। ਇਸੇ ਤਰ੍ਹਾਂ 197) ਵਿਚ ਕਣਕ ਦਾ ਭਾਅ 76 ਰੁਪਏ ਪਰ ਕੁਇੰਟਲ ਸੀ। ਉਸ ਵਕਤ ਕੇਨ ਦਾ ਭਾਅ .5.55 ਪਰ ਕੁਇੰਟਲ ਹੋ ਗਿਆ। ਪੋਟਾਸ਼ ਦਾ ਭਾਅ ਜੋ 1968 ਵਿਚ 38—39 ਰੁਪਏ ਸੀ ਉਹ 50.7) ਹੋ ਗਿਆ ਔਰ ਇਸੇ ਤਰ੍ਹਾਂ ਫਾਸਫੇਟ 121 ਰੁਪਏ ਔਰ ਯੂਰੀਆ 94 ਰੁਪਏ ਪਰ ਕੁਇੰਟਲ ਹੋ ਗਿਆ। ਸੋ, ਡਿਪਟੀ ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਜੇ ਸਾਰੀ ਪਰਸੈਂਟੇਜ ਦਾ ਹਿਸਾਬ ਲਈਏ ਤਾਂ ਇਹ ਭਾਅ ਖਾਦ ਵਗੈਰਾ ਦੇ 11 ਪ੍ਰਤੀਸ਼ਤ ਤੋਂ 44 ਪ੍ਰਤੀਸ਼ਤ ਵਧ ਗਏ। (ਵਿਘਨ) ਮੇਰੀ ਅਰਜ਼ ਹੈ ਕਿ ਇਹ ਰੇਟ 11 ਪ੍ਰਤੀਸ਼ਤ ਤੋਂ 44 ਪ੍ਰਤੀਸ਼ਤ ਤਕ ਜ਼ਿਆਦਾ ਹੋ ਗਏ। ਜਿਸ ਤਰ੍ਹਾਂ ਕਾਮਰੇਡ ਡਾਂਗ ਸਾਹਿਬ ਨੇ ਕਿਹਾ ਹੈ ਕਿ ਕਣਕ ਦੀ ਕੀਮਤ

[ਸਰਦਾਰ ਸੁਰਿੰਦਰ ਸਿੰਘ ਕੈਰੋਂ]

ਨਹੀਂ ਵਧਣੀ ਚਾਹੀਦੀ, ਮੈਂ ਇਹ ਕਹਿੰਦਾ ਹਾਂ ਕਣਕ ਦੀ ਕੀਮਤ ਜ਼ਰੂਰ ਵਧਣੀ ਚਾਹੀਦੀ ਹੈ। ਡਿਪਟੀ ਸਪੀਕਰ ਸਾਹਿਬ, ਇਥੇ ਹੀ ਬਸ ਨਹੀਂ ਜਦੋਂ ਅਸੀਂ ਗਰੀਨ ਰੈਵੋਲਿਊਸ਼ਨ ਦੀ ਗਲ ਕਰਦੇ ਹਾਂ।....(ਵਿਘਨ)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਡਾਂਗ ਸਾਹਿਬ ਨੇ ਜਿਹੜਾ ਕਿਹਾ ਸੀ ਕਿ ਪਿਛਲੇ ਸਾਲ ਤੋਂ....(ਵਿਘਨ)

ਸ੍ਰੀ ਡਿਪਟੀ ਸਪੀਕਰ : No point of order, ਤੁਸੀਂ ਤਸ਼ਰੀਫ ਰਖੋ। (ਵਿਘਨ) (This is no point of order. Please resume your seat) (*Interruption*)

ਸਰਦਾਰ ਸੁਰਿੰਦਰ ਸਿੰਘ ਕੈਰੋਂ : ਡਿਪਟੀ ਸਪੀਕਰ ਸਾਹਿਬ, ਜੇ ਜਨਰਲ ਪ੍ਰਾਈਸ ਇਨਡੈਕਸ ਦੇਖਿਆ ਜਾਵੇ—ਕਪੜਾ, ਲੂਣ, ਤੇਲ, ਡੀਜ਼ਲ ਔਰ ਇਸ ਤਰ੍ਹਾਂ ਦੀਆਂ ਕਈ ਚੀਜ਼ਾਂ ਦਾ ਭਾਅ ਦੇਖਿਆ ਜਾਵੇ। (ਵਿਘਨ) 1968-69 ਵਿਚ 76 ਰੁਪਏ ਕਣਕ ਦਾ ਭਾਅ ਫਿਕਸ ਕੀਤਾ ਗਿਆ ਜਦੋਂ ਕਿ ਤਕਰੀਬਨ 71 ਰੁਪਏ ਜ਼ਮੀਂਦਾਰ ਨੂੰ ਘਰ ਪੈਂਦੀ ਸੀ। 1969 ਵਿਚ ਪ੍ਰਾਈਸ ਇਨਡੈਕਸ 156 ਰੁਪਏ ਹੋ ਗਿਆ ਅਤੇ ਉਦੋਂ ਮੇਰੇ ਅਨੁਸਾਰ ਕਣਕ 74 ਰੁਪਏ 4 ਆਨੇ ਘਰ ਪੈਂਦੀ ਸੀ। 1970-71 ਵਿਚ ਇਹ ਪ੍ਰਾਈਸ ਇਨਡੈਕਸ 166 ਰੁਪਏ ਹੋ ਗਿਆ ਤਾਂ ਜਿਹੜੀ ਕਣਕ 1968-69 ਵਿਚ 71 ਰੁਪਏ ਪੈਂਦੀ ਸੀ ਜ਼ਮੀਂਦਾਰ ਨੂੰ ਉਹ 74 ਰੁਪਏ ਤੋਂ ਘਰ ਪੈਣੀ ਸ਼ੁਰੂ ਹੋ ਗਈ। ਹੁਣ 1972-73 ਵਿਚ ਆ ਕੇ ਇਹ ਇਨਡੈਕਸ ਹੋਰ ਉਪਰ ਚਲਾ ਗਿਆ ਅਤੇ ਇਸ ਤਰ੍ਹਾਂ ਕਣਕ ਕੋਈ 78 ਰੁਪਏ ਘਰ ਪਵੇਗੀ, ਪਰ ਹਾਲਾਂ ਵੀ ਅਸੀਂ ਮੌਜੂਦਾ ਭਾਅ ਨੂੰ ਤੋੜਨਾ ਚਾਹੁੰਦੇ ਹਾਂ ਅਤੇ ਘਟ ਕਰਨਾ ਚਾਹੁੰਦੇ ਹਾਂ। ਇਹ ਚੀਜ਼ ਕਿਸਾਨ ਦੇ ਹਕ ਵਿਚ ਨਹੀਂ ਜਾਏਗੀ। ਇਥੇ ਹੀ ਬਸ ਨਹੀਂ ਇਸ ਤੋਂ ਇਲਾਵਾ ਮੈਂ ਇਕ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਕਿਸਾਨ ਦੇ ਬਚੇ ਜਿਹੜੇ ਜ਼ਮੀਨ ਤੇ ਮਿਹਨਤ ਕਰਦੇ ਹਨ, ਉਨ੍ਹਾਂ ਦੀ ਮਿਹਨਤ ਇਸ ਵਿਚ ਨਹੀਂ ਪੈਂਦੀ। ਜਿਹੜੇ ਮਜ਼ਦੂਰ ਕੰਮ ਕਰਦੇ ਹਨ ਉਨ੍ਹਾਂ ਦੀ ਤਨਖਾਹ ਇਹ ਵਿਚ ਨਹੀਂ ਪੈਂਦੀ ਅਤੇ ਇਸ ਤੋਂ ਇਲਾਵਾ ਜਿਹੜੀ ਜਨਰਲ ਮਹਿੰਗਾਈ ਹੈ ਉਸ ਨੂੰ ਵੀ ਜੇ ਮੱਦੇ ਨਜ਼ਰ ਰਖਿਆ ਜਾਵੇ ਤਾਂ ਇਹ ਜਿਹੜਾ ਭਾਅ ਕਿਸਾਨ ਨੂੰ ਆਪਣੀ ਉਪਜ ਦਾ ਦਿਤਾ ਜਾਂਦਾ ਹੈ ਉਸ ਨੂੰ ਇਸ ਵਿਚ ਟੋਟਾ ਹੀ ਪੈਂਦਾ ਹੈ। 1952-53 ਵਿਚ ਫਾਰਮ ਇਨਪੁਟਸ 41.20 ਸੀ ਅਤੇ ਫੈਮਿਲੀ ਇੰਡੈਕਸ 58.80 ਸੀ। ਹੁਣ ਜਿਹੜਾ ਕੰਪੋਜ਼ਿਟ ਇਨਡੈਕਸ ਹੈ ਉਹ 198 ਤੋਂ ਵਧ ਕੇ 228.20 ਹੋ ਗਿਆ ਹੈ। ਸੋ ਡਿਪਟੀ ਸਪੀਕਰ ਸਾਹਿਬ ਮੈਂ ਸਮਝਦਾ ਹਾਂ ਕਿ ਜਿਹੜੀ ਜਨਰਲ ਮਹਿੰਗਾਈ ਹੈ ਉਹ ਤਕਰੀਬਨ ਢਾਈ ਗੁਣਾ ਵਧ ਚੁਕੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਛੋਟਾ ਕਿਸਾਨ ਹੈ ਖੇਤੀ ਕਰਨ ਵਾਲਾ, ਜਿਹੜਾ ਗਰੀਬ ਕਿਸਾਨ ਹੈ ਖੇਤੀ ਕਰਨ ਵਾਲਾ ਅਗਰ ਇਹ ਭਾਅ ਰਹੇ ਤਾਂ ਉਸ ਨੂੰ ਕੋਈ ਫਾਇਦਾ ਨਹੀਂ ਹੋਣਾ ਅਤੇ ਉਸ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਚਲੀ ਜਾਵੇਗੀ। ਇਸ ਲਈ ਉਸ ਗਰੀਬ ਕਿਸਾਨ ਦੀ ਹਾਲਤ ਨੂੰ ਬਿਹਤਰ ਬਣਾਉਣ ਲਈ ਮੈਂ ਸਮਝਦਾ ਹਾਂ ਕਿ ਉਸ ਦੀ ਉਪਜ ਦੇ ਭਾਅ ਵਧਾਉਣੇ ਚਾਹੀਦੇ ਹਨ। ਇਨ੍ਹਾਂ ਸਾਰੀਆਂ ਗਲਾਂ ਨੂੰ ਮੱਦੇ ਨਜ਼ਰ ਰਖਦੇ ਹੋਏ ਮੇਰੇ ਹਿਸਾਬ ਨਾਲ ਕਿਸਾਨ ਦਾ ਕਣਕ ਦੀ ਉਪਜ ਤੇ ਖਰਚ 87 ਰੁਪਏ 50 ਪੈਸੇ ਆਉਂਦਾ ਹੈ ਅਤੇ ਜੇਕਰ ਸਾਰਾ ਇਨਡੈਕਸ ਵੇਖਿਆ ਜਾਵੇ ਤਾਂ ਉਸ ਨੂੰ ਕਣਕ ਦਾ ਭਾਅ 92 : 93 ਰੁਪਏ ਮਿਲਣਾ ਚਾਹੀਦਾ ਹੈ।

ਅਸੀਂ ਦਾਅਵਾ ਕਰਦੇ ਹਾਂ ਕਿ ਸਾਡਾ ਖੇਤੀਬਾੜੀ ਪ੍ਰਧਾਨ ਰਾਜ ਹੈ । ਮੈਂ ਕਹਿੰਦਾ ਹਾਂ ਕਿ ਅਗਰ ਛੋਟੇ ਕਿਸਾਨ ਨੂੰ ਉੱਚਾ ਚੁਕਣਾ ਹੈ, ਅਗਰ ਖੇਤ ਮਜ਼ਦੂਰ ਨੂੰ 5-6 ਰੁਪਏ ਦਿਹਾੜੀ ਦਿਲਾਉਣੀ ਹੈ ਤਾਂ ਐਗਰੀਕਲਚਰਲ ਪ੍ਰੋਡਕਟਸ ਦੇ ਭਾਅ ਅਛੇ ਦੇਣੇ ਚਾਹੀਦੇ ਹਨ। ਅਗਰ ਪੰਜਾਬ ਦੀ ਮਾਲੀ ਹਾਲਤ ਠੀਕ ਕਰਨੀ ਹੈ ਤਾਂ ਛੋਟੇ ਕਿਸਾਨ ਨੂੰ ਖੇਤ ਮਜ਼ਦੂਰ ਨੂੰ ਪ੍ਰੋਤਸਾਹਨ ਦਿਉ । ਇਨ੍ਹਾਂ ਬੇਨਤੀਆਂ ਤੋਂ ਬਾਅਦ ਮੈਂ ਇਹ ਸਮਝਦਾ ਹਾਂ ਕਿ ਕਿਸਾਨ ਨੇ ਜਿਹੜਾ ਸਰਮਾਇਆ ਇਕੱਠਾ ਕੀਤਾ ਜਾ ਸਰਮਾਇਆ ਇਕੱਠਾ ਕਰਕੇ ਜਿਹੜੀ ਚੰਗੀ ਖਾਦ ਹੁਣ ਜ਼ਮੀਨ ਵਿਚ ਪਾਉਂਦਾ ਹੈ ਅਗਰ ਕੀਮਤ ਟੁਟ ਗਈ ਤਾਂ ਉਸ ਦਾ ਦਿਲ ਟੁਟ ਜਾਏਗਾ। ਜਿਹੜੀ ਉਹ ਇਸ ਵਕਤ ਖਾਦ ਪਾਉਂਦਾ ਹੈ, ਜਾਂ ਟਿਊਬਵੈਲ ਲਗਾ ਕੇ ਖੇਤੀ ਨੂੰ ਪਾਣੀ ਦਿੰਦਾ ਹੈ ਅਤੇ ਖੇਤੀ ਨੂੰ ਮੈਕਾਨਾਈਜ਼ਡ ਤਰੀਕੇ ਨਾਲ ਕਰਨਾ ਚਾਹੁੰਦਾ ਹੈ, ਉਹ ਉਸ ਦਾ ਸ਼ੌਕ ਖਤਮ ਹੋ ਜਾਏਗਾ ਅਤੇ ਉਸ ਦਾ ਅਸਰ ਡਾਇਰੈਕਟ ਸਾਡੀ ਉਪਜ ਤੇ ਪਏਗਾ । ਕਿਉਂਕਿ ਭਾਅ ਘਟ ਹੋਣ ਕਾਰਨ ਉਸ ਦੇ ਕੋਲ ਪੂਰੀ ਖਾਦ ਆਦਿ ਖਰੀਦਣ ਲਈ ਪੈਸੇ ਨਹੀਂ ਹੋਣੇ ਅਤੇ ਜ਼ਮੀਨ ਵਿਚ ਖਾਦ ਦੀ ਪੂਰੀ ਡੋਜ਼ ਨਹੀਂ ਪਾ ਸਕੇਗਾ ਅਤੇ ਜੇ ਜ਼ਮੀਨ ਨੂੰ ਪੂਰੀ ਖਾਦ ਨਾ ਮਿਲੀ ਤਾਂ ਉਸ ਦੀ ਪੈਦਾਵਾਰ ਘਟ ਨਿਕਲੇਗੀ, ਜੇ ਪੈਦਾਵਾਰ ਘਟ ਹੋਈ ਤਾਂ ਉਸ ਦਾ ਅਸਰ ਸਾਰੇ ਦੇਸ਼ ਦੀ ਉਪਜ ਤੇ ਪਏਗਾ । ਇਸ ਕਰਕੇ ਮੈਂ ਸਮਝਦਾ ਹਾਂ ਕਿ ਦੇਸ਼ ਦੀ ਖੁਸ਼ਹਾਲੀ ਲਈ ਉਪਜ ਦੇ ਭਾਅ ਠੀਕ ਮੁਕਰਰ ਹੋਣੇ ਚਾਹੀਦੇ ਹਨ।

ਇਥੇ ਹੀ ਬਸ ਨਹੀਂ ਮੈਂ ਸਮਝਦਾ ਹਾਂ ਕਿ ਅਜ ਦਾ ਸਾਡਾ ਕਿਸਾਨ ਕੱਲਾ ਖੇਤੀ ਬਾੜੀ ਤੇ ਨਿਰਭਰ ਨਹੀਂ ਬਲਕਿ ਉਹ ਇੰਡਸਟਰੀ ਤੇ ਮੁਨਹਸਰ ਹੈ । ਪੰਜਾਬ ਦੀ ਖੇਤੀਬਾੜੀ ਦਾ ਮੁਨਹਸਰ ਹਿੰਦੁਸਤਾਨ ਦੀ ਖੇਤੀਬਾੜੀ ਤੇ ਮੁਨਹਸਰ ਹੈ । ਇਸ ਵੇਲੇ ਪੰਜਾਬ ਵਿਚ ਕੋਈ 25 ਹਜ਼ਾਰ ਟਰੈਕਟਰ ਚਲ ਰਹੇ ਹਨ, 90 ਹਜ਼ਾਰ ਡੀਜ਼ਲ ਇੰਜਨ ਹਨ, 92 ਮੋਟਰਾਂ ਚਲਦੀਆਂ ਹਨ । ਇਸ ਵਕਤ ਜਿਹੜੀ ਮਸ਼ੀਨਰੀ ਛੋਟਾ ਕਿਸਾਨ ਖੇਤੀਬਾੜੀ ਲਈ ਚਲਾ ਰਿਹਾ ਹੈ ਉਸ ਦਾ ਮੁਲ ਕੋਈ 198.50 ਕਰੋੜ ਰੁਪਏ ਹੈ । ਜੇ ਉਸ ਨੂੰ ਠੀਕ ਭਾਅ ਨਾ ਦਿਤਾ ਗਿਆ. ਜਾਂ ਇਕਾਨੋਮਿਕ ਯੂਨਿਟ ਨਾ ਫਿਕਸ ਕੀਤਾ ਗਿਆ ਤਾਂ ਇਹ ਜਿਹੜੀ ਡੇਢ ਪੌਣੇ ਦੋ ਕਰੋੜ ਰੁਪਏ ਦੀ ਮਸ਼ੀਨਰੀ ਹੈ ਇਹ ਜ਼ਾਇਆ ਚਲੀ ਜਾਏਗੀ । ਅਤੇ ਜਿਹੜੇ ਤੁਹਾਡੇ ਤੋਂ ਕਰਜ਼ੇ ਲਏ ਹੋਏ ਨੇ ਉਹ ਪੂਰੇ ਨਹੀਂ ਹੋ ਸਕਣਗੇ । ਇਸ ਤੋਂ ਇਲਾਵਾ ਡੀਜ਼ਲ ਇੰਜਨ ਦੀ ਰਿਪੇਅਰਿੰਗ ਅਤੇ ਹੋਰ ਮਸ਼ੀਨਰੀ ਠੀਕ ਕਰਨ ਦੇ ਲਈ ਜਿਹੜੀ 12 ਕਰੋੜ ਰੁਪਏ ਦੀ ਛੋਟੀ ਇੰਡਸਟਰੀ ਛੋਟੇ ਕਿਸਾਨ ਦੀ ਖੇਤੀਬਾੜੀ ਦੇ ਸਿਰ ਤੇ ਚਲ ਰਹੀ ਹੈ ਉਹ ਫੇਲ੍ਹ ਹੋ ਜਾਏਗੀ । ਇਸ ਲਈ ਮੈਂ ਪੂਰੇ ਜ਼ੋਰ ਨਾਲ ਕਹਾਂਗਾ ਕਿ ਜਿਨਸ ਦੇ ਭਾਅ ਪੂਰੇ ਮੁਕਰਰ ਹੋਣੇ ਚਾਹੀਦੇ ਹਨ । ਜਿਸ ਤਰ੍ਹਾਂ ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ ਨੇ ਕਿਹਾ ਸੀ ਕਿ ਜਿਹੜੀ ਹੋਲਡਿੰਗ ਹੈ ਉਹ ਐਸੇ ਨਜ਼ਰੀਏ ਨਾਲ ਬਣਾਉਣੀ ਚਾਹੀਦੀ ਹੈ ਕਿ ਉਹ ਇਕ ਇਕਨਾਮਿਕ ਯੂਨਿਟ ਬਣ ਸਕੇ । ਮੈਂ ਵੀ ਇਹੀ ਕਹਿੰਦਾ ਹਾਂ ਕਿ ਇਸੇ ਨਜ਼ਰੀਏ ਨਾਲ ਇਕਨਾਮਿਕ ਯੂਨਿਟ ਬਣਾਉਣਾ ਚਾਹੀਦਾ ਹੈ ।

ਇਸ ਤੋਂ ਇਲਾਵਾ ਮੈਂ ਕਹਾਂਗਾ ਕਿ ਕਿਸਾਨ ਦਾ ਲੜਕਾ ਜਿਹੜਾ ਦਸਵੀਂ ਪਾਸ ਕਰਨ ਤੋਂ ਬਾਅਦ ਵੇਹਲਾ ਫਿਰਦਾ ਰਹਿੰਦਾ ਸੀ ਅਤੇ ਅਨ ਐਮਪਲਾਇਡ ਹੋਣ ਕਰਕੇ ਉਹ ਨਕਸਲਬਾੜੀ ਬਣ ਜਾਂਦਾ ਸੀ ਅਤੇ ਉਹ ਕਈ ਤੋੜ ਫੋੜ ਦੀਆਂ ਵਾਰਦਾਤਾਂ ਕਰਦਾ ਹੁੰਦਾ ਸੀ । ਇਸ ਗਰੀਨ ਰੈਵੋਲਿਊਸ਼ਨ ਦੇ ਨਾਲ ਉਹ ਕਿਸਾਨ ਦਾ ਲੜਕਾ ਟਰੈਕਟਰ ਤੇ ਬੈਠ ਕੇ ਖੇਤੀਬਾੜੀ ਕਰਨ ਲਗ ਪਿਆ ਸੀ । ਸਿੱਧੇ ਪਾਸੇ ਆ ਗਿਆ ਸੀ । ਜੇ ਛੋਟੇ ਕਿਸਾਨ ਦੀ

[ਸਰਦਾਰ ਸੁਰਿੰਦਰ ਸਿੰਘ ਕੈਰੋਂ]

ਹਾਲਤ ਠੀਕ ਨਾ ਕੀਤੀ ਤਾਂ ਹੋ ਸਕਦਾ ਹੈ ਕਿ ਉਹ ਦੋਬਾਰਾ ਉਸੇ ਪਾਸੇ ਚਲਣੇ ਸ਼ੁਰੂ ਕਰ ਦੇਣ। ਉਹ ਜ਼ਮਾਨਾ ਸੀ ਕਿ ਇਕ ਕਿਸਾਨ ਨੂੰ ਇਕ ਕਿੱਲਾ ਬੀਜਣ ਵਾਸਤੇ 11 ਮੀਲ ਸਫ਼ਰ ਕਰਨਾ ਪੈਂਦਾ ਸੀ, ਜੇ ਇਕ ਸਿਆੜ ਦਾ 11 ਇੰਚ ਫ਼ਾਸਲਾ ਹੋਵੇ ਤਾਂ ਹੁਣ ਮੈਕਾਨਾਈਜ਼ਡ ਖੇਤੀ ਦਾ ਜ਼ਮਾਨਾ ਆ ਗਿਆ ਹੈ ਉਸ ਨੂੰ ਠੀਕ ਭਾਅ ਦੇਣੇ ਚਾਹੀਦੇ ਹਨ ਅਤੇ ਇਕ ਐਕਨਾਮਿਕ ਯੂਨਿਟ ਕਾਇਮ ਰਖਣਾ ਚਾਹੀਦਾ ਹੈ।

ਹੁਣ, ਡਿਪਟੀ ਸਪੀਕਰ ਸਾਹਿਬ, ਮੈਂ ਥੋੜ੍ਹਾ ਜਿਹਾ ਇੰਡਸਟਰੀ ਦੇ ਮੁਤਅੱਲਕ ਕਹਿਣਾ ਚਾਹੁੰਦਾ ਹਾਂ। ਗਵਰਨਰ ਸਾਹਿਬ ਦੇ ਭਾਸ਼ਨ ਦੇ ਸਫ਼ਾ 12 ਤੇ ਲਿਖਿਆ ਹੈ—

> "ਰਾਜ ਕੇਵਲ ਖੇਤੀਬਾੜੀ ਉਤੇ ਹੀ ਨਿਰਭਰ ਨਹੀਂ ਰਹਿ ਸਕਦਾ। ਸੰਤੁਲਿਤ ਆਰਥਕ ਵਿਵਸਥਾ ਪ੍ਰਾਪਤ ਕਰਨ ਲਈ ਰਾਜ ਦਾ ਛੇਤੀ ਤੋਂ ਛੇਤੀ ਉਦਯੋਗੀਕਰਣ ਕਰਨਾ ਬਹੁਤ ਜ਼ਰੂਰੀ ਹੈ। ਰਾਜ ਦੇ ਛੋਟੇ ਉਦਯੋਗਪਤੀਆਂ ਅਤੇ ਕਾਮਿਆਂ ਨੇ ਰਾਜ ਵਿਚ ਛੋਟੇ ਪੱਧਰ ਦੇ ਉਦਯੋਗਾਂ ਦਾ ਜਾਲ ਵਿਛਾਉਣ ਲਈ ਸ਼ਲਾਘਾਯੋਗ ਕੰਮ ਕੀਤਾ ਹੈ। ਉਨ੍ਹਾਂ ਦਾ ਇਹ ਕੰਮ ਇਸ ਲਈ ਵੀ ਪ੍ਰਸੰਸ਼ਾ ਯੋਗ ਹੈ ਕਿਉਂਕਿ ਉਨ੍ਹਾਂ ਨੇ ਇਸ ਨੂੰ ਕੇਵਲ ਆਪਣੇ ਸਾਹਸ ਅਤੇ ਉਦਮ ਨਾਲ ਹੀ ਕੀਤਾ ਹੈ। ਤਾਂ ਵੀ ਉਹ ਵਧੇਰੇ ਚਿਰ ਲਈ ਵਡੇ ਉਦਯੋਗਾਂ ਦੀ ਸਹਾਇਤਾ ਤੋਂ ਬਿਨਾਂ ਜਿਸ ਦੇ ਕਿ ਉਹ ਸਹਾਇਕ ਉਦਯੋਗ ਬਣ ਸਕਦੇ ਹਨ, ਜਾਰੀ ਨਹੀਂ ਰਖ ਸਕਦੇ। ਇਸ ਲਈ ਮੇਰੀ ਸਰਕਾਰ ਪੰਜਾਬ ਲਈ ਵਡੇ ਉਦਯੋਗਾਂ ਨੂੰ ਸਰਕਾਰੀ ਖੇਤਰ ਵਿਚ ਲਗਾਉਣ ਲਈ ਉਚੇਰੇ ਪੱਧਰ ਤੇ ਪੂਰੀ ਕੋਸ਼ਿਸ਼ ਕਰੇਗੀ। ਰਾਜ ਦੀ ਉਦਯੋਗ ਵਿਕਾਸ ਕਾਰਪੋਰੇਸ਼ਨ ਨੇ ਇਸ ਸਬੰਧ ਵਿਚ ਕੁਝ ਲਸੰਸ ਅਤੇ ਪ੍ਰਵਾਨਗੀ ਪਤਰ ਪ੍ਰਾਪਤ ਵੀ ਕੀਤੇ ਹਨ।"....

ਮੈਂ ਇਹੋ ਐਡਰੈਸ ਇੰਡਸਟਰੀ ਦੇ ਮੁਤਅੱਲਕ ਜਦੋਂ ਮੈਂ ਪਿਛਲੀ ਵੇਰ ਐਮ.ਐਲ.ਏ. ਬਣਿਆ ਸੀ, ਇਨ੍ਹਾਂ ਲਾਈਨਾਂ ਵਿਚ ਪੜ੍ਹਿਆ ਸੀ। ਇੰਡਸਟਰੀ ਦੇ ਮੁਤਅੱਲਕ ਕੋਈ ਪਾਲਿਸੀ ਸਾਡੇ ਸਾਹਮਣੇ ਨਹੀਂ ਆਈ ਹੈ। ਜਿੰਨੇ ਲਾਈਸੰਸ ਸਾਨੂੰ ਪਿਛਲੀ ਵੇਰ ਮਿਲੇ ਉਨ੍ਹਾਂ ਲਸੰਸਾਂ ਦੀ ਠੀਕ ਯੂਟੀਲਾਈਜ਼ੇਸ਼ਨ ਨਹੀਂ ਹੋ ਸਕੀ ਅਤੇ ਨਾ ਹੀ ਠੀਕ ਕੋਲੈਬੋਰੇਸ਼ਨ ਹੋ ਸਕੀ ਕਿਉਂਕਿ ਉਹ ਲਸੰਸ ਮਨਾਪਲੀ ਗਰੁਪ ਨੂੰ ਦਿਤੇ ਗਏ, ਉਹ ਵਾਪਸ ਹੋ ਗਏ। ਮੈਂ ਆਪਣੇ ਚੀਫ਼ ਮਨਿਸਟਰ ਸਾਹਿਬ ਕੋਲੋਂ ਆਸ ਕਰਦਾ ਹਾਂ ਕਿ ਉਹ ਪੰਜਾਬ ਦੀ ਇੰਡਸਟਰੀ ਨੂੰ ਠੀਕ ਢੰਗ ਨਾਲ ਚਲਾਉਣ ਲਈ ਕੋਸ਼ਿਸ਼ ਕਰਨਗੇ। ਮੈਂ ਇਹ ਅਰਜ਼ ਕਰਾਂ ਕਿ ਇਹ ਲਾਈਨਾਂ ਤੀਜੀ ਗਵਰਨਰ ਐਡਰੈਸ ਵਿਚ ਰਿਪੀਟ ਹੋਈਆਂ ਹਨ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਜਿਹੜੇ ਲਸੰਸ ਮਿਲੇ ਹਨ, ਡਰਾਈ ਬੈਟਰੀਜ਼ ਸੈਲਜ਼ ਲਈ ਜਾਂ ਟਾਇਰ ਟਿਊਬਜ਼ ਆਦਿ ਲਈ ਉਨ੍ਹਾਂ ਨੂੰ ਠੀਕ ਢੰਗ ਨਾਲ ਅਮਲ ਵਿਚ ਲਿਆਉਣ ਲਈ ਯਤਨ ਕਰਨੇ ਚਾਹੀਦੇ ਹਨ। ਮੈਂ ਸਮਝਦਾ ਹਾਂ ਕਿ ਜਿਥੇ ਇਹ ਜ਼ਰੂਰੀ ਹੈ ਕਿ ਛੋਟੇ ਕਿਸਾਨ ਅਤੇ ਖੇਤੀ ਮਜ਼ਦੂਰ ਦਾ ਧਿਆਨ ਰਖਣਾ ਹੈ ਉਥੇ ਇਹ ਵੀ ਜ਼ਰੂਰੀ ਹੈ ਕਿ ਅਸੀਂ ਇੰਡਸਟਰੀਅਲਿਸਟ ਅਤੇ ਉਸ ਕਾਰਖਾਣੇ ਵਿਚ ਕੰਮ ਕਰਨ ਵਾਲੇ ਮਜ਼ਦੂਰ ਦਾ ਵੀ ਧਿਆਨ ਰਖੀਏ। ਅੱਜ ਚੰਗਾ ਹੁੰਦਾ ਜੇ ਕਰ ਇੰਡਸਟਰੀ ਬਾਰੇ ਵਜ਼ਾਰਤ ਨਾਲ ਗਲ ਕੀਤੀ ਜਾਂਦੀ। ਜੇ ਕਰ ਇਸ ਹਾਉਸ ਵਿਚ ਅੱਜ ਦਸਿਆ ਜਾਂਦਾ ਕਿ ਮਜ਼ਦੂਰ ਦੀ 6 ਰੁਪਏ ਦਿਹਾੜੀ ਕਰ ਦਿਤੀ ਗਈ ਹੈ ਤਾਂ ਸਾਡਾ ਬਜਟ ਕਿਤੇ ਪ੍ਰੋਗਰੈਸਿਵ ਹੁੰਦਾ। ਪਰ ਸਾਡੀ ਇੰਡਸਟਰੀ ਚੰਗੀ ਤਰ੍ਹਾਂ ਨਾਲ ਨਹੀਂ ਚਲ ਰਹੀ।

ਅੱਜ ਦੀ ਸਾਡੀ ਇੰਡਸਟਰੀ ਉਨ੍ਹਾਂ ਲੋਕਾ ਦੇ ਹਥਾਂ ਵਿਚ ਚਲੀ ਆ ਰਹੀ ਹੈ, ਉਨ੍ਹਾਂ ਬਿਉਰੋਕਰੇਟਾਂ ਦੇ ਹਥਾਂ ਵਿਚ ਚਲੀ ਆ ਰਹੀ ਹੈ ਜਿਨ੍ਹਾਂ ਨੇ ਅਮਰੀਕਾ ਦੀਆਂ ਸੈਰਾਂ ਕਰਨ ਤੋਂ ਸਿਵਾ ਇਸ ਖੇਤਰ ਵਿਚ ਕੁਝ ਨਹੀਂ ਕੀਤਾ । ਮੈਂ ਗਿਆਨੀ ਜੀ ਨੂੰ ਬੇਨਤੀ ਕਰਾਂਗਾ ਅਤੇ ਆਸ ਰਖਦਾ ਹਾਂ ਕਿ ਜਿਨ੍ਹਾਂ ਲੋਕਾਂ ਨੇ ਇੰਡਸਟਰੀ ਵਲ ਕੋਈ ਧਿਆਨ ਨਹੀਂ ਦਿਤਾ, ਜਿਨ੍ਹਾਂ ਅਫਸਰਾਂ ਨੇ ਜਾਂ ਜਿਨ੍ਹਾਂ ਬਿਉਰੋਕਰੇਟਾਂ ਨੇ ਇੰਡਸਟਰੀ ਲਈ ਕੁਝ ਨਹੀਂ ਕੀਤਾ, ਕੀ ਉਹ ਉਸ ਬਿਉਰੋਕਰੇਟ ਮਸ਼ੀਨਰੀ ਨੂੰ ਤਕੜੇ ਹਥਾਂ ਵਿਚ ਕੰਟਰੋਲ ਕਰਨਗੇ ? ਮੈਂ ਦਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਵਿਹਲੇ ਰਹਿਣ ਦੀਆਂ ਆਦਤਾਂ ਪੈ ਗਈਆਂ ਹਨ, ਬਾਹਰਲੇ ਮੁਲਕਾਂ ਵਿਚ ਸੈਰਾਂ ਕਰਨ ਦੀਆਂ ਆਦਤਾਂ ਪੈ ਗਈਆਂ ਹਨ ਅਤੇ ਇਹ ਆਦਤਾਂ ਗਵਰਨਰ ਰਾਜ ਵਿਚ ਹੋਰ ਵੀ ਵਧ ਗਈਆਂ ਸਨ । ਮੈਂ ਸਮਝਦਾ ਹਾਂ ਕਿ ਹੁਣ ਉਨ੍ਹਾਂ ਨੂੰ ਰੈਵੋਲਿਉਸ਼ਨਰੀ ਢੰਗ ਨਾਲ ਕੰਟਰੋਲ ਕਰਨਾ ਪਏਗਾ ਅਤੇ ਉਨ੍ਹਾਂ ਨੂੰ ਠੀਕ ਕਰਨਾ ਪਏਗਾ । ਮੈਨੂੰ ਆਸ ਹੈ ਕਿ ਸਾਡੇ ਚੀਫ ਮਨਿਸਟਰ ਸਾਹਿਬ ਆਪਣੀ ਲਿਆਕਤ ਔਰ ਕਾਬਲੀਅਤ ਨਾਲ ਉਨ੍ਹਾਂ ਨੂੰ ਠੀਕ ਕਰ ਦੇਣਗੇ । ਮੈਂ ਇਹ ਨਹੀਂ ਕਹਿੰਦਾ ਕਿ ਸਾਰੇ ਅਫਸਰ ਮਾੜੇ ਹਨ, ਉਨ੍ਹਾਂ ਵਿਚ ਕੁਝ ਚੰਗੇ ਅਫਸਰ ਵੀ ਹਨ, ਪਰ ਮਾੜਿਆਂ ਨੇ ਉਨ੍ਹਾਂ ਉਤੇ ਗਲਬਾ ਪਾਇਆ ਹੋਇਆ ਹੈ । ਇਥੇ ਹੀ ਬਸ ਨਹੀਂ, ਡਿਪਟੀ ਸਪੀਕਰ ਸਾਹਿਬ, ਮੈਂ ਹੁਣ ਟਰਾਂਸਪੋਰਟ ਦੇ ਮੁਤਅੱਲਕ ਕੁਝ ਅਰਜ਼ ਕਰਨੀ ਚਾਹੁੰਦਾ ਹਾਂ ।

ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਸ ਐਡਰੈਸ ਵਿਚ ਗਵਰਨਰ ਸਾਹਿਬ ਨੇ ਕਿਹਾ ਹੈ ਕਿ "ਰਾਜ ਵਿਚ ਬੱਸ ਟਰਾਂਸਪੋਰਟ ਦੇ ਕੌਮੀਕਰਣ ਲਈ ਸਰਕਾਰ ਜਲਦੀ ਹੀ ਕਾਰਵਾਈ ਕਰੇਗੀ । ਪੰਜਾਬ ਰੋਡਵੇਜ਼ ਨੂੰ ਛੇਤੀ ਹੀ ਕਾਰਪੋਰੇਸ਼ਨ ਵਿਚ ਬਦਲਿਆ ਜਾ ਰਿਹਾ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਨੇਸ਼ਨੇਲਾਈਜ਼ੇਸ਼ਨ ਦੇ ਖਿਲਾਫ ਨਹੀਂ ਹਾਂ ਲੇਕਿਨ ਕਾਰਪੋਰੇਸ਼ਨ ਬਨਾਉਣ ਵੇਲੇ ਸਰਕਾਰ ਨੂੰ ਸੋਚਣਾ ਪਵੇਗਾ ਕਿਉਂਕਿ ਕਾਰਪੋਰੇਸ਼ਨ ਉਤੇ 55 ਫੀ ਸਦੀ ਟੈਕਸ ਹੈ ਅਤੇ ਉਹ ਟੈਕਸ ਹਿੰਦ ਦੀ ਸਰਕਾਰ ਨੂੰ ਜਾਂਦਾ ਹੈ । ਮੇਰਾ ਵਿਚਾਰ ਹੈ ਕਿ ਛੋਟੇ ਛੋਟੇ ਡਿਪੋ ਬਣਾ ਦਿਤੇ ਜਾਣ ਜਿਨ੍ਹਾਂ ਤੇ ਪੂਰਾ ਕੰਟਰੋਲ ਹੋਵੇ । ਉਸ ਵਿਚ 100 ਜਾਂ 200 ਬੱਸਾਂ ਹੋਣੀਆਂ ਚਾਹੀਦੀਆਂ ਹਨ । ਡਿਪਟੀ ਸਪੀਕਰ ਸਾਹਿਬ, ਤੁਸੀਂ ਵੇਖ ਲਉ ਜਿਹੜੇ ਪ੍ਰਾਈਵੇਟ ਉਪਰੇਟਰਜ਼ ਹਨ ਉਹ ਸਾਡੇ ਨਾਲੋਂ ਕਰਜ਼ਾ ਵੀ ਮਹਿੰਗੇ ਦਰ ਤੇ ਲੈਂਦੇ ਹਨ ਪਰ ਉਹ ਸਾਡੇ ਨਾਲੋਂ ਮੁਨਾਫਾ ਦੋ ਤਿੰਨ ਗੁਣਾਂ ਜ਼ਿਆਦਾ ਕਢਦੇ ਹਨ । ਪਰ ਸਾਡੇ ਰੋਡਵੇਜ਼ ਵਿਚ ਮਿਸਮੈਨੇਜਮੈਂਟ ਹੈ, ਕੁਰੱਪਸ਼ਨ ਹੈ ਜਿਸ ਬਾਰੇ ਕਿ ਸਰਕਾਰ ਨੂੰ ਪੜਤਾਲ ਕਰਨੀ ਚਾਹੀਦੀ ਹੈ । (ਘੰਟੀ) ਮੈਂ ਜ਼ਿਆਦਾ ਵਕਤ ਨਾ ਲੈਂਦਾ ਹੋਇਆ ਕੇਵਲ ਸਰਕਾਰ ਨੂੰ ਇਤਨੀ ਹੀ ਬੇਨਤੀ ਕਰਾਂਗਾ ਕਿ ਇਹ ਸਾਡੀ ਸਰਕਾਰ ਹੈ ਅਤੇ ਇਸ ਨੂੰ ਚਾਹੀਦਾ ਹੈ ਕਿ ਜਿਹੜੇ ਟੀਚੇ ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿਚ ਦਸੇ ਹਨ ਉਨ੍ਹਾਂ ਨੂੰ ਸਾਹਮਣੇ ਰਖ ਕੇ ਆਪਣਾ ਪ੍ਰੋਗਰਾਮ ਉਲੀਕੇ ਅਤੇ ਉਨ੍ਹਾਂ ਟੀਚਿਆਂ ਨੂੰ ਪੂਰਾ ਕਰੇ ।

ਸਰਦਾਰ ਬਲਵਿੰਦਰ ਸਿੰਘ ਭੂੰਡਰ(ਸਰਦੂਲਗੜ੍ਹ): ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਗਵਰਨਰ ਸਾਹਿਬ ਦਾ ਇਹ ਭਾਸ਼ਣ ਇਕ ਰਵਾਇਤੀ ਤਕਰੀਰ ਦੇ ਸਵਾਏ ਹੋਰ ਕੁਝ ਵੀ ਨਹੀਂ ਹੈ । ਜੇਕਰ ਸਰਕਾਰ ਨੇ ਲੋਕਾਂ ਦੀ ਭਲਾਈ ਲਈ ਅਤੇ ਉਨ੍ਹਾਂ ਦੀਆਂ ਤਕਲੀਫਾਂ ਨੂੰ ਦੂਰ ਕਰਨ ਲਈ ਕੋਈ ਕਦਮ ਚੁਕਿਆ ਹੁੰਦਾ ਤਾਂ ਮੈਂ ਸਮਝਦਾ ਹਾਂ ਕਿ ਇਹ ਠੀਕ ਹੀ ਆਖ ਰਹੇ ਹਨ । ਡਿਪਟੀ ਸਪੀਕਰ ਸਾਹਿਬ, ਲੜਾਈ ਦੇ ਸਮੇਂ ਵਿਚ ਲੋਕਾਂ ਦਾ ਕਾਫੀ ਨੁਕਸਾਨ ਹੋਇਆ ਹੈ । ਉਨ੍ਹਾਂ ਦਾ ਮਾਲ, ਡੰਗਰ ਤਬਾਹ ਹੋ ਗਿਆ ਹੈ ।

[ਸਰਦਾਰ ਬਲਵਿੰਦਰ ਸਿੰਘ ਭੂੰਡਰ]

ਉਨ੍ਹਾਂ ਦੀਆਂ ਫਸਲਾਂ ਮਾਰੀਆਂ ਗਈਆਂ ਹਨ । ਘਰ ਘਾਟ ਤਬਾਹ ਹੋ ਗਏ ਹਨ । ਪਰ ਜਿਸ ਤਰ੍ਹਾਂ ਸਰਕਾਰ ਵਲੋਂ ਉਨ੍ਹਾਂ ਦੀਆਂ ਗਾਈਆਂ ਜਾਂ ਮੱਝਾਂ ਜਾਂ ਹੋਰ ਡੰਗਰਾਂ ਬਾਰੇ ਮੁਆਵਜ਼ੇ ਦੀ ਰਕਮ ਦਿਤੀ ਗਈ ਹੈ ਮੈਂ ਸਮਝਦਾ ਹਾਂ ਕਿ ਉਹ ਕੇਵਲ ਅੱਖਾਂ ਪੂੰਝਣ ਵਾਲੀ ਗੱਲ ਹੀ ਹੈ । ਸਰਕਾਰ ਨੂੰ ਚਾਹੀਦਾ ਸੀ ਕਿ ਉਹ ਉਨ੍ਹਾਂ ਲੋਕਾਂ ਦੇ ਨੁਕਸਾਨ ਦਾ ਸਹੀ ਮੁਆਵਜ਼ਾ ਦਿੰਦੀ । ਮੈਂ ਤਾਂ ਇਹ ਕਹਿੰਦਾ ਹਾਂ ਕਿ ਸਹੀ ਮਹਿਨਿਆਂ ਵਿਚ ਇਹ ਜੰਗ ਪੰਜਾਬ ਦੇ ਲੋਕਾਂ ਨੇ ਜਿਤੀ ਹੈ ਅਤੇ ਇਸ ਲਈ ਉਨ੍ਹਾਂ ਦੀ ਸਰਕਾਰ ਨੂੰ ਵਧ ਤੋਂ ਵਧ ਸਹਾਇਤਾ ਕਰਨੀ ਚਾਹੀਦੀ ਹੈ । ਪਰ ਡਿਪਟੀ ਸਪੀਕਰ ਸਾਹਿਬ, ਹੋਇਆ ਕੀ ਹੈ ਰਕਾਰ ਨੇ ਐਮਰ-ਜੰਸੀ ਦੇ ਵੇਲੇ ਲੋਕਾਂ ਤੇ ਹੋਰ ਟੈਕਸ ਲਗਾ ਦਿਤੇ । ਪਿੰਡਾਂ ਵਿਚ ਇਕ ਕਿੱਲੇ ਤੇ 2 ਰੁਪਏ ਵਾਧੂ ਕਰ ਲਗਾ ਦਿਤਾ ਗਿਆ । ਇਥੇ ਹੀ ਬਸ ਨਹੀਂ ਬੰਗਲਾ ਦੇਸ਼ ਦਾ ਟੈਕਸ ਲਗਾ ਦਿਤਾ ਗਿਆ । ਡਿਪਟੀ ਸਪੀਕਰ ਸਾਹਿਬ, ਮੇਰੀ ਸਰਕਾਰ ਪਾਸ ਬੇਨਤੀ ਹੈ ਕਿ ਬੰਗਲਾ ਦੇਸ਼ ਦਾ ਜੋ ਟੈਕਸ ਪੰਜਾਬ ਵਿਚੋਂ ਇਕਠਾ ਹੋਇਆ ਹੈ ਜਾਂ ਹੋ ਰਿਹਾ ਹੈ ਹੁਣ ਜਦੋਂ ਕਿ ਰੀਫਿਉਜੀ ਸਾਰੇ ਹੀ ਭਾਰਤ ਵਿਚੋਂ, ਬੰਗਲਾ ਦੇਸ ਵਿਚ ਵਾਪਸ ਚਲੇ ਗਏ ਹਨ ਤਾਂ ਇਹ ਰੁਪਏ ਉਨਾਂ ਪੰਜਾਬੀ ਰੀਫਿਉਜੀਆਂ ਤੇ ਖਰਚ ਹੋਣੇ ਚਾਹੀਦੇ ਹਨ ਜਿਹੜੇ ਕਿ ਬਾਰਡਰ ਤੋਂ ਉਜਾੜੇ ਗਏ ਸਨ । ਇਸ ਤਰ੍ਹਾਂ ਹੀ ਜਿਹੜਾ ਵਾਧੂ ਕਰ ਇਕ ਰੁਪਿਆ ਜਾਂ ਦੋ ਰੁਪਏ ਕਿੱਲੇ ਮਗਰ ਲਗਾਇਆ ਗਿਆ ਹੈ ਉਸ ਦੀ ਇਕੱਤਰ ਹੋਈ ਹੋਈ ਰਕਮ ਵੀ ਪੰਜਾਬ ਦੇ ਲੋਕਾਂ ਦੀ ਭਲਾਈ ਲਈ ਵਰਤਣੀ ਚਾਹੀਦੀ ਹੈ ।

ਫਿਰ ਇਸ ਐਡਰੈਸ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਰਾਜ ਦੇ ਸਾਰੇ ਪਿੰਡਾਂ ਵਿਚ ਪਾਣੀ ਦੇਣ ਲਈ ਸਰਕਾਰ ਜੋਰ ਨਾਲ ਕਦਮ ਚੁਕੇਗੀ ਜਿਸ ਨਾਲ ਕਿ ਪਿੰਡਾ ਨੂੰ ਪਾਣੀ ਦੀ ਸਹੂਲਤ ਮਿਲ ਸਕੇ । ਇਸ ਸਬੰਧ ਵਿਚ ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਇਹ ਥੀਨ ਡੈਮ ਨੂੰ ਕੰਮਪਲੀਟ ਨਹੀਂ ਕਰ ਸਕੀ । ਉਸ ਵਲ ਫੌਰੀ ਤੌਰ ਤੇ ਧਿਆਨ ਦੇਣਾ ਚਾਹੀਦਾ ਹੈ । ਡਿਪਟੀ ਸਪੀਕਰ ਸਾਹਿਬ, ਸਾਡੇ ਗਵਾਂਢੀ ਦੇਸ਼ ਨੂੰ 100 ਕਰੋੜ ਰੁਪਏ ਵੀ ਦਿਤੇ ਜਾ ਚੁਕੇ ਹਨ ਪਰ ਫਿਰ ਵੀ ਉਨ੍ਹਾਂ ਨੂੰ ਪਾਣੀ ਫਾਲਤੂ ਹੀ ਦਿਤਾ ਜਾ ਰਿਹਾ ਹੈ । ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਸ ਸਬੰਧ ਵਿਚ ਕੋਈ ਠੋਸ ਕਦਮ ਚੁਕੇ ਤਾਂ ਕਿ ਉਹ ਪਾਣੀ ਅਸੀਂ ਆਪਣੇ ਸੂਬੇ ਵਿਚ ਹੀ ਵਰਤ ਸਕੀਏ । ਅੱਜ ਹਾਲਤ, ਡਿਪਟੀ ਸਪੀਕਰ ਸਾਹਿਬ, ਇਹ ਹੈ ਕਿ ਇਕ ਪਾਸੇ ਪਾਕਿਸਤਾਨ ਜਿਹੇ ਮੁਲਕ ਨੂੰ ਤਾਂ ਫ਼ਾਲਤੂ ਹੀ ਪਾਣੀ ਦਿਤਾ ਜਾ ਰਿਹਾ ਹੈ ਪਰ ਦੂਜੇ ਪਾਸੇ ਸਾਡੇ ਆਪਣੇ ਦੇਸ਼ ਦੇ ਲੋਕ ਪਾਣੀ ਦੀ ਕਮੀ ਕਾਰਣ ਦੁਖੀ ਹਨ । ਇਸ ਲਈ ਸਰਕਾਰ ਨੂੰ ਫਿਰ ਬੇਨਤੀ ਕਰਾਂਗਾ ਕਿ ਉਹ ਪਾਣੀ ਦੇ ਮਸਲੇ ਨੂੰ ਛੇਤੀ ਤੋਂ ਛੇਤੀ ਹਲ ਕਰਨ ਦਾ ਯਤਨ ਕਰੇ ।

ਇਸ ਤਰ੍ਹਾਂ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਬਿਜਲੀ ਬਾਰੇ ਅਰਜ਼ ਕਰਦਾ ਹਾਂ। ਬਿਜਲੀ ਬਾਰੇ ਇਸ ਐਡਰੈਸ ਵਿਚ ਕਿਹਾ ਗਿਆ ਹੈ 'ਹਰ ਇਕ ਪਿੰਡ ਨੂੰ ਬਿਜਲੀ ਪਹੁੰਚਾਉਣ ਦਾ ਪ੍ਰੋਗਰਾਮ ਬਹੁਤ ਤੇਜ਼ ਕਰ ਦਿਤਾ ਜਾਵੇਗਾ ।' ਇਹ ਕੀਤਾ ਜਾਵੇਗਾ ਉਹ ਕੀਤਾ ਜਾਵੇਗਾ ਪਰ, ਡਿਪਟੀ ਸਪੀਕਰ ਸਾਹਿਬ, ਹਾਲਤ ਇਹ ਹੈ ਕਿ ਮੇਰੇ ਹਲਕੇ ਵਿਚ ਝੁਨੀਰ ਬਲਾਕ ਹੈ ਜਿਥੇ ਕਿ ਬਿਜਲੀ ਨਹੀਂ ਪੁਜੀ । ਪੰਜਾਬ ਵਿਚ ਇਸ ਤੋਂ ਸਿਵਾ ਹੋਰ ਕੋਈ ਸ਼ਾਇਦ ਹੀ ਐਸਾ ਬਲਾਕ ਹੋਵੇ ਜਿਥੇ ਕਿ ਕਿਸੇ ਪਿੰਡ ਵਿਚ ਹੀ ਬਿਜਲੀ ਨਾ ਗਈ ਹੋਵੇ । ਇਸ ਲਈ ਮੇਰੀ ਬੇਨਤੀ ਹੈ ਕਿ ਝੁਨੀਰ ਬਲਾਕ ਵਲ ਸਰਕਾਰ ਨੂੰ ਖਾਸ ਧਿਆਨ ਦੇਣਾ

ਚਾਹੀਦਾ ਹੈ ਅਤੇ ਉਥੇ ਬਿਜਲੀ ਪਹੁੰਚਾਉਣ ਦਾ ਯਤਨ ਕਰਨਾ ਚਾਹੀਦਾ ਹੈ। ਜਿਸ ਤਰ੍ਹਾਂ ਭਾਸ਼ਣ ਵਿਚ ਕਿਹਾ ਗਿਆ ਹੈ ਅਤੇ ਜੇਕਰ ਉਸ ਉਤੇ ਅਮਲ ਕੋਈ ਨਹੀਂ ਹੋਣਾ ਤਾਂ ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਕੋਈ ਫਾਇਦਾ ਨਹੀਂ ਹੈ।

ਪਾਣੀ ਦੀ ਪੁਜ਼ੀਸ਼ਨ ਵੀ ਇਸ ਤਰ੍ਹਾਂ ਦੀ ਹੈ। ਜ਼ਿਲ੍ਹਾ ਬਠਿੰਡਾ ਵਿਚ ਪਾਣੀ ਦੀ ਬਹੁਤ ਕਿਲਤ ਹੈ। ਉਥੇ ਇਕ ਮਹੀਨੇ ਵਿਚੋਂ ਕੇਵਲ ਦਸ ਦਿਨ ਪਾਣੀ ਮਿਲਦਾ ਹੈ। ਇਸ ਲਈ ਉਥੇ ਪਾਣੀ ਦੇਣ ਦਾ ਪ੍ਰਬੰਧ ਕੀਤਾ ਜਾਵੇ ਅਤੇ ਜਿਥੇ ਨਹਿਰੀ ਪਾਣੀ ਨਹੀਂ ਹੈ ਉਥੇ ਟਿਊਬਵੈਲ ਲਗਾਏ ਜਾਣ ।

ਲੜਾਈ ਦੇ ਦੌਰਾਨ ਬਾਰਡਰ ਦੇ ਏਰੀਏ ਦਾ ਬਹੁਤ ਨੁਕਸਾਨ ਹੋਇਆ ਹੈ। ਉਥੇ ਦੇ ਲੋਕਾਂ ਦੀਆਂ ਫਸਲਾਂ ਮਾਰੀਆਂ ਗਈਆਂ ਹਨ ਘਰ ਤਬਾਹ ਹੋ ਗਏ ਹਨ ਪਰ ਸਰਕਾਰ ਨੇ ਮੁਆਵਜ਼ਾ ਬਹੁਤ ਹੀ ਘਟ ਦਿਤਾ ਹੈ। ਇਸ ਲਈ ਮੇਰੀ ਮੰਗ ਹੈ ਕਿ ਉਨ੍ਹਾਂ ਲੋਕਾਂ ਨੂੰ ਸਰਕਾਰ ਪੂਰਾ ਮੁਆਵਜ਼ਾ ਦੇਵੇ ।

ਮੰਡੀਆਂ ਦੀ ਗੱਲ ਇਥੇ ਕੀਤੀ ਗਈ ਹੈ। ਮੈਂ ਤੁਹਾਡੇ ਰਾਹੀਂ, ਡਿਪਟੀ ਸਪੀਕਰ ਸਾਹਿਬ, ਇਹ ਬੇਨਤੀ ਕਰਨਾ ਚਾਹੁੰਦਾ ਹਾਂ ਝੁਨੀਰ ਬਲਾਕ ਵਿਚ ਕੋਈ ਵੀ ਮੰਡੀ ਨਹੀਂ ਹੈ। ਸਰਕਾਰ ਦੀ ਆਪਣੀ ਸਕੀਮ ਹੈ ਕਿ ਪ੍ਰੋਕਿਉਰਮੈਂਟ ਸੈਂਟਰ ਪੰਜ ਪੰਜ ਮੀਲ ਦੇ ਏਰੀਏ ਵਿਚ ਖੋਲਣੇ ਹਨ। ਇਸ ਤਰ੍ਹਾਂ ਝੁਨੀਰ ਅਤੇ ਸਰਦੂਲਗੜ੍ਹ ਦਸ ਸੈਂਟਰ ਖੁਲਣੇ ਚਾਹੀਦੇ ਹਨ। ਪਰ ਉਥੇ ਸਰਕਾਰ ਨੇ ਸਿਰਫ ਇਕ ਮੰਡੀ ਬਣਾਈ ਹੈ ਜਿਹੜੀ ਕਿ ਇਸ ਫਸਲ ਤਕ ਸ਼ੁਰੂ ਹੋਣ ਦੀ ਆਸ ਨਹੀਂ ਹੈ। ਇਸ ਲਈ ਸਰਕਾਰ ਨੂੰ ਇਸ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ ਅਤੇ ਜਨਤਾ ਦੀਆਂ ਤਕਲੀਫਾਂ ਨੂੰ ਦੂਰ ਕਰਨਾ ਚਾਹੀਦਾ ਹੈ ਕਿਉਂਕਿ ਹੁਣ ਲੋਕਾਂ ਨੂੰ ਆਪਣੀ ਜਿਨਸ ਵੇਚਣ ਲਈ ਬੜੀ ਦੂਰ ਜਾਣਾ ਪੈਂਦਾ ਹੈ ਅਤੇ ਬੜੀ ਮੁਸੀਬਤ ਦਾ ਸਾਮ੍ਹਣਾ ਕਰਨਾ ਪੈ ਰਿਹਾ ਹੈ।

ਫਿਰ, ਡਿਪਟੀ ਸਪੀਕਰ ਸਾਹਿਬ, ਇਥੇ ਪੀਣ ਵਾਲੇ ਪਾਣੀ ਦਾ ਜ਼ਿਕਰ ਆਇਆ ਹੈ ਮੇਰੀ ਬੇਨਤੀ ਹੈ ਕਿ ਬਠਿੰਡਾ ਇਕ ਅਜਿਹਾ ਇਲਾਕਾ ਹੈ ਜਿਥੇ ਕਿ ਪਾਣੀ ਸਿਹਤ ਲਈ ਬੜਾ ਮਾੜਾ ਹੈ। ਉਸ ਪਾਣੀ ਨਾਲ ਲੋਕਾਂ ਦੀ ਸਿਹਤ ਤੇ ਬੜਾ ਬੁਰਾ ਅਸਰ ਪੈਂਦਾ ਹੈ। ਇਸ ਲਈ ਮੇਰੀ ਸਰਕਾਰ ਪਾਸ ਮੰਗ ਹੈ ਕਿ ਉਥੇ ਵਾਟਰਵਰਕਸ ਲਗਾਏ ਜਾਣ। ਖਾਸ ਤੌਰ ਤੇ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਰਦੂਲਗੜ੍ਹ ਵਲ ਧਿਆਨ ਦੇਣ । ਉਥੇ ਪੁਜ਼ੀਸ਼ਨ ਇਹ ਹੈ ਕਿ ਆਦਮੀਆਂ ਲਈ ਸ਼ੁੱਧ [illegible] ਇਕ ਪਾਸੇ ਰਿਹਾ ਡੰਗਰਾਂ ਦੇ ਪੀਣ ਵਾਲਾ ਪਾਣੀ ਵੀ ਨਹੀਂ ਮਿਲਦਾ। ਇਸ ਲਈ ਇਸ ਵਲ ਸਰਕਾਰ ਨੂੰ ਗੌਰ ਕਰਨਾ ਚਾਹੀਦਾ ਹੈ।

ਹਰੀਜਨਾਂ ਦੀ ਭਲਾਈ ਵਾਸਤੇ ਸਰਕਾਰ ਕਦਮ ਚੁਕ ਰਹੀ ਹੈ ਜਿਸ ਲਈ ਮੈਂ ਵਧਾਈ ਦਿੰਦਾ ਹਾਂ ਅਤੇ ਨਾਲ ਹੀ ਬੇਨਤੀ ਕਰਦਾ ਹਾਂ ਕਿ ਵਧ ਤੋਂ ਵਧ ਪੈਸਾ ਰਖ ਕੇ ਉਨ੍ਹਾਂ ਦੇ ਕਲਿਆਣ ਲਈ ਵਧ ਤੋਂ ਵਧ ਭਲਾਈ ਦੀਆਂ ਸਕੀਮਾਂ ਬਣਾਉਣੀਆਂ ਚਾਹੀਦੀਆਂ
ਇਕ ਅਰਜ਼ ਹੋਰ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਵਿਚ ਇਕ ਬਾਜ਼ੀਗਰ
ਵਲ ਕੋਈ ਵੀ ਧਿਆਨ ਕਿਸੇ ਵੀ ਸਰਕਾਰ ਨੇ ਨਹੀਂ ਦਿਤਾ।
ਟਾਈਮ ਹੁੰਦਾ ਹੈ ਤਾਂ ਉਨ੍ਹਾਂ ਨੂੰ ਝਾਂਸੇ ਦਿਤੇ ਜਾਂਦੇ ਹਨ ਕਿ ਸਰਕਾ

[ਸਰਦਾਰ ਬਲਵਿੰਦਰ ਸਿੰਘ ਭੁੰਡਰ]

ਉਨ੍ਹਾਂ ਲਈ ਮਕਾਨ ਮੁਹੱਈਆ ਕਰੇਗੀ, ਇਹ ਕਰੇਗੀ, ਉਹ ਕਰੇਗੀ । ਇਸ ਤਰ੍ਹਾਂ ਦੇ ਝਾਂਸੇ ਦੇ ਕੇ ਉਨ੍ਹਾਂ ਤੋਂ ਵੋਟਾਂ ਆਪਣੇ ਹਕ ਵਿਚ ਪਵਾ ਲਈਆਂ ਜਾਂਦੀਆਂ ਹਨ ਪਰ ਇਲੈਕਸ਼ਨਾਂ ਤੋਂ ਪਿਛੋਂ ਉਨ੍ਹਾਂ ਵਲ ਕੋਈ ਧਿਆਨ ਨਹੀਂ ਦਿਤਾ ਜਾਂਦਾ । ਇਸ ਲਈ ਮੇਰੀ ਬੇਨਤੀ ਹੈ ਕਿ ਇਸ ਕੌਮ ਨੂੰ ਹਰੀਜਨਾਂ ਵਾਂਗ ਹੀ ਸ਼ਡਿਊਲਡ ਕਾਸਟ ਕਰਾਰ ਦਿਤਾ ਜਾਵੇ ।

ਇਥੇ ਕਾਨੂੰਨ ਦੀ ਵਿਵਸਥਾ ਦਾ ਜ਼ਿਕਰ ਕੀਤਾ ਗਿਆ ਹੈ । ਕਾਨੂੰਨ ਦੀ ਹਾਲਤ ਇਹ ਹੈ ਕਿ ਅੱਜ ਲੋਕਾਂ ਨਾਲ ਪੁਲੀਸ ਬੜਾ ਬੁਰਾ ਸਲੂਕ ਕਰਦੀ ਹੈ । ਉਨ੍ਹਾਂ ਨਾਲ ਅੰਗਰੇਜ਼ਸ਼ਾਹੀ ਤੋਂ ਵੀ ਭੈੜਾ ਵਰਤਾਉ ਕੀਤਾ ਜਾ ਰਿਹਾ ਹੈ (ਆਪੋਜ਼ੀਸ਼ਨ ਵਲੋਂ ਤਾੜੀਆਂ)। ਇਸ ਲਈ ਸਰਕਾਰ ਨੂੰ ਇਸ ਪਾਸੇ ਵੀ ਧਿਆਨ ਦੇਣ ਦੀ ਲੋੜ ਹੈ ਅਤੇ ਪੁਲੀਸ ਵਿਚ ਸੁਧਾਰ ਕਰਨ ਦੀ ਲੋੜ ਹੈ ।

ਇਲੈਕਸ਼ਨਜ਼ ਦੇ ਬਾਰੇ ਵੀ ਗਵਰਨਰ ਸਾਹਿਬ ਨੇ ਕਿਹਾ ਹੈ ਕਿ ਇਲੈਕਸ਼ਨਜ਼ ਬੜੇ ਹੀ ਇਨਸਾਫ ਪਸੰਦ ਤਰੀਕੇ ਨਾਲ ਕਰਵਾਈਆਂ ਗਈਆਂ । ਪਰ ਮੈਂ ਦਸਣਾ ਚਾਹੁੰਦਾ ਹਾਂ ਕਿ ਇਲੈਕਸ਼ਨਜ਼ ਵਿਚ ਸਰਕਾਰੀ ਕਰਮਚਾਰੀਆਂ ਨੂੰ ਵਰਤਿਆ ਗਿਆ ਹੈ । ਪੁਲੀਸ ਇਨਸਪੈਕਟਰ ਸਾਹਿਬ ਨੇ ਪੁਲੀਸ ਨੂੰ ਇਹ ਹਦਾਇਤਾਂ ਕੀਤੀਆਂ ਹੋਈਆਂ ਸਨ ਕਿ ਉਹ ਲੋਕਾਂ ਨੂੰ ਕਹਿਣ ਕਿ ਵਧ ਤੋਂ ਵਧ ਵੋਟਾਂ ਕਾਂਗਰਸ ਪਾਰਟੀ ਨੂੰ ਪਾਉਣ (ਆਪੋਜ਼ੀਸ਼ਨ ਵਲੋਂ ਸ਼ੇਮ ਸ਼ੇਮ ਦੀਆਂ ਆਵਾਜ਼ਾਂ)

ਮੈਂ ਇਸ ਸੰਬੰਧ ਵਿਚ ਇਕ ਤਾਰ ਵੀ ਦਿਤੀ ਸੀ...(ਵਿਘਨ)

ਸ੍ਰੀ ਗੁਰਦਿਆਲ ਸੈਣੀ : ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਜਿਹੜਾ ਅਫਸਰ ਹਾਊਸ ਵਿਚ ਨਾ ਹੋਵੇ ਤਾਂ ਉਸ ਦਾ ਇਥੇ ਨਾਉਂ ਨਹੀਂ ਲੈਣਾ ਚਾਹੀਦਾ ।

ਸ੍ਰੀ ਡਿਪਟੀ ਸਪੀਕਰ : ਨਾਉਂ ਨਹੀਂ ਲਿਆ ਜਾ ਰਿਹਾ । (ਵਿਘਨ) (No officer is being named.) Order please.

ਕਾਮਰੇਡ ਸੱਗੜ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰ ਰਿਹਾ ਸੀ ਮੇਰੇ ਹਲਕੇ ਵਿਚ ਇਲੈਕਸ਼ਨਾਂ ਵਿਚ ਬੇਇਨਸਾਫੀ ਹੋਈ ਹੈ । ਮੈਂ ਇਸ ਸਬੰਧ ਵਿਚ ਮੌਕੇ ਤੇ ਇਲੈਕਸ਼ਨ ਕਮਿਸ਼ਨ ਨੂੰ ਵੀ ਤਾਰ ਦਿਤੀ ਸੀ । (ਵਿਘਨ)

Mr. Deputy Speaker : The hon. Member S. Balwinder Singh may please continue his speech.

ਸਰਦਾਰ ਬਲਵਿੰਦਰ ਸਿੰਘ ਭੁੰਡਰ : ਮੈਂ ਡਿਪਟੀ ਸਪੀਕਰ, ਸਾਹਿਬ, ਬੇਨਤੀ ਕਰ ਰਿਹਾ ਸੀ ਕਿ ਮੇਰੇ ਹਲਕੇ ਦੇ ਵਿਚ ਕੀ ਪੁਜ਼ੀਸ਼ਨ ਰਹੀ ਹੈ । ਅਲੈਕਸ਼ਨ ਦੇ ਟਾਈਮ ਇਕ ਡੀ.ਐਸ.ਪੀ. ਨੇ ਕਾਫ਼ੀ ਤੰਗ ਕੀਤਾ । ਉਸ ਡੀ.ਐਸ.ਪੀ. ਦੇ ਖਿਲਾਫ ਮੈਂ ਅਲੈਕਸ਼ਨ ਕਮਿਸ਼ਨ ਨੂੰ ਤਾਰ ਦਿਤੀ ਮਗਰ ਕੋਈ ਇਨਕੁਆਇਰੀ ਨਹੀਂ ਹੋਈ । ਇਸ ਤੋਂ ਵੱਡੀ ਹੈਰਸਮੈਂਟ ਮੈਂ ਕਦੇ ਨਹੀਂ ਵੇਖੀ । ਅੱਜ ਪੁਜ਼ੀਸ਼ਨ ਇਹ ਹੈ ਕਿ ਮੇਰੇ ਹਲਕੇ ਵਿਚ ਕਈ ਨੌਜਵਾਨ ਮੇਰੇ ਸਾਥੀਆਂ ਨੂੰ ਨਕਸਲਬਾੜੀ ਕਹਿ ਕੇ ਅੰਦਰ ਕਰਨ ਦੀਆਂ ਤਜਵੀਜ਼ਾਂ ਬਣਾਈਆਂ ਗਈਆਂ । ਅਲੈਕਸ਼ਨ

ਤੋਂ ਸਿਰਫ਼ ਚਾਰ ਦਿਨ ਪਹਿਲਾਂ ਦੀ ਗਲ ਹੈ ਮੇਰੇ ਇਕ ਨੌਜਵਾਨ ਸਾਥੀ ਜਿਹੜਾ ਕਿ ਮੇਰੀ ਮਦਦ ਕਰ ਰਿਹਾ ਸੀ, ਉਸ ਦੀ ਬਸ ਰੋਕ ਦਿਤੀ ਗਈ । ਉਸ ਨੂੰ ਜੇਲ੍ਹ ਵਿਚ ਬੰਦ ਕੀਤਾ ਗਿਆ । ਜ਼ਮਾਨਤ ਤਕ ਨਹੀਂ ਹੋਈ । ਇਸੇ ਤਰ੍ਹਾਂ ਮੇਰਾ ਇਕ ਦੋਸਤ ਟਰੈਕਟਰ ਵਾਲਾ ਸੀ ਉਸ ਦੇ ਸਾਰੇ ਟਰੱਕ ਅਤੇ ਬੱਸਾਂ ਬੰਦ ਕੀਤੀਆਂ ਗਈਆਂ । ਜਦ ਕਿ ਦੂਸਰੇ ਪਾਸੇ ਸਿਧੀ ਮਦਦ ਹੁੰਦੀ ਰਹੇਗੀ । ਮੈਂ ਕਹਿੰਦਾ ਹਾਂ ਕਿ ਅਜ ਵੀ ਇਹ ਪੁਜ਼ੀਸ਼ਨ ਚਲ ਰਹੀ ਹੈ । ਮੈਂ ਤੁਹਾਡੇ ਰਾਹੀਂ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਜੋ ਗਿਆਨੀ ਜੀ ਨੇ ਕਿਹਾ ਹੈ ਕਿ ਨਕਸਲਬਾੜੀ ਲਹਿਰ ਖਤਮ ਹੋ ਗਈ ਹੈ । ਪਰ ਪੁਲਿਸ ਜਿਸ ਆਦਮੀ ਨੂੰ ਤੰਗ ਕਰਨਾ ਚਾਹੁੰਦੀ ਹੈ, ਜਿਸ ਆਦਮੀ ਨੂੰ ਹੈਰਾਸ ਕਰਨਾ ਚਾਹੁੰਦੀ ਹੈ, ਉਸ ਦਾ ਨਾਂ ਨਕਸਲਬਾੜੀਆਂ ਨਾਲ ਜੋੜ ਦਿਤਾ ਜਾਂਦਾ ਹੈ । ਅੱਜ ਇਹ ਹਾਲਤ ਹੈ ਕਿ ਜ਼ਿਮੀਂਦਾਰਾਂ ਦੇ ਮੁੰਡਿਆਂ ਨੂੰ ਜਿਨ੍ਹਾਂ ਨੂੰ ਇੱਕ ਪਾਸੇ ਤਾਂ ਨੌਕਰੀ ਨਹੀਂ ਮਿਲਦੀ ਅਤੇ ਖੇਤੀ ਦਾ ਵੀ ਬੁਰਾ ਹਾਲ ਹੈ, ਜਦੋਂ ਪੱਗਾਂ ਬਨ ਕੇ ਤੁਰਦੇ ਹਨ ਤਾਂ ਉਨਾਂ ਨੂੰ ਨਕਸਲਬਾੜੀ ਕਹਿ ਕੇ ਗਿਰਫਤਾਰ ਕੀਤਾ ਜਾਂਦਾ ਹੈ । ਕੀ ਸਰਕਾਰ ਇਸ ਪਾਸੇ ਵਲ ਕੋਈ ਧਿਆਨ ਦੇਵੇਗੀ ? ਪੁਲਿਸ ਨੂੰ ਰੋਕਣ ਦਾ ਇੰਤਜ਼ਾਮ ਕਰੇਗੀ ਜਦੋਂ ਨੌਜਵਾਨ ਮੁੰਡੇ ਹਿੱਕ ਕੱਡ ਕੇ ਤੁਰਦੇ ਹਨ ਜਾਂ ਅਜ਼ਾਦੀ ਵਾਸਤੇ ਗਲ ਕਰਦੇ ਹਨ ਤਾਂ ਨਕਸਲਬਾੜੀ ਦਾ ਇਲਜ਼ਾਮ ਲਗਾਇਆ ਜਾਂਦਾ ਹੈ। ਕੋਈ ਸੱਚੀ ਗਲ ਕਹਿੰਦਾ ਹੈ ਤਾਂ ਵੀ ਨਕਸਲਬਾੜੀ ਦਾ ਇਲਜ਼ਾਮ ਲਗਾਇਆ ਜਾਂਦਾ ਹੈ। ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਕੋਈ ਪੈਮਾਨਾ ਰਖੋ ਕਿ ਇਸ ਢੰਗ ਦਾ ਆਦਮੀ ਨਕਸਲਬਾੜੀ ਹੋਵੇਗਾ। ਮੈਂ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਇਸ ਜ਼ਮਾਨੇ ਵਿਚ, ਇਸ ਗਵਰਨਰੀ ਰਾਜ ਵਿਚ ਪੰਜ ਕਤਲ ਮੇਰੇ ਹਲਕੇ ਵਿਚ ਹੋਏ । ਤਿੰਨ ਇਕ ਥਾਂ ਹੋਏ। ਸਰਦੂਲ ਗੜ੍ਹ ਦੇ ਸਰਪੰਚ ਦਾ ਕਤਲ ਦਿਨ ਦਿਹਾੜੇ ਹੋਇਆ । ਫਿਰ ਇੱਕ ਪੀ. ਟੀ. ਆਈ. ਜਿਸ ਦਾ ਨਾਂ ਰਣਜੀਤ ਸਿੰਘ ਹੈ, ਉਹ 6 ਮਹੀਨਿਆਂ ਤੋਂ ਗੁੰਮ ਹੈ । ਕੀ ਅੱਜ ਦੀ ਹਾਲਤ ਅੰਗਰੇਜ਼ਾਂ ਦੇ ਜ਼ਮਾਨੇ ਤੋਂ ਘੱਟ ਹੈ ? ਉਸ ਸਮੇਂ ਸਰਦਾਰ ਭਗਤ ਸਿੰਘ ਤੇ ਮੁਕੱਦਮਾ ਚਲਾ ਕੇ ਫਿਰ ਸਜ਼ਾ ਦਿਤੀ ਗਈ ਸੀ । ਕੀ ਇਹ ਲੋਕ ਰਾਜ ਹੈ ? ਕੀ ਸਰਕਾਰ ਇਸ ਪਾਸੇ ਧਿਆਨ ਦੇਵੇਗੀ ? ਮੈਂ ਤਾਂ ਕਹਿੰਦਾ ਹਾਂ ਕਿ ਇਹ ਤਾਂ ਇਕ ਪਾਸੇ ਰਿਹਾ, ਜਿਵੇਂ ਸਰਦਾਰ ਪ੍ਰੇਮ ਸਿੰਘ ਪ੍ਰੇਮ ਨੇ ਕਿਹਾ ਸੀ ਕਿ ਜਿਹੜੇ ਪੰਜਾਬ ਦੇ ਨੁਮਾਇੰਦੇ ਹਨ, ਅਫਸਰਾਂ ਨੂੰ ਇਨ੍ਹਾਂ ਦੀ ਕਦਰ ਕਰਨੀ ਚਾਹੀਦੀ ਹੈ, ਇਨਾਂ ਨੂੰ ਗੇਟ ਤਕ ਛਡਕੇ ਜਾਣਾ ਚਾਹੀਦਾ ਹੈ, ਪਰ ਇਥੇ ਪੁਲਿਸ ਦੇ ਮਹਿਕਮੇ ਵਿਚ ਕੀ ਹੋ ਰਿਹਾਂ ਹੈ, ਇਹ ਹਰ ਸਮੇਂ ਇਹ ਦੇਖ ਰਹੇ ਹਨ ਕਿ ਕਿਸ ਤਰ੍ਹਾਂ ਐਮ. ਐਲ. ਏਜ਼ ਨੂੰ ਨਕਸਲਬਾੜੀ ਕਹਿ ਕੇ ਜੇਲ੍ਹ ਵਿਚ ਬੰਦ ਕਰ ਦਿਤਾ ਜਾਵੇ । ਡਿਪਟੀ ਸਪੀਕਰ ਸਾਹਿਬ, ਮੈਂ ਸਰਕਾਰ ਦਾ ਧਿਆਨ ਇਸ ਪਾਸੇ ਵਲ ਦਿਵਾਉਣਾ ਚਾਹੁੰਦਾ ਹਾਂ । ਕੀ ਇਸ ਤਰ੍ਹਾਂ ਨਾਲ ਇਥੇ ਅਮਨ ਕਾਇਮ ਰਹੇਗਾ ? ਕੀ ਇਸ ਤਰ੍ਹਾਂ ਲੋਕਰਾਜ ਦਾ ਸਿਲਸਿਲਾ ਪ੍ਰਫੁਲਤ ਹੋਏਗਾ ? ਸਿਵਾਏ ਇਸਦੇ ਕਿ ਗਲਤ ਪਾਸੇ ਲਿਜਾਣ ਦੇ ਇਸਦਾ ਕੋਈ ਚੰਗਾ ਸਿੱਟਾ ਨਹੀਂ ਨਿਕਲੇਗਾ ।

ਫਿਰ, ਡਿਪਟੀ ਸਪੀਕਰ ਸਾਹਿਬ, ਖੇਤੀਬਾੜੀ ਦੇ ਬਜਟ ਤੇ ਗੱਲ ਕੀਤੀ ਗਈ ਹੈ । ਮੈਂ ਤੁਹਾਡੇ ਰਾਹੀਂ ਸਰਕਾਰ ਦਾ ਧਿਆਨ ਖੇਤੀ ਬਾੜੀ ਦੀਆਂ ਸਕੀਮਾਂ ਵਲ ਦਿਵਾਉਣਾ ਚਾਹੁੰਦਾ ਹਾਂ । ਸਰਕਾਰ ਕਹਿੰਦੀ ਹੈ ਕਿ ਅਸੀਂ ਕ੍ਰੈਸ਼ ਪ੍ਰੋਗਰਾਮ ਸ਼ੁਰੂ ਕਰਕੇ ਪੈਦਾਵਾਰ ਵਧਾਵਾਂਗੇ ਕਪਾਹ ਨਰਮੇ ਦੀਆਂ ਫਸਲਾਂ ਦੀ ਉਪਜ ਵਧਾਵਾਂਗੇ ਪਰ ਜਿਹੜੀ ਮੌਜੂਦਾ ਪੋਜੀਸ਼ਨ ਹੈ ਨਰਮੇ ਦੀ, ਇਸ ਤੋਂ ਵਡਾ ਧਕਾ ਕਿਸੇ ਰਾਜ ਵਿਚ ਨਹੀਂ ਹੋਇਆ । ਜਿਵੇਂ ਕਿ ਵੜੇਵੇਂ ਦਾ ਭਾਅ 80 ਰੁਪਏ ਉਥੇ ਨਰਮੇ ਦਾ ਭਾਅ 60 ਰੁਪਏ ਰਹਿ ਗਿਆ ਹੈ । ਕਿਸਾਨ ਦਾ ਨਰਮਾ ਤੂੜੀ

[ਸਰਦਾਰ ਬਲਵਿੰਦਰ ਸਿੰਘ ਭੂੰਡਰ]

ਦੇ ਭਾਅ ਵਿਕਿਆ ਹੈ । ਸਰਕਾਰ ਅਜੇ ਤਕ ਇਸ ਤੇ ਕੋਈ ਗੌਰ ਨਹੀਂ ਕਰ ਸਕੀ । ਸਰਕਾਰ ਕਹਿੰਦੀ ਹੈ ਕਿ ਗੌਰਮਿੰਟ ਆਫ ਇੰਡੀਆ ਨੂੰ ਅਸੀਂ ਰਿਕੁਐਸਟ ਕਰ ਰਹੇ ਹਾਂ । ਪੰਜਾਬ ਦਾ ਜੋ ਗਰੀਬ ਮਜ਼ਦੂਰ ਕਿਸਾਨ ਹੈ ਉਸ ਦਾ ਲਹੂ ਨਚੋੜਿਆ ਗਿਆ ਹੈ । ਇਸ ਪਾਸੇ ਵਲ ਫੌਰੀ ਕਦਮ ਚੁਕਣਾ ਚਾਹੀਦਾ ਹੈ । ਸਰਕਾਰ ਨੂੰ ਚਾਹੀਦਾ ਹੈ ਕਿ ਜਿਸ ਫ਼ਸਲ ਨੂੰ ਜ਼ਿਮੀਂਦਾਰ ਬੀਜਦਾ ਹੈ ਉਸ ਦੀ ਬਿਜਾਈ ਤੋਂ ਪਹਿਲਾਂ ਕੀਮਤ ਤਹਿ ਹੋਵੇ ਤਾਂ ਕਿ ਜ਼ਿਮੀਦਾਰ ਸੋਚ ਕੇ ਫਸਲ ਬੀਜੇ ਅਤੇ ਜਿਮੀਂਦਾਰ ਉਹ ਫਸਲ ਬੀਜੇ ਜਿਸ ਤੋਂ ਉਸ ਨੂੰ ਕੋਈ ਫ਼ਾਈਦਾ ਹੋਵੇ । ਇਹ ਨਾ ਹੋਵੇ ਕਿ ਉਸ ਦੀ ਫਸਲ ਦੀ ਕੀਮਤ 6 ਮਹੀਨੇ ਬਾਦ ਮੁਕੱਰਰ ਹੋਵੇ ਜਦੋ ਕਿ ਉਸ ਨੇ ਬੀਜ ਪਾਇਆ ਹੋਵੇ ਅਤੇ ਪਹਿਲੀ ਫਸਲ ਗੱਡੇ ਪਈ ਹੋਵੇ । ਸਰਕਾਰ ਕੋਈ ਨਰਮੇ ਅਤੇ ਰੂੰ ਦੀਆਂ ਕੀਮਤਾਂ ਬਾਰੇ ਵਿਸ਼ਵਾਸ ਨਹੀਂ ਦਿਵਾ ਰਹੀ, ਕੀਮਤਾਂ ਫਿਕਸ ਨਹੀਂ ਹੋ ਰਹੀਆਂ

ਸੁਰਿੰਦਰ ਕੌਰੋਂ ਨੇ ਕਿਹਾ ਹੈ ਕਿ ਜੋ ਪੈਦਾਵਾਰ ਹੁੰਦੀ ਹੈ ਉਸ ਨਾਲੋਂ ਬੀਜਾਈ ਦੀ ਕੀਮਤ ਜ਼ਿਆਦਾ ਹੈ । ਇਸ ਕਰਕੇ ਮੈਂ ਸਰਕਾਰ ਕੋਲ ਬੇਨਤੀ ਕਰਾਂਗਾ ਕਿ ਜੇ ਉਹ ਜ਼ਿਮੀਂ-ਦਾਰ ਨੂੰ, ਪੰਜਾਬ ਦੇ ਪਿੰਡਾਂ ਨੂੰ ਤਰਕੀ ਵਲ ਲੈ ਜਾਣਾ ਹੈ ਤਾਂ ਇਸ ਗਲ ਨੂੰ ਮੁਖ ਰਖ ਕੇ ਕਣਕ ਦੀ ਕੀਮਤ ਨੂੰ 90 ਜਾਂ 95 ਰੁਪਏ ਹੋਵੇ ਤਾਂ ਇਹ ਸਰਕਾਰ ਲੋਕਾਂ ਦਾ ਭਲਾ ਕਰ ਸਕਦੀ ਹੈ ।

ਸ੍ਰੀ ਡਿਪਟੀ ਸਪੀਕਰ : ਇਕ ਦੋ ਮਿੰਟਾਂ ਵਿਚ ਸਮਾਪਤ ਕਰੋ । (Please wind up within a minute or two.)

ਸਰਦਾਰ ਬਲਵਿੰਦਰ ਸਿੰਘ ਭੂੰਡਰ : ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਗਰੀਬ ਦੀ ਭਲਾਈ ਕਰਨੀ ਚਾਹੀਦੀ ਹੈ । ਮੈਂ ਅਮੀਰ ਜਨਤਾ ਦਾ ਹਾਮੀ ਨਹੀਂ ਮੈਂ ਉਨ੍ਹਾਂ ਦੇ ਖਿਲਾਫ ਹਾਂ । ਪੰਜਾਬ ਵਿਚ ਕਿੰਨੇ ਅਮੀਰ ਹੋਣਗੇ । ਕਿੰਨੇ ਨਰਮੇ ਵਾਲੇ ਅਮੀਰ ਹੋਣਗੇ ਦੋ ਚਾਰ ਸੌ ਐਸੇ ਬੰਦੇ ਹੋਣਗੇ । ਬਾਕੀ ਲੱਖਾਂ ਇਨਸਾਨ ਤਾਂ ਗਰੀਬ ਹਨ । ਉਸ ਦੇ ਨਰਮੇਂ ਨੂੰ ਕਿਉਂ ਤੂੜੀ ਦੇ ਭਾਅ ਲਾਇਆ ਗਿਆ । ਜੇ ਤੁਸੀਂ ਪ੍ਰੋਗਰੇਸਿਵ ਪ੍ਰੋਗਰਾਮ ਕਰਨਾ ਚਾਹੁੰਦੇ ਹੋ ਤਾਂ ਉਨ੍ਹਾਂ ਨੂੰ ਕੁਝ ਦਿਉ । ਮੈਂ ਕਹਿੰਦਾ ਹਾਂ ਕਿ ਕਣਕ ਬੀਜਣ ਵਾਲਾ ਕਿਸਾਨ ਅਮੀਰ ਹੈ। ਠੀਕ ਹੈ ਕੋਈ 1 ਜਾਂ 2 ਪ੍ਰਤੀਸ਼ਤ ਕਿਸਾਨ ਅਮੀਰ ਹੈ ਬਾਕੀ 98 ਪ੍ਰਤੀਸ਼ਤ ਤਾਂ ਗਰੀਬ ਹੈ । ਉਨ੍ਹਾਂ ਨੂੰ ਹੋਰ ਉਪਜ ਵਧਾਉਣ ਵਲ ਤਾਂ ਲਾ ਸਕੋਗੇ, ਜੇ ਉਨ੍ਹਾਂ ਨੂੰ ਸਹੂਲਤਾਂ ਦਿਉਗੇ । ਇਤਨਾ ਕਹਿ ਕੇ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਸ੍ਰੀ ਗੁਰਦਿਆਲ ਸੈਣੀ : ਡਿਪਟੀ ਸਪੀਕਰ ਸਾਹਿਬ, ਅਗਰ ਸਾਡਾ ਲਿਸਟ ਵਿਚ ਨਾਂ ਹੋ ਤਾਂ ਤੇ ਅਸੀਂ ਬੈਠੇ ਰਹੀਏ ਨਹੀਂ ਤਾਂ ਬਾਹਰ ਚਲੇ ਜਾਂਦੇ ਹਾਂ ।

ਸ੍ਰੀ ਡਿਪਟੀ ਸਪੀਕਰ : ਕਾਂਗਰਸ ਪਾਰਟੀ ਦੇ 10 ਮੈਂਬਰਾਂ ਦੀ ਲਿਸਟ ਆਈ ਹੈ, ਜਿਹੜੇ ਕਿ ਗਵਰਨਰ ਸਾਹਿਬ ਦੇ ਐਡਰਸ ਤੇ ਬੋਲਣਗੇ । (I have received a list of ten Members from the Congress party who would like to speak on the Governor's Address.)

ਸਰਦਾਰ ਸਾਧੂ ਸਿੰਘ (ਸੁਲਤਾਨਪੁਰ) : ਮੈਂ ਤੁਹਾਡੇ ਰਾਹੀਂ ਗਿਆਨੀ ਜੀ ਨੂੰ ਅਤੇ ਉਨ੍ਹਾਂ ਦੀ ਸਰਕਾਰ ਨੂੰ ਵਧਾਈ ਦਿੰਦਾ ਹਾਂ । ਉਨ੍ਹਾਂ ਨੇ ਸਰਕਾਰੀ ਕਰਮਚਾਰੀਆਂ ਨੂੰ ਰੀਲੀਫ ਦੇ ਕੇ ਇਕ ਬੜਾ ਅੱਛਾ ਕਦਮ ਚੁਕਿਆ ਹੈ । ਇਹ ਕਦਮ ਸਿਰਫ ਪੰਜਾਬ ਦੀ ਸਰਕਾਰ ਨੇ ਹੀ ਚੁਕਿਆ ਹੈ ਮੈਨੂੰ ਖੁਸ਼ੀ ਹੈ ਕਿ ਇਹ ਸੁਨਹਿਰੀ ਕੰਮ ਗਿਆਨੀ ਜੀ ਦੀ ਅਗਵਾਈ ਹੇਠ ਹੋਇਆ ਹੈ । ਮੇਰੇ ਆਪੋਜੀਸ਼ਨ ਵੀਰਾਂ ਨੇ ਬਹੁਤ ਚਰਚਾ ਕੀਤੀ ਹੈ ਕਿ ਉਨ੍ਹਾਂ ਨੇ ਪੰਜਾਬ ਦਾ ਖਾਸ ਖਿਆਲ ਰੱਖਿਆ ਹੈ ਔਰ ਸੜਕਾਂ ਦਾ ਵਿਕਾਸ, ਹਰੀਜਨਾਂ ਲਈ ਧਰਮਸ਼ਾਲਾਵਾਂ ਅਤੇ ਲਿੰਕ ਰੋਡ ਆਦਿ ਚੰਗਾ ਕੰਮ ਕੀਤਾ ਹੈ । ਲੇਕਿਨ ਮੈਨੂੰ ਅਫਸੋਸ ਹੈ ਕਿ ਇਨ੍ਹਾਂ ਇਕ ਵਾਰ ਵੀ ਸਰਦਾਰ ਲਛਮਣ ਸਿੰਘ ਗਿੱਲ, ਜਿਸ ਨੇ ਪੰਜਾਬੀ ਨੂੰ ਰਾਜ ਗਦੀ ਤੇ ਬਿਠਾਇਆ ਅਤੇ ਜਿਨ੍ਹਾਂ ਨੇ ਸਭ ਤੋਂ ਪਹਿਲਾਂ ਕ੍ਰੈਸ਼ ਪ੍ਰੋਗਰਾਮ ਚਲਾਉਣ ਦਾ ਕੀਤਾ, ਉਨ੍ਹਾਂ ਦਾ ਇੱਕ ਵਾਰ ਵੀ ਨਾਂ ਨਹੀਂ ਲਿਆ ।

ਇਸ ਤੋਂ ਵਧ ਦੁੱਖ ਦੀ ਗਲ ਹੋਰ ਕੀ ਹੋ ਸਕਦੀ ਹੈ ਕਿ ਗਿੱਲ ਸਾਹਿਬ ਦੀ ਸਾਹਿਬ ਜ਼ਾਦੀ ਅਪੋਜ਼ੀਸ਼ਨ ਦੇ ਬੈਂਚਾਂ ਤੇ ਬੈਠੀ ਹੈ ਉਨ੍ਹਾਂ ਦਾ ਵੀ ਖਿਆਲ ਨਹੀਂ ਰਖਿਆਂ ਗਿਆ ਅਤੇ ਉਨਾਂ ਦਾ ਧੰਨਵਾਦ ਵਿਚ ਕੁਝ ਨਹੀਂ ਕਿਹਾ ਗਿਆ ਕਿ ਉਨ੍ਹਾਂ ਦੇ ਪਿਤਾ ਨੇ ਪੰਜਾਬੀ ਨੂੰ ਰਾਜ ਭਾਸ਼ਾ ਬਨਾਣ ਵਿਚ ਮਹਾਨ ਕੰਮ ਕੀਤਾ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਬਿਜਲੀ ਦੇ ਬਾਰੇ ਵਿਚ ਅਰਜ਼ ਕਰਨੀ ਚਾਹੁੰਦਾ ਹਾਂ ਕਿ ਬਿਜਲੀ ਦੀ ਜ਼ਰਾਇਤ ਨੂੰ ਅਤੇ ਇਨਡਸਟਰੀ ਨੂੰ ਲੋੜ ਹੈ ਪਰ ਇਸ ਦੇ ਬਾਰੇ ਵਿਚ ਸਰਕਾਰ ਕਾਰਵਾਈ ਨਹੀਂ ਕਰ ਰਹੀ ਥੀਨ ਡੈਮ ਦਾ ਜਿਥੇ ਤਕ ਸਬੰਧ ਹੈ, ਇਸ ਲਈ ਅਜੇ ਤਕ ਹਿੰਦ ਸਰਕਾਰ ਪਾਸੋਂ ਮਨਜ਼ੂਰੀ ਨਹੀਂ ਮਿਲੀ। ਇਸ ਲਈ ਸੀ. ਐਮ. ਸਾਹਿਬ ਨੂੰ ਕਹਾਂਗਾ ਕਿ ਹਿੰਦ ਸਰਕਾਰ ਪਾਸੋਂ ਇਸ ਦੀ ਮਨਜ਼ੂਰੀ ਲਈ ਜ਼ੋਰ ਦਿਤਾ ਜਾਵੇ ਤਾਂ ਕਿ ਇਹ ਪਰਾਜੈਕਟ ਜਲਦੀ ਤੋਂ ਜਲਦੀ ਬਣ ਸਕੇ । ਅਤੇ ਪੰਜਾਬ ਨੂੰ ਬਿਜਲੀ ਮਿਲ ਸਕੇ ਅਤੇ ਇਹ ਘਾਟ ਪੂਰੀ ਹੋ ਸਕੇ ।

ਇਕ ਗਲ ਮੈਂ ਆਖਿਰ ਵਿਚ ਅਹਿਮ ਮਾਮਲੇ ਬਾਰੇ ਕਰਨਾ ਚਾਹੁੰਦਾ ਹਾਂ ਕਿ ਸ਼ਨਨ ਪਾਵਰ ਪਰਾਜੈਕਟ ਜੋਗਿੰਦਰ ਨਗਰ ਦੇ ਪਾਸ ਬਣਨਾ ਹੈ ਪਰ ਇਸ ਵਿਚ ਹਿਮਾਚਲ ਸਰਕਾਰ ਅੜੀ ਹੋਈ ਹੈ । ਇਸ ਪਰਾਜੈਕਟ ਦੇ ਐਕਸਟੈਨਸ਼ਨ ਦੇ ਮਸਲੇ ਬਾਰੇ ਜਲਦੀ ਤੋਂ ਜਲਦੀ ਹਿੰਦ ਸਰਕਾਰ ਪਾਸ ਜ਼ੋਰ ਦੇਣਾ ਚਾਹੀਦਾ ਹੈ ਤਾਂ ਕਿ ਇਹ ਮਾਮਲਾ ਤਹਿ ਹੋ ਜਾਵੇ ਅਤੇ ਪੰਜਾਬ ਨੂੰ ਬਹੁਤ ਛੇਤੀ ਬਿਜਲੀ ਮਿਲ ਸਕੇ ਮੈਂ ਆਸ ਕਰਦਾ ਹਾਂ ਕਿ ਸੀ. ਐਮ. ਸਾਹਿਬ ਇਸ ਮਸਲੇ ਨੂੰ ਹਿੰਦ ਸਰਕਾਰ ਪਾਸ ਛੇਤੀ ਹੀ ਉਠਾਣਗੇ ।

ਡਿਪਟੀ ਸਪੀਕਰ ਸਾਹਿਬ, ਮੇਰੇ ਅਕਾਲੀ ਵੀਰਾਂ ਨੇ ਕਣਕ ਦੇ ਭਾਅ ਦਾ ਜ਼ਿਕਰ ਕੀਤਾ ਹੈ ਅਤੇ ਇਧਰ ਦੇ ਸੱਜਨ ਵੀ ਬੋਲੇ ਹਨ । ਮੈਂ ਬੇਨਤੀ ਕਰਦਾ ਹਾਂ ਕਿ ਕਣਕ ਦਾ ਭਾ ਜਿਸ ਬਾਰੇ ਐਗਰੀਕਲਚਰਲ ਪਰਾਇਸ ਕਮਿਸ਼ਨ ਨੇ ਸਿਫਾਰਸ਼ ਕੀਤੀ ਹੈ ਉਹ ਬਹੁਤ ਥੋੜ੍ਹਾ ਹੈ ਅਤੇ ਫਿਰ ਕਮਿਸ਼ਨ ਵਿਚ ਪੰਜਾਬ ਦਾ ਕੋਈ ਵੀ ਨੁਮਾਇੰਦਾ ਨਹੀਂ ਲਿਆ ਗਿਆ ਇਸ ਵਿਚ ਪੰਜਾਬ ਦਾ ਨੁਮਾਇੰਦਾ ਹੋਣਾ ਚਾਹੀਦਾ ਸੀ ਤਾਂ ਕਿ ਪੰਜਾਬ ਦੇ ਕਿਸਾਨ ਅਤੇ ਪੰਜਾਬ ਦੇ ਜ਼ਿਮੀਦਾਰ ਦੀਆਂ ਤਕਲੀਫਾਂ ਅਤੇ ਮਿਹਨਤ ਦਾ ਅੰਦਾਜ਼ਾ ਲਗਾਇਆ ਜਾ ਸਕੇ ਕਿ ਕਣਕ ਪੈਦਾ ਕਰਨ ਲਈ ਕਿੰਨੀ ਖੇਚਲ ਕਰਨੀ ਪੈਂਦੀ ਹੈ । ਇਸ ਪਾਸੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ । ਕਣਕ ਦਾ ਭਾ ਮੁਕੱਰਰ ਹੋਣਾ ਚਾਹੀਦਾ ਹੈ ।

[ਸਰਦਾਰ ਸਾਧੂ ਸਿੰਘ]

ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮੇਰੇ ਇਲਾਕੇ ਬੇਟ ਵਿਚ ਅਕਾਲੀ ਵੀਰਾਂ ਨੇ ਹਜ਼ਾਰਾਂ ਏਕੜ ਜ਼ਮੀਨ ਤੇ ਕਬਜ਼ਾਂ ਕੀਤਾ ਹੋਇਆ ਹੈ ਅਤੇ ਇਨ੍ਹਾਂ ਦੀਆਂ ਗਿਰਦਾਵਰੀਆਂ ਗਲਤ ਕਰਵਾ ਲਈਆਂ ਗਈਆਂ ਹਨ । ਇਹ ਗਿਰਦਾਵਰੀਆਂ ਸਹੀ ਕਰਵਾ ਕੇ ਜ਼ਮੀਨ ਬੇ ਜ਼ਮੀਨਾਂ ਨੂੰ ਦਿਤੀ ਜਾਣੀ ਚਾਹੀਦੀ ਹੈ ।

ਤੁਹਾਡੇ ਰਾਹੀਂ ਇਕ ਬੇਨਤੀ ਮੈਂ ਚੀਫ ਮਨਿਸਟਰ ਸਾਹਿਬ ਨੂੰ ਕਰਨੀ ਚਾਹੁੰਦਾ ਹਾਂ ਕਿ ਮੇਰਾ ਹਲਕਾ ਸੁਲਤਾਨਪੁਰ ਲੋਧੀ ਪਿਛੜਿਆ ਹੋਇਆ ਹੈ ਇਹ ਉਹ ਪਵਿਤਰ ਧਰਤੀ ਹੈ ਜਿਥੇ ਗੁਰੂ ਨਾਨਕ ਦੇਵ ਜੀ 13-14 ਸਾਲ ਰਹੇ ਉਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਚੰਗਾ ਸਮਾਂ ਇਥੇ ਗੁਜ਼ਾਰਿਆ । ਅੱਜ ਇਸ ਇਲਾਕੇ ਦੀ ਇਹ ਹਾਲਤ ਹੈ ਕਿ ਖੰਡਰ ਬਣੇ ਹੋਏ ਹਨ। ਇਸ ਇਲਾਕੇ ਵਿਚ ਫੈਕਟਰੀਆਂ ਲਗਾਈਆਂ ਜਾਣ ਤਾਂ ਕਿ ਇਹ ਸ਼ਹਿਰ ਤਰੱਕੀ ਕਰ ਸਕੇ ਜਿਹੜੇ ਵਿਦੇਸ਼ੀ ਯਾਤਰੂ ਇਸ ਧਰਤੀ ਦੇ ਦਰਸ਼ਨ ਕਰਨ ਆਉਂਦੇ ਹਨ । ਉਹ ਇਸ ਨੂੰ ਪਰਫੁਲਤ ਵੇਖ ਸਕਣ ਕਿਉਂਕਿ ਇਸ ਧਰਤੀ ਤੋਂ ਹੀ ਗੁਰੂ ਨਾਨਕ ਦੇਵ ਜੀ ਨੇ 13-14 ਸਾਲ ਰਹਿਕੇ ਰੋਸ਼ਨੀ ਲਈ ਅਤੇ ਸਾਰੇ ਸੰਸਾਰ ਵਿਚ ਉਸ ਰੋਸ਼ਨੀ ਦਾ ਪਰਸਾਰ ਕੀਤਾ । ਮੈਂ ਇਨ੍ਹਾਂ ਸ਼ਬਦਾਂ ਨਾਲ ਆਪ ਜੀ ਦਾ ਧੰਨਵਾਦ ਕਰਦਾ ਹਾਂ ਕਿ ਆਪ ਨੇ ਮੈਨੂੰ ਬੋਲਣ ਲਈ ਟਾਈਮ ਦਿਤਾ ਹੈ । ਮੈਂ ਗਵਰਨਰ ਸਾਹਿਬ ਦਾ ਇਸੇ ਭਾਸ਼ਨ ਤੇ ਧੰਨਵਾਦ ਕਰਦਾ ਹਾਂ ।

ਚੌਧਰੀ ਰਾਮ ਸਿੰਘ (ਪਠਾਨਕੋਟ) : ਡਿਪਟੀ ਸਪੀਕਰ ਸਾਹਿਬ, ਮੈਂ ਗਵਰਨਰ ਸਾਹਿਬ ਵਲੋਂ ਇਸ ਸਦਨ ਨੂੰ ਦਿਤੇ ਗਏ ਐਡਰੈਸ ਤੇ ਵਧਾਈ ਦੇਣ ਲਈ ਖੜਾ ਹੋਇਆ ਹਾਂ । ਇਹ ਸਰਕਾਰ ਜਿਹੜੀ ਕਿ ਹੁਣ ਕਾਂਗਰਸ ਦੀ ਸਰਕਾਰ ਬਣੀ ਹੈ ਇਹ ਇਸ ਗਲ ਲਈ ਵਧਾਈ ਦੀ ਪਾਤਰ ਹੈ ਕਿ ਪਹਿਲੀ ਵੇਰ ਵਰਕਰਾਂ ਨੂੰ ਲਿਆ ਹੈ ਤਾਂ ਕਿ ਸੂਬੇ ਨੂੰ ਸਹੀ, ਸੁੱਚੀ ਅਤੇ ਇਮਾਨਦਾਰ ਐਡਮਨਿਸਟ੍ਰੇਸ਼ਨ ਦਿਤਾ ਜਾ ਸਕੇ । (ਵਿਘਨ)

(ਸਰਦਾਰ ਰਣਧੀਰ ਸਿੰਘ ਚੀਮਾ : 20 ਸਾਲ ਪਹਿਲਾਂ ਵੀ ਤਾਂ ਤੁਹਾਡੀ ਹੀ ਸਰਕਾਰ ਸੀ, ਉਹ ਕਿਹੋ ਜਿਹੀ ਸੀ ?)

ਡਿਪਟੀ ਸਪੀਕਰ ਸਾਹਿਬ, ਮੈਂ ਆਪਣੇ ਮਿੱਤਰ ਨੂੰ ਦਸਣਾ ਚਾਹੁੰਦਾ ਹਾਂ ਕਿ ਉਹ ਇੰਨ੍ਹਾਂ ਵਰਗੇ ਵਡੇ ਵਡੇ ਲੈਂਡਲਾਰਡਾਂ ਦੀ ਸਰਕਾਰ ਸੀ । ਇਨ੍ਹਾਂ ਨੇ 1967 ਵਿਚ ਅਤੇ 1969 ਵਿਚ ਅਕਾਲੀ ਗੌਰਮੈਂਟ ਅਤੇ ਜਨਸੰਘ ਨਾਲ ਮਿਲੀ ਸਰਕਾਰ ਬਣਾਈ ਸੀ ਅਤੇ ਪਹਿਲਾਂ ਇਹ ਹਿੰਦੀ ਪੰਜਾਬੀ ਦੇ ਨਾਂ ਤੇ ਆਪਿਸ ਵਿਚ ਦੁਸ਼ਮਣ ਸਨ, ਫਿਰ ਇਕਠੇ ਹੋ ਗਏ ਅਤੇ ਜੋ ਹਨੇਰ ਇਨ੍ਹਾਂ ਪਾਇਆ ਇਸ ਦੀ ਮਿਸਾਲ ਨਹੀਂ ਮਿਲਦੀ । ਜਨਸੰਘ ਵਾਲਿਆਂ ਪਾਸ ਇਨਡਸਟਰੀ ਸੀ ਤਾਂ ਉਥੇ ਕੋਈ ਕਸਰ ਨਹੀਂ ਛਡੀ ਅਤੇ ਫਿਰ ਡਿਪਟੀ ਸਪੀਕਰ ਸਾਹਿਬ ਤੁਸੀਂ ਹੈਰਾਨ ਹੋਵੋਗੇ ਕਿ ਇਨ੍ਹਾਂ ਦੇ ਰਾਜ ਵਿਚ ਥਾਣੇ ਨੀਲਾਮ ਕੀਤੇ ਗਏ, 200 ਜਾਂ 500 ਰੁਪਏ ਤੋਂ । ਫਿਰ ਡਾਕਟਰਾਂ ਦੀਆਂ ਤਬਦੀਲੀਆਂ ਪੈਸੇ ਲੈ ਕੇ ਕੀਤੀਆਂ ਗਈਆਂ, ਇਹ ਅਕਾਲੀ ਰਾਜ ਵਿਚ ਹੋਇਆ । ਸੰਤ ਫਤਿਹ ਸਿੰਘ, ਹੋਰਾਂ ਆਈ. ਜੀ. ਪੁਲਿਸ ਨੂੰ ਕਿਹਾ ਕਿ ਫਲਾਣੀ ਥਾਂ ਤੇ ਫਲਾਣੇ ਥਾਣੇਦਾਰ ਨੂੰ ਭੇਜ ਦਿਤਾ ਜਾਵੇ ਕਿਉਂਕਿ ਉਸ ਦੀਆਂ ਦੋ ਲੜਕੀਆਂ ਵਿਆਹੁਣ ਵਾਲੀਆਂ ਹਨ ਅਤੇ ਉਹ ਕੁਝ ਚਿਰ ਵਿਚ ਰੁਪਿਆ ਇਕੱਠਾ ਕਰ ਲਵੇਗਾ ।(ਵਿਘਨ)

ਸਰਦਾਰ ਰਣਧੀਰ ਸਿੰਘ ਚੀਮਾ : ਆਨ ਏ ਪੁਆਇੰਟ ਆਫ ਆਰਡਰ ਸਰ : ਡਿਪਟੀ ਸਪੀਕਰ ਸਾਹਿਬ, ਇਹ ਇਸ ਤਰ੍ਹਾਂ ਦੀ ਗਲਤ ਗੱਲ ਕਰ ਰਹੇ ਹਨ ਅਤੇ ਜਿਸ ਵਿਅਕਤੀ

ਦਾ ਨਾਂ ਲ ਰਹੇ ਹਨ ਉਹ ਹਾਊਸ ਵਿਚ ਹਾਜ਼ਰ ਨਹੀਂ ਇਸ ਲਈ ਇਨ੍ਹਾਂ ਨੂੰ ਕਿਹਾ ਜਾਵੇ ਕਿ ਇਹ ਕਿਸੇ ਦਾ ਨਾਂ ਵਰਤਨ । ਇਨ੍ਹਾਂ ਪਾਸ ਇਹ ਇਨਫਰਮੇਸ਼ਨ ਕਿਥੋਂ ਆਈ ਹੈ ਅਤੇ ਇਸ ਗਲ ਦਾ ਇਹ ਕੀ ਸਬੂਤ ਦੇਣਾ ਚਾਹੁੰਦੇ ਹਨ ਕਿ ਸੰਤਾ ਨੇ ਆਈ. ਜੀ. ਨੂੰ ਇਸ ਤਰ੍ਹਾਂ ਕਿਹਾ ਸੀ । (ਵਿਘਨ)

Mr. Deputy Speaker : This is no point of order.

ਚੌਧਰੀ ਰਾਮ ਸਿੰਘ : ਡਿਪਟੀ ਸਪੀਕਰ ਸਾਹਿਬ, ਸਿਵਲ ਸੈਕਟ੍ਰੀਏਟ ਵਿਚ ਭਾਰੀ ਕੁਰਪਸ਼ਨ ਕੀਤੀ ਗਈ, ਇਸ ਲਈ ਮੈਂ ਇਸ ਸਰਕਾਰ ਨੂੰ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਪੰਜਾਬ ਨੂੰ ਸਾਫ ਐਡਮਨਿਸਟਰੇਸ਼ਨ ਦੇਣ ਦਾ ਫੈਸਲਾ ਕੀਤਾ ਹੈ ।

ਇਥੇ ਇਕ ਆਈ. ਜੀ. ਦੇ ਬਾਰੇ ਕਈ ਵੇਰ ਜ਼ਿਕਰ ਕੀਤਾ ਗਿਆ । ਇਸ ਸਬੰਧ ਵਿਚ ਮੈਂ ਐਨੀ ਹੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅਸੀਂ ਸਾਰੇ ਸ਼ਿਰੀ ਹਰਮੰਦਰ ਸਾਹਿਬ ਦੀ ਇਜ਼ਤ ਕਰਦੇ ਹਾਂ ਪਰ ਆਈ. ਜੀ. ਪੁਲਿਸ ਤੇ ਜੋ ਅਕਾਲੀ ਵੀਰਾਂ ਨੇ ਹਮਲਾ ਕੀਤਾ, ਇਹ ਇਨ੍ਹਾਂ ਦੇ ਆਪਣੇ ਡਰ ਨੂੰ ਦਸਦਾ ਹੈ । ਇਸ ਦੇ ਬਾਰੇ ਵਿਚ ਇਹ ਆਮ ਚਰਚਾ ਹੈ ਕਿ ਹਰਮੰਦਰ ਸਾਹਿਬ ਦੀ ਹਦ ਅੰਦਰ ਡਾਕੂ, ਸਮਗਲਰ ਅਤੇ ਅਫੀਮ ਵੇਚਣ ਵਾਲੇ ਰਹਿੰਦੇ ਹਨ । ਇਨ੍ਹਾਂ ਨੂੰ ਡਰ ਹੈ ਕਿ ਆਈ. ਜੀ. ਆ ਕੇ ਰੇਡ ਨਾ ਕਰ ਲਏ । ਇਨ੍ਹਾਂ ਨੇ ਇਥੇ ਅਕਾਲੀ ਸੈਲ ਬਣਾਇਆ ਹੋਇਆ ਹੈ ਇਸ ਕਰਕੇ ਇਹ ਇਸ ਤਰ੍ਹਾਂ ਦੀਆਂ ਗਲਾਂ ਕਹਿ ਗਏ ਹਨ ।

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਇਨਜਨੀਅਰਾਂ ਦੀ ਅਤੇ ਡਾਕਟਰਾਂ ਦੀਆਂ ਤਬਦੀਲੀਆਂ ਵਿਚ ਪੈਸੇ ਕਮਾਏ । ਇਥੇ ਹੀ ਬਸ ਨਹੀਂ ਇਨ੍ਹਾਂ ਨੇ ਮਹਿਕਮਾ ਤਾਲੀਮ ਵਿਚ ਜਿਸ ਵਿਚ ਟੀਚਰਾਂ ਨੇ ਕੌਮ ਨੂੰ ਬਣਾਉਣਾ ਹੈ ਅਤੇ ਕੌਮ ਦੇ ਕਰੈਕਟਰ ਨੂੰ ਬਿਲਡ ਕਰਨਾ ਹੈ ਬਹੁਤ ਰਿਸ਼ਵਤ ਲਈ ਅਤੇ ਇਸ ਦਾ ਦੌਰ ਦੌਰਾ ਅਕਾਲੀ ਰਾਜ ਵਿਚ ਰਿਹਾ । ਇਨ੍ਹਾਂ ਨੇ ਇਕ ਦੀ ਥਾਂ ਤੇ ਦੋ ਡੀ.ਪੀ.ਆਈ. ਲਗਾ ਦਿਤੇ । ਸਾਰੇ ਵਡੇ ਪੰਜਾਬ ਵਿਚ ਇਕ ਸੀ ਪਰ ਇਨ੍ਹਾਂ ਨੇ ਦੋ ਲਗਾ ਦਿਤੇ ਤਾਂ ਕਿ ਜਿਹੜਾ ਇਨ੍ਹਾਂ ਨੇ ਸੈਲ ਕਰੀਏਟ ਕੀਤਾ ਹੋਇਆ ਸੀ ਉਹ ਇਨ੍ਹਾਂ ਦੇ ਮਤਲਬ ਦਾ ਕੰਮ ਕਰ ਸਕੇ । ਫਿਰ ਇਨ੍ਹਾਂ ਨੇ ਇਕ ਸਿਲੈਕਸ਼ਨ ਬੋਰਡ ਬਣਾ ਦਿਤਾ ਜਿਸ ਦਾ ਚੇਅਰਮੈਨ ਡਾਕਟਰ ਭਗਤ ਸਿੰਘ ਨੂੰ ਲਗਾ ਦਿਤਾ । ਇਸ ਦੇ ਬਾਰੇ ਵਿਚ 15 ਹਜ਼ਾਰ ਰੁਪਏ ਦੇ ਐਮਬੈਜ਼ਲਮੈਂਟ ਦੇ ਕੇਸ ਹਨ । ਇਸ ਨੂੰ ਸਿਲੈਕਸ਼ਨ ਕਰਨ ਤੇ ਲਗਾਇਆ ਉਨ੍ਹਾਂ ਨੇ ਜਿਹੜੇ ਜੇ. ਬੀ. ਟੀ. ਥਰਡ ਡਵੀਜ਼ਨ ਸਨ (ਵਿਘਨ) ਫਸਟ ਅਤੇ ਸੈਕੰਡ ਡਵੀਜ਼ਨ ਵਾਲਿਆਂ ਨੂੰ ਇਗਨੋਰ ਕਰ ਦਿਤਾ ਗਿਆ । (ਵਿਘਨ)

ਸਰਦਾਰ ਰਣਧੀਰ ਸਿੰਘ ਚੀਮਾ : ਆਨ ਏ ਪੁਆਇੰਟ ਆਫ ਆਰਡਰ, ਸਰ । ਇਥੇ ਲੀਡਰ ਆਫ ਦੀ ਹਾਊਸ ਵੀ ਕਿਹਾ ਹੈ ਕਿ ਜਿਹੜਾ ਅਫਸਰ ਹਾਊਸ ਵਿਚ ਹਾਜ਼ਰ ਹੋ ਕੇ ਆਪਣੇ ਆਪ ਨੂੰ ਡੀਫੈਂਡ ਨਾ ਕਰ ਸਕੇ ਉਸ ਦਾ ਜ਼ਿਕਰ ਨਹੀਂ ਕਰਨਾ ਚਾਹੀਦਾ ਪਰ ਇਹ ਚੌਧਰੀ ਸਾਹਿਬ ਨਾਮ ਲੈ ਰਹੇ ਹਨ, ਇਨ੍ਹਾਂ ਨੂੰ ਰੋਕਿਆ ਜਾਵੇ ।

Mr. Deputy Speaker: I would request the hon. Member not to make a reference to an officer by name.

ਚੌਧਰੀ ਰਾਮ ਸਿੰਘ: ਮੈਂ ਤਾਂ ਅਰਜ ਕਰ ਰਿਹਾ ਸੀ ਕਿ ਸਿਲੈਕਸ਼ਨ ਕਮੇਟੀ ਦੇ ਚੇਅਰਮੈਨ ਨੇ ਸੈਕੰਡ ਡਵੀਜ਼ਨ ਅਤੇ ਫਸਟ ਡਵੀਜ਼ਨ ਵਾਲੇ ਕੈਨਡੀਡੇਟਾਂ ਨੂੰ ਇਗਨੋਰ ਕਰ ਦਿਤਾ ਅਤੇ ਥਰਡ ਡਵੀਜ਼ਨ ਵਾਲਿਆਂ ਨੂੰ ਲੈ ਲਿਆ ਇਸ ਤਰ੍ਹਾਂ ਕਰੱਪਸ਼ਨ ਦਾ ਬੋਲ ਬਾਲਾ ਰਿਹਾ ਇਸੇ ਤਰਾਂ ਡਾਕਟਰ ਭਗਤ ਸਿੰਘ ਦੇ ਸਟੈਨੋ (ਵਿਘਨ) ਚੇਅਰਮੈਨ ਸਿਲੈਕਸ਼ਨ ਕਮੇਟੀ ਦੇ ਸਟੈਨੋ ਦੀ ਔਰਤ ਅਨਪੜ੍ਹ ਸੀ ਉਸ ਨੂੰ ਜੇ. ਬੀ. ਟੀ. ਦੀ ਪੋਸਟ ਦੇ ਅਗੇਂਸਟ ਲਗਾ ਦਿਤਾ ਗਿਆ ਅਤੇ ਬਾਦ ਵਿਚ ਇਸ ਤੇ ਕਾਫੀ ਝਗੜਾ ਵੀ ਪਿਆ। ਫਿਰ ਇਸ ਤੋਂ ਬਾਦ ਸਬਾਰਡੀਨੇਟ ਸਰਵਿਸਿਜ਼ ਸਿਲੈਕਸ਼ਨ ਬੋਰਡ ਬਣਾ ਦਿਤਾ ਗਿਆ ਪਰ ਇਸ ਤਰ੍ਹਾਂ ਦੀਆਂ ਅਪਵਾਇੰਟਮੈਂਟਸ ਉਸ ਬੋਰਡ ਦੇ ਅਧਿਕਾਰ ਵਿਚ ਨਹੀਂ ਸੌਂਪੀਆਂ ਗਈਆਂ ਤਾਂ ਕਿ ਆਪਣੀ ਮਰਜ਼ੀ ਨਾਲ ਕਰਮਚਾਰੀ ਲਗਾ ਲਏ ਜਾਣ ਅਤੇ ਸਰਵਿਸ ਦਾ ਤਜਰਬੇ ਦਾ ਜਿਨ੍ਹਾਂ ਜੇ.ਬੀ.ਟੀ. ਟੀਚਰਾਂ ਨੇ 6 ਮਹੀਨੇ ਕੰਮ ਕੀਤਾ ਹੋਇਆ ਸੀ, ਇਗਨੋਰ ਕਰ ਦਿਤਾ ਗਿਆ। ਇਥੇ ਹੀ ਬਸ ਨਹੀਂ ਕਿਸੇ ਵੀ ਸਰਵਿਸ ਵਿਚ ਆਪ ਵੇਖੋ ਕੋਈ ਕਆਲੀਫਾਈਡ ਬੰਦਾ ਇਨ੍ਹਾਂ ਨਹੀਂ ਰਖਿਆ ਸਗੋਂ ਹਰ ਪੱਧਰ ਤੇ ਅਨਪੜ੍ਹ ਰਖ ਲਏ ਗਏ। ਇਨ੍ਹਾਂ ਨੇ ਹਨੇਰ ਪਾਇਆ ਹੋਇਆ ਸੀ। ਸਬਾਰਡੀਨੇਟ ਸਰਵਿਸਿਜ਼ ਸਿਲੈਕਸ਼ਨ ਬੋਰਡ ਨੇ ਰਾਂਗ ਆਦਮੀਆਂ ਨੂੰ ਅਪਵਾਇੰਟਮੈਂਟਸ ਦਿਤੀਆਂ ਅਤੇ ਪਰਮੋਸ਼ਨਾਂ ਦਿਤੀਆਂ ਜਿਹੜੇ ਕਿ ਡਿਜ਼ਰਵ ਨਹੀਂ ਸਨ ਕਰਦੇ। ਫਿਰ ਅਜਿਹੇ ਆਦਮੀਆਂ ਨੂੰ ਰਿਕੁਮੈਂਡ ਕਰਵਾ ਦਿਤਾ ਰਾਸ਼ਟਰਪਤੀ ਮੈਡਲ ਲਈ ਜਿਹੜੇ ਕਿ ਡੀਜ਼ਰਵ ਨਹੀਂ ਸਨ ਕਰਦੇ ਅਤੇ ਜਿਨ੍ਹਾਂ ਦੇ ਖਿਲਾਫ ਇਨਕੁਆਇਰੀਆਂ ਹੋ ਰਹੀਆਂ ਸਨ। ਇਹ ਲਿਸਟ ਰਾਸ਼ਟਰਪਤੀ ਵਲੋਂ ਵਾਪਸ ਕਰ ਦਿਤੀ ਗਈ ਕਿ ਇਨ੍ਹਾਂ ਨੂੰ ਪਰਮਾਣ ਪੱਤਰ ਨਹੀਂ ਦਿਤੇ ਜਾ ਸਕਦੇ ਤਾਂ ਇਨ੍ਹਾਂ ਨੇ ਉਨ੍ਹਾਂ ਨੂੰ ਆਪਣੇ ਵਲੋਂ ਸਟੇਟ ਅਵਾਰਡ ਦੇ ਦਿੱਤੇ ਕਿਉਂਕਿ ਉਸ ਲਿਸਟ ਵਿਚ ਇਕ ਵਜ਼ੀਰ ਸਾਹਿਬ ਦਾ ਇਕ ਰੈਲੇਟਿਵ ਵੀ ਸੀ। ਇਸ ਤਰ੍ਹਾਂ ਦੀ ਕੁਰੱਪਸ਼ਨ ਅੰਧਾਧੁੰਦ ਸੀ, ਜਿਸ ਨਾਲ ਇਨ੍ਹਾਂ ਨੇ ਐਡਮਨਿਸਟ੍ਰੇਸ਼ਨ ਨੂੰ ਖਰਾਬ ਕਰਕੇ ਰਖ ਦਿਤਾ।

ਡਿਪਟੀ ਸਪੀਕਰ ਸਾਹਿਬ, ਪੰਜਾਬ ਦੀ ਜਨਤਾ ਮੁਬਾਰਕ ਬਾਦ ਦੀ ਮੁਸਤਹਿਕ ਹੈ ਕਿ ਉਨ੍ਹਾ ਨੇ ਇਹ ਰਸਤਾ ਇਖਤਿਆਰ ਕਰਕੇ ਕਾਂਗਰਸ ਨੂੰ ਰਾਜ ਸੱਤਾ ਦਿਤੀ (ਵਿਘਨ) ਉਨ੍ਹਾਂ ਨੇ ਜਿਥੇ ਸਾਰੇ ਦਫਤਰਾਂ ਵਿਚ ਕੁਰੱਪਸ਼ਨ ਫੈਲਾਈ ਹੋਈ ਸੀ ਉਥੇ ਜਿਥੇ ਰੌਂਗ ਪ੍ਰਮੋਸ਼ਨਾਂ ਅਤੇ ਟਰਾਂਸਫਰਾਂ ਹੁੰਦੀਆਂ ਸਨ ਉਥੇ ਰਿਸ਼ਵਤ ਦਾ ਬਾਜ਼ਾਰ ਵੀ ਗਰਮ ਸੀ। ਮੈਂ ਇਹ ਗਲ ਇਥੇ ਦਾਵੇ ਨਾਲ ਕਹਿੰਦਾ ਹਾਂ ਕਿ ਇਨ੍ਹਾਂ ਨੇ, ਡਿਪਟੀ ਸਪੀਕਰ ਸਹਿਬ, 4.50 ਕਰੋੜ ਦੀ ਜ਼ਮੀਨ ਦੇ ਨਾਜਾਇਜ਼ ਕਬਜ਼ੇ ਛਡ ਕੇ 25 ਲੱਖ ਰੁਪਿਆ ਪਾਰਟੀ ਵਾਸਤੇ ਲਿਆ। (ਵਿਘਨ) ਇਨ੍ਹਾਂ ਨੇ 20 ਹਜ਼ਾਰ ਟੀਚਰਾਂ ਦੀਆਂ ਯਕਦਮ ਬਦਲੀਆਂ ਦਾ ਆਰਡਰ ਕੀਤਾ। ਤਾਂ ਜੋ ਰਿਸ਼ਵਤ ਦਾ ਹੋਰ ਬਾਜ਼ਾਰ ਗਰਮ ਕੀਤਾ ਜਾ ਸਕੇ। ਇਨ੍ਹਾਂ ਤੋਂ ਆਪਣੇ ਅਹਿਦ ਵਿਚ ਇਹ ਵੀ ਨਾ ਹੋਇਆ ਕਿ ਉਹ ਘਟ-ਤੋਂ-ਘਟ ਆਪਣਾ ਫਰਜ਼ ਪੂਰਾ ਕਰਦੇ ਹੋਏ ਲਾਅ ਐਂਡ ਆਰਡਰ ਤਾਂ ਕਾਇਮ ਰਖਣ। ਮੈਂ ਇਨਾਂ ਦੇ ਵੇਲੇ ਦੀ ਲਾਅ ਐਂਡ ਆਰਡਰ ਦੀ ਗਲ ਕਰਾਂ ਕਿ ਇਨ੍ਹਾਂ ਦਾ ਜੇਲਾਂ ਦੇ ਵਿਚ ਵੀ ਇਸ ਤਰ੍ਹਾਂ ਦਾ ਇੰਤਜ਼ਾਮ ਸੀ ਕਿ ਫਿਰੋਜ਼ਪੁਰ ਜੇਲ੍ਹ ਦੇ ਵਿਚ ਕੈਦੀਆਂ ਨੇ ਫਰਾਰ ਹੋਣ ਲਈ ਸੋਲ ਬਣਾਇਆ, ਅਤੇ ਉਥੇ ਜੋ ਕੈਦੀਆਂ ਦਾ ਘਲੂ-ਘਾਰਾ ਹੋਇਆ ਉਹ ਤੁਹਾਨੂੰ ਸਾਰਿਆਂ ਨੂੰ ਪਤਾ ਹੀ ਹੈ। ਇਨ੍ਹਾਂ ਨੇ ਹਰੀਜਨਾਂ ਤੱਕ ਨੂੰ ਪਿੰਡਾਂ ਵਿਚ ਵੀ ਵਸਣ ਨਹੀਂ ਦਿੱਤਾ ਜਿਥੇ ਵੀ ਚੰਗਾ ਥਾਂਉ ਵੇਖਿਆ ਕਬਜ਼ਾ ਕਰਨ ਲਈ ਆਪਣਾ ਹੀ ਨਿਸ਼ਾਨ ਸਾਹਿਬ ਗਡ ਦਿੱਤਾ। ਲੁਧਿਆਣਾ ਜਲੰਧਰ, ਅਤੇ ਅੰਮ੍ਰਿਤਸਰ ਵਰਗੇ ਸ਼ਹਿਰਾਂ ਦੀ ਹਾਲਤ ਲਾਅ ਐਂਡ ਆਰਡਰ ਦੇ ਲਿਹਾਜ ਨਾਲ ਖਰਾਬ ਕਰ ਦਿੱਤੀ। ਸੰਤ ਫਤੇਹ ਸਿੰਘ ਨੇ........(ਵਿਘਨ)

ਸਰਦਾਰ ਧੰਨਾ ਸਿੰਘ ਗੁਲਸ਼ਨ : ਆਨ ਏ ਪੁਆਇੰਟ ਆਫ ਆਰਡਰ, ਸਰ, ਆਨਰੇਬਲ ਮੈਂਬਰ ਦੀ ਵਾਕਫੀਅਤ ਲਈ ਮੈਂ ਅਰਜ਼ ਕਰਾਂ ਕਿ ਜਿਸ ਫਿਰੋਜ਼ਪੁਰ ਜੇਲ੍ਹ ਦਾ ਵਾਕਾ ਇਨ੍ਹਾਂ ਨੇ ਦਸਿਆ ਹੈ ਉਹ ਕਾਂਗਰਸ ਰਾਜ ਵਿਚ ਹੋਇਆ । ਇਸੇ ਤਰ੍ਹਾਂ ਦਾ ਵਾਕਾ ਇੱਕ ਬਠਿੰਡੇ ਦੇ ਵਿਚ ਹੋਇਆ ਉਹ ਵੀ ਕਾਂਗਰਸ ਰਾਜ ਦੇ ਵਿਚ ਹੋਇਆ।

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (This is no point of order.)

ਚੌਧਰੀ ਰਾਮ ਸਿੰਘ : ਚੀਫ ਮਨਿਸਟਰ ਦੇ ਕਮਰੇ ਦੇ ਨਾਲ ਜਿਹੜਾ ਕੈਬਿਨ ਹੈ ਉਥੇ ਇਨ੍ਹਾਂ ਦੇ ਵੇਲੇ ਜਦੋਂ ਵੀ ਵੇਖੋ ਸੰਤ ਫਤਿਹ ਸਿੰਘ ਅਤੇ ਸੰਤ ਚੰਨਣ ਸਿੰਘ ਬਿਰਾਜਮਾਨ ਹੁੰਦੇ ਸਨ । (ਸ਼ੋਰ) ਇਹ ਜਿਹੜਾ ਤਰੀਕਾ ਅਪਣਾਇਆ ਜਾਂਦਾ ਹੈ ਮੈਂ ਸਮਝਦਾ ਹਾਂ ਕਿਸੇ ਸਰਕਾਰ ਦੇ ਚੀਫ ਮਨਿਸਟਰ ਲਈ ਬਹੁਤ ਹੀ ਕਾਬਲੇ ਇਤਰਾਜ਼ ਹੈ ਕਿ ਕੋਈ ਹੋਰ ਆਦਮੀ ਉਥੋਂ ਬੈਠੇ ਬੈਠੇ ਚੀਫ ਮਨਿਸਟਰ ਨੂੰ ਕੁਝ ਕਰਨ ਦਾ ਆਰਡਰ ਦੇਵੇ ।

ਇਕ ਮਾਨ ਯੋਗ ਮੈਂਬਰ : ਇਹ ਹਾਊਸ ਵਿਚ ਗਲਤ ਬਿਆਨੀ ਕਰ ਰਿਹਾ ਹੈ, ਇਹ ਐਸਪਰਸ਼ਨ ਹੈ ।

ਸ੍ਰੀ ਡਿਪਟੀ ਸਪੀਕਰ : ਇਹ ਐਸਪਰਸ਼ਨ ਨਹੀਂ, ਇਹ ਤਾਂ ਪ੍ਰਸ਼ੰਸਾ ਹੈ । (This is appreciation and not an aspersion)

ਚੌਧਰੀ ਰਾਮ ਸਿੰਘ : ਮੈਨੂੰ ਉਨ੍ਹਾਂ ਦਿਨਾਂ ਦੀ ਗਲ ਯਾਦ ਆਈ ਕਿ ਇਕ ਦਿਨ ਸੰਤ ਜੀ ਮਹਾਰਾਜ ਨੇ ਦੋ ਸੁਜੈਸ਼ਨ ਦਿਤੇ, ਮੈਂ ਉਨ੍ਹਾਂ ਬੰਦਿਆਂ ਦੇ ਨਾਉਂ ਨਹੀਂ ਲੈਂਦਾ, ਉਨ੍ਹਾਂ ਵਿਚੋਂ ਇਕ ਨੂੰ ਕਿਸੇ ਦੂਸਰੀ ਜੇਲ੍ਹ ਦੇ ਵਿਚ ਟਰਾਂਸਫਰ ਕਰਨਾ ਸੀ ਅਤੇ ਦੂਸਰੇ ਨੂੰ ਰਿਹਾ ਕਰਨਾ ਸੀ । ਪਰ ਹੋਇਆ ਕੀ ਕਿ ਜਿਹੜਾ ਟਰਾਂਸਫਰ ਹੋਣਾ ਸੀ ਉਹ ਰਿਹਾ ਕਰ ਦਿਤਾ ਅਤੇ ਦੂਸਰਾ ਕਿਤੇ ਹੋਰ ਜੇਲ੍ਹ ਦੇ ਵਿਚ ਭੇਜ ਦਿਤਾ । ਉਸ ਦੇ ਵਾਰਸ ਭੱਜੇ ਆਏ ਕਿ ਇਹ ਕੀ ਹੋ ਗਿਆ, ਉਸ ਨੇ ਤਾਂ ਰਿਹਾ ਹੋਣਾ ਸੀ । ਮੇਰੇ ਕਹਿਣ ਦਾ ਮਤਲਬ ਇਸ ਤਰ੍ਹਾਂ ਦਾ ਉਨ੍ਹਾਂ ਦਿਨਾਂ ਦੇ ਵਿਚ ਲਾਅ ਐਂਡ ਆਰਡਰ ਸੀ । (ਹਾਸਾ) ਇਹ ਗਲ ਮੈਂ ਕਹਿਣੀ ਨਹੀਂ ਸੀ ਚਾਹੁੰਦਾ ਕਿ ਜਿਤਨੇ ਵੀ ਮਰਨ ਵਰਤ ਰੱਖੇ ਪੰਜਾਬ ਛੋਟਾ ਹੀ ਹੁੰਦਾ ਚਲਾ ਗਿਆ । ਉਸ ਵੇਲੇ ਦੇ ਹਾਲਾਤ ਤੋਂ ਤੰਗ ਆ ਕੇ ਪੰਜਾਬ ਦੀ ਜਨਤਾ ਨੇ ਇਹ ਫੈਸਲਾ ਕੀਤਾ ਕਿ ਇਨ੍ਹਾਂ ਨੂੰ ਇਸ ਪੁਜ਼ੀਸ਼ਨ ਤੋਂ ਹਟਾਇਆ ਜਾਵੇ । ਅਜ ਮੈਂ ਸਮਝਦਾ ਹਾਂ ਕਿ ਕਾਂਗਰਸ ਦਾ ਰਾਜ, ਜਿਸ ਦੇ ਵਿਚ ਸਾਰੇ ਹੀ ਕਿਰਤੀ ਹਨ ਕੋਈ ਲੈਂਡ ਲਾਰਡ ਨਹੀਂ, ਨਾ ਕੋਈ ਸਰਮਾਇਦਾਰ ਹੈ (ਸ਼ੋਰ) (ਇਕ ਮਾਨਯੋਗ ਮੈਂਬਰ, ਨਵਾਬ ਬੇਗਮਾਂ ਤਾਂ ਏਧਰ ਹੀ ਹਨ) ਇਸ ਪਾਰਟੀ ਵਿਚੋਂ ਕੋਈ ਵੀ ਬੇਕਾਇਦਗੀ ਨਹੀਂ ਹੋ ਸਕਦੀ । ਇਥੇ ਇਕ ਮੇਰੇ ਦੋਸਤ ਨੇ ਕਿਹਾ ਕਿ ਸੀਲਿੰਗ ਬਾਰੇ ਅਸੀਂ ਪਾਸ ਕੀਤਾ ਸੀ, ਮੈਂ ਉਨ੍ਹਾਂ ਨੂੰ ਦੱਸਾਂ ਕਿ ਸੀਲਿੰਗ ਦੇ ਬਾਰੇ ਅਸੀਂ ਪਹਿਲਾਂ ਹੀ ਪਾਸ ਕੀਤਾ ਸੀ (ਵਿਘਨ) ਇਨ੍ਹਾਂ ਨੂੰ, ਡਿਪਟੀ ਸਪੀਕਰ ਸਾਹਿਬ ਕੀ ਪਤਾ ਹੈ ਕਿ ਕਾਨੂੰਨ ਕੀ ਹੁੰਦਾ ਹੈ ਅਤੇ ਵਿਧਾਨ ਕੀ ਹੁੰਦਾ ਹੈ ਮੈਂ ਅਰਜ਼ ਕਰ ਰਿਹਾ ਸੀ ਕਿ ਇਹ ਪਹਿਲਾਂ ਕਾਂਗਰਸ ਨੇ ਪਾਸ ਕੀਤਾ ਸੀ ਅਤੇ ਹੁਣ ਅਸੀਂ ਲੈਂਡ ਰੀਫਾਰਮਜ਼ ਨੂੰ ਵੀ ਲੈਣਾ ਹੈ (ਤਾੜੀਆਂ) ਤਾਂਕਿ ਇਨ੍ਹਾਂ ਨੂੰ ਪਤਾ ਲਗ ਜਾਵੇ (ਵਿਘਨ, ਸ਼ੋਰ) ।

ਸ੍ਰੀ ਡਿਪਟੀ ਸਪੀਕਰ : ਮੈਂ ਆਨਰੇਬਲ ਮੈਂਬਰ ਸਾਹਿਬ, ਨੂੰ ਰਿਕੁਐਸਟ ਕਰਾਂਗਾ ਕਿ ਉਹ ਬੈਠੇ ਬੈਠੇ ਬੋਲਣ ਦੀ ਆਦਤ ਨੂੰ ਹਟਾ ਲੈਣ । (I would request the hon. Member to give up the habit of causing interruption while seated.)

ਸਰਦਾਰ ਜਸਵਿੰਦਰ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਮੈਂ ਆਪ ਦੇ ਰਾਹੀਂ ਸਾਰੀਆਂ ਪਾਰਟੀਆਂ ਦੇ ਮੈਂਬਰਜ ਨੂੰ ਬੇਨਤੀ ਕਰਾਂਗਾ ਕਿ ਜਿਹੜੀਆਂ ਗਲਾਂ ਉਹ ਰੌਲਾ ਰਪਾ ਪਾਕੇ ਕਰਦੇ ਹਨ, ਇਨ੍ਹਾ ਦਾ ਉਨ੍ਹਾਂ ਨੂੰ ਕੋਈ ਫਾਇਦਾ ਨਹੀਂ ਪਹੁੰਚ ਸਕਦਾ । ਖਾਸ ਕਰਕੇ ਜਿਹੜੇ ਸ਼ਖਸ ਏਥੇ ਹਾਜ਼ਰ ਨਹੀਂ ਹਨ, ਉਨ੍ਹਾਂ ਤੇ ਕੋਈ ਐਲੀਗੇਸ਼ਨਜ਼ ਲਾਉਣੇ, ਜਾਂ ਕੋਈ ਕਰੜੀ ਗਲ ਕਹਿਣੀ ਕੋਈ ਸ਼ਲਾਘਾ ਵਾਲੀ ਗਲ ਨਹੀਂ ਹੈ । ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਇਹ ਬੇਨਤੀ ਕਰਾਂਗਾ ਕਿ ਇਸ ਤਰ੍ਹਾਂ ਨਾਂ ਕਿਸੇ ਦਾ ਨਾਉਂ ਲਿਆ ਜਾਏ ਅਤੇ ਨਾਂ ਹੀ ਬੈਠੇ ਬੈਠੇ ਟੋਕਿਆ ਜਾਵੇ ।

ਸ੍ਰੀ ਡਿਪਟੀ ਸਪੀਕਰ : ਮੈਂਬਰ ਸਾਹਿਬਾਨ ਲੀਡਰ ਆਫ ਦੀ ਅਪੋਜ਼ੀਸ਼ਨ ਦੀ ਸਲਾਹ ਦਾ ਖਿਆਲ ਰਖਣ । (All the hon. Members should keep in mind the advice of the leader of the Opposition.)

ਚੌਧਰੀ ਰਾਮ ਸਿੰਘ : ਇਸ ਹਾਉਸ ਵਿਚ ਸੀਲਿੰਗ ਬਾਰੇ ਆਪਣਾ ਫੈਸਲਾ ਕਾਂਗਰਸ ਪਾਰਟੀ ਦੇ ਚੁਕੀ ਹੈ । ਲੈਂਡ ਰੀਫਾਰਮਜ਼ ਦੇ ਮੁਤਾਲਿਕ ਵੀ ਕੋਈ ਫੈਸਲਾ ਇਸ ਪਾਰਟੀ ਵੱਲੋਂ ਆਉਣ ਵਾਲਾ ਹੈ, ਜਿਸ ਦੇ ਨਾਲ ਪੰਜਾਬ ਦੇ ਗਰੀਬ ਲੋਕਾਂ ਨੂੰ ਲੈਂਡ ਲੈਸ ਲੋਕਾਂ ਨੂੰ ਅਸੀਂ ਜ਼ਮੀਨ ਦੇਣੀ ਹੈ । ਹਰੀਜਨਾਂ ਬਾਰੇ ਵੀ ਜ਼ਮੀਨ ਦੇਣ ਲਈ ਇਸ ਪਾਰਟੀ ਵਲੋਂ ਕਮਿਟਮੈਂਟ ਹੈ। ਨਜ਼ੂਲ ਲੈਂਡ ਬਾਰੇ ਵੀ ਅਸੀਂ ਫੈਸਲਾ ਕਰ ਲਿਆ ਹੈ ਕਿ ਅਸੀਂ ਉਨ੍ਹਾਂ ਲੋਕਾਂ ਨੂੰ ਜਮੀਨ ਦੇਣੀ ਹੈ ਜਿਹੜੇ ਕਿਰਤੀ ਹਨ, ਅਤੇ ਜਿਨ੍ਹਾਂ ਪਾਸ ਜਮੀਨ ਨਹੀਂ ਹੈ । ਅਸੀਂ ਬੈਕਵਰਡ ਏਰੀਆ ਨੂੰ ਵੀ ਡੀਵੈਲਪ ਕਰਨ ਲਈ ਬੜੀਆਂ ਸਕੀਮਾਂ ਬਣਾਈਆਂ ਹਨ, ਅਸੀਂ ਉਨ੍ਹਾਂ ਨੂੰ ਸਕੂਲ ਦੇਣੇ ਹਨ, ਸੜਕਾਂ ਦੇਣੀਆਂ ਹਨ ਅਤੇ ਬਿਜਲੀ ਦੇਣੀ ਹੈ ਜਿਹੜੇ ਕਿ ਦੋ ਸਾਲ ਦੇ ਅੰਦਰ ਅੰਦਰ ਇਹ ਪ੍ਰਾਜੈਕਟ ਪੂਰੇ ਕਰ ਦਿਤੇ ਜਾਣਗੇ । ਇਸ ਸਰਕਾਰ ਨੇ ਛੇਤੀ ਤੋਂ ਛੇਤੀ ਸੋਸ਼ਲ ਰੀਫਾਰਮਜ਼ ਲਿਆਉਣ ਦਾ ਫੈਸਲਾ ਕੀਤਾ ਹੈ ਜਿਹੜੇ ਪਰਾਮਿਜ਼ ਇਹ ਪਾਰਟੀ ਲੋਕਾਂ ਦੇ ਨਾਲ ਰਲਕੇ ਆਈ ਹੈ ਉਨ੍ਹਾਂ ਨੂੰ ਇਹ ਜ਼ਰੂਰ ਪੂਰਾ ਕਰੇਗੀ । ਅਸੀਂ ਪਛੜੇ ਵਰਗ ਨੂੰ ਵੀ ਉਚਾ ਚੁਕਣਾ ਹੈ । ਇਸ ਸਰਕਾਰ ਨੇ ਇਹ ਵੀ ਇਕ ਬੇਹਤਰੀਨ ਫੈਸਲਾ ਕੀਤਾ ਹੈ ਕਿ 150 ਰੁਪਏ ਤੱਕ ਫੌਜੀਆਂ ਨੂੰ ਫਾਈਨੈਂਸ਼ਲ ਇਮਦਾਦ ਦਿੱਤੀ ਜਾਵੇ ਜਿਹੜਾ ਡਿਸਏਬਲ ਹੋ ਗਿਆ ਹੋਵੇ ਇਸ ਤਰ੍ਹਾਂ ਦੀ ਸਹਾਇਤਾ ਦਾ ਇਲਾਨ ਅਜੇ ਤਕ ਕਿਸੇ ਵੀ ਸਰਕਾਰ ਨੇ ਨਹੀਂ ਕੀਤਾ । ਇਸ ਸਰਕਾਰ ਨੇ ਇਹ ਵੀ ਫੈਸਲਾ ਕੀਤਾ ਹੈ ਕਿ ਪਰਮ ਵੀਰ ਚਕਰਾਂ ਦੀ ਵੀ ਤਾਦਾਦ ਵਧਾ ਦਿਤੀ ਜਾਵੇ ਅਤੇ ਵਧ ਤੋਂ ਵਧ ਫੌਜੀਆਂ ਦੀ ਹੌਸਲਾ ਅਫ਼ਜਾਈ ਕੀਤੀ ਜਾਵੇ । ਸੇਮ ਲੈਂਡ ਨੂੰ ਠੀਕ ਕਰਨ ਅਤੇ ਬੰਜਰ ਲੈਂਡ ਨੂੰ ਸੈਰਾਬ ਕਰਨ ਦਾ ਫੈਸਲਾ ਵੀ ਇਸ ਸਰਕਾਰ ਦਾ ਬੇਹਤਰੀਨ ਫ਼ੈਸਲਾ ਹੈ ਜਿਸ ਨਾਲ ਇਸ ਸੂਬੇ ਦੀ ਉਪਜ ਵਿਚ ਹੋਰ ਵੀ ਵਾਧਾ ਹੋਵੇਗਾ । ਜਿਹੜੀ ਵਰਕਰਜ ਦੇ ਵਿਚ ਬੇਰੋਜ਼ਗਾਰੀ ਕਰਕੇ ਬੈਚੈਨੀ ਹੈ ਉਨ੍ਹਾਂ ਨੂੰ ਇਕ ਸਕੀਮ ਤਹਿਤ ਰੋਜ਼ਗਾਰ ਦੇਣ ਦਾ ਫੈਸਲਾ ਕੀਤਾ ਗਿਆ ਹੈ । ਰੂਰਲ ਐਮਪਲਾਇਮੈਂਟ ਸਕੀਮ ਵੀ ਛੇਤੀ ਹੀਂ ਲਾਗੂ ਹੋ ਜਾਣ ਦਾ ਵਿਚਾਰ ਹੈ ਜਿਸ ਨਾਲ ਕਾਂਗਰਸ ਨੇ ਜਿਹੜਾ ਗਰੀਬੀ ਹਟਾਉ ਦਾ ਨਾਹਰਾ ਲਗਾਇਆ ਹੈ ਇਹ ਇਕ ਪਹਿਲਾ ਕਦਮ ਹੋਵੇਗਾ ।

ਮੈਂ ਇਹ ਸਮਝਦਾ ਹਾਂ ਕਿ ਇਹ ਕਾਂਗਰਸ ਗੌਰਮਿੰਟ ਕੋਈ ਸਰਮਾਏਦਾਰਾਂ ਦੀ ਗੌਰਮਿੰਟ ਨਹੀਂ ਹੈ, ਕੋਈ ਵਡੇ ਜਿਮੀਦਾਰਾਂ ਦੀ ਗੌਰਮਿੰਟ ਨਹੀਂ ਹੈ । ਇਹ ਲੋਕਾਂ ਦੀ ਆਪਣੀ ਗੌਰਮਿੰਟ

ਹੈ । ਇਸ ਦਾ ਫਾਇਦਾ ਲਾਜ਼ਮੀ ਤੌਰ ਤੇ ਸੂਬੇ ਦੇ 80-85% ਗਰੀਬ ਲੋਕਾਂ ਨੂੰ ਪਹੁੰਚੇਗਾ। ਫਿਰ ਡਿਪਟੀ ਸਪੀਕਰ ਸਾਹਿਬ (ਘੰਟੀ) ਇਨ੍ਹਾਂ ਨੇ ਇਹ ਫੈਸਲਾ ਕੀਤਾ ਹੈ ਕਿ ਫੈਮਲੀ ਨੂੰ ਇਕ ਯੂਨਿਟ ਮੰਨਿਆ ਜਾਵੇਗਾ, ਇਹ ਇਕ ਬੇਹਤਰੀਨ ਫ਼ੈਸਲਾ ਹੈ ਇਸ ਨਾਲ ਜਿਹੜੀ ਫਾਲਤੂ ਜ਼ਮੀਨ ਮਿਲੇਗੀ ਉਹ ਗਰੀਬ ਹਰੀਜਨਾਂ ਨੂੰ ਮਿਲ ਸਕੇਗੀ ਜੋ ਪਿਛੜੇ ਹੋਏ ਹਨ ਉਨ੍ਹਾਂ ਨੂੰ ਮਿਲ ਸਕੇਗੀ । ਇਸ ਨਾਲ ਉਨ੍ਹਾਂ ਦੇ ਵਿਚ ਕਾਨਫੀਡੈਂਸ ਆਵੇਗਾ ।

ਫਿਰ ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਜੋ ਇਹ ਫੈਸਲਾ ਕੀਤਾ ਹੈ ਕਿ ਇਹ ਗਰੀਬ ਹਰੀਜਨਾਂ ਅਤੇ ਹੋਰ ਗਰੀਬ ਲੋਕਾਂ ਨੂੰ (ਘੰਟੀ) ਜਿਨ੍ਹਾਂ ਦੀ ਆਮਦਨ 500 ਰੁਪਏ ਤੋਂ ਘਟ ਹੈ, ਉਨ੍ਹਾਂ ਲਈ ਮਕਾਨ ਬਣਾਕੇ ਦੇਵੇਗੀ । ਇਹ ਵੀ ਇਕ ਬੇਹਤਰੀਨ ਫੈਸਲਾ ਹੈ ਅਖੀਰ ਵਿਚ ਮੈਂ ਪੰਜਾਬ ਦੀ ਸਰਕਾਰ ਨੂੰ ਅਤੇ ਗਵਰਨਰ ਸਾਹਿਬ ਨੂੰ ਇਸ ਭਾਸ਼ਣ ਲਈ ਵਧਾਈ ਦਿੰਦਾ ਹਾਂ ਅਤੇ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਇਹ ਜੋ ਮਤਾ ਹਾਊਸ ਦੇ ਸਾਹਮਣੇ ਹੈ, ਇਸ ਨੂੰ ਪਾਸ ਕਰ ਦਿਤਾ ਜਾਵੇ ।

ਸਰਦਾਰ ਗੁਰਦੇਵ ਸਿੰਘ ਬਾਦਲ (ਫਰੀਦਕੋਟ ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਇਸ ਗਵਰਨਰ ਦੇ ਭਾਸ਼ਣ ਦੀ ਵਿਰੋਧਤਾ ਕਰਨ ਲਈ ਖੜਾ ਹੋਇਆ ਹਾਂ । ਕਿਉਂਕਿ ਇਸ ਵਿਚ ਸਾਰੀਆਂ ਹੀ ਫਰਾਡੀ ਗਲਾਂ ਆਖੀਆਂ ਗਈਆਂ ਹਨ । ਜਿਨਾਂ ਤੇ ਅਮਲ ਕਰਨਾ ਬੜਾ ਔਖਾ ਜਾਪਦਾ ਹੈ । ਇਸ ਵਿਚ ਗਰੀਬਾਂ ਵਾਸਤੇ ਬੜੀਆਂ ਗਲਾਂ ਲਿਖੀਆਂ ਗਈਆਂ ਹਨ ਪਰ ਉਨ੍ਹਾਂ ਨੇ ਅਮਲ ਵਿਚ ਨਹੀਂ ਆਉਣਾ ਕਿਉਂਕਿ ਕਾਂਗਰਸ ਪਹਿਲੇ 20-22 ਸਾਲ ਉਨ੍ਹਾਂ ਤੇ ਅਮਲ ਨਹੀਂ ਕਰ ਸਕੀ ਤਾਂ ਅਜ ਉਨ੍ਹਾਂ ਤੇ ਅਮਲ ਕਰਨਾ ਔਖਾ ਜਾਪਦਾ ਹੈ । ਇਸ ਲਈ ਇਹ ਕਾਂਗਰਸੀ ਭਰਾ ਗਰੀਬਾਂ ਦੇ ਬਾਰੇ ਜੋ ਗਲਾਂ ਕਰਦੇ ਹਨ ਉਹ ਫਰਾਡੀ ਹਨ । ਇਹ ਹਾਲੇ ਵੀ ਜਮੀਨ ਦੇਣ ਦੇ ਨਾਹਰੇ ਲਾ ਰਹੇ ਹਨ । ਮੈਂ ਵੀ ਇਹ ਸਮਝਦਾ ਹਾਂ ਕਿ ਉਨ੍ਹਾਂ ਲੋਕਾਂ ਨੂੰ ਜਮੀਨ ਜਰੂਰ ਦੇਣੀ ਚਾਹੀਦੀ ਹੈ ਜਿਹੜੇ ਪਿੰਡਾਂ ਵਿਚ ਵਸਣ ਵਾਲੇ ਹਨ, ਜਿਨ੍ਹਾਂ ਲੋਕਾਂ ਨੂੰ ਹਲ ਦਾ ਪਤਾ ਹੈ, ਪੰਜਾਲੀ ਦਾ ਪਤਾ ਹੈ, ਅਰਲੀ ਦਾ ਪਤਾ ਹੈ, ਕਿਰਲੀ ਦਾ ਪਤਾ ਹੈ, ਉਚੇ ਬਲਦ ਦਾ ਪਤਾ ਹੈ, ਨੀਵੇਂ ਬਲਦ ਦਾ ਪਤਾ ਹੈ, ਜਿੰਨ੍ਹਾਂ ਲੋਕਾਂ ਨੂੰ ਉਚੇ ਹਲ ਦਾ ਪਤਾ ਹੈ, ਨੀਵੇਂ ਹਲ ਦਾ ਪਤਾ ਹੈ, ਉਨ੍ਹਾਂ ਲੋਕਾਂ ਨੂੰ ਜ਼ਰੂਰ ਜਮੀਨ ਮਿਲਣੀ ਚਾਹੀਦੀ ਹੈ। ਪਰ ਜਿਹੜੇ ਲੋਕ ਸ਼ਹਿਰ ਵਿਚ ਵਸਦੇ ਹਨ, ਜਿਨ੍ਹਾਂ ਨੂੰ ਇਹ ਪਤਾ ਨਹੀਂ ਕਿ ਹਲ ਕੀ ਹੁੰਦਾ ਹੈ, ਪੰਜਾਲੀ ਕੀ ਹੁੰਦੀ ਹੈ, ਉਨ੍ਹਾਂ ਨੂੰ ਜਮੀਨ ਦੇਣ ਦੇ ਨਾਹਰੇ ਮਾਰਨੇ ਫਰਾਡ ਹੀ ਤਾਂ ਹਨ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਫਰਾਡੀ ਗਲਾਂ ਜਿਆਦਾ ਦੇਰ ਤਕ ਨਹੀਂ ਚਲ ਸਕਦੀਆਂ । ਉਨ੍ਹਾਂ ਕਿਸਾਨਾਂ ਨੂੰ ਗਰੀਬਾਂ ਨੂੰ, ਜਮੀਨ ਜਰੂਰ ਮਿਲਣੀ ਚਾਹੀਦੀ ਹੈ ਜੋ ਜਿਮੀਦਾਰ ਅਠੇ ਪਹਿਰ ਰਾਤ ਦਿਨ ਇਕ ਕਰਕੇ ਕੰਮ ਕਰਦੇ ਹਨ । ਵਾਹੀ ਕਰਦੇ ਹਨ; ਗੋਡੀਆਂ ਕਰਦੇ ਹਨ, ਨਰਮਾ ਬੀਜਦੇ ਹਨ, ਉਨ੍ਹਾਂ ਨੂੰ ਜਰੂਰ ਜ਼ਮੀਨ ਦੇਣੀ ਚਾਹੀਦੀ ਹੈ। ਔਰ ਜੋ ਹਰੀਜਨ ਭਰਾ ਸ਼ਹਿਰਾ ਦੇ ਵਿਚ ਵਸਦੇ ਹਨ, ਉਨ੍ਹਾਂ ਨੂੰ ਕਾਰਖਾਨਿਆਂ ਦੇ ਵਿਚ ਹਿੱਸਾ ਦੇਣਾ ਚਾਹੀਦਾ ਹੈ । ਇਸ ਤਰ੍ਹਾਂ ਹੀ ਗਰੀਬੀ ਦੂਰ ਹੋ ਸਕੇਗੀ ਸਿਰਫ ਜ਼ਮੀਨ ਦੇ ਨਾਲ ਹੀ ਗਰੀਬੀ ਦੂਰ ਨਹੀਂ ਹੋ ਸਕਦੀ । ਇਹ ਤਾਂ ਇਨ੍ਹਾ ਨੇ ਨਿਰਾ ਫਰਾਡ ਹੀ ਰਚਿਆ ਹੋਇਆ ਹੈ । ਇਸ ਨਾਲ ਗਰੀਬੀ ਕਿਸ ਤਰੀਕੇ ਨਾਲ ਦੂਰ ਹੋ ਸਕਦੀ ਹੈ ? ਡਿਪਟੀ ਸਪੀਕਰ ਸਾਹਿਬ, ਮੈਂ ਅਰਜ ਕਰਦਾ ਹਾਂ ਕਿ ਅਕਾਲੀ ਪਾਰਟੀ ਦੇ ਰਾਜ ਵੇਲੇ ਗਰੀਬ ਲੋਕਾਂ ਨੂੰ ਆਟਾ 80 ਪੈਸੇ ਕਿਲੋ ਮਿਲਦਾ ਸੀ ਪਰ ਜਦੋਂ ਗਵਰਨਰ ਦਾ ਰਾਜ ਆਇਆ ਤਾਂ ਗਰੀਬਾਂ ਨੂੰ ਆਟਾ ਸਵਾ ਰੁਪਿਆ ਕਿਲੋ ਮਿਲਣਾ ਸ਼ੁਰੂ ਹੋ ਗਿਆ ਹਾਲਾਂ ਕਿ ਕਣਕ ਦੀ ਹਾਲਤ ਇਹ ਸੀ ਕਿ ਸਟੋਰਾਂ ਵਿਚ ਕਣਕ ਭਰੀ ਹੋਈ ਸੀ ਅਤੇ ਸਟੋਰਾਂ ਵਿਚ ਹੋਰ ਥਾਂ ਨਾ ਹੋਣ ਕਰਕੇ ਬਾਹਰ ਖੁਲ੍ਹੀ ਥਾਂ ਤੇ ਤਰਪਾਲਾਂ ਨਾਲ ਬੋਰੀਆਂ ਢਕ ਕੇ ਰਖੀਆਂ ਗਈਆਂ ਸਨ

[ਸਰਦਾਰ ਗੁਰਦੇਵ ਸਿੰਘ ਬਾਦਲ]

ਤਾਂ ਕਿ ਭਿੱਜ ਨਾ ਜਾਣ। ਇੰਨੀ ਕਣਕ ਦੇ ਹੁੰਦੇ ਹੋਏ ਵੀ ਗਰੀਬ ਲੋਕਾਂ ਨੂੰ 115-125 ਰੁਪਏ ਕੁਇੰਟਲ ਕਣਕ ਖਰੀਦਨੀ ਪੈਂਦੀ ਸੀ। ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਗਰੀਬੀ ਦੂਰ ਕਰਨ ਦਾ ਨਾਹਰਾ ਫਰਾਡ ਹੈ। ਸਗੋਂ ਗਰੀਬ ਦੀਆਂ ਆਸਾਂ ਤੇ ਪਾਣੀ ਫਿਰ ਗਿਆ ਹੈ। ਉਨ੍ਹਾਂ ਨੂੰ ਕੁਚਲਿਆ ਜਾ ਰਿਹਾ ਹੈ। ਪਿੰਡ ਦੇ ਰਹਿਣ ਵਾਲੇ ਗਰੀਬਾਂ ਦੀਆਂ ਆਸਾਂ ਤੇ ਪਾਣੀ ਫਿਰ ਗਿਆ ਹੈ। ਉਨ੍ਹਾਂ ਨੂੰ ਬੜਾ ਚਾਅ ਸੀ ਕਿ ਅਕਾਲੀ ਸਰਕਾਰ ਦੇ ਵੇਲੇ ਨਰਮਾਂ 375 ਰੁਪਏ ਵਿਕਿਆਂ ਹੈ ਤਾਂ ਹੁਣ ਗਵਰਨਰੀ ਰਾਜ ਦੇ ਵੇਲੇ ਉਹ ਨਰਮਾ 400 ਰੁਪਏ ਤੋਂ ਵਧ ਵਿਕੇਗਾ। ਪਰ ਜਿਸ ਗਵਰਨਰ ਨੇ ਇਥੇ ਭਾਸ਼ਣ ਦਿਤਾ ਹੈ, ਉਸ ਦੇ ਰਾਜ ਵਿਚ ਨਰਮਾਂ 80 ਰੁਪਏ ਵਿਕਿਆ। 300 ਰੁਪਏ ਉਡ ਹੀ ਗਏ। ਉਨ੍ਹਾਂ ਗਰੀਬਾਂ ਨੇ ਮਹਿੰਗਾ ਨਰਮਾ ਵਿਕਣ ਦੀ ਆਸ ਵਿਚ ਨਰਮਾ ਖਿੜਨ ਤੋਂ ਪਹਿਲਾਂ ਹੀ ਵਿਆਹ ਸ਼ਾਦੀਆਂ ਤੇ ਜਾਂ ਹੋਰ ਕਾਰੋਬਾਰ ਤੇ ਜਿਆਦਾ ਖਰਚ ਕਰ ਕਰ ਦਿਤਾ ਸੀ ਪਰ ਜਦੋਂ ਉਨ੍ਹਾਂ ਦਾ ਨਰਮਾ 80 ਰੁਪਏ ਵਿਕਿਆ ਤਾਂ ਉਨ੍ਹਾਂ ਦੀਆਂ ਆਸਾਂ ਤੇ ਪਾਣੀ ਫਿਰ ਗਿਆ। ਇਸ਼ ਤਰ੍ਹਾਂ ਉਨ੍ਹਾਂ ਗਰੀਬ ਕਿਸਾਨਾਂ ਤੇ ਜਿਹੜਾ 700—800 ਰੁਪਏ ਕਰਜਾ ਹੋ ਗਿਆ ਹੈ, ਉਹ ਉਨ੍ਹਾਂ ਨੇ ਅਗਲੇ 5 ਸਾਲਾ ਵਿਚ ਨਹੀਂ ਲਾਹ ਸਕਣਾਂ। ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਇਨ੍ਹਾਂ ਦਾ ਗਰੀਬੀ ਦੂਰ ਕਰਨ ਦਾ ਨਾਹਰਾ ਫਰਾਡ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਸੁਝਾ ਦੇਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਪਿੰਡਾਂ ਵਿਚ ਸੀਲਿੰਗ ਕੀਤੀ ਗਈ ਹੈ. ਇਸ ਤਰ੍ਹਾਂ ਹੀ ਸ਼ਹਿਰਾਂ ਵਿਚ ਜੋ ਵਡੇ ਵਡੇ ਸ਼ਾਹੂਕਾਰ ਹਨ, ਜਿਨਾਂ ਦੇ ਬਜਾਰਾਂ ਦੇ ਬਜ਼ਾਰ ਆਪਣੀ ਮਾਲਕੀ-ਅਤ ਹਨ, ਉਨ੍ਹਾਂ ਦਾ ਜਾਇਦਾਦ ਦੀ ਸੀਲਿੰਗ ਕਰਕੇ, ਜੋ ਵੀ ਸੀਲਿਗ ਸਰਕਾਰ ਮਿਥੇ, ਉਸ ਅਨੁਸਾਰ ਇਕ ਮਕਾਨ ਅਤੇ ਇਕ ਦੁਕਾਨ ਛਡ ਕੇ ਬਾਕੀ ਸਾਰੀ ਜਾਇਦਾਦ ਗਰੀਬਾਂ ਵਿਚ ਵੰਡ ਦਿਤੀ ਜਾਵੇ। ਹਰੀਜਨਾ ਨੂੰ ਦੇ ਦਿਤੀ ਜਾਵੇ। ਤਾਂ ਹੀ ਇਹ ਹਰਜੀਨ ਅਤੇ ਹੋਰ ਗਰੀਬ ਲੋਕ ਤਰੱਕੀ ਕਰ ਸਕਣਗੇ। ਮੈਂ ਸਮਝਦਾ ਹਾਂ, ਡਿਪਟੀ ਸਪੀਕਰ ਸਾਹਿਬ, ਕਿ ਇਨ੍ਹਾਂ ਨੇ ਇਨ੍ਹਾਂ ਗਲਾਂ ਤੇ ਅਮਲ ਨਹੀਂ ਕਰਨਾ। ਇਹ ਲੋਕ ਅਗੇ ਵੀ 20-22 ਸਾਲ ਜਦੋਂ ਕਾਂਗਰਸ ਦਾ ਰਾਜ ਸੀ. ਲੋਕਾਂ ਨੂੰ ਸਿਰਫ ਲਾਰੇ ਹੀ ਲਾਉਂਦੇ ਰਹੇ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਬਾਰੇ ਮੈਂ ਇਕ ਮਿਸਾਲ ਦੇਣੀ ਚਾਹੁੰਦਾ ਹਾਂ ਕਿ ਮੈਂ ਇਕ ਵਾਰ ਇਕ ਪਿੰਡ ਵਧਾਈ ਦੇਣ ਲਈ ਗਿਆ ਤਾਂ ਉਥੇ ਇਕ ਨਾਰੇ ਸਿੰਗਾਂ ਵਾਲੀ ਗਊ ਭੱਜ ਕੇ ਮੇਰੇ ਵਲ ਆਈ, ਉਸ ਦੇ ਨਾਲ ਇਕ ਮੁੰਡਾਂ ਸੀ ਮੈਂ ਉਸ ਮੁੰਡੇ ਨੂੰ ਪੁਛਿਆ ਕਿ ਉਹ ਗਊ ਨੂੰ ਕੀ ਪਾਉਂਦੇ ਹਨ ? ਮੈਂ ਸੋਚਿਆ ਕਿ ਉਹ ਆਖੇਗਾ ਹਰਾ ਪੱਠਾ, ਖਲ ਜਾਂ ਵੜੇਵੇਂ, ਪਰ ਉਹ ਮੁੰਡਾ ਕਹਿਣ ਲਗਾ ਜੀ ਅਸੀਂ ਇਸ ਨੂੰ ਸੰਗਲ ਪਾਉਂਦੇ ਹਾਂ। (ਹਾਸਾ) ਮੈਂ ਉਸ ਤੋਂ ਫਿਰ ਪੁਛਿਆ ਕਿ ਇਸ ਦੇ ਮਗਰ ਕੀ ਹੈ। ਮੈਂ ਸੋਚਿਆ ਇਹ ਆਖੇਗਾਂ ਕਿ ਵਛਾ ਜਾਂ ਵਛੀ ਪਰ ਉਹ ਆਖਣ ਲਗਾ ਕਿ ਜੀ ਇਸ ਦੇ ਪਿਛੇ ਪੂਛ ਹੈ। (ਹਾਸਾ) ਮੈਂ ਫਿਰ ਪੁਛਿਆ ਕਿ ਕੀ ਇਹ ਦੁਧ ਵਗੈਰਾ ਦਿੰਦੀ ਹੈ, ਤਾਂ ਉਸ ਮੁੰਡੇ ਨੇ ਕਿਹਾਂ ਕਿ ਜੀ ਇਹ ਦੁੱਧ ਤਾਂ ਨਹੀਂ ਦਿੰਦੀ ਹਾਂ ਦਰਸ਼ਨ ਜ਼ਰੂਰ ਦਿੰਦੀ ਹੈ। (ਹਾਸਾ) ਸੋ ਡਿਪਟੀ ਸਪੀਕਰ ਸਾਹਿਬ, ਇਹ ਕਾਂਗਰਸੀ ਭਰਾ ਪਿਛਲੇ 20-22 ਸਾਲ ਲੋਕਾਂ ਨੂੰ ਦਰਸ਼ਨ ਹੀ ਦਿੰਦੇ ਰਹੇ ਹਨ। ਲੋਕਾਂ ਦੀ ਬਦਕਿਸਮਤੀ ਹੈ ਕਿ ਇਨ੍ਹਾਂ ਦਾ ਰਾਜ ਫਿਰ ਆ ਗਿਆ ਹੈ। ਕੋਈ ਨਵੀਂ ਗਲ ਕਰਨ ਕਿ ਅਸੀਂ ਇਸ ਤਰ੍ਹਾਂ ਗਰੀਬੀ ਹਟਾਵਾਂਗੇ ਪਰ ਇਨ੍ਹਾਂ ਨੇ ਮੁੜ ਉਹ ਪੁਰਾਣੀਆਂ ਗਲਾਂ ਕਰਨੀਆਂ ਸ਼ੁਰੂ ਕਰ ਦਿਤੀਆਂ ਹਨ ਕਿ ਅਸੀਂ ਹਰੀਜਨਾਂ ਨੂੰ ਜ਼ਮੀਨ ਦਿਆਂਗੇ ਫਿਰ ਇਨ੍ਹਾਂ ਨੇ ਇਹ ਕਿਹਾ ਹੈ ਕਿ ਅਸੀਂ ਗਰੀਬ ਲੋਕਾਂ ਨੂੰ ਘਰ ਬਣਾ ਕੇ ਦਿਆਂਗੇ। ਮੈਂ ਸਮਝਦਾ ਹਾਂ ਕਿ ਇਹ ਵੀ ਇਨ੍ਹਾਂ ਦਾ ਇਕ ਫਰਾਡ ਹੀ ਹੈ। ਇਸ ਨੂੰ ਅਮਲੀ ਰੂਪ ਵਿਚ

ਨਹੀਂ ਲਿਆਉਣਗੇ । ਜੋ ਵੀ ਸਰਕਾਰ ਆਉਂਦੀ ਹੈ, ਉਹ ਗਰੀਬਾਂ ਦਾ ਨਾਉਂ ਲੈਕੇ ਹੀ ਬਣਦੀ ਹੈ ਅਤੇ ਫਿਰ ਗਰੀਬਾਂ ਦਾ ਨਾਉਂ ਹੀ ਲੈਂਦੀ ਹੈ. ਉਨ੍ਹਾਂ ਵਾਸਤੇ ਕਰਦੀ ਕਰਾਂਦੀ ਕੁਝ ਨਹੀਂ ਕਿਉਂਕਿ ਉਸਨੂੰ ਪਤਾ ਹੁੰਦਾ ਹੈ ਕਿ ਗਰੀਬ ਜਨਤਾ ਭੋਲੀ ਭਾਲੀ ਹੁੰਦੀ ਹੈ, ਉਹ ਅਨਪੜ੍ਹ ਹੁੰਦੀ ਹੈ ਇਸ ਲਈ ਉਸ ਨੂੰ ਹਰ ਥਾਂ ਤੇ ਵਰਤਿਆ ਜਾ ਸਕਦਾ ਹੈ । ਫਿਰ ਡਿਪਟੀ ਸਪੀਕਰ ਸਾਹਿਬ, ਗਰੀਬ ਲੋਕ ਸਿਰਫ ਆਟੇ ਤੇ ਹੀ ਨਹੀਂ ਜੀਂਦੇ । ਉਹ ਖੰਡ ਵੀ ਵਰਤਦੇ ਹਨ । ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਉਸ ਦਾ ਕੋਈ ਜ਼ਿਕਰ ਨਹੀਂ ਕੀਤਾ । ਗਰੀਬ ਲਕ ਖੰਡ ਮੁੱਲ ਲੈ ਕੇ ਖਾਂਦੇ ਹਨ । ਡਿਪਟੀ ਸਪੀਕਰ ਸਾਹਿਬ, ਇਕੋ ਕਾਰਖਾਨੇ ਵਿਚ ਬਣਨ ਵਾਲੀ ਅਤੇ ਇਕੋ ਜਿਹੀਆਂ ਬੋਰੀਆਂ ਵਿਚ ਆਉਣ ਵਾਲੀ ਖੰਡ ਦੇ ਦੋ ਭਾਅ ਹਨ । ਇਥੇ ਅਕਾਲੀ ਸਰਕਾਰ ਰਹੀ ਤਾਂ ਡਿਪੂਆਂ ਦਾ ਨਾਂ ਨਿਸ਼ਾਨ ਨਹੀਂ ਸੀ । ਪਰ ਜਿਉਂ ਹੀ ਗਵਰਨਰੀ ਰਾਜ ਆਇਆ ਪਤਾ ਨਹੀਂ ਆਸਮਾਨੋਂ ਕਿਹ ਡਿਪੂ ਆ ਗਏ । ਡਿਪਟੀ ਸਪੀਕਰ ਸਾਹਿਬ, ਅਸੀਂ ਵੇਖਦੇ ਹਾਂ ਕਿ ਉਨ੍ਹਾਂ ਡਿਪੂਆਂ ਤੇ ਗਰੀਬਾਂ ਦੀਆਂ, ਹਰੀਜਨਾਂ ਦੀਆਂ ਧੀਆਂ ਭੈਣਾਂ ਇਸ ਤਰਾਂ ਖੰਡ ਲਈ ਲਾਈਨ ਲਗਾ ਕੇ ਖੜੀਆਂ ਹੁੰਦੀਆਂ ਹਨ ਜਿਸ ਤਰ੍ਹਾਂ ਕਿ ਮੁਸਾਫਿਰ ਬਸ ਦੀਆਂ ਟਿਕਟਾਂ ਲਈ ਲਾਈਨ ਲਗਾ ਕੇ ਖੜੇ ਹੁੰਦੇ ਹਨ । ਕਿਉਂਕਿ ਗਰੀਬਾਂ ਨੂੰ ਖੰਡ ਨਹੀਂ ਮਿਲਦੀ । ਜੇ ਡਿਪੂ ਤੇ ਖੰਡ ਲਉ ਤਾਂ ਉਸ ਦਾ ਭਾਅ 2 ਰੁਪਏ ਕਿਲੋ ਅਤੇ ਜੇ ਡਿਪੂ ਤੋਂ ਨਾ ਮਿਲੇ ਅਤੇ ਉਸ ਤੋਂ ਅਗਲੀ ਦੁਕਾਨ ਤੋਂ ਲੈ ਲਈ ਜਾਵੇ ਤਾਂ ਉਸ ਦਾ ਭਾਅ ਸਵਾ ਤਿੰਨ ਰੁਪਏ ਕਿਲੋ । ਫਿਰ ਇਹ ਕਹਿੰਦੇ ਹਨ ਕਿ ਗਰੀਬੀ ਦੂਰ ਕਰਨੀ ਹੈ । ਗਰੀਬਾਂ ਨੂੰ ਇਹ ਇਕ ਕਾਰਖਾਨੇ ਵਿਚ ਬਣੀ ਹੋਈ ਖੰਡ ਇਕੋ ਰੇਟ ਤੇ ਨਹੀਂ ਦੇ ਸਕਦੇ ਤਾਂ ਇਨ੍ਹਾਂ ਦੇ ਨਾਹਰੇ ਫਰਾਡ ਹਨ । ਇਹ ਫਰਾਡ ਜਿਆਦਾ ਦੇਰ ਚਲ ਨਹੀਂ ਸਕਦਾ । ਇਸ ਲਈ ਮੈਂ ਇਹ ਬੇਨਤੀ ਕਰਦਾ ਹਾਂ ਕਿ ਇਹ ਜੋ ਗਰੀਬੀ ਦੂਰ ਕਰਨ ਦਾ ਨਾਹਰਾ ਲਾਇਆ ਹੈ, ਇਸ ਨੂੰ ਅਮਲੀ ਰੂਪ ਦਿਉ । ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਖੰਡ ਦਾ ਭਾਅ ਤੇਜ਼ ਹੋਣ ਦਾ ਕਾਰਣ ਕੀ ਹੈ ? ਇਸ ਦਾ ਕਾਰਣ ਇਹ ਹੈ ਕਿ ਅਸੀਂ ਅਖਬਾਰਾਂ ਵਿਚ ਵੀ ਪਿਛੇ ਜਿਹੇ ਪੜ੍ਹਿਆ ਸੀ ਕਿ ਚੋਣਾਂ ਹੋਣ ਤੋਂ ਪਹਿਲਾਂ ਖੰਡ ਦੀਆਂ ਮਿਲਾਂ ਦਿਆਂ ਮਾਲਕਾਂ ਨੇ 40 ਕਰੋੜ ਰੁਪਿਆ ਕਾਂਗਰਸ ਨੂੰ ਭੇਟਾ ਕੀਤਾ ਸੀ । ਇਸ ਲਈ ਉਸ ਘਾਟੇ ਨੂੰ ਪੂਰਾ ਕਰਨ ਲਈ ਉਨ੍ਹਾਂ ਨੇ ਖੰਡ ਦੇ ਦੋ ਰੇਟ ਕਰ ਦਿਤੇ ਹਨ, ਡਿਪੂ ਵਿਚ 2 ਰੁਪਏ ਅਤੇ ਖੁਲ੍ਹੀ ਮਾਰਕੀਟ ਵਿਚ ਸਵਾ ਤਿੰਨ ਰੁਪਏ ।

ਇਸ ਲਈ ਚਾਲੀ ਕਰੋੜ ਰੁਪਿਆ ਕਾਂਗਰਸ ਨੂੰ ਇਲੈਕਸ਼ਨ ਲਈ ਭੇਜਿਆ ਗਿਆ ਤਦ ਹੀ ਦੋ ਭਾ ਹੋਏ ਹਨ । ਡਿਪਟੀ ਸਪੀਕਰ ਸਾਹਿਬ, ਮੈਂ ਕਹਾਂਗਾ ਕਿ ਇਹ ਹੈਰਾਨਕੁਣ ਗੱਲ ਹੈ ਕਿ ਗਰੀਬਾਂ ਨਾਲ ਫਰਾਡ ਰਚਿਆ ਜਾ ਰਿਹਾ ਹੈ । ਹੁਣ ਮੈਂ ਤੁਹਾਡੇ ਰਾਹੀਂ ਆਪਣੀ ਸਰਕਾਰ ਨੂੰ ਜੋ ਇਹਦੇ ਵਿਚ ਲਿਖਿਆ ਗਿਆ ਹੈ ਕਿ ਅਸੀਂ ਜ਼ਿਮੀਂਦਾਰ ਨੂੰ ਬੜਾ ਉਚਾ ਚੁਕਣਾ ਹੈ, ਜ਼ਿਮੀਂਦਾਰ ਨੂੰ ਬੜੀਆਂ ਸਹੂਲਤਾਂ ਦੇਣੀਆਂ ਹਨ, ਇਕ ਨਵਾਂ ਪਰੋਗਰਾਮ ਜ਼ਿਮੀਂਦਾਰ ਨੂੰ ਦੇ ਰਹੇ ਹਾਂ ਇਸ ਸਬੰਧ ਵਿਚ ਪਹਿਲਾਂ ਮੇਰੇ ਲੀਡਰ ਸਾਹਿਬ ਨੇ ਕਿਹਾ ਹੈ ਅਸੀਂ 75000 ਵੋਟਰਜ਼ ਦੇ ਨੁਮਾਇੰਦੇ ਬਣਕੇ ਆਏ ਹਾਂ, ਇਨ੍ਹਾਂ ਲੋਕਾਂ ਨੇ ਸਾਨੂੰ ਚੁਣਕੇ ਇਥੇ ਭੇਜਿਆ ਹੈ । ਸਵਾਏ ਇਸ ਗਲ ਦੇ ਕਿ ਇਨ੍ਹਾਂ ਉਤੇ ਕਿੱਚੜ ਸੁਟਿਆ ਜਾਵੇ, ਕਿਸੀ ਪਾਰਟੀ ਨੂੰ ਨਿੰਦਿਆ ਜਾਵੇ, ਕਿਸੀ ਪਾਰਟੀ ਦੇ ਲੀਡਰ ਨੂੰ ਨਿੰਦਿਆ ਜਾਵੇ, ਕਿਸੇ ਅਫਸਰ ਤੇ ਇਲਜ਼ਾਮ ਲਾਏ ਜਾਣ, ਮੈਂ ਕੁਰੱਪਟ ਅਫਸਰਾਂ ਦੀ ਹਮਾਇਤ ਨਹੀਂ ਕਰਦਾ, ਮੈਂ ਤਾਂ ਇਹ ਕਹਿੰਦਾ ਹਾਂ ਕਿ ਜਿਹੜਾ ਮਾੜਾ ਕੰਮ ਕਰਦੇ ਹਨ ਉਨ੍ਹਾਂ ਨੂੰ ਜ਼ਰੂਰ ਮਾੜਾ ਕਹੋ । ਪਰ ਜਿਹੜੇ ਅਛੇ ਕੰਮ ਕਰਦੇ ਹਨ ਉਨ੍ਹਾਂ ਦੀ ਵਡਿਆਈ ਵੀ ਜ਼ਰੂਰ ਕਰਨੀ ਚਾਹੀਦੀ ਹੈ । ਇਨ੍ਹਾਂ

[ਸਰਦਾਰ ਗੁਰਦੇਵ ਸਿੰਘ ਬਾਦਲ]

ਗਲਾਂ ਨਾਲ ਵਜ਼ੀਰੀਆਂ ਨਹੀਂ ਮਿਲਦੀਆਂ । ਇਹ ਕਹਿਣ ਨਾਲ ਕਿ ਸੰਤ ਫਤਿਹ ਸਿੰਘ ਜੀ ਮੁੱਖ ਮੰਤਰੀ ਦੇ ਕਮਰੇ ਵਿਚ ਬੈਠਦੇ ਸਨ, ਵਜ਼ੀਰੀਆਂ ਨਹੀਂ ਮਿਲਦੀਆਂ ਹੁੰਦੀਆਂ । ਵਜ਼ੀਰੀਆਂ ਉਹ ਆਪਣੀ ਪਾਰਟੀ ਕੋਲੋਂ ਮੰਗਣ, ਪਰ ਸੰਤ ਫਤਿਹ ਸਿੰਘ ਦਾ ਨਾਂ ਲੈ ਕੇ ਵਜ਼ੀਰੀ ਮਿਲਣੀ ਔਖੀ ਗਲ ਹੈ ।

(ਸ਼ੋਰ) (ਵਿਘਨ)

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਚੰਗੇ ਸੁਝਾਉ ਦੇਣਾ ਚਾਹੁੰਦਾ ਹਾਂ । ਜਿਥੋਂ ਦਾ ਕਿਸਾਨ ਤਕੜਾ ਹੈ ਉਥੋਂ ਦਾ ਹਰੀਜਨ ਤਕੜਾ ਹੁੰਦਾ ਹੈ । ਜਿਥੋਂ ਦਾ ਕਿਸਾਨ ਤਕੜਾ ਹੈ ਉਥੋਂ ਦਾ ਦੁਕਾਨਦਾਰ ਤਕੜਾ ਹੁੰਦਾ ਹੈ, ਜਿਥੋਂ ਦਾ ਕਿਸਾਨ ਤਕੜਾ ਹੁੰਦਾ ਹੈ ਉਥੋਂ ਦਾ ਆੜਤੀਆ ਤਕੜਾ ਹੁੰਦਾ ਹੈ, ਜਿਥੋਂ ਦਾ ਕਿਸਾਨ ਤਕੜਾ ਹੁੰਦਾ ਹੈ ਉਥੋਂ ਦੀ ਸਰਕਾਰ ਤਕੜੀ ਹੁੰਦੀ ਹੈ । ਜਿਥੋਂ ਦਾ ਕਿਸਾਨ ਤਕੜਾ ਹੁੰਦਾ ਹੈ ਉਥੋਂ ਦਾ ਸੂਬਾ ਤਕੜਾ ਹੁੰਦਾ ਹੈ । ਜਿਥੋਂ ਦਾ ਕਿਸਾਨ ਕਮਜ਼ੋਰ ਹੁੰਦਾ ਹੈ ਉਥੋਂ ਦਾ ਰਾਜ ਕਮਜ਼ੋਰ ਹੋ ਜਾਂਦਾ ਹੈ,ਕਿਉਂਕਿ ਕਿਸਾਨ ਰਾਤ ਦਿਨ ਇਕ ਕਰਕੇ ਮਿਹਨਤ ਕਰਦਾ ਹੈ। ਇਕ ਹੋਰ ਡਿਪਟੀ ਸਪੀਕਰ ਸਾਹਿਬ, ਬੜੀ ਹੈਰਾਨ ਕਰਨ ਵਾਲੀ ਗਲ ਹੈ ਕਿ ਜਦੋਂ ਅਸੀਂ ਸ਼ਹਿਰ ਵਿਚ ਆਪਣੀਆਂ ਘਰੋਗੀ ਚੀਜ਼ਾਂ ਖਰੀਦਨ ਜਾਂਦੇ ਹਾਂ ਤਾਂ ਉਥੇ ਦੁਕਾਨਦਾਰ ਕਪੜੇ ਦਾ, ਖੰਡ ਦਾ, ਚਾਹ ਦਾ ਭਾਅ ਆਪ ਕਰਦਾ ਹੈ। ਕਪੜਾ 5 ਰੁਪਿਆ ਮੀਟਰ ਦਸਦਾ ਹੈ, ਗੁੜ ਦੋ ਰੁਪਏ ਕਿਲੋ ਦਸਦਾ ਹੈ, ਚਾਹ ਦਸ ਰੁਪਏ ਕਿਲੋ ਦਸਦਾ ਹੈ । ਹੋਰ ਵੀ ਜੇ ਕੋਈ ਚੀਜ਼ ਖਰੀਦਣ ਵਾਸਤੇ ਜਾਂਦੇ ਹਾਂ ਤਾਂ ਦੁਕਾਨਦਾਰ ਆਪ ਭਾਅ ਬਨ੍ਹਦਾ ਹੈ । ਪਰ ਮੈਨੂੰ ਬੜਾ ਅਫਸੋਸ ਹੁੰਦਾ ਹੈ ਇਹ ਵੇਖ ਕੇ ਕਿ ਕਿਸਾਨ ਜਿਹੜਾ ਸੱਪਾਂ ਦੀਆਂ ਸਿਰੀਆਂ ਮਿਧ ਕੇ, ਕਾਲੀਆਂ ਰਾਤਾਂ ਝਾਕ ਕੇ ਪੋਹ ਮਾਘ ਦੇ ਮਹੀਨੇ ਵਿਚ ਜੋ ਨਰਮਾਂ ਪੈਦਾ ਕਰਦਾ ਹੈ ਜਿਸ ਨੇ ਹੱਥਾ ਵਿਚ ਜ਼ਹਿਰ ਲੈ ਕੇ ਸਪਰੇ ਕੀਤੀ ਹੁੰਦੀ ਹੈ, ਉਸ ਨੂੰ ਆਪਣੀ ਜਿਨਸ ਦੇ ਭਾਅ ਮਿਥਨ ਦਾ ਅਖਤਿਆਰ ਨਹੀਂ ਹੈ । ਹਰੀਜਨਾਂ ਦੇ ਮੁੰਡੇ ਜਿਹੜੇ ਜ਼ਿਮੀਂਦਾਰਾਂ ਨਾਲ ਸੀਰੀ ਦੇ ਤੌਰ ਤੇ ਸਪਰੇ ਕਰਦੇ ਹਨ ਉਨ੍ਹਾਂ ਵਿਚੋਂ ਬਹੁਤ ਸਾਰੇ ਵਿਚਾਰੇ ਗਰੀਬ ਮਰ ਜਾਂਦੇ ਹਨ । ਇਹ ਵਿਚਾਰਾ ਕਿਸਾਨ ਆਪਣਾ ਨਰਮਾਂ ਆੜਤੀਏ ਦੀ ਦੁਕਾਨ ਦੇ ਅੱਗੇ ਢੇਰੀ ਲਗਾ ਦਿੰਦਾ ਹੈ । ਇਹ ਕਿਸਾਨ ਦੀ ਛੇ ਮਹੀਨੇ ਦੀ ਕਮਾਈ ਅਤੇ ਮਿਹਨਤ ਹੁੰਦੀ ਹੈ ਅਤੇ ਇਸ ਦੇ ਭਾਅ ਆਪ ਫਿਕਸ ਨਹੀਂ ਕਰ ਸਕਦਾ ਹੈ । (ਵਿਘਨ) ਇਹ ਇਨ੍ਹਾਂ ਨਾਲ ਕਿੰਨੀ ਬੇਇਨਸਾਫੀ ਹੈ । ਦੁਕਾਨਦਾਰ ਜਿਹੜਾ ਕਿ ਇਕ ਕਿਲੋ ਚੀਜ਼ ਵੇਚਦਾ ਹੈ ਉਹ ਤਾਂ ਆਪਣੀ ਚੀਜ਼ ਦੇ ਰੇਟ ਆਪ ਲਾਵੇ ਅਤੇ ਗਰੀਬ ਕਿਸਾਨ ਜਿਸਨੇ ਛੇ ਮਹੀਨੇ ਲਾ ਕੇ ਰਾਤ ਦਿਨ ਇਕ ਕੀਤੀ ਹੁੰਦੀ ਹੈ ਉਹ ਵਿਚਾਰਾ ਆਪਣੀ ਜਿਨਸ ਦਾ ਭਾਅ ਆਪ ਮੁਕੱਰਰ ਨਹੀਂ ਕਰ ਸਕਦਾ ਅਤੇ ਇਸ ਦੇ ਭਾਅ ਕੋਈ ਹੋਰ ਫਿਕਸ ਕਰਦਾ ਹੈ । ਕਣਕ ਇਥੇ ਪੰਜਾਬ ਵਿਚ ਕਿਸਾਨ ਬੜੀ ਮਿਹਨਤ ਨਾਲ ਪੈਦਾਂ ਕਰਦੇ ਹਨ ਪਰ ਹੈਰਾਨੀ ਦੀ ਗਲ ਹੈ, ਡਿਪਟੀ ਸਪੀਕਰ ਸਾਹਿਬ, ਤਹਾਨੂੰ ਸ਼ਾਇਦ ਪਤਾ ਨਹੀਂ ਹੋਣਾ ਕਿ ਇਹ ਫਸਲ ਕਿਹੜੀ ਰੁੱਤ ਵਿਚ ਬੀਜੀ ਜਾਂਦੀ ਹੈ । (ਸ਼ੋਰ) (ਵਿਘਨ)

ਡਿਪਟੀ ਸਪੀਕਰ : ਪਤਾ ਹੈ । (I know it.)

ਸਰਦਾਰ ਗੁਰਦੇਵ ਸਿੰਘ ਬਾਦਲ; ਹਾਲੇ ਕਣਕ ਦੀਆਂ ਬੱਲੀਆਂ ਪੱਕੀਆਂ ਨਹੀਂ, ਹਾਲੇ ਵਾਢੀ ਨਹੀਂ ਪਈ, ਹਾਲੇ ਕਣਕ ਨੂੰ ਲੋਕ ਵਢਣ ਨਹੀਂ ਲਗੇ ਪਰ ਅਫਸੋਸ ਦੀ ਗਲ ਇਹ ਹੈ, ਡਿਪਟੀ ਸਪੀਕਰ ਸਾਹਿਬ, ਕਿ ਬੀਜੀ ਹੋਈ ਹਰੀਜਨ ਦੀ ਕਿਸਾਨ ਦੀ ਕਣਕ ਵਢੀ ਨਹੀਂ ਗਈ, ਕਢੀ ਨਹੀਂ

ਗਈ ਪਰ ਭਾਅ ਇਸਦੇ 66 ਰੁਪਏ ਪਹਿਲਾਂ ਹੀ ਦਿੱਲੀ ਵਿਚ ਮੁਕੱਰਰ ਹੋ ਗਏ ਹਨ । ਇਹ ਬੜੀ ਅਫਸੋਸ ਦੀ ਗੱਲ ਹੈ ਅਤੇ ਸਰਕਾਰ ਨੂੰ ਇਸ ਗੱਲ ਵੱਲ ਧਿਆਨ ਦੇਣਾ ਚਾਹੀਦਾ ਹੈ । ਕਿਸਾਨ ਜਦੋਂ ਆਪਣੀ ਫਸਲ ਵੇਚਣ ਜਾਂਦਾ ਹੈ ਤਾਂ ਭੌਂ ਦੇ ਭਾਅ ਵੇਚਦਾ ਹੈ ਪਰ ਜਦੋਂ ਉਸ ਨੂੰ ਖਰੀਦਨੀ ਪੈਂਦੀ ਹੈ ਤਾਂ ਉਸ ਵੇਲੇ ਭਾਅ ਜ਼ਿਆਦਾ ਹੁੰਦੇ ਹਨ । ਅਕਾਲੀਆਂ ਦੇ ਰਾਜ ਵਿਚ ਜੋ ਉਨ੍ਹਾਂ ਨੇ 76 ਰੁਪਏ ਨੂੰ ਦਿੱਤੀ ਤਾਂ ਸਾਰਾ ਸਾਲ ਰੇਟ 76 ਰੁਪਏ ਹੀ ਰਿਹਾ ਅਤੇ ਉਨ੍ਹਾਂ ਨੂੰ ਖਰੀਦਨ ਵਿਚ ਵੀ ਕੋਈ ਮੁਸ਼ਕਿਲ ਪੇਸ਼ ਨਹੀਂ ਆਈ । ਗਵਰਨਰ ਸਾਹਿਬ ਦੇ ਰਾਜ ਵਿਚ ਕਣਕ 76 ਰੁਪਏ ਵੇਚੀ ਅਤੇ ਬਾਅਦ ਵਿਚ ਇਸ ਦਾ ਰੇਟ 125 ਰੁਪਏ ਤਕ ਚਲਾ ਗਿਆ । ਡਿਪਟੀ ਸਪੀਕਰ ਸਾਹਿਬ, ਕੀ ਇਹ ਲੁਟ ਵਾਲੀ ਗੱਲ ਨਹੀਂ ਹੈ ? ਮੈਂ ਕੋਈ ਦੋਸ਼ ਨਹੀਂ ਲਾਉਂਦਾ ਅਤੇ ਝੂਠੀ ਗੱਲ ਨਹੀਂ ਕਰਦਾ ਕਿ ਕਾਂਗਰਸ ਨੇ ਪੈਸੇ ਲੈਕੇ ਇਲੈਕਸ਼ਨ ਲੜੇ ਹਨ । (ਵਿਘਨ) (ਘੰਟੀ) ਡਿਪਟੀ ਸਪੀਕਰ ਸਾਹਿਬ, ਮੈਂ ਹੁਣੇ ਹੀ ਇਸ ਨੂੰ ਮੁਕਾਉਣ ਲਗਿਆ ਹਾਂ । ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਕੋਈ ਅਜਿਹਾ ਕਾਨੂੰਨ ਬਨਾਉਣਾ ਚਾਹੀਦਾ ਹੈ ਜਿਸ ਨਾਲ ਕਿ ਕਿਸਾਨ ਅਤੇ ਹਰੀਜਨ ਆਪਣੀ ਜਿਨਸ ਦਾ ਭਾਅ ਆਪ ਫਿਕਸ ਕਰ ਸਕਣ । ਮੈਂ ਹੋਰ ਵੀ ਬੇਨਤੀ ਕਰਾਂਗਾ ਕਿ ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਜਿਹੜੇ ਟਰੱਕਾਂ ਵਾਲੇ ਹਨ, ਬਸਾਂ ਵਾਲੇ ਹਨ, ਜੀਪਾਂ ਵਾਲੇ ਹਨ, ਕਾਰਾਂ ਵਾਲੇ ਹਨ ਜਾਂ ਜਿਹੜੀਆਂ ਹੋਰ ਚੀਜ਼ਾਂ ਸ਼ਹਿਰ ਵਿਚ ਤੁਰਦੀਆਂ ਫਿਰਦੀਆਂ ਹਨ, ਇਨ੍ਹਾਂ ਸਭ ਦਾ ਬੀਮਾਂ ਹੋਇਆ ਹੋਇਆ ਹੈ । ਪਰ ਬੜੇ ਅਫਸੋਸ ਦੀ ਗੱਲ ਹੈ ਕਿ ਕਿਸਾਨ ਦੀ ਜਿਹੜੀ ਫਸਲ ਹੈ, ਚਾਹੇ ਉਹ ਗੜੇ ਕਾਰਨ ਮਰ ਜਾਵੇ, ਜਾਂ ਤੂਫਾਨ ਕਾਰਨ ਜ਼ਾਇਆ ਹੋ ਜਾਵੇ ਜਾਂ ਹੜ੍ਹ ਕਾਰਨ ਤਬਾਹ ਹੋ ਜਾਵੇ ਪਰ ਉਸ ਵਿਚਾਰੇ ਦੀ ਫਸਲ ਦਾ ਬੀਮਾਂ ਕਿਉਂ ਨਹੀਂ ਕੀਤਾ ਜਾਂਦਾ ? ਕੋਈ ਅਜਿਹਾ ਕਾਨੂੰਨ ਬਨਾਉਣਾ ਚਾਹੀਦਾ ਹੈ ਜਿਸ ਨਾਲ ਕਿ ਕਿਸਾਨ ਦੀ ਫਸਲ ਦਾ ਬੀਮਾ ਹੋ ਸਕੇ ।

ਇਥੇ, ਡਿਪਟੀ ਸਪੀਕਰ ਸਾਹਿਬ, ਚੰਗੀਆਂ ਰਾਇਆਂ ਦੇਣੀਆਂ ਚਾਹੀਦੀਆਂ ਹਨ । ਇਹ ਨਹੀਂ ਕਿ ਉਹ ਮਾੜਾ ਹੈ, ਇਹ ਚੰਗਾ ਨਹੀਂ, ਇਨ੍ਹਾਂ ਗੱਲਾਂ ਨਾਲ ਕੁਝ ਨਹੀਂ ਬਣਦਾ ਹੈ । ਸਰਕਾਰ ਨੂੰ ਇਨ੍ਹਾਂ ਕਿਸਾਨਾਂ ਨਾਲ, ਹਰੀਜਨਾਂ ਨਾਲ ਇਨਸਾਫ ਕਰਨਾ ਚਾਹੀਦਾ ਹੈ ਤਾਂ ਕਿ ਜੋ ਇਸ ਵੇਲੇ ਇਨ੍ਹਾਂ ਵਿਚ ਬੇਚੈਨੀ ਫੈਲੀ ਹੋਈ ਹੈ ਉਹ ਦੂਰ ਹੋ ਸਕੇ ।

ਡਿਪਟੀ ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਕਿਸਾਨਾਂ ਨਾਲ ਕੋਈ ਬੇਇਨਸਾਫੀ ਨਹੀਂ ਹੋਣੀ ਚਾਹੀਦੀ । ਪਾਣੀ ਦੀ ਵਰਤੋਂ ਦੀ ਗਲ ਹੀ ਲੈ ਲਵੋ । ਸ਼ਹਿਰ ਵਾਲੇ ਜਿੰਨਾ ਪਾਣੀ ਇਸਤੇਮਾਲ ਕਰਦੇ ਹਨ ਉਸਦਾ ਹਿਸਾਬ ਮੀਟਰ ਵਿਚ ਆ ਜਾਂਦਾ ਹੈ ਅਤੇ ਜਿੰਨਾ ਪਾਣੀ ਵਰਤਿਆ ਹੁੰਦਾ ਹੈ ਉਨਾਂ ਹੀ ਬਿਲ ਉਸ ਨੂੰ ਦੇਣਾ ਪੈਂਦਾ ਹੈ । ਪਰ ਪਿੰਡਾਂ ਵਿਚ ਪਾਣੀ ਦੀ ਵਰਤੋਂ ਦੀ ਕੁਝ ਹੋਰ ਹਾਲਤ ਹੈ । (ਘੰਟੀ) (ਵਿਘਨ) ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ, ਡਿਪਟੀ ਸਪੀਕਰ ਸਾਹਿਬ, ਕਿ ਜਿਹੜਾ ਵਿਚਾਰਾ ਕਿਸਾਨ ਹੈ ਉਹ ਰਾਉਣੀ ਦੀ ਫਸਲ ਕਰ ਲੈਂਦਾ ਹੈ, ਮੁੜ ਫ਼ੇਰ ਵਾਹੁੰਦਾ ਹੈ, ਬੀਜਦਾ ਹੈ ਪਾਣੀ ਚਾਹੇ ਨਹਿਰ ਦਾ ਲਗੇ ਜਾਂ ਨਾਂ ਲਗੇ । (ਘੰਟੀ) ਫਸਲ ਉਘਰੇ ਨਾਂ ਉਘਰੇ ਪਰ ਉਸ ਗਰੀਬ ਨੂੰ ਜ਼ਮੀਂਦਾਰ ਨੂੰ ਮਾਮਲਾ ਪੂਰਾ ਦੇਣਾ ਪੈਂਦਾ ਹੈ । (ਘੰਟੀ) ਮੈਂ ਡਿਪਟੀ ਸਪੀਕਰ ਸਾਹਿਬ, ਸਿਰਫ ਦੋ ਮਿਨਟਾਂ ਵਿਚ ਪੂਰਾ ਕਰ ਦਿੰਦਾ ਹਾਂ ।

ਡਿਪਟੀ ਸਪੀਕਰ ਸਾਹਿਬ, ਜੰਗ ਦੀਆਂ ਗੱਲਾਂ ਬਹੁਤ ਹੋਈਆਂ ਕਿ ਪੰਜਾਬ ਦੇ ਟਰੱਕਾਂ ਵਾਲਿਆਂ ਨਾਲ ਬੜਾ ਧੱਕਾ ਹੋਇਆ । ਪੰਜਾਬ ਦੇ ਟਰੱਕ ਜਿਹੜੇ ਸਭ ਤੋਂ ਅੱਗੇ ਹੋ ਕੇ

[ਸਰਦਾਰ ਗੁਰਦੇਵ ਸਿੰਘ ਬਾਦਲ]

ਤਬਾਹ ਹੋਏ, ਜਿਨ੍ਹਾਂ ਨੇ ਸੇਵਾ ਕੀਤੀ ਉਸ ਨੂੰ 75 ਰੁਪਏ ਰੋਜ਼ ਦੇ ਦਿੱਤੇ ਗਏ। ਹਰਿਆਣੇ ਦੇ ਟਰੱਕ ਨੂੰ 85 ਰੁਪਏ ਰੋਜ਼ ਦੇ ਦਿੱਤੇ ਗਏ। ਯੂ. ਪੀ. ਵਾਲ ਨੂੰ 115 ਰੁਪਏ ਰੋਜ਼ ਦੇ ਦਿੱਤੇ ਗਏ। (ਵਿਘਨ)

ਸਰਦਾਰ ਦਿਲਬਾਗ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਇਹ ਗ਼ਲਤ ਬਿਆਨੀ ਕਰ ਰਹੇ ਹਨ। 75 ਰੁਪਏ ਨਹੀਂ 100 ਰੁਪਏ ਉਨ੍ਹਾਂ ਨੂੰ ਮਿਲੇ ਸਨ।

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀ ਹੈ। (This is no point of order.)

ਸਰਦਾਰ ਗੁਰਦੇਵ ਸਿੰਘ ਬਾਦਲ : ਟਰੱਕ ਵਾਲਿਆਂ ਨੂੰ ਜਿਨ੍ਹਾਂ ਨੂੰ ਇਹ ਪੈਸੇ ਮਿਲੇ ਹਨ ਉਨ੍ਹਾਂ ਨੇ ਮੈਨੂੰ ਦੱਸਿਆ ਹੈ। (ਵਿਘਨ) (ਘੰਟੀ) ਇਸ ਤੋਂ ਬਾਅਦ ਮੈਂ ਅਰਜ਼ ਕਰਦਾ ਹਾਂ, ਡਿਪਟੀ ਸਪੀਕਰ ਸਾਹਿਬ, ਜਿਹੜੇ ਪੰਜਾਬ ਦੇ ਉਜੜੇ ਹੋਏ ਲੋਕ ਸੀ ਉਨ੍ਹਾਂ ਨੂੰ 33 ਰੁਪਏ ਮਹੀਨਾ ਦਿੱਤੇ ਗਏ। ਜਿਹੜੇ ਬੰਗਾਲ ਵਿਚੋਂ ਉਜੜ ਕੇ ਆਏ ਸਨ, ਉਨ੍ਹਾਂ ਨੂੰ ਮਿਲੇ 90 ਰੁਪਏ ਮਹੀਨਾ। ਜਿਹੜੇ, ਡਿਪਟੀ ਸਪੀਕਰ ਸਾਹਿਬ, ਫਾਜ਼ਿਲਕਾ ਤੋਂ 430 ਪਰਿਵਾਰ ਚੁਕ ਕੇ ਪਾਕਿਸਤਾਨ ਲੈ ਗਏ, ਉਨ੍ਹਾਂ ਦੇ ਕਬਜ਼ੇ ਵਿਚ ਆ ਗਏ, ਮੈਨੂੰ ਅਫਸੋਸ ਹੈ ਕਿ ਇਹ ਕਾਂਗਰਸ ਵਾਲੇ ਜਦ ਬਾਰਡਰ ਦੇ ਮੁਤੱਲਕ ਹੋਰ ਗੱਲਾਂ ਕਰਦੇ ਹਨ ਤਾਂ ਇਨ੍ਹਾਂ 430 ਪਰਿਵਾਰਾਂ ਨੂੰ ਉਧਰੋਂ ਇਧਰ ਵਾਪਿਸ ਮੋੜਨ ਦਾ ਨਾਮ ਤੱਕ ਨਹੀਂ ਲੈਂਦੇ। (ਘੰਟੀ) ਇਸ ਲਈ ਮੈਂ ਬੇਨਤੀ ਕਰਾਂਗਾ ਕਿ ਜਿਹੜੇ ਇਹ ਪਰਿਵਾਰ ਪਾਕਿਸਤਾਨ ਵਿਚ ਚਲੇ ਗਏ ਹਨ ਉਨ੍ਹਾਂ ਨੂੰ ਵਾਪਿਸ ਮੋੜਨ ਵਾਸਤੇ ਸਰਕਾਰ ਨੂੰ ਧਿਆਨ ਦੇ ਕੇ ਉਨ੍ਹਾਂ ਦੇ ਬਾਕੀ ਜੀਆਂ ਪ੍ਰਤੀ ਹਮਦਰਦੀ ਕਰਨੀ ਚਾਹੀਦੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇਤਨਾ ਕੁਝ ਕਹਿੰਦਾ ਹੋਇਆ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਆਪਣੀ ਜਗ੍ਹਾ ਲੈਂਦਾ ਹਾਂ।

ਚੋਧਰੀ ਜਗਤ ਰਾਮ (ਬੰਗਾ, ਐਸ.ਸੀ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਆਪ ਨੇ ਮੈਨੂੰ ਸਰਦਾਰ ਪ੍ਰੇਮ ਸਿੰਘ ਪ੍ਰੇਮ ਨੇ ਜੋ ਮੋਸ਼ਨ ਮੂਵ ਕੀਤੀ ਹੈ ਉਸ ਤੇ ਬੋਲਣ ਦਾ ਟਾਈਮ ਦਿੱਤਾ ਹੈ। ਇਹ ਜਿਹੜਾ ਗਵਰਨਰ ਸਾਹਿਬ ਦਾ ਭਾਸ਼ਣ ਇਥੇ 18 ਸਫਿਆਂ ਦਾ ਪੇਸ਼ ਹੋਇਆ ਹੈ ਉਸ ਦੇ ਨਾਲ ਮੇਰਾ ਤਾਂ ਆਪਣਾ ਵਿਚਾਰ ਹੈ ਕਿ ਦੋਨਾਂ ਪਾਸਿਆਂ ਤੋਂ ਅਸੀਂ ਉਸ ਨਾਲ ਮੁਤਫਿਕ ਹੋਵਾਂਗੇ। ਉਨ੍ਹਾਂ ਆਖਿਰ ਵਿਚ ਦੱਸਿਆ ਹੈ ਕਿ ਗਰੀਬੀ ਹਟਾਉ। ਜੇ ਅਸੀਂ ਸਾਰੇ ਇਸ ਗੱਲ ਤੇ ਆ ਜਾਈਏ ਤਾਂ ਮੇਰਾ ਖਿਆਲ ਹੈ ਕਿ ਕੀ ਸਮਾਜਵਾਦ, ਸੋਸ਼ਲਿਜ਼ਮ ਜੋ ਕੁਝ ਵੀ ਹੈ ਇਕ ਦਿਨ ਵਿਚ ਆ ਜਾਂਦਾ ਹੈ। ਪਰ ਇਹ ਜਿਹੜਾ ਸੋਸ਼ਲਿਜ਼ਮ ਦਾ ਨਾਹਰਾ ਹੈ ਇਹ ਬਹੁਤ ਦੇਰ ਤੋਂ ਗੁਰੂ ਨਾਨਕ ਜੀ ਦੇ ਸਮੇਂ ਤੋਂ ਚਲਿਆ ਆਉਂਦਾ ਹੈ। ਮੇਰਾ ਭਾਵ ਹੈ ਕਿ ਇਹ ਨਾਹਰਾ ਬੜੇ ਪੁਰਾਣੇ ਸਮੇਂ ਤੋਂ ਚਲਿਆ ਆਉਂਦਾ ਹੈ। ਮੈਨੂੰ ਇੰਝ ਜਾਪਦਾ ਹੈ ਕਿ ਉਨ੍ਹਾਂ ਦੇ ਜਿਹੜੇ ਪੁਜਾਰੀ ਸਨ, ਜੋ ਗੁਰੂ ਨੇ ਉਨ੍ਹਾਂ ਨੂੰ ਸੋਸ਼ਲਿਜ਼ਮ ਬਾਰੇ ਦੱਸਿਆ, ਉਨ੍ਹਾਂ ਨੇ ਵੀ ਉਸ ਤੇ ਘੱਟ ਅਮਲ ਕੀਤਾ ਅਤੇ ਸਾਨੂੰ ਚੌਥੇ ਪੌੜੇ ਵਾਲੇ ਸਦਦੇ ਰਹੇ। ਜਿਹੜੇ ਕਹਿੰਦੇ ਹਨ ਕਿ ਹਰੀਜਨ ਦੀ ਹਾਲਤ ਠੀਕ ਨਹੀਂ, ਕਿਸਾਨ ਦੀ ਹਾਲਤ ਠੀਕ ਨਹੀਂ, ਗਰੀਬ ਦੀ ਮਾੜੀ ਹਾਲਤ ਹੈ, ਕਿਸਾਨ ਦੇ ਭਾਅ ਘੱਟ ਹਨ, ਮੈਂ ਇਕ ਗੱਲ ਕਹਿੰਦਾ ਹਾਂ ਕਿ ਇਹ ਜਿਹੜੇ ਲੁਟੇਰੇ ਹਨ ਇਨ੍ਹਾਂ ਦਾ ਜ਼ਿਆਦਾ ਜ਼ੋਰ ਹੈ। ਜੇ ਉਸ

ਤੋਂ ਬਚਾਉਗੇ ਤਾਂ ਇਹ ਰਾਜ ਭਾਗ ਹਰੀਜਨ ਅਤੇ ਕਿਸਾਨਾਂ ਦੇ ਕੋਲ ਹੀ ਰਹਿਣਾ ਹੈ ਤਾਂ ਹੀ ਅਸੀਂ ਬਾਹਰੋਂ ਜਿੱਤ ਕੇ ਆ ਸਕਦੇ ਹਾਂ। (ਵਿਘਨ) ਇਹ ਜਿਹੜਾ ਹਰੀਜਨ ਅਤੇ ਕਿਸਾਨ ਦਾ ਰੌਲਾ ਪਾਉਂਦੇ ਹਨ ਇਹ ਆਪਣੀ ਖਾਤਰ ਹੀ ਕਰਦੇ ਫਿਰਦੇ ਹਨ। (ਵਿਘਨ) (ਤਾੜੀਆਂ) ਮੈਂ ਗਿਆਨੀ ਜ਼ੈਲ ਸਿੰਘ ਨੂੰ ਵੀ ਮੁਬਾਰਕਬਾਦ ਦੇਵਾਂਗਾ। (ਵਿਘਨ) ਇਹ ਲੋਕ ਕਹਿੰਦੇ ਕੁਝ ਹਨ ਪਰ ਮੈਂ ਕਿਸੇ ਦੇ ਮੁਤੱਲਕ ਕੁਝ ਨਹੀਂ ਕਹਿੰਦਾ। (ਵਿਘਨ) ਜਿਸ ਤਰ੍ਹਾਂ ਗੁਰੂ ਮਹਾਰਾਜ ਨੇ ਗੁਰਬਾਣੀ ਵਿਚ ਫਰਮਾਇਆ ਹੈ ਕਿ:

"ਭੇਖ ਦਿਖਾਇਓ ਜਗਤ ਕੋ ਲੋਗਨ ਕੋ ਬੱਸ ਕੀਨ . . : ."

ਮੈਂ ਅਰਜ਼ ਕਰਦਾ ਹਾਂ ਕਿ ਗੁਰੂ ਜੀ ਨੇ ਠੀਕ ਹੀ ਫਰਮਾਇਆ ਹੈ। (ਵਿਘਨ) ਇਸ ਤਰ੍ਹਾਂ ਭੇਸ ਬਦਲਕੇ ਅਤੇ ਇਹੋ ਜਿਹੇ ਕੰਮ ਕਰਕੇ ਕੁਝ ਨਹੀਂ ਬਣ ਸਕਦਾ।

ਜੇ ਤੁਸੀਂ ਇਸ ਤੇ ਆ ਜਾਵੋ ਕਿ ਸੋਸ਼ਲਿਜ਼ਮ ਚਾਹੇ ਕਾਂਗਰਸ ਨੇ ਲਿਆਂਦਾ ਚਾਹੇ ਤੁਸੀਂ ਲੈ ਆਂਦਾ ਇਕੋ ਹੀ ਗੱਲ ਹੈ। ਕਾਂਗਰਸ 18—20 ਸਾਲ ਰਹੀ ਜਿਸ ਨੂੰ ਤੁਸੀਂ ਤਾਹਨੇ ਦਿੰਦੇ ਹੋ। (ਵਿਘਨ) ਕਾਂਗਰਸ ਨੇ 18—20 ਸਾਲ ਰਾਜ ਕੀਤਾ। ਜੇ ਸਾਡੇ ਬਾਰੇ ਲੋਕਾਂ ਨੂੰ ਕੁਝ ਭੁਲੇਖੇ ਲੱਗੇ ਤਾਂ ਲੋਕਾਂ ਨੇ ਸਾਨੂੰ ਕੱਢ ਦਿੱਤਾ ਅਤੇ ਤੁਹਾਨੂੰ ਲੈ ਆਂਦਾ। ਪਰ ਫਿਰ ਜਿਹੜੇ ਤੁਸੀਂ ਉਨ੍ਹਾਂ ਨਾਲ ਵਾਅਦੇ ਕੀਤੇ ਸਨ ਉਨ੍ਹਾਂ ਨੂੰ ਤੁਸੀਂ ਪੂਰਾ ਨਾ ਕੀਤਾ ਅਤੇ ਉਨ੍ਹਾਂ ਨੂੰ ਦੇਖ ਕੇ ਲੋਕਾ ਨੇ ਤੁਹਾਨੂੰ ਪਿਛਾਂ ਨੂੰ ਖਿੱਚ ਲਿਆ। ਉਨ੍ਹਾਂ ਨੇ ਤੁਹਾਨੂੰ (ਅਕਾਲੀ ਪਾਰਟੀ ਵੱਲ ਇਸ਼ਾਰਾ ਕਰਦੇ ਹੋਏ) 9 ਮਹੀਨੇ ਬਾਅਦ ਬਾਹਿਰ ਕੱਢ ਦਿੱਤਾ।(ਹਾਸਾ) (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਅਰਜ਼ ਕਰਦਾ ਹਾਂ ਕਿ ਜੋ ਗੁਰੂ ਦਾ ਸਿੱਖ ਹੈ ਉਸ ਦੀ ਮੈਂ ਇੱਜ਼ਤ ਕਰਦਾ ਹਾਂ ਅਤੇ ਮੇਰਾ ਸਿਰ ਉਸ ਅੱਗੇ ਝੁਕਦਾਹੈ। ਜੋ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ ਹੈ, ਜੋ ਗੁਰੂ ਨਾਨਕ ਦਾ ਸਿੱਖ ਹੈ, ਉਸ ਦੇ ਅੱਗੇ ਮੇਰਾ ਸਿਰ ਝੁਕਦਾ ਹੈ। ਗੁਰੂ ਨਾਨਕ ਜੀ ਨੇ ਸਰਮਾਇਦਾਰ ਦੇ ਪਦਾਰਥਾਂ ਵਿਚੋਂ ਖੂਨ ਨਿਚੋੜਿਆ ਅਤੇ ਜਿਹੜਾ ਗੁਰੂ ਘਰ ਦਾ ਸਿੱਖ ਹੈ ਪਰ ਗਰੀਬ ਹੈ ਉਸ ਦੀ ਰੋਟੀ ਵਿਚੋਂ ਦੁੱਧ ਕੱਢਿਆ। ਸੋ ਮੇਰਾ ਗੁਰੂ ਦੇ ਉਨ੍ਹਾਂ ਸਿੱਖਾਂ ਅੱਗੇ ਸਿਰ ਝੁਕਦਾ ਹੈ ਜਿਨ੍ਹਾਂ ਨੇ ਜ਼ੁਲਮ ਦੇ ਖਿਲਾਫ ਲੜਦੇ ਹੋਏ ਆਪਣੇ ਬੱਚੇ ਸ਼ਹੀਦ ਕਰਵਾਏ ਅਤੇ ਨੀਹਾਂ ਵਿਚ ਚੁਣਵਾਏ। ਉਨ੍ਹਾਂ ਨੇ ਇਹ ਕਿਸ ਵਾਸਤੇ ਕੀਤਾ ? ਕੀ ਉਨ੍ਹਾਂ ਨੇ ਇਹ ਸਭ ਕੁਝ ਸਿੱਖਾਂ ਵਾਸਤੇ ਕੀਤਾ ? ਕੀ ਇਹ ਮੋਨਿਆਂ ਵਾਸਤੇ ਕੀਤਾ ? ਨਹੀਂ ਇਹ ਸਭ ਕੁਝ ਉਨ੍ਹਾਂ ਨੇ ਸਾਡੇ ਸਾਰਿਆਂ ਵਾਸਤੇ ਕੀਤਾ। ਪਰ ਇਹ ਤਾਂ ਨਹੀਂ ਕਿ ਜਿਸ ਤਰ੍ਹਾਂ ਤੁਸੀਂ ਕੀਤਾ ਹੈ ਕਿ ਜਿਹੜੇ ਦਾੜ੍ਹੀ ਕੱਟੇ ਹਨ ਉਨ੍ਹਾਂ ਨੂੰ ਨੌਕਰੀ ਨਹੀਂ ਦੇਣੀ। (ਤਾੜੀਆਂ) (ਵਿਘਨ) ਸਿਖਇਜ਼ਮ ਦੇ ਕੋਲੋਂ ਸੋਸ਼ਲਿਜ਼ਮ ਪੈਦਾ ਹੋਇਆ ਗੁਰਬਾਣੀ ਦੇ ਮੁਤਾਬਿਕ....... (ਵਿਘਨ) ਕਾਂਗਰਸ ਨੇ ਜੋ ਕੁਝ ਕੀਤਾ ਵਿਧਾਨ ਉਸ ਦੇ ਮੁਤਾਬਿਕ ਬਣਿਆ........ (ਵਿਘਨ) (ਸ਼ੋਰ) ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ (ਅਕਾਲੀ ਪਾਰਟੀ ਵੱਲ ਇਸ਼ਾਰਾ ਕਰਦੇ ਹੋਏ) ਧਰਮਸ਼ਾਲਾ ਸਾਨੂੰ ਦਿੱਤੀਆਂ ਉਸ ਦੀ ਬਾਬਤ ਵੀ ਮੈਂ ਤੁਹਾਨੂੰ ਦੱਸਾਂਗਾ। (ਵਿਘਨ) ਕਾਂਗਰਸ ਨੇ ਫੈਸਲਾ ਕੀਤਾ ਕਿ ਜਿਹੜੀ ਸਰਕਾਰ ਦੇ ਕੋਲ ਜ਼ਮੀਨ ਬਚਦੀ ਹੈ ਉਹ ਹਰੀਜਨਾਂ ਵਿਚ ਵੰਡੀ ਜਾਵੇਗੀ ਅਤੇ ਕਾਫੀ ਵੰਡੀ ਵੀ ਗਈ ਲੇਕਿਨ ਅਸੀਂ ਕੁਝ ਢਿੱਲੇ ਰਹਿ ਗਏ। (ਵਿਘਨ) ਇਨ੍ਹਾਂ ਦੀ ਸਰਕਾਰ ਨੇ ਧਰਮਸ਼ਾਲਾ ਦਿੱਤੀਆਂ ਅਤੇ ਦੂਜੇ ਪਾਸੇ ਜਾਗੀਰਦਾਰਾਂ, ਜ਼ਿਮੀਂਦਾਰਾਂ ਅਤੇ ਵੱਡਿਆਂ ਵੱਡਿਆਂ ਨੂੰ ਹਲਾ ਸ਼ੇਰੀ ਦੇ ਦਿਤੀ ਕਿ ਤੁਸੀਂ ਕਬਜ਼ੇ ਕਰ ਲਓ। (ਵਿਘਨ) 1965 ਦੀਆਂ ਗਿਰਦਾਵਰੀਆਂ ਨੂੰ ਨਾਜਾਇਜ਼ ਮੰਨਿਆ ਗਿਆ ਅਤੇ ਲੋਕਾਂ ਨੂੰ ਕਿਹਾ ਕਿ ਤੁਸੀਂ ਇਹ ਸ਼ਬਦ ਪੜ੍ਹੋ :

"ਰੱਬ ਮਿਲਦਾ ਗਰੀਬੀ ਦਾਅਵੇ, ਦੁਨੀਆਂ ਮਾਣ ਕਰਦੀ...... ।"

[ਚੌਧਰੀ ਜਗਤ ਰਾਮ]

ਇਸ ਲਈ ਮੈਂ ਕਹਿੰਦਾ ਹਾਂ ਕਿ ਜੇ ਸੋਸ਼ਲਿਜ਼ਮ ਲਿਆਉਣਾ ਹੈ ਤਾਂ ਰਾਜ ਭਾਗ ਸਾਡੇ ਹਰੀਜਨ, ਗਰੀਬ ਲੋਕਾਂ ਦੇ ਹੱਥ ਵਿਚ ਦੇ ਦਿਓ । (ਵਿਘਨ) (ਤਾੜੀਆਂ) ਜਦੋਂ ਇਥੇ ਮੁਹੰਮਡਨ ਸਰਕਾਰ ਹੁੰਦੀ ਸੀ ਤਾਂ ਉਦੋਂ ਹਿੰਦੂ ਅਤੇ ਮੁਸਲਮਾਨ ਦਾ ਨਾਹਰਾ ਵੱਜਦਾ ਰਿਹਾ । ਉਸ ਦੇ ਬਾਅਦ ਹਿੰਦੂ ਸਿੱਖ ਦਾ ਨਾਹਰਾ ਵੱਜਾ ਅਤੇ ਹੁਣ ਸ਼ਹਿਰੀ ਅਤੇ ਪੇਂਡੂ ਦਾ ਨਾਹਰਾ ਅਤੇ ਹਰੀਜਨ ਅਤੇ ਜੱਟ ਦਾ ਕਿਸਾਨ ਦਾ ਨਾਹਰਾ ਵੱਜ ਰਿਹਾ ਹੈ । (ਵਿਘਨ) ਮੈਂ ਅਰਜ਼ ਕਰਦਾ ਹਾਂ ਕਿ ਜੇ ਅਸੀਂ ਸਾਰੇ ਸ਼ਰੀਫ ਇਕੱਠੇ ਹੋ ਜਾਈਏ ਤਾਂ ਲੁਟੇਰਿਆਂ ਦੀ ਇਕ ਦਿਨ ਵੀ ਨਾ ਚਲੇ ਪਰ ਇਨ੍ਹਾਂ ਨੇ ਸਾਨੂੰ ਇਕੱਠੇ ਨਹੀਂ ਹੋਣ ਦੇਣਾ । ਜੇ ਅਸੀਂ ਇਕੱਠੇ ਹੋ ਜਾਈਏ ਤਾਂ ਸਾਰੀ ਗੁੰਡਾਗਰਦੀ ਖਤਮ ਕਰ ਦੇਈਏ । ਪਰ ਤੁਸੀਂ ਇਕੱਠੇ ਨਹੀਂ ਹੋਣ ਦੇਣਾ (ਤਾੜੀਆਂ) (ਵਿਘਨ) ਤੁਸੀਂ ਸਾਨੂੰ ਵੰਡ ਰਹੇ ਹੋ । ਇਹ (ਅਕਾਲੀ ਪਾਰਟੀ ਵੱਲ ਇਸ਼ਾਰਾ ਕਰਦੇ ਹੋਏ) ਕਹਿੰਦੇ ਹਨ ਕਿ ਤੁਹਾਨੂੰ ਧਰਮਸ਼ਾਲਾਂ ਦਿੱਤੀਆਂ, ਟੈਕਸ ਮੁਆਫ ਕੀਤਾ—ਚੌਕੀਦਾਰਾ ਟੈਕਸ । ਇਹ ਟੈਕਸ 6 ਮਹੀਨਿਆਂ ਵਿਚ ਇੱਕ ਰੁਪਿਆ ਬਣਦਾ ਹੈ । (ਵਿਘਨ) ਇਹ ਕਹਿੰਦੇ ਹਨ ਕਿ ਹਰੀਜਨਾਂ ਨੂੰ ਧਰਮਸ਼ਾਲਾਂ ਦਿੱਤੀਆਂ ਅਤੇ ਚੁੱਲਾ ਟੈਕਸ ਮੁਆਫ ਕੀਤਾ । ਇਨ੍ਹਾਂ ਨੇ ਐਕਟ ਬਣਾਇਆ, ਡਿਪਟੀ ਸਪੀਕਰ ਸਾਹਿਬ, ਮੈਂ ਗਿਆਨੀ ਜ਼ੈਲ ਸਿੰਘ ਜੀ ਨੂੰ ਅਰਜ਼ ਕਰਦਾ ਹਾਂ ਕਿ ਅਕਾਲੀ ਸਰਕਾਰ ਨੇ ਇਕ ਹਰੀਜਨ ਕਾਰ-ਪੋਰੇਸ਼ਨ ਬਣਾਈ । (ਵਿਘਨ) ਇਨ੍ਹਾਂ ਜੋ ਐਕਟ ਬਣਾਇਆ ਇਸ ਦੇ ਵਿਚ ਕਈ ਅਧੂਰੀਆਂ ਗੱਲਾਂ ਹਨ । ਇਨ੍ਹਾਂ ਨੇ ਸੂਦ ਦੀ ਸ਼ਰ੍ਹਾ ਵਧਾ ਦਿੱਤੀ । (ਵਿਘਨ) ਇਨ੍ਹਾਂ ਨੇ 3 ਰੁਪਏ ਤੋਂ ਸੂਦ 7 ਰੁਪਏ ਕਰ ਦਿੱਤਾ । (ਵਿਘਨ) ਉਸ ਦਾ ਨਤੀਜਾ ਇਹ ਹੋਇਆ ਕਿ ਜੇ ਕਿਸੇ ਨੇ 20 ਹਜ਼ਾਰ ਕਰਜ਼ਾ ਲੈਣਾ ਹੋਵੇ ਤਾਂ ਉਸ ਦੇ ਵਾਸਤੇ ਜ਼ਿਮੀਦਾਰ 40 ਹਜ਼ਾਰ ਦੀ ਫਰਦ ਲਿਆ ਕੇ ਦੇਵੇ, ਫਿਰ ਰੁਪਿਆ ਦਿਆਂਗੇ । ਐਕਸ ਐਜੂਕੇਸ਼ਨ ਮਨਿਸਟਰ ਸਰਦਾਰ ਸੁਰਜੀਤ ਸਿੰਘ ਜੀ ਇਥੇ ਬੈਠੇ ਹਨ ਜੇ ਮੈਂ ਉਨ੍ਹਾਂ ਨੂੰ ਕਹਾਂ ਕਿ ਇਸ ਕੰਮ ਵਾਸਤੇ ਮੇਰੀ ਜ਼ਮਾਨਤ ਦੇ ਦਿਉ, ਤਾਂ ਕੀ ਉਹ ਜ਼ਮਾਨਤ ਦੇ ਦੇਣਗੇ ? ਉਹ ਕਹਿਣਗੇ ਕਿ ਮੈਂ ਕਿਉਂ ਖਤਰਾ ਆਪਣੇ ਗੱਲ ਮੁਲ ਲਵਾਂ ਔਰ ਜ਼ਮਾਨਤ ਦਿੰਦਾਂ ਫਿਰਾਂ । ਡਿਪਟੀ ਸਪੀਕਰ ਸਾਹਿਬ, ਇਸ ਦੇ ਵਿਚ ਇਨ੍ਹਾਂ ਨੇ ਤਰੁਟੀ ਰਖੀ, ਇਹ ਤਰੁਟੀ ਕਿਉਂ ਰਖੀ ? ਇਸ ਕਰਕੇ ਇਹ ਤਰੁਟੀ ਰਖੀ ਤਾਂ ਕਿ ਹਰੀਜਨ ਸਾਡੇ ਬੂਹੇ ਤੇ ਹਰ ਵੇਲੇ ਆ ਕੇ ਨੱਕ ਰਗੜਦਾ ਰਹੇ । ਇਸ ਦੇ ਵਿਚ ਇਕ ਹੋਰ ਖਾਮੀ ਰਖੀ ਗਈ ਹੈ ਉਹ ਇਹ ਹੈ ਕਿ 20 ਹਜ਼ਾਰ ਰੁਪਿਆ ਜੇ ਕਿਸੇ ਗਰੀਬ ਨੂੰ ਲੋਨ ਮਨਜ਼ੂਰ ਹੋ ਜਾਵੇ ਤਾਂ ਉਸ ਦੇ ਉਤੇ 2,000 ਰੁਪਿਆ ਰਜਿਸਟਰੇਸ਼ਨ ਫੀਸ ਲਗਦੀ ਹੈ ਜਿਹੜੀ ਕੋਆਪਰੇਟਿਵ ਸੁਸਾਇਟੀਆਂ ਨੂੰ ਬਿਲਕਲ ਫਰੀ ਹੈ । ਮੈਂ ਇਸ ਦੇ ਬਾਰੇ ਪਹਿਲੀ ਸਰਕਾਰ ਨੂੰ ਬੜਾ ਕਿਹਾ, ਲੈਟਰ ਵੀ ਲਿਖਿਆ ਪਰ ਮੇਰੀ ਕਿਸੇ ਨੇ ਇਕ ਨਹੀਂ ਸੁਣੀ । ਹੁਣ ਮੈਂ ਆਪਣੀ ਸਰਕਾਰ ਨੂੰ, ਡਿਪਟੀ ਸਪੀਕਰ ਸਾਹਿਬ ਤੁਹਾਡੇ ਰਾਹੀਂ ਅਰਜ਼ ਕਰਾਂਗਾ ਕਿ ਅਗਰ ਸੋਸ਼ਲਿਜ਼ਮ ਲਿਆਉਣਾ ਹੈ ਤਾਂ ਮਨ ਨੂੰ ਤਗੜਾ ਕਰਕੇ ਲਿਆਓ । ਜੇ ਤਗੜੇ ਹੋ ਕੇ ਸੋਸ਼ਲਿਜ਼ਮ ਲਿਆਉਣ ਦੀ ਕੋਸ਼ਿਸ਼ ਕਰੋਗੇ ਤਾਂ ਹੀ ਇਥੇ ਰਹਿ ਸਕੋਗੇ । ਨਹੀਂ ਤਾਂ ਇਹੀ ਹਾਲ ਹੋਵੇਗਾ ਜੋ ਇਨ੍ਹਾਂ ਸਾਹਮਣੇ ਬੈਠੇ ਸਜਣਾਂ ਨਾਲ ਹੋਇਆ ਹੈ । ਲੋਕਾਂ ਨੇ ਕਿਸੇ ਨੂੰ ਵੀ ਸਪੇਅਰ ਨਹੀਂ ਕਰਨਾ ।

(ਇਸ ਵਕਤ ਸਰਦਾਰ ਸੁਰਜੀਤ ਸਿੰਘ ਆਪਣੀ ਸੀਟ ਤੋਂ ਉਠ ਕੇ ਜਾ ਰਹੇ ਸਨ) ਸਰਦਾਰ ਸੁਰਜੀਤ ਸਿੰਘ, ਬਹਿ ਜਾਓ ਹਾਲੀ ਦੋ ਚਾਰ ਮਿੰਟ, ਹਾਲੀ ਤੁਹਾਡੀਆਂ ਇਕ ਦੋ ਗਲਾਂ ਮੈਂ ਕਰਨੀਆਂ ਹਨ । (ਵਿਘਨ)

(ਇਸ ਵਕਤ ਸਰਦਾਰ ਸੁਰਜੀਤ ਸਿੰਘ ਵਾਪਸ ਆਪਣੀ ਸੀਟ ਤੇ ਆ ਕੇ ਬੈਠ ਗਏ)

ਡਿਪਟੀ ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਕਾਂਗਰਸ ਨੇ ਕੁਝ ਨਹੀਂ ਕੀਤਾ। ਚਲੋ ਅਸੀਂ ਕਹਿੰਦੇ ਹਾਂ ਕਿ ਕਾਂਗਰਸ ਨੇ ਕੁਝ ਨਹੀਂ ਕੀਤਾ ਔਰ ਇਨ੍ਹਾਂ ਨੂੰ ਅਸੀਂ ਇਥੇ ਲੈ ਆਉਂਦੇ ਹੈ। ਇਨ੍ਹਾਂ ਨੇ ਜੋ ਕੀਤਾ ਹੈ ਉਸ ਦਾ ਸਿੱਟਾ ਤੁਹਾਡੇ ਸਾਹਮਣੇ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਸੂਬੇ ਦੀ ਆਪੋਜ਼ੀਸ਼ਨ ਜੇ ਤਗੜੀ ਹੋਵੇ ਤਾਂ ਸੂਬਾ ਬਹੁਤ ਤਰੱਕੀ ਕਰ ਸਕਦਾ ਹੈ। ਜੇ ਸੂਬੇ ਦੀ ਆਪੋਜ਼ੀਸ਼ਨ ਤਗੜੀ ਹੋਵੇ ਔਰ ਉਹ ਵੀ ਕਾਬਲੀਅਤ ਨਾਲ, ਢੋਲਕੀਆਂ ਛੈਣੇ ਖੜਕਾਉਣ ਨਾਲ ਨਹੀਂ, ਤਾਂ ਸੂਬਾ ਕਾਫੀ ਉਨਤੀ ਕਰ ਸਕਦਾ ਹੈ। ਜੇ ਇਹ ਇਸ ਤਰ੍ਹਾਂ ਹੀ ਕਰਦੇ ਰਹੇ ਤਾਂ ਮੈਨੂੰ ਲਗਦਾ ਹੈ ਕਿ ਜਿਤਨੇ ਹੁਣ ਇਹ ਸਾਹਮਣੇ ਬੈਠੇ ਨਜ਼ਰ ਆ ਰਹੇ ਹਨ ਅਗਲੀ ਵਾਰੀ ਇਹ ਵੀ ਨਹੀਂ ਦਿਸਣਗੇ।

(ਵਿਘਨ)

ਡਿਪਟੀ ਸਪੀਕਰ ਸਾਹਿਬ, ਮੈਂ ਹੁਣ ਆਪਣੇ ਹਲਕੇ ਦੀਆਂ ਇਕ ਦੋ ਗੱਲਾਂ ਆਪ ਜੀ ਦੇ ਰਾਹੀਂ ਦਸਣਾ ਚਾਹੁੰਦਾ ਹਾਂ। ਮੈਂ ਆਪਣੀ ਸਰਕਾਰ ਨੂੰ ਕਹਾਂਗਾ ਕਿ ਅਸੀਂ ਉਸ ਤਰ੍ਹਾਂ ਨਹੀਂ ਕਰਨਾ ਜਿਸ ਤਰ੍ਹਾਂ ਕਿ ਇਹ ਸਾਡੇ ਨਾਲ ਕਰਦੇ ਰਹੇ ਹਨ। ਜਨਾਬ, ਮੇਰੇ ਹਲਕੇ ਵਿਚ ਇਕ ਮਾਸਟਰ—ਜਿਹੜਾ ਕਿ ਬੜਾ ਮਸ਼ਹੂਰ, ਕਾਬਲ ਔਰ ਕੁਰਬਾਨੀ ਦਾ ਪੁਤਲਾ ਹੈ। ਉਸ ਨੇ ਜੇਲ੍ਹਾਂ ਵੀ ਕੱਟੀਆਂ ਔਰ ਕਾਫੀ ਕੁਰਬਾਨੀਆਂ ਵੀ ਦਿਤੀਆਂ। ਉਸ ਦਾ ਨਾਮ ਕਾਬਲ ਸਿੰਘ ਹੈ ਔਰ ਗੋਬਿੰਦਪੁਰ ਪਿੰਡ ਦਾ ਰਹਿਣ ਵਾਲਾ ਹੈ। ਪਹਿਲਾਂ ਕਾਂਗਰਸ ਵਿਚ ਸੀ, ਉਸ ਨੇ ਕਾਂਗਰਸ ਦੀ ਕਾਫੀ ਸੇਵਾ ਕੀਤੀ ਪਰ ਫਿਰ ਕੁਝ ਤਫੱਰਕਾਤ ਹੋਣ ਕਾਰਨ ਉਹ ਕਾਂਗਰਸ ਤੋਂ ਨਿਕਲ ਕੇ ਇਨ੍ਹਾਂ ਨਾਲ ਜਾ ਰਲਿਆ ਹੈ। ਮੇਰੇ ਖਿਲਾਫ ਉਨ੍ਹਾਂ ਨੇ ਇਨ੍ਹਾਂ ਦੀ ਮਦਦ ਵੀ ਕਾਫੀ ਕੀਤੀ। ਇਨ੍ਹਾਂ ਦੀ ਉਸ ਨੇ ਕਾਫੀ ਸੇਵਾ ਵੀ ਕੀਤੀ। ਉਹ ਇਕ ਵਾਰੀ ਇਨ੍ਹਾਂ ਦੇ ਪਾਸ (ਸਾਬਕਾ ਵਿਦਿਆ ਮੰਤਰੀ ਸਰਦਾਰ ਸੁਰਜੀਤ ਸਿੰਘ ਜੀ ਵਲ ਇਸ਼ਾਰਾ ਕਰਦੇ ਹੋਏ) ਚਲਿਆ ਗਿਆ ਔਰ ਸਰਦਾਰ ਸੁਰਜੀਤ ਸਿੰਘ ਜੀ ਨੂੰ ਕਿਹਾ ਕਿ ਮੇਰੇ ਪਿੰਡ ਗੋਬਿੰਦਗੜ੍ਹ ਦਾ ਜਿਹੜਾ ਸਕੂਲ ਹੈ ਉਸ ਨੂੰ ਅੱਪ ਗਰੇਡ ਕਰ ਦਿਉ। ਸਰਦਾਰ ਸੁਰਜੀਤ ਸਿੰਘ ਜੀ ਨੇ ਉਸ ਨੂੰ ਪੁਛਿਆ ਕਿ ਤੁਹਾਡੇ ਹਲਕੇ ਦਾ ਐਮ. ਐਲ. ਏ. ਕੌਣ ਹੈ ਤਾਂ ਉਸ ਨੇ ਇਨ੍ਹਾਂ ਨੂੰ ਦੱਸਿਆ ਕਿ ਚੌਧਰੀ ਜਗਤ ਰਾਮ ਹੈ। ਇਨ੍ਹਾਂ ਨੇ ਫਿਰ, ਡਿਪਟੀ ਸਪੀਕਰ ਸਾਹਿਬ, ਜਵਾਬ ਕੀ ਦਿਤਾ? ਇਨ੍ਹਾਂ ਨੇ ਕਿਹਾ ਕਿ ਅਸੀਂ ਉਹ ਸਕੂਲ ਉਠਾਉਣ ਨੂੰ ਫਿਰਦੇ ਹਾਂ ਔਰ ਤੁਸੀਂ ਕਹਿ ਰਹੇ ਹੋ ਕਿ ਇਸ ਸਕੂਲ ਨੂੰ ਅੱਪਗਰੇਡ ਕੀਤਾ ਜਾਵੇ।.. (ਵਿਘਨ) ਉਹ ਤਾਂ ਕੱਚਾ ਪੱਕਾ ਆਦਮੀ ਹੈ। (ਵਿਘਨ)

PERSONAL EXPLANATION (By Surjit Singh Barnala)

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਆਨ ਏ ਪੁਆਇੰਟ ਆਫ ਪ੍ਰਸਨਲ ਐਕਸ-ਪਲਾਨੇਸ਼ਨ, ਸਰ। ਡਿਪਟੀ ਸਪੀਕਰ ਸਾਹਿਬ, ਇਹ ਜਿਹੜੀ ਗਲ ਕਹਿਣ ਲਗੇ ਹਨ ਇਹ ਕੁਝ ਸੋਚ ਸਮਝ ਕੇ ਕਹਿਣ। ਜਿਸ ਵਿਅਕਤੀ ਦਾ ਇਹ ਜ਼ਿਕਰ ਕਰਦੇ ਹਨ ਉਹ ਇਕ ਮਹਾਨ ਆਦਮੀ ਹਨ। ਉਨ੍ਹਾਂ ਦਾ ਇਸ ਤਰ੍ਹਾਂ ਨਾਮ ਗਲਤ ਨਹੀਂ ਇਸਤੇਮਾਲ ਕਰਨਾ ਚਾਹੀਦਾ ਹੈ। ਉਹ ਨਾਂ ਕਦੇ ਮੇਰੇ ਪਾਸ ਇਸ ਕੰਮ ਵਾਸਤੇ ਆਏ ਹਨ, ਨਾ ਉਨ੍ਹਾਂ ਨਾਲ

[ਸਰਦਾਰ ਸੁਰਜੀਤ ਸਿੰਘ]

ਮੇਰੀ ਕੋਈ ਗਲ ਬਾਤ ਹੋਈ, ਨਾ ਮੈਂ ਕਦੇ ਉਨ੍ਹਾਂ ਤੋਂ ਇਹ ਪੁਛਿਆ ਹੈ ਕਿ ਐਮ. ਐਲ. ਏ. ਤੁਹਾਡਾ ਕੌਣ ਹੈ ? ਨਾ ਮੈਂ ਕਦੇ ਇਨ੍ਹਾਂ ਦੀ ਕੋਈ ਤਾਰੀਫ ਕੀਤੀ ਹੈ ਕਿ ਇਹ ਕੱਚੇ ਹਨ ਜਾਂ ਪੱਕੇ ਹਨ । ਜਿਸ ਤਰ੍ਹਾਂ ਦੇ ਹਨ, ਇਨ੍ਹਾਂ ਨੂੰ ਸਾਰਾ ਹਾਊਸ ਜਾਣਦਾ ਹੈ । (ਵਿਘਨ)

GOVERNOR'S ADDRESS

(RESUMPTION OF DISCUSSION)

ਚੌਧਰੀ ਜਗਤ ਰਾਮ : ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਡਰੇਨਾਂ ਦੇ ਬਾਰੇ ਵਿਚ ਜ਼ਿਕਰ ਕਰਨਾ ਚਾਹੁੰਦਾ ਹਾਂ । ਮੇਰੇ ਹਲਕੇ ਵਿਚ ਡਰੇਨਾਂ ਜਿਹੜੀਆਂ ਪੁੱਟੀਆਂ ਗਈਆਂ ਪਰ ਉਥੇ ਪੁਲ ਬਿਲਕੁਲ ਨਹੀਂ । ਮੇਰੇ ਹਲਕੇ ਵਿਚ ਜਿਹੜੇ ਪਿੰਡ ਹਨ ਉਹ ਕਾਫੀ ਤੋਂ ਜ਼ਿਆਦਾ ਬੇਈ ਵਾਲੇ ਹਨ ਜਿਨ੍ਹਾਂ ਨੂੰ ਕਿ ਬੈਕਵਰਡ ਕਰਾਰ ਦਿਤਾ ਗਿਆ ਹੈ ਪਰ ਉਨ੍ਹਾਂ ਨੂੰ ਕੋਈ ਰਿਆਇਤ ਨਹੀਂ ਦਿਤੀ ਗਈ । ਇਕ ਥਾਂ ਤੇ ਇਕ ਹਜ਼ਾਰ ਏਕੜ ਜ਼ਮੀਨ ਹੈ । 500 ਏਕੜ ਇਕ ਪਾਸੇ ਹੈ ਔਰ 4/500 ਏਕੜ ਦੂਸਰੇ ਪਾਸੇ ਹੈ । ਪੁਲ ਬਣਵਾਉਣ ਵਾਸਤੇ ਉਥੇ ਬੜੀ ਕੋਸ਼ਿਸ਼ ਕੀਤੀ ਗਈ ਪਰ ਇਸ ਪਾਸੇ ਵਲ ਕੋਈ ਤਵੱਜੋ ਨਹੀਂ ਦਿਤੀ ਗਈ । ਹੁਣ ਮੈਂ ਆਪਣੀ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਉਹ ਇਨ੍ਹਾਂ ਵਲ ਧਿਆਨ ਦੇਵੇ ।

ਸੜਕਾਂ ਬਾਰੇ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜੀਆਂ ਸੜਕਾਂ ਉਥੇ ਸਨ ਉਨ੍ਹਾਂ ਤੇ ਲੁਕ ਤਾਂ ਇਨ੍ਹਾਂ ਨੇ (ਆਪੋਜ਼ੀਸ਼ਨ ਵਲ ਇਸ਼ਾਰਾ) ਕੀ ਪੁਆਣੀ ਸੀ ਉਥੇ ਹੱਥ ਹੱਥ ਡੂੰਘੇ ਟੋਏ ਪੁਟਵਾ ਦਿਤੇ । ਜੇ ਹੁਣ ਕੁਝ ਅਸੀਂ ਕਹੀਏ ਤਾਂ ਇਹ ਕਹਿਣਗੇ ਕਿ ਗਲਤ ਕਹਿ ਰਹੇ ਹਨ । ਸੋ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਪਣੀ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਪਾਸੇ ਵਲ ਵੀ ਧਿਆਨ ਦੇਵੇ ।

ਫਿਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਸੋਸ਼ਲਿਜ਼ਮ ਸਹੀ ਮਹਿਨਿਆਂ ਵਿਚ ਲਿਆਉਣਾ ਹੈ ਤਾਂ ਪਛੜਿਆਂ ਇਲਾਕਿਆਂ ਵਿਚ ਵੀ ਹਾਈ ਐਜੂਕੇਸ਼ਨ ਸ਼ੁਰੂ ਕਰਨੀ ਚਾਹੀਦੀ ਹੈ । ਜੇ ਹਾਈ ਐਜੂਕੇਸ਼ਨ ਸ਼ਹਿਰਾਂ ਤੋਂ ਸ਼ੁਰੂ ਕਰ ਦੇਈਏ, ਚੰਡੀਗੜ੍ਹ ਤੋਂ ਸ਼ੁਰੂ ਕਰ ਦੇਈਏ ਤਾਂ ਇਸ ਨਾਲ ਗਲ ਨਹੀਂ ਬਣਨੀ । ਜ਼ਰੂਰਤ ਇਸ ਗਲ ਦੀ ਹੈ ਕਿ ਪਿੰਡਾਂ ਵਲ ਵਿਦਿਆ ਦਾ ਧਿਆਨ ਦਿਤਾ ਜਾਵੇ । ਮੈਂ ਤਾਂ ਇਹ ਕਹਿੰਦਾ ਹਾਂ ਕਿ ਜੇ ਪਿੰਡ ਦਾ ਦਸਵੀਂ ਪਾਸ ਮੁੰਡਾ ਕਿਸੀ ਸ਼ਹਿਰ ਦੇ ਅਨਪੜ੍ਹ ਮੁੰਡੇ ਨਾਲ ਮੁਕਾਬਲਾ ਕਰਕੇ ਦੇਖੇ ਤਾਂ ਉਹ ਸ਼ਹਿਰੀ ਮੁੰਡੇ ਦਾ ਮੁਕਾਬਲਾ ਨਹੀਂ ਕਰ ਸਕਦਾ । ਸ਼ਹਿਰੀ ਅਨਪੜ੍ਹ ਉਸ ਦੇ ਨਾਲੋਂ ਚੰਗਾ ਹੋਵੇਗਾ । ਸੋ ਮੇਰੀ ਅਰਜ਼ ਹੈ ਕਿ ਪਿੰਡਾਂ ਵਿਚ ਐਜੂਕੇਸ਼ਨ ਵਲ ਧਿਆਨ ਦੇਣਾ ਚਾਹੀਦਾ ਹੈ ।

ਫਿਰ, ਡਿਪਟੀ ਸਪੀਕਰ ਸਾਹਿਬ, ਦੂਸਰੀ ਗੱਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਅਸੀਂ ਸਾਰੇ ਬਰਾਬਰਤਾ ਦੇ ਹੱਕ ਵਿਚ ਹਾਂ । (ਵਿਘਨ) ਡਿਪਟੀ ਸਪੀਕਰ ਸਾਹਿਬ, ਇਕ ਗੁਲਾਬ ਜੰਗਲ ਵਿਚ ਲਗਾ ਹੋਇਆ ਹੈ ਔਰ ਇਕ ਗੁਲਾਬ ਕਿਸੀ ਕੋਠੀ ਵਿਚ ਲਗਾ ਦਿੱਤਾ। ਉਸ ਕੋਠੀ ਵਿਚ ਜੋ ਗੁਲਾਬ ਲਗਿਆ ਹੈ ਉਸ ਨੂੰ ਪਾਣੀ ਵੀ ਦਿੱਤਾ ਜਾਂਦਾ ਹੈ, ਮਾਲੀ ਵੀ ਉਸ ਦੇ ਵਾਸਤੇ ਰਖਿਆ ਹੋਇਆ ਹੈ, ਸੇਵਾ ਵੀ ਉਸ ਦੀ ਖੂਬ ਕੀਤੀ ਜਾਂਦੀ ਹੈ, ਕਦੇ ਕਦੇ ਮੇਮ ਸਾਹਿਬਾ ਵੀ ਗਾਉਂਦੇ ਗਾਉਂਦੇ ਉਸ ਦੇ ਕੋਲੋਂ ਦੀ ਲੰਘਦੇ ਹਨ । ਗੁਲਾਬ ਉਹ ਵੀ

ਹੈ ਔਰ ਗੁਲਾਬ ਜੰਗਲ ਵਾਲਾ ਵੀ ਹੈ। ਕੋਠੀ ਵਾਲੇ ਗੁਲਾਬ ਵਾਸਤੇ ਇਤਨਾ ਕੁਝ ਹੋ ਰਿਹਾ ਹੈ ਪਰ ਜੰਗਲ ਵਾਲੇ ਗੁਲਾਬ ਨੂੰ ਕੋਈ ਦੇਖਦਾ ਤਕ ਨਹੀਂ। ਗੁਲਾਬ ਉਹ ਵੀ ਹੈ ਪਰ ਉਸ ਦੀ ਮਹਿਕ ਨਹੀਂ। (ਵਿਘਨ) ਸੋ ਮੈਂ ਆਪਣੀ ਸਰਕਾਰ ਨੂੰ, ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਨੂੰ ਬੇਨਤੀ ਕਰਾਂਗਾ, ਉਹ ਇਕ ਸੱਚੇ ਵਰਕਰ ਹਨ। ਇਹ ਕੋਈ ਉਨ੍ਹਾਂ ਦੀ ਤਾਰੀਫ ਨਹੀਂ, ਇਹ ਬਿਲਕੁਲ ਅਸਲੀਅਤ ਹੈ ਕਿ ਗਿਆਨੀ ਜ਼ੈਲ ਸਿੰਘ ਜੀ ਇਕ ਸਹੀ ਮਹਿਨਿਆਂ ਵਿਚ ਸੱਚੇ ਵਰਕਰ ਹਨ। ਉਹ ਜੋ ਸੋਸ਼ਲਿਜ਼ਮ ਲਿਆਉਣਾ ਚਾਹੁੰਦੇ ਹਨ ਤਾਂ ਉਹ ਤਗੜੇ ਹੋ ਜਾਣ, ਤਗੜੇ ਹੋ ਕੇ ਕੰਮ ਕਰਨ ਔਰ ਲੋਕ ਵੀ ਉਨ੍ਹਾਂ ਦੀ ਤਗੜੇ ਹੋ ਕੇ ਮਦਦ ਕਰਨਗੇ, ਉਨ੍ਹਾਂ ਦਾ ਸਾਥ ਦੇਣਗੇ। ਉਹ ਤਗੜੇ ਹੋ ਕੇ ਇਸ ਸਰਕਾਰ ਨੂੰ ਚਲਾਉਣ ਔਰ ਤਰੱਕੀ ਦੇ ਕੰਮ ਕਰਦੇ ਰਹਿਣ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਹੋਰ ਬੇਨਤੀ ਕਰਕੇ ਬੈਠ ਜਾਂਦਾ ਹਾਂ। ਇਹ ਜੋ ਅਕਾਲੀ ਸਰਕਾਰ ਨੇ ਹਰੀਜਨ ਮੁੰਡਿਆਂ ਦੀ ਕਲਾਸ 1 ਔਰ ਕਲਾਸ 2 ਵਿਚ ਰਿਜ਼ਰਵੇਸ਼ਨ ਬੰਦ ਕਰ ਦਿੱਤੀ, ਇਹ ਕਿਉਂ ਕਰ ਦਿੱਤੀ ? ਇਹ ਇਸ ਕਰਕੇ ਕਰ ਦਿੱਤੀ ਸੀ ਕਿ ਕਿਧਰੇ ਇਹ ਅੱਗੇ ਨਾ ਵੱਧ ਜਾਣ। ਇਨ੍ਹਾਂ ਨੇ (ਅਕਾਲੀ ਪਾਰਟੀ ਵੱਲ ਇਸ਼ਾਰਾ) ਸਾਨੂੰ ਹਰੀਜਨਾਂ ਨੂੰ ਪ੍ਰਮੋਸ਼ਨਾਂ ਉਪਰ ਦੀਆਂ ਕਲਾਸਾਂ ਵਿਚ ਦੇਣੀਆਂ ਬੰਦ ਕਰ ਦਿੱਤੀਆਂ। ਇਨ੍ਹਾਂ ਨੇ ਜੋ ਪ੍ਰਮੋਸ਼ਨਾਂ ਔਰ ਰਿਜ਼ਰਵੇਸ਼ਨਾਂ ਕੀਤੀਆਂ ਤਾਂ ਉਹ ਫੋਰਥ ਕਲਾਸ ਵਿਚ ਕੀਤੀਆਂ ਕਿ ਚੌਕੀਦਾਰ ਔਰ ਪੀਅਨ ਭਰਤੀ ਕਰੀ ਜਾਓ। ਪੀਅਨ ਜਿਤਨੇ ਮਰਜ਼ੀ ਬਣਵਾ ਲਓ, ਚੌਕੀਦਾਰ ਜਿਤਨੇ ਮਰਜ਼ੀ ਬਣਵਾ ਲਓ। ਇਹ ਇਨ੍ਹਾਂ ਨੇ ਸਾਡੇ ਹਰੀਜਨਾਂ ਦਾ ਹਾਲ ਕਰ ਦਿੱਤਾ ਸੀ। ਹੁਣ ਮੈਂ ਆਪਣੀ ਸਰਕਾਰ ਨੂੰ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਅਪੀਲ ਕਰਾਂਗਾ ਕਿ ਉਹ ਇਸ ਪਾਸੇ ਵੱਲ ਧਿਆਨ ਦੇਵੇ ਔਰ ਹਰੀਜਨ ਮੁੰਡਿਆਂ ਨੂੰ ਤਰੱਕੀਆਂ ਦੇਵੇ। ਇਤਨਾ ਕਹਿਕੇ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। (ਵਿਘਨ) ਮਾੜੀ ਗੱਲ ਨੂੰ ਮਾੜੀ ਕਹਿਣ ਵਿਚ ਕੋਈ ਬੁਰਾਈ ਨਹੀਂ। ਚਾਹੇ ਉਹ ਹਾਊਸ ਵਿਚ ਕਹੀ ਜਾਵੇ ਜਾਂ ਬਾਹਰ ਕਹੀ ਜਾਵੇ। ਜੇ ਚੰਗੀ ਗਲ ਹੋਵੇਗੀ ਤਾਂ ਉਸ ਦੀ ਤਾਰੀਫ਼ ਕਰਾਂਗੇ। (ਵਿਘਨ) ਡਾਕਟਰ ਜਗਜੀਤ ਸਿੰਘ ਨੇ ਜੋ ਇਨ੍ਹਾਂ ਦਾ ਜਨਰਲ ਸੈਕਟਰੀ ਸੀ ਉਸ ਨੇ ਦੇਸ਼ ਨਾਲ ਗੱਦਾਰੀ ਕੀਤੀ। ਉਹ ਇਨ੍ਹਾਂ ਦੇ ਟੋਲੇ ਵਿਚੋਂ ਸੀ। ਹੁਣ ਚੰਗਾ ਕੀਤਾ ਜਿਹੜਾ ਇਨ੍ਹਾਂ ਨੇ ਉਸ ਨੂੰ ਆਪਣੀ ਪਾਰਟੀ ਵਿਚੋਂ ਕੱਢ ਦਿੱਤਾ, ਸਮਝ ਵਾਲੀ ਗੱਲ ਕੀਤੀ ਹੈ। ਇਹ ਸਮਝ ਵੀ ਤਾਂ ਹੀ ਇਨ੍ਹਾਂ ਨੂੰ ਆਈ ਜਦੋਂ ਲੋਕਾਂ ਨੇ ਰੌਲਾ ਪਾਇਆ। ਲੋਕਾਂ ਦੇ ਰੌਲਾ ਪਾਉਣ ਤੇ ਇਨ੍ਹਾਂ ਨੂੰ ਕੋਈ ਅਕਲ ਆਈ ਤੇ ਉਸ ਨੂੰ ਬਾਹਰ ਕੱਢ ਦਿੱਤਾ। (ਵਿਘਨ) ਬੱਸ ਜੀ ਆਪ ਦਾ ਸ਼ੁਕਰੀਆ।

(ਇਸ ਵਕਤ ਡਾਕਟਰ ਅਮੀਰ ਸਿੰਘ ਕਲੱਕਟ ਔਰ ਕਾਮਰੇਡ ਸੱਤਪਾਲ ਡਾਂਗ ਬੋਲਣ ਲਈ ਖੜੇ ਹੋਏ)

ਸ੍ਰੀ ਡਿਪਟੀ ਸਪੀਕਰ : ਡਾਕਟਰ ਅਮੀਰ ਸਿੰਘ ਕਲੱਕਟ। (ਵਿਘਨ) ਜੇ ਤੁਸੀਂ 5-5 ਮਿੰਟ ਬੋਲ ਲਓ ਤਾਂ ਤੁਹਾਡੀ ਪਾਰਟੀ ਦੇ 2-3 ਬੰਦੇ ਬੋਲ ਲੈਣਗੇ। (ਵਿਘਨ) ਸੀ.ਪੀ. ਆਈ. ਦੇ ਮੈਂਬਰਜ਼ ਵਾਸਤੇ 13 ਮਿੰਟ ਹਨ, ਜੇ ਉਹ ਅੱਜ ਦੀ ਬਜਾਏ ਕੱਲ ਬੋਲ ਲੈਣ ਤਾਂ ਠੀਕ ਰਹੇਗਾ।

[Mr. Deputy Speaker]

(Doctor Amir Singh Kalkat..(Interruption) If you take five minutes each then two or three Members of your party can take part in the debate. Only thirteen minutes remain for the C. P. I. and it would be better if they utilize this time tomorrow.)

ਕ਼ਾਮਰੇਡ ਸੱਤਪਾਲ ਡਾਂਗ: ਡਿਪਟੀ ਸਪੀਕਰ ਸਾਹਿਬ, ਸਾਡੇ ਹਿਸਾਬ ਨਾਲ 18 ਮਿੰਟ ਰਹਿੰਦੇ ਹਨ । ਇਹ ਅਸੀਂ ਬਾਦ ਵਿਚ ਗੱਲ ਕਰ ਲਵਾਂਗੇ । ਅੱਜ ਸਾਡੇ ਇਕ ਸਪੀਕਰ ਨੂੰ ਬੋਲਣ ਦੀ ਇਜਾਜ਼ਤ ਦੇ ਦਿਓ ।

ਸ੍ਰੀ ਡਿਪਟੀ ਸਪੀਕਰ : ਠੀਕ ਹੈ ਜੀ । (All right)

ਡਾਕਟਰ ਅਮੀਰ ਸਿੰਘ ਕਲਕਟ (ਟਾਂਡਾ) : ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਭਾਸ਼ਣ ਦੀ ਜੋ ਮੋਸ਼ਨ ਆਫ਼ ਥੈਂਕਸ ਪੇਸ਼ ਕੀਤੀ ਗਈ ਹੈ ਮੈਂ ਉਸ ਦੀ ਪਰੋੜਤਾ ਕਰਨ ਲਈ ਖੜਾ ਹੋਇਆ ਹਾਂ । ਮੈਨੂੰ ਇਹ ਦੇਖ ਕੇ ਹੈਰਾਨੀ ਹੋਈ ਕਿ ਉਸ ਦਿਨ ਗਵਰਨਰ ਸਾਹਿਬ ਦੇ ਭਾਸ਼ਣ ਤੇ ਮੇਰੇ ਇਨ੍ਹਾਂ ਅਪੋਜ਼ੀਸ਼ਨ ਦੇ ਮੈਂਬਰਜ਼, ਨੇ ਵਾਕ-ਆਊਟ ਕੀਤਾ । ਉਹ ਗਵਰਨਰ ਜਿਨ੍ਹਾਂ ਨੇ ਦੋ ਸਾਲ ਉਨ੍ਹਾਂ ਦੇ ਮਿਸਰੂਲ, ਉਨ੍ਹਾਂ ਦੇ ਕੁਰਪਟ ਰਿਜੀਮ ਨੂੰ ਚਲਾਇਆ ਔਰ ਜੇ ਕੋਈ ਹੋਰ ਗਵਰਨਰ ਹੁੰਦਾ ਤਾਂ ਜਿਹੜੇ ਉਨ੍ਹਾਂ ਦੇ ਕਾਰ ਨਾਮੇ ਸੀ ਜਾਂ ਜਿਹੜੇ ਉਨ੍ਹਾਂ ਦੇ ਮਨਿਸਟਰ ਨੇ ਹਰ ਕਾਨੂੰਨ ਦੀ ਉਲੰਘਣਾ ਕੀਤੀ ਉਨ੍ਹਾਂ ਨੂੰ ਕਿਤੇ ਸੀਖਾਂ ਅੰਦਰ ਕੀਤਾ ਹੁੰਦਾ । ਮੈਂ ਸਮਝਦਾ ਹਾਂ ਕਿ ਸ਼ਾਇਦ ਉਸ ਚੀਜ਼ ਦਾ ਜਿਸ ਤਰ੍ਹਾਂ ਉਨ੍ਹਾਂ ਦਾ ਆਪਣਾ ਸਾਈਕਲਾਜੀਕਲ ਮੇਕ ਅੱਪ ਹੈ ਹੋਰ ਕਿਸੇ ਚੀਜ਼ ਦਾ ਮੁਜ਼ਾਹਿਰਾ ਨਹੀਂ ਕੀਤਾ । ਮੈਂ ਸਮਝਦਾ ਹਾਂ ਕਿ ਇਹ ਪੰਜਾਬ ਦੀ ਹਾਲਤ ਤਾਂ ਉਸ ਮਿਸਰੇ ਦੇ ਮੁਤਾਬਕ ਹੈ ਕਿ ਸਾਉਣ ਦੇ ਅੰਨ੍ਹੇ ਨੂੰ ਹਰਾ ਹੀ ਹਰਾ ਦਿਖਾਈ ਦਿੰਦਾ ਹੈ। ਸਰਦਾਰ ਅਜਾਇਬ ਸਿੰਘ ਸੰਧੂ, ਜੋ ਕਿ ਆਪੋਜ਼ੀਸ਼ਨ ਦੇ ਡਿਪਟੀ ਲੀਡਰ ਹਨ ਉਨ੍ਹਾਂ ਨੇ ਖੜੇ ਹੋ ਕੇ ਸਾਡੀ ਸਰਕਾਰ, ਜਿਹੜੀ ਸੋਸ਼ਲਿਜ਼ਮ ਨਾਲ ਵੈਡਿਡ ਹੈ, ਜਿਸਨੇ ਇਤਨੀ ਸ਼ਾਨਦਾਰ ਗਵਰਨਰ ਦੀ ਸਪੀਚ ਦਿਤੀ ਅਤੇ ਜਿਸ ਨੇ ਇਤਨਾ ਚੰਗਾ ਅਤੇ ਅਗਾਂਹ ਵੱਧੂ ਬਜਟ ਦਿਤਾ ਸਾਡੇ ਚੀਫ਼ ਮਨਿਸਟਰ ਸਾਹਿਬ ਜਿਹੜੇ ਸਾਡੇ ਵਰਕਰ ਹਨ ਉਸ ਦੇ ਕੰਮ ਨੂੰ ਉਨ੍ਹਾਂ ਨੇ ਕੰਡੈਮ ਕਰਕੇ ਕੋਈ ਚੰਗਾ ਕੰਮ ਨਹੀਂ ਕੀਤਾ ।

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਆਪਣੀ ਸਪੀਚ ਵਿਚ ਸਾਡੀ ਮਹਾਨ ਨੇਤਾ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਬਾਰੇ ਕਿਹਾ ਕਿ ਕਿਸੇ ਇੰਡੀਵਿਜੂਅਲ ਦੀ ਤਾਰੀਫ਼ ਕਰਨੀ ਯੋਗ ਨਹੀਂ ਹੈ । ਮੈਂ ਉਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਜੋ ਹਿੰਦੁਸਤਾਨ ਨੂੰ ਕਰੈਡਿਟ ਮਿਲਿਆ ਹੈ, ਬਾਹਰਲੇ ਮੁਲਕਾਂ ਵਿਚ ਹਿੰਦੁਸਤਾਨੀਆਂ ਨੂੰ ਹੋਟਲਾਂ ਵਿਚ ਨਹੀਂ ਸਨ ਵੜਨ ਦਿੰਦੇ, ਜੋ ਇਸ ਵਕਤ ਹਿੰਦੁਸਤਾਨ ਦਾ ਦੂਜੇ ਮੁਲਕਾਂ ਵਿਚ ਆਦਰ ਔਰ ਸਨਮਾਨ ਹੋ ਰਿਹਾ ਹੈ ਉਸ ਦਾ ਸੇਹਰਾ ਸਾਡੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੇ ਸਿਰ ਤੇ ਹੈ । ਡਿਪਟੀ ਸਪੀਕਰ ਸਾਹਿਬ, ਇਸ ਲੜਾਈ ਵਿਚ ਜਿਹੜੀ ਸਾਡੀ ਜਿੱਤ ਹੋਈ ਇਹ ਸਾਡੀ ਉਸ ਜਰਨੈਲ ਦਾ ਸਦਕਾ ਹੈ, ਸਾਡੀ ਅਵਾਮ ਦਾ ਸਦਕਾ ਹੈ । ਡਿਪਟੀ ਸਪੀਕਰ ਸਾਹਿਬ, ਹਮੇਸ਼ਾਂ ਇਸ ਤਰ੍ਹਾਂ ਹੁੰਦਾ ਹੈ ਕਿ ਲੜਦੀ ਫੌਜ ਹੈ ਅਤੇ ਕਰੈਡਿਟ ਜਰਨੈਲ ਨੂੰ ਜਾਂਦਾ ਹੈ । ਇਕ ਜਿਹੜਾ ਐਪੀਸੋਡ ਹੈ ਇਸ ਦੇ

ਜਰਨੈਲ ਸਾਡੀ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਹਨ । ਉਨ੍ਹਾਂ ਨੇ ਕਿਸ ਤਰ੍ਹਾਂ ਟਾਈਮ ਦੀ ਨਾਜ਼ੁਕੀ ਨੂੰ ਸੰਭਾਲਿਆ ਅਤੇ ਕਿਸ ਤਰ੍ਹਾਂ ਟਾਈਮ ਦੀ ਸਮੱਸਿਆ ਤੇ ਕਾਬੂ ਪਾਇਆ ਮੈਂ ਅਰਜ਼ ਕਰਾਂ ਕਿ ਜਿਹੜੀ ਏਡੀ ਵੱਡੀ ਸਮੱਸਿਆ ਚੀਨ ਅਤੇ ਅਮਰੀਕਾ ਨੇ ਸਾਡੇ ਗਲ ਪਾ ਦਿੱਤੀ ਸੀ ਅਤੇ ਉਹ ਏਡੀ ਵੱਡੀ ਸਮਸਿਆ ਜਿਸ ਨਾਲ ਸਾਡੀ ਫ਼ਰੀਡਮ ਨੂੰ ਖਤਰਾ ਪੈ ਗਿਆ ਸੀ, ਕਿਸ ਤਰ੍ਹਾਂ ਉਸ ਦਾ ਮੁਕਾਬਲਾ ਕੀਤਾ । ਜੇ ਕੋਈ ਹੋਰ ਲੀਡਰ ਹੁੰਦਾ ਤਾਂ ਪਤਾ ਨਹੀਂ ਸਾਡੇ ਦੇਸ਼ ਦੀ ਕਿਸ਼ਤੀ ਕਿਸ ਰੁਖ ਵਲ ਚਲ ਰਹੀ ਹੁੰਦੀ । ਲੋਕੀਂ ਕਹਿੰਦੇ ਹੁੰਦੇ ਸਨ ਕਿ ਪਤਾ ਨਹੀਂ ਹੁਣ ਕੀ ਹੋਵੇਗਾ, ਉਹ ਬੜੇ ਘਬਰਾਏ ਹੋਏ ਸਨ । ਮੈਂ ਅਰਜ਼ ਕਰਾਂ ਕਿ ਵਾਜਪਈ ਜਿਹੜੇ ਕਿ ਜਨ ਸੰਘ ਦੇ ਪ੍ਰਧਾਨ ਹਨ ਉਨ੍ਹਾਂ ਨੂੰ ਜਦੋਂ ਸਾਡੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਕਿਹਾ ਕਿ ਇਹ ਬੰਗਲਾ ਦੇਸ਼ ਦੇ ਰਿਫਿਊਜੀ ਆਪਣੇ ਦੇਸ਼ ਵਿਚ ਵਾਪਸ ਭੇਜ ਦਿਤੇ ਜਾਣਗੇ ਤਾਂ ਉਨ੍ਹਾਂ ਨੇ ਕਿਹਾ ਕਿ ਇਕ ਕਰੋੜ ਰਿਫ਼ਿਊਜੀਆਂ ਨੂੰ ਕੱਢਣਾ ਕੋਈ ਸੌਖਾ ਕੰਮ ਨਹੀਂ, ਵਰਲਡ ਵਾਰ ਸ਼ੁਰੂ ਹੋ ਜਾਏਗੀ । ਇਹ ਉਸ ਪ੍ਰਧਾਨ ਮੰਤਰੀ ਦੀ ਬਹਾਦਰੀ ਸੀ ਉਸ ਨੇ ਉਸ ਮੁਲਕ ਨੂੰ ਬਚਾਇਆ ਅਤੇ ਆਪਣੇ ਮੁਲਕ ਦਾ ਸਿਰ ਉੱਚਾ ਕੀਤਾ । ਮੈਂ ਸਮਝਦਾ ਹਾਂ ਕਿ ਇਸ ਚੀਜ਼ ਦਾ ਸਾਰਾ ਕਰੈਡਿਟ ਪ੍ਰਧਾਨ ਮੰਤਰੀ ਨੂੰ ਹੀ ਜਾਂਦਾ ਹੈ । ਕਿਤੇ ਯੋਗ ਕੰਮ ਕਰਨ ਵਾਲੇ ਨੂੰ ਕਿਸੇ ਚੰਗੇ ਕੰਮ ਦਾ ਕਰੈਡਿਟ ਦੇਣਾ ਇਹ ਸਪੋਰਟਸਮੈਨ ਸਪਿਟ ਹੈ, ਜਿਹੜੀ ਕਿ ਮੇਰੇ ਅਕਾਲੀ ਭਾਈਆਂ ਨੂੰ ਆਪਣੇ ਵਿਚ ਡਿਵੈਲਪ ਕਰਨੀ ਚਾਹੀਦੀ ਹੈ । ਜਿਹੜੇ ਲੀਡਰ ਆਫ਼ ਦੀ ਆਪੋਜ਼ੀਸ਼ਨ ਨੇ ਉਹ ਬਹੁਤ ਹੀ ਚੰਗੇ ਨੇ, ਸਾਡੇ ਲੀਡਰ ਨੂੰ ਬੜੇ ਠੀਕ ਸ਼ਬਦਾਂ ਵਿਚ ਪੇਸ਼ ਆਉਂਦੇ ਨੇ ਅਤੇ ਮੈਂ ਉਨ੍ਹਾਂ ਨੂੰ ਕਹਾਂਗਾ ਕਿ ਉਹ ਆਪਣੀ ਪਾਰਟੀ ਦੇ ਮੈਂਬਰ ਸਾਹਿਬਾਨ ਨੂੰ ਵੀ ਕਹਿਣ ਕਿ ਉਹ ਚੰਗੇ ਸ਼ਬਦ ਵਰਤਿਆ ਕਰਨ ਅਤੇ ਸਪੋਰਟਸਮੈਨ ਸਪਿਰਟ ਦਿਖਾਇਆ ਕਰਨ ।

ਦੂਸਰੀ ਗਲ, ਡਿਪਟੀ ਸਪੀਕਰ ਸਾਹਿਬ, ਇਹ ਹੈ ਕਿ ਸਾਡੀ ਪਾਰਟੀ ਸੋਸ਼ਿਲ-ਜ਼ਮ ਨਾਲ ਵੈਡਿਡ ਹੈ, ਗਰੀਬੀ ਹਟਾਓ ਦਾ ਨਾਅਰਾ ਜਿਹੜਾ ਸਾਡੀ ਪਾਰਟੀ ਨੇ ਦਿਤਾ ਹੈ ਇਹ ਅਸੀਂ ਤਾਂ ਹੀ ਕਰ ਸਕਦੇ ਹਾਂ ਜੇ ਜੋ ਸਾਡੇ ਅਫ਼ਸਰ ਨੇ, ਸਾਡੇ ਐਮਪਲਾਈਜ਼ ਨੇ ਉਹ ਸੋਸ਼ਲਿਜ਼ਮ ਨੂੰ ਅਪਨਾਉਣ ਅਤੇ ਅਸੀਂ ਉਨ੍ਹਾਂ ਨੂੰ ਸੋਸ਼ਲਿਜ਼ਮ ਬਾਰੇ ਦਸੀਏ ਅਤੇ ਉਹ ਵੀ ਸੋਸ਼ਲਿਜ਼ਮ ਨਾਲ ਵੈਡਿਡ ਹੋ ਜਾਣ ਤਾਂ ਹੀ ਅਸੀਂ ਆਪਣੇ ਮਿਸ਼ਨ ਵਿਚ ਕਾਮਯਾਬ ਹੋ ਸਕਦੇ ਹਾਂ । ਜੇ ਚੰਦ ਸਾਡੇ ਐਮ. ਐਲ. ਏਜ਼. ਜਾਂ ਕੱਲੀ ਸਾਡੀ ਪਾਰਟੀ ਸੋਸ਼ਲਿਜ਼ਮ ਦਾ ਨਾਅਰਾ ਲਾਈ ਜਾਏ ਅਤੇ ਅਫ਼ਸਰ ਤੁਆਵਨ ਨਾ ਦੇਣ ਤਾਂ ਮੈਂ ਸਮਝਦਾ ਹਾਂ ਕਿ ਅਸੀਂ ਸੋਸ਼ਲਿਜ਼ਮ ਲਿਆਉਣ ਵਿਚ ਫ਼ੇਲ੍ਹ ਹੋ ਜਾਵਾਂਗੇ । ਜਿਹੜੇ ਕੁਰਪਟ ਅਫ਼ਸਰ ਹਨ, ਜਿਨ੍ਹਾਂ ਤੇ ਕੋਈ ਡਾਊਟਸ ਹਨ ਜੇ ਉਹ ਸੋਸ਼ਲਿਜ਼ਮ ਲਿਆਉਣ ਵਿਚ ਕੋਈ ਰੁਕਾਵਟਾਂ ਪਾਉਂਦੇ ਹਨ ਤਾਂ ਸਾਨੂੰ ਉਨ੍ਹਾਂ ਅਫ਼ਸਰਾਂ ਨੂੰ ਜਬਰਨ ਰਿਟਾਇਰ ਕਰ ਦੇਣਾ ਚਾਹੀਦਾ ਹੈ । ਜਿਹੜੇ ਅਫ਼ਸਰ ਐਸੇ ਹਨ ਕਿ ਜਿਨ੍ਹਾਂ ਦੇ ਮਨ ਵਿਚ ਕੁਝ ਨਾ ਕੁਝ ਬੈਕਗਰਾਊਂਡ ਇਸ ਪਾਸੇ ਵਲ ਹੈ, ਜਿਨ੍ਹਾਂ ਦੇ ਦਿਲਾਂ ਵਿਚ ਗਰੀਬਾਂ ਲਈ ਕੋਈ ਹਮਦਰਦੀ ਦਾ ਜਜ਼ਬਾ ਹੈ ਜਾਂ ਜਨਤਾ ਦੀ ਸੇਵਾ ਦਾ ਕੋਈ ਜਜ਼ਬਾ ਹੈ ਉਨ੍ਹਾਂ ਨੂੰ ਅੱਗੇ ਲਿਆਉਣਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਜ਼ਿਆਦਾ ਨਾ ਕਹਿੰਦਾ ਹੋਇਆ ਇਕ ਚੀਜ਼ ਹੋਰ ਕਹਿਣਾ ਚਾਹੁੰਦਾ ਹਾਂ ਕਿ ਮੈਂ ਇਕ ਕਾਲ ਅਟੈਨਸ਼ਨ ਨੋਟਿਸ ਦਿਤਾ ਸੀ ਇਸ ਪਾਰਟੀ ਦੇ (ਆਪੋਜ਼ੀਸ਼ਨ ਬੈਂਚਾਂ ਵਲ ਇਸ਼ਾਰਾ ਕਰਦੇ ਹੋਏ) ਜਨਰਲ ਸਕੱਤਰ ਦੀ ਬਾਬਤ,

[ਡਾਕਟਰ ਅਮੀਰ ਸਿੰਘ ਕਲਕਟ]

ਇਹ ਚੀਜ਼ ਕੜਵੀ ਜ਼ਰੂਰ ਹੁੰਦੀ ਹੈ ਪਰ ਸਾਨੂੰ ਲੰਘਾਉਣੀ ਚਾਹੀਦੀ ਹੈ । ਉਸ ਨੇ ਜਿਹੜੇ ਲਫ਼ਜ਼ ਸਾਡੇ ਆਜ਼ਾਦ ਮੁਲਕ ਦੇ ਲਈ ਵਰਤੇ ਹਨ ਉਹ ਸ਼ੋਭਦੇ ਨਹੀਂ ਸਨ । ਮੈਂ ਸਮਝਦਾ ਹਾਂ ਕਿ ਸਾਡੇ ਸਿੱਖਾਂ ਦੀ ਸਭ ਤੋਂ ਜ਼ਿਆਦਾ ਕੰਟਰੀਬਿਊਸ਼ਨ ਹੈ, ਸਾਡੇ ਪੰਜਾਬ ਨੇ ਇਸ ਹਾਲ ਦੀ ਲੜਾਈ ਵਿਚ ਬਹੁਤ ਜ਼ਿਆਦਾ ਕੁਰਬਾਨੀਆਂ ਕੀਤੀਆਂ ਹਨ, ਪਰ ਉਨ੍ਹਾਂ ਨੂੰ ਸਾਨੂੰ ਆਪਣੇ ਸਿਆਸੀ ਮਕਸਦ ਲਈ ਨਹੀਂ ਵਰਤਣਾ ਚਾਹੀਦਾ । ਸਾਨੂੰ ਕੁਝ ਲਰਨ ਕਰਨਾ ਚਾਹੀਦਾ ਹੈ । ਜਿਹੜੇ ਲੋਗ ਗੈਰਜ਼ਿੰਮੇਵਾਰੀ ਦੀਆਂ ਗਲਾਂ ਕਰਦੇ ਹਨ, ਉਨ੍ਹਾਂ ਨੂੰ ਕੰਡੈਮ ਕਰਨਾ ਚਾਹੀਦਾ ਹੈ । ਡਿਪਟੀ ਸਪੀਕਰ ਸਾਹਿਬ, ਉਸ ਪਾਰਟੀ ਦੇ ਜਨਰਲ ਸੈਕਟਰੀ ਸਾਹਿਬ, ਜਿਹੜੇ ਬਾਹਰ ਚਲੇ ਗਏ ਸਨ ਜੇ ਮੈਂ ਉਨ੍ਹਾਂ ਦਾ ਜ਼ਿਕਰ ਕਰਾਂ ਤਾਂ ਮੈਂ ਸਮਝਦਾ ਹਾਂ ਕਿ ਗਲਤ ਨਹੀਂ ਹੋਵੇਗਾ । ਉਸ ਨੇ ਸਾਡੇ ਮੁਲਕ ਵਿਚੋਂ ਬਾਹਰ ਜਾ ਕੇ, ਜਿਹੜੇ ਉਹ ਇਸ ਮੁਲਕ ਦੀ ਹਵਾ ਅਤੇ ਪਾਣੀ ਤੇ ਪਲੇ ਅਤੇ ਇਸ ਦੀ ਗੋਦ ਵਿਚ ਖੇਡੇ, ਆਪਣੀ ਮਾਂ ਨੂੰ ਵੇਚਿਆ ਸਿਰਫ਼ ਪੰਜ ਕਰੋੜ ਲਈ । ਮੈਂ ਪੁਛਣਾ ਚਾਹੁੰਦਾ ਹਾਂ ਇਨ੍ਹਾਂ ਸੱਜਣਾਂ ਤੋਂ ਕਿ ਉਹ ਸੱਜਣ ਜਿਸ ਨੇ ਸਾਡੇ ਦੇਸ਼ ਨਾਲ ਗੱਦਾਰੀ ਕੀਤੀ ਕੀ ਉਸ ਨੇ ਕੋਈ ਚੰਗਾ ਕੰਮ ਕੀਤਾ । ਮੈਂ ਤਾਂ ਕਹਿੰਦਾ ਹਾਂ ਕਿ ਜੇ ਉਸ ਨੂੰ ਗੋਲੀ ਨਾਲ ਉੜਾ ਦਿਤਾ ਜਾਂਦਾ ਤਾਂ ਹੀ ਇਹ ਦੇਸ਼ ਨਾਲ ਇਨਸਾਫ ਕਰ ਸਕਦੇ ਸਨ । ਜਿਹੜੇ ਸਾਡੇ ਦੇਸ਼ ਦੇ ਦੁਸ਼ਮਣ ਸਨ ਉਹ ਉਨ੍ਹਾਂ ਦਾ ਜਾ ਕੇ ਕੰਮ ਕਰੇ ਕਿੰਨੀ ਗੱਦਾਰੀ ਹੈ । ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਦੇ ਕੁਝ ਸਿਕਰੇਟ ਪਲਾਨ ਸਨ, ਜੋ ਮੈਂ ਇਥੇ ਹਾਊਸ ਵਿਚ ਦਸਣਾ ਚਾਹੁੰਦਾ ਹਾਂ । ਪਾਕਿਸਤਾਨ ਨੇ ਇਕ ਪਲਾਨ ਬਣਾਇਆ ਅਤੇ ਕਈ ਡਵੀਜ਼ਨ ਫ਼ੌਜ ਸਾਡੇ ਛੋਟੇ ਜਿਹੇ ਅੰਮ੍ਰਿਤਸਰ ਦੇ ਬਾਰਡਰ ਤੇ ਝੋਂਕ ਦਿਤੀ । ਉਹ ਚਾਹੁੰਦਾ ਸੀ ਕਿ ਹਿੰਦੁਸਤਾਨ ਦਾ, ਅੰਮ੍ਰਿਤਸਰ ਦਾ ਜਿਹੜਾ ਹਿੱਸਾ ਹੈ ਉਸ ਤੇ ਕਬਜ਼ਾ ਕਰਕੇ ਤੇ ਡਾ. ਜਗਜੀਤ ਸਿੰਘ ਨੂੰ ਉਥੇ ਦਾ ਪ੍ਰਾਈਮਮਨਿਸਟਰ ਡਿਕਲੇਅਰ ਕਰ ਦਿਆਂਗੇ ਔਰ ਉਸ ਦੇ ਬਾਅਦ ਉਸ ਦਾ ਸੌਦਾ ਕਸ਼ਮੀਰ ਨਾਲ ਕਰਾਂਗੇ । ਇਹ ਇਨਫ਼ਰਮੇਸ਼ਨ ਮੈਂ ਇਕ ਖਾਸ ਮਿਲਟਰੀ ਆਫ਼ੀਸਰ ਤੋਂ ਲਈ ਹੈ ।

(ਟਰੈਜ਼ਰੀ ਬੈਂਚਾਂ ਵਲੋਂ. ਸ਼ੇਮ, ਸ਼ੇਮ)

ਡਿਪਟੀ ਸਪੀਕਰ ਸਾਹਿਬ, ਮੈਂ ਜ਼ਿਆਦਾ ਨਾ ਕਹਿੰਦਾ ਹੋਇਆ ਇਕ ਦੋ ਚੀਜ਼ਾਂ ਆਪਣੀ ਸਰਕਾਰ ਨੂੰ ਕਹਾਂਗਾ ਕਿ ਅਸੀਂ ਪਿਛਲੀ ਅਸੈਂਬਲੀ ਵਿਚ ਐਂਟੀ ਕੁਰੱਪਸ਼ਨ ਟਰਿਬਿਊਨਲ ਲਈ ਲੜਦੇ ਰਹੇ । ਮੈਂ ਇਹ ਅਸੈਂਬਲੀ ਵਿਚ ਵੀ ਆਪਣਾ ਸੁਝਾਓ ਪੇਸ਼ ਕਰਦਾ ਹਾਂ ਕਿ ਇਕ ਐਂਟੀ ਕੁਰਪਸ਼ਨ ਟਰਿਬਿਊਨਲ ਕਾਇਮ ਕਰਨਾ ਚਾਹੀਦਾ ਹੈ । ਅਕਾਲੀ ਮਨਿਸਟਰੀ ਵੇਲੇ ਬਹੁਤ ਲੜੇ ਪਰ ਉਸ ਸਰਕਾਰ ਨੇ ਇਸ ਨੂੰ ਮਨਜ਼ੂਰ ਨਾ ਕੀਤਾ । ਮੈਂ ਕਹਿੰਦਾ ਹਾਂ ਕਿ ਸਿਆਸੀ ਕੁਰੱਪਸ਼ਨ ਨੂੰ ਦੂਰ ਕਰਨ ਵਾਸਤੇ ਅਤੇ ਸਪੋਰਟਸਮੈਨ ਸਪਿਰਟ ਨੂੰ ਲੈ ਕੇ ਇਹ ਇਕ ਐਂਟੀ ਕੁਰਪਸ਼ਨ ਟਰਿਬਿਊਨਲ ਕਾਇਮ ਕਰ ਦੇਣਾ ਚਾਹੀਦਾ ਹੈ । ਹੁਣ ਦਾਵੇ ਕਮਿਸ਼ਨ ਬੈਠਾ ਹੈ.... (ਵਿਘਨ)

ਮੈਂ ਆਪਣੀ ਸਰਕਾਰ ਨੂੰ ਕਹਾਂਗਾ ਕਿ ਜਿਹੜਾ ਐਂਟੀ ਕੁਰਪਸ਼ਨ ਟਰਿਬਿਊਨਲ ਹੈ ਉਹ ਛੇਤੀ ਤੋਂ ਛੇਤੀ ਬਣਾ ਦੇਣਾ ਚਾਹੀਦਾ ਹੈ । ਮੈਂ ਅਰਜ਼ ਕਰਾਂ ਕਿ ਜਿਹੜੇ ਸਾਡੇ ਵਜ਼ੀਰ ਬਣੇ ਹਨ, ਉਹ ਕੁਰਪਸ਼ਨ ਤੋਂ ਪਰੇ ਹਨ । ਉਹ ਕੁਰੱਪਸ਼ਨ ਨੂੰ ਹਟਾਉਣ ਵਾਸਤੇ ਆਪਣੇ ਤਨ ਮਨ ਦਾ ਜ਼ੋਰ ਲਾਉਣਗੇ ਅਤੇ ਇਸ ਦੇ ਲਈ ਜੋ ਵੀ ਕੁਰਬਾਨੀ ਕਰਨੀ ਪਈ, ਵਜ਼ਾਰਤ ਰਹੇ ਜਾਂ ਨਾ ਰਹੇ, ਉਹ ਜ਼ਰੂਰ ਕਰਨਗੇ ।

ਇਸ ਤੋਂ ਅੱਗੇ ਮੈਂ ਇਕ ਹੋਰ ਅਰਜ਼ ਕਰਾਂਗਾ ਕਿ ਰੋਪੜ ਅਤੇ ਬਠਿੰਡਾ ਵਿਚ ਬਿਜਲੀ ਦੇ ਪਲਾਂਟਸ ਲਗਾਏ ਗਏ ਹਨ । ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਅਰਜ਼ ਕਰਾਂਗਾ ਕਿ ਸਾਡੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਬਿਜਲੀ ਦੀ ਬਹੁਤ ਲੋੜ ਹੈ । ਅਗਰ ਉਥੇ ਬਿਜਲੀ ਦਿਤੀ ਜਾਏ ਤਾਂ ਉਹ ਜਿਹੜਾ ਕੰਡੀ ਦਾ ਵੀਰਾਨ ਇਲਾਕਾ ਹੈ ਉਹ ਸਰ ਸਬਜ਼ ਹੋ ਸਕਦਾ ਹੈ । ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਉਥੇ ਹੁਸ਼ਿਆਰਪੁਰ ਆਏ ਸੀ, ਅਤੇ ਦੇਖਿਆ ਸੀ ਕਿ ਬਿਜਲੀ ਔਰ ਪਾਣੀ ਵਾਸਤੇ ਕਿੰਨੀ ਹਾਹਾਕਾਰ ਲੋਕੀਂ ਕਰ ਰਹੇ ਹਨ । ਉਥੇ 20% ਬਿਜਲੀ ਨਹੀਂ ਲਗੀ ਹੁਣ ਤਾਈਂ । ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਹੁਸ਼ਿਆਰਪੁਰ ਦਾ ਜ਼ਿਲ੍ਹਾ ਹਮੇਸ਼ਾਂ ਕਾਂਗਰਸ ਦੇ ਨਾਲ ਰਿਹਾ ਹੈ, ਸਾਨੂੰ ਉਥੇ ਕੋਈ ਨਾ ਕੋਈ ਚੀਜ਼ ਜ਼ਰੂਰ ਦੇਣੀ ਚਾਹੀਦੀ ਹੈ । ਮੈਂ ਆਪਣੇ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜਿਹੜਾ ਸਾਡੇ ਤਲਵਾੜਾ ਕੰਪਲੈਕਸ ਬਣ ਰਿਹਾ ਹੈ ਉਸ ਦਾ ਪਾਣੀ ਸਾਡੇ ਜ਼ਿਲ੍ਹੇ ਦੀ ਉਪਜ ਲਈ ਬਹੁਤ ਫ਼ਾਇਦੇ ਮੰਦ ਸਾਬਤ ਹੋਵੇਗਾ ।

ਮਾਡਲ ਵਿਲੇਜ ਸਕੀਮ ਪਿਛਲੀ ਸਰਕਾਰ ਨੇ ਲਿਆਂਦੀ ਸੀ । ਉਹ ਖੱਟੇ ਵਿਚ ਪਈ ਹੋਈ ਹੈ । ਸਾਡਾ ਕੋਈ ਪਿੰਡ ਮਾਡਲ ਨਹੀਂ ਬਣ ਰਿਹਾ । ਜਿਹੜਾ ਕੋਈ ਬਣ ਵੀ ਰਿਹਾ ਹੈ ਉਸ ਤੇ ਪਿਛਲੀ ਸਰਕਾਰ ਨੇ ਜਿਹੜੀਆਂ ਇੱਟਾਂ ਲਾਈਆਂ ਸਨ ਉਹ ਅੱਨਫ਼ਿਟ ਨੇ । ਮੈਂ ਕਹਿੰਦਾ ਹਾਂ ਕਿ ਜੇ ਕਰ ਅਛੀਆਂ ਇੱਟਾਂ ਨਹੀਂ ਮਿਲਦੀਆਂ ਤਾਂ ਉਥੇ ਸੀਮਿੰਟ ਸਲੈਬਜ਼ ਲਾ ਦਿਤੀਆਂ ਜਾਣ ।

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਐਜੂਕੇਸ਼ਨ ਦੇ ਬਾਰੇ ਅਰਜ਼ ਕਰਨਾ ਚਾਹੁੰਦਾ ਹਾਂ । ਕੰਡੀ ਦਾ ਇਲਾਕਾ ਬੜਾ ਹੀ ਪਛੜਿਆ ਹੋਇਆ ਹੈ । ਉਥੋਂ ਇਕ ਪਿੰਡ ਦਾ ਦੂਸਰੇ ਪਿੰਡ ਨਾਲ ਬਹੁਤ ਫਾਸਲਾ ਹੈ ਅਤੇ ਇਲਾਕਾ ਵੀ ਪਹਾੜੀ ਹੈ । ਬੱਚੇ ਅਤੇ ਲੜਕੀਆਂ ਦੂਰ ਦੇ ਪਿੰਡਾਂ ਵਿਚ ਜਾ ਕੇ ਨਹੀਂ ਪੜ੍ਹ ਸਕਦੇ । ਸੋ ਮੇਰੀ ਬੇਨਤੀ ਹੈ ਕਿ ਉਥੇ ਜਿਹੜੇ ਪ੍ਰਾਈਵੇਟਲੀ ਮੈਨੇਜਡ ਸਕੂਲ ਹਨ ਉਨ੍ਹਾਂ ਨੂੰ ਟੇਕ ਅੱਪ ਕੀਤਾ ਜਾਵੇ ਅਤੇ ਜਿਥੇ ਜ਼ਰੂਰਤ ਹੈ ਉਥੇ ਹੋਰ ਨਵੇਂ ਸਕੂਲ ਖੋਲ੍ਹੇ ਜਾਣ । ਉਥੇ ਘੱਟ ਤੋਂ ਘੱਟ ਦੋ ਸਕੂਲ ਹੋਰ ਖੁਲ੍ਹਣੇ ਚਾਹੀਦੇ ਹਨ । ਇਸੇ ਤਰ੍ਹਾਂ ਹੀ ਪ੍ਰਾਇਮਰੀ ਐਜੂਕੇਸ਼ਨ ਵੱਲ ਵੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ । ਇਸ ਸਬੰਧ ਵਿਚ ਇਕ ਚੀਜ਼ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਸਰਕਾਰੀ ਸਕੂਲ ਹਨ ਉਨ੍ਹਾਂ ਦੀਆਂ ਬਿਲਡਿੰਗਜ਼ ਦੀ ਹਾਲਤ ਬੜੀ ਗੰਭੀਰ ਹੈ । ਕਮਰਿਆਂ ਦੀਆਂ ਛੱਤਾਂ ਖਸਤਾ ਹਾਲਤ ਵਿਚ ਹਨ । ਇਸ ਲਈ ਮੇਰਾ ਸੁਝਾਓ ਹੈ ਕਿ ਐਜੂਕੇਸ਼ਨ ਡਿਪਾਰਟਮੈਂਟ ਪਾਸ ਇਕ ਪੀ. ਡਬਲਯੂ. ਡੀ. ਦਾ ਸੈਲ ਹੋਣਾ ਚਾਹੀਦਾ ਹੈ ਤਾਂ ਕਿ ਸਕੂਲਾਂ ਦੀਆਂ ਬਿਲਡਿੰਗਾਂ ਦੀ ਸਮੱਸਿਆ ਹਲ ਹੋ ਸਕੇ । ਉਥੇ ਹੁਣ ਗੰਭੀਰ ਘਟਨਾਵਾਂ ਖਾਸ ਤੌਰ ਤੇ ਬਾਰਸ਼ ਦੇ ਦਿਨਾਂ ਸਮੇਂ ਹੁੰਦੀਆਂ ਹਨ । ਬੱਚੇ ਛੱਤਾਂ ਹੇਠ ਆ ਕੇ ਮਰ ਜਾਂਦੇ ਹਨ । ਇਸ ਲਈ ਮੈਂ ਇਹ ਗਲ ਸਰਕਾਰ ਦੇ ਨੋਟਸ ਵਿਚ ਲਿਆਉਣੀ ਚਾਹੁੰਦਾ ਹਾਂ ਕਿ ਜੇਕਰ ਉਨ੍ਹਾਂ ਸਕੂਲਾਂ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਇਹੋ ਜਿਹੇ ਹੋਰ ਐਕਸੀਡੈਂਟ ਹੋ ਸਕਦੇ ਹਨ । ਇਸ ਲਈ ਫੌਰੀ ਤੌਰ ਤੇ ਸਰਕਾਰ ਇਸ ਮਸਲੇ ਵਲ ਧਿਆਨ ਦੇਵੇ ।

ਡਿਪਟੀ ਸਪੀਕਰ ਸਾਹਿਬ, ਮੈਂ ਗਵਰਨਰ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਸਬਾਰਡੀਨੇਟ ਸਰਵਿਸਿਜ ਸੀਲੇਕਸ਼ਨ ਬੋਰਡ ਨੂੰ ਅਬੋਲਿਸ਼ ਕਰ ਦਿਤਾ ਸੀ ਕਿਉਂਕਿ ਇਹ ਕੁਰੱਪਸ਼ਨ ਦਾ ਅੱਡਾ ਬਣਿਆ ਹੋਇਆ ਸੀ ।

ਸ੍ਰੀ ਡਿਪਟੀ ਸਪੀਕਰ: ਬਾਕੀ ਫਿਰ ਕਹਿ ਲਿਆ ਜੇ। (The hon. Member may touch the remaining points at some other time.)

ਡਾਕਟਰ ਅਮੀਰ ਸਿੰਘ ਕਲੱਕਟ : ਰਾਈਟ, ਸਰ।

ਕਾਮਰੇਡ ਸੱਘੜ ਸਿੰਘ (ਨਿਹਾਲ ਸਿੰਘ ਵਾਲਾ ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਸਰਕਾਰ ਨੂੰ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਬੇਘਰੇ ਲੋਕਾਂ ਨੂੰ ਜਗ੍ਹਾਂ ਦੇਣ ਲਈ ਐਲਾਨ ਕੀਤਾ ਪਰ ਇਸ ਐਲਾਨ ਨੂੰ ਅਮਲ ਵਿਚ ਲਿਆਉਣਾ ਬਹੁਤ ਜ਼ਰੂਰੀ ਹੈ। ਇਥੇ ਮੈਂ ਇਹ ਵੀ ਕਹੇ ਬਗੈਰ ਨਹੀਂ ਰਹਿ ਸਕਦਾ ਕਿ ਅੱਗੇ ਵੀ ਸਰਕਾਰਾਂ ਵਾਇਦੇ ਕਰਦੀਆਂ ਆਈਆਂ ਹਨ ਪਰ ਅਮਲ ਘੱਟ ਕੀਤਾ ਗਿਆ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਜਿਹੜਾ ਵਾਇਦਾ ਕੀਤਾ ਜਾਵੇ ਉਹ ਪੂਰਾ ਕਰਨਾ ਚਾਹੀਦਾ ਹੈ।

ਪਿੰਡਾਂ ਦੇ ਵਿਚ ਹਰੀਜਨ ਭਰਾ ਸੋਸਾਇਟੀਆਂ ਤੋਂ ਕਰਜ਼ੇ ਲੈਣਾ ਚਾਹੁੰਦੇ ਹਨ ਪਰ ਉਨ੍ਹਾਂ ਨੂੰ ਨਹੀਂ ਮਿਲਦੇ ਇਸ ਲਈ ਮੇਰੀ ਮੰਗ ਹੈ ਕਿ ਉਨ੍ਹਾਂ ਨੂੰ ਘੱਟ ਤੋਂ ਘੱਟ ਸੂਦ ਤੇ ਕਰਜ਼ੇ ਦਿਤੇ ਜਾਣ ਤਾਂਕਿ ਉਨ੍ਹਾਂ ਦੀ ਉੱਨਤੀ ਹੋ ਸਕੇ।

ਡਿਪਟੀ ਸਪੀਕਰ ਸਾਹਿਬ, ਬੇਟ ਏਰੀਏ ਵਿਚ ਜਿਹੜਾ ਜ਼ੀਰੇ ਦਾ ਹਲਕਾ ਹੈ ਜਿਹੜੇ ਫੌਜੀ 1965 ਦੀ ਲੜਾਈ ਵਿਚ ਸ਼ਹੀਦ ਹੋਏ ਸਨ ਉਨ੍ਹਾਂ ਦੇ ਪਰਵਾਰਾਂ ਨੂੰ ਜ਼ਮੀਨਾਂ ਅਲਾਟ ਕੀਤੀਆਂ ਗਈਆਂ ਸਨ ਪਰ ਉਨ੍ਹਾਂ ਜ਼ਮੀਨਾਂ ਦਾ ਕਬਜ਼ਾ ਸਰਕਾਰ ਨੇ ਅਜੇ ਤਕ ਨਹੀਂ ਦਵਾਇਆ। ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਇਹ ਸਰਕਾਰ ਪਾਸੋਂ ਮੰਗ ਕਰਦਾ ਹਾਂ ਕਿ ਉਨ੍ਹਾਂ ਜ਼ਮੀਨਾਂ ਦੇ ਕਬਜ਼ੇ ਛੇਤੀ ਤੋਂ ਛੇਤੀ ਦਿਵਾਏ ਜਾਣ।

ਉਥੇ ਦੀ ਨਿਕਾਸੀ ਜ਼ਮੀਨ ਦੀ ਨਿਲਾਮੀ ਬਾਰੇ ਅਗੇ ਵੀ ਕਾਫੀ ਰੌਲਾ ਪਿਆ ਸੀ ਅਤੇ ਇਸ ਸਬੰਧ ਵਿਚ ਗਰਿਫਤਾਰੀਆਂ ਵੀ ਹੋਈਆਂ ਸਨ। ਸਰਕਾਰ ਨੂੰ ਚਾਹੀਦਾ ਹੈ ਕਿ ਉਸ ਨਿਕਾਸੀ ਜ਼ਮੀਨ ਦੀ ਨਿਲਾਮੀ ਨਾ ਕਰਾਏ ਅਤੇ ਲਾਟਰੀ ਰਾਹੀਂ ਬੇਜ਼ਮੀਨਿਆਂ ਨੂੰ ਅਲਾਟ ਕੀਤੀ ਜਾਵੇ।

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਿਦਿਆ ਮੰਤਰੀ ਜੀ ਦਾ ਧਿਆਨ ਬੇਟ ਦੇ ਇਲਾਕੇ ਵਲ ਖਾਸ ਤੌਰ ਤੇ ਦਵਾਉਣਾ ਚਾਹੁੰਦਾ ਹਾਂ। ਉਥੇ ਅਠਵੀਂ ਕਲਾਸ ਵਾਲੇ ਬੱਚੇ ਦੀ ਜੇਕਰ ਕਿਸੇ ਸਬਜੈਕਟ ਵਿਚੋਂ ਕੰਮਪਾਰਟਮੈਂਟ ਆ ਜਾਂਦੀ ਹੈ ਤਾਂ ਉਸ ਨੂੰ ਅਗਲੀ ਕਲਾਸ ਵਿਚ ਦਾਖਲ ਨਹੀਂ ਕੀਤਾ ਜਾਂਦਾ ਅਤੇ ਹਾਈ ਸਕੂਲ ਵਾਲੇ ਆਖਦੇ ਹਨ ਕਿ ਜਦੋਂ ਕਮਪਾਰਟਮੈਂਟ ਕਲੀਅਰ ਹੋ ਜਾਵੇਗੀ ਅਸੀਂ ਦਾਖਲ ਕਰ ਲਵਾਂਗੇ। ਉਸ ਦਾ ਨਤੀਜਾ ਇਹ ਹੁੰਦਾ ਹੈ ਕਿ ਬੱਚਾ ਹਟ ਕੇ ਘਰ ਬੈਠ ਜਾਂਦਾ ਹੈ ਤੇ ਅਗੇ ਪੜ੍ਹਾਈ ਨਹੀਂ ਕਰਦਾ। ਜਿਸ ਵਿਦਿਆਰਥੀ ਦੀ ਕੰਪਾਰਟਮੈਂਟ ਆਵੇ ਉਨ੍ਹਾਂ ਨੂੰ ਅਗਲੀ ਜਮਾਤ ਵਿਚ ਦਾਖਲਾ ਮਿਲਣਾ ਚਾਹੀਦਾ ਹੈ। ਇਹ ਮੇਰੀ ਮੰਗ ਹੈ।

ਫਿਰ ਡਿਪਟੀ ਸਪੀਕਰ ਸਾਹਿਬ, ਹਰੀਜਨਾਂ ਦੀ ਭਲਾਈ ਲਈ ਸਰਕਾਰ ਨੇ ਵਿਸ਼ੇਸ਼ ਕਦਮ ਚੁੱਕਣ ਦਾ ਵਾਇਦਾ ਦਿਤਾ ਹੈ। ਪਰ ਮੇਰੀ ਬੇਨਤੀ ਹੈ ਕਿ ਇਸ ਦੇ ਨਾਲ ਹੀ ਜਾਗੀਰਦਾਰੀ ਨੂੰ ਖਤਮ ਕਰਨਾ ਚਾਹੀਦਾ ਹੈ। ਜਿਹੜੇ ਸਰਕਾਰੀ ਬੈਂਚਾਂ ਵਲੋਂ

ਭਾਸ਼ਣ ਇਸ ਸਬੰਧੀ ਹੋਏ ਹਨ ਉਨ੍ਹਾਂ ਤੋਂ ਮੈਂ ਇਹ ਸਮਝਦਾ ਹਾਂ ਕਿ ਇਹ ਸਰਕਾਰ ਇਸ ਮਸਲੇ ਨੂੰ ਟਾਲਣਾ ਚਾਹੁੰਦੀ ਹੈ। ਇਸ ਲਈ ਮੈਂ ਇਨ੍ਹਾਂ ਨੂੰ ਇਹ ਦਸਣਾ ਚਾਹੁੰਦਾ ਹਾਂ ਕਿ ਜਾਗੀਰਦਾਰੀ ਖਤਮ ਕਰਨ ਨਾਲ ਹੀ ਹਰੀਜਨਾਂ ਦਾ ਭਲਾ ਹੋ ਸਕਦਾ ਹੈ ਵਰਨਾ ਨਹੀਂ।

ਪੁਲੀਸ ਦੇ ਰਵੱਈਏ ਬਾਰੇ ਵੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅੱਜ ਹਾਲਤ ਇਹ ਹੈ ਕਿ ਪੁਲੀਸ ਲੋਕਾਂ ਨੂੰ ਨਕਸਲਵਾੜੀ ਦੇ ਨਾਮ ਤੇ ਪਰੇਸ਼ਾਨ ਕਰ ਰਹੀ ਹੈ। ਉਨ੍ਹਾਂ ਨੂੰ ਜੇਲ੍ਹਾਂ ਵਿਚ ਬੰਦ ਕੀਤਾ ਜਾਂਦਾ ਹੈ ਅਤੇ ਕਈ ਪ੍ਰਕਾਰ ਦੀ ਤੰਗੀ ਦਿਤੀ ਜਾਂਦੀ ਹੈ। ਇਸ ਲਈ ਮੇਰੀ ਮੰਗ ਹੈ ਕਿ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਪਿੰਡ ਹਿੰਮਤਪੁਰ, ਬਿਲਾਸਪੁਰ ਅਤੇ ਰੋਡੇ ਬਾਰੇ ਇਕ ਧਿਆਨ ਦਿਵਾਊ ਮਤਾ ਵੀ ਦਿਤਾ ਸੀ, ਉਸ ਦਾ ਨੰ 56 ਸੀ। ਉਸ ਦਾ ਮੈਨੂੰ ਕੋਈ ਜਵਾਬ ਨਹੀਂ ਆਇਆ ਅਤੇ ਇਹ ਵੀ ਨਹੀਂ ਦਸਿਆ ਗਿਆ ਕਿ ਉਹ ਰੀਜੈਕਟ ਤਾਂ ਨਹੀਂ ਹੋਇਆ।

ਸ੍ਰੀ ਡਿਪਟੀ ਸਪੀਕਰ : ਕਾਲ ਅਟੈਨਸ਼ਨ ਬਾਰੇ ਤੁਹਾਨੂੰ ਜਵਾਬ ਮਿਲ ਚੁਕਿਆ ਹੋਵੇਗਾ, ਤੁਸੀਂ ਵੇਖ ਲਉ। (You must have received some communication about your Call Attention Notice by now. You may verify it.)

ਕਾਮਰੇਡ ਸੱਜਣ ਸਿੰਘ :—ਅੱਛਾ ਜੀ ਮੈਂ ਵੇਖ ਲਵਾਂਗਾ। ਡਿਪਟੀ ਸਪੀਕਰ ਸਾਹਿਬ, ਪਿੰਡ ਲੋਹਗੜ੍ਹ ਹੈ ਜਿਥੇ ਕਿ ਦਸਵੀਂ ਪਾਤਸ਼ਾਹੀ ਨੇ ਬੈਠ ਕੇ ਜ਼ਫਰਨਾਮਾਂ ਲਿਖਿਆ ਸੀ। ਉਥੇ ਅਜੇ ਤਕ ਬਿਜਲੀ ਨਹੀਂ ਗਈ ਉਥੇ ਬਿਜਲੀ ਜਾਣੀ ਚਾਹੀਦੀ ਹੈ। ਅਕਾਲੀ ਸਰਕਾਰ ਵੇਲੇ ਕੋਸ਼ਿਸ਼ ਕਰਕੇ ਅਨੰਦਪੁਰ ਸਾਹਿਬ ਤੋਂ ਦੀਨਾਗੜ੍ਹ ਤੱਕ ਸੜਕ ਮਨਜ਼ੂਰ ਕਰਵਾਈ ਸੀ ਅਤੇ ਉਹ ਸੜਕ ਤਾਂ ਕੁਝ ਬਣ ਗਈ ਹੈ ਪਰ ਉਥੇ ਬਿਜਲੀ ਤੋਂ ਬਿਨਾਂ ਲੋਕ ਬੜੇ ਦੁਖੀ ਹੋ ਰਹੇ ਹਨ। ਇਸ ਲਈ ਮੇਰੀ ਬੇਨਤੀ ਹੈ ਕਿ ਉਥੇ ਛੇਤੀ ਤੋਂ ਛੇਤੀ ਬਿਜਲੀ ਪਹੁੰਚਾਉਣ ਲਈ ਸਰਕਾਰ ਯਤਨ ਕਰੇ ਅਤੇ ਇਹ ਬਿਜਲੀ ਦਾ ਕੁਨੈਕਸ਼ਨ ਪਿੰਡ 'ਜ਼ਫਰਨਾਮਾ' ਦੇ ਨਾਉਂ ਤੇ ਮਿਲਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਇਕ ਬੇਨਤੀ ਹੋਰ ਕਰਨੀ ਹੈ। ਧਰਮਕੋਟ ਜਿਲੇ ਵਿਚ ਇਕ ਪਿੰਡ ਚੂਹੜ ਚੱਕ ਹੈ। ਉਥੇ ਕਿਸੇ ਨੇ ਸੂਆ ਤੋੜ ਦਿਤਾ ਸੀ ਜਿਸ ਦਾ ਨਤੀਜਾ ਇਹ ਹੋਇਆ ਕਿ ਫਸਲਾਂ ਖਰਾਬ ਹੋ ਗਈਆਂ। ਮੈਂ ਤੁਹਾਡੇ ਰਾਹੀਂ ਸਰਕਾਰ ਦਾ ਧਿਆਨ ਇਸ ਮਸਲੇ ਵਲ ਵੀ ਦਵਾਉਣਾ ਚਾਹੁੰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਇਸ ਦੀ ਪੜਤਾਲ ਕਰਵਾਈ ਜਾਵੇ। ਮੈਂ ਤੁਹਾਡਾ ਬੜਾ ਧੰਨਵਾਦੀ ਹੋਵਾਂਗਾ।

ਡਿਪਟੀ ਸਪੀਕਰ ਸਾਹਿਬ ਮੇਰੇ ਵਲੋਂ ਜਿਹੜਾ ਪ੍ਰਸ਼ਨ ਪੁਛਿਆ ਗਿਆ ਹੈ ਉਹ ਮੇਰੇ ਆਪਣੇ ਹਲਕੇ ਬਾਰੇ ਹੀ ਹੈ। ਮੇਰੇ ਹਲਕੇ ਵਿਚ ਪੁਲੀਸ ਵਲੋਂ ਬੜਾ ਅਤਿਆਚਾਰ ਹੋ ਰਿਹਾ ਹੈ। ਉਨ੍ਹਾਂ ਪੁਲੀਸ ਕਰਮਚਾਰੀਆਂ ਨੂੰ ਅਸੀਂ ਬੇਨਤੀ ਵੀ ਕੀਤੀ ਸੀ ਪਰ ਉਹ

[ਕਾਮਰੇਡ ਸੱਘੜ ਸਿੰਘ]

ਬਾਜ਼ ਨਹੀਂ ਆਏ । ਇਸ ਲਈ ਮੇਰੀ ਸਰਕਾਰ ਪਾਸ ਬੇਨਤੀ ਹੈ ਕਿ ਉਹ ਪੁਲੀਸ ਅਧਿਕਾਰੀਆਂ ਦੇ ਜ਼ੁਲਮਾਂ ਨੂੰ ਰੋਕੇ ।

ਮੈਂ ਹੁਣ ਅੰਧਵਿਸ਼ਵਾਸ ਬਾਰੇ ਵੀ ਕੁਝ ਕਹਿਣਾ ਚਾਹੁੰਦਾ ਹਾਂ । ਇਲੈਕਸ਼ਨਾਂ ਵਿਚ ਧਰਮ ਦੇ ਨਾਉਂ ਤੇ ਵੋਟਾਂ ਮੰਗੀਆਂ ਜਾਂਦੀਆਂ ਹਨ । ਧਰਮ ਦੇ ਨਾਉਂ ਤੇ ਲੋਕਾਂ ਦੇ ਜਜ਼ਬਾਤ ਉਭਾਰ ਦਿਤੇ ਜਾਂਦੇ ਹਨ ਅਤੇ ਵੋਟਾਂ ਆਪਣੇ ਹੱਕ ਵਿਚ ਲੈ ਲਈਆਂ ਜਾਂਦੀਆਂ ਹਨ । ਮੇਰੀ ਬੇਨਤੀ ਹੈ ਕਿ ਵੋਟਾਂ ਪਾਰਟੀ ਦੇ ਨਾਉਂ ਤੇ ਮੰਗਣੀਆਂ ਚਾਹੀਦੀਆਂ ਹਨ । ਕਲ ਅਖਬਾਰਾਂ ਵਿਚ ਦੀਨਾ ਨਗਰ ਦੇ ਬਾਰੇ ਮੇਰੇ ਵੀਰਾਂ ਨੇ ਪੜ੍ਹਿਆ ਹੋਵੇਗਾ ਜਿਹੜੇ ਇਸ ਤਰ੍ਹਾਂ ਅਫਵਾਹਾਂ ਫੈਲਾਉਣ ਵਾਲੇ ਹਨ ਉਨ੍ਹਾਂ ਦੇ ਖਿਲਾਫ ਕਾਨੂੰਨ ਬਨਾਉਣਾ ਚਾਹੀਦਾ ਹੈ ਅਤੇ ਹਰ ਪਾਰਟੀ ਨੂੰ ਆਪਣਾ ਪ੍ਰੋਗਰਾਮ ਲੋਕਾਂ ਸਾਹਮਣੇ ਰਖ ਕੇ ਵੋਟਾਂ ਮੰਗਣੀਆਂ ਚਾਹੀਦੀਆਂ ਹਨ ।

ਇਸੇ ਤਰ੍ਹਾਂ ਹੀ ਲੈਂਡ ਮਾਰਟਗੇਜ਼ ਬੈਂਕ ਸਬੰਧੀ ਮੇਰੀ ਅਰਜ਼ ਹੈ ਕਿ ਜਿਹੜਾ ਕਰਜ਼ਾ ਇਸ ਬੈਂਕ ਤੋਂ ਕਿਸਾਨਾਂ ਨੂੰ ਇੰਜਣ ਖਰੀਦਣ ਲਈ ਮਿਲਿਆ ਹੈ । ਉਸ ਉਤੇ ਇਹ ਸ਼ਰਤ ਨਹੀਂ ਹੋਣੀ ਚਾਹੀਦੀ ਕਿ ਉਨ੍ਹਾਂ ਨੂੰ ਸਰਕਾਰ ਰਾਹੀਂ ਹੀ ਇੰਜਣ ਖਰੀਦਣੇ ਪੈਣਗੇ । ਮੇਰੀ ਬੇਨਤੀ ਹੈ ਕਿ ਜਦੋਂ ਕਿਸਾਨ ਆਪਣੀ ਜ਼ਮੀਨ ਗਹਿਣੇ ਰਖਦਾ ਹੈ, ਕਰਜ਼ੇ ਦੀ ਰਕਮ ਤੇ ਵਿਆਜ ਭਰਦਾ ਹੈ ਤਾਂ ਉਸ ਨੂੰ ਆਪਣੀ ਮਰਜ਼ੀ ਨਾਲ ਇੰਜਣ ਖਰੀਦਣ ਦੀ ਇਜਾਜ਼ਤ ਹੋਣੀ ਚਾਹੀਦੀ ਹੈ । ਚਾਹੇ ਉਹ ਜ਼ਮੀਨ ਹੀ ਕਿਉਂ ਨਾ ਖਰੀਦ ਲਵੇ। ਇਸ ਸਬੰਧੀ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ ।

ਸ੍ਰੀ ਗੁਰਦਿਆਲ ਸੈਣੀ (ਜਾਲੰਧਰ ਉਤਰ) : ਡਿਪਟੀ ਸਪੀਕਰ ਸਾਹਿਬ, ਮੈਂ ਗਵਰਨਰ ਸਾਹਿਬ ਦੇ ਐਡਰੈਸ ਦੀ ਵਧਾਈ ਦੇਣ ਲਈ ਖੜ੍ਹਾ ਹੋਇਆ ਹਾਂ । ਕਲ ਹੀ ਇਥੇ ਮੇਰੇ ਅਕਾਲੀ ਵੀਰਾਂ ਨੇ ਗਲਾਂ ਕਹੀਆਂ ਹਨ ਕਿ ਬੰਗਲਾ ਦੇਸ਼ ਦੀ ਜਿੱਤ ਉਪਰ ਪ੍ਰਧਾਨ ਮੰਤਰੀ ਦਾ ਕੋਈ ਹੱਕ ਨਹੀਂ । ਇਹ ਜ਼ਿਆਦਤੀ ਦੀ ਗੱਲ ਹੈ। ਤੁਹਾਨੂੰ ਪਤਾ ਹੋਵੇਗਾ, ਡਿਪਟੀ ਸਪੀਕਰ ਸਾਹਿਬ, ਕਿ ਜਿਸ ਵੇਲੇ ਬੰਗਲਾ ਦੇਸ਼ ਵਿਚ ਝਗੜਾ ਚਲ ਰਿਹਾ ਸੀ ਔਰ ਪਾਕਿਸਤਾਨ ਦੀ ਲੜਾਈ ਹੋ ਰਹੀ ਸੀ ਤਾਂ ਸਾਡੇ ਫੌਜੀ ਨੌਜਵਾਨਾਂ ਦਾ ਮੂੰਹ ਅੰਮ੍ਰਿਤਸਰ ਵਲ ਸੀ ਕਿਉਂਕਿ ਉਹ ਬਾਰਡਰ ਉਤੇ ਹੈ ਲੇਕਿਨ ਇਨ੍ਹਾਂ ਅਕਾਲੀ ਭਰਾਵਾਂ ਦਾ ਮੂੰਹ ਦਿੱਲੀ ਵਲ ਸੀ ਔਰ ਮੈਂ ਸਮਝਦਾ ਹਾਂ ਇਹ ਗਲ ਗ਼ਲਤ ਢੰਗ ਨਾਲ ਕੀਤੀ ਗਈ ਹੈ ।

ਸਰਦਾਰ ਰਣਧੀਰ ਸਿੰਘ ਚੀਮਾ : ਡਿਪਟੀ ਸਪੀਕਰ ਸਾਹਿਬ, ਇਹ ਆਨਰੇਬਲ ਮੈਂਬਰ ਕਹਿੰਦੇ ਹਨ ਕਿ ਸਾਡੀ ਵਜ਼ਾਰਤ ਵੇਲੇ ਅਨਪੜ੍ਹ ਆਦਮੀ ਸਨ । ਮੈਂ ਇਨ੍ਹਾਂ ਨੂੰ ਪੁਛਦਾ ਹਾਂ ਕਿ ਗਿਆਨੀ ਜੀ ਕਿੰਨੇ ਪੜ੍ਹੇ ਹੋਏ ਹਨ ।

ਸ੍ਰੀ ਗੁਰਦਿਆਲ ਸੈਣੀ : ਮੈਂ, ਡਿਪਟੀ ਸਪੀਕਰ ਸਾਹਿਬ, ਉਸ ਹਲਕੇ ਤੋਂ ਚੁਣ ਕੇ ਆਇਆ ਜਿਹੜਾ ਕਿ ਬਹੁਤ ਪਛੜਿਆ ਹੋਇਆ ਇਲਾਕਾ ਹੈ । ਜਲੰਧਰ ਇੱਕ ਪੰਜਾਬ ਦਾ ਦਿਲ ਹੈ। ਇਹ ਗੱਭਾ ਇਲਾਕਾ ਹੈ । ਲੇਕਿਨ ਉਸ ਦੇ ਵਾਸਤੇ ਅਜ ਤਕ ਕੋਈ ਵੀ ਚੀਜ਼ ਪਿਛਲੇ ਚਾਰ ਪੰਜ ਸਾਲਾਂ ਵਿਚ ਨਹੀਂ ਹੋਈ ।

ਮੇਰੀ ਪਹਿਲੀ ਮੰਗ ਇਹ ਹੈ ਕਿ ਜਲੰਧਰ ਵਿਚ ਦਯਾਨੰਦ ਯੂਨੀਵਰਸਿਟੀ ਹੋਣੀ ਲਾਜ਼ਮੀ ਹੈ। ਲੁਧਿਆਣੇ ਵਿਚ ਯੂਨੀਵਰਸਿਟੀ ਹੈ, ਪਟਿਆਲੇ ਵਿਚ ਯੂਨੀਵਰਸਿਟੀ ਦਿੱਤੀ ਗਈ ਹੈ, ਅੰਮ੍ਰਿਤਸਰ ਵਿਚ ਵੀ ਯੂਨੀਵਰਸਿਟੀ ਬਣ ਚੁਕੀ ਹੈ। ਲੇਕਿਨ ਜਲੰਧਰ ਨੂੰ ਕਿਉਂ ਪਿੱਛੇ ਰੱਖਿਆ ਜਾਂਦਾ ਹੈ। ਕੀ ਜਲੰਧਰ ਦੇ ਲੋਕ ਇਹ ਆਸ ਨਹੀਂ ਰੱਖਦੇ ਕਿ ਸਾਡੇ ਜਲੰਧਰ ਵਿਚ ਵੀ ਦਯਾ ਨੰਦ ਯੂਨੀਵਰਸਿਟੀ ਕਾਇਮ ਕੀਤੀ ਜਾਵੇ। 14 ਮਾਰਚ, 1970 ਨੂੰ ਸਰਦਾਰ ਗੁਰਨਾਮ ਸਿੰਘ ਜੋ ਕਿ ਉਸ ਵੇਲੇ ਚੀਫ਼ ਮਨਿਸਟਰ ਸਨ, ਨੇ ਇਹ ਐਲਾਨ ਕੀਤਾ ਸੀ ਕਿ ਜਲੰਧਰ ਵਿਚ ਦਯਾ ਨੰਦ ਯੂਨੀ-ਵਰਸਿਟੀ ਖੋਲ੍ਹੀ ਜਾਵੇਗੀ। ਲੇਕਿਨ ਬਾਦ ਵਿਚ ਪਤਾ ਨਹੀਂ ਕਿਸ ਭਾਵਨਾ ਨਾਲ ਇਸ ਨੂੰ ਨਹੀਂ ਖੋਲ੍ਹਿਆ। 22 ਅਪਰੈਲ, 1969 ਨੂੰ ਸ੍ਰੀ ਬਲਰਾਮ ਜੀ ਦਾਸ ਟੰਡਨ ਨੇ ਐਲਾਨ ਕੀਤਾ ਸੀ ਕਿ ਲਾਜ਼ਮੀ ਤੌਰ ਤੇ ਦਯਾਨੰਦ ਯੂਨੀਵਰਸਿਟੀ ਜਲੰਧਰ ਵਿਚ ਹੋਣੀ ਚਾਹੀਦੀ ਹੈ। ਪਰ ਜਲੰਧਰ ਨਾਲ ਜ਼ਿਆਦਤੀ ਹੁੰਦੀ ਰਹੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਦਾ ਇਸ ਤਰਫ ਖਾਸ ਤੌਰ ਤੇ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਕਪੂਰਥਲਾ, ਹੁਸ਼ਿਆਰਪੁਰ ਅਤੇ ਜਲੰਧਰ ਨੂੰ ਮਿਲਾ ਕੇ ਇਥੇ ਇਕ ਯੂਨੀਵਰਸਿਟੀ ਕਾਇਮ ਕੀਤੀ ਜਾਵੇ।

ਦੂਸਰੀ ਮੰਗ, ਡਿਪਟੀ ਸਪੀਕਰ ਸਾਹਿਬ, ਮੇਰੀ ਇਹ ਹੈ ਕਿ ਮੈਡੀਕਲ ਕਾਲਜ ਅੰਮ੍ਰਿਤਸਰ ਵਿਚ ਵੀ ਹੈ, ਪਟਿਆਲੇ ਵਿਚ ਵੀ ਹੈ ਲੇਕਿਨ ਸਾਡੇ ਨਾਲ ਜ਼ਿਆਦਤੀ ਕੀਤੀ ਜਾਂਦੀ ਹੈ। ਜਲੰਧਰ ਵਿਚ ਕਿਸੇ ਕਿਸਮ ਦਾ ਕੋਈ ਰੁਪਿਆ ਖਰਚ ਨਹੀਂ ਕੀਤਾ ਜਾਂਦਾ। ਕੋਈ ਸਕੀਮ ਨਹੀਂ ਬਣਾਈ ਜਾਂਦੀ। ਇਸ ਸਮੇਂ ਪੰਜਾਬ ਵਿਚ ਕਾਂਗਰਸ ਪਾਰਟੀ ਦਾ ਰਾਜ ਹੈ ਅਤੇ ਸੈਂਟਰ ਵਿਚ ਵੀ ਸਾਡੀ ਪਾਰਟੀ ਦਾ ਰਾਜ ਹੈ। ਅਗਰ ਹੁਣ ਵੀ ਜਲੰਧਰ ਵਿਚ ਮੈਡੀਕਲ ਕਾਲਜ ਨਾ ਬਣਾਇਆ ਗਿਆ, ਜਦ ਕਿ ਜਲੰਧਰ ਵਿਚੋਂ ਹੀ ਸੈਂਟਰ ਵਿਚ ਵਜ਼ੀਰ ਸਰਦਾਰ ਸਵਰਨ ਸਿੰਘ ਹੋਣ ਅਤੇ ਸਰਦਾਰ ਦਰਬਾਰਾ ਸਿੰਘ ਚੀਫ ਪਾਰਲੀਮੈਂਟਰੀ ਸੈਕਟਰੀ ਹੋਣ, ਇਤਨੇ ਵੱਡੇ ਨੇਤਾ ਦਿਲੀ ਵਿਚ ਬੈਠੇ ਹੋਣ, ਤਾਂ ਕਦੇ ਵੀ ਨਹੀਂ ਬਣ ਸਕੇਗਾ। ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਡੀਕਲ ਕਾਲਜ ਬਣਾਉਣਾ ਲਾਜ਼ਮੀ ਹੈ ਤਾਂਕਿ ਸਾਡੇ ਬੱਚਿਆਂ ਦਾ ਭਵਿਖ ਚੰਗਾ ਬਣ ਸਕੇ।

12-35 ਬਾਦ ਦੁਪਹਿਰ	(ਇਸ ਸਮੇਂ ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਚੇਅਰਮੈਨ ਦੀ ਕੁਰਸੀ ਤੇ ਬਿਰਾਜਮਾਨ ਹੋਏ)।

ਸਾਡੇ ਜਲੰਧਰ ਵਿਚ ਇੱਕ ਲਾਅ ਕਾਲਜ ਹੁੰਦਾ ਸੀ। ਲੇਕਿਨ ਉਹ ਲਾਅ ਕਾਲਜ ਚੰਡੀਗੜ੍ਹ ਵਿਚ ਲਿਆਂਦਾ ਗਿਆ। ਮੈਂ ਲਾਅ ਕਾਲਜ ਦੀ ਮੰਗ ਨਹੀਂ ਕਰਦਾ। ਪਰੰਤੂ ਜਿਹੜੇ ਸਰਕਾਰੀ ਕਰਮਚਾਰੀ ਆਪਣਾ ਕੰਮ ਦਫਤਰ ਵਿਚ ਅਠ ਤੋਂ ਪੰਜ ਵਜੇ ਸ਼ਾਮ ਤਕ ਕਰਦੇ ਹਨ ਉਨ੍ਹਾਂ ਨੂੰ ਐਮ. ਏ. ਦੀ ਕਲਾਸ ਜੁਆਇਨ ਕਰਨੀ ਹੋਵੇ ਤਾਂ ਕੋਈ ਫੈਸਿਲਟੀ ਨਹੀਂ ਹੁੰਦੀ। ਉਹ ਉੱਨਤੀ ਨਹੀਂ ਕਰ ਸਕਦਾ। ਜਲੰਧਰ ਵਿਚ ਐਮ. ਏ. ਇਵਨਿੰਗ ਕਲਾਸ ਲਾਜ਼ਮੀ ਤੌਰ ਤੇ ਮਿਲਣੀ ਚਾਹੀਦੀ ਹੈ।

ਚੌਥੀ ਮੇਰੀ ਅਰਜ਼ ਇਹ ਹੈ ਕਿ ਨਾਨ-ਟੀਚਿੰਗ ਸਟਾਫ ਨਾਲ ਬੜਾ ਧੱਕਾ ਹੁੰਦਾ ਰਿਹਾ ਹੈ। ਸਰਕਾਰੀ ਸਕੂਲ ਦੇ ਬਾਕੀ ਕਰਮਚਾਰੀਆਂ ਨੂੰ ਪੂਰਾ ਗਰੇਡ ਮਿਲਦਾ ਹੈ ਤਾਂ

[ਸ੍ਰੀ ਗੁਰਦਿਆਲ ਸੈਣੀ]
ਇਨ੍ਹਾਂ ਨੂੰ ਗਰੇਡ ਕਿਉਂ ਘੱਟ ਮਿਲਦਾ ਹੈ। ਇਨ੍ਹਾਂ ਨਾਲ ਤਿੰਨ ਚਾਰ ਸਾਲਾਂ ਤੋਂ ਧੱਕਾ ਹੁੰਦਾ ਰਿਹਾ ਹੈ । ਮੈਂ ਤੁਹਾਡੇ ਰਾਹੀਂ, ਚੇਅਰਮੈਨ ਸਾਹਿਬ, ਫਾਈਨੈਂਸ ਮਨਿਸਟਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਦਾ ਕੇਸ ਡੀ. ਪੀ. ਆਈ. ਨੇ ਰਿਕੁਮੈਂਡ ਕਰਕੇ ਭੇਜਿਆ ਸੀ ਪਰੰਤੂ ਅਕਾਲੀ ਵੀਰਾਂ ਨੇ ਜਾਣ ਬੁਝਕੇ ਇਸ ਨੂੰ ਰੋਕੀ ਰੱਖਿਆ। ਮੈਂ ਫਾਈਨੈਂਸ ਮਨਿਸਟਰ ਸਾਹਿਬ ਦਾ ਧਿਆਨ ਇਸ ਪਾਸੇ ਦਿਵਾਉਣਾ ਚਾਹੁੰਦਾ ਹਾਂ ਕਿ ਨਾਨ ਟੀਚਿੰਗ ਸਟਾਫ ਨਾਲ ਇਹ ਜਿਹੜਾ ਧੱਕਾ ਹੋ ਰਿਹਾ ਹੈ ਇਹ ਬਿਲਕੁਲ ਨਹੀਂ ਚਾਹੀਦਾ।

ਮੈਂ ਦੱਸਣਾ ਚਾਹੁੰਦਾ ਹਾਂ ਕਿ ਮਿਉਂਨਿਸਪਲ ਕਮੇਟੀਆਂ ਵਾਸਤੇ ਗਵਰਨਰ ਐਡਰਸ ਵਿਚ ਕੁਝ ਗੱਲਾਂ ਚੰਗੀਆਂ ਕੀਤੀਆਂ ਗਈਆਂ ਹਨ । ਕੁਝ ਐਸੀਆਂ ਗੱਲਾਂ ਵੀ ਹਨ ਜਿਹੜੀਆਂ ਮੈਨੂੰ ਚੰਗੀਆਂ ਨਹੀਂ ਲਗੀਆਂ। ਮੈਂ ਦੱਸਣਾ ਚਾਹੁਦਾ ਹਾਂ ਕਿ ਮਾਰਕਿਟ ਕਮੇਟੀਆਂ ਲੱਖਾਂ ਰੁਪਏ ਪਿੰਡਾਂ ਵਿਚ ਲਾਉਂਦੀਆਂ ਹਨ । ਪੀ. ਡਬਲਯੂ. ਡੀ. ਅਤੇ ਬੀ. ਐਂਡ ਆਰ. ਵਾਲੇ ਆਪਣੀਆਂ ਸੜਕਾਂ ਬਣਾਉਂਦੇ ਹਨ । ਲੇਕਿਨ ਸ਼ਹਿਰਾਂ ਵਿਚ ਨਾ ਪੀ. ਡਬਲਿਯੂ. ਡੀ. ਵਾਲੇ ਪੈਸਾ ਖਰਚ ਕਰਦੇ ਹਨ ਅਤੇ ਨਾ ਹੀ ਮਾਰਕਿਟ ਕਮੇਟੀਆਂ ਖਰਚ ਕਰਦੀਆਂ ਹਨ। ਸ਼ਹਿਰਾਂ ਦੀ ਭਲਾਈ ਵਾਸਤੇ ਮਿਉਂਨਿਸਪਲ ਕਮੇਟੀ ਪੈਸਾ ਖਰਚ ਕਰ ਸਕਦੀ ਹੈ । ਜਿਸ ਮਿਉਂਨਿਸਪਲ ਕਮੇਟੀ ਕੋਲ ਸਿਰਫ 98 ਲੱਖ ਰੁਪਏ ਦਾ ਬਜਟ ਹੋਵੇ ਉਹ ਕੀ ਭਲਾਈ ਦੇ ਕੰਮ ਕਰ ਸਕਦੀ ਹੈ । ਮੈਂ ਤੁਹਾਡੇ ਰਾਹੀਂ ਸਰਕਾਰ ਦਾ ਧਿਆਨ ਇਸ ਪਾਸੇ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਸ਼ਹਿਰਾਂ ਦੀ ਭਲਾਈ ਵਾਸਤੇ, ਪੰਜਾਬ ਦੀ ਜਨਤਾ ਦੀ ਭਲਾਈ ਵਾਸਤੇ ਕੁਝ ਪੈਸੇ ਮਖਸੂਸ ਕਰਕੇ ਰਖੇ ਜਾਣੇ ਚਾਹੀਦੇ ਹਨ ਜਿਸ ਨਾਲ ਉਨ੍ਹਾਂ ਦੀ ਭਲਾਈ ਹੋ ਸਕੇ । ਜਲੰਧਰ ਵਿਚ ਗਾਂਧੀ ਕੈਂਪ, ਕਰੀਮਪੁਰ, ਰਾਮਪੁਰਾ ਅਤੇ ਸੰਤੋਖਪੁਰ ਇਤਨੇ ਪੱਛੜੇ ਇਲਾਕੇ ਹਨ ਜਿਨ੍ਹਾਂ ਵਿਚ ਬਹੁਤ ਹੀ ਮੱਛਰ ਹਨ । ਉਹ ਇਤਨੀਆਂ ਗੰਦੀਆਂ ਬਸਤੀਆਂ ਹਨ ਕਿ ਕੋਈ ਆਦਮੀ ਉਥ ਕਦਮ ਨਹੀਂ ਰੱਖ ਸਕਦਾ । ਉਨ੍ਹਾਂ ਨੂੰ ਉਜਾਲਾ ਕਰਨਾ ਚਾਹੀਦਾ ਹੈ । ਹਰੇਕ ਜ਼ਿਲ੍ਹੇ ਵਿਚ ਜਿਥੇ ਐਸੀਆਂ ਗੰਦੀਆਂ ਬਸਤੀਆਂ ਹਨ ਉਨ੍ਹਾਂ ਵਾਸਤੇ ਐਡਰੈਸ ਵਿਚ ਕੁਝ ਨਹੀਂ ਦਸਿਆ ਗਿਆ । ਮੈਂ ਤਹਾਡੇ ਰਾਹੀਂ ਚੀਫ ਮਨਿਸਟਰ ਨੂੰ ਦਸਣਾ ਚਾਹੁੰਦਾ ਹਾਂ ਕਿ ਇਸ ਮਾਮਲੇ ਉਪਰ ਖਾਸ ਤੌਰ ਤੇ ਧਿਆਨ ਦੇਣ । ਇੰਡਸਟਰੀਅਲ ਏਰੀਆਜ਼ ਜਿਤਨੇ ਪੰਜਾਬ ਵਿਚ ਹਨ ਉਥੇ ਕੋਈ ਸੀਵਰੇਜ਼ ਦਾ ਇੰਤਜ਼ਾਮ ਨਹੀਂ । ਉਨ੍ਹਾਂ ਇੰਡਸਟਰੀਅਲ ਏਰੀਆਜ਼ ਵਿਚ ਹਜ਼ਾਰਾਂ ਲੇਬਰ ਕੰਮ ਕਰਦੀ ਹੈ, ਹਜ਼ਾਰਾਂ ਇਮਪਲਾਈਜ਼ ਕੰਮ ਕਰਦੇ ਹਨ ਔਰ ਹਜ਼ਾਰਾਂ ਮਾਲਕ ਮਜ਼ਦੂਰ ਕੰਮ ਕਰਦੇ ਹਨ। ਉਥੇ ਲੋਕ ਸੜਕਾਂ ਉਪਰ ਨਹੀਂ ਲੰਘ ਸਕਦੇ ਕਿਉਂਕਿ ਉਥੇ ਮੱਛਰਾਂ ਦੇ ਭੰਡਾਰ ਹੁੰਦੇ ਹਨ । ਇੰਡਸਟਰੀਅਲ ਐਸਟੇਟਸ ਜਾਂ ਜਿਤਨੇ ਇੰਡਸਟਰੀਅਲ ਏਰੀਆਜ਼ ਹਨ ਉਨ੍ਹਾਂ ਲਈ, ਕੁਝ ਰੁਪਿਆ ਮਖਸੂਸ ਕਰਕੇ ਰੱਖਣਾ ਚਾਹੀਦਾ ਹੈ । ਟਾਂਡਾ ਰੋਡ ਤੇ ਇੱਕ ਟੋਬੜੀ ਹੈ। ਸਾਰੇ ਸ਼ਹਿਰ ਦਾ ਗੰਦਾ ਪਾਣੀ ਉਥੇ ਜਾ ਡਿਗਦਾ ਹੈ। ਉਨ੍ਹਾਂ ਲੋਕਾਂ ਦੇ ਨਲਕਿਆਂ ਵਿਚੋਂ ਪਾਣੀ ਬਦਬੂ ਮਾਰਨ ਲਗ ਪਿਆ । ਲੋਕ ਉਥੇ ਸੌਂ ਨਹੀਂ ਸਕਦੇ। ਅਗਰ ਬਾਹਰੋਂ ਕੋਈ ਆਦਮੀ ਉਨ੍ਹਾਂ ਦੇ ਘਰ ਆਉਂਦਾ ਹੈ ਤਾਂ ਕਹਿੰਦਾ ਹੈ ਕਿ ਕਿਸ ਤਰ੍ਹਾਂ ਦੀਆਂ ਗੰਦੀਆਂ ਬਸਤੀਆਂ ਵਿਚ ਤੁਸੀਂ ਬੈਠੇ ਹੋ । ਡੇਢ ਸਾਲ ਪਹਿਲਾਂ ਅਕਾਲੀ ਵਜ਼ਾਰਤ ਵਿਚ ਮੈਂ ਪਰੋਪੋਜ਼ਲ ਭੇਜੀ ਸੀ ਪਰ ਚੂੰਕਿ ਮੈਂ ਅਪੋਜ਼ੀਸ਼ਨ ਦੀਆਂ ਬੈਂਚਾਂ ਤੇ ਬੈਠਾ ਸੀ ਇਸ ਲਈ ਕੋਈ ਖਿਆਲ ਨਹੀਂ ਰੱਖਿਆ ਗਿਆ । ਵਾਹਿਗੁਰੂ ਦੀ ਕਿਰਪਾ ਨਾਲ ਮੈਂ ਹੁਣ ਰੂਲਿੰਗ ਪਾਰਟੀ ਵਿਚ ਬੈਠਾ ਹਾਂ । ਵੈਰੀ

ਤੌਰ ਤੇ ਇਸ ਮਸਲੇ ਵਲ ਧਿਆਨ ਸਰਕਾਰ ਨੂੰ ਦੇਣਾ ਚਾਹੀਦਾ। ਮੈਂ ਦਸਣਾ ਚਾਹੁੰਦਾ ਹਾਂ ਕਿ ਇਮਪੂਰਵਮੈਂਟ ਟਰਸਟ ਵਾਲੇ 10, 10 ਸਾਲ ਸਕੀਮ ਬਣਾਕੇ ਬੈਠੇ ਰਹਿੰਦੇ ਹਨ। ਜਿਸ ਵੇਲੇ ਸਕੀਮ ਬਣਾਈ ਜਾਵੇ ਉਸ ਜਗ੍ਹਾਂ ਉਪਰ ਮਿਯੂਨਸਪਲ ਕਮੇਟੀ ਕੋਈ ਨਕਸ਼ਾ ਪਾਸ ਨਹੀਂ ਕਰ ਸਕਦੀ। ਜੇ ਨਹੀਂ ਕਰਦੀ ਤਾਂ ਡਿਵੈਲਪਮੈਂਟ ਨਹੀਂ ਹੋ ਸਕਦੀ। ਜੇ ਡਿਵੈਲਪਮੈਂਟ ਨਹੀਂ ਹੋਵੇਗੀ ਤਾਂ ਲਾਜ਼ਮੀ ਤੌਰ ਤੇ ਉਥੇ ਬਿਮਾਰੀ ਫੈਲੇਗੀ। ਕੋਈ ਨਾ ਕੋਈ ਕਾਨੂੰਨ ਲਾਗੂ ਕੀਤਾ ਜਾਣਾ ਚਾਹੀਦਾ ਹੈ ਕਿ ਜੋ ਕੋਈ ਸਕੀਮ ਇਮਪਰੂਵਮੈਂਟ ਟਰੱਸਟ ਦੀ ਬਣੇ ਉਹ ਤਿੰਨ ਸਾਲਾਂ ਦੇ ਵਿਚ ਵਿਚ ਮੁਕੰਮਲ ਹੋਣੀ ਚਾਹੀਦੀ ਹੈ। ਲੇਕਿਨ ਦੇਖਣ ਵਿਚ ਆਉਂਦਾ ਹੈ ਕਿ 20, 20 ਸਾਲ ਦੀਆਂ ਸਕੀਮਾਂ ਇਸੇ ਤਰ੍ਹਾਂ ਪਈਆਂ ਹਨ।

ਮੈਂ, ਚੇਅਰਮੈਨ ਸਾਹਿਬ, ਦਸਣਾ ਚਾਹੁੰਦਾ ਹਾਂ ਕਿ ਅਕਾਲੀ ਵਜ਼ਾਰਤ ਵੇਲੇ ਰਾਸ਼ਨ ਡਿਪੂਆਂ ਉਪਰ ਕਾਰਡਾਂ ਦੀ ਪਾਬੰਦੀ ਲਗਾਈ ਗਈ ਸੀ। ਜਿਸ ਕੋਲ 1,000 ਕਾਰਡ ਹੋਣ ਉਸ ਨੂੰ ਡਿਪੂ ਦਿੱਤਾ ਜਾਂਦਾ ਸੀ। ਇਸ ਕਾਰਣ ਇਤਨੀ ਜ਼ਿਆਦਾ ਭੀੜ ਹੋ ਜਾਂਦੀ ਹੈ ਕਿ ਬੀਬੀਆਂ, ਮਾਤਾਵਾਂ ਅਤੇ ਮੇਰੇ ਵੀਰ ਰਾਸ਼ਨ ਲੈਣ ਲਈ ਲਾਈਨਾਂ ਵਿਚ ਘੰਟੇ ਬੱਧੀ ਖੜੇ ਰਹਿੰਦੇ ਹਨ। ਇਨ੍ਹਾਂ ਦੀ ਗਲਤੀ ਦਾ ਨਤੀਜਾ ਇਹ ਗਰੀਬ ਲੋਕ ਕਿਉਂ ਭੁਗਤਨ। ਇਹ ਰਾਸ਼ਨ ਕਾਰਡ ਦੀ ਪਾਬੰਦੀ 500 ਤੋਂ ਵੱਧ ਨਹੀਂ ਹੋਣੀ ਚਾਹੀਦੀ ਤਾਂ ਕਿ ਲੋਕ ਆਰਾਮ ਨਾਲ ਰਾਸ਼ਨ ਦਾ ਸਮਾਨ ਲੈ ਸਕਣ।

ਚੇਅਰਮੈਨ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਇਲਾਕੇ ਨਾਲ ਕਿੰਨਾ ਵੱਡਾ ਜ਼ੁਲਮ ਕੀਤਾ ਗਿਆ। ਦਾਨਾ ਮੰਡੀ ਖੋਲੀ ਗਈ। ਬਹੁਤ ਖੁਸ਼ੀ ਹੋਈ। ਲੇਕਿਨ ਇਹ ਸਰਦਾਰ ਲੱਛਮਣ ਸਿੰਘ ਗਿੱਲ ਦੇ ਵੇਲੇ ਖੁਲ੍ਹੀ। ਇਸ ਦਾ ਕਰੈਡਿਟ ਮੈਂ ਇਨ੍ਹਾਂ ਨੂੰ ਨਹੀਂ ਦੇਣਾ ਚਾਹੁੰਦਾ। ਫੈਨਟਨ ਗੰਜ ਦੀ ਮੰਡੀ ਸੌ ਸਾਲ ਪੁਰਾਣੀ ਮੰਡੀ ਸੀ। ਇਨ੍ਹਾਂ ਨੇ ਉਹ ਮੰਡੀ ਇਸ ਕਰਕੇ ਬੰਦ ਕਰਾ ਦਿੱਤੀ ਸੀ ਕਿਉਂਕਿ ਕਾਂਗਰਸ ਨੂੰ ਵੋਟਾਂ ਉਨ੍ਹਾਂ ਨੇ ਪਾਈਆਂ ਸਨ। ਇਸ ਕਰਕੇ ਇਨ੍ਹਾਂ ਦੀ ਕਾਰਵਾਈ ਬੰਦ ਕਰਾ ਦਿੱਤੀ ਸੀ। ਇਸ ਧੱਕੇ ਕਾਰਣ ਹਜ਼ਾਰਾਂ ਆਦਮੀ ਬੇਕਾਰ ਬੈਠੇ ਹਨ, ਮਜ਼ਦੂਰ ਲੇਬਰ ਬੇਕਾਰ ਬੈਠੇ ਹਨ। ਮੈਂ ਅਰਜ ਕਰਨਾ ਚਾਹੁੰਦਾ ਹਾਂ ਕਿ ਉਸ ਮੰਡੀ ਦੀ ਪਰਚੇਜ਼ ਖੋਲ੍ਹੀ ਜਾਵੇ, ਜਿਥੇ ਕੋਈ ਦਾਨਾ ਵੇਚਣਾ ਜਾਂ ਲੈਣਾ ਚਾਹੇ, ਲੈ ਲਵੇ।

ਇਨ੍ਹਾਂ ਅਕਾਲੀਆਂ ਦੀ ਮਿਹਰਬਾਨੀ ਨਾਲ ਬਿਲਕੁਲ ਇੰਡਸਟਰੀ ਦਾ ਭੱਠਾ ਬੈਠ ਗਿਆ। 12 ਵੱਡੇ ਲਾਈਸੈਂਸ ਸੈਂਟਰ ਦੀ ਸਰਕਾਰ ਨੇ ਭੇਜੇ। ਇਨ੍ਹਾਂ ਨੇ ਅਪਣੀਆਂ ਕੀਮਤਾਂ ਰਖੀਆਂ ਅਤੇ ਲਾਇਸੈਂਸ ਜ਼ਾਇਆ ਕਰ ਦਿੱਤੇ। ਰਾ-ਮੈਟੀਰੀਅਲ ਕਿਸ ਤਰ੍ਹਾਂ ਖੁਰਦ ਬੁਰਦ ਹੋਇਆ ਉਹ ਸਭ ਚੀਜ਼ਾਂ ਦਾ ਤੁਹਾਨੂੰ ਪਤਾ ਹੈ। ਇਨ੍ਹਾਂ ਨੇ ਪਲਾਂਟ ਟਰਾਂਸਫਰ ਕਰਨ ਵੇਲੇ ਕੀ ਕੁਝ ਕੀਤਾ ਹੈ ਕਿੰਨਾ ਗਬਨ ਕੀਤਾ ਹੈ। ਇੰਡਸਟਰੀ ਦਾ ਭੱਠਾ ਇਸ ਕਰਕੇ ਬੈਠਾ ਹੈ ਪੰਜਾਬ ਵਿਚ ਕਿਉਂਕਿ ਜਦੋਂ ਵੀ ਜੰਗ ਹੁੰਦੀ ਹੈ ਇਸ ਦੀ ਸੱਟ ਪੰਜਾਬ ਦੀ ਇੰਡਸਟਰੀ ਨੂੰ ਲਗਦੀ ਹੈ। ਜੋ ਲੋਨ ਇੰਡਸਟਰੀ ਨੂੰ ਮਿਲਦਾ ਹੈ, ਉਸਦਾ ਇਨ੍ਹਾਂ ਕੀ ਕੀਤਾ। ਹਰੇਕ ਲੋਨੀ ਜਿਹੜਾ ਹੋਵੇ ਉਹ ਆਪਣੀ ਫੈਕਟਰੀ ਨੂੰ ਇਨਸ਼ੋਅਰ ਕਰਾਏ। ਲੇਕਿਨ ਕਈ ਬੰਦ ਐਸੇ ਸੀ ਜਿਨ੍ਹਾਂ ਨੇ ਅਪਣੀ ਫੈਕਟਰੀ ਨੂੰ ਇਨਸ਼ੋਅਰ ਨਹੀਂ ਕਰਾਇਆ ਉਨ੍ਹਾਂ ਉਪਰ ਉਸ ਦਿਨ ਤੋਂ ਪੀਨਲ ਇੰਟਰਸਟ $7\frac{1}{2}\%$ ਦੇ ਹਿਸਾਬ ਨਾਲ ਅਤੇ ਦੂਜਾ ਇੰਟਰਸਟ 3% ਦੇ ਹਿਸਾਬ ਨਾਲ ਪਿਆ। ਭਾਵ ਜਿੰਨੀ ਰਕਮ ਦਿੱਤੀ ਸੀ ਉਹ ਜੇ 8,000 ਸੀ ਤਾਂ ਲੋਨ ਲੈਣ ਵਾਲੇ ਨੂੰ 17,000 ਪੀਨਲ ਇੰਟਰਸਟ ਦੇਣਾ ਪਿਆ। ਇਹ ਬੜਾ ਧੱਕਾ ਹੈ।

[ਸ੍ਰੀ ਗੁਰਦਿਆਲ ਸੈਣੀ]

ਮੈਂ ਇਸ ਸਬੰਧ ਵਿਚ ਕਾਲ ਅਟੈਨਸ਼ਨ ਦਾ ਨੋਟਿਸ ਵੀ ਦਿਤਾ ਹੈ। ਮੇਰੀ ਇਹ ਮੰਗ ਹੈ ਸਰਕਾਰ ਪਾਸੋਂ ਕਿ ਇਨਡਸਟ੍ਰੀਲਿਸਟਾਂ ਨਾਲ ਧੱਕਾ ਨਾ ਕੀਤਾ ਜਾਵੇ ਅਤੇ ਉਨ੍ਹਾਂ ਤੇ ਜਿਹੜਾ ਪੀਨਲ ਇਨਟਰਸਟ ਲਗਾਇਆ ਗਿਆ ਹੈ ਇਸ ਨੂੰ ਵਾਪਿਸ ਲਿਆ ਜਾਵੇ, ਇਹ ਨਹੀਂ ਲਗਣਾ ਚਾਹੀਦਾ।

ਇਸ ਤੋਂ ਅਗੇ ਮੈਂ ਬੇਨਤੀ ਕਰਾਂਗਾ ਕਿ 1952 ਤੋਂ ਹੁਣ ਤਕ ਜਿਹੜੇ ਇੰਡਸਟਰੀ ਦੇ ਪਲਾਟ ਅਲਾਟ ਕੀਤੇ ਗਏ ਸਨ ਉਹ ਅਜ ਤਕ ਟ੍ਰਾਂਸਫਰ ਨਹੀਂ ਕੀਤੇ ਗਏ। ਉਨ੍ਹਾਂ ਦੀ ਰਜਿਸਟ੍ਰੇਸ਼ਨ ਨਹੀਂ ਕਰਵਾ ਕੇ ਦਿਤੀ ਗਈ। ਇਸ ਲਈ ਬੇਨਤੀ ਹੈ ਕਿ ਜਿਹੜੇ ਪਲਾਟ ਹੋਲਡਰਾਂ ਨੇ ਪਲਾਟਾਂ ਦੀ ਕੀਮਤ ਪੇ ਕਰ ਦਿਤੀ ਹੈ ਅਤੇ ਇਨਟ੍ਰੈਸਟ ਵੀ ਦੇ ਦਿਤਾ ਹੈ ਉਨ੍ਹਾਂ ਪਲਾਟਾਂ ਦੀ ਰਜਿਸਟ੍ਰੇਸ਼ਨ ਉਨ੍ਹਾਂ ਦੇ ਨਾਮ ਕੀਤੀ ਜਾਵੇ (ਘੰਟੀ) ਚੇਅਰਮੈਨ ਸਾਹਿਬ, ਮੈਂ ਬਸ ਖਤਮ ਹੀ ਕਰਨ ਲਗਾ ਹਾਂ। ਮੈਂ ਸੇਲਜ਼ ਟੈਕਸ ਦੇ ਬਾਰੇ ਵਿਚ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਨਾਲ ਇਕ ਇਨਸਪੈਕਟਰੀ ਰਾਜ ਲਾਗੂ ਕਰ ਦਿਤਾ ਗਿਆ ਹੋਇਆ ਹੈ। ਜਿਸ ਤਰ੍ਹਾਂ ਖੰਡ ਤੇ ਤਮਾਕੂ ਅਤੇ ਕਪੜੇ ਤੇ ਪਹਿਲੀ ਸਟੇਜ ਤੇ ਹੀ ਟੈਕਸ ਲਗ ਜਾਂਦਾ ਹੈ ਇਸੇ ਤਰ੍ਹਾਂ ਸੇਲਜ਼ ਟੈਕਸ ਪਹਿਲੇ ਮਰਹਲੇ ਤੇ ਹੀ ਲਗਾ ਦਿਤਾ ਜਾਵੇ ਅਤੇ ਇਸ ਤਰ੍ਹਾਂ ਦੇ ਇਨਸਪੈਕਟਰੀ ਰਾਜ ਤੋਂ ਪੰਜਾਬ ਦੀ ਜਨਤਾ ਨੂੰ ਨਿਜਾਤ ਦਿਲਾਈ ਜਾਵੇ। ਇਥੇ ਹੀ ਬਸ ਨਹੀਂ ਅਕਾਲੀ ਸਰਕਾਰ ਨੇ ਡਿਸਕਾਉਂਟ ਤੇ ਵੀ ਟੈਕਸ 10% ਲਗਾ ਦਿੱਤਾ ਸੀ ਅਤੇ ਇਸ ਤਰ੍ਹਾਂ 4 ਕਰੋੜ ਰੁਪਿਆ ਇਕੱਠਾ ਕਰ ਲਿਆ। ਡਿਸਕਾਉਂਟ ਤੇ ਸੇਲਜ਼ ਟੈਕਸ ਲਗਾ ਪਰ ਅਜ ਅਸਾਡੀ ਸਰਕਾਰ ਆ ਗਈ ਹੈ ਪਰ ਇਹ ਇਸ ਮਾਮਲੇ ਤੇ ਚੁਪ ਬੈਠੀ ਹੈ। ਇਸ ਸਬੰਧ ਵਿਚ ਲੋਕਾਂ ਤੇ ਕੇਸ ਚਲਾਏ ਗਏ ਸਨ। ਮੈਂ ਚੀਫ ਮਨਿਸਟਰ ਸਾਹਿਬ ਪਾਸ ਬੇਨਤੀ ਕਰਾਂਗਾ ਕਿ ਇਨ੍ਹਾਂ ਕੇਸਾਂ ਨੂੰ ਵਾਪਿਸ ਲਿਆ ਜਾਵੇ ਅਤੇ ਡਿਸਕਾਉਂਟ ਤੇ ਸੇਲਜ਼ ਟੈਕਸ ਤੋਂ ਬਰੀ ਕੀਤਾ ਜਾਵੇ।

ਇਕ ਬੇਨਤੀ ਮੈਂ ਦੁਕਾਨਾਂ ਦੀ ਜਬਰੀ ਰਜਿਸਟ੍ਰੇਸ਼ਨ ਦੇ ਬਾਰੇ ਵਿਚ ਕਹਿਣਾ ਚਾਹੁੰਦਾ ਹਾਂ। ਛੋਟੇ ਦੁਕਾਨਦਾਰ ਲਈ ਇਹ ਜਬਰਨ ਕਰ ਦਿਤਾ ਗਿਆ ਹੈ ਕਿ ਉਹ ਸੇਲਜ਼ ਟੈਕਸ ਨੰਬਰ ਲੈ ਕੇ ਆਵੇ ਹਾਲਾਂਕਿ ਉਹ ਕੋਈ ਐਕਸਪੋਰਟ ਨਹੀਂ ਕਰਦਾ ਕੋਈ ਇਮਪੋਰਟ ਨਹੀਂ ਕਰਦਾ ਉਹ ਹਰ ਚੀਜ਼ ਤੇ ਸੇਲਜ਼ ਟੈਕਸ ਦੇ ਕੇ ਆਉਂਦਾ ਹੈ। ਇਸ ਲਈ ਉਸ ਦੀ ਲਾਜ਼ਮੀ ਰਜਿਸਟ੍ਰੇਸ਼ਨ ਨਹੀਂ ਕੀਤੀ ਜਾਣੀ ਚਾਹੀਦੀ। (ਘੰਟੀ)

ਸਰਦਾਰ ਜਸਦੇਵ ਸਿੰਘ ਸੰਧੂ (ਭੁਕਾਲਾ) : ਜਨਾਬ ਚੇਅਰਮੈਨ ਸਾਹਿਬ ਅਜ ਜਿਹੜੀ ਗਵਰਨਰ ਸਾਹਿਬ ਦੇ ਭਾਸ਼ਨ ਤੇ ਬਹਿਸ ਹੋ ਰਹੀ ਹੈ ਇਸ ਦੇ ਬਾਰੇ ਵਿਚ ਪਹਿਲੀ ਗਲ ਤਾਂ ਇਹ ਹੈ ਕਿ ਪਟਿਆ ਪਹਾੜ ਤੇ ਨਿਕਲਿਆ ਚੂਹਾ। ਇਸ ਵਿਚ ਕੋਈ ਗਲ ਅਜਿਹੀ ਨਹੀਂ ਜਿਸ ਲਈ ਗਵਰਨਰ ਸਾਹਿਬ ਨੂੰ ਵਧਾਈ ਦਿਤੀ ਜਾ ਸਕੇ। ਖੁਦ ਗਵਰਨਰ ਸਾਹਿਬ ਨੇ ਆਪਣੇ ਭਾਸ਼ਨ ਵਿਚ ਇਸ ਗਲ ਦਾ ਇਤਰਾਫ ਕੀਤਾ ਹੈ ਕਿ ਉਨ੍ਹਾਂ ਨੂੰ ਕਈ ਗਲਾਂ ਵਿਚ ਨਾਕਾਮਯਾਬੀ ਹੋਈ ਹੈ। ਪੰਜਾਬ ਨੇ ਪਿਛੇ ਹੋਈ ਜੰਗ ਵਿਚ ਜਿਹੜਾ ਨੁਕਸਾਨ ਉਠਾਇਆ ਹੈ ਅਤੇ ਬਾਰਡਰ ਏਰੀਆ ਹੋਣ ਕਰਕੇ ਇਸ ਸੂਬੇ ਵਿਚ ਜਿਹੜਾ ਨੁਕਸਾਨ ਹੋਇਆ ਹੈ ਗਵਰਨਰ ਸਾਹਿਬ ਨੇ ਆਪ ਮੰਨਿਆ ਹੈ ਕਿ ਪੂਰਾ ਨਹੀਂ ਕੀਤਾ ਜਾ ਸਕਿਆ। ਇਸ ਲਈ ਪੰਜਾਬੀਆਂ ਨੂੰ ਜਰਨਾ ਚਾਹੀਦਾ ਹੈ। ਇਹ ਠੀਕ ਹੈ ਕਿ ਜਿਹੜੀ ਜੰਗ ਹੋਈ ਚਾਹੇ ਆਜ਼ਾਦੀ ਦੀ ਉਹ ਜੰਗ ਸੀ ਜਾਂ ਮੁਲਕ ਨੂੰ ਆਜ਼ਾਦ ਕਰਾਉਣ ਲਈ ਸੀ ਉਸ ਵਿਚ ਵਧ-ਤੋਂ-ਵਧ

ਕੁਰਬਾਨੀਆਂ ਪੰਜਾਬੀਆਂ ਨੇ ਦਿਤੀਆਂ । 1965 ਵਿਚ ਅਤੇ ਫਿਰ 1971 ਵਿਚ ਪੰਜਾਬ ਦਾ ਸਭ ਤੋਂ ਵਧ ਨੁਕਸਾਨ ਹੋਇਆ । ਜਿਹੜਾ ਨੁਕਸਾਨ ਪੰਜਾਬੀਆਂ ਨੂੰ ਇਸ ਜੰਗ ਵਿਚ ਉਠਾਉਣਾ ਪਿਆ ਇਸ ਵਿਚ ਪੰਜਾਬ ਦੀ ਸਰਕਾਰ ਗਵਰਨਰ ਸਾਹਿਬ ਅਤੇ ਹਿੰਦ ਸਰਕਾਰ ਬੁਰੀ ਤਰ੍ਹਾਂ ਫੇਲ ਹੋਈ ਹੈ । ਇਸ ਐਡਰੈਸ ਵਿਚ ਕੋਈ ਇਸ ਗਲ ਦਾ ਜ਼ਿਕਰ ਨਹੀਂ ਕਿ ਨੁਕਸਾਨ ਕਿਸ ਤਰ੍ਹਾਂ ਪੂਰਾ ਕੀਤਾ ਜਾਵੇਗਾ । ਜੇਕਰ ਨੁਕਸਾਨ ਪੂਰਾ ਕੀਤਾ ਜਾਂਦਾ ਤਾਂ ਲੋਕਾਂ ਵਿਚ ਭਰੋਸਾ ਪੈਦਾ ਹੋ ਸਕਦਾ ਸੀ ਪਰ ਗਵਰਨਰ ਸਾਹਿਬ ਇਹ ਨਹੀਂ ਕਰ ਸਕੇ ।

ਇਸ ਤੋਂ ਇਲਾਵਾ ਜਿਸ ਬੇਰਹਿਮੀ ਦਾ ਸਬੂਤ ਗਵਰਨਰ ਸਾਹਿਬ ਨੇ ਆਪਣੇ ਰਾਜ ਕਾਲ ਵਿਚ ਦਿਤਾ ਹੈ ਉਸ ਦੀ ਮਿਸਾਲ ਨਹੀਂ । ਇਨ੍ਹਾਂ ਨੇ ਜ਼ਬਰੀ ਵਾਰ ਫੰਡ ਇਕੱਠਾ ਕਰਵਾਇਆ, ਚਾਹੇ ਕੋਈ ਗਰੀਬ ਸੀ, ਚਾਹੇ ਕੋਈ ਅਮੀਰ ਸੀ, ਚਾਹੇ ਜੰਗ ਏਰੀਆ ਵਿਚ ਰਹਿੰਦਾ ਸੀ ਹਰ ਇਕ ਤੋਂ ਜਬਰਦਸਤੀ ਵਾਰ ਫੰਡ ਇਕੱਠਾ ਕੀਤਾ ਗਿਆ । ਪੰਜਾਬ ਹਮੇਸ਼ਾਂ ਨੁਕਸਾਨ ਉਠਾਉਂਦਾ ਰਿਹਾ ਹੈ ਅਤੇ ਪੰਜਾਬ ਦੇ ਲੋਕਾਂ ਦਾ ਨੁਕਸਾਨ ਸਾਰੇ ਹਿੰਦੁਸਤਾਨ ਨੂੰ ਪੂਰਾ ਕਰਨਾ ਚਾਹੀਦਾ ਹੈ ਪਰ ਅਸਾਡੇ ਗਵਰਨਰ ਸਾਹਿਬ ਨੇ ਜ਼ਬਰੀ ਵਾਰ ਫੰਡ ਲਿਆ ਅਤੇ ਅਫਸਰਾਂ ਨੇ ਇਹ ਦਸਣ ਲਈ ਕਿ ਅਸੀਂ ਵਾਰ ਫੰਡ ਸਾਰਿਆਂ ਤੋਂ ਜ਼ਿਆਦਾ ਇਕੱਠਾ ਕੀਤਾ ਹੈ, ਜ਼ਬਰਦਸਤੀ ਕੀਤੀ । ਅਤੇ ਇਹ ਰੁਪਿਆ ਪੰਜਾਬ ਸਕਿਉਰਿਟੀ ਫੰਡ ਵਿਚ ਦਿੱਤਾ । ਮੈਨੂੰ ਸਮਝ ਨਹੀਂ ਆਉਂਦੀ ਕਿ ਇਹ ਰਕਮ ਖਰਚ ਕਿਥੇ ਕੀਤੀ ਜਾਣੀ ਹੈ । ਕਲ ਸਰਦਾਰ ਉਮਰਾਓ ਸਿੰਘ ਹੋਰਾਂ ਨੇ ਇਹ ਕਿਹਾ ਸੀ ਕਿ ਗਰੀਬ ਹਰੀਜਨਾਂ ਅਤੇ ਗੈਰ ਜ਼ਿਮੀਦਾਰ ਲੋਕਾਂ ਨੂੰ ਜਿਨ੍ਹਾਂ ਦੇ ਡੰਗਰ ਮਾਰੇ ਗਏ ਹਨ ਅਤੇ ਨੁਕਸਾਨ ਹੋਇਆ ਹੈ ਉਨ੍ਹਾਂ ਨੂੰ ਰੀਲੀਫ ਨਹੀਂ ਦੇ ਸਕਦੇ ਕਿਉਂਕਿ ਹਿੰਦ ਸਰਕਾਰ ਨੇ ਉਨ੍ਹਾਂ ਲਈ ਰੀਲੀਫ ਨਹੀਂ ਦਿਤਾ । ਇਸ ਲਈ ਮੈਂ ਕਹਾਂਗਾ ਕਿ ਜਿਹੜਾ ਇਹ ਵਾਰ ਫੰਡ ਪੰਜਾਬ ਦੇ ਲੋਕਾਂ ਤੋਂ ਇਕੱਠਾ ਕੀਤਾ ਗਿਆ ਹੈ ਇਹ ਇਸ ਤਰ੍ਹਾਂ ਦੇ ਲੋਕਾਂ ਨੂੰ ਸਹਾਇਤਾ ਦੇ ਤੌਰ ਤੇ ਦਿੱਤਾ ਜਾਵੇ । ਇਹ ਰੁਪਿਆ ਪੰਜਾਬ ਵਿਚੋਂ ਇਕੱਠਾ ਕੀਤਾ ਗਿਆ ਹੈ ਅਤੇ ਜਬਰੀ ਲਿਆ ਗਿਆ ਹੈ । ਇਹ ਕਿਉਂ ਨਾਂ ਇਨ੍ਹਾਂ ਲੋਕਾਂ ਨੂੰ ਦਿੱਤਾ ਜਾਵੇ ਜਿਨ੍ਹਾਂ ਲਈ ਰੀਲੀਫ ਕੇਂਦਰ ਵਲੋਂ ਨਹੀਂ ਦਿੱਤਾ ਗਿਆ ਤਾਂ ਕਿ ਲੋਕਾਂ ਵਿਚ ਭਰੋਸਾ ਪੈਦਾ ਹੋਵੇ ਕਿ ਸਰਕਾਰ ਨੇ ਉਨ੍ਹਾਂ ਦੀ ਮਦਦ ਕੀਤੀ ਹੈ ।

ਜਨਾਬ ਚੇਅਰਮੈਨ ਸਾਹਿਬ, ਇਸ ਸਮੇਂ ਕੋਈ ਵੀ ਵਜ਼ੀਰ ਹਾਜ਼ਰ ਨਹੀਂ ਅਤੇ ਜਿਹੜੇ ਮੰਤਰੀ ਸਾਹਿਬ ਹਾਜ਼ਰ ਹਨ ਉਹ ਸੁਤੇ ਪਏ ਹਨ, ਉਨ੍ਹਾਂ ਨੂੰ ਜ਼ਰਾ ਜਗਾ ਦਿਓ । (ਹਾਸਾ) (ਵਿਘਨ)

Mr. Chairman (Comrade Shamsher Singh Josh) : I would request the Minister of State Shri Kharbanda to please be attentive. (ਵਿਘਨ)

ਸਰਦਾਰ ਜਸਦੇਵ ਸਿੰਘ ਸੰਧੂ : ਚੇਅਰਮੈਨ ਸਾਹਿਬ, ਮੇਰਾ ਕਹਿਣ ਦਾ ਭਾਵ ਇਹ ਸੀ ਕਿ ਸਰਕਾਰ ਨੂੰ ਪੰਜਾਬ ਦੇ ਲੋਕਾਂ ਦੇ ਜਜ਼ਬਾਤ ਦਾ ਐਨਾ ਅਹਿਸਾਸ ਹੈ ਕਿ ਵਜ਼ੀਰ ਸਾਹਿਬਾਨ ਗੈਰ ਹਾਜ਼ਰ ਹਨ ਅਤੇ ਜਿਹੜੇ ਹਨ ਉਹ ਸੁਤੇ ਪਏ ਹਨ । (ਵਿਘਨ)

ਰਾਜ ਮੰਤਰੀ (ਸ੍ਰੀ ਗਿਆਨ ਚੰਦ ਖਰਬੰਦਾ) : ਮਾਫ ਕਰਨਾ, ਮੈਂ ਸੁਤਾ ਨਹੀਂ ਸੀ ਪਿਆ, ਸੋਚ ਰਿਹਾ ਸਾਂ ।

ਸਰਦਾਰ ਜਸਦੇਵ ਸਿੰਘ ਸੰਧੂ : ਜਨਾਬ ਚੇਅਰਮੈਨ ਸਾਹਿਬ ਪੰਜਾਬ ਦੇ ਦੋ ਭਖਦੇ ਮਸਲੇ ਹਨ ਜਿਨ੍ਹਾਂ ਦੇ ਬਾਰੇ ਵਿਚ ਗਵਰਨਰ ਸਾਹਿਬ ਨੇ ਆਪਣੇ ਐਡਰੇਸ ਵਿਚ ਸੰਕੇਤ ਨਹੀਂ ਕੀਤਾਂ। ਮੈਂ ਸਮਝਦਾ ਹਾਂ ਕਿ ਜਿਸ ਵੇਲੇ ਪੰਜਾਬੀ ਸੂਬਾ ਬਣਿਆ ਗਿਆਨੀ ਜ਼ੈਲ ਸਿੰਘ ਹੋਰਾਂ ਨੇ ਪੰਜਾਬ ਪਰਦੇਸ਼ ਕਾਂਗਰਸ ਕਮੇਟੀ ਵਲੋਂ ਮਤਾ ਪਾਸ ਕੀਤਾ ਸੀ ਕਿ ਜੋ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚੋਂ ਬਾਹਰ ਰਹਿ ਗਏ ਹਨ ਉਨ੍ਹਾਂ ਨੂੰ ਪੰਜਾਬ ਵਿਚ ਜਲਦੀ ਤੋਂ ਜਲਦੀ ਸ਼ਾਮਿਲ ਕੀਤਾ ਜਾਵੇ। ਉਸ ਸਮੇਂ ਮਤਾ ਪਾਸ ਕਰਨ ਵਾਲੇ ਨੂੰ ਅਜ ਮੁੱਖ ਮੰਤਰੀ ਬਣਨ ਦਾ ਮੌਕਾ ਮਿਲਿਆ ਹੈ ਤਾਂ ਇਨ੍ਹਾਂ ਨੇ ਇਸ ਮਸਲੇ ਦਾ ਜ਼ਿਕਰ ਕੋਈ ਨਹੀਂ ਕੀਤਾ ਅਤੇ ਨਾਂ ਹੀ ਸਰਕਾਰ ਦੀ ਨੀਤੀ ਦੀ ਇਸ ਐਡਰੇਸ ਵਿਚ ਕੋਈ ਗਲ ਦੱਸੀ ਹੈ। ਉਸ ਸਮੇਂ ਤਾਂ ਇਹ ਕਹਿੰਦੇ ਸਨ ਕਿ ਫਾਜ਼ਿਲਕਾ ਅਤੇ ਅਬੋਹਰ ਦੇ ਇਲਾਕੇ ਪੰਜਾਬ ਵਿਚੋਂ ਬਾਹਰ ਨਹੀਂ ਜਾਣ ਦਿਆਂਗੇ।

आचार्य पृथ्वी सिंह आज़ाद : आन ए प्वायंट आफ आर्डर सर। माननीय चेयरमैन साहिब, जिस वक्त ज्ञानी जेल सिंह ने कांग्रेस पार्टी की ओर से यह रैज़ोल्यूशन भेजा था कि यह इलाके पंजाब में शामिल कर लिए जाएं तो ज्ञानी जैल सिंह ने अपनी पार्टी की ओर से यह भी मांग करके भेजी थी कि कांगड़ा, अंबाला और शिमला के ज़िलों को भी पंजाब में शामिल किया जाए तो यह सुझाव इनकी अकाली पार्टी ने क्यों नहीं माना था ?

ਸਰਦਾਰ ਜਸਦੇਵ ਸਿੰਘ ਸੰਧੂ : ਹੋ ਸਕਦਾ ਹੈ ਉਨ੍ਹਾਂ ਨੇ ਇਹ ਮੰਗ ਕੀਤੀ ਹੋਵੇ ਪਰ ਆਜ਼ਾਦ ਸਾਹਿਬ ਵਾਂਗ ਨਹੀਂ ਕਿਹਾ ਕਿ ਤਹਿਸੀਲ ਖਰੜ ਹਰਿਆਣੇ ਵਿਚ ਸ਼ਾਮਿਲ ਹੋਣੀ ਚਾਹੀਦੀ ਹੈ। ਇਸ ਲਈ ਮੈਂ ਸਮਝਦਾ ਹਾਂ (ਵਿਘਨ)

Acharya Prithvi Singh Azad : The hon. Member, Mr. Jasdev Singh Sandhu voted for my Resolution in which I demanded that all the area of Tehsil Kharar should be included in Punjab. The hon. Member voted for that Resolution.

Mr. Chairman (Comrade Shamsher Singh Josh) : I would request the hon. Member Sardar Jasdev Singh Sandhu to withdraw his words. He has no right to make wrong allegation. Please withdraw your words.

ਸਰਦਾਰ ਜਸਦੇਵ ਸਿੰਘ ਸੰਧੂ : ਇਸ ਵਿਚ ਵਿਦਡਰਾ ਕਰਨ ਵਾਲੀ ਕੋਈ ਗਲ ਨਹੀਂ। ਆਜ਼ਾਦ ਸਾਹਿਬ ਨੇ ਆਪਣੀ ਪੋਜ਼ੀਸ਼ਨ ਕਲੀਅਰ ਕਰ ਦਿਤੀ ਹੈ। ਇਹ ਠੀਕ ਹੈ। ਜੇਕਰ ਮੈਨੂੰ ਮੌਕਾ ਦਿਓ ਤਾਂ ਮੈਂ ਅਖਬਾਰਾਂ ਦੀਆਂ ਕਟਿੰਗਜ਼ ਪੇਸ਼ ਕਰ ਸਕਦਾ ਹਾਂ ਇਨ੍ਹਾਂ ਦੇ ਬਿਆਨਾਂ ਦੀਆਂ। (ਵਿਘਨ)

श्री बलराम : आन ए प्वांयट आफ आर्डर सर। मैं आप से यह बात पूछना चाहता हूं कि आया यह कोई अकाली पार्टी का हक बनता है कि वह फाजिल्का और अबोहर की कोई बात करे ?

Mr. Chairman : This is no point of order.

ਸਰਦਾਰ ਜਸਦੇਵ ਸਿੰਘ ਸੰਧੂ : ਇਸ ਪਾਰਟੀ ਦਾ ਇਹ ਹੱਕ ਬਣਦਾ ਹੈ ਤਾਂ ਕਹਿੰਦਾ ਹਾਂ। ਮੈਂ ਪੁਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਫਾਜ਼ਿਲਕਾ ਅਤੇ ਅਬੋਹਰ ਨੂੰ ਰਖਣ ਲਈ

ਹੁਣ ਤੱਕ ਕੀ ਕਦਮ ਚੁਕੇ ਹਨ । ਅੱਜ ਜਦੋਂ ਕਿ ਇਹ ਸੈਂਟਰ ਦੀ ਸਮਰਥਕ ਸਰਕਾਰ ਪੰਜਾਬ ਦੇ ਵਿੱਚ ਆਈ ਹੈ, ਆਇਆ ਉਹ ਇਸ ਬਾਰੇ ਕੋਈ ਕਦਮ ਚੁਕਣਗੇ ਕਿ ਚੰਡੀਗੜ੍ਹ ਜਲਦੀ ਤੋਂ ਜਲਦੀ ਪੰਜਾਬ ਦੇ ਵਿਚ ਸ਼ਾਮਲ ਹੋਵੇ । ਪਰ ਜੇ ਇਹ ਗਲ ਮੈਂ ਗਵਰਨਰ ਸਾਹਿਬ ਦੇ ਭਾਸ਼ਨ ਵਲ ਵੇਖਾਂ ਤਾਂ ਉਨ੍ਹਾਂ ਨੇ ਇਸ ਪਾਸੇ ਕੋਈ ਧਿਆਨ ਹੀ ਨਹੀਂ ਦਿੱਤਾ । ਇਸ ਵਿਚ ਕਿਤੇ ਇਹ ਜ਼ਿਕਰ ਨਹੀਂ ਕੀਤਾ ਗਿਆ ਕਿ ਹਿੰਦ ਸਰਕਾਰ ਨਾਲ ਫਾਜ਼ਲਕਾ, ਅਬੋਹਰ ਅਤੇ ਭਾਖੜਾ ਦੇ ਪ੍ਰਬੰਧ ਬਾਰੇ ਮੁੜ ਕੋਈ ਵਿਚਾਰ ਵੀ ਕੀਤਾ ਜਾਵੇਗਾ ਜਾਂ ਨਹੀਂ । ਇਨ੍ਹਾਂ ਨੂੰ ਭਾਖੜੇ ਦਾ ਪ੍ਰਬੰਧ ਛੇਤੀ ਤੋਂ ਛੇਤੀ ਆਪਣੇ ਹਥਾਂ ਦੇ ਵਿਚ ਲੈ ਲੈਣਾ ਚਾਹੀਦਾ ਹੈ, ਇਨ੍ਹਾਂ ਨੂੰ ਇਸ ਬਾਰੇ ਬਹੁਤ ਜਲਦੀ ਕਦਮ ਚੁਕਣੇ ਚਾਹੀਦੇ ਹਨ ਕਿਉਂਕਿ ਇਹ ਹਿੰਦ ਸਰਕਾਰ ਦੇ ਸਮਰਥਕ ਹਨ । ਇਸ ਤੋਂ ਇਲਾਵਾ ਗਵਰਨਰ ਸਾਹਿਬ ਨੇ ਥੀਨ ਡੈਮ ਦੇ ਮੁਤਾਲਿਕ ਵੀ ਇਸ ਭਾਸ਼ਨ ਵਿਚ ਕੋਈ ਧਿਆਨ ਨਹੀਂ ਦਵਾਇਆ ਕਿ ਇਹ ਕਿਤਨੇ ਸਮੇਂ ਤੱਕ ਸ਼ੁਰੂ ਕਰ ਦਿੱਤਾ ਜਾਵੇਗਾ ਅਤੇ ਮੁਕੰਮਲ ਕਦੋਂ ਤੱਕ ਹੋ ਜਾਵੇਗਾ । ਇਹ ਇਕ ਬੜਾ ਬੁਨਿਆਦੀ ਮਸਲਾ ਹੈ ਜਿਹੜਾ ਕਿ ਪੰਜਾਬ ਸਰਕਾਰ ਦਾ ਹੈ । ਪੰਜਾਬ ਦੇ ਲੋਕ ਗਿਆਨੀ ਜ਼ੈਲ ਸਿੰਘ ਤੋਂ ਇਹ ਆਸ ਰਖਦੇ ਹਨ ਕਿ ਉਹ ਇਸ ਕਿਸਮ ਦੀਆਂ ਅਹਿਮੀਅਤ ਦੀਆਂ ਗੱਲਾਂ ਤੇ ਰੋਸ਼ਨੀ ਪਾਉਣਗੇ, ਪਰ ਇਸ ਐਡਰੈਸ ਤੋਂ ਇਹ ਜ਼ਾਹਰ ਹੁੰਦਾ ਹੈ ਕਿ ਗਵਰਨਰ ਸਾਹਿਬ ਦੇ ਲਈ ਇਹ ਗੱਲਾਂ ਕੋਈ ਖਾਸ ਅਹਿਮੀਅਤ ਦੀਆਂ ਨਹੀਂ ਹਨ । ਚੇਅਰਮੈਨ ਸਾਹਿਬ, ਮੈਂ ਆਪਦੇ ਰਾਹੀਂ ਇਨਾਂ ਕੁਝ ਹੋਰ ਗੱਲਾਂ ਦੇ ਵਲ ਧਿਆਨ ਦਿਵਾਉਣਾ ਜ਼ਰੂਰੀ ਸਮਝਦਾ ਹਾਂ । ਪਹਿਲੀ ਗਲ ਤਾਂ ਇਹ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਮੁਜ਼ਾਰਾ ਕਾਨੂੰਨ ਦੇ ਵਿਚ ਕੋਈ ਤਰਮੀਮ ਕਰੇ, ਜ਼ਮੀਨਾਂ ਦੇ ਸੁਧਾਰ ਲਈ ਕੋਈ ਅਮਲੀ ਸਟੈਪ ਉਠਾਵੇ । ਏਥੇ ਤਾਂ ਮੁਜ਼ਾਰਿਆਂ ਦੇ ਮੁਆਮਲੇ ਨੂੰ ਉਕਾ ਹੀ ਛੁਪਾਇਆ ਗਿਆ ਹੈ ਜੇ ਸਰਕਾਰ ਸੱਚੀ ਹੁੰਦੀ ਤਾਂ ਉਹ ਇਸੇ ਬਜਟ ਦੇ ਨਾਲ ਹੀ ਕੋਈ ਜ਼ਮੀਨਾਂ ਜਾਇਦਾਦਾਂ ਦਾ ਕਾਨੂੰਨ ਲਿਆਉਂਦੀ । ਸਾਨੂੰ ਇਨ੍ਹਾਂ ਦੀ ਇਸ ਤਰ੍ਹਾਂ ਦੀ ਗਲ ਤੇ ਕੋਈ ਖੁਸ਼ੀ ਹੁੰਦੀ । ਇਸ ਤੋਂ ਇਲਾਵਾ ਜਿਤਨੀਆਂ ਵੀ ਲੈਂਡ ਫਾਰਮਜ਼ ਹਨ, ਜਿਨ੍ਹਾਂ ਨੂੰ ਕਿ ਐਗਜ਼ੈਂਪਸ਼ਨਜ਼ ਮਿਲੀਆਂ ਹਨ ਔਰ ਉਹ ਜ਼ਮੀਨਾਂ ਜਿਹੜੀਆਂ ਪੋਲਟਰੀ ਅਤੇ ਪਿਗਰੀਜ਼ ਦੇ ਨਾਉਂ ਤੇ ਬਚਾਈਆਂ ਹੋਈਆਂ ਹਨ, ਉਨ੍ਹਾਂ ਨੂੰ ਵਾਪਸ ਲੈਣ ਵਾਸਤੇ ਵੀ ਗਵਰਨਰ ਸਾਹਿਬ ਦੇ ਇਸ ਐਡਰੈਸ ਦੇ ਵਿਚ ਕਿਤੇ ਜ਼ਿਕਰ ਨਹੀਂ । ਜੇ ਗਵਰਨਰ ਸਾਹਿਬ ਇਹ ਗਲ ਮਹਿਸੂਸ ਕਰਦੇ ਤਾਂ ਉਹ ਇਨ੍ਹਾਂ ਦੀ ਪਾਰਟੀ ਦੀ ਪਾਲੀਸੀ ਦੇ ਆਧਾਰ ਤੇ ਜਿਵੇਂ ਕਿ ਇਹ ਕਹਿੰਦੇ ਹਨ ਕਿ ਅਸੀਂ ਫਾਲਤੂ ਜ਼ਮੀਨਾਂ ਲੈ ਲੈਣੀਆਂ ਹਨ, ਇਥੇ ਕੁਝ ਲਾਈਨਾਂ ਲਿਖ ਕੇ ਫਰਾਖ ਦਿਲੀ ਦਾ ਸਬੂਤ ਦੇਂਦੇ । ਇਹ ਗਲ ਵੀ ਬਿਲਕੁਲ ਗਲਤ ਹੈ ਕਿ ਜਿਹੜੀ ਜ਼ਮੀਨ ਖਾਸ ਪਰਪਜ਼ ਦੇ ਵਾਸਤੇ ਐਗਜ਼ੈਂਪਟ ਕੀਤੀ ਜਾਂਦੀ ਹੈ ਜੇਕਰ ਉਹ ਮਕਸਦ ਹੀ ਫੌਤ ਹੋ ਜਾਵੇ ਤਾਂ ਉਹ ਜ਼ਮੀਨ ਬਰਕਰਾਰ ਰਖਣ ਦਾ ਹੱਕਦਾਰ ਹੈ । ਮੈਂ ਸਮਝਦਾ ਹਾਂ ਕਿ ਇਸ ਦੇ ਲਈ ਬਾਕਾਇਦਾ ਕਾਨੂੰਨ ਮੌਜੂਦ ਹੈ ਕਿ ਜੇ ਕੋਈ ਬਾਗ਼ ਦੀ ਖਾਤਰ ਯਾ ਹੋਰ ਪਰਪਜ਼ ਦੀ ਖਾਤਰ ਸਰਪਲਸ ਜ਼ਮੀਨ ਲੈਂਦਾ ਹੈ ਤਾਂ ਉਹ ਵਾਪਸ ਵੀ ਲਈ ਜਾ ਸਕਦੀ ਹੈ । ਜੇਕਰ ਉਹ ਉਸ ਪਰਪਜ਼ ਦੇ ਲਈ ਇਸਤੇਮਾਲ ਨਾ ਕੀਤੀ ਜਾਂਦੀ ਹੋਵੇ । ਬਹੁਤ ਸਾਰੇ ਲੋਕਾਂ ਨੇ ਬਾਗਾਂ ਦੇ ਨਾਉਂ ਤੇ ਜ਼ਮੀਨਾਂ ਸਰਪਲਸ ਰਖੀਆਂ ਹੋਈਆਂ ਹਨ (ਵਿਘਨ) ਮੈਂ ਆਨਰੇਬਲ ਡਿਪਟੀ ਵਜ਼ੀਰ ਰੰਧਾਵਾ ਜੀ ਨੂੰ ਕਹਾਂਗਾ ਕਿ ਹੁਣ ਉਹ ਇਕ ਜ਼ੁਮੇਂਵਾਰ ਮਨਿਸਟਰ ਹਨ, ਉਨ੍ਹਾਂ ਨੂੰ ਹੁਣ ਘਟ ਤੋਂ ਘਟ ਇਹ ਖਿਆਲ ਤਾਂ ਰਖਣਾ ਚਾਹੀਦਾ ਹੈ ਕਿ ਰੌਲਾ ਨਾ ਪਾਉਣ ਅਤੇ ਆਰਾਮ ਨਾਲ ਸੁਨਣ । ਮੈਂ ਅਰਜ਼ ਕਰ ਰਿਹਾ ਸੀ ਕਾਨੂੰਨ ਕੋਈ ਇਜਾਜ਼ਤ ਨਹੀਂ ਦੇਂਦਾ ਕਿ ਇਸ ਤਰ੍ਹਾਂ ਕੋਈ ਸਰਪਲਸ ਲੈਂਡ ਤੇ ਕਬਜ਼ਾ ਰਖੇ । ਜੇ

[ਸਰਦਾਰ ਜਸਦੇਵ ਸਿੰਘ ਸੰਧੂ]

ਕਰ ਗਿਆਨੀ ਜ਼ੈਲ ਸਿੰਘ ਜੀ ਇਸ ਗਲ ਤੇ ਸੀਰੀਅਸ ਹੋਣ ਮੈਂ ਸਮਝਦਾ ਹਾਂ ਕਿ ਮੌਜੂਦਾ ਕਾਨੂੰਨ ਦੇ ਤਹਿਤ ਉਨ੍ਹਾਂ ਜ਼ਮੀਨਾਂ ਨੂੰ ਜਿਨ੍ਹਾਂ ਵਿਚ ਅਜੇ ਤੱਕ ਕੋਈ ਬਾਗ਼ ਲਗਾਇਆ ਹੀ ਨਹੀਂ ਇਕ ਮਹੀਨੇ ਦੇ ਅੰਦਰ ਅੰਦਰ ਲੈ ਸਕਦੇ ਹਨ। ਮੈਂ ਸਮਝਦਾ ਹਾਂ ਇਸ ਤਰ੍ਹਾਂ ਸਰਪਲਸ ਜ਼ਮੀਨਾਂ ਕਢਾ ਕੇ ਉਹ ਕੋਈ ਮੌਜੂਦਾ ਜ਼ਮੀਨਾਂ ਦੇ ਸੁਧਾਰ ਲਈ ਕਦਮ ਚੁਕਣਗੇ।

ਦੂਸਰੀ ਗਲ ਮੈਂ, ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਇਹ ਕਹਿਣੀ ਚਾਹੁੰਦਾ ਹਾਂ ਕਿ ਪੰਜਾਬੀ ਸੂਬਾ ਬਣ ਜਾਣ ਦੇ ਨਾਲ ਬੋਲੀ ਦਾ ਮਸਲਾ ਇਕ ਗੰਭੀਰ ਸ਼ਕਲ ਇਖਤਿਆਰ ਕਰ ਗਿਆ ਹੈ। ਮੇਰੇ ਕਈ ਭਾਈ ਬੋਲੀ ਦੇ ਮਾਮਲੇ ਨੂੰ ਫੈਸਲੇ ਕੀਤੇ ਗਏ ਮਾਮਲਿਆਂ ਤੇ ਵੀ ਨਵੇਂ ਸਿਰੇ ਤੋਂ ਇਸ਼ਾਰੇ ਦੇਂਦੇ ਨੇ। ਇਹੋ ਜਿਹੇ ਲੋਕਾਂ ਦਾ ਧਿਆਨ ਮੈਂ ਪਿਛਲੀ ਮਰਦਮ ਸ਼ੁਮਾਰੀ ਵੱਲ ਦਵਾਉਣਾ ਚਾਹੁੰਦਾ ਹਾਂ ਜਦੋਂ ਕਿ ਉਹ ਹਿੰਦੂ ਸਿੱਖ ਦੇ ਨਾਉਂ ਤੇ ਇਕ ਦੂਸਰੇ ਨੂੰ ਲੜਾਉਂਦੇ ਸਨ। ਇਹ ਉਹੀ ਲੋਕ ਹਨ ਜਿਨ੍ਹਾਂ ਨੇ ਕਾਂਗਰਸ ਨੂੰ ਪਹਿਲਾਂ ਵੀ ਕਮਜ਼ੋਰ ਕੀਤਾ ਸੀ। ਜੇ ਅਜ ਪੰਜਾਬੀ ਜ਼ਬਾਨ ਨੂੰ ਥਾ ਮਿਲੀ ਹੈ ਤਾਂ ਉਹ ਇਸ ਸੂਬੇ ਵਿਚੋਂ ਦੋ ਪ੍ਰਾਂਤ ਅਲਗ ਕਰਨ ਤੋਂ ਬਾਅਦ ਮਿਲੀ ਹੈ। ਮੈਂ ਉਨ੍ਹਾਂ ਨੂੰ ਕਹਾਂਗਾ ਕਿ ਭਾਸ਼ਾ ਦਾ ਮਾਮਲਾ ਉਹ ਹੁਣ ਉਲਝਾਉਣ ਨਾਂ ਜੇ ਕਰ ਇਸ ਤਰ੍ਹਾਂ ਦਾ ਕੋਈ ਉਨ੍ਹਾਂ ਨੇ ਯਤਨ ਕੀਤਾ ਤਾਂ ਪੰਜਾਬ ਦੀ ਜਨਤਾ ਉਨ੍ਹਾਂ ਨੂੰ ਹਰਗਿਜ਼ ਮੁਆਫ ਨਹੀਂ ਕਰੇਗੀ। ਇਹ ਗਲ ਮੈਂ ਬੜੇ ਜ਼ੋਰ ਦੇ ਨਾਲ ਕਹਿਣੀ ਚਾਹੁੰਦਾ ਹਾਂ ਕਿ ਪੰਜਾਬੀ ਸੂਬੇ ਦੀ ਰਾਜ ਭਾਸ਼ਾ ਹੀ ਰਾਜ ਗਦੀ ਤੇ ਬੈਠੇਗੀ, ਸਕੂਲਾਂ ਵਿਚ ਪੜ੍ਹਾਈ ਦਾ ਮਾਧਿਅਮ ਵੀ ਪੰਜਾਬੀ ਹੀ ਹੋਵੇਗਾ, ਜੇ ਉਹ ਮੈਂਬਰ ਇਸ ਤਰ੍ਹਾਂ ਦੀਆਂ ਗਲਾਂ ਕਰਨਗੇ ਤਾਂ ਅਗੇ ਨੂੰ ਉਹ ਮੈਂਬਰ ਬਣ ਕੇ ਨਹੀਂ ਆ ਸਕਦੇ। ਉਹ ਇਸ ਮਾਮਲੇ ਨੂੰ ਮੁੜ ਉਲਝਾਉਣ ਦੀ ਕੋਸ਼ਿਸ਼ ਨਾ ਕਰਨ। ਮੁੱਖ ਮੰਤਰੀ ਜੀ ਨੂੰ ਇਹੋ ਜਿਹੇ ਲੋਕਾਂ ਤੋਂ ਬਚਣਾ ਚਾਹੀਦਾ ਹੈ। ਇਕ ਗਲ ਹੋਰ ਜਿਹੜੀ ਮੈਂ ਕਹਿਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਇਨ੍ਹਾਂ ਨੂੰ ਟਰਾਂਸਪੋਰਟ ਦਾ ਕੌਮੀ ਕਰਨ ਕਰਨਾ ਚਾਹੀਦਾ ਹੈ। ਜੇ ਉਹ ਇਹ ਕੌਮੀ ਕਰਨ ਇਮਾਨਦਾਰੀ ਦੇ ਨਾਲ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਜਿਥੇ 60-40 ਦੇ ਅਸੂਲ ਨੂੰ ਮੰਨਿਆ ਹੈ ਉਸ ਨੂੰ ਪੂਰੀ ਤਰ੍ਹਾਂ ਚਾਲੂ ਰਖਣ। ਪਰ ਇਸ ਪਾਲੀਸੀ ਦੇ ਅਪਨਾਉਣ ਤੋਂ ਬਾਅਦ ਇਨ੍ਹਾਂ ਨੇ 60% ਨਵੇਂ ਰੂਟ ਜਿਹੜੇ ਦਿਤੇ ਹਨ ਉਸ ਦੇ ਨਾਲ ਹੀ 10% ਨਵੇਂ ਰੂਟ ਲੈਣੇ ਚਾਹੀਦੇ ਸੀ, ਉਹ ਨਹੀਂ ਲਏ। ਇਸ ਤਰ੍ਹਾਂ ਇਹ ਕਿਵੇਂ ਕੌਮੀ ਕਰਨ ਕਰਨਗੇ, ਪ੍ਰਾਈਵੇਟ ਟਰਾਂਸਪੋਰਟਰਜ਼ ਨੂੰ ਨਵੇਂ ਰੂਟ ਦੇਣ ਦੀ ਪਾਲੀਸੀ ਬਿਲਕੁਲ ਹੀ ਬੰਦ ਕਰਨੀ ਚਾਹੀਦੀ ਹੈ। ਜੋ ਦਿੱਤੇ ਗਏ ਹਨ ਉਹ ਕੈਂਸਲ ਹੋਣੇ ਚਾਹੀਦੇ ਹਨ। ਜੇ 10% ਦੇ ਹਿਸਾਬ ਨਾਲ ਰੂਟ ਲੈਣਗੇ ਤਾਂ ਹੀ ਇਹ ਪਾਲੀਸੀ ਸਿਰੇ ਲਗ ਸਕਦੀ ਹੈ।

ਇਕ ਗਲ ਚੇਅਰਮੈਨ ਸਾਹਿਬ, ਮੈਂ ਆਪਦੇ ਰਾਹੀਂ ਸਰਕਾਰ ਨੂੰ ਇਹ ਵੀ ਦਸਣੀ ਚਾਹੁੰਦਾ ਹਾਂ ਕਿ ਜਿਹੜੇ ਲੋਕ ਹਰਿਆਣੇ ਤੇ ਹਿਮਾਚਲ ਦੇ ਨਾਲ ਰਹਿਣ ਵਾਲੇ ਹਨ ਜਿਨ੍ਹਾਂ ਦੀਆਂ ਸਰਹੱਦਾਂ ਇਨ੍ਹਾਂ ਦੋਹਾਂ ਸਟੇਟਾਂ ਨਾਲ ਲਗਦੀਆਂ ਹਨ, ਉਨ੍ਹਾਂ ਨੂੰ ਵਿਸ਼ੇਸ ਸਹੂਲਤਾਂ ਮਿਲਨੀਆਂ ਚਾਹੀਦੀਆਂ ਹਨ। ਇਸ ਤਰ੍ਹਾਂ ਦੀ ਇਕ ਰਿਕੁਮੈਂਡੇਸ਼ਨ ਡਿਪਟੀ ਕਮਿਸ਼ਨਰਾਂ ਤੋਂ ਆਈ ਸੀ ਕਿ ਪਠਾਨਕੋਟ, ਖਨੌਰ ਅਤੇ ਗਿਦੜਬਹਾ ਦੇ ਇਲਾਕੇ ਹਨ ਸਾਰਿਆਂ ਨੂੰ ਛੇਤੀ ਤੋਂ ਛੇਤੀ ਸੜਕਾਂ ਦਿੱਤੀਆਂ ਜਾਣ ਬਿਜਲੀ ਲਾਈ ਜਾਵੇ ਅਤੇ ਸਕੂਲ ਆਦਿ ਖੋਲ੍ਹੇ ਜਾਣ। ਸਾਨੂੰ ਇਸ ਪਾਸੇ ਉਚੇਚੇ ਤੌਰ ਤੇ ਧਿਆਨ ਦੇਣਾ ਚਾਹੀਦਾ ਹੈ। ਇਸ ਦਾ ਕਾਰਨ ਇਹ ਵੀ ਹੈ ਕਿ ਲੋਕ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੇ ਨਾਲ ਲਗਦੇ ਇਲਾਕੇ ਵਿਚ ਹਰਿਆਣੇ ਦੇ

ਅਤੇ ਹਿਮਾਚਲ ਦੇ ਵਿਚ ਪਕੀਆਂ ਸੜਕਾਂ ਹਨ, ਬਿਜਲੀ ਲਗ ਚੁਕੀ ਹੈ ਅਤੇ ਸਕੂਲ ਖੁਲ੍ਹ ਗਏ ਹਨ । ਪੰਜਾਬ ਸਰਕਾਰ ਨੂੰ ਵੀ ਇਸ ਤਰ੍ਹਾਂ ਹੀ ਇਨ੍ਹਾਂ ਇਲਾਕਿਆਂ ਵਿਚ ਕਰਨਾ ਚਾਹੀਦਾ ਹੈ, ਇਨ੍ਹਾਂ ਤੋਂ ਇਲਾਵਾ ਉਨ੍ਹਾਂ ਨੂੰ ਪੀਣ ਦੇ ਪਾਣੀ ਦੀਆਂ ਸਕੀਮਾਂ, ਹਸਪਤਾਲ ਆਦਿ ਵੀ ਕਾਇਮ ਕਰਨੇ ਚਾਹੀਦੇ ਹਨ । ਪਰ ਗਵਰਨਰ ਸਾਹਿਬ ਨੇ ਇਸ ਦੇ ਵਿਚ ਇਹ ਬਿਲਕੁਲ ਨਹੀਂ ਦੱਸਿਆ ਕਿ ਇਨ੍ਹਾਂ ਇਲਾਕਿਆਂ ਵਲ ਵੀ ਉਹ ਕੋਈ ਧਿਆਨ ਦੇਣਗੇ ਜਾਂ ਨਹੀਂ ।

ਹਰਿਆਣੇ ਨੇ ਸਰਹੱਦੀ ਪਿੰਡਾਂ ਵਿਚ ਬਿਜਲੀ ਲੈ ਆਂਦੀ ਹੈ, ਪਕੀਆਂ ਸੜਕਾਂ ਬਣਾ ਦਿਤੀਆਂ ਹਨ ਅਤੇ ਸਕੂਲ ਵੀ ਖੋਲ੍ਹ ਦਿਤੇ ਹਨ । ਪਰ ਸਾਡੇ ਵਲ ਦੇ ਪਿੰਡਾਂ ਵਿਚ ਬਿਜਲੀ ਦਾ ਨਾਂ ਨਿਸ਼ਾਨ ਵੀ ਨਹੀਂ ਹੈ । ਮੈਂ ਅਰਜ਼ ਕਰਦਾ ਹਾਂ ਕਿ ਉਸ ਕਮੇਟੀ, ਜਿਸ ਦੀ ਪਰਧਾਨਗੀ ਪਿਛਲੇ ਮੁੱਖ ਮੰਤਰੀ ਨੇ ਕੀਤੀ ਸੀ, ਦੀਆਂ ਸਿਫ਼ਾਰਸ਼ਾਂ ਤੇ ਅਮਲ ਕੀਤਾ ਜਾਵੇ ਅਤੇ ਉਨ੍ਹਾਂ ਪਿੰਡਾਂ ਵਿਚ ਜਿਹੜੇ ਕਿ ਸਰਹੱਦ ਦੇ ਨਾਲ ਨਾਲ 5—10 ਮੀਲਾਂ ਵਿਚ ਹਨ, ਉਥੇ ਬਿਜਲੀ ਪਹੁੰਚਾਈ ਜਾਵੇ, ਸੜਕਾਂ ਬਣਾਈਆਂ ਜਾਣ ਅਤੇ ਸਕੂਲ ਤੇ ਹਸਪਤਾਲ ਖੋਲ੍ਹੇ ਜਾਣ । ਇਸ ਇਲਾਕੇ ਵਿਚ ਉਚੇਚੇ ਪ੍ਰੋਜੈਕਟ ਬਣਾਏ ਜਾਣ, ਪੀਣ ਦੇ ਪਾਣੀ ਦੀਆਂ ਜਿਹੜੀਆਂ ਸਕੀਮਾਂ ਹਨ ਉਹ ਤੁਰੰਤ ਲਾਗੂ ਕੀਤੀਆਂ ਜਾਣ । ਗਵਰਨਰ ਦੇ ਭਾਸ਼ਣ ਵਿਚ ਇਸ ਗਲ ਦਾ ਕੋਈ ਜ਼ਿਕਰ ਨਹੀਂ ਹੈ । ਹੋਰ ਪਾਸਿਆਂ ਤੋਂ ਧਿਆਨ ਹਟਾ ਕੇ ਸਾਨੂੰ ਇਸ ਪਾਸੇ ਵਲ ਉਚੇਚਾ ਧਿਆਨ ਦੇਣ ਦੀ ਲੋੜ ਹੈ । ਇਸ ਤਰ੍ਹਾਂ ਨਾਂ ਕੀਤਾ ਗਿਆ ਤਾਂ ਅਸੀਂ ਆਪਣੀ ਡਿਊਟੀ ਤੋਂ ਕੁਤਾਹੀ ਕਰ ਰਹੇ ਹੋਵਾਂਗੇ ਜੋ ਕਿ ਸਾਨੂੰ ਨਹੀਂ ਕਰਨੀ ਚਾਹੀਦੀ ।

ਫਿਰ, ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੀ ਪਾਰਟੀ ਇਹ ਦਾਵਾ ਕਰਦੀ ਹੈ ਕਿ ਇਹ ਅਵਾਮੀ ਸਰਕਾਰ ਹੈ । ਪਰ ਪੁਲੀਸ ਦੇ ਤਸ਼ੱਦਦ ਜਨਤਾ ਤੇ ਹੋ ਰਹੇ ਹਨ । ਗਿਆਨੀ ਜੀ ਨੂੰ ਆਪ ਵੀ ਪੁਲੀਸ ਦੇ ਜ਼ੁਲਮਾਂ ਤੇ ਜਬਰਾਂ ਦਾ ਤਜਰਬਾ ਹੈ । ਹੁਣ ਪੁਲੀਸ ਕੀ ਕਰ ਰਹੀ ਹੈ ? ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਗਿਆਨੀ ਜੀ ਨੂੰ ਦਸਣਾ ਚਾਹੁੰਦਾ ਹਾਂ । ਪੁਲੀਸ ਪਿੰਡਾਂ ਵਿਚ ਜਾ ਕੇ ਕਹਿੰਦੀ ਹੈ ਕਿ ਜੋ ਹਰੀਜਨਾਂ ਦੇ ਦਸਵੀਂ ਪਾਸ ਮੁੰਡੇ ਹਨ ਉਹ ਬਾਹਰ ਆ ਜਾਣ ਅਤੇ ਜੋ ਜੱਟਾਂ ਦੇ ਬੀ. ਏ. ਪਾਸ ਮੁੰਡੇ ਹਨ ਉਹ ਆ ਜਾਣ । ਫਿਰ ਪੁਲੀਸ ਉਨ੍ਹਾਂ ਨੂੰ ਮਾਰਦੀ ਕੁਟਦੀ ਹੈ । ਉਨ੍ਹਾਂ ਨੂੰ ਕਈ ਕਈ ਦਿਨ ਥਾਣਿਆ ਵਿਚ ਰਖਿਆ ਜਾਂਦਾ ਹੈ । ਜੇ ਗਿਆਨੀ ਜੀ ਨੇ ਜਨਤਾ ਦਾ ਰਾਜ ਲਿਆਉਣਾ ਹੈ ਤਾਂ ਉਨ੍ਹਾਂ ਨੂੰ ਪੁਲੀਸ ਦਾ ਰਵਈਆ ਬਦਲਣਾ ਪਏਗਾ । ਮੈਂ ਇਹ ਗਲ ਖਾਸ ਤੌਰ ਤੇ ਉਨ੍ਹਾਂ ਨੂੰ ਕਹਾਂਗਾ ਕਿ ਜੇ ਉਹ ਪੁਲੀਸ ਦੇ ਮਹਿਕਮੇ ਵਿਚ ਹੈਡ ਤੋਂ ਲੈ ਕੇ ਥਲੇ ਤਕ ਓਵਰਹਾਲਿੰਗ ਨਹੀਂ ਕਰਨਗੇ ਤਾਂ ਇਸ ਪੁਲੀਸ ਦਾ ਰਵੀਇਆ ਕਦੇ ਨਹੀਂ ਬਦਲ ਸਕੇਗਾ ਅਤੇ ਇਸ ਵਿਚ ਸੁਧਾਰ ਨਹੀਂ ਹੋ ਸਕਣਾ । ਫਿਰ ਇਕ ਬੜੀ ਹੈਰਾਨੀ ਦੀ ਗਲ ਹੈ ਕਿ ਇਕ ਆਦਮੀ ਪੰਜਾਬ ਸਰਕਾਰ ਦੇ ਮਾਤਹਿਤ ਵੀ ਹੈ ਅਤੇ ਹਿੰਦ ਸਰਕਾਰ ਦੇ ਮਾਤਹਿਤ ਵੀ ਹੈ । ਹੁਣ ਉਹ ਪੰਜਾਬ ਸਰਕਾਰ ਦਾ ਹੁਕਮ ਮੰਨੇਗਾ ਜਾਂ ਹਿੰਦ ਸਰਕਾਰ ਦਾ ਹੁਕਮ ਮੰਨੇਗਾ ? ਉਹ ਕਿਸ ਦੀਆਂ ਇੰਸਟ੍ਰਕਸ਼ਨਜ਼ ਤੇ ਕੰਮ ਕਰੇਗਾ । ਮੈਂ ਅਰਜ਼ ਕਰਦਾ ਹਾਂ ਕਿ ਉਨ੍ਹਾਂ ਲੋਕਾਂ ਨੂੰ ਵੀ ਨਜ਼ਾਇਜ਼ ਤੌਰ ਤੇ ਤੰਗ ਕੀਤਾ ਜਾਂਦਾ ਹੈ, ਜਿਨ੍ਹਾਂ ਨੇ ਕਦੇ ਵੀ ਪਾਲੇਟਿਕਸ ਵਿਚ ਹਿਸਾ ਹੀ ਨਹੀਂ ਲਿਆ ਹੁੰਦਾ । ਪਰ ਉਨ੍ਹਾਂ ਨੂੰ ਨੈਕਸਾਲਾਈਟ ਸ਼ੋ ਕਰਕੇ ਉਨ੍ਹਾਂ ਤੇ ਜ਼ੁਲਮ ਕੀਤਾ ਜਾਂਦਾ ਹੈ । ਚੇਅਰਮੈਨ ਸਾਹਿਬ, ਗਿਆਨੀ ਜੀ ਨੂੰ ਪਤਾ ਹੈ ਕਿ ਪੰਜਾਬ ਦੀ ਇਕ ਰਵਾਇਤ ਹੈ ਕਿ ਉਹ ਲੋਕ ਵੀ ਜੋ ਕਿ ਪਾਲੇਟਿਕਸ ਵਿਚ ਹਿੱਸਾ ਨਹੀਂ ਲੈਂਦੇ ਉਨ੍ਹਾਂ ਕੋਲ ਵੀ ਜੇ ਕੋਈ ਕਿਸੇ ਪਾਰਟੀ ਦਾ ਕਾਰਕੁਨ ਰੋਟੀ ਪਾਣੀ ਲਈ ਆ ਜਾਵੇ ਤਾਂ ਉਹ

[ਸਰਦਾਰ ਜਸਦੇਵ ਸਿੰਘ ਸੰਧੂ]

ਉਸ ਦੀ ਸੇਵਾ ਕਰਦੇ ਹਨ । ਅਤੇ ਪੁਲੀਸ ਨੂੰ ਉਸ ਬਾਰੇ ਖਬਰ ਨਹੀਂ ਕਰਦੇ । ਇਹ ਰਵਾਇਤ ਗਦਰੀ ਬਾਬਿਆਂ ਵੇਲੇ ਵੀ ਸੀ, ਬੱਬਰ ਅਕਾਲੀਆਂ ਵੇਲੇ ਵੀ ਸੀ ਅਤੇ ਮੁਜ਼ਾਰਿਆਂ ਦੀਆਂ ਮੂਵਮੈਂਟਾਂ ਵੇਲੇ ਵੀ ਸੀ । ਉਨ੍ਹਾਂ ਲੋਕਾਂ ਨੂੰ ਪਾਲੋਟਿਕਸ ਵਿਚ ਕੋਈ ਦਿਲਚਸਪੀ ਨਹੀਂ ਸੀ ਹੁੰਦੀ ਸਿਰਫ ਉਹ ਘਰ ਆਏ ਦੀ ਸੇਵਾ ਕਰਦੇ ਸੀ । ਜੇ ਪੰਜਾਬ ਵਿਚ ਇਹ ਬਹਾਦਰ ਰਵਾਇਤ ਚਲੀ ਆ ਰਹੀ ਹੈ ਤਾਂ ਇਸ ਲਈ ਇਸ ਦੇ ਲੋਕਾਂ ਤੇ ਜ਼ੁਲਮ ਕਰਨਾ ਫਬਦਾ ਨਹੀਂ ਹੈ । ਗਿਆਨੀ ਜੀ ਜਾਣਦੇ ਹਨ ਕਿ ਇਨ੍ਹਾਂ ਲੋਕਾਂ ਵਿਚ ਕੋਈ ਵਿਰਲੀ ਹੀ ਕਾਲੀ ਭੇਡ ਹੁੰਦੀ ਸੀ ਨਹੀਂ ਤਾਂ ਆਮ ਲੋਕ ਦੇਸ਼ ਭਗਤਾਂ ਦੀ ਸੇਵਾ ਕਰਦੇ ਸੀ । ਪਰ ਹੁਣ ਜੇ ਕੋਈ ਕਿਸੇ ਪਾਰਟੀ ਦਾ ਕਾਰਕੁਨ ਕਿਸੇ ਘਰ ਰੋਟੀ ਖਾ ਜਾਵੇ ਤਾਂ ਉਸ ਨੂੰ, ਉਸ ਦੇ ਰਿਸ਼ਤੇਦਾਰਾਂ ਨੂੰ, ਉਸ ਦੇ ਮਾਂ-ਪਿਓ ਨੂੰ ਸ਼ਕ ਵਿਚ ਫੜ ਲੈਂਦੇ ਹਨ ਤੇ ਥਾਣਿਆਂ ਵਿਚ ਰਖ ਕੇ ਉਨ੍ਹਾਂ ਤੇ ਜ਼ੁਲਮ ਕੀਤਾ ਜਾਂਦਾ ਹੈ । ਮੈਂ ਗਿਆਨੀ ਜੀ ਨੂੰ ਅਰਜ਼ ਕਰਾਂਗਾਂ ਕਿ ਉਹ ਇਸ ਪਾਸੇ ਧਿਆਨ ਦੇਣ ਕਿ ਜੋ ਕੋਈ ਲੰਘਦਾ ਹੋਇਆ ਵਰਕਰ ਰੋਟੀ ਟੁਕ ਖਾ ਲਵੇ ਤਾਂ ਉਸ ਲਈ ਰੋਟੀ ਖੁਆਉਣ ਵਾਲਿਆਂ ਤੇ ਜ਼ੁਲਮ ਨਾ ਹੋਵੇ । ਮੈਂ ਅਰਜ਼ ਕਰਦਾ ਹਾਂ ਕਿ ਪੰਜਾਬ ਦੇ ਹੈਡ ਆਫ ਦੀ ਪੁਲੀਸ ਡਿਪਾਰਟਮੈਂਟ ਦੇ ਇਸ਼ਾਰੇ ਤੇ ਕਤਲ ਹੁੰਦੇ ਹਨ.। ਦੱਦਾਹੂਰ ਵਿਚ, ਤਾਰਾਗੜ੍ਹ ਸਰਦੂਲਗੜ੍ਹ ਦੀਆਂ ਮਿਸਾਲਾਂ ਸਾਹਮਣੇ ਹਨ । ਫਿਰ ਮੈਂ ਸਦਾ ਬਰਤ ਦੀ ਮਿਸਾਲ ਦਿੰਦਾ ਹਾਂ । ਉਥੇ ਗੋਲੀ ਚਲੀ । ਚੇਅਰਮੈਨ ਸਾਹਿਬ, ਤੁਸੀਂ ਵੀ ਆਜ਼ਾਦੀ ਦੀ ਲੜਾਈ ਦੇਖੀ ਹੈ । ਤੁਸੀਂ ਦੇਖਿਆ ਹੋਵੇਗਾ ਕਿ ਸ਼ਾਂਤਮਈ ਜਲਸੇ-ਜਲੂਸਾਂ ਨੂੰ ਭਾਵੇਂ ਅਨਲਾਅਫੁਲ ਡਿਕਲੇਅਰ ਕਰ ਦਿਤਾ ਜਾਵੇ, ਅਤੇ ਜੇ ਉਨ੍ਹਾਂ ਤੇ ਗੋਲੀ ਵੀ ਚਲਾ ਦਿਤੀ ਜਾਵੇ ਤਾਂ ਉਨ੍ਹਾਂ ਵਿਚ 2–3 ਬੰਦੇ ਹੀ ਮਰਦੇ ਹਨ ਪਰ ਸਦਾ ਬਰਤ ਵਿਚ ਇਕੱਠੇ 9 ਆਦਮੀ ਪੁਲੀਸ ਨੇ ਮਾਰ ਦਿਤੇ ਹਨ । ਇਹ ਸਾਰੀ ਗੱਲ ਮਹਿਕਮੇ ਦੇ ਆਈ. ਜੀ. ਦੇ ਕਰਕੇ ਹੋਈ ਹੈ । ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਉਹ ਇਸ ਬਾਰੇ ਐਕਸ਼ਨ ਲੈਣ ਤਾਂ ਕਿ ਇਸ ਤਰ੍ਹਾਂ ਦੀਆਂ ਗਲਾਂ ਮੁੜ ਕੇ ਨਾ ਹੋ ਸਕਣ ।

आचार्य पृथवी सिंह आज़ाद : सभापती महोदय, आन ए प्वायंट आफ आर्डर । सभापति महोदय, अभी अभी मेरे दोस्त ने यहां सदाबर्त कांड का जिक्र किया । इस मामले की इन्क्वायरी हाई कोर्ट का जज कर रहा है इस लिए इस मामले पर हाऊस में बहस नहीं हो सकती ।

ਸ੍ਰੀ ਸਭਾਪਤੀ (ਕਾਮਰੇਡ ਸ਼ਮਸ਼ੇਰ ਸਿੰਘ ਜੋਸ਼) : ਠੀਕ ਹੈ ਇਹ ਮਾਮਲਾ ਸਬ–ਜੁਡਿਸ ਹੈ, ਇਸ ਲਈ ਇਸ ਤੇ ਬਹਿਸ ਨਾ ਕੀਤੀ ਜਾਵੇ । (Yes, this matter is sub-judice, so, it may not be referred to).

ਸਰਦਾਰ ਜਸਦੇਵ ਸਿੰਘ ਸੰਧੂ: ਠੀਕ ਹੈ ਜੀ । ਚੇਅਰਮੈਨ ਸਾਹਿਬ ਮੈਂ ਇਕ ਹੋਰ ਗਲ ਗਿਆਨੀ ਜੀ ਨੂੰ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾ ਕਿ ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਧਰਮ ਨਿਰਪੇਖ ਰਾਜ ਕਾਇਮ ਕਰਾਂਗੇ । ਜੇ ਇਹ ਕਰ ਸਕਣ ਤਾਂ ਬੜੀ ਚੰਗੀ ਗਲ ਹੈ । ਪਰ ਮੈਂ ਅਰਜ਼ ਕਰਦਾ ਹਾਂ ਕਿ ਪੰਜਾਬ ਵਿਚ ਆਈ. ਜੀ. ਨੇ ਆਪਣੀ ਬਰਾਦਰੀ ਦੇ ਸਾਰੇ ਐਸ.ਪੀ., ਡੀ.ਐਸ.ਪੀ. ਔਰ ਐਸ.ਐਸ.ਪੀ. ਜ਼ਿਲ੍ਹਿਆਂ ਦੇ ਵਿਚ ਲਾਏ ਹੋਏ ਹਨ ਅਤੇ ਜੋ ਉਸ ਦੀ ਬਰਾਦਰੀ ਦੇ ਨਹੀਂ ਹਨ ਉਹ ਖੁੱਡੇ ਲਾਈਨ ਲਾਏ ਹੋਏ ਹਨ । ਇਕ ਧਰਮ ਦੇ ਨਹੀਂ ਸਗੋਂ ਬਰਾਦਰੀ ਦੇ ਬੰਦੇ ਲਗੇ ਹਨ । ਇਹ ਧਰਮ ਨਿਰਪੇਖ ਰਾਜ ਦੀਆਂ ਗਲਾਂ ਕਰਦੇ ਹਨ ਪਰ ਇਥ ਬਰਾਦਰੀ ਦਾ ਰਾਜ ਹੋ ਗਿਆ ਹੈ । (ਵਿਘਨ)

ਸ੍ਰੀ ਪ੍ਰਤਾਪ ਚੰਦ ਭੰਡਾਰੀ: ਚੇਅਰਮੈਨ ਸਾਹਿਬ, ਆਨ ਏ ਪੁਆਇੰਟ ਆਫ਼ ਆਰਡਰ । ਚੇਅਰਮੈਨ ਸਾਹਿਬ ਇਹ ਗਲ ਪਹਿਲਾਂ ਇਥੇ ਹੋ ਚੁਕੀ ਹੈ ਕਿ ਜਿਹੜਾ ਅਫ਼ਸਰ ਹਾਊਸ ਵਿਚ ਹਾਜ਼ਰ ਨਾ ਹੋਵੇ ਉਸ ਦਾ ਨਾਂ ਲੈ ਕੇ ਕੋਈ ਗਲ ਨਹੀਂ ਕੀਤੀ ਜਾ ਸਕਦੀ । ਫਿਰ ਵੀ ਮੈਂ ਇਨ੍ਹਾਂ ਤੋਂ ਇਹ ਪੁਛਦਾ ਹਾਂ ਕਿ ਉਹ ਕੋਈ ਅਫ਼ਸਰ ਪੰਜਾਬ ਤੋਂ ਬਾਹਰ ਤੋਂ ਤਾਂ ਨਹੀਂ ਲਿਆਂਦੇ ਗਏ । ਪੰਜਾਬ ਦੇ ਹੀ ਅਫ਼ਸਰ ਸੀ । (ਵਿਘਨ)

ਸ੍ਰੀ ਸਭਾਪਤੀ (ਕਾਮਰੇਡ ਸਮਸ਼ੇਰ ਸਿੰਘ ਜੋਸ਼): ਇਨ੍ਹਾਂ ਨੇ ਕਿਸੇ ਦਾ ਨਾਂ ਲੈ ਕੇ ਕੋਈ ਗਲ ਨਹੀਂ ਆਖੀ । ਐਵੇ ਜਨਰਲ ਜਿਹੀ ਗਲ ਹੀ ਕੀਤੀ ਹੈ । ਸੰਧੂ ਸਾਹਿਬ, ਹੁਣ ਤੁਸੀ ਬੈਠ ਜਾਓ । (The hon. Member has not mentioned any body by name. He spoke in a general way. Sandhu Sahib now please resume your seat.)

ਡਾਕਟਰ ਅਮੀਰ ਸਿੰਘ ਕਲਕਟ (ਟਾਂਡਾ): ਆਨ ਏ ਪੁਆਇੰਟ ਆਫ ਆਰਡਰ, ਸਰ । ਚੇਅਰਮੈਨ ਸਾਹਿਬ, ਮੈਂ ਇਨ੍ਹਾਂ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਇਤਨਾ ਨੈਰੋ ਕਮਿਊਨਿਲਿਜ਼ਮ ਇਨ੍ਹਾਂ ਨੂੰ ਪਰੀਚ ਨਹੀਂ ਕਰਨਾ ਚਾਹੀਦਾ । ਕਿਉਂਕਿ ਆਖਿਰ ਅਸੀਂ ਸਾਰੇ ਹਿੰਦੁਸਤਾਨੀ ਹੀ ਹਾਂ ।

ਸ੍ਰੀ ਸਭਾਪਤੀ (ਕਾਮਰੇਡ ਸ਼ਮਸ਼ੇਰ ਸਿੰਘ ਜੋਸ਼): ਇਹ ਪੁਆਇੰਟ ਆਫ ਆਰਡਰ ਨਹੀਂ ਹੈ । (This is no point of order.)

ਸਰਦਾਰ ਕਿਰਪਾਲ ਸਿੰਘ ਢਿਲੋਂ (ਕਪੂਰਥਲਾ): ਆਨ ਏ ਪੁਆਇੰਟ ਆਫ ਆਰਡਰ ਸਰ । ਚੇਅਰਮੈਨ ਸਾਹਿਬ, ਇਨ੍ਹਾਂ ਨੇ ਇਹ ਜੋ ਕਿਹਾ ਹੈ ਕਿ ਇਕੋ ਬਰਾਦਰੀ ਦੇ ਐਸ. ਪੀ. ਜ਼ਿਲ੍ਹਿਆਂ ਦੇ ਵਿਚ ਲਾਏ ਗਏ ਹਨ, ਇਹ ਠੀਕ ਨਹੀਂ ਹੈ । ਮੇਰੇ ਜ਼ਿਲ੍ਹੇ ਵਿਚ ਉਨ੍ਹਾਂ ਦੀ ਬਰਾਦਰੀ ਦਾ ਕੋਈ ਅਫਸਰ ਨਹੀਂ ਹੈ । ਇਨ੍ਹਾਂ ਨੂੰ ਕੋਈ ਗਲ ਆਖਣ ਤੋਂ ਪਹਿਲਾਂ ਪੂਰੀ ਪੜਤਾਲ ਕਰ ਲੈਣੀ ਚਾਹੀਦੀ ਹੈ ।

ਸ੍ਰੀ ਸਭਾਪਤੀ (ਕਾਮਰੇਡ ਸ਼ਮਸ਼ੇਰ ਸਿੰਘ ਜੋਸ਼): ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (This is no point of order.)

ਸਰਦਾਰ ਜਸਦੇਵ ਸਿੰਘ ਸੰਧੂ: ਚੇਅਰਮੈਨ ਸਾਹਿਬ, ਮੈਂ ਠੀਕ ਕਹਿ ਰਿਹਾ ਹਾਂ ਕਿ ਉਨ੍ਹਾਂ ਦੀ ਬਰਾਦਰੀ ਦੇ ਜਿਤਨੇ ਵੀ ਐਸ.ਪੀ., ਡੀ.ਐਸ.ਪੀ. ਐਸ.ਐਸ.ਪੀ., ਹਨ ਸਾਰਿਆਂ ਨੂੰ ਚੰਗੀਆਂ ਚੰਗੀਆਂ ਥਾਵਾਂ ਦਿਤੀਆ ਗਈਆਂ ਹਨ । ਫਿਰ ਜਿਨ੍ਹਾਂ ਪੁਲੀਸ ਅਫਸਰਾਂ ਨੇ ਉਸ ਆਈ.ਜੀ. ਨੂੰ ਹਾਕੀ ਫੈਡਰੇਸ਼ਨ ਵਿਚ ਵੋਟਾਂ ਇਕੱਠੀਆਂ ਕਰਕੇ ਨਹੀਂ ਦਿਤੀਆਂ ਜਾ ਪੁਲੀਸ ਦੇ ਕੰਨਟੀਨ ਆਦਿ ਫੰਡਾਂ ਵਿਚੋਂ ਉਸ ਲਈ ਨਜ਼ਾਇਜ਼ ਖਰਚ ਨਹੀਂ ਕੀਤਾ ਉਨ੍ਹਾਂ ਸਾਰਿਆਂ ਅਫਸਰਾਂ ਨੂੰ ਉਸ ਨੇ ਖੁਡੇ ਲਾਈਨ ਲਾ ਦਿਤਾ ਹੋਇਆ ਹੈ । ਮੈਂ ਤੁਹਾਡੇ ਰਾਹੀਂ ਗਿਆਨੀ ਜੀ ਨੂੰ ਕਹਿੰਦਾ ਹਾਂ ਤੁਸੀਂ ਚੀਫ ਸੈਕਟਰੀ ਨੂੰ ਬੁਲਾ ਲਓ, ਹੋਮ ਸੈਕਟਰੀ ਨੂੰ ਬੁਲਾ ਲਉ ਅਤੇ ਮੈਨੂੰ ਵੀ ਬੁਲਾਕੇ ਪੜਤਾਲ ਕਰ ਲਉ । ਜੇ ਮੇਰੀ ਗਲ ਗਲਤ ਨਿਕਲੇ ਤਾਂ ਹਾਊਸ ਜੋ ਵੀ ਸਜ਼ਾ ਦੇਵੇ ਮੈਂ ਭੁਗਤਣ ਲਈ ਤਿਆਰ ਹਾਂ । (ਥੰਪਿੰਗ) ਇਹ ਜੋ ਧਰਮ ਨਿਰਪੇਖਤਾ ਦਾ ਨਜ਼ਲਾ ਹੈ ਇਹ ਇਕ ਹੀ ਧਰਮ ਵਾਲਿਆਂ ਤੇ ਗਿਰਦਾ ਹੈ । ਇਸ ਪਾਸੇ ਚੀਫ ਮਨਿਸਟਰ ਸਾਹਿਬ ਨੂੰ ਤੁਰਤ ਧਿਆਨ ਦੇਣਾ ਚਾਹੀਦਾ ਹੈ ।

[ਸਰਦਾਰ ਜਸਦੇਵ ਸਿੰਘ ਸੰਧੂ]

ਇਕ ਹੋਰ ਗਲ ਮੈਂ ਅਰਜ਼ ਕਰਨੀ ਹੈ ਕਿ ਪੁਲਿਸ ਦੇ ਜਿੰਨੇ ਵਡੇ ਵਡੇ ਅਫਸਰ ਹਨ, ਜਿਨ੍ਹਾਂ ਦਾ ਕੰਮ ਲਾਅ ਐਂਡ ਆਰਡਰ ਕਾਇਮ ਕਰਨਾ ਹੈ, ਉਨ੍ਹਾਂ ਨੇ ਆਪਣੇ ਫਾਰਮ ਬਣਾਏ ਹੋਏ ਹਨ ਅਤੇ ਥਾਣਿਆਂ ਵਿਚੋਂ ਮੁਸ਼ਤਬਿਕਾ ਬੰਦਿਆਂ ਨੂੰ ਬੁਲਾਕੇ ਆਪਣੇ ਫਾਰਮਾਂ ਦਾ ਕੰਮ ਕਰਵਾਉਂਦੇ ਹਨ । ਜੇ ਉਨ੍ਹਾਂ ਨੇ ਪੁਛ ਪੜਤਾਲ ਕਰਨੀ ਹੋਵੇ ਤਾਂ ਚੰਡੀਗੜ੍ਹ ਤੋਂ ਪਟਿਆਲੇ ਦੇ ਆਸ ਪਾਸ ਵੇਖਣ ਕਿ ਕਿੰਨੇ ਅਫਸਰਾਂ ਨੇ ਫਾਰਮ ਬਣਾਏ ਹੋਏ ਹਨ । ਅਤੇ ਬਿਨਾਂ ਦਸਿਆਂ ਉਥੇ ਅਚਨਚੇਤ ਛਾਪਾ ਮਾਰਿਆ ਜਾਵੇ ਤਾਂ ਪਤਾ ਲਗੇਗਾ ਕਿ ਉਥੇ ਕਿਤਨੇ ਮੁਸ਼ਤਿਬਕਾ ਕਿੰਨੇ ਕੰਸਟੇਬਲ ਅਤੇ ਹੈਡ ਕੰਸਟੇਬਲ ਉਨ੍ਹਾਂ ਦੇ ਫਾਰਮਾਂ ਵਿਚ ਕੰਮ ਕਰ ਰਹੇ ਹਨ । ਚੇਅਰਮੈਨ ਸਾਹਿਬ, ਤੁਹਾਡੀ ਪਾਰਟੀ ਦੀ ਅਖਬਾਰ ਨੇ ਇਸ ਬਾਰੇ ਬੜਾ ਕੁਝ ਛਾਪਿਆ ਹੈ ! ਕੁਝ ਫੈਕਟਸ ਅਤੇ ਫਿਗਰਜ਼ ਵੀ ਦਿਤੀਆਂ ਹਨ । ਇਸ ਲਈ ਮੈਂ, ਚੀਫ ਮਨਿਸਟਰ ਸਾਹਿਬ, ਨੂੰ ਬੇਨਤੀ ਕਰਦਾ ਹਾਂ ਕਿ ਉਹ ਇਸ ਚੀਜ਼ ਨੂੰ ਸੁਧਾਰਣ ਲਈ ਅਫਸਰਾਂ ਦੀਆਂ ਬਦਲੀਆਂ ਫਾਰਮਾਂ ਤੋਂ ਦੂਰ ਕਰ ਦੇਣ । ਇਸ ਤਰ੍ਹਾਂ ਨਾਲ ਪੁਲਿਸ ਵਿਚ ਐਫੀਸੈਂਸੀ ਆਇਗੀ । ਕੁਰੱਪਸ਼ਨ ਦੀ ਗਲ ਘਟੇਗੀ । (ਘੰਟੀ) ਚੇਅਰਮੈਨ ਸਾਹਿਬ, ਇਕੋ ਗਲ ਕਹਿ ਕੇ ਮੈਂ ਇਸ ਨੂੰ ਬੰਦ ਕਰਦਾ ਹਾਂ । ਇਸ ਵੇਲੇ ਇਹ ਬੜਾ ਰੌਲਾ ਪਾਇਆ ਜਾ ਰਿਹਾ ਹੈ ਕਿ ਹਰੀਜਨਾਂ ਨਾਲ ਧੱਕਾ ਹੋ ਰਿਹਾ ਹੈ (ਵਿਘਨ) ਇਸ ਸਬੰਧ ਵਿਚ, ਚੇਅਰਮੈਨ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਹਰੀਜਨਾਂ ਨਾਲ ਧੱਕਾ ਹੁੰਦਾ ਹੋਵੇ ਇਹ ਕੋਈ ਵਿਅਕਤੀ ਜਾਂ ਕੋਈ ਪਾਰਟੀ ਕਰਦੀ ਹੋਵੇ ਤਾਂ ਉਸ ਨੂੰ ਮੁਨਾਸਿਬ ਸਜ਼ਾ ਮਿਲਣੀ ਚਾਹੀਦੀ ਹੈ । ਇਥੇ ਪੰਜਾਬ ਦੇ ਲੋਕਾਂ ਵਿਚ ਝਗੜਾ ਖੜਾ ਨਹੀਂ ਕਰਨਾ ਚਾਹੀਦਾ । ਜੇ ਕਿਤੇ ਤਸ਼ਦੱਦ ਹੁੰਦਾ ਹੋਵੇ ਤਾਂ ਉਥੇ ਸੋਚ ਸਮਝ ਕੇ ਐਕਸ਼ਨ ਲੈਣਾ ਚਾਹੀਦਾ ਹੈ ਅਤੇ ਕੋਈ ਨਵਾਂ ਝਗੜਾ ਖੜਾ ਨਹੀਂ ਹੋਣਾ ਚਾਹੀਦਾ । ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ ਕਿ ਜ਼ਿਮੀਦਾਰ ਅਤੇ ਹਰੀਜਨਾਂ ਵਿਚ ਦੂਰੀ ਹੁੰਦੀ ਜਾਵੇ (ਵਿਘਨ) ਇੰਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹੋਇਆ ਆਪਣੀ ਸਪੀਚ ਸਮਾਪਤ ਕਰਦਾ ਹਾਂ ।

PERSONAL EXPLANATIONS BY ACHARYA PRITHVI SINGH AZAD AND SARDAR JASDEV SINGH SANDHU

आचार्य पृथ्वी सिंह आज़ाद: On a point of personal explanation, Sir चेयरमैन साहिब, विरोधी बैंचों से बोलते हुए अभी मेरे ऊपर एक इल्ज़ाम लगाया गया है कि आचार्य पृथ्वी सिंह आज़ाद खरड़ तहसील को हरियाणा में ले जाना चाहते थे । मैं आपके द्वारा यह स्पष्ट कर देना चाहता हूँ कि मेरी पार्टी के लीडर ज्ञानी ज़ैल सिंह ने पंजाबी सूबे की जो रूप रेखा तैयार की थी उस में कांगड़ा, अम्बाला और ज़िला शिमला और करनाल के कुछ हिस्से शामिल थे । मैंने इसका पूरा समर्थन किया था ।

दूसरे इस हाऊस में मार्च, 1967 में कांग्रेस पार्टी ने जो रैज़ोल्यूशन पेश किया था उसमें तहसील खरड़ और उसके साथ के सारे इलाके चण्डीगढ़ समेत पंजाब को दिए जाने की मांग थी । वह रैज़ोल्यूशन मैंने पेश किया था । और यह इस सदन के रिकार्ड का हिस्सा है ।

तीसरे कोई डाकुमैंट मैमोरैंडम या स्पीच मेरी ऐसी नहीं है जिस में यह कहा गया हो कि पंजाब का कोई इलाका हरियाणा को दिया जाए ।

चौथी बात मेरे दोस्त ने कही कि मैं हिन्दी की बात करता हूँ, फिर्काप्रस्ती की बात करता हूँ । मैं आपके द्वारा इनको कहना चाहता हूँ कि मैं किसी भी देश भक्त या सैकुलरिस्ट से पीछे नही हूं । अगर हिन्दी की बात करता हूं तो पंजाबी का विरोध नहीं करता पंजाबी को पंजाब की राज भाषा मानता हूँ । पंजाबी की उन्नति के साथ साथ हिन्दी भी पंजाब की लिंक भाषा है और राष्ट्र भाषा है और पंजाब के हिन्दुओं की रोज़ के प्रयोग की भाषा है। हिन्दी उनकी धर्म भाषा और कर्म भाषा है। इस लिए कांस्टीच्यूशन में अल्प संख्यकों को जो सुविधाएं मिली हुई हैं वही सुविधाएं हम मांगते हैं। अगर हिन्दी के लिए लड़ने वालों को फिर्काप्रस्त कहा जा सकत है तो मैं समझता हूँ कि वह लोग भी फिकाप्रस्त हैं जो कि पंजाबी सूबे की हद घग्गर तक ही सीमित रखना चाहते हैं ।

ਸਰਦਾਰ ਜਸਦੇਵ ਸਿੰਘ ਸੰਧੂ: ਚੇਅਰਮੈਨ ਸਾਹਿਬ, ਆਨ ਏ ਪੁਆਇੰਟ ਆਫ਼ ਪਰਸਨਲ ਐਕਸਪਲੇਨੇਸ਼ਨ, ਸਰ । ਮੈਂ ਹਿੰਦੀ ਦੇ ਖਿਲਾਫ ਕੋਈ ਗਲ ਨਹੀਂ ਕੀਤੀ (ਵਿਘਨ) ਮੈਂ ਤਾਂ ਇਹ ਕਹਿੰਦਾ ਹਾਂ ਕਿ ਜਿਹੜੇ ਲੋਕ ਅੱਜ ਵੀ ਪੰਜਾਬੀ ਵਿਚ ਬੋਲਣ ਨੂੰ ਤਿਆਰ ਨਹੀਂ ਉਹ ਕਿਸ ਤਰ੍ਹਾਂ ਨਾਲ ਪੰਜਾਬੀ ਸੂਬੇ ਦੇ ਹੱਕ ਵਿਚ ਹੋ ਸਕਦੇ ਹਨ ।

GOVERNOR'S ADDRESS (RESUMPTION OF DISCUSSION)

ਸ਼੍ਰੀ ਵਿਸ਼ਵਾ ਮਿੱਤਰ ਸੇਖਰੀ (ਬਟਾਲਾ): ਚੇਅਰਮੈਨ ਸਾਹਿਬ, ਮੈਂ ਗਵਰਨਰ ਸਾਹਿਬ ਦੇ ਭਾਸ਼ਣ ਦੀ ਪਰੋੜਤਾ ਕਰਨ ਲਈ ਖੜਾ ਹੋਇਆ ਹਾਂ । ਇਹ ਪੰਜ ਸਾਲਾਂ ਬਾਅਦ ਪਹਿਲਾ ਮੌਕਾ ਹੈ ਜਦ ਕਿ ਗਵਰਨਰ ਸਾਹਿਬ ਨੇ ਉਸ ਹਾਊਸ ਨੂੰ ਐਡਰੇਸ ਕੀਤਾ ਹੈ ਜਿਸ ਵਿਚ ਇੰਡੀਅਨ ਨੈਸ਼ਨਲ ਕਾਂਗਰਸ ਦੇ ਸਮਰਥਕ ਗਿਆਨੀ ਜ਼ੈਲ ਸਿੰਘ ਜੀ ਦੀ ਲੀਡਰਸ਼ਿਪ ਹੇਠ ਬੜੀ ਮੈਜਾਰਿਟੀ ਵਿਚ ਆਏ ਹਨ । ਇਨ੍ਹਾਂ ਨੇ ਪਹਿਲੇ ਸਫੇ ਤੇ ਕਿਹਾ ਹੈ:

> I am particularly happy on the peaceful and orderly completion of the election process. It is indicative of the maturity and wisdom of our people.

ਇਸ ਤਰ੍ਹਾਂ ਗਵਰਨਰ ਸਾਹਿਬ ਨੇ ਪੰਜਾਬ ਦੇ ਅਵਾਮ ਨੂੰ ਮੁਬਾਰਕਬਾਦ ਪੇਸ਼ ਕੀਤੀ ਹੈ । ਉਨ੍ਹਾਂ ਨੇ ਫਰਮਾਇਆ ਹੈ ਕਿ ਇਸ ਅਸੰਬਲੀ ਵਿਚ ਜਿਥੇ ਕਿ ਖਰੀਦੋ ਫਰੋਖਤ ਸ਼ੁਰੂ ਹੋ ਗਈ ਸੀ, ਜ਼ਿਥੇ ਕਿ ਆਇਆ ਰਾਮ ਅਤੇ ਗਿਆ ਰਾਮ ਦਾ ਸਿਲਸਿਲਾ ਜਾਰੀ ਹੋ ਗਿਆ ਸੀ, ਉਥੇ ਜਨਤਾ ਨੇ ਇੰਡੀਅਨ ਨੈਸ਼ਨਲ ਕਾਂਗਰਸ ਨੂੰ ਵਡੀ ਤਾਕਤ ਵਿਚ ਲਿਆਂਦਾ ਹੈ । ਇਸ ਕਰਕੇ ਮੈਂ ਪੰਜਾਬ ਦੇ ਅਵਾਮ ਨੂੰ ਮੁਬਾਰਕਬਾਦ ਪੇਸ਼ ਕਰਦਾ ਹਾਂ ।

ਦੂਸਰੀ ਅਰਜ਼ ਮੈਂ ਇਹ ਕਰਨੀ ਚਾਹੁੰਦਾ ਹਾਂ ਕਿ 1967 ਤੋਂ ਬਾਅਦ ਇਥੇ ਜੋ ਚੂ ਚੂ ਦਾ ਮੁਰੱਬਾ ਅਕਾਲੀਆਂ ਨੇ ਬਣਾਇਆ ਹੋਇਆ ਸੀ ਉਹ ਸਾਰੇ ਪੰਜਾਬ ਨੇ ਦੇਖ ਲਿੱਤਾ ਹੈ । ਕਿਵੇਂ ਇਥੇ ਉਸ ਵੇਲੇ ਥਾਣਿਆਂ ਵਿਚ ਕੰਮ ਹੁੰਦਾ ਰਿਹਾ ਹੈ, ਕਰੋੜਾ ਰੁਪਿਆ ਇੰਡਸਟਰੀਜ਼ ਦਾ ਕੋਟਿਆਂ ਦਾ ਡਿਸਟ੍ਰੀਬਿਊਟ ਹੁੰਦਾ ਰਿਹਾ ਹੈ । ਪੋਸਟਾਂ ਫਿਲ ਅਪ ਹੁੰਦੀਆਂ ਰਹੀਆਂ ਹਨ (ਵਿਘਨ) ਇਸ ਸਾਰੀ ਚੀਜ਼ ਦਾ ਪੰਜਾਬ ਦੇ ਸਾਹਮਣੇ ਇਕ ਨਕਸ਼ਾਂ ਬਣਿਆ ਹੋਇਆ ਹੈ ।

[ਸ੍ਰੀ ਵਿਸ਼ਵਾ ਮਿੱਤਰ ਸੇਖੜੀ]

ਹੁਣ ਕਾਂਗਰਸ ਨੂੰ ਇੰਦਰਾ ਗਾਂਧੀ ਜੀ ਦੀ ਨੇਤ੍ਰਤਿਵ ਹੇਠ ਪੰਜਾਬ ਵਿਚ ਅਕਸਰੀਅਤ ਹੋਣ ਦਾ ਮੌਕਾ ਮਿਲਿਆ ਹੈ । ਔਰ ਮੈਂ ਮਹਿਸੂਸ ਕਰਦਾ ਹਾਂ ਕਿ ਗਿਆਨੀ ਜ਼ੈਲ ਸਿੰਘ ਜੀ ਦੀ ਲੀਡਰਸ਼ਿਪ ਹੇਠ ਪੰਜਾਬ ਵਿਚ ਐਸਾ ਇਨਕਲਾਬ ਆਏਗਾ ਜਿਸ ਨੂੰ ਆਹ ਮੇਰੇ ਵਿਰੋਧੀ ਬੈਂਚਾਂ ਤੇ ਬੈਠੇ ਵੀਰ ਵੀ ਮਹਿਸੂਸ ਕਰਨਗੇ (ਥੰਪਿੰਗ) । ਇਨ੍ਹਾਂ ਵੀਰਾਂ ਨੂੰ ਮੌਕਾ ਮਿਲਿਆ ਸੀ ਪਰ ਇਨ੍ਹਾਂ ਨੇ ਆਪਸ ਵਿਚ ਲੜ ਕੇ ਹੀ ਸਾਰਾ ਵਕਤ ਗੁਆ ਦਿਤਾ ਅਤੇ ਜੋ ਕੰਮ ਕੀਤਾ ਉਹ ਵੀ ਪੰਜਾਬ ਨੂੰ ਬਰਬਾਦ ਕਰਨ ਵਾਸਤੇ ਕੀਤਾ । (ਥੰਪਿੰਗ) ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਪੰਜ ਸਾਲਾਂ ਦੇ ਅਰਸੇ ਵਿਚ ਤੁਸੀਂ ਵੇਖੋਗੇ ਕਿ ਅਸੀਂ ਜਿਹੜੇ ਵਾਇਦੇ ਕਰਕੇ ਆਏ ਹਾਂ, ਜਿਹੜੀ ਸਾਡੀ ਪਾਰਟੀ ਦਾ ਮੈਨੀਫੈਸਟੋ ਹੈ, ਉਸ ਨੂੰ ਅਮਲੀ ਸ਼ਕਲ ਵਿਚ ਲਿਆਵਾਂਗੇ ਇਕ ਗਲ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ ਪੰਜਾਬ ਦੇ ਹਰ ਵਸਨੀਕ ਨੂੰ ਪੁਰਸਕੂਨ ਅਤੇ ਤਸੱਲੀ ਬਖਸ਼ ਜ਼ਿੰਦਗੀ ਬਸਰ ਕਰਨ ਦਾ ਮੌਕਾ ਮਿਲੇਗਾ । ਉਹ ਵਕਤ ਦੂਰ ਨਹੀਂ ਜਦ ਕਿ ਆਪੋਜ਼ੀਸ਼ਨ ਤੇ ਬੈਠੇ ਸੱਜਣ ਇਹ ਮਹਿਸੂਸ ਕਰਨਗੇ ਕਿ ਟਰੈਜ਼ਰੀ ਬੈਂਚਾਂ ਤੇ ਬੈਠਣ ਵਾਲਿਆਂ ਨੇ ਇਨਸਾਫ ਕੀਤਾ ਸੀ ।

ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਸਰਕਾਰ ਤੋਂ ਪਹਿਲੀ ਸਰਕਾਰ ਦੇ ਵਕਤਾਂ ਵਿਚ ਇਥੇ ਅਜਿਹਾ ਵਾਤਾਵਰਨ ਬਣ ਗਿਆ ਸੀ ਕਿ ਚਾਰੋ ਪਾਸੇ ਕੁਰਪਸ਼ਨ ਦਾ ਬੋਲ ਬਾਲਾ ਸੀ ਅਤੇ ਉਸ ਵੇਲੇ ਇਹ ਤਕਰੀਬਨ ਸਾਰੇ ਹੀ ਵਜ਼ੀਰ ਬਣ ਗਏ ਸਨ । (ਵਿਘਨ) ਮੈਂ ਦੱਵੇ ਕਮਿਸ਼ਨ ਦੇ ਮੁਤੱਲਕ ਕੁਝ ਨਹੀਂ ਕਹਿਣਾ ਚਾਹੁੰਦਾ ਪਰ ਐਨਾ ਹੀ ਜ਼ਿਕਰ ਕਰ ਦੇਣਾ ਚਾਹੁੰਦਾ ਹਾਂ ਕਿ ਜਿਸ ਵੇਲੇ ਇਸ ਕਮਿਸ਼ਨ ਦਾ ਨਤੀਜਾ ਲੋਕਾਂ ਦੇ ਸਾਹਮਣੇ ਆਵੇਗਾ ਤਦ ਪੰਜਾਬ ਅਤੇ ਹਿੰਦੁਸਤਾਨ ਦੇ ਲੋਕ ਉਸ ਤੋਂ ਆਪਣੇ ਆਪ ਹੀ ਅੰਦਾਜ਼ਾ ਲਗਾ ਲੈਣਗੇ ਕਿ ਉਨ੍ਹਾਂ ਨੇ ਇਥੇ ਕਿਸ ਕਿਸਮ ਦੇ ਕੰਮ ਕੀਤੇ ਸਨ । (ਵਿਘਨ)

1—17 p.m.

(ਇਸ ਸਮੇਂ ਸ੍ਰੀ ਡਿਪਟੀ ਸਪੀਕਰ ਕੁਰਸੀ ਤੇ ਬਿਰਾਜਮਾਨ ਹੋਏ)

ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਬਾਰਡਰ ਉਤੇ ਰਹਿਣ ਵਾਲੇ, ਜ਼ਿਲੇ, ਅੰਮ੍ਰਿਤਸਰ, ਫਿਰੋਜ਼ਪੁਰ ਅਤੇ ਗੁਰਦਾਸਪੁਰ ਦੀ ਜਨਤਾ ਦਾ ਖਾਸ ਧਿਆਨ ਰਖਣਾ ਚਾਹੀਦਾ ਹੈ । ਜਦ ਕਦੇ ਵੀ ਹਿੰਦੁਸਤਾਨ ਅਤੇ ਪਾਕਿਸਤਾਨ ਦੀ ਲੜਾਈ ਹੋਈ ਹੈ ਉਦੋਂ ਇਨ੍ਹਾਂ ਤਿੰਨਾਂ ਜ਼ਿਲ੍ਹਿਆਂ ਦਾ ਕਾਫੀ ਨੁਕਸਾਨ ਹੋਇਆ ਹੈ । ਤੁਹਾਡੇ ਰਾਹੀਂ ਮੈਂ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਇਹ ਤਿੰਨਾਂ ਜ਼ਿਲਿਆਂ ਵਾਸਤੇ ਕੋਈ ਇਨਕਮ ਟੈਕਸ ਅਤੇ ਐਕਸਾਇਜ਼ ਡਿਊਟੀ ਨਹੀਂ ਚਾਹੀਦੀ ਅਤੇ ਜਿਵੇਂ ਕਿ ਲੱਦਾਖ ਦੇ ਇਲਾਕੇ ਵਿਚ ਰਿਆਇਤਾਂ ਮਿਲੀਆਂ ਹੋਈਆਂ ਹਨ ਉਸੇ ਤਰ੍ਹਾਂ ਇਨ੍ਹਾਂ ਤਿੰਨਾਂ ਜ਼ਿਲ੍ਹਿਆਂ ਵਾਸਤੇ ਰਿਆਇਤਾਂ ਗੌਰਮਿੰਟ ਆਫ ਇੰਡੀਆਂ ਤੋਂ ਲੈ ਕੇ ਦੇਣੀਆਂ ਚਾਹੀਦੀਆਂ ਹਨ । ਬਾਰਡਰ ਦੀ ਇੰਡਸਟਰੀ ਵਲ ਵੀ ਸਾਡੇ ਚੀਫ ਮਨਿਸਟਰ ਸਾਹਿਬ ਨੂੰ ਧਿਆਨ ਦੇਣਾ ਚਾਹੀਦਾ ਹੈ । ਰਾ—ਮੈਟੀਰੀਅਲ ਦੀ ਡਿਸਟ੍ਰੀਬਿਊਸ਼ਨ ਵਾਸਤੇ ਵੀ ਇਨ੍ਹਾਂ ਤਿੰਨਾਂ ਜ਼ਿਲਿਆਂ ਨੂੰ ਖਾਸ ਰਿਆਇਤਾਂ ਦੇਣ ਸਬੰਧੀ ਸਰਕਾਰ ਨੂੰ ਹੁਕਮ ਜਾਰੀ ਕਰਨੇ ਚਾਹੀਦੇ ਹਨ ।

ਇੱਕ ਹੋਰ ਅਰਜ਼ ਕਰਨੀ ਚਾਹੁੰਦਾ ਹਾਂ, ਡਿਪਟੀ ਸਪੀਕਰ ਸਾਹਿਬ, ਕਿ ਅੰਮ੍ਰਿਤਸਰ ਨੂੰ ਡਰਾਂਈ ਪੋਰਟ ਡਿਕਲੇਅਰ ਕਰਨਾ ਚਾਹੀਦਾ ਹੈ ਤਾਂ ਕਿ ਐਕਸਪੋਰਟ ਜ਼ਿਆਦਾ ਹੋ ਸਕੇ । ਪੰਜਾਬ

ਵਿਚ 10 ਵਡੀਆਂ ਇੰਡਸਟਰੀਆਂ ਮਿਲੀਆਂ ਸਨ । ਪਰ ਇਹ ਲੋਕ ਸੌਦੇ ਕਰਦੇ ਰਹੇ ਅਤੇ ਕੋਈ ਚੀਜ਼ ਨੂੰ ਫਾਈਨਾਲਇਜ਼ ਨਹੀਂ ਕਰ ਸਕੇ ਅਤੇ ਮਿਲੇ ਲਾਈਸੰਸ ਇਨ੍ਹਾਂ ਨੇ ਗੰਵਾ ਦਿਤੇ ।

ਦੋ ਪਰਾਜੈਕਟ ਜਿਨ੍ਹਾਂ ਦੇ ਮੁਤਲਕ ਐਗਰੀਮੈਂਟ ਹੋ ਚੁਕਾ ਹੈ, ਉਹ ਜਲਦੀ ਚਾਲੂ ਕਰਨੇ ਚਾਹੀਦੇ ਹਨ ।

ਮੈਂ ਬੇਨਤੀ ਕਰਾਂਗਾ ਕਿ ਬੈਟਰੀ ਸੈਲ ਅਤੇ ਸਟੀਲ ਬਿਲਟਸ ਇਨ੍ਹਾਂ ਦੋਨਾਂ ਨੂੰ ਜਲਦੀ ਤੋਂ ਜਲਦੀ ਚਾਲੂ ਕਰੋ । ਇਸ ਵਾਸਤੇ ਅੰਮ੍ਰਿਤਸਰ, ਫਿਰੋਜ਼ਪੁਰ ਅਤੇ ਗੁਰਦਾਸਪੁਰ ਦੇ ਜ਼ਿਲ੍ਹਿਆਂ ਵਿਚੋਂ ਕਿਸੇ ਇਕ ਨੂੰ ਇਸ ਵਾਸਤੇ ਸੀਲੈਕਟ ਕਰ ਲਵੋ । ਇਸ ਤੋਂ ਅੱਗੇ ਮੈਂ ਰਾਜਪਾਲ ਦੇ ਭਾਸ਼ਣ ਦੇ ਪੰਨਾ ਨੰ 12 ਬਾਰੇ ਅਰਜ਼ ਕਰਦਾ ਹਾਂ । ਇਸ ਵਿਚ ਬੱਸਾਂ ਅਤੇ ਟਰਾਂਸਪੋਰਟ ਦੇ ਮੁਤੱਲਕ ਕਿਹਾ ਗਿਆ ਹੈ । ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਬੱਸ ਟਰਾਂਸਪੋਰਟ ਨੂੰ ਨੈਸ਼ਨੇਲਾਇਜ਼ ਕਰੋ ਤਾਂਕਿ ਪੰਜਾਬ ਦੀ ਜਨਤਾ ਨਾਲ ਜਿਹੜੇ ਅਸੀਂ ਵਾਅਦੇ ਕੀਤੇ ਸੀ, ਉਹ ਮਹਿਸੂਸ ਕਰਨ ਕਿ ਅਸੀਂ ਪੂਰੇ ਕਰ ਰਹੇ ਹਾਂ । ਡਿਪਟੀ ਸਪੀਕਰ ਸਾਹਿਬ, ਇਤਨਾ ਕੁਝ ਕਹਿੰਦਾ ਹੋਇਆ, ਗਵਰਨਰ ਦੇ ਭਾਸ਼ਣ ਦੇ ਉਤੇ ਜਿਹੜਾ ਸਰਦਾਰ ਪ੍ਰੇਮ ਸਿੰਘ ਜੀ ਪ੍ਰੇਮ ਨੇ ਥੈਂਕਸ ਦਾ ਮਤਾ ਪੇਸ਼ ਕੀਤਾ ਹੈ, ਮੈਂ ਉਸ ਦੀ ਪ੍ਰੋੜਤਾ ਕਰਦਾ ਹਾਂ ।

ਚੌਧਰੀ ਦਰਸ਼ਨ ਸਿੰਘ (ਨੂਰ ਮਹਿਲ) : ਡਿਪਟੀ ਸਪੀਕਰ ਸਾਹਿਬ, ਗਵਰਨਰ ਦੇ ਇਸ ਐਡਰੈਸ ਤੇ ਜਿਹੜੀ ਮੋਸ਼ਨ ਆਫ ਥੈਂਕਸ ਸਰਦਾਰ ਪ੍ਰੇਮ ਸਿੰਘ ਪ੍ਰੇਮ ਨੇ ਮੂਵ ਕੀਤੀ ਹੈ, ਉਸ ਦੀ ਤਾਈਦ ਕਰਨ ਲਈ, ਉਸ ਦੀ ਪ੍ਰੋੜਤਾ ਕਰਨ ਲਈ ਖੜਾ ਹੋਇਆ ਹਾਂ । ਡਿਪਟੀ ਸਪੀਕਰ ਸਾਹਿਬ, ਗਵਰਨਰ ਦਾ ਐਡਰੈਸ ਇੰਡੈਕਸ ਹੁੰਦਾ ਹੈ ਸਰਕਾਰ ਦੇ ਪਿਛਲੇ ਸਾਲ ਦੀ ਕਾਰਗੁਜ਼ਾਰੀ ਦਾ ਅਤੇ ਆਉਣ ਵਾਲੇ ਸਮੇਂ ਵਿਚ ਜੋ ਕੁਝ ਸਰਕਾਰ ਨੇ ਕਰਨਾ ਹੈ, ਉਸ ਦਾ ਇੰਡੈਕਸ ਹੁੰਦਾ ਹੈ । ਮੈਂ ਗਵਰਨਰ ਦੇ ਐਡਰੈਸ ਦੇ ਪੰਨੇ ਬੜੇ ਧਿਆਨ ਨਾਲ ਪੜੇ ਹਨ । ਉਨ੍ਹਾਂ ਵਿਚ ਸੋਸ਼ਲਿਜ਼ਮ ਦੀ ਕੁਝ ਝਲਕ ਨਜ਼ਰ ਪੈਂਦੀ ਹੈ । (ਵਿਘਨ) ਜੇ ਗਵਰਨਰ ਦੇ ਐਡਰੈਸ ਨੂੰ ਫਾਈਨੈਂਸ ਮਨਿਸਟਰ ਸਾਹਿਬ ਦੀ ਸਪੀਚ ਦੇ ਨਾਲ ਇਕੱਠਾ ਪੜ੍ਹਿਆ ਜਾਵੇ ਤਾਂ ਪਤਾ ਲੱਗੇਗਾ ਕਿ ਜ਼ਰੂਰ ਸਾਡੀ ਸਰਕਾਰ, ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੇ ਇਸ ਸੂਬੇ ਵਿਚ ਸਮਾਜਵਾਦ ਲਿਆਉਣ ਲਈ ਕੁਝ ਨਾ ਕੁਝ ਕਦਮ ਚੁਕਿਆ ਹੈ । (ਵਿਘਨ) ਧਿਆਨ ਮਾਰੋ ਗਵਰਨਰ ਦੇ ਐਡਰੈਸ ਦੇ ਪੰਨਿਆਂ ਵੱਲ । 1971 ਦਾ ਸਾਲ ਤਵਾਰੀਖ ਸਾਲ ਕਿਹਾ ਜਾ ਸਕਦਾ ਹੈ । ਇਹ ਸੂਬਾ ਦੋ ਦਫ਼ਾ ਜੰਗ ਦਾ ਸ਼ਿਕਾਰ ਹੋਇਆ । ਇੰਡੋ-ਪਾਕਿਸਤਾਨ ਕਨਫਲਿਕਟ ਵਿਚ 117 ਬੰਦੇ ਮਰੇ ਅਤੇ ਕੋਈ 546 ਨਗਰਾਂ ਵਿਚ ਇਸ ਜੰਗ ਦਾ ਅਸਰ ਹੋਇਆ । ਇੰਡੋ—ਪਾਕਿਸਤਾਨ ਲੜਾਈ ਦਾ ਕੋਈ 3 ਲੱਖ 86 ਹਜ਼ਾਰ ਲੋਕਾਂ ਤੇ ਅਸਰ ਹੋਇਆ । ਲੋਕ ਉਜੜੇ । ਇਸ ਸੂਬੇ ਨੇ ਜਿਸ ਤਰ੍ਹਾਂ ਸਰਦਾਰ ਸੁਰਜੀਤ ਸਿੰਘ ਬਰਨਾਲਾ ਵਾਲੇ ਨੇ ਕਿਹਾ ਹੈ ਕਿ ਸਵੋਰਡ ਆਰਮ ਦੀ ਤਰ੍ਹਾਂ ਇਸ ਵਾਰ ਨੂੰ ਝੱਲਿਆ ਅਤੇ ਪੰਜਾਬ ਦੀ ਸਰਕਾਰ ਨੇ, ਗਵਰਨਰ ਨੇ ਢਾਈ ਮਹੀਨਿਆਂ ਦੇ ਅੰਦਰ ਅੰਦਰ ਉਨ੍ਹਾਂ ਨੂੰ ਵਸਾਉਣ ਦਾ ਪੂਰਾ ਯਤਨ ਕੀਤਾ । ਪਰ ਬੜੇ ਦੁੱਖ ਦੇ ਨਾਲ ਕਹਿਣਾ ਪੈਂਦਾ ਹੈ ਕਿ, ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਲੋਕਾਂ ਨੂੰ ਨਹੀਂ ਵਸਾ ਸਕੇ । ਕੱਲ ਵਿੱਦਿਆ ਮੰਤਰੀ ਨੇ ਆਪਣੇ ਸਵਾਲ ਦੇ ਜਵਾਬ ਵਿਚ ਆਖਿਆ ਸੀ ਕਿ ਪੰਜਾਬ ਸਰਕਾਰ ਸਿਰਫ ਡਿਸਬਰਸਿੰਗ ਐਥਾਰਿਟੀ ਹੈ । ਜ਼ਿਮੀਦਾਰ ਲੋਕ ਜਿਨ੍ਹਾਂ ਦੇ ਪਸ਼ੂ ਮਰੇ, ਜਿਨ੍ਹਾਂ ਦੇ ਕੋਠੇ ਡਿੱਗੇ, ਜਿਨ੍ਹਾਂ ਦੇ ਪਰੀਵਾਰ ਦੇ ਸਾਥੀ ਮਰੇ ਤਾਂ ਪੰਜਾਬ ਸਰਕਾਰ ਐਨੀ ਗੱਲ ਕਹਿਕੇ ਨਹੀਂ ਛੁੱਟ ਸਕਦੀ ਕਿ ਸਰਕਾਰ ਡਿਸਬਰਸਿੰਗ ਐਥਾਰਿਟੀ

[ਚੌਧਰੀ ਦਰਸ਼ਨ ਸਿੰਘ]

ਹੈ । ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਕੌਣ ਮੁਦੱਈ ਹੈ । ਅਸੈਸਿੰਗ ਐਥਾਰਿਟੀ ਕੌਣ ਹੈ । ਮੈਂ ਕਹਿੰਦਾ ਹਾਂ ਕਿ ਪੰਜਾਬ ਸਰਕਾਰ ਉਨ੍ਹਾਂ ਦੀ ਮੁਦੱਈ ਹੈ, ਇਹੀ ਅਸੈਸਿੰਗ ਐਥਾਰਿਟੀ ਹੈ । ਜਿਨ੍ਹਾਂ ਲੋਕਾਂ ਦਾ ਜੰਗ ਦੇ ਦਰਮਿਆਨ ਨੁਕਸਾਨ ਹੋਇਆ, ਪੰਜਾਬ ਸਰਕਾਰ ਉਨ੍ਹਾਂ ਦੀ ਮੁਦੱਈ ਹੈ । ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਸਿਰਫ ਐਨੀ ਗੱਲ ਕਹਿਕੇ ਅਸੀਂ ਬਰੀ ਨਹੀਂ ਹੁੰਦੇ ਕਿ ਸੈਂਟਰ ਦੀ ਸਰਕਾਰ ਜੋ ਸਾਨੂੰ ਕੁਝ ਦੇਵੇਗੀ ਤਾਂ ਅਸੀਂ ਅੱਗੇ ਵੰਡਾਂਗੇ । ਮੈਂ ਕਹਿੰਦਾ ਹਾਂ ਕਿ ਤੁਸੀਂ ਸੈਂਟਰ ਤੇ ਜ਼ੋਰ ਪਾਉ ਅਤੇ ਲੋਕਾਂ ਦੇ ਹੋਏ ਨੁਕਸਾਨ ਨੂੰ ਪੂਰਾ ਕਰੋ । ਇਹ ਕਾਫੀ ਨਹੀਂ, ਜੰਗ ਦੇ ਦਿਨਾਂ ਵਿਚ ਸਰਹੱਦ ਤੇ ਲੜਨ ਵਾਲੇ ਜਵਾਨਾਂ ਲਈ ਮਾਵਾਂ, ਭੈਣਾਂ, ਧੀਆਂ ਨੇ ਭੱਤੇ ਢੋਏ । ਉਥੋਂ ਦੇ ਲੋਕਾਂ ਨੇ ਜਵਾਨਾਂ ਦੀ ਬਹੁਤ ਮੱਦਦ ਕੀਤੀ ਅਤੇ ਜਿੱਤ ਪ੍ਰਾਪਤ ਕੀਤੀ । ਤਾਂ ਮੈਂ ਕਹਿੰਦਾ ਹਾਂ ਕਿ ਫਿਰ ਕਿਉਂ ਨਾ ਹਿੰਦੁਸਤਾਨ ਦੇ ਬਾਕੀ ਸੂਬੇ ਵੀ ਇਸ ਜ਼ਖਮ ਨੂੰ ਝੱਲਣ । ਇਸ ਲਈ ਮੈਂ ਬੇਨਤੀ ਕਰਾਂਗਾ ਕਿ ਪੰਜਾਬ ਸਰਕਾਰ ਨੂੰ ਪੂਰਾ ਯਤਨ ਕਰਨਾ ਚਾਹੀਦਾ ਹੈ ਕਿ ਜਿਨ੍ਹਾਂ ਲੋਕਾਂ ਦਾ ਨੁਕਸਾਨ ਹੋਇਆ ਹੈ, ਉਹ ਪੂਰਾ ਕੀਤਾ ਜਾਵੇ । ਪੰਜਾਬ ਸਰਕਾਰ ਨੇ ਕਈ ਅਗਾਂਹ ਵਧੂ ਗੱਲਾਂ ਕੀਤੀਆਂ ਹਨ, ਠੀਕ ਹੈ । ਹਰਿਆਣਾ ਅਤੇ ਪੰਜਾਬੀ ਸੂਬਾ ਇਕੋ ਦਿਨ ਬਣੇ । ਹਰਿਆਣਾ ਵਿਚ ਹਰ ਸੜਕ ਮੈਟਲਡ ਬਣਾ ਦਿਤੀ ਗਈ ਹੈ ।(ਵਿਘਨ) ਹਰ ਪਿੰਡ ਵਿਚ ਬਿਜਲੀ ਚਲੀ ਗਈ ਹੈ। (ਵਿਘਨ) ਮੈਂ ਕਹਿੰਦਾ ਹਾਂ ਕਿ ਹਰਿਆਣਾ ਵਿਚ 80% ਪਿੰਡ ਮੈਟਲਡ ਰੋਡ ਨਾਲ, ਬਿਜਲੀ ਨਾਲ ਲਿੰਕਡ ਹੋ ਚੁੱਕੇ ਹਨ । (ਵਿਘਨ) ਮੈਂ ਆਪੋਜ਼ੀਸ਼ਨ ਨੂੰ ਪੁੱਛਦਾ ਹਾਂ ਕਿ ਹਰਿਆਣਾ ਸਾਡੇ ਨਾਲੋਂ ਪਛੜਿਆ ਹੋਇਆ ਸੀ, ਹਰਿਆਣਾ ਦੇ ਰੀਸੋਰਸਿਜ਼ ਸਾਡੇ ਨਾਲੋਂ ਘੱਟ ਸਨ . . (ਵਿਘਨ)

ਸਰਦਾਰ ਰਣਧੀਰ ਸਿੰਘ ਚੀਮਾ: ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਸੈਂਟਰਲ ਸਰਕਾਰ ਨੇ ਹਰਿਆਣਾ ਨੂੰ 20 ਕਰੋੜ ਰੁਪਏ ਦੀ ਗਰਾਂਟ ਦਿੱਤੀ, ਪਰ ਪੰਜਾਬ ਨੂੰ ਇਕ ਰੁਪਿਆ ਵੀ ਗਰਾਂਟ ਨਹੀਂ ਦਿੱਤੀ । (ਵਿਘਨ)

ਸ੍ਰੀ ਡਿਪਟੀ ਸਪੀਕਰ: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (This is no point of order.)

ਚੌਧਰੀ ਦਰਸ਼ਨ ਸਿੰਘ: ਮੈਂ ਇਨ੍ਹਾਂ ਅਕਾਲੀ ਵੀਰਾਂ ਨੂੰ ਕਹਿੰਦਾ ਹਾਂ ਕਿ ਜੇ ਇਨ੍ਹਾਂ ਦੀ ਸਰਕਾਰ ਦਾ ਸੈਂਟਰ ਸਰਕਾਰ ਕੋਲੋਂ ਲੋਨ ਜਾਂ ਏਡ ਲੈਣ ਦਾ ਮਨ ਹੁੰਦਾ ਤਾਂ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਸੈਂਟਰ ਦੀ ਸਰਕਾਰ ਜ਼ਰੂਰ ਇਨ੍ਹਾਂ ਨੂੰ ਇਮਦਾਦ ਦਿੰਦੀ । ਪਰ ਇਨ੍ਹਾਂ ਦੇ ਉਥੇ ਸਾਧਨ ਨਹੀਂ ਸਨ । ਇਨ੍ਹਾਂ ਨੂੰ ਤਾਂ ਪੰਜਾਬ ਵਿਚ ਦੌਲਤ ਇਕੱਠੀ ਕਰਨ ਦੀ ਹੀ ਬਣੀ ਰਹੀ । (ਤਾੜੀਆਂ) (ਵਿਘਨ) ਇਸੇ ਦਾ ਨਤੀਜਾ ਹੈ ਕਿ ਅੱਜ ਇਨ੍ਹਾਂ ਦੀ ਮਨਿਸਟਰੀ ਦੇ 17 ਵਜ਼ੀਰ ਦਵੇ ਕਮਿਸ਼ਨ ਦੇ ਸਾਹਮਣੇ ਮੁਲਜ਼ਮ ਖੜੇ ਹਨ । (ਵਿਘਨ) ਮੈਂ ਕਹਿੰਦਾ ਹਾਂ ਕਿ ਤੁਹਾਡੀ ਸਰਕਾਰ ਕਦੇ ਵੀ ਨਾ ਡਿਗਦੀ ਜੇ ਲੋਕਾਂ ਦੀਆਂ ਵਜ਼ੀਰਾਂ ਵੱਲ ਉਂਗਲੀਆਂ ਨਾ ਹੁੰਦੀਆਂ । ਮੈਂ ਕਹਿੰਦਾ ਹਾਂ ਕਿ 60 ਮੈਂਬਰ ਹੋਣ ਤੇ ਵਜ਼ਾਰਤ ਡਿੱਗ ਪਏ, ਨਹੀਂ ਡਿੱਗ ਸਕਦੀ ਜੇ ਲੋਕਾਂ ਦੀਆਂ ਉਂਗਲਾਂ ਉਨ੍ਹਾਂ ਵੱਲ ਨਾ ਹੋਣ । (ਵਿਘਨ)

ਸਰਦਾਰ ਰਣਧੀਰ ਸਿੰਘ ਚੀਮਾ: ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਥੇ ਤਾਂ ਇਹ ਕਹਿੰਦੇ ਹਨ ਕਿ ਅਕਾਲੀ ਕੁਰੱਪਟ ਸਨ. . . . (ਵਿਘਨ) (ਸ਼ੋਰ)

ਸ੍ਰੀ ਡਿਪਟੀ ਸਪੀਕਰ: ਤੁਸੀਂ ਐਵੇਂ ਇੰਟਰਪੱਟ ਨਾ ਕਰੋ । (Please do not interrupt.)

ਸਰਦਾਰ ਰਣਧੀਰ ਸਿੰਘ ਚੀਮਾ: ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਦੂਜੇ ਪੰਜ ਸੂਬਿਆਂ ਵਿਚੋਂ ਵਜ਼ਾਰਤਾਂ ਡਿਗੀਆਂ, ਉਥੇ ਕੀ ਗੱਲ ਸੀ, ਜਿਸ ਤਰ੍ਹਾਂ ਕਿ ਬੰਗਾਲ, ਬਿਹਾਰ ਆਦਿ ਵਿਚ ਵਜ਼ਾਰਤਾਂ ਤੋੜੀਆਂ ਗਈਆਂ । (ਵਿਘਨ)

ਸ੍ਰੀ ਡਿਪਟੀ ਸਪੀਕਰ : ਤੁਸੀਂ ਇੰਟਰੱਪਟ ਨਾ ਕਰੋ । (Please don't interrupt.)

(ਇਸੇ ਸਮੇਂ ਹਾਊਸ ਵਿਚ ਕਾਫੀ ਸ਼ੋਰ ਸੀ ।)

ਸਰਦਾਰ ਰਣਧੀਰ ਸਿੰਘ ਚੀਮਾ : ਲੱਖ ਲੱਖ ਰੁਪਏ ਦੇ ਕੇ ਐਮ. ਐਲ. ਏਜ਼. ਦੀਆਂ ਬੋਲੀਆਂ ਹੋਈਆਂ....(ਵਿਘਨ) (ਸ਼ੋਰ)

ਸ੍ਰੀ ਡਿਪਟੀ ਸਪੀਕਰ: ਤੁਸੀਂ ਹੁਣ ਬੈਠੋ । (Please resume your seat.)

ਚੌਧਰੀ ਦਰਸ਼ਨ ਸਿੰਘ : ਕੋਈ ਕਿਸੇ ਦੇ ਡੇਗਿਆਂ ਡਿੱਗਦਾ ਨਹੀਂ । ਜਿੰਨਾ ਚਿਰ ਕੋਈ ਸਰਕਾਰ ਆਪਣੇ ਕਦਮਾਂ ਤੇ ਮਜ਼ਬੂਤ ਖੜੀ ਹੋਵੇ, ਸੈਂਟਰ ਦੀ ਸਰਕਾਰ ਉਸ ਨੂੰ ਡੇਗ ਨਹੀਂ ਸਕਦੀ ।

Mr. Deputy Speaker: The House stands adjourned till 9-00 A.M. on Thursday. the 6th April, 1972.

1-30 p. m.

(The Sabha then adjourned till 9.00 A.M. on Thursday, the 6th April, 1972)

APPENDIX

TO

PUNJAB VIDHAN SABHA DEBATE

Dated 5th April, 1972

VOL. I—NO. 10

UNSTARRED QUESTIONS AND ANSWERS

RESOLUTIONS PASSED BY THE MUNICIPAL COMMITTEE DHARIWAL, DISTRICT GURDASPUR

2. **Comrade Raj Kumar**: Will the Minister of State for Local Government be pleased to state :—

(a) whether the Director, Local Government, Punjab received copies of any resolutions passed by the Municipal Committee, Dhariwal, District Gurdaspur regarding the cases of evasion or abetment in the evasion of Municipal Taxes or infringement of Municipal law by Municipal Commissioners;

(b) whether any action has been taken or is proposed to be taken by the Municipal Commitee, Dhariwal against the Municipal Commissioners concerned in connection with the evasion of Octroi and infringement of Municipal laws; if so, the details of the said resolutions and the action taken thereon ?

Shri Joginder Pal Pandey: (a) No.

(b) Question does not arise.

[(ੳ) ਨਹੀਂ ਜੀ ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ]

INTEREST FREE LOANS FOR WORKERS OF NEW EGERTON MILLS DHARIWAL DISTT. GURDASPUR

3. **Comrade Raj Kumar**: Will the Minister for Finance be pleased to state :—

(a) whether interest free loans have been provided by the Government to the workers of the New Egerton Woollen Mills, Dhariwal, Distt. Gurdaspur who had to suffer forced unemployment due to recent Indo-Pakistan War ; if so. the number of such workers and the amount of loans disbursed to them;

(b) if no, amount of loan was advanced to the said workers, the reasons therefor ?

Shri Hans Raj Sharma: (a) Yes, Sir, A sum of Rs. 4100/- has been paid as interest free loan to 31 workers of New Egerton Woollen Mills, Dhariwal.

(b) Question does not arise.

609/6-7-73—305 ਕਾਪੀਆਂ ਪੰਜਾਬ ਸਰਕਾਰ ਪ੍ਰੈਸ ਪਟਿਆਲਾ ।

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala·

11
S.P

PUNJAB VIDHAN SABHA

DEBATES

6th April, 1972

Vol. I—No. 11

OFFICIAL REPORT

CONTENTS

Thursday, the 6th April, 1972

Punjab Vidhan Sabha Secretariat, Chandigarh.

Price : Rs 13.60

ERRATA

To

Punjab Vidhan Sabha Debates,

Dated the 6th April, 1972

Vol. I—No. 11

Read	*For*	*Page*	*Line*
this	thois	(11)2	18th from below
ਪੇਸ਼ੇ	ਪੇਧੇ	(11)17	6th from below
ਇਸ	ਇਹ	(11)19	7th from below
preceding	exceeding	(11)21	3rd from below
ascertain	as certain	(11)21	8th from below
ਮੁੱਖ	ਮੱਖ	(11)23	13th from below
ਦੀ	ਕੀ	(11)23	13th from below
ਕੇਬਲ	ਕੇਵਲ	(11)25	17th from below
ਇਸ	ਇਹ	(11)19	19th from below
released	releascd	(11)25	5
ਪਿਛਲੇ	ਪਿ ਲੇ	(11)33	13th from below
ਸਾਰੀ	ਸਹੀ	(11)39	11
ਚਾਹੁੰਦੇ	ਚਹੁੰਦੇ	(11)39	7th from below
ਆਖਿਆ	ਅਖਿਆ	(11)40	18
ਜਵਾਬ	ਜਵਾਦ	(11)47	17th from belew
Paul	Pan	(11)48	20
ਅੰਮ੍ਰਿਤਸਰ	ਅੰਮ੍ਰਿਤ.ਸਰ	(11)61	1
Add the word "ਹਰ"	*between* the words 'ਲਈ' and 'ਵਕਤ'	(11)67	7th from below

Read	*For*	*Page*	*Line*
ਹਨ	ਹਠ	(11)68	18
labourers	l bourers	(11)69	3
ਦਾਤਾ	ਦਤਾ	(11)71	15th from below
makes	make	(11)71	2nd from below
ਪ੍ਰਮਾਤਮਾ	ਪ੍ਰਮਤਮਾਂ	(11)72	5
ਵੇਸਟ	ਵੇਟ	(11)79	17th from below
ਐਸੀ	ਐ।	(11)80	17th from below
ਲੇਬਰ	ਲੇਰ	(11)80	15th from below
ਲੋਕਾਂ	ਲੋਕ	(11)86	2
ਇਸੀ	ਸੀ	(11)90	13
ਕਹਨੀ	ਕਰਨ	(11)94	17
ਗਿਆਨੀ ਅਰਜਨ ਸਿੰਘ ਲਿੱਟ	ਗਿਆ ਨਾ ਅਰਜਨ ਸਿੰਘ ਲਿਟ	(11)96	1
ਉਦੋਂ	ਉਥੋਂ	(11)98	8

PUNJAB VIDHAN SABHA

Thursday, 6th April, 1972

[The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 9.00 a. m. of the Clock. Mr. Speaker (Sardar Darbara Singh) in the Chair.

STARRED QUESTIONS AND ANSWERS

(From the list dated 5th April, 1972.)

FINANCIAL ASSISTANCE GIVEN BY GOVERNMENT TO THE WIDOWS IN THE STATE

*26. **1. Comrade Jangir Singh Joga**
2. Comrade Sayta Pal Dang | Will the Minister for Irrigation and Power be pleased to state —

(a) whether there is any scheme in force at present to render financial assistance to the widows in the State, if so, details of the said scheme;

(b) the total number of widows receiving financial assistance from the Government under the said scheme as on 1st January, 1969, 1st January, 1970, 1st January, 1971, and 1st January, 1972, district-wise ;

(c) the total number of applications submitted by widows for financial assistance under the said scheme which were pending as on 1st January, 1969, 1st January, 70, 1st January, 1971 and 1st January, 1972 district-wise ?

Shri Gurmail Singh : (a) Yes. A copy of the Rules containing details of the scheme is placed on the Table of the House.

(B) and (C) The required information is furnished in the statement, which is placed on the Table of the House.

[(ੳ) ਜੀ ਹਾਂ, ਸਕੀਮ ਅਧੀਨ ਬਣੇ ਨਿਯਮਾਂ ਦੀ ਕਾਪੀ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ ।

(ਅ) ਤੇ (ੲ) | ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ ।

(Irrigation and Power Minister)

SOCIAL WELFARE DEPARTMENT

NOTIFICATION

The 24th/30th January, 1968.

General

PART I.

No. 6851-1SW-67/400.—The Governor of Punjab is pleased to make the following rules which shall come into force from the date of their publication.

(General) Part I

1. These rules shall be called "FINANCIAL ASSISTANCE TO WIDOWS AND DESTITUTE WOMEN OUTSIDE HOMES IN PUNJAB, RULES, 1968".

2. The aim of these rules is to extend Financial Assistance to widows and destitute women who are without any means of subsistence no body in a position to support and nothing to fall back upon.

ELIGIBILITY

3. (1) A widow who is less than 60 years old and has been left without any means of subsistence after the demise of her husband or a woman below 60 years of age who is deprived of her husband's support or care by continued absence from the home or physical or mental incapacity of the husband or due to lack of resources and on account of any other grounds and may have resulted her to lead a life of destitution shall be eligible for her financial assistance under this scheme. A person shall be deemed to be a destitute if all her relatives e. g. son, son's son (s), husband are not in a position to support her. Widows and destitute women whose income from any sources is below Rs. 20 p. m. shall be entitled to the financial assistance.

(2) Professional beggars and mendicants and the persons of immoral traffic are not covered under thsis scheme. Widow and destitute women getting occassional assistance from their relatives, and from other people out of mercy shall however, be entitled to the benefit of this scheme: provided they fulfil other conditions of eligibility and the sanctioning authority is satisfied that such women will not resort to begging.

(iii) Provided they are domiciled and have resided in the Punjab State including the areas which have now fallen in the State of Haryana and Himachal Pradesh for more than the last year from the date of application.

RATE OF FINANCIAL ASSISTANCE

4. The assistance payable to each person shall be Rs. 20/- p. m. which will be remitted by money order after every three months or earlier as the Drawing and Disbursing Officer may deem fit. Money Order Commission will be borne by the Government.

PROCEDURE FOR APPLICATION AND VERIFICATION.

5. (i) The persons eligible for the grant of assistance shall have to apply on the prescribed application form (FAWD-I) which will be available free of cost from the offices of the Deputy Commissioner/Sub-Divisional Officer (Civil)/ Tehsildar/Block Development and Panchayat Officer/Superintendent of Homes/Infirmaries/Director, Social Welfare, Punjab.

(ii) The applicants after filling in the prescribed application form in legible hand-writing will submit the same duly completed in all respects to any of the following authorities: —

(a) Deputy Commissioner of the district concerned.

(b) Sub-Divisional Officer (Civil)

(c) Tehsildar.

(d) Nearest Block Development and Panchayat Officer.

It shall be the duty of the officer receiving such applications to conduct enquiries into the financial condition of the applicants and verify other particulars furnished by the applicants in the application form. The fact that the applicant is really incapable of maintaining herself shall be verified with great care. The application form will be forwarded to the Director, Social Welfare, Punjab, Chandigarh with detailed and specific recommendations.

(iii) In case of disabled husband of the applicant it will be obligatory to obtain a medical certificate from a medical officer not below the rank of an Assistant Surgeon. In case of any doubt regarding the age of the applicant the verifying authority shall have the right to call for a similar medical certificate.

POWERS TO SANCTION FINANCIAL ASSISTANCE

6. The Director, Social Welfare, Punjab shall be the sanctioning authority who shall pass orders on the basis of recommendations of the authorities forwarding the applications as referred to in para 5 above and/or on the basis of the report/spot investigation made by the departmental case worker or any other officer/official specifically deputed to find out the genuineness of the case. The decision of the Director, Social Welfare, Punjab shall be final. The orders passed on each case shall be communicated to the applicant.

STOPPAGE OF ASSISTANCE

7. (i) The sanctioning authority shall have the right to stop payment with hold or withdraw the amount if at any stage it is found that it was sanctioned on a mistaken ground or on false information or the condition under which the financial assistance was granted no longer exist.

(ii) Assistance shall cease to be payable on the death of the beneficiary and if a grantee dies before receiving assistance for a particular period the same shall lapse.

(iii) Financial assistance shall cease to be payable when a widow/destitute woman attains the age of 60 years or the date from which she gets employed or gets any other means of subsistance. Financial assistance will cease to be payable from the month in which the beneficiary attains the age of 60 years, Such month will be taken into account from the month in which the application is originally received for the purpose of verification of age.

A suitable note indicating the date on which the beneficiary attains the age of 60 years shall be recorded in the P. L. A. in block letters in red ink on the page allotted to each beneficiary so as to avoid the possibility of making any payment after that day.

(iv) Assistance shall cease to be payable if the grantee remarries and/or resumes cohabitation.

(v) Good conduct and chaste life is an implied condition to the payment of financial assistance. The sanctioning authority shall have the right to withhold or suspend the payment of assistance if the grantee be convicted of crime involving in moral turpitude.

(vi) Financial Assistance will be stopped as and when any of the dependents of the grantee attains the age of 18 years and/or gets employed.

CHANGE OF ADDRESS

8. It shall be obligatory for a grantee to intimate any change of address to the Director, Social Welfare, Punjab, Chandigarh. Persons, shifted outside Punjab State shall cease to be eligible for financial assistance if the period of their stay outside the State is for more than one year.

[Irrigation and Power Minister]

PART II

ACCOUNTING PROCEDURE

9. The following paragraph shall regulate the accounting procedure in respect of the scheme. Financial Assistance to widows and Destitute Women outside Homes in Punjab.

REGISTRATION OF APPLICATION

On receipt of an application form (FADW-I) it shall be recorded in a Receipt Register maintained specifically for the purpose in the office of the Director, Social Welfare, Punjab. Each applicant shall be issued an acknowledgement receipt card (FAWD-2) indicating therein a Registration Number of her application for all future correspondence.

10. The financial assistance shall be sanctioned for the financial year during which it is granted and shall be subject to review periodically according to the circumstance of each case.

11. The assistance shall become payable from the first of the month in which it is sanctioned. The rate of the assistance shall be Rs. 20 per mensem per head.

12. Financial assistance under these rules shall not be enforceable through a Court of Law.

13. Record of all the payment shall be entered in the Personal Ledger Account Register (FAWD-3) and each grantee shall have a separate account/page in the said ledger.

14. A responsible officer/official nominated by the Director, Social Welfare, Punjab, shall sign the money order forms and initial the entries in the Personal Ledger Account after carefully comparing and checking the concerned documents. The name and address on the M. O. form shall be written in legible hand.

15. No payment shall be made for the next quarter until the actual payee's receipt for the previous payment has been received and a note to that effect recorded in the relevant column of the Personal Ledger Account or till satisfactory proof is available that the previous amount has been correctly paid.

16. Personal Ledger Account shall be checked up every month or after such interval as the Drawing and Disbursing Officer may deem fit. The Drawing and Disbursing Officer shall thoroughly probe into any undisbursed amountsas may come to his/her notice. For this purpose datailed references may be made to the grantee or the Postal Authorities etc. as the case may be. Drawals from the Treasury will be made only if such amounts are required for immediate disbursement. Undisbursed amounts if any, will be refunded by short drawal in the next bill.

Note.—The Drawing and Disbursing.Officer shall be required to attach a certificate with the bill in which amounts required for remittance are drawn to the effect that amounts drawn in the previous bill have since been that any amount received back on account of undelivered money order during the intervention period has been in the proper register/accounted for and are being short drawn in the present bill.

17. Actual payees receipts shall be kept and preserved under lock and key for a period of three years or till these are audited which-ever is last.

18. The amount on account of undelivered money orders shall be received by the Drawing and Disbursing Officer or in his/her absence by the next lower. Officer/official and a record of such amounts shall be kept in a separate register (FAWD-4). Each entry in the said register shall be initialled by the receiving officer/official.

19. The amount on account of undelivered money orders shall be taken on the receipt side of the Cash Book and the entire amount received as such shall be refundable by short drawal in the subsequent bill.

20. The Director, Social Welfare, Punjab, shall be over all incharge of this scheme and necessary instructions in regard to the proper maintenance of the accounts shall be issued by him from time to time. He will be assisted by the Special Welfare Officer, who shall be the Drawing and Disbursing Officer, for this scheme and shall be responsible to advise the Director, Social Welfare, Punjab, in all matters relating to this scheme.

21. In the event of death of grantee although undelivered money orders will be received back by the Department yet all the cases will be subjected to spot investigation to be conducted periodically by the Departmental Officer Officials or by the authorities specified in Rule 5 (ii) who shall also report any event of death of the beneficiary forthwith so as to ascertain whether the beneficiary continues to fulfill the elegibility conditions.

22. The expenditure under this scheme shall be chargeable to the Head—39—Miscellaneous Social and Development Organisation, E—Miscellaneous—E-(ii) Social Welfare Directorate (Plan).

This issues with the concurrence of the Accountant-General/Finance Department,—*vide* No. DA (Pb) iii/39/Women/6805-06, dated Nil and 153 (G)—6FG (DS)/67, dated the 20th October, 1967.

(FORM FAWD 1)

Application for Financial Assistance under the Scheme of Financial Assistance to Widows and Destitute Women outside Homes in Punjab

1. Name of the applicant .. ____________

2. Age .. ____________

3. Marks of identification .. ____________

4. Name of husband/father .. ____________

5. Present address .. ____________

6. Permanent address .. ____________

7. Address where the applicant has resided for the last three years .. ____________

8. (i) For widows only—

(a) When the husband died ? ____________

(b) Occupation/Profession of your husband before his death .. ____________

(c) What is the source of income after death of your husband or how you have been maintaining after death of your husband. .. ____________

(ii) For destitute women—

(a) Occupation/Profession of your husband before he becomes unfit to earn .. ____________

[Irrigation and Power Minister]

(b) If husband is missing—state since when ? .. ____________

(c) Present income of your husband .. ____________

(d) Is your husband physically or mentally incapacitated to earn. .. ____________

9. How have you been maintaining yourself so far ? ____________

10. Whether permanently or partially disability Name/nature of disability which has incapacitated/his/her to earn livelihood (certificate to this effect from Medical Officer not below the rank of Assistant Surgeon should be enclosed) ____________

11. Particulars of dependents: —

No.	Name	Age	Relationship

12. Particulars of earning son(s)/son's son(s)/ husband indicate their own family liabilities, if any ____________

13. Applicant's educational qualification .. ____________

14. Occupation/Profession of the applicant .. ____________

15. Whether in receipt of any pension or gratuity or any other assistance from Government. If so, indicate the amount .. ____________

16. Particulars of property held: —

(a) Movable (indicating probable value) .. ____________

(b) Immovable with details and approximate value .. ____________

(c) Bank Balance or deposits in Post Office Saving Bank .. ____________

(d) Investment in Government securities .. ____________

(e) Income from any other source ____________

17. Are you a displaced person ? If so, the following information should be supplied. :—

(a) Have you received any loan/grant/financial assistance ? If so, the amounts.

18. Name and address of two responsible persons well known to the applicant who could certify the correcttness of his/her statement.

1. ______________________________

2. ______________________________

Dated :

Signature/Thumb-impression
of the applicant.

DECLARATION

I ____________ s/o, w/o ____________
resident of ____________ Tehsil ____________ District ____________
do hereby solemnly declare and affirm that the above information/particulars are correct to the best of my knowledge and belief and that nothing has been concealed.

ATTESTED BY A GAZETTED OFFICER

Signature Thumb/impression
of applicant.

Recommendations of the Deputy Commissioner/S. D. O. (Civil)/Tehsildar/ Block Development and Panchayat Officer of the district Sub-Divisional/Tehsil/ Block concerned.

Signature with office seal
of the recommending authority

FORM FAWD 2

Punjab Government

Social Welfare Department

No. FAWD Dated Chandigarh, the ____________

This is to acknowledge the receipt of your application form for the Financial Assistance to Widows and Destitute Women outside the homes. It has been registered in this office at No.———— Dated————and a decision taken thereon will be conveyed to you in due course.

(Sd.)............
for Director, Social Welfare, Punjab
Chandigarh.

[Irrigation and Power Minister]

ON INDIA GOVERNMENT SERVICE

To

____

____

____

Despatcher,
Department of Social Welfare, Punjab,
Chandigarh.

FORM FAWD—3

S. No.	Registration No.	District and P L A Register page No.	Name of beneficiary	Period and amount	Signature of the official	Remarks
1	2	3	4	5	6	7

FORM FAWD—4

Sr. No.	Regd Ne.	Name of the Pensioner/ beneficiary	Father's/ Husband's name	PLA No.	Name of month (s) for which M. O. Received unpaid	Amounts	Initial of Branch Incharge
1	2	3	4	5	6	7	8

Disposal of undelivered amount by short drawals/ payment	Authority under whom the Amount of unpaid M. O. disposed of	Reference to bill No. and month by which short drawal is made	REMARKS
9	10	11	12

SURJIT SINGH SODHI,

Secretary to Government, Punjab
Social Welfare Department.

STATEMENT SHOWING INFORMATION IN RESPECT OF PARTS B & C OF STARRED QUESTION NO. 26

(b) The total number of widows receiving financial assistance from the Government under the said scheme as on 1st January, 1969, 1st January, 1970, 1st January, 1971 and 1st January, 1972 district wise is as under:

District	1-1-69	1-1-70	1-1-71	1-1-72
Hoshiarpur	23	26	24	41
Amritssr	.. 57	59	53	92
Kapurthala	.. 12	10	11	21
Ludhiana	.. 15	21	25	43
Jullundur	.. 52	55	47	51
Gurdaspur	.. 33	33	37	79
Ferozepore	.. 10	6	18	49
Patiala	.. 46	41	45	47
Rupar	.. 14	14	14	23
Bhatinda	.. 9	9	19	48
Sangrur	.. 7	7	18	41
Total	278	281	311	535

The total number of applications submitted by the widows for Financial Assistance under the said scheme which were pending as on 1st January, 1969, 1st January, 1970, 1st January, 1971 and 1st January, 1972, district-wise is as under: —

Distriet	1-1-69	1-1-70	1-1-71	1-1-72
Hoshiarpur	.. 19	46	115	190
Amritsar	.. 32	181	445	500
Kapurthala	.. 6	13	22	23
Ludhiana	.. 5	29	58	81
Jullundur	.. 66	149	242	317
Gurdaspur	.. 9	75	142	166
Sangrur	.. 2	1	20	39
Patiala	.. 21	29	53	99
Rupar	... 3	2	31	35
Bhatinda	.. 18	18	63	89
Ferozepore	14	37	111	79
Total	190	580	1302	1618

[Irrigation and Power Minister]

[ਸਟੇਟਮੈਂਟ ਜਿਸ ਵਿਚ ਅਸੈਂਬਲੀ ਸਟਾਰਡ ਸਵਾਲ ਨੰ: 26 ਦੇ ਭਾਗ ਬੀ ਤੇ ਸੀ ਨਾਲ ਸਬੰਧ ਹੈ ।

(ਅ) ਵਿਧਵਾ ਅਤੇ ਆਸਰਿਤ ਔਰਤਾਂ ਦੀ ਕੁਲ ਗਿਣਤੀ ਜਿਹੜੀਆਂ ਕਿ ਸਰਕਾਰ ਤੋਂ ਉਪਰੋਕਤ ਸਕੀਮ ਵਿਚ 1 ਜਨਵਰੀ, 1969, 1 ਜਨਵਰੀ, 1970, 1 ਜਨਵਰੀ, 1971 ਤੇ 1 ਜਨਵਰੀ, 1972 ਨੂੰ ਜ਼ਿਲੇਵਾਰ ਦਿਤੀ ਸਹਾਇਤਾ ਪ੍ਰਾਪਤ ਕਰ ਰਹੀਆਂ ਹਨ ।

ਲੜੀ ਨੰ:	ਜ਼ਿਲ੍ਹਾ	1-1-79	1-1-70	1-1-71	1-1-73
1.	ਹੁਸ਼ਿਆਰਪੁਰ ..	23	26	24	41
2.	ਅੰਮ੍ਰਿਤਸਰ ..	57	59	53	92
3.	ਕਪੂਰਥਲਾ ..	72	10	11	21
4.	ਲੁਧਿਆਣਾ ..	15	21	25	43
5.	ਜਲੰਧਰ ..	52	55	47	51
6.	ਗੁਰਦਾਸਪੁਰ ..	33	33	37	74
7.	ਫਿਰੋਜ਼ਪੁਰ ..	10	6	18	49
8.	ਪਟਿਆਲਾ ..	46	41	45	47
9.	ਬਠਿੰਡਾ ..	9	9	19	48
10.	ਰੋਪੜ ..	14	14	14	23
11.	ਸੰਗਰੂਰ ..	7	7	18	41
	ਜੋੜ	278	281	311	535

ਭੇਜੀਆਂ ਗਈਆਂ ਕੁਲ ਅਰਜ਼ੀਆਂ ਵਿਚ ਦਿਤੀ ਸਹਾਇਤਾ ਦੀ ਪ੍ਰਾਪਤੀ ਲਈ ਲੰਬਤ ਰੂਪ ਵਿਚ 1-1-69, 1-1-70. 1-1-71 ਤੇ 1-1-72 ਨੂੰ ਜ਼ਿਲ੍ਹੇਵਾਰ ਪਈਆਂ ਅਰਜ਼ੀਆਂ ਦੀ ਗਿਣਤੀ ।

ਲੜੀ ਨੰ:	ਜ਼ਿਲ੍ਹਾ	1. 1. 69	1. 1. 70	1. 1. 71	1. 1. 72
1.	ਹੁਸ਼ਿਆਰਪੁਰ	19	46	115	150
2.	ਅੰਮ੍ਰਿਤਸਰ	32	181	445	500
3.	ਕਪੂਰਥਲਾ	6	13	22	23
4.	ਲੁਧਿਆਣਾ	5	29	58	81
5.	ਜਲੰਧਰ	66	149	242	317
6.	ਗੁਰਦਾਸਪੁਰ	9	75	142	166
7.	ਸੰਗਰੂਰ	2	1	20	39
8.	ਪਟਿਆਲਾ	21	29	53	99
9.	ਰੋਪੜ	3	2	31	35
10.	ਬਠਿੰਡਾ	13	18	63	89
11.	ਫਿਰੋਜ਼ਪੁਰ	14	37	111	79
	ਜੋੜ	190	580	1,302	1,618

ਕਾਮਰੇਡ ਜੰਗੀਰ ਸਿੰਘ ਜੋਗਾ : ਕੀ ਮਨਿਸਟਰ ਸਾਹਿਬ ਦਸਣਗੇ ਕਿ ਹੁਣ ਤਕ ਤਿੰਨ ਸਾਲਾਂ ਦੇ ਅੰਦਰ ਸਾਰੇ 525 ਵਿਅਕਤੀਆਂ ਨੂੰ ਪੰਜਾਬ ਵਿਚ ਪੈਨਸ਼ਨ ਮਿਲੀ ਹੈ ਔਰ 1,618 ਅਰਜ਼ੀਆਂ ਹਾਲੀਂ ਪੈਂਡਿੰਗ ਹਨ । ਕੀ ਇਸ ਨੰਬਰ ਨੂੰ ਵਧਾਉਣ ਵਾਸਤੇ ਸਰਕਾਰ ਕੋਈ ਫੰਡ ਵਗੈਰਾ ਵਧਾਉਣ ਲਈ ਤਜਵੀਜ਼ ਤੇ ਵਿਚਾਰ ਕਰ ਰਹੀ ਹੈ ?

ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ 535 ਵਿਅੱਕਤੀਆਂ ਨੂੰ ਮਿਤੀ 1 ਜਨਵਰੀ, 1972 ਤਕ ਪੈਨਸ਼ਨ ਦੇ ਰਹੇ ਸੀ ਔਰ ਹੁਣ ਤੱਕ ਅਰਥਾਤ ਮਿਤੀ 31 ਮਾਰਚ, 1972 ਤੱਕ ਇਹ ਨੰਬਰ 567 ਹੋ ਗਿਆ ਹੈ । ਜਿਥੋਂ ਤੱਕ ਫੰਡਜ਼ ਦੇ ਵਧਾਉਣ ਦਾ ਸਬੰਧ ਹੈ ਉਸ ਦੇ ਲਈ ਮੈਂ ਫਾਈਨੈਂਸ ਮਨਿਸਟਰ ਸਾਹਿਬ ਨਾਲ ਗੱਲ ਕਰਾਂਗਾ । ਜੇ ਸਾਨੂੰ ਹੋਰ ਫੰਡਜ਼ ਮਿਲ ਗਏ ਤਾਂ ਅਸੀਂ ਜ਼ਰੂਰ ਕਰ ਦਿਆਂਗੇ ।(ਵਿਘਨ)

ਚੌਧਰੀ ਦਰਸ਼ਨ ਸਿੰਘ : ਕੀ ਮਨਿਸਟਰ ਸਾਹਿਬ ਦਸਣਗੇ ਕਿ ਕਿੰਨੀ ਉਮਰ ਤੱਕ ਇਹ ਪੈਨਸ਼ਨ ਦਿੱਤੀ ਜਾਂਦੀ ਹੈ ?

ਮੰਤਰੀ : ਸਪੀਕਰ ਸਾਹਿਬ, ਇਸ ਦੇ ਬਾਰੇ ਅਰਜ਼ ਹੈ ਕਿ ਤਿੰਨ ਕੈਟੇਗਰੀਜ਼ ਹਨ । ਵੱਖਰੀ ਵੱਖਰੀ ਉਮਰ ਦਾ ਹਿਸਾਬ ਹੈ । ਕੁਝ 65 ਸਾਲ ਤੋਂ ਉਤੇ ਔਰ ਕੁਝ 60 ਸਾਲ ਤੋਂ ਉਤੇ, ਵੱਖਰੀ ਵੱਖਰੀ ਕੈਟੇਗਰੀ ਵਿਚ ਆਉਂਦੇ ਹਨ । ਜੇ ਇਹ ਪਰਟੀਕੁਲਰ ਕਿਸੀ ਕੈਟੇਗਰੀ ਵਾਸਤੇ ਪੁਛਣਾ ਚਾਹੁੰਦੇ ਹਨ ਤਾਂ ਨੋਟਿਸ ਦੇ ਦੇਣ, ਅਸੀਂ ਜੁਆਬ ਦੇ ਦਿਆਂਗੇ ।

ਚੌਧਰੀ ਦਰਸ਼ਨ ਸਿੰਘ : ਆਨ ਏ ਪੁਆਇੰਟ ਆਫ ਕਲੈਰੀਫੀਕੇਸ਼ਨ, ਸਰ । ਸਪੀਕਰ ਸਾਹਿਬ, ਮਨਿਸਟਰ ਸਾਹਿਬ ਵਲੋਂ ਗਲਤ ਬਿਆਨੀ ਕੀਤੀ ਗਈ ਹੈ । 60 ਸਾਲ ਦੀ ਉਮਰ ਤੋਂ ਬਾਦ ਪੈਨਸ਼ਨ ਨਹੀਂ ਦਿੱਤੀ ਜਾਂਦੀ । (ਵਿਘਨ) 60 ਸਾਲ ਤੋਂ ਬਾਦ ਪੈਨਸ਼ਨ ਬੰਦ ਹੋ ਜਾਂਦੀ ਹੈ ।

ਮੰਤਰੀ : ਸਪੀਕਰ ਸਾਹਿਬ, ਜੇ ਇਨ੍ਹਾਂ ਦੇ ਨੋਟਿਸ ਵਿਚ ਕੋਈ ਐਸਾ ਕੇਸ ਆਇਆ ਹੈ ਤਾਂ ਇਹ ਸਾਨੂੰ ਲਿਖ ਕੇ ਦੇ ਦੇਣ ਅਸੀਂ ਉਸ ਦਾ ਜਵਾਬ ਦੇ ਦਿਆਂਗੇ ।

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਸਰਕਾਰ ਦੀ ਜਿਹੜੀ ਬੁਢਾਪਾ ਪੈਨਸ਼ਨ ਸਕੀਮ ਹੈ ਉਸ ਦੇ ਹੇਠਾਂ 25 ਰੁਪਏ ਪੈਨਸ਼ਨ ਮਿਲਦੀ ਹੈ ਔਰ ਜਿਹੜੀ ਵਿਡੋ ਪੈਨਸ਼ਨ ਸਕੀਮ ਹੈ ਉਸ ਦੇ ਹੇਠਾਂ 20 ਰੁਪਏ ਪੈਨਸ਼ਨ ਮਿਲਦੀ ਹੈ। ਵੈਸੇ ਤਾਂ 25/- ਰੁਪਏ ਵੀ ਥੋੜ੍ਹੇ ਹਨ ਔਰ ਉਸ ਦੇ ਨਾਲ ਗੁਜ਼ਾਰਾ ਨਹੀਂ ਚਲ ਸਕਦਾ, ਪਰ ਕੀ ਮਨਿਸਟਰ ਸਾਹਿਬ ਦਸਣਗੇ ਕਿ ਘਟੋਂ ਘੱਟ ਬੁਢਾਪਾ ਪੈਨਸ਼ਨ ਸਕੀਮ ਔਰ ਵਿਡੋ ਪੈਨਸ਼ਨ ਸਕੀਮ ਦੀ ਦਰ ਬਰਾਬਰ ਕਰ ਦੇਣਗੇ?

ਮੰਤਰੀ : ਸਪੀਕਰ ਸਾਹਿਬ, ਮੈਂ ਵਾਇਦਾ ਤਾਂ ਨਹੀਂ ਕਰਦਾ ਪਰ ਮੈਂ ਮਹਿਸੂਸ ਕਰਦਾ ਹਾਂ ਕਿ ਇਹ ਰਕਮ ਥੋੜ੍ਹੀ ਹੈ। ਜੇ ਫੰਡਜ਼ ਇਜਾਜ਼ਤ ਦੇਣਗੇ ਤਾਂ ਅਸੀਂ ਜ਼ਰੂਰ ਬਰਾਬਰ ਕਰਨ ਦੀ ਕੋਸ਼ਿਸ਼ ਕਰਾਂਗੇ।

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਵਾਇਦਾ ਤਾਂ ਨਹੀਂ ਕਰਦਾ ਜੇ ਫੰਡਜ਼ ਇਜਾਜ਼ਤ ਦੇਣਗੇ ਤਾਂ ਅਸੀਂ ਕਰ ਦਿਆਂਗੇ। ਪਰ ਮੇਰੀ ਅਰਜ਼ ਹੈ ਕਿ ਸਾਰੀਆਂ 1,600 ਅਰਜ਼ੀਆਂ ਪੈਂਡਿੰਗ ਹਨ ਔਰ 567 ਨੂੰ ਇਨ੍ਹਾਂ ਨੇ ਦੱਸਿਆ ਹੈ ਕਿ ਪੈਨਸ਼ਨ ਦੇ ਰਹੇ ਹਾਂ। ਜੇ 20/- ਰੁਪਏ ਤੋਂ 25 ਰੁਪਏ ਕਰ ਦੇਣ ਤਾਂ ਇਸ ਨਾਲ ਕੋਈ ਕਰੋੜਾਂ ਰੁਪਿਆਂ ਦਾ ਫਰਕ ਨਹੀਂ ਪੈਂਦਾ। ਫਾਈਨੈਂਸ ਮਨਿਸਟਰ ਸਾਹਿਬ ਇਨ੍ਹਾਂ ਕੋਲ ਬੈਠੇ ਹਨ ਕੀ ਉਨ੍ਹਾਂ ਨੂੰ ਪੁਛ ਕੇ ਇੱਥੇ ਹੁਣ ਕੋਈ ਐਸ਼ੋਰੈਂਸ ਦੇਣ ਨੂੰ ਤਿਆਰ ਹਨ ?

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਕੋਈ ਰੁਪਿਆ ਨਾਲ ਲੈ ਕੇ ਤਾਂ ਹਾਊਸ ਵਿਚ ਨਹੀਂ ਆਉਂਦਾ ? (ਵਿਘਨ) (ਹਾਸਾ)

ਸਰਦਾਰ ਸੁਰਜੀਤ ਸਿੰਘ ਅਟਵਾਲ. ਕੀ ਮੈਂ ਮਨਿਸਟਰ ਸਾਹਿਬ ਤੋਂ ਇਹ ਪੁਛ ਸਕਦਾ ਹਾਂ ਕਿ ਬੁਢਾਪੇ ਦੀ ਪੈਨਸ਼ਨ ਲੈਣ ਵਿੱਚ ਕਈ ਕਈ ਸਾਲ ਲਗ ਜਾਂਦੇ ਹਨ, ਜੇ ਇਹ ਠੀਕ ਹੈ ਤਾਂ ਕੀ ਕੋਈ ਐਸਾ ਇੰਤਜ਼ਾਮ ਕੀਤਾ ਜਾਏਗਾ ਜਿਸ ਨਾਲ ਇਕ ਜਾਂ ਦੋ ਮਹੀਨਿਆਂ ਵਿਚ ਹੀ ਲੋਕਾਂ ਨੂੰ ਪੈਨਸ਼ਨ ਮਿਲ ਜਾਇਆ ਕਰੇ ?

ਸਮਾਜ ਅਤੇ ਭਲਾਈ ਮੰਤਰੀ : ਸਪੀਕਰ ਸਹਿਬ, ਇਹ ਅਸੀਂ ਐਕਸਪੇਡਾਈਟ ਕਰਾਂਗੇ।

ਗਿਆਨੀ ਕੁੰਦਨ ਸਿੰਘ ਪਤੰਗ : ਸਪੀਕਰ ਸਾਹਿਬ, ਕਈ ਆਦਮੀਆਂ ਨੂੰ ਬੁਢਾਪੇ ਦੀ ਪੈਨਸ਼ਨ ਨਹੀਂ ਮਿਲਦੀ. . . . . (ਵਿਘਨ)

ਸ਼੍ਰੀ ਸਪੀਕਰ : ਗਿਆਨੀ ਜੀ ਆਦਮੀਆਂ ਬਾਰੇ ਸਵਾਲ ਨਹੀਂ, ਇਹ ਵਿਡੋਜ਼ ਬਾਰੇ ਸਵਾਲ ਹੈ। (*Addressing Giani Kundan Singh Patang* : This question relates to the widows and not to men.)

BROWN MEMORIAL HOSPITAL, LUDHIANA

*29 1. **Comrade Darshan Singh Canadian**
2. **Comrade Satya Pal Dang** } Will the Minister for Finance be pleased to state :—

(a) whether in the month of February, 1972 during the President Rule in the State, the Governor of Punjab received a letter/representation from a former M. L. A regarding the Brown Memorial Hospital, Ludhiana, if so

a copy of the same with enclosure, if any, be laid on the Table of the House;

(b) whether the allegations levelled in the said letter/representation have been enquired into; if so, the action taken or proposed to be taken by the Government in the matter;

(c) the annual grant being given by the Government to the said Hospital;

(d) whether the Government have any representative on the Managing Committee of the said Hospital?

Shri Hans Raj Sharma : (a) Yes. A copy of the same is laid on the Table of the House.

(b) In accordance with the conditions of the agreement, the Punjab Government cannot interfere in the matter of admissions to the college, appointment and dismissal of staff and questions relating to general administration.

(c) Following is the detail of grant-in-aid which was given to the Christian Medical College Ludhiana for the maintenance of beds and Punjabi students during the last three years :—

(i)	1969-70	..	Rs. 1,70,100/-
(ii)	1970-71	..	Rs. 1,61,100/-
(iii)	1971-72	..	Rs. 2,83,700/-

(d) Yes; the Director, Health and Family Planning Punjab is a member of the governing body.

Copy of letter, dated, 23rd February, 1972 from Shri Satya Pal Dang, **Ekta Bhavan, Amritsar, addressed to Shri D. C. Pavate, Governor of Punjab, Chandigarh.**

SUB:—Brown Memorial Hospital, Ludhiana.

1. The Brown Memorial Hospital is a very well-known Hospital in the State and is perhaps the most leading private hospital in Punjab.

2. The management of the hospital, however, is treating its employees very badly and unjustly. There seems to be no service rules etc. and appointments and promotions etc. are not made on the basis of any principle. The management acts as if it has an unfiltered right to hire and to fire anyone it likes at any time.

3. This hospital is getting substantial grants from the Government.

4. I suggest that there should be a condition attached to these grants that the employees would be given conditions of service and facilities at par with the employees in the Government Hospitals. Further the Government should have the power to ensure fulfilment of this condition in actual practice.

5. If such a condition already exists and the Government has the power to ensure its fulfilment in actual practice, the Government should take action under the same to ensure justice to the employees. If the grants so far are unconditional, my suggestion given above may please be considered and accepted as soon as possible.

Early action and reply are requested.

ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਇਸ ਕਿਸਮ ਦੀਆਂ ਸੰਸਥਾਵਾਂ, ਜਿਨ੍ਹਾਂ ਨੂੰ ਲੱਖਾਂ ਰੁਪਿਆ ਸਰਕਾਰ ਗਰਾਂਟ ਦੇ ਤੌਰ ਤੇ ਦਿੰਦੀ ਹੈ, ਉਥੇ ਡਾਕਟਰਾਂ ਔਰ ਨਰਸਾਂ ਆਦਿ ਲਈ ਕੋਈ ਰੂਲ ਵਗੈਰਾ ਨਹੀਂ ਮਨਮਰਜ਼ੀ ਨਾਲ ਜਿਸ ਨੂੰ ਚਹੁਣ ਲਾ ਲੈਂਦੇ ਹਨ ਜਿਸ ਨੂੰ ਚਾਹੁਣ ਹਟਾ ਦਿੰਦੇ ਹਨ, ਕੀ ਸਰਕਾਰ ਉਨ੍ਹਾਂ ਨੂੰ ਗਰਾਂਟ ਦੇਣੀ ਬੰਦ ਕਰਨ ਲਈ ਕੋਈ ਵਿਚਾਰ ਕਰੇਗੀ ਜਿਥੇ ਕਿ ਉਨ੍ਹਾਂ ਦੇ ਇਮਪਲਾਈਜ਼ ਦੇ ਹੱਕ ਹਕੂਕ ਦੀ ਰਾਖੀ ਨਹੀਂ ਕੀਤੀ ਜਾਂਦੀ ?

ਮੰਤਰੀ : ਸਪੀਕਰ ਸਾਹਿਬ, ਇਸ ਦੇ ਲਈ ਅਰਜ਼ ਹੈ ਕਿ ਇਸ ਦੇ ਵਸਤੇ ਸੈਂਟਰ ਗੌਰਮਿੰਟ ਸਾਡੇ ਨਾਲੋਂ ਵੱਧ ਗਰਾਂਟ ਦਿੰਦੀ ਹੈ। ਇਹ ਸਾਰਾ ਕੇਸ ਸਟੱਡੀ ਕਰਨ ਦੇ ਬਾਦ ਅਸੀਂ ਫੈਸਲਾ ਕੀਤਾ ਹੈ ਕਿ ਅਸੀਂ ਸੈਂਟਰ ਗੌਰਮਿੰਟ ਨੂੰ ਲਿਖੀਏ ਔਰ ਆਪ ਵੀ ਜ਼ੋਰ ਦੇਈਏ ਕਿ ਜਿਹੜੇ ਉਨ੍ਹਾਂ ਦੇ ਇਮਪਲਾਈਜ਼ ਹਨ ਉਨ੍ਹਾਂ ਦੇ ਨਾਲ ਚੰਗਾ ਸਲੂਕ ਕੀਤਾ ਜਾਵੇ।

ਕਾਮਰੇਡ ਸੱਤਪਾਲ ਡਾਂਗ : ਮਨਿਸਟਰ ਸਾਹਿਬ ਨੇ ਜਿਹੜਾ ਫੁਰਮਾਇਆ ਹੈ ਕਿ ਐਗਰੀਮੈਂਟ ਹੋਇਆ ਹੈ, ਕੀ ਮਨਿਸਟਰ ਸਾਹਿਬ ਦਸਣਗੇ ਕਿ ਉਹ ਐਗਰੀਮੈਂਟ ਕਦੋਂ ਹੋਇਆ ਔਰ ਕਿੰਨੇ ਚਿਰ ਲਈ ਹੋਇਆ ਹੈ ? ਕੀ ਐਗਰੀਮੈਂਟ ਤੋਂ ਬਾਦ ਉਨ੍ਹਾਂ ਤੇ ਫਿਰ ਇਹ ਸ਼ਰਤਾਂ ਲਾਉਣਗੇ ਕਿ ਜੋ ਰਿਆਇਤਾਂ ਇਮਪਲਾਈਜ਼ ਨੂੰ ਸਰਕਾਰੀ ਹਸਪਤਾਲਾਂ ਵਿਚ ਦਿੱਤੀਆਂ ਜਾਂਦੀਆਂ ਹਨ ਉਹ ਉਨ੍ਹਾਂ ਦੇ ਇਮਪਲਾਈਜ਼ ਨੂੰ ਵੀ ਮਿਲਣ ਅਤੇ ਜਿਤਨਾ ਚਿਰ ਉਹ ਰਿਆਇਤਾਂ ਇਮਪਲਾਈਜ਼ ਨੂੰ ਨਹੀਂ ਮਿਲਦੀਆਂ ਗਰਾਂਟ ਨਹੀਂ ਮਿਲੇਗੀ ?

ਮੰਤਰੀ : ਸਪੀਕਰ ਸਾਹਿਬ, ਜੋ ਐਗਰੀਮੈਂਟ ਹੋਇਆ ਹੈ ਉਹ ਮੈਂ ਕਹਿਣਾ ਨਹੀਂ ਚਾਹੁੰਦਾ ਕਿ ਕਿਹੜੀ ਸਰਕਾਰ ਨੇ ਕੀਤਾ ਹੈ। ਲੇਕਿਨ ਮੈਂ ਉਸ ਐਗਰੀਮੈਂਟ ਦੇ ਮੌਜੂਦ ਹੁੰਦੇ ਹੋਏ ਵੀ ਜਿੰਨੀ ਐਸ਼ੋਰੈਂਸ ਦੇ ਸਕਦਾ ਸੀ ਉਹ ਮੈਂਬਰ ਸਾਹਿਬ ਨੂੰ ਮੈਂ ਦੇ ਦਿੱਤੀ ਹੈ।

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਕੀ ਮੈਂ ਤੁਹਾਡੀ ਮਾਰਫਤ ਮਨਿਸਟਰ ਸਾਹਿਬ ਨੂੰ ਪੁਛ ਸਕਦਾ ਹਾਂ ਕਿ ਇਹ ਜਿਹੜੇ ਵੱਡੇ ਅਦਾਰੇ ਹਨ ਉਨ੍ਹਾਂ ਨੂੰ ਲੱਖਾਂ ਰੁਪਏ ਸਟੇਟ ਗੌਰਮੈਂਟ ਅਤੇ ਸੈਂਟਰ ਗੌਰਮੈਂਟ ਵਲੋਂ ਏਡ ਮਿਲਦੀ ਹੈ, ਪਰ ਜਿਹੜੇ ਸਾਡੇ ਪਿੰਡਾਂ ਵਿਚ ਛੋਟੇ ਛੋਟੇ ਹੈਲਥ ਸੈਂਟਰਜ਼ ਹਨ, ਉਨ੍ਹਾਂ ਲਈ ਇਤਨੇ ਫੰਡਜ਼ ਭੀ ਨਹੀਂ ਮਿਲਦੇ ਕਿ ਦਵਾਈਆਂ ਅਵੇਲੇਬਲ ਹੋ ਸਕਣ ?

ਸ਼੍ਰੀ ਸਪੀਕਰ : ਡਾਕਟਰ ਸਾਹਿਬ ਤੁਹਾਡਾ ਕੀ ਮਤਲਬ ਹੈ ਕਿ ਬਰਾਊਨ ਮੈਮੋਰੀਅਲ ਹਸਪਤਾਲ ਵਰਗੇ ਅਦਾਰੇ ਨੂੰ ਏਡ ਨਾ ਮਿਲੇ ? (Dr. Sahib, do you favour stoppage of aid to an institute like the Brown Memorial Hospital ?)

Minister for Finance : It is a matter of suggestion and we are already keeping this in view.

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਇਸ ਇੰਸਟੀਚਿਊਟ ਨੂੰ ਸਰਕਾਰ ਪੌਣੇ ਤਿੰਨ ਲੱਖ ਰੁਪਏ ਗਰਾਂਟ ਵਜੋਂ ਦਿੰਦੀ ਹੈ, ਕੀ ਇਹੋ ਜਿਹੇ ਹਸਪਤਾਲਾਂ ਨੂੰ ਸਰਕਾਰ ਨੈਸ਼ਨੇਲਾਈਜ਼ ਕਰਨ ਲਈ ਵਿਚਾਰ ਕਰੇਗੀ ?

(ਕੋਈ ਉੱਤਰ ਨਹੀਂ ਦਿੱਤਾ ਗਿਆ)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਉਸ ਬਾਰੇ ਪਹਿਲੀ ਸਰਕਾਰ ਨੇ ਇਕ ਐਗਰੀਮੈਂਟ ਕੀਤਾ ਹੋਇਆ ਹੈ ਅਤੇ ਸਰਕਾਰ ਕੰਟੀਨਿਊਐਂਸ ਹੁੰਦੀ ਹੈ, ਇਸ ਲਈ ਉਹ ਇਸ ਬਾਰੇ ਸੋਚ ਨਹੀਂ ਸਕਦੇ । ਮੇਰੀ ਅਰਜ਼ ਇਹ ਹੈ ਕਿ ਅਗਰ ਕੋਈ ਸਰਕਾਰ ਗ਼ਲਤ ਐਗਰੀਮੈਂਟ ਕਰ ਲੈਂਦੀ ਹੈ ਤਾਂ ਕੀ ਉਸ ਐਗਰੀਮੈਂਟ ਨੂੰ ਇਹ ਖਤਮ ਕਰਨ ਲਈ ਤਿਆਰ ਹਨ ?

Minister for Finance: Sir, it is a Christian Medical Institution. The Central Government is very much concerned with it. We are writing to the Government of India to press upon the College Management or the governing body to treat the employees as well as the other Hospitals or colleges treat them. I think my hon. friend should be satisfied with it.

E. S. I. HOSPITAL, AMRITSAR

*34. 1. **Comrade Satya Pal Dang** :
2. **Comrade Darshan Singh Canadian** : Will the Minister for Finance be pleased to state—

(a) whether there is an E.S.I. Hospital at Amritsar, if so, its distance from the centre of the city ;

(b) whether the Doctors employed in the said Hospital have been provided with residential accommodation, if not, the reasons therefor ;

(c) the year in which the said hospital was started ;

(d) whether any residential houses have been constructed within the premises of this Hospital, if so, to whom are these proposed to be allotted ?

Shri Hans Raj Sharma : (a) Yes. Its distance is about three miles from the centre of the city.

(b) Medical Superintendent of the hospital only. No quarters have been constructed for other Doctors so far.

(c) 1966.

(d) Two quarters have been constructed within the premises of the Hospital and their final allotment will be decided shortly.

ਕਾਮਰੇਡ ਸਤਪਾਲ ਡਾਂਗ : ਸਪੀਕਰ ਸਾਹਿਬ, ਇਹ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਹਸਪਤਾਲ ਦੇ ਪ੍ਰੇਮਿਸਿਜ਼ ਵਿਚ ਦੋ ਕਵਾਟਰਜ਼ ਬਣਾਏ ਹਨ ਅਤੇ ਉਨ੍ਹਾਂ ਦੀ ਫ਼ਾਈਨਲ ਅਲਾਟਮੈਂਟ ਦਾ ਫੈਸਲਾ ਅਜੇ ਕਰਨਾ ਹੈ । ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਮਨਿਸਟਰ ਸਾਹਿਬ ਨੂੰ ਇਹ ਪਤਾ ਹੈ ਕਿ ਇਹ ਤਜਵੀਜ਼ ਸੀ ਕਿ ਇਹ ਦੋ ਕਵਾਟਰਜ਼ ਪੀ.ਡਬਲਿਊ.ਡੀ.

[ਕਾਮਰੇਡ ਸੱਤਪਾਲ ਡਾਂਗ]

ਦੇ ਐਸ.ਡੀ.ਓ. ਨੂੰ ਦਿਤੇ ਜਾਣ । ਕੀ ਮਨਿਸਟਰ ਸਾਹਿਬ ਇਸ ਗੱਲ ਦੀ ਐਸ਼ੋਰੈਂਸ ਦੇਣਗੇ, ਮਰੀਜ਼ਾਂ ਦੇ ਇੰਟਰਸਟ ਨੂੰ ਮੱਦੇ ਨਜ਼ਰ ਰਖਦਿਆਂ ਕਿ ਜਿੰਨਾਂ ਚਿਰ ਉਥੇ ਸਾਰੇ ਡਾਕਟਰਾਂ ਨੂੰ ਕਵਾਰਟਰਜ਼ ਨਹੀਂ ਮਿਲ ਜਾਂਦੇ ਉਨਾਂ ਚਿਰ ਕਿਸੇ ਹੋਰ ਨੂੰ ਕੋਈ ਕਵਾਰਟਰ ਅਲਾਟ ਨਹੀਂ ਹੋਵੇਗਾ ?

ਮੰਤਰੀ: ਸਪੀਕਰ ਸਾਹਿਬ, ਇਹ ਠੀਕ ਹੈ ਕਿ ਜਿਹੜੇ ਦੋ ਕਵਾਟਰਜ਼ ਬਣੇ ਸਨ ਉਨ੍ਹਾਂ ਦੇ ਬਣਨ ਸਾਰ ਹੀ ਪੀ.ਡਬਲਿਊ.ਡੀ. ਪਬਲਿਕ ਹੈਲਥ ਦੇ ਕਰਮਚਾਰੀ ਉਸ ਵਿਚ ਬੈਠ ਗਏ ਸਨ । ਪਰ ਉਹ ਅੱਨਐਥੋਰਾਈਜ਼ਡ ਆਕੂਪੇਸ਼ਨ ਹੈ ਅਤੇ ਅਸੀਂ ਜਲਦੀ ਹੀ ਖਾਲੀ ਕਰਾ ਰਹੇ ਹਾਂ । ਲੇਕਿਨ ਜਿਥੋਂ ਤਕ ਡਾਕਟਰਜ਼ ਲਈ ਕਵਾਰਟਰਜ਼ ਬਣਾਉਣ ਦਾ ਸੁਆਲ ਹੈ ਇਸ ਵਿਚ ਕੋਈ ਸ਼ਕ ਨਹੀਂ ਕਿ ਉਨ੍ਹਾਂ ਲਈ ਕਵਾਰਟਰਜ਼ ਬਣਾਉਣੇ ਚਾਹੀਦੇ ਹਨ (ਵਿਘਨ) ਪਰ ਉਸ ਡਿਪਾਰਟਮੈਂਟ ਨੇ ਸਾਡੀ ਗੌਰਮੈਂਟ ਦੇ ਚਾਰਜ ਸੰਭਾਲਣ ਤੋਂ ਪਹਿਲਾਂ ਉਨ੍ਹਾਂ ਤੇ ਕਬਜ਼ਾ ਕਰ ਲਿਆ ਸੀ, ਅਸੀਂ ਹੁਣ ਜਲਦੀ ਹੀ ਖਾਲੀ ਕਰਾਵਾਂਗੇ ।

ਸ਼੍ਰੀ ਸਪੀਕਰ: ਮਨਿਸਟਰ ਸਾਹਿਬ, ਇਹ ਕੀ ਗੱਲ ਹੈ ਕਿ ਬਣਾਉਂਦੇ ਤਾਂ ਪੀ.ਡਬਲਿਊ. ਡੀ. ਵਾਲੇ ਹਨ ਅਤੇ ਕਬਜ਼ਾ ਪਬਲਿਕ ਹੈਲਥ ਵਾਲਿਆਂ ਨੇ ਕਰ ਲਿਆ ? (ਵਿਘਨ) *Addressing the Finance Minister*: "What is the reason that the quarters were constructed by the P.W.D. but were occupied by the Pubic Health Department ?)

Minister for Finance : It is a question of one Department or the other occupying the quarters.

ਸਪੀਕਰ ਸਾਹਿਬ, ਮੈਂ ਇਹ ਐਸ਼ੋਰੈਂਸ ਦਿਲਾਉਂਦਾ ਹਾਂ ਕਿ ਉਹ ਮਹਿਕਮੇ ਵਾਲੇ ਜਿਹੜੇ ਉਥੇ ਗਲਤਫਹਿਮੀ ਨਾਲ ਬੈਠ ਗਏ ਹਨ, ਉਹ ਕਵਾਰਟਰਜ਼ ਡਾਕਟਰਾਂ ਨੂੰ ਦਿਤੇ ਜਾਣਗੇ । (ਵਿਘਨ) ਦੂਸਰੀ ਗਲ ਜਿਹੜੀ ਇਨ੍ਹਾਂ ਨੇ ਪੁਆਇੰਟ ਆਊਟ ਕੀਤੀ ਹੈ, ਮੈਂ ਤੁਹਾਡੀ ਮਾਰਫਤ ਆਨਰੇਬਲ ਮੈਂਬਰ ਨੂੰ ਦਸਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਪਹਿਲਾਂ ਹੀ ਇਹ ਪਾਲਿਸੀ ਬਣਾਈ ਹੈ ਕਿ ਉਥੇ ਸਾਰੇ ਡਾਕਟਰਜ਼ ਲਈ ਕਵਾਰਟਰਜ਼ ਬਣਾਉਣੇ ਹਨ ਔਰ ਉਨ੍ਹਾਂ ਦੇ ਵਾਸਤੇ ਜ਼ਮੀਨ ਵੀ ਲੈ ਲਈ ਗਈ ਹੈ ਔਰ ਉਸ ਜ਼ਮੀਨ ਦੇ ਬਾਰੇ ਜਿਹੜਾ ਕੰਪਨਸੇਸ਼ਨ ਦਾ ਝਗੜਾ ਸੀ ਉਹ ਵੀ ਤਕਰੀਬਨ ਹਲ ਹੋ ਚੁਕਾ ਹੈ । ਉਥੇ ਸਰਕਾਰ ਡਾਕਟਰਾਂ ਲਈ ਕਵਾਰਟਰਜ਼ ਬਣਾਵੇਗੀ ਅਤੇ ਜਲਦੀ ਤੋਂ ਜਲਦੀ ਬਣਾਵੇਗੀ ।

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ ਕਿ ਜੇ ਕੋਈ ਸਾਧਾਰਨ ਆਦਮੀ ਸਰਕਾਰ ਦੇ ਕਵਾਰਟਰਜ਼ ਤੇ ਅਨ-ਐਥੋਰਾਈਜ਼ਡ ਕਬਜ਼ਾ ਕਰ ਲੈਂਦਾ ਹੈ ਅਤੇ ਉਸ ਦੇ ਨਾਲ ਜਿਹੜਾ ਸਲੂਕ ਸਰਕਾਰ ਕਰਦੀ ਹੈ, ਕੀ ਉਸੇ ਤਰ੍ਹਾਂ ਉਸ ਡਿਪਾਰਟਮੈਂਟ ਨਾਲ ਕੀਤਾ ਜਾਵੇਗਾ । ਕਿਉਂਕਿ ਉਸ ਨੇ ਅਨ-ਐਥੋਰਾਈਜ਼ਡ ਕਬਜ਼ਾ ਕੀਤਾ ਹੋਇਆ ਹੈ ? (ਵਿਘਨ)

ਮੰਤਰੀ : ਪਿਛਲੀ ਗੌਰਮੈਂਟ ਵਾਂਗ ਨਹੀਂ ਕਰਾਂਗੇ... (ਵਿਘਨ)

REPRESENTATION FOR EXTENSION OF PROVISIONS OF EAST PUNJAB RENT RESTRICTION ACT, TO MANDI TOWNS OF THE STATE

*30. 1. **Comrade Darshan Singh Canadian**
2. **Comrade Satya Pal Dang**] Will the Minister

of State for Local Government be pleased to state—

(a) whether in the month of January, 1972, the State Government in the Local Government Department received any representations for extending the provisions of the East Punjab Urban Rent Restriction Act, 1949., to Rayya Mandi, Bariwala Mandi, Bagha Purana and to all the "Mandi" towns of the State., if so, their number and the names of those from whom these were received.

(b) the decision, if any, taken by the Government in the matter ?

ਸ਼੍ਰੀ ਜੋਗਿੰਦਰ ਪਾਲ ਪਾਂਡੇ : (ੲ) ਹਾਂ ਜੀ, ਇਸ ਸਬੰਧ ਵਿਚ ਨਿਮਨ ਲਿਖਤ ਕੋਲੋਂ ਬਿਨੈ ਪੱਤਰ ਆਏ ਸਨ :—

(1) ਪ੍ਰਧਾਨ, ਕਰਾਏਦਾਰ ਯੂਨੀਅਨ, ਰਈਆ ਮੰਡੀ, ਜ਼ਿਲ੍ਹਾ ਅੰਮ੍ਰਿਤਸਰ ।

(2) ਬਾਰੀਵਾਲਾ ਮੰਡੀ, ਤਹਿਸੀਲ ਮੁਕਤਸਰ, ਜ਼ਿਲਾ ਫਿਰੋਜ਼ਪੁਰ (ਸ਼੍ਰੀ ਸਤਿਆਪਾਲ ਡਾਂਗ ਰਾਹੀਂ)।

(3) ਸ਼੍ਰੀ ਵੇਦ ਪ੍ਰਕਾਸ਼ ਨੌਹਰੀਆ, ਪ੍ਰਧਾਨ, ਕਿਰਾਇਆ ਯੂਨੀਅਨ, ਬਾਘਾ ਪੁਰਾਨਾ ਤਹਿਸੀਲ ਮੋਗਾ (ਫਿਰੋਜ਼ਪੁਰ)

(4) ਸ਼੍ਰੀ ਸਤਿਆਪਾਲ ਡਾਂਗ ।

(ਬੀ) ਇਹ ਮਾਮਲਾ ਹਾਲੇ ਵਿਚਾਰ ਅਧੀਨ ਹੈ ।

[a] Yes, Sir. In this connection representations were received from the following :—

(i) President, Tenants Union, Rayya Mandi, District Amritsar.

(ii) Bariwala Mandi, Tehsil Muktsar, District Ferozepur (through Shri Satya Pal Dang)

(iii) Shri Ved Parkash Nauhria, President Tenants Union, Bagha Purana, Teh. Moga, District Ferozepore.

(iv) Shri Satya Pal Dang.

(b) This matter is still under consideration.]

ਕਾਮਰੇਡ ਸੱਤਪਾਲ ਡਾਂਗ: ਸਪੀਕਰ ਸਾਹਿਬ, ਇਸ ਗੱਲ ਦੇ ਪੇਸ਼ੇ ਨਜ਼ਰ ਕਿ ਇਹ ਜਿਹੜੀਆਂ ਨਵੀਆਂ ਮੰਡੀਆਂ ਬਣੀਆਂ ਹਨ, ਜਿਸ ਤਰ੍ਹਾਂ ਰਈਆ ਮੰਡੀ ਜਾਂ ਬਾਘਾ ਪੁਰਾਣਾ ਮੰਡੀ, ਇਨ੍ਹਾਂ ਵਿਚ ਕਿਰਾਏਦਾਰਾਂ ਨੂੰ ਹਰ ਛੇ ਮਹੀਨੇ ਜਾਂ ਸਾਲ ਪਿਛੋਂ ਕਰਾਇਆ ਵਧਾਉਣ ਲਈ ਕੱਢ ਦਿਤਾ ਜਾਂਦਾਂ ਹੈ ਔਰ ਹਰ ਸਾਲ ਪਿਛੋਂ ਕਰਾਇਆ ਵਧਾ ਦਿਤਾ ਜਾਂਦਾ ਹੈ ਅਤੇ ਕਿਰਾਏਦਾਰਾਂ ਨੂੰ ਬੜੀ ਤਕਲੀਫ਼ ਹੁੰਦੀ ਹੈ। ਕੀ ਉਥੇ ਈਸਟ ਪੰਜਾਬ ਰੈਂਟ ਰੈਸਟਰਿਕਸ਼ਨਜ਼ ਐਕਟ 1949, ਜਿਸ ਵਿਚ ਇਨ੍ਹਾਂ ਨੂੰ ਪਾਵਰਜ਼ ਹਨ, ਨੂੰ ਉਨ੍ਹਾਂ ਮੰਡੀਆਂ ਵਿਚ ਐਕਸਟੈਂਡ ਕਰ ਦੇਣਗੇ ?

ਰਾਜ ਮੰਤਰੀ: ਸਪੀਕਰ ਸਾਹਿਬ, ਇਹ ਮਸਲਾ ਜ਼ੇਰੇ ਗ਼ੌਰ ਹੈ । ਇਸ ਦੇ ਬਾਵਜੂਦ ਮੈਂ ਆਨਰੇਬਲ ਮੈਂਬਰ ਨੂੰ ਦਸਣਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਮੰਡੀਆਂ ਹਨ ਇਨ੍ਹਾਂ ਵਿਚ ਹਾਲੇ ਕਈ ਸਮਸਿਆਵਾਂ ਹਨ ਉਥੇ ਈਸਟ ਪੰਜਾਬ ਰੈਂਟ ਰੈਸਟਰਿਕਸ਼ਨਜ਼ ਐਕਟ ਲਾਗੂ ਹੋ ਸਕਦਾ ਹੈ ਔਰ ਸਰਕਾਰ ਚਾਹੁੰਦੀ ਹੈ, ਪਰ ਉਨ੍ਹਾਂ ਦੇ ਨਾਲ ਜਿਹੜੀ ਆਬਾਦੀ ਹੈ ਉਸ ਦੀ ਵੀ ਇਕ ਸਮਸਿੱਆ ਹੈ । ਇਨ੍ਹਾਂ ਸਮਸਿਆਵਾਂ ਵੱਲ ਸਰਕਾਰ ਸੋਚਣ ਦਾ ਯਤਨ ਕਰ ਰਹੀ ਹੈ । ਮੈਂ ਹਾਊਸ ਵਿਚ ਇਹ ਐਸ਼ੋਰੈਂਸ ਦਿੰਦਾ ਹਾਂ ਕਿ ਜਿਸ ਵੇਲੇ ਇਨ੍ਹਾਂ ਮਸਲਿਆਂ ਦਾ ਹੱਲ ਲੱਭ ਗਿਆ ਅਸੀਂ ਉਹ ਐਕਟ ਉਥੇ ਜ਼ਰੂਰ ਲਾਗੂ ਕਰ ਦਿਆਂਗੇ ।

ਕਾਮਰੇਡ ਸੱਤਪਾਲ ਡਾਂਗ: ਸਪੀਕਰ, ਸਾਹਿਬ. ਜਿਹੜੀ ਮੰਡੀਆਂ ਦੇ ਨਾਲ ਲਗਦੀ ਆਬਾਦੀ ਹੈ ਉਸ ਬਾਰੇ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਉਥੇ ਸਮਸਿਆ ਹੈ ਮੈਂ ਕਹਿੰਦਾ ਹਾਂ ਕਿ ਉਥੇ ਕੋਈ ਸਮਸਿਆ ਨਹੀਂ । ਜੇ ਉਨ੍ਹਾਂ ਮੰਡੀਆਂ ਦੇ ਨਾਲ ਲਗਦੀ ਆਬਾਦੀ ਵਾਲੇ ਪਿੰਡਾਂ ਵਿਚ ਉਹ ਐਕਟ ਲਾਗੂ ਕਰ ਦਿਤਾ ਜਾਏਗਾ ਤਾਂ ਚੰਗੀ ਗੱਲ ਹੈ । ਕੀ ਇਸ ਬਾਰੇ ਛੇਤੀ ਫ਼ੈਸਲਾ ਕਰਨ ਦੀ ਕਿਰਪਾ ਕਰਨਗੇ ?

ਰਾਜ ਮੰਤਰੀ: ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਉਨ੍ਹਾਂ ਮੰਡੀਆਂ ਦੇ ਨਾਲ ਲਗਦੇ ਇਲਾਕੇ ਜਿਹੜੇ ਹਨ ਉਹ ਪਿੰਡਾਂ ਦੇ ਹਨ । ਉਨ੍ਹਾਂ ਪਿੰਡਾਂ ਦੇ ਏਰੀਆ ਵਿਚ ਇਹ ਐਕਟ ਲਾਗੂ ਕੀਤਾ ਜਾਏ ਜਾਂ ਨਾਂ ਕੀਤਾ ਜਾਏ ਇਹ ਮਸਲਾ ਜ਼ੇਰੇ ਗ਼ੌਰ ਹੈ,' ਜਿਸ ਵੇਲੇ ਇਸ ਮਸਲੇ ਦਾ ਜਵਾਬ ਆ ਗਿਆ ਅਸੀਂ ਜ਼ਰੂਰ ਕਰਾਂਗੇ । (ਵਿਘਨ)

ਡਾਕਟਰ ਅਮੀਰ ਸਿੰਘ ਕਲਕਟ: ਸਪੀਕਰ ਸਾਹਿਬ ਮੈਂ ਤੁਹਾਡੀ ਮਾਰਫਤ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਇਨ੍ਹਾਂ ਨੇ ਪ੍ਰਾਬਲਮਜ ਦਸੀਆਂ ਹਨ,' ਉਨਾਂ ਦੇ ਦਰ ਪੇਸ਼ ਜਿਨ੍ਹਾਂ ਮੰਡੀਆਂ ਅਤੇ ਕਸਬਿਆਂ ਦੀ ਆਬਾਦੀ ਵੱਧ ਹੈ ਉਥੇ ਨੋਟੀਫਾਈ ਏਰੀਆ ਜਾਂ ਮਿਉਂਸੀਪਲ ਕਮੇਟੀਜ਼ ਦੇ ਇੰਸਟੀਚਿਊਸ਼ਨਜ ਬਣਾ ਦੇਣਗੇ ? (ਵਿਘਨ) ।

(ਕੋਈ ਉਤਰ ਨਹੀਂ ਆਇਆ)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਸਪੀਕਰ ਸਾਹਿਬ, ਮੈਂ ਤੁਹਾਡੀ ਰਾਹੀਂ ਮਨਿਸਟਰ ਸਾਹਿਬ ਦਾ ਧਿਆਨ ਇਸ ਪਾਸੇ ਦਿਵਾਉਣਾ ਚਾਹੁੰਦਾ ਹਾਂ ਕਿ ਪੰਜਾਬ ਰੈਂਟ ਰੈਸਟਰਿਕਸ਼ਨ ਐਕਟ ਨੂੰ ਬਣਿਆਂ 22 ਸਾਲ ਹੋ ਗਏ ਹਨ । ਇਸ ਵਿਚ ਤਰਮੀਮ ਕਰਨ ਲਈ ਸਰਕਾਰ ਨੇ ਇਕ ਕਮੇਟੀ ਵੀ ਨਿਯੁਕਤ ਕੀਤੀ ਸੀ । ਕੀ ਗਰੀਬ ਕਿਰਾਏਦਾਰਾਂ ਦੀ ਰਾਖੀ ਕਰਨ ਲਈ ਸਰਕਾਰ ਇਸ ਕਾਨੂੰਨ ਰਾਹੀਂ ਕੋਈ ਪ੍ਰੋਗਰੈਸਿਵ ਕਦਮ ਚੁੱਕਣ ਨੂੰ ਤਿਆਰ ਹੈ ?

ਰਾਜ ਮੰਤਰੀ: ਸਪੀਕਰ ਸਾਹਿਬ, ਇਹ ਸਰਕਾਰ ਤਾਂ ਹੈ ਹੀ ਗਰੀਬਾਂ ਵਾਸਤੇ, ਕਿਸਾਨਾਂ ਵਾਸਤੇ ਅਤੇ ਮਜ਼ਦੂਰਾਂ ਵਾਸਤੇ । ਇਸ ਨੇ ਤਾਂ ਸਾਰੇ ਹੀ ਪ੍ਰੋਗਰੈਸਿਵ ਸਟੈਪਸ ਚੁਕਣੇ ਹਨ ।

ਸ੍ਰੀ ਸਪੀਕਰ : ਵਜ਼ੀਰ ਸਾਹਿਬ, ਇਹ ਮਸਲਾ ਇਸ ਲਈ ਉਠਾਇਆ ਗਿਆ ਹੈ ਕਿ ਮਕਾਨਾਂ ਦੀ ਕਮੀ ਹੈ । ਸਰਕਾਰ ਇਸ ਬਾਰੇ ਕੋਈ ਉਪਰਾਲਾ ਕਰੇ, ਜਾਂ ਕਰਾਏ ਘਟਾਏ ਜਾਣ ਤਾਂ ਕਿ ਗਰੀਬ ਕਰਾਏਦਾਰਾਂ ਨੂੰ ਸਹੂਲਤ ਮਿਲ ਸਕੇ । (*Addressing the Minister of State for Local Government*. This problem has arisen due to the shortage of residential houses. Either the Government should take steps to remove the shortage or see that the rents are reduced so that the poor tenants may get some relief in this respect.)

ਖੇਤੀ ਬਾੜੀ ਮੰਤਰੀ : ਸਪੀਕਰ ਸਾਹਿਬ, ਜੇਕਰ ਬਿਲਕੁਲ ਕਿਰਾਏ ਘਟਾ ਦਿਤੇ ਤਾਂ ਲੋਕ ਉਥੇ ਨਵੇਂ ਮਕਾਨ ਨਹੀਂ ਬਣਾਉਣਗੇ । (ਵਿਘਨ)

SEPARATION OF PROSECUTION AGENCY FROM THE POLICE DEPARTMENT

*32. 1. **Comrade Satya Pal Dang**
2. **Comrade Darshan Singh Canadian** | Will the Chief Minister be pleased to state—

(a) whether during the year 1969 it was decided by the Punjab Government to separate the Prosecution Agency from the Police Department, if so, the reasons for non-implementation of this decision so far;

(b) whether the new Government proposes to implement this decision, if so, by what time ?

Giani Zail Singh : (a) Yes. The scheme could not be implemented because Administrative/Financial implications are being worked out.

(b) This Government have not considered this issue as yet.

[(ੳ) ਜੀ ਹਾਂ । ਪ੍ਰਬੰਧਕੀ ਅਤੇ ਵਿੱਤੀ ਸਮੱਸਿਆਵਾਂ ਤੇ ਹਾਲੇ ਵਿਚਾਰ ਕੀਤਾ ਜਾ ਰਿਹਾ ਹੈ ।

(ਅ) ਇਸ ਸਰਕਾਰ ਨੇ ਹਾਲੇ ਤੀਕ ਇਸ ਮਾਮਲੇ ਤੇ ਵਿਚਾਰ ਨਹੀਂ ਕੀਤਾ ।

ਕਾਮਰੇਡ ਸੱਤਪਾਲ ਡਾਂਗ: ਮੈਂ ਇਹ ਮੁੱਖ ਮੰਤਰੀ ਜੀ ਤੋਂ ਪੁਛਣਾ ਚਾਹੁੰਦਾ ਹਾਂ ਕਿ ਪਰਾਸੀਕਿਊਟਿੰਗ ਏਜੰਸੀ ਨੂੰ ਪੁਲੀਸ ਦੇ ਮਹਿਕਮੇ ਨਾਲੋਂ ਅੱਡ ਕੀਤਾ ਜਾਏ, ਕੀ ਅੱਜ ਦੀ ਸਰਕਾਰ ਇਸ ਦੇ ਹੱਕ ਵਿਚ ਹੈ ਜਾਂ ਇਸ ਦੇ ਖਿਲਾਫ ਹੈ ?

ਮੁੱਖ ਮੰਤਰੀ : ਇਸ ਸਰਕਾਰ ਨੇ ਅਜੇ ਤੱਕ ਇਸ ਮਾਮਲੇ ਤੇ ਵਿਚਾਰ ਨਹੀਂ ਕੀਤਾ ।

ਚੌਧਰੀ ਦਰਸ਼ਨ ਸਿੰਘ : ਮੈਂ ਮੁੱਖ ਮੰਤਰੀ ਜੀ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਗਲ ਠੀਕ ਨਹੀਂ ਹੈ ਕਿ ਪਰਾਸੀਕਿਊਟਿੰਗ ਏਜੰਸੀ ਦਾ ਇੰਡੀਪੈਂਡੈਂਟ ਨਾ ਹੋਣਾ ਜੁਡੀਸ਼ੀਅਰੀ ਦੀ ਇੰਡੀਪੈਂਡੈਂਸੀ ਤੇ ਭੈੜਾ ਅਸਰ ਪੈਂਦਾ ਹੈ ?

ਮੁੱਖ ਮੰਤਰੀ : ਇਹ ਚੀਜ਼ ਤੇ ਹਾਲੇ ਸਰਕਾਰ ਨੇ ਵਿਚਾਰ ਨਹੀਂ ਕੀਤਾ ।

ਡਾਕਟਰ ਅਮੀਰ ਸਿੰਘ ਕਲਕਟ : ਮੈਂ ਮਾਨਯੋਗ ਮੁੱਖ ਮੰਤਰੀ ਜੀ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ in the light of past experience ਕੀ ਉਹ ਦਸ ਸਕਦੇ ਹਨ ਕਿ ਇਸ ਮਹਿਕਮੇ ਵਿਚ ਕੁਰੱਪਸ਼ਨ ਹੈ ?

ਮੁੱਖ ਮੰਤਰੀ : ਮੈਂ ਇਹ ਨਹੀਂ ਕਹਿ ਸਕਦਾ ਕਿ ਕਿਥੇ ਕੁਰੱਪਸ਼ਨ ਹੈ ਅਤੇ ਕਿਥੇ ਇਹ ਵੱਧ ਹੈ ਜਾਂ ਘੱਟ ਹੈ ਮਗਰ ਸਰਕਾਰ ਇਸ ਗਲ ਤੇ ਗੌਰ ਕਰ ਰਹੀ ਹੈ ਕਿ ਹਰ ਤਰ੍ਹਾਂ ਨਾਲ ਕੁਰੱਪਸ਼ਨ ਨੂੰ ਖਤਮ ਕੀਤਾ ਜਾਵੇ । ਇਹ ਵੀ ਇਕ ਅਹਿਮ ਮਸਲਾ ਹੈ ।

ਕਾਮਰੇਡ ਸਤਪਾਲ ਡਾਂਗ : ਮੈਂ ਮਾਨਯੋਗ ਮੁੱਖ ਮੰਤਰੀ ਜੀ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਹਕੀਕਤ ਨਹੀਂ ਕਿ ਜਦੋਂ ਪਿਛਲੀ ਅਸੈਂਬਲੀ ਵਿਚ ਇਹ ਮਾਮਲਾ ਉਠਾਇਆ ਜਾਂਦਾ ਰਿਹਾ ਹੈ ਤਾਂ ਕਾਂਗਰਸ ਪਾਰਟੀ ਇਹ ਮੰਗ ਕਰਦੀ ਰਹੀ ਹੈ ਕਿ ਇਸ ਏਜੰਸੀ ਨੂੰ ਇੰਡੀਪੈਂਡੈਂਟ ਕਰ ਦੇਣਾ ਚਾਹੀਦਾ ਹੈ ?

ਮੁੱਖ ਮੰਤਰੀ : ਕਾਂਗਰਸ ਪਾਰਟੀ ਕੀ ਮੰਗ ਕਰਦੀ ਰਹੀ ਹੈ, ਇਸ ਗਲ ਨੂੰ ਡਾਂਗ ਸਾਹਿਬ ਜ਼ਿਆਦਾ ਜਾਣਦੇ ਹਨ । ਮੇਰੇ ਪਾਸ ਇਸ ਕੇਸ ਬਾਰੇ ਲੰਮੀ ਚੌੜੀ ਹਿਸਟਰੀ ਹੈ ਜਿਸ ਮੈਂਬਰ ਨੂੰ ਖਾਹਿਸ਼ ਹੋਵੇ ਉਹ ਇਸ ਨੂੰ ਵੇਖ ਸਕਦਾ ਹੈ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਮੈਂ ਮੁੱਖ ਮੰਤਰੀ ਜੀ ਤੋਂ ਬੜੇ ਸਤਿਕਾਰ ਨਾਲ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਸਰਕਾਰ ਸਮਝਦੀ ਹੈ ਕਿ ਨਿਆਂ ਪੂਰਵਕ ਰਾਜ ਸਥਾਪਤ ਕਰਨ ਲਈ ਇਹ ਜ਼ਰੂਰੀ ਹੈ ਕਿ ਪਰਾਸੀਕਿਊਟੰਗ ਏਜੰਸੀ ਨੂੰ ਪੁਲੀਸ ਤੋਂ ਵੱਖ ਕਰ ਦਿਤਾ ਜਾਏ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜਿਤਨਾ ਫਿਕਰ ਜੋਸ਼ ਜੀ ਨੂੰ ਇਸ ਚੀਜ਼ ਬਾਰੇ ਹੈ ਉਸ ਤੋਂ ਵਧ ਸਰਕਾਰ ਫਿਕਰਮੰਦ ਹੈ । ਫਰਕ ਸਿਰਫ ਇਤਨਾ ਹੈ ਕਿ ਇਹ ਸਿੱਧਾ ਚੈਕ ਕੱਟ ਦਿੰਦੇ ਹਨ ਜਿਸ ਦਾ ਬੈਂਕ ਬੈਲੰਸ ਕੋਈ ਨਹੀਂ ਹੁੰਦਾ ਪਰ ਅਸੀਂ ਇਸ ਸਾਰੀ ਚੀਜ਼ ਤੇ ਵਿਚਾਰ ਕਰਨੀ ਹੁੰਦੀ ਹੈ ਅਤੇ ਦੇਖਣਾ ਹੁੰਦਾ ਹੈ ਕਿ ਕੋਈ ਗਲਤ ਕਦਮ ਨਾ ਚੁਕਿਆ ਜਾਵੇ ।

ਕਾਮਰੇਡ ਸਤਪਾਲ ਡਾਂਗ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਗਿਆਨੀ ਜੀ ਜਦੋਂ ਇਥੇ ਬੈਠੇ ਹੁੰਦੇ ਹਨ ਤਾਂ ਹੋਰ ਤਰ੍ਹਾਂ ਬੋਲਦੇ ਹਨ ਅਤੇ ਜਦੋਂ ਬਾਹਰ ਇਨ੍ਹਾਂ ਨੂੰ ਆਈ.ਜੀ.ਸਾਹਿਬ ਅੱਖ ਵਿਖਾਉਂਦੇ ਹਨ ਤਾਂ ਹੋਰ ਤਰ੍ਹਾਂ ਬੋਲਦੇ ਹਨ । (ਹਾਸਾ)

ਸ੍ਰੀ ਸਪੀਕਰ : ਡਾਂਗ ਸਾਹਿਬ, ਇਸ ਗਲ ਦਾ ਸਵਾਲ ਨਾਲ ਕੋਈ ਸਬੰਧ ਨਹੀਂ ਹੈ । (Dang Sahib, this supplementary question does not arise.)

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਨੂੰ ਖੁਸ਼ੀ ਹੈ ਕਿ ਡਾਂਗ ਸਾਹਿਬ ਨੇ ਇਹ ਸਵਾਲ ਉਠਾਇਆ ਹੈ । ਉਹ ਵੀ ਇਧਰ ਬੈਠਕੇ ਅੱਖਾਂ ਵਖਾਉਂਦੇ ਰਹੇ ਹਨ । (ਹਾਸਾ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਹੋਰ ਕੋਈ ਅੱਖ ਗਿਆਨੀ ਜੀ ਨੂੰ ਵਿਖਾਏ ਤਾਂ ਭਾਵੇਂ ਵਿਖਾਏ ਪਰ ਆਈ. ਜੀ. ਨਾ ਵਿਖਾਵੇ । (ਹਾਸਾ)

COMPLAINT AGAINST POLICE POSTED AT P.S. RAMDAS, DISTRICT AMRITSAR

*31. 1. **Comrade Darshan Singh Canadian**
2. **Comrade Satya Pal Dang**
| Will the Chief Minister be pleased to state—

(a) whether in the month of September, 1971, Senior Superintendent of Police, Amritsar received a complaint from a former legislator against the police posted at P.S. Ramdas, tehsil Ajnala, District Amritsar; if so, a copy of the same be laid on the Table of the House;

(b) the action, if any, taken by the Government in this respect and the present position of the case?

ਗਿਆਨੀ ਜ਼ੈਲ ਸਿੰਘ: (ੲ) ਹਾਂ ਜੀ। ਸ਼ਿਕਾਇਤ ਦੀ ਇਕ ਨਕਲ ਸਭਾ ਦੀ ਮੇਜ਼ ਤੇ ਰਖੀ ਜਾਂਦੀ ਹੈ।

(ਬੀ) ਸ਼ਿਕਾਇਤ ਦੀ ਪੜਤਾਲ ਕਰਵਾਈ ਗਈ ਸੀ ਜਿਸ ਤੋਂ ਪਰਤੀਤ ਹੋਇਆ ਸੀ ਕਿ ਤੇਜਾ ਸਿੰਘ ਐਸ. ਐਚ. ਓ. ਰਾਮਦਾਸ ਨੇ ਸ੍ਰੀ ਮੁਹੰਮਦ ਸਦੀਕੀ ਨੂੰ ਮੁਕਦਮਾ ਨੰ: 117 ਮਿਤੀ 23 ਅਗਸਤ, 1971 ਅ/ਧ: 307/148/149 ਭ:ਦ, 25/54/59 ਐਕਟ ਅਸਲਾ, 3/34/20 ਪਾਸ ਪੋਰਟ ਐਕਟ ਤੇ 3 ਔਫੀਸ਼ੀਅਲ ਸੀਕਰਟ ਐਕਟ ਥਾਨਾ ਰਾਮਦਾਸ ਵਿਚ ਝੂਠਾ ਫਸਾਇਆ ਸੀ। ਇਸ ਅਣਗਹਿਲੀ ਕਾਰਨ ਐਸ. ਆਈ. ਤੇਜਾ ਸਿੰਘ ਨੂੰ ਤੁਰੰਤ ਥਾਨਾ ਰਾਮਦਾਸ ਤੋਂ ਬਦਲ ਕੇ ਲਾਈਨ ਹਾਜ਼ਰ ਕੀਤਾ ਗਿਆ ਸੀ ਅਤੇ ਜ਼ਿਲ੍ਹਾ ਮਜਿਸਟਰੇਟ ਅੰਮ੍ਰਿਤਸਰ ਦੀ ਪਰਵਾਨਗੀ ਲੈਣ ਉਪਰੰਤ ਅਧੀਨ ਪੰਜਾਬ ਪਲਿਸ ਰੂਲ 16.38(1) ਐਸ. ਆਈ. ਤੇਜਾ ਸਿੰਘ ਦੇ ਵਿਰੁਧ ਕਾਰਵਾਈ ਕੀਤੀ ਜਾ ਰਹੀ ਹੈ ਜੋ ਮੁਕੰਮਲ ਹੋਣ ਤੇ ਪੰਜਾਬ ਪਲਿਸ ਰੂਲ 16.38(2) ਦੇ ਅਧੀਨ ਡਿਸਟਰਿਕਟ ਮਜਿਸਟਰੇਟ, ਅੰਮ੍ਰਿਤਸਰ ਨੂੰ ਹੁਕਮ ਪਾਸ ਕਰਨ ਲਈ ਭੇਜੀ ਜਾਵੇਗੀ।

Copy of letter No. nil dated 9th September, 1971 from Shri Satya Pal Dang Ex. M.L.A., to the Senior Superintendent of Police, Amritsar.

Subject:—Dis-appearance of Shri Sadique s/o Din Mohd.

Following facts were brought to my notice yesterday by relations of Shri Sadique s/o Din Mohd.

2. Shri Sadique is a victimized worker of M/s New Egertan Mills, Dhariwal and his dispute with the management has been going on for quite some time.

(b) Some time round about the mid-term elections to the Lok Sabha, Shri Sadique was brought by the Amritsar Police to Amritsar and was kept in some interrogation centre. After some days he was let off as he was innocent. It is alleged that he was brought to Amritsar just to harass him and terrorize him and this was done at the instance of the management.

(c) On 7th September, 1971 (or thereabout), three persons one A.S.I. and two constables went to his place and took him away without telling any body as to where they were taking him. The relatives who met me were very much worried. They thought that he might have been taken by the Amritsar Police again or by Police of some other police station at the instance of the management. They would not rule out the possibility of some hired persons impersonating as Police officials having taken him away. I was told that the house was shown by a person who is in pay of the management.

This is to request you to please as certain whether Shri Sadique has been brought by the Amritsar Police and if so why and for what purpose he has been brought. It is also requested that it may please be ensured that Shri Sadique is not made a victim of any illegal action on the part of any-one.

Since yesterday itself, I have been trying to contact you on phone to bring to your notice what has been stated in the exceeding paras. Not having succeeded in that I am writing this letter.

Very urgent action is requested.

ਕਾਮਰੇਡ ਰਾਜ ਕੁਮਾਰ: ਸਪੀਕਰ ਸਾਹਿਬ, ਮੈਂ ਆਪ ਜੀ ਦੀ ਰਾਹੀਂ ਸਰਕਾਰ ਪਾਸੋਂ ਪੁੱਛਣਾ ਚਾਹੁੰਦਾ ਹਾਂ ਇਹ ਐਡਾ ਵਡਾ ਹੀਨੀਅਸ ਕਰਾਈਮ ਉਸ ਐਸ. ਐਚ. ਓ. ਨੇ ਕੀਤਾ ਅਤੇ ਉਸ ਨੂੰ ਸਸਪੈਂਡ ਕਿਉਂ ਨਹੀਂ ਕੀਤਾ ਗਿਆ ?

ਮੁੱਖ ਮੰਤਰੀ: ਇਸ ਦੇ ਮੁਤਲਕ ਮੈਂ ਕਾਮਰੇਡ ਜੀ ਨੂੰ ਇਹ ਗੱਲ ਦਸਣੀ ਚਾਹੁੰਦਾ ਹਾਂ ਕਿ ਇਹ ਮਾਮਲਾ ਕਾਂਗਰਸ ਪਾਰਟੀ ਦੇ ਪਾਵਰ ਵਿਚ ਆਉਣ ਤੋਂ ਪਹਿਲਾਂ ਦਾ ਹੈ ਔਰ ਜੋ ਪਹਿਲਾਂ ਕਿਸੇ ਨੂੰ ਸਜ਼ਾ ਵਜੋਂ ਉਸਦੀ ਪਰੋਮੋਸ਼ਨ ਜਾਂ ਡੀਮੋਸ਼ਨ ਹੋ ਗਈ ਹੈ ਤਾਂ ਉਸ ਪਹਿਲੇ ਫੈਸਲੇ ਨੂੰ ਬਦਲਣ ਲਈ ਸੋਚਣ ਵਾਸਤੇ ਸਮਾਂ ਚਾਹੀਦਾ ਹੈ।

ਕਾਮਰੇਡ ਅਰਜਨ ਸਿੰਘ ਮਸਤਾਨਾ: ਸਪੀਕਰ ਸਾਹਿਬ, ਕੀ ਮੈਂ ਸਰਕਾਰ ਪਾਸੋਂ ਇਹ ਪੁਛ ਸਕਦਾ ਹਾਂ ਕਿ ਕੀ ਇਹ ਸੱਚ ਹੈ ਕਿ ਪਿਛਲੇ ਆਈ. ਜੀ. ਸਾਹਿਬ ਨੇ ਕਈਆਂ ਨੂੰ ਨਕਸਲਵਾਦੀ ਕਹਿਕੇ ਗਿਰਫਤਾਰ ਕੀਤਾ ਹੈ ? (ਵਿਘਨ)..... ਸਰਦਾਰ ਤੇਜਾ ਸਿੰਘ ਐਸ. ਆਈ. ਨੂੰ.....(ਵਿਘਨ)

ਸ੍ਰੀ ਸਪੀਕਰ: ਇਹ ਸਬੰਧਤ ਸਵਾਲ ਨਹੀਂ ਹੈ। (This does not arise.)

ਡਾਕਟਰ ਅਮੀਰ ਸਿੰਘ ਕਲਕਟ: ਸਪੀਕਰ ਸਾਹਿਬ, ਕੀ ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਤੋਂ ਪੁਛ ਸਕਦਾ ਹਾਂ ਕਿ ਇਹ 1971 ਦੀ ਕੰਪਲੇਂਟ ਹੈ ਪਰ ਇਸ ਤੇ ਕੋਈ ਐਕਸ਼ਨ ਨਹੀਂ ਲਿਆ ਗਿਆ; ਕੋਈ ਕਾਰਵਾਈ ਨਹੀਂ ਹੋਈ?

ਸ੍ਰੀ ਸਪੀਕਰ: ਐਕਸ਼ਨ ਤਾਂ ਕਾਫੀ ਲਿਆ ਜਾ ਚੁਕਾ ਹੈ, ਡਾਕਟਰ ਸਾਹਿਬ। (Dr. Sahib, sufficient action has already been taken in this behalf.)

ਡਾਕਟਰ ਅਮੀਰ ਸਿੰਘ ਕਲਕਟ: ਸਪੀਕਰ ਸਾਹਿਬ, ਸਰਕਾਰ ਨੂੰ ਚਾਹੀਦਾ ਸੀ ਕਿ ਉਹ ਦੋਸ਼ੀ ਨੂੰ ਸਪੈਸੇਫਿਕ ਸਜ਼ਾ ਦਿੰਦੀ।

ਕਾਮਰੇਡ ਸੱਤਪਾਲ ਡਾਂਗ: ਸਪੀਕਰ ਸਾਹਿਬ, ਕੀ ਸਰਕਾਰ ਇਸ ਗੱਲ ਨੂੰ ਸਾਹਮਣੇ ਰਖਦੇ ਹੋਏ ਕਿ ਕਿਸੇ ਮਾਇਨਾਰਿਟੀ ਪਾਰਟੀ ਦੇ ਵਰਕਰ ਨੂੰ ਤੰਗ ਕਰਨ ਲਈ, ਪਾਕਿਸਤਾਨ ਦਾ ਸਿਪਾਹੀ ਕਹਿਕੇ ਜਾਂ ਉਸ ਦੇ ਖਿਲਾਫ ਹੋਰ ਝੂਠੇ ਇਲਜ਼ਾਮ ਲਗਾਉਣ ਲਈ ਕਿਸੇ ਦੂਜੇ ਜ਼ਿਲ੍ਹੇ ਦੇ ਥਾਨੇਦਾਰ ਨੂੰ ਗੁਰਦਾਸਪੁਰ ਜ਼ਿਲ੍ਹੇ ਵਿਚ ਲਿਆਂਦਾ ਜਾਵੇ ਕੀ ਮਨਿਸਟਰ ਸਾਹਿਬ ਇਸ ਗਲ ਵਲ ਵੀ ਧਿਆਨ ਦੇਣਗੇ ? ਕੀ ਇਹ ਜਿਹੜੀ ਕਨਸਪੀਰੇਸੀ ਹੋਈ ਹੈ, ਇਸ ਵਿਚ ਦੋਸ਼ੀ ਦੇ ਖਿਲਾਫ ਕੋਈ ਕਾਰਵਾਈ ਕੀਤੀ ਜਾਵੇਗੀ ?

ਮੁੱਖ ਮੰਤਰੀ: ਮੈਂ ਇਸ ਗਲ ਦਾ ਭਰੋਸਾ ਦਿਵਾਉਂਦਾ ਹਾਂ ਕਿ ਇਹ ਕਾਰਵਾਈ ਜ਼ਰੂਰ ਕੀਤੀ ਜਾਵੇਗੀ। ਲੇਕਿਨ ਨਾਲ ਹੀ ਮੈਂ ਇਹ ਵੀ ਕਹਿ ਦੇਣਾ ਚਾਹੁੰਦਾ ਹਾਂ ਕਿ ਚਾਹੇ ਕੋਈ ਮਾਇਨਾਰਿਟੀ ਦਾ ਹੋਵੇ, ਚਾਹੇ ਕੋਈ ਮਜਾਰਿਟੀ ਦਾ ਹੋਵੇ ਅਗਰ ਉਸ ਸਖਸ਼ ਦੇ ਖਿਲਾਫ ਪੁਲੀਸ ਕੋਈ ਝੂਠਾ ਮੁਕੱਦਮਾ ਬਣਾਵੇਗੀ ਤਾਂ ਉਸ ਨੂੰ ਸਖਤ ਸਜ਼ਾ ਦਿਤੀ ਜਾਵੇਗੀ।

ਸਰਦਾਰ ਧਨਾ ਸਿੰਘ ਗੁਲਸ਼ਨ: ਸਪੀਕਰ ਸਾਹਿਬ, ਮੈਂ ਇਹ ਮਾਨਯੋਗ ਮੁੱਖ ਮੰਤਰੀ ਜੀ ਤੋਂ ਪੁਛਣਾ ਚਾਹੁੰਦਾ ਹਾਂ ਕਿ ਉਸ ਵਰਕਰ ਦੇ ਖਿਲਾਫ ਝੂਠਾ ਕੇਸ ਬਣਾਉਣ ਵਾਸਤੇ ਥਾਣੇਦਾਰ ਨੇ ਕੋਈ ਕਾਨੂੰਨ ਦੀ ਧਾਰਾ ਛੱਡੀ ਵੀ ਹੈ ਜਿਹੜੀ ਕਿ ਉਸ ਤੇ ਨਹੀਂ ਲਗਾਈ ਗਈ? ਕੀ ਸਰਕਾਰ ਇਸ ਮਾਮਲੇ ਦੀ ਇਨਕੁਆਇਰੀ ਕਰਾ ਕੇ ਹਾਊਸ ਨੂੰ ਜਾਣੂ ਕਰਾਏਗੀ ?

(ਕੋਈ ਉਤਰ ਨਹੀਂ ਦਿਤਾ ਗਿਆ ।)

ਸਰਦਾਰ ਜਸਵਿੰਦਰ ਸਿੰਘ ਬਰਾੜ: ਮੈਂ ਮਾਨਯੋਗ ਚੀਫ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਦਾ ਹੀਨੀਅਸ ਕਰਾਈਮ ਇਸ ਥਾਨੇਦਾਰ ਨੇ ਕੀਤਾ ਹੈ ਇਸੇ ਤਰ੍ਹਾਂ ਦਾ ਕੋਟਕਪੂਰੇ ਵਿਚ 20 ਜਨਵਰੀ, 1972 ਨੂੰ ਹੋਇਆ । (ਵਿਘਨ)

ਸ੍ਰੀ ਸਪੀਕਰ: ਇਹ ਰੈਲੇਵੈਂਟ ਨਹੀਂ ਹੈ। (This is not relevant.)

ਮੁੱਖ ਮੰਤਰੀ: ਸਪੀਕਰ ਸਾਹਿਬ, ਭਾਵੇਂ ਇਹ ਰੈਲੇਵੈਂਟ ਨਹੀਂ ਪਰੰਤੂ ਸਾਡਾ ਥਾਣਾ ਇਕੋ ਹੈ। ਅਸੀਂ ਬੈਠ ਕੇ ਗਲ ਕਰ ਲਵਾਂਗੇ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼. ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਦਾ ਧਿਆਨ ਇਸ ਸਪੱਸ਼ਟ ਦੋਸ਼ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਇਸ ਵਰਕਰ ਦੇ ਵਿਰੁਧ ਕੇਸ ਥਾਣੇਦਾਰ ਨੇ ਮਿਲ ਦੀ ਜਿਹੜੀ ਮੈਨੇਜਮੈਂਟ ਹੈ ਉਸ ਦੇ ਨਾਲ ਰਲ ਕੇ ਬਣਾਇਆ । ਕੀ ਇਹ ਗੌਰਮਿੰਟ ਇਸ ਮੈਨੇਜਮੈਂਟ ਦੇ ਖਿਲਾਫ ਕੋਈ ਕਾਰਵਾਈ ਕਰੇਗੀ ?

ਸ੍ਰੀ ਸਪੀਕਰ: ਇਹ ਤਾਂ ਰੈਪੀਟੀਸ਼ਨ ਹੈ । ਇਸ ਦਾ ਜਵਾਬ ਤਾਂ ਆ ਚੁਕਾ ਹੈ । (This is repetition. Reply to this has already been given.)

ਸਰਦਾਰ ਅਜਾਇਬ ਸਿੰਘ ਸੰਧੂ: ਕੀ ਮੁੱਖ ਮੰਤਰੀ ਸਾਹਿਬ ਇਹ ਦਸਣ ਕੀ ਕਿਰਪਾਲਤਾ ਕਰਨਗੇ ਕਿ ਜਿਵੇਂ ਉਨ੍ਹਾਂ ਨੇ ਫਰਮਾਇਆ ਹੈ ਕਿ ਜੇ ਕਿਸੇ ਅਫ਼ਸਰ ਨੇ ਕਿਸੇ ਘਟ ਗਿਣਤੀ ਦੇ ਬੰਦੇ ਨਾਲ ਬੇਇਨਸਾਫੀ ਕੀਤੀ ਤਾਂ ਉਸ ਨੂੰ ਸਖਤ ਤੋਂ ਸਖਤ ਸਜ਼ਾਂ ਦਿਤੀ ਜਾਵੇਗੀ, ਇਸੇ ਤਰ੍ਹਾਂ ਹੀ ਪੰਜਾਬ ਦੇ ਆਈ. ਜੀ. ਨੇ ਘਟ ਗਿਣਤੀ ਨਾਲ ਬੇਇਨਸਾਫੀ ਕਰਕੇ ਉਨ੍ਹਾਂ ਦੇ ਅਫ਼ਸਰਾਂ ਨੂੰ ਖੁਡੇ ਲਾਇਆ ਹੈ। ਕੀ ਤੁਸੀਂ ਇਨਕੁਆਇਰੀ ਕਰਾਕੇ ਉਸ ਨੂੰ ਸਜ਼ਾ ਦੇਵੋਗੇ ?

ਸ੍ਰੀ ਸਪੀਕਰ: ਇਹ ਰੈਲੇਵੈਂਟ ਨਹੀਂ ਹੈ । (This is not relevant.)

ਕਾਮਰੇਡ ਸੱਤਪਾਲ ਡਾਂਗ: ਸਪੀਕਰ ਸਾਹਿਬ, ਉਸ ਦਾ ਜਵਾਬ ਨਹੀਂ ਆਇਆ । ਇਨ੍ਹਾਂ ਨੇ ਯਕੀਨ ਦਿਵਾਇਆ ਹੈ ਕਿ ਜਿਸ ਕਰਮਚਾਰੀ ਨੇ ਝੂਠਾ ਕੇਸ ਬਣਾਇਆ ਸੀ ਉਸ ਦੇ ਖਿਲਾਫ ਇਨਕੁਆਇਰੀ ਹੋਵੇਗੀ । ਇਸ ਕਰਮਚਾਰੀ ਦੇ ਵਿਰੁਧ ਨਿਊ ਐਜਰਟਨ ਵੂਲਨ ਮਿਲਜ਼ ਦੀ ਮੈਨੇਜਮੈਂਟ ਦੇ ਕਹਿਣ ਉਤੇ ਕੇਸ ਬਣਾਇਆ ਸੀ । ਉਸ ਮੈਨੇਜਮੈਂਟ ਦੇ ਖਿਲਾਫ ਪੁਲਿਸ ਕੋਲ ਕੰਪਲੇਂਟ ਪੈਂਡਿੰਗ ਹੈ। ਕੀ ਉਸ ਕੰਪਲੇਂਟ ਉਤੇ, ਮੈਨੇਜਮੈਂਟ ਦੇ ਵਿਰੁਧ ਕੋਈ ਕਾਰਵਾਈ ਕਰਾਏਗੀ ?

ਮੁੱਖ ਮੰਤਰੀ: ਜੋ ਵੀ ਰੈਲੇਵੇਂਟ ਸ਼ਕਇਤ ਆਨਰੇਬਲ ਮੈਂਬਰ ਸਾਡੇ ਨੋਟਿਸ ਵਿਚ ਲਿਆਉਣਗੇ ਅਸੀਂ ਉਸ ਦੀ ਪੂਰੀ ਪੜਤਾਲ ਕਰਾਂਗੇ ।

STARRED QUESTION NO. 33

ਸ੍ਰੀ ਸਪੀਕਰ. *ਸਟਾਰਡ ਸਵਾਲ 33 ਅਗੇ ਪਾਉਣ ਲਈ ਕਿਹਾ ਗਿਆ ਹੈ । (Extension has been asked for in respect of Starred Question No. 33.)

UNSTARRED QUESTIONS AND ANSWERS

CONCESSION IN THE SUPPLY OF ELECTRICITY TO THE RESIDENTS OF VILLAGES

15. **Comrade Chand Singh Chopra Master :** Will the Minister for Irrigation and Power be pleased to state whether the Government propose to give the same concessions in the supply of electricity to the other residents of the villages in the State as are being extended to Military Personnel ?

Shri Gurmail Singh : Military Personnel on active service are given priority for the grant of Tube-Well Connections. No other concession in the supply of electricity is allowed to Milltary Personnel. If all the residents of villages are treated like Military Personnel, the very purpose of granting priority to the Military Personnel on active service would be defeated and this would mean with-drawal of priority to the Military Personnel on active service. As such, it is not proposed to grant any such concession in the supply of electricity to other residents of villages.

[ਮਿਲਟਰੀ ਵਿਚ ਕੰਮ ਕਰ ਰਹੇ ਵਿਅਕਤੀਆਂ ਨੂੰ ਟਿਊਬਵੈਲ ਕੁਨੈਕਸ਼ਨ ਦੇਣ ਲਈ ਅਗੇਤ ਦਿਤੀ ਜਾਂਦੀ ਹੈ । ਉਨ੍ਹਾਂ ਨੂੰ ਬਿਜਲੀ ਦੀ ਕਿਸੇ ਹੋਰ ਪ੍ਰਕਾਰ ਦੀ ਸਪਲਾਈ ਸਬੰਧੀ ਕੋਈ ਰਿਆਇਤ ਨਹੀਂ । ਜੇਕਰ ਪਿੰਡਾਂ ਦੇ ਦੂਜੇ ਸਾਰੇ ਵਸਨੀਕਾਂ ਨੂੰ ਫੌਜੀਆਂ ਵਾਂਗ ਸਮਝਿਆ ਜਾਵੇ ਤਾਂ ਮਿਲਟਰੀ ਵਿਚ ਕੰਮ ਕਰ ਰਹੇ ਕਰਮਚਾਰੀਆਂ ਨੂੰ ਪ੍ਰਾਪਤ ਅਗੇਤ ਦਾ ਕੋਈ ਮੰਤਵ ਨਹੀਂ ਰਹਿ ਜਾਵੇਗਾ ਅਤੇ ਇਸ ਦਾ ਮਤਲਬ ਇਹ ਹੋਵੇਗਾ ਕਿ ਮਿਲਟਰੀ ਵਿਚ ਕੰਮ ਕਰ ਰਹੇ ਕਰਮਚਾਰੀਆਂ ਲਈ ਅਗੇਤ ਦੀ ਸਹੂਲਤ ਅਰਥ ਹੀਨ ਹੋ ਜਾਏਗੀ । ਇਸ ਕਰਕੇ ਪਿੰਡਾਂ ਦੇ ਦੂਜੇ ਵਸਨੀਕਾਂ ਨੂੰ ਅਜਿਹੀ ਰਿਆਇਤ ਦੇਣ ਦਾ ਕੋਈ ਸੁਝਾਓ ਨਹੀਂ ।]

---

*For Starred Question No. 33, please see the Punjab Vidhan Sabha Debate, Dated 24th April, 1972.

SHORT SUPPLY OF ELECTRICITY IN SHERPUR ASSEMBLY CONSTITUENCY OF SANGRUR DISTRICT

16. **Comrade Chand Singh Chopra Master**: Will the Minister for Irrigation and Power be pleased to state whether the Government is aware of the short supply of electricity being made at present in the Sherpur Assembly Constituency of Sangrur District, if so, the reasons for this shortage alongwith the difference, if any, in the matter of electricity supply to the adjoining constituencies of Raikot and Raipur in Ludhiana District?

Shri Gurmail Singh: The area of Sherpur Assembly Constituency of Sangrur District is fed from 66 KV Sub-Station, Malerkotla consisting of three zones A, B, and C. Due to limited capacity of the C.Ts. of Controlling O.C.B. of this feeder, the supply in the area is being switched-off for 6 hours daily during day time. The segregation work of these zones is held-up for want of laying of under-ground cable under the Railway track by Railway authorities, who are being pursued vigorously. It is expected that this work will be taken in hand by them shortly.

[ਸੰਗਰੂਰ ਜ਼ਿਲ੍ਹੇ ਦੇ ਸ਼ੇਰ ਪੁਰ ਵਿਧਾਨ ਸਭਾ ਚੋਣ ਖੇਤਰ ਦੇ ਇਲਾਕੇ ਵਿਚ ਮਲੇਰ ਕੋਟਲਾ 66 ਕੇ. ਵੀ. ਸਬ-ਸਟੇਸ਼ਨ ਵਿਚੋਂ ਬਿਜਲੀ ਜਾਂਦੀ ਹੈ ਜਿਸ ਦੇ ਤਿੰਨ ਜ਼ੋਨ ਏ. ਬੀ. ਤੇ ਸੀ ਹਨ । ਇਸ ਫੀਡਰ ਨੂੰ ਕੰਟਰੋਲ ਕਰਨ ਵਾਲੇ ਓ. ਸੀ. ਬੀ. ਦੇ ਸੀ. ਟੀਜ਼ ਦੀ ਸਮਰਥਾ ਲਿਮਟਿਡ (ਥੋੜ੍ਹੀ) ਹੋਣ ਕਾਰਨ ਦਿਨ ਦੇ ਸਮੇਂ ਵਿਚ ਇਹ ਇਲਾਕੇ ਦੀ ਸਪਲਾਈ ਹਰ ਰੋਜ਼ 6 ਘੰਟੇ ਲਈ ਬੰਦ ਕਰ ਦਿਤੀ ਜਾਂਦੀ ਹੈ। ਇਨ੍ਹਾਂ ਜ਼ੋਨਾਂ ਨੂੰ ਵਖ ਕਰਨ ਦਾ ਕੰਮ ਇਸ ਕਰਕੇ ਰੁਕ ਗਿਆ ਹੈ ਕਿਉਂਕਿ ਰੇਲਵੇ ਪਟੜੀ ਹੇਠਾਂ ਜ਼ਮੀਨ ਦੋਜ਼ ਕੇਵਲ ਵਿਛਾਉਣੀ ਹੈ ਉਹ ਰੇਲਵੇ ਅਧਿਕਾਰੀਆਂ ਵਲੋਂ ਵਿਛਾਈ ਜਾਣੀ ਹੈ ।ਉਨ੍ਹਾਂ ਨੂੰ ਇਸ ਬਾਰੇ ਪੂਰੇ ਜ਼ੋਰ ਨਾਲ ਕਿਹਾ ਜਾ ਰਿਹਾ ਹੈ। ਆਸ ਕੀਤੀ ਜਾਂਦੀ ਹੈ ਕਿ ਉਨ੍ਹਾਂ ਵਲੋਂ ਇਹ ਕੰਮ ਜਲਦੀ ਹੀ ਹਥ ਵਿਚ ਲੈ ਲਿਆ ਜਾਵੇਗਾ।]

SUPPLY OF ELECTRICITY IN SHERPUR ASSEMBLY CONSTITUENCY OF SANGRUR DISTRICT

17. **Comrade Chand Singh Chopra Master**: Will the Minister for Irrigation and Power be pleased to state:—

(a) the total number of villages of Sherpur Assembly Constituency No. 88 in Sangrur District which have so far been given electric supply;

(b) whether any scheme has been prepared for giving electric supply to the remaining villages of the said Constituency, if so, the details thereof;

(c) the time by which the residents of villages in the said Constituency who have already deposited the electricity securities are likely to be given electric supply?

Shri Gurmail Singh : (a) 39.

(b) 4 more villages of the said Constituency have been approved for electrification and work in one of them is in progress.

(c) The connections to the residents of the villages where electrification work has been completed, are being released, in turn, after the completion of the formalities by the prospective consumers, viz. submission of A & A forms, depositing of securities and submission of Test Reports.

[(ੳ) 39 ।

(ਅ) ਉਕਤ ਚੋਣ ਖੇਤਰ ਦੇ ਪਿੰਡਾਂ ਵਿਚੋਂ 4 ਹੋਰ ਪਿੰਡਾਂ ਨੂੰ ਬਿਜਲੀ ਦੇਣ ਦੀ ਪਰਵਾਨਗੀ ਦਿਤੀ ਜਾ ਚੁਕੀ ਹੈ। ਇਕ ਪਿੰਡ ਵਿਚ ਬਿਜਲੀ ਲਾਉਣ ਦਾ ਕੰਮ ਚਲ ਰਿਹਾ ਹੈ।

(ੲ) ਜਿਨ੍ਹਾਂ ਪਿੰਡਾਂ ਵਿਚ ਬਿਜਲੀਕਰਣ ਦਾ ਕੰਮ ਪੂਰਾ ਹੋ ਚੁਕਾ ਹੈ, ਉਨ੍ਹਾਂ ਦੇ ਨਿਵਾਸੀਆਂ ਨੂੰ ਵਾਰੀ ਅਨੁਸਾਰ ਜਦਕਿ ਸੰਭਾਵਕ ਖਪਤਕਾਰ ਸਾਰੀਆਂ ਫਾਰਮੈਲਟੀਆਂ ਪੂਰੀਆਂ ਕਰ ਲੈਣਗੇ ਕੁਨੈਕਸ਼ਨ ਦਿਤੇ ਜਾ ਰਹੇ ਹਨ । ਫਾਰਮੈਲਟੀਆਂ ਤੋਂ ਭਾਵ ਏ ਅਤੇ ਏ ਇਕਰਾਰਨਾਮਾ, ਫਾਰਮ ਭਰਨਾ, ਸਿਕਿਉਰਟੀਆਂ ਜਮ੍ਹਾਂ ਕਰਵਾਣਾ ਅਤੇ ਟੈਸਟ ਰਪੋਟ ਦੇਣਾ ਹੈ।]

CHAUKIDARA TAX REALISED FROM HARIJANS OF SOME VILLAGES IN SANGRUR DISTRICT

18. **Comrade Chand Singh Chopra Master** : Will the Minister for Education be pleased to state:—

(a) whether it is a fact that the persons belonging to Scheduled Castes have been exempted from the levy of Chaukidara Tax in the State;

(b) if the reply to part (a) above be in the affirmative, whether any Chaukidara Tax for 1971-72 has been realised from the Harijans of some villages including village Rattangarh in District Sangrur, if so, the names of all such villages and the reasons therefor;

(c) if the reply to part (b) above be in the affirmative, whether the Government propose to refund the same; if so, when?

ਗਿਆਨੀ ਜ਼ੈਲ ਸਿੰਘ (ਮੁੱਖ ਮੰਤਰੀ): (ਏ) ਹਾਂ ਜੀ ।

(ਬੀ) ਹਾਂ ਜੀ । ਸੰਗਰੂਰ ਜ਼ਿਲ੍ਹੇ ਦੀ ਸੁਨਾਮ ਤਹਿਸੀਲ ਦੇ 110 ਪਿੰਡਾਂ ਵਿਚ, ਪਿੰਡ ਰਤਨਗੜ੍ਹ ਪਤਿਆਂਵਾਲੀ ਸਮੇਤ 1971-72 ਵਿਚ ਹਰੀਜਨਾਂ ਤੋਂ ਚੌਕੀਦਾਰਾ ਟੈਕਸ ਵਸੂਲ

ਕੀਤਾ ਗਿਆ ਸੀ। ਇਨ੍ਹਾਂ ਪਿੰਡਾਂ ਦੀ ਸੂਚੀ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ। ਇਨ੍ਹਾਂ ਪਿੰਡਾਂ ਵਿਚ ਚੌਕੀਦਾਰਾ ਟੈਕਸ ਇਸ ਕਾਰਨ ਵਸੂਲ ਕੀਤਾ ਗਿਆ ਕਿਉਂਕਿ ਤਹਿਸੀਲ ਸੁਨਾਮ ਦੇ ਦਫ਼ਤਰ ਵਲੋਂ ਹਰੀਜਨਾਂ ਨੂੰ ਚੌਕੀਦਾਰਾ ਟੈਕਸ ਦੀ ਵਸੂਲੀ ਤੋਂ ਦਿਤੀ ਛੋਟ ਦੇ ਆਰਡਰ ਬਾਰੇ ਮਾਲ ਵਿਭਾਗ ਦੇ ਫੀਲਡ ਅਮਲੇ ਨੂੰ ਇਸ ਦੀ ਪਾਲਣਾ ਲਈ ਸੂਚਨਾ ਨਹੀਂ ਭੇਜੀ ਗਈ ਸੀ।

(ਸੀ) ਇਹ ਤਜਵੀਜ਼ ਕੀਤਾ ਗਿਆ ਹੈ ਕਿ ਹਰੀਜਨਾਂ ਨੂੰ ਚੌਕੀਦਾਰਾ ਟੈਕਸ ਤੋਂ ਮਿਲੀ ਇਸ ਛੋਟ ਤੋਂ ਉਪਰੰਤ ਵਸੂਲ ਕੀਤੀ ਗਈ ਸਾਰੀ ਰਕਮ ਵਾਪਸ ਕੀਤੀ ਜਾਵੇ।

List of villages in which Chowkidara Tax had been realized from the Harijans in Sangrur District during the year 1971-72 after grant of exemption to them by the Government.

Sr. No.	Name of Village	Tehsil
1.	Bharoor	Sunam
2.	Lakhmirwala	—do—
3.	Satauj	—do—
4.	Dharamgarh	—do—
5.	Rattangarh Patianwali	—do—
6.	Jakhepal	—do—
7.	Chaowas	—do—
8.	Humblwas	—do—
9.	Dhaliwal Was	—do—
10.	Kotra Amroo	—do—
11.	Ghasiwala	—do—
12.	Bakhshi Wala	—do—
13.	Ramgarh Jawandan	—do—
14.	Chatha Nanhera	—do—
15.	Datola	—do—
16.	Chhahar	—do—
17.	Pishore Bhai Ke	—do—
18.	Sangtiwala	—do—
19.	Chhajli	—do—
20.	Nilowal	—do—
21.	Uggrahan	—do—
22.	Chhajila	—do—
23.	Maujowal	—do—
24.	Maidewas	—do—
25.	Bhaini Ganduan	—do—
26.	Ganduan	—do—
27.	Singh Wala	—do—
28.	Kanakwal	—do—
29.	Phalera	—do—
30.	Daska	—do—

[Chief Minister]

31.	Rattakhera	Sunam
32.	Haryao	—do—
33.	Fategarh	—do—
34.	Gidderiani	—do—
35.	Ladal	—do—
36.	Sangatpura	—do—
37.	Khokhar	—do—
38.	Gobindgarh Jajian	—do—
39.	Nagla	—do—
40.	Sikhowas	—do—
41.	Ghoranav	—do—
42.	Kalbanjara	—do—
43.	Bhutal Kalan	—do—
44.	Khandewal	—do—
45.	Ramgarh Sindhuan	—do—
46.	Arakwas	—do—
47.	Khali	—do—
48.	Gaga	—do—
49.	Kotra Lehlan	—do—
50.	Aluanrkh	—do—
51.	Alisher	—do—
52.	Gurney	—do—
53.	Gobindpura Jawaharwala	—do—
54.	Rampur —do—	—do—
55.	Lehal Khurd	—do—
56.	Lehal Kalan	—do—
57.	Bakhora Khurd	- do—
58.	Bakhora Kalan	—do—
59.	Chotian	—do—
60.	Kalia	—do—
61.	Charal Kalan	—do—
62.	Charal Khurad	—do—
63.	Rogala	—do—
64.	Samooran	—do—
65.	Rattangarh Sidhwan	—do—
66.	Sial	—do—
67.	Ubha	—do—
68.	Jhaloor	—do—
69.	Rorewala	—do—
70.	Dharamgarh Chhana	—do—
71.	Kaem Pur	—do—
72.	Dhadial	—do—
73.	Dhandoli Kalan	—do—
74.	Rai Dhariana	—do—
75.	Karial	—do—
76.	Khetla	—do—
77.	Kakowala	—do—

78.	Kherinaga	Sunam
79.	Korian	—do—
80.	Ladbanjara Khurd	—do—
81.	Ladbanjara Kalan	—do—
82.	Nihalgarh	—do—
83.	Harigarh	—do—
84.	Shadi Hari	—do—
85.	Munshiwala	—do—
86.	Soolar	—do—
87.	Santpura	—do—
88.	Bhagrol	—do—
89.	Janal	—do—
90.	Khanpur Faqiran	—do—
91.	Dirbha	—do—
92.	Dhandoli Khurd	—do—
93.	Rampur Chhana	—do—
94.	Khanal Kalan	—do—
95.	Khanal Khurd	—do—
96.	Kamalpur	—do—
97.	Gujjran	—do—
98.	Ghanaur Jattan	—do—
99.	Ghanaur Rajputtan	—do—
100.	Saffipur Kalan	—do—
101.	Saffipur Khurd	—do—
102.	Tul Banjara	—do—
103.	Dyal Garh	—do—
104.	Kahangarh	—do—
105.	Mehlan	—do—
106.	Mauran	—do—
107.	Biggarwal	—do—
108.	Chatha Nakta	—do—
109.	Gobindpura Nagri	—do—
110.	Taranji Khera	—do—

CONSTRUCTION OF ROADS FALLING IN THE AREA OF MARKETING COMMITTEE, BARNALA IN SHERPUR ASSEMBLY CONSTITUENCY.

19. **Comrade Chand Singh Chopra Master** : Will the Chief Minister be pleased to state :—

(a) the names of roads in Marketing Committee, Barnala area in Sherpur Assembly Constituency for the construction of which the said Marketing Committee has deposited the funds with the concerned authorities;

(b) the steps taken or proposed to be taken by the Government for starting the construction work and the completion of the said roads;

(c) the date by which the construction work for the completion of the said roads is likely to be started ?

Giani Zail Singh : (a) (i) Tuliwal Manal Road;

(ii) Sherpur Alal Road;

(iii) Alal to Malowal Road;

(iv) Jhalur (Jahalpur) to Sekha Road.

(b) Earth work on the roads at serial No. (i) and (iv) is in progress. Earth work on other roads is yet to be taken in hand.

(c) These roads are likely to be completed by the close of the year 1972-73 provided bricks are available.

[(ੲ) (1) ਤੁਲੀਵਾਲ ਮਨਾਲ ਸੜਕ

(2) ਸ਼ੇਰਪੁਰ ਅਲਾਲ ਸੜਕ

(3) ਅਲਾਲ ਮਲੋਵਾਲ ਸੜਕ

(4) ਝਲੂਰ (ਜਾਹਲਪੁਰ) ਸੇਖਾ ਸੜਕ ।

(ਬੀ) ਉਪਰੋਕਤ (1) ਅਤੇ (4) ਤੇ ਦਸੀ ਸੜਕਾਂ ਤੇ ਮਿਟੀ ਪਾਉਣ ਦਾ ਕੰਮ ਚਾਲੂ ਹੈ । ਬਾਕੀ ਦੀਆਂ ਸੜਕਾਂ ਤੇ ਅਜੇ ਕੰਮ ਚਾਲੂ ਕਰਨਾ ਹੈ ।

(ਸੀ) ਜੇ ਇਟਾਂ ਮਿਲਦੀਆਂ ਰਹੀਆਂ ਤਾਂ ਇਹ ਸੜਕਾਂ ਸਾਲ 1972-73 ਦੇ ਅੰਤ ਤਕ ਮੁਕੰਮਲ ਹੋ ਜਾਣ ਦੀ ਆਸ ਹੈ ।]

COLLEGES AND SCHOOLS IN SHERPUR CONSTITUENCY

20. Comrade Chand Singh Chopra Master: Will the Minister for Education be pleased to :—

(a) lay on the Table of the House a statement showing the number of Colleges, High, Middle and Primary Schools as at present in the Sherpur Assembly Constituency as also the number of those in the adjoining Constituencies of Raikot and Raipur of District Ludhiana;

(b) state the reasons for the Sherpur Assembly Constituency being backward in the sphere of education ?

Sardar Umrao Singh : (a) The requisite statement is as follows :—

Name of the constituency	Colleges		Hr. Sec. Schools		High Schools		Middle Schools		Primary Schools	
	Govt.	Non-Govt.	Govt.	Non-Govt.	Govt.	Non-Govt.	Govt.	Non-Govt.	Gov.	Non-Govt.
1. Sherpur	—	—	—	—	11	—	10	—	56	—
2. Raikot	—	2	1	1	17	4	7	1	43	—
3. Qila Raipur	—	1	2	—	11	7	12	—	66	—

(b) The Sherpur Assembly Constituency does not have any private Institution whereas the Constituencies of Raikot and Qila Raipur have private institutions.

[(ੳ) ਲੋੜੀਂਦੀ ਸੂਚੀ ਹੇਠ ਲਿਖੇ ਅਨੁਸਾਰ ਹੈ :—

ਹਲਕੇ ਦਾ ਨਾਮ	ਕਾਲਜ		ਹਾਇਰ ਸੈਕੰਡਰੀ ਸਕੂਲ		ਹਾਈ ਸਕੂਲ		ਮਿਡਲ ਸਕੂਲ		ਪ੍ਰਾਇਮਰੀ ਸਕੂਲ	
	ਸਰਕਾਰੀ	ਗੈਰ ਸਰਕਾਰੀ	ਸਰਕਾਰੀ	ਗੈਰ ਸਰਕਾਰੀ	ਸਰਕਾਰੀ	ਗੈਰ ਸਰਕਾਰੀ	ਸਰਕਾਰੀ	ਗੈਰ ਸਰਕਾਰੀ	ਸਰਕਾਰੀ	ਗੈਰ ਸਰਕਾਰੀ
1. ਸ਼ੇਰਪੁਰ	—	—	—	—	11	—	10	—	56	—
2. ਰਾਇਕੋਟ	—	2	1	1	17	4	7	1	43	—
3. ਕਿਲਾ ਰਾਏਪੁਰ	—	1	2	—	11	7	12	—	66	—

(ਅ) ਸ਼ੇਰਪੁਰ ਹਲਕੇ ਵਿਚ ਕੋਈ ਵੀ ਪ੍ਰਾਈਵੇਟ ਸੰਸਥਾ ਨਹੀਂ ਹੈ, ਜਦੋਂ ਕਿ ਰਾਇਕੋਟ ਅਤੇ ਕਿਲਾ ਰਾਏਪੁਰ ਹਲਕਿਆਂ ਵਿਚ ਪ੍ਰਾਈਵੇਟ ਸੰਸਥਾਵਾਂ ਹਨ ।]

CONSTRUCTION OF LINK ROAD FROM MALERKOTLA, AJIMABAD (SANGHIAN) TO KANGANWAL.

21. **Comrade Chand Singh Chopra Master** : Will the Chief Minister be pleased to state :—

(a) whether there is any proposal under the consideration of Government to construct link road from Malerkotla, Ajimabad (Sanghain) to Kanganwal;

(b) whether any land has been acquired for the construction of the said road; if so, the date when it was acquired;

(c) if the answer to part (b) above be in the affirmative the reasons for not constructing the said road for such a long period and the time by which the said road is likely to be completed ?

Giani Zail Singh : (a) No.

(b) No.

(c) In view of (b) above, question does not arise.

[(ੲ) ਨਹੀਂ ਜੀ,

(ਬੀ) ਨਹੀਂ ਜੀ,

(ਸੀ) ਉਪਰੋਕਤ (ਬੀ) ਅਨੁਸਾਰ ਸੁਆਲ ਹੀ ਪੈਦਾ ਨਹੀਂ ਹੁੰਦਾ ।]

Mr. Speaker : Now we take up Call attention Notices.

ADJOURNMENT MOTION

ਕਾਮਰੇਡ ਜੰਗੀਰ ਸਿੰਘ ਜੋਗਾ : ਸਪੀਕਰ ਸਾਹਿਬ, ਮੇਰਾ ਕੰਮ ਰੋਕੂ ਮਤਾ ਹੈ, ਉਹ ਪਹਿਲਾਂ ਹੋਣਾ ਚਾਹੀਦਾ ਹੈ। ਸਪੀਕਰ ਸਾਹਿਬ, ਬਠਿੰਡੇ ਜ਼ਿਲ੍ਹੇ ਵਿਚ ਰਾਮਾ ਸੇਹੀ ਵਿਚ ਇਕ ਲੜਕੀ 20 ਸਾਲਾਂ ਦੀ ਸਾੜ ਦਿੱਤੀ ਗਈ ਹੈ। ਪੁਲਿਸ ਨੇ ਰਿਪੋਰਟ ਨਹੀਂ ਲਿਖੀ। 500 ਆਦਮੀਆਂ ਦਾ ਉਥੇ ਮੁਜ਼ਾਹਰਾ ਹੋਇਆ।

Mr. Speaker : Joga Ji, please resume your seat.

CALL ATTENTION NOTICES UNDER RULE 66

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਸਾਡੇ ਗਰੁਪ ਵਾਲਿਆਂ ਨੇ ਕਾਲ ਅਟੈਨਸ਼ਨ ਮੋਸ਼ਨ ਦਿੱਤੀ ਸੀ। ਕਲ ਸਾਨੂੰ ਜਵਾਬ ਦਿੱਤਾ ਗਿਆ। ਉਸ ਦੇ ਵਿਚ ਇਹ ਕਿਹਾ ਗਿਆ :

It is not possible to issue sugar for special occasions like marriages and other social religious ceremonies.

ਸਪੀਕਰ ਸਾਹਿਬ, ਦਲੀਲ ਇਹ ਦਿੱਤੀ ਹੈ ਕਿ ਸੈਂਟਰ ਦੀ ਸਰਕਾਰ ਨੇ ਥੋੜ੍ਹਾ ਕੋਟਾ ਦਿੱਤਾ ਹੈ। ਹਰਿਆਣੇ ਦੀ ਗੌਰਮਿੰਟ ਨੂੰ ਵੀ ਸੈਂਟਰ ਨੇ ਕੋਟਾ ਦਿੱਤਾ ਹੈ। ਉਨ੍ਹਾਂ ਨੇ ਮੈਰਿਜਜ਼ ਵਾਸਤੇ, ਸੈਰੇਮਨੀਜ਼ ਵਾਸਤੇ ਕੋਟਾ ਅਲਾਟ ਕੀਤਾ ਹੈ। ਮੈਂ ਪੰਜਾਬ ਸਰਕਾਰ ਦਾ ਧਿਆਨ ਇਸ ਪਾਸੇ ਵਲ ਦੁਬਾਰਾ ਦਿਵਾਉਣਾ ਚਾਹੁੰਦਾ ਹਾਂ ਕਿ ਗਰੀਬ ਆਦਮੀ ਨੇ ਲੜਕੀਆਂ ਦੀਆਂ ਅਤੇ ਲੜਕਿਆਂ ਦੀਆਂ ਸ਼ਾਦੀਆਂ ਕਰਨੀਆਂ ਹੁੰਦੀਆਂ ਹਨ, ਰਿਲੀਜਸ ਸੈਰੇਮਨੀਜ਼ ਹੁੰਦੀਆਂ ਹਨ। ਕੋਈ ਵੱਡੀ ਗਲ ਨਹੀਂ ਜੇ ਇਸ ਲਈ ਸਪੈਸ਼ਲ ਕੋਟਾ ਹੋ ਜਾਵੇ।

ਰਾਜ ਮੰਤਰੀ, ਖੁਰਾਕ ਤੇ ਸਪਲਾਈ : ਸਪੀਕਰ ਸਾਹਿਬ, ਜਿਸ ਤਰ੍ਹਾਂ ਮੈਂ ਕਲ ਅਰਜ਼ ਕੀਤੀ ਸੀ ਸਾਡੀ ਗੌਰਮਿੰਟ ਦੀ ਖਾਹਿਸ਼ ਹੈ ਕਿ ਸ਼ਾਦੀਆਂ ਔਰ ਦੂਜੇ ਰਿਲੀਜਸ ਫੰਕਸ਼ਨਜ਼ ਲਈ ਕੋਟਾ ਦਿੱਤਾ ਜਾਵੇ। ਮੈਂ ਪਿਛਲੇ ਹਫਤੇ ਵੀ ਦਿੱਲੀ ਗਿਆ ਸੀ ਇਸ ਹਫਤੇ ਦੁਬਾਰਾ ਜਾਣਾ ਹੈ, ਜ਼ਰੂਰ ਕੋਸ਼ਿਸ਼ ਕਰਾਂਗੇ। ਇਸ ਵਕਤ ਜਿਹੜਾ ਕੋਟਾ ਮਿਲ ਰਿਹਾ ਹੈ ਉਸ ਦੇ ਹਿਸਾਬ ਨਾਲ ਸ਼ਾਦੀਆਂ ਵਾਸਤੇ ਦੇਣਾ ਮੁਸ਼ਕਲ ਹੈ। ਹਰਿਆਣੇ ਦਾ ਜੋਸ਼ ਸਾਹਿਬ ਨੇ ਜ਼ਿਕਰ ਕੀਤਾ ਹੈ। ਤੁਸੀਂ ਅਖਬਾਰ ਵਿਚ ਪੜ੍ਹਿਆ ਹੋਣਾ ਹੈ ਕਿ ਹਰਿਆਣੇ ਵਾਲੇ ਪਰ ਮੈਂਬਰ ਕੋਟਾ ਘਟਾਉਣ ਬਾਰੇ ਸੋਚ ਰਹੇ ਹਨ। ਅਸੀਂ ਇਹ ਚੀਜ਼ ਨਹੀਂ ਚਾਹੁੰਦੇ। ਮੇਰਾ ਖਿਆਲ ਹੈ ਕਿ ਉਨ੍ਹਾਂ ਨੇ ਵੀ ਸ਼ਾਦੀਆਂ ਲਈ ਕੋਟਾ ਦੇਣਾ ਬੰਦ ਕਰ ਦੇਣਾ ਹੈ। ਗੌਰਮਿੰਟ ਦੀ ਖਾਹਿਸ਼ ਹੈ ਕਿ ਇਹ ਦਿੱਤਾ ਜਾਵੇ। ਇਸ ਦੇ ਵਾਸਤੇ ਹਰ ਮੁਮਕਿਨ ਕੋਸ਼ਿਸ ਕਰ ਰਹੇ ਹਾਂ। ਚੀਫ ਮਨਿਸਟਰ ਸਾਹਿਬ ਆਪਣੇ ਲੈਵਲ ਤੇ ਵੀ ਕੋਸ਼ਿਸ਼ ਕਰ ਰਹੇ ਹਨ।

(ਕ੍ਰਮ ਨੰ: 115)

ਗਿਆਨੀ ਕੁੰਦਨ ਸਿੰਘ ਪਤੰਗ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ, ਅਰਥਾਤ, ਪੰਜਾਬ ਦੇ ਕਈ ਪਿੰਡਾਂ ਦਾ ਮਿਆਦ ਦੇ ਅੰਦਰ ਅਥਵਾ ਸਰਕਾਰ ਦੇ ਕਹਿਣ ਤੇ ਆਦਰਸ਼ ਪਿੰਡ ਬਣਾਉਣ ਲਈ ਦਸ ਦਸ ਹਜ਼ਾਰ ਰੁਪਿਆ ਭਰਿਆ ਹੋਇਆ ਹੈ ਜਿਵੇਂ ਕਿ ਪਿੰਡ ਖੁਡੀ ਖੁਰਦ ਜ਼ਿਲ੍ਹਾ ਸੰਗਰੂਰ। ਉਨ੍ਹਾਂ ਪਿੰਡਾਂ ਦਾ ਕੰਮ ਅਜੇ ਤੱਕ ਚਾਲੂ ਨਹੀਂ ਕੀਤਾ ਗਿਆ, ਉਨ੍ਹਾਂ ਪਿੰਡਾਂ ਵਿਚ ਨਿਰਾਸਤਾ ਵੱਧ ਰਹੀ ਹੈ। ਸਰਕਾਰ ਧਿਆਨ ਦੇਣ ਦੀ ਕਿਰਪਾ ਕਰੇ।

ਸ੍ਰੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ । (Admitted. The hon. Minister concerned may please make a statement).

(ਕ੍ਰਮ ਨੰ: 123)

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਜ਼ਰੂਰੀ ਮਾਮਲੇ ਵਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਮੁਰਿੰਡੇ ਸ਼ਹਿਰ ਤੋਂ ਚਲਾਕੀ ਪਿੰਡ ਦੇ ਇੱਕ ਦਿਆਲ ਨਾਮੀ ਹਰੀਜਨ ਮੁੰਡੇ ਨੂੰ ਦੋ ਪੁਲਿਸ ਅਫਸਰ ਆਪਣੀ ਜੀਪ ਵਿਚ ਸੁਟਕੇ ਲੈ ਗਏ ਅਤੇ ਅੱਜ ਤੀਕ ਉਸ ਦਾ ਥੋਹ ਪਤਾ ਨਹੀਂ ਦਸਿਆ । ਪਤਾ ਨਹੀਂ ਉਹ ਮੁੰਡਾ ਜੀਂਦਾ ਹੈ ਜਾਂ ਮਾਰ ਦਿੱਤਾ ਹੈ । ਉਸ ਦੇ ਮਾਂ ਬਾਪ ਅਤੇ ਪਤਨੀ ਰੋਂਦੇ ਕੁਰਲਾਂਦੇ ਫਿਰਦੇ ਹਨ । ਕੋਈ ਪੁਲਸੀਆ ਉਨ੍ਹਾਂ ਦਾ ਥੌਹ ਪਤਾ ਨਹੀਂ ਦਿੰਦਾ । ਅਨੁਮਾਨ ਹੈ ਕਿ ਉਸ ਮੁੰਡੇ ਨੂੰ ਪੁਲਿਸ ਨੇ ਮਾਰ ਮੁਕਾ ਦਿਤਾ ਹੈ । ਇਸ ਨਾਲ ਇਲਾਕੇ ਵਿਚ ਆਮ ਕਰਕੇ ਅਤੇ ਹਰੀਜਨਾਂ ਵਿਚ ਖਾਸ ਕਰਕੇ ਬੇਚੈਨੀ ਅਤੇ ਦਹਿਸ਼ਤ ਫੈਲੀ ਹੋਈ ਹੈ । ਇਸ ਲਈ ਸਰਕਾਰ ਨੂੰ ਇਸ ਬਾਰੇ ਬਿਆਨ ਦੇਣ ਲਈ ਕਿਹਾ ਜਾਵੇ ।

ਸ੍ਰੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ । (Admitted. The hon. Minister concerned may please make a statement).

(ਕ੍ਰਮ ਨੰ: 138)

ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਜ਼ਰੂਰੀ ਮਾਮਲੇ ਵਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ, ਡਕਾਲਾ ਕੰਸਟੀਚੂਐਂਸੀ, ਪਟਿਆਲਾ, ਦੇ ਕਾਲੋਮਾਜਰਾ ਪਿੰਡ ਵਿਚ ਜ਼ਿਮੀਂਦਾਰਾਂ ਨੇ ਹਰੀਜਨਾਂ ਦਾ ਪਿਛਲੇ ਦੋ ਹਫਤਿਆਂ ਤੋਂ ਬਾਈਕਾਟ ਕਰ ਦਿੱਤਾ ਹੈ ਕਿਉਂਕਿ ਉਨ੍ਹਾਂ ਨੇ ਜ਼ਿਮੀਂਦਾਰਾਂ ਦੇ ਕਹਿਣ ਮੁਤਾਬਿਕ ਵੋਟਾਂ ਨਹੀਂ ਪਾਈਆਂ ਸਨ ।

ਜ਼ਿਮੀਂਦਾਰ ਉਨ੍ਹਾਂ ਨੂੰ ਆਪਣੇ ਖੇਤਾਂ ਵਿਚ ਨਹੀਂ ਜਾਣ ਦਿੰਦੇ ਅਤੇ ਉਨ੍ਹਾਂ ਦੇ ਪਸ਼ੂਆਂ ਨੂੰ ਉਨ੍ਹਾਂ ਦੇ ਘਰ ਵਿਚ ਬੰਦ ਕੀਤਾ ਹੋਇਆ ਹੈ ।

ਇਸ ਸਮੱਸਿਆ ਦੀ ਮਹੱਤਤਾ ਦੇ ਪੇਸ਼ੇਨਜ਼ਰ ਸਬੰਧਤ ਵਜ਼ੀਰ ਸਾਹਿਬ ਇਸ ਮਸਲੇ ਤੇ ਬਿਆਨ ਦੇਣ ।

ਸ੍ਰੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ । (Admitted. The hon. Minister concerned may please make a statement.)

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਇਸ ਮਾਮਲੇ ਤੇ ਹੁਣੇ ਹੀ ਬਿਆਨ ਦਿੰਦਾ ਹਾਂ । ਮੈਨੂੰ ਇਤਲਾਹ ਮਿਲ ਗਈ ਸੀ ਕਿ ਕਾਲੋਮਾਜਰੇ ਵਿਚ ਵੋਟਾਂ ਪੈਣ ਤੋਂ ਬਾਦ ਇੱਕ ਧੜਾ, ਜਿਸ ਦੇ ਵਿਚ ਸਵਰਨਜਾਤੀ ਦੇ ਲੋਕ ਸਨ, ਉਹ ਹਰੀਜਨਾਂ ਦੇ ਖਿਲਾਫ ਇਸ ਕਰਕੇ ਹੋ

[ਮੁੱਖ ਮੰਤਰੀ]

ਗਏ ਕਿਉਂਕਿ ਉਨ੍ਹਾਂ ਨੇ ਇੱਕ ਖਾਸ ਪਾਰਟੀ ਨੂੰ ਵੋਟਾਂ ਕਿਉਂ ਦਿੱਤੀਆਂ ਹਨ । ਉਨ੍ਹਾਂ ਹਰੀਜਨਾਂ ਦੇ ਨਾਲ 2 ਘਰ ਸਵਰਨ ਜਾਤੀ ਦੇ ਵੀ ਹਨ । ਸਵਰਨ ਜਾਤੀ ਦੇ ਸਾਰੇ 12 ਘਰ ਹਨ । 12 ਵਿਚੋਂ 10 ਘਰ ਹਰੀਜਨਾਂ ਦੇ ਬਰਖਿਲਾਫ ਹਨ ਅਤੇ ਉਹ ਆਪਣੇ ਖੇਤਾਂ ਵਿਚ ਹਰੀਜਨਾਂ ਨੂੰ ਵੜਨ ਨਹੀਂ ਦਿੰਦੇ । ਮੈਨੂੰ ਜਦੋਂ ਖਬਰ ਮਿਲੀ ਤਾਂ ਮੈਂ ਡੀ. ਆਈ. ਜੀ. ਪਟਿਆਲੇ ਨੂੰ ਟੈਲੀਫੋਨ ਕੀਤਾ । ਪਰ ਸਾਡੇ ਇੱਕ ਡੀ. ਆਈ. ਜੀ. ਦੀ ਮੌਤ ਹੋਣ ਕਾਰਣ ਚਾਰ ਪੈਹਿਰ ਪੈ ਗਏ ਹਨ, ਉਸ ਦਾ ਜਵਾਬ ਨਹੀਂ ਦੇ ਸਕੇ । ਲੇਕਿਨ ਕਲ ਹੀ ਪੁਲਿਸ ਦੇ ਸਪੈਸ਼ਲ ਅਫਸਰ ਨੂੰ ਉਥੇ ਭੇਜਕੇ ਸਾਰੀ ਚੀਜ਼ ਨੂੰ ਨਜਿਠਣ ਦਾ ਯਤਨ ਕੀਤਾ ਹੈ । ਦੋ ਤਿੰਨ ਘੰਟਿਆਂ ਤਕ ਦਸ ਦਿਆਂਗੇ ਕਿ ਉਥੇ ਲੋਕਾਂ ਦਾ ਖੌਫ ਹਟ ਗਿਆ ਹੈ ਜਾਂ ਅਜੇ ਕਾਇਮ ਹੈ । ਲੇਕਿਨ ਇਹ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਕੋਈ ਵੀ ਹਰੀਜਨ ਜਾਂ ਗਰੀਬ ਆਦਮੀ ਨੂੰ, ਕਿਸੇ ਕਮਜ਼ੋਰ ਆਦਮੀ ਨੂੰ, ਕੋਈ ਜ਼ੋਰਾਵਰ ਧਮਕਾ ਨਾਂ ਸਕੇ, ਉਸਦੇ ਆਉਣ ਜਾਣ ਤੇ ਪਾਬੰਦੀ ਨਾਂ ਲਾ ਸਕੇ ਅਤੇ ਨਾਂ ਹੀ ਉਨ੍ਹਾਂ ਦੇ ਪਸ਼ੂਆਂ ਨੂੰ ਰੋਕ ਸਕੇ । ਇਹ ਦੇਖਿਆ ਜਾਵੇਗਾ ਕਿ ਹੋਰ ਕਈ ਥਾਵਾਂ ਤੇ ਵੀ ਹਰੀਜਨਾਂ ਨੂੰ, ਜਿਹੜਾ ਕਿ ਵੀਕਰ ਸੈਕਸ਼ਨ ਸੋਸਾਇਟੀ ਦਾ ਹੈ, ਨੂੰ ਦਬਾਇਆ, ਧਮਕਾਇਆ ਨਾ ਜਾਵੇ । ਇਸ ਲਈ ਜਨਰਲ ਹਦਾਇਤਾਂ ਦੇ ਦਿੱਤੀਆਂ ਹਨ । ਮੇਰੇ ਵੀਰ ਜਿਹੜੇ ਆਪੋਜੀਸ਼ਨ ਵਿਚ ਬੈਠੇ ਹਨ ਉਹ ਆਪਣੇ ਦੋਸਤਾਂ ਨੂੰ ਸਮਝਾ ਦੇਣ ਕਿ ਇਸ ਤਰ੍ਹਾਂ ਨਾ ਕਰਨ ।

ਸਰਦਾਰ ਸੁਰਜੀਤ ਸਿੰਘ ਬਰਨਾਲਾ : ਪੁਆਇੰਟ ਆਫ ਆਰਡਰ, ਸਰ । ਹੁਣੇ ਹੁਣੇ ਚੀਫ ਮਨਿਸਟਰ ਨੇ ਇਹ ਕਿਹਾ ਹੈ ਕਿ ਇਕ ਖਾਸ ਤਬਕੇ ਦੇ ਲੋਕਾਂ ਨੇ ਇਕ ਖਾਸ ਪਿੰਡ ਵਿਚ ਆਪਣੇ ਖੇਤਾਂ ਵਿਚ ਦੂਜਿਆਂ ਨੂੰ ਵੜਨ ਤੋਂ ਰੋਕਿਆ ਹੈ ਤਾਂ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜੇ ਕੋਈ ਆਦਮੀ ਆਪਣੇ ਖੇਤ ਵਿਚ ਕਿਸੇ ਨੂੰ ਵੜਨ ਤੋਂ ਰੋਕੇ ਤਾਂ ਕੀ ਇਹ ਜੁਰਮ ਹੈ ? ਕੋਈ ਮਲੋ ਮਲੀ ਕਿਸੇ ਦੇ ਖੇਤ ਵਿਚ ਵੜੇ ਤਾਂ ਉਹ ਦਫਾ 447 ਦੇ ਅਧੀਨ ਆ ਜਾਵੇਗਾ । (ਵਿਘਨ)

ਸ੍ਰੀ ਸਪੀਕਰ : ਇਸ ਦਾ ਇਖਲਾਕੀ ਪੱਖ ਵੀ ਤਾਂ ਹੈ । (But it has a moral aspect as well.) (Interruption)

ਮੁੱਖ ਮੰਤਰੀ : ਮਾਨਯੋਗ ਸਪੀਕਰ ਸਾਹਿਬ, ਮੇਰੇ ਮਿੱਤਰ ਸਰਦਾਰ ਸੁਰਜੀਤ ਸਿੰਘ ਬਰਨਾਲਾ ਬੜੇ ਲਾਇਕ ਐਡਵੋਕੇਟ ਹਨ ਅਤੇ ਮੇਰੇ ਮਨ ਵਿਚ ਇਨ੍ਹਾਂ ਲਈ ਬੜੀ ਇਜ਼ਤ ਹੈ ਪਰ ਇਨ੍ਹਾਂ ਦੀ ਇਹ ਗਲ ਸੁਣ ਕੇ ਮੈਨੂੰ ਬੜਾ ਦੁਖ ਹੋਇਆ ਕਿ ਇਹ ਇਕ ਸਮਾਜਕ ਖਰਾਬੀ ਨੂੰ ਜੁਰਮ ਨਹੀਂ ਸਮਝਦੇ । ਪਿੰਡਾਂ ਵਿਚ ਕਿਸੇ ਥਾਂ ਤੇ ਲੰਘਣਾ ਜਾਂ ਜਾਣਾ ਜਾਂ ਆਪਣੇ ਡੰਗਰ ਲਿਜਾਣੇ ਜੇਕਰ ਕਿਸੇ ਦੀ ਫਸਲ ਦਾ ਨੁਕਸਾਨ ਨਾ ਹੁੰਦਾ ਹੋਵੇ, ਕੋਈ ਜੁਰਮ ਨਹੀਂ । ਕਿਸੇ ਨੂੰ ਇਸ ਗਲ ਤੇ ਰੋਕ ਦੇਣਾ ਅਤੇ ਆਪਣੇ ਘਰਾਂ ਤੋਂ ਬਾਹਰ ਨਾ ਨਿਕਲਣ ਦੇਣਾ, ਮੈਂ ਸਮਝਦਾ ਹਾਂ ਕਿ ਇਕ ਵਡਾ ਜੁਰਮ ਹੈ ਅਤੇ ਇਸ ਨੂੰ ਸਰਕਾਰ ਕਦੇ ਬਰਦਾਸ਼ਤ ਨਹੀਂ ਕਰੇਗੀ (ਪ੍ਰਸ਼ੰਸਾ) ਇਨ੍ਹਾਂ ਨੂੰ ਸ਼ਾਇਦ ਦਿਹਾਤੀ ਜੀਵਨ ਦਾ ਪਤਾ ਨਹੀਂ । ਫਿਰ ਸ਼ਿਕਾਇਤ ਇਹ ਨਹੀਂ ਸੀ ਕਿ ਉਨ੍ਹਾਂ ਹਰੀਜਨਾਂ ਨੂੰ ਖੇਤਾਂ ਵਿਚ ਨਹੀਂ ਵੜਨ ਦਿਤਾ ਜਾਂਦਾ ਸਗੋਂ ਇਹ ਵੀ ਸੀ ਕਿ ਉਨ੍ਹਾਂ ਨੂੰ ਤੇ ਉਨ੍ਹਾਂ ਦੇ ਡੰਗਰਾਂ ਨੂੰ ਉਨ੍ਹਾਂ ਨੂੰ ਆਪਣੇ ਘਰਾਂ ਤੋਂ ਬਾਹਰ ਨਹੀਂ ਨਿਕਲਣ ਦਿਤਾ ਜਾਂਦਾ (ਸ਼ੇਮ ਸ਼ੇਮ) ਮੈਂ ਆਨਰੇਬਲ ਮੈਂਬਰਾਂ ਦੀ ਗਿਆਤ ਲਈ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਮੈਂ ਪਰਟੀਕੁਲਰ ਪਾਰਟੀ ਦਾ ਨਾਮ ਜਾਣ ਕੇ ਨਹੀਂ

ਸੀ ਲਿਆ ਅਤੇ ਨਾ ਹੀ ਮੁਨਾਸਿਬ ਸਮਝਿਆ ਸੀ । ਪਰ ਅਸਲ ਗਲ ਇਹ ਹੈ ਕਿ ਉਥੇ ਹਰੀਜਨਾਂ ਨੇ ਕਾਂਗਰਸ ਨੂੰ ਵੋਟ ਪਾਏ ਸਨ ਅਤੇ ਬਾਈਕਾਟ ਕਰਨ ਵਾਲੀਆਂ ਸਵਰਨ ਜਾਤੀਆਂ ਨੇ ਅਕਾਲੀਆਂ ਨੂੰ ਵੋਟਾਂ ਪਾਈਆਂ ਸਨ ਇਸ ਲਈ ਉਹ ਹਰੀਜਨਾਂ ਨਾਲ ਧੱਕਾ ਕਰ ਰਹੇ ਹਨ । (ਵਿਘਨ)

ਕਾਮਰੇਡ ਸੱਤਪਾਲ ਡਾਂਗ : ਮੈਂ ਅਕਾਲੀ ਪਾਰਟੀ ਦੇ ਨੇਤਾ ਸਰਦਾਰ ਸੁਰਜੀਤ ਸਿੰਘ ਬਰਨਾਲਾ ਸਾਹਿਬ ਤੋਂ ਆਪ ਦੇ ਰਾਹੀਂ ਪੁਛਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਨੂੰ ਪਤਾ ਹੈ ਕਿ ਪਿੰਡਾਂ ਵਿਚ ਔਰਤਾਂ, ਬੱਚੇ ਅਤੇ ਮਰਦ ਸਾਰੇ ਹੀ ਟੱਟੀ ਆਦਿ ਕਰਨ ਲਈ ਬਾਹਰ ਖੇਤਾਂ ਵਿਚ ਹੀ ਜਾਂਦੇ ਹਨ ਅਤੇ ਉਨ੍ਹਾਂ ਦਾ ਇਸ ਤਰ੍ਹਾਂ ਬਾਈਕਾਟ ਕਰਕੇ ਉਨ੍ਹਾਂ ਨੂੰ ਆਪਣੇ ਘਰਾਂ ਵਿਚੋਂ ਵੀ ਨਾ ਨਿਕਲਣ ਦੇਣਾ ਕੀ ਇਹ ਜੁਰਮ ਨਹੀਂ ? ਜੇਕਰ ਜੁਰਮ ਨਹੀਂ ਤਾਂ ਹੋਣਾ ਚਾਹੀਦਾ ਹੈ । (ਵਿਘਨ)

ਸਰਦਾਰ ਸੁਰਜੀਤ ਸਿੰਘ ਬਰਨਾਲਾ : ਸਪੀਕਰ ਸਾਹਿਬ, ਮੈਂ ਤਾਂ ਕਾਨੂੰਨੀ ਪੱਖ ਤੋਂ ਗੱਲ ਕੀਤੀ ਹੈ ਕਿਉਂਕਿ ਇਕ ਸਟੇਟਮੈਂਟ ਸੂਬੇ ਦੇ ਚੀਫ ਮਨਿਸਟਰ ਵਲੋਂ ਆ ਰਿਹਾ ਸੀ ਅਤੇ ਇਹ ਸਟੇਟਮੈਂਟ ਬੜੀ ਜਨਰਲ ਜਿਹੀ ਸੀ ਜਿਹੜੀ ਉਨ੍ਹਾਂ ਨੇ ਕਰ ਦਿਤੀ । ਇਸ ਵਿਚ ਦੋ ਪਖ ਸਨ ਇਕ ਕਾਨੂੰਨੀ ਅਤੇ ਦੂਜਾ ਇਖਲਾਕੀ । ਇਸ ਲਈ ਇਹ ਗਲ ਮੈਂ ਉਨ੍ਹਾਂ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਸੀ । (ਵਿਘਨ)

ਸ੍ਰੀ ਸਪੀਕਰ : ਇਸ ਦਾ ਇਖਲਾਕੀ ਪਹਿਲੂ ਵੀ ਹੈ । (But it has the moral aspect too).

ਸਰਦਾਰ ਸੁਰਜੀਤ ਸਿੰਘ ਬਰਨਾਲਾ : ਸਪੀਕਰ ਸਾਹਿਬ, ਮੈਂ ਇਸ ਲਈ ਚੀਫ ਮਨਿਸਟਰ ਸਾਹਿਬ ਦੇ ਧਿਆਨ ਵਿਚ ਇਹ ਪੱਖ ਲਿਆਉਣਾ ਚਾਹੁੰਦਾ ਸੀ ਕਿ ਇਸ ਵਿਚ ਕੀ ਕਿਸੇ ਕਾਨੂੰਨ ਦੀ ਉਲੰਘਣਾ ਹੋਈ ਹੈ ? ਕੋਈ ਵੀ ਆਦਮੀ ਜਿਥੇ ਵੀ ਚਾਹੇ ਜਾ ਸਕਦਾ ਹੈ ਉਸ ਨੂੰ ਰੋਕਿਆ ਨਹੀਂ ਜਾ ਸਕਦਾ, ਪਰ ਦੂਜੇ ਦੇ ਘਰ ਜਾਂ ਖੇਤਾਂ ਵਿਚ ਨਹੀਂ । ਇਸ ਦੇ ਬਾਰੇ ਵਿਚ ਕਾਨੂੰਨ ਵਿਚ ਦਰਜ ਹਨ । ਜਿਥੇ ਤਕ ਇਸ ਸਟੇਟਮੈਂਟ ਦਾ ਦੂਜਾ ਪੱਖ ਹੈ ਮੈਂ ਉਸ ਨਾਲ ਸਹਿਮਤ ਹਾਂ ਕਿ ਜੇਕਰ ਪਿੰਡ ਵਿਚ ਕਿਸੇ ਨੂੰ ਇਸ ਤਰੀਕੇ ਨਾਲ ਰੋਕਿਆ ਜਾਂਦਾ ਹੈ ਤਾਂ ਇਹ ਇਕ ਸੋਸ਼ਲ ਈਵਲ ਹੈ । ਮੇਰੇ ਵਿਚਾਰ ਇਨ੍ਹਾਂ ਨਾਲ ਮਿਲਦੇ ਹਨ ।

ਸ੍ਰੀ ਸਪੀਕਰ : ਅਕਾਲੀ ਪਾਰਟੀ ਤਾਂ ਗੁਰੂ ਨਾਨਕ ਦੇਵ ਜੀ ਦੇ ਅਸੂਲਾਂ ਨੂੰ ਮੰਨਦੀ ਹੈ ਜਿਨ੍ਹਾਂ ਦਾ ਸਰਬ ਸਾਂਝੀਵਾਲਤਾ ਵਿਚ ਵਿਸ਼ਵਾਸ ਸੀ । (But the Akali party has faith in the teachings of Sri Guru Nanak Dev Ji, who taught common ownership).

ਸਰਦਾਰ ਸੁਰਜੀਤ ਸਿੰਘ ਬਰਨਾਲਾ : ਸਪੀਕਰ ਸਾਹਿਬ, ਇਖਲਾਕੀ ਤੌਰ ਤੇ ਇਸ ਗਲ ਦੀ ਆਗਿਆ ਦਿਤੀ ਜਾ ਸਕਦੀ ਹੈ ਕਿ ਖੇਤਾਂ ਵਿਚੋਂ ਲੰਘਣ, ਪਰ ਇਹ ਗਲ ਕਾਨੂੰਨ ਦੇ ਕੁਝ ਵਿਰੁਧ ਜਾਂਦੀ ਹੈ । ਇਸ ਲਈ ਇਸ ਨੂੰ ਜਨਰੇਲਾਇਜ਼ ਨਹੀਂ ਕੀਤਾ ਜਾ ਸਕਦਾ ।

ਮੁੱਖ ਮੰਤਰੀ : ਮੈਂ, ਸਪੀਕਰ ਸਾਹਿਬ, ਆਨਰੇਬਲ ਮੈਂਬਰ ਦਾ ਮਸ਼ਕੂਰ ਹਾਂ ਅਤੇ ਆਸ ਹੈ ਕਿ ਇਸ ਤਰ੍ਹਾਂ ਦਸਦੇ ਰਹਿਣਗੇ ਅਤੇ ਅਸੀਂ ਇਨ੍ਹਾਂ ਦੇ ਕਾਨੂੰਨਦਾਨ ਹੋਣ ਦਾ ਫਾਇਦਾ ਉਠਾਉਂਦੇ ਰਹਾਂਗੇ। ਪਰ ਜਿਥੇ ਕੋਈ ਜ਼ੋਰਾਵਰ ਗਰੀਬ ਨਾਲ ਧਕਾ ਕਰੇ ਉਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਇਸ ਲਈ ਜੇਕਰ ਕਿਸੇ ਕਾਨੂੰਨ ਨੂੰ ਬਦਲਣ ਦੀ ਲੋੜ ਪਈ ਤਾਂ ਉਹ ਵੀ ਬਦਲ ਦਿਆਂਗੇ। (ਪ੍ਰਸ਼ੰਸਾ)

ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ : ਸਪੀਕਰ ਸਾਹਿਬ, ਮੈਂ ਚੀਫ਼ ਮਨਿਸਟਰ ਸਾਹਿਬ ਨੇ ਜੋ ਕਿਹਾ ਹੈ ਇਸ ਦਾ ਸਵਾਗਤ ਕਰਦਾ ਹਾਂ। ਮੈਂ ਇਨ੍ਹਾਂ ਨੂੰ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਕਈ ਥਾਵਾਂ ਤੇ ਨਾਕਾਬੰਦੀਆਂ ਦੀਆਂ ਘਟਨਾਵਾਂ ਹੁੰਦੀਆਂ ਹਨ ਅਤੇ ਦਬੇ ਕੁਚਲੇ ਲੋਕਾਂ ਨੂੰ ਦੁਖੀ ਕੀਤਾ ਜਾਂਦਾ ਹੈ। ਕੀ ਸਰਕਾਰ ਇਨ੍ਹਾਂ ਦਬੇ ਕੁਚਲੇ ਲੋਕਾਂ ਨੂੰ ਪ੍ਰੋਟੈਕਸ਼ਨ ਦੇਣ ਲਈ ਅਤੇ ਨਾਕਾਬੰਦੀਆਂ ਦੇ ਖਿਲਾਫ ਇਨ੍ਹਾਂ ਨੂੰ ਬੰਦ ਕਰਨ ਲਈ ਕੋਈ ਠੋਸ ਕਦਮ ਉਠਾਉਣ ਨੂੰ ਤਿਆਰ ਹੈ ?

ਮੁੱਖ ਮੰਤਰੀ : ਇਸ ਸਮਸਿਆ ਤੇ ਜ਼ਰੂਰ ਵਿਚਾਰ ਕਰਾਂਗੇ (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਜੋ ਕੁਝ ਬਰਨਾਲਾ ਸਾਹਿਬ ਨੇ ਕਿਹਾ ਹੈ ਉਸ ਨੂੰ ਮੁੱਖ ਮੰਤਰੀ ਸਾਹਿਬ ਨੇ ਗਲਤ ਸਮਝਣ ਦੀ ਕੋਸ਼ਿਸ਼ ਕੀਤੀ ਹੈ।(ਵਿਘਨ)

ਸ੍ਰੀ ਸਪੀਕਰ : ਪਰ ਬਰਨਾਲਾ ਸਾਹਿਬ ਨੇ ਤਾਂ ਚੀਫ਼ ਮਨਿਸਟਰ ਸਾਹਿਬ ਨਾਲ ਇਸ ਪੁਅਇੰਟ ਤੇ ਸੁਲਾਹ ਕਰ ਲਈ ਹੈ। (ਵਿਘਨ) (But Barnala Sahib has come to an understanding with the hon. Chief Minister on this issue.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਪਲੀਜ਼ ਲੈਟ ਮੀ ਹੈਵ ਮਾਈ ਸੇ। ਮੇਰੀ ਗਲ ਤਾਂ ਸੁਣ ਲਉ (ਵਿਘਨ) ਮੇਰੀ ਅਰਜ਼ ਇਹ ਹੈ ਕਿ ਇਸ ਮਾਮਲੇ ਵਿਚ ਗਲਤ ਰੰਗਤ ਦੇਣ ਦੀ ਕੋਸ਼ਿਸ਼ ਕੀਤੀ ਹੈ। ਸਰਦਾਰ ਸੁਰਜੀਤ ਸਿੰਘ ਹੋਰਾਂ ਦਾ ਪੁਆਇੰਟ ਕਾਨੂੰਨੀ ਪੱਖ ਦਾ ਸੀ (ਵਿਘਨ) ਅਤੇ ਓਹੀ ਉਨ੍ਹਾਂ ਨੇ ਦਸਣ ਦੀ ਕੋਸ਼ਿਸ ਕੀਤੀ। (ਵਿਘਨ)

ਸ੍ਰੀ ਸਪੀਕਰ : ਬਰਨਾਲਾ ਸਾਹਿਬ ਤਾਂ ਚੰਗੇ ਵਕੀਲ ਹਣ ਅਤੇ ਉਨ੍ਹਾਂ ਨੇ ਗਲ ਕਹਿ ਲਈ ਹੈ। (ਵਿਘਨ) (Sardar Surjit Singh Barnala is an eminent lawyer, and he has said what he wanted to convey.)

Sardar Ajaib Singh Sandhu : Kindly don't come to the rescue of the Ruling Party. I would request you not to come to the rescue of the Ruling Party.

ਸ੍ਰੀ ਸਪੀਕਰ : ਤੁਹਾਡਾ ਪੁਆਇੰਟ ਆਫ਼ ਆਰਡਰ ਹੁਣ ਨਹੀਂ ਬਣਦਾ । (ਵਿਘਨ) (This is no point of order).

ਸਰਦਾਰ ਅਜਾਇਬ ਸਿੰਘ ਸੰਧੂ : ਮੈਂ, ਸਪੀਕਰ ਸਾਹਿਬ, ਅਰਜ਼ ਕਰਦਾ ਹਾਂ ਕਿ ਇਹ ਪੁਆਇੰਟ ਇਸ ਲਈ ਬਣਦਾ ਹੈ ਕਿ ਮੇਰੇ ਆਪਣੇ ਹਲਕੇ ਵਿਚ ਜਿੰਨੇ ਹਰੀਜਨ ਸਨ ਉਨ੍ਹਾਂ ਨੇ ਵੋਟਾਂ ਮੈਨੂੰ ਪਾਈਆਂ ਅਤੇ ਸਵਰਨ ਜਾਤੀ ਵਾਲਿਆਂ ਨੇ ਕਾਂਗਰਸ ਨੂੰ ਪਾਈਆਂ । ਇਸ ਲਈ ਇਹ ਨਹੀਂ ਕਿਹਾ ਜਾ ਸਕਦਾ (ਵਿਘਨ) ਕਿ ਅਕਾਲੀ ਪਾਰਟੀ ਇਸ ਤਰ੍ਹਾਂ ਕਰਦੀ ਹੈ। ਮੇਰੇ ਹਲਕੇ ਵਿਚ ਸਵਰਨ ਜਾਤੀ ਵਾਲੇ ਹਰੀਜਨਾਂ ਨੂੰ ਪਰੇਸ਼ਾਨ ਕਰ ਰਹੇ ਹਨ ।

Mr. Speaker : Please resume your seat. This is no point of order.

ਵਿਕਾਸ ਮੰਤਰੀ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਸ ਦੇ ਬਾਰੇ ਵਿਚ ਸਪੈਸੇਫ਼ਿਕ ਰੂਲ ਹੈ ਕਿ ਇਸ ਗਲ ਤੇ ਪੁਆਇੰਟ ਆਫ਼ ਆਰਡਰ ਰੇਜ਼ ਕੀਤਾ ਜਾ ਸਕਦਾ ਹੈ । ਇਨ੍ਹਾਂ ਨੂੰ ਪੁਆਇੰਟ ਆਫ਼ ਆਰਡਰ ਉਠਾਉਣ ਤੋਂ ਪਹਿਲਾਂ ਉਸ ਨੂੰ ਚੰਗੀ ਤਰ੍ਹਾਂ ਪੜ੍ਹ ਲੈਣਾ ਚਾਹੀਦਾ ਹੈ । ਇਹ ਆਪ ਵੀ ਚੰਗੇ ਵਕੀਲ ਹਨ । (ਵਿਘਨ)

Mr. Speaker : I have already told the hon. Member.

Development Minister : Sir, I want to draw the attention of the hon. Member to the relevant Rule regarding the point of order. Rule 105 reads—

> "A point of order shall relate to the interpretation or enforcement of these Rules or such articles of the Constitution as regulate the business of the House and shall raise a question which is within the cognizance of the Speaker........."

ਸ੍ਰੀ ਗੁਰਦਿਆਲ ਸੈਨੀ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ ਇਹ ਇਰੇਲੇਵੇਂਟ ਬੋਲ ਰਹੇ ਹਨ ਅਤੇ ਪੁਆਇੰਟ ਆਫ਼ ਆਰਡਰ ਉਠਾ ਰਹੇ ਹਨ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਅੱਜ ਇਹ ਇਸ ਨੂੰ ਇਰੇਲੇਵੇਂਟ ਕਹਿੰਦੇ ਹਨ ਪਰ ਜਦ ਇਹ ਇਥੇ ਬੈਠੇ ਹੁੰਦੇ ਸਨ ਤਾਂ ਕੀ ਕਰਦੇ ਸੀ ? (ਵਿਘਨ)

Mr. Speaker : Order, please.

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ਼ ਮਨਿਸਟਰ ਸਾਹਿਬ ਨੂੰ ਇਸ ਮੁਆਮਲੇ ਬਾਰੇ ਕੁਝ ਜ਼ਰੂਰੀ ਬੇਨਤੀਆਂ ਅਰਜ਼ ਕਰ ਦੇਣੀਆਂ ਚਾਹੁੰਦਾ ਹਾਂ । ਭਾਵੇਂ ਕੋਈ ਵੀ ਬਾਈਕਾਟ ਹੋਵੇ, ਚਾਹੇ ਸਵਰਨ ਸੈਕਸ਼ਨ ਇਕ ਜਾਤੀ ਦਾ ਕਰਦੀ ਹੈ ਜਾਂ ਦੂਸਰੀ ਸੈਕਸ਼ਨ ਸਵਰਨ ਜਾਤੀ ਦਾ ਕਰਦੀ ਹੈ । (ਵਿਘਨ) ਪਰ, ਸਪੀਕਰ ਸਾਹਿਬ, ਜਿਥੇ ਕੋਈ ਸੋਸ਼ਲ ਬਾਈਕਾਟ ਕੀਤਾ ਜਾਂਦਾ ਹੈ ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦੀ ਗਲ ਨਹੀਂ ਹੋਣੀ ਚਾਹੀਦੀ । ਮੈਂ ਇਸ ਬਾਰੇ ਚੀਫ਼ ਮਨਿਸਟਰ ਸਾਹਿਬ ਨੇ ਜਿਹੜੀ ਗਲ ਕਹੀ ਹੈ ਉਸ ਦੇ ਨਾਲ ਸਹਿਮਤ ਹਾਂ । ਮੈਂ ਤਾਂ ਇਥੋਂ ਤਕ ਕਹਿੰਦਾ ਹਾਂ ਕਿ

[ਸਰਦਾਰ ਜਸਵਿੰਦਰ ਸਿੰਘ ਬਰਾੜ]

ਤਕੜਾ ਕਾਨੂੰਨ ਬਨਾਉਣਾ ਚਾਹੀਦਾ ਹੈ ਕਿ ਜੇ ਕੋਈ ਇਕ ਗਰੀਬ ਨੂੰ ਤੰਗ ਕਰਦਾ ਹੈ ਤਾਂ ਉਸ ਦੇ ਖਿਲਾਫ਼ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ। (ਤਾੜੀਆਂ) ਮੈਂ ਸਮਝਦਾ ਹਾਂ ਕਿ ਕਾਨੂੰਨ ਏਸੇ ਲਈ ਬਣਿਆ ਹੈ ਕਿ ਜੇ ਕੋਈ ਕਿਸੇ ਨਾਲ ਧੱਕਾ ਕਰਦਾ ਹੈ, ਕਾਨੂੰਨ ਉਸ ਦੀ ਬਿਲਕੁਲ ਰਿਆਇਤ ਨਹੀਂ ਕਰਦਾ। ਮੇਰੀ ਪਾਰਟੀ ਦੀ ਇਸ ਗਲ ਨਾਲ ਬਿਲਕੁਲ ਸਹਿਮਤੀ ਹੈ ਕਿ ਜੇ ਕਿਸੇ ਗਰੀਬ ਆਦਮੀ ਦੇ ਨਾਲ ਕੋਈ ਧੱਕਾ ਹੋਵੇ ਤਾਂ ਉਸ ਦੀ ਫ਼ੌਰਨ ਇਮਦਾਦ ਹੋਣੀ ਚਾਹੀਦੀ ਹੈ। ਨਾਲ ਦੀ ਨਾਲ ਮੈਂ ਇਹ ਗਲ ਵੀ ਕਹਿ ਦੇਣੀ ਚਾਹੁੰਦਾ ਹਾਂ ਕਿ ਜਿਥੇ ਇਸ ਤਰ੍ਹਾਂ ਧੱਕਾ ਕਿਸੇ ਨਾਲ ਹੋਵੇ ਤਾਂ ਗਰੀਬ ਆਦਮੀ ਦੀ ਹਰ ਪਹਿਲੂ ਨਾਲ ਸਰਕਾਰ ਨੂੰ ਇਮਦਾਦ ਕਰਨੀ ਚਾਹੀਦੀ ਹੈ, ਚਾਹੇ ਇਹ ਇਕਨਾਮਿਕ ਪਹਿਲੂ ਹੈ ਜਾਂ ਕੋਈ ਹੋਰ, ਇਸ ਦੀ ਇਮਦਾਦ ਹੋਣੀ ਚਾਹੀਦੀ ਹੈ। ਜੇ ਇਕਨਾਮਿਕ ਪਹਿਲੂ ਹੈ ਤਾਂ ਇਸ ਦੀ ਇਕਨਾਮਿਕ ਸਹਾਇਤਾ ਹੋਣੀ ਜ਼ਰੂਰੀ ਹੈ, ਇਸ ਦੇ ਇਕਨਾਮਿਕ ਹਾਲਾਤ ਨੂੰ ਤਕੜਾ ਕੀਤਾ ਜਾਵੇ ਤਾਂ ਜੋ ਇਹ ਆਪਣੇ ਇਲਾਕੇ ਵਿਚ ਸਿਰ ਉਚਾ ਕਰਕੇ ਤੁਰ ਸਕਣ। ਜੇ ਇਸ ਤਰ੍ਹਾਂ ਦੀ ਇਮਦਾਦ ਹੋਵੇਗੀ ਤਾਂ ਕੁਦਰਤੀ ਤੌਰ ਤੇ ਸਾਡਾ ਵੀ ਸਿਰ ਉਚਾ ਹੋਵੇਗਾ।

ਮੁੱਖ ਮੰਤਰੀ : ਭਾਵੇਂ ਏਸ ਮਸਲੇ ਉਤੇ ਕੋਈ ਜ਼ਿਆਦਾ ਬਹਿਸ ਕਰਨ ਦੀ ਜ਼ਰੂਰਤ ਨਹੀਂ ਸੀ ਪਰ ਇਸ ਮਹੱਤਵਪੂਰਨ ਗੱਲ ਤੇ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਕੁਝ ਗੱਲਾਂ ਕਹੀਆਂ ਹਨ, ਇਸ ਲਈ ਮੇਰਾ ਵੀ ਫ਼ਰਜ਼ ਬਣਦਾ ਹੈ ਕਿ ਮੈਂ ਇਸ ਗਲ ਦੀ ਪੂਰੀ ਪੂਰੀ ਵਿਆਖਿਆ ਕਰ ਦੇਵਾਂ। ਸਭ ਤੋਂ ਪਹਿਲਾਂ ਮੈਂ ਅਰਜ਼ ਕਰਾਂ ਕਿ ਸਰਦਾਰ ਅਜਾਇਬ ਸਿੰਘ ਸੰਧੂ ਜਿਹੜੇ ਕਿ ਹਰੀਜਨ ਹਨ ਅਤੇ ਹਰੀਜਨਾਂ ਦਾ ਕਾਜ਼ ਪਲੀਡ ਕਰ ਰਹੇ ਹਨ, ਜੇ ਇਨ੍ਹਾਂ ਦੀ ਸ਼ਕਲ ਨੂੰ ਵੇਖੀਏ ਤਾਂ ਇਹ ਹਰੀਜਨ ਨਹੀਂ ਲਗਦੇ (ਹਾਸਾ) (ਆਵਾਜ਼ਾਂ : ਇਹ ਗਲ ਦੋਹਾਂ ਤੇ ਢੁਕਦੀ ਹੈ) ਮੈਂ ਮੰਨਦਾ ਹਾਂ ਇਹ ਮੇਰੇ ਤੇ ਵੀ ਢੁਕਦੀ ਹੈ। (ਵਿਘਨ)

Acharya Prithvi Singh Azad : The hon. Chief Minister has just said that Mr. Ajaib Singh Sandhu does not look like a Harijan. I object to it because he is my blood relation.

ਸ੍ਰੀ ਸਪੀਕਰ : ਇਹ ਤਾਂ ਚਾਚੇ ਭਤੀਜੇ ਵਾਲੀ ਗਲ ਹੈ, ਹੋਰ ਕੋਈ ਗੜਬੜ ਨਹੀਂ। (It is only a matter between the blood relations.)

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ਼ ਮਨਿਸਟਰ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਇਸ ਪਿੰਡ ਵਿਚ ਜਿਹੜੇ ਉਨ੍ਹਾਂ ਦੇ ਆਦਮੀ ਜਾਣ ਬੁਝ ਕੇ ਟੈਨਸ਼ਨ ਪੈਦਾ ਕਰਦੇ ਹਨ, ਕੀ ਇਹ ਉਨ੍ਹਾਂ ਦੇ ਖਿਲਾਫ ਕੋਈ ਐਕਸ਼ਨ ਲੈਣਗੇ ? ਇਹ ਇਕ ਸਪਸ਼ਟ ਗਲ ਹੈ ਕਿ ਉਸੇ ਸਰਕਾਰ ਦੇ ਆਦਮੀਆਂ ਵਲੋਂ ਇਸ ਤਰ੍ਹਾਂ ਦੀ ਜਾਣ ਬੁਝ ਕੇ ਸਿਚੂਏਸ਼ਨ ਪੈਦਾ ਕੀਤੀ ਗਈ ਹੈ, ਉਨ੍ਹਾਂ ਦੇ ਖਿਲਾਫ ਐਕਸ਼ਨ ਲੈਣਾ ਚਾਹੀਦਾ ਹੈ। ਚੀਫ਼ ਮਨਿਸਟਰ ਸਾਹਿਬ ਇਸ ਬਾਰੇ ਆਪਣੀ ਰਾਏ ਦੇ ਕੇ ਗਲ ਕਲੀਅਰ ਕਰਨ।

ਸ੍ਰੀ ਸਪੀਕਰ : ਇਸ ਹਾਊਸ ਦੀ ਗਿਆਤ ਲਈ ਮੈਂ ਤੁਹਾਡੇ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਗਲ ਤੁਹਾਡੇ ਹਲਕੇ ਵਿਚ ਹੋਈ, ਤੁਹਾਡੀ ਪਾਰਟੀ ਦੇ ਲੀਡਰ ਨੇ ਵੀ ਕਿਹਾ ਕਿ ਇਹ ਗਲ ਹੋਈ। ਕੀ ਤੁਸੀਂ ਖ਼ੁਦ ਜਾਕੇ ਇਹ ਮਾੜੀ ਗਲ ਹਟਾਉਣ ਦੀ

ਕੋਸ਼ਿਸ਼ ਕੀਤੀ ? *(Addressing Sardar Jagdev Singh Sandhu*: This sad incident took place in your constituency. This fact has also been confirmed by the leader of your party. For the information of the House, I ask you if you took any initiative to put a stop to such sad state of affairs ?)

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅਸਲ ਵਾਕਿਆਤ ਜੋ ਆਏ ਹਨ ਉਹ ਇਨ੍ਹਾਂ ਪਾਸ ਫੈਕਟਸ ਨਹੀਂ ਹਨ, ਇਹ ਬਿਲਕੁਲ ਗਲਤ ਹਨ । ਮੈਂ ਸਮਝਦਾ ਹਾਂ ਚੀਫ ਮਨਿਸਟਰ ਸਾਹਿਬ ਨੂੰ ਸਹੀ ਇਨਫਰਮੇਸ਼ਨ ਗੈਦਰ ਕਰਨੀ ਚਾਹੀਦੀ ਹੈ । ਇਨ੍ਹਾਂ ਨੂੰ ਹਾਊਸ ਦੇ ਮੈਂਬਰਾਂ ਨੂੰ ਕਾਨਫੀਡੈਂਸ ਦੇ ਵਿਚ ਲੈਂਦਿਆਂ ਹੋਇਆਂ ਇਕ ਕਮੇਟੀ ਬਣਾਉਣੀ ਚਾਹੀਦੀ ਹੈ ਜੋ ਸਾਰੀ ਇਨਫਰਮੇਸ਼ਨ ਗੈਦਰ ਕਰਦੀ ਹੋਈ ਇਸ ਹਾਊਸ ਵਿਚ ਆਪਣੀ ਰਿਪੋਰਟ ਦੇਵੇ । ਸਰਦਾਰ ਪ੍ਰੇਮ ਸਿੰਘ ਪ੍ਰੇਮ ਨੇ ਜੋ ਵੀ ਗਲਾਂ ਕਹੀਆਂ ਹਨ ਉਹ ਇਨ੍ਹਾਂ ਨੂੰ ਆਕੇ ਗਲਤ ਕਹੀਆਂ ਹਨ ! ਮੈਂ ਪੁਛਦਾ ਹਾਂ ਜੇ ਉਥੇ ਪੁਲੀਸ ਨੇ ਕੋਈ ਤਹਿਕੀਕਾਤ ਕੀਤੀ ਹੈ ਤਾਂ ਉਨ੍ਹਾਂ ਲੋਕਾਂ ਦੇ ਖਿਲਾਫ, ਜਿਹੜੇ ਟੈਨਸ਼ਨ ਕਰੀਏਟ ਕਰ ਰਹੇ ਹਨ, ਕੋਈ ਐਕਸ਼ਨ ਲਿਆ ? ਮੈਂ ਸਮਝਦਾ ਹਾਂ ਜਾਣ ਬੁਝਕੇ ਉਨ੍ਹਾਂ ਵਲੋਂ ਆਪਣੇ ਬੰਦਿਆਂ ਨੂੰ ਫਾਇਦਾ ਪਹੁੰਚਾਉਣ ਵਾਸਤੇ ਸਾਰੇ ਮੁਆਮਲੇ ਨੂੰ ਖਰਾਬ ਕੀਤਾ ਜਾ ਰਿਹਾ ਹੈ ਅਤੇ ਟੈਨਸ਼ਨ ਕਰੀਏਟ ਕੀਤੀ ਜਾ ਰਹੀ ਹੈ । ਜੋ ਕੋਈ ਕਮੇਟੀ ਬਣੇਗੀ ਤਾਂ ਹੀ ਸਾਰੀ ਗਲ ਦੀ ਤਹਿਕੀਕਾਤ ਹੋ ਸਕਦੀ ਹੈ ਕਿ ਸੌ ਫੀ ਸਦੀ ਕੀ ਗਲ ਹੈ ? ਜਿਹੜੇ ਬੰਦੇ ਉਥੇ ਜਾ ਕੇ ਉਨ੍ਹਾਂ ਨੂੰ ਉਕਸਾਉਂਦੇ ਹਨ ਉਨ੍ਹਾਂ ਦੇ ਖਿਲਾਫ ਐਕਸ਼ਨ ਲਿਆ ਜਾਵੇ, ਜਿਹੜੇ ਟੈਨਸ਼ਨ ਕਰੀਏਟ ਕਰਦੇ ਹਨ ਉਨ੍ਹਾਂ ਦੇ ਖ਼ਿਲਾਫ ਵੀ ਐਕਸਨ ਲੈਣਾ ਚਾਹੀਦਾ ਹੈ ।

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜੋ ਗਲ ਚੀਫ ਮਨਿਸਟਰ ਸਾਹਿਬ ਨੇ ਕਹੀ ਅਤੇ ਜੋ ਪੁਜ਼ੀਸ਼ਨ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਦਸੀ, ਇਸ ਦੇ ਨਾਲ ਹੀ ਕੁਝ ਗਲਾਂ ਅਕਾਲੀ ਪਾਰਟੀ ਦੇ ਮੈਂਬਰਾਨ ਨੇ ਵੀ ਕਹੀਆਂ ਹਨ, ਇਸ ਬਾਰੇ ਮੈਂ ਵੀ ਕੁਝ ਅਰਜ਼ ਕਰਨਾ ਜ਼ਰੂਰੀ ਸਮਝਦਾ ਹਾਂ। ਜਿਸ ਤਰ੍ਹਾਂ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਕਿਹਾ ਅਤੇ ਚੀਫ ਮਨਿਸਟਰ ਨੇ ਵੀ ਰੋਸ਼ਨੀ ਪਾਈ ਕਿ ਉਥੇ ਦੋ ਸੈਕਸ਼ਨਾਂ ਦੇ ਵਿਚ ਫਰਿਕਸਨ ਸੀ, ਪਰ ਉਨ੍ਹਾਂ ਨੇ ਇਹ ਨਹੀਂ ਦਸਿਆ ਕਿ ਇਸ ਫਰਿਕਸ਼ਨ ਦਾ ਕਾਰਨ ਕੀ ਸੀ । ਮੈਂ ਇਹ ਨੁਕਤਾ ਏਥੇ ਸਪਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਇਥੇ ਇਕ ਪਾਰਟੀ ਵਲੋਂ ਵੋਟਾਂ ਦੇਣ ਤੇ ਸਵਾਲ ਉਠਿਆ (ਆਵਾਜ਼ਾਂ : ਗਲਤ, ਬਿਲਕੁਲ ਗਲਤ) । ਉਥੇ ਫਰਿਕਸ਼ਨ ਦੀ ਜਿਹੜੀ ਗਲ ਹੈ, ਉਹ ਇਹ ਹੈ ਕਿ ਕੁਝ ਲੋਕ ਫਰਿਕਸ਼ਨ ਪੈਦਾ ਕਰਨਾ ਚਾਹੁੰਦੇ ਹਨ, ਉਨ੍ਹਾਂ ਨੇ ਹੀ ਇਹ ਸਾਰੀ ਸਿਚੁਏਸ਼ਨ ਕਰੀਏਟ ਕੀਤੀ ਹੈ । ਇਹ ਲੈਂਡ ਲਾਰਡ ਅਤੇ ਕਿਸਾਨ ਦਾ ਝਗੜਾ ਹੈ । ਇਕ ਖੇਤ ਮਜ਼ਦੂਰ ਨੂੰ ਜੋ 3/- ਰੁਪਏ ਦਿਹਾੜੀ ਲੈਂਦਾ ਹੈ ਲੈਂਡ ਲਾਰਡ ਉਸਨੂੰ ਆਪਣੇ ਹੱਥਾਂ ਦੀ ਕਠਪੁਤਲੀ ਬਣਾਉਣਾ ਚਾਹੁੰਦੇ ਹਨ । ਤੁਹਾਡਾ ਕੀ ਖਿਆਲ ਹੈ ਕਿ ਕੋਈ ਹਰੀਜਨ ਖੇਤ ਮਜ਼ਦੂਰ ਜਾਂ ਕਾਮਾ ਇਨ੍ਹਾਂ ਦੇ ਮੁਕਾਬਲੇ ਹੜਤਾਲ ਕਰੀ ਬੈਠਾ ਹੈ ? ਹਰਗਿਜ਼ ਨਹੀਂ । ਅਸਲ ਵਿਚ ਇਨ੍ਹਾਂ ਵਡੇ ਵਡੇ ਲੈਂਡ ਲਾਰਡਜ਼ ਨੇ ਹੀ ਉਨ੍ਹਾਂ ਗ਼ਰੀਬ ਖੇਤ ਮਜ਼ਦੂਰਾਂ ਦਾ ਟੱਟੀ ਪਿਸ਼ਾਬ ਬੰਦ ਕੀਤਾ ਹੋਇਆ ਹੈ । ਇਕ ਗਲ ਮੈਂ ਆਪਦੀ ਵਸਾਤਤ ਨਾਲ ਹਾਊਸ ਨੂੰ ਦਸਣੀ ਚਾਹੁੰਦਾ ਹਾਂ ਕਿ ਜੋ ਉਥੇ ਦੇ ਖੇਤ

[ਕਾਮਰੇਡ ਸੱਤਪਾਲ ਡਾਂਗ]

ਮਜ਼ਦੂਰ ਜਾਂ ਕਿਸੇ ਹਰੀਜਨ ਦਾ ਟੱਟੀ ਪਿਸ਼ਾਬ ਬੰਦ ਕਰਨ ਦੀ ਕੋਈ ਧਮਕੀ ਦਿਤੀ ਗਈ ਤਾਂ ਇਸ ਗੱਲ ਨੂੰ ਹੋਰ ਬਰਦਾਸ਼ਤ ਨਹੀਂ ਕੀਤਾ ਜਾਵੇਗਾ । ਸਾਡੀ ਪਾਰਟੀ ਇਸ ਗੱਲ ਦਾ ਡਟ ਕੇ ਮੁਕਾਬਲਾ ਕਰੇਗੀ । ਇਸ ਤਰ੍ਹਾਂ ਦੀ ਜ਼ਿਆਦਤੀ ਦੀ ਗਲ ਨਹੀਂ ਕਰਨ ਦੇਵਾਂਗੇ । To-day the Akali party has exposed itself as a party of rich land-lords.

ਮੁੱਖ ਮੰਤਰੀ: ਸਨਮਾਨਯੋਗ ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਕਿ ਮੈਂ ਇਸ ਗੰਭੀਰ ਮਸਲੇ ਤੇ ਸਟੇਟਮੈਂਟ ਦੇਵਾਂ, ਮੈਂ ਲੀਡਰ ਆਫ ਦੀ ਅਪੋਜ਼ੀਸ਼ਨ ਨੂੰ ਇਹ ਬੇਨਤੀ ਕਰ ਦੇਣੀ ਚਾਹੁੰਦਾ ਹਾਂ ਕਿ ਉਹ ਆਪਣੇ ਬੰਦਿਆਂ ਨੂੰ ਹਿਦਾਇਤ ਕਰ ਦੇਣ ਕਿ ਉਹ ਇਸ ਹਾਊਸ ਦੇ ਡੇਕੋਰਮ ਦਾ ਖ਼ਿਆਲ ਰਖਣ ।

ਸਪੀਕਰ ਸਾਹਿਬ, ਇਥੇ ਪੁਆਇੰਟ ਆਫ ਆਰਡਰ ਦੇ ਰਾਹੀਂ ਇਕ ਸਵਾਲ ਆਇਆ । ਜੇ ਉਹ ਸਵਾਲ ਹੀ ਰਹਿੰਦਾ ਤਾਂ ਠੀਕ ਸੀ । ਮੈਂ ਉਸ ਦਾ ਜਵਾਬ ਦੇਣ ਲਈ ਖੜਾ ਵੀ ਹੋਇਆ ਸੀ, ਪਰ ਇਥੇ ਤਾਂ ਤਕਰੀਰਾਂ ਹੀ ਹੋਣੀਆਂ ਸ਼ੁਰੂ ਹੋ ਗਈਆਂ । ਮੈਂ ਅਰਜ਼ ਕਰ ਦੇਵਾਂ ਕਿ ਮੈਂ ਪਹਿਲੇ ਜੋ ਸੰਧੂ ਸਾਹਿਬ ਨੂੰ ਗਲ ਕਹੀ ਸੀ ਉਹ ਹਾਸੇ ਵਿਚ ਸੀ ਅਤੇ ਸਾਡਾ ਆਪੋ ਵਿਚ ਬੜਾ ਪਿਆਰ ਹੈ । ਇਸ ਲਈ ਇਸ ਗਲ ਦਾ ਕਿਸੇ ਨੂੰ ਬੁਰਾ ਨਹੀਂ ਮੰਨਣਾ ਚਾਹੀਦਾ । ਇਸ ਤੇ ਨਾਰਾਜ਼ਗੀ ਨਹੀਂ ਕਰਨੀ ਚਾਹੀਦੀ ।

ਬਰਾੜ ਸਾਹਿਬ ਨੇ ਕੁਝ ਗੱਲਾਂ ਕਹੀਆਂ ਹਨ ਮੈਂ ਉਨ੍ਹਾਂ ਦੇ ਨਾਲ ਇਤਫ਼ਾਕ ਰਖਦਾ ਹਾਂ । ਉਨ੍ਹਾਂ ਨੇ ਕੁਝ ਕਾਨੂੰਨੀ ਨੁਕਤੇ ਸਾਹਮਣੇ ਲਿਆਂਦੇ ਹਨ ਅਤੇ ਨਾਲ ਹੀ ਅਖਿਆ ਹੈ ਕਿ ਸਾਨੂੰ ਇਸ ਤਰ੍ਹਾਂ ਦੇ ਕਾਨੂੰਨ ਬਣਾਉਣੇ ਚਾਹੀਦੇ ਹਨ ਜਿਨ੍ਹਾਂ ਦੁਆਰਾ ਕੋਈ ਜ਼ੋਰਾਵਰ ਕਿਸੇ ਗਰੀਬ ਤੇ ਧੱਕਾ ਨਾ ਕਰ ਸਕੇ । ਮੈਂ ਅਰਜ਼ ਕਰ ਦਿਆਂ ਕਿ ਇਸ ਗਲ ਨੂੰ ਦੂਰ ਕਰਨ ਲਈ ਜੇ ਮੇਰੀ ਸਰਕਾਰ ਨੂੰ ਇਨ੍ਹਾਂ ਕਾਨੂੰਨਾਂ ਨੂੰ ਬਦਲਣਾ ਵੀ ਪਿਆ ਤਾਂ ਬਦਲਾ ਦੇਵਾਂਗੇ । (ਥੰਪਿੰਗ) ਮੈਂ ਲੀਡਰ ਆਫ਼ ਦੀ ਅਪੋਜ਼ੀਸ਼ਨ ਦਾ ਮਸ਼ਕੂਰ ਹਾਂ ਜਿਨ੍ਹਾਂ ਨੇ ਇਹ ਗੱਲ ਆਖੀ ਅਤੇ ਉਨ੍ਹਾਂ ਨੂੰ ਇਹ ਭਰੋਸਾ ਦਿਵਾਉਂਦਾ ਹਾਂ ਕਿ ਉਹ ਜ਼ਮਾਨੇ ਗਏ ਜਦੋਂ ਕੋਈ ਜ਼ੋਰਾਵਰ ਕਿਸੇ ਗਰੀਬ ਤੇ ਧੱਕਾ ਕਰ ਕੇ, ਆਪਣੀ ਮਰਜ਼ੀ ਦੀਆਂ ਗਲਾਂ ਕਰਕੇ, ਸਰਕਾਰੀ ਅਫ਼ਸਰਾਂ, ਸਰਕਾਰੀ ਮਸ਼ੀਨਰੀ ਜਾਂ ਵਜ਼ੀਰਾਂ ਤਕ ਪਹੁੰਚ ਕਰਕੇ ਬਚ ਜਾਂਦਾ ਸੀ । (ਥੰਪਿੰਗ) ਹੁਣ ਕੋਈ ਵੀ ਕਿਸੇ ਗਰੀਬ ਨੂੰ ਦਬਾ ਨਹੀਂ ਸਕੇਗਾ ।

ਇਸੇ ਸਰਦਾਰ ਜਸਦੇਵ ਸਿੰਘ ਸੰਧੂ ਜੀ ਨੇ ਇਹ ਗਲ ਕਹੀ ਕਿ ਇਹ ਗਲਤ ਗਲ ਹੈ ਕਿ ਉਥੇ ਕੋਈ ਬਾਈਕਾਟ ਹੋਇਆ ਹੈ । ਮੈਂ ਅਰਜ਼ ਕਰਦਾ ਹਾਂ ਕਿ ਮੇਰੇ ਕੋਲ ਇਹ ਰਿਪੋਰਟ ਕਿਸੇ ਕਾਂਗਰਸੀ ਨੇ ਨਹੀਂ ਕੀਤੀ, ਕਿਸੇ ਪੰਜਾਬੀ ਨੇ ਨਹੀਂ ਕੀਤੀ ਸਗੋਂ ਚੰਡੀਗੜ੍ਹ ਵਿਚ ਹਿੰਦੁਸਤਾਨ ਟਾਈਮਜ਼, ਜੋ ਕਿ ਬਹੁਤ ਵਡੀ ਅਖਬਾਰ ਹੈ, ਦੇ ਨੁਮਾਇੰਦੇ ਜੋ ਕਿ ਬੜੇ ਜ਼ਿਮੇਵਾਰ ਆਦਮੀ ਹਨ, ਉਹ ਆਪ ਉਹ ਪਿੰਡ ਵਿਜ਼ਿਟ ਕਰਕੇ ਆਏ ਸੀ ਅਤੇ ਇਥੇ ਮੈਨੂੰ ਇਤਫ਼ਾਕ ਨਾਲ ਮਿਲੇ ਸੀ ਅਤੇ ਇਤਫ਼ਾਕ ਦੇ ਨਾਲ ਹੀ ਉਨ੍ਹਾਂ ਨੇ ਮੇਰੇ ਅੱਗੇ ਇਹ ਗਲ ਕੀਤੀ । ਜਦੋਂ ਮੈਨੂੰ ਇਹ ਰਿਪੋਰਟ ਮਿਲੀ ਤਾਂ ਮੈਂ ਆਪਣੀ ਡਿਊਟੀ ਸਮਝੀ, ਸਪੀਕਰ ਸਾਹਿਬ, ਕਿ ਜਿਨ੍ਹਾਂ ਗਰੀਬ ਲੋਕਾਂ ਨੇ ਮੈਨੂੰ ਇਹ ਥਾਂ ਤੇ ਬਿਠਾਇਆ ਹੈ, ਜੇ ਮੈਂ ਉਨ੍ਹਾਂ ਨਾਲ ਹੁੰਦਾ ਧੱਕਾ ਨਹੀਂ ਰੋਕ ਸਕਦਾ ਤਾਂ ਮੈਨੂੰ ਇਥੇ ਬੈਠਣ ਦਾ ਕੋਈ ਹੱਕ ਨਹੀਂ ।

(ਥੰਪਿੰਗ)

ਮੈਨੂੰ ਇਹ ਨਹੀਂ ਪਤਾ ਕਿ ਉਹ ਬਾਈਕਾਟ ਸੰਧੂ ਸਾਹਿਬ ਦੀ ਪਾਰਟੀ ਨੇ ਕੀਤਾ ਹੈ ਜਾਂ ਕਿਸੇ ਹੋਰ ਪਾਰਟੀ ਨੇ । ਮੈਨੂੰ ਤਾਂ ਇਕ ਜ਼ਿਮੇਵਾਰ ਆਦਮੀ ਨੇ ਇਹ ਰਿਪੋਰਟ ਦਿਤੀ ਸੀ । ਇਸ ਲਈ ਮੈਂ ਡੀ. ਆਈ. ਜੀ. ਨੂੰ ਟੈਲੀਫੂਨ ਕਰਕੇ ਕਿਹਾ ਕਿ ਉਹ ਆਪ ਜਾ ਕੇ ਇਸ ਗਲ ਦੀ ਇਨਕੁਆਇਰੀ ਕਰਕੇ ਮੈਨੂੰ ਰਿਪੋਰਟ ਦੇਵੇ । ਉਸ ਨੇ ਕਿਹਾ ਕਿ ਇਕ ਡੀ. ਆਈ. ਜੀ. ਦੀ ਡੈਥ ਹੋ ਜਾਣ ਕਰਕੇ ਉਸ ਨੇ ਉਥੇ ਜਾਣਾ ਹੈ ਇਸ ਲਈ ਉਹ ਕੋਈ ਅਫਸਰ ਭੇਜ ਕੇ ਇਨਕੁਆਇਰੀ ਕਰਵਾ ਲੈਣਗੇ । ਪਰ ਮੈਂ ਕਿਹਾ ਕਿ ਮਾਮਲਾ ਬਹੁਤ ਗੰਭੀਰ ਹੈ, ਇਸ ਲਈ 4 ਪਹਿਰ ਪਿਛੋਂ ਇਨਕੁਆਇਰੀ ਹੋ ਜਾਵੇ ਤਾਂ ਕੋਈ ਗਲ ਨਹੀਂ, ਪਰ ਇਨਕੁਆਇਰੀ ਡੀ. ਆਈ. ਜੀ. ਆਪ ਕਰੇ ਤਾਂਕਿ ਜੇ ਰਿਪੋਰਟ ਗਲਤ ਹੈ ਤਾਂ ਮੈਂ ਰਿਪੋਰਟ ਦੇਣ ਵਾਲੇ ਨੂੰ ਪੁਛ ਸਕਾਂ ਅਤੇ ਜੇ ਰਿਪੋਰਟ ਠੀਕ ਹੈ ਤਾਂ ਅਜਿਹਾ ਕਰਨ ਵਾਲਿਆਂ ਨੂੰ ਪੁਛ ਸਕਾਂ । ਸਪੀਕਰ ਸਾਹਿਬ, ਮੈਨੂੰ ਖੁਸ਼ੀ ਹੈ ਕਿ ਐਨਾ ਚੰਗਾ, ਐਨਾ ਸਿਆਣਾ, ਸੁਲਝਿਆ ਹੋਇਆ ਨੌਜਵਾਨ ਲੀਡਰ ਆਫ ਦੀ ਅਪੋਜ਼ੀਸ਼ਨ ਹੈ । ਇਸ ਨਾਲ ਮੈਨੂੰ ਆਸ ਹੈ ਕਿ ਸਾਨੂੰ ਨਿਆਂ ਕਰਨ ਵਿਚ ਕੋਈ ਮੁਸ਼ਕਿਲ ਨਹੀਂ ਹੋਵੇਗੀ । (ਵਿਘਨ) (ਸ਼ੋਰ) ਫਿਰ, ਸਪੀਕਰ ਸਾਹਿਬ, ਹਾਊਸ ਵਿਚ ਦੋ ਸੰਧੂ ਹਨ ਅਤੇ ਦੋਨੋ ਹੀ ਇਕੋ ਸੀਟ ਤੇ ਬੈਠੇ ਹਨ ।(ਹਾਸਾ) ਉਨ੍ਹਾਂ ਵਿਚੋਂ ਇਕ ਰੋਪੜ ਤੋਂ ਆਏ ਹਨ ਅਤੇ ਦੂਜੇ ਪਟਿਆਲੇ ਤੋਂ । ਸਪੀਕਰ ਸਾਹਿਬ, ਜੋ ਸੰਧੂ ਸਾਹਿਬ ਰੋਪੜ ਤੋਂ ਆਏ ਹਨ ਉਨ੍ਹਾਂ ਨੇ ਕਿਹਾ ਹੈ ਕਿ ਮੇਰੀ ਪਾਰਟੀ ਨੇ ਇਨ੍ਹਾਂ ਦੀ ਪਾਰਟੀ ਦਾ ਉਨ੍ਹਾਂ ਦੇ ਹਲਕੇ ਵਿਚ ਉਥੇ ਬਾਈਕਾਟ ਕੀਤਾ ਹੋਇਆ ਹੈ । ਮੈਂ ਇਨ੍ਹਾਂ ਨੂੰ ਇਹ ਕਹਾਂਗਾ ਕਿ ਇਹ ਮਾਮਲਾ ਮੇਰੇ ਨੋਟਿਸ ਵਿਚ ਲਿਆਉਣ, ਉਹ ਮੈਨੂੰ ਇਸ ਮਾਮਲੇ ਤੇ ਪਰਖ ਲੈਣ ਕਿ ਭਾਵੇਂ ਕੋਈ ਕਾਂਗਰਸੀ ਹੋਵੇ ਜਾਂ ਅਕਾਲੀ ਜਾਂ ਕਿਸੇ ਹੋਰ ਪਾਰਟੀ ਦਾ ਬੰਦਾ ਕਿਸੇ ਨੂੰ ਵੀ ਕਮਜ਼ੋਰ ਨਾਲ ਧੱਕਾ ਕਰਨ ਦੀ ਇਜਾਜ਼ਤ ਨਹੀਂ ਦਿਤੀ ਜਾਵੇਗੀ ।(ਥੰਪਿੰਗ) ਕਿਸੇ ਵੀ ਗਰੀਬ ਦੀ ਕਿਸੇ ਜ਼ੋਰਾਵਰ ਦੇ ਹਥੋਂ ਬੇਇਜ਼ਤੀ ਨਹੀਂ ਹੋਣ ਦਿਤੀ ਜਾਵੇਗੀ । (ਥੰਪਿੰਗ)

Mr. Speaker: Call Attention Motion No, 139.

(ਇਸ ਸਮੇਂ ਸਰਦਾਰ ਗੁਰਬੰਤਾ ਸਿੰਘ, ਸਰਦਾਰ ਪ੍ਰੇਮ ਸਿੰਘ ਪ੍ਰੇਮ ਅਤੇ ਹੋਰ ਕਈ ਮਾਨਯੋਗ ਮੈਂਬਰ ਬੋਲਣ ਲਈ ਖੜੇ ਹੋ ਗਏ ਅਤੇ ਹਾਊਸ ਵਿਚ ਬਹੁਤ ਸ਼ੋਰ ਪੈ ਗਿਆ ।)

ਸ਼੍ਰੀ ਸਪੀਕਰ: ਮਿਹਰਬਾਨੀ ਕਰ ਕੇ ਬੈਠ ਜਾਓ । (ਸ਼ੋਰ) (Please resume your seats.)

ਸਰਦਾਰ ਗੁਰਬੰਤਾ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੀ ਰਾਹੀਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਜੇ ਸਾਡੀ ਇਸੇ ਤਰ੍ਹਾਂ ਹੀ ਬੇਇਜ਼ਤੀ ਹੁੰਦੀ ਰਹੀ (ਵਿਘਨ) (ਸ਼ੋਰ) ਤਾਂ ਅਸੀਂ ਸਰਕਾਰ ਨੂੰ ਕਹਾਂਗੇ ਕਿ ਜਾਂ ਤਾਂ ਇਹ ਕਾਨੂੰਨ ਬਣਾਏ ਜਿਸ ਨਾਲ ਸਾਡੇ ਨਾਲ ਧਕਾ ਨਾ ਹੋਵੇ ਨਹੀਂ ਤਾਂ ਅਸੀਂ ਆਪ ਇੱਟ ਦਾ ਜਵਾਬ ਪੱਥਰ ਨਾਲ ਦਿਆਂਗੇ । (ਵਿਘਨ) (ਸ਼ੋਰ)

(ਕਈ ਮਾਨਯੋਗ ਮੈਂਬਰ ਖੜੇ ਹੋ ਕੇ ਇਕੱਠੇ ਹੀ ਬੋਲ ਰਹੇ ਸੀ ਜਿਸ ਕਰਕੇ ਸਦਨ ਵਿਚ ਸ਼ੋਰ ਬਹੁਤ ਸੀ ।

ਸਰਦਾਰ ਪ੍ਰੇਮ ਸਿੰਘ ਪ੍ਰੇਮ : ਸਪੀਕਰ ਸਾਹਿਬ, ਹਾਲੇ ਵੀ 35 ਆਦਮੀ ਪਿੰਡ ਕਾਲੋ ਮਾਜਰੇ ਦੇ ਮੇਰੇ ਘਰ ਬੈਠੇ ਹਨ......। (ਵਿਘਨ) (ਸ਼ੋਰ)

ਸ੍ਰੀ ਸਪੀਕਰ: ਤੁਸੀਂ ਕਿਰਪਾ ਕਰਕੇ ਬੈਠ ਜਾਓ । ਮੁੱਖ ਮੰਤਰੀ ਜੀ ਨੇ ਸਟੇਟਮੈਂਟ ਦੇ ਦਿਤੀ ਹੈ । (Please resume your seat. The hon. Chief Minister has given a statement in this regard.)

ਸਰਦਾਰ ਪ੍ਰੇਮ ਸਿੰਘ ਪ੍ਰੇਮ: ਸਪੀਕਰ ਸਾਹਿਬ, ਜਾਂ ਤੁਸੀਂ ਡਿਸਕਸ਼ਨ ਅਲਾਓ ਨਹੀਂ ਸੀ ਕਰਨੀ, ਜਾਂ ਮੈਨੂੰ ਹੁਣ ਆਪਣੀ ਗੱਲ ਕਹਿਣ ਦਿਉ । ਮੈਂ ਪੂਰੀ ਜ਼ਿੰਮੇਵਾਰੀ ਨਾਲ ਗਲ ਕਰ ਰਿਹਾ ਹਾਂ....

ਸ੍ਰੀ ਸਪੀਕਰ: ਤੁਸੀਂ ਬੈਠ ਜਾਓ । ਚੀਫ਼ ਮਨਿਸਟਰ ਸਾਹਿਬ ਨੇ ਸਟੇਟਮੈਂਟ ਦੇ ਦਿਤੀ ਹੈ । ਕਾਲ ਅਟੈਨਸ਼ਨ ਮੋਸ਼ਨ ਨੰ: 139 (Please resume your seat; the Chief Minister has given a statement in this regard. Call Attention Notice No. 139.)

ਸ੍ਰੀ ਗੁਰਦਿਆਲ ਸੈਣੀ: ਸਪੀਕਰ ਸਾਹਿਬ, ਮੇਰੀ ਕਾਲ ਅਟੈਨਸ਼ਨ ਮੋਸ਼ਨ ਨੰ: 127 ਸੀ ਉਸ ਦਾ ਕੀ ਬਣਿਆ ਹੈ ?

ਸ੍ਰੀ ਸਪੀਕਰ: ਉਹ ਡਿਸਅਲਾਓ ਹੋ ਗਈ ਹੈ । (That has been disallowed.)

ਸ੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਮੈਨੂੰ ਦਸਿਆ ਜਾਵੇ ਕਿ ਉਹ ਕਿਨ੍ਹਾਂ ਗਰਾਊਂਡਜ਼ ਤੇ ਡਿਸਅਲਾਓ ਹੋਈ ਹੈ ? (ਵਿਘਨ) ਜੇ ਤੁਸੀਂ ਸਾਡੀਆਂ ਸਾਰੀਆਂ ਮੋਸ਼ਨਾਂ ਡਿਸਅਲਾਓ ਹੀ ਕਰਨੀਆਂ ਹਨ ਤਾਂ ਸਾਨੂੰ ਦਸ ਦਿਓ ਅਸੀਂ ਦਿਤਾ ਹੀ ਨਾ ਕਰੀਏ । (ਵਿਘਨ) (ਸ਼ੋਰ) (ਇਸ ਵੇਲੇ ਸਰਦਾਰ ਜਸਦੇਵ ਸਿੰਘ ਸੰਧੂ ਅਤੇ ਸਰਦਾਰ ਅਜਾਇਬ ਸਿੰਘ ਸੰਧੂ ਬੈਠੇ ਬੈਠੇ ਬੋਲ ਰਹੇ ਸੀ ।)

ਸ੍ਰੀ ਸਪੀਕਰ: ਸੰਧੂ ਸਾਹਿਬ, ਤੁਸੀਂ ਤਾਂ ਬੜੇ ਸਿਆਣੇ ਨੇਤਾ ਹੋ । (ਵਿਘਨ) ਇਸ ਤਰ੍ਹਾਂ ਡਿਸਟਰਬ ਨਹੀਂ ਕਰਨਾ ਚਾਹੀਦਾ । (*Addressing Sardar Jasdev Singh Sandhu.* The hon. Member is a seasoned parliamentarian (*Interruption*) He should not cause disturbance like this.)

ਸਰਦਾਰ ਜਸਦੇਵ ਸਿੰਘ ਸੰਧੂ: ਸਪੀਕਰ ਸਾਹਿਬ, ਮਾਸਟਰ ਜੀ ਨੂੰ ਰੋਕੋ ਇਹ 80 ਸਾਲ ਦੀ ਉਮਰ ਵਿਚ ਗਲਤ ਗਲਾਂ ਕਰ ਰਹੇ ਹਨ । (ਹਾਸਾ)

ਸ੍ਰੀ ਸਪੀਕਰ : ਦੋਨੋਂ ਸੰਧੂ ਇਕੋ ਸੀਟ ਤੇ ਬੈਠੇ ਹਨ । (ਹਾਸਾ) ਇਨ੍ਹਾਂ ਵਿਚੋਂ ਇਕ ਸੰਧੂ ਸਾਹਿਬ ਨੇ ਜ਼ਰੂਰ ਹੀ ਬੋਲਦੇ ਰਹਿਣਾ ਹੈ । (ਵਿਘਨ) (Both the Sandhus are occupying the same bench. (laughter) One of them must continue speaking.)

(ਇਸ ਸਮੇਂ ਸਰਦਾਰ ਧੰਨਾ ਸਿੰਘ ਗੁਲਸ਼ਨ ਬੋਲਣ ਲਈ ਖੜੇ ਹੋਏ ।)

ਸ੍ਰੀ ਸਪੀਕਰ: ਗੁਲਸ਼ਨ ਜੀ, ਤੁਸੀਂ ਤਾਂ ਬੜੇ ਸਿਆਣੇ ਮੈਂਬਰ ਹੋ, ਕਿਰਪਾ ਕਰਕੇ ਬੈਠ ਜਾਓ । (Gulshan Ji, you are a seasoned parliamentarian; please resume your seat.)

(Serial No. 139)

Comrade Satyapal Dang : I beg to draw the attention of the Government towards a matter of urgent public importance, namely, M/S. Birla Brothers, one of the biggest monopolists of the country are planning entry in the economic life of the State by taking over the OCM Mills in Chhehartta District Amritsar. The final deed has not yet been clinched as the present owners are insisting on payment being made in London in Pounds.

There is much discontentment in the public at the expected entry into Punjab's life by Birlas. The Government may please be asked to make a statement in the House.

ਸ੍ਰੀ ਸਪੀਕਰ. ਪ੍ਰਵਾਨ ਕੀਤੀ ਜਾਂਦੀ ਹੈ । ਸਬੰਧਤ ਮਨਿਸਟਰ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । (Admitted. The hon. Minister concerned may please make a statement.)

ਸਿਖਿਆ ਮੰਤਰੀ: ਸਪੀਕਰ ਸਾਹਿਬ, ਇਹ ਤਾਂ ਪ੍ਰਾਈਵੇਟ ਫਰਮਾ ਦਾ ਮਾਮਲਾ ਹੈ, ਸਰਕਾਰ ਦਾ ਇਸ ਵਿਚ ਕੋਈ ਦਖਲ ਨਹੀਂ । (ਵਿਘਨ)

ਸ੍ਰੀ ਸਪੀਕਰ: ਗੌਰਮੈਂਟ ਕਈ ਢੰਗਾਂ ਨਾਲ ਵਿਚ ਆ ਜਾਂਦੀ ਹੈ । (ਵਿਘਨ) (Government is connected with this matter in many ways.)

ਕਾਮਰੇਡ ਸੱਤਪਾਲ ਡਾਂਗ: ਇਹ ਸਰਦਾਰ ਉਮਰਾਓ ਸਿੰਘ ਲਈ ਪਰਾਈਵੇਟ ਮਸਲਾ ਹੈ ਪਰ ਪੰਜਾਬ ਦੇ ਲੋਕਾਂ ਲਈ ਨਹੀਂ ।

ਸ੍ਰੀ ਸਪੀਕਰ: ਇਹ ਪਾਰਟੀ ਵਚਨਬੱਧ ਹੈ ਸਮਾਜਵਾਦ ਲਿਆਉਣ ਵਾਸਤੇ ਅਤੇ ਜੇ ਮਨੌਪਲੀਜ਼ ਹੋਰ ਵਡੀਆਂ ਹੋਣ ਤਾਂ ਇਸ ਨਾਲ ਲੋਕਾਂ ਨੂੰ ਚਿੰਤਾ ਹੁੰਦੀ ਹੈ । (This party is committed to bring about socialism. If monopolies spread still further then the people feel concerned about this position.)

ਸਿਖਿਆ ਮੰਤਰੀ: ਕਾਂਸਟੀਚੂਸ਼ਨ ਕਲੀਅਰ ਹੈ । ਇਹ ਸਰਕਾਰ ਕਾਂਸਟੀਚੂਸ਼ਨ ਦੀ ਕੋਈ ਵਿਰੋਧਤਾ ਨਹੀਂ ਕਰ ਸਕਦੀ । ਤੁਸੀਂ ਵੀ ਕਾਂਸਟੀਚਸ਼ਨ ਦੀ ਕਸਮ ਖਾਧੀ ਹੈ ਅਤੇ ਅਸੀਂ ਵੀ ਇਸ ਦੀ ਕਸਮ ਖਾਧੀ ਹੈ । ਸੂਬੇ ਵਿਚ ਕੋਈ ਵੀ ਕਾਰਵਾਈ ਹੁੰਦੀ ਹੋਵੇ ਤਾਂ ਸਰਕਾਰ,ਕਾਂਸਟੀਚੂਸ਼ਨ ਦੇ ਮੁਤਾਬਿਕ ਪਰਾਈਵੇਟ ਕੰਮਾਂ ਵਿਚ ਦਖਲ ਨਹੀਂ ਦੇ ਸਕਦੀ ।(ਵਿਘਨ) ਇਸ ਕਿਸਮ ਦੇ ਮਸਲੇ ਲੈਕੇ ਸਰਕਾਰ ਦੀ ਪੋਜ਼ੀਸ਼ਨ ਔਕਵਰਡ ਕਰਨ ਦਾ ਯਤਨ ਨਾ ਕੀਤਾ ਜਾਵੇ । ਇਹੋ ਜਿਹੇ ਮਸਲੇ ਬਜਟ ਸੈਸ਼ਨ ਵਿਚ ਤਕਰੀਰ ਕਰਦੇ ਹੋਏ ਆ ਸਕਦੇ ਹਨ । ਸਰਕਾਰ ਦਾ ਇਸ ਦੇ ਨਾਲ ਕੋਈ ਸਬੰਧ ਨਹੀਂ ਹੈ ।

ਸ੍ਰੀ ਸਪੀਕਰ: ਸਰਦਾਰ ਉਮਰਾਓ ਸਿੰਘ ਨੇ ਠੀਕ ਗਲ ਕਹੀ ਹੈ ਕਿ ਅਸੀਂ ਕਾਂਸਟੀਚੂਸ਼ਨ ਦੀ ਸੌਂਹ ਖਾਧੀ ਹੈ । ਅਸੀਂ ਵਿਧਾਨ ਦੇ ਵਫ਼ਾਦਾਰ ਹਾਂ (ਵਿਘਨ) ਅਸੀਂ ਕਾਂਸਟੀਚੂਸ਼ਨ ਨੂੰ ਸੋਧ ਸਕਦੇ ਹਾਂ ਜਿਵੇਂ ਕਿ ਉਸ ਕਾਂਸਟੀਚੂਸ਼ਨ ਵਿਚ ਪਰੋਵੀਜ਼ਨ ਹੈ ਇਸ ਲਈ ਇਥੇ ਸਮਾਜਵਾਦ ਲਿਆਉਣ ਵਾਸਤੇ ਕਾਂਸਟੀਚੂਸ਼ਨ ਵਿਚ ਸੋਧ ਅਗੇ ਕਰਦੇ ਆਏ ਹਾਂ ਸਾਡੀ ਪਾਰਲੀਮੈਂਟ ਕਰਦੀ ਰਹੀ ਹੈ । ਇਹ ਲੋਕਾਂ ਦੇ ਹਿਤ ਲਈ ਕਾਂਸਟੀਚੂਸ਼ਨ ਬਣਿਆ ਹੈ (ਵਿਘਨ) ਸਮਾਜ਼ਵਾਦ ਲਿਆਉਣ ਵਾਸਤੇ ਸਾਡੀ ਪਾਰਟੀ ਵਚਨਬਧ ਹੈ ਅਤੇ ਇਸ ਦੇ ਮੁਤਾਬਿਕ ਕਾਨੂੰਨ ਵਿਚ ਸੋਧ ਲਿਆ ਸਕਦੇ ਹਾਂ , ਅਤੇ ਲਿਆਂਦੇ ਜਾ ਰਹੇ ਹਨ । ਇਸ ਵਿਚ ਰਿਕੁਐਸਟ ਹੈ ਕਿ ਵੱਡੀਆਂ ਮਨੌਪਲੀਜ਼ ਹੋਣ ਨਾਲ, ਵੱਡੀਆਂ ਫਰਮਾਂ ਹੋਣ ਨਾਲ ਅਮੀਰੀ ਅਤੇ ਗਰੀਬੀ ਵਿਚ ਫਰਕ ਵਧਦਾ ਹੈ । ਇਸ ਦੇ ਮੁਤਾਲਿਕ ਜੇ ਸਰਕਾਰ ਦਾ ਧਿਆਨ ਦਿਵਾਇਆ ਜਾਂਦਾ ਹੈ ਤਾਂ ਇਹ ਸਾਧਾਰਨ ਗਲ ਹੈ । (ਥੰਪਿੰਗ) ਕੋਈ ਚਿੰਤਾ ਵਾਲੀ ਗਲ ਨਹੀਂ (ਵਿਘਨ) (Sardar Umrao Singh has rightly said that we have taken a pledge to be faithful to the Constitution. And we are loyal to it; but the Constitution can be amended as provided for there-in. The Parliament has already been amending the constitution from time to time to usher in socialism. This constitution was framed for the welfare of the people. (*Interruption*) Our Party is Committed to bring about socialism in the country and accordingly we can and have been amending the Constitution. The issue raised in the Call Attention Notice is that with the increase in big firms and monopolies the gap between haves and have nots widens. If an hon. Member brings this to notice of the Government then it is an ordinary matter.)

((*Interruption*)

ਸਿਖਿਆ ਮੰਤਰੀ: ਜਿਥੋਂ ਤਕ ਪੰਜਾਬ ਵਿਚ ਸਮਾਜਵਾਦ ਲਿਆਉਣ ਦਾ ਤਾਲੁਕ ਹੈ ਇਸ ਸਬੰਧ ਵਿਚ ਮੈਂ ਤੁਹਾਡੇ ਰਾਹੀਂ ਡਾਂਗ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਭਾਵੇਂ ਬਿਰਲਾ ਹੋਵੇ, ਭਾਵੇਂ ਟਾਟਾ ਹੋਵੇ, ਭਾਵੇਂ ਅੰਗਰੇਜ਼ ਹੋਣ, ਅਸੀਂ ਪੰਜਾਬ ਵਿਚ ਸਮਾਜਵਾਦ ਲਿਆਵਾਂਗੇ (ਵਿਘਨ) ਅਸੀਂ ਢਾਈ ਲਖ ਦੀ ਜਾਇਦਾਦ ਦਾ ਫੈਸਲਾ ਕੀਤਾ ਹੈ । ਅਸੀਂ

ਇਥੇ ਸਮਾਜਵਾਦ ਲਿਆਉਣਾ ਹੈ। ਪਰ ਪੰਜਾਬ ਸਾਰੇ ਹਿੰਦੁਸਤਾਨ ਦਾ ਸਾਂਝਾ ਹੈ ਅਤੇ ਅਸੀਂ ਕਿਸੇ ਨੂੰ ਪੰਜਾਬ ਵਿਚ ਆਉਣ ਤੋਂ ਰੋਕ ਨਹੀਂ ਸਕਦੇ। ਇਸ ਦੇ ਮੁਤੱਲਕ ਡਾਂਗ ਸਾਹਿਬ ਨੂੰ ਗਲਤ ਫਹਿਮੀ ਨਾ ਰਹੇ। ਪੰਜਾਬ ਸਰਕਾਰ ਕਿਸੇ ਸਰਮਾਇਦਾਰ ਦੇ ਹਕ ਵਿਚ ਨਹੀਂ ਹੈ। (ਵਿਘਨ)

ਸ੍ਰੀ ਸਪੀਕਰ: ਡਾਂਗ ਸਾਹਿਬ ਦੀ ਬੜੀ ਸਾਧਾਰਨ ਗੱਲ ਹੈ ਕਿ (ਵਿਘਨ) ਮਿਲ ਪਬਲਿਕ ਸੈਕਟਰ ਵਿਚ ਲੈ ਲਵੋ। (The request from Comrade Dang is simple that the Government should take over this Mill.)

ਕਾਮਰੇਡ ਸੱਤ ਪਾਲ ਡਾਂਗ: ਆਨ ਏ ਪੁਆਇੰਟ ਆਫ ਆਰਡਰ, ਸਰ। ਮੇਰੀ ਬੇਨਤੀ ਇਹ ਹੈ ਕਿ ਕੋਈ ਸੱਜਣ ਹੋਵੇ ਭਾਵੇਂ ਮਨਿਸਟਰਜ਼ ਹੋਣ ਪਰ ਉਨ੍ਹਾਂ ਨੇ ਇਕ ਪੁਆਇੰਟ ਤੇ (ਵਿਘਨ) ਤਿੰਨ ਤਿੰਨ ਤਕਰੀਰਾਂ ਕੀਤੀਆਂ ਹਨ। ਇਸ ਤਰ੍ਹਾਂ ਇਨ੍ਹਾਂ ਨੂੰ ਕਰਨ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ। ਇਹ ਹੁਣ ਢਾਈ ਲਖ ਦੀ ਗੱਲ ਕਰਦੇ ਹਨ। (ਵਿਘਨ) ਅਗਰ ਹਿੰਦੁਸਤਾਨ ਦੀ ਸਰਕਾਰ, ਜਿਹੜੀ ਉਸ ਪਾਰਟੀ ਤੋਂ ਸਰਦਾਰ ਉਮਰਾਓ ਸਿੰਘ ਇਥੇ ਗਲਤੀ ਨਾਲ ਪਹੁੰਚ ਗਏ ਹਨ, ਅਗਰ ਇਹ ਗਲ ਕਹਿ ਦੇਣ ਕਿ ਮਾਲਕਾਂ ਨੂੰ ਸਟਰਲਿੰਗ ਵਿਚ ਪੇਮੈਂਟ ਲੈਣ ਦੀ ਇਜਾਜ਼ਤ ਨਹੀਂ ਮਿਲੇਗੀ (ਵਿਘਨ) ਤਾਂ ਬਿਰਲਾ ਇਸ ਨੂੰ ਕਦੀ ਨਹੀਂ ਖਰੀਦ ਸਕੇਗਾ। ਪੰਜਾਬ ਸਰਕਾਰ ਵਲੋਂ ਹਿੰਦੁਸਤਾਨ ਦੀ ਸਰਕਾਰ ਨੂੰ ਇਹ ਕਹਿ ਦੇਣ ਕਿ ਇਹ ਮਿਲ ਬੜਾ ਨਫਾ ਦੇਣ ਵਾਲੀ ਹੈ (ਵਿਘਨ) ਅਤੇ ਪੰਜਾਬ ਸਰਕਾਰ ਇਸ ਨੂੰ ਖਰੀਦਣ ਤੇ ਤਿਆਰ ਹੈ। ਪੰਜਾਬ ਸਰਕਾਰ ਨੂੰ ਇਸ ਦੇ 51 ਫੀ ਸਦੀ ਸ਼ੇਅਰਜ਼ ਲੈ ਲੈਣੇ ਚਾਹੀਦੇ ਹਨ ਅਤੇ ਬਾਕੀ ਦੇ 49 ਫੀ ਸਦੀ ਸ਼ੇਅਰਜ਼ ਇੰਗਲੈਂਡ ਵਿਚ ਵਸਦੇ ਪੰਜਾਬੀ ਫਾਰਨ ਐਕਸਚੇਂਜ ਵਿਚ ਖਰੀਦਣ। (ਵਿਘਨ) ਇਸ ਨਾਲ ਬਿਰਲਾ ਸਾਹਿਬ ਪੰਜਾਬ ਵਿਚੋਂ ਬਾਹਿਰ ਰਹਿਣਗੇ। ਉਮਰਾਓ ਸਿੰਘ ਪਤਾ ਨਹੀਂ ਬਿਰਲੇ ਨੂੰ ਪੰਜਾਬ ਵਿਚ ਲਿਆਕੇ ਕਿਉਂ ਰਾਜ਼ੀ ਹਨ।

ਵਿਕਾਸ ਮੰਤਰੀ: ਆਨ ਏ ਪੁਆਇੰਟ ਆਫ ਆਰਡਰ, ਸਰ। ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਕੀ ਇਹ ਹਾਊਸ ਦੇ ਆਨਰੇਬਲ ਸਪੀਕਰ ਜਾਂ ਆਨਰੇਬਲ ਮੈਂਬਰ ਜੋ ਕੁਝ ਕਾਂਸਟੀਚੂਸ਼ਨ ਵਿਚ ਹੈ, ਉਸ ਦੇ ਵਿਰੁਧ ਕਰ ਸਕਦੇ ਹਨ? ਨੰਬਰ (2) ਇਹ ਕਿ ਕੀ ਇਹ ਹਾਊਸ ਇਹ ਮਿਜ਼ਾਜ ਰਖਦਾ ਹੈ ਕਿ ਇੰਡੀਅਨ ਕਾਂਸਟੀਚੂਸ਼ਨ ਨੂੰ ਬਦਲ ਸਕੇ। ਅਗਰ ਦੋਵੇਂ ਗਲਾਂ ਇਸ ਤਰ੍ਹਾਂ ਨਹੀਂ ਕਰ ਸਕਦੇ (ਵਿਘਨ) ਮੈਂ ਕਾਨੂੰਨੀ ਨੁਕਤਾ ਨਿਗਾਹ ਨਾਲ ਗਲ ਕਰਦਾ ਹਾਂ। ਤੀਸਰੀ ਗਲ ਪੁਲੀਟੀਕਲ ਇਸ਼ੂ ਹੈ। ਇਸ ਬਾਰੇ ਮੇਰੇ ਲੀਡਰ ਚੀਫ ਮਨਿਸਟਰ ਸਾਹਿਬ ਜਵਾਬ ਦੇਣਗੇ। ਮੈਂ ਤੁਹਾਡੇ ਕੋਲੋਂ ਪੁਛਦਾ ਹਾਂ ਕੀ ਅਸੀਂ ਕਾਂਸਟੀਚੂਸ਼ਨ ਨੂੰ ਬਦਲ ਸਕਦੇ ਹਾਂ? ਇਹ ਹਾਊਸ ਨਹੀਂ ਬਦਲ ਸਕਦਾ। ਇਹ ਪਾਰਲੀਮੈਂਟ ਬਦਲ ਸਕਦੀ ਹੈ। ਕਾਂਸਟੀਚੂਸ਼ਨ ਬਦਲਣ ਲਈ ਅਸੀ ਰੈਜ਼ੋਲੂਸ਼ਨ ਜ਼ਰੂਰ ਕਰ ਸਕਦੇ ਹਾਂ। ਅਸੀਂ ਅਤੇ ਤੁਸੀਂ ਕਾਂਸਟੀਚੂਸ਼ਨ ਦੀ ਸੌਂਹ ਚੁਕੀ ਹੈ। ਤੁਸੀਂ ਸਾਡੇ ਕੋਲੋਂ ਉਹ ਤਵਕੋ ਰਖੋ ਜੋ ਅੱਜ ਦਾ ਕਾਨੂੰਨ ਇਜਾਜ਼ਤ ਦਿੰਦਾ ਹੈ। (ਵਿਘਨ) ਅਸੀਂ ਸਮਾਜਵਾਦ ਲਿਆਉਣਾ ਹੈ (ਵਿਘਨ) ਜਿਹੜਾ ਇਸ ਵਿਚ ਪੁਲੀਟੀਕਲ ਸਵਾਲ ਹੈ ਉਸ ਬਾਰੇ ਮੈਂ ਆਪਣੇ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਬਾਰੇ ਜਵਾਬ ਦੇਣ। ਮੈਂ ਤੁਹਾਡੇ ਕੋਲੋਂ ਇਹ ਜ਼ਰੂਰ ਬੇਨਤੀ ਕਰਾਂਗਾ ਕਿ ਕੋਈ ਅਨ-ਕਾਂਸਟੀਚੂਸ਼ਨਲ ਗੱਲ ਤੁਹਾਡੇ ਕੋਲੋਂ ਨਹੀਂ ਹੋਣੀ ਚਾਹੀਦੀ।

ਸ਼੍ਰੀ ਸਪੀਕਰ : ਕੈਪਟਨ ਸਾਹਿਬ, ਤੁਸੀਂ ਇਹ ਕਿਹਾ ਹੈ ਕਿ ਇਹ ਹਾਊਸ ਕਾਂਸਟੀਚੂਸ਼ਨ ਨੂੰ ਬਦਲਣ ਵਾਸਤੇ ਕੰਪੀਟੈਂਟ ਨਹੀਂ ਹੈ । ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ । ਜਿਥੋਂ ਤਕ ਸਿਫਾਰਿਸ਼ ਕਰਨ ਦਾ ਸਵਾਲ ਹੈ (ਵਿਘਨ) ਇਸ ਹਾਊਸ ਨੇ ਵਿਧਾਨ ਵਿਚ ਤਬਦੀਲੀ ਕਰਨ ਵਾਸਤੇ ਪਾਰਲੀਮੈਂਟ ਨੂੰ ਕਈ ਵਾਰੀ ਸਿਫਾਰਸ਼ਾਂ ਕੀਤੀਆਂ ਹਨ । ਮੈਂ ਇਹ ਨਹੀਂ ਕਹਿੰਦਾ ਕਿ ਕਾਂਸਟੀਚੂਸ਼ਨ ਨੂੰ ਬਦਲਣਾ ਹੈ । ਗੌਰਮੈਂਟ ਆਫ ਇੰਡੀਆ ਨੂੰ ਸਿਫਾਰਿਸ਼ਾਂ ਕਰਦੇ ਰਹੇ ਹਾਂ, ਇਹ ਇਸ ਹਾਊਸ ਦਾ ਹਕ ਹੈ । ਬਾਕੀ ਰਹੀ ਕਾਨੂੰਨ ਬਦਲ ਕੇ ਜਾਇਦਾਦਾਂ ਘਟਾਉਣ ਵਾਲੀ ਗਲ ਇਸ ਵਲ ਸਾਰਾ ਹਾਊਸ ਮੁਤਫਿਕ ਹੈ, ਅਪੋਜ਼ੀਸ਼ਨ ਵਾਲੇ ਲੀਡਰ ਆਫ ਦੀ ਹਾਊਸ ਨਾਲ ਸਹਿਮਤ ਹਨ (ਵਿਘਨ) ਸਾਨੂੰ ਜੋਸ਼ ਵਿਚ ਨਹੀਂ ਆਉਣਾ ਚਾਹੀਦਾ । ਸੁਝਾਓ ਜਿਹੜੇ ਡਾਂਗ ਸਾਹਿਬ ਨੇ ਦਿਤੇ ਹਨ ਸਾਨੂੰ ਉਨ੍ਹਾਂ ਨੂੰ ਸੰਜੀਦਗੀ ਨਾਲ ਸੋਚ ਕੇ ਅਤੇ ਜੇ ਕਾਨੂੰਨ ਅੰਦਰ ਰਹਿੰਦੇ ਹੋਏ ਇਹ ਹੋ ਸਕਦੇ ਹਨ ਤਾਂ ਇਹ ਸਾਰੀਆਂ ਗਲਾਂ ਕਰ ਲੈਣੀਆਂ ਚਾਹੀਦੀਆਂ ਹਨ । (Captain Rattan Singh, you have said that this House is not competent to amend the constitution. There are no two opinions about it. This House has already recommended to the Parliament a number of times to amend certain provisions of the Constitution. I do not say that we may amend the Constitution. But we can certainly make such a recommendation to the Parliament. We have already been doing so. So far as putting a ceiling on property is concerned the whole House is unanimous about it. (*Interruption*) We should not get excited. We should seriously consider the suggestions given by Comrade Dang; and if, remaining within the confines of law, we can act upon them, then we should bring about those changes.)

ਮੁੱਖ ਮੰਤਰੀ : ਸਪੀਕਰ ਸਾਹਿਬ, ਤੁਸੀਂ ਸ਼੍ਰੀ ਸੱਤ ਪਾਲ ਡਾਂਗ ਦੇ ਧਿਆਨ ਦਿਵਾਊ ਮਤੇ ਨੂੰ ਮਨਜ਼ੂਰੀ ਦੇ ਦਿਤੀ ਹੈ । ਮੈਂ ਹੁਣ ਇਸ ਬਹਿਸ ਵਿਚ ਨਹੀਂ ਪੈਣਾ ਚਾਹੁੰਦਾ ਕਿ ਉਹ ਕਾਂਸਟੀਚੂਸ਼ਨਲੀ ਠੀਕ ਹੈ ਜਾਂ ਨਹੀਂ । ਸ਼੍ਰੀ ਸੱਤਪਾਲ ਡਾਂਗ, ਸੀ. ਪੀ. ਆਈ. ਦੇ ਨੇਤਾ ਹਨ ਅਤੇ ਮੈਨੂੰ ਉਨ੍ਹਾਂ ਦਾ ਬੜਾ ਆਦਰ ਹੈ । ਚੰਗਾ ਹੁੰਦਾ ਜੇ ਉਹ ਇਹ ਗਲ ਨੂੰ ਹਾਲੇ ਨਾ ਛੇੜਦੇ । ਜੋ ਗਲਾਂ ਉਹ ਮੇਰੇ ਨਾਲ ਕਰ ਗਏ ਸਨ ਉਹ ਗਲਾਂ ਪੂਰੀਆਂ ਕਰਨ ਤੋਂ ਬਾਅਦ ਉਹ ਸਮਾਜਵਾਦ ਦੀ ਬੁਨਿਆਦ ਜ਼ਿਆਦਾ ਪੱਕੀ ਕਰ ਸਕਦੇ ਸਨ ।

ਸਪੀਕਰ ਸਾਹਿਬ, ਮੇਰੇ ਪਾਸ ਜ਼ਿਲ੍ਹਾ ਕਾਂਗਰਸ ਕਮੇਟੀ, ਅੰਮ੍ਰਿਤਸਰ ਦੀ ਵੀ ਲੈਟਰ ਆਈ ਹੋਈ ਹੈ ਅਤੇ ਮੈਨੂੰ ਡਾਂਗ ਸਾਹਿਬ ਨੇ ਵੀ ਇਹ ਗਲ ਦਸੀ ਹੈ, ਓ. ਸੀ. ਐਮ. ਦੀ ਮਿੱਲ ਜਿਹੜੀ ਹੈ ਇਹ ਅੰਗਰੇਜ਼ਾਂ ਦੀ ਮਿਲ ਸੀ, ਉਹ ਇਕ ਅੰਗਰੇਜ ਦੀ ਕੰਪਨੀ ਹੈ, ਉਹ ਛੱਡਕੇ ਜਾਣਾ ਚਾਹੁੰਦੇ ਸੀ । ਡਾਂਗ ਸਾਹਿਬ ਸੱਚੇ ਹਨ ਕਿ ਉਹ ਛੱਡਕੇ ਜਾਣਾ ਚਾਹੁੰਦੇ ਸਨ ਤਾਂ ਫਿਰ ਉਸ ਮਿੱਲ ਦਾ ਕੋਈ ਮਾਲਿਕ ਇਥੇ ਕੈਪੀਟਲਿਸਟ ਨਹੀਂ ਬਣਨਾ ਚਾਹੀਦਾ ਭਾਵੇਂ ਉਹ ਬਿਰਲਾ ਹੋਵੇ ਅਤੇ ਭਾਵੇਂ ਕੋਈ ਹੋਰ ਹੋਵੇ (ਤਾੜੀਆਂ) ਸਪੀਕਰ ਸਾਹਿਬ, ਮੈਂ ਇਸ ਗਲ ਤੋਂ ਚੰਗੀ ਤਰ੍ਹਾਂ ਜਾਣੂ ਹਾਂ ਕਿ ਕੈਪੀਟਿਲਿਸਟ ਜਾਂ ਸਰਮਾਇਦਾਰ ਇਸ ਗਲ ਦੀ ਕੋਸ਼ਿਸ਼

ਕਰਦੇ ਹਨ ਕਿ ਰਿਆਸਤਾਂ ਵਿਚ ਜਾ ਕੇ ਵੱਡੇ ਵੱਡੇ ਕਾਰਖਾਨੇ ਲਾ ਕੇ ਉਨ੍ਹਾਂ ਉਤੇ ਕੰਟਰੋਲ ਹੀ ਨਹੀਂ ਕਰਨਾ ਬਲਕਿ ਉਹ ਪੁਲਿਟੀਕਲ ਕੰਟਰੋਲ ਵੀ ਇਨਡਾਇਰੈਕਟ ਤੌਰ ਤੇ ਕਰਦੇ ਹਨ। ਉਹ ਆਪਣੇ ਏਜੰਟ ਚੁਣਕੇ ਭਿਜਵਾਉਂਦੇ ਹਨ ਅਤੇ ਇਸ ਤਰ੍ਹਾਂ ਸਮਾਜਵਾਦ ਦੀਆਂ ਬੁਨਿਆਦਾਂ ਨੂੰ ਖੋਖਲਾ ਕਰਦੇ ਹਨ। ਮੈਂ ਇਸ ਗਲ ਤੋਂ ਜਾਣੂ ਹਾਂ। ਸੀ. ਪੀ. ਆਈ. ਅਤੇ ਸਾਡੇ ਆਪੋਜ਼ੀਸ਼ਨ ਦੇ ਵੀਰ ਬੈਠੇ ਹਨ, ਜੇ ਸਾਰਿਆਂ ਤੋਂ ਨਹੀਂ ਤਾਂ ਕਮ-ਅਜ਼-ਕਮ ਇਨ੍ਹਾਂ ਦੇ ਨੇਤਾਵਾਂ ਤੋਂ ਤਾਂ ਮੈਂ ਆਸ ਰੱਖਦਾ ਹਾਂ ਕਿ ਇਹੋ ਜਿਹੇ ਸਿਲਸਲੇ ਵਿਚ ਜਿਥੇ ਵੀ ਕੋਈ ਇੰਡੀਵੀਜ਼ੁਅਲ ਸਰਮਾਇਦਾਰ ਤਕੜਾ ਹੁੰਦਾ ਹੈ ਉਸ ਦੇ ਖਿਲਾਫ ਕਦਮ ਚੁਕਿਆ ਜਾਵੇਗਾ ਅਤੇ ਉਸ ਨੂੰ ਰੋਕਿਆ ਜਾਵੇਗਾ। (ਤਾੜੀਆਂ) ਓ. ਸੀ. ਐਮ. ਦੇ ਸਬੰਧ ਵਿਚ ਗਲ ਕੀਤੀ ਗਈ। ਮੈਂ ਦਸਦਾ ਹਾਂ ਕਿ ਮੈਂ ਗੌਰਮਿੰਟ ਆਫ ਇੰਡੀਆ ਨਾਲ ਗੱਲ ਕਰ ਰਿਹਾ ਹਾਂ ਅਤੇ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਸ ਸਬੰਧ ਵਿਚ ਤੁਹਾਡੀ ਅਤੇ ਹਾਉਸ ਦੀ ਕੋਆਪਰੇਸ਼ਨ ਮੰਗਦਾ ਹਾਂ ਜਿਹੜੇ ਸੱਜਣ ਅੱਜ ਇੰਗਲੈਂਡ ਵਿਚ ਬੈਠੇ ਹਨ ਜਾਂ ਹੋਰ ਮੁਲਕਾਂ ਵਿਚ ਬੈਠੇ ਹਨ ਜੇ ਉਹ ਇਸ ਮਿਲ ਦੇ ਹਿੱਸੇ ਖਰੀਦਕੇ ਸਟਰਲਿੰਗ ਵਿਚ ਉਥੇ ਮਿਲ ਮਾਲਕਾਂ ਨੂੰ ਪੇਮੈਂਟ ਕਰ ਦੇਣ ਤਾਂ ਸਾਨੂੰ ਫਾਰਨ ਐਕਸਚੇਂਜ ਦੀ ਲੋੜ ਨਹੀਂ ਪਵੇਗੀ। ਸਰਕਾਰ ਉਸ ਵਿਚ 51% ਹਿੱਸਾ ਰਖਕੇ ਜੁਆਇੰਟ ਵੈਂਚਰ ਬਣਾ ਸਕਦੀ ਹੈ। ਇਸ ਲਈ ਮੈਂ ਇਸ ਧਿਆਨ ਦਿਵਾਉ ਮਤੇ ਦੇ ਸਬੰਧ ਵਿਚ ਸਟੇਟਮੈਂਟ ਦੇ ਦਿੱਤੀ ਹੈ ਤਾਂਕਿ ਇਹ ਨਿੱਬੜ ਜਾਵੇ। ਸਪੀਕਰ ਸਾਹਿਬ, ਮੈਂ ਤੁਹਾਡੀ ਜਾਣਕਾਰੀ ਲਈ ਦੱਸਦਾ ਹਾਂ ਕਿ ਹਰ ਧਿਆਨ ਦਿਵਾਉ ਮਤੇ ਉਤੇ ਜਲਦੀ ਜਵਾਬ ਦਿਤਾ ਜਾ ਸਕਦਾ ਹੈ ਅਸੀਂ ਤਿਆਰੀ ਵੀ ਰੱਖਦੇ ਹਾਂ ਲੇਕਿਨ ਜਾਣ ਬੁੱਝਕੇ ਕਈ ਵਾਰੀ ਉਸ ਦਾ ਜਵਾਬ ਦੇਣਾ ਠੀਕ ਨਹੀਂ ਹੁੰਦਾ। ਪਬਲਿਕ ਇੰਟਰੈਸਟ ਵਾਸਤੇ ਉਸ ਦਾ ਜਵਾਬ ਨਹੀਂ ਦਿਤਾ ਜਾਂਦਾ। ਜੇ ਕ੍ਰਿਪਾ ਕਰਕੇ ਤੁਸੀਂ ਬੱਜਟ ਸੈਸ਼ਨ ਵਿੱਚ ਧਿਆਨ ਦਿਵਾਉ ਮਤੇ ਐਨੇ ਜ਼ਿਆਦਾ ਨਾ ਲਿਆਉ, ਫਿਰ ਠੀਕ ਰਹੇਗਾ। ਬੱਜਟ ਸੈਸ਼ਨ ਵਿਚ ਫਾਈਨੈਂਸ ਮਨਿਸਟਰ ਦੀ ਅਤੇ ਗਵਰਨਰ ਦੀ ਸਪੀਚ ਵਿਚ ਮੈਂਬਰ ਸਾਹਿਬਾਨ ਨੂੰ ਬਹੁਤ ਸਮਾਂ ਮਿਲ ਜਾਂਦਾ ਹੈ, ਜਿੰਨਾ ਮਰਜ਼ੀ ਉਹ ਬੋਲ ਸਕਦੇ ਹਨ, ਤਜਵੀਜ਼ਾਂ ਦੇ ਸਕਦੇ ਹਨ, ਕਰਿ-ਟੀਸਿਜ਼ਮ ਕਰ ਸਕਦੇ ਹਨ, ਇਤਲਾਹ ਵੀ ਲੈ ਸਕਦੇ ਹਨ ਉਨ੍ਹਾਂ ਨੂੰ ਜਵਾਬ ਵੀ ਮਿਲ ਸਕਦੇ ਹਨ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਸ ਤਰ੍ਹਾਂ ਕਰਕੇ ਹਾਉਸ ਦਾ ਟਾਇਮ ਵੀ ਬਚਾਇਆ ਜਾ ਸਕਦਾ ਹੈ। ਤੁਸੀਂ ਤਾਂ ਆਪ ਬੜੇ ਸਮਾਜਵਾਦੀ ਹੋ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਮੇਰੀ ਪ੍ਰਾਰਥਨਾ ਨੂੰ ਪਰਵਾਨ ਕੀਤਾ ਜਾਵੇ।

ਸਰਦਾਰ ਜਸਵਿੰਦਰ ਸਿੰਘ ਬਰਾੜ : ਪਰਸਨਲ ਐਕਸਪਲੇਨੇਸ਼ਨ, ਸਰ।

ਸ੍ਰੀ ਸਪੀਕਰ : ਉਨ੍ਹਾਂ ਨੇ ਤੁਹਾਡੇ ਖਿਲਾਫ ਕੁਝ ਨਹੀਂ ਕਿਹਾ। (ਵਿਘਨ) ਉਨ੍ਹਾਂ ਨੇ ਤੁਹਾਡੀ ਜ਼ਾਤ ਦੇ ਖਿਲਾਫ ਕੋਈ ਗੱਲ ਨਹੀਂ ਕਹੀ। (He has not said any thing against your person.) (*Interruption*)

ਸਰਦਾਰ ਜਸਵਿੰਦਰ ਸਿੰਘ ਬਰਾੜ : ਚਲੋ ਮੈਂ ਪੁਆਇੰਟ ਆਫ ਆਰਡਰ ਤੇ ਖੜਾ ਹੁੰਦਾ ਹਾਂ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਨੂੰ ਬੇਨਤੀ ਕਰਾਂਗਾ ਕਿ ਜਿਥੋਂ ਤੱਕ ਮੇਰੀ ਜਾਤ ਦਾ ਸਬੰਧ ਹੈ ਉਹ ਤਾਂ ਸਦਨ ਤੋਂ ਬਾਹਿਰ ਹੈ ਪਰ ਮੈਂ ਅਤੇ ਮੇਰੀ ਪਾਰਟੀ ਨੇ ਜੋ ਸੋਸ਼ਲਿਜ਼ਮ ਲਿਆਉਣ ਦਾ ਫੈਸਲਾ ਕੀਤਾ ਹੈ ਉਹ ਅਸੀਂ ਸਾਰਿਆਂ ਨੇ ਰਲ ਕੇ ਕੀਤਾ ਹੈ (ਤਾੜੀਆਂ) ਮੈਂ ਬੇਨਤੀ

[ਸਰਦਾਰ ਜਸਵਿੰਦਰ ਸਿੰਘ ਬਰਾੜ]

ਕਰਦਾ ਹਾਂ ਕਿ ਸੋਸ਼ਲਿਜ਼ਮ ਲਿਆਉਣ ਵਾਸਤੇ ਸਾਡੀ ਗੱਲ ਹੋਈ ਅਤੇ ਮੈਂ ਪਰੈੱਸ ਵਾਲਿਆਂ ਨੂੰ ਇਸ ਬਾਰੇ ਖਬਰ ਦਿੱਤੀ, ਇਹ ਸਾਡੀ ਸਾਰਿਆਂ ਦੀ ਗੱਲ ਹੈ । ਇਕ ਮੇਰੀ ਬੇਨਤੀ ਇਹ ਹੈ ਕਿ ਜਿਥੇ ਅਸੀਂ ਹਰੀਜਨ ਵਰਗ ਨੂੰ ਅੱਗੇ ਲਿਆਉਣ ਦੇ ਯਤਨ ਕਰਨੇ ਹਨ ਅਤੇ ਕੀਤੇ ਹਨ ਉਥੇ ਅਸੀਂ ਟਾਟਾ ਅਤੇ ਬਿਰਲਿਆਂ ਵੱਲ ਵੀ ਖਾਸ ਧਿਆਨ ਦੇਣਾ ਹੈ ਅਤੇ ਗਰੀਬ ਵਰਗ ਨੂੰ ਉਨ੍ਹਾਂ ਦੇ ਬਰਾਬਰ ਲਿਆਉਣ ਲਈ ਕਾਨੂੰਨ ਵਿਚ ਸੋਧ ਕਰਨੀ ਪਵੇਗੀ ਚਾਹੇ ਇਹ ਪਾਰਲੀਮੈਂਟ ਦਾ ਕੰਮ ਹੈ, ਚਾਹੇ ਅਸੈਂਬਲੀ ਦਾ ਕੰਮ ਹੈ, ਉਸ ਦੇ ਵਿਚ ਲੀਗਲ ਸੋਧ ਕਰਨੀ ਪਵੇਗੀ । ਸਪੀਕਰ ਸਾਹਿਬ, ਜਿਸ ਤਰ੍ਹਾਂ ਤੁਸੀਂ ਕਿਹਾ ਹੈ ਮੈਂ ਸਮਝਦਾ ਹਾਂ ਕਿ ਇਸ ਵਿਚ ਸੋਧ ਕਰਨ ਬਾਰੇ ਜਿੰਨੀ ਵੀ ਅਸੀਂ ਸੋਧ ਸਦਨ ਦੇ ਸਾਰੇ ਮੈਂਬਰ ਕਰ ਸਕਦੇ ਹਾਂ ਉਹ ਸਾਰੇ ਮੇਰੇ ਸਾਥੀਆਂ ਨੂੰ ਨਾਲ ਲੈ ਕੇ ਜਿੰਨੀ ਛੇਤੀ ਕਰ ਸਕਦੇ ਹਾਂ, ਕਰਨੀ ਚਾਹੀਦੀ ਹੈ । ਧਨਵਾਨਾਂ ਨੂੰ ਪੰਜਾਬ ਵਿਚ ਪੈਰ ਨਹੀਂ ਰੱਖਣ ਦੇਣਾ ਚਾਹੀਦਾ ਉਨ੍ਹਾਂ ਨੂੰ ਪੰਜਾਬ ਵਿਚ ਨਾ ਆਉਣ ਦਿਉ ਇਸ ਲਈ ਮੈਂ ਰੂਲਿੰਗ ਪਾਰਟੀ ਵਾਲਿਆਂ ਨੂੰ ਭਾਵ ਕਿ ਸਾਰਿਆਂ ਨੂੰ ਬੇਨਤੀ ਕਰਦਾ ਹਾਂ ਕਿ ਜਿੰਨਾ ਵੀ ਕਮਜ਼ੋਰ ਵਰਗ ਨੂੰ ਅੱਗੇ ਲਿਆਉਣ ਵਾਸਤੇ ਜੋ ਅਸੀਂ ਕਰ ਸਕਦੇ ਹਾਂ ਸਾਨੂੰ ਸਾਰਿਆਂ ਨੂੰ ਕਰਨਾ ਚਾਹੀਦਾ ਹੈ । (ਤਾੜੀਆਂ)

STATEMENTS LAID ON THE TABLE OF THE HOUSE IN REPLY TO CALL ATTENTION NOTICES

ਸਿਖਿਆ ਮੰਤਰੀ (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ ਮੈਂ ਧਿਆਨ ਦਿਵਾਊ ਮਤਾ ਨੰ: 23, 58 ਅਤੇ 63 ਦੇ ਜਵਾਬ ਸਦਨ ਦੀ ਮੇਜ਼ ਤੇ ਰੱਖਦਾ ਹਾਂ ।

(Serial No. 23)

Shri Yash Pau : To draw the attention of the Government towards a matter of urgent public importance, namely, the Class IV employees, called Mais, were given appointments in different districts of the State, in the Department of Education. These Mais worked for six to nine months, but they have not been given their salaries for these periods which has caused great hardship to these Mais and their families. The Government appointed them in anticipation of sanction, but these Mais were turned out even though they worked without salaries from six to nine months. Hence this Call-Attention Motion.

Sardar Umrao Singh (Education Minister) : Under Plan Scheme 'Special Scheme for Girls Education' 300 posts of School Mothers (Mais) were created in the Primary Schools during the year 1970-71. Due to certain reasons, the sanction for the continuance of these posts during the year 1971-72 could not be issued. In this very hope that these posts will be sanctioned during 1971-72 the services of these Mais were not terminated by the Education Department and they continued on their posts. But due to the unlikely-hood of these posts being sanctioned, these Mais left their jobs after sometime. The matter is under consideration of the Government and they will be paid their salaries for the period they worked, provided these posts are sanctioned.

[ਪਲਾਨ ਸਕੀਮ 'ਸਪੈਸ਼ਲ ਸਕੀਮ ਫਾਰ ਗਰਲਜ਼ ਐਜੂਕੇਸ਼ਨ' ਦੇ ਹੇਠ ਸਾਲ 1970-71 ਵਿਚ 300 ਸਕੂਲ ਮਦਰਜ਼ (ਮਾਈਆਂ) ਦੀਆਂ ਅਸਾਮੀਆਂ ਪ੍ਰਾਇਮਰੀ ਸਕੂਲਾਂ ਲਈ ਰਖਾਈਆਂ ਗਈਆਂ ਸਨ । ਕੁਝ ਕਾਰਨਾਂ ਕਰਕੇ ਇਹ ਆਸਾਮੀਆਂ ਸਾਲ 1971-72 ਵਿਚ ਜਾਰੀ ਰੱਖਣ ਲਈ ਮਨਜ਼ੂਰੀ ਨਹੀਂ ਦਿੱਤੀ ਜਾ ਸਕੀ । ਇਸੇ ਆਸ ਨਾਲ ਕਿ ਇਹ ਆਸਾਮੀਆਂ ਸਾਲ

1971-72 ਵਿਚ ਮਨਜ਼ੂਰ ਹੋ ਜਾਣਗੀਆਂ, ਵਿਭਾਗ ਵਲੋਂ ਇਨ੍ਹਾਂ ਮਾਈਆਂ ਦੀਆਂ ਨੌਕਰੀਆਂ ਖਤਮ ਨਹੀਂ ਕੀਤੀਆਂ ਗਈਆਂ ਅਤੇ ਉਹ ਨੌਕਰੀ ਤੇ ਲੱਗੀਆਂ ਰਹੀਆਂ । ਪਰ ਇਹ ਆਸਾਮੀਆਂ ਦੀ ਮਨਜ਼ੂਰੀ ਯਕੀਨੀ ਨਾਂ ਹੋਣ ਕਾਰਨ, ਕੁਝ ਸਮੇਂ ਬਾਅਦ ਇਹ ਮਾਈਆਂ ਨੌਕਰੀ ਛੱਡ ਗਈਆਂ। ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਆਸਾਮੀਆਂ ਮਨਜ਼ੂਰ ਹੋਣ ਦੀ ਸੂਰਤ ਵਿਚ ਇਨ੍ਹਾਂ ਮਾਈਆਂ ਨੂੰ ਕੰਮ ਕੀਤੇ ਸਮੇਂ ਦੀ ਤਨਖਾਹ ਦੇ ਦਿੱਤੀ ਜਾਵੇਗੀ।]

(Serial No. 58)

Comrade Satyapal Dang : to draw the attention of the Government towards a matter of urgent public importance, namely the resentment amongst the people of Jullundur resulting from the sale of wheat on the depots at higher rates. According to the citizens of Jullundur the depot holders had earned huge profits and there is a big scandal involving the sale of hundreds of tons of wheat in the black market. This has created a wave of tension amongst the people of Jullundur and hence this notice. The Government is requested to intervene and make a statement in this regard.

Shri Gian Chand Kharbanda (Minister for Food and Supplies) : No specific instance has been indicated by the Hon'ble member about the sale of wheat at higher rates at depots in Jullundur. Suitable action would be taken on receipt of full details of any case involving sale of wheat in black market.

Government have received no complaint about the sale of wheat in the blackmarket or over charging of rates for wheat issued by the depot holders at Jullundur during the current season. However, District Food and Supplies Controller, Jullundur has been asked to be vigilant in this respect.

[ਜਲੰਧਰ ਵਿਖੇ ਡਿਪੂਆਂ ਤੇ ਕਣਕ ਦੇ ਉਚੇ ਭਾਆਂ ਤੇ ਵੇਚਣ ਦੇ ਸਬੰਧ ਵਿਚ ਮਾਨਯੋਗ ਮੈਂਬਰ ਵਲੋਂ ਕੋਈ ਸਪੱਸ਼ਟ ਉਦਾਹਰਣ ਨਹੀਂ ਦਰਸਾਈ ਗਈ ਹੈ । ਕਣਕ ਦੇ ਚੋਰ ਬਜ਼ਾਰੀ ਵਿਚ ਵੇਚਣ ਦੇ ਸਬੰਧ ਵਿਚ ਕਿਸੇ ਵੀ ਕੇਸ ਦਾ ਪੂਰਾ ਵੇਰਵਾ ਆਉਣ ਉਪਰੰਤ ਯੋਗ ਕਾਰਵਾਈ ਕੀਤੀ ਜਾਵੇਗੀ । ਜਲੰਧਰ ਵਿਖੇ ਚਾਲੂ ਮੌਸਮ ਦੇ ਦੌਰਾਨ ਕਣਕ ਦੀ ਬਲੈਕ ਮਾਰਕਿਟ ਵਿਚ ਵੇਚਣ ਦੇ ਸਬੰਧ ਵਿਚ ਜਾਂ ਡਿਪੂ ਹੋਲਡਰਾਂ ਵਲੋਂ ਜਾਰੀ ਕੀਤੀ ਗਈ ਕਣਕ ਦੀ ਅਧਿਕ ਕੀਮਤ ਲੈਣ ਦੇ ਸਿਲਸਿਲੇ ਵਿਚ ਸਰਕਾਰ ਕੋਲ ਕੋਈ ਵੀ ਸ਼ਕਾਇਤ ਨਹੀਂ ਪੁਜੀ ਹੈ । ਇਸ ਸਬੰਧ ਵਿਚ ਜਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ, ਜਲੰਧਰ ਨੂੰ ਚੋਕਸ ਰਹਿਣ ਲਈ ਤਾਕੀਦ ਕਰ ਦਿੱਤੀ ਗਈ ਹੈ ।]

(ਕ੍ਰਮ ਨੰ: 63)

ਕਾਮਰੇਡ ਜੰਗੀਰ ਸਿੰਘ ਜੋਗਾ
ਕਾਮਰੇਡ ਅੱਛਰਾ ਸਿੰਘ } : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਜ਼ਰੂਰੀ ਮਾਮਲੇ ਵੱਲ ਦਿਵਾਉਣਗੇ, ਅਰਥਾਤ, ਪੰਜਾਬ ਰਾਜ ਵਿਚ ਆਮ ਕਰਕੇ ਅਤੇ ਜ਼ਿਲ੍ਹਾ ਬਠਿੰਡੇ ਵਿਚ ਖਾਸ ਕਰਕੇ ਕੋਲੇ ਦੀ ਵੰਡ ਵਿਚ ਧਾਂਦਲੀ ਮਚੀ ਹੋਈ ਹੈ ਜਿਸ ਕਾਰਨ ਬਹੁਤ ਸਾਰੇ ਭੱਠੇ ਚਾਲੂ ਨਹੀਂ ਕੀਤੇ ਜਾ ਸਕੇ ਅਤੇ ਪਿੰਡਾਂ ਦੇ ਲੋਕਾ ਨੂੰ ਇੱਟਾਂ ਨਹੀਂ ਮਿਲ ਰਹੀਆਂ । ਸਰਕਾਰ ਦਾ ਧਿਆਨ ਇਸ ਧਾਂਦਲੀ ਵੱਲ ਦੁਆਇਆ ਜਾਂਦਾ ਹੈ ਤੇ ਤੁਰਤ ਕਾਰਵਾਈ ਲਈ ਕਿਹਾ ਜਾਂਦਾ ਹੈ ।

ਸ੍ਰੀ ਗਿਆਨ ਚੰਦ ਖਰਬੰਦਾ (ਖੁਰਾਕ ਤੇ ਸਪਲਾਈ ਮੰਤਰੀ) : ਮਾਨਯੋਗ ਮੈਂਬਰ ਮਹੋਦਯ ਨੇ ਕੋਲੇ ਦੀ ਵੰਡ ਵਿੱਚ ਕਿਸੇ ਖਾਸ ਤਰੁਟੀ ਬਾਰੇ ਨਹੀਂ ਦੱਸਿਆ ਜਿਸ ਬਾਰੇ ਪਤਾ ਕੀਤਾ ਜਾ ਸਕੇ। ਕਥਿਤ ਧਾਂਦਲੀ ਬਾਰੇ ਵਿਸਥਾਰ ਪੂਰਬਕ ਸੂਚਨਾ ਦਿੱਤੀ ਜਾਣ ਤੇ ਉਸ ਬਾਰੇ ਯੋਗ ਕਾਰਵਾਈ ਕੀਤੀ ਜਾਏਗੀ। ਕੋਲੇ ਦੀ ਠੀਕ ਢੰਗ ਨਾਲ ਵੰਡ ਕਰਾਉਣ ਲਈ ਸਰਕਾਰ ਨੇ ਪਹਿਲੇ ਹੀ ਹਰ ਜ਼ਿਲੇ ਵਿਚ ਇੱਕ ਇੱਕ ਕਮੇਟੀ ਬਣਾਈ ਹੋਈ ਹੈ ਜਿਸ ਦਾ ਚੇਅਰਮੈਨ ਸਬੰਧਤ ਜ਼ਿਲ੍ਹਾ ਮੈਜਿਸਟਰੇਟ ਹੈ। ਕਮੇਟੀ ਦੇ ਦੂਜੇ ਮੈਂਬਰ ਇਹ ਹਨ :—

(1) ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ .. ਮੈਂਬਰ

(2) ਕੋਲੇ ਦਾ ਕੰਸਾਇਨੀ .. ਮੈਂਬਰ

(3) ਭੱਠੇ ਵਾਲਿਆਂ ਦਾ ਪ੍ਰਤੀਨਿਧ .. ਮੈਂਬਰ

ਸਾਰੇ ਭੱਠੇ ਚਾਲੂ ਨਾਂ ਹੋਣ ਦਾ ਕਾਰਨ ਕੋਲੇ ਦੀ ਗਲਤ ਵੰਡ ਨਹੀਂ ਹੈ ਪਰੰਤੂ ਇਸ ਦਾ ਵੱਡਾ ਕਾਰਨ ਕੋਲੇ ਦਾ ਘੱਟ ਆਉਣਾ ਹੈ। ਰੇਲਵੇ ਬੋਰਡ ਨੇ ਪੰਜਾਬ ਲਈ 37 ਰੇਕਾਂ ਕੋਲੇ ਦਾ ਕੋਟਾ ਨਿਯਤ ਕੀਤਾ ਹੋਇਆ ਹੈ ਪਰ ਸਾਨੂੰ ਕੋਲਾ ਔਸਤਨ 7-8 ਰੇਕਾਂ ਹਰ ਮਹੀਨੇ ਮਿਲਦਾ ਹੈ। ਇੱਟਾਂ ਦੀ ਥੁੜ ਦੂਰ ਕਰਨ ਲਈ ਰੇਲਵੇ ਨੂੰ ਜ਼ਿਆਦਾ ਕੋਲਾ ਭੇਜਣ ਲਈ ਕਿਹਾ ਜਾ ਚੁੱਕਾ ਹੈ ਅਤੇ ਹੋਰ ਵੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਸੰਬੰਧ ਵਿਚ ਮੈਂ ਫਿਰ ਸੈਂਟਰਲ ਮਨਿਸਟਰਾਂ ਨੂੰ ਮਿਲ ਰਿਹਾ ਹਾਂ।

RESOLUTION

RE: CONVERSION INTO GRANTS, THE LOANS GIVEN/PROPOSED TO BE GIVEN TO THE INDUSTRIAL WORKERS IN THE STATE WHO SUFFERED UNEMPLOYMENT AS A RESULT OF THE RECENT INDO-PAK WAR.

ਕਾਮਰੇਡ ਸਤਪਾਲ ਡਾਂਗ (ਅੰਮ੍ਰਿਤਸਰ, ਪੱਛਮੀ) : ਸਪੀਕਰ ਸਾਹਿਬ, ਮੈਂ ਇਹ ਮਤਾ ਪੇਸ਼ ਕਰਨ ਦੀ ਆਗਿਆ ਮੰਗਦਾ ਹਾਂ ਕਿ ਪੰਜਾਬ ਸਰਕਾਰ ਨੇ ਉਨ੍ਹਾਂ ਸਨਅਤੀ ਮਜ਼ਦੂਰਾਂ ਨੂੰ ਜਿਹੜੇ ਜੰਗ ਦੇ ਕਾਰਨ ਬੇਕਾਰ ਹੋਏ, ਉਨ੍ਹਾਂ ਨੂੰ ਜਿਹੜੇ ਕਰਜ਼ੇ ਦਿੱਤੇ ਜਾਂ ਦੇਣ ਦੀ ਤਜਵੀਜ਼ ਹੈ, ਇਹ ਕਰਜ਼ੇ ਗਰਾਂਟ ਦੇ ਰੂਪ ਵਿਚ ਦਿੱਤੇ ਜਾਣ।

(ਵਿਘਨ)

ਸਿਖਿਆ ਮੰਤਰੀ : ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਹ ਜਿਹੜਾ ਮਤਾ ਹੈ ਇਹ ਕਾਮਰੇਡ ਜੰਗੀਰ ਸਿੰਘ ਜੋਗਾ ਵਲੋਂ ਹੈ ਪਰ ਉਹ ਇਥੇ ਮੌਜੂਦ ਨਹੀਂ ਹਨ ਅਤੇ ਬਾਹਰ ਚਲੇ ਗਏ ਹਨ। ਇਹ ਪਹਿਲਾ ਮਤਾ ਹੈ ਅਤੇ ਦੂਸਰੇ ਮਤੇ ਵੀ ਇਸੇ ਤਰ੍ਹਾਂ ਦੇ ਹਨ। ਮੇਰੀ ਬੇਨਤੀ ਹੈ ਕਿ ਇਸ ਤਰ੍ਹਾਂ ਇਹ ਪਹਿਲਾ ਮਤਾ ਲੈਪਸ ਹੋ ਗਿਆ ਤਾਂ ਦੂਸਰੇ ਮਤੇ ਉਸ ਸ਼ੇਪ ਵਿਚ ਪੇਸ਼ ਨਹੀਂ ਹੋ ਸਕਦੇ। (ਵਿਘਨ) (ਸ਼ੋਰ)

ਕਾਮਰੇਡ ਸੱਤਪਾਲ ਡਾਂਗ : ਮੈਂ ਇਸ ਨੂੰ ਪਹਿਲਾਂ ਹੀ ਮੂਵ ਕਰ ਚੁਕਾ ਹਾਂ।

(ਵਿਘਨ) (ਸ਼ੋਰ)

ਸ਼੍ਰੀ ਸਪੀਕਰ : ਉਹ ਮਤਾ ਲੈਪਸ ਕਿਸ ਤਰ੍ਹਾਂ ਹੋ ਗਿਆ ? (How did that lapse ?)

ਸਿਖਿਆ ਮੰਤਰੀ : ਇਸ ਮਤੇ ਦਾ ਨੋਟਿਸ 4 ਮੈਂਬਰਾਂ ਵਲੋਂ ਵੱਖ ਵੱਖ ਆਇਆ ਹੈ। ਪਰ ਪਹਿਲਾ ਮਤਾ ਜਿਸ ਮੈਂਬਰ ਵਲੋਂ ਹੈ ਉਹ ਇਥੇ ਹਾਜ਼ਰ ਨਹੀਂ ਹੈ। (ਵਿਘਨ) (ਸ਼ੋਰ) ਉਸ ਨੂੰ ਜਾਣ ਕੇ ਖਿਸਕਾ ਦਿਤਾ ਗਿਆ ਹੈ . . . (ਵਿਘਨ) (ਸ਼ੋਰ)

ਸ਼੍ਰੀ ਸਪੀਕਰ : ਤੁਸੀਂ ਹੁਣ ਮਨਿਸਟੀਰੀਅਲ ਬੈਂਚਿਜ਼ ਤੇ ਬੈਠੇ ਹੋ ਦੂਸਰੇ ਪਾਸੇ ਨਹੀਂ ਬੈਠੇ। (ਵਿਘਨ) (ਸ਼ੋਰ) (*Addressing the Education Minister* : You are now on the Treasury Benches and not on the Opposition Benches.)

ਸਰਦਾਰ ਅਜਾਇਬ ਸਿੰਘ ਸੰਧੂ : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਸਰਦਾਰ ਉਮਰਾਓ ਸਿੰਘ ਵਜ਼ੀਰ ਹਨ ਜਾਂ ਕੁਝ ਹੋਰ ਹਨ ? (ਵਿਘਨ)

(ਇਸ ਸਮੇਂ ਕਾਮਰੇਡ ਸੱਤਪਾਲ ਡਾਂਗ ਬੋਲਣ ਵਾਸਤੇ ਖੜੇ ਹੋਏ) (ਵਿਘਨ) (ਸ਼ੋਰ)

ਵਿਕਾਸ ਮੰਤਰੀ : ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਕੀ ਕੋਈ ਆਨਰੇਬਲ ਮੈਂਬਰ ਜੇ ਮਨਿਸਟਰ ਬਣ ਜਾਵੇ ਤਾਂ ਕੀ ਉਹ ਮੈਂਬਰੀ ਦਾ ਹੱਕ ਛੱਡ ਦਿੰਦਾ ਹੈ ? (ਵਿਘਨ) (ਸ਼ੋਰ)

ਸ਼੍ਰੀ ਸਪੀਕਰ : ਜੇ ਤੁਸੀਂ ਮਨਿਸਟਰ ਬਣ ਕੇ ਆਪੋਜ਼ੀਸ਼ਨ ਦਾ ਰੋਲ ਅਦਾ ਕਰੋ ਤਾਂ ਠੀਕ ਨਹੀਂ। (ਵਿਘਨ) (ਹਾਸਾ) (It does not look nice for a Minister to play the role of Opposition.)

ਕਾਮਰੇਡ ਸੱਤਪਾਲ ਡਾਂਗ : ਜਦੋਂ ਮੇਰਾ ਮਤਾ ਪੇਸ਼ ਕਰਨ ਦੇ ਬਾਅਦ ਸਰਦਾਰ ਉਮਰਾਓ ਸਿੰਘ ਜੀ ਆਪਣੀ ਸੀਟ ਤੇ ਖੜੇ ਹੋਏ ਤਾਂ ਮੈਂ ਇਸ ਗੱਲ ਦੀ ਆਸ ਕਰਦਾ ਸੀ ਕਿ ਸ਼ਾਇਦ ਸਰਦਾਰ ਉਮਰਾਓ ਸਿੰਘ ਕਹਿਣਗੇ ਕਿ ਇਹ ਠੀਕ ਹੈ ਕਿਉਂਕਿ ਉਹ ਰੀਹੈਬ-ਲੀਟੇਸ਼ਨ ਦੇ ਮਨਿਸਟਰ ਹਨ। ਮੈਂ ਸਮਝਦਾ ਸੀ ਕਿ ਉਹ ਕਹਿਣਗੇ ਕਿ ਇਹ ਮਤਾ ਬਿਲਕੁਲ ਵਾਜਬ ਹੈ ਅਤੇ ਸਰਕਾਰ ਇਸ ਨੂੰ ਪਰਵਾਨ ਕਰਦੀ ਹੈ। ਪਰ ਜਿਹੜਾ ਉਨ੍ਹਾਂ ਨੇ ਇਤਰਾਜ਼ ਕੀਤਾ ਉਹ ਗੱਲ ਸੁਣਕੇ ਮੈਨੂੰ ਸਿਰਫ ਦੁੱਖ ਨਹੀਂ ਹੋਇਆ, ਸਗੋਂ ਮੇਰੇ ਮਨ ਵਿਚ ਇਹ ਯਕੀਨ ਹੁੰਦਾ ਜਾ ਰਿਹਾ ਹੈ ਕਿ ਉਨ੍ਹਾਂ ਨੇ ਬਿਰਲੇ ਦੀ ਵਕਾਲਤ, ਜੋ ਕਿ ਥੋੜ੍ਹਾ ਸਮਾਂ ਪਹਿਲਾਂ ਕੀਤੀ ਸੀ, ਉਹ ਕੋਈ ਇਤਫਾਕ ਦੀ ਗੱਲ ਨਹੀਂ ਸੀ। (ਤਾੜੀਆਂ) (ਵਿਘਨ)

ਸਿਖਿਆ ਮੰਤਰੀ : ਪਰਸਨਲ ਐਕਸਪਲੇਨੇਸ਼ਨ ਸਰ। ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਚੀਫ ਮਨਿਸਟਰ ਸਾਹਿਬ ਨੇ ਸਾਡੀ ਪਾਰਟੀ ਦੇ ਮੁਤੱਲਕ ਜੋ ਨਜ਼ਰੀਆਂ ਸੀ ਉਹ ਕਲੀਅਰਲੀ ਦੱਸਿਆ ਹੈ। ਮੈਂ ਬਿਲਕੁਲ ਬਿਰਲੇ ਦੀ ਵਕਾਲਤ ਨਹੀਂ ਕੀਤੀ।(ਵਿਘਨ) ਮੈਂ ਉਸ ਦੇ ਉਤਨਾ ਹੀ ਖਿਲਾਫ਼ ਹਾਂ ਜਿਤਨਾ ਕਿ ਡਾਂਗ ਸਾਹਿਬ ਖਿਲਾਫ਼ ਹਨ। ਮੈਂ

[ਸਿਖਿਆ ਮੰਤਰੀ]

ਚਾਹੁੰਦਾ ਹਾਂ ਕਿ ਇਸ ਪੰਜਾਬ ਦੀ ਪਵਿੱਤਰ ਜਗ੍ਹਾ, ਜ਼ਮੀਨ ਦੇ ਉਤੇ ਕੋਈ ਬਲੈਕ ਮਾਰਕੀਟਿੰਗ ਨਾ ਹੋਵੇ। ਸਪੀਕਰ ਸਾਹਿਬ, ਜਿਸ ਤਰ੍ਹਾਂ ਤੁਸੀਂ ਕਿਹਾ ਹੈ ਕਿ ਕੰਸਟੀਚਿਊਸ਼ਨ ਬਦਲਿਆ ਜਾ ਸਕਦਾ ਹੈ, ਮੈਂ ਇਸ ਗੱਲ ਨਾਲ ਵੀ ਸਹਿਮਤ ਹਾਂ। (ਵਿਘਨ) (ਸ਼ੋਰ) ਸਾਡੇ ਵਿਧਾਨ ਵਿਚ ਸੌਦੇ ਕਰਨ ਤੇ ਪਾਬੰਦੀ ਨਹੀਂ ਲਗਾਈ ਗਈ। ਮੈਂ ਚਾਹੁੰਦਾ ਹਾਂ ਕਿ ਸੌਦਿਆਂ ਤੇ ਪਾਬੰਦੀ ਲਗਾਈ ਜਾਵੇ। ਅਸੀਂ ਚਾਹੁੰਦੇ ਹਾਂ ਕਿ ਕਿਸੇ ਕੋਲ ਵੀ ਵੱਧ ਜਾਇਦਾਦ ਜਾਂ ਜ਼ਮੀਨ ਨਾ ਹੋਵੇ, ਇਸ ਦੇ ਉਤੇ ਪਾਬੰਧੀ ਨਹੀਂ ਲੱਗੀ। (ਵਿਘਨ) ਇਸ ਲਈ ਮੈਂ ਬੇਨਤੀ ਕੀਤੀ ਹੈ ਕਿ ਡਾਂਗ ਸਾਹਿਬ ਨੇ ਜੋ ਬਿਰਲੇ ਦੇ ਮੁਤੱਲਕ ਕਿਹਾ ਹੈ ਮੈਂ ਕਹਿੰਦਾ ਹਾਂ ਕਿ ਮੈਂ ਤਾਂ ਜ਼ਿੰਦਗੀ ਵਿਚ ਬਿਰਲੇ ਦੇ ਦਫ਼ਤਰ ਵਿਚ ਨਹੀਂ ਗਿਆ ਪਰ ਇਹ 20 ਵਾਰੀ ਉਨ੍ਹਾਂ ਦੇ ਏਜੰਟ ਨੂੰ ਮਿਲੇ ਹਨ ਅਤੇ ਉਨ੍ਹਾਂ ਦੇ ਦਫ਼ਤਰ ਗਏ ਹਨ। (ਵਿਘਨ) (ਸ਼ੋਰ)

ਸ੍ਰੀ ਸਪੀਕਰ : ਇਹ ਕੋਈ ਪਰਸਨਲ ਐਕਸਪਲੇਨੇਸ਼ਨ ਨਹੀਂ ਹੈ। ਤੁਸੀਂ ਤਾਂ ਕਾਊਂਟਰ ਐਲੀਗੇਸ਼ਨਜ਼ ਲਾਉਂਦੇ ਪਏ ਹੋ। (ਵਿਘਨ) (This is not a personal explanation. You are levelling counter allegations.)

ਕਾਮਰੇਡ ਸੱਤਪਾਲ ਡਾਂਗ : ਤੁਸੀਂ ਤਾਂ ਵੱਡੇ ਦਿਲ ਵਾਲੇ ਹੋ। ਪਰ ਸਪੀਕਰ ਸਾਹਿਬ ਤੁਸੀਂ ਪਰਸਨਲ ਐਕਸਪਲੇਨੇਸ਼ਨ ਦੇ ਵਿਚ ਇਲਜ਼ਾਮ ਲਾਉਣ ਤੋਂ ਉਨ੍ਹਾਂ ਨੂੰ ਰੋਕਿਆ ਨਹੀਂ। (ਵਿਘਨ) ਜਦ ਸਰਦਾਰ ਉਮਰਾਓ ਸਿੰਘ ਬਿਰਲੇ ਦੇ ਖਿਲਾਫ, ਅਮਲ ਦੇ ਵਿਚ ਲੜਨਗੇ ਤਾਂ ਮੈਨੂੰ ਹੋਰ ਖੁਸ਼ੀ ਹੋਵੇਗੀ। ਜਦ ਗਾਰਡਨ ਕਾਲੋਨੀਜ਼ ਦੇ ਮਾਲਕਾਂ ਦੇ ਖਿਲਾਫ, ਜਿਨ੍ਹਾਂ ਨੇ ਬਾਗਾਂ ਦੇ ਨਾਮ ਤੇ ਅਤੇ ਜਿਨ੍ਹਾਂ ਨੇ ਜ਼ਮੀਨ ਆਪਣੇ ਨਾਮ ਕਰਾਕੇ ਛੇ ਗੁਣਾਂ ਪਾਣੀ ਲੈਕੇ ਬਲੈਕ ਦੇ ਵਿਚ ਵੇਚ ਲਿਆ ਉਨ੍ਹਾਂ ਦੇ ਖਿਲਾਫ਼ ਜਦ ਡਟਕੇ ਲੜਨਗੇ, ਤਾਂ ਮੈਨੂੰ ਇਸ ਗੱਲ ਦੀ ਬੜੀ ਖੁਸ਼ੀ ਹੋਵੇਗੀ। ਸਪੀਕਰ ਸਾਹਿਬ, ਸਰਦਾਰ ਉਮਰਾਓ ਸਿੰਘ ਜੀ ਕਹਿੰਦੇ ਹਨ ਕਿ ਸੱਤਪਾਲ ਡਾਂਗ ਬਿਰਲਿਆਂ ਦੇ ਦਫ਼ਤਰ ਵਿਚ ਬੜਾ ਜਾਂਦਾ ਹੈ। ਸਪੀਕਰ ਸਾਹਿਬ, ਮੇਰੀ ਖੁਲ੍ਹੀ ਕਿਤਾਬ ਹੈ। ਕੋਈ ਇਸ ਪਾਸਿਉਂ ਜਾਂ ਉਸ ਪਾਸਿਉਂ ਮੇਰੇ ਤੇ ਭਾਵੇਂ 20 ਇਲਜ਼ਾਮ ਲਾ ਲਵੇ ਮੈਂ 10 ਇਲਜ਼ਾਮ ਲਾਵਾਂਗਾ, ਤੁਸੀਂ ਇਨਕੁਆਇਰੀ ਕਰਵਾਉਣਾ, ਜਿਹੜੇ ਮੇਰੇ ਤੇ ਕੋਈ ਇਲਜ਼ਾਮ ਲਗੇਗਾ ਅਗਰ ਉਨ੍ਹਾਂ ਵਿਚੋਂ ਇਕ ਵੀ ਸਾਬਤ ਹੋ ਜਾਵੇ ਤਾਂ ਮੈਂ ਪੰਜਾਬ ਛੱਡ ਦਿਆਂਗਾ ਲੇਕਿਨ ਜਿਹੜੇ ਮੈਂ ਇਲਜ਼ਾਮ ਕਿਸੀ ਤੇ ਲਾਵਾਂਗਾ ਤਾਂ ਉਹ ਸਾਰੇ ਸਾਬਤ ਕਰਕੇ ਦਿਖਾਵਾਂਗਾ (ਥੰਪਿੰਗ) (ਵਿਘਨ) ਤੇ ਸਪੀਕਰ ਸਾਹਿਬ, ਮੈਂ ਮਤੇ ਤੇ ਆਉਂਦਾ ਹਾਂ ਕਿਉਂਕਿ ਸਰਦਾਰ ਉਮਰਾਓ ਸਿੰਘ ਨੇ ਮਤੇ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਸੀ। ਮੈਂ ਤੁਹਾਡੇ ਰਾਹੀਂ, ਸਪੀਕਰ ਸਾਹਿਬ, ਗਿਆਨੀ ਜੀ ਕੋਲ ਬੇਨਤੀ ਕਰਾਂਗਾ ਕਿ ਜਿਸ ਤਰ੍ਹਾਂ ਉਨ੍ਹਾਂ ਨੇ ਬਿਰਲਿਆਂ ਬਾਰ ਸਰਦਾਰ ਉਮਰਾਓ ਸਿੰਘ ਦੇ ਉਲਟ ਸਟੈਂਡ ਲਿਆ ਸੀ ਔਰ ਜਿਹੜਾ ਕਿ ਦਰੁਸਤ ਸਟੈਂਡ ਹੈ ਔਰ ਸਾਰਾ ਹਾਊਸ ਇਸ ਦੀ ਸ਼ਲਾਘਾ ਕਰਦਾ ਹੈ ਇਸ ਤਰ੍ਹਾਂ ਮੈਂ ਗਿਆਨੀ ਜੀ ਨੂੰ ਇਹ ਵੀ ਬੇਨਤੀ ਕਰਾਂਗਾ ਕਿ ਉਹ ਥੋੜ੍ਹਾ ਜਿਹਾ ਇਸ ਮਤੇ ਵੱਲ ਵੀ ਧਿਆਨ ਦੇਣ। ਜੇ ਉਹ ਸਹਿਮਤ ਹੋਣ ਤਾਂ ਇਸ ਦੇ ਉਤੇ ਬਹਿਸ ਕਰਾਉਣ ਦੀ ਥਾਂ ਉਠ ਕੇ ਇਹ ਕਹਿ ਦੇਣ ਕਿ ਸਾਨੂੰ ਇਹ ਮਤਾ ਮਨਜ਼ੂਰ ਹੈ।

(ਵਿਘਨ)

ਸਪੀਕਰ ਸਾਹਿਬ, ਇਸ ਲੜਾਈ ਦੇ ਦੌਰਾਨ ਹਿੰਦੁਸਤਾਨ ਵਿਚ ਬਹੁਤ ਸਾਰਾ ਨੁਕਸਾਨ ਹੋਇਆ । ਹਿੰਦੁਸਤਾਨ ਦੀ ਸਰਕਾਰ ਨੇ, ਹਿੰਦੁਸਤਾਨ ਦੀ ਪ੍ਰਧਾਨ ਮੰਤਰੀ ਨੇ ਔਰ ਉਸ ਵੇਲੇ ਦੀ ਪੰਜਾਬ ਸਰਕਾਰ ਨੇ ਇਸ ਗੱਲ ਨਾਲ ਸਹਿਮਤੀ ਪ੍ਰਗਟ ਕੀਤੀ ਕਿ ਜੋ ਨੁਕਸਾਨ ਸਰਹੱਦਾਂ ਤੇ ਲੋਕਾਂ ਦਾ ਹੋਇਆ ਹੈ ਉਹ ਨੁਕਸਾਨ ਸਾਰੇ ਦੇਸ਼ ਦੀ ਰਖਸ਼ਾ ਦੇ ਕਾਰਨ ਉਨ੍ਹਾਂ ਲੋਕਾਂ ਨੂੰ ਬਰਦਾਸ਼ਤ ਕਰਨਾ ਪਿਆ । ਇਹ ਠੀਕ ਹੈ ਕਿ ਕੋਈ ਵੀ ਸਰਕਾਰ ਸਾਰੇ ਨੁਕਸਾਨ ਦਾ ਸੌ ਫੀ ਸਦੀ ਮੁਆਵਜ਼ਾ ਨਹੀਂ ਦੇ ਸਕਦੀ । ਪਰ ਹਿੰਦੁਸਤਾਨ ਦੀ ਸਰਕਾਰ ਨੇ ਕਿਹਾ ਕਿ ਵੱਧ ਤੋਂ ਵੱਧ ਮਆਵਜਾ ਵਧ ਤੋਂ ਵਧ ਪੈਸੇ ਪੰਜਾਬ ਦੀ ਸਰਕਾਰ ਰਾਹੀਂ ਮੁਖਤਲਿਫ ਸਕੀਮਾਂ ਉਤੇ ਲਗਾਏਗੀ। ਮੈਨੂੰ ਇਹ ਕਹਿਣ ਵਿਚ ਬਿਲਕੁਲ ਕੋਈ ਝਿਜਕ ਨਹੀਂ ਕਿ 1965 ਦੀ ਲੜਾਈ ਤੋਂ ਬਾਦ ਹਿੰਦੁਸਤਾਨ ਦੀ ਸਰਕਾਰ ਦਾ ਰਵਈਆ ਹੁਣ ਦੀ ਲੜਾਈ ਵਿਚ ਕਿਤੇ ਜ਼ਿਆਦਾ ਹਮਦਰਦਰਾਨਾ ਸੀ । ਇਸ 1971 ਦੀ ਲੜਾਈ ਤੋਂ ਬਾਦ ਅਗੇ ਨਾਲੋਂ ਕਿਤੇ ਜ਼ਿਆਦਾ ਸਹੂਲਤਾਂ ਜੋ ਨੁਕਸਾਨ ਲੋਕਾਂ ਦਾ ਹੋ ਗਿਆ ਸੀ, ਪੂਰਾ ਕਰਨ ਲਈ ਦਿੱਤੀਆਂ, ਕਿਤੇ ਜ਼ਿਆਦਾ ਮਦਦ ਕੀਤੀ । ਇਹ ਇਕ ਹਕੀਕਤ ਹੈ, ਮੈਂ ਇਥੇ ਹੀ ਨਹੀਂ ਇਹ ਗੱਲ ਮੈਂ ਬਾਹਰ ਵੀ ਕਈ ਵਡੇ ਵਡੇ ਜਲਸਿਆਂ ਵਿਚ ਵੀ ਕਹੀ । ਸਪੀਕਰ ਸਾਹਿਬ, ਪਰ ਮੈਂ ਇਕ ਬੇਨਤੀ ਕਰਾਂਗਾ ਕਿ ਹਿੰਦੁਸਤਾਨ ਦੀ ਸਰਕਾਰ ਵੀ ਮੰਨਦੀ ਹੈ, ਗਿਆਨੀ ਜੀ ਵੀ ਮੰਨਣਗੇ ਔਰ ਅਫ਼ਸਰ ਵੀ ਇਸ ਗੱਲ ਨੂੰ ਮੰਨਦੇ ਹਨ ਕਿ ਮੁਖਤਲਿਫ ਸਕੀਮਾਂ ਵਿਚ ਬੜੀਆਂ ਤਰੁਟੀਆਂ ਹਨ । ਇਕ ਬੜੀ ਵਡੀ ਤਰੁਟੀ ਅਪਰੋਚ ਦੀ ਹੈ । ਅਪਰੋਚ ਬੜੀ ਗਲਤ ਹੈ, ਅਪਰੋਚ ਉਲਟ ਹੈ । ਨੁਕਸਾਨ ਜਿਸ ਦਾ ਵੱਧ ਤੋਂ ਵੱਧ ਪੂਰਾ ਕਰਨਾ ਚਾਹੀਦਾ ਹੈ ਉਹ ਉਸ ਗ਼ਰੀਬ ਦਾ ਕਰਨਾ ਚਾਹੀਦਾ ਹੈ ਜਿਸ ਦੇ ਕੋਲ ਕੋਈ ਜਾਇਦਾਦ ਨਹੀਂ; ਜਿਸ ਦੇ ਕੋਲ ਕੋਈ ਬੈਂਕ ਬੈਲੰਸ ਨਹੀਂ ਹੈ । ਜੋ ਲੋਕ ਸਰਹੱਦਾਂ ਦੇ ਇਲਾਕਿਆਂ ਵਿਚ ਕਾਮਿਆਂ ਦਾ ਕੰਮ ਕਰਦੇ ਹਨ ਜੋ ਲੋਕ ਖੇਤੀ ਦਾ ਕੰਮ ਕਰਦੇ ਹਨ ਜਿਨ੍ਹਾਂ ਕੋਲ ਇਕ-ਇਕ ਦੋ-ਦੋ ਏਕੜ ਜ਼ਮੀਨ ਹੈ, ਜਿਹੜੇ ਕਾਰਖਾਨੇ ਵਿਚ ਕੰਮ ਕਰਦੇ ਸਨ ਔਰ ਉਨ੍ਹਾਂ ਦਿਨਾਂ ਵਿਚ ਉਨ੍ਹਾਂ ਦੇ ਰੋਜ਼ਗਾਰ ਖ਼ਤਮ ਹੋ ਗਏ, ਉਨਾਂ ਦੀ ਛਾਂਟੀ ਹੋ ਗਈ ਔਰ ਉਹ ਬੇਕਾਰ ਹੋ ਗਏ, ਹਿੰਦੁਸਤਾਨ ਦੇ ਕਿਸੇ ਹੋਰ ਹਿੱਸੇ ਵਿਚ ਜਾਂ ਪੰਜਾਬ ਦੇ ਕਿਸੇ ਹੋਰ ਹਿੱਸੇ ਵਿਚ ਜਿਸ ਦੇ ਲਈ ਕੋਈ ਥਾਂ ਨਹੀਂ, ਉਸਦੇ ਵੱਲ ਜ਼ਿਆਦਾ ਧਿਆਨ ਹੋਣਾ ਚਾਹੀਦਾ ਹੈ ।

(ਇਸ ਵਕਤ ਸ੍ਰੀ ਡਿਪਟੀ ਸਪੀਕਰ ਪਰਧਾਨਗੀ ਦੀ ਕੁਰਸੀ ਤੇ ਬਿਰਾਜਮਾਨ ਹੋਏ)

ਪਰ, ਡਿਪਟੀ ਸਪੀਕਰ ਸਾਹਿਬ, ਇਹ ਅਫ਼ਸੋਸ ਦੀ ਗੱਲ ਨਹੀਂ ਬਲਕਿ ਇਕ ਸ਼ਾਕਿੰਗ ਗੱਲ ਹੈ ਕਿ ਸਨਅੱਤ ਮਜ਼ਦੂਰ, ਜਿਸ ਦੇ ਕੋਲ ਆਪਣੀ ਮਿਹਨਤ ਕਰਨ ਦੇ ਇਲਾਵਾ, ਦਿਹਾੜੀ ਤੇ ਕੰਮ ਕਰਨ ਤੋਂ ਇਲਾਵਾ ਹੋਰ ਕੋਈ ਸਾਧਨ ਨਹੀਂ, ਲੜਾਈ ਕਾਰਨ ਉਸ ਦੀਂ ਛਾਂਟੀ ਕਰ ਦਿੱਤੀ, ਉਹ ਬੇਕਾਰ ਹੋ ਗਿਆ ਉਸ ਦੇ ਕੋਲ ਬੈਂਕ ਬੈਲੰਸ ਨਹੀਂ ਸੀ । ਇਸ ਕਿਸਮ ਦੇ ਮਜ਼ਦੂਰ ਫਾਕਾ ਕਸ਼ੀ ਕਰਦੇ ਰਹੇ, ਉਨ੍ਹਾਂ ਦੇ ਬੱਚੇ ਭੁੱਖ ਮਰੇ । ਉਸ ਮਜ਼ਦੂਰ ਨੂੰ, ਉਸ ਵਰਕਰ ਨੂੰ ਤਾਂ ਇਕ ਪੈਸਾ ਨਹੀਂ ਮਿਲਿਆ ਪਰ ਜਿਹੜਾ 50 ਏਕੜ ਜ਼ਮੀਨ ਦਾ ਮਾਲਕ ਹੈ, ਜਿਸ ਦਾ ਕੋਈ ਟਿਊਬਵੈਲ ਖਰਾਬ ਹੋ ਗਿਆ ਹੈ ਜਾਂ ਕੋਈ ਹੋਰ ਇਸ ਤਰ੍ਹਾਂ ਦਾ ਨੁਕਸਾਨ ਹੋ ਗਿਆ ਹੈ ਤਾਂ ਉਹਨੂੰ ਤਾਂ ਉਸ ਦਾ ਮੁਆਵਜ਼ਾ ਮਿਲ ਗਿਆ ਪਰ ਇਕ ਗ਼ਰੀਬ ਵਰਕਰ ਨੂੰ, ਇਕ ਮਜ਼ਦੂਰ ਨੂੰ ਅੰਮ੍ਰਿਤਸਰ ਦੇ ਜ਼ਿਲ੍ਹੇ ਵਿਚ ਇਕ ਪੈਸਾ ਵੀ ਨਹੀਂ ਮਿਲਿਆ । ਡਿਪਟੀ ਸਪੀਕਰ ਸਾਹਿਬ, ਦੋ ਮਹੀਨੇ ਮੈਨੂੰ ਸਿਟੀਜ਼ਨ ਕੌਂਸਲ ਵਿਚ ਲੜਾਈ ਕਰਨੀ ਪਈ, ਪੰਜਾਬ ਦੀ ਸਰਹੱਦਾਂ ਦੇ ਲੋਕਾਂ ਵਲੋਂ ਜਾ ਕੇ ਸਰਕਾਰ ਨਾਲ ਝਗੜਾ ਕੀਤਾ ਪਰ ਉਨ੍ਹਾਂ ਅਫ਼ਸਰਾਂ ਨੂੰ

(ਕਾਮਰੇਡ ਸੱਤਪਾਲ ਡਾਂਗ)

ਅਸੀਂ ਇਸ ਗੱਲ ਤੇ ਨਾ ਮਨਾ ਸਕੇ ਕਿ ਉਨ੍ਹਾਂ ਮਜ਼ਦੂਰਾਂ ਨੂੰ, ਉਨ੍ਹਾਂ ਗਰੀਬ ਵਰਕਰਾਂ ਨੂੰ ਗਰਾਂਟ ਲੈਣ ਦਾ ਹੱਕ ਹੈ। ਡਿਪਟੀ ਸਪੀਕਰ ਸਾਹਿਬ, ਦੋ ਮਹੀਨੇ ਸਾਡੀ ਲੜਾਈ ਤੋਂ ਬਾਦ ਉਹ ਸਿਰਫ ਬਿਨਾਂ ਸੂਦ ਕਰਜ਼ੇ ਦੇਣ ਲਈ ਮੰਨੇ। ਕਰਜ਼ਾ ਵੀ ਘੱਟ ਤੋਂ ਘੱਟ 50/- ਰੁਪਏ ਔਰ ਵੱਧ ਤੋਂ ਵੱਧ 300 ਰੁਪਏ ਦੇਣਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਕੋਈ ਵਕੀਲਾਂ ਦੇ, ਡਾਕਟਰਾਂ ਦੇ ਜਾਂ ਹੋਰ ਕਿਸੇ ਦੇ ਖਿਲਾਫ ਨਹੀਂ। ਜੇ ਕਿਸੇ ਵਕੀਲ ਦੀ ਲਾਇਬ੍ਰੇਰੀ ਨੂੰ ਕੋਈ ਨੁਕਸਾਨ ਹੋਇਆ ਹੋਵੇ, ਜੇ ਕਿਸੇ ਡਾਕਟਰ ਦੀ ਕਲਿਨਿਕ ਵਿਚ ਕੋਈ ਨੁਕਸਾਨ ਹੋ ਗਿਆ ਹੋਵੇ ਤਾਂ ਉਸ ਨੂੰ ਉਸ ਨੁਕਸਾਨ ਦੀ ਗਰਾਂਟ ਮਿਲ ਸਕਦੀ ਹੈ ਜਾਂ ਹੋਰ ਕਿਸੇ ਨੂੰ ਇਸੇ ਤਰ੍ਹਾਂ ਦੇ ਨੁਕਸਾਨ ਵਾਸਤੇ ਗਰਾਂਟ ਮਿਲ ਸਕਦੀ ਹੈ ਪਰ ਜੇ ਗਰਾਂਟ ਨਹੀਂ ਮਿਲ ਸਕਦੀ ਤਾਂ ਉਹ ਅੰਮ੍ਰਿਤਸਰ, ਬਟਾਲੇ, ਧਾਰੀਵਾਲ ਆਦਿ ਦੇ ਕਾਰਖਾਨਿਆਂ ਵਿਚ ਕੰਮ ਕਰਨ ਵਾਲੇ ਮਜ਼ਦੂਰ ਦੀ ਤਨਖਾਹ ਇਤਨੀ ਮਹਿੰਗਾਈ ਦੇ ਜ਼ਮਾਨੇ ਵਿਚ ਪੂਰੇ 100 ਰੁਪਏ ਵੀ ਨਹੀਂ 90 ਰੁਪਏ ਹੈ, ਜੇ ਉਸ ਦਾ ਕੋਈ ਜੰਗ ਦੇ ਕਾਰਨ ਨੁਕਸਾਨ ਹੋਇਆ ਹੋਵੇ ਤਾਂ ਉਹ ਗਰਾਂਟ ਲੈਣ ਦਾ ਕੋਈ ਹੱਕਦਾਰ ਨਹੀਂ।

ਡਿਪਟੀ ਸਪੀਕਰ ਸਾਹਿਬ, ਇਸ ਮਤੇ ਵਿਚ ਜਿਹੜੀ ਗੱਲ ਕਹੀ ਗਈ ਹੈ ਉਹ ਬੜੀ ਸਿਧੀ ਜਿਹੀ ਹੈ ਕਿ ਜਿਨ੍ਹਾਂ ਮਜ਼ਦੂਰਾਂ ਬਾਰੇ ਸਰਕਾਰ ਨੇ ਮੰਨ ਲਿਆ ਹੈ ਜਾਂ ਮੰਨ ਲੈਣਾ ਹੈ ਕਿ ਉਹ ਜੰਗ ਦੇ ਕਾਰਨ ਕਾਰਖਾਨੇ ਬੰਦ ਹੋਣ ਕਰਕੇ ਜਾਂ ਉਨ੍ਹਾਂ ਦੀ ਛਾਂਟੀ ਕਰਕੇ ਬੇਕਾਰ ਰਹੇ ਉਨ੍ਹਾਂ ਨੂੰ ਜੋ ਬਿਨਾਂ ਸੂਦ ਕਰਜ਼ਾ ਮਿਲਣਾ ਹੈ ਉਸ ਨੂੰ ਗਰਾਂਟ ਵਿਚ ਬਦਲ ਦਿੱਤਾ ਜਾਵੇ। ਗੱਲ ਬੜੀ ਇਹ ਸਿੱਧੀ ਜਿਹੀ ਹੈ, ਜਾਇਜ਼ ਹੈ ਔਰ ਇਨਸਾਫ ਵੀ ਇਹੀ ਮੰਗ ਕਰਦਾ ਹੈ ਕਿ ਇਸ ਗੱਲ ਨੂੰ ਫੌਰੀ ਤੌਰ ਤੇ ਮੰਨ ਲਿਆ ਜਵੇ।

ਡਿਪਟੀ ਸਪੀਕਰ ਸਾਹਿਬ, ਸਰਕਾਰ ਨੇ ਜੋ ਕਰਜ਼ੇ ਦੀ ਰਕਮ ਰੱਖੀ ਹੈ ਜੋ ਕਿ ਕਾਰਖਾਨਿਆਂ ਵਿਚ ਕੰਮ ਕਰਨ ਵਾਲੇ ਵਰਕਰਾਂ ਨੂੰ ਕਰਜ਼ੇ ਦੇ ਤੌਰ ਤੇ ਦੇਣੀ ਜਾਂ ਦਿੱਤੀ ਹੈ ਉਹ ਸਿਰਫ 5 ਲੱਖ ਰੁਪਏ ਹੈ। ਜਿਹੜੀਆਂ ਦਰਖਾਸਤਾਂ ਪੈਂਡਿੰਗ ਹਨ ਉਸ ਲਈ ਮੇਰੀ ਅਰਜ਼ ਹੈ ਕਿ ਜਿਹੜੇ ਇਸ ਗੱਲ ਲਈ ਹੱਕਦਾਰ ਹਨ। ਪੈਸੇ ਸਿਰਫ ਉਨ੍ਹਾਂ ਨੂੰ ਦਿੱਤੇ ਜਾਣ ਜਿਹੜੇ ਬੇਕਾਰ ਰਹੇ ਹਨ। ਜਿਹੜੇ ਬੇਕਾਰ ਨਹੀਂ ਹੋਏ ਔਰ ਇਹੋ ਜਿਹੀਆਂ ਦਰਖਾਸਤਾਂ ਆਈਆਂ ਹਨ ਉਨ੍ਹਾਂ ਨੂੰ ਨਾ ਦਿੱਤੇ ਜਾਣ। ਫਿਰ ਇਹ 5 ਲੱਖ ਦੀ ਰਕਮ ਬਹੁਤ ਥੋੜੀ ਹੈ। ਮੇਰਾ ਖਿਆਲ ਹੈ ਕਿ 20—25 ਲੱਖ ਰੁਪਏ ਨਾਲੋਂ ਵੱਧ ਨਹੀਂ ਲਗਣੇ। ਸਾਰੇ ਤਿੰਨ ਚਾਰ ਤਾਂ ਸੈਂਟਰ ਹਨ— ਅੰਮ੍ਰਿਤਸਰ, ਗੁਰਦਾਸਪੁਰ, ਬਟਾਲਾ ਔਰ ਧਾਰੀਵਾਲ। ਉਨ੍ਹਾਂ ਦਾ ਨੁਕਸਾਨ ਪੂਰਾ ਕਰਨ ਵਾਸਤੇ ਸਾਰੀ 20—25 ਲੱਖ ਰੁਪਏ ਦੀ ਗੱਲ ਹੈ ਜਿਹੜੀ ਮੈਂ ਸਮਝਦਾ ਹਾਂ ਕਿ ਕੋਈ ਖਾਸ ਗੱਲ ਨਹੀਂ। ਇਥੇ ਸਾਨੂੰ ਦੱਸਿਆ ਗਿਆ ਹੈ ਕਿ 7 ਕਰੋੜ ਰੁਪਿਆ ਮੁਖਤਲਿਫ ਗਰਾਂਟਾਂ ਦੀ ਸ਼ਕਲ ਵਿਚ ਵੰਡਿਆ ਜਾ ਚੁੱਕਾ ਹੈ ਔਰ ਹੋਰ ਕਈ ਕਰੋੜ ਰੁਪਿਆ ਵੰਡਿਆ ਜਾਣਾ ਹੈ। ਜਿੱਥੇ ਇੰਨੀ ਵੱਡੀ ਰਕਮ ਹਿੰਦੁਸਤਾਨ ਦੀ ਸਰਕਾਰ ਸਰਹੱਦਾਂ ਦੇ ਇਲਾਕਿਆਂ ਵਿਚ ਮੁਖਤਲਿਫ ਹਿੱਸਿਆਂ ਨੂੰ ਭਾਵੇਂ, ਉਹ ਗਰੀਬ ਹਨ ਜਾਂ ਅਮੀਰ ਹਨ, ਦੇ ਰਹੀ ਹੈ ਤਾਂ ਉਸ ਗਰੀਬ ਜਨਤਾ ਵਿਚੋਂ ਸਭ ਨਾਲੋਂ ਵੱਧ ਗਰੀਬ ਤਬਕਾ, ਸੱਨਅਤ ਮਜ਼ਦੂਰ ਜਿਹੜਾ ਹੈ ਉਸ ਨੇ ਕੀ ਗੁਨਾਹ ਕੀਤਾ ਹੈ ਕਿ ਉਨ੍ਹਾਂ ਲਈ ਹਿੰਦੁਸਤਾਨ ਦੀ ਸਰਕਾਰ ਜੋ ਪੰਜਾਬ ਸਰਕਾਰ ਨੂੰ ਪੈਸਾ ਦੇ ਰਹੀ ਹੈ ਉਸ ਵਿਚੋਂ 20—25 ਲੱਖ ਰੁਪਿਆ ਇਨ੍ਹਾਂ ਗਰੀਬਾਂ ਨੂੰ ਗਰਾਂਟ ਦੀ ਸ਼ਕਲ ਵਿਚ ਨਾ ਮਿਲੇ। ਇਸ ਲਈ, ਡਿਪਟੀ ਸਪੀਕਰ

ਸਾਹਿਬ, ਮੈਂ ਇਕ ਵਾਰੀ ਫਿਰ ਅਰਜ਼ ਕਰ ਦੇਣੀ ਚਾਹੁੰਦਾ ਹਾਂ ਕਿ ਇਨ੍ਹਾਂ ਸੱਨਅਤ ਦੇ ਮਜ਼ਦੂਰਾਂ ਨੂੰ, ਜੋ ਕਿ ਬਹੁਤ ਗ਼ਰੀਬ ਲੋਕ ਹਨ, ਨੂੰ ਲੋਨ ਦੀ ਸ਼ਕਲ ਵਿਚ ਨਹੀਂ ਗਰਾਂਟ ਦੀ ਸ਼ਕਲ ਵਿਚ 20—25 ਲੱਖ ਰੁਪਿਆ ਮਨਜ਼ੂਰ ਕੀਤਾ ਜਾਵੇ ਔਰ ਗਰਾਂਟ ਦੇ ਤੌਰ ਤੇ ਉਨ੍ਹਾਂ ਨੂੰ ਇਹ ਰੁਪਿਆ ਦਿੱਤਾ ਜਾਵੇ ।

ਡਿਪਟੀ ਸਪੀਕਰ ਸਾਹਿਬ, ਇਸ ਵੇਲੇ ਜੋ ਨਜ਼ਰੀਆ ਚਲ ਰਿਹਾ ਹੈ, ਉਸ ਨਜ਼ਰੀਏ ਨੂੰ ਬਦਲਣ ਦੀ ਲੋੜ ਹੈ । ਕਰਜ਼ਾ ਦੇਣ ਵਾਸਤੇ ਜੋ ਕਿਹਾ ਹੈ ਉਸ ਦੇ ਬਾਰੇ ਤੁਸੀਂ ਨਜ਼ਰੀਆ ਦੇਖੋ ਕਿ ਸਿਵਾਏ ਅੰਮ੍ਰਿਤਸਰ ਤੋਂ ਹਾਲੀ ਕਿਸੇ ਹੋਰ ਥਾਂ ਨਾ ਬਟਾਲੇ ਔਰ ਨਾ ਧਾਰੀਵਾਲ ਕਰਜ਼ੇ ਵੰਡਣੇ ਸ਼ੁਰੂ ਕੀਤੇ ਹਨ । ਕੇਵਲ ਅੰਮ੍ਰਿਤਸਰ ਕਰਜ਼ੇ ਵੰਡਣੇ ਸ਼ੁਰੂ ਹੋਏ ਹਨ ਉਹ ਵੀ ਸ਼ਾਇਦ ਇਸ ਲਈ ਕਿ ਮੈਨੂੰ ਰੌਲਾ ਪਾਉਣ ਦੀ ਬਹੁਤੀ ਆਦਤ ਹੈ ਜਾਂ ਗਵਰਨਰ ਸਾਹਿਬ ਨੇ ਗਲਤੀ ਨਾਲ ਮੈਨੂੰ ਸਿਟੀਜ਼ਨ ਕੌਂਸਲ ਦਾ ਮੈਂਬਰ ਬਣਾ ਦਿੱਤਾ ।

ਡਿਪਟੀ ਸਪੀਕਰ ਸਾਹਿਬ, ਮੈਂ ਉਥੇ ਰੌਲਾ ਪਾਉਂਦਾ ਰਿਹਾ ਹਾਂ ਕਿਉਂਕਿ ਮੈਂ ਅੰਮ੍ਰਿਤਸਰ ਅਤੇ ਛਿਹਰਟੇ ਦਾ ਰਹਿਣ ਵਾਲਾ ਹਾਂ । ਪਰ ਮੈਂ ਕਹਿੰਦਾ ਹਾਂ ਕਿ ਬਟਾਲੇ ਦੇ ਮਜ਼ਦੂਰਾਂ ਦਾ ਕੀ ਕਸੂਰ ਹੈ ਅਤੇ ਧਾਰੀਵਾਲ ਦੇ ਮਜ਼ਦੂਰਾਂ ਦਾ ਕੀ ਕਸੂਰ ਹੈ ਉਨ੍ਹਾਂ ਨੂੰ ਹਾਲੇ ਤਾਈਂ ਕਰਜ਼ੇ ਵੀ ਦੇਣੇ ਸ਼ੁਰੂ ਨਹੀਂ ਕੀਤੇ ।

ਡਿਪਟੀ ਸਪੀਕਰ ਸਾਹਿਬ, ਦੂਜੀ ਗਲ ਇਹ ਹੈ ਕਿ ਅੰਮ੍ਰਿਤਸਰ ਵਿਚ 16 ਹਜ਼ਾਰ ਮਜ਼ਦੂਰਾਂ ਨੇ ਕਰਜ਼ਿਆਂ ਲਈ ਦਰਖਾਸਤਾਂ ਦਿਤੀਆਂ, ਪਰ ਹਾਲੇ ਢਾਈ ਹਜ਼ਾਰ ਮਜ਼ਦੂਰਾਂ ਨੂੰ ਕਰਜ਼ੇ ਦਿਤੇ ਗਏ । ਉਸ ਤੋਂ ਬਾਦ ਸੈਮੀਕੋਲਨ ਹੋ ਗਿਆ । ਕਹਿੰਦੇ ਹਨ ਕਿ ਹੋਰ ਰਕਮ ਹਾਲੇ ਅੰਮ੍ਰਿਤਸਰ ਵਾਸਤੇ ਪਹੁੰਚੀ ਨਹੀਂ । ਜਦੋਂ ਅਸੀਂ ਪੁਛਿਆ ਕਿ ਹੋਰ ਰਕਮ ਕਦੋਂ ਪਹੁੰਚਣੀ ਹੈ ਤਾਂ ਉਥੋਂ ਦੇ ਅਫ਼ਸਰ ਕਹਿੰਦੇ ਹਨ ਕਿ ਇਹ ਤਾਂ ਸਾਨੂੰ ਪਤਾ ਨਹੀਂ । ਇਸ ਤੋਂ ਬਾਅਦ ਉਨ੍ਹਾਂ ਨੇ ਕਿਹਾ ਕਿ ਇਕ ਲੱਖ ਰੁਪਏ ਤਾਂ ਪਹੁੰਚ ਰਹੇ ਹਨ ਬਾਕੀ 17 ਤੋਂ ਬਾਅਦ ਪੁਛਣਾ । ਇਹ ਤਾਂ ਮਹਿਕਮੇਂ ਦਾ ਹਾਲ ਹੈ ।

ਡਿਪਟੀ ਸਪੀਕਰ ਸਾਹਿਬ, ਜੰਗ ਦੀ ਗਲ ਲੈ ਲਵੋ । 4 ਦਸੰਬਰ ਨੂੰ ਲੜਾਈ ਸ਼ੁਰੂ ਹੋਈ, ਪਰ ਬੇਕਾਰੀ ਪਹਿਲਾਂ ਸ਼ੁਰੂ ਹੋ ਗਈ । ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਹਾਲਾਂ ਤਾਈ ਢਾਈ ਲੱਖ ਰੁਪਿਆ ਉਥੇ ਮਿਲਿਆ ਹੈ ਬਾਕੀ ਦੀ ਰਕਮ ਕਦੋਂ ਆਉਂਣੀ ਹੈ ਕਦੋਂ ਮਿਲਣੀ ਹੈ, ਇਸ ਦੇ ਬਾਰੇ ਉਥੇ ਦੇ ਅਫ਼ਸਰਾਂ ਨੂੰ ਕੋਈ ਪਤਾ ਨਹੀਂ ।

ਇਕ ਹੋਰ ਗੱਲ ਮੈਂ, ਡਿਪਟੀ ਸਪੀਕਰ ਸਾਹਿਬ, ਇਹ ਕਹਿਣੀ ਚਾਹੁੰਦਾ ਹਾਂ ਕਿ ਢਾਈ ਹਜ਼ਾਰ ਤੋਂ ਇਲਾਵਾ ਬਾਕੀ ਕਿੰਨੀਆਂ ਦਰਖ਼ਾਸਤਾਂ ਮਨਜ਼ੂਰ ਹੋਈਆਂ, ਕਿੰਨੀਆਂ ਰੱਦ ਹੋਈਆਂ, ਅਤੇ ਕੁਝ ਬਾਰੇ ਇੰਸਪੈਕਟਰ ਸਾਹਿਬ ਕਹਿੰਦੇ ਹਨ ਕਿ ਮਜ਼ਦੂਰਾਂ ਨੇ ਜਿਨ੍ਹਾਂ ਕਾਰਖਾਨਿਆਂ ਦੇ ਨਾਉਂ ਲਿਖੇ ਹਨ ਉਹ ਲਭਦੇ ਨਹੀਂ । ਇਨ੍ਹਾਂ ਸਾਰੀਆਂ ਚੀਜ਼ਾਂ ਬਾਰੇ ਅਸੀਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਇਕ ਫ਼ਾਇਨਲ ਲਿਸਟ ਲਾ ਦਿਉ ਕਿ ਇੰਨੀਆਂ ਦਰਖਾਸਤਾਂ ਮੰਜ਼ੂਰ ਹਨ, ਇੰਨੀਆਂ ਰੱਦ ਹਨ ਅਤੇ ਇੰਨੇ ਕਾਰਖਾਨੇ ਨਹੀਂ ਲਭਦੇ । ਉਨ੍ਹਾਂ ਨੂੰ ਕਾਰਖਾਨੇ ਨਹੀਂ ਲੱਭਦੇ ਉਨ੍ਹਾਂ ਦਾ ਕੋਈ ਕਸੂਰ ਨਹੀਂ ਕਿਉਂਕਿ ਇਕ ਅਜੀਬ ਰਿਵਾਜ ਚਲਿਆ ਹੋਇਆ ਹੈ ਅੰਮ੍ਰਿਤਸਰ ਵਿਚ ਅਤੇ ਹੋਰ ਸ਼ਹਿਰਾਂ ਵਿਚ ਵੀ ਕਿ ਕਾਰਖਾਨਿਆਂ ਦੇ ਮਾਲਕ

[ਕਾਮਰੇਡ ਸੱਤ ਪਾਲ ਡਾਂਗ)

ਮਜ਼ਦੂਰਾਂ ਦਾ ਹਕ ਮਾਰਨ ਲਈ 6–6 ਥਾਵਾਂ ਤੇ ਕਾਰਖਾਨੇ ਲਾਏ ਹੋਏ ਹਨ ਅਤੇ ਕਈ ਵਾਰ ਕਾਰਖ਼ਾਨਿਆਂ ਦਾ ਮਜ਼ਦੂਰਾਂ ਨੂੰ ਵੀ ਪਤਾ ਨਹੀਂ ਹੁੰਦਾ। ਜੇ ਇਕ ਇੰਸਪੈਕਟਰ ਲਭਣ ਜਾਏ ਅਤੇ ਉਸ ਨੂੰ ਕਾਰਖਾਨਾ ਨਾ ਲੱਭੇ ਤਾਂ ਕੋਈ ਹੈਰਾਨੀ ਵਾਲੀ ਗਲ ਨਹੀਂ। ਅਸੀਂ ਕਿਹਾ ਕਿ ਇਕ ਲਿਸਟ ਲਾ ਦਿਉ ਕਿ ਇਹ ਕਾਰਖਾਨੇ ਨਹੀਂ ਲੱਭਦੇ ਅਤੇ ਇਹ ਦਰਖਾਸਤਾਂ ਰੱਦ ਕਰ ਦਿਤੀਆਂ ਹਨ। ਜਿਹੜੇ ਕਾਰਖਾਨੇ ਨਹੀਂ ਲੱਭਦੇ ਉਹ ਮਜ਼ਦੂਰਾਂ ਦੀਆਂ ਯੂਨੀਅਨਾਂ ਅਤੇ ਮਜ਼ਦੂਰ ਲੱਭ ਦੇਣਗੇ ਅਤੇ ਜਿਹੜੀਆਂ ਦਰਖਾਸਤਾਂ ਰੱਦ ਹੋ ਚੁਕੀਆਂ ਹਨ, ਉਨ੍ਹਾਂ ਬਾਰੇ ਸਾਡੇ ਨਾਲ ਬੈਠ ਕੇ ਗਲ ਕਰ ਲਵੋ ਕਿ ਉਹ ਠੀਕ ਰੱਦ ਨੇ ਜਾਂ ਗਲਤ। ਉਹ ਕਹਿਣ ਲਗੇ ਕਿ ਗਲ ਤਾਂ ਠੀਕ ਹੈ, ਪਰ ਕਰਦੇ ਕਿਉਂ ਨਹੀਂ ? ਉਹ ਠੀਕ ਕਹਿੰਦੇ ਹਨ ਕਿ ਅੰਮ੍ਰਿਤਸਰ ਵਿਚ ਲੇਬਰ ਦੇ ਮਹਿਕਮੇ ਵਿਚ ਜਿੰਨਾਂ ਸਟਾਫ ਇਸ ਵੇਲੇ ਹੈ. ਉਹ ਇਹ ਸਾਰਾ ਕੰਮ ਕਰ ਨਹੀਂ ਸਕਦਾ। ਜੇ ਕਿਹਾ ਕਿ ਪਹਿਲਾਂ ਜਿਹੜੀਆਂ ਦਰਖਾਸਤਾਂ ਮਨਜ਼ੂਰ ਹੋਈਆਂ ਹਨ ਉਨ੍ਹਾਂ ਨੂੰ ਪੈਸੇ ਦੇ ਦਈਏ ਤਾਂ ਕਹਿੰਦੇ ਹਨ ਕਿ ਰਕਮ ਮਨਜ਼ੂਰ ਹੋਣ ਲਈ ਸ਼ਿਮਲੇ ਗਈ ਹੋਈ ਹੈ ਪਤਾ ਨਹੀਂ ਕਦੋਂ ਆਉਂਦੀ ਹੈ ਅਤੇ ਕਦੋਂ ਮਿਲੇਗੀ। ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਸ ਮਹਿਕਮੇ ਵਿਚ ਚੰਡੀਗੜ੍ਹ ਤੋਂ ਕੁਝ ਸਟਾਫ ਭੇਜ ਦਿੱਤਾ ਜਾਵੇ ਤਾਕਿ ਕੰਮ ਛੇਤੀ ਹੋ ਸਕੇ। ਮੈਂ ਕਹਿੰਦਾ ਹਾਂ ਕਿ ਸਾਡੇ ਨਾਲ ਮਹਿਕਮੇ ਵਾਲੇ ਬੈਠ ਕੇ ਗਲ ਕਰਨ ਕਿ ਜਿਹੜੀਆਂ ਦਰਖਾਸਤਾਂ ਰੱਦ ਹੋਈਆਂ ਹਨ ਉਹ ਠੀਕ ਹੋਈਆਂ ਹਨ ਜਾਂ ਗਲਤ ਅਤੇ ਜਿਹੜੇ ਕਾਰਖਾਨੇ ਨਹੀ ਲਭਦੇ ਅਸੀਂ ਲਭਵਾਵਾਂਗੇ।

ਡਿਪਟੀ ਸਪੀਕਰ ਸਾਹਿਬ, ਜਿਹੜੀਆਂ ਰੱਦ ਹੋਈਆਂ ਉਨ੍ਹਾਂ ਬਾਰੇ ਵੀ ਮੈਂ ਬੇਨਤੀ ਕਰਾਂਗਾ ਅਤੇ ਸਰਦ ਜੰਗ ਦੇ ਦੌਰਾਨ ਜਿਸ ਤਰ੍ਹਾਂ ਉਥੇ ਛਾਂਟੀ ਹੋਈ ਉਸ ਬਾਰੇ ਵੀ ਮੈਂ ਕੁਝ ਦਸਣਾ ਚਾਹੁੰਦਾ ਹਾਂ। ਲੜਾਈ ਸ਼ੁਰੂ ਹੋਈ 4 ਦਸੰਬਰ ਨੂੰ, ਪਰ ਅੰਮ੍ਰਿਤਸਰ ਅਤੇ ਬਟਾਲੇ ਵਿਚ ਕਾਰਖ਼ਾਨੇ ਪਹਿਲੋਂ ਬੰਦ ਹੋਣੇ ਸ਼ੁਰੂ ਹੋ ਗਏ ਅਤੇ ਵਰਕਰਜ਼ ਬੇਕਾਰ ਹੋਣੇ ਸ਼ੁਰੂ ਹੋ ਗਏ। ਇਹ ਜਿਹੜੀ ਬੇਕਾਰੀ ਸੀ ਇਹ ਦੋ ਤਿੰਨ ਕਿਸਮ ਦੀ ਹੈ। ਇਕ ਤਾਂ ਇਹ ਕਿ ਜਿਹੜੇ ਛੋਟੇ ਛੋਟੇ ਕਾਰਖਾਨੇ ਸੀ ਉਨ੍ਹਾਂ ਦੇ ਲਈ ਜਿਹੜਾ ਕਚਾ ਮਾਲ ਆਉਂਦਾ ਸੀ ਉਸ ਦੇ ਲਈ ਟਰਾਂਸਪੋਰਟ ਦੀ ਲੋੜ ਸੀ ਅਤੇ ਟਰਾਂਸਪੋਰਟ ਡਿਫੈਂਸ ਲਈ ਐਕੁਆਇਰ ਕਰ ਲਈ ਗਈ ਸੀ। ਟਰਾਂਸਪੋਰਟ ਅਵੇਲੇਬਲ ਨਹੀਂ ਸੀ ਤੇ ਕਚਾ ਮਾਲ ਆ ਨਹੀਂ ਸੀ ਸਕਦਾ ਅਤੇ ਇਸ ਲਈ ਉਹ ਕਾਰਖ਼ਾਨੇ ਬੰਦ ਹੋ ਗਏ। ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਜਿਹੜੇ ਛੋਟੇ ਛੋਟੇ ਕਾਰਖ਼ਾਨੇ ਹਨ ਉਨ੍ਹਾਂ ਨੂੰ ਹਾਲੇ ਤਾਈਂ ਕੌਮੀ ਬੈਂਕਾਂ ਤੋਂ ਕਰਜ਼ੇ ਨਹੀਂ ਮਿਲਦੇ, ਉਹ ਖੁਲ੍ਹੀਆਂ ਮੰਡੀਆਂ ਵਿਚੋਂ ਆਪਣੀ ਵਰਕਿੰਗ ਲਈ ਬਹੁਤ ਬੜੇ ਸੂਦ ਤੇ ਕਰਜ਼ੇ ਲਿਆਉਂਦੇ ਹਨ। ਜਿਸ ਵੇਲੇ ਲੜਾਈ ਦਾ ਖਤਰਾ ਸ਼ੁਰੂ ਹੋ ਗਿਆ ਤਾਂ ਉਨ੍ਹਾਂ ਨੂੰ ਖੁਲ੍ਹੀਆਂ ਮੰਡੀਆਂ ਤੋਂ ਕਰਜ਼ੇ ਮਿਲਣੇ ਬੰਦ ਹੋ ਗਏ ਅਤੇ ਨਾਲ ਹੀ ਜਿਹੜਾ ਮਾਲ ਮਿਲਦਾ ਸੀ ਉਹ ਵੀ ਮਿਲਣਾ ਬੰਦ ਹੋ ਗਿਆ ਹੈ। ਜਿਹੜਾ ਕਪੜਾ ਅੰਮ੍ਰਿਤਸਰ ਵਿਚ ਬਣਦਾ ਹੈ ਉਹ ਬੰਬਈ ਜਾਂਦਾ ਹੈ ਅਤੇ ਹੋਰ ਵੀ ਕਈ ਥਾਂਵਾਂ ਤੇ ਜਾਂਦਾ ਹੈ। ਮੈਂ ਅਰਜ਼ ਕਰਾਂ ਕਿ ਉਥੇ ਦੇ ਲੱਖਪਤੀ ਵਪਾਰੀ ਦੇਸ਼ ਲਈ ਕੋਈ ਵਪਾਰ ਨਹੀਂ ਕਰਦੇ, ਉਹ ਨਾਵੇਂ ਦੀ ਖਾਤਰ ਕਰਦੇ ਹਨ। ਉਥੇ ਦੇ ਲੱਖਾਪਤੀਆਂ ਨੇ ਕਿਹਾ ਕਿ ਪਤਾ ਨਹੀਂ ਅੰਮ੍ਰਿਤਸਰ ਵਿਚ ਲੜਾਈ ਕਦੋਂ ਸ਼ੁਰੂ

ਹੋ ਜਾਵੇ ਇਸ ਲਈ ਉਥੇ ਪੈਸੇ ਨਹੀਂ ਲਾਉਣੇ । ਉਨ੍ਹਾਂ ਨੇ ਪੈਸੇ ਲਾਉਣੇ ਬੰਦ ਕਰ ਦਿਤੇ ਅਤੇ ਉਥੇ ਦੇ ਬਹੁਤ ਸਾਰੇ ਕਾਰਖਾਨੇ ਬੰਦ ਹੋ ਗਏ । ਸੈਂਕੜੇ ਹਜ਼ਾਰਾਂ ਮਜ਼ਦੂਰ ਬੇਕਾਰ ਹੋ ਗਏ । ਕਈਆਂ ਨੇ ਚਲਾਉਣ ਦਾ ਯਤਨ ਕੀਤਾ ਅਤੇ ਉਹ 12 ਘੰਟੇ ਚਲਾਉਂਦੇ ਸਨ ਤੇ ਮਜ਼ਦੂਰ ਭੁਖਾ ਮਰਦਾ 12 ਘੰਟੇ ਕੰਮ ਕਰਦਾ ਸੀ ਅਤੇ ਮਜ਼ਦੂਰੀ ਉਸ ਨੂੰ 8 ਘੰਟਿਆਂ ਦੀ ਹੀ ਮਿਲਦੀ ਸੀ । ਕਈ ਕਾਰਖਾਨੇ ਐਸੇ ਸਨ ਜਿਹੜੇ 12 ਘੰਟਿਆਂ ਦੀ ਬਜਾਏ ਬਾਅਦ ਵਿਚ 4 ਘੰਟੇ ਚਲਣ ਲੱਗ ਪਏ । ਜਿਹੜੇ 12 ਘੰਟਿਆਂ ਵਿਚ 150 ਰੁਪਏ ਕਮਾਉਂਦੇ ਸਨ ਉਸ ਨੂੰ 4 ਘੰਟਿਆਂ ਦੇ 50 ਰੁਪਏ ਮਿਲਣੇ ਸ਼ੁਰੂ ਹੋ ਗਏ । ਇਸ ਤਰ੍ਹਾਂ ਮਜ਼ਦੂਰਾਂ ਦੀ ਹਾਲਤ ਬਦ ਤੋਂ ਬਦਤਰ ਹੋ ਗਈ । ਇਨ੍ਹਾਂ ਤੋਂ ਇਲਾਵਾ ਕਈ ਵੱਡੇ ਕਾਰਖਾਨੇ ਵੀ ਉਥੇ ਹਨ ਜਿਨ੍ਹਾਂ ਨੂੰ ਇਸ ਕਿਸਮ ਦੀ ਕੋਈ ਦਿੱਕਤ ਨਹੀਂ ਸੀ । ਜਿਸ ਤਰ੍ਹਾਂ ਸਾਡੇ ਉਥੇ ਇਕ ਕਾਂਸਲ ਕਪੜਾ ਮਿਲ ਹੈ. ਜਿਸ ਦੇ ਬੰਬਈ ਵਿਚ ਵੀ ਕਈ ਵੱਡੇ ਕਾਰਖਾਨੇ ਹਨ । ਉਨ੍ਹਾਂ ਨੇ ਕਿਹਾ ਕਿ ਹੁਣ ਮੌਕਾ ਹੈ ਵਰਕਰਜ਼ ਦੀਆਂ ਯੂਨੀਅਨ ਤੋੜਨ ਦਾ । ਉਨ੍ਹਾਂ ਨੇ ਪੁਰਾਣੇ ਵਰਕਰਾਂ ਨੂੰ ਜਿਨ੍ਹਾਂ ਨੂੰ ਗਰੈਚੂਟੀ ਆਦਿ ਦੇਣੀ ਪੈਂਦੀ ਸੀ ਉਨ੍ਹਾਂ ਨੂੰ ਕੱਢ ਦਿਤਾ ਇਹੋ ਜਿਹੇ ਕਾਰਖਾਨੇਦਾਰਾਂ ਨੇ ਵੀ ਛਾਂਟੀ ਕਰਨੀ ਸ਼ੁਰੂ ਕਰ ਦਿਤੀ ਅਤੇ ਜਿਹੜੇ ਕਾਨੂੰਨ ਅਨੁਸਾਰ ਉਨ੍ਹਾਂ ਨੂੰ ਪੈਸੇ ਮਿਲਣੇ ਸਨ ਉਹ ਵੀ ਉਨ੍ਹਾਂ ਮਜ਼ਦੂਰਾਂ ਨੂੰ ਨਾ ਮਿਲੇ । ਇਨ੍ਹਾਂ ਕਾਰਨਾਂ ਕਰਕੇ ਸੈਂਕੜੇ ਹਜ਼ਾਰਾਂ ਮਜ਼ਦੂਰ ਵਿਹਲੇ ਹੋ ਗਏ, ਜਿਨ੍ਹਾਂ ਦਾ ਇਹ ਮਸਲਾ ਹੈ । ਡਿਪਟੀ ਸਪੀਕਰ ਸਾਹਿਬ, ਮੇਰੇ ਕੋਲ 10 ਕਾਰਖਾਨਿਆਂ ਦੇ ਨਾਉਂ ਹਨ ਜਿਨ੍ਹਾਂ ਨੇ ਮਹਿਕਮੇ ਨੂੰ ਤਹਿਰੀਰੀ ਤੌਰ ਤੇ ਲਿਖਕੇ ਦਿੱਤਾ ਕਿ ਉਨ੍ਹਾਂ ਨੇ ਕਾਰਖਾਨੇ ਬੰਦ ਕਰ ਦਿੱਤੇ ਹਨ । ਇਸ ਆਧਾਰ ਤੇ ਲੇਬਰ ਦੇ ਮਹਿਕਮੇ ਵਾਲੇ ਉਨ੍ਹਾਂ ਦੇ ਕਿਸੇ ਵਰਕਰ ਨੂੰ ਕਰਜ਼ਾ ਦੇਣ ਲਈ ਵੀ ਤਿਆਰ ਨਹੀਂ ਹਨ । ਕਿਹਾ ਇਹ ਜਾਂਦਾ ਹੈ ਕਿ ਇਸ ਦੇ ਵਿਚ ਮਾਲਕਾਂ ਨੇ ਇਹ ਨਹੀਂ ਲਿਖਿਆ ਕਿ ਉਹ ਕਾਰਖਾਨੇ ਜੰਗ ਕਾਰਨ ਬੰਦ ਕਰ ਰਹੇ ਹਨ ਡਿਪਟੀ ਸਪੀਕਰ ਸਾਹਿਬ, ਸਾਹੀ ਸਾਹਿਬ ਨੇ ਪਹਿਲਾਂ ਇਹ ਫੈਸਲਾ ਕੀਤਾ ਕਿ ਲੜਾਈ 4 ਦਸੰਬਰ ਨੂੰ ਸ਼ੁਰੂ ਹੋਈ ਅਤੇ ਜਿਹੜੇ ਵਰਕਰ ਲੜਾਈ ਤੋਂ 15 ਦਿਨ ਪਹਿਲਾਂ ਬੇਕਾਰ ਹੋ ਗਏ ਸਨ ਅਸੀਂ ਉਨ੍ਹਾਂ ਨੂੰ ਕਰਜ਼ੇ ਦੇ ਦੇਵਾਂਗੇ । ਅਸੀਂ ਕਿਹਾ ਕਿ 4 ਦਸੰਬਰ ਨੂੰ ਤਾਂ ਗਰਮ ਜੰਗ ਸ਼ੁਰੂ ਹੋਈ ਸੀ । ਪਰ ਸਰਦ ਜੰਗ ਤਾਂ ਪਹਿਲਾਂ ਹੀ ਸ਼ੁਰੂ ਹੋ ਗਈ ਸੀ । ਫਿਰ ਇਕ ਗੱਲ ਸਾਹੀ ਸਾਹਿਬ, ਬਾਗਲਾ ਸਾਹਿਬ ਅਤੇ ਲੇਬਰ ਡਿਪਾਰਟਮੈਂਟ ਨੇ ਮੰਨੀ ਕਿ ਪਹਿਲੀ ਅਕਤੂਬਰ ਤੋਂ ਬਾਅਦ ਜੇ ਕਾਰਖਾਨਾ ਬੰਦ ਹੋਣ ਕਾਰਨ ਕੋਈ ਮਜ਼ਦੂਰ 15 ਦਿਨ ਬੇਕਾਰ ਰਿਹਾ ਤਾਂ ਅਸੀਂ ਉਸ ਨੂੰ ਕਰਜ਼ਾ ਦੇਵਾਂਗੇ ਘੱਟ ਤੋਂ ਘੱਟ 50 ਰੁਪਏ ਅਤੇ ਵੱਧ ਤੋਂ ਵੱਧ 300 ਰੁਪਏ । ਇਹ ਦੱਸ ਦੇ ਦੱਸ ਕਾਰਖਾਨੇ ਪਹਿਲੀ ਅਕਤੂਬਰ ਤੋਂ ਬੰਦ ਹੋਏ ਸਨ । ਹੁਣ ਕਹਿੰਦੇ ਹਨ ਕਿ ਇਹ ਸਬੂਤ ਲਿਆਉ ਕਿ ਉਹ ਕਾਰਖਾਨੇ ਪਹਿਲੀ ਅਕਤੂਬਰ ਤੋਂ ਬੰਦ ਹੋ ਗਏ ਸੀ ਅਤੇ ਮਜ਼ਦੂਰ ਕੱਢ ਦਿੱਤੇ ਗਏ ਸਨ । ਅਸੀਂ ਕਿਹਾ ਕਿ ਜਦੋਂ ਇਹ ਫੈਸਲਾ ਹੋ ਗਿਆ ਅਤੇ ਇਕ ਤਾਰੀਖ ਨਿਸਚਿਤ ਹੋ ਗਈ ਕਿ ਜਿਹੜੇ ਜਿਹੜੇ ਪਹਿਲੀ ਅਕਤੂਬਰ ਤੋਂ ਪਹਿਲਾਂ ਬੇਕਾਰ ਹੋ ਗਏ ਸਨ ਉਨ੍ਹਾਂ ਨੂੰ ਕਰਜ਼ਾ ਨਹੀਂ ਮਿਲੇਗਾ ਅਤੇ ਜਿਹੜੇ ਪਹਿਲੀ ਅਕਤੂਬਰ ਤੋਂ ਬਾਅਦ ਹੋਏ ਹਨ ਉਨ੍ਹਾਂ ਨੂੰ ਮਿਲੇਗਾ ਤਾਂ ਅਸੀਂ ਕਹਿੰਦੇ ਹਾਂ ਕਿ ਉਨ੍ਹਾਂ ਸਾਰਿਆਂ ਨੂੰ ਮਿਲਣਾ ਚਾਹੀਦਾ ਹੈ ਜਿਹੜੇ ਪਹਿਲੀ ਅਕਤੂਬਰ ਤੋਂ ਬਾਅਦ ਬੇਕਾਰ ਹੋਏ ਹਨ ।

(ਕਾਮਰੇਡ ਸੱਤ ਪਾਲ ਡਾਂਗ)

ਡਿਪਟੀ ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਅਫਸਰ ਵੀ ਸਚੇ ਹਨ। ਉਹ ਕਹਿੰਦੇ ਹਨ ਕਿ ਜਿਹੜੀਆਂ ਹਦਾਇਤਾਂ ਸਾਨੂੰ ਵੱਡੇ ਅਫ਼ਸਰਾਂ ਨੇ ਘਲੀਆਂ ਹਨ, ਅਸੀਂ ਉਨ੍ਹਾਂ ਦੇ ਮੁਤਾਬਕ ਹੀ ਚਲਣਾ ਹੈ। ਉਹ ਕਹਿੰਦੇ ਹਨ ਕਿ ਭਾਵੇਂ ਕੋਈ ਮਜ਼ਦੂਰ ਪਹਿਲੀ ਅਕਤੂਬਰ ਤੋਂ ਬਾਅਦ ਹੀ ਬੇਕਾਰ ਹੋਇਆ ਹੋਵੇ ਜੇ ਉਸ ਦੀ ਬੇਕਾਰੀ ਦਾ ਸਬੰਧ ਜੰਗ ਨਾਲ ਨਹੀਂ ਅਤੇ ਛਾਂਟੀ ਨਾਲ ਹੈ ਤਾਂ ਉਸ ਨੂੰ ਕਰਜ਼ਾ ਨਹੀਂ ਮਿਲ ਸਕਦਾ। ਅਸੀਂ ਕਹਿੰਦੇ ਹਾਂ ਚੂੰਕਿ ਸਰਦ ਜੰਗ ਬਹੁਤ ਪਹਿਲਾਂ ਸ਼ੁਰੂ ਹੋ ਗਈ ਸੀ ਇਸ ਲਈ ਪਹਿਲੀ ਅਕਤੂਬਰ ਤੋਂ ਬਾਅਦ ਜਿਹੜਾ ਵੀ ਮਜ਼ਦੂਰ ਬੇਕਾਰੀ ਦਾ ਸ਼ਿਕਾਰ ਹੋਇਆ ਹੈ ਉਸ ਦਾ ਸਬੰਧ ਜੰਗ ਨਾਲ ਸੀ ਅਤੇ ਉਸ ਨੂੰ ਕਰਜ਼ਾ ਮਿਲਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਇਹੋ ਜਿਹੜੀਆਂ ਅੜਚਣਾਂ ਨਹੀਂ ਹੋਣੀਆਂ ਚਾਹੀਦੀਆਂ। ਹਦਾਇਤਾਂ ਸਪਸ਼ਟ ਹੋਣੀਆਂ ਚਾਹੀਦੀਆਂ ਹਨ ਕਿ ਪਹਿਲੀ ਅਕਤੂਬਰ ਤੋਂ ਬਾਅਦ ਬੇਕਾਰੀ ਅਗਰ 15 ਦਿਨ ਤੋਂ ਉਪਰ ਹੈ ਤਾਂ ਹਰ ਹਾਲਤ ਵਿਚ ਉਹ ਵਰਕਰ ਹਕਦਾਰ ਹੈ ਕਰਜ਼ਾ ਲੈਣ ਦਾ, ਜਿਹੜਾ ਅਸੀਂ ਕਹਿੰਦੇ ਹਾਂ ਕਿ ਗ੍ਰਾਂਟ ਦੀ ਸ਼ਕਲ ਵਿਚ ਦਿੱਤਾ ਜਾਏ, ਉਸ ਦੇ ਲਈ ਸਬੂਤ ਦੀ ਕੋਈ ਲੋੜ ਨਹੀਂ।

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੰਧੂ ਸਾਹਿਬ ਨੂੰ, ਜੋ ਕਿ ਮੇਰੇ ਦੋਸਤ ਹਨ, ਬੇਨਤੀ ਕਰਾਂਗਾ ਕਿਉਂਕਿ ਉਨ੍ਹਾਂ ਦਸ ਯੂਨਿਟਾਂ ਵਿਚ ਇਕ ਉਹ ਯੂਨਿਟ ਵੀ ਸੀ ਜਿਸ ਵਿਚ ਸੰਗੇਮਰਮਰ ਦਾ ਕੰਮ ਹੁੰਦਾ ਸੀ ਅਤੇ ਉਸ ਦੇ ਵਿਚ ਜਿਹੜੇ 20-20, 30-30 ਸਾਲ ਦੇ ਪੁਰਾਣੇ ਵਰਕਰ ਸਨ ਕਾਰਖ਼ਾਨਾ ਬੰਦ ਕਰਨ ਨਾਲ ਉਨ੍ਹਾਂ ਨੂੰ ਇਕ ਧੇਲਾ ਵੀ ਨਹੀਂ ਦਿੱਤਾ ਗਿਆ। ਜਿਹੜੀ ਰਕਮ ਉਨ੍ਹਾਂ ਨੂੰ ਕਾਨੂੰਨੀ ਤੌਰ ਤੇ ਮਿਲਣੀ ਚਾਹੀਦੀ ਸੀ ਉਹ ਵੀ ਨਹੀਂ ਮਿਲੀ। ਦੂਸਰੇ ਪਾਸੇ ਸਰਕਾਰ ਦੇ ਅਫਸਰ ਕਹਿੰਦੇ ਹਨ ਕਿ ਉਨ੍ਹਾਂ ਨੂੰ ਕਰਜ਼ਾ ਵੀ ਨਹੀਂ ਮਿਲ ਸਕਦਾ। ਮੈਂ ਸੰਧੂ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਨ੍ਹਾਂ ਨੂੰ ਉਨ੍ਹਾਂ ਦਾ ਹੱਕ ਦਿਲਾਉ। ਉਹ ਜਿਹੜਾ ਕਾਰਖਾਨਾ ਸੀ ਉਹ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸੀ .... (ਵਿਘਨ)

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦਸਾਂ ਤੋਂ ਇਲਾਵਾ ਹੋਰ ਵੀ ਕਈ ਅਜੇਹੇ ਕਾਰਖ਼ਾਨੇ ਹੋਣਗੇ। ਪਰ ਇਹ ਕਿਤਨੀ ਅਜੀਬ ਗੱਲ ਹੈ ਕਿ ਇਹ ਇਸ ਗੱਲ ਨੂੰ ਤਾਂ ਮੰਨਦੇ ਹਨ ਕਿ ਇਕ ਵਰਕਰ ਬੇਕਾਰ ਹੋ ਗਿਆ ਹੈ ਅਤੇ ਉਹ ਹਾਲੇ ਵੀ ਬੇਕਾਰ ਹੈ ਪਰ ਉਸ ਨੂੰ ਕਹਿੰਦੇ ਹਨ ਕਿ ਤੂੰ ਮੁਆਵਜ਼ੇ ਦਾ ਕੋਈ ਹੱਕਦਾਰ ਨਹੀਂ। ਡਿਪਟੀ ਸਪੀਕਰ ਸਾਹਿਬ, ਤੁਸੀਂ ਆਪ ਜਾਣਦੇ ਹੋ ਕਿ ਜਿਹੜਾ ਗਰੀਬ ਬੇਕਾਰ ਹੋਵੇ ਔਰ ਉਹ ਅਜੇ ਵੀ ਬੇਕਾਰ ਹੈ ਉਸ ਨੂੰ ਇਹ ਆਖਣਾ ਕਿ ਉਹ ਹੱਕਦਾਰ ਹੀ ਨਹੀਂ ਹੈ ਕੀ ਉਸ ਨਾਲ ਬੇਇਨਸਾਫੀ ਨਹੀਂ ਹੈ?

ਡਿਪਟੀ ਸਪੀਕਰ ਸਾਹਿਬ, ਮੁਕੇਰੀਆਂ ਵਿਚ ਵੀ ਇਹ ਮਸਲਾ ਹੋਇਆ ਹੋਵੇਗਾ ਜਿਥੇ ਵਰਕਰ ਬਿਰਲਿਆਂ ਅਤੇ ਟਾਟਿਆਂ ਦੇ ਖਿਲਾਫ ਲੜਦੇ ਹਨ। ਜਿਥੇ ਕਿ ਕਾਨੂੰਨ ਅਨੁਸਾਰ ਵਰਕਰਾਂ ਨੂੰ ਰਿਆਇਤਾਂ ਨਾ ਦੇਣ ਕਾਰਨ ਮਾਲਕ ਵਰਕਰਾਂ ਦੀ ਹਾਜ਼ਰੀ, ਨਹੀਂ ਲਗਾਉਂਦੇ। ਜੇਕਰ ਇੰਨਸਪੈਕਟਰ ਜਾਂਦੇ ਹਨ ਤਾਂ ਉਨ੍ਹਾਂ ਨੂੰ ਰਜਿਸਟਰ ਨਹੀਂ ਦਿਖਾਉਂਦੇ ਅਤੇ ਕਈ ਉਨ੍ਹਾਂ ਨੂੰ ਆਖਦੇ ਹਨ ਕਿ ਅਸੀਂ ਤਾਂ ਕੋਈ ਰਜਿਸਟਰ ਹੀ ਨਹੀਂ ਰਖਿਆ। ਜੇਕਰ ਵਰਕਰ ਆਖਦਾ ਹੈ ਕਿ ਗੁਆਂਢੀਆਂ ਤੋਂ ਪੁੱਛ ਲਓ ਮੈਂ ਪਹਿਲਾਂ ਤੁਹਾਡੇ ਪਾਸ

ਕੰਮ ਕਰਦਾ ਸੀ ਅਤੇ ਹੁਣ ਫਲਾਣੀ ਥਾਂ ਕੰਮ ਕਰਦਾ ਹਾਂ ਤਾਂ ਕੋਈ ਉਸ ਵਿਚਾਰੇ ਨੂੰ ਨਹੀਂ ਸੁਣਦਾ। ਡਿਪਟੀ ਸਪੀਕਰ ਸਾਹਿਬ, ਇਸ ਮਸਲੇ ਦਾ ਵੀ ਕੋਈ ਹਲ ਹੋਣਾ ਚਾਹੀਦਾ ਹੈ। ਇਹੋ ਜਿਹੀਆਂ ਗਵਾਹੀਆਂ ਲੈ ਕੇ, ਤਸੱਲੀ ਕਰਕੇ, ਉਸ ਵਰਕਰ ਨੂੰ ਉਸ ਦਾ ਹੱਕ ਜ਼ਰੂਰ ਮਿਲਣਾ ਚਾਹੀਦਾ ਹੈ। ਕਿਉਂਕਿ ਅਗਰ ਉਹ ਮਿਲ ਮਾਲਕ ਹਾਜ਼ਰੀ ਨਹੀਂ ਲਗਾਉਂਦੇ ਜਾਂ ਰਜਿਸਟਰ ਨਹੀਂ ਦਿਖਾਉਂਦੇ ਤਾਂ ਇਸ ਵਿਚ ਵਰਕਰ ਦਾ ਕੋਈ ਕਸੂਰ ਨਹੀਂ।

ਫਿਰ, ਡਿਪਟੀ ਸਪੀਕਰ ਸਾਹਿਬ, ਕਰਜ਼ੇ ਦੇਣ ਦੇ ਵਿਚ ਕੀ ਹੁੰਦਾ ਹੈ। ਵਰਕਰ ਕਰਜ਼ਾ ਲੈਣ ਲਈ ਜਾਂਦਾ ਹੈ। ਉਸ ਨੂੰ ਕਰਜ਼ਾ ਤਾਂ ਸਿਰਫ਼ ਮਿਲਣਾ ਹੁੰਦਾ ਹੈ ਦੋ ਜਾਂ ਤਿੰਨ ਸੌ ਰੁਪਿਆ ਪਰ ਉਸ ਪਾਸੋਂ ਦੋ ਜ਼ਮਾਨਤਾਂ ਮੰਗੀਆਂ ਜਾਂਦੀਆਂ ਹਨ। ਇਕ ਜ਼ਮਾਨਤ ਤਾਂ ਉਹ ਆਪਣੇ ਕਿਸੇ ਫੈਕਟਰੀ ਵਰਕਰ ਦੀ ਹੀ ਦੇ ਸਕਦਾ ਹੈ। ਠੀਕ ਹੈ, 65% ਤਾਂ ਵਰਕਰ ਜ਼ਮਾਨਤ ਦੇਣ ਲਈ ਮੰਨ ਜਾਂਦੇ ਹਨ। ਦੂਸਰੀ ਜ਼ਮਾਨਤ ਮੰਗਦੇ ਹਨ ਕਿਸੇ ਮਿਉਂਸਪਲ ਕਮਿਸ਼ਨਰ ਦੀ ਜਾਂ ਕਿਸੇ ਜਾਇਦਾਦ ਦੇ ਮਾਲਕ ਦੀ। ਹੁਣ, ਡਿਪਟੀ ਸਪੀਕਰ ਸਾਹਿਬ, ਜਿਸ ਮਿਉਂਸਪਲ ਕਮਿਸ਼ਨਰ ਦੇ ਪੱਲੇ ਕੁਝ ਨਹੀਂ ਹੁੰਦਾ ਉਹ ਤਾਂ ਜ਼ਮਾਨਤ ਦੇਣ ਲਈ ਮੰਨ ਜਾਂਦਾ ਹੈ ਅਤੇ ਸੋਚਦਾ ਹੈ ਕਿ ਮੇਰਾ ਸਰਕਾਰ ਕੀ ਖੋਹ ਲਵੇਗੀ। ਕੁਰਕੀ ਕਰਕੇ ਵੀ ਮੇਰੇ ਪਾਸੋਂ ਕੀ ਲੈ ਲਵੇਗੀ, ਕਪੜੇ ਤਾਂ ਲਾਹੁਣ ਤੋਂ ਰਹੀ। ਪਰ ਜਿਹੜਾ ਜਾਇਦਾਦ ਦਾ ਮਾਲਕ ਹੈ ਉਹ ਜ਼ਮਾਨਤ ਲਈ ਪਹਿਲਾਂ ਤਾਂ, ਡਿਪਟੀ ਸਪੀਕਰ ਸਾਹਿਬ, ਤਿਆਰ ਹੀ ਨਹੀਂ ਹੁੰਦਾ ਪਰ ਜੇਕਰ ਵਰਕਰ ਕੋਈ ਜ਼ਮਾਨਤ ਵਾਸਤੇ ਜਾਇਦਾਦ ਦੇ ਮਾਲਕ ਨੂੰ ਜ਼ਮਾਨਤ ਦੇਣ ਨੂੰ ਮੰਨਾ ਲੈਂਦਾ ਹੈ ਅਤੇ ਉਹ ਕਹਿੰਦਾ ਹੈ ਕਿ ਮੇਰਾ ਮਕਾਨ ਹੈ ਅਤੇ ਮਿਉਂਸਪਲ ਕਮਿਸ਼ਨਰ ਕਹਿੰਦਾ ਹੈ ਕਿ ਮੈਂ ਤਸਦੀਕ ਕਰਦਾ ਹਾਂ। ਪਰ ਉਹ ਕਹਿੰਦੇ ਹਨ ਕਿ ਇਹ ਨਹੀਂ ਮੰਨਦੇ ਮਾਲਕ ਮਕਾਨ ਰਜਿਸਟਰੀ ਲਿਆ ਕੇ ਦਿਖਾਵੇ ਤਾਂ ਮੰਨ ਲਵਾਂਗੇ। ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਜੇਲ੍ਹ ਵਿਚ ਰਹੇ ਹੋ ਅਤੇ ਮੈਂ ਤਾਂ ਕਈ ਵਾਰ ਗਿਆ ਹਾਂ। ਮੈਜਿਸਟਰੇਟ ਜ਼ਮਾਨਤ ਲਈ ਹੁਕਮ ਕਰਦਾ ਹੈ ਤਾਂ ਕੋਈ ਜਾਇਦਾਦ ਵਾਲਾ ਅਤੇ ਨਾਲ ਕੋਈ ਹੋਰ ਮੋਹਤਬਰ ਲੈ ਜਾਂਦੇ ਹਾਂ। ਮੈਜਿਸਟ੍ਰੇਟ ਤਸਦੀਕ ਕਰ ਦਿੰਦਾ ਹੈ ਕਿ ਇਸ ਦੀ 20 ਹਜ਼ਾਰ ਦੀ ਜਾਇਦਾਦ ਹੈ ਅਤੇ 1 ਹਜ਼ਾਰ ਦੀ ਜ਼ਮਾਨਤ ਲੈ ਲਉ। ਪਰ ਇਨ੍ਹਾਂ ਨੇ ਕਰਜ਼ਾ ਦੇਣਾ ਹੁੰਦਾ ਹੈ ਦੋ ਸੌ ਜਾਂ ਤਿੰਨ ਸੌ ਅਤੇ ਕਹਿੰਦੇ ਹਨ ਕਿ ਮਕਾਨ ਦੀ ਰਜਿਸਟਰੀ ਲੈ ਕੇ ਆਉ ਜੇਕਰ ਰਜਿਸਟਰੀ ਗਵਾਚ ਗਈ ਹੋਵੇ ਤਾਂ ਕਹਿੰਦੇ ਹਨ ਦਫਤਰ ਤੋਂ ਉਸ ਦੀ ਅਟੈਸਟਡ ਕਾਪੀ ਲਿਆਉ ਤਾਂ ਤੁਹਾਡਾ ਜ਼ਮਾਨਤੀ ਮੰਨ ਲਵਾਂਗੇ। ਮੇਰੀ ਬੇਨਤੀ ਹੈ ਕਿ ਇਸ ਸਿਲਸਿਲੇ ਨੂੰ ਐਕਸਪੀਡਾਈਟ ਕੀਤਾ ਜਾਏ ਜੇਕਰ ਸਟਾਫ ਹੋਰ ਚਾਹੀਦਾ ਹੈ ਤਾਂ ਦਿੱਤਾ ਜਾਏ। ਫਿਰ ਥੋੜ੍ਹੇ ਵਰਕਰਾਂ ਨੂੰ ਹੀ ਕਰਜੇ ਮਨਜ਼ੂਰ ਕੀਤੇ ਜਾਂਦੇ ਹਨ। ਇਸ ਸਬੰਧ ਵਿਚ ਗਵਰਨਰੀ ਰਾਜ ਵਿਚ ਇਹ ਐਸ਼ੋਰੈਂਸ ਦਿਵਾਈ ਗਈ ਸੀ ਕਿ ਹਰ ਇਕ ਵਰਕਰ ਨੂੰ ਪੈਸੇ ਮਿਲਣਗੇ। ਇਸ ਲਈ, ਡਿਪਟੀ ਸਪੀਕਰ ਸਾਹਿਬ, ਅਸੀਂ ਕਹਿੰਦੇ ਹਾਂ ਕਿ ਤੁਸੀਂ ਹੁਣ ਪੈਸੇ ਅਲਾਟ ਕਰ ਰਹੇ ਹੋ ਬਾਅਦ ਵਿਚ ਤੁਸੀਂ ਕਹਿਣਾ ਹੈ ਕਿ 10 ਲੱਖ ਰੁਪਿਆ ਹੈ ਅਤੇ ਪਿਛੋਂ ਕਹਿੰਦੇ ਹੋ ਕਿ ਬਾਕੀਆਂ ਲਈ ਪੈਸੇ ਮੁਕ ਗਏ ਹਨ। ਸਾਨੂੰ ਗਵਰਨਰ ਦੇ ਰਾਜ ਵਿਚ ਇਹ ਐਸ਼ੋਰੈਂਸ ਦਿਤੀ ਗਈ ਸੀ ਕਿ ਹਰ ਇਕ ਵਰਕਰ ਨੂੰ ਪੈਸੇ ਮਿਲਣਗੇ। ਅਸੀਂ ਕਿਹਾ ਕਿ ਤੁਸੀਂ ਪੈਸੇ ਅਲਾਟ ਕਰ ਰਹੇ ਹੋ ਇਸ ਲਈ ਜ਼ਿਆਦਾ ਫੰਡਜ਼ ਇਸ ਪਰਪਜ਼ ਲਈ

(ਕਾਮਰੇਡ ਸੱਤ ਪਾਲ ਡਾਂਗ)

ਰਖੇ ਜਾਣ ਨਹੀਂ ਤਾਂ ਤੁਸੀਂ ਕਹਿਣਾ ਹੈ ਕਿ 10 ਲੱਖ ਰੁਪਿਆ ਸੀ ਥੋੜਿਆਂ ਨੂੰ ਦੇ ਦਿਉਗੇ ਅਤੇ ਬਾਕੀਆਂ ਨੂੰ ਕਹਿ ਦਿਉਗੇ ਕਿ ਪੈਸੇ ਮੁਕ ਗਏ ਹਨ। ਮੇਰੀ ਬੇਨਤੀ ਹੈ ਕਿ ਜਿਸ ਤਰ੍ਹਾਂ ਗਵਨਰੀ ਰਾਜ ਵਿਚ ਐਸ਼ੋਰੈਂਸ ਦਿੱਤੀ ਗਈ ਸੀ ਪਰ ਸਾਰਿਆਂ ਨੂੰ ਪੈਸੇ ਨਹੀਂ ਮਿਲੇ ਅਤੇ ਬਹਾਨਾ ਲਗਾ ਦਿੱਤਾ ਕਿ ਇਸ ਕੰਮ ਲਈ ਜਿਹੜਾ ਪੈਸਾ ਰਖਿਆ ਸੀ ਖ਼ਤਮ ਹੋ ਗਿਆ ਹੈ। ਇਸ ਲਈ, ਡਿਪਟੀ ਸਪੀਕਰ ਸਾਹਿਬ, ਇਹ ਸਰਕਾਰ ਵੀ ਐਸ਼ੋਅਰ ਕਰੇ ਕਿ ਇਹ ਵੀ ਇਸ ਤਰ੍ਹਾਂ ਦੀ ਗੱਲ ਨਹੀਂ ਕਰਨਗੇ ਕਿ ਜਿਤਨੇ ਪੈਸੇ ਅਲਾਟ ਹੋਏ ਹਨ ਉਹ ਸੈਂਕਸ਼ਨ ਕਰ ਦਿੱਤੇ ਹਨ ਅਤੇ ਬਾਕੀ ਦੇ ਵਰਕਰ ਹੁਣ ਸੈਰ ਕਰਨ। ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਸਰਕਾਰ ਇਸ ਕੰਮ ਨੂੰ ਸ਼ੁਰੂ ਕਰੇ ਔਰ ਜਿਥੇ ਕਸੂਰ ਮਾਲਕਾਂ ਦਾ ਹੈ ਕਿਉਂਕਿ ਉਨ੍ਹਾਂ ਨੇ ਰਜਿਸਟਰ ਨਹੀਂ ਰਖਿਆ ਹੋਇਆ ਔਰ ਵਰਕਰ ਬੇਕਾਰ ਹੋਇਆ ਹੋਵੇ ਉਥੇ ਵਰਕਰ ਦੀ ਤਸੱਲੀ ਕੀਤੀ ਜਾਏ। ਡਿਪਟੀ ਸਪੀਕਰ ਸਾਹਿਬ, ਜਿਹੜੇ ਕਾਰਖਾਨੇ ਬੰਦ ਹੋਏ ਉਨ੍ਹਾਂ ਵਿਚਲੇ ਵਰਕਰਾਂ ਨੂੰ ਨੌਕਰੀ ਨਹੀਂ ਮਿਲੀ ਉਹ ਤਾਂ ਜ਼ਿਆਦਾ ਹੱਕਦਾਰ ਹਨ। ਉਨ੍ਹਾਂ ਨੂੰ ਨੌਕਰੀ ਦਿੱਤੀ ਜਾਵੇ ਔਰ ਨਵੇਂ ਉਸ ਸਮੇਂ ਤਕ ਨਿਯੁਕਤ ਨਾ ਕੀਤੇ ਜਾਣ ਜਦ ਤਕ ਕਿ ਬੇਕਾਰ ਆਦਮੀ ਕੰਮ ਤੇ ਨਹੀਂ ਲਗ ਜਾਂਦੇ। ਜੋ ਚਾਰ ਘੰਟੇ ਵਾਲੀ ਗੱਲ ਹੈ ਉਸ ਵਿਚ ਨਾ ਜਾਇਆ ਜਾਵੇ ਕਿਉਂਕਿ ਇਸ ਤਰ੍ਹਾਂ ਵਰਕਰਾਂ ਨੂੰ ਇਨਸਾਫ ਨਹੀਂ ਮਿਲੇਗਾ। ਤੁਸੀਂ ਯਕਮ ਅਕਤੂਬਰ ਤਾਰੀਖ ਨਿਯੁਕਤ ਕੀਤੀ ਹੈ। ਭਾਵੇਂ ਉਹ ਪੂਰੀ ਦਿਹਾੜੀ ਦਾ ਬੇਕਾਰ ਹੈ ਉਹ ਜਿਹੜਾ ਤੁਸੀਂ ਫੈਸਲਾ ਕੀਤਾ ਹੈ ਉਹ ਵਰਕਰ ਉਤੇ ਉਸ ਤਰ੍ਹਾਂ ਹੀ ਲਾਗੂ ਹੋਣਾ ਚਾਹੀਦਾ ਹੈ। ਫਿਰ ਫਾਈਨੈਂਸ ਮਹਿਕਮੇਂ ਵਾਲੇ ਹਰ ਤਰੀਕੇ ਨਾਲ ਆਪਣੀ ਟੰਗ ਅੜਾਉਣ ਦੀ ਕੋਸ਼ਿਸ਼ ਕਰਦੇ ਹਨ। ਇਹ ਮਹਿਕਮਾ ਅੰਗਰੇਜ਼ਾਂ ਨੇ ਇਸ ਲਈ ਖੋਲ੍ਹਿਆ ਸੀ ਕਿ ਹਰ ਤਰ੍ਹਾਂ ਨਾਲ ਪੈਸਾ ਬਚਾਇਆ ਜਾਵੇ। ਕਿਉਂਕਿ ਉਸ ਸਮੇਂ ਦੇਸ਼ ਗੁਲਾਮ ਸੀ ਅਤੇ ਅੰਗਰੇਜ਼ ਸਰਕਾਰ ਸਾਡੇ ਤੇ ਕੋਈ ਪੈਸਾ ਨਹੀਂ ਸੀ ਖਰਚਣਾ ਚਾਹੁੰਦੀ। ਇਸ ਲਈ ਉਸ ਨੇ ਇਹ ਮਹਿਕਮਾਂ ਰਸਤੇ ਵਿਚ ਬਿਠਾ ਦਿੱਤਾ ਜਿਸ ਦਾ ਕੰਮ ਹੀ ਇਹ ਸੀ ਕਿ ਹਰ ਬਣਦੇ ਕੰਮ ਵਿਚ ਰੋੜਾ ਅਟਕਾਉਣਾ ਔਰ ਜੰਤਾ ਨੂੰ ਕੋਈ ਪੈਸਾ ਨਹੀਂ ਸੀ ਦਿੱਤਾ ਜਾਂਦਾ। ਇਹ ਇਸ ਮਹਿਕਮੇਂ ਦੀ ਕੋਸ਼ਿਸ਼ ਹੁੰਦੀ ਸੀ। ਔਰ ਇਹ ਮਹਿਕਮਾਂ ਹੁਣ ਵੀ ਉਸੇ ਹੀ ਪੈਟਰਨ ਤੇ ਕੰਮ ਕਰ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਇਹ ਸੈਕਟਰੀ ਪਹਿਲਾਂ ਜਦੋਂ ਕਿਸੇ ਹੋਰ ਵਿਭਾਗ ਦਾ ਇਨਚਾਰਜ਼ ਹੁੰਦਾ ਹੈ ਤਾਂ ਸਿਫਾਰਸ਼ ਕਰਦਾ ਹੈ ਕਿ ਫਲਾਂ ਸਕੀਮ ਲਈ ਵੱਧ ਤੋਂ ਵੱਧ ਪੈਸੇ ਰਖੇ ਜਾਣ ਪਰ ਜਦੋਂ ਉਸ ਨੂੰ ਫਾਈਨੈਂਸ ਦਾ ਮਹਿਕਮਾ ਦਿੱਤਾ ਜਾਂਦਾ ਹੈ ਤਾਂ ਉਹ ਵੀ ਪਹਿਲੇ ਸੈਕਟਰੀ ਵਾਂਗ ਹੀ ਕਰਦਾ ਹੈ। ਇਸ ਲਈ ਮੈਂ ਸ਼ਰਮਾਂ ਸਾਹਿਬ ਨੂੰ ਕਹਾਂਗਾ ਕਿ ਫਾਈਨੈਂਸ ਦੀਆਂ ਅੜਚਣਾ ਨੂੰ ਆਪ ਕਢਣ ਔਰ ਮੇਰਾ ਖਿਆਲ ਹੈ ਕਿ ਟੋਟਲ ਰੁਪਿਆਂ 20 ਜਾਂ 25 ਲੱਖ ਤੋਂ ਵੱਧ ਖਰਚ ਨਹੀਂ ਆਉਣਾ। ਜਿਸ ਤਰ੍ਹਾਂ ਮੈਂ ਪਹਿਲਾਂ ਵੀ ਬੇਨਤੀ ਕੀਤੀ ਹੈ ਕਿ ਰਕਮ ਕਰਜ਼ੇ ਦੀ ਸ਼ਕਲ ਵਿਚ ਨਾ ਹੋਵੇ ਬਲਕਿ ਗਰਾਂਟ ਦੀ ਸ਼ਕਲ ਵਿਚ ਹੋਣੀ ਚਾਹੀਦੀ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਜੇਕਰ ਸਰਦਾਰ ਉਮਰਾਓ ਸਿੰਘ ਜੀ ਮੰਨ ਲੈਣ ਤਾਂ ਇਸ ਮਤੇ ਨੂੰ ਸਰਵ-ਸੰਮਤੀ ਨਾਲ ਪਾਸ ਕੀਤਾ ਜਾਵੇ।

Mr. Deputy Speaker: Motion moved—

This House recommends to the Government to convert into grants, the loans given proposed to be given to the industrial workers in the State who suffered un-employment as a result of the recent Indo-Pak War.

ਸ੍ਰੀ ਪਰਤਾਪ ਚੰਦ ਭੰਡਾਰੀ (ਅੰਮ੍ਰਿਤਸਰ ਸੈਂਟਰਲ) : ਡਿਪਟੀ ਸਪੀਕਰ ਸਾਹਿਬ, 14 ਦਿਨ ਪਾਕਿਸਤਾਨ ਦੀ ਜੰਗ ਹੋਈ ਔਰ ਇਸ ਵਿਚ ਦੋ ਰਾਵਾਂ ਨਹੀਂ ਹਨ ਕਿ ਗਰੀਬ ਮਜ਼ਦੂਰ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ। ਪਰ ਜੋ ਸਰਕਾਰ ਨੇ ਉਸ ਮਜ਼ਦੂਰ ਨੂੰ ਉਸ ਗਰੀਬ ਵਰਕਰ ਨੂੰ ਸਹਾਇਤਾ ਵਜੋਂ ਕਰਜ਼ਾ ਦਿੱਤਾ ਹੈ ਮੈਂ ਸਮਝਦਾ ਹਾਂ ਕਿ ਇਹ ਗਲਤ ਗੱਲ ਕੀਤੀ ਗਈ ਹੈ। ਜਿਹੜਾ ਮਜ਼ਦੂਰ ਮਹੀਨੇ ਦਾ ਸਿਰਫ ਡੇਢ ਦੋ ਸੌ ਰੁਪਿਆ ਕਮਾਉਂਦਾ ਸੀ ਉਸ ਨੂੰ ਗਰਾਂਟ ਦੇਣੀ ਜ਼ਰੂਰੀ ਸੀ। ਕਿਉਂਕਿ ਉਹ 15 ਦਿਨ ਹੀ ਬੇਕਾਰ ਨਹੀਂ ਹੋਇਆ ਉਸ ਨੂੰ ਤਿੰਨ ਮਹੀਨੇ ਬੇਕਾਰ ਰਹਿਣਾ ਪਿਆ ਔਰ ਰਾਅ ਮਟੀਰੀਅਲ ਨਾ ਹੋਣ ਕਾਰਣ, ਰੁਪਏ ਦੀ ਤੰਗੀ ਹੋਣ ਕਾਰਣ ਜਾਂ ਹੋਰ ਤੰਗੀਆਂ ਹੋਣ ਕਾਰਣ, ਉਥੇ ਦੇ ਕਾਰਖਾਨੇ ਘਟ ਕੰਮ ਕਰਦੇ ਰਹੇ ਹਨ। ਮੈਂ ਮੁੱਖ ਮੰਤਰੀ ਜੀ ਦਾ ਬੜਾ ਮਸ਼ਕੂਰ ਹਾਂ ਜਿਹੜੀ ਉਨ੍ਹਾਂ ਨੇ ਬਾਰਡਰ ਦੇ ਸਾਰੇ ਐਮ. ਐਲ. ਏਜ਼. ਦੀ ਇਕ ਮੀਟਿੰਗ ਬੁਲਾਈ ਹੈ ਤਾਕਿ ਇਕੱਠੇ ਬੈਠਕੇ ਸੋਚਿਆ ਜਾਵੇ। ਡਿਪਟੀ ਸਪੀਕਰ ਸਾਹਿਬ, ਬਾਰਡਰ ਦੀਆਂ ਬਹੁਤ ਸਮੱਸਿਆਵਾਂ ਹਨ। ਇਸ ਲਈ ਮੈਂ ਸਮਝਦਾ ਹਾਂ ਕਿ ਉਸ ਮੀਟਿੰਗ ਵਿਚ ਕੋਈ ਪਰਾਪਰ ਹੱਲ ਕੱਢ ਲਿਆ ਜਾਵੇਗਾ। ਜਿਥੇ ਤਕ ਮਜ਼ਦੂਰ ਦਾ ਤੁਅੱਲਕ ਹੈ ਮੈਂ ਡਾਂਗ ਸਾਹਿਬ ਨਾਲ ਸਹਿਮਤ ਹਾਂ ਕਿ ਉਨ੍ਹਾਂ ਵਰਕਰਾਂ ਨਾਲ ਧੱਕਾ ਕੀਤਾ ਜਾ ਰਿਹਾ ਹੈ ਕਿਉਂਕਿ ਕਾਰਖਾਨਿਆਂ ਵਿਚ ਕੋਈ ਹਾਜ਼ਰੀ ਰਜਿਸਟਰ ਨਹੀਂ ਲਗਾਏ ਜਾਂਦੇ ਔਰ ਕੋਈ ਇਹ ਵੀ ਸਪੈਸੀਫਾਈ ਕਰਨ ਨੂੰ ਤਿਆਰ ਨਹੀਂ ਕਿ ਇਹ ਮਜ਼ਦੂਰ ਇਸ ਕਾਰਖਾਨੇ ਵਿਚ ਕੰਮ ਕਰਦਾ ਸੀ।

ਮੈਂ ਸਮਝਦਾ ਹਾਂ ਕਿ ਇਹ ਚੀਜ਼ਾਂ ਜਦ ਕਿ ਹੁਣ ਨੋਟਿਸ ਵਿਚ ਆ ਗਈਆਂ ਹਨ, ਚੰਗਾ ਤਾਂ ਇਹ ਸੀ ਕਿ ਉਨ੍ਹਾਂ ਰਜਿਸਟਰ ਨਾ ਰਖਣ ਵਾਲਿਆਂ ਕਾਰਖਾਨੇ ਵਾਲਿਆਂ ਨੂੰ ਲੇਬਰ ਇਨਸਪੈਕਟਰ ਆਖਦੇ ਕਿ ਕਿਉਂ ਨਾ ਤੁਹਾਡਾ ਚਲਾਨ ਕੀਤਾ ਜਾਵੇ ਲੇਕਿਨ ਲੇਬਰ ਇਨਸਪੈਕਟਰ ਨੇ ਉਸ ਦੇ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਅਤੇ ਮਜ਼ਦੂਰਾਂ ਨੂੰ ਅਤੇ ਗਰੀਬ ਵਰਕਰਾਂ ਨੂੰ ਤੰਗ ਕਰਨ ਵਿਚ ਹਿੱਸਾ ਪਾਇਆ ਹੈ।

ਜਿਥੋਂ ਤੱਕ ਰੁਪਿਆਂ ਦਾ ਤੁਅੱਲਕ ਹੈ ਇਸ ਲਈ ਮੈਂ ਇੱਕ ਛੋਟਾ ਜਿਹਾ ਸੁਝਾ ਦਿੰਦਾ ਹਾਂ। ਅਗਰ ਸਾਡੇ ਫਾਈਨੈਂਸ ਮਨਿਸਟਰ ਸਾਹਿਬ ਇਸ ਗੱਲ ਨੂੰ ਸੋਚਣ ਕਿ ਬਜਾਏ ਇਸ ਗੱਲ ਦੇ ਕਿ ਨਾ ਕੇਵਲ ਫੈਕਟਰੀ ਦੇ ਮਜ਼ਦੂਰਾਂ ਨੂੰ ਸਗੋਂ ਦੂਜੇ ਮਜ਼ਦੂਰ ਜਿਹੜੇ ਬਾਰਡਰ ਏਰੀਆਜ਼ ਵਿਚ ਰਹੇ ਹਨ ਅਤੇ ਉਨ੍ਹਾਂ ਨੂੰ ਕੰਮ ਨਹੀਂ ਮਿਲ ਰਿਹਾ, ਉਨ੍ਹਾਂ ਨੂੰ ਰੁਪਿਆ ਲੋਨ ਦੀ ਸ਼ਕਲ ਵਿਚ ਦਿੱਤਾ ਜਾਏ। ਸਾਡੇ ਸਟੋਰਾਂ ਵਿਚ ਕਾਫੀ ਕਣਕ ਪਈ ਹੈ। ਜਿਹੜੀ ਅਸੀਂ ਖਰੀਦ ਕੇ ਗੁਦਾਮਾਂ ਵਿਚ ਰਖੀ ਹੈ। ਉਸ ਦੀ ਸਟੋਰੇਜ ਦੀ ਵੀ ਬੜੀ ਭਾਰੀ ਪ੍ਰਾਬਲਮ ਹੈ। ਇਸ ਚੀਜ਼ ਨੂੰ ਕੰਸਿਡਰ ਕਰਕੇ ਕਣਕ ਲੋਨ ਤੇ ਦਿੱਤੀ ਜਾਵੇ ਹਰ ਮਜ਼ਦੂਰ ਨੂੰ ਜਿਹੜਾ ਕਿ ਬਾਰਡਰ ਏਰੀਆਜ਼ ਵਿਚ ਰਹਿੰਦਾ ਹੈ ਅਤੇ ਫੈਕਟਰੀ ਵਿਚ ਕੰਮ ਕਰਦਾ ਹੈ, ਉਸ ਦੀ ਹੱਦ ਮੁਕਰੱਰ ਕਰਕੇ ਉਨ੍ਹਾਂ ਨੂੰ ਕਣਕ ਲੋਨ ਦੇ ਤੌਰ ਤੇ ਦਿੱਤੀ ਜਾਵੇ। ਇਸ ਤਰ੍ਹਾਂ ਸਾਡੀਆਂ ਦੋਵੇਂ ਸਮਸਿਆਵਾਂ ਹਲ ਹੋ ਜਾਣਗੀਆਂ। ਸਟੋਰੇਜ ਦੀ ਪ੍ਰਾਬਲਮ ਹੈ ਅਤੇ ਦੂਸਰੀ ਜਿਹੜੀ ਅਸੀਂ ਲੋਨ ਦੇ ਸ਼ਕਲ ਵਿਚ ਰੁਪਏ ਦੇਂਦੇ ਹਨ ਉਸ ਦੇ ਅਗੇਂਸਟ ਜਿਹੜਾ ਇੰਟਰੈਸਟ ਹੈ ਉਹ ਜਿਹੜਾ ਮਜ਼ਦੂਰਾਂ ਤੋਂ ਅਸੀਂ ਲੈਣਾ ਹੈ ਉਹ ਬੜਾ ਨਾਮੀਨਲ ਲਿਆ ਜਾਵੇ। ਇਸ ਨਾਲ ਮਜ਼ਦੂਰਾਂ ਨੂੰ ਸਹੂਲਤ ਮਿਲ ਜਾਵੇਗੀ ਅਤੇ ਉਹ ਆਪਣੀ ਸ਼ੈਟਰਡ ਇਕਾਨਮੀ ਨੂੰ ਸੈਟਲ ਕਰ ਸਕੇਗਾ।

[ਸ੍ਰੀ ਪਰਤਾਪ ਚੰਦ ਭੰਡਾਰੀ]

ਚਾਰ ਪੰਜ ਪੁਆਇੰਟਸ ਡਾਗ ਸਾਹਿਬ ਨੇ ਰਖੇ ਹਨ । ਮੈਂ ਉਨ੍ਹਾਂ ਦੇ ਨਾਲ ਮੁਤਫਿਕ ਹਾਂ । ਲੇਕਿਨ ਮੈਨੂੰ ਹੈਰਾਨੀ ਹੁੰਦੀ ਹੈ ਕਿ ਕੁਝ ਫੈਕਟਰੀਆਂ ਨੇ ਇਸ ਲੜਾਈ ਨੂੰ ਮਦੇ ਨਜ਼ਰ ਰਖਦੇ ਹੋਏ ਆਪਣੀਆਂ ਫੈਕਟਰੀਆਂ ਬੰਦ ਕਰ ਦਿੱਤੀਆਂ ਅਤੇ ਮਜ਼ਦੂਰਾਂ ਨੂੰ ਕਹਿ ਦਿੱਤਾ ਕਿ ਅਸੀਂ ਫੈਕਟਰੀ ਹਮੇਸ਼ਾਂ ਲਈ ਬੰਦ ਕਰ ਦਿੱਤੀ ਹੈ । ਅਤੇ ਤੁਸੀਂ ਜਾ ਸਕਦੇ ਹੋ । ਮੈਂ ਸਮਝਦਾ ਹਾਂ ਕਿ ਮਜ਼ਦੂਰਾਂ ਨਾਲ ਬੜਾ ਧੱਕਾ ਹੋਇਆ ਹੈ । ਉਨ੍ਹਾਂ ਨੂੰ ਹਰ ਸੂਰਤ ਵਿਚ ਉਸ ਲਿਸਟ ਵਿਚ, ਜਿਸ ਦੇ ਵਿਚ ਗੌਰਮਿੰਟ ਨੇ ਗਰਾਂਟਾਂ ਅਤੇ ਲੋਨ ਦੇਣੇ ਹਨ, ਇਨਕਲੂਡ ਕਰਨਾ ਚਾਹੀਦਾ ਹੈ । ਜਿਹੜੀਆਂ ਫੈਕਟਰੀਆਂ ਅੱਧਾ ਸਮਾਂ ਕੰਮ ਕਰਦੀਆਂ ਰਹੀਆਂ ਅਤੇ ਹਾਜ਼ਰੀਆਂ ਸਾਰੇ ਦਿਨ ਦੀ ਭਰਦੇ ਰਹੇ ਉਨ੍ਹਾਂ ਮਜ਼ਦੂਰਾਂ ਨਾਲ ਕਾਫੀ ਧੱਕਾ ਹੋਇਆ ਹੈ । ਉਨ੍ਹਾਂ ਨੂੰ ਕਿਸੇ ਕਿਸਮ ਦੀ ਗਰਾਂਟ ਨਹੀਂ ਮਿਲ ਸਕੀ ਇਸ ਲਈ ਮੈਂ ਆਸ ਰਖਾਂਗਾ ਕਿ ਗੌਰਮੈਂਟ ਇਸ ਮਤੇ ਨੂੰ ਪੂਰਾ ਸੋਚਦਿਆ ਹੋਇਆਂ ਇਸ ਗੱਲ ਨੂੰ ਅਨਾਉਂਸ ਕਰੇਗੀ ਕਿ ਅਸੀਂ ਇਨ੍ਹਾਂ ਲੋਨਾਂ ਨੂੰ ਗਰਾਂਟਾਂ ਵਿਚ ਤਬਦੀਲ ਕਰ ਦਿੱਤਾ ਹੈ ।

ਸਰਦਾਰ ਕਰਨੈਲ ਸਿੰਘ ਮਤੜ੍ਹੀ (ਜੰਡਿਆਲਾ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ 14 ਦਿਨਾਂ ਦੀ ਹਿੰਦ-ਪਾਕ ਜੰਗ ਵਿਚ ਕਾਫੀ ਨੁਕਸਾਨ ਹੋਇਆ । ਮਜ਼ਦੂਰਾਂ ਨਾਲ ਧੱਕਾ ਹੋਇਆ ਹੈ । ਇਹ ਧੱਕਾ ਇਨ੍ਹਾਂ 14 ਦਿਨਾਂ ਵਿਚ ਹੀ ਨਹੀਂ ਬਲਕਿ ਪਹਿਲਾਂ ਤੋਂ ਹੁੰਦਾ ਰਿਹਾ ਹੈ । ਇਹ ਮਜ਼ਦੂਰ ਕੇਵਲ ਕਾਰਖਾਨਿਆਂ ਵਾਲੇ ਹੀ ਨਹੀਂ ਬਲਕਿ ਜਿਹੜੇ ਪਿੰਡਾਂ ਦੇ ਮਜ਼ਦੂਰ ਹਨ ਉਨ੍ਹਾਂ ਨਾਲ ਖਾਸ ਕਰਕੇ ਧੱਕਾ ਹੋਇਆ ਹੈ । ਉਨ੍ਹਾਂ ਨੂੰ ਜੋ ਕਰਜ਼ੇ ਦਿੱਤੇ ਹੋਏ ਹਨ ਉਹ ਗਰਾਂਟਾਂ ਦੀ ਸ਼ਕਲ ਵਿਚ ਬਦਲਣੇ ਚਾਹੀਦੇ ਹਨ । ਮੇਰੀ ਸਮਝ ਦੇ ਮੁਤਾਬਕ ਬਹੁਤ ਸਾਰੇ ਕਾਰਖਾਨੇਦਾਰ ਕਾਂਗਰਸੀ ਹਨ । ਇਹ ਲੋਕ ਕਾਂਗਰਸ ਨੂੰ ਜਦੋਂ ਅਲੈਕਸ਼ਨ ਹੋਂਦੀ ਹੈ ਪੈਸੇ ਦਿੰਦੇ ਹਨ ਅਤੇ ਇਸ ਤਰ੍ਹਾਂ ਉਨ੍ਹਾਂ ਦੇ ਦਬਾ ਥਲੇ ਸਰਕਾਰ ਗਰੀਬ ਲੋਕਾਂ ਨੂੰ ਕੁਚਲਦੀ ਹੈ । ਇਹ ਨਹੀਂ ਹੋਣਾ ਚਾਹੀਦਾ । ਜਿੰਨ੍ਹਾਂ ਵੀ ਗਰੀਬ ਤਬਕਾ ਹੈ ਇਨ੍ਹਾਂ ਨੂੰ ਮਜ਼ਦੂਰੀ ਦੇ ਮੁਤਾਬਿਕ ਇੱਕ ਹਦ ਮੁਕੱਰਰ ਹੋਣੀ ਚਾਹੀਂਦੀ ਹੈ ਤਾਂਕਿ ਜਿਹੜਾ ਪਿੰਡ ਵਿਚ ਮਜ਼ਦੂਰ ਹੈ ਉਸ ਨੂੰ ਠੀਕ ਦਿਹਾੜੀ ਮਿਲੇ । ਸ਼ਹਿਰ ਦੇ ਵਿਚ ਮਜ਼ਦੂਰ ਦੀ ਦਿਹਾੜੀ ਮਿਥੀ ਹੋਈ ਹੈ । ਪਿੰਡ ਦੇ ਮਜ਼ਦੂਰਾਂ ਦੀ ਦਿਹਾੜੀ ਮਿਥਣੀ ਚਾਹੀਦੀ ਹੈ । ਇਸ ਤਰ੍ਹਾਂ ਨਾਲ ਪਿੰਡਾਂ ਦੇ ਜ਼ਿਮੀਦਾਰ ਅਤੇ ਮਜ਼ਦੂਰ ਵਿਚ ਜੋ ਖਿਚੋਤਾਣ ਹੁੰਦੀ ਹੈ ਉਹ ਨਾ ਹੋਵੇ । ਜੇ ਮਜ਼ਦੂਰ ਨੂੰ ਮਜ਼ਦੂਰੀ ਠੀਕ ਮਿਲੇ ਤਾਂ ਉਹ ਕੰਮ ਵੀ ਚੰਗੀ ਤਰ੍ਹਾਂ ਨਾਲ ਕਰਦਾ ਹੈ ।

ਡਿਪਟੀ ਸਪੀਕਰ ਸਾਹਿਬ, ਇਹ ਸਮਾਜਵਾਦ ਦੀਆਂ ਬੜੀਆਂ ਗੱਲਾਂ ਕਰਦੇ ਹਨ, ਦਾਅਵੇ ਕਰਦੇ ਹਨ ਮੈਂ ਬੇਨਤੀ ਕਰਾਂਗਾ ਕਿ ਜੇ ਠੀਕ ਸਮਾਜਵਾਦ ਲਿਆਉਣਾ ਹੈ ਅਤੇ ਸਾਰਾ ਹਾਊਸ ਇਸ ਤੇ ਮੁਤਫਿਕ ਹੈ ਤਾਂ ਮੈਂ ਕਾਂਗਰਸ ਸਰਕਾਰ ਨੂੰ ਕਹਾਂਗਾ ਕਿ ਜਿੰਨੇ ਵੀ ਕਾਂਗਰਸ ਸਰਕਾਰ ਦੇ ਐਮ. ਐਲ. ਏਜ਼. ਹਨ ਜਾਂ ਵਜ਼ੀਰ ਹਨ ਉਨ੍ਹਾਂ ਦੀਆਂ ਜਾਇਦਾਦਾਂ ਵੇਖੀਆਂ ਜਾਣ । ਇਥੇ ਕਾਮਰੇਡ ਬੈਠੇ ਹਨ, ਅਕਾਲੀ ਭਰਾ ਬੈਠੇ ਹਨ ਜਿੰਨੀ ਵੀ ਜ਼ਮੀਨ ਇਨ੍ਹਾਂ ਲੋਕਾਂ ਦੀ ਹੈ, ਲਿਮਿਟ ਦੇ ਅਨੁਸਾਰ ਛੱਡ ਕੇ ਬਾਕੀ ਜ਼ਮੀਨ ਮਜ਼ਦੂਰਾਂ, ਗਰੀਬ ਹਰੀਜਨਾਂ ਤੇ ਮਜ਼੍ਹਬੀ ਸਿੱਖਾਂ ਦੇ ਵਿਚ ਵੰਡ ਦਿੱਤੀ ਜਾਵੇ । ਪਿਛਲੇ 22 ਸਾਲਾਂ ਵਿਚ ਮਜ਼ਦੂਰਾਂ ਨਾਲ ਬੜਾ ਧੱਕਾ ਹੋਇਆ ਹੈ । ਜੇ ਸਮਾਜਵਾਦ ਲਿਆਉਣਾ ਚਾਹੁੰਦੇ ਹੋ ਤਾਂ ਇਸ ਤਰੀਕੇ ਨਾਲ ਹੀ ਆ ਸਕਦਾ ਹੈ । ਇਹ ਜੋ ਸਰਮਾਏ-

ਦਾਰ ਲੋਕ ਹਨ, ਕਾਰਖਾਨੇਦਾਰ ਹਨ ਇਨ੍ਹਾਂ ਨੂੰ ਆਪਣੀਆਂ ਜਾਇਦਾਦਾਂ ਦੱਸਣੀਆਂ ਚਾਹੀਦੀਆਂ ਹਨ ।

ਸ੍ਰੀ ਡਿਪਟੀ ਸਪੀਕਰ : ਆਨਰੇਬਲ ਮੈਂਬਰ ਦੀ ਖਿਦਮਤ ਵਿੱਚ ਬੇਨਤੀ ਹੈ ਕਿ ਅੱਜ ਇੱਕ ਸਪੈਸੀਫਿਕ ਰੈਜ਼ੋਲਿਯੂਸ਼ਨ ਤੇ ਬਹਿਸ ਹੋ ਰਹੀ ਹੈ । ਉਸ ਨੂੰ ਸਾਹਮਣੇ ਰਖ ਕੇ ਬੋਲਣ । (I would request the hon. Member that we are discussing a specific resolution. He should speak on that resolution only)

ਸਰਦਾਰ ਕਰਨੈਲ ਸਿੰਘ ਮਰੜ੍ਹੀ : ਇਹ ਰੈਜ਼ੋਲਿਊਸ਼ਨ ਮਜ਼ਦੂਰਾਂ ਨਾਲ ਸਬੰਧ ਰਖਦਾ ਹੈ । ਜਿਹੜੇ ਲੋਕ ਅੱਜ ਸ਼ਹਿਰਾਂ ਦੇ ਵਿਚ ਜਾਂ ਪਿੰਡਾਂ ਦੇ ਵਿਚ ਰਹਿੰਦੇ ਹਨ, ਕਿਰਾਏ ਤੇ ਬੈਠੇ ਹਨ ਅਗਰ ਇਨਸਾਫ ਕਰਨਾ ਹੈ ਤਾਂ ਜਿਹੜੇ ਮਕਾਨਾਂ ਦੇ ਮਾਲਕ ਹਨ ਉਹ ਆਪਣੀ ਕੀਮਤ ਕਿਰਾਏ ਦੇ ਰੂਪ ਵਿਚ ਲੈ ਚੁਕੇ ਹਨ ਉਹ ਮਕਾਨ ਮਜ਼ਦੂਰਾਂ ਨੂੰ ਮਿਲਣੇ ਚਾਹੀਦੇ ਹਨ, ਜਿਹੜੇ ਕਿ ਕਿਰਾਏ ਤੇ ਰਹਿੰਦੇ ਹਨ । ਮਜ਼ਦੂਰਾਂ ਨਾਲ ਇਸ ਤਰ੍ਹਾਂ ਇਨਸਾਫ ਹੋਵੇਗਾ । ਜਿਹੜਾ ਕਿਰਾਏਦਾਰ ਰਹਿੰਦਾ ਹੈ ਉਸ ਦੇ ਨਾਂ ਮਕਾਨ ਕਰ ਦਿੱਤਾ ਜਾਵੇ । ਮੈਂ ਚਾਹੁੰਦਾ ਹਾਂ ਕਿ ਹਾਊਸ ਇਹ ਫੈਸਲਾ ਕਰੇ ਕਿ ਇਤਨੀ ਲਿਮਿਟ ਹੋਣੀ ਚਾਹੀਦੀ ਹੈ ਕਾਰਖਾਨੇ ਦੀ, ਜ਼ਮੀਨ ਦੀ । ਇਹ ਫੈਸਲਾ ਕਰ ਦੇਣ ਕਿ ਇਤਨਾ ਵੱਡਾ ਕਾਰਖਾਨਾ ਹੋਣਾ ਚਾਹੀਦਾ ਹੈ । ਜਿਸ ਤਰ੍ਹਾਂ ਢਾਈ ਲੱਖ ਦੀ ਸੀਲਿੰਗ ਲਗਾਈ ਗਈ ਹੈ । ਬਾਕੀ ਦੀ ਜ਼ਮੀਨ ਤੇ ਪੈਸਾ ਮਜ਼ਦੂਰਾਂ ਵਿਚ ਵੰਡ ਦੇਣਾ ਚਾਹੀਦਾ ਹੈ । ਇਹ ਕਾਂਗਰਸ ਵਾਲੇ ਜਿਹੜੇ ਚੋਰ ਦਰਵਾਜ਼ੇ ਰਖਦੇ ਹਨ ਇਹ ਠੀਕ ਨਹੀਂ । (ਵਿਘਨ)

ਸ੍ਰੀ ਪਿਆਰਾ ਰਾਮ ਧੰਨੋਵਾਲੀ : ਆਨ ਏ ਪੁਆਇਟ ਆਫ ਆਰਡਰ, ਸਰ । ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੈਂਬਰ ਸਾਹਿਬ ਇਰਰੈਲੇਵੈਂਟ ਬੋਲਦੇ ਹਨ। ਮੈਂ ਇਸ ਤੇ ਤੁਹਾਡੀ ਰੂਲਿੰਗ ਚਾਹੁੰਦਾ ਹਾਂ ।

ਸ੍ਰੀ ਡਿਪਟੀ ਸਪੀਕਰ : ਆਨਰੇਬਲ ਮੈਂਬਰ ਨੂੰ ਰਿਕੁਐਸਟ ਕਰਾਂਗਾ ਕਿ ਉਹ ਰੈਜ਼ੋਲਿਊਸ਼ਨ ਦੇ ਮੁਤਾਬਕ ਬੋਲਣ । (I would request the hon. Member to speak on the resolution.)

ਸਰਦਾਰ ਕਰਨੈਲ ਸਿੰਘ ਮਰੜ੍ਹੀ : ਡਿਪਟੀ ਸਪੀਕਰ ਸਾਹਿਬ, ਇਹ ਗੱਲ ਮਜ਼ਦੂਰਾਂ ਨਾਲ ਸਬੰਧ ਰਖਦੀ ਹੈ ਮੈਂ ਇਸ ਦੇ ਉਤੇ ਬੋਲ ਰਿਹਾ ਹਾਂ । ਮਜ਼ਦੂਰਾਂ ਦੀ ਤਰੱਕੀ ਵਾਸਤੇ ਬੋਲਣਾ ਹੈ ਕਿ ਕਿਸ ਤਰੀਕੇ ਨਾਲ ਉਸਦਾ ਭਲਾ ਹੋਣਾ ਹੈ । ਮੈਂ ਬੇਨਤੀ ਕਰਾਂਗਾਂ ਕਿ ਇਹ ਕਾਂਗਰਸੀ ਭਰਾ ਆਪਣੇ ਚੋਰ ਦਰਵਾਜ਼ੇ ਬਦ ਕਰਨ । ਜੇ ਸਹੀ ਮਹਿਨਿਆਂ ਵਿਚ ਸਮਾਜਵਾਦ ਲਿਆਉਣਾ ਚਾਹੁੰਦੇ ਹੋ ਤਾਂ ਥੱਲੇ ਵਾਲੇ ਨੂੰ ਉਪਰ ਲਿਆਉ ਅਤੇ ਉਪਰ ਵਾਲੇ ਨੂੰ ਥੱਲੇ ਲਿਆਉ । ਇਹ ਇੱਕ ਚੰਗਾ ਕਦਮ ਹੋਵੇਗਾ । ਇਸ ਤਰ੍ਹਾਂ ਨਾਲ ਅਮੀਰ ਲੋਕ ਅਲੈਕਸ਼ਨਾਂ ਵੇਲੇ ਪੈਸੇ ਦੇ ਕੇ ਗਰੀਬ ਆਦਮੀ ਨੂੰ ਖਰੀਦ ਨਹੀਂ ਸਕਣਗੇ ।

ਸ਼੍ਰੀ ਡਿਪਟੀ ਸਪੀਕਰ : ਮਰਹੜੀ ਸਾਹਿਬ, ਤੁਸੀਂ ਇਰਰਲੈਵੇਂਟ ਬੋਲਦੇ ਹੋ। ਇਹ ਗਲਤ ਗੱਲ ਹੈ। ਅੱਜ ਨਾਨ-ਆਫੀਸ਼ਲ ਡੇ ਹੈ। ਰੈਜ਼ੋਲਿਊਸ਼ਨ ਦੇ ਵਿਚ ਇਹ ਲਿਖਿਆ ਹੈ ਕਿ ਜੰਗ ਦੇ ਕਾਰਣ ਜਿਹੜੇ ਲੋਨਜ਼ ਵਰਕਰਜ਼ ਨੂੰ ਮਿਲੇ ਹਨ ਉਹ ਗਰਾਂਟ ਦੀ ਸ਼ਕਲ ਵਿਚ ਬਦਲ ਦਿੱਤੇ ਜਾਣ। (Mararhi Sahib, you are irrelevant. This is not proper. Today is a non-official day. This resolution states that the loans given to the workers, who have suffered due to the war may be converted into grants.)

ਸਰਦਾਰ ਕਰਨੈਲ ਸਿੰਘ ਮਰੜੀ : ਡਿਪਟੀ ਸਪੀਕਰ ਸਾਹਿਬ, ਮੈਂ ਇਸ ਲਈ ਬੇਨਤੀ ਕਰਦਾ ਹਾਂ ਕਿ ਇਹ ਜਿਹੜੇ ਕਰਜ਼ੇ ਦਿੱਤੇ ਗਏ ਹਨ ਇਨ੍ਹਾਂ ਨੂੰ ਗਰਾਂਟਾਂ ਵਿਚ ਬਦਲ ਦਿੱਤਾ ਜਾਵੇ। ਖਾਸ ਕਰਕੇ ਮਜ਼ਦੂਰ ਅਤੇ ਪਿੰਡ ਦੇ ਲੋਕ ਜਿਨ੍ਹਾਂ ਪਾਸ ਕੋਈ ਕੰਮ ਜੰਗ ਦੇ ਦਿਨਾਂ ਵਿਚ ਨਹੀਂ ਸੀ ਰਿਹਾ ਅਤੇ ਆਮ ਕਰਕੇ ਸਾਰੇ ਲੋਕ, ਭਾਵੇਂ ਉਹ ਕਿਸੇ ਮਹਿਕਮੇ ਵਿਚ ਮੁਲਾਜ਼ਮ ਸਨ ਭਾਵੇਂ ਉਹ ਐਜੂਕੇਸ਼ਨ ਦਾ ਸੀ ਜਾਂ ਹੋਰ ਕਿਸੇ ਦਾ ਅਤੇ ਜੰਗ ਦੇ ਦਿਨਾਂ ਵਿਚ ਜਿਹੜੇ ਗੋਲੀ ਦਾ ਸ਼ਿਕਾਰ ਹੋਏ ਉਨ੍ਹਾਂ ਨੂੰ ਗਰਾਂਟਾਂ ਮਿਲਣੀਆਂ ਚਾਹੀਦੀਆਂ ਹਨ ਕਰਜ਼ੇ ਨਹੀਂ। ਹਰ ਇਕ ਨੂੰ ਨੌਕਰੀ ਦਿਵਾਈ ਜਾਵੇ ਤਾਂਕਿ ਲੋਕਾਂ ਦਾ ਉਤਸਾਹ ਵਧੇ ਜਿਥੇ ਕਾਰਖਾਨੇਦਾਰਾਂ ਨੇ ਇਨ੍ਹਾਂ ਨਾਲ ਧਕਾ ਕੀਤਾ ਹੈ ਇਨ੍ਹਾਂ ਨੂੰ ਗਰਾਂਟਾਂ ਦਿਤੀਆਂ ਜਾਣ ਤਾਂਕਿ ਇਹ ਉਨ੍ਹਾਂ ਪਾਸ ਦਬੇ ਨਾ ਰਹਿਣ ਅਤੇ ਇਨ੍ਹਾਂ ਦੇ ਜੀਵਨ ਦੇ ਮਿਆਰ ਨੂੰ ਉਚਾ ਕਰਨ ਲਈ ਕੰਮ ਕਰਨਾ ਚਾਹੀਦਾ ਹੈ ਤਾਂਕਿ ਇਨ੍ਹਾਂ ਦੀ ਚੜ੍ਹਦੀ ਕਲਾ ਹੋਵੇ। ਆਸ ਕਰਦੇ ਹਾਂ, ਡਿਪਟੀ ਸਪੀਕਰ ਸਾਹਿਬ, ਕਿ ਇਨ੍ਹਾਂ ਨੂੰ ਸਰਕਾਰ ਪਾਸੋਂ ਇਨਸਾਫ ਮਿਲੇਗਾ। ਇਨਾਂ ਕਹਿ ਕੇ ਮੈਂ ਆਪ ਪਾਸੋਂ ਖਿਮਾ ਮੰਗਦਾ ਹਾਂ।

ਕਾਮਰੇਡ ਰਾਜ ਕੁਮਾਰ : ਮੈਂ ਡਿਪਟੀ ਸਪੀਕਰ ਸਾਹਿਬ, ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਮਤੇ ਤੇ ਬੋਲਣ ਲਈ ਟਾਈਮ ਲਿਮਿਟਿਡ ਹੈ ਅਤੇ ਇਸ ਤਰ੍ਹਾਂ ਪੁਆਇੰਟ ਆਫ ਆਰਡਰ ਰੇਜ਼ ਕਰਨ ਵਿਚ ਵਕਤ ਜ਼ਾਇਆ ਕੀਤਾ ਜਾ ਰਿਹਾ ਹੈ। ਇਸ ਦੇ ਬਾਰੇ ਵਿਚ ਤੁਹਾਡੇ ਪਾਸ ਬੇਨਤੀ ਹੈ ਕਿ ਤੁਸੀਂ ਲਿਬਰਲਿਜ਼ਮ ਵਿਚ ਸਖਤ ਹੋ ਜਾਉ ਤਾਂਕਿ ਟਾਈਮ ਸੇਵ ਹੋ ਸਕੇ ਅਤੇ ਅਸੀਂ ਯੂਜ਼ਫੁਲ ਕਾਰਵਾਈ ਕਰ ਸਕੀਏ :

ਸ਼੍ਰੀ ਪਿਆਰਾ ਰਾਮ ਧੰਨੋਵਾਲੀ (ਫਗਵਾੜਾ, ਐਸ.ਸੀ.): ਡਿਪਟੀ ਸਪੀਕਰ ਸਾਹਿਬ (ਵਿਘਨ) (ਆਵਾਜ਼ : ਜੈ ਭੀਮ) ਡਿਪਟੀ ਸਪੀਕਰ ਸਾਹਿਬ, ਮੈਂ ਸੰਧੂ ਸਾਹਿਬ ਨੂੰ ਦਸ ਦੇਣਾ ਚਾਹੁੰਦਾ ਹਾਂ ਕਿ ਮੈਂ ਭੀਮ ਦੀ ਮੇਹਰਬਾਨੀ ਨਾਲ ਇਥੋਂ ਜਿਤ ਕੇ ਆਇਆ ਹਾਂ। ਇਹ ਪਾਰਟੀ ਡਾਕਟਰ ਅੰਬੇਦਕਰ ਜੀ ਦੀ ਹੈ ਅਤੇ ਮੈਂ ਰੀਪਬਲਿਕਨ ਪਾਰਟੀ ਵਿਚੋਂ ਹਾਂ।

ਸਰਦਾਰ ਅਜਾਇਬ ਸਿੰਘ ਸੰਧੂ : ਇਹ ਪਾਰਟੀ ਛਡ ਕੇ ਆਏ ਹਨ। (ਵਿਘਨ) ਬਾਵਾ ਸਾਹਿਬ ਨੂੰ ਛਡ ਕੇ ਆਏ ਹਨ। (ਵਿਘਨ)

ਸ਼੍ਰੀ ਪਿਆਰਾ ਰਾਮ ਧੰਨੋਵਾਲੀ : ਮੈਂ ਇਸ ਦੇ ਬਾਰੇ ਵਿਚ ਕਲ ਦਸ ਦੇਵਾਂਗਾ। ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਮਤਾ ਕਮਿਊਨਿਸਟ ਪਾਰਟੀ ਦੇ ਲੀਡਰ ਕਾਮਰੇਡ ਸੱਤ ਪਾਲ ਡਾਂਗ ਜੀ ਨੇ ਪੇਸ਼ ਕੀਤਾ ਹੈ ਕਿ ਸੱਨਅਤੀ ਮਜ਼ਦੂਰਾਂ ਨੂੰ ਜਿਹੜੇ ਕਰਜ਼ੇ ਦਿਤੇ ਗਏ ਹਨ ਜਾਂ

ਦਿਤੇ ਜਾਣ ਦੀਆ ਪਰੋਪੋਜ਼ਲਜ਼ ਹਨ ਉਨ੍ਹਾਂ ਸਾਰਿਆਂ ਨੂੰ ਗਰਾਂਟਾਂ ਵਿਚ ਤਬਦੀਲ ਕਰ ਦਿਤਾ ਜਾਵੇ । ਮੈਂ ਇਸ ਮਤੇ ਦੀ ਹਮਾਇਤ ਲਈ ਖੜਾ ਹੋਇਆ ਹਾਂ । ਅਜ ਅਸੀਂ ਵੇਖ ਰਹੇ ਹਾਂ ਕਿ ਕਿਸ ਤਰ੍ਹਾਂ ਸੋਸ਼ਲਿਜ਼ਮ ਲਿਆਉਣ ਲਈ, ਸਮਾਜਵਾਦ ਕਾਇਮ ਕਰਨ ਲਈ ਮਜ਼ਦੂਰਾਂ ਅਤੇ ਕਿਸਾਨਾਂ ਦੀ ਤਰਕੀ ਲਈ ਕਦਮ ਚੁਕੇ ਜਾ ਰਹੇ ਹਨ ਅਤੇ ਚੁਕੇ ਗਏ ਹਨ। ਪਿਛਲੇ 14 ਦਿਨਾਂ ਦੀ ਪਾਕਿਸਤਾਨ ਨਾਲ ਹੋਈ ਜੰਗ ਦੇ ਦੌਰਾਨ ਜੋ ਬਾਰਡਰ ਏਰੀਆ ਦਾ ਨੁਕਸਾਨ ਹੋਇਆ ਹੈ, ਉਨ੍ਹਾਂ ਲੋਕਾਂ ਨੂੰ ਗਰਾਂਟਾ ਦਿਤੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਸਹੂਲਤਾਂ ਦਿਤੀਆ ਜਾਣ । ਜਿਹੜੇ ਮਜ਼ਦੂਰ ਮਿਲਾਂ ਵਿਚ ਕੰਮ ਕਰਦੇ ਸਨ ਉਹ ਆਪਣੇ ਆਪ ਤਾਂ ਬੇਕਾਰ ਨਹੀਂ ਸਨ ਹੋਏ ਜਾਂ ਤਾਂ ਜਾਣ ਬੁਝ ਕੇ ਕਾਰਖਾਨੇਦਾਰਾਂ ਨੇ ਜੰਗ ਦੀ ਆੜ ਵਿਚ ਉਨਾਂ ਨੂੰ ਬੇਕਾਰ ਕਰ ਦਿਤਾ ਜਾਂ ਜੰਗ ਵਿਚ ਟ੍ਰਾਂਸਪੋਰਟ ਦੇ ਸਾਧਨ ਪੂਰੇ ਨਾ ਹੋਣ ਕਾਰਨ ਕਚਾ ਮਾਲ ਨਾ ਆ ਸਕਿਆ ਅਤੇ ਤਿਆਰ ਮਾਲ ਬਾਹਰ ਨਾ ਜਾ ਸਕਿਆ ਇਸ ਕਰਕੇ ਮਜ਼ਦੂਰ ਬੇਕਾਰ ਹੋ ਗਏ । ਇਸ ਲਈ ਉਨ੍ਹਾਂ ਨੂੰ ਗਰਾਂਟਾ ਦਿਤੀਆਂ ਜਾਣੀਆਂ ਚਾਹੀਦੀਆਂ ਹਨ । ਫਿਰ, ਡਿਪਟੀ ਸਪੀਕਰ ਸਾਹਿਬ, ਇਸ ਵਿਚ ਸਵਾਲ ਬਹੁਤੀ ਰਕਮ ਦਾ ਨਹੀਂ ਕੇਵਲ 20 ਜਾਂ 25 ਲਖ ਦਾ ਸਾਰਾ ਖਰਚ ਹੈ ਇਹ ਕਈ ਕਰੋੜਾਂ ਦੀ ਰਕਮ ਨਹੀਂ । ਇਕ ਗਲ ਦਾ ਮੈਨੂੰ ਅਫਸੋਸ ਹੈ ਮੈਂ ਵੇਖ ਰਿਹਾ ਹਾਂ ਕਿ ਅਜ ਜਦ ਕਿ ਮਜ਼ਦੂਰਾਂ ਦਾ ਮਤਾ ਪੇਸ਼ ਹੈ ਤਾਂ ਬਹੁਤ ਸਾਰੇ ਮੈਂਬਰ ਗੈਰ ਹਾਜ਼ਰ ਹਨ । ਇਹ ਗਲ ਨੋਟ ਕਰਨ ਵਾਲੀ ਹੈ (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਧੰਨੋਵਾਲੀ ਸਾਹਿਬ ਨੇ ਤੁਹਾਡੀ ਮਾਰਫਤ ਇਹ ਗਲ ਨੋਟ ਕਰਨ ਨੂੰ ਕਿਹਾ ਹੈ ਕਿ ਇਨਾਂ ਨੂੰ ਪਾਰਲੀਮੈਂਟਰੀ ਸੈਕਟਰੀ ਬਣਾ ਦਿਤਾ ਜਾਵੇ ਕਿਉਂਕਿ ਇਸ ਸਮੇਂ ਮਨਿਸਟਰ ਤਾਂ ਕੋਈ ਹਾਜ਼ਰ ਨਹੀਂ ਅਤੇ ਇਕ ਡਿਪਟੀ ਮਨਿਸਟਰ ਹੀ ਬੈਠੇ ਹਨ । She is the highest Minister in the House at this time ਇਨ੍ਹਾ ਤੋਂ ਹੇਠਾਂ ਤਾਂ ਪਾਰਲੀਮੈਂਟਰੀ ਸਕੱਤਰ ਦੀ ਹੀ ਥਾਂ ਇਨ੍ਹਾਂ ਲਈ ਹੋ ਸਕਦੀ ਹੈ । (ਵਿਘਨ) (ਹਾਸਾ)

ਸ਼੍ਰੀ ਪਿਆਰਾ ਰਾਮ ਧੰਨੋਵਾਲੀ: ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਥਰੂ ਕਹਿਣਾ ਚਾਹੁੰਦਾ ਹਾਂ ਕਿ ਅਫਸੋਸ ਦੀ ਗਲ ਹੈ ਕਿ ਜਿਸ ਵੇਲੇ ਮਜ਼ਦੂਰਾਂ ਅਤੇ ਕਿਸਾਨਾਂ ਦਾ ਮਸਲਾ ਸਾਹਮਣੇ ਹੋਵੇ ਤਾਂ ਬਹੁਤ ਸਾਰੇ ਮੈਂਬਰ ਹਾਊਸ ਵਿਚ ਹਾਜ਼ਰ ਨਾ ਹੋਣ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ: ਤੁਸੀਂ ਵੀ ਲੇਬਰ ਮਨਿਸਟਰ ਰਹੇ ਹੋ । (ਵਿਘਨ)

ਸ਼੍ਰੀ ਪਿਆਰਾ ਰਾਮ ਧੰਨੋਵਾਲੀ: ਇਹ ਗਰੀਬਾਂ ਅਤੇ ਮਜ਼ਦੂਰਾਂ ਦਾ ਮਸਲਾ ਹੈ ਸਾਰਿਆਂ ਨੂੰ ਹਾਜ਼ਰ ਰਹਿਣਾ ਚਾਹੀਦਾ ਹੈ । ਅਜ ਜਿਹੜੇ ਵਡੇ ਵਡੇ ਕਾਰਖਾਨੇਦਾਰ ਅਤੇ ਵਡੇ ਵਡੇ ਜਾਗੀਰਦਾਰ ਹਨ ਉਹ ਮਜ਼ਦੂਰ ਵਲ ਧਿਆਨ ਨਹੀਂ ਦਿੰਦੇ ਜਿਹੜਾ ਕਿ ਦਿਨ ਰਾਤ ਕੰਮ ਕਰਦਾ ਹੈ, ਲੋਹੇ ਨਾਲ ਲੋਹਾ ਬਣ ਜਾਂਦਾ ਹੈ ਅਤੇ ਦਿਨ ਰਾਤ ਇਕ ਕਰ ਦਿੰਦਾ ਹੈ । ਇਨ੍ਹਾਂ ਦੇ ਹਿਤ ਦੇ ਸਵਾਲ ਤੇ ਸਾਰਿਆਂ ਨੂੰ ਹਿਸਾ ਲੈਣਾ ਚਾਹੀਦਾ ਹੈ । ਇਸ ਵਿਚ ਜੇਕਰ ਗਰਾਂਟਾਂ ਦਿਤੀਆਂ ਜਾਣ ਤਾਂ ਇਹ ਕੋਈ ਵਡੀ ਰਕਮ ਨਹੀਂ 20 ਜਾਂ 25 ਲੱਖ ਦੀ ਰਕਮ ਹੈ ਅਤੇ ਇਹ ਰਕਮ ਸਰਕਾਰ ਲਈ ਇਸ ਤਰ੍ਹਾਂ ਦੀ ਨਿਗੂਣੀ ਰਕਮ ਹੈ ਕਿ ਜਿਸ ਤਰ੍ਹਾਂ ਕਿਸੇ ਦੇ ਜੇਬ ਵਿਚੋਂ 20 ਜਾਂ 25 ਸੌ ਰੁਪਏ ਦਿਤੇ ਜਾਣ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਸ ਪਾਸੇ ਸਰਕਾਰ ਨੂੰ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ ਕਿ ਜਿੰਨੇ ਵੀ ਕਰਜ਼ੇ ਇਨ੍ਹਾਂ ਨੂੰ ਦਿਤੇ ਗਏ ਹਨ ਉਨ੍ਹਾਂ ਨੂੰ ਗਰਾਂਟਾਂ ਵਿਚ ਬਦਲ ਦਿਤਾ ਜਾਵੇ । ਮੈਂ ਇੰਨਾਂ ਹੀ ਕਹਿ ਕੇ ਇਸ ਮਤੇ ਦੀ ਪਰੋੜ੍ਹਤਾ ਕਰਦਾ ਹਾਂ ਅਤੇ ਆਪ ਪਾਸੋਂ ਖਿਮਾ ਮੰਗਦਾ ਹਾਂ ।

ਸਰਦਾਰ ਅਜਾਇਬ ਸਿੰਘ ਸੰਧੂ (ਮੋਰਿੰਡਾ ਐਸ.ਸੀ.): ਡਿਪਟੀ ਸਪੀਕਰ ਸਾਹਿਬ, ਜਿਹੜਾ ਮਤਾ ਇਸ ਹਾਊਸ ਵਿਚ ਮੇਰੇ ਸਾਥੀ ਕਾਮਰੇਡ ਸੱਤ ਪਾਲ ਡਾਂਗ ਜੀ ਨੇ ਪੇਸ਼ ਕੀਤਾ ਹੈ ਇਹ ਬਹੁਤ ਜ਼ਰੂਰੀ ਮਤਾ ਹੈ। ਇਸ ਮਤੇ ਦੇ ਬਾਰੇ ਵਿਚ ਮਤਾ ਰਖਣ ਵਾਲੇ ਸਾਥੀਆਂ ਅਤੇ ਵਿਰੋਧੀ ਦਲ ਵਿਚ ਕੋਈ ਮਤ ਭੇਦ ਨਹੀਂ। ਮੈਂ ਸਮਝਦਾ ਹਾਂ ਕਿ ਇਹ ਮਤਾ ਸ਼ੀਘਰ ਹੀ ਪਾਸ ਹੋਣਾ ਚਾਹੀਦਾ ਹੈ। ਪਤਾ ਨਹੀਂ ਸਰਕਾਰ ਦਾ ਇਸ ਬਾਰੇ ਵਿਚ ਕੀ ਵਿਚਾਰ ਹੈ ਕਿ ਇਸ ਨੂੰ ਵੋਟ ਆਊਟ ਕਰਨਾ ਚਾਹੁੰਦੀ ਹੈ ਜਾਂ ਟਾਕ ਆਊਟ ਕਰਵਾਉਣਾ ਚਾਹੁੰਦੀ ਹੈ। ਪਤਾ ਇਸ ਗਲ ਤੋਂ ਲਗ ਜਾਵੇਗਾ ਕਿ ਗਿਆਨੀ ਜੈਲ ਸਿੰਘ ਦੀ ਦਸ ਮੈਂਬਰੀ ਸਰਕਾਰ ਇਸ ਦੇ ਹਕ ਵਿਚ ਹੈ ਜਾਂ ਵੈਸੇ ਹੀ ਰੌਲਾ ਪਾਉਂਦੇ ਹਨ ਕਿ ਉਹ ਮਜਦੂਰਾਂ ਦੇ ਹਕ ਦੀ ਸਰਕਾਰ ਹੈ। ਮੈਂ ਸਮਝਦਾ ਹਾਂ ਕਿ ਡਾਂਗ ਸਾਹਿਬ ਦੇ ਮਤੇ ਨੂੰ ਸਰਵਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਜੰਗ ਅਜੇ ਸ਼ੁਰੂ ਨਹੀਂ ਸੀ ਹੋਈ ਕਿ ਪੰਜਾਬ ਦੇ ਮਿਲ ਮਾਲਕਾਂ ਨੇ ਖਬਰਾਂ ਹੀ ਸੁਣੀਆਂ ਤੇ ਹਵਾਈ ਜਹਾਜ਼ਾਂ ਤੇ ਬੈਠ ਕੇ ਅਤੇ ਲੰਮੀਆਂ ਕਾਰਾਂ ਵਿਚ ਬੈਠ ਕੇ ਕਿਤੇ ਦੂਰ ਚਲੇ ਗਏ। ਪਰ ਜਿਹੜੇ ਮਜ਼ਦੂਰ ਸਨ ਅਤੇ ਕਿਸਾਨ ਸਨ ਉਥੇ ਹੀ ਬੈਠੇ ਰਹੇ ਜਿਥੇ ਬੈਠੇ ਸੀ। ਇਹੀ ਮਜ਼ਦੂਰ ਸਨ ਜਿਹੜੇ ਉਦਯੋਗ ਨੂੰ ਵਧਾਉਂਦੇ ਹਨ ਅਤੇ ਕਿਸਾਨ ਖੇਤਾਂ ਵਿਚ ਕੰਮ ਕਰਦੇ ਰਹਿੰਦੇ ਹਨ। ਫਿਰ ਚਾਹੀਦਾ ਹੈ ਕਿ ਇਨ੍ਹਾਂ ਲੋਕਾਂ ਨੂੰ ਗਰਾਂਟਾਂ ਦਿਤੀਆਂ ਜਾਣ ਜਿਹੜੇ ਲੋਕ ਸਮਾਜਵਾਦ ਲਿਆਉਣਾ ਚਾਹੁੰਦੇ ਹਨ।

ਡਿਪਟੀ ਸਪੀਕਰ ਸਾਹਿਬ, ਉਹ ਲੋਕ ਜਿਹੜੇ ਸਮਾਜਵਾਦ ਦੇ ਰਾਹ ਦੇ ਵਿਚ ਰੋੜਾ ਬਣਦੇ ਹਨ ਰੁਕਾਵਟ ਬਣ ਰਹੇ ਹਨ ਸਾਨੂੰ ਉਨ੍ਹਾਂ ਨੂੰ ਉਤਸ਼ਾਹ ਨਹੀਂ ਦੇਣਾ ਚਾਹੀਦਾ। ਇਹ ਉਹ ਲੋਕ ਹਨ ਜਿਹੜੇ ਜੰਗ ਸ਼ੁਰੂ ਹੋਣ ਤੋਂ ਚਾਰ ਦਿਨ ਪਹਿਲਾਂ ਹੀ ਏਥੋਂ ਚਲੇ ਗਏ ਸੀ। ਪਰ ਜਦੋਂ ਹਿੰਦੁਸਤਾਨ ਦੀ ਪ੍ਰਧਾਨ ਮੰਤਰੀ ਚੋਣਾ ਦੇ ਸਿਲਸਿਲੇ ਵਿਚ ਵਖੋ ਵਖ ਥਾਵਾਂ ਤੇ ਦੌਰਾ ਕਰਨ ਗਈ ਤਾਂ ਇਹੀ ਲੋਕ ਹਥਾਂ ਵਿਚ ਹਾਰ ਲੈ ਕੇ ਪ੍ਰਧਾਨ ਮੰਤਰੀ ਦਾ ਸੁਆਗਤ ਕਰਨ ਲਈ ਸਭ ਤੋਂ ਅਗੇ ਵਾਲੀ ਕਤਾਰ ਵਿਚ ਖੜੇ ਨਜ਼ਰ ਆਉਂਦੇ ਸੀ। ਹਰ ਥਾਂ ਇਹ ਲੰਮੀਆਂ ਲੰਮੀਆਂ ਕਾਰਾਂ ਦੇ ਵਿਚ ਬੈਠ ਕੇ ਸਭ ਤੋਂ ਪਹਿਲਾਂ ਸੁਆਗਤ ਲਈ ਪਹੁੰਚਦੇ ਸੀ (ਵਿਘਨ) ਮੇਰਾ ਫਾਜ਼ਲ ਦੋਸਤ ਗੁਰਦਰਸ਼ਨ ਸਿੰਘ ਤਾਂ ਪੜ੍ਹਿਆ ਲਿਖਿਆ ਆਦਮੀ ਹੈ ਉਨ੍ਹਾਂ ਨੂੰ ਦਰਮਿਆਨ ਵਿਚ ਬੈਠੇ ਬੈਠੇ ਰੋਕਣਾ ਨਹੀਂ ਚਾਹੀਦਾ। ਇਹ ਗਲਤ ਗੱਲਾਂ ਕਰਦੇ ਹਨ। ਇਹ ਜੰਗ ਤਿੰਨ ਦਸੰਬਰ ਨੂੰ ਸ਼ੁਰੂ ਹੋਈ ਸੀ ਅਤੇ ਉਸੇ ਦਿਨ ਹੀ ਮੇਰੀ ਪਾਰਟੀ ਦੇ ਲੀਡਰਾਂ ਮੋਰਚਾ ਵਾਪਸ ਲੈਣ ਦਾ ਐਲਾਨ ਕਰ ਲਿਆ ਸੀ। ਇਥੇ ਇਸ ਤਰ੍ਹਾਂ ਦੀਆਂ ਗਲਾਂ ਕਰਨੀਆਂ ਕਿ ਅਸੀਂ ਜੰਗ ਦੇ ਦਿਨਾਂ ਵਿਚ ਮੋਰਚਿਆਂ ਦੀਆਂ ਗਲਾਂ ਕਰਦੇ ਸੀ ਉਨ੍ਹਾਂ ਦੋਸਤਾਂ ਦੇ ਲਈ ਮੁਨਾਸਿਬ ਨਹੀਂ ਹਨ। ਉਨ੍ਹਾਂ ਨੂੰ ਸ਼ਾਇਦ ਇਸ ਗਲ ਦਾ ਪਤਾ ਨਹੀਂ ਕਿ ਅਸੀਂ ਜੰਗ ਦੇ ਵਿਚ ਕਿਤਨਾ ਹਿਸਾ ਪਾਇਆ ਹੈ। ਸਰਦਾਰ ਗੁਰਦਰਸ਼ਨ ਸਿੰਘ ਤਾਂ ਇਕ ਮੇਰਾ ਪੁਰਾਣਾ ਸਾਥੀ ਹੈ, ਐਡਾ ਵਡਾ ਆਦਮੀ ਹੈ ਪਰ ਇਸ ਤਰ੍ਹਾਂ ਦੀ ਇਕ ਛੋਟੀ ਜੇਹੀ ਗਲ ਕਰਦਾ ਚੰਗਾ ਨਹੀਂ ਲਗਦਾ।

ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਜੰਗ ਦੇ ਦਿਨਾਂ ਵਿਚ ਇਹ ਕਾਰਖਾਨੇਦਾਰ ਆਪੋ ਆਪਣੇ ਕਾਰਖਾਨੇ ਬੰਦ ਕਰਕੇ ਮਜਦੂਰਾਂ ਨੂੰ ਬੇਕਾਰ ਛਡ ਕੇ ਚਲੇ ਗਏ ਸਨ। ਇਹ ਸਰਕਾਰ ਜਿਹੜੀ ਕਿ ਆਪਣੇ ਆਪ ਨੂੰ ਸਮਾਜਵਾਦੀ ਕਹਿੰਦੀ ਹੈ ਜੇ ਸਹੀ ਮਾਹਨਿਆਂ ਵਿਚ ਇਹ ਇਸ ਤਰ੍ਹਾਂ ਦੇ ਹਨ ਤਾਂ ਇਨ੍ਹਾਂ ਨੂੰ ਉਨ੍ਹਾਂ ਦਿਨਾਂ ਦੀ ਉਨ੍ਹਾਂ ਗਰੀਬ ਮਜ਼ਦੂਰਾਂ ਨੂੰ ਇਨ੍ਹਾਂ ਕਾਰਖਾਨੇ-ਦਾਰਾ ਤੋਂ ਮਜ਼ਦੂਰੀ ਦਿਵਾਉਣੀ ਚਾਹੀਦੀ ਹੈ। ਕਿਉਂਕਿ ਨੁਕਸਾਨ ਉਨ੍ਹਾਂ ਕਾਰਖਾਨੇਦਾਰਾਂ ਦਾ

ਨਹੀਂ ਹੋਇਆ ਨੁਕਸਾਨ ਜੇ ਹੋਇਆ ਸੀ ਤਾਂ ਗਰੀਬ ਵਰਕਰਾਂ ਦਾ ਹੋਇਆ। ਫੇਰ ਏਥੇ ਡਾਂਗ ਸਾਹਿਬ ਨੇ ਕੋਈ 20 ਲੱਖ ਤਕ ਸਪਲੀਮੈਂਟਰੀ ਗਰਾਂਟਸ ਦੇਣ ਦੀ ਗਲ ਕੀਤੀ ਸੀ। ਪਰ ਇਸ ਸਮਾਜਵਾਦ ਦਾ ਨਾਹਰਾ ਲਾਉਣ ਵਾਲੀ ਸਰਕਾਰ ਨੇ ਮਜ਼ਦੂਰਾਂ ਲਈ ਤਾਂ 5 ਲੱਖ ਰੁਪਿਆ ਰਖਿਆ ਹੈ ਪਰ ਜਿਹੜੀ ਕਾਰਖ਼ਾਨੇਦਾਰਾਂ ਦੀ ਕਲਾਸ ਹੈ ਇਸ ਲਈ ਡੇਢ ਕਰੋੜ ਦੀ ਪ੍ਰੋਵੀਜ਼ਨ ਕੀਤੀ ਗਈ ਹੈ। ਇਹ ਉਹ ਲੋਕ ਹਨ ਜੋ ਇਕ ਦਿਨ ਵਿਚ ਹੀ ਕਾਰਾਂ ਵਿਚ ਬੈਠ ਕੇ ਜੰਗ ਤੋਂ ਡਰਦੇ ਦੂਰ ਦੂਰ ਚਲੇ ਗਏ। ਇਨ੍ਹਾਂ ਗੱਲਾਂ ਤੋਂ ਪਤਾ ਲਗਦਾ ਹੈ ਕਿ ਇਹ ਮਜ਼ਦੂਰ ਮਾਰ ਅਤੇ ਕਾਰਖ਼ਾਨੇਦਾਰ ਬਚਾਉ ਸਰਕਾਰ ਹੈ। ਇਸ ਲਈ ਮੈਂ ਸਰਕਾਰ ਨੂੰ ਕਹਾਂਗਾ ਕਿ ਜੇ ਉਹ ਕੁਮਿਟਡ ਹਨ, ਉਹ ਚਾਹੁੰਦੇ ਹਨ ਕਿ ਉਨ੍ਹਾਂ ਨੇ ਮਜਦੂਰਾਂ ਦਾ ਭਲਾ ਕਰਨਾ ਹੈ ਤਾਂ ਇਸ 5 ਲੱਖ ਨਾਲ ਕੁਝ ਨਹੀਂ ਹੋਣਾ ਇਹ 20-25 ਲੱਖ ਹੋਣਾ ਚਾਹੀਦਾ ਹੈ, ਇਸ ਨਾਲ ਕੁਝ ਭਲਾ ਹੋ ਸਕਦਾ ਹੈ। 75 ਹਜ਼ਾਰ ਰੁ: ਦੀ ਗਰਾਂਟ ਲਈ ਜੋ ਰਕਮ ਰਖੀ ਹੈ ਇਹ ਗਰੀਬਾਂ ਨੂੰ ਫਰੀ ਦੇਣੀ ਚਾਹੀਦੀ ਹੈ। ਨਹੀਂ ਤਾਂ ਇਹ ਮਜ਼ਦੂਰ ਜਮਾਤ ਇਸ ਸਰਕਾਰ ਦੇ ਰਾਹ ਵਿਚ ਰੋੜਾ ਬਣੀ ਰਹੇਗੀ। ਸਮਾਜਵਾਦ ਦੇ ਬਹਾਨੇ ਤੁਹਾਨੂੰ ਕਰੋੜਾਂ ਰੁਪਿਆ ਮਿਲ ਜਾਂਦਾ ਹੈ, ਤੁਹਾਨੂੰ ਇਨ੍ਹਾਂ ਲੋਕਾਂ ਦਾ ਭਲਾ ਸੋਚਣਾ ਚਾਹੀਦਾ ਹੈ। ਪਰ ਮੈਨੂੰ ਪਤਾ ਹੈ ਇਨ੍ਹਾਂ ਨੇ ਇਹ ਗਲ ਤਾਂ ਮੰਨਣੀ ਨਹੀਂ ਇਨ੍ਹਾਂ ਨੂੰ ਤਾਂ ਕਾਰਖਾਨੇਦਾਰਾਂ ਦਾ ਅਤੇ ਸਰਮਾਏਦਾਰਾਂ ਦਾ ਹੀ ਖਿਆਲ ਹੈ। ਮੈਂ ਸਮਝਦਾ ਹਾਂ ਜੇ ਸਮਾਜਵਾਦ ਲਿਆਉਣਾ ਹੈ ਤਾਂ ਇਹ ਕਾਰਖਾਨੇ ਮਜ਼ਦੂਰਾਂ ਦੇ ਹਵਾਲੇ ਕਰ ਦੇਣੇ ਚਾਹੀਦੇ ਹਨ। ਜਿਹੜਾ ਆਦਮੀ ਕੰਮ ਕਰਦਾ ਹੈ ਰੋਟੀ ਉਸ ਨੂੰ ਹੀ ਮਿਲਦੀ ਹੈ. ਪਰ ਇਹ ਵਿਹਲੜ ਲੋਕ ਲੱਖਾਂ ਕਰੋੜਾਂ ਰੁਪਿਆ ਜਮ੍ਹਾਂ ਕਰਕੇ ਬੈਂਕ ਭਰ ਰਹੇ ਹਨ। ਇਸ ਤਰ੍ਹਾਂ ਸਮਾਜਵਾਦ ਨਹੀਂ ਆਉਣਾ। ਜਿਸ ਤਰ੍ਹਾਂ ਦਾ ਸਮਾਜਵਾਦ ਚਾਹੀਦਾ ਹੈ ਇਹ ਭਾਵੇਂ ਇੰਗਲੈਂਡ, ਭਾਵੇਂ ਅਮਰੀਕਾ ਫਿਰ ਲੈਣ, ਨਹੀਂ ਆਉਣਾ। ਜੇ ਬਰਾਬਰੀ ਲਿਆਉਣੀ ਹੈ ਤਾਂ ਇਹ ਗਲਾਂ ਨਾਲ ਨਹੀਂ ਆਉਣੀ ਇਸ ਦੇ ਲਈ ਉਨ੍ਹਾਂ ਨੂੰ ਅਮਲੀ ਯਤਨ ਕਰਨੇ ਪੈਣੇ ਹਨ। ਇਹ ਕਦੋਂ ਦੇ ਕਹਿੰਦੇ ਆ ਰਹੇ ਹਨ ਕਿ ਅਸੀਂ ਗਰੀਬਾਂ ਨੂੰ ਉਪਰ ਚੁਕਣਾ ਹੈ। ਇਹ ਕਹਿੰਦਿਆਂ ਨੂੰ ਹਜ਼ਾਰਾਂ ਸਾਲ ਗੁਜ਼ਰ ਚੁਕੇ ਹਨ, ਪਰ ਹੁਣ ਤੱਕ ਇਹ ਪਾਲਦੇ ਵਿਹਲੜਾਂ ਨੂੰ ਹੀ ਚਲੇ ਆ ਰਹੇ ਹਨ। ਮੈਂ, ਡਿਪਟੀ ਸਪੀਕਰ ਸਾਹਿਬ, ਆਪਦੇ ਰਾਹੀਂ ਪੰਜਾਬ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਮਤਾ ਉਨ੍ਹਾਂ ਨੂੰ ਸਰਵ ਸੰਮਤੀ ਦੇ ਨਾਲ ਪ੍ਰਵਾਨ ਕਰ ਲੈਣਾ ਚਾਹੀਦਾ ਹੈ, 20 ਲੱਖ ਤਾਂ ਕੀ ਜੇ 30-40 ਲੱਖ ਤੱਕ ਵੀ ਇਹ ਸਰਕਾਰ ਗਰੀਬਾਂ ਨੂੰ ਦੇਣਾ ਚਾਹੁੰਦੀ ਹੈ ਤਾਂ ਉਹ ਵੀ ਘਟ ਹੈ। ਜੇ ਕਿਸੇ ਮਦ ਵਿਚ ਕੋਈ ਗੁੰਜਾਇਸ਼ ਹੋਵੇ ਤੇ ਜੇ ਇਹ ਕਰੋੜ ਰੁਪਿਆ ਵੀ ਕਰ ਦਿੱਤਾ ਜਾਵੇ, ਤਾਂ ਹੋਰ ਵੀ ਚੰਗਾ ਹੈ।

ਇਹ ਗੱਲ ਏਥੇ ਡਾਂਗ ਸਾਹਿਬ ਨੇ ਟਾਈਲਜ਼ ਦੇ ਕਾਰਖਾਨੇ ਦੀ ਕੀਤੀ ਸੀ। ਮੈਂ ਉਨ੍ਹਾਂ ਦੀ ਵਾਕਫੀਅਤ ਲਈ ਅਰਜ਼ ਕਰ ਦਿਆਂ ਕਿ ਗੁਰੂ ਰਾਮ ਦਾਸ ਦਾ ਲੰਗਰ ਤਾਂ ਹਰ ਆਦਮੀ ਲਈ ਵਕਤ ਖੁਲ੍ਹਾ ਰਹਿੰਦਾ ਹੈ। ਕਿਸੇ ਦੀ ਲਿਹਾਜ਼ ਦਾ ਸਵਾਲ ਨਹੀਂ ਜਿਥੇ ਧਨੀ ਲੰਗਰ ਛਕ ਸਕਦੇ ਹਨ। ਉਥੇ ਮਜ਼ਦੂਰ ਵੀ ਰੋਟੀ ਖਾ ਸਕਦੇ ਹਨ। ਐਸੀ ਕੋਈ ਗਲ ਨਹੀਂ। ਇਹ ਠੀਕ ਹੈ ਸ਼੍ਰੋਮਣੀ ਕਮੇਟੀ ਨੇ ਕੁਝ ਬੰਦੇ ਰਖੇ ਹੋਏ ਸੀ ਜਿਹੜੇ ਟਾਈਲਜ਼ ਬਣਾਉਂਦੇ ਸੀ। ਜੰਗ ਕਾਰਨ ਇਹ ਕੰਮ ਬੰਦ ਕਰਨਾ ਪਿਆ। ਇਹ ਵੀ ਠੀਕ ਹੈ ਕਿ ਉਨ੍ਹਾਂ ਮਜ਼ਦੂਰਾਂ ਦਾ ਨੁਕਸਾਨ ਹੋਇਆ। ਮੈਂ ਅਕਾਲੀ ਪਾਰਟੀ ਦਾ ਡਿਪਟੀ ਲੀਡਰ ਹੁੰਦਾ ਹੋਇਆ ਯਕੀਨ ਦਿਵਾਉਂਦਾ ਹਾਂ ਕਿ ਉਨ੍ਹਾਂ ਮਜ਼ਦੂਰਾਂ ਨੂੰ ਉਨ੍ਹਾਂ ਦਿਨਾਂ ਦੀ ਉਜਰਤ, ਜਿਨ੍ਹਾਂ ਦਿਨਾਂ ਦੇ ਵਿਚ ਕਿ ਕੰਮ ਬੰਦ ਰਿਹਾ, ਅਸੀਂ ਬਤੌਰ ਗਰਾਂਟ ਦੀ ਸ਼ਕਲ ਵਿਚ ਦੇਵਾਂਗੇ (ਤਾੜੀਆਂ) ਉਨ੍ਹਾਂ ਨੂੰ

[ਸਰਦਾਰ ਅਜਾਇਬ ਸਿੰਘ ਸੰਧੂ]

ਬੁਲਾ ਕੇ ਦੇਵਾਂਗੇ ਜੇ ਕਿਤੇ ਬਾਹਰ ਵੀ ਚਲੇ ਗਏ ਹੋਣ । ਗੁਰੂ ਰਾਮ ਦਾਸ ਜੀ ਦਾ ਲੰਗਰ ਲੱਖਾਂ ਆਦਮੀ ਛਕਦੇ ਹਨ । ਜੰਗ ਦੇ ਦਿਨਾਂ ਵਿਚ ਸ਼੍ਰੋਮਣੀ ਕਮੇਟੀ ਨੇ ਹਜ਼ਾਰਾਂ ਰੁਪਏ ਬਤੌਰ ਵਾਰ ਫ਼ੰਡ ਦਿੱਤੇ । ਇਨ੍ਹਾਂ ਨੇ ਆਪਣੇ 16 ਲੰਗਰ ਚਾਲੂ ਕੀਤੇ (ਵਿਘਨ) ਇਸ ਗਲ ਦਾ ਸ਼ਾਇਦ ਤੁਹਾਨੂੰ ਪਤਾ ਨਹੀਂ ਕਿ ਲੰਗਰ ਜਿਥੇ ਅਕਾਲੀ ਵੀਰ ਛਕਦੇ ਹਨ, ਕਾਮਰੇਡ ਵੀ ਜਾਂਦੇ ਹੋਣਗੇ ਅਤੇ ਕਾਂਗਰਸੀ ਵੀ ਜਾਂਦੇ ਹਨ, ਲੰਗਰ ਦੀ ਕਦੇ ਕਿਸੇ ਨੂੰ ਕੋਈ ਮਨਾਹੀ ਨਹੀਂ (ਵਿਘਨ) .. .. ..

ਸ੍ਰੀ ਡਿਪਟੀ ਸਪੀਕਰ: ਰੈਲੇਵੈਂਟ ਰਹੋ ਜੀ । (Please be relevant)

ਸਰਦਾਰ ਅਜਾਇਬ ਸਿੰਘ ਸੰਧੂ: ਇਕ ਦੋ ਮਿੰਟ ਹੋਰ ਅਰਜ਼ ਕਰਾਂਗਾ ਅਤੇ ਰੈਲੇਵੈਂਟ ਹੀ ਰਹਾਂਗਾ । ਮੈਂ ਅਰਜ਼ ਕਰ ਰਿਹਾ ਸੀ ਕਿ ਮਜ਼ਦੂਰਾਂ ਦੇ ਵਿਚ ਜਿਹੜੀ ਕਲਾਸ ਆਉਂਦੀ ਹੈ ਉਹ ਬਹੁਤੀ ਹਰੀਜਨ ਭਰਾਵਾਂ ਦੀ ਹੀ ਹੈ, ਜਿਨ੍ਹਾਂ ਰਾਹੀਂ ਕਿ ਸਾਰੇ ਉਸਾਰੀ ਦੇ ਕੰਮ ਹੁੰਦੇ ਹਨ । (ਵਿਘਨ) * * *

ਸ੍ਰੀ ਡਿਪਟੀ ਸਪੀਕਰ: ਸਰਦਾਰ ਗੁਰਮੇਲ ਸਿੰਘ ਬਾਰੇ ਇਹ ਜਿਹੜੇ ਹੁਣੇ ਲਫਜ਼ ਕਹੇ ਗਏ ਹਨ ਇਹ ਕਟ ਦਿੱਤੇ ਜਾਣ । (The words used in respect of Sardar Gurmej Singh just now, may please be deleted.)

ਸਰਦਾਰ ਅਜਾਇਬ ਸਿੰਘ ਸੰਧੂ: ਇਹ ਗਲ ਤੁਹਾਨੂੰ ਮਾੜੀ ਲੱਗੀ ਪਰ ਸਾਡੇ ਤਾਂ ਇਹ ਇਜ਼ਤ ਮਾਨ ਦੀ ਗਲ ਸਮਝੀ ਜਾਂਦੀ ਹੈ । ਇਕ ਗਲ ਹੋਰ ਮੈਂ ਕਹਿਣਾ ਚਾਹੁੰਦਾ ਹਾਂ । ਸਰਕਾਰ ਨੇ ਕੁਝ ਫੋਕਲ ਪੁਆਇੰਟਸ ਸਾਰੇ ਪੰਜਾਬ ਦੇ ਵਿਚ ਚੁਣੇ ਹਨ । ਜਿਥੇ ਕਿਤੇ ਵੀ ਇਹ ਫੋਕਲ ਪੁਆਇੰਟਸ ਬਣਦੇ ਹਨ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਮਜਦੂਰਾਂ ਨੂੰ ਬਾਕਾਇਦਾ ਤੌਰ ਤੇ ਪਲਾਟ ਦੇਵੇ । ਇਹ ਨਹੀਂ ਹੋਣਾ ਚਾਹੀਦਾ ਕਿ ਇਕ ਸਰਮਾਏਦਾਰ ਤਾਂ ਪਲਾਟ ਬਣਾ ਲਏ ਪਰ ਇਕ ਮਜ਼ਦੂਰ ਨੂੰ ਪਲਾਟ ਬਣਾਉਣ ਲਈ ਵੀ ਕੋਈ ਜਗ੍ਹਾ ਨਾ ਹੋਵੇ । (ਵਿਘਨ)

ਅਸੀਂ ਜਿਸ ਚੰਡੀਗੜ੍ਹ ਵਿਚ ਅਜ ਬੈਠੇ ਹਾਂ ਇਸ ਦੇ ਬਾਰੇ ਫੈਸਲਾ ਪਹਿਲੀ ਮਨਿਸਟਰੀ ਨੇ ਕੀਤਾ ਸੀ ਕਿ ਪੰਜਾਬ ਨੇ ਏਥੇ ਆਉਣਾ ਹੈ । (ਵਿਘਨ)

Finance Minister: Mr. Deputy Speaker, the hon. Member is not relevant.

Sardar Ajaib Singh Sandhu: Mr. Deputy Speaker, I have not said anything so far. Let me first have my say and then you decide whether it is relevant or not. ਜੇ ਇਰਰੇਲੇਵੈਂਟ ਗੱਲ ਕਰਾਂ ਤਾਂ ਬੇਸ਼ੱਕ ਮੈਨੂੰ ਟੋਕ ਦੇਣਾ । ਤੁਸੀਂ ਪਹਿਲਾਂ ਹੀ ਕਿਉਂ ਮੈਨੂੰ ਬੋਲਣੋਂ ਬੰਦ ਕਰਦੇ ਹੋ । ਮੈਂ ਅਰਜ਼ ਕਰ ਰਿਹਾ ਸੀ ਕਿ * * * (ਵਿਘਨ)

---

*Expunged as ordered by the Chair.

ਸ੍ਰੀ ਡਿਪਟੀ ਸਪੀਕਰ: ਜਿਹੜੇ ਸ਼ਬਦ ਸੰਧੂ ਜੀ ਨੇ ਹੁਣੇ ਹੁਣੇ ਚੰਡੀਗੜ੍ਹ ਦੇ ਮਜ਼ਦੂਰਾਂ ਬਾਰੇ ਕਹੇ ਹਨ ਉਹ ਕਟ ਦਿੱਤੇ ਜਾਣ । (These words about Chandigarh and labourers uttered by Sandhu ji, may be expunged.)

ਚੌਧਰੀ ਸੁੰਦਰ ਸਿੰਘ (ਨਰੋਟ ਮਹਿਰਾ, ਐਸ.ਸੀ.): ਡਿਪਟੀ ਸਪੀਕਰ ਸਾਹਿਬ, ਮੈਂ ਇਸ ਰੈਜ਼ੋਲਿਊਸ਼ਨ ਦੀ ਤਾਈਦ ਕਰਨ ਲਈ ਖੜਾ ਹੋਇਆ ਹਾਂ । ਸਰਦਾਰ ਅਜਾਇਬ ਸਿੰਘ ਸੰਧੂ ਨੇ ਮਜ਼ਦੂਰਾਂ ਦਾ ਇਥੇ ਬੜਾ ਕੇਸ ਪਲੀਡ ਕੀਤਾ ਹੈ । ਉਨ੍ਹਾਂ ਨੇ ਬੜੀ ਕੋਸ਼ਿਸ਼ ਕੀਤੀ ਹੈ ਕਿ ਕਲ ਜੋ ਸਰਦਾਰ ਗੁਰਮੇਜ ਸਿੰਘ ਨੇ ਸਪੀਚ ਕੀਤੀ ਸੀ ਉਸ ਦਾ ਅਸਰ ਖਤਮ ਕਰ ਦੇਣ ਪਰ ਉਹ ਅਸਰ ਖਤਮ ਨਹੀਂ ਹੋ ਸਕਦਾ ਕਿਉਂਕਿ ਉਸ ਨੇ ਸਚੀਆਂ ਗਲਾਂ ਕਹੀਆਂ ਸੀ ।

ਸ੍ਰੀ ਡਿਪਟੀ ਸਪੀਕਰ: ਤੁਸੀਂ ਰੈਲੇਵੇਂਟ ਬੋਲੋ । ਗੁਰਮੇਜ ਸਿੰਘ ਦੀ ਵਕਾਲਤ ਨਾ ਕਰੋ, ਉਹ ਆਪਣੀ ਵਕਾਲਤ ਆਪੇ ਕਰ ਲੈਣਗੇ । (Please be relevant. Don't plead for Sardar Gurmej Singh; he will plead for himself.)

ਚੌਧਰੀ ਸੁੰਦਰ ਸਿੰਘ: ਇਨ੍ਹਾਂ ਨੇ ਬੜੀ ਹੇਰਾਫੇਰੀ ਕੀਤੀ ਕਿ ਕਲ ਦਾ ਜੋ ਰਗੜਾ ਇਨ੍ਹਾਂ ਨੂੰ ਲਗਾ ਸੀ ਉਸ ਦਾ ਅਸਰ ਖਤਮ ਹੋ ਜਾਵੇ ਪਰ ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਜੋ ਰਗੜਾ ਲਗਣਾ ਸੀ ਉਹ ਲਗ ਗਿਆ ਹੈ, ਹੁਣ ਉਸ ਦਾ ਅਸਰ ਨਹੀਂ ਖਤਮ ਹੋ ਸਕਦਾ । (ਹਾਸਾ) ਸੱਪ ਨੂੰ ਸੱਪ ਲੜੇ ਤੇ ਵਿਹ ਕਿਸ ਨੂੰ ਚੜੇ । ਹੁਣ ਇਹ ਮਜ਼ਦੂਰਾਂ ਦੀ ਹਿਮਾਇਤ ਵਿਚ ਬੋਲ ਰਹੇ ਸੀ । ਵਾਹ ਵਾਹ ਬੋਲਦੇ ਸੀ । ਉਨ੍ਹਾਂ ਦੀ ਉਸ ਪਾਰਟੀ ਵਿਚ ਚੰਗੀ ਪੁਜ਼ੀਸ਼ਨ ਹੈ । ਡਿਪਟੀ ਲੀਡਰ ਹਨ । ਰਬ ਕਰੇ ਉਥੇ ਲੀਡਰ ਬਣ ਜਾਣ, ਫਿਰ ਹੋ ਸਕਦਾ ਹੈ ਕਿ ਇਧਰ ਦੇ ਵੀ ਲੀਡਰ ਬਣ ਜਾਣ (ਹਾਸਾ) ਸੋ ਡਿਪਟੀ ਸਪੀਕਰ ਸਾਹਿਬ, ਮੈਂ ਮਜ਼ਦੂਰਾਂ ਦੇ ਕਾਜ਼ ਦੀ ਹਿਮਾਇਤ ਕਰਦਾ ਹਾਂ । First I am labourer, then I am anything else. ਇਹ ਲੇਬਰਰ ਹੀ ਹਨ ਜੋ ਲੇਬਰ ਕਰਦੇ ਹਨ । ਇਹ ਲੇਬਰ ਹੀ ਹੈ ਜੋ ਕਾਰਖਾਨੇ ਚਲਾਉਂਦੀ ਹੈ । ਇਹ ਲੇਬਰ ਹੀ ਹੈ ਜੋ ਜ਼ਮੀਨਾਂ ਤੇ ਕੰਮ ਕਰਦੀ ਹੈ ਅਤੇ ਇਨ੍ਹਾਂ ਦਾ ਹੀ ਬਾਈਕਾਟ ਹੁੰਦਾ ਹੈ । ਇਸ ਲਈ ਮੈਂ ਇਸ ਰੈਜ਼ੋਲਿਊਸ਼ਨ ਦੀ ਹਿਮਾਇਤ ਕਰਦਾ ਹਾਂ ਕਿ ਮਜ਼ਦੂਰਾਂ ਨੂੰ ਜ਼ਿਆਦਾ ਪੈਸੇ ਮਿਲਣੇ ਚਾਹੀਦੇ ਹਨ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਕਹਾਂਗਾ ਕਿ ਇਹ ਜੋ ਚਿਟੇ ਕਪੜਿਆਂ ਵਾਲੇ ਹੁੰਦੇ ਹਨ, ਇਹ ਲੇਬਰ ਨੂੰ ਐਕਸਪਲਾਇਟ ਕਰਦੇ ਹਨ । (ਇਸ ਸਮੇਂ ਸਰਦਾਰ ਗੁਰਬੰਤਾ ਸਿੰਘ ਜੀ ਚੌਧਰੀ ਸੁੰਦਰ ਸਿੰਘ ਵਾਲੀ ਸੀਟ ਤੇ ਆਏ) । (ਆਵਾਜ਼ਾਂ: ਇਹ ਆ ਗਏ ਹਨ, ਚਿਟੇ ਕਪੜਿਆਂ ਵਾਲੇ ।) (ਹਾਸਾ) ਲੇਬਰ ਦੇ ਚਿਟੇ ਕਪੜੇ ਨਹੀਂ ਹੋ ਸਕਦੇ । ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਇਸ ਰੈਜ਼ੋਲਿਊਸ਼ਨ ਨੂੰ ਪਾਸ ਕਰ ਦਿਤਾ ਜਾਵੇ । ਇਸ ਦਾ ਅਸਰ ਇਹ ਹੋਵੇਗਾ ਕਿ ਜਿਵੇਂ ਅਜ ਡਾਕਟਰ ਸਾਹਿਬ ਨੇ ਕਿਹਾ ਸੀ ਕਿ ਬਾਈਕਾਟ ਹੁੰਦੀ ਹੈ, ਉਸ ਦਾ ਵੀ ਖਾਤਮਾ ਹੋ ਜਾਵੇਗਾ । ਹੋ ਸਕਦਾ ਹੈ ਇਨਾਂ (ਆਪੋਜ਼ੀਸ਼ਨ ਬੈਂਚਾਂ ਵਲ ਇਸ਼ਾਰਾ ਕਰਦੇ ਹੋਏ) ਨੂੰ ਵੀ ਅਕਲ ਆ ਜਾਵੇ । (ਵਿਘਨ)

[ਚੌਧਰੀ ਸੁੰਦਰ ਸਿੰਘ]

(ਹਾਸਾ) ਉਂਝ ਤਾਂ ਆਉਣੀ ਮੁਸ਼ਕਿਲ ਹੀ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਦਸਦਾ ਹਾਂ ਕਿ ਜਦੋਂ ਕੋਈ ਪ੍ਰੋਗਰੈਸਿਵ ਪਾਰਟੀ ਗਰੀਬਾਂ, ਮਜ਼ਦੂਰਾਂ ਕੋਲ ਜਾਂਦੀ ਹੈ ਤਾਂ ਉਹ ਉਸ ਦੀ ਮਦਦ ਕਰਦੇ ਹਨ । ਪੰਜਾਬ ਵਿਚ ਵੀ ਇਹੋ ਗਲ ਹੋਈ, ਜਦੋਂ ਗਰੀਬੀ ਹਟਾਉ ਦਾ ਨਾਹਰਾ ਕਾਂਗਰਸ ਨੇ ਦਿਤਾ ਤਾਂ ਗਰੀਬਾਂ ਨੇ ਇਸ ਨੂੰ ਵੋਟਾਂ ਪਾਕੇ ਇਸ ਨੂੰ ਇਥੇ ਭੇਜ ਦਿਤਾ । (ਵਿਘਨ) (ਸ਼ੋਰ) ਇਨਾਂ (ਵਿਰੋਧੀ ਬੈਂਚਾਂ ਵਲ ਇਸ਼ਾਰਾ ਕਰਦੇ ਹੋਏ) ਦਾ ਤਾਂ ਮੈਨੀਫ਼ੈਸਟੋ ਹੀ ਖਰਾਬ ਸੀ । ਜਦੋਂ ਤਕ ਇਹ ਪੰਜਾਬ ਦੇ ਵਿਚ ਕੰਮ ਕਰਦੇ ਰਹੇ, ਸਾਨੂੰ ਤੰਗ ਹੀ ਕਰਦੇ ਰਹੇ । ਅਸੀਂ ਤੜਫਦੇ ਹੀ ਰਹੇ । ਜਦੋਂ ਇਹ ਗਏ ਤਾਂ ਸਾਨੂੰ ਕੁਝ ਹੋਸ਼ ਆਈ ਅਤੇ ਸਾਡੀ ਵੀ ਕੁਝ ਸੁਣਵਾਈ ਹੋਈ । ਉਸ ਸੁਣਵਾਈ ਦਾ ਹੀ ਰਿਜ਼ਲਟ ਇਹ ਨਿਕਲਿਆ ਹੈ ਕਿ ਇਸ ਪਾਸੇ ਇਤਨੀ ਜ਼ਿਆਦਾ ਤਦਾਦ ਆਈ ਹੈ । ਇਸ ਲਈ ਮੈਂ ਕਹਿੰਦਾ ਹਾਂ ਕਿ ਇਹ ਜੋ ਰੈਜ਼ੋਲਿਉਸ਼ਨ ਹੈ ਇਸ ਨੂੰ ਪਾਸ ਕਰ ਦਿਤਾ ਜਾਵੇ । ਭਾਵੇਂ ਗਰੀਬਾਂ ਦਾ ਭਲਾ ਹੋਣਾ ਮੁਸ਼ਕਿਲ ਹੈ ਕਿਉਂਕਿ ਸਾਡੇ ਵਿਚ ਵੀ ਇਹੋ ਜਿਹੇ ਕੁਝ ਬੰਦੇ ਹਨ ਭਾਵੇਂ ਹੁਣ ਕੁਝ ਘਟ ਗਏ ਹਨ ਪਰ ਹਨ ਜ਼ਰੂਰ । (ਵਿਘਨ) (ਸ਼ੋਰ) ਮੈਂ 1946-47 ਤੋਂ ਦੇਖਦਾ ਆ ਰਿਹਾ ਹਾਂ ਕਿ ਟਾਹਰਾਂ ਤਾਂ ਬੜੀਆਂ ਮਾਰਦੇ ਹਨ ਪਰ ਲੈਣਾ ਦੇਣਾ ਕੁਝ ਨਹੀਂ । (ਵਿਰੋਧੀ ਬੈਂਚਾਂ ਵਲੋਂ ਥੰਪਿੰਗ) ਪਰ ਹੁਣ ਮੈਂ ਬੜਾ ਹੋਪਫੁਲ ਹੋ ਗਿਆ ਹਾਂ । ਪਹਿਲਾਂ ਇਨ੍ਹਾਂ ਨੇ ਕਹਿਣਾ ਕਿ ਜ਼ਮੀਨ ਹੈ ਲਿਖ ਲਉ ਨਹੀਂ ਤਾਂ ਹਰੀਜਨਾਂ ਵਿਚ ਵੰਡ ਦਿਤੀ ਜਾਵੇਗੀ । ਕਿਉਂਕਿ ਇਹ ਜੋ ਸਾਹਮਣੇ ਬੈਠੇ ਹੋਏ ਹਨ ਇਨਾਂ ਦਾ ਭੈੜਾ ਅਸਰ ਸਾਡੇ ਤੇ ਵੀ ਪੈਣਾ ਜ਼ਰੂਰੀ ਸੀ । ਭੈੜਾ ਅਸਰ ਛੇਤੀ ਪੈਂਦਾ ਹੈ, ਚੰਗਾ ਦੇਰ ਨਾਲ ਪੈਂਦਾ ਹੈ । ਚਾਹੀਦਾ ਇਹ ਸੀ ਕਿ ਕਮਿਉਨਿਸਟਾਂ ਨੂੰ ਇਹਨਾਂ ਦੀ ਥਾਂ ਮਿਲਦੀ, ਤਾਂਕਿ ਇਹ ਸਾਡੀ ਮਦਦ ਕਰਦੇ ਤਾਂ ਗਰੀਬਾਂ ਦੀ ਮਦਦ ਛੇਤੀ ਹੋ ਸਕਦੀ ਸੀ । ਇਹ ਰੈਜ਼ੋਲਿਉਸ਼ਨ ਵੀ ਕਮਿਊਨਿਸਟਾਂ ਬਾਰੇ ਆਇਆ ਹੈ । ਮੈਂ ਕਹਿੰਦਾ ਹਾਂ ਕਿ Every sensible man is a communist. ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਇਸ ਰੈਜ਼ੋਲਿਉਸ਼ਨ ਨੂੰ ਪਾਸ ਕਰ ਦੇਣਾ ਚਾਹੀਦਾ ਹੈ ਅਤੇ ਪ੍ਰਾਰਥਨਾ ਕਰਨੀ ਚਾਹੀਦੀ ਹੈ ਕਿ ਇਨ੍ਹਾਂ (ਆਪੋਜ਼ੀਸ਼ਨ ਵਲ ਇਸ਼ਾਰਾ ਕਰਦੇ ਹੋਏ) ਦਾ ਖਾਤਮਾ ਹੋ ਜਾਵੇ ਵੈਸੇ ਤਾਂ ਇਨ੍ਹਾਂ ਦਾ ਖਾਤਮਾ ਹੋਇਆ ਹੀ ਪਿਆ ਹੈ । ਕੋਈ ਚਿੰਤਾ ਵਾਲੀ ਗਲ ਨਹੀਂ । ਇਨ੍ਹਾਂ ਦਾ ਜੋ ਪ੍ਰੋਗਰਾਮ ਸੀ ਕਿ ਅਲਾ-ਹੂ-ਅਕਬਰ ਦੇ ਨਾਹਰੇ ਤੇ ਲੜਾਈ ਕਰਨੀ ਉਹ ਖ਼ਤਮ ਹੋ ਗਿਆ ਹੈ । ਮੈਂ ਹੈਰਾਨ ਹਾਂ ਕਿ ਅਜੇ ਵੀ ਕੁਝ ਲੋਕਾਂ ਨੇ ਉਨ੍ਹਾਂ ਨੂੰ ਵੋਟਾਂ ਪਾਉਣ ਦੀ ...... ਕੀਤੀ ਹੈ, ਇਸ ਤੋਂ ਪਤਾ ਲਗਦਾ ਹੈ ਕਿ ਅਜੇ ਵੀ X X X ਦੁਨੀਆਂ ਵਿਚ ਹਨ । (ਵਿਘਨ) (ਸ਼ੋਰ)

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ਼ ਆਰਡਰ ਸਰ । ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਜਦੋਂ ਸਰਕਾਰੀ ਬੈਂਚਾਂ ਤੋਂ ਕੋਈ ਇਰਟੇਲੇਵੈਂਟ ਬੋਲ ਰਿਹਾ ਹੋਵੇ, ਸਾਡੇ ਖ਼ਿਲਾਫ਼ ਬੋਲ ਰਿਹਾ ਹੋਵੇ ਤਾਂ ਉਸ ਨੂੰ ਤੁਸੀਂ ਨਹੀਂ ਰੋਕਦੇ ਪਰ ਜੇ ਸਾਡੇ ਵਲੋਂ ਕੋਈ ਇਸ ਤਰ੍ਹਾਂ ਕਰੇ ਤਾਂ ਤੁਸੀਂ ਬੋਲਣ ਨਹੀਂ ਦਿੰਦੇ । ਇਹ ਠੀਕ ਨਹੀਂ ਹੈ । ਜਾਂ ਉਨ੍ਹਾਂ ਨੂੰ ਵੀ ਰੋਕੋ ਜਾਂ ਅਸੀਂ ਵੀ ਬੋਲਾਂਗੇ । (ਵਿਘਨ) (ਸ਼ੋਰ)

---

*Expunged as ordered by the Chair.

ਸ੍ਰੀ ਡਿਪਟੀ ਸਪੀਕਰ : ਚੌਧਰੀ ਸਾਹਿਬ, ਮੈਂ ਤੁਹਾਨੂੰ ਰਿਪੀਟਡਲੀ ਕਿਹਾ ਹੈ ਕਿ ਰੈਲੇਵੇਂਟ ਬੋਲੋ । ਹੁਣ ਜੇ ਤੁਸੀਂ ਕੋਈ ਇਰੇਲੇਵੇਂਟ ਗਲ ਕਹੀ ਤਾਂ ਉਹ ਵੀ ਕਾਰਵਾਈ ਵਿਚੋਂ ਕਟਾ ਦਿਤੀ ਜਾਵੇਗੀ । (I have repeatedly requested you Chaudhri Sahib, to be relevant. If henoeforth you refer to anything irrelevant that will be got expunged.)

ਸਰਦਾਰ ਧੰਨਾ ਸਿੰਘ ਗੁਲਸ਼ਨ : ਆਨ ਏ ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਚੌਧਰੀ ਸਾਹਿਬ ਨੇ ਵੋਟਰਾਂ ਨੂੰ *...... ਕਿਹਾ ਹੈ । ਇਹ ਉਹ ਵੋਟਰ ਹਨ ਜਿਨ੍ਹਾਂ ਨੂੰ ਮਤ ਦਾਤਾ ਕਿਹਾ ਜਾਂਦਾ ਹੈ ਅਤੇ ਜਿਨ੍ਹਾਂ ਨੇ ਭਾਰਤ ਦੀ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਜੀ ਨੂੰ ਅਤੇ ਇਨ੍ਹਾਂ ਨੂੰ ਵੀ ਇਥੇ ਗਦੀਆਂ ਤੇ ਬਿਠਾਇਆ ਹੈ । ਉਨ੍ਹਾਂ ਵੋਟਰਾਂ ਨੂੰ ××× ਕਹਿਣਾ ਇਹ ਇਸ ਹਾਊਸ ਦੀ ਬੇਇਜ਼ਤੀ ਹੈ । ਇਸ ਲਈ ਇਹ ਸ਼ਬਦ ਕਾਰਵਾਈ ਵਿਚੋਂ ਕਢ ਦਿਤੇ ਜਾਣ ।

ਸ੍ਰੀ ਡਿਪਟੀ ਸਪੀਕਰ : ਇਹ ਸ਼ਬਦ ਕਾਰਵਾਈ ਵਿਚੋਂ ਕਢ ਦਿਤੇ ਜਾਣ । (These words should be expunged.)

ਚੌਧਰੀ ਸੁੰਦਰ ਸਿੰਘ : ਠੀਕ ਹੈ ਜੀ ਮੈਂ ਨਾਸਮਝ ਕਹਿ ਦਿੰਦਾ ਹਾਂ ।

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਚੌਧਰੀ ਸਾਹਿਬ ਨੇ ਮਤ ਦਾਤਾ ਨੂੰ ਨਾਸਮਝ ਕਿਹਾ ਹੈ, ਇਹ ਇਸ ਹਾਊਸ ਦੀ ਤੌਹੀਨ ਹੈ । ਇਸ ਲਈ ਇਸ ਸ਼ਬਦ ਨੂੰ ਕਾਰਵਾਈ ਵਿਚੋਂ ਕਟ ਦਿਤਾ ਜਾਵੇ ।

ਚੌਧਰੀ ਸੁੰਦਰ ਸਿੰਘ : ਚਲੋ ਮੈਂ ਦਰੁਸਤੀ ਕਰ ਲੈਂਦਾ ਹਾਂ ਕਿ ਉਨ੍ਹਾਂ ਨੇ ਗਲਤੀ ਕੀਤੀ ਅਤੇ ਉਹ ਗਲਤੀ ਹੁਣ ਉਹ ਅਗੇ ਨੂੰ ਨਹੀਂ ਕਰਨਗੇ ।

(ਇਸ ਸਮੇਂ ਸਰਦਾਰ ਕੁੰਦਨ ਸਿੰਘ ਪਤੰਗ ਅਤੇ ਸਰਦਾਰ ਕਰਨੈਲ ਸਿੰਘ ਮਰ੍ਹੜੀ ਬੋਲਣ ਲਈ ਖੜੇ ਹੋਏ ।)

ਸ੍ਰੀ ਡਿਪਟੀ ਸਪੀਕਰ : ਉਨ੍ਹਾਂ ਨੇ ਆਪਣੀ ਗਲ ਦਰੁਸਤ ਕਰ ਲਈ ਹੈ, ਇਸ ਲਈ ਤੁਸੀਂ ਬੈਠ ਜਾਉ । (ਵਿਘਨ) (He has corrected himself, so the hon. Members may resume their seats.)

ਚੌਧਰੀ ਸੁੰਦਰ ਸਿੰਘ : ਮਰ੍ਹੜੀ ਤਾਂ ਗਲਤੀ ਕਰ ਹੀ ਨਹੀਂ ਸਕਦਾ । (ਵਿਘਨ) ਤੇ, ਡਿਪਟੀ ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਕਮਿਊਨਿਸਟਾਂ ਨੇ ਜੋ ਰੈਜ਼ੋਲਿਊਸ਼ਨ ਲਿਆਂਦਾ ਹੈ ਉਹ ਬੜਾ ਮੁਤਬਰਕ ਕਦਮ ਹੈ, ਚੰਗੇ ਪਾਸੇ ਲਿਜਾਣ ਵਾਲਾ ਹੈ ।

Any action which make us go God-ward is good

*Expunged as ordered by the Chair.

[ਚੌਧਰੀ ਸੁੰਦਰ ਸਿੰਘ]

and our duty. Any action which makes us go downward is evil and not our duty.

ਇਸ ਲਈ ਮੈ ਕਹਾਂਗਾ ਕਿ ਜਿਹੜੀ ਗਰੀਬਾਂ ਵਾਸਤੇ ਚੀਜ਼ ਹੋਵੇ ਜਾਂ ਤਾਂ ਉਹ ਪ੍ਰਮਤਮਾਂ ਲਿਆਉਂਦਾ ਹੈ ਜਾਂ ਉਸ ਨੂੰ ਮੰਨਣ ਵਾਲੇ । ਪ੍ਰਮਾਤਮਾਂ ਜੋ ਹੈ :

Where do you seek God ? Are not the poor, the miserable, the down-trodden the Gods. Worship them first. I do not believe in God or religion who cannot wipe out tears from the widow's eyes and cannot bring a morsel of food to the orphan's mouth.

ਸਰਦਾਰ ਕਰਨੈਲ ਸਿੰਘ ਮਰੂੜੀ : ਪੰਜਾਬੀ ਵਿਚ ਬੋਲੋ, ਅੰਗਰੇਜ਼ੀ ਵਿਚ ਨਹੀਂ । (ਵਿਘਨ)

ਸ੍ਰੀ ਡਿਪਟੀ ਸਪੀਕਰ : ਤੁਸੀਂ ਉਨ੍ਹਾਂ ਨੂੰ ਅੰਗਰੇਜ਼ੀ ਵਿਚ ਬੋਲਣ ਤੋਂ ਰੋਕ ਨਹੀਂ ਸਕਦੇ । (You cannot prevent him from speaking in English.)

ਚੌਧਰੀ ਸੁੰਦਰ ਸਿੰਘ : ਡਿਪਟੀ ਸਪੀਕਰ ਸਾਹਿਬ, ਇਥੇ ਭੈਣ ਜੀ ਉਸ ਦਿਨ ਕਹਿ ਰਹੇ ਸੀ ਕਿ ਸਾਰੇ ਇਲਮ ਸਿਖਣੇ ਚਾਹੀਦੇ ਹਨ ਪਰ ਇਹ ਤਾਂ ਇਥੇ ਅੰਗਰੇਜ਼ੀ ਬੋਲਣ ਹੀ ਨਹੀਂ ਦਿੰਦੇ । (ਹਾਸਾ) ਹਿੰਦੀ ਵੀ ਨਹੀਂ ਬੋਲਣ ਦਿੰਦੇ । (ਵਿਘਨ) ਡਿਪਟੀ ਸਪੀਕਰ ਸਾਹਿਬ, ਇਹ ਜਿਹੜੇ ਜਥੇਦਾਰ ਹਨ (ਵਿਘਨ) ਅਸੀਂ ਸੋਸ਼ਲਿਜ਼ਮ ਲਿਆਉਣਾ ਹੈ । ਇਹ ਤਦੇ ਹੀ ਆ ਸਕਦਾ ਹੈ ਜੇ ਸੋਸਾਇਟੀ ਤੋਂ ਘਟ ਲਵੋ ਅਤੇ ਵਧ ਦਿਉ । ਇਹ (ਵਿਰੋਧੀ ਬੈਂਚਾਂ ਵਲ ਇਸ਼ਾਰਾ ਕਰਦੇ ਹੋਏ) ਐਮ.ਐਲ.ਏ. ਫਲੈਟ ਵਿਚ ਐਨੀਆਂ ਰੋਟੀਆਂ ਖਾਂਦੇ ਹਨ ਕਿ ਹੋਰ ਕਿਸੇ ਨੂੰ ਰੋਟੀ ਖਾਣ ਨੂੰ ਮਿਲਦੀ ਹੀ ਨਹੀਂ ਹੈ । (ਵਿਘਨ) (ਸ਼ੋਰ) ਇਨਾਂ ਸ਼ਬਦਾਂ ਨਾਲ ਮੈਂ ਕਹਾਂਗਾ ਕਿ ਪਰਮਾਤਮਾਂ ਕਰੇ ਅਤੇ ਸਾਡੇ ਬਰਖਿਲਾਫ਼ ਕੋਈ ਚੰਗੇ ਆਦਮੀ ਆਕੇ ਬੈਠਣ । (ਸ਼ੋਰ) (ਵਿਘਨ) ਜਿਹੜੀ ਆਪੋਜ਼ੀਸ਼ਨ ਹੁੰਦੀ ਹੈ ਉਹ ਹੈਲਦੀ ਸਾਈਨ ਹੁੰਦੀ ਹੈ । ਇਨ੍ਹਾਂ ਸਜਣਾਂ ਨਾਲ ਇਹ ਹੈਲਦੀ ਨਹੀਂ ਹੋ ਸਕਦੀ, ਇਹ ਢਿਲੇ ਹਨ । (ਸ਼ੋਰ) (ਵਿਘਨ)

ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਸ਼ੁਕਰੀਆ ਅਦਾ ਕਰਦਾ ਹੋਇਆ ਪ੍ਰਾਰਥਨਾ ਕਰਾਂਗਾ ਕਿ ਮੁੜ ਇਹੋ ਜਿਹੇ ਆਦਮੀ ਇਥੇ ਨਾ ਆਉਣ ਅਤੇ ਚੰਗੇ ਆਦਮੀ ਆਉਣ ।

ਸਰਦਾਰ ਸੁਰਿੰਦਰ ਸਿੰਘ ਕੈਰੋਂ (ਪੱਟੀ) : ਡਿਪਟੀ ਸਪੀਕਰ ਸਾਹਿਬ, ਮੈਂ ਇਸ ਮਤੇ ਨੂੰ ਗੌਰ ਨਾਲ ਵੇਖਿਆ ਹੈ ਅਤੇ ਇਹ ਸਮਝਦਾ ਹਾਂ ਕਿ ਇਹ ਸਾਰੇ ਬਾਰਡਰ ਦੀ ਪਰਾਬਲਮ ਹੈ, ਪੰਜਾਬ ਦੀ ਸਮੁਚੀ ਪਰਾਬਲਮ ਹੈ । ਮੈਂ ਬਾਰਡਰ ਜ਼ਿਲੇ ਦਾ ਰਹਿਣ ਵਾਲਾ ਬੰਦਾ ਹਾਂ । ਚੌਦਾਂ ਦਿਨ ਦੀ ਲੜਾਈ ਵਿਚ ਬਾਰਡਰ ਤੇ ਖਾਸ ਕਰਕੇ ਪੰਜਾਬ ਦਾ ਬਹੁਤ ਨੁਕਸਾਨ ਹੋਇਆ । ਗਵਰਨਰ ਸਾਹਿਬ ਦੇ ਭਾਸ਼ਨ ਵਿਚ ਦਸਿਆ ਗਿਆ ਹੈ ਕਿ ਤਕਰੀਬਨ

ਜਤ ਸੋ ਪਿੰਡਾਂ ਦਾ ਫਿਜ਼ੀਕਲੀ ਤੌਰ ਤੇ ਨੁਕਸਾਨ ਹੋਇਆ ਹੈ ਅਤੇ ਉਨਾਂ ਨੂੰ ਉਜੜਨਾ ਪਿਆ । 91 ਪਿੰਡ ਜਾਂ 96 ਪਿੰਡ ਬਿਲਕੁਲ ਨਕਸ਼ੇ ਤੇ ਨਹੀਂ ਮਿਲਦੇ । ਇਨ੍ਹਾਂ ਨੂੰ ਗਰਾਂਟਾਂ ਦਿਤੀਆਂ ਗਈਆਂ, ਇਨ੍ਹਾਂ ਨੂੰ ਲੋਨਜ਼ ਦਿਤੇ ਗਏ । ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਇਕ ਸਾਂਝਾ ਸਮਾਜਵਾਦ ਲਿਆਉਣਾ ਹੈ । ਸਮਾਜਵਾਦ ਉਹ ਲਿਆਉਣਾ ਹੈ ਜਿਥੇ ਕਾਰਖ਼ਾਨੇ ਦਾ ਮਜ਼ਦੂਰ ਵੀ ਹੋਵੇ ਅਤੇ ਨਾਲ ਹੀ ਜਿਹੜਾ ਖੇਤ ਮਜ਼ਦਰ ਹੈ ਉਸ ਨੂੰ ਵੀ ਇਸ ਮਤੇ ਵਿਚ ਸ਼ਾਮਿਲ ਕਰ ਲੈਣਾ ਚਾਹੀਦਾ ਹੈ । ਮੈਂ ਅਰਜ਼ ਕਰਦਾ ਹਾਂ ਕਿ ਹਾਲੇ ਇੰਡਸਟਰੀ ਸ਼ਹਿਰਾਂ ਵਿਚ ਲਗੀ ਹੈ । ਜੇ ਉਥੇ ਕਿਸੇ ਸ਼ਹਿਰੀ ਮਜ਼ਦੂਰ ਦਾ ਨੁਕਸਾਨ ਹੋਇਆ ਤਾਂ ਉਹ ਕਿਸ ਤਰ੍ਹਾਂ ਹੋਇਆ । ਮੈਂ ਤਾਂ ਇਹੋ ਕਹਾਂਗਾ ਕਿ ਸ਼ਹਿਰਾਂ ਵਿਚ ਇਨਕੁਆਇਰੀ ਕਰਾਉਣੀ ਚਾਹੀਦੀ ਹੈ ਕਿ ਕਿਹੜੇ ਕਾਰਖ਼ਾਨੇ ਸਰਮਾਇਦਾਰਾਂ ਨੇ ਲੜਾਈ ਵੇਲੇ ਬੰਦ ਕੀਤੇ ਅਤੇ ਕਿਹੜੇ ਉਹ ਕਾਰਖ਼ਾਨੇ ਹਨ ਜਿਹੜੇ ਬੰਬਾਂ ਕਰਕੇ ਜਾਂ ਕਚੀਆਂ ਧਾਤਾਂ ਨਾ ਹੋਣ ਕਰਕੇ ਬੰਦ ਕਰਨੇ ਪਏ । ਜਿਹੜੇ ਕਾਰਖਾਨੇ ਸਰਮਾਇਦਾਰਾਂ ਨੇ ਲੜਾਈ ਤੋਂ ਡਰਦੇ ਹੋਏ ਬੰਦ ਕਰ ਦਿਤੇ ਅਤੇ ਡੇਹਰਾਦੂਨ ਚਲੇ ਗਏ, ਅਜਿਹੇ ਮਜ਼ਦੂਰਾਂ ਨੂੰ ਕੰਪਾਊਂਡ ਇੰਟਰੈਸਟ ਲਗਾਕੇ ਕਾਰਖ਼ਾਨੇਦਾਰਾਂ ਤੋਂ ਪੈਸੇ ਦਿਲਵਾਉਣੇ ਹਨ । (ਥੰਪਿੰਗ) ਬਾਕੀ ਜਿਹੜਾ ਕਚੀਆਂ ਧਾਤਾਂ ਕਰਕੇ ਨੁਕਸਾਨ ਹੋਇਆ, ਉਹ ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਚੰਗੇ ਢੰਗ ਨਾਲ ਜਿਨੀ ਵੀ ਉਨ੍ਹਾਂ ਲੋਕਾਂ ਦੀ ਸੇਵਾ ਹੋ ਸਕਦੀ ਹੈ, ਕਰਨੀ ਚਾਹੀਦੀ ਹੈ । ਇਸ ਦੇ ਨਾਲ ਨਾਲ ਮੈਂ ਇਹ ਜ਼ਰੂਰ ਕਹਾਂਗਾ ਕਿ ਚੌਦਾਂ ਦਿਨਾਂ ਦੀ ਲੜਾਈ ਵਿਚ ਸਭ ਤੋਂ ਜ਼ਿਆਦਾ ਬਾਰਡਰ ਤੇ ਰਹਿਣ ਵਾਲਿਆਂ ਦਾ, ਖੇਤ ਮਜ਼ਦੂਰ ਦਾ, ਛੋਟੇ ਕਿਸਾਨ ਦਾ ਤੇ ਹੋਰ ਪਿੰਡਾਂ ਵਿਚ ਰਹਿਣ ਵਾਲਿਆਂ ਦਾ, ਛੋਟੇ ਛੋਟੇ ਦੁਕਾਨਦਾਰਾਂ ਦਾ ਵੀ ਨੁਕਸਾਨ ਹੋਇਆ । ਸੋ ਮੈਂ ਬੇਨਤੀ ਕਰਦਾ ਹਾਂ ਅਤੇ ਅਮੈਂਡਮੈਂਟ ਮੂਵ ਕਰਨਾ ਚਾਹੁੰਦਾ ਹਾਂ ਕਿ ਇਸ ਰੇਜ਼ੋਲਿਊਸ਼ਨ ਵਿਚ, ਸਾਰੇ ਬਾਰਡਰ ਦੀ ਦਸ ਮੀਲ ਦੀ ਪਟੀ ਰਖ ਲਈ ਜਾਵੇ, ਜਾਂ ਸਾਰੇ ਬਾਰਡਰ ਦੀ ਪਟੀ ਰਖ ਲਈ ਜਾਵੇ ਅਤੇ ਉਥੇ ਜਿਹੜੇ ਖੇਤ ਮਜ਼ਦੂਰ, ਛੋਟੇ ਕਿਸਾਨ ਜਾਂ ਸਰਕਾਰੀ ਛੋਟੇ ਕਰਮਚਾਰੀ ਹਨ ਜਾਂ ਹੋਰ ਜਿਹੜੇ ਛੋਟੇ ਦਰਜੇ ਦੇ ਬੰਦੇ ਹਨ ਉਨ੍ਹਾਂ ਸਾਰਿਆਂ ਨੂੰ ਇਸ ਰੇਜ਼ੋਲਿਊਸ਼ਨ ਵਿਚ ਦਰਜ ਕਰ ਲੈਣਾ ਚਾਹੀਦਾ ਹੈ । ਇਥੇ ਸਾਂਝਾ ਸਮਾਜ ਬਣਾਉਣ ਪਿਛੇ ਬੜੀਆਂ ਸਪੀਚਾਂ ਹੋਈਆਂ ਅਤੇ ਹਰੀਜਨਾਂ ਨੂੰ, ਖੇਤ ਮਜ਼ਦੂਰਾਂ ਨੂੰ ਅਤੇ ਖੇਤੀ ਕਰਨ ਵਾਲਿਆਂ ਨੂੰ ਲੜਾਉਣ ਦੀਆਂ ਗਲਾਂ ਕੀਤੀਆਂ ਗਈਆਂ (ਵਿਘਨ) ਇਸ ਤਰ੍ਹਾਂ ਮੇਰਾ ਪੰਜਾਬ ਤਰੱਕੀ ਨਹੀਂ ਕਰ ਸਕਦਾ । ਅਸੀਂ ਪਿੰਡਾਂ ਵਿਚ ਖੇਤ ਮਜ਼ਦੂਰਾਂ ਨੂੰ ਅਤੇ ਕਿਸਾਨਾਂ ਨੂੰ ਇਕਠਿਆਂ ਚਲਾਉਣਾ ਹੈ । ਜਿਹੜੇ ਖੇਤ ਮਜ਼ਦੂਰ ਹਨ ਜਾਂ ਛੋਟੇ ਕਿਸਾਨ ਹਨ ਜਿਨ੍ਹਾਂ ਦਾ ਨੁਕਸਾਨ ਹੋਇਆ ਹੈ ਅਤੇ ਉਨ੍ਹਾਂ ਨੂੰ ਜਿਹੜੇ ਲੋਨਜ਼ ਦਿਤੇ ਗਏ ਹਨ ਉਨਾਂ ਨੂੰ ਗਰਾਂਟਾਂ ਵਿਚ ਬਦਲ ਦੇਣਾ ਚਾਹੀਦਾ ਹੈ । ਇਕਲੇ ਇੰਡਸਟਰੀਜ਼ ਵਰਕਰਜ਼ ਨੇ ਲੜਾਈ ਵਿਚ ਸਫਰ ਨਹੀਂ ਕੀਤਾ ਬਲਕਿ ਸਾਰਿਆ ਨੇ ਸਫਰ ਕੀਤਾ ਹੈ । ਲੜਾਈ ਵਿਚ ਸਮੁਚੇ ਦੇਸ਼ ਨੇ ਅਤੇ ਖਾਸ ਤੌਰ ਤੇ ਪੰਜਾਬ ਨੇ ਸਫਰ ਕੀਤਾ ਹੈ । ਜਿਹੜੇ ਖਾਂਦੇ ਪੀਂਦੇ ਬੰਦੇ ਹਨ ਉਨ੍ਹਾਂ ਨੂੰ ਇਸ ਵਿਚ ਸ਼ਾਮਿਲ ਕਰਨ ਦੀ ਲੋੜ ਨਹੀਂ । ਖੇਤ ਮਜ਼ਦੂਰ ਇੰਡਸਟਰੀਅਲ ਵਰਕਰਜ਼, ਛੋਟਾ ਕਿਸਾਨ ਅਤੇ ਖਾਸ ਕਰਕੇ ਬਾਰਡਰ ਤੇ ਰਹਿਣ ਵਾਲਿਆਂ ਨੂੰ ਇਨਾਂ ਨੂੰ ਇਸ ਵਿਚ ਸ਼ਾਮਿਲ ਕਰਨ ਦੀ ਲੋੜ ਹੈ । ਸਾਡੇ ਬਾਰਡਰ ਦੀਆਂ ਬੜੀਆਂ ਪਰਾਬਲਮਜ਼ ਹਨ । ਇਸ ਲਈ ਇਕ ਕਮੇਟੀ ਬਣਾਉਣੀ ਚਾਹੀਦੀ ਹੈ ਅਤੇ ਉਹ ਸਾਰੇ ਬਾਰਡਰ ਦੀਆਂ ਪਰਾਬਲਮਜ਼ ਵੇਖੇ ਖਾਸ ਕਰਕੇ ਬਾਰਡਰ ਦੇ ਦਸ ਮੀਲ ਦੇ ਅੰਦਰ ਅੰਦਰ ਦੇ ਇਲਾਕਿਆਂ ਦੀ ਪਰਾਬਲਮਜ਼ ਤਾਂ ਜ਼ਰੂਰ ਦੇਖੇ । ਇਹ ਚੌਦਾਂ ਦਿਨਾਂ ਦੀ ਲੜਾਈ ਦਾ ਸਵਾਲ ਨਹੀਂ ਹੈ, ਬਲਕਿ ਜਦ ਦਾ ਪਾਕਿਸਤਾਨ ਬਣਿਆ ਹੈ ਉਸੇ ਦਿਨ ਤੋਂ ਹੀ ਬਾਰਡਰ

[ਸਰਦਾਰ ਸੁਰਿੰਦਰ ਸਿੰਘ ਕੈਰੋਂ]

ਤੇ ਲੜਾਈ ਚਲਦੀ ਆ ਰਹੀ ਹੈ । ਉਥੇ ਖੇਮ ਕਰਨ ਅਤੇ ਵਲਟੋਹਾ ਡਰੇਨਾਂ ਹਨ । ਲੋਕ ਉਸ ਤੋਂ ਵੀ ਪਰਲੇ ਪਾਸੇ ਰਹਿੰਦੇ ਹਨ । ਇਹ ਜਿਹੜਾ ਡਰੇਨਾਂ ਤੋਂ ਅਗੇ ਦਾ ਇਲਾਕਾ ਹੈ ਇਥੇ ਲੋਕ ਆਪਣੀ ਖੁਦ-ਦਾਰੀ ਨਾਲ ਰਹਿੰਦੇ ਹਨ । ਉਨ੍ਹਾਂ ਨੂੰ ਆਪਣੀ ਤਾਕਤ ਤੇ ਮਾਣ ਹੈ ਇਸ ਇਲਾਕੇ ਵਿਚ ਰਹਿੰਦੇ ਬੰਦਿਆਂ ਨੂੰ ਵੀ ਇਸ ਮਤੇ ਵਿਚ ਜ਼ਰੂਰ ਸ਼ਾਮਿਲ ਕਰ ਲੈਣਾਂ ਚਾਹੀਦਾ ਹੈ । ਜੇ ਇਕਲੇ ਇੰਡਸਟਰੀਅਲ ਵਰਕਰਜ਼ ਨੂੰ ਇਸ ਮਤੇ ਵਿਚ ਰਹਿਣ ਦਿਤਾ ਅਤੇ ਹੋਰ ਛੋਟਾ ਕਿਸਾਨ, ਹਰੀਜਨ, ਖੇਤ ਮਜ਼ਦੂਰ ਅਤੇ ਹੋਰ ਛੋਟੇ ਦਰਜੇ ਦੇ ਲੋਕਾਂ ਨੂੰ ਇਸ ਮਤੇ ਵਿਚ ਸ਼ਾਮਿਲ ਨਾ ਕੀਤਾ ਗਿਆ ਤਾਂ ਇਹ ਇਕ ਇਨ੍ਹਾਂ ਲੋਕਾਂ ਨਾਲ ਅੰਨਿਆਂ ਕਰਨ ਵਾਲੀ ਗਲ ਹੋਵੇਗੀ । (ਵਿਘਨ) ਸਾਨੂੰ ਮੌਕਾ ਮਿਲਣਾ ਚਾਹੀਦਾ ਹੈ ਕਿ ਅਸੀਂ ਵੀ ਇਹ ਰੈਜ਼ੋਲਿਊਸ਼ਨ ਪੇਸ਼ ਕਰ ਸਕੀਏ । ਜਿਨ੍ਹਾਂ ਭੈਣਾਂ ਭਾਈਆਂ ਨੇ ਲੜਾਈ ਦੇ ਦਿਨਾਂ ਵਿਚ ਰੋਟੀਆਂ ਪਕਾ ਕੇ ਅਗਲੇ ਮੋਰਚਿਆਂ ਤੇ ਜਵਾਨਾਂ ਨੂੰ ਭੇਜੀਆਂ, ਭਾਵੇਂ ਉਹ ਫਿਰੋਜ਼ਪੁਰ, ਗੁਰਦਾਸਪੁਰ ਜਾਂ ਮੇਰੇ ਜ਼ਿਲੇ ਦੇ ਸਨ, ਜੇ ਇਨ੍ਹਾਂ ਲੋਕਾਂ ਨੂੰ ਇਸ ਮਤੇ ਵਿਚ ਸ਼ਾਮਿਲ ਨਾ ਕੀਤਾ ਗਿਆ ਤਾਂ ਇਨ੍ਹਾਂ ਨਾਲ ਧਕਾ ਕਰਨ ਵਾਲੀ ਗਲ ਹੋਵੇਗੀ ।

ਮੈਂ ਕਹਿੰਦਾ ਹਾਂ ਕਿ ਇਹ ਰੈਜ਼ੋਲਿਊਸ਼ਨ ਜ਼ਰੂਰ ਪਾਸ ਕਰਨਾ ਚਾਹੀਦਾ ਹੈ ਪਰ ਇਸ ਤਰ੍ਹਾਂ ਨਹੀਂ ਪਾਸ ਕਰਨਾ ਚਾਹੀਦਾ । ਇਸ ਦੇ ਵਿਚ ਉਹ ਚੀਜ਼ਾਂ ਸਾਰੀਆਂ ਸ਼ਾਮਿਲ ਕਰੋ ਜਿਹੜੀਆਂ ਮੈਂ ਕਹੀਆਂ ਹਨ ਅਤੇ ਕਹਿ ਰਿਹਾ ਹਾਂ ਕਿ ਜਿਹੜੇ ਅਸਲੀ ਸਫਰਰਜ਼ ਹਨ, ਖਾਸ ਕਰਕੇ ਹਰੀਜਨ, ਜਿਹੜੇ ਕਿ ਬਾਰਡਰ ਤੋਂ ਵੀ ਅਗੇ ਬੈਠੇ ਹਨ, ਉਨ੍ਹਾਂ ਦੇ ਵਾਸਤੇ ਵੀ ਕੁਝ ਕਰਨਾ ਚਾਹੀਦਾ ਹੈ, ਉਨਾਂ ਨੂੰ ਠੀਕ ਰਿਆਇਤਾਂ ਦੇਣੀਆਂ ਚਾਹੀਦੀਆਂ ਹਨ । ਮੈਂ ਕਹਿੰਦਾ ਹਾਂ ਕਿ 10 ਮੀਲ ਦੀ ਪਟੀ ਵਿਚ ਲੋਨ ਗਰਾਂਟ ਦੀ ਸ਼ਕਲ ਵਿਚ ਦੇਣੇ ਚਾਹੀਦੇ ਹਨ । ਡਰੇਨਾਂ ਤੋਂ ਉਰਲੇ ਪਾਸੇ ਲੈਂਡ ਰੈਵੇਨਿਊ ਮੁਆਫ ਕਰਨਾ ਚਾਹੀਦਾ ਹੈ । ਮੈਂ ਬਾਰਡਰ ਦੇ ਮੁਤੱਲਕ ਹੋਰ ਦਸਦਾ ਹਾਂ । ਪਿਛਲੀ 1965 ਦੀ ਲੜਾਈ ਤੋਂ ਬਾਅਦ ਸਾਡੇ ਜਿਹੜੇ ਪਿੰਡ ਹਨ . . (ਵਿਘਨ)

ਕਾਮਰੇਡ ਰਾਜ ਕੁਮਾਰ : ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਇਸ ਹਾਊਸ ਨੇ ਬੜੀ ਡੀਟੇਲਡ ਡਿਸਕਸ਼ਨ ਬਾਰਡਰ ਦੀ ਪ੍ਰਾਬਲਮਜ਼ ਦੇ ਮੁਤੱਲਕ ਕੀਤੀ ਅਤੇ ਮਤਾ ਵੀ ਆਇਆ ਹੈ । ਮੇਰੇ ਸਾਰੇ ਦੋਸਤਾਂ ਨੇ ਇਸ ਇਸ਼ੂ ਨੂੰ ਬੜੀ ਚੰਗੀ ਤਰ੍ਹਾਂ ਲਿਆ ਹੈ ਪਰ ਇਸ ਨੂੰ ਦੁਬਾਰਾ ਰਪੀਟ ਕਰੀ ਜਾਣਾ ਠੀਕ ਨਹੀਂ ਹੈ । (ਵਿਘਨ) ਇਸ ਲਈ ਇਨ੍ਹਾਂ ਨੇ ਜੋ ਕਹਿਣਾ ਹੈ ਇਸ ਮਤੇ ਦੇ ਮੁਤੱਲਕ ਹੀ ਕਹਿਣ । ਮੈਂ ਅਗੇ ਵੀ ਕਿਹਾ ਸੀ ਕਿ ਬੜੀ ਇਰੈਲੇਵੈਂਟ ਟਾਕ ਹੁੰਦੀ ਹੈ । (ਵਿਘਨ)

ਸ਼੍ਰੀ ਡਿਪਟੀ ਸਪੀਕਰ : ਕਾਮਰੇਡ ਜੀ, ਤੁਹਾਡਾ ਕਹਿਣਾ ਠੀਕ ਹੈ ਪਰ ਇਹ ਵੀ ਜੋ ਕੁਝ ਕਹਿ ਰਹੇ ਹਨ ਇਹ ਵੀ ਬਾਰਡਰ ਏਰੀਆ ਦੇ ਜੋ ਲੋਕ ਇਫੈਕਟਿਡ ਹਨ ਉਨ੍ਹਾਂ ਨਾਲ ਹੀ ਸਬੰਧਤ ਹੈ । ਇਸ ਕਰਕੇ ਉਨ੍ਹਾਂ ਦੇ ਨਾਲ ਹਮਦਰਦੀ ਦੇ ਤੌਰ ਤੇ ਉਨ੍ਹਾਂ ਨੂੰ ਬੋਲਣ ਦੀ ਇਜਾਜ਼ਤ ਹੈ । (Comrade ji, whatever you are saying is quite true, but the hon. Member who is speaking is also referring to the difficulties of the people of the border areas. As he is saying this out of sympathy with those people, so he can speak.)

ਸਰਦਾਰ ਸੁਰਿੰਦਰ ਸਿੰਘ ਕੈਰੋਂ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦਾ ਜਿਹੜਾ ਇਹ ਮਤਾ ਹੈ ਮੈਂ ਉਸ ਦੀ ਬਾਬਤ ਦਸਦਾ ਹਾਂ। ਇਸ ਦੇ ਵਿਚ ਅੰਮ੍ਰਿਤਸਰ ਦਾ ਜ਼ਿਕਰ ਨਹੀਂ ਹੈ। ਮਤਾ ਇਸ ਤਰ੍ਹਾਂ ਹੈ :

> This House recommends to the Government to convert into grants, the loans given/proposed to be given to the industrial workers in the State who suffered un-employment as a result of the recent Indo-Pak War.

ਇਸ ਦੇ ਵਿਚ ਅੰਮ੍ਰਿਤਸਰ ਦਾ ਜ਼ਿਕਰ ਨਹੀਂ ਸਗੋਂ ਸਾਰੀ ਸਟੇਟ ਦਾ ਜ਼ਿਕਰ ਹੈ। ਮੈਂ ਤਾਂ ਇਨ੍ਹਾਂ ਤੋਂ ਵੀ ਅਗੇ ਜਾਣਾ ਚਾਹੁੰਦਾ ਹਾਂ। (ਵਿਘਨ) ਮੈਂ ਇਸ ਮਤੇ ਵਿਚ ਸੁਧਾਰ ਕਰਨਾ ਚਾਹੁੰਦਾ ਹਾਂ। (ਤਾੜੀਆਂ) (ਵਿਘਨ)

ਸ੍ਰੀ ਡਿਪਟੀ ਸਪੀਕਰ : ਕੈਰੋਂ ਸਾਹਿਬ, ਮੈਂ ਤੁਹਾਡਾ ਧਿਆਨ ਰੂਲ 157 ਵਲ ਦਿਵਾਉਂਦਾ ਹਾਂ। ਇਸ ਵਿਚ ਦਰਜ ਹੈ ਕਿ ਜੇ ਕਿਸੇ ਮੈਂਬਰ ਨੇ ਕਿਸੇ ਰੈਜ਼ੋਲਿਊਸ਼ਨ ਤੇ ਕੋਈ ਅਮੈਂਡਮੈਂਟ ਦੇਣੀ ਹੋਵੇ ਤਾਂ ਉਸ ਦੇ ਲਈ ਦੋ ਦਿਨ ਦਾ ਨੋਟਿਸ ਜ਼ਰੂਰੀ ਹੈ। (Kairon Sahib, I would like to draw your attention to Rule 157. It is provided therein that two days' notice is required for tabling amendments to resolution.)

ਸਰਦਾਰ ਸੁਰਿੰਦਰ ਸਿੰਘ ਕੈਰੋਂ : ਮੈਂ ਫਿਰ ਸੁਜੈਸ਼ਨਜ਼ ਦਿੰਦਾ ਹਾਂ ਅਤੇ ਨਾਲ ਹੀ ਕਹਾਂਗਾ ਕਿ ਇਹ ਮਤਾ ਇਸ ਤਰ੍ਹਾਂ ਪਾਸ ਨਹੀਂ ਹੋਣਾ ਚਾਹੀਦਾ। ਇਸ ਮਤੇ ਵਿਚ ਇਹ ਅਮੈਂਡਮੈਂਟਸ ਹੋਣਗੀਆਂ। (ਵਿਘਨ) ਮੈਂ ਇੰਡਸਟਰੀ ਦੇ ਮੁਤੱਲਕ ਅਰਜ਼ ਕਰਦਾ ਹਾਂ। ਫਰਜ਼ ਕਰੋ ਇੰਡਸਟਰੀ ਪਟਿਆਲਾ ਵਿਚ ਲਗੀ ਹੈ ਜਾਂ ਲੁਧਿਆਣਾ ਵਿਚ ਲਗੀ ਹੈ ਅਤੇ ਉਸ ਦੇ ਮੁਕਾਬਲੇ ਵਿਚ ਇੰਡਸਟਰੀ ਪਟੀ ਵਿਚ ਹੈ ਜਾਂ ਖੇਮ ਕਰਨ ਵਿਚ ਛੋਟੀ ਇੰਡਸਟਰੀ ਲਗੀ ਹੈ, ਇਹ ਛੋਟੀ ਇੰਡਸਟਰੀ ਉਸ ਦਾ ਮੁਕਾਬਲਾ ਕਿਸ ਤਰ੍ਹਾਂ ਕਰ ਸਕਦੀ ਹੈ। ਉਨ੍ਹਾਂ ਛੋਟੀ ਇੰਡਸਟਰੀ ਦਾ ਨੁਕਸਾਨ ਹੋਇਆ ਹੈ ਜੋ ਕਿ ਬਾਰਡਰ ਦੇ ਨਜ਼ਦੀਕ ਸੀ। ਸੋ, ਡਿਪਟੀ ਸਪੀਕਰ ਸਾਹਿਬ, ਇਹ ਮਤਾ ਇਸ ਤਰ੍ਹਾਂ ਪਾਸ ਨਹੀਂ ਹੋਣਾ ਚਾਹੀਦਾ। ਇਸ ਲਈ ਇਹ ਜਿਹੜਾ ਮਤਾ ਹੈ ਇਸ ਵਿਚ ਬਾਰਡਰ ਤੇ ਜਿਹੜੇ ਖੇਤ ਮਜ਼ਦੂਰ ਹਨ, ਕਿਸਾਨ ਹਨ, ਉਥੇ ਜੋ ਲੋਕ ਰਹਿਣ ਵਾਲੇ ਹਨ ਜਾਂ ਇੰਡਸਟਰੀ ਬਾਰਡਰ ਦੇ ਨਜਦੀਕ ਹੈ, ਜਿਸ ਤਰਾਂ ਪਟੀ ਅਤੇ ਖੇਮ ਕਰਨ ਆਦਿ, ਇਨਾਂ ਸਾਰਿਆਂ ਸਬੰਧੀ ਇਸ ਮਤੇ ਵਿਚ ਅਮੈਂਡਮੈਂਟਸ ਕਰਕੇ ਫਿਰ ਇਹ ਮਤਾ ਪਾਸ ਕਰਨਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਮੁਆਫ ਕਰਨਾ ਮੈਂ ਦਸਦਾ ਹਾਂ ਕਿ ਬਾਰਡਰ ਦੇ ਜਿਹੜੇ ਪਿੰਡ ਹਨ ਉਥੇ ਮੁੰਡੇ ਦਾ ਰਿਸ਼ਤਾ ਕੋਈ ਨਹੀਂ ਕਰਦਾ, ਉਨਾਂ ਨੂੰ ਕੋਈ ਕੁੜੀ ਨਹੀਂ ਦਿੰਦਾ ਕਿਉਂਕਿ ਪਤਾ ਨਹੀਂ ਕਿਹੜੇ ਵੇਲੇ ਲੜਾਈ ਸ਼ੁਰੂ ਹੋ ਜਾਣੀ ਹੈ। ਸੋ ਇਸ ਤਰ੍ਹਾਂ ਦਾ ਉਥੇ ਲੋਕਾਂ ਦਾ ਨੁਕਸਾਨ ਹੋ ਰਿਹਾ ਹੈ। ਫਿਰ, ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਪਿੰਡਾਂ ਵਿਚ ਕੋਈ ਡਿਸਪੈਂਸਰੀ ਨਹੀਂ ਹੈ। ਪਹਿਲੀ ਤਾਂ ਗੱਲ ਹੈ ਕਿ ਉਥੇ ਕੋਈ ਡਾਕਟਰ ਨਹੀਂ ਲਗਦਾ। ਜੇ ਲਾਉਂਦੇ ਹੀ ਹਨ ਤਾਂ ਕਿਸੇ ਉਹੋ ਜਿਹੇ ਨੂੰ ਧਕੇ ਦਿੰਦੇ ਹਨ ਤਾਕਿ ਉਥੇ ਜਿਸ ਕਿਸੇ ਵਿਚਾਰੇ ਦੇ ਕੋਈ ਗੋਲੀ ਆਦਿ ਲਗੀ ਹੁੰਦੀ ਹੈ, ਉਸ ਦਾ ਇਲਾਜ ਨਾ ਹੋ ਸਕੇ, ਉਹ ਪਾਰ ਹੋ ਜਾਵੇ। (ਵਿਘਨ) ਉਥੇ ਲੈਂਡ

(ਸਰਦਾਰ ਸੁਰਿੰਦਰ ਸਿੰਘ ਕੈਰੋਂ)

ਰੈਵੇਨਿਊ ਮੁਆਫ਼ ਕਰਨਾ ਚਾਹੀਦਾ ਹੈ। ਲੇਨਿੰਗ ਇਨਸਟੀਚਿਊਸ਼ਨਜ਼ ਜੋ ਹਨ, ਉਨਾਂ ਨੂੰ ਮੈਂ ਕਹਿੰਦਾ ਹਾਂ ਕਿ ਉਨ੍ਹਾਂ ਵਿਚਾਰਿਆਂ ਦੇ ਕੋਲੋਂ 1 ਜਾਂ 2% ਲੋਨ ਵੀ ਨਹੀਂ ਲੈਣਾ ਚਾਹੀਦਾ। ਇਸ ਦੇ ਨਾਲ ਹੀ ਮੈਂ ਕਹਾਂਗਾ ਕਿ ਲੜਾਈ ਕਰਕੇ ਉਨ੍ਹਾਂ ਨੂੰ ਪਾਣੀ ਨਹੀਂ ਮਿਲਿਆ। ਸੋ ਇਹ ਜਿਹੜੀ ਪਾਣੀ ਦੀ ਤਕਲੀਫ਼ ਹੈ, ਇਸ ਨੂੰ ਵੀ ਦੂਰ ਕਰਨਾ ਚਾਹੀਦਾ ਹੈ। ਜਿਨ੍ਹਾਂ ਨੂੰ ਪਾਣੀ ਨਹੀਂ ਮਿਲਿਆ ਉਨ੍ਹਾਂ ਦਾ ਮਾਲੀਆ ਮੁਆਫ ਕਰਨਾ ਚਾਹੀਦਾ ਹੈ। ਸੋ, ਡਿਪਟੀ ਸਪੀਕਰ ਸਾਹਿਬ, ਮੈਂ ਜ਼ਿਆਦਾ ਸਮਾਂ ਨਾਂ ਲੈਂਦਾ ਹੋਇਆ ਇਹ ਅਰਜ਼ ਕਰਦਾ ਹਾਂ ਕਿ ਬਾਰਡਰ ਦੇ ਉਤੇ ਐਜੂਕੇਸ਼ਨ ਫਰੀ ਹੋਣੀ ਚਾਹੀਦੀ ਹੈ। ਇਹ ਚੀਜ਼ ਵੀ ਇਸ ਮਤੇ ਵਿਚ ਸ਼ਾਮਿਲ ਕਰਨੀ ਚਾਹੀਦੀ ਹੈ। ਟਰਾਂਸਪੋਰਟ ਦੀਆਂ ਫ਼ੈਸਿਲਿਟੀਜ਼ ਦੇਣੀਆਂ ਚਾਹੀਦੀਆਂ ਹਨ। ਮੈਂ ਕਹਾਂਗਾ ਕਿ ਇਹ ਮਤਾ ਸਮੁਚੇ ਢੰਗ ਨਾਲ ਬਣਾ ਕੇ ਸਾਂਝੀ ਸ਼ਕਲ ਵਿਚ ਪੇਸ਼ ਕਰਨਾ ਚਾਹੀਦਾ ਹੈ ਅਤੇ ਸਾਂਝਾ ਸਮਾਜਵਾਦ ਲਿਆਉਣਾ ਚਾਹੀਦਾ ਹੈ। (ਵਿਘਨ) ਇਥੇ ਕੋਈ ਲੜਾਈ ਨਾ ਹੋਵੇ ਕਿਉਂਕਿ ਬਹੁਤੀਆਂ ਲੜਾਈਆਂ ਦਾ ਨਤੀਜਾ ਅਸੀਂ ਵੇਖ ਹੀ ਲਿਆ ਹੈ ਕਿ ਹਰਿਆਣਾ ਬਣ ਗਿਆ। ਇਸ ਲਈ ਇਨਾਂ ਗਲਾਂ ਨੂੰ ਭੁਲ ਜਾਣਾ ਚਾਹੀਦਾ ਹੈ। ਅਸੀਂ ਕਲਾਸਜ਼ ਦੀਆਂ ਲੜਾਈਆਂ ਕਰਦੇ ਹਾਂ। ਇਨਾਂ ਲੜਾਈਆਂ ਨੂੰ ਭੁਲ ਜਾਣਾ ਚਾਹੀਦਾ ਹੈ। ਮੈਨੂੰ ਆਸ ਹੈ ਕਿ ਇਨਾਂ ਭਾਖੜਾ ਡੈਮ ਤੇ ਥੀਨ ਡੈਮ ਦੇ ਝਗੜੇ, ਯੂ.ਟੀ. ਦੇ ਝਗੜੇ ਨੂੰ ਮਿਟਾ ਕੇ ਇਕ ਦਿਨ ਆਵੇਗਾ ਕਿ ਜਿਸ ਦਿਨ ਇਕ ਸਾਂਝਾ ਜ਼ੋਨ ਹੋਵੇਗਾ ਅਤੇ ਸਾਂਝਾ ਫਾਇਦਾ ਹੋਵੇਗਾ। (ਵਿਘਨ) ਅਖੀਰ ਵਿਚ ਮੈਂ ਕਹਿੰਦਾ ਹਾਂ ਕਿ ਇਸ ਮਤੇ ਨੂੰ ਸਾਂਝਾ ਮਤਾ ਬਣਾਉਣਾ ਚਾਹੀਦਾ ਹੈ।

ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ : (ਬਾਘਾ ਪੁਰਾਣਾ) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਮਤਾ ਕਾਮਰੇਡਜ਼ ਨੇ ਰੱਖਿਆ ਹੈ, ਜ਼ਿਥੋਂ ਤੱਕ ਇਸ ਦੀ ਸੈਂਸ ਦਾ ਤੁਅੱਲਕ ਹੈ, ਮੈਂ ਇਸ ਦੇ ਨਾਲ ਸ਼ਾਮਿਲ ਹਾਂ। ਲੇਕਿਨ ਇਹ ਇਨਕੰਪਲੀਟ ਮਤਾ ਹੈ। ਮੈਨੂੰ ਪਤਾ ਹੈ ਕਿ ਕੋਈ ਵੀ ਮਤਾ ਆਵੇ, ਕੋਈ ਹਾਊਸ ਵਿਚ ਗੱਲ ਹੋਵੇ, ਉਸ ਬਾਰੇ ਦੋ ਤਿੰਨ ਚੀਜ਼ਾਂ ਮੈਂਬਰ ਜਰੂਰ ਸਾਹਮਣੇ ਲਿਆਉਂਦੇ ਹਨ ਕਿ ਇਕ ਸਮਾਜਵਾਦ ਅਤੇ ਇਕ ਲੇਬਰ ਕਲਾਸ ਨੂੰ ਇਨ੍ਹਾਂ ਨੇ ਉਚਾ ਚੁਕਣਾ ਹੈ।

ਇਹ ਜਿਹੜਾ ਰੇਜ਼ੋਲਿਊਸ਼ਨ ਹੈ ਇਸ ਦਾ ਨਾ ਸਮਾਜਵਾਦ ਨਾਲ ਕੋਈ ਤੁਅੱਲਕ ਹੈ, ਨਾ ਹਰੀਜਨਾਂ ਨਾਲ ਕੋਈ ਤੁਅੱਲਕ ਹੈ, ਨਾ ਇਸ ਦਾ ਜ਼ਮੀਨ ਨਾਲ ਕੋਈ ਤੁਅੱਲਕ ਹੈ, ਪਰ ਜਿਹੜਾ ਉਠਦਾ ਹੈ ਉਹ ਜ਼ਮੀਨ ਨੂੰ ਹੀ ਪੈਂਦਾ ਹੈ। ਬੜੀ ਸਪੈਸੀਫਿਕ ਜਿਹੀ ਗੱਲ ਹੈ ਕਿ ਜੰਗ ਦੀ ਵਜਾਹ ਨਾਲ ਜੇ ਕਿਸੇ ਕਾਰਖਾਨੇ ਨੂੰ ਨੁਕਸਾਨ ਪਹੁੰਚਿਆ ਤਾਂ ਉਸ ਵਿਚ ਜਿਹੜਾ ਮਜ਼ਦੂਰ ਕੰਮ ਕਰਦਾ ਸੀ ਉਸ ਦੀ ਮਜ਼ਦੂਰੀ ਖਤਮ ਹੋ ਗਈ, ਉਹ ਵਿਹਲਾ ਹੋ ਗਿਆ, ਉਸ ਨੂੰ ਕੋਈ ਕੰਮ ਨਾ ਮਿਲਿਆ। ਸੋ ਉਸ ਦਾ ਘਰ ਪੂਰਾ ਕਰਨ ਲਈ ਸਰਕਾਰ ਨੇ ਜਿਹੜਾ ਲੋਨ ਦਿਤਾ ਉਹ ਗਰਾਂਟ ਦੀ ਸ਼ਕਲ ਵਿਚ ਤਬਦੀਲ ਕੀਤਾ ਜਾਵੇ। ਉਹ ਵੰਡਿਆ ਕਿਸ ਨੂੰ ਜਾਵੇ ਜਿਹੜੇ ਇੰਡਸਟਰੀਜ਼ ਵਿਚ ਕੰਮ ਕਰਦੇ ਹਨ। ਡਿਪਟੀ ਸਪੀਕਰ ਸਾਹਿਬ, ਜਿਥੋਂ ਤੱਕ ਬਾਰਡਰ ਦੇ ਜ਼ਿਲ੍ਹਿਆਂ ਦਾ ਤੁਅੱਲਕ ਹੈ ਇਸ ਵਿਚ ਤਿੰਨ ਜ਼ਿਲੇ ਫ਼ਿਰੋਜ਼ਪੁਰ ਅੰਮ੍ਰਿਤਸਰ ਅਤੇ ਗੁਰਦਾਸਪੁਰ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਇਨ੍ਹਾਂ ਤਿੰਨ ਜ਼ਿਲ੍ਹਿਆਂ ਵਿਚ ਜੋ ਫੈਕਟਰੀਆਂ ਲੱਗੀਆਂ ਹਨ ਤਾਂ ਉਹ ਅੰਮ੍ਰਿਤਸਰ ਵਿਚ ਹਨ। ਮੈਂ ਸਮਝਦਾ ਹਾਂ ਕਿ ਡਾਂਗ ਸਾਹਿਬ ਨੇ ਇਸ ਕਰਕੇ ਮਤਾ ਲਿਆਂਦਾ ਹੈ ਕਿਉਂਕਿ ਉਨ੍ਹਾਂ ਦੀ ਕੰਸਟੀਚਿਊਐਂਸੀ ਅੰਮ੍ਰਿਤਸਰ ਵਿਚ ਕਾਰਖਾਨੇ ਹਨ ਪਰ ਪਤਾ ਨਹੀਂ ਉਹ ਬਾਕੀ ਲੇਬਰ ਨੂੰ ਕਿਉਂ ਭੁੱਲ ਗਏ ਹਨ। (ਵਿਘਨ) ਕੀ

ਉਨ੍ਹਾਂ ਨੂੰ ਦੂਸਰੀ ਲੇਬਰ ਨਾਲ ਪਿਆਰ ਨਹੀਂ । ਇਸ ਲਈ ਮੈਂ ਕਹਿੰਦਾ ਹਾਂ ਕਿ ਇਹ ਇਨਕੰਪਲੀਟ ਮਤਾ ਹੈ । ਇੰਨਕੰਪਲੀਟ ਮਤੇ ਨਾਲ ਅਸੀਂ ਪੰਜਾਬ ਦਾ ਅਤੇ ਪੰਜਾਬ ਦੀ ਲੇਬਰ ਦਾ ਕੋਈ ਭਲਾ ਨਹੀਂ ਕਰ ਸਕਦੇ । ਡਿਪਟੀ ਸਪੀਕਰ ਸਾਹਿਬ, ਮੈਂ ਪਿੰਡ ਦੇ ਛੋਟੇ ਕਿਸਾਨ ਦੀ ਬਾਬਤ ਤੁਹਾਨੂੰ ਦੱਸਦਾ ਹਾਂ । ਤੁਸੀਂ ਆਪ ਵਾਹੀਂ ਦੇ ਮੁਤੱਅਲਕ ਚੰਗੀ ਤਰ੍ਹਾਂ ਜਾਣਦੇ ਹੋ । ਜਿਹੜੇ ਛੋਟੇ ਕਿਸਾਨ ਹਨ ਉਨ੍ਹਾਂ ਦੀ ਹਾਲਤ ਮਜ਼ਦੂਰਾਂ ਨਾਲੋਂ ਵੀ ਭੈੜੀ ਹੈ । ਮਜ਼ਦੂਰ ਨੂੰ ਤਾਂ ਸਾਰੇ ਦਿਨ ਦੀ ਹੱਡ ਤੋੜਵੀਂ ਮਿਹਨਤ ਦੇ ਬਾਅਦ ਮਾਲਿਕ ਵੱਲੋਂ ਕੁਝ ਨਾ ਕੁਝ ਮਿਲ ਹੀ ਜਾਂਦਾ ਹੈ ਪਰ ਜਿਹੜਾ ਛੋਟਾ ਕਿਸਾਨ ਹੈ ਉਸ ਨੂੰ ਕੁਝ ਨਹੀਂ ਬਚਦਾ । ਇਸ ਲਈ ਇਹੋ ਜਿਹੀਆਂ ਚੀਜ਼ਾਂ ਇਸ ਮਤੇ ਵਿਚ ਸ਼ਾਮਲ ਕਰਨੀਆਂ ਚਾਹੀਦੀਆਂ ਹਨ ।ਜਿਹੜੇ ਲੋਕਾਂ ਦਾ ਬਾਰਡਰ ਤੇ ਨੁਕਸਾਨ ਹੋਇਆ ਹੈ ਚਾਹੇ ਉਹ ਛੋਟਾ ਦੁਕਾਨਦਾਰ ਹੈ, ਚਾਹੇ ਉਹ ਛੋਟਾ ਜ਼ਿਮੀਦਾਰ ਹੈ, ਚਾਹੇ ਲੇਬਰ ਹੈ, ਚਾਹੇ ਹਰੀਜਨ ਹੈ, ਜਾਂ ਨਾਨ-ਹਰੀਜਨ ਹੈ ਉਨ੍ਹਾਂ ਸਾਰਿਆਂ ਲੋਕਾਂ ਦਾ ਘਰ ਪੂਰਾ ਕੀਤਾ ਜਾਵੇ । ਮੈਂ ਸਮਝਦਾ ਹਾਂ ਕਿ ਨਹੀਂ ਤਾਂ ਇਸ ਤਰ੍ਹਾਂ ਜਿਹੜਾ ਕਾਰਖਾਨੇਦਾਰ ਹੈ ਉਹ ਫ਼ਾਇਦਾ ਉਠਾ ਜਾਵੇਗਾ । ਕਿਉਂਕਿ ਕਾਰਖਾਨੇਦਾਰ, ਸ਼ਾਹੂਕਾਰ ਨੇ ਤਾਂ ਹੇਰਾਫੇਰੀ ਕਰਕੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰਨੀ ਹੈ ਕਿ ਜੰਗ ਦੇ ਨਾਲ ਮੇਰਾ ਕਾਰਖਾਨਾ ਬੰਦ ਹੋਇਆ ਹੈ, ਇਸ ਲਈ ਪੈਸਾ ਮੈਨੂੰ ਮਿਲੇ । ਡਿਪਟੀ ਸਪੀਕਰ ਸਾਹਿਬ, ਮੈਂ ਇਥੇ ਇਕ ਅਬੋਹਰ ਦੀ ਮਿਸਾਲ ਦਿੰਦਾ ਹਾਂ । ਉਥੇ ਕਪਾਹ, ਨਰਮੇ ਅਤੇ ਰੂਈ ਦੀ ਜਿਨਿੰਗ ਫੈਕਟਰੀ ਹੈ । ਕੋਈ ਪੰਜ ਚਾਰ ਸਾਲ ਦੀ ਗੱਲ ਹੈ, ਮੈਂ ਉਸ ਆਦਮੀ ਦਾ ਨਾਮ ਨਹੀਂ ਲੈਂਦਾ, ਉਥੇ ਇਕ ਸ਼ਾਹੂਕਾਰ ਦੀ ਜਿਨਿੰਗ ਫੈਕਟਰੀ ਵਿਚ ਨਰਮਾ ਸੜ ਗਿਆ । ਤੁਸੀਂ ਯਕੀਨ ਕਰੋ ਉਹ ਇਨਸ਼ੋਅਰਡ ਸੀ । ਉਸ ਨੇ ਆਪ ਅੱਗ ਲਗਾ ਲਈ ਕਿਉਂਕਿ ਉਸ ਨੂੰ ਘਾਟਾ ਪੈਂਦਾ ਸੀ । ਸੋ ਇਨਸ਼ੋਅਰੈਂਸ ਕਰਾਉਣ ਨਾਲ ਉਸ ਦਾ ਫਾਇਦਾ ਹੋ ਗਿਆ । (ਵਿਘਨ) ਸੋ, ਸ਼ਾਹੂਕਾਰਾਂ ਦੀ ਤਾਂ ਇਹ ਹਾਲਤ ਹੈ । ਸੋ ਸਾਡਾ ਜਿਥੋਂ ਤੱਕ ਤੁਅੱਲਕ ਹੈ ਅਸੀਂ ਮਜ਼ਦੂਰ, ਕਿਸਾਨ, ਖੇਤ ਮਜ਼ਦੂਰ, ਛੋਟਾ ਦੁਕਾਨਦਾਰ ਇਨ੍ਹਾਂ ਸਭ ਦਾ ਇੰਟਰੈਸਟ ਵਾਚ ਕਰਨਾ ਹੈ । (ਵਿਘਨ) ਇਥੇ ਸਾਰੇ ਜ਼ਮੀਨ ਵਾਲਿਆਂ ਨੂੰ ਪੈਂਦੇ ਹਨ । ਮੈਂ ਕਹਿੰਦਾ ਹਾਂ ਕਿ ਛੋਟੇ ਜ਼ਿਮੀਦਾਰ ਨਾਲੋਂ ਤਾਂ ਮਜ਼ਦੂਰ ਚੰਗਾ ਹੈ । ਮੈਂ ਕਹਿੰਦਾ ਹਾ ਕਿ 50% ਜੱਟਾਂ ਦਾ ਵਿਆਹ ਇਸ ਕਰਕੇ ਨਹੀਂ ਹੁੰਦਾ ਕਿਉਂਕਿ ਉਨ੍ਹਾਂ ਦੀ 10 ਕਿਲੇ ਤੋਂ ਘਟ ਜ਼ਮੀਨ ਹੈ। (ਵਿਘਨ) (ਹਾਸਾ) ਸੋ ਮੈਂ ਅਰਜ਼ ਕਰਦਾ ਹਾਂ ਕਿ ਜੇ ਰੈਜ਼ੋਲਿਊਸ਼ਨ ਪਾਸ ਕਰਨਾ ਹੈ ਤਾਂ ਚੰਗਾ ਰੈਜ਼ੋਲਿਊਸ਼ਨ ਲਿਆਉ । ਇਹ ਇਨਕੰਪਲੀਟ ਰੈਜ਼ੋਲਿਊਸ਼ਨ ਹੈ ਇਸ ਲਈ ਇਸ ਨੂੰ ਕੰਪਲੀਟ ਕੀਤਾ ਜਾਵੇ । ਬਾਰਡਰ ਦੇ ਉਤੇ ਜੋ ਮਜ਼ਦੂਰ ਹੈ, ਛੋਟਾ ਕਿਸਾਨ ਹੈ ਉਸ ਦਾ ਜੋ ਨੁਕਸਾਨ ਹੋਇਆ ਹੈ ਉਸ ਨੂੰ ਕੰਪਨਸੇਟ ਕਰਨ ਲਈ ਹੋਰ ਦਿਉ ਅਤੇ ਉਸ ਨੂੰ ਗਰਾਂਟ ਦੀ ਸ਼ਕਲ ਵਿਚ ਦਿਉ । ਡਿਪਟੀ ਸਪੀਕਰ ਸਾਹਿਬ, ਇਤਨਾ ਕੁਝ ਕਹਿੰਦਾ ਹੋਇਆ ਮੈਂ ਬੈਠਦਾ ਹਾਂ ।

ਕਾਮਰੇਡ ਰਾਜ ਕੁਮਾਰ (ਧਾਰੀਵਾਲ) : ਡਿਪਟੀ ਸਪੀਕਰ ਸਾਹਿਬ, ਮੈਂ ਇਹ ਹਾਊਸ ਦਾ ਸਮਾਂ ਨਹੀਂ ਸੀ ਲੈਣਾ ਚਾਹੁੰਦਾ ਲੇਕਿਨ ਮੇਰੇ ਦੋਸਤ ਸਰਦਾਰ ਸੁਰਿੰਦਰ ਸਿੰਘ ਕੈਰੋਂ ਹੋਰਾਂ ਨੇ ਕੁਝ ਇਕ ਐਸੇ ਸਵਾਲ ਖੜੇ ਕਰ ਦਿਤੇ ਹਨ ਜਿਸ ਦੇ ਲਈ ਮੈਨੂੰ ਮਜ਼ਬੂਰ ਹੋ ਕੇ ਚੰਦ ਮਿੰਟਾਂ ਲਈ ਬੋਲਣਾ ਪਿਆ ਹੈ । ਉਨ੍ਹਾਂ ਨੇ ਇਹ ਕਿਹਾ ਕਿ ਬਾਰਡਰ ਦੇ ਪਿੰਡਾਂ ਵਿਚ ਦਿਹਾੜੀ ਮਜ਼ਦੂਰ ਔਰ ਦੂਸਰੇ ਪੇਂਡੂ ਜੋ ਕਿ ਗੈਰ ਕਾਸ਼ਤਕਾਰ ਦਾ ਹਿਸਾ ਹਨ ਉਨ੍ਹਾਂ ਨੂੰ ਔਰ ਦੂਸਰੇ ਮਜ਼ਦੂਰ ਜਿਹੜੇ ਛੋਟੀਆਂ ਫੈਕਟਰੀਆਂ ਵਿਚ ਲਗੇ ਹੋਏ ਹਨ ਉਨ੍ਹਾਂ ਨੂੰ ਵੀ ਗਰਾਂਟ ਮਿਲਣੀ ਚਾਹੀਦੀ ਹੈ । (ਵਿਘਨ) ਡਿਪਟੀ ਸਪੀਕਰ ਸਾਹਿਬ, ਇਸ ਮੰਗ ਨੂੰ ਅਸੀਂ ਨਾ ਸਿਰਫ ਸਪੋਰਟ ਹੀ ਕੀਤਾ ਬਲਕਿ ਇਸ ਦੇ ਉਤੇ ਇਕ ਸਪੈਸੀਫਿਕ ਮਤਾ ਇਸ ਹਾਊਸ ਨੇ ਡਿਸਕਸ ਕੀਤਾ

(ਕਾਮਰੇਡ ਰਾਜ ਕੁਮਾਰ)

ਔਰ ਇਸ ਮਾਮਲੇ ਨੂੰ ਵਡੇ ਪੈਮਾਨੇ ਤੇ ਉਠਾਇਆ ਗਿਆ। ਹਾਊਸ ਦੀ ਸੈਨਸ ਕੁਝ ਇਸ ਤਰ੍ਹਾਂ ਦੀ ਬਣ ਰਹੀ ਸੀ ਕਿ ਇਸ ਮਤੇ ਵਿਚ ਜੋ ਮੰਗ ਕੀਤੀ ਗਈ ਹੈ ਇਹ ਬਿਲਕੁਲ ਹੱਕੀ ਮੰਗ ਹੈ ਔਰ ਇਸ ਦੀ ਕਿਸੇ ਪਾਸਿਓਂ ਵੀ ਕੋਈ ਮੁਖਾਲਫਤ ਨਹੀਂ ਸੀ ਹੋ ਰਹੀ। ਸਰਕਾਰ ਨੇ ਸਨੱਅਤ ਮਜ਼ਦੂਰਾਂ ਬਾਰੇ ਫੈਸਲਾ ਕੀਤਾ ਹੈ ਔਰ ਸਿਰਫ ਉਸ ਫੈਸਲੇ ਸਬੰਧੀ ਇਕ ਸੁਝਾਵ ਦੇ ਰੂਪ ਵਿਚ ਇਹ ਪ੍ਰਸਤਾਵ ਰਖਿਆ ਗਿਆ ਹੈ। ਜੇ ਇਸ ਪ੍ਰਸਤਾਵ ਵਿਚ ਕੋਈ ਇਸ ਤਰ੍ਹਾਂ ਦੀ ਗਲ ਕਰ ਦਿਤੀ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਇਸ ਮਤੇ ਦੀ ਜਿਹੜੀ ਸੈਨਸ ਹੈ ਉਹ ਖਤਮ ਹੋ ਜਾਂਦੀ ਹੈ। ਇਸ ਲਈ ਮੇਰੀ ਅਰਜ਼ ਹੈ ਕਿ ਇਸ ਮੱਤੇ ਨੂੰ, ਜਿਸ ਤਰ੍ਹਾਂ ਕਿ ਇਹ ਪੇਸ਼ ਕੀਤਾ ਗਿਆ ਹੈ, ਪਾਸ ਕਰ ਦੇਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਮੈਨੂੰ ਇਸ ਗਲ ਦੀ ਹੈਰਾਨੀ ਹੋਈ ਕਿ ਹੁਣ ਤੋਂ ਸਿਰਫ 20-25 ਮਿੰਟ ਪਹਿਲਾਂ ਸਾਡੇ ਇਧਰ ਬੈਠੇ ਸਾਥੀ (ਅਪੋਜ਼ੀਸ਼ਨ ਬੈਂਚਾਂ ਵਲ ਇਸ਼ਾਰਾ ਕਰਦੇ ਹੋਏ) ਇਸ ਮੱਤੇ ਦੀ ਸਪੋਰਟ ਵਿਚ ਸਨ ਲੇਕਿਨ ਹੁਣੇ ਇਹ ਕਹਿਕੇ ਮਤੇ ਦੀ ਮੁਖਾਲਫਤ ਕਰਨੀ ਕਿ ਇਹ ਮਤਾ ਗੈਰ ਵਾਜਿਬ ਹੈ, ਜਿਹੜੀ ਕਿ ਮੈਂ ਸਮਝਦਾ ਹਾਂ ਨਹੀਂ ਹੋਣੀ ਚਾਹੀਦੀ ਸੀ, ਇਨ੍ਹਾਂ ਦੋਸਤਾਂ ਨੇ (ਅਪੋਜ਼ੀਸ਼ਨ ਵਲ ਇਸ਼ਾਰਾ) ਆਪਣਾ ਸਟੈਂਡ ਬਦਲਣ ਦੀ ਕੋਸ਼ਿਸ਼ ਕੀਤੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਉਸ ਵਰਗ ਵਾਸਤੇ ਉਚੇਚੀ ਮੰਗ ਹੈ ਜਿਸ ਵਰਗ ਵਲ ਸਾਡੇ ਸੋਚਣ ਦਾ ਤਰੀਕਾ ਠੀਕ ਨਹੀਂ ਹੈ ਇਸ ਵਰਗ ਦਾ ਨਾਂ ਵਰਕਿੰਗ ਕਲਾਸ ਹੈ ਜਿਸ ਵਲ ਕੋਈ ਫੈਸਲਾ ਕਰਨ ਲਈ ਉਸ ਵਲ ਧਿਆਨ ਨਹੀਂ ਕਰ ਸਕੇ। ਮੈਂ ਇਸ ਇਸ਼ੂ ਤੇ ਅਗੇ ਵੀ ਕਹਿ ਚੁਕਾ ਹਾਂ ਕਿ ਸਾਡੀ ਜਿਹੜੀ ਅਪਰੋਚ ਹੈ ਉਹ ਕੁਝ ਗਲਤ ਢੰਗ ਦੀ ਅਪਰੋਚ ਹੈ। ਇਹ ਜਿਹੜਾ ਸਾਡਾ ਤਬਕਾ ਹੈ, ਇਹ ਆਮ ਤੌਰ ਤੇ ਅਖੋਂ ਉਹਲੇ ਹੋ ਜਾਂਦਾ ਹੈ। ਸਾਡਾ ਸਿਰਫ ਇਹੀ ਕਹਿਣਾ ਹੈ ਕਿ ਇਹ ਤਬਕਾ ਅਖੋਂ ਉਹਲੇ ਨਹੀਂ ਹੋਣਾ ਚਾਹੀਦਾ ਔਰ ਉਨ੍ਹਾਂ ਨੂੰ ਵੀ ਮੁਆਵਜ਼ਾ ਮਿਲਣਾ ਚਾਹੀਦਾ ਹੈ, ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ। (ਵਿਘਨ) ਡਿਪਟੀ ਸਪੀਕਰ ਸਾਹਿਬ ਮੈਂ ਇਨ੍ਹਾਂ ਦੇ ਬਾਰੇ ਵਿਚ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜੇ ਲੋਡਿੰਗ ਔਰ ਅਨਲੋਡਿੰਗ ਬੰਦ ਹੋ ਜਾਵੇ ਜੇ ਰਾਅ ਮੈਟੀਰੀਅਲ ਆਉਣਾ ਬੰਦ ਹੋ ਜਾਵੇ, ਰਿਸੀਟ ਡਿਸਪੈਚ ਬੰਦ ਹੋ ਜਾਵੇ ਤਾਂ ਉਸ ਦੇ ਵਿਚ ਇਨ੍ਹਾਂ ਵਿਚਾਰੇ ਮਜ਼ਦੂਰਾਂ ਦਾ ਕੀ ਦੋਸ਼ ਹੈ। ਫੈਕਟਰੀ ਦਾ ਮਾਲਕ ਉਸ ਵਿਚਾਰੇ ਮਜ਼ਦੂਰ ਨੂੰ ਲੇ ਆਫ ਕਰ ਦੇਵੇ, ਉਸ ਦੀ ਛਾਂਟੀ ਕਰ ਦੇਵੇ ਤਾਂ ਉਹ ਵਿਚਾਰਾ ਆਪਣਾ ਗੁਜ਼ਾਰਾ ਕਿਥੋਂ ਕਰੇ।(ਵਿਘਨ) ਡਿਪਟੀ ਸਪੀਕਰ ਸਾਹਿਬ ਬਲੈਕ ਆਊਟ ਦੇ ਦਿਨਾਂ ਵਿਚ, ਮੈਂ ਸਿਵਲ ਡੀਫੈਂਸ ਦੀ ਐਡਮਿਨਿਸਟਰੇਸ਼ਨ ਬਾਰੇ ਇਸ ਵੇਲੇ ਕੁਝ ਨਹੀਂ ਕਹਿਣਾ ਚਾਹੁੰਦਾ ਜੇ ਫੈਕਟਰੀਜ਼ ਬੰਦ ਕਰਵਾ ਦਿਤੀਆਂ ਜਾਣ ਤਾਂ ਉਸ ਵਿਚ ਮਜ਼ਦੂਰਾਂ ਦਾ ਕੀ ਦੋਸ਼ ਹੈ। ਮੈਂ ਧਾਰੀਵਾਲ ਫੈਕਟਰੀ ਵਿਚ ਲੇਬਰ ਵਾਸਤੇ ਕੰਮ ਕੀਤਾ ਹੈ। ਉਸ ਕਾਰਖਾਨੇ ਵਿਚ 24 ਘੰਟੇ ਕੰਮ ਰੀਲੇ ਸਿਸਟਮ ਤੇ ਚਲਦਾ ਸੀ ਪਰ ਜੇ ਸਿਵਲ ਡੀਫੈਂਸ ਪ੍ਰਬੰਧਕਾਂ ਵਲੋਂ ਇਹ ਕਿਹਾ ਜਾਵੇ ਕਿ 6.00 ਵਜੇ ਤੋਂ ਬਾਦ ਕਾਰਖਾਨਾ ਨਹੀਂ ਚਲ ਸਕਦਾ ਤਾਂ ਜ਼ਰੂਰੀ ਗਲ ਹੈ ਕਿ ਮਜ਼ਦੂਰ ਨੂੰ ਲੇ ਆਫ ਕਰਨਾ ਪਵੇਗਾ, ਉਸਦੀ ਛਾਂਟੀ ਕਰਨੀ ਪਵੇਗੀ। ਉਹ ਵਿਚਾਰਾ ਬੇਕਾਰ ਹੋ ਜਾਵੇਗਾ ਕੀ ਉਸ ਵਾਸਤੇ ਇਹ ਸੋਚਣਾ ਵਾਜਿਬ ਨਹੀਂ ਹੋਵੇਗਾ ਕਿ ਉਨ੍ਹਾਂ ਨੂੰ ਅਸੀਂ ਕੋਈ ਗਰਾਂਟ ਨਾ ਦੇਈਏ।

ਡਿਪਟੀ ਸਪੀਕਰ ਸਾਹਿਬ, ਦੋ ਕਿਸਮ ਦੀ ਲੇਬਰ ਹੁੰਦੀ ਹੈ। ਇਕ ਟਾਈਮ ਰੇਟਿਡ ਔਰ ਦੂਸਰੀ ਪੀਸ ਰੇਟਿਡ। ਪੀਸ ਰੇਟਿਡ ਜਿਹੜੀ ਲੇਬਰ ਹੈ ਉਸ ਨੂੰ ਰਿਜ਼ਲਟ ਦੇ ਉਤੇ ਲੇਬਰ ਮਿਲਦੀ ਹੈ। ਉਹ ਤਾਂ ਹੀ ਕੋਈ ਰਿਜ਼ਲਟ ਸ਼ੋ ਕਰ ਸਕੇਗਾ ਜੇ ਉਸ ਨੂੰ ਕੰਮ ਕਰਨ ਦਾ ਕੋਈ ਸਮਾਂ ਮਿਲੇਗਾ।

ਡਿਸਪੈਂਚ ਹਸੀਟ ਬਲੈਕ ਆਉਟ ਦੀ ਵਜ੍ਹਾ ਕਰਕੇ ਬੰਦ ਹੋ ਗਈ ਉਹ ਵਿਚਾਰੇ ਆਪਣਾ ਕੰਮ ਕੋਈ ਦਿਖਾ ਨਹੀਂ ਸਕੇ ਜਿਸ ਦੀ ਵਜਾ ਕਰਕੇ ਉਨ੍ਹਾਂ ਦੀਆਂ ਵੇਜਿਜ਼ ਵੀ ਥਲੇ ਆ ਗਈਆਂ । ਇਹ ਪ੍ਰਾਬਲਮ ਸਿਰਫ ਇਕ ਹੀ ਨਹੀਂ ਕਿ ਬੰਦੇ ਬੇਕਾਰ ਹੋ ਗਏ, ਜਿਹੜੇ ਕੰਮ ਤੇ ਵੀ ਗਏ ਉਨ੍ਹਾਂ ਨੂੰ ਵੀ ਪੂਰਾ ਵਕਤ ਨਾ ਲਗਣ ਕਰਕੇ ਘੱਟ ਵੇਜਿਜ਼ ਮਿਲੀਆਂ । (ਵਿਘਨ) ਡਿਪਟੀ ਸਪੀਕਰ ਸਾਹਿਬ, ਕੀ ਇਸ ਬਾਰੇ ਸਿਟੀਜ਼ਨ ਕੌਂਸਲ ਨੇ ਕੋਈ ਫੈਸਲਾ ਕੀਤਾ ? ਅਸੀਂ ਇਹ ਕਹਿੰਦੇ ਹਾਂ ਕਿ ਜੋ ਫੈਸਲਾ ਕਰਜ਼ੇ ਦੇਣ ਦਾ ਕੀਤਾ ਉਹ ਫੈਸਲਾ ਚੰਗਾ ਨਹੀਂ ਹੈ । ਇਸ ਮਤੇ ਰਾਹੀਂ ਸਿਰਫ ਇਤਨੀ ਹੀ ਮੰਗ ਕੀਤੀ ਗਈ ਹੈ ਕਿ ਇਹ ਤਬਕਾ ਜਿਹੜਾ ਕਿ ਸਾਡੀ ਕੌਮ ਦਾ ਉਚੇਚਾ ਅੰਗ ਹੈ, ਇਸ ਦਾ ਜੋ ਜੰਗ ਦੇ ਦਿਨਾਂ ਵਿਚ ਨੁਕਸਾਨ ਹੋਇਆ ਹੈ ਉਸ ਨੂੰ ਹੁਣ ਜੋ ਕਰਜ਼ਾ ਦੇਣ ਵਾਸਤੇ ਫੈਸਲਾ ਕੀਤਾ ਗਿਆ ਹੈ ਉਸ ਨੂੰ ਕਰਜ਼ੇ ਦੀ ਥਾਂ ਤੇ ਗਰਾਂਟ ਦੀ ਸ਼ਕਲ ਵਿਚ ਮੁਆਵਜ਼ਾ ਦਿਤਾ ਜਾਵੇ ।

ਡਿਪਟੀ ਸਪੀਕਰ ਸਾਹਿਬ, ਇਸ ਗਲ ਤੋਂ ਇਥੇ ਇਹ ਸਵਾਲ ਉਠਾਇਆ ਜਾ ਸਕਦਾ ਹੈ ਕਿ ਇਸ ਕੰਮ ਵਾਸਤੇ ਨਵੀਂ ਰਕਮ ਚਾਹੀਦੀ ਹੋਵੇਗੀ । ਇਸ ਦੇ ਵਿਚ ਕੋਈ ਸ਼ਕ ਨਹੀਂ ਕਿ ਇਹ ਸਹੂਲਤ ਦੇਣ ਲਈ ਰਕਮ ਇਨਵਾਲਵ ਹੋਵੇਗੀ । ਪਰ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਮੇਰੇ ਪਾਸ ਇਸ ਵਕਤ 6 ਐਸੇ ਪਿੰਡਾਂ ਦੇ ਨਾਮ ਹਨ ਜਿਨ੍ਹਾਂ ਦੇ ਵਿਚ ਅਸੀਂ ਗਰਾਂਟਾਂ ਤਕਸੀਮ ਕੀਤੀਆਂ, ਰਿਲੀਫ ਤਕਸੀਮ ਕੀਤਾ । ਮੇਰੇ ਪਾਸ ਉਨ੍ਹਾਂ ਆਦਮੀਆਂ ਦੇ ਨਾਮ ਹਨ ਜਿਹੜੇ ਕਿ ਇਕ ਫੈਮਿਲੀ ਨਾਲ ਤੱਲਕ ਰਖਦੇ ਹਨ । ਲੇਕਿਨ ਉਨ੍ਹਾਂ ਨੇ ਚਾਰ-ਚਾਰ ਥਾਂ ਗਰਾਂਟਾ ਲਈਆਂ । ਔਰ ਇਹ ਗਰਾਂਟਾਂ ਰੀਹੈਬਲੀ-ਟੇਸ਼ਨ ਦੇ ਅਫਸਰਾਂ ਨਾਲ, ਕੁਰੱਪਟ ਅਫਸਰਾਂ ਨਾਲ ਮਿਲ ਮਿਲਾ ਕੇ ਲਈਆਂ । ਇਸ ਗਲ ਵਿਚ ਕਈ ਅਫਸਰ ਇਨਵਾਲਵਡ ਹਨ ਜਿਨ੍ਹਾਂ ਦੇ ਕਹਿਣ ਤੇ ਇਹ ਰਕਮਾਂ ਤਕਸੀਮ ਕੀਤੀਆਂ ਗਈਆਂ । ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਲੱਖਾਂ ਰੁਪਿਆ ਵੇਸਟ ਕੀਤਾ ਗਿਆ ਹੈ । ਜਿਥੇ ਪੈਸਾ ਜਾਣਾ ਚਾਹੀਦਾ ਸੀ ਉਥੇ ਨਹੀਂ ਗਿਆ, ਜਿਹੜੇ ਹੱਕਦਾਰ ਸਨ ਉਨਾਂ ਨੂੰ ਕੁਝ ਨਹੀਂ ਮਿਲਿਆ ਔਰ ਦੂਸਰੇ ਬੰਦੇ ਜਿਹੜੇ ਕਿ ਹੱਕਦਾਰ ਨਹੀਂ ਸਨ ਉਹ ਪੈਸੇ ਲੈ ਗਏ । ਡਿਪਟੀ ਸਪੀਕਰ ਸਾਹਿਬ, ਮੈਂ ਸਰਕਾਰ ਦਾ ਧਿਆਨ ਇਸ ਪਾਸੇ ਵਲ ਦੁਆਉਣਾ ਚਾਹੁੰਦਾ ਹਾਂ ਕਿ ਫੈਮਿਲੀ ਦੀ ਡੈਫੀਨੀਸ਼ਨ ਨਾ ਹੋਣ ਕਰਕੇ ਲੱਖਾਂ ਰੁਪਿਆ ਗਲਤ ਡਿਸਟਰੀਬਿਊਟ ਹੋ ਗਿਆ । ਜੇ ਇਹ ਗਲਤ ਡਿਸਟਰੀਬਿਊਸ਼ਨ ਦਾ ਰੁਪਿਆ ਵਾਪਸ ਆ ਸਕੇ ਤਾਂ ਜਿਹੜੀ ਇਸ ਮਤੇ ਰਾਹੀਂ ਮੰਗ ਕੀਤੀ ਜਾ ਰਹੀ ਹੈ ਉਹ ਬੜੀ ਆਸਾਨੀ ਨਾਲ ਪੂਰੀ ਹੋ ਸਕਦੀ ਹੈ। ਇਸ ਲਈ ਮੈਂ ਸਰਦਾਰ ਸੁਰਿੰਦਰ ਸਿੰਘ ਕੈਰੋਂ ਹੋਰਾਂ ਨੂੰ ਦਰਖਾਸਤ ਕਰਾਂਗਾ ਕਿ ਉਹ ਜੋ ਆਖਦੇ ਹਨ ਉਸ ਮਤੇ ਨੂੰ ਤਾਂ ਅਸੀਂ ਸਪੋਰਟ ਕਰਦੇ ਹੀ ਹਾਂ । ਅਗਰ ਕਿਸੇ ਹੋਰ ਥਾਂ ਵਿਚ ਵੀ ਕਰਜ਼ੇ ਦੇਣ ਬਾਰੇ ਕੋਈ ਫੈਸਲਾ ਕੀਤਾ ਗਿਆ ਹੈ ਔਰ ਉਸ ਨੂੰ ਗਰਾਂਟ ਦੀ ਸ਼ਕਲ ਵਿਚ ਤਬਦੀਲੀ ਕਰਾਉਣ ਵਾਸਤੇ ਅਗਰ ਉਹ ਕੋਈ ਵਾਜਬ ਮਤਾ ਲਿਆਉਣਗੇ ਤਾਂ ਅਸੀਂ ਉਸ ਦੀ ਮੁਖਾਲਫਤ ਨਹੀਂ ਕਰਾਂਗੇ ।

ਇਸ ਮਤੇ ਤੇ, ਜਿਸ ਦੇ ਉਤੇ ਕੋਈ ਮਤ-ਭੇਦ ਨਹੀਂ, ਇਸ ਨੂੰ ਪਾਸ ਕਰਨ ਵਾਸਤੇ ਕਿਸੇ ਹੋਰ ਸਰਕਾਰੀ ਜਾਂ ਗੈਰ ਸਰਕਾਰੀ ਦਿਨ ਵਾਸਤੇ ਕਢਣਾ ਠੀਕ ਨਹੀਂ ਹੈ । ਮੈਂ ਆਪਣੀ ਸਰਕਾਰ ਨੂੰ ਕਹਾਂਗਾ ਕਿ ਜਿਸ ਸਪਿਰਿਟ ਨਾਲ ਇਸ ਮਤੇ ਤੇ ਹਾਊਸ ਵਿਚ ਬਹਿਸ ਹੋ ਰਹੀ ਸੀ, ਉਸੇ ਸਪਿਰਟ ਨੂੰ ਜਾਰੀ ਰਖਦਿਆਂ ਹੋਇਆਂ ਮੱਤੇ ਨੂੰ ਅਜ ਹੀ ਪਾਸ ਕਰ ਦੇਣਾ ਚਾਹੀਦਾ ਹੈ । ਇਨਾਂ ਸ਼ਬਦਾਂ ਦੇ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹੋਇਆ ਬੈਠਦਾ ਹਾਂ ।

ਸਰਦਾਰ ਦਰਸ਼ਨ ਸਿੰਘ ਕੇ. ਪੀ. (ਜਮਸ਼ੇਰ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਜੋ ਇਹ ਮਤਾ ਪੇਸ਼ ਹੋਇਆ ਹੈ ਮੈਂ ਇਸ ਦੀ ਹਿਮਾਇਤ ਕਰਦਾ ਹਾਂ ਔਰ ਇਹ ਬੇਨਤੀ ਕਰਦਾ ਹਾਂ ਕਿ ਇਹ ਪਾਸ ਕਰਨਾ ਚਾਹੀਦਾ ਹੈ । ਇਹ ਮਤਾ ਲੇਬਰ ਨਾਲ ਤੁਅੱਲਕ ਰਖਦਾ ਹੈ ਔਰ ਇਹ ਉਹ ਲੇਬਰ ਹੈ ਜਿਹੜੀ ਬਾਰਡਰ ਉਤੇ, ਜਿਹੜੀ ਕਾਰਖਾਨਿਆਂ ਵਿਚ ਕੰਮ ਕਰਦੀ ਹੈ ਅਤੇ ਜੰਗ ਦੇ ਦੌਰਾਨ ਇਹ ਲੇਬਰ ਮਰੀ ਔਰ ਵਿਹਲੀ ਵੀ ਰਹੀ । ਇਨ੍ਹਾਂ ਵਾਸਤੇ ਜੋ ਵੀ ਮਤਾ ਹਾਊਸ ਵਿਚ ਆਇਆ ਹੈ ਮੈਂ ਉਸ ਦੀ ਹਰ ਤਰ੍ਹਾਂ ਨਾਲ ਹਿਮਾਇਤ ਕਰਦਾ ਹਾਂ ਅਤੇ ਕਹਿੰਦਾ ਹਾਂ ਕਿ ਉਸ ਲੇਬਰ ਦੀ ਹਰ ਤਰ੍ਹਾਂ ਨਾਲ ਸਹਾਇਤਾ ਕਰਨੀ ਚਾਹੀਦੀ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਪਣੀ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਬਾਰਡਰ ਦੇ ਲੋਕਾਂ ਨੂੰ, ਲੇਬਰ ਨੂੰ ਔਰ ਉਥੇ ਦੇ ਮਜ਼ਦੂਰਾਂ ਨੂੰ ਜੋ ਕਰਜ਼ੇ ਆਦਿ ਦਿਤੇ ਗਏ ਹਨ ਮੈਂ ਤਾਂ ਕਹਾਂਗਾ ਕਿ ਉਹ ਗ੍ਰਾਂਟਾਂ ਦੀ ਸ਼ਕਲ ਵਿਚ ਹੋਣੇ ਚਾਹੀਦੇ ਹਨ ।

ਇਸ ਤੋਂ ਬਾਦ ਮੈਂ ਅਰਜ਼ ਕਰਾਂ ਕਿ ਕਈ ਇਲਾਕਿਆਂ ਵਿਚ ਮਸਲਨ ਜਲੰਧਰ ਜ਼ਿਲ੍ਹੇ ਦਾ ਆਲਮਗੀਰ ਪਿੰਡ ਹੈ, ਉਥੇ ਲੜਾਈ ਨਾਲ 20 ਬੰਦੇ ਮਰੇ ਔਰ ਸਾਰਾ ਪਿੰਡ ਹੀ ਖਤਮ ਹੋ ਗਿਆ ਉਥੇ ਦੇ ਸਾਰੇ ਦੇ ਸਾਰੇ ਮਕਾਨ ਵੀ ਗਿਰ ਗਏ। ਉਥੇ ਦੇ ਲੋਕਾਂ ਨੂੰ ਵੀ ਗਰਾਂਟਾਂ ਮਿਲਣੀਆਂ ਚਾਹੀਦੀਆਂ ਹਨ । ਮੈਂ ਤਾਂ ਇਥੋਂ ਤੀਕਰ ਕਹਾਂਗਾ ਕਿ ਇਹ ਜਿਹੜੀ ਲੜਾਈ ਸੀ, ਸਾਰੇ ਹਿੰਦੁਸਤਾਨ ਦੀ ਲੜਾਈ ਸੀ, ਸਾਰੇ ਸੂਬਿਆਂ ਨੂੰ ਪੰਜਾਬ ਲਈ ਜ਼ਿਆਦਾ ਤੋਂ ਜ਼ਿਆਦਾ ਹਿੱਸਾ ਪਾਉਣਾ ਚਾਹੀਦਾ ਹੈ ਅਤੇ ਦੂਸਰੇ ਸੂਬਿਆ ਨੂੰ ਸਾਡੇ ਨਾਲ ਹੱਥ ਵਟਾਉਣਾ ਚਾਹੀਦਾ ਹੈ। ਲੇਬਰ ਇਕ ਐਸੀ ਜਮਾਤ ਹੈ ਜਿਹੜੀ ਸਾਰੇ ਹਿੰਦੁਸਤਾਨ ਨੂੰ ਹਰ ਕੰਮ ਵਿਚ ਮਦੱਦ ਦਿੰਦੀ ਹੈ । ਇਹ ਠੀਕ ਹੈ ਕਿ ਇਹ ਲੇਬਰ ਖੇਤੀ ਦੇ ਵਿਚ ਵੀ ਮਦਦ ਦਿੰਦੀ ਹੈ ਪਰ ਜਿਹੜੀ ਮਦੱਦ ਇਹ ਕਾਰਖਾਨਿਆਂ ਵਿਚ ਦੇ ਰਹੀ ਹੈ ਉਹ ਬਹੁਤ ਹੀ ਵੱਡੀ ਮਦੱਦ ਹੈ । ਕਾਰਖਾਨਿਆਂ ਵਿਚ ਲੇਬਰ ਦੀ ਹਾਲਤ ਬਹੁਤ ਹੀ ਖਰਾਬ ਹੁੰਦੀ ਜਾ ਰਹੀ ਹੈ । ਗੌਰਮੈਂਟ ਨੂੰ ਇਸ ਤਰਫ ਕਦਮ ਚੁਕਣੇ ਚਾਹੀਦੇ ਹਨ ਅਤੇ ਲੇਬਰ ਦੀ ਹਾਲਤ ਵਿਚ ਸੁਧਾਰ ਕਰਨੇ ਚਾਹੀਦੇ ਹਨ ਅਤੇ ਲੇਬਰ ਦੀ ਹੌਸਲਾ ਅਫਜ਼ਾਈ ਕਰਨੀ ਚਾਹੀਦੀ ਹੈ । ਇਸ ਤੋਂ ਇਲਾਵਾ ਸਰਕਾਰੀ ਲੇਵਲ ਤੋਂ ਕਾਰਖਾਨੇਦਾਰਾਂ ਨੂੰ ਲੇਬਰ ਦੀ ਕੰਡੀਸ਼ਨ ਸੁਧਾਰਨ ਅਤੇ ਲੇਬਰ ਦੀ ਹੌਸਲਾ ਅਫਜ਼ਾਈ ਕਰਨ ਦੀਆਂ ਹਦਾਇਤਾਂ ਹੋਣੀਆਂ ਚਾਹੀਦੀਆਂ ਹਨ । ਉਨ੍ਹਾਂ ਦਾ ਜੋ ਵੀ ਕੰਮ ਹੈ ਉਸ ਨੂੰ ਜਲਦੀ ਕਰਨਾ ਚਾਹੀਦਾ ਹੈ।

ਇਸ ਤੋਂ ਬਾਦ, ਡਿਪਟੀ ਸਪੀਕਰ ਸਾਹਿਬ, ਛੋਟੇ ਛੋਟੇ ਕਾਰਖਾਨਿਆਂ ਜਾਂ ਛੋਟੀਆਂ ਛੋਟੀਆਂ ਫੈਕਟਰੀਆਂ ਦੇ ਵਿਚ ਵੀ ਲੜਾਈ ਦੇ ਦੌਰਾਨ ਔਰ ਬਲੈਕ ਆਊਟ ਦੇ ਦੌਰਾਨ ਨੁਕਸਾਨ ਹੋਇਆ ਹੈ ਔਰ ਕੰਮ ਬੰਦ ਰਿਹਾ ਹੈ । ਉਨ੍ਹਾਂ ਦਾ ਵੀ ਧਿਆਨ ਰਖਣਾ ਚਾਹੀਦਾ ਹੈ । ਅਗਰ ਕੋਈ ਮਜ਼ਦੂਰ ਸਰਕਾਰ ਤੋਂ ਗਰਾਂਟ ਲੈਣਾ ਚਾਹੇ ਔਰ ਕਿਸੇ ਵਜ੍ਹਾ ਨਾਲ ਅਗਰ ਉਹ ਕਿਸੇ ਗਿਣਤੀ ਵਿਚ ਨਾ ਆ ਸਕਿਆ ਹੋਵੇ ਤਾਂ ਸਰਕਾਰ ਦਾ ਫ਼ਰਜ਼ ਬਣਦਾ ਹੈ ਕਿ ਉਸ ਨੂੰ ਧਿਆਨ ਵਿਚ ਲਿਆਵੇ । ਉਸ ਦੀ ਅਰਜ਼ੀ ਤੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ । ਡਿਪਟੀ ਸਪੀਕਰ ਸਾਹਿਬ, ਅੱਜ ਜ਼ਮਾਨਾ ਉਹ ਜ਼ਮਾਨਾ ਨਹੀਂ ਜੋ ਪਿੱਛੇ ਬੀਤ ਚੁਕਾ ਹੈ। ਅੱਜ ਜਾਗਰਿਤੀ ਦਾ ਜ਼ਮਾਨਾ ਹੈ ਅਤੇ ਅਗਾਂਹ ਵਧੂ ਜ਼ਮਾਨਾ ਹੈ । ਸਾਡੀ ਕਾਂਗਰਸ ਪਾਰਟੀ ਬਹੁਗਿਣਤੀ ਵਿਚ ਆਈ ਹੈ ਅਤੇ ਜਿਹੜੇ ਸਾਡੇ ਕਮਿਊਨਿਸਟ ਭਾਈ ਹਨ ਉਹ ਵੀ ਇਸ ਦੀ ਸਪੋਰਟ ਕਰਦੇ ਹਨ । ਉਹ ਇਸ ਲਈ ਕਰਦੇ ਹਨ ਕਿ ਅਸੀ ਦੇਸ਼ ਨੂੰ ਅਗਾਂਹ ਲਿਜਾਣਾ ਹੈ ਔਰ ਜੋ ਪਛੜਿਆ ਵਰਗ ਹੈ ਉਸ ਦੀ ਹਰ ਤਰ੍ਹਾਂ ਨਾਲ ਮਦਦ ਕਰਨੀ ਹੈ । ਦੇਸ਼ ਨੂੰ

ਅਗਾਂਹ ਲਿਜਾਣਾ ਹੈ ਔਰ ਦੇਸ਼ ਤਾਂ ਹੀ ਅਗੇ ਜਾ ਸਕਦਾ ਹੈ ਜੇ ਕਰ ਹਰ ਆਦਮੀ ਹਿੰਦੁਸਤਾਨ ਵਿਚ ਵਧਾਣ ਵਾਲਾ ਕੰਮ ਕਰੇ । ਬਾਰਡਰ ਵਾਲੇ ਵੀ ਕੰਮ ਕਰਨ ਅਤੇ ਦੂਸਰੇ ਵੀ ਕਰਨ । ਮੈਂ ਅਰਜ਼ ਕਰਾਂ ਕਿ ਕਈ ਕਾਮਿਆਂ ਨੂੰ, ਕਈ ਮਜ਼ਦੂਰਾਂ ਨੂੰ ਉਨ੍ਹਾਂ ਦੀ ਮਿਹਨਤ ਦਾ ਸਹੀ ਮੁਲ ਨਹੀਂ ਮਿਲਦਾ । ਇਸ ਸਿਲਸਲੇ ਵਿਚ ਕਈ ਸਰਕਾਰ ਦੀਆਂ ਰੁਕਾਵਟਾਂ ਵੀ ਹਨ । ਇਸ ਤੋਂ ਪਹਿਲਾਂ ਅਕਾਲੀ ਸਰਕਾਰ ਆਈ, ਉਸ ਨੇ ਇਸ ਖੇਤਰ ਵਿਚ ਜ਼ਿਆਦਾ ਰੁਕਾਵਟਾਂ ਪਾਈਆਂ । ਜੇ ਡਿਟੇਲ ਵਿਚ ਦਸਾਂ ਤਾ ਮੈਨੂੰ ਡਰ ਹੈ ਕਿ ਮੇਰੇ ਅਕਾਲੀ ਭਾਈ ਵਾਕ ਆਊਟ ਕਰਕੇ ਚਲੇ ਜਾਣਗੇ। ਇਸ ਲਈ ਮੈਂ ਇਸ ਮਾਮਲੇ ਵਿਚ ਪੈਣਾ ਨਹੀਂ ਚਾਹੁੰਦਾ । (ਵਿਘਨ) ਡਿਪਟੀ ਸਪੀਕਰ ਸਾਹਿਬ, ਮੇਰੀ ਸਰਕਾਰ ਪਾਸ ਇਤਨੀ ਬੇਨਤੀ ਹੈ ਕਿ ਉਹ ਲੇਬਰ ਦੇ ਮਸਲਿਆਂ ਵਲ ਪੂਰਾ ਪੂਰਾ ਧਿਆਨ ਦੇਵੇ ਅਤੇ ਜੋ ਲੇਬਰ ਲਾਅ ਹੈ ਉਸ ਨੂੰ ਦੁਬਾਰਾ ਦਰੁਸਤ ਕਰੇ ਅਤੇ ਮਜ਼ਦੂਰਾਂ ਨੂੰ ਵਧ ਤੋਂ ਵਧ ਗਰਾਂਟਾਂ ਦੇਵੇ । ਜਿਥੇ ਸਾਡੀ ਸਰਕਾਰ ਲੇਬਰ ਦੀ ਸਹਾਇਤਾ ਕਰਨਾ ਚਹੁੰਦੀ ਹੈ। ਉਥੇ ਮੈਂ ਕਹਾਂਗਾ ਕਿ ਦੂਜੇ ਸੂਬੇ ਵੀ ਪੰਜਾਬ ਨੂੰ ਸਹਾਇਤਾ ਦੇਣ ਔਰ ਸੈਂਟਰ ਵੀ ਵਧ ਤੋਂ ਵਧ ਪੰਜਾਬ ਨੂੰ ਸਹਾਇਤਾ ਦੇਵੇ । ਜਿਹੜੇ ਲੋਕਾਂ ਦਾ ਜੰਗ ਦੇ ਕਾਰਣ, ਪਿੰਡਾਂ ਵਿਚ ਨੁਕਸਾਨ ਹੋਇਆ ਹੈ ਉਨ੍ਹਾਂ ਲੋਕਾਂ ਤੋਂ ਦਰਖਾਸਤਾਂ ਵਗੈਰਾ ਆਉਣਗੀਆਂ ਉਨ੍ਹਾਂ ਦੀ ਵੀ ਸੁਣਵਾਈ ਕੀਤੀ ਜਾਣੀ ਚਾਹੀਦੀ ਹੈ । ਇਨ੍ਹਾਂ ਲਫਜ਼ਾ ਦੇ ਨਾਲ ਮੈਂ ਧੰਨਵਾਦ ਕਰਦਾ ਹਾਂ । ਮੈਨੂੰ ਪਤਾ ਹੈ ਕਿ ਸਾਡੇ ਚੀਫ ਮਨਿਸਟਰ ਸਾਹਿਬ ਮਿਹਨਤਕਸ਼ਾਂ ਔਰ ਕਿਸਾਨਾ ਦੇ ਰਹਿਨੁਮਾ ਹਨ ਔਰ ਉਨ੍ਹਾਂ ਦਾ ਬੜਾ ਖਿਆਲ ਕਰਨਗੇ । ਕਾਮਰੇਡਾਂ ਦੀ ਵੀ ਇਹ ਬੇਨਤੀ ਕਿ ਇਸ ਮਤੇ ਨੂੰ ਪਾਸ ਕਰਨਾ ਚਾਹੀਦਾ ਹੈ ਤੇ ਮੈਂ ਵੀ ਮਤੇ ਨੂੰ ਪਾਸ ਕਰਨ ਲਈ ਬੇਨਤੀ ਕਰਦਾ ਹਾਂ । ਇਨ੍ਹਾਂ ਲਫਜ਼ਾਂ ਦੇ ਨਾਲ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹੋਇਆ ਬੈਠਦਾ ਹਾਂ।

ਸਰਦਾਰ ਧੰਨਾ ਸਿੰਘ ਗੁਲਸ਼ਨ (ਨਥਾਣਾ ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਇਹ ਮਤਾ ਉਦਯੋਗ ਕਾਮਿਆਂ ਨੂੰ ਜਾਂ ਜਿਨ੍ਹਾਂ ਨੂੰ ਬੇਰੁਜ਼ਗਾਰੀ ਦਾ ਸਾਹਮਣਾ ਜੰਗ ਦੇ ਦੌਰਾਨ ਕਰਨਾ ਪਿਆ ਉਨ੍ਹਾਂ ਨੂੰ ਦਿਤੇ ਜਾਣ ਵਾਲੇ ਕਰਜ਼ੇ ਗ੍ਰਾਂਟ ਦੀ ਸ਼ਕਲ ਵਿਚ ਬਦਲਣ ਵਾਸਤੇ ਰਖਿਆ ਗਿਆ ਹੈ, ਮੈਂ ਸਮਝਦਾ ਹਾਂ ਕਿ ਇਹ ਮਤਾ ਠੀਕ ਹੈ । ਲੇਕਿਨ ਡਿਫੈਂਸ ਲਈ ਸਰਹਦਾਂ ਦੇ ਨਾਲ ਨਾਲ ਉਸ ਵਕਤ ਕੁਝ ਨਾਲੇ ਪੁਟੇ ਗਏ, ਉਥੇ ਪੁਟਣ ਵਾਲੇ ਬਹੁਤ ਸਾਰੇ ਕਾਮੇ ਸਨ ਜਿਹੜੇ ਨਾਲ ਦੇ ਪਿੰਡਾਂ ਤੋਂ ਆਏ ਸਨ, ਉਨ੍ਹਾਂ ਦਾ ਵੀ ਬੜਾ ਭਾਰੀ ਨੁਕਸਾਨ ਹੋਇਆ । ਉਨ੍ਹਾਂ ਕਾਮਿਆਂ ਦੇ ਵਿਚ ਕੇਵਲ ਇਕ ਸ਼੍ਰੇਣੀ ਦੇ ਲੋਕ ਨਹੀਂ ਸਨ, ਹਰ ਸ਼੍ਰੇਣੀ ਦੇ ਲੋਕ ਸਨ । ਉਨ੍ਹਾਂ ਵਿਚ ਉਹ ਲੋਕ ਵੀ ਸਨ ਜਿਨ੍ਹਾਂ ਦਾ ਖੇਤੀ ਬਾੜੀ ਤੇ ਗੁਜ਼ਾਰਾ ਨਹੀਂ ਸੀ ਹੋ ਸਕਦਾ । ਉਨ੍ਹਾ ਨੇ ਵੀ ਉਥੇ ਕੰਮ ਕੀਤਾ, ਛੋਟੇ ਛੋਟੇ ਦੁਕਾਨਦਾਰ ਵੀ ਉਥੇ ਕੰਮ ਕਰਦੇ ਰਹੇ ਹਨ, ਉਨ੍ਹਾਂ ਦਾ ਵੀ ਉਥੇ ਬਹੁਤ ਨੁਕਸਾਨ ਹੋਇਆ । ਉਹ ਵੀ ਜੰਗ ਦੇ ਦੌਰਾਨ ਮਰੇ । ਜੇ ਕਰ ਇਸ ਮਤੇ ਦੇ ਨਾਲ ਨਾਲ ਅਸੀਂ ਉਨ੍ਹਾਂ ਛੋਟੇ ਕਿਸਾਨਾ, ਛੋਟੇ ਮਜ਼ਦੂਰਾਂ, ਛੋਟੇ ਛੋਟੇ ਦੁਕਾਨਦਾਰਾਂ ਨੂੰ ਸਹਾਇਤਾ ਦੇਣ ਲਈ ਇਸ ਮਤੇ ਵਿਚ ਨਹੀਂ ਲਿਆਵਾਂਗੇ ਤਾ ਅਸੀਂ ਉਨ੍ਹਾਂ ਦੇ ਨਾਲ ਬੇਇਨਸਾਫੀ ਕਰ ਰਹੇ ਹੋਵਾਂਗੇ । ਇਸ ਲਈ ਮੈਂ ਸਮਝਦਾ ਹਾਂ ਕਿ ਕਈ ਥਾਵਾਂ ਤੇ ਜਿਸ ਤਰ੍ਹਾਂ ਮੇਰੇ ਆਨਰੇਬਲ ਮੈਂਬਰ ਸਾਹਿਬਾਨ ਨੇ ਫਰਮਾਇਆ ਹੈ ਕਿ 10 ਮੀਲ ਦੀ ਪਟੀ ਦੇ ਨਾਲ ਨੁਕਸਾਨ ਹੋਇਆ ਹੈ, ਉਨ੍ਹਾਂ ਨੂੰ ਖਾਸ ਰਿਆਇਤਾਂ ਦੇਣੀਆਂ ਚਾਹੀਦੀਆਂ ਹਨ । ਮੈਂ ਅਰਜ਼ ਕਰਾਂ ਕਿ ਤੁਹਾਨੂੰ ਯਾਦ ਹੋਵੇਗਾ ਕਿ ਮੇਰੇ ਜ਼ਿਲ੍ਹਾ ਬਠਿੰਡਾ ਉਤੇ 16 ਤਾਰੀਖ

[ਸਰਦਾਰ ਧੰਨਾ ਸਿੰਘ ਗੁਲਸ਼ਨ]

ਨੂੰ ਸ਼ਾਮ ਦੇ 5-35 ਵਜੇ ਹਮਲਾ ਕੀਤਾ ਅਤੇ ਹਵਾਈ ਜ਼ਹਾਜ਼ਾਂ ਰਾਹੀਂ ਬੰਬ ਗਿਰਾਏ । ਉਥੇ ਜਿਹੜੇ ਵਡੇ ਕਾਰਖਾਨੇ ਹਨ ਉਨ੍ਹਾਂ ਕਾਰਖਾਨਿਆਂ ਵਿਚ ਜਿਹੜੇ ਛੋਟੇ ਮਜ਼ਦੂਰ ਕੰਮ ਕਰਨ ਵਾਲੇ ਹਨ ਉਹ ਕਾਰਖਾਨੇ ਦੇ ਨਾਲ ਲਗਦੇ ਮਕਾਨਾਂ ਵਿਚ ਰਹਿੰਦੇ ਸੀ, ਉਨ੍ਹਾਂ ਮਜ਼ਦੂਰਾਂ ਦਾ ਬੜਾ ਭਾਰੀ ਨੁਕਸਾਨ ਹੋਇਆ ਉਨ੍ਹਾਂ ਦੇ ਉਹ ਮਕਾਨ ਢੱਠੇ ਔਰ ਉਨ੍ਹਾਂ ਦੇ ਬੱਚੇ ਮਾਰੇ ਗਏ ਅਤੇ ਜ਼ਖਮੀ ਹੋਏ, ਪਰ ਉਨ੍ਹਾਂ ਦੇ ਨਾਲ ਇਨਸਾਫ ਨਹੀਂ ਕੀਤਾ ਗਿਆ ਇਸ ਗੱਲ ਦਾ ਮੈਨੂੰ ਇਸ ਕਰਕੇ ਪਤਾ ਹੈ ਕਿ ਮੈਂ ਉਥੇ ਦੀ ਸਿਟੀਜ਼ਨ ਕੌਂਸਲ ਦਾ ਮੈਂਬਰ ਸੀ । ਜਦੋਂ ਉਥੇ ਸ਼ੈਲਿਗ ਹੋਈ ਅਤੇ ਉਸ ਦੇ ਬਾਅਦ ਜਦੋਂ ਛੋਟੇ ਛੋਟੇ ਬੱਚਿਆਂ ਨੂੰ ਮਾਂ-ਬਾਪ ਹਸਪਤਾਲ ਵਿਚ ਲੈ ਕੇ ਗਏ ਅਤੇ ਉਹ ਵਿਲਕ ਵਿਲਕ ਕੇ ਰੋ ਰਹੇ ਸਨ ਤਾਂ ਉਨ੍ਹਾਂ ਨੂੰ ਕੇਵਲ 3 ਸੌ ਰੁਪਏ ਦੇ ਕੇ ਤਿੰਨ ਸੇਬ ਅਤੇ ਤਿੰਨ ਕੇਲੇ ਦੇ ਕੇ ਰਾਜ਼ੀ ਕਰ ਲਿਆ । ਮੈਂ ਕਹਿੰਦਾ ਹਾਂ ਕਿ ਉਨ੍ਹਾਂ ਮਰਨ ਵਾਲੇ ਕਾਮਿਆਂ ਨੂੰ ਵੀ ਇਸ ਵਿਚ ਸ਼ੁਮਾਰ ਕਰਨਾ ਚਾਹੀਦਾ ਹੈ ਜਿਨ੍ਹਾਂ ਦਾ ਸ਼ੈਲਿੰਗ ਨਾਲ ਨੁਕਸਾਨ ਹੋਇਆ । ਇਸੇ ਤਰ੍ਹਾਂ ਮੇਰੇ ਜ਼ਿਲ੍ਹੇ ਬਠਿੰਡੇ ਅਤੇ ਸਬ ਡਿਵੀਜ਼ਨ ਫਰੀਦਕੋਟ ਦੇ ਪਿੰਡਾਂ ਵਿਚ ਕਿਸਾਨਾਂ ਦੇ ਖੇਤਾਂ ਵਿਚ ਵੀ ਬੰਬ ਪਏ ਹਨ । ਉਥੇ ਜਿਹੜੇ ਛੋਟੇ ਛੋਟੇ ਕਿਸਾਨਾਂ ਦੇ ਟਿਊਬਵੈਲ ਲਗੇ ਹੋਏ ਸਨ ਉਨ੍ਹਾਂ ਦਾ ਕਾਫੀ ਨੁਕਸਾਨ ਹੋਇਆ ਔਰ ਬੜੀ ਭਾਰੀ ਗਿਣਤੀ ਵਿਚ ਨੁਕਸਾਨ ਹੋਇਆ, ਮੈਂ ਸਮਝਦਾ ਹਾਂ ਕਿ ਉਨ੍ਹਾਂ ਨੂੰ ਵੀ ਇਸ ਦੇ ਨਾਲ ਹੀ ਲਿਆ ਜਾਵੇ । ਜਿਸ ਤਰ੍ਹਾਂ ਕੈਰੋਂ ਸਾਹਿਬ ਨੇ ਕਿਹਾ ਹੈ ਕਿ ਜੇ ਇਸ ਮਤੇ ਨੂੰ ਇਸ ਰੂਪ ਵਿਚ ਪਾਸ ਕਰ ਦਿਤਾ ਤਾਂ ਉਨ੍ਹਾਂ ਲੋਕਾਂ ਨਾਲ ਬੇ-ਇਨਸਾਫੀ ਹੋਵੇਗੀ ਜਿਹੜੇ ਸਰਹਦਾਂ ਤੋਂ ਉਜੜੇ ਹਨ, ਜਿਵੇਂ ਬਠਿੰਡੇ ਅਤੇ ਫਰੀਦਕੋਟ ਦੇ ਛੋਟੇ ਛੋਟੇ ਕਿਸਾਨ ਹਨ ਜਿਨ੍ਹਾਂ ਦਾ ਬੜਾ ਭਾਰੀ ਨੁਕਸਾਨ ਹੋਇਆ ਹੈ । ਇਸ ਲਈ ਮੈਂ ਸਮਝਦਾ ਹਾਂ ਕਿ ਇਹ ਰੈਜ਼ੋਲਿਊਸ਼ਨ ਇਸ ਰੂਪ ਵਿਚ ਪਾਸ ਕਰਨਾ ਚਾਹੀਦਾ ਹੈ ਜਿਸ ਵਿਚ ਕੋਈ ਸ਼ਰੇਣੀ ਵੰਡ ਨਾ ਹੋਵੇ । ਸ਼ਰੇਣੀ ਵੰਡ ਕਰਕੇ ਲੋਕ-ਭਲਾਈ ਦੇ ਕਾਜ਼ ਨੂੰ ਨੁਕਸਾਨ ਹੋਵੇਗਾ । ਸ਼ਰੇਣੀ ਵੰਡ ਵਾਸਤੇ ਹਾਊਸ ਵਿਚ ਤਲਖੀ ਆ ਜਾਂਦੀ ਹੈ । ਲੇਕਿਨ ਜਿਨ੍ਹਾਂ ਨੂੰ ਸ਼ਰੇਣੀ ਵੰਡ ਵਿਚ ਲਾਭ ਪਹੁੰਚਦਾ ਹੈ ਉਹ ਇਹੋ ਜਿਹਾ ਰੈਜ਼ੋਲਿਊਸ਼ਨ ਦੇ ਰਹੇ ਹਨ ਅਤੇ ਉਹ ਕਾਰਖਾਨੇ ਦੇ ਮਜ਼ਦੂਰ ਦਾ, ਕਿਸਾਨ ਮਜ਼ਦੂਰ ਦਾ, ਸ਼ਹਿਰਾਂ ਅਤੇ ਪਿੰਡਾਂ ਦਾ, ਹਿੰਦੂ ਅਤੇ ਸਿੱਖ ਦਾ, ਹਰੀਜਨ ਅਤੇ ਪਿੰਡਾਂ ਵਿਚ ਹੋਰ ਵਸਣ ਵਾਲਿਆਂ ਦਾ ਆਪਸ ਵਿਚ ਝਗੜਾ ਪਵਾ ਕੇ ਸਿਆਸੀ ਫਾਇਦਾ ਉਠਾਉਣਾ ਚਾਹੁੰਦੇ ਹਨ । ਇਸ ਕਰਕੇ ਮੈਂ ਸਮਝਦਾ ਹਾਂ ਕਿ ਸਹੀ ਮਾਹਨਿਆਂ ਵਿਚ ਜਿਨ੍ਹਾਂ ਲੋਕਾਂ ਦਾ ਨੁਕਸਾਨ ਹੋਇਆ ਹੈ ਉਨ੍ਹਾਂ ਸਾਰੇ ਲੋਕਾਂ ਨੂੰ ਸਹਾਇਤਾ ਮਿਲਣੀ ਚਾਹੀਦੀ ਹੈ ਅਤੇ ਜਿਥੇ ਵੀ ਸਰਕਾਰ ਨੇ ਇਸ ਸਬੰਧੀ ਕਰਜ਼ੇ ਦਿਤੇ ਹਨ, ਉਨ੍ਹਾਂ ਨੂੰ ਗ੍ਰਾਂਟਾਂ ਵਿਚ ਬਦਲ ਦਿਤਾ ਜਾਏ ।

ਇਹ ਸਰਕਾਰ ਨੇ ਕੋਈ ਆਪਣੀਆਂ ਜੇਬਾਂ ਵਿਚੋਂ ਨਹੀਂ ਦੇਣੇ । ਸਰਕਾਰ ਨੇ ਪੈਸੇ ਇੱਕਠੇ ਕੀਤੇ ਹਨ । ਮੈਨੂੰ ਆਪਣੇ ਹਲਕੇ ਦਾ ਪਤਾ ਹੈ ਜ਼ਿਲ੍ਹੇ ਬਠਿੰਡੇ ਵਿਚ 18 ਲੱਖ ਰੁਪਏ ਦਾ ਟਾਰਗਿਟ ਬਣਾਇਆ ਗਿਆ ਸੀ ਲੇਕਿਨ ਉਥੇ 78 ਲੱਖ ਤੋਂ ਜ਼ਿਆਦਾ ਰੁਪਿਆ ਇਕੱਠਾ ਕੀਤਾ ਗਿਆ ਹੈ । ਉਹ ਕਿਸ ਵਾਸਤੇ ਕੇਵਲ ਇਸ ਲਈ ਕਿ ਜਿਹੜੇ ਲੋਕਾਂ ਦਾ ਨੁਕਸਾਨ ਹੋਇਆ ਹੈ, ਜਿਹੜੇ ਲੋਕ ਬੇਘਰ ਹੋਏ ਹਨ ਉਨ੍ਹਾਂ ਨੂੰ ਸਹਾਇਤਾ ਵਜੋਂ ਦਿਤਾ ਜਾਵੇ । ਫਿਰ ਦੋ ਰੁਪਏ ਫੀ ਏਕੜ ਦੇ ਹਿਸਾਬ ਨਾਲ ਹੋਰ ਕਰ ਉਗਰਾਹਿਆ ਗਿਆ ਹੈ । ਛੋਟੇ ਹਰੀਜਨਾਂ ਨੂੰ ਜਿਨ੍ਹਾਂ ਦਾ ਅਸੀਂ ਰੋਜ਼ ਇਸ ਹਾਊਸ ਵਿਚ ਜ਼ਿਕਰ ਕਰਦੇ ਹਾਂ ਕਿ ਉਨ੍ਹਾਂ ਦੀ ਭਲਾਈ ਲਈ ਸਰਕਾਰ ਵਿਸ਼ੇਸ਼ ਧਿਆਨ ਦੇਵੇ, ਉਨ੍ਹਾਂ ਪਾਸੋਂ ਵੀ ਪੰਜਾਹ ਰੁਪਏ ਪ੍ਰਤੀ ਪਰਵਾਰ ਉਗਰਾਹੇ ਗਏ ਅਤੇ ਇਸ ਤਰ੍ਹਾਂ 78 ਲੱਖ ਤੋਂ ਉਪਰ ਰੁਪਿਆ ਇੱਕਠਾ ਕੀਤਾ ਗਿਆ । ਮੇਰੀ ਬੇਨਤੀ ਹੈ

ਕਿ ਉਹ ਰੁਪਿਆ ਸਰਕਾਰ ਨੇ ਆਪਣੇ ਪਾਸੋਂ ਨਹੀਂ ਦੇਣਾ । ਉਹ ਲੋਕਾਂ ਤੋਂ ਹੀ ਲਿਆ ਗਿਆ ਹੈ। ਇਸ ਕਾਰਣ ਜਿਥੇ ਜਿਥੇ ਨੁਕਸਾਨ ਹੋਇਆ ਹੈ, ਮਜ਼ਦੂਰ ਦਾ, ਗਰੀਬ ਕਿਸਾਨ ਦਾ, ਜਾਂ ਵਰਕਰ ਦਾ ਉਨ੍ਹਾਂ ਨੂੰ ਮਿਲਣਾ ਚਾਹੀਦਾ ਹੈ । ਕਈ ਥਾਵਾਂ ਤੇ ਮੈਨੂੰ ਪਤਾ ਹੈ ਕਿ ਲੋਕਾਂ ਦੇ ਘਰ ਢਾਹ ਕੇ ਮੋਰਚੇ ਬਣਾਏ ਗਏ ਅਤੇ ਕਈ ਪਿੰਡ ਮੋਰਚਿਆਂ ਲਈ ਖਾਲੀ ਕਰਵਾਏ ਗਏ । ਉਥੋਂ ਜਿਹੜੇ ਲੋਕ ਉੱਜੜ ਗਏ ਹਨ, ਚਾਹੇ ਉਹ ਦੁਕਾਨਦਾਰ ਉਜੜਿਆ ਹੈ, ਚਾਹੇ ਉਹ ਕਿਸਾਨ ਉਜੜਿਆ ਹੈ, ਚਾਹੇ ਉਹ ਮਜ਼ਦੂਰ ਉਜੜਿਆ ਹੈ ਅਤੇ ਚਾਹੇ ਉਹ ਵਰਕਰ ਉਜੜਿਆ ਹੈ ਉਨ੍ਹਾਂ ਸਾਰਿਆਂ ਨੂੰ ਉਸ ਫੰਡ ਵਿੱਚੋਂ ਪੈਸਾ ਮਿਲਣਾ ਚਾਹੀਦਾ ਹੈ । ਮੈਂ ਫਿਰ ਬੇਨਤੀ ਕਰਦਾ ਹਾਂ, ਡਿਪਟੀ ਸਪੀਕਰ ਸਾਹਿਬ, ਕਿਉਂਕਿ ਇਹ ਰੁਪਿਆ ਲੋਕਾਂ ਪਾਸੋਂ ਇਕੱਠਾ ਕੀਤਾ ਗਿਆ ਹੈ ਇਸ ਲਈ ਇਹ ਕਰਜ਼ੇ ਦੇ ਰੂਪ ਵਿਚ ਉਜੜੇ ਲੋਕਾਂ ਨੂੰ ਨਹੀਂ ਦੇਣਾ ਚਾਹੀਦਾ ਸਗੋਂ ਗਰਾਂਟ ਦੀ ਸ਼ਕਲ ਵਿਚ ਦੇਣਾ ਚਾਹੀਦਾ ਹੈ।

ਅੰਤ ਵਿਚ ਮੈਂ, ਡਿਪਟੀ ਸਪੀਕਰ ਸਾਹਿਬ, ਇਹ ਚੀਜ਼ ਸਰਕਾਰ ਨੂੰ ਫਿਰ ਦੱਸਣਾ ਚਾਹੁੰਦਾ ਹਾਂ ਕਿ ਇਹ ਪੈਸਾ ਪੰਜਾਬ ਦੇ ਲੋਕਾਂ ਪਾਸੋਂ ਇਕੱਠਾ ਕੀਤਾ ਗਿਆ ਹੈ । ਚਾਹੀਦਾ ਤਾਂ ਇਹ ਸੀ ਕਿ ਜਿਸ ਤਰ੍ਹਾਂ ਪੰਜਾਬ ਨੇ ਲੜਾਈ ਵਿਚ ਨੁਕਸਾਨ ਉਠਾਇਆ ਹੈ, ਜਿਸ ਬਹਾਦਰੀ ਨਾਲ ਉਹ ਬਾਰਡਰ ਦੇ ਲੋਕ ਡੱਟੇ ਰਹੇ ਹਨ, ਅਤੇ ਬਾਕੀ ਪੰਜਾਬ ਦੀ ਜਨਤਾ ਉਨ੍ਹਾਂ ਨੂੰ ਜਿਸ ਤਰ੍ਹਾਂ ਉਤਸ਼ਾਹ ਦਿੰਦੀ ਰਹੀ ਹੈ, ਸਰਕਾਰ ਕੋਈ ਨਵਾਂ ਟੈਕਸ ਨਾ ਲਗਾਉਂਦੀ ਸਗੋਂ ਪੁਰਾਣੇ ਲਗਿਆਂ ਹੋਇਆਂ ਟੈਕਸਾਂ ਤੋਂ ਉਨ੍ਹਾਂ ਨੂੰ ਰਾਹਤ ਦੇਂਦੀ । ਪਰ ਕਿਉਂਕਿ ਇਸ ਸਰਕਾਰ ਨੇ ਰੁਪਿਆ ਇਕੱਠਾ ਕੀਤਾ ਹੈ ਇਸ ਲਈ ਇਹ ਰੁਪਿਆ ਉਨ੍ਹਾਂ ਉਜੱੜੇ ਹੋਏ ਲੋਕਾਂ ਨੂੰ ਚਾਹੇ ਉਹ ਕਿਸੇ ਜ਼ਾਤ ਨਾਲ ਸਬੰਧ ਰਖਦਾ ਹੋਵੇ, ਚਾਹੇ ਉਹ ਕਿਸੇ ਗੋਤ ਨਾਲ ਸਬੰਧ ਰਖਦਾ ਹੋਵੇ, ਚਾਹੇ ਉਹ ਕਿਸੇ ਧਰਮ ਨਾਲ ਸਬੰਧ ਰਖਦਾ ਹੋਵੇ, ਉਨ੍ਹਾਂ ਸਾਰਿਆਂ ਨੂੰ ਗਰਾਂਟ ਦੀ ਸ਼ਕਲ ਵਿਚ ਦੇਣਾ ਚਾਹੀਦਾ ਹੈ । ਇਸ ਲਈ ਮੈਂ ਇਸ ਮਤੇ ਵਿਚ ਚਾਹਾਂਗਾ ਕਿ ਜਿਸ ਤਰ੍ਹਾਂ ਸਰਦਾਰ ਸੁਰਿੰਦਰ ਸਿੰਘ ਕੈਰੋਂ ਨੇ ਤਰਮੀਮ ਵਾਸਤੇ ਆਖਿਆ ਹੈ ਉਸ ਤਰ੍ਹਾਂ ਹੀ ਤਰਮੀਮ ਹੋਵੇ ।

ਸਰਦਾਰ ਸੱਤਪਾਲ ਸਿੰਘ ਰੰਧਾਵਾ (ਦਸੂਹਾ) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਮਤਾ ਪੇਸ਼ ਹੋਇਆ ਹੈ ਮੈਂ ਇਸ ਉਤੇ ਬੋਲਣ ਲਈ ਖੜਾ ਹੋਇਆ ਹਾਂ । ਇਥੇ ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਫੈਕਟਰੀਆਂ ਸਿਰਫ ਬਾਰਡਰ ਦੇ ਇਲਾਕੇ ਦੀਆਂ ਹੀ ਬੰਦ ਨਹੀਂ ਹੋਈਆਂ ਬਲਕਿ ਬਲੈਕ-ਆਊਟ ਕਾਰਣ ਸਾਰੇ ਹਿੰਦੁਸਤਾਨ ਦੀਆਂ ਫੈਕਟਰੀਆਂ ਹੀ ਬੰਦ ਰਹੀਆਂ ਹਨ । ਸਾਰੇ ਹਿੰਦੁਸਤਾਨ ਵਿਚ ਟੋਟਲ ਬਲੈਕ-ਆਊਟ ਰਹੀ ਹੈ । ਜਿਥੋਂ ਤਕ ਸਾਡੇ ਪੰਜਾਬ ਦਾ ਸਵਾਲ ਹੈ ਬਾਰਡਰ ਦੀਆਂ ਫੈਕਟਰੀਆਂ ਦੇ ਨਾਲ ਬਾਕੀ ਕੰਮ ਵੀ ਬੰਦ ਰਿਹਾ ਹੈ ਅਤੇ ਫੈਕਟਰੀਆਂ ਦੀ ਪੈਦਾਵਾਰ ਘਟੀ ਹੈ । ਇਸ ਦੇ ਨਾਲ ਹੀ ਕਿਸਾਨ ਨੂੰ ਬਰਾਬਰ ਦਾ ਨੁਕਸਾਨ ਹੋਇਆ ਹੈ । ਕਿਸਾਨ ਦੇ ਖੇਤਾਂ ਵਿਚ ਟੈਂਕ ਫਿੱਟ ਕੀਤੇ ਗਏ, ਉਸ ਵਿਚਾਰੇ ਨੂੰ ਪਿੱਛੇ ਭੇਜਿਆ ਗਿਆ । ਇਥੋਂ ਤਕ ਕਿ ਨਰਮਾਂ ਚੁਗਣ ਤੋਂ ਵੀ ਲੋਕਾਂ ਨੂੰ ਮਿਲਟਰੀ ਵਲੋਂ ਰੋਕਿਆ ਗਿਆ । ਇਹ ਕਾਰਵਾਈ ਸਿਰਫ ਬਾਰਡਰ ਦੇ ਨਾਲ ਲਗਦੇ ਇਲਾਕੇ ਵਿਚ ਹੀ ਨਹੀਂ ਕੀਤੀ ਗਈ ਸਗੋਂ ਜਿਹੜਾ ਇਲਾਕਾ ਸੈਕੰਡ ਡਿਫੈਂਸ ਲਾਈਨ ਦੇ ਅੰਦਰ ਸੀ ਉਥੇ ਵੀ ਕੀਤੀ ਗਈ । ਉਨ੍ਹਾਂ ਲੋਕਾਂ ਦੀ ਵੀ ਇਮਦਾਦ ਹੋਣੀ ਚਾਹੀਦੀ ਹੈ । ਜਿਥੋਂ ਤਕ ਸਰਕਾਰ ਨੇ ਵਰਕਰਾਂ ਨੂੰ ਦਿਤੇ ਕਰਜ਼ਿਆਂ ਨੂੰ ਗਰਾਂਟਾਂ ਵਿਚ ਬਦਲਣਾ ਹੈ, ਮੈਂ ਇਹ ਬੇਨਤੀ ਕਰਾਂਗਾ, ਡਿਪਟੀ ਸਪੀਕਰ ਸਾਹਿਬ, ਕਿ ਬਾਕੀ ਦੇ ਵਰਗਾਂ ਦਾ ਵੀ ਖਿਆਲ ਰਖਿਆ ਜਾਵੇ । ਜਦੋਂ ਕੋਈ ਵੀ ਐਸਟੀਮੇਟ ਸਰਕਾਰ ਵਲੋਂ ਬਣਾਇਆ ਜਾਵੇ ਤਾਂ ਹਰ ਵਰਗ ਦਾ ਪੂਰਾ ਪੂਰਾ

[ਸਰਦਾਰ ਸੱਤਪਾਲ ਸਿੰਘ ਰੰਧਾਵਾ]

ਖਿਆਲ ਰਖਿਆ ਜਾਵੇ । ਕਰਜ਼ਿਆਂ ਵਾਸਤੇ ਮੇਰੀ ਬੇਨਤੀ ਹੈ ਕਿ ਜਿਸ ਤਰ੍ਹਾਂ ਮੇਰੇ ਹੋਰ ਮੈਂਬਰ ਸਾਹਿਬਾਨ ਨੇ ਦਸਿਆ ਹੈ ਕਿ ਉਹ ਲੋਕਾਂ ਦਾ ਹੀ ਪੈਸਾ ਹੈ ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਸ ਨੂੰ ਗਰਾਂਟਾਂ ਵਿਚ ਬਦਲ ਦੇਵੇ । ਡਿਪਟੀ ਸਪੀਕਰ ਸਾਹਿਬ, ਇਤਨਾ ਕੁਝ ਕਹਿੰਦਾ ਹੋਇਆ ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ ।

ਚੌਧਰੀ ਰਾਮ ਸਿੰਘ (ਪਠਾਨਕੋਟ) : ਡਿਪਟੀ ਸਪੀਕਰ ਸਾਹਿਬ, ਜਿਹੜਾ ਰੈਜ਼ੋਲਿਊਸ਼ਨ ਪੇਸ਼ ਹੋਇਆ ਹੈ ਮੈਂ ਉਸ ਦੀ ਪ੍ਰੋੜ੍ਹਤਾ ਕਰਨ ਲਈ ਖੜਾ ਹੋਇਆ ਹਾਂ ।

ਸਰਦਾਰ ਧੰਨਾ ਸਿੰਘ ਗੁਲਸ਼ਨ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਇਹ ਖੜੇ ਹੋਕੇ ਬੋਲਿਆ ਕਰਨ (ਹਾਸਾ) (ਵਿਘਨ)

ਚੌਧਰੀ ਰਾਮ ਸਿੰਘ : ਡਿਪਟੀ ਸਪੀਕਰ ਸਾਹਿਬ, ਇਹ ਜੰਗ ਜਿਹੜਾ ਕਿ ਪੰਜਾਬ ਦੇ ਵਿਚ ਹੋਇਆ ਬਲਕਿ ਹਿੰਦੁਸਤਾਨ ਵਿਚ ਹੋਇਆ, ਇਸ ਦਾ ਪੰਜਾਬ ਉਤੇ ਬਹੁਤ ਭੈੜਾ ਅਸਰ ਹੋਇਆ ਹੈ । ਮੈਨੂੰ ਇਹ ਪਤਾ ਹੈ ਕਿ ਜਿਹੜੀ ਇਹ ਚੌਦਾਂ ਦਿਨ ਲੜਾਈ ਰਹੀ ਹੈ, ਪੰਜਾਬ ਉਤੇ ਬੰਬਾਰਮੈਂਟ ਹੁੰਦੀ ਰਹੀ ਹੈ ਉਸ ਨਾਲ ਲੋਕਾਂ ਦੇ ਕਾਰੋਬਾਰ ਨੂੰ ਬੜਾ ਹੀ ਧੱਕਾ ਲਗਾ ਹੈ । ਹਰੀਜਨਾਂ ਦੇ ਕਾਰੋਬਾਰ ਬੰਦ ਹੋ ਗਏ ਹਨ ਲੇਕਿਨ ਉਨ੍ਹਾਂ ਨੂੰ ਮਜ਼ਬੂਰੀ ਸੀ । ਜਦੋਂ ਪਾਕਿਸਤਾਨ ਜੈਮਲਕੋਟ ਵਲ ਵਧਿਆ ਅਤੇ ਉਸ ਨੇ ਸਾਡੀਆਂ ਇਕ ਦੋ ਬਸਤੀਆਂ ਆਪਣੇ ਕਬਜ਼ੇ ਵਿਚ ਲੈ ਲਈਆਂ ਤਾਂ ਨੇੜੇ ਦੇ ਲੋਕ ਉਥੇ ਹੀ ਡਟੇ ਰਹੇ । ਹੋ ਸਕਦਾ ਹੈ ਕਿ ਅਮੀਰ ਆਦਮੀ ਪਿਛੇ ਆ ਗਏ ਹੋਣ ਪਰ ਗਰੀਬ ਕਿਸਾਨ, ਮਜ਼ਦੂਰ ਜਾਂ ਵਰਕਰਾਂ ਨੇ ਜਿਸ ਮਜ਼ਬੂਰੀ ਦੇ ਅੰਦਰ ਉਥੇ ਗੁਜ਼ਾਰਾ ਕੀਤਾ ਇਹ ਤਾਂ ਉਹ ਹੀ ਦਸ ਸਕਦੇ ਹਨ । ਲੇਕਿਨ ਸਾਨੂੰ ਉਨ੍ਹਾਂ ਵੀਰਾਂ ਦੇ ਹੌਸਲਿਆਂ ਦੀ ਦਾਦ ਦੇਣੀ ਚਾਹੀਦੀ ਹੈ । ਉਨ੍ਹਾਂ ਦੇ ਹੌਸਲੇ ਬੜੇ ਬੁਲੰਦ ਸਨ । ਪੰਜਾਬ ਤੇ ਹਮੇਸ਼ਾਂ ਔਕੜਾਂ ਆਈਆਂ ਪਰ ਇਥੇ ਦੇ ਬਹਾਦਰ ਵੀਰਾਂ ਨੇ ਉਨ੍ਹਾਂ ਸਭ ਮੁਸੀਬਤਾਂ ਦਾ ਡੱਟ ਕੇ ਮੁਕਾਬਲਾ ਕੀਤਾ । ਡਿਪਟੀ ਸਪੀਕਰ ਸਾਹਿਬ, ਬਾਰਡਰ ਦੇ ਏਰੀਏ ਵਾਸਤੇ ਗੌਰਮਿੰਟ ਆਫ਼ ਇੰਡਿਆਂ ਨੇ ਇਮਦਾਦ ਦਿਤੀ ਹੈ ਪ੍ਰੰਤੂ ਉਹ ਬਹੁਤ ਥੋੜੀ ਹੈ ਕਿਉਂਕਿ ਕਾਰੋਬਾਰ ਭਾਵੇਂ ਪੰਦਰਾਂ ਦਿਨ ਹੀ ਬੰਦ ਰਿਹਾ ਹੋਵੇ ਉਸ ਦਾ ਅਸਰ ਸਾਲ ਦੋ ਸਾਲ ਤਕ ਪੈਂਦਾ ਹੈ । ਇਸੇ ਤਰ੍ਹਾਂ ਹੀ ਇਸ ਲੜਾਈ ਦਾ ਅਸਰ ਕੇਵਲ ਬਾਡਰ ਤੇ ਹੀ ਨਹੀਂ ਹੋਇਆ ਸਗੋਂ ਸਾਰੇ ਪੰਜਾਬ ਤੇ ਹੋਇਆ ਹੈ । ਡਿਪਟੀ ਸਪੀਕਰ ਸਾਹਿਬ, ਜਿਸ ਤਰ੍ਹਾਂ ਪੰਜਾਬ ਗੌਰਮਿੰਟ ਨੇ ਲੋਕਾਂ ਤੇ ਕੋਈ ਇਸ ਸਾਲ ਟੈਕਸ ਨਹੀਂ ਲਗਾਇਆ ਉਸੇ ਤਰ੍ਹਾਂ ਹੀ ਗੌਰਮੈਂਟ ਆਫ਼ ਇੰਡੀਆ ਨੂੰ ਵੀ ਚਾਹੀਦਾ ਹੈ ਕਿ ਉਹ ਵੱਧ ਤੋਂ ਵੱਧ ਇਮਦਾਦ ਪੰਜਾਬ ਨੂੰ ਦੇਵੇ ਤਾਕਿ ਇਥੇ ਦੇ ਛੋਟੇ ਕਿਸਾਨਾਂ ਦਾ, ਮਜਦੂਰਾਂ ਦਾ ਅਤੇ ਹਰੀਜਨਾਂ ਦਾ ਕੰਮ ਚਲ ਸਕੇ ।

ਦਿਹਾਤਾਂ ਵਿਚ ਛੋਟੇ ਕਾਰੋਬਾਰ ਲਈ ਕਰਜ਼ੇ ਦੇਣੇ ਚਾਹੀਦੇ ਹਨ ਤਾ ਕਿ ਉਹ ਆਪਣੇ ਪੈਰਾਂ ਤੇ ਖੜੇ ਹੋ ਸਕਣ । ਇਸ ਤਰ੍ਹਾਂ ਹੀ ਬਾਰਡਰ ਤੇ ਜ਼ਿਆਦਾ ਇਮਦਾਦ ਦੇਣੀ ਚਾਹੀਦੀ ਹੈ ਤਾਕਿ ਉਹ ਲੋਕ ਉਥੇ ਡੱਟੇ ਰਹਿਣ । ਅੰਗਰੇਜ਼ਾਂ ਦੇ ਸਮੇਂ ਫਰੰਟੀਅਰ ਇਲਾਕੇ ਵਿਚ ਸਰਕਾਰ ਰਾਹੀਂ ਰੁਪਿਆ ਤਕਸੀਮ ਹੁੰਦਾ ਰਿਹਾ ਹੈ ਤਾਕਿ ਬਾਰਡਰ ਦੇ ਲੋਕ ਮਜ਼ਬੂਤੀ ਨਾਲ ਦੁਸ਼ਮਣ ਦਾ ਮੁਕਾਬਲਾ ਕਰ ਸਕਣ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੈਂਬਰ ਸਾਹਿਬ ਇਰਰੇਲੇਵੇਂਟ ਹੋ ਰਹੇ ਹਨ ਇਨ੍ਹਾਂ ਨੂੰ ਰੋਕਣਾ ਚਾਹੀਦਾ ਹੈ । (ਵਿਘਨ)

ਚੌਧਰੀ ਰਾਮ ਸਿੰਘ : ਅੰਗਰੇਜ਼ਾਂ ਦੇ ਵੇਲੇ ਵੀ ਰੁਪਿਆ ਬਾਰਡਰ ਦੇ ਇਲਾਕੇ ਦੀ ਮਜ਼ਬੂਤੀ ਵਾਸਤੇ ਖਰਚ ਕੀਤਾ ਜਾਂਦਾ ਰਿਹਾ ਹੈ। ਹੁਣ ਜਦੋਂ ਕਿ ਡੈਮੋਕ੍ਰੇਟਿਕ ਸਰਕਾਰ ਹੈ ਤਾਂ ਲਾਜ਼ਮੀ ਤੌਰ ਤੇ ਲੋਕਾਂ ਦੇ ਜ਼ਰਾਏ ਵਧਾਉਣ ਵਿਚ ਸਰਕਾਰ ਨੂੰ ਮੱਦਦ ਕਰਨੀ ਚਾਹੀਦੀ ਹੈ। ਉਨ੍ਹਾਂ ਨੂੰ ਗਰਾਂਟਾਂ ਦੇਣੀਆਂ ਚਾਹੀਦੀਆਂ ਹਨ ਤਾਕਿ ਉਹ ਆਪਣੇ ਕਾਰੋਬਾਰ ਚੰਗੇ ਕਰਕੇ ਬਾਰਡਰ ਨੂੰ ਮਜ਼ਬੂਤ ਬਣਾ ਸਕਣ।

ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਜੋ ਪੰਚਾਇਤ ਸੰਮਤੀਆਂ ਇਸ ਮਾਰ ਦੀ ਜ਼ਦ ਵਿਚ ਆ ਗਈਆਂ ਹਨ ਜਾਂ ਮਿਊਂਸਿਪਲ ਕਮੇਟੀਆਂ ਬਾਰਡਰ ਦੇ ਇਲਾਕੇ ਵਿਚ ਹਨ ਸਰਕਾਰ ਨੂੰ ਉਨ੍ਹਾਂ ਨੂੰ ਵੱਧ ਤੋਂ ਵੱਧ ਸਹਾਇਤਾ ਦੇਣੀ ਚਾਹੀਦੀ ਹੈ ਤਾਕਿ ਉਹ ਲੋਕਾਂ ਵਾਸਤੇ ਵਾਟਰ-ਸਪਲਾਈ ਅਤੇ ਹੋਰ ਸਹੂਲਤਾਂ ਮੁਹੱਈਆਂ ਕਰ ਸਕਣ। ਇਸੇ ਤਰ੍ਹਾਂ ਹੀ ਕਾਰੋਬਾਰ ਲਈ ਰੁਪਿਆ ਦਿਤਾ ਜਾਵੇ। ਪਰ ਰੁਪਿਆ ਉਨ੍ਹਾਂ ਨੂੰ ਕਰਜ਼ੇ ਦੇ ਰੂਪ ਵਿਚ ਨਹੀਂ ਦੇਣਾ ਚਾਹੀਦਾ ਸਗੋਂ ਉਹ ਰਕਮ ਗਰਾਂਟ ਦੇ ਰੂਪ ਵਿਚ ਦੇਣੀ ਚਾਹੀਦੀ ਹੈ। ਮੈਂ ਡਿਪਟੀ ਸਪੀਕਰ ਸਾਹਿਬ, ਅਰਜ਼ ਕਰਾਂ ਕਿ ਇਹ ਰੈਜ਼ੋਲਿਊਸ਼ਨ ਬਿਲਕੁਲ ਠੀਕ ਹੈ ਅਤੇ ਮੈਂ ਇਸ ਦੀ ਪ੍ਰੋੜ੍ਹਤਾ ਕਰਦਾ ਹਾਂ।

ਜਿਹੜੇ ਗਰੀਬ ਲੋਕ ਹਨ, ਆਪਣੇ ਹੱਥਾਂ ਨਾਲ ਕੰਮ ਕਰਦੇ ਹਨ, ਇਸ ਜੰਗ ਦੇ ਦੌਰਾਨ ਉਨ੍ਹਾਂ ਦੇ ਕਾਰੋਬਾਰ ਤਬਾਹ ਅਤੇ ਬਰਬਾਦ ਹੋ ਗਏ, ਮਕਾਨ ਬਰਬਾਦ ਹੋ ਗਏ। ਉਨ੍ਹਾਂ ਦੇ ਜਿਹੜੇ ਛੋਟੇ ਛੋਟੇ ਕੰਮ ਸਨ ਉਹ ਬੰਦ ਹੋ ਗਏ। ਜਦੋਂ ਮੈਂ ਜੈਮਲ ਸਿੰਘ, ਡੇਰਾ ਬਾਬਾ ਨਾਨਕ ਅਤੇ ਪਠਾਨਕੋਟ ਦੇ ਏਰੀਏ ਵਿਚ ਗਿਆ ਤਾਂ ਮੈਂ ਇਹ ਦੇਖਿਆ ਕਿ ਕਾਰਖਾਨੇ-ਦਾਰਾਂ ਨੇ ਮਜ਼ਦੂਰਾਂ ਨੂੰ ਕੱਢ ਦਿੱਤਾ ਹੈ। ਜਿਸ ਨੇ ਆਪਣੀ ਸਾਰੀ ਜ਼ਿੰਦਗੀ ਉਸ ਫੈਕਟਰੀ ਦੀ ਪੈਦਾਵਾਰ ਵਧਾਉਣ ਵਾਸਤੇ ਲਗਾਈ, 10, 20 ਸਾਲ ਉਥੇ ਲਗੇ ਰਹੇ ਲੇਕਿਨ ਜਿਸ ਵੇਲੇ ਜੰਗ ਆਈ ਤਾਂ ਉਨ੍ਹਾਂ ਨੂੰ ਦਾਣਿਆਂ ਤੋਂ ਮਹਿਰੂਮ ਕਰ ਦਿੱਤਾ ਗਿਆ। ਜੇ ਸਰਕਾਰ ਮਦਦ ਨਾ ਦਿੰਦੀ ਤਾਂ ਉਨ੍ਹਾਂ ਨੂੰ ਰੋਟੀ ਵੀ ਨਹੀਂ ਮਿਲਣੀ ਸੀ। ਮੈਂ ਬੇਨਤੀ ਕਰਾਂਗਾ ਕਿ ਪੰਜਾਬ ਗੌਰਮਿੰਟ ਭਾਰਤ ਸਰਕਾਰ ਨੂੰ ਜ਼ਿਆਦਾ ਤੋਂ ਜ਼ਿਆਦਾ ਰੁਪਿਆ ਦੇਣ ਵਾਸਤੇ ਮਜਬੂਰ ਕਰੇ। ਜਿਸ ਤਰ੍ਹਾਂ ਸਾਡੇ ਵੱਡੇ ਲੀਡਰਜ਼ ਨੇ ਕਿਹਾ ਹੈ ਕਿ ਪਾਕਿਸਤਾਨ ਦੀ ਨਜ਼ਰ ਅਜੇ ਵੀ ਅੱਛੀ ਨਹੀਂ ਹੈ, ਰਾਸ਼ਟਰਪਤੀ ਨੇ ਵੀ ਇਹ ਗਲ ਕਹੀ ਹੈ। ਇਸ ਲਈ ਸਾਨੂੰ ਚੁਕੰਨੇ ਰਹਿਣਾ ਚਾਹੀਦਾ ਹੈ। ਸਾਨੂੰ ਇਸ ਤਰ੍ਹਾਂ ਦੇ ਤਰੀਕਾਕਾਰ ਅਖਤਿਆਰ ਕਰਨੇ ਚਾਹੀਦੇ ਹਨ। ਪੰਜਾਬ ਦੇ ਬਾਰਡਰ ਦੇ ਲੋਕ ਬੜੇ ਗਰੀਬ ਹਨ, ਉਥੇ ਮਜ਼ਦੂਰ ਲੋਕ ਹਨ ਅਤੇ ਕਿਸਾਨ ਹਨ। ਇਨ੍ਹਾਂ ਲੋਕਾਂ ਦੀ ਮਦਦ ਕਰੋ ਤਾਂ ਕਿ ਇਨ੍ਹਾਂ ਦਾ ਕੰਮ ਜਾਰੀ ਰਹੇ। ਇਨ੍ਹਾਂ ਦੇ ਦਿਲ ਵਿਚ ਕੰਫੀਡੈਂਸ ਕਰੀਏਟ ਕਰੋ ਕਿ ਇਹ ਸਾਡਾ ਸੂਬਾ ਹੈ, ਸਾਡਾ ਭਾਰਤ ਹੈ, ਅਸੀਂ ਇਸ ਨੂੰ ਡੀਫੈਂਡ ਕਰੀਏ। ਇਹ ਦੇਸ਼ ਲੈਂਡਲਾਰਡਾਂ ਤੇ ਨਿਰਭਰ ਨਹੀਂ ਕਰ ਸਕਦਾ। ਬਾਰਡਰ ਏਰੀਏ ਦੇ ਜਿਹੜੇ ਵੱਡੇ ਵੱਡੇ ਕਾਰਖਾਨੇਦਾਰ ਹਨ, ਇਹ ਇਨ੍ਹਾਂ ਤੇ ਨਿਰਭਰ ਨਹੀਂ ਕਰਦਾ। ਜਦ ਤਕ ਗਰੀਬ ਕਿਸਾਨ ਅਤੇ ਮਜ਼ਦੂਰ ਬਾਰਡਰ ਤੇ ਮੌਜੂਦ ਹਨ ਤਦ ਤਕ ਹੀ ਸਾਡਾ ਬਾਰਡਰ ਡੀਫੈਂਡ ਹੋ ਸਕਦਾ ਹੈ। ਪੰਜਾਬ ਸਰਕਾਰ ਨੇ ਕਾਫੀ ਤਵੱਜੋ ਇਸ ਵਲ ਦਿੱਤੀ ਹੈ। ਪੰਜਾਬ ਸਰਕਾਰ ਨੇ ਅੱਜ ਸ਼ਾਮ ਨੂੰ ਹੀ ਇਸ ਸਿਲਸਿਲੇ ਵਿਚ ਮੀਟਿੰਗ ਬੁਲਾਈ ਹੈ ਜਿਸ ਵਿਚ ਬਾਰਡਰ ਦੇ ਲੋਕਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਸਹਾਇਤਾ ਦੇਣ ਤੇ ਵਿਚਾਰ ਹੋਵੇਗਾ। ਮੈਂ ਤੁਹਾਡੇ ਰਾਹੀਂ ਪੰਜਾਬ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਫੈਸਲਾ ਕਰਕੇ ਗੌਰਮਿੰਟ ਆਫ਼ ਇੰਡੀਆ ਤੋਂ ਜ਼ਿਆਦਾ ਤੋਂ ਜ਼ਿਆਦਾ ਪੈਸੇ ਲੈਣ ਕਿਉਂਕਿ ਪੰਜਾਬ ਸਰਕਾਰ ਨੇ ਟੈਕਸ ਨਾ ਲਾਉਣ ਦਾ ਫੈਸਲਾ ਕੀਤਾ

[ਚੌਧਰੀ ਰਾਮ ਸਿੰਘ]

ਹੈ। ਇਹ ਟੈਕਸ ਇਸ ਲਈ ਨਹੀਂ ਲਗਾਏ ਕਿਉਂਕਿ ਹਮੇਸ਼ਾ ਟੈਕਸ ਦਾ ਅਸਰ ਗਰੀਬ ਲੋਕ ਤੇ ਜ਼ਿਆਦਾ ਪੈਂਦਾ ਹੁੰਦਾ ਹੈ। ਇਨ੍ਹਾਂ ਨੇ ਬੜੇ ਵਾਇਦੇ ਕੀਤੇ ਹਨ ਕਿ ਡਿਵੈਲਪਮੈਂਟ ਕਰਨੀ ਹੈ, ਲਿੰਕ ਰੋਡਾਂ ਬਣਵਾਉਣੀਆਂ ਹਨ, ਬੈਕਵਰਡ ਏਰੀਆਜ਼ ਵਿਚ ਸਕੂਲ ਖੋਲ੍ਹਣੇ ਹਨ। ਇਹ ਸਾਰੇ ਕੰਮ ਕਰਨ ਲਈ ਪੈਸੇ ਦੀ ਲੋੜ ਹੈ। ਇਸ ਲਈ ਮੈਂ ਪੰਜਾਬ ਸਰਕਾਰ ਕੋਲੋਂ ਮੰਗ ਕਰਦਾ ਹਾਂ ਕਿ ਉਹ ਭਾਰਤ ਸਰਕਾਰ ਨੂੰ ਲਿਖਣ ਕਿ ਜ਼ਿਆਦਾ ਤੋਂ ਜ਼ਿਆਦਾ ਰੁਪਿਆ ਦਿੱਤਾ ਜਾਵੇ ਕਿਉਂਕਿ ਜੰਗ ਦਾ ਅਸਰ ਹਮੇਸ਼ਾ ਪੰਜਾਬ ਤੇ ਜ਼ਿਆਦਾ ਪੈਂਦਾ ਹੈ। ਡਿਪਟੀ ਸਪੀਕਰ ਸਾਹਿਬ, ਜਦੋਂ ਲੋਕ ਬਾਰਡਰ ਤੇ ਜਾ ਰਹੇ ਸੀ, ਸਾਡੀਆਂ ਫੌਜਾਂ, ਨੌਜਵਾਨ ਪਾਕਿਸਤਾਨ ਵਲ ਵੱਧ ਰਹੇ ਸੀ ਤਾਂ ਇਹ ਅਕਾਲੀ ਵੀਰ ਦਿੱਲੀ ਵਲ ਮੂੰਹ ਕਰ ਰਹੇ ਸਨ।

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੀ ਖਿਦਮਤ ਵਿਚ ਅਰਜ਼ ਕਰਾਂਗਾ ਕਿ ਇਹ ਬੜਾ ਦਰੁਸਤ ਰੈਜ਼ੋਲਿਊਸ਼ਨ ਹੈ। ਇਕ ਹੋਰ ਗਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਤਿੰਨਾਂ ਬਾਰਡਰ ਦੇ ਜ਼ਿਲ੍ਹਿਆਂ ਵਿਚ ਪੰਜਾਬ ਸਰਕਾਰ ਨੂੰ ਇੱਕ ਪਰਮਾਨੈਂਟ ਪਲਾਨ ਬਨਾਉਣਾ ਚਾਹੀਦਾ ਹੈ ਜੋ ਕਿ ਹਮੇਸ਼ਾ ਹੀ ਇਸ ਦੀ ਡਿਵੈਲਪਮੈਂਟ ਲਈ, ਇਨ੍ਹਾਂ ਲੋਕਾਂ ਵਿਚ ਕੰਫੀਡੈਂਸ ਕਰੀਏਟ ਕਰਨ ਲਈ ਅਤੇ ਇਨ੍ਹਾਂ ਗਰੀਬ ਲੋਕਾਂ ਦੀ ਮਦਦ ਲਈ, ਕੰਮ ਕਰੇ। ਗੌਰਮਿੰਟ ਆਫ ਇੰਡੀਆ ਜਿਹੜਾ ਪੈਸਾ ਦੇਵੇ ਉਹ ਏਡ ਦੀ ਸ਼ਕਲ ਵਿਚ ਦੇਵੇ ਮਦਦ ਦੀ ਸ਼ਕਲ ਵਿਚ ਦੇਵੇ ਨਾਂ ਕਿ ਕਰਜ਼ਾ ਦੇਵੇ। ਮੈਂ ਜ਼ਿਆਦਾ ਨਾ ਕਹਿੰਦਾ ਹੋਇਆ ਤੁਹਾਡਾ ਧੰਨਵਾਦ ਕਰਦਾ ਹਾਂ।

ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ (ਸ਼ੇਰਪੁਰ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਹੁਣੇ ਹੋਈ ਹਿੰਦ-ਪਾਕ ਜੰਗ ਵਿਚ ਸਾਡੇ ਪੰਜਾਬ ਦਾ ਬੜਾ ਨੁਕਸਾਨ ਹੋਇਆ ਹੈ। ਇਸ ਦੇ ਵਿਚ ਆਮ ਜਨਤਾ ਦਾ ਹੀ ਨੁਕਸਾਨ ਹੋਇਆ ਹੈ। ਜਿਹੜਾ ਸਰਮਾਏਦਾਰ ਹੈ, ਉਸ ਦਾ ਕੋਈ ਨੁਕਸਾਨ ਨਹੀਂ ਹੋਇਆ। ਅੱਜ ਤੋਂ ਪਹਿਲਾਂ ਜਿਤਨੀਆਂ ਲੜਾਈਆਂ ਹੋਈਆਂ ਹਨ ਉਸ ਦੇ ਵਿਚ ਗਰੀਬ ਜਨਤਾ ਹੀ ਨੁਕਸਾਨ ਵਿਚ ਜਾਂਦੀ ਰਹੀ ਹੈ। ਅਮੀਰ ਸਰਮਾਏਦਾਰ ਕੋਲ ਬੜੇ ਸਾਧਨ ਹਨ ਅਤੇ ਉਹ ਆਪਣੇ ਸਾਧਨ ਵਰਤ ਕੇ ਸੁਰਖਿਅਤ ਥਾਵਾਂ ਤੇ ਚਲਾ ਜਾਂਦਾ ਹੈ। ਇਸ ਕਰਕੇ ਜਿਹੜਾ ਨੁਕਸਾਨ ਹੁੰਦਾ ਹੈ ਉਹ ਆਮ ਜਨਤਾ ਦਾ ਹੁੰਦਾ ਹੈ। ਜਿਹੜੇ ਉਦਯੋਗਿਕ ਕਾਮੇ ਬੇਕਾਰ ਹਨ ਉਨ੍ਹਾਂ ਬਾਰੇ ਮਤਾ ਆਇਆ ਹੈ। ਬੇਰੁਜ਼ਗਾਰੀ ਹੋਣ ਦੇ ਕਈ ਕਾਰਣ ਹੁਦੇ ਹਨ। ਜਿਹੜੇ ਮਿੱਲ ਮਾਲਕ ਹੁੰਦੇ ਹਨ ਉਹ ਚਾਹੁਦੇ ਹਨ ਕਿ ਜਿਹੜੇ ਕਾਮੇ ਮੰਗਾਂ ਮੰਨਵਾਉਣ ਲਈ ਐਜੀਟੇਸ਼ਨ ਕਰਦੇ ਹਨ ਇਨ੍ਹਾਂ ਨੂੰ ਕਿਸੇ ਤਰ੍ਹਾਂ ਕਢਿਆ ਜਾਵੇ ਤੇ ਕੁਚਲਿਆ ਜਾਵੇ ਉਹ ਮੌਕੇ ਦੀ ਤਾੜ ਵਿਚ ਬੈਠਾ ਹੁੰਦਾ ਹੈ। ਹੁਣ ਉਸ ਮਿੱਲ ਮਾਲਕ ਨੇ ਜੰਗ ਦਾ ਬਹਾਨਾ ਲਾ ਕੇ ਮਜ਼ਦੂਰਾਂ ਦੀ ਛਾਂਟੀ ਕੀਤੀ ਤੇ ਕਾਰਖਾਨੇ ਬੰਦ ਕਰ ਦਿੱਤੇ। ਉਨ੍ਹਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ। ਇਸ ਤਰ੍ਹਾਂ ਬਹੁਤ ਮਜ਼ਦੂਰ ਬੇਰੋਜ਼ਗਾਰ ਹੋ ਗਏ ਹਨ। ਜੇਕਰ ਸਰਕਾਰ ਸਮਾਜਵਾਦ ਲਿਆਉਣਾ ਚਾਹੁੰਦੀ ਹੈ, ਕਾਗਜ਼ੀ ਸਮਾਜਵਾਦ ਨਹੀਂ ਅਸਲੀ ਰੂਪ ਵਿਚ ਸਮਾਜਵਾਦ ਲਿਆਉਣਾ ਚਾਹੁੰਦੀ ਹੈ ਅਤੇ ਮਜ਼ਦੂਰਾਂ ਦੀ ਹਾਲਤ ਨੂੰ ਬੇਹਤਰ ਬਣਾਉਣਾ ਚਾਹੁੰਦੀ ਹੈ ਤਾਂ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਹੋ ਜਿਹੇ ਕਾਨੂੰਨ ਬਣਾਵੇ ਕਿ ਮਿੱਲ ਮਾਲਕ ਇਹ ਛਾਂਟੀ ਨਾ ਕਰ ਸਕੇ ਅਤੇ ਨਾ ਹੀ ਕਾਰਖ਼ਾਨੇ ਨੂੰ ਬੰਦ ਕਰ ਸਕੇ। ਇਹ ਮਤਾ ਬੜਾ ਅੱਛਾ ਹੈ। ਇਹ ਜਿਹੜੇ ਕਰਜ਼ੇ ਦਿੱਤੇ ਗਏ ਹਨ ਇਹ ਉਦਯੋਗਿਕ ਕਾਮਿਆਂ ਵਾਸਤੇ ਹੀ ਨਹੀਂ ਹੋਣੇ ਚਾਹੀਦੇ ਬਲਕਿ ਗਰੀਬ ਕਿਸਾਨ ਅਤੇ ਖੇਤ ਦਾ ਮਜ਼ਦੂਰ,

ਜਿਸ ਦਾ ਬੜਾ ਨੁਕਸਾਨ ਹੋਇਆ ਹੈ, ਉਨ੍ਹਾਂ ਨੂੰ ਇਹ ਕਰਜ਼ਾ ਦੇਣਾ ਚਾਹੀਦਾ ਹੈ ਜਿਹੜੇ ਇਹ ਕਰਜ਼ੇ ਦਿੱਤੇ ਜਾ ਰਹੇ ਹਨ ਇਹ ਕਰਜ਼ਿਆਂ ਦੀ ਸ਼ਕਲ ਵਿਚ ਨਹੀਂ ਪਰੰਤੂ ਗਰਾਂਟਾਂ ਦੇ ਰੂਪ ਵਿਚ ਦੇਣੇ ਚਾਹੀਦੇ ਹਨ । ਜਿਹੜੇ ਬੇਰੋਜ਼ਗਾਰ ਮਜ਼ਦੂਰ ਹਨ, ਮੈਂ ਮੰਗ ਕਰਦਾ ਹਾਂ ਕਿ ਉਨ੍ਹਾਂ ਨੂੰ ਬੇਰੋਜ਼ਗਾਰੀ ਭੱਤਾ ਦਿੱਤਾ ਜਾਵੇ । ਸਾਡਾ ਕਿਸਾਨਾਂ ਦਾ ਬੜਾ ਨੁਕਸਾਨ ਹੋਇਆ ਹੈ । ਉਨ੍ਹਾਂ ਦੀਆਂ ਫ਼ਸਲਾਂ ਤਬਾਹ ਹੋ ਗਈਆਂ ਹਨ । ਮੈਂ ਮੰਗ ਕਰਦਾ ਹਾਂ ਕਿ ਜਿਨ੍ਹਾਂ ਦੀਆਂ ਫਸਲਾਂ ਤਬਾਹ ਹੋਈਆਂ ਹਨ ਉਨ੍ਹਾਂ ਨੂੰ ਮੁਆਵਜ਼ਾ ਮਿਲਣਾ ਚਾਹੀਦਾ ਹੈ । ਇਸੇ ਤਰ੍ਹਾਂ ਬਾਰਡਰ ਏਰੀਆਜ਼ ਵਿਚ ਜਿਹੜੇ ਮੁਲਾਜ਼ਮ ਰਹਿੰਦੇ ਹਨ ਉਨ੍ਹਾਂ ਦਾ ਬੜਾ ਨੁਕਸਾਨ ਹੋਇਆ ਹੈ । ਉਨ੍ਹਾਂ ਮੁਲਾਜ਼ਮਾਂ ਨੂੰ ਬਾਰਡਰ ਭੱਤਾ, ਰੀਲੀਫ ਦੇਣਾ ਚਾਹੀਦਾ ਹੈ ਤਾ ਕਿ ਉਹ ਆਪਣਾ ਕੰਮ ਚੰਗੀ ਤਰ੍ਹਾਂ ਕਰ ਸਕਣ ।

ਬਾਕੀ ਹਿੰਦ-ਪਾਕ ਦੇ ਦੌਰਾਨ ਜਿਹੜੇ ਬਾਰਡਰ ਏਰੀਆ ਦੇ ਲੋਕ ਬੇਕਾਰ ਹੋਏ ਹਨ ਕੈਂਪਾਂ ਵਿਚ ਬੈਠੇ ਹਨ, ਸ਼ਰਨਾਰਥੀ ਬਣੇ ਬੈਠੇ ਹਨ ਉਨ੍ਹਾਂ ਤੇ ਬੜਾ ਘੱਟ ਖਰਚ ਹੁੰਦਾ ਹੈ । ਜਿਸ ਤਰ੍ਹਾਂ ਅਸੀਂ ਬੰਗਲਾ ਦੇਸ਼ ਦੇ ਸ਼ਰਨਾਰਥੀਆਂ ਤੇ ਜ਼ਿਆਦਾ ਖਰਚ ਕੀਤਾ ਸੀ ਇਸੇ ਤਰ੍ਹਾਂ ਉਨ੍ਹਾਂ ਨੂੰ ਵੀ ਪੂਰੀਆਂ ਸਹੂਲਤਾਂ ਦਿੱਤੀਆਂ ਜਾਣ ।

ਅੰਤ ਵਿਚ ਮੈਂ ਮੰਗ ਕਰਦਾ ਹਾਂ ਕਿ ਮਜ਼ਦੂਰਾਂ ਦੀ ਹਾਲਤ ਨੂੰ ਬੇਹਤਰ ਬਣਾਉਣ ਦੇ ਲਈ ਕਾਰਖਾਨਿਆਂ ਦਾ ਕੌਮੀ-ਕਰਣ ਕੀਤਾ ਜਾਵੇ ਅਤੇ ਮਜ਼ਦੂਰਾਂ ਦੀ ਛਾਂਟੀ ਨੂੰ ਰੋਕਿਆ ਜਾਵੇ । ਕਾਰਖਾਨੇਦਾਰ ਜਿਹੜੇ ਬਹਾਨਾ ਲਾ ਕੇ ਕਾਰਖਾਨੇ ਬੰਦ ਕਰ ਦਿੰਦੇ ਹਨ ਇਨ੍ਹਾਂ ਨੂੰ ਰੋਕਣ ਲਈ ਕਾਨੂੰਨ ਬਣਾਇਆ ਜਾਵੇ । ਅਨਸਕਿਲਡ ਮਜ਼ਦੂਰ ਦੀ ਤਨਖਾਹ ਘੱਟ ਤੋਂ ਘੱਟ ਦੋ ਸੌ ਰੁਪਿਆ ਹੋਣੀ ਚਾਹੀਦੀ ਹੈ । ਜਿਹੜੇ ਕਰਜ਼ੇ ਦੇਣੇ ਹਨ ਇਹ ਕਰਜ਼ਿਆਂ ਦੇ ਰੂਪ ਵਿਚ ਨਹੀਂ ਬਲਕਿ ਗਰਾਂਟਾਂ ਦੀ ਸ਼ਕਲ ਵਿਚ ਦੇਣੇ ਚਾਹੀਦੇ ਹਨ । ਇਹ ਬੜੀ ਅੱਛੀ ਗਲ ਹੈ ਪਰ ਜਿਹੜੀਆਂ ਗਰਾਂਟਾਂ ਦਿੱਤੀਆਂ ਜਾ ਰਹੀਆਂ ਹਨ ਬੜੀਆਂ ਘੱਟ ਹਨ । ਇਤਨਾ ਕਹਿੰਦਾ ਹੋਇਆ ਮੈਂ ਭਾਸ਼ਣ ਖਤਮ ਕਰਦਾ ਹਾਂ ।

ਕਾਮਰੇਡ ਅਰਜਨ ਸਿੰਘ ਮਸਤਾਨਾ (ਵਲਟੋਹਾ) : ਡਿਪਟੀ ਸਪੀਕਰ ਸਾਹਿਬ, ਮੈਂ ਆਪ ਦੀ ਰਾਹੀਂ ਇਸ ਮਤੇ ਵਿਚ ਵਾਧਾ ਕਰਨਾ ਚਾਹੁੰਦਾ ਹਾਂ । ਮੈਂ ਉਸ ਇਲਾਕੇ ਦਾ ਰਹਿਣ ਵਾਲਾ ਹਾਂ ਜਿਹੜਾ ਕਿ 1965 ਵਿਚ ਵੀ ਉਜੜਿਆ ਸੀ ਅਤੇ ਹੁਣ ਛੇਵੀਂ ਵੇਰ ਉਜੜਿਆ ਹੈ । ਖੇਮ ਕਰਨ ਦੇ ਇਲਾਕੇ ਵਿਚ ਜਿਹੜੇ ਦੁਕਾਨਦਾਰ ਬੈਠੇ ਸਨ ਉਨ੍ਹਾਂ ਨੂੰ ਕੁਝ ਕਰਜ਼ੇ ਸਰਕਾਰ ਵਲੋਂ ਦਿਤੇ ਗਏ ਸਨ । ਪਰ ਜਦ ਖੇਮ ਕਰਨ ਪਹਿਲੀ ਵੇਰ ਉਜੜਿਆ ਤਾਂ ਇਨ੍ਹਾਂ ਦੇ ਇਹ ਕਰਜ਼ੇ ਗਰਾਂਟਾਂ ਵਿਚ ਨਹੀਂ ਸਨ ਬਦਲੇ ਗਏ, ਇਨ੍ਹਾਂ ਨੂੰ ਗਰਾਂਟ ਵਿਚ ਬਦਲ ਦੇਣਾ ਚਾਹੀਦਾ ਹੈ । ਇਨ੍ਹਾਂ ਛੋਟੇ ਦੁਕਾਨਦਾਰਾਂ ਦਾ ਕਾਫੀ ਨੁਕਸਾਨ ਹੋਇਆ ਹੈ । ਇਨ੍ਹਾਂ ਦੀ ਬਜਾਜ਼ੀ ਲੁਟੀ ਗਈ । ਜਿਹੜੇ ਛੋਟੇ ਉਦਯੋਗਪਤੀ ਸਨ ਉਨ੍ਹਾਂ ਨੂੰ ਪਿਛਲੀ ਜੰਗ ਵਿਚ ਜਦ ਨੁਕਸਾਨ ਹੋਇਆ ਤਾਂ ਕੋਈ ਕਿਸੇ ਕਿਸਮ ਦਾ ਇਕ ਪੈਸਾ ਵੀ ਰੀਲੀਫ ਨਹੀਂ ਦਿਤਾ ਗਿਆ । ਇਸ ਲਈ ਇਨ੍ਹਾਂ ਨੂੰ ਜਿਹੜੇ ਕਰਜ਼ੇ ਪਹਿਲਾਂ ਦਿਤੇ ਹੋਏ ਸਨ ਉਨ੍ਹਾਂ ਨੂੰ ਗਰਾਂਟਾਂ ਵਿਚ ਤਬਦੀਲ ਕਰਨਾ ਚਾਹੀਦਾ ਹੈ ।

ਇਸ ਦੇ ਨਾਲ ਹੀ ਕੁਝ ਹਰੀਜਨਾਂ ਨੂੰ ਅਤੇ ਕੁਝ ਹੋਰ ਗਰੀਬ ਲੋਕਾਂ ਨੂੰ ਮੱਝਾਂ ਵਾਸਤੇ ਕਰਜ਼ਾ ਦਿਤਾ ਗਿਆ ਸੀ । ਇਹ ਲੋਕ ਬਾਰਡਰ ਦੇ ਨਜ਼ਦੀਕ ਦੇ ਪਿੰਡਾਂ ਵਿਚ ਮੇਰੇ ਹਲਕੇ

[ਕਾਮਰੇਡ ਅਰਜਨ ਸਿੰਘ ਮਸਤਾਨਾ]

ਵਿਚ ਵਸਦੇ ਸਨ ਪਰ ਜਦ ਲੜਾਈ ਹੋਈ ਤਾਂ ਇਹ ਸਭ ਕੁਝ ਛਡ ਕੇ ਭਜ ਗਏ ਤੇ ਇਨ੍ਹਾਂ ਦੀਆਂ ਮੱਝਾਂ ਪਾਕਿਸਤਾਨ ਵਾਲੇ ਲੁਟ ਕੇ ਲੈ ਗਏ। ਇਨ੍ਹਾਂ ਦੇ ਕਰਜ਼ੇ ਵੀ ਗਰਾਂਟਾਂ ਵਿਚ ਤਬਦੀਲ ਹੋਣੇ ਚਾਹੀਦੇ ਹਨ।

ਇਕ ਗਲ ਮੈਂ ਹੋਰ ਇਹ ਕਹਿਣਾ ਚਾਹੁੰਦਾ ਹਾਂ ਕਿ ਅਜ ਤੋਂ ਕੋਈ 15 ਦਿਨ ਪਹਿਲਾਂ ਖੇਮ ਕਰਨ ਵਿਚ ਇਕ ਕਿਸਾਨ ਦਾਂ ਲੜਕਾ, ਜਿਹੜਾ ਕਿ ਟ੍ਰੈਕਟਰ ਤੇ ਬੈਠਾ ਸੀ, ਉਸ ਨੇ ਉਹ ਟੈਕਟਰ ਕਰਜ਼ੇ ਤੇ ਲਿਆ ਸੀ ਇਕ ਮਾਈਨ ਦੇ ਫਟ ਜਾਣ ਨਾਲ ਉਸ ਦੀ ਬੋਟੀ ਬੋਟੀ ਹੋ ਗਈ ਅਤੇ ਟ੍ਰੈਕਟਰ ਵੀ ਤਬਾਹ ਹੋ ਗਿਆ ਇਸ ਤਰ੍ਹਾਂ ਦੀਆਂ ਹਾਲਤਾਂ ਵਿਚ ਵੀ ਕਰਜ਼ੇ ਮਾਫ ਹੋਣੇ ਚਾਹੀਦੇ ਹਨ।

ਇਹ ਗਲ ਹਾਊਸ ਦੇ ਬਹੁਤ ਸਾਰੇ ਮੈਂਬਰ ਸਾਹਿਬਾਨ ਨੂੰ ਪਤਾ ਹੈ ਕਿ ਖੇਮ ਕਰਨ ਪਿਛਲੀ ਵੇਰ 196 ਦੀ ਜੰਗ ਵਿਚ ਪਾਕਿਸਤਾਨ ਦੇ ਹੇਠ ਰਿਹਾ ਅਤੇ ਇਥੇ ਕਈ ਤਰ੍ਹਾਂ ਦਾ ਨੁਕਸਾਨ ਹੋਇਆ। ਕਈਆਂ ਨੇ ਚਕੀਆਂ ਲਗਾਈਆਂ ਹੋਈਆਂ ਸਨ ਉਨ੍ਹਾਂ ਦੀਆਂ ਮੋਟਰਾਂ ਉਹ ਲਾਹ ਕੇ ਲੇ ਗਏ। ਜੁਲਾਹੇ ਕੰਮ ਕਰਦੇ ਸਨ ਇਨ੍ਹਾਂ ਦਾ ਸਾਮਾਨ ਚੁਕ ਕੇ ਉਹ ਲੈ ਗਏ। ਇਨ੍ਹਾਂ ਨੇ ਇਹ ਸਾਮਾਨ ਕਰਜ਼ਾ ਲੈ ਕੇ ਬਣਾਇਆ ਹੋਇਆ ਸੀ। ਇਨ੍ਹਾਂ ਨੂੰ ਇਹ ਕਰਜ਼ਾ ਵੀ ਗਰਾਂਟ ਦੇ ਰੂਪ ਵਿਚ ਬਦਲ ਦੇਣਾ ਚਾਹੀਦਾ ਹੈ। ਇਹ ਕੋਈ ਬਹੁਤੀ ਵਡੀ ਰਕਮ ਨਹੀਂ, ਫ਼ਾਜ਼ਿਲਕਾ ਗਨੀਆਂ ਬਾਂਗਰ ਆਦਿ ਦੇ ਇਲਾਕਿਆਂ ਨੂੰ ਰਲਾ ਕੇ ਇਹ ਰਕਮ 55 ਲਖ ਦੇ ਕਰੀਬ ਬਣਦੀ ਹੈ। 1965 ਤੋਂ ਲੈ ਕੇ ਹੁਣ ਤਕ ਕਿਸੇ ਨੇ ਇਸ ਪਾਸੇ ਕੋਸ਼ਿਸ਼ ਹੀ ਨਹੀਂ ਕੀਤੀ। ਜਿਨ੍ਹਾਂ ਕਿਸਾਨਾਂ ਦਾ ਪਿਛਲੀ ਵੇਰ 1965 ਵਿਚ ਨੁਕਸਾਨ ਹੋਇਆ ਸੀ ਉਨ੍ਹਾਂ ਦੇ ਕਰਜ਼ਿਆਂ ਨੂੰ ਮਾਫ ਨਹੀਂ ਕੀਤਾ ਗਿਆ। ਹੁਣ ਤਾਂ ਸੈਂਟਰਲ ਗੌਰਮੈਂਟ ਨੇ ਰਕਮ ਰਖੀ ਹੈ ਫੀ ਬਲਦ 1,000 ਰੁਪਿਆ ਅਤੇ ਇਸੇ ਤਰ੍ਹਾਂ ਦੀ ਮੱਝ ਇਕ ਹਜ਼ਾਰ, ਭਾਵੇਂ ਅਜ ਕਲ ਮੱਝ 2,000 ਜਾਂ ਢਾਈ ਹਜ਼ਾਰ ਤੋਂ ਘਟ ਚੰਗੀ ਨਹੀਂ ਮਿਲਦੀ। ਪਰ ਖੇਮਕਰਨ ਦੇ ਇਲਾਕੇ ਵਿਚ 1965 ਦੇ ਦੌਰਾਨ ਪੈਂਤੀ ਪੈਂਤੀ ਮੱਝਾਂ ਪਾਕਿਸਤਾਨ ਵਾਲੇ ਹੱਕ ਕੇ ਲੈ ਗਏ ਅਤੇ ਕਾਫੀ ਨੁਕਸਾਨ ਹੋਇਆ। ਇਨ੍ਹਾਂ ਦੇ ਬਾਰੇ ਵਿਚ ਕੋਈ ਗਰਾਂਟ ਨਹੀਂ ਦਿਤੀ ਗਈ। ਫਿਰ ਇਥੇ ਬਲਦਾਂ ਦਾ ਕਾਫੀ ਨੁਕਸਾਨ ਹੋਇਆ। ਦੋ ਸਾਹਨ ਅਜੇਹੇ ਸਨ ਜਿਹੜੇ ਕਿ ਇਨਾਮ ਜਿਤ ਕੇ ਭਾਰਤ ਵਿਚ ਆਏ ਹਨ ਪਰ ਮਾਈਨਾਂ ਨਾਲ ਉਡ ਗਏ। ਇਸ ਤਰ੍ਹਾਂ ਗਰੀਬ ਅਤੇ ਦਰਮਿਆਨੇ ਦਰਜ਼ੇ ਦੇ ਲੋਕਾਂ ਦਾ ਕਾਫੀ ਨੁਕਸਾਨ ਹੋਇਆ। ਫਿਰ ਇਨ੍ਹਾਂ ਨੂੰ ਕਰਜ਼ਾ ਬਲਦਾਂ ਅਤੇ ਮੱਝਾਂ ਲਈ ਦਿਤਾ ਗਿਆ। ਇਸ ਗਲ ਨੂੰ ਮੈਂ ਮਤੇ ਵਿਚ ਐਡ ਕਰਵਾਉਣਾ ਚਾਹੁੰਦਾ ਹਾਂ ਕਿ ਇਸ ਨੂੰ ਵੀ ਗਰਾਂਟ ਵਿਚ ਤਬਦੀਲ ਕਰ ਦਿਤਾ ਜਾਵੇ। ਜੋ ਤਲਵਾਰ ਕਰਜ਼ੇ ਦੀ ਕਿਸਾਨ ਦੇ ਸਿਰ ਤੇ, ਹਰੀਜਨ ਦੇ ਸਿਰ ਤੇ ਲਟਕਦੀ ਹੈ ਇਸ ਨੂੰ ਸਦਾ ਲਈ ਖਤਮ ਕਰਨ ਲਈ ਇਨ੍ਹਾਂ ਦੇ ਕਰਜ਼ਿਆਂ ਨੂੰ ਗਰਾਂਟਾਂ ਵਿਚ ਤਬਦੀਲ ਕੀਤਾ ਜਾਵੇ।

ਕਈ ਪਿੰਡ ਅਜ ਵੀ ਪਾਕਿਸਤਾਨ ਦੇ ਥਲੇ ਹਨ। ਨਾਰਲੀ ਦਾ ਕੁਝ ਹਿਸਾ ਅਤੇ ਕਲਸ ਆਦਿ ਇਥੇ ਪਾਕਿਸਤਾਨੀ ਫੌਜਾਂ ਬੈਠੀਆਂ ਹਨ। ਇਨ੍ਹਾਂ ਦੀ ਇਹ ਹਾਲਤ ਹੈ ਕਿ ਇਥੇ ਕਈਆਂ ਨੇ ਲੈਂਡ ਮਾਰਟਗੇਜ ਬੈਂਕ ਤੋਂ ਕਰਜੇ ਲਏ ਸਨ ਅਤੇ ਕੁਆਪਰੇਟਿਵ ਸੁਸਾਇਟੀਆਂ ਤੋਂ ਕਰਜ਼ੇ ਲਏ ਸਨ। ਇਨ੍ਹਾਂ ਦੇ ਕਰਜ਼ਿਆਂ ਨੂੰ ਜੇਕਰ ਗਰਾਂਟਾਂ ਵਿਚ ਨਾ ਬਦਲਿਆ ਗਿਆ ਤਾਂ ਇਨ੍ਹਾਂ ਨਾਲ ਅਨਿਆਂ ਨਹੀਂ ਹੋਵੇਗਾ। ਫਿਰ ਇਸ ਇਲਾਕੇ ਵਿਚ ਡਿਫੈਂਸ ਡਰੇਨ ਤੇ ਗੋਲਾ ਬਾਰੀ ਹੁੰਦੀ ਰਹਿੰਦੀ ਹੈ ਅਤੇ ਇਹ ਗਲ ਐਮ. ਪੀ. ਵੀ ਵੇਖ ਆਏ ਹਨ। ਮੈਂ ਅਜ ਵੀ

ਇਸ ਇਲਾਕੇ ਦੀ ਹਾਲਤ ਨੂੰ ਵਿਖਾਉਣ ਨੂੰ ਤਿਆਰ ਹਾਂ ਕਿ ਖੇਮ ਕਰਨ ਵਿਚ ਅਤੇ ਮੇਰੇ ਸਾਰੇ ਹਲਕੇ ਵਿਚ ਲੋਕ ਕਿਸ ਹਾਲਤ ਵਿਚ ਰਹਿ ਰਹੇ ਹਨ। ਹੇਠਾ ਪਰਾਲੀ ਤੇ ਸੌਂਦੇ ਹਨ। ਇਨ੍ਹਾਂ ਪਾਸ ਨਾ ਤਾਂ ਕੋਈ ਮੰਜਾ ਹੈ ਅਤੇ ਨਾ ਬਿਸਤਰਾ ਹੈ। ਥਟੀ ਜੈਮਲ ਸਿੰਘ ਦੀ ਤਾਂ ਇਹ ਹਾਲਤ ਹੈ ਕਿ ਪਾਣੀ 10 ਫੁਟ ਤਕ ਹੈ। ਇਹ ਇਛੋਗਿਲ ਕੈਨਾਲ ਤੋਂ ਇਕ ਮੀਲ ਦੀ ਵਾਟ ਤੇ ਹੈ। ਢਿਲੋਂ ਸਾਹਿਬ, ਸਪੀਕਰ ਲੋਕ ਸਭਾ ਨੂੰ ਨਾਲ ਲੈਕੇ ਮੈਂ ਇਹ ਇਲਾਕਾ ਵਿਖਾਇਆ ਹੈ। ਇਥੇ ਡਰ ਸਦੀ ਬਣਿਆ ਰਹਿੰਦਾ ਹੈ। ਜੇਕਰ ਕੋਈ ਗਲ ਇਸ ਤਰ੍ਹਾਂ ਦੀ ਹੋ ਜਾਵੇ ਤਾਂ ਇਸ ਥਾਂ ਤੋਂ ਤਾਂ ਇਕ ਬਚਾ ਵੀ ਨਹੀਂ ਨਿਕਲ ਸਕਦਾ। ਇਸ ਤਰ੍ਹਾਂ ਦੇ ਬਾਰਡਰ ਦੇ ਮਸਲੇ ਹਨ। ਉਨ੍ਹਾਂ ਨੂੰ ਸਾਹਮਣੇ ਰਖ ਕੇ ਖੇਤ ਮਜ਼ਦੂਰਾਂ ਅਤੇ ਗਰੀਬ ਹਟਵਾਣੀਏ ਦਾ ਖਿਆਲ ਕਰਨਾ ਚਾਹੀਦਾ ਹੈ, ਜਿਹੜੇ ਆਪ ਤਬਾਹ ਹੋ ਗਏ ਹਨ ਪਰ ਹਿੱਲੇ ਨਹੀਂ ਅਤੇ ਮੌਤ ਦੇ ਮੂੰਹ ਵਿਚ ਬੈਠੇ ਹਨ। ਇਨ੍ਹਾਂ ਦੇ ਸਾਰੇ ਕਰਜੇ ਗਰਾਂਟਾਂ ਵਿਚ ਬਦਲ ਦੇਣੇ ਚਾਹੀਦੇ ਹਨ।

चौधरी कांशी राम (फाज़िलका): उपाध्क्ष महोदय, यह जो प्रस्ताव हमारे साथियों ने पेश किया है इसमें से सैक्शनलिज़म की बू आती है। यह जो सोसाइटी थी इसको मनुस्मृति के द्वारा बांटा गया। उसका जो विरोध इस साइड से होता है या उस साइड से होता है उस से हाऊस परिचित है। मनुस्मृति के द्वारा क्लासिफिकेशन हुई। ब्राह्मण क्षत्री वैश तथा शूद्र तबके बने और शूद्र तबके को महात्मा गांधी ने हरिजनों का नाम दिया और यह आज कांग्रेस के समर्थन से ऊंचा उठने का यत्न कर रहे हैं। यहां पर इन्डस्ट्रियल वर्कर की बात हुई और कहा गया कि हिन्द और पाकिस्तान के बीच जो जंग हुई उसमें इंडस्ट्री में काम करने वालों को नुक्सान हुआ। लेकिन मेरा यह अनुभव है कि देहात का जो वर्कर है और जो खेती मज़दूर है, छोटा किसान है, उसका नुक्सान हुआ है और इस कैटेगरी वालों से अधिक हुआ है क्योंकि इन्डस्ट्रियल वर्करों की अपनी छोटी छोटी आरगेनाइज़ेशन्ज़ हैं और फिर इनकी पोलीटीकल पार्टियां अगवाही करती हैं और इनकी आवाज़ उठाती हैं। लेकिन खेती मज़दूर की न कोई आवाज़ है, न कोई उनकी बात सुनने वाला है और न ही उनका कोई वकील बनने को तैयार है। इसलिये वे दुखी और पीड़ित हैं। और दूसरी तरफ सरकार ने जिमीदारों के बारे में 10 मील के बार्डर के साथ पट्टी बनाई थी और यह फैसला किया था कि यहां पर लैंड रैविन्यु नहीं लिया जाएगा और वाटर रेट नहीं लगेगा। इससे बड़े ज़िमींदार का मालिया माफ हो गया और आबियाना माफ हो गया। लेकिन जो असर युद्ध में हरिजनों परतथा खेती मज़दूर पर पड़ा है इसका कोई ख्याल नहीं रखा गय और किसी किस्म की कोई रियायत नहीं दी गई। न ही असैंबली के फलोर पर इसके बारे में डिसकशन की है। न ही कोई आरगेनाईज़ेशन बोली है। यह एक सैकशनलिज़म की बात है। और जो जरूरतमंद क्लास है उसका ज़िक्र नहीं किया गया। लेबर क्लास में इन्डस्ट्री की लेबर है, शहरों में काम करती लेबर है और दूसरे खेती मजदूर हैं इन सब के बारे में प्रबन्ध किया जाना चाहिए। और यह जो इस रैज़ोल्यूशन पर कम्यूनिस्ट पार्टी और अन्य पार्टियां इकट्ठी हुई हैं यह हमारे ख्याल में प्रगतिशील होने में रुकावट पैदा करेंगी। (विघ्न)

कलासीफिकेशन के मुताबिक मैं अर्ज़ करूंगा कि मनु जी महाराज ने जैसे लोगों को 4 वर्गों में बांटा था इसी तरह से सर छोटूराम के ज़माने में भी लोगों को शहरी और दिहाती के नाम पर उभारा गया। उनको आपस में लड़ाया गया। यहां तक कि जब शहरी कम्यूनिटी

[चौधरी कांशीं राम]

ऐग्रीकल्चर करने के लिये कभी गांव में गई तो उनके खिलाफ नाहरे लगे । यहां तक कहा जाता था कि :—

पशू कोई कोई भला,
बनिया भला न कोए ।

तमाम वर्ग को, समुचे सैक्शन को ही वह शहिरी कहा करते थे । इसी तरह से इस लेबर क्लास को भी ऐग्रीकलचरिस्ट और नान–ऐग्रीकलचरिस्ट की दो क्लासों में बांट कर आपस में लड़ाया गया । आपस में लड़ाया इस तरह गया कि इन्डस्ट्रीअल लेबर को तरह तरह की छूट दी गई । मैं इस रैज़ोल्यूशन में यह संशोधन चाहूंगा कि जिस तरह की छूट इन्डस्ट्रियल लेबर को है उतनी ही दिहाती लेबर को होनी चाहिए । इसे भी वंचित न किया जाये । आप दूर न जायें मैं एक छोटी सी मिसाल देता हूँ कि एक जाट का लड़का जिसके पास बहुत थोड़ी ज़मीन हो उसकी जल्दी जल्दी जाट कम्यूनिटी में शादी हो नहीं सकती । सी तरह से वह बनिया जिस के पास तकड़ी-बटे का काम नहीं है, बेशक उसके पास कितनी भी ज़मीन क्यों न हो, यह ज़रूर होगा कि मारवाड़ी किसी ऐसे अग्रवाल बनिये के विवाहेगा नहीं । मुझे खेद है कि मेरे उन दोस्तों ने जिन्होंने यह रैज़ोल्यूशन दिया है, इसको सैक्शनलिज़म की रंगत देने की कोशिश की है । यह एक बहुत ही बुरी बात है । अगर आप वारहिट इलाके की बात करते हैं जिसको मैं यहां रिपरजैंट करता हूँ, यह एक ऐसा इलाका है जहां पर पिछली लड़ाई के दिनों सब से ज्यादा नुक्सान हुआ। 25 और 26 तारीख के दरम्यान जो हमला हुआ इसमें मेरे इलाके के लोगों का बहुत जानी और माली नुकसान हुआ। उस दिन हमारे 275 आदमी पाकिस्तानी कैप्चर करके ले गये जिनका आज तक कोई पता ही नहीं है । यह ठीक है कि पंजाबियों की फतह के गीत जगह जगह गाये जाते हैं जहां इन्हों ने झंडे गाड़े उनका ज़िक्र किया जाता हैं मगर यहां पर बहादरी का सवाल नहीं हम तो यह जानना चाहते हैं कि जो हमारे इलाके के लोग कैप्चर हुए वह सुरक्षित भी हैं या नहीं । हमारे यह भाई, बहने और बच्चे जीवित हैं या मौत के घाट उतार दिये गये हैं, यह किसी रैड क्रास सोसाइटी ने या इंट्रनैशनल रैड क्रास सोसाइटी ने आज तक कोई खबर तक नहीं दी । डिप्टी स्पीकर साहिब, मैं इसे हाऊस से तवक्को करता हूँ कि वह रैडक्रास या इंट्रनैशनल रैड क्रास सोसाइटी की मारफत इन कैप्चर किये गए आदमियों का पता लगाये ।

बार्डर के जंग पीड़ित लोगों को ग्रांट देने की यहां पर बातें हुई हैं इसके मुताल्लिक भी मैं अर्ज़ करूँगा कि यह जो पालिसी अपनाई गई है ग्रांट देने की वैसे तो यह लाखों तक चलती है मगर हमारे इलाके को छोड़ कर चलती है । इंट्रनैशनल बार्डर, जिसका नाम लेकर ऐक्स पलायटेशन होती है, हमारा इलाका बार्डर की बैंक से लगता है, पाकिस्तानी फौजों ने इस को भी क्रास करके अपने फीट हमारे इलाके पर रखे हुए हैं । मुझे यह बात समझमें नहीं आती कि जब आफिसर्ज़ हमारे जवानों को इस इलाके में, इंट्रनैशनल बार्डर पर पहरा देते हुए देखते हैं कैसे वर्लड-वाइडली उन के सर ऊंचे हो जाते हैं, यह मैं समझ नहीं पाया । इसके साथ ही जब वहां कोई ग्रांट या रिलीफ देने का सवाल पैदा होता है तो कहा जाता है कि यहां पर तो पाकिस्तान की फौज बैठी हुई है यह बार्डर कैसे बनता है ? एक मसला हमारे इन लोगों के लिये और भी है कि उनको दिन में खेतों को जाने की छूट है । हम अपने खेतों में 8 से 5½ बजे तक जा और आ

सकते हैं। जो रास्ते की तकलीफें हैं वह कोई जानता ही नहीं, जगह जगह माईन्ज़ लगी हुई हैं। अभी पिछले दिनों की बात है 4 तारीख को एक माईन चलने से बड़ा नुकसान हुआ था मगर हमें मजबूरन इन खेतों में जाना ही पड़ता है क्योंकि जो पशू धन हमारे पास है उसके लिये चारा लाने के लिये और कहीं कोई जगह नहीं है। मगर जब नुकसान की बात होती है तो यही लाल फीता शाही वाले आफिसर कहते हैं कि तुम वहां पर जाते ही क्यों हो। अगर वहां नहीं जाते तो वह खेत तो सादा मिट्टी है, रेत के टीले हैं, वहां पर जाकर देखने से कोई पैदावार नहीं होनी जब तक उन में हल न लगाया जाय, कुछ बोया न जाये और खाद डालकर पानी न दिया जाये। क्या सरकार यह साबत कर सकती है कि ऐसे लोगों की इमदाद के लिये इन्होंने आज तक कभी कोई कदम उठाये हैं? हां पाबंदियां ज़रूर लगी हुई हैं कि इस वक्त इन खेतों में जाना है, इस वक्त मिलना है और पता नहीं क्या कुछ करना है इस तरह की लाखों इनस्टासिज़ हैं। मेरा गांव रूप नगर बारिका एक ऐसा गांव है जहां अगर जाना हो तो बड़ी दूर से होकर आना पड़ता है। अगर किसी वक्त किसी आदमी को वहां से अपने खेत में भी जाना हो तो उसे 12 मील का सफर करना पड़ता है। 8 बजे से $5\frac{1}{2}$ बजे के अन्दर आना और जाना होता है। इस दौरान उसको काम करने के लिये क्या टाईम बचेगा। यहां पर जो आफिसर्ज़ आते हैं वह अपने लंबे चौड़े नोट लिख जाते हैं। यह ठीक है कि यह लोग अंग्रेज़ी बहुत पढ़े हुए हैं, ड्राफटिंग भी इनकी बहुत अच्छी है। मगर आज तक इनके लिखे का जवाब कोई नहीं मिला। यहां पर सब-डिविजनल आफिसर्ज़ भी आये, एक दो बार डिप्टी कमिश्नर साहिब लिख गये हैं। कई मंत्रियों से भी भेंट की है मगर हमारा भला करने की बजाय इन्होंने सैक्शनलिज़म को ऊंचा किया है। हमारे ऊपर पाबंदियां बढ़ती जा रही हैं। इनको कम तो किसी ने क्या करना था। यहां पर मेरे साथी सरदार अर्जन सिंह मस्ताना ने कहा है कि भ्ष्टाचार में पैसे लेकर तब रिलीफ देते है। मैं कहता हूँ कि यह दो ढाई हज़ार तक लेते हैं जो गरीब आदमी दे नहीं सकते उसको रिलीफ देने से इगनोर कर दिया जाता है। यह गरीब दान दे नहीं सकते, मज़दूरी करके या भेड़ बकरियां चरा कर यह गुजारा करते हैं। इनके एक आदमी में 2–4 मर्दों की तौफीक होती है। मगर रिलीफ ऐण्ड रिहैबीलीटेशन कमेटी ने, जोकि सिटीज़न कौंसिल आफ़ इण्डिया ने बनाई थी, उनका कोई मूल्य नहीं समझा। उसके सैक्रटरी शायद काहलों साहब थे जोकि गवर्नमैंट आफ़ इण्डिया के डिप्टी सैक्रेटरी हैं। उन्होंने भेड़ बकरियों की कोई कीमत नहीं लगाई। यह यही एक जगह है जहां एसी बात हुई है वरना और दुनिया में कहीं न होती तो यह कारकरदगी है उस रिलीफ़ ऐण्ड रिहैवलीटेशन कमेटी की। गरीब आदमियों के साथ, हरिजनों के साथ, खेत मज़दूरों के साथ, और छोटे किसानों के साथ इन्साफ नहीं हुआ। इस लिए, डिप्टी स्पीकर साहिब, मैं रिहैबीलीटेशन मिनिस्टर से रिक्वैस्ट करूँगा कि इस ओर फौरी तौर पर ध्यान दें। अगर यह कहा जाए कि सरकार हमारा सारा नुक्सान पूरा कर देगी तो, डिप्टी स्पीकर साहिब, मैं आपको विश्वास दिलाता हूं कि हम सरकार से ऐसी तववको नहीं रखते। हमारा नुकसान यह सरकार तो क्या दुनिया की कोई सरकार भी पूरा नहीं कर सकती। मैं याद दिलाना चाहता हूँ कि इस सैक्टर में, फाजिल्का के सैक्टर में, लोगों की ज़मीनें छिन गईं, घर छिन गए, बहू-बेटियां छिन गईं परन्तु फिर भी हमें गौरव है कि हम ने इस यज्ञ में सब से अधिक आहुती दी है। (थम्पिग)

डिप्टी स्पीकर साहिब, मैं आपके द्वारा यह बेनती करूँगा कि यह जो रैज़ोल्यूशन पेश.

[चौधरी कांशी राम]

किया गया है, इसमें सैक्शनिलिज्म भरा हुआ है । इसमें एक ही वर्ग का ज़िक्र किया गया है जबकि नुकसान हर वर्ग का हुआ है । गरीब आदमी का, खेत मजदूर का, इन्डिस्ट्रिअल मजदूर का, सब का नुकसान हुआ है । उन सब को कम्पनसेट करना चाहिए । जिस के पास एक लाख रुपया हो तो उस के लिए 10–20 हज़ार दान कर देना कोई बड़ी बात नहीं, मामूली बात है, परन्तु जिस के पास केवल 2 रोटियां हों तो उसके लिए एक रोटी दान कर देना बहुत बड़ी बात है । अमीर आदमियों ने वार फंड दिया यह अच्छी और सराहना की बात है । लेकिन उसके मुकाबले में कुछ नहीं जहां लोगों ने सब कुछ कुर्बान कर दिया है । (थम्पिग) हो सकता है कि पैसे के हिसाब से मोनेटरी प्वायंट आफ वियू से यह कम रहे हों परन्तु डिप्टी स्पीकर साहिब, यह पैसे की नहीं सैंटीमैंटस की बात है । मैं आपसे कहूँगा कि आप मेरी तरफ से सरकार से कहें कि वह इस सैंटीमैंट को ज़िन्दा रखें क्योंकि अगर यह ज़िन्दा रहा तो पंजाबियत ज़िन्दा रहेगी और अगर पंजाबीयत ज़िन्दा रही तो हो सकता है कि फिर किसी आड़े वक्त भारत के काम आए । (थम्पिग) इस लिये सरकार रिलीफ देने में लिबरल रहे ताकि लोगों का हौसला कायम रहें । अब मैं आज्ञा चाहता हूँ ।

ਸਰਦਾਰ ਪਿਰਥੀਪਾਲ ਸਿੰਘ (ਅੰਮ੍ਰਿਤਸਰ ਦੱਖਣ) : ਡਿਪਟੀ ਸਪੀਕਰ ਸਾਹਿਬ, ਰੈਜ਼ੋਲਿਊਸ਼ਨ ਵਿਚ ਕਿਹਾ ਗਿਆ ਹੈ ਕਿ ਜਿਹੜੇ ਕਰਜੇ ਮਜ਼ਦੂਰਾਂ ਨੂੰ ਦਿਤੇ ਗਏ ਹਨ ਗ੍ਰਾਂਟਾਂ ਵਿਚ ਬਦਲ ਦਿਤੇ ਜਾਣ । ਮਜ਼ਦੂਰ ਸਾਡੀ ਰੀੜ੍ਹ ਦੀ ਹਡੀ ਹਨ, ਉਨ੍ਹਾਂ ਦਾ ਜੰਗ ਦੇ ਦਿਨਾਂ ਵਿਚ ਕਾਫੀ ਨੁਕਸਾਨ ਹੋਇਆ ਹੈ । ਉਨ੍ਹਾਂ ਦੀ ਮਦਦ ਹੋਣੀ ਚਾਹੀਦੀ ਹੈ । ਪਰ ਦੇਖਣਾ ਹੈ ਕਿ ਰੁਪਿਆ ਭਾਰਤ ਸਰਕਾਰ ਦਾ ਹੈ, ਅਤੇ ਇਸ ਰੁਪਏ ਨੂੰ ਭਾਰਤ ਸਰਕਾਰ ਦੀ ਮਨਜ਼ੂਰੀ ਤੋਂ ਬਗੈਰ ਗ੍ਰਾਂਟਾਂ ਵਿਚ ਬਦਲ ਸਕਦੇ ਹਾਂ ਕਿ ਨਹੀਂ ।

ਇਕ ਮਾਨਯੋਗ ਮੈਂਬਰ : ਡਿਪਟੀ ਸਪੀਕਰ ਸਾਹਿਬ, ਉਹ ਪੜ੍ਹ ਕੇ ਬੋਲ ਰਹੇ ਹਨ ।

ਸ੍ਰੀ **ਡਿਪਟੀ ਸਪੀਕਰ** : ਨਹੀਂ, ਉਹ ਸਿਰਫ ਹਿੰਟ ਹੀ ਦੇਖ ਰਹੇ ਹਨ । (He is merely referring to the hints.)

ਸਰਦਾਰ ਪਿਰਥੀਪਾਲ ਸਿੰਘ : ਮੇਰੀ ਰਾਏ ਵਿਚ ਮਜ਼ਦੂਰ ਦੀ ਅਸਲੀ ਖਿਦਮਤ ਇਹ ਹੈ ਕਿ ਅੰਮ੍ਰਿਤਸਰ ਅਤੇ ਦੂਸਰੇ ਸਰਹੱਦੀ ਸ਼ਹਿਰਾਂ ਵਿਚ ਇੰਸਡਟਰੀ ਨੂੰ ਪਰਫੁੱਲਤਾ ਦਿਤੀ ਜਾਵੇ । ਡਿਪਟੀ ਸਪੀਕਰ ਸਾਹਿਬ, ਕੌਣ ਨਹੀਂ ਜਾਣਦਾ ਕਿ ਸਰਦ ਜੰਗ ਅਤੇ ਅਸਲੀ ਜੰਗ ਦੇ ਕਾਰਣ ਇੰਡਸਟਰੀ ਨੂੰ ਬਹੁਤ ਧਕਾ ਲਗਾ ਹੈ । ਮਜ਼ਦੂਰ ਨੂੰ ਰੋਜ਼ਗਾਰ ਤਦ ਹੀ ਮਿਲ ਸਕਦਾ ਹੈ ਜਦ ਕਿ ਇੰਡਸਟਰੀ ਆਪਣੇ ਪੈਰਾਂ ਤੇ ਖੜੀ ਹੋਵੇ । ਪਰ ਹਾਲਤ ਇਹ ਹੈ ਕਿ ਇੰਡਸਟਰੀ ਨੂੰ ਕੁਝ ਲਖ ਰੁਪਿਆ ਕਰਜ਼ਾ ਦਿਤਾ ਗਿਆ ਹੈ ਔਰ ਉਹ ਬਹੁਤ ਥੋੜਾ ਹੈ । ਲੋੜ ਬਹੁਤ ਜ਼ਿਆਦਾ ਰੁਪਏ ਦੀ ਹੈ । ਦੂਜੇ ਕਾਰੋਬਾਰੀ ਆਦਮੀ, ਦੁਕਾਨਦਾਰ ਅਤੇ ਸਰਕਾਰੀ ਮੁਲਾਜ਼ਮ ਤੇ ਮਜ਼ਦੂਰਾਂ ਦਾ ਵੀ ਨੁਕਸਾਨ ਹੋਇਆ ਹੈ । ਉਹ ਵੀ ਸਾਡੇ ਅੰਗ ਹਨ ਤੇ ਉਨ੍ਹਾਂ ਦੀ ਵੀ ਮਦਦ ਹੋਣੀ ਚਾਹੀਦੀ ਹੈ । ਰਿਕਸ਼ਾ ਵਾਲੇ, ਰੇਹੜੀ ਵਾਲੇ, ਮੰਡੀਆਂ ਦੇ ਵਿਚ ਕੰਮ ਕਰਨ ਵਾਲੇ ਮਜ਼ਦੂਰ ਉਨ੍ਹਾਂ ਵਲ ਵੀ ਧਿਆਨ ਦਿਤਾ ਜਾਣਾ ਚਾਹੀਦਾ ਹੈ । ਸਹੀ ਗਲ ਇਹ ਹੈ ਕਿ ਇੰਡਸਟਰੀ ਕਾਰੋਬਾਰ ਵਾਸਤੇ ਹੋਰ ਸਹੂਲਤਾਂ ਦਿਤੀਆਂ ਜਾਣ । ਸਲਜ਼

ਟੈਕਸ ਅਤੇ ਬਿਜਲੀ ਰੇਟ ਘਟ ਹੋਣਾ ਚਾਹੀਦਾ ਹੈ । ਕਚੇ ਮਾਲ ਵਾਸਤੇ ਸਹੂਲਤਾਂ ਦਿਤੀਆਂ ਜਾਣ । ਹਰੀਜਨ ਅਤੇ ਕਿਸਾਨਾਂ ਦਾ ਖਾਸ ਧਿਆਨ ਰਖਿਆ ਜਾਵੇ । ਸਰਹਦੀ ਇਲਾਕਿਆਂ ਦੀ ਤਰੱਕੀ ਵਾਸਤੇ ਸਰਕਾਰ ਨੂੰ ਖਾਸ ਖਿਆਲ ਦੇਣਾ ਚਾਹੀਦਾ ਹੈ । ਡਿਪਟੀ ਸਪੀਕਰ ਸਾਹਿਬ, ਭਾਰਤ ਸਰਕਾਰ ਨੂੰ ਕਿਹਾ ਜਾਵੇ ਕਿ ਅੰਮ੍ਰਿਤਸਰ ਅਤੇ ਦੂਜੇ ਸਰਹਦੀ ਇਲਾਕਿਆਂ ਵਿਚ ਵਡੀ ਸਨੱਅਤ ਲਗਾਵੇ ਤਾਂਕਿ ਲੋਕਾਂ ਨੂੰ ਰੋਜ਼ਗਾਰ ਮਿਲੇ ਅਤੇ ਇੰਡਸਟਰੀਜ਼ ਵਿਚ ਰੁਪਿਆ ਲਗਾਉਣ ਵਾਸਤੇ ਉਨ੍ਹਾਂ ਨੂੰ ਉਤਸ਼ਾਹ ਮਿਲੇ । ਸਾਨੂੰ ਇਸ ਗਲ ਦਾ ਗਿਲਾ ਹੈ ਕਿ ਜਦ ਵੀ ਜੰਗ ਸ਼ੁਰੂ ਹੁੰਦੀ ਹੈ, ਭਾਰਤ ਦੇ ਦੂਸਰੇ ਹਿਸਿਆਂ ਦੇ ਲੋਕ ਸਰਹਦੀ ਇਲਾਕਿਆਂ ਨੂੰ ਮਾਲ ਭੇਜਣਾ ਬੰਦ ਕਰ ਦਿੰਦੇ ਹਨ, ਇਸ ਦਾ ਅਸਰ ਕਾਰੋਬਾਰ ਅਤੇ ਮਜ਼ਦੂਰ ਤੇ ਪੈਂਦਾ ਹੈ । ਗੌਰਮਿੰਟ ਨੂੰ ਚਾਹੀਦਾ ਹੈ ਕਿ ਕੋਈ ਐਸਾ ਇੰਤਜ਼ਾਮ ਕਰੇ ਕਿ ਬੈਂਕ ਵਾਲਿਆਂ ਕੋਲੋਂ ਕਰੈਡਿਟ ਦੀਆਂ ਜ਼ਿਆਦਾ ਤੋਂ ਜ਼ਿਆਦਾ ਸਹੂਲਤਾਂ ਮਿਲਣ ਤਾਂਕਿ ਇੰਡਸਟਰੀ ਚਲੇ ਅਤੇ ਮਜ਼ਦੂਰਾਂ ਨੂੰ ਵੀ ਫਾਇਦਾ ਹੋਵੇ । ਮਜ਼ਦੂਰ ਦੀ ਹਕੀਕੀ ਸੇਵਾ ਇਹ ਹੈ ਕਿ ਸਰਹਦੀ ਇਲਾਕਿਆਂ ਵਿਚ ਖੇਤੀ ਬਾੜੀ, ਵਪਾਰ, ਇੰਡਸਟਰੀ ਦੀਆਂ ਮੁਸ਼ਕਲਾਂ ਦੂਰ ਕੀਤੀਆਂ ਜਾਣ ਤਾਂਕਿ ਰੋਜ਼ਗਾਰ ਵਧੇ ਅਤੇ ਮਜ਼ਦੂਰ ਨੂੰ ਚੰਗੀ ਮਜ਼ਦੂਰੀ ਮਿਲੇ । ਇਕ ਗਲ ਹੋਰ ਕਰਾਂਗਾ...... ।

ਸ੍ਰੀ **ਡਿਪਟੀ ਸਪੀਕਰ** : ਤੁਸੀਂ ਪੜ੍ਹ ਕੇ ਨਹੀਂ ਸਪੀਚ ਕਰ ਸਕਦੇ । (You cannot read a written speech.)

ਸਰਦਾਰ ਪ੍ਰਿਥੀਪਾਲ ਸਿੰਘ : ਠੀਕ ਹੈ ਜੀ, ਮੈਂ ਵੈਸੇ ਹੀ ਬੋਲ ਦਿੰਦਾ ਹਾਂ । ਇਕ ਗਲ ਹੋਰ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਸਰਹਦੀ ਇਲਾਕਿਆਂ ਦੇ ਮਜ਼ਦੂਰਾਂ ਨੂੰ ਜਿਹੜੇ ਕਰਜ਼ੇ ਦਿਤੇ ਜਾਂਦੇ ਹਨ ਉਹ 3% ਇੰਟਰੈਸਟ ਤੇ ਦਿਤੇ ਜਾਂਦੇ ਹਨ । ਜੇ ਉਸ ਕਰਜ਼ੇ ਦੀ ਕਿਸ਼ਤ ਟਾਈਮ ਤੇ ਨਾ ਦਿਤੀ ਜਾਵੇ ਤਾਂ ਉਹ ਸੂਦ 7% ਹੋ ਜਾਂਦਾ ਹੈ । ਭਾਵੇਂ ਇਕ ਦਿਨ ਵੀ ਲੇਟ ਹੋਵੇ ਤਾਂ ਉਹ ਮੁਢ ਤੋਂ ਹੀ 7% ਸੂਦ ਲੈ ਲੈਂਦੇ ਹਨ । ਮੈਂ ਕਹਾਂਗਾ ਕਿ ਇਹ ਸੂਦ 3% ਹੀ ਚਾਰਜ ਹੋਣਾ ਚਾਹੀਦਾ ਹੈ ।

ਸਰਦਾਰ ਗੁਰਚਰਨ ਸਿੰਘ (ਨਿਹਾਲ ਸਿੰਘ ਵਾਲਾ) : ਆਨ ਏ ਪੁਆਇੰਟ ਆਫ਼ ਆਰਡਰ ਸਰ । ਡਿਪਟੀ ਸਪੀਕਰ ਸਾਹਿਬ, ਇਸ ਹਾਊਸ ਦਾ ਤਾਪਮਾਨ ਬਹੁਤ ਲੋਅ ਕਰ ਦਿਤਾ ਗਿਆ ਹੈ ਕਿਤੇ ਮੈਂਬਰਾਂ ਨੂੰ ਫਰੀਜ਼ ਤਾਂ ਨਹੀਂ ਕਰਨਾ । (ਹਾਸਾ)

ਸ੍ਰੀ **ਡਿਪਟੀ ਸਪੀਕਰ** : ਇਤਨਾ ਤਾਂ ਲੋ ਨਹੀਂ ਹੋਇਆ । ਤੁਸੀਂ ਸਾਰੇ ਜੀਂਦੇ ਸਾਰੇ ਠੀਕ ਠਾਕ ਹੋ । (ਹਾਸਾ) (The temperature has not gone too low, you are all quite well.) (laughter)

ਕਾਮਰੇਡ ਸੱਤਪਾਲ ਡਾਂਗ : ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਸ ਰੈਜ਼ੋਲਿਊਸ਼ਨ ਤੇ ਕਾਫੀ ਬਹਿਸ ਹੋ ਚੁਕੀ ਹੈ, ਇਸ ਲਈ ਮੈਂ ਕਲੋਜ਼ਰ ਮੋਸ਼ਨ ਲਿਆਉਣੀ ਚਾਹੁੰਦਾ ਹਾਂ ।

ਸ੍ਰੀ ਡਿਪਟੀ ਸਪੀਕਰ : ਕਈ ਅਮੈਂਡਮੈਂਟਾਂ ਆਈਆਂ ਹਨ ਅਤੇ ਕਾਫੀ ਮੈਂਬਰ ਬੋਲਣਾ ਚਾਹੁੰਦੇ ਹਨ, ਇਹ ਕਾਫੀ ਇੰਪਾਰਟੈਂਟ ਮਾਮਲਾ ਹੈ । (A number of amendments have been received and many hon. Members want to speak on it because it is an important matter.)

ਕਾਮਰੇਡ ਸੱਤਪਾਲ ਡਾਂਗ : ਅਮੈਂਡਮੈਂਟਾਂ ਦਾ ਟਾਈਮ ਤਾਂ ਲੰਘ ਗਿਆ ਹੈ, ਹਾਂ ਕਾਂਗਰਸ ਪਾਰਟੀ ਇਸ ਨੂੰ ਟਾਕ-ਆਊਟ ਕਰਨਾ ਚਾਹੁੰਦੀ ਹੈ ਤਾਂ ਹੋਰ ਗਲ ਹੈ ।

ਸ਼੍ਰੀ ਡਿਪਟੀ ਸਪੀਕਰ : ਨਹੀਂ ਅਜੇ ਇਸ ਤੇ ਕਾਫੀ ਮੈਂਬਰ ਬੋਲਣਾ ਚਾਹੁੰਦੇ ਹਨ । (No, many Members still want to speak on it)

ਸ਼੍ਰੀ ਪ੍ਰੇਮ ਗੁਪਤਾ (ਪਟਿਆਲਾ) : ਡਿਪਟੀ ਸਪੀਕਰ ਸਾਹਿਬ ਇਹ ਜਿਹੜਾ ਮਤਾ ਹੈ ਕਿ ਹਿੰਦ-ਪਾਕਿਸਤਾਨ ਦੀ ਲੜਾਈ ਦੇ ਦੌਰਾਨ ਪੰਜਾਬ ਦੇ ਮਜ਼ਦੂਰਾਂ ਦਾ ਜੋ ਨੁਕਸਾਨ ਹੋਇਆ ਹੈ, ਪੰਜਾਬ ਦੇ ਇੰਡਸਟਰੀ ਵਰਕਰਾਂ ਦਾ ਜੋ ਨੁਕਸਾਨ ਹੋਇਆ ਹੈ ਉਸ ਲਈ ਉਨ੍ਹਾਂ ਨੂੰ ਜੋ ਲੋਨਜ਼ ਦਿਤੇ ਗਏ ਹਨ, ਉਨ੍ਹਾਂ ਨੂੰ ਗ੍ਰਾਂਟਾਂ ਵਿਚ ਬਦਲ ਦਿਤਾ ਜਾਵੇ, ਇਹ ਜਿਹੜਾ ਮੰਤਵ ਹੈ ਇਹ ਇਕ ਚੰਗਾ ਮੰਤਵ ਹੈ ਕਿ ਜਿਨ੍ਹਾਂ ਲੋਕਾਂ ਦਾ ਨੁਕਸਾਨ ਹੋਇਆ ਹੈ ਉਨ੍ਹਾਂ ਦੀ ਸਹਾਇਤਾ ਕਰਨਾ । ਇਸ ਗਲ ਦੀ ਹਮਾਇਤ ਵਾਸਤੇ ਮੈਂ ਖੜਾ ਹੋਇਆ ਹਾਂ । ਡਿਪਟੀ ਸਪੀਕਰ ਸਾਹਿਬ, ਜੰਗ ਦੇ ਦੌਰਾਨ ਸਰਹਦੀ ਸੂਬਿਆਂ ਦਾ ਜਿਸ ਤਰ੍ਹਾਂ ਕਿ ਪੰਜਾਬ ਹੈ, ਜਿੰਨ੍ਹਾਂ ਨੁਕਸਾਨ ਹੁੰਦਾ ਹੈ, ਲੋਕਾਂ ਦਾ, ਮਜ਼ਦੂਰਾਂ ਦਾ, ਕਿਸਾਨਾਂ ਦਾ ਉਸ ਨੂੰ ਕੋਈ ਵੀ ਸਮਾਜ ਜਾਂ ਕੋਈ ਵੀ ਸਰਕਾਰ ਕੰਪੇਨਸੇਟ ਨਹੀਂ ਕਰ ਸਕਦੀ । ਪਰ ਫਿਰ ਵੀ ਉਨ੍ਹਾਂ ਦੇ ਨੁਕਸਾਨ ਦਾ ਅੰਦਾਜ਼ਾ ਲਾਕੇ ਉਨ੍ਹਾਂ ਦੀ ਤਕਲੀਫ ਨੂੰ ਦੂਰ ਕਰਨ ਦਾ ਉਨ੍ਹਾਂ ਨੂੰ ਉਚਾ ਚੁਕਣ ਦਾ ਯਤਨ ਸਰਕਾਰ ਨੂੰ ਕਰਨਾ ਚਾਹੀਦਾ ਹੈ ਤਾਂਕਿ ਲੋਕ ਮਹਿਸੂਸ ਕਰਨ ਕਿ ਉਨ੍ਹਾਂ ਦੀਆਂ ਸਮਸਿਆਵਾਂ ਨੂੰ ਕੌਮੀ ਸਮਸਿਆ ਸਮਝ ਕੇ ਸਰਕਾਰ ਉਨ੍ਹਾਂ ਵਲ ਧਿਆਨ ਦੇ ਰਹੀ ਹੈ ਅਤੇ ਜਿੰਨੀ ਵੀ ਯੋਗ ਸਹਾਇਤਾ ਕੀਤੀ ਜਾ ਸਕਦੀ ਹੈ, ਕਰਨ ਚਾਹੀਦੀ ਹੈ ।

ਡਿਪਟੀ ਸਪੀਕਰ ਸਾਹਿਬ, ਅੱਜ ਦੀ ਜੰਗ ਮਹਾਂ ਭਾਰਤ ਦੀ ਜੰਗ ਨਹੀਂ, ਅੱਜ ਦੀ ਜੰਗ ਉਹ ਜੰਗ ਨਹੀਂ ਜੋ ਕਿ ਕਿਸੇ ਖਾਸ ਮੈਦਾਨ ਵਿਚ ਲੜੀ ਜਾਂਦੀ ਹੈ । ਤੁਸੀਂ ਜਾਣਦੇ ਹੋ ਕਿ ਜੰਗ ਸਾਰੇ ਇੰਟਰਨੈਸ਼ਨਲ ਬਾਰਡਰ ਤੇ ਹੁੰਦੀ ਹੈ (ਵਿਘਨ) ਇਸ ਜੰਗ ਵਿਚ ਆਰਮੀ ਨੇਵੀ ਅਤੇ ਏਅਰ ਫ਼ੋਰਸ, ਇਹ ਤਿੰਨੇ ਵਿੰਗ ਲੜਾਈ ਲੜਦੇ ਹਨ ਅਤੇ ਇਨ੍ਹਾਂ ਤਿੰਨਾਂ ਵਿੰਗਾਂ ਦੀ ਲੋਕ ਵੀ ਸਹਾਇਤਾ ਕਰਦੇ ਹਨ । ਜਿਥੇ ਬਾਰਡਰ ਤੇ ਰਹਿਣ ਵਾਲਿਆਂ ਦਾ ਨੁਕਸਾਨ ਹੁੰਦਾ ਹੈ ਉਥੇ ਬਾਰਡਰ ਤੋਂ ਦੂਰ ਰਹਿਣ ਵਾਲੇ ਵੀ ਆਪਣੇ ਆਪ ਨੂੰ ਨੁਕਸਾਨ ਤੋਂ ਬਚਾ ਨਹੀਂ ਸਕਦੇ । ਪੰਜਾਬ ਦੀ ਮਿਸਾਲ ਲੈ ਲਵੋ । ਇਥੇ ਬਲੈਕ ਆਊਟ ਹੁੰਦਾ ਸੀ । ਛੇ ਵਜੇ ਸ਼ਾਮ ਤੋਂ ਬਾਅਦ ਕਿਸੇ ਵੀ ਬੰਦੇ ਨੇ ਚਾਹੇ ਉਹ ਕਾਰਖਾਨੇ ਵਿਚ ਕੰਮ ਕਰਦਾ ਹੋਵੇ, ਚਾਹੇ ਦੁਕਾਨਦਾਰ ਹੋਵੇ ਅਤੇ ਚਾਹੇ ਰਿਕਸ਼ਾ ਚਲਾਉਂਦਾ ਹੋਵੇ, ਇਨ੍ਹਾਂ ਸਾਰਿਆਂ ਨੂੰ ਆਪਣੀ ਕੰਮ ਕਾਜ ਬੰਦ ਕਰਨਾ ਪੈਂਦਾ ਸੀ ਅਤੇ ਆਪਣੇ ਘਰ ਪਹੁੰਚਣਾ ਪੈਂਦਾ ਸੀ । ਇਸ ਲਈ ਸਭ ਤੋਂ ਜ਼ਿਆਦਾ ਨੁਕਸਾਨ ਜੋ ਪੰਜਾਬ ਵਿਚ ਹੋਇਆ ਹੈ ਉਹ ਮੈਂ ਸਮਝਦਾ ਹਾਂ ਕਿ ਰਿਕਸ਼ਾ ਚਲਾਉਣ ਵਾਲਿਆਂ ਦਾ ਹੋਇਆ ਹੈ ਜੋ ਕਿ ਡੇਲੀ ਵੇਜ ਅਰਨੇਰਜ਼ ਹਨ, ਇਨ੍ਹਾਂ ਲੋਕਾਂ ਦਾ ਨੁਕਸਾਨ ਹੋਇਆ ਹੈ । ਇਨ੍ਹਾਂ ਨੂੰ ਕਿਸੇ ਵੀ ਸ਼ਹਿਰ ਵਿਚ ਪੰਜ ਵਜੇ ਤੋਂ ਬਾਅਦ ਰਿਕਸ਼ਾ ਚਲਾਉਣ ਦੀ ਇਜਾਜ਼ਤ ਨਹੀਂ ਸੀ । ਪਿੰਡਾਂ ਵਿਚ ਵੀ ਉਨ੍ਹਾਂ ਦਿਨਾਂ ਵਿਚ ਮੈਨੂੰ ਜਾਣ ਦਾ ਮੌਕਾ ਮਿਲਿਆ ਸੀ । ਡਿਪਟੀ ਸਪੀਕਰ ਸਾਹਿਬ, ਸਾਡੇ ਪੰਜਾਬ ਦੇ ਲੋਕ ਆਪ ਇਹ ਗਲ ਜਾਣਦੇ ਹਨ ਕਿ ਖੇਤਾਂ ਵਿਚ ਕਿਸਾਨ ਬੜੀ ਮਿਹਨਤ ਨਾਲ ਕੰਮ ਕਰਦੇ ਹਨ । ਕਿਸਾਨਾਂ ਦੇ ਮੁੰਡੇ ਖੇਤਾਂ ਵਿਚ ਕੰਮ ਕਰਕੇ ਰਾਤ ਨੂੰ ਦਸ ਬਾਰਾਂ ਵਜੇ ਤਕ ਘਰ ਮੁੜਦੇ ਹਨ ਪਰ ਡਿਪਟੀ ਕਮਿਸ਼ਨਰਾਂ ਦੀਆਂ ਹਦਾਇਤਾਂ ਅਨੁਸਾਰ ਉਨ੍ਹਾਂ ਖੇਤੀ ਵਿਚ ਕੰਮ ਕਰਨ ਵਾਲਿਆਂ ਨੂੰ ਪੰਜ

ਵਜੇ ਸ਼ਾਮ ਤੋਂ ਪਹਿਲਾਂ ਘਰ ਪਹੁੰਚਣਾ ਪੈਂਦਾ ਸੀ । ਜਿਥੋਂ ਤਕ ਇੰਡਸਟਰੀਅਲ ਵਰਕਰਜ਼ ਦਾ ਤਾਲੁਕ ਹੈ ਮਤਾ ਬੜਾ ਚੰਗਾ ਹੈ, ਮਜ਼ਦੂਰਾਂ ਨੂੰ ਸਹਾਇਤਾ ਮਿਲਣੀ ਚਾਹੀਦੀ ਹੈ । ਸਰਕਾਰ ਨੂੰ ਵਧ ਤੋਂ ਵਧ ਸਾਧਨ ਜੁਟਾ ਕੇ ਇਨ੍ਹਾਂ ਲੋਕਾਂ ਨੂੰ ਸਹਾਇਤਾ ਦੇਣੀ ਚਾਹੀਦੀ ਹੈ। ਪਰ ਇਸ ਦੇ ਨਾਲ ਨਾਲ ਸਮਾਜ ਦੇ ਦੂਜੇ ਤਬਕਿਆਂ ਨੂੰ ਵੀ ਸਹਾਇਤਾ ਦੇਣੀ ਚਾਹੀਦੀ ਹੈ ਜਿਨ੍ਹਾਂ ਤੇ ਇਸ ਜੰਗ ਦਾ ਅਸਰ ਪਿਆ ਹੈ । ਚਾਹੇ ਉਹ ਕਿਸਾਨ ਹੋਵੇ, ਰਿਕਸ਼ਾਵਾਲਾ ਹੋਵੇ, ਦੁਕਾਨਦਾਰ ਹੋਵੇ, ਸਰਕਾਰੀ ਕਰਮਚਾਰੀ ਹੋਵੇ ਜਾਂ ਜਿਨ੍ਹਾਂ ਨੇ ਐਕਸਟਰਾਂ ਆਰਡੀਨਰੀ ਡਿਊਟੀਜ਼ ਜੰਗ ਦੇ ਦਿਨਾਂ ਵਿਚ ਪਰਫਾਰਮ ਕੀਤੀਆਂ ਹਨ, ਉਨ੍ਹਾਂ ਸਾਰਿਆਂ ਨੂੰ ਸਰਕਾਰ ਵਲੋਂ ਕੰਪਨਸੇਸ਼ਨ ਮਿਲਣਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਆਪ ਸਾਰੀ ਗਲ ਜਾਣਦੇ ਹੋ ਕਿ ਅਜ ਜੰਗ ਜਿਹੜੀ ਜਿਤੀ ਹੈ ਇਹ ਸਾਰਿਆ ਲੋਕਾਂ ਦੀ ਮਿਲਵਰਤਣ ਨਾਲ ਜਿੱਤੀ ਹੈ । ਅਤੇ ਸਮਾਜ ਦੇ ਜਿਹੜੇ ਛੋਟੇ ਲੋਕ ਹਨ ਜਾਂ ਜਿਨ੍ਹਾਂ ਨੇ ਜੰਗ ਦੇ ਦਿਨਾਂ ਵਿਚ ਨੁਕਸਾਨ ਉਠਾਇਆ ਹੈ, ਮੈਂ ਸਮਝਦਾ ਹਾਂ ਕਿ ਜੰਗ ਕੋਠੀਆਂ ਵਿਚ ਨਹੀਂ ਲੜੀ ਜਾਂਦੀ, ਜਿਹੜੇ ਮਜ਼ਦੂਰ ਹਨ, ਜਾਂ ਛੋਟੇ ਕਿਸਾਨ ਹਨ ਉਹ ਹੀ ਜੰਗ ਦੇ ਦਿਨਾਂ ਵਿਚ ਦੇਸ਼ ਦੀ ਸੇਵਾ ਕਰ ਸਕਦੇ ਹਨ । ਇਸ ਲਈ ਮੈਂ ਇਸ ਗਲ ਦੀ ਆਸ ਕਰਾਂਗਾ ਕਿ ਜਿਥੇ ਇੰਡਸਟਰੀਅਲ ਵਰਕਰਜ਼ ਨੂੰ ਸਹਾਇਤਾ ਦੇਣ ਬਾਰੇ ਫ਼ੈਸਲਾ ਕੀਤਾ ਜਾਵੇਗਾ ਉਥੇ ਸਮਾਜ ਦੇ ਦੂਸਰੇ ਹਿਸਿਆਂ ਨੂੰ, ਅਨਕਲਾਸੀਫਾਈਡ ਲੇਬਰ ਨੂੰ ਵੀ ਅਖੋਂ ਓਹਲੇ ਨਹੀਂ ਕੀਤਾ ਜਾਵੇਗਾ । (ਵਿਘਨ) (At this stage the Leader of the Opposition was closetted with some Members.)

Sardar Gurcharan Singh Nihal Singh Wala : On a point of order, Sir. The Leader of the Opposition is holding an assembly within the Assembly. It should be stopped.

ਸ੍ਰੀ ਪ੍ਰੇਮ ਗੁਪਤਾ : ਮੈਂ ਅਰਜ਼ ਕਰ ਰਿਹਾ ਸੀ ਕਿ ਅਨ-ਕਲਾਸੀਫਾਈਡ ਲੇਬਰ ਨੂੰ ਵੀ ਸਹਾਇਤਾ ਦੇਣ ਦੀ ਲਿਸਟ ਵਿਚ ਸ਼ਾਮਿਲ ਕੀਤਾ ਜਾਵੇ । ਡੇਲੀ ਵੇਜਿਜ਼ ਅਰਨਰਜ਼ ਨੂੰ ਅਤੇ ਪੂਰਬੀਆਂ ਨੂੰ ਵੀ, ਜਿਹੜੇ ਕਿ ਜੰਗ ਦੇ ਦਿਨਾਂ ਵਿਚ ਬੇਕਾਰ ਰਹੇ, ਇਨ੍ਹਾਂ ਲੋਕਾਂ ਨੂੰ ਵੀ ਸਰਕਾਰ ਵਲੋਂ ਕੰਪਨਸੇਸ਼ਨ ਦੇਣਾ ਚਾਹੀਦਾ ਹੈ । (ਸ਼ੋਰ) (ਵਿਘਨ)

ਹਿੰਦ-ਪਾਕਿਸਤਾਨ ਦੀ ਲੜਾਈ ਬੰਗਲਾ ਦੇਸ਼ ਨੂੰ ਆਜ਼ਾਦ ਕਰਵਾਉਣ ਵਾਸਤੇ ਲੜੀ ਗਈ । ਇਸ ਵਿਚ ਮਜ਼ਦੂਰ, ਹਰੀਜਨ, ਕਿਸਾਨ, ਛੋਟਾ ਦੁਕਾਨਦਾਰ, ਡੇਲੀ ਵੇਜਿਜ਼ ਅਰਨਰਜ਼ ਅਤੇ ਅਨ-ਕਲਾਸੀਫਾਈਡ ਇਹ ਜਿਹੜੇ ਤਬਕੇ ਹਨ ਅਤੇ ਜਿਨ੍ਹਾਂ ਨੇ ਲੜਾਈ ਦੇ ਦਿਨਾਂ ਵਿਚ ਨੁਕਸਾਨ ਉਠਾਇਆ ਹੈ, ਇਨ੍ਹਾਂ ਸਾਰਿਆਂ ਨੂੰ ਸਹਾਇਤਾ ਦੇਣ ਵਿਚ ਯੋਗ ਕਦਮ ਉਠਾਉਣੇ ਚਾਹੀਦੇ ਹਨ । ਇੰਨਾਂ ਕਹਿੰਦਾ ਹੋਇਆ ਮੈਂ ਧੰਨਵਾਦ ਕਰਕੇ ਬੈਠਦਾ ਹਾਂ ।

ਗਿਆਨੀ ਅਰਜਨ ਸਿੰਘ ਲਿੱਟ (ਕਿਲ੍ਹਾ ਰਾਏਪੁਰ) : ਮੇਰੇ ਤੋਂ ਪਹਿਲਾਂ ਬਹੁਤ ਸਾਰੇ ਸਜਣਾ ਨੇ ਮਜ਼ਦੂਰਾਂ ਦੇ ਬਾਰੇ ਵਿਚ ਕੁਝ ਗਲਾਂ ਦਸੀਆਂ । ਮੇਰੇ ਫਾਜ਼ਲ ਦੋਸਤ ਜਿਹੜੇ ਫਾਜ਼ਿਲਕਾ ਤੋਂ ਆਏ ਹਨ ਇਨ੍ਹਾਂ ਨੇ ਸਹੀ ਮਾਇਨਿਆਂ ਵਿਚ ਆਪਣੇ ਇਲਾਕੇ ਦੀ ਦਰਦ

[ਗਿਆਨੀ ਅਰਜਨ ਸਿੰਘ ਲਿਟ]

ਭਰੀ ਕਹਾਣੀ ਦਸੀ ਹੈ। ਬਾਕੀ ਦੇ ਕਈ ਸੱਜਣਾ ਨੇ ਤਾਂ ਅਖਬਾਰਾਂ ਵਿਚੋਂ ਕਟਿੰਗਜ਼ ਲੈਕੇ ਹੀ ਸਪੀਚਾਂ ਕੀਤੀਆਂ ਹਨ। ਮੈਂ ਇਨ੍ਹਾਂ ਨਾਲ ਬਿਲਕੁਲ ਸਹਿਮਤ ਹਾਂ ਕਿ ਜਿਥੇ ਇੰਡਸਟ੍ਰੀਅਲ ਵਰਕਰਜ਼ ਨੂੰ (ਵਿਘਨ) ਸਹਾਇਤਾ ਦੇਣੀ ਚਾਹੀਦੀ ਹੈ ਉਥੇ ਖੇਤ ਮਜ਼ਦੂਰਾਂ ਨੂੰ ਵੀ ਇਹ ਸਹਾਇਤਾ ਦੇਣ ਦੇ ਮੈਂ ਹੱਕ ਵਿਚ ਹਾਂ। ਇਸ ਦੇ ਨਾਲ ਨਾਲ ਛੋਟੇ ਕਿਸਾਨਾਂ ਦਾ ਵੀ ਨੁਕਸਾਨ ਹੋਇਆ ਹੈ। ਏਅਰੋਡਰਮਜ਼ ਹਲਵਾੜਾ ਆਦਿ ਦੇ ਨੇੜੇ ਵੀ ਲੋਕਾਂ ਦਾ ਕਾਫੀ ਨੁਕਸਾਨ ਹੋਇਆ ਹੈ। ਇਨ੍ਹਾਂ ਲੋਕਾਂ ਵਲ ਵੀ ਧਿਆਨ ਦੇਣਾ ਚਾਹੀਦਾ ਹੈ। ਜਿਹੜੀ ਕਾਮਰੇਡ ਭਰਾਵਾਂ ਨੇ ਸ਼ਹਿਰਾਂ ਅਤੇ ਪਿੰਡਾਂ ਦੇ ਲੋਕਾਂ ਵਿਚ ਫਰਕ ਪਾਉਣ ਦਾ ਯਤਨ ਕੀਤਾ ਹੈ, ਇਹ ਮੈਂ ਸਮਝਦਾ ਹਾਂ ਕਿ ਇਨ੍ਹਾਂ ਕਾਮਰੇਡਾ ਨੇ ਚੰਗਾ ਕੰਮ ਨਹੀਂ ਕੀਤਾ। ਇਨ੍ਹਾਂ ਨੇ ਕਿਹਾ ਹੈ ਕਿ ਸਾਰੇ ਮਜ਼ਦੂਰਾਂ ਨੂੰ ਤਿੰਨੇ ਰੁਪਏ ਦਿਹਾੜੀ ਦੇ ਮਿਲਦੇ ਹਨ ਪਰ ਅਸਲ ਗਲ ਇਹ ਹੈ ਕਿ ਪਿੰਡਾਂ ਵਿਚ ਮਜ਼ਦੂਰ ਨੂੰ ਪੰਜ ਰੁਪਏ ਦਿਹਾੜੀ ਮਿਲਦੀ ਹੈ ਅਤੇ ਦੋਨੋਂ ਵੇਲੇ ਦੀ ਚਾਹ ਪਾਣੀ ਮਿਲਦਾ ਹੈ। ਸਹੀ ਮਹਿਨਿਆਂ ਵਿਚ ਜਿੰਨੇ ਵੀ ਸ਼ਹਿਰ ਦੇ ਕਾਰਖਾਨਿਆਂ ਦੇ ਮਜ਼ਦੂਰ ਹਨ ਉਨ੍ਹਾਂ ਨੂੰ ਦਿਹਾੜੀ ਘਟ ਮਿਲਦੀ ਹੈ। (ਵਿਘਨ) ਜਿਸ ਤਰ੍ਹਾਂ ਦਾ ਕਣਕ ਦਾ ਭਾ ਮੁਕਰੱਰ ਹੁੰਦਾ ਹੈ ਉਸੇ ਤਰ੍ਹਾਂ ਹੀ ਖੇਤ ਮਜ਼ਦੂਰ ਦੀ ਦਿਹਾੜੀ ਵਧਦੀ ਰਹਿੰਦੀ ਹੈ। ਕੋਈ ਕਾਰਖਾਨੇਦਾਰ ਉਸਦੇ ਮੁਤਾਬਿਕ ਮਜ਼ਦੂਰੀ ਨਹੀਂ ਦਿੰਦਾ। ਖੇਤ ਦੇ ਮਜ਼ਦੂਰ ਅਤੇ ਸ਼ਹਰ ਦੇ ਮਜ਼ਦੂਰ ਨੂੰ ਵਖਰਾ ਵਖਰਾ ਨਹੀਂ ਰਖਣਾ ਚਾਹੀਦਾ।

ਵਪਾਰੀਆਂ ਨੇ ਕਣਕ 120 ਰੁਪਏ ਕਰ ਦਿਤੀ ਅਤੇ ਕਪਾਹ 269 ਰੁਪਏ ਕਰ ਦਿਤੀ ਹੈ। ਇਨ੍ਹਾਂ ਤੇ ਟੈਕਸਿਜ਼ ਲਗਾਕੇ ਰਕਮ ਵਸੂਲ ਕਰਨੀ ਚਾਹੀਦੀ ਹੈ। ਫਾਜ਼ਿਲਕਾ ਏਰੀਆ ਤੋਂ 30 ਮਰਦ ਬੱਚੇ ਮਿਸਿੰਗ ਹਨ (ਵਿਘਨ) ਇਨ੍ਹਾਂ ਨੂੰ ਮੰਗਵਾਉਣ ਦਾ ਵੀ ਸਰਕਾਰ ਨੂੰ ਪਰਬੰਧ ਕਰਨਾ ਚਾਹੀਦਾ ਹੈ। ਮੈਂ ਅਰਜ਼ ਕਰਦਾ ਹਾਂ ਕਿ ਸਰਦਾਰ ਗੁਰਚਰਨ ਸਿੰਘ ਔਰ ਕੈਰੋਂ ਸਾਹਿਬ ਨੇ ਜੋ ਜੋ ਤਰਮੀਮਾਂ ਦੀ ਗਲ ਕੀਤੀ ਹੈ ਮੈਂ ਉਸ ਨਾਲ ਸਹਿਮਤ ਹਾਂ ਅਤੇ ਇਸ ਰੇਜ਼ੋਲਿਊਸ਼ਨ ਦੀ ਤਾਈਦ ਕਰਦਾ ਹਾਂ ਅਤੇ ਇਸ ਦੇ ਨਾਲ ਨਾਲ ਬਾਕੀ ਦੇ ਮਜ਼ਦੂਰਾਂ ਨੂੰ ਵੀ ਉਨ੍ਹਾਂ ਦਾ ਹਿੱਸਾ ਦੇਣ ਲਈ ਬੇਨਤੀ ਕਰਦਾ ਹਾਂ।

ਸ੍ਰੀ ਬਾਲਮੁਕੰਦ ਸ਼ਰਮਾ (ਫਿਰੋਜ਼ਪੁਰ) : ਡਿਪਟੀ ਸਪੀਕਰ ਸਾਹਿਬ, ਇਹ ਮਤਾ ਮੇਰੇ ਮਾਨਯੋਗ ਦੋਸਤ ਕਾਮਰੇਡ ਰਾਜ ਕੁਮਾਰ ਜੀ ਨੇ ਹਾਊਸ ਵਿਚ ਲਿਆਂਦਾ ਹੈ, ਮੈਂ ਇਸ ਦੀ ਪਰੋੜਤਾ ਕਰਨ ਵਾਸਤੇ ਖੜ੍ਹਾ ਹੋਇਆ ਹਾਂ। ਜਦੋਂ ਮੈਂ ਇਹ ਗਲ ਮਤੇ ਵਿਚ ਪੜ੍ਹੀ ਕਿ ਇੰਡਸਟ੍ਰੀਜ਼ ਦੀ ਲੇਬਰ ਨੂੰ ਜਿਹੜੇ ਲੋਨਜ਼ ਦਿਤੇ ਹਨ ਉਹ ਗਰਾਂਟਾਂ ਵਿਚ ਬਦਲ ਦਿਤੇ ਜਾਣ ਤਾਂ ਮੈਨੂੰ ਬੜੀ ਖੁਸ਼ੀ ਹੋਈ। ਇਹ ਬੜੀ ਚੰਗੀ ਗਲ ਸੀ। ਚੰਗੇ ਕੰਮ ਵਾਸਤੇ ਦਿਲ ਨੂੰ ਬੜੀ ਖੁਸ਼ੀ ਹੁੰਦੀ ਹੈ। ਪਰ ਇਸ ਦੇ ਨਾਲ ਹੀ ਨਾਲ ਜਦੋਂ ਮੈਂ ਅਗੋ ਸੋਚਿਆ ਕਿ ਕਾਮਰੇਡਾਂ ਨੇ ਜਿਹੜੀ ਗਲ ਲਿਆਂਦੀ ਹੈ, ਡਿਪਟੀ ਸਪੀਕਰ ਸਾਹਿਬ, ਇਹਦੇ ਵਿਚ ਇਨ੍ਹਾਂ ਨੇ ਇਕ ਆਪਣੇ ਘਰ ਦੀ ਗਲ ਬਣਾਕੇ ਕਰ ਦਿਤੀ ਹੈ (ਵਿਘਨ) ਇਹ ਦੇਖ ਕੇ ਮੇਰੇ ਦਿਲ ਨੂੰ ਥੋੜਾ ਜਿਹਾ ਦੁਖ ਪਹੁੰਚਿਆ ਹੈ। ਮੈਂ ਬੜਾ ਖੁਸ਼ ਸੀ ਕਿ ਇਲੈਕਸ਼ਨਾਂ ਦਿਨਾਂ ਵਿਚ ਗਰੀਬੀ ਹਟਾਉਣ ਦੇ ਨਾਅਰੇ ਲਗਾਏ ਗਏ ਸਨ ਲੇਕਿਨ ਇਨ੍ਹਾਂ ਨਾਰਿਆਂ ਦੀ ਪੂਰਤੀ ਲਈ ਕਾਮਰੇਡ ਸਾਹਿਬਾਨ ਨੇ ਇਹ ਪਰੋਗਰਾਮ ਲਿਆਂਦਾ ਹੈ। ਡਿਪਟੀ ਸਪੀਕਰ ਸਾਹਿਬ, ਮੈਨੂੰ ਉਹ ਦਿਨ ਯਾਦ ਹੈ ਜਦੋਂ ਪਾਕਿਸਤਾਨ ਤੇ ਹਿੰਦੁਸਤਾਨ ਨੇ ਹਮਲਾ ਕੀਤਾ। ਮੈਂ ਬਾਰਡਰ ਤੋਂ ਸਿਰਫ ਸਾਢੇ ਤਿੰਨ ਜਾਂ ਚਾਰ ਮੀਲ ਦੀ ਦੂਰੀ ਤੇ ਰਹਿੰਦਾ ਹਾਂ। ਉਸ ਦਿਨ ਫਿਰੋਜ਼ਪੁਰ

ਦੇ ਬਾਰਡਰ ਤੇ ਜੋ ਬੀਤਿਆ ਮੈਨੂੰ ਪਤਾ ਹੈ । ਰਾਤ ਨੂੰ ਸ਼ੈਲਿੰਗ ਗੋਲੇ ਬੜਾ ਕੁਝ ਵੇਖਿਆ ।

ਉਨ੍ਹਾਂ ਗਰੀਬ, ਮਜ਼ਦੂਰਾਂ ਦੀ ਹਾਲਤ ਬਹੁਤ ਖਰਾਬ ਸੀ ਜਿਹੜੇ ਕਿ ਆਪਣੇ ਬੱਚੇ ਨਹੀਂ ਸੰਭਾਲ ਸਕਦੇ ਸੀ । ਉਹ ਵਿਚਾਰੇ ਤਿੰਨ ਚਾਰ ਮਹੀਨੇ ਤੋਂ ਵਿਹਲੇ ਬੈਠੇ ਸੀ । ਉਨ੍ਹਾਂ ਨੂੰ ਕੋਈ ਕੰਮ ਨਹੀਂ ਸੀ ਮਿਲਿਆ । ਪਰ ਜਿਹੜੇ ਹੁਸ਼ਿਆਰ ਬੰਦੇ ਸਨ ਉਨ੍ਹਾਂ ਨੇ ਕਰਜ਼ੇ ਲੈ ਲਏ । (ਵਿਘਨ) ਉਨ੍ਹਾਂ ਦੇ ਕਰਜ਼ੇ ਮੁਆਫ ਕੀਤੇ ਜਾਣ । ਪਰ ਜਿਹੜੇ ਮਜ਼ਦੂਰ ਹਨ, ਪਿੰਡਾਂ ਵਿਚ ਰਹਿਣ ਵਾਲੇ ਹਨ ਜੋ ਬਾਰਡਰ ਦੇ ਨਜ਼ਦੀਕ ਰਹਿੰਦੇ ਹਨ ਉਨ੍ਹਾਂ ਦੀ ਹਾਲਤ ਦਾ ਕੋਈ ਖਿਆਲ ਨਹੀਂ ਕੀਤਾ ਗਿਆ । ਇਹ ਚੰਗਾ ਹੁੰਦਾ ਕਿ ਇਸ ਬਾਰੇ ਸੋਚਕੇ ਇਹ ਚੀਜ਼ ਰੈਜ਼ੋਲਿਊਸ਼ਨ ਵਿਚ ਲਿਆਂਦੀ ਜਾਂਦੀ । ਬਾਰਡਰ ਤੇ ਰਹਿਣ ਵਾਲੇ ਜੋ ਲੋਕ ਹਨ, 10 ਮੀਲ ਦੀ ਪੱਟੀ ਵਿਚ, ਜਿਸ ਦੀ 1965 ਦੀ ਜੰਗ ਵਿਚ ਬਹੁਤ ਬੁਰੀ ਹਾਲਤ ਹੋਈ, ਮੇਰੇ ਦੋਸਤਾ ਨੂੰ ਬੜੀ ਚੰਗੀ ਤਰ੍ਹਾਂ ਪਤਾ ਹੈ । ਮੈਂ ਫਿਰੋਜ਼ਪੁਰ ਦੇ ਬਾਰਡਰ ਦੀ ਗਲ ਨਹੀਂ ਕਰਦਾ, ਮੈਂ ਗੁਰਦਾਸਪੁਰ ਦੇ ਬਾਰਡਰ ਦੀ ਗਲ ਨਹੀਂ ਕਰਦਾ ਅਤੇ ਨਾ ਮੈਂ ਕੋਈ ਅੰਮ੍ਰਿਤਸਰ ਦੇ ਬਾਰਡਰ ਦੀ ਹੀ ਗੱਲ ਕਰਦਾ ਹਾਂ । ਮੈਂ ਫਿਰੋਜ਼ਪੁਰ ਦੀ ਗਲ ਕਰਦਾ ਹਾਂ ਕਿ ਜੋ ਕਿ ਸਾਰੇ ਪੰਜਾਬ ਦਾ ਬਾਰਡਰ ਹੈ । ਇਹ ਸਿਰਫ ਪੰਜਾਬ ਦਾ ਹੀ ਬਾਰਡਰ ਨਹੀਂ ਬਲਕਿ ਹਿੰਦੁਸਤਾਨ ਦਾ ਬਾਰਡਰ ਹੈ । ਮੈਂ ਆਪਣੇ ਦੋਸਤ ਕਾਮਰੇਡ ਰਾਜ ਕੁਮਾਰ ਨੂੰ ਕਹਿੰਦਾ ਹਾਂ ਕਿ ਕਿੰਨਾਂ ਚੰਗਾ ਹੁੰਦਾ ਜੇ ਇਹ 12 ਮੀਲ ਦੀ ਪੱਟੀ ਵਿਚ ਵਸਣ ਵਾਲੇ ਲੋਕਾਂ ਨੂੰ ਦਿਤੀ ਗਈ ਗਰਾਂਟ ਨੂੰ ਮੁਆਫ ਕਰਨ ਦਾ ਜੇ ਉਹ ਰੈਜ਼ੋਲਿਊਸ਼ਨ ਲਿਆਉਂਦੇ । ਦੂਸਰੇ ਲੋਕ ਉਹ ਹਨ ਜਿਨ੍ਹਾਂ ਨੂੰ ਤਿੰਨ ਚਾਰ ਮਹੀਨਿਆਂ ਤੋਂ ਬਿਲਕੁਲ ਵਿਹਲੇ ਰਹਿਣਾ ਪਿਆ ਜਿਹੜੇ ਕੁਝ ਗਿਣਤੀ ਵਿਚ ਹਨ, ਜਿਨ੍ਹਾਂ ਦਾ ਨਾਮ ਨਿਸ਼ਾਨ ਨਹੀਂ ਪਰ ਗਰਾਂਟ ਦਿਤੀ ਗਈ । ਗਰਾਂਟ ਦੇਣ ਤੋਂ ਬਾਅਦ ਕੁਝ ਐਸੇ ਲੋਕ ਵੀ ਰਹਿ ਗਏ, ਕੁਝ ਐਸੇ ਜ਼ਿਮੀਦਾਰ ਵੀ ਰਹਿ ਗਏ ਜਿਹੜੇ ਬਾਰਡਰ ਤੇ ਵਾਹੀ ਕਰਦੇ ਸਨ, ਖੇਤੀ ਕਰਦੇ ਸਨ. ਅਤੇ ਇਸ ਏਰੀਆ ਵਿਚ ਕੁਝ ਐਸਾ ਏਰੀਆ ਵੀ ਹੈ ਜੋ ਪਾਕਿਸਤਾਨ ਵਿਚ ਚਲਾ ਗਿਆ ਹੈ ਅਜੇ ਤਕ ਉਹ ਲੋਕ ਵਿਚਾਰੇ ਧੱਕੇ ਖਾਂਦੇ ਪਏ ਹਨ । ਉਨ੍ਹਾਂ ਨੂੰ ਗਰਾਂਟ ਤਾਂ ਦਿਤੀ ਗਈ ਪਰ ਉਨ੍ਹਾਂ ਦੇ ਰਹਿਣ ਦਾ ਪ੍ਰਬੰਧ ਅਜੇ ਤਕ ਨਹੀਂ ਕੀਤਾ ਗਿਆ । ਮੈਂ, ਡਿਪਟੀ ਸਪੀਕਰ ਸਾਹਿਬ, ਇਸ ਰੈਜ਼ੋਲਿਊਸ਼ਨ ਨੂੰ ਬੜਾ ਚੰਗਾ ਸਮਝਦਾ ਹਾਂ । ਇਹ ਮਜ਼ਦੂਰ ਦੇ ਹੱਕ ਵਿਚ ਹੈ । ਇਹ ਮਜ਼ਦੂਰ ਦੀ ਇਮਦਾਦ ਕਰਦਾ ਹੈ । ਜਿਨ੍ਹਾਂ ਨੇ ਕਰਜ਼ੇ ਲਏ ਜਾਂ ਜਿਨ੍ਹਾਂ ਨੂੰ ਕਰਜ਼ੇ ਮਿਲੇ ਉਨ੍ਹਾਂ ਨੂੰ ਫਾਇਦਾ ਪਹੁੰਚਦਾ ਹੈ । ਪਰ ਇਸ ਦੇ ਨਾਲ ਨਾਲ ਜਿਹੜੇ ਗਰੀਬਾਂ ਨੇ ਕਿਸੇ ਲਾਲੇ ਕੋਲੋਂ ਕਰਜ਼ਾ ਲਿਆ ਜਾਂ ਕਿਸੇ ਪਿੰਡ ਦੇ ਨੰਬਰਦਾਰ ਤੋਂ ਪੈਸੇ ਲੈ ਕੇ ਖਾਧੇ, ਉਨ੍ਹਾਂ ਵਿਚਾਰਿਆਂ ਦਾ ਕਰਜ਼ਾ ਗਰਾਂਟ ਵਿਚ ਬਦਲਿਆ ਜਾਵੇ । ਸੋ ਇਸ ਚੀਜ਼ ਦਾ ਧਿਆਨ ਕਰਨਾ ਚਾਹੀਦਾ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਬੜੇ ਦੁਖ ਨਾਲ ਕਹਿੰਦਾ ਹਾਂ ਕਿ ਮੇਰੇ ਮਾਨਯੋਗ ਕਾਮਰੇਡ ਜੇ ਇਹ ਮਤਾ ਲਿਆਉਣ ਲਗੇ ਸਨ ਤਾਂ ਇਨ੍ਹਾਂ ਸਾਰੀਆਂ ਗਲਾਂ ਦਾ ਵੀ ਧਿਆਨ ਕਰਦੇ । ਇਸ ਵਾਸਤੇ ਮੈਂ ਫਿਰ ਕਹਿੰਦਾ ਹਾਂ ਕਿ ਇਹ ਬਿਲਕੁਲ ਇਨ੍ਹਾਂ ਨੇ ਘਰ ਦੀ ਗਲ ਕੀਤੀ ਹੈ । ਇਨ੍ਹਾਂ ਨੇ ਸਾਰੇ ਪੰਜਾਬ ਦੇ ਬਾਰਡਰ ਦੀ ਗਲ ਨਹੀਂ ਕੀਤੀ । ਇਨ੍ਹਾਂ ਨੇ ਗਰੀਬ ਮਜ਼ਦੂਰ ਦੀ ਗਲ ਨਹੀਂ ਕੀਤੀ । ਉਹ ਮਜ਼ਦੂਰ ਜਿਹੜਾ ਕਿ ਪਿੰਡ ਵਿਚ ਜ਼ਿਮੀਂਦਾਰ ਦੇ ਨਾਲ ਦਿਹਾੜੀਆਂ ਕਰਦਾ ਹੈ ਅਤੇ ਉਨ੍ਹਾਂ ਦੀ ਖੇਤੀ ਕਰਦਾ ਹੈ ਉਹ ਗਰੀਬ ਜਿਨ੍ਹਾਂ ਨੇ ਜ਼ਿਮੀਦਾਰਾਂ ਕੋਲੋਂ ਕਰਜ਼ੇ ਲਏ ਹੋਏ ਸਨ, ਜਿਨ੍ਹਾਂ ਨੇ ਕਿਸੇ ਨੇ ਗਊ ਲਈ ਹੋਈ ਸੀ, ਕਿਸੇ ਨੇ ਮੱਝ ਲਈ ਹੋਈ ਸੀ, ਕਿਸੇ ਨੇ ਬੱਕਰੀ, ਘੋੜਾ ਅਤੇ ਟੱਟੂ ਆਦਿ ਲਏ ਹੋਏ ਸਨ, ਉਹ ਲੜਾਈ ਦੇ ਸਮੇਂ

[ਸ੍ਰੀ ਬਾਲਮੁਕੰਦ ਸ਼ਰਮਾ]

ਉਨ੍ਹਾਂ ਵਿਚਾਰਿਆਂ ਦੇ ਉਥੇ ਹੀ ਰਹਿ ਗਏ ਅਤੇ ਨਾਲ ਨਹੀਂ ਲਿਆ ਸਕੇ। ਉਸ ਦਾ ਕੋਈ ਇਸ ਵਿਚ ਜ਼ਿਕਰ ਨਹੀਂ ਕੀਤਾ ਗਿਆ। (ਵਿਘਨ) ਸੋ ਡਿਪਟੀ ਸਪੀਕਰ ਸਾਹਿਬ, ਮੈਂ ਕਹਾਂਗਾ ਕਿ ਇਹ ਜਿਹੜੀਆਂ ਸਾਰੀਆਂ ਕਮੀਆਂ ਇਸ ਰੈਜ਼ੋਲਿਊਸ਼ਨ ਵਿਚ ਹਨ, ਇਨ੍ਹਾਂ ਕਮੀਆਂ ਨੂੰ ਵਿਚੋਂ ਦੂਰ ਕਰਨਾ ਚਾਹੀਦਾ ਹੈ। ਜਿਹੜੇ ਬਾਰਡਰ ਤੇ ਵਸਣ ਵਾਲੇ ਲੋਕ ਹਨ, ਉਨ੍ਹਾਂ ਨੂੰ ਕਰਜ਼ੇ ਗਰਾਂਟ ਦੀ ਸ਼ਕਲ ਵਿਚ ਦੇਣੇ ਚਾਹੀਦੇ ਹਨ। ਡਿਪਟੀ ਸਪੀਕਰ ਸਾਹਿਬ, ਇਹ ਜਿਹੜੀ ਬਾਰਡਰ ਦੀ 12 ਮੀਲ ਦੀ ਪੱਟੀ ਹੈ ਮੈਂ ਇਸ ਚੀਜ਼ ਨੂੰ ਅੱਜ ਤੋਂ ਨਹੀਂ ਕਹਿੰਦਾ ਬਲਕਿ ਜਦੋਂ ਤੋਂ ਪਾਕਿਸਤਾਨ ਬਣਿਆ ਹੈ ਮੈਂ ਉਥੋਂ ਦਾ ਹੀ ਇਹ ਗਲ ਕਹਿੰਦਾ ਆਇਆ ਹਾਂ। ਇਹ 12 ਮੀਲ ਦੀ ਪੱਟੀ ਨੂੰ ਪੰਜਾਬ ਦਾ ਬਾਰਡਰ ਨਾ ਸਮਝਿਆ ਜਾਵੇ ਇਸ ਨੂੰ ਹਿੰਦੁਸਤਾਨ ਦਾ ਬਾਰਡਰ ਸਮਝਿਆ ਜਾਵੇ। ਇਸ ਬਾਰਡਰ ਦੇ ਵਿਚ ਵਸਣ ਵਾਲੇ ਜਿਹੜੇ ਗਰੀਬ ਮਜ਼ਦੂਰ, ਹਰੀਜਨ ਜਿਹੜੇ ਹਨ, ਉਨ੍ਹਾਂ ਦੀ ਜੋ ਹਾਲਤ ਹੈ ਉਹ ਮੈਂ ਤੁਹਾਨੂੰ ਦੱਸ ਰਿਹਾ ਹਾਂ। ਮੈਂ ਫਿਰੋਜ਼ਪੁਰ ਦੀ ਹਾਲਤ ਨੂੰ ਬੜੀ ਚੰਗੀ ਤਰ੍ਹਾਂ ਦੇਖਿਆ ਹੈ ਅਤੇ ਸਮਝਿਆ ਹੈ। ਮੇਰੇ ਇਲਾਕੇ ਵਿਚ ਇਹੋ ਜਿਹੇ ਪਿੰਡ ਹਨ ਜਿਨ੍ਹਾਂ ਵਿਚ ਕੋਈ ਸਕੂਲ ਨਹੀਂ ਅਤੇ ਜੇ ਕੋਈ ਸਕੂਲ ਹਨ ਤਾਂ ਉਨ੍ਹਾਂ ਨੂੰ ਜਾਣ ਵਾਸਤੇ ਰਸਤਾ ਕੋਈ ਨਹੀਂ ਹੈ। ਉਨ੍ਹਾਂ ਗਰੀਬਾਂ ਦੇ ਬਚਿਆਂ ਦੀ ਪੜ੍ਹਾਈ ਵਾਸਤੇ ਕੋਈ ਬੰਦੋਬਸਤ ਨਹੀਂ ਹੈ। ਸੋ, ਡਿਪਟੀ ਸਪੀਕਰ ਸਾਹਿਬ, ਅਗਰ ਇਸ ਰੈਜ਼ੋਲਿਊਸ਼ਨ ਵਿਚ ਇਹੋ ਜਿਹੀਆਂ ਗੱਲਾਂ ਵੀ ਲਿਆਂਦੀਆਂ ਜਾਂਦੀਆਂ ਤਾਂ ਮੈਂ ਇਸ ਨੂੰ ਚੰਗਾ ਸਮਝਦਾ। ਮੈਂ ਹੋਰ ਦੱਸਦਾ ਹਾਂ ਕਿ ਬਾਰਡਰ ਤੇ ਵਸਣ ਵਾਲੇ ਜਿਹੜੇ ਗਰੀਬ ਅਨਪੜ੍ਹ ਹਨ ਜਿਨ੍ਹਾਂ ਦਾ ਕੋਈ ਬੰਦੋਬਸਤ ਨਹੀਂ ਹੈ ਅਤੇ ਅਜੇ ਤੱਕ ਉਨ੍ਹਾਂ ਨੂੰ ਲਾਵਾਰਸ ਕਿਹਾ ਜਾਂਦਾ ਹੈ। (ਵਿਘਨ) ਹਾਂ, ਫਿਰੋਜ਼ਪੁਰ ਨੂੰ ਲਾਵਾਰਸ ਹੀ ਕਿਹਾ ਜਾਂਦਾ ਹੈ। ਫਿਰੋਜ਼ਪੁਰ ਬਾਰਡਰ ਦੇ ਇਲਾਕੇ ਲਾਵਾਰਸ ਕਹੇ ਜਾਂਦੇ ਹਨ। ਇਹ ਗਲ ਇਲੈਕਸ਼ਨਾਂ ਵਿਚ ਵੀ ਹੋਈ। ਉਥੇ ਕਿਹਾ ਗਿਆ ਕਿ ਫਿਰੋਜ਼ਪੁਰ ਬਿਲਕੁਲ ਲਾਵਾਰਸ ਹੈ ਅਤੇ ਇਸ ਦਾ ਕੋਈ ਵਾਰਸ ਨਹੀਂ ਹੈ। 25 ਸਾਲ ਹੋ ਗਏ ਇਸ ਦਾ ਕੋਈ ਧਿਆਨ ਨਹੀਂ ਦਿਤਾ ਗਿਆ। ਮੈਂ ਕਾਮਰੇਡ ਜੀ ਦੇ ਰੈਜ਼ੋਲਿਊਸ਼ਨ ਵਲ ਧਿਆਨ ਦਿੰਦੇ ਹੋਏ ਇਹ ਗਲ ਕਹਾਂਗਾ ਕਿ ਕਿੰਨਾ ਚੰਗਾ ਹੁੰਦਾ ਅਗਰ ਇਨ੍ਹਾਂ ਸਾਰੀਆਂ ਗਲਾਂ ਨੂੰ ਇਸ ਮਤੇ ਵਿਚ ਲਿਆਂਦਾ ਜਾਂਦਾ ਜਿਸ ਨਾਲ ਬਾਰਡਰ ਤੇ ਲੋਕ ਜੋ ਰਹਿੰਦੇ ਹਨ ਉਨ੍ਹਾਂ ਦਾ ਭਲਾ ਹੁੰਦਾ। ਮੈਂ ਇਹ ਜ਼ਰੂਰ ਕਹਾਂਗਾ ਕਿ ਇਸ ਰੈਜ਼ੋਲਿਊਸ਼ਨ ਵਿਚ ਜ਼ਰੂਰ ਤਰਮੀਮ ਹੋਣੀ ਚਾਹੀਦੀ ਹੈ। ਬਾਰਡਰ ਤੇ ਵਸਣ ਵਾਲੇ ਪਿੰਡਾਂ ਵਿਚ ਬਹੁਤ ਸਾਰੇ ਐਸੇ ਹਰੀਜਨ, ਗਰੀਬ ਹਨ ਜਿਨ੍ਹਾਂ ਕੋਲ ਜ਼ਮੀਨ ਨਹੀਂ ਹੈ। ਪਰ ਦੂਸਰੇ ਪਾਸੇ ਬਾਰਡਰ ਤੇ ਅਨੇ ਵੱਡੇ ਵਡੇ ਜ਼ਿਮੀਦਾਰ ਹਨ, ਵਡੇ ਵਡੇ ਧਨਾਢ ਹਨ ਅਤੇ ਕਈ ਐਸੇ ਅਫ਼ਸਰ ਵੀ ਹਨ ਜਿਨ੍ਹਾਂ ਨੇ ਸੁਸਾਇਟੀਆਂ ਬਣਾ ਕੇ ਜ਼ਮੀਨ ਹੜੱਪ ਕੀਤੀ ਹੋਈ ਹੈ। ਬਾਰਡਰ ਤੇ ਜ਼ਮੀਨ ਬਹੁਤ ਹੈ। ਮੈਂ ਕਹਾਂਗਾਂ ਕਿ ਉਥੇ ਕੁਝ ਹਰੀਜਨ ਕਾਲੋਨੀਜ਼ ਬਣਾ ਦਿਤੀਆਂ ਜਾਣ ਤੇ ਇਨ੍ਹਾਂ ਕਾਲੋਨੀਜ਼ ਵਿਚ ਗੌਰਮਿੰਟ ਆਪਣੇ ਲੈਵਲ ਤੇ ਉਨ੍ਹਾਂ ਦੀ ਇਮਦਾਦ ਕਰੇ। ਅਤੇ ਇਸੇ ਤਰ੍ਹਾਂ ਉਨ੍ਹਾਂ ਵਾਸਤੇ ਕੋਈ ਐਗਰੀਕਲਚਰ ਫ਼ਾਰਮਿੰਗ ਪ੍ਰੋਗਰਾਮ ਵੀ ਬਣਾਇਆ ਜਾਵੇ। ਉਨ੍ਹਾਂ ਦੀ ਬਿਹਤਰੀ ਵਾਸਤੇ ਗਰੀਬੀ ਹਟਾਓ ਪ੍ਰੋਗਰਾਮ ਜਿਹੜਾ ਹੈ, ਇਸ ਵੱਲ ਧਿਆਨ ਦੇ ਕੇ ਉਨ੍ਹਾਂ ਦਾ ਖਿਆਲ ਕਰਨਾ ਚਾਹੀਦਾ ਹੈ। ਬਾਰਡਰ ਦੇ ਉਪਰ ਜੋ ਗਰੀਬ ਹਨ, ਇਹ ਠੀਕ ਹੈ ਕਿ ਸਾਰੇ ਹਿੰਦੁਸਤਾਨ ਵਿਚ ਗਰੀਬ ਹਨ ਮੇਰਾ ਖਿਆਲ ਹੈ ਕਿ ਇਸ ਹਾਊਸ ਵਿਚ ਮਾਨਯੋਗ ਮੈਂਬਰ ਜੋ ਬੈਠੇ ਹਨ ਉਹ ਇਸ ਕੰਮ ਵਾਸਤੇ ਮੇਰੇ ਨਾਲ ਸਹਿਮਤ ਹੋਣਗੇ। ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਅਗਰ ਅਸੀਂ 'ਗਰੀਬੀ

ਹਟਾਓ ਪ੍ਰੋਗਗਾਮ ਸ਼ੁਰੂ ਕੀਤਾ ਹੈ ਤਾਂ ਇਸ ਪ੍ਰੋਗਰਾਮ ਨੂੰ ਬਜਾਏ ਕਿ ਅਸੀਂ ਦਿੱਲੀ ਦੇ ਪਾਸਿਉਂ ਸ਼ੁਰੂ ਕਰੀਏ ਅਸੀਂ ਇਸ ਬਾਰਡਰ ਦੇ ਪਾਸਿਉਂ ਸ਼ੁਰੂ ਕਰੀਏ। (ਤਾੜੀਆਂ) ਮੈਂ ਫਿਰੋਜ਼ਪੁਰ ਤੋਂ ਤੀਜੀ ਵਾਰ ਜਿੱਤ ਕੇ ਆਇਆ ਹਾਂ। ਮੇਰੇ ਇਲਾਕੇ ਫਿਰੋਜ਼ਪੁਰ ਵਾਲਿਆਂ ਨੇ ਮੈਨੂੰ ਕਿਹਾ ਕਿ ਸਾਡਾ ਕੋਈ ਵਾਰਸ ਨਹੀਂ ਹੈ। ਮੈਂ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਮੈਨੂੰ ਜਿਤਾ ਦਿਓ ਤਾਂ ਮੈਂ ਵਾਰਸ ਬਣ ਜਾਵਾਂਗਾ ਅਤੇ ਤੁਹਾਡੇ ਲਈ ਸਭ ਕੁਝ ਕਰਾਂਗਾ। (ਤਾੜੀਆਂ) ਸੋ ਮੈਂ ਉਥੋਂ ਦਾ ਵਾਰਸ ਹਾਂ। ਡਿਪਟੀ ਸਪੀਕਰ ਸਾਹਿਬ, ਮੈਂ ਆਪਣੇ ਆਪ ਨੂੰ ਫਿਰੋਜ਼ਪੁਰ ਦਾ ਵਾਰਸ ਸਮਝਦਾ ਹਾਂ। (ਵਿਘਨ) ਜਦ ਮੈਂ ਜਨਸੰਘ ਦੀ ਟਿਕਟ ਤੇ ਲੜਿਆ ਤਾਂ ਮੈਨੂੰ ਉਸ ਗਰੀਬ ਜਨਤਾ ਨੇ ਇਥੇ ਜਿਤਾ ਕੇ ਭੇਜਿਆ। ਪਰ ਹੁਣ ਜਦ ਮੈਂ ਕਾਂਗਰਸ ਦੀ ਟਿਕਟ ਤੇ ਲੜਿਆ ਤਾਂ ਜਨ ਸੰਘ ਦੀ ਜ਼ਮਾਨਤ ਜ਼ਬਤ ਹੋ ਗਈ।

Mr. Deputy Speaker : The House stands adjourned till 9-00 a.m. on Friday, the 7th April, 1972.

1-30 p.m.

(The House then adjourned till 9-00 A.M. on Friday the 7th April 1972.)

61C—6-7-73—305 ਕਾਪੀਆਂ—ਪੰਜਾਬ ਸਰਕਾਰ ਪਰੈਸ, ਪਟਿਆਲਾ

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

PUNJAB VIDHAN SABHA

DEBATES

7th April, 1972

Vol, I—No. 12

OFFICIAL REPORT

CONTENTS

Friday, the 7th April, 1972

ERRATA

To

Punjab Vidhan Sabha,

Debates,

Dated the 7th April, 1972

Vol. I,—No. 12

Real	*For*	*Page*	*Line*
ਇਕੱਲੇ	ਇਕੱਠੇ	(12)3	6
ਦੀਆਂ	ਦੀ	(12)6	3
ਮੈਜਿਸਟੀਰੀਅਲ	ਮੈਜਸਟੀਰੀਅਲ	(12)11	10
Dece nber	Decembsr	(12)23	2nd from below
ਵਿਚਾਰ	ਵਿਚਕਾਰ	(12)27	7
and	aud	(12)30	1
BRANCH	BRANGH	(12)37	14th from below
TOWN	TOMN	(12)39	14
ਵੇਰਵਾ	ਵੇਰਵ	(12)41	11
Punjabi	Punjab	(12)44	25
ਮੁੱਲ	ਮੱਲ	(12)49	11th from below
(ਹਾਸਾ)	(ਹਾਸ)	(12)59	12
ਐਗਰੀਕਲਚਰ	ਅੰਗਰੀਕਲਚਰ	(12)61	11th from below
ਹੈਰਾਨੀ	ਹੈਬਾਨੀ	(12)63	7th from below
आचार्य पृथ्वी सिंह आजाद	आचार्य पुथ्वी सिंह आज़ाद	(12)69	7
आचार्य पृथ्वी सिंह आजाद	आचार्य पूथ्वी सिंह आज़ाद	(12)75	1
ਮੁੱਖ ਮੰਤਰੀ	ਮੁਖ ਮਤਰੀ	(12)89	7th from below

PUNJAB VIDHAN SABHA

Friday, the 7th April, 1972

The Vidhan Sabha met in the Punjab Vidhan Sabha Hall, Vidhan Bhawan, Sector—1, Chandigarh at 9-00 a.m. of the C' ... Mr. Speaker (Sardar Darbara Singh) in the Chair.

STARRED QUESTIONS AND ANSWERS

HOUSE RENT ALLOWANCE FOR EMPLOYEES POSTED AT ROPAR

*45 **Comrade Shamsher Singh Josh** : Will the Minister for Finance be pleased to state whether the former Chief Minister who headed the Akali Ministry as well as the Adviser to the Governor during the recent President's rule assured the Employees Association that the benefit of House Rent Allowance will be granted to the employees posted at Ropar; if so, the steps taken so far to meet the said demand?

Shri Hans Raj Sharma : No, Sir.

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੈਂ ਮਾਨਯੋਗ ਵਿੱਤ ਮੰਤਰੀ ਜੀ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਸ ਗੱਲ ਦੇ ਪੇਸ਼ੇ ਨਜ਼ਰ ਕਿ ਸਾਰੇ ਜ਼ਿਲ੍ਹਾ ਹੈਡਕੁਆਟਰਾਂ ਤੇ ਜਿਹੜੇ ਨਿਯੁਕਤ ਕਰਮਚਾਰੀ ਹਨ, ਸਵਾਏ ਜ਼ਿਲ੍ਹਾ ਰੋਪੜ ਦੇ, ਉਨ੍ਹਾਂ ਨੂੰ ਹਾਉਸ ਰੈਂਟ ਦਿਤਾ ਜਾਂਦਾ ਹੈ ਸਿਰਫ ਰੋਪੜ ਜ਼ਿਲ੍ਹਾ ਹੈਡਕੁਆਟਰ ਤੇ ਨਹੀਂ ਦਿਤਾ ਜਾਂਦਾ । ਕੀ ਇਸ ਡਿਸਕ੍ਰਿਮੀਨੇਸ਼ਨ ਨੂੰ ਇਹ ਸਰਕਾਰ ਦੂਰ ਕਰਨ ਦਾ ਵਿਸ਼ਵਾਸ ਦੇ ਸਕਦੀ ਹੈ ?

ਵਿੱਤ ਮੰਤਰੀ : ਸਪੀਕਰ ਸਾਹਿਬ, ਪਿਛਲੇ ਜਿਹੜੇ ਰੂਲਜ਼ ਐਂਡ ਰੈਗੂਲੇਸ਼ਨਜ਼ ਬਣਾਏ ਹਨ ਉਨ੍ਹ ਅਨੁਸਾਰ ਪਾਪੂਲੇਸ਼ਨ ਦੇ ਲਿਹਾਜ਼ ਨਾਲ, ਕਿਸੇ ਨੂੰ ਲੱਖ ਦੀ ਆਬਾਦੀ, ਕਿਸੇ ਨੂੰ 50 ਹਜ਼ਾਰ, ਕਿਸੇ ਨੂੰ 25 ਹਜ਼ਾਰ ਦੇ ਹਿਸਾਬ ਨਾਲ ਹਾਉਸ ਰੈਂਟ ਮਿਲਦਾ ਹੈ । ਅਸੀਂ ਇਸ ਸਵਾਲ ਨੂੰ ਹਾਲੀਂ ਐਗਜ਼ਾਮਿਨ ਨਹੀਂ ਕਰ ਸਕੇ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਕੀ ਮਨਿਸਟਰ ਸਾਹਿਬ ਇਹ ਦੱਸਣ ਦੀ ਕਿਰਪਾਲਤਾ ਕਰਨਗੇ ਕਿ ਰੋਪੜ ਜ਼ਿਲ੍ਹਾ ਇਕ ਇਹੋ ਜਿਹਾ ਜ਼ਿਲ੍ਹਾ ਹੈ ਜਿਸ ਦਾ ਹਾਲੀਂ ਤਕ ਕੋਈ ਵੀ ਮੁੱਖ ਮੰਤਰੀ ਨਹੀਂ ਸੀ ਬਣਿਆ ਔਰ ਇਹ ਪਹਿਲੀ ਵਾਰ ਹੈ ਜਦੋਂ ਕਿ ਉਸ ਜ਼ਿਲ੍ਹੇ ਦਾ ਮੁੱਖ ਮੰਤਰੀ ਬਣਿਆ ਹੈ । ਇਸ ਗੱਲ ਨੂੰ ਮੱਦੇ ਨਜ਼ਰ ਰਖਦੇ ਹੋਏ ਕੀ ਰੋਪੜ ਹੈਡਕੁਆਟਰ ਦੇ ਮੁਲਾਜ਼ਮਾਂ ਨੂੰ ਇਹ ਹਾਉਸ ਰੈਂਟ ਮਨਜ਼ੂਰ ਕਰ ਦਿਤਾ ਜਾਵੇਗਾ ? (ਵਿਘਨ)

(ਕੋਈ ਜਵਾਬ ਨਹੀਂ ਦਿਤਾ ਗਿਆ)

ਇਕ ਆਵਾਜ਼ : ਇਸ ਜ਼ਿਲ੍ਹੇ ਦਾ ਡਿਪਟੀ ਲੀਡਰ ਆਫ ਆਪੋਜ਼ੀਸ਼ਨ ਵੀ ਪਹਿਲੀ ਵਾਰ ਬਣਿਆ ਹੈ । (ਵਿਘਨ)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੈਂ ਵਿੱਤ ਮੰਤਰੀ ਸਾਹਿਬ ਦਾ ਧਿਆਨ ਇਸ ਪਾਸੇ ਵਲ ਦੁਆਉਣਾ ਚਾਹੁੰਦਾ ਹਾਂ ਕਿ ਰੋਪੜ ਜ਼ਿਲ੍ਹਾ ਵੀ ਬੜੀ ਰਿਆਇਤ ਨਾਲ ਬਣਿਆ ਸੀ । ਇਤਨੀ ਥੋੜ੍ਹੀ ਆਬਾਦੀ ਨਾਲ ਕੋਈ ਜ਼ਿਲ੍ਹਾ ਬਣ ਹੀ ਨਹੀਂ ਸਕਦਾ । ਕੀ ਜਿਸ ਤਰ੍ਹਾਂ ਰੋਪੜ ਜ਼ਿਲ੍ਹਾ ਰਿਆਇਤ ਨਾਲ ਬਣਾਇਆ ਗਿਆ ਹੈ ਉਸੇ ਤਰ੍ਹਾਂ ਵਿੱਤ ਮੰਤਰੀ ਸਾਹਿਬ ਰਿਆਇਤ ਦੇ ਕੇ ਔਰ ਕੋਈ ਸਪੈਸ਼ਲ ਕੇਸ ਬਣਾ ਕੇ ਉਥੋਂ ਦੇ ਮੁਲਾਜ਼ਮਾਂ ਨੂੰ ਹਾਉਸ ਰੈਂਟ ਦੇਣ ਵਾਸਤੇ ਵਿਚਾਰ ਕਰਨਗੇ ?

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਅਰਜ਼ ਕਰ ਚੁਕਾ ਹਾਂ ਕਿ ਅਸੀਂ ਹਾਲੀਂ ਇਸ ਤੇ ਵਿਚਾਰ ਨਹੀਂ ਕਰ ਸਕੇ । ਨਵਾਂ ਜ਼ਿਲ੍ਹਾ ਬਣਿਆ ਹੈ, ਨਵੀਂ ਸਾਰੀ ਚੀਜ਼ ਹੋਈ ਹੈ । ਅਗਰ ਫੰਡਜ਼ ਇਜਾਜ਼ਤ ਦੇਣਗੇ ਤਾਂ ਅਸੀਂ ਜ਼ਰੂਰ ਇਸ ਪਾਸੇ ਧਿਆਨ ਦੇਵਾਂਗੇ ।

BANGLA DESH RELIEF FUND

*46 **Sardar Dhanna Singh Gulshan:**
Sardar Harbans Singh Jalal : Will the Minister for Finance be pleased to state—

(a) the amount of Bangla Desh Relief Fund deposited in State Treasuries, district-wise, upto 31st March, 1972 realised through various taxes in the State;

(b) the total amount donated for Bangla Desh Relief Fund and the balance of amount in State Exchequer upto 31st March, 1972?

Shri Hans Raj Sharma : (a) Requisite information is not readily available. The accounts will be compiled by the Accountant General, Punjab and the authentic audit figures will be available in due course.

(b) At the time of compilation of the revised estimates, 1971-72, it was estimated that a sum of Rs. 58,04,400 will be realised during the year 1971-72 from taxes, sur-charge, levies, etc. imposed in the interest of Bangla Desh refugees. An equivalent amount has been provided as State Government's contribution for the relief of Bangla Desh refugees in revised estimates, 1971-72.

In regard to the balance of the amount in State Exchequer on 31st August, 1972, it is stated that the information will be available on receipt of the final accounts from the audit office as explained at (a) above.

[(ੳ) ਲੋੜੀਂਦੀ ਸੂਚਨਾ ਤੁਰੰਤ ਮਿਲਣ ਯੋਗ ਨਹੀਂ ਹੈ । ਲੇਖਾ ਅੰਕੜੇ ਮੁੱਖ ਲੇਖਾਕਾਰ, ਪੰਜਾਬ ਦੁਆਰਾ ਸੰਕਲਿਤ ਕੀਤੇ ਜਾਣਗੇ ਅਤੇ ਪਰਮਾਣਿਕ ਆਡਿਟ ਅੰਕੜੇ ਯੋਗ ਸਮੇਂ ਵਿਚ ਮਿਲ ਜਾਣਗੇ ।

(ਅ) ਸਾਲ 1971-72 ਦੇ ਸੋਧੇ ਅਨੁਮਾਨਾਂ ਦੇ ਸੰਕਲਣ ਵੇਲੇ, ਇਹ ਅਨੁਮਾਨ ਲਗਾਇਆ ਗਿਆ ਸੀ ਕਿ ਸਾਲ 1971-72 ਦੇ ਦੌਰਾਨ ਬੰਗਲਾ ਦੇਸ਼ ਦੇ ਰਿਫਯੂਜੀਆਂ ਦੇ ਹਿਤ ਲਈ ਲਗਾਏ ਗਏ ਟੈਕਸਾਂ, ਸਰਚਾਰਜ ਆਦਿ ਤੋਂ 58,04,400 ਰੁਪਏ ਦੀ ਰਕਮ ਵਸੂਲੀ ਜਾਵੇਗੀ । ਸਾਲ 1971-72 ਦੇ ਸੋਧੇ ਅਨੁਮਾਨਾ ਅਨੁਸਾਰ ਰਾਜ ਸਰਕਾਰ ਨੇ ਇੰਨੀ ਹੀ ਰਕਮ ਦੇ ਅੰਸ਼ਦਾਨ ਦਾ ਬੰਗਲਾ ਦੇਸ਼ ਦੇ ਰਿਫੂਜ਼ੀਆਂ ਦੀ ਸਹਾਇਤਾ ਲਈ ਉਪਬੰਧ ਕੀਤਾ ਹੈ ।

ਜਿਥੋਂ ਤੀਕ ਮਿਤੀ 31 ਮਾਰਚ, 1972 ਤਕ ਸਰਕਾਰੀ ਖਜ਼ਾਨੇ ਵਿਚ ਬਕਾਇਆ ਰਕਮ ਦਾ ਸਬੰਧ ਹੈ ਇਹ ਦਸਿਆ ਜਾਂਦਾ ਹੈ ਕਿ ਇਹ ਸੂਚਨਾ ਜਿਵੇਂ ਕਿ ਉਪਰ (ੳ) ਤੇ ਦੱਸਿਆ ਗਿਆ ਹੈ ਆਡਿਟ ਆਫਿਸ ਤੋਂ ਅੰਤਿਮ ਅੰਕੜੇ ਆਉਣ ਉਪਰੰਤ ਮਿਲ ਸਕੇਗੀ ।]

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਜਾਣਨ ਦਾ ਯਤਨ ਕੀਤਾ ਹੈ ਔਰ ਜਿਹੜਾ ਮੂਲ ਕੁਐਸਚੰਨ ਹੈ ਉਸ ਵਿਚ ਇਹ ਪੁਛਿਆ ਗਿਆ ਹੈ ਕਿ ਜ਼ਿਲ੍ਹਾ ਵਾਰ ਦਸਿਆ ਜਾਵੇ ਕਿ ਬੰਗਲਾ ਦੇਸ਼ ਵਾਸਤੇ ਕਿੰਨੀ ਰਕਮ 31 ਮਾਰਚ ਤਕ ਇਕੱਠੀ ਕੀਤੀ ਗਈ ਹੈ। ਲੇਕਿਨ ਵਜ਼ੀਰ ਸਾਹਿਬ ਨੇ ਜ਼ਿਲ੍ਹਾ ਵਾਰ ਦਸਣ ਦੀ ਬਜਾਏ ਇਹ ਦਸਿਆ ਹੈ ਕਿ 58,04,400 ਰੁਪਏ ਦੀ ਰਕਮ ਹੁਣ ਤਕ ਇਕੱਠੀ ਕੀਤੀ ਗਈ ਹੈ। (ਵਿਘਨ) ਮੈਂ ਵਜ਼ੀਰ ਸਾਹਿਬ ਨੂੰ ਇਹ ਪੁਛਣਾ ਚਾਹੁੰਦਾ ਹਾਂ ਕਿ ਇਕੱਠੇ ਬਠਿੰਡੇ ਜ਼ਿਲੇ ਵਿਚੋਂ 70,00,000 ਰੁਪਇਆ ਬੰਗਲਾ ਦੇਸ਼ ਵਾਸਤੇ ਇਕੱਠਾ ਕੀਤਾ ਗਿਆ ਹੈ, ਕੀ ਇਹ ਉਹਨਾਂ ਦੇ ਨੋਟਿਸ ਵਿਚ ਹੈ ਜਾਂ ਨਹੀਂ ?

ਵਿੱਤ ਮੰਤਰੀ : ਮਾਨਯੋਗ ਮੈਂਬਰ ਸਾਹਿਬ ਇਸ ਦੇ ਬਾਰੇ ਨੋਟਿਸ ਦੇ ਦੇਣ।

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਜ਼ਿਲ੍ਹਾ ਵਾਰ ਰਕਮ ਪੁਛਣ ਲਈ ਤਾਂ ਪਹਿਲਾਂ ਹੀ ਸਵਾਲ ਵਿਚ ਪੁਛਿਆ ਗਿਆ ਹੈ। ਇਸ ਦੇ ਬਾਰੇ ਤਾਂ ਪਹਿਲਾਂ ਹੀ ਨੋਟਿਸ ਹੈ....

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕੀਤੀ ਹੈ ਕਿ ਕਾਫੀ ਇਨਫਾਰਮੇਸ਼ਨ ਹਾਲੀਂ ਕੁਲੈਕਟ ਨਹੀਂ ਹੋਈ। ਜਿਸ ਵੇਲੇ ਇਨਫਾਰਮੇਸ਼ਨ ਆ ਜਾਵੇਗੀ ਮੈਂ ਤੁਹਾਡੀ ਮਾਰਫਤ ਇਸ ਸਦਨ ਵਿਚ ਰਖ ਦਿਆਂਗਾ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਬੰਗਲਾ ਦੇਸ਼ ਦੀ ਸਥਾਪਨਾ ਨਾਲ ਬੰਗਲਾ ਦੇਸ਼ ਦੇ ਲੋਕਾਂ ਨੂੰ ਰਿਲੀਫ਼ ਮਿਲ ਗਿਆ ਹੈ। ਇਹ ਜਿਹੜੀ 58 ਲੱਖ ਰੁਪਏ ਦੀ ਰਕਮ ਇਕੱਠੀ ਹੋ ਚੁਕੀ ਹੈ ਕੀ ਵਜ਼ੀਰ ਸਾਹਿਬ ਇਸ ਟੈਕਸ ਨੂੰ ਹਟਾ ਕੇ ਪੰਜਾਬ ਦੇ ਲੋਕਾਂ ਨੂੰ ਰਿਲੀਫ਼ ਦੇਣ ਨੂੰ ਤਿਆਰ ਹਨ ?

ਵਿੱਤ ਮੰਤਰੀ : ਸਪੀਕਰ ਸਾਹਿਬ, ਪੰਜਾਬ ਦੇ ਲੋਕਾਂ ਨੂੰ ਪਹਿਲਾਂ ਹੀ ਰਿਲੀਫ ਮਿਲ ਰਿਹਾ ਹੈ। ਮੈਂ ਆਪਣੀ ਬਜਟ ਸਪੀਚ ਵਿਚ ਕਹਿ ਚੁਕਾ ਹਾਂ ਜੋ ਕੰਮ ਪੰਜਾਬ ਵਾਸਤੇ ਹੋ ਰਿਹਾ ਹੈ। ਲੇਕਿਨ ਇਹ ਜੋ ਸਾਡਾ ਇਕ ਫਰਜ਼ ਹੈ, ਮੈਂ ਸਮਝਦਾ ਹਾਂ ਕਿ ਸਾਨੂੰ ਇਸ ਫ਼ਰਜ਼ ਤੋਂ ਕੋਤਾਹੀ ਨਹੀਂ ਕਰਨੀ ਚਾਹੀਦੀ।

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਮੈਂ ਵਿੱਤ ਮੰਤਰੀ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਬੰਗਲਾ ਦੇਸ਼ ਫੰਡ ਦਾ ਰੁਪਿਆ ਹੈ, ਕਿਉਂਕਿ ਬੰਗਲਾ ਦੇਸ਼ ਹੁਣ ਆਜ਼ਾਦ ਹੋ ਚੁਕਾ ਹੈ ਅਸੀਂ ਇਹ ਰੁਪਿਆ ਆਪਣੇ ਬਾਰਡਰ ਦੇ ਲੋਕਾਂ ਵਾਸਤੇ, ਵਾਰ ਇਫੈਕਟਿਡ ਲੋਕਾਂ ਵਾਸਤੇ, ਸੈਂਟਰ ਸਰਕਾਰ ਦੀ ਇਜਾਜ਼ਤ ਨਾਲ ਅਸੀਂ ਲਗਾ ਸਕਦੇ ਹਾਂ ਜਾਂ ਨਹੀਂ ?

ਵਿੱਤ ਮੰਤਰੀ : ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ 20 ਕਰੋੜ ਰੁਪਿਆ ਬਾਰਡਰ ਦੇ ਲੋਕਾਂ ਲਈ ਸੈਂਟਰ ਦੀ ਸਰਕਾਰ ਤੋਂ ਮਿਲਣਾ ਹੈ ਜਿਹੜਾ ਅਸੀਂ ਡਿਸਟ੍ਰੀਬਿਊਟ ਕਰਨਾ ਹੈ। ਇਹ ਜੋ ਰੁਪਿਆ ਅਸੀਂ ਇੱਕਠਾ ਕਰਨਾ ਹੈ ਇਹ ਬਹੁਤ ਥੋੜ੍ਹੀ ਰਕਮ ਹੋਣੀ ਹੈ। (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਕੀ ਮਨਿਸਟਰ ਸਾਹਿਬ ਦਸਣਗੇ ਕਿ ਜਦੋਂ ਕਿ ਬੰਗਲਾ ਦੇਸ਼ ਹੁਣ ਆਜ਼ਾਦ ਹੋ ਗਿਆ ਹੈ, ਇਹ ਫੰਡ ਹੋਰ ਕਿਤਨੀ ਦੇਰ ਤਕ ਇਕੱਠਾ ਕਰਕੇ ਦਿਤਾ ਜਾਵੇਗਾ ?

ਵਿੱਤ ਮੰਤਰੀ : ਸਪੀਕਰ ਸਾਹਿਬ, ਅਰਜ਼ ਇਹ ਹੈ ਕਿ ਮੈਂ ਅਗੇ ਵੀ ਕਹਿ ਚੁਕਾ ਹਾਂ, ਖਾਸ ਤੌਰ ਤੇ ਡਿਪਟੀ ਲੀਡਰ ਆਫ਼ ਆਪੋਜ਼ੀਸ਼ਨ ਨੂੰ ਅਰਜ਼ ਕਰ ਚੁਕਾ ਹਾਂ, ਇਸ ਦੇ ਲਈ ਇਕ ਸਾਲ ਹੋਰ ਵਧਾਇਆ ਗਿਆ ਹੈ। ਕਿਉਂਕਿ ਉਸ ਸਟੇਟ ਨੂੰ ਆਪਣੇ ਪੈਰਾਂ ਤੇ ਖੜਾ ਕਰਨਾ ਹੈ ਔਰ ਉਸ ਸਟੇਟ ਨੂੰ ਸੈਲਫ ਸਫੀਸ਼ੈਂਟ ਬਣਾਉਣਾ ਹੈ । ਸਾਡੇ ਜਿਹੜੇ ਸ਼ਰਨਾਰਥੀ ਗਏ ਹਨ ਉਨ੍ਹਾਂ ਦੀ ਇਹ ਮਦਦ ਹੈ । ਅਗੇ ਵਾਸਤੇ ਇਹ ਨਹੀਂ ਇਕੱਠਾ ਕੀਤਾ ਜਾਵੇਗਾ । ਫਿਰ ਜਿਨਾ ਸਾਨੂੰ ਸੈਂਟਰ ਦੀ ਸਰਕਾਰ ਰਕਮ ਦੇ ਰਹੀ ਹੈ ਉਸ ਦੇ ਮੁਕਾਬਲੇ ਤੇ ਸਾਡੀ ਇਕੱਠੀ ਕੀਤੀ ਹੋਈ ਰਕਮ ਜੋ ਅਸੀਂ ਦੇ ਰਹੇ ਹਾਂ ਉਹ ਬਹੁਤ ਥੋੜ੍ਹੀ ਹੈ । (ਵਿਘਨ)

ਸ੍ਰੀ ਸਪੀਕਰ : ਸ਼ਰਮਾ ਜੀ 'ਸਾਡੇ ਸ਼ਰਨਾਰਥੀ ਦੀ ਥਾਂ ਤੇ ਬੰਗਲਾ ਦੇਸ਼ ਦੇ ਸ਼ਰਨਾਰਥੀ' ਕਹੋ । (ਵਿਘਨ) (Sharma Jee, use the words 'Refugees from Bangla Desh' instead of 'Our Refugees'.

ਵਿੱਤ ਮੰਤਰੀ : ਸਾਹੀ ਸਰ । ਬੰਗਲਾ ਦੇਸ਼ ਦੇ ਸ਼ਰਨਾਰਥੀ । (ਵਿਘਨ)

ਸਰਦਾਰ ਧੰਨਾ ਸਿੰਘ ਗੁਲਸ਼ਨ : ਬੰਗਲਾ ਦੇਸ਼ ਆਜ਼ਾਦ ਹੋ ਗਿਆ ਹੈ, ਉਥੇ ਉਨ੍ਹਾਂ ਦੀ ਸਰਕਾਰ ਬਣ ਗਈ ਹੈ । ਢਾਕਾ ਤੇ ਉਨ੍ਹਾਂ ਦਾ ਕਬਜ਼ਾ ਹੋ ਗਿਆ ਹੈ ਔਰ ਉਨ੍ਹਾਂ ਦੇ ਸ਼ਰਨਾਰਥੀ ਵਾਪਸ ਚਲੇ ਗਏ ਹਨ । ਇਸ ਲਈ ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਵਸਾਉਣ ਦੀ ਜ਼ਿੰਮੇਵਾਰੀ ਹਿੰਦ ਸਰਕਾਰ ਦੀ ਹੈ ਜਾਂ ਪੰਜਾਬ ਸਰਕਾਰ ਦੀ ਹੈ ਜਾਂ ਕਿ ਇਹ ਜ਼ਿੰਮੇਵਾਰੀ ਬੰਗਲਾ ਦੇਸ਼ ਦੇ ਸਿਰ ਤੇ ਹੈ ? ਉਨ੍ਹਾਂ ਦੀ ਕਰੰਸੀ ਆਪਣੀ ਛਪ ਚੁਕੀ ਹੈ ਫਿਰ ਵੀ ਇਹ ਟੈਕਸ ਲਾਈ ਜਾ ਰਹੇ ਹਨ ?

ਵਿੱਤ ਮੰਤਰੀ : ਸਪੀਕਰ ਸਾਹਿਬ, ਇਹ ਸਪਲੀਮੈਂਟਰੀ ਬਣਦੀ ਹੈ ਜਾਂ ਨਹੀਂ ਇਸ ਦਾ ਫੈਸਲਾ ਤੁਸੀਂ ਕਰਨਾ ਹੈ । ਪਰ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਕਾਫੀ ਖਰਚ ਅਸੀਂ ਬੰਗਲਾ ਦੇਸ਼ ਦੇ ਸ਼ਰਨਾਰਥੀਆਂ ਤੇ ਕੀਤਾ ਹੈ । ਫਿਰ ਵੀ ਸੈਂਟਰ ਦੀ ਸਰਕਾਰ ਜੋ ਬਾਰਡਰ ਦੇ ਜ਼ਿਲ੍ਹਿਆਂ ਵਾਸਤੇ ਸਾਨੂੰ ਹਿੱਸਾ ਦੇ ਰਹੀ ਹੈ ਉਸ ਦੇ ਮੁਕਾਬਲੇ ਤੇ ਜੋ ਅਸੀਂ ਪਿਛਲੇ ਸਾਲ ਔਰ ਇਸ ਸਾਲ ਫੰਡ ਬੰਗਲਾ ਦੇਸ਼ ਵਾਸਤੇ ਇਕੱਠਾ ਕਰ ਰਹੇ ਹਾਂ, ਉਹ ਬਹੁਤ ਥੋੜ੍ਹਾ ਹੈ । (ਵਿਘਨ) ਫਿਰ, ਸਪੀਕਰ ਸਾਹਿਬ, ਜਿਸ ਸ਼ਰਧਾ ਨਾਲ ਅਸੀਂ ਬੰਗਲਾ ਦੇਸ਼ ਦੀ ਤਾਰੀਫ ਕੀਤੀ ਹੈ, ਇਥੇ ਵਧਾਈ ਦਿਤੀ ਹੈ, ਉਸੇ ਸ਼ਰਧਾ ਨਾਲ ਸਾਨੂੰ ਫਿਰਕਾ ਪ੍ਰਸਤੀ ਤੋਂ ਉਪਰ ਉਠ ਕੇ ਜਿਸ ਤਰ੍ਹਾਂ ਅਸੀਂ ਅਗੇ ਕੰਮ ਕੀਤਾ ਹੈ ਉਸੀ ਤਰ੍ਹਾਂ ਹੁਣ ਵੀ ਕਰਨਾ ਚਾਹੀਦਾ ਹੈ । (ਵਿਘਨ)

PROPOSED TERMINATION OF SERVICE OF TRAINED MIDWIVES

***40 Sardar Dhanna Singh Gulshan** : Will the Minister for Finance be pleased to state :—

(a) whether it is a fact that about 500 trained midwives who were working in the State since long have recently been rendered jobless ;

(b) the considerations, if any, which prompted the Government to dispense with their service connected with public welfare;

(c) the number of trained midwives out of them belonging to the scheduled castes ?

Shri Hans Raj Sharma : (a) Yes. Services of 480 trained Dais employed under Family Planning Programme have been terminated.

(b) The appointment of trained Dais was not according to the approved pattern of the Government of India. As such they refused to reimburse the amount of pay and allowances of these 480 Dais.

(c) Fifty three.

[(ੲ) ਹਾਂ ਜੀ, 480 ਟਰੇਂਡ ਦਾਈਆਂ ਨੂੰ ਨੌਕਰੀ ਤੋਂ ਮੁਕਤ ਕੀਤਾ ਗਿਆ ਹੈ ।

(ਬੀ) ਦਾਈਆਂ ਨੂੰ ਕੇਂਦਰੀ ਪੈਟਰਨ ਦੇ ਆਧਾਰ ਤੇ ਨਹੀਂ ਰਖਿਆ ਗਿਆ ਸੀ, ਇਸ ਲਈ ਉਨ੍ਹਾਂ ਨੇ ਦਾਈਆਂ ਦੀ ਤਨਖਾਹ ਤੇ ਭੱਤਾ ਆਦਿ ਦੇਣ ਤੋਂ ਇਨਕਾਰ ਕਰ ਦਿਤਾ ।

(ਸੀ) 53]

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੈਂ ਮੰਤਰੀ ਮਹੋਦਯ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਿਹੜਾ ਜਵਾਬ ਇਨ੍ਹਾਂ ਨੇ ਇਸ ਸਵਾਲ ਦਾ ਹੁਣ ਦਿੱਤਾ ਹੈ ਅਤੇ ਇਸ ਤਰ੍ਹਾਂ ਦੀ ਇਕ ਕਾਲ ਅਟੈਨਸ਼ਨ ਦਾ ਜਵਾਬ ਇਸੇ ਇਸ਼ੂ ਤੇ ਇਸ ਹਾਊਸ ਵਿਚ ਬਿਆਨ ਦਿਤਾ ਸੀ ਕਿ 480 ਦਾਈਆਂ ਨੂੰ ਅਬਜ਼ਾਰਵ ਕੀਤਾ ਜਾ ਰਿਹਾ ਹੈ ਹੈਲਥ ਡਿਪਾਰਟਮੈਂਟ ਵਿਚ, ਉਹ ਪਹਿਲਾ ਬਿਆਨ ਦਰੁਸਤ ਸੀ ਜਾਂ ਇਸ ਸੁਆਲ ਦਾ ਜਵਾਬ ਦਰੁਸਤ ਹੈ ?

ਵਿੱਤ ਮੰਤਰੀ : ਸਪੀਕਰ ਸਾਹਿਬ, ਜਿਤਨਾ ਜਵਾਬ ਪੁਛਿਆ ਗਿਆ ਸੀ ਇਸ ਸੁਆਲ ਦਾ ਮੈਂ ਉਤਨਾ ਜਵਾਬ ਦਿਤਾ ਹੈ । ਮੈਂ ਜੋਸ਼ ਸਾਹਿਬ ਨੂੰ ਤੁਹਾਡੀ ਵਸਾਤੱਤ ਨਾਲ ਅਰਜ਼ ਕਰਨਾ ਚਾਹੁੰਦਾ ਹਾਂ ਕਿ ਜਿਹੜਾ ਪਹਿਲਾ ਬਿਆਨ ਦਿਤਾ ਸੀ ਕਾਲ ਅਟੈਨਸ਼ਨ ਦੇ ਸਿਲਸਿਲੇ ਵਿਚ ਅਸੀਂ ਉਸ ਤੇ ਕਾਇਮ ਹਾਂ ਅਤੇ ਇਹ ਵੀ ਹਾਊਸ ਵਿਚ ਦਸ ਦੇਣਾ ਚਾਹੁੰਦਾ ਹਾਂ ਕਿ ਕਲ ਉਨ੍ਹਾਂ ਦੀ ਅਪੁਆਇੰਟਮੈਂਟਸ ਦੇ ਆਰਡਰ ਵੀ ਕਰ ਦਿਤੇ ਹਨ । (ਥੰਪਿੰਗ)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਫੈਸਲਾ ਕੀਤਾ ਹੈ ਉਨ੍ਹਾਂ ਦਾਈਆਂ ਨੂੰ ਨੌਕਰੀਆਂ ਵਿਚ ਦੋਬਾਰਾ ਲੈਣ ਦਾ, ਕੀ ਤਨਖਾਹ ਜਿਹੜੀ ਉਨ੍ਹਾਂ ਨੂੰ ਦੇਣਗੇ ਉਹ ਉਸ ਦਿਨ ਤੋਂ ਦੇਣਗੇ ਜਦੋਂ ਤੋਂ ਹਟਾਈਆਂ ਗਈਆਂ ਸਨ ਜਾਂ ਨਵੇਂ ਸਿਰੇ ਤੋਂ ਦੇਣਗੇ ?

ਵਿੱਤ ਮੰਤਰੀ : ਇਹ ਸੁਆਲ ਇਸ ਵਿਚੋਂ ਉਠਦਾ ਨਹੀਂ, ਇਸ ਲਈ ਨਵਾਂ ਨੋਟਿਸ ਦੇ ਦੇਣ ਮੈਂ ਜਵਾਬ ਦੇ ਦਿਆਂਗਾ ।

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ ਕੀ ਵਿੱਤ ਮੰਤਰੀ ਸਾਹਿਬ ਇਹ ਦਸਣ ਦੀ ਖੇਚਲ ਕਰਨਗੇ ਕਿ ਉਹ ਜਿਹੜੀਆਂ ਦਾਈਆਂ ਲਗਾਈਆਂ ਗਈਆਂ ਸਨ ਉਹ ਗੌਰਮਿੰਟ ਆਫ਼ ਇੰਡੀਆ ਦੀ ਹਦਾਇਤਾਂ ਦੇ ਖਿਲਾਫ਼ ਲਗਾਈਆਂ ਗਈਆਂ ਸਨ । ਜਿਨ੍ਹਾਂ ਅਫਸਰਾਂ ਨੇ ਗੌਰਮਿੰਟ ਦੀਆਂ ਹਦਾਇਤਾਂ ਦੇ ਖ਼ਿਲਾਫ਼ ਉਨ੍ਹਾਂ ਦੀ ਅਪੁਆਇੰਟਮੈਂਟ ਕੀਤੀ ਸੀ ਕੀ ਉਨ੍ਹਾਂ ਦੇ ਖ਼ਿਲਾਫ਼ ਕੋਈ ਐਕਸ਼ਨ ਲਿਆ ਜਾਏਗਾ ?

ਵਿੱਤ ਮੰਤਰੀ : ਮੈਂ ਇਸ ਸੁਆਲ ਦੇ ਜਵਾਬ ਵਿਚ ਜਾਣਾ ਨਹੀਂ ਚਾਹੁੰਦਾ, ਕਿਉਂਕਿ ਜਿਹੜੇ ਮੇਰੇ ਦੋਸਤ ਉਧਰ ਬੈਠੇ ਹਨ (ਆਪੋਜ਼ੀਸ਼ਨ ਬੈਂਚਿਜ਼ ਵਲ ਇਸ਼ਾਰਾ ਕਰਦੇ ਹੋਏ) ਉਹ ਚਮੱਕ ਉਠਣਗੇ । ਇਹ ਗਲ ਠੀਕ ਹੋਈ ਹੈ ਕਿ ਉਨ੍ਹਾਂ ਨੂੰ ਗੌਰਮਿੰਟ ਦੀਆਂ ਹਦਾਇਤਾਂ ਦੇ ਖ਼ਿਲਾਫ਼ ਹੀ ਲਗਾਇਆ ਗਿਆ ਸੀ । ਗੌਰਮਿੰਟ ਆਫ਼ ਇੰਡੀਆ ਨੇ ਕਿਹਾ ਸੀ ਕਿ ਹਰ ਪਿੰਡ ਵਿਚ 50 ਰੁਪਏ ਮਹੀਨੇ ਤੇ ਇਕ ਦਾਈ ਰਖੀ ਜਾਏ ਪਰ ਉਨ੍ਹਾਂ ਨੂੰ ਪੂਰੀ ਤਨਖਾਹ ਤੇ ਲਾਇਆ ਗਿਆ । ਚੂੰਕਿ ਹੁਣ ਹਾਊਸ ਦੀ ਮਰਜ਼ੀ ਹੈ ਅਤੇ ਸਪੀਕਰ ਸਾਹਿਬ ਤੁਹਾਡੀ ਵੀ ਮਰਜ਼ੀ ਹੈ ਇਸ ਲਈ ਅਸੀਂ ਉਨ੍ਹਾਂ ਨੂੰ ਪੂਰੀ ਤਨਖ਼ਾਹ ਤੇ ਰੱਖ ਲਿਆ ਹੈ । (ਵਿਘਨ)

ਸਰਦਾਰ ਦਰਸ਼ਨ ਸਿੰਘ ਕੇ. ਪੀ. : ਸਪੀਕਰ ਸਾਹਿਬ, ਮੈਂ ਵਿੱਤ ਮੰਤਰੀ ਸਾਹਿਬ ਨੂੰ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਨਵੀਆਂ ਦਾਈਆਂ ਲਗਾਈਆਂ ਹਨ ਕੀ ਉਹ ਐਮਪਲਾਇਮੈਂਟ ਦੇ ਥਰੂ ਲਗਾਈਆਂ ਹਨ ?

ਵਿੱਤ ਮੰਤਰੀ : ਇਸ ਦੇ ਲਈ ਨੋਟਿਸ ਚਾਹੀਦਾ ਹੈ ।

RESERVATION OF SPECIAL QUOTA OF SUGAR FOR MARRIAGES IN THE STATE.

*35. **Comrade Shamsher Singh Josh** : Will the Minister of State for Food and Supplies be pleased to state whether it is a fact that no special quota of sugar has been reserved for marriages in the State, if so, the reasons therefor ?

Shri Gian Chand Kharbanda : Yes. The allocation of sugar to this State by the Government of India is not sufficient even for distribution amongst domestic consumers.

[ਹਾਂ ਜੀ । ਖੰਡ ਦੀ ਐਲੋਕੇਸ਼ਨ ਜੋ ਭਾਰਤ ਸਰਕਾਰ ਵਲੋਂ ਪੰਜਾਬ ਸਰਕਾਰ ਨੂੰ ਹੁੰਦੀ ਹੈ ਉਹ ਘਰੇਲੂ ਖਪਤਕਾਰਾਂ ਲਈ ਵੀ ਕਾਫੀ ਨਹੀਂ ਹੈ ।]

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਸਪੀਕਰ ਸਾਹਿਬ, ਮੈਂ ਹੁਮੈਨੀਟੇਰੀਅਨ ਬੁਨਿਆਦ ਤੇ ਬੇਨਤੀ ਕਰਦਾ ਹਾਂ ਕਿ ਪੰਜਾਬ ਵਿਚ ਹਜ਼ਾਰਾਂ ਹੀ ਐਸੇ ਗਰੀਬ ਘਰਾਨੇ ਹਨ ਜਿਹੜੇ ਆਪਣੇ ਲੜਕੇ ਲੜਕੀਆਂ ਦੀ ਸ਼ਾਦੀ ਨਹੀਂ ਕਰ ਸਕਦੇ ਅਤੇ ਮੌਜੂਦਾ ਭਾਅ ਤੇ ਖੰਡ ਨਹੀਂ ਖਰੀਦ ਸਕਦੇ । ਉਨ੍ਹਾਂ ਲਈ ਨਾਮ ਮਾਤਰ ਹੀ ਜੇ ਕੋਟਾ ਮਨਜ਼ੂਰ ਕਰ ਦੇਣ ਤਾਂ ਬੜਾ ਹੀ ਚੰਗਾ ਹੋਵੇਗਾ ।

ਰਾਜ ਮੰਤਰੀ (ਖੁਰਾਕ ਅਤੇ ਸਪਲਾਈ) : ਮੈਂ ਹਾਊਸ ਨੂੰ ਯਕੀਨ ਦਿਲਾਉਂਦਾ ਹਾਂ ਕਿ ਪੰਜਾਬ ਗੌਰਮਿੰਟ ਇਸ ਸਿਲਸਿਲੇ ਵਿਚ ਪੂਰਾ ਪੂਰਾ ਜ਼ੋਰ ਲਾ ਰਹੀ ਹੈ । ਮੈਂ ਇਸ ਸਿਲ-ਸਿਲੇ ਵਿਚ ਦਿੱਲੀ ਜਾ ਰਿਹਾ ਹਾਂ ਜੋ ਕੁਝ ਭੀ ਉਨ੍ਹਾਂ ਨੇ ਫ਼ਰਮਾਇਆ, ਮੈਂ ਉਸ ਦੇ ਮੁਤਾਬਿਕ ਕਰਾਂਗਾ ਅਤੇ ਇਸ ਦੇ ਲਈ ਕੋਟਾ ਲਿਆਉਣ ਦੀ ਪੂਰੀ ਪੂਰੀ ਕੋਸ਼ਿਸ਼ ਕਰਾਂਗਾ ।

ਕਾਮਰੇਡ ਰਾਜ ਕੁਮਾਰ: ਸਪੀਕਰ ਸਾਹਿਬ, ਕੀ ਮੰਤਰੀ ਸਾਹਿਬ ਇਸ ਸਦਨ ਵਿਚ ਬਿਆਨ ਦੇਣ ਦੀ ਖੇਚਲ ਕਰਨਗੇ ਕਿ ਜਿਹੜਾ ਫਿਕਸ ਖੰਡ ਦਾ ਕੋਟਾ ਹਰਿਆਣਾ ਵਿਚ ਦਿੱਤਾ ਜਾ ਰਿਹਾ ਹੈ ਉਹ ਪੰਜਾਬ ਨਾਲੋਂ ਵੱਧ ਹੈ, ਇਸ ਦਾ ਕੀ ਕਾਰਨ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਹਰਿਆਣਾ ਦੀ ਫ਼ਿਗਰਜ਼ ਮੇਰੇ ਪਾਸ ਨਹੀਂ ਹਨ, ਅਖਬਾਰਾਂ ਦੀਆਂ ਖਬਰਾਂ ਦੇ ਮੁਤਾਬਿਕ ਉਥੇ ਵੀ ਇਸ ਕਿਸਮ ਦਾ ਕੋਟਾ ਬੰਦ ਕਰ ਦਿੱਤਾ ਗਿਆ ਹੈ । ਮੈਂ ਅਰਜ਼ ਕਰਾਂ ਕਿ ਸਾਨੂੰ ਖੰਡ ਦਾ ਕੋਟਾ ਚਾਹੀਦਾ ਹੈ 13,400 ਟੱਨ ਅਤੇ ਜਿਹੜਾ ਮਿਲਦਾ ਹੈ ਉਹ ਹੈ 6,500 ਟਨ । ਉਸ ਦੇ ਮੁਤਾਬਿਕ ਇਹ ਆਪ ਹੀ ਫ਼ੈਸਲਾ ਕਰ ਲੈਣ ਕਿ ਕਿਸ ਤਰ੍ਹਾਂ ਇਸ ਸਿਲਸਿਲੇ ਵਿੱਚ ਖੰਡ ਦਿੱਤੀ ਜਾ ਸਕਦੀ ਹੈ ?

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਸੀ ਕਿ ਸ਼ਹਿਰਾਂ ਅਤੇ ਪਿੰਡਾਂ ਵਾਲਿਆਂ ਦਾ ਖੰਡ ਦਾ ਕੋਟਾ ਬਰਾਬਰ ਕਰ ਦਿੱਤਾ ਜਾਏਗਾ, ਪਰ ਸੈਂਟਰ ਦੀ ਸਰਕਾਰ ਹੋਰ ਖੰਡ ਦੇ ਨਹੀਂ ਰਹੀ, ਕੀ ਮਨਿਸਟਰ ਸਾਹਿਬ ਦਸਣਗੇ ਕਿ ਆਇਆ ਪਿੰਡਾਂ ਅਤੇ ਸ਼ਹਿਰਾਂ ਦਾ ਕੋਟਾ ਇਸ ਹਾਲਤ ਵਿਚ ਬਰਾਬਰ ਕਰ ਦਿੱਤਾ ਜਾਏਗਾ, ਜਾ ਨਹੀਂ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਗਵਰਨਰ ਸਾਹਿਬ ਦੇ ਐਡਰੈਸ ਵਿਚ ਕਿਹਾ ਗਿਆ ਹੈ ਕਿ ਪਿੰਡਾਂ ਅਤੇ ਸ਼ਹਿਰਾਂ ਵਾਲਿਆਂ ਦਾ ਖੰਡ ਦਾ ਕੋਟਾ ਬਰਾਬਰ ਕਰ ਦਿਤਾ ਜਾਏਗਾ, ਉਸ ਤੇ ਵਚਨ ਬੱਧ ਹਾਂ । ਫ਼ੈਸਲਾ ਕਰਨ ਵਿਚ ਸਿਰਫ਼ ਦੇਰੀ ਇਤਨੀ ਹੈ ਅਸੀਂ ਚਾਹੁੰਦੇ ਹਾਂ ਕਿ ਸੈਂਟਰ ਦੀ ਸਰਕਾਰ ਜਿਤਨੀ ਖੰਡ ਸਾਨੂੰ ਦੇਣਾ ਚਾਹੁੰਦੀ ਹੈ ਉਸ ਦਾ ਫ਼ੈਸਲਾ ਹੋ ਜਾਏ ਤਾਂ ਫਿਰ ਅਸੀਂ ਕੋਟਾ ਪੂਰਾ ਪੂਰਾ ਫਿਕਸ ਕਰੀਏ । ਇਹ ਨਾ ਹੋਵੇ ਕਿ ਅੱਜ ਕੁਝ ਫ਼ੈਸਲਾ ਕਰ ਦੇਈਏ ਅਤੇ ਕਲ ਨੂੰ ਕੁਝ ਹੋਰ ।

आचार्य पृथ्वी सिंह आज़ाद : स्पीकर साहिब, क्या वजीर साहिब चीनी की तंगी के पेशे नज़र यह कोशिश करेंगे कि खँडसरी को बढ़ावा दिया जाये ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਸੁਆਲ ਪੈਦਾ ਤਾਂ ਨਹੀਂ ਹੁੰਦਾ ਬਹਰਹਾਲ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਖੰਡ ਦੇ ਮਸਲੇ ਨੂੰ ਹਲ ਕਰਨ ਵਾਸਤੇ ਸਾਡੀ ਪੂਰੀ ਕੋਸ਼ਿਸ਼ ਹੈ ।

Acharya Prithvi Singh Azad : Mr. Speaker, does it require a separate notice ? I want your ruling, Sir.

ਸ੍ਰੀ ਸਪੀਕਰ : ਜਵਾਬ, ਇਨ੍ਹਾਂ ਨੇ ਦੇ ਹੀ ਦਿਤਾ ਹੈ । (ਵਿਘਨ) (He has given a reply.) (*Interruption*)

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਕੀ ਮਨਿਸਟਰ ਸਾਹਿਬ, ਸੈਂਟਰ ਦੀ ਸਰਕਾਰ ਤੇ ਜ਼ੋਰ ਪਾਉਣਗੇ ਕਿ ਉਨ੍ਹਾਂ ਚਿਰ ਖੰਡ ਦਾ ਮਸਲਾ ਹਲ ਨਹੀਂ ਹੋ ਸਕਦਾ ਜਿੰਨਾ ਚਿਰ ਖੰਡ ਦੀਆਂ ਸਾਰੀਆਂ ਮਿਲਾਂ ਦਾ ਕੌਮੀਕਰਣ ਨਾ ਕਰ ਦਿਤਾ ਜਾਏ ?

ਰਾਜ ਮੰਤਰੀ : ਇਸ ਦੇ ਲਈ ਸੈਪਰੇਟ ਨੋਟਿਸ ਚਾਹੀਦਾ ਹੈ ।

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਆਇਆ ਮੈਂ ਮਨਿਸਟਰ ਸਾਹਿਬ ਨੂੰ ਪੁਛ ਸਕਦਾ ਹਾਂ ਕਿ ਕੀ ਕਾਰਣ ਹੈ ਕਿ ਸਾਡੇ ਦੇਸ਼ ਵਿਚ ਖੰਡ ਸਰਪਲੱਸ ਹੈ ਔਰ ਫਿਰ ਵੀ ਪੰਜਾਬ ਨੂੰ ਖੰਡ ਦਾ ਪੂਰਾ ਕੋਟਾ ਨਹੀਂ ਦਿਤਾ ਜਾ ਰਿਹਾ ?

ਰਾਜ ਮੰਤਰੀ : ਮੈਂ ਪਹਿਲਾਂ ਹੀ ਅਰਜ਼ ਕਰ ਚੁਕਾ ਹਾਂ ਕਿ ਗੌਰਮੈਂਟ ਪੂਰੀ ਪੂਰੀ ਕੋਸ਼ਿਸ਼ ਕਰ ਰਹੀ ਹੈ ਕਿ ਸਾਨੂੰ ਖੰਡ ਦਾ ਕੋਟਾ ਜ਼ਿਆਦਾ ਤੋਂ ਜ਼ਿਆਦਾ ਮਿਲੇ ।

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਜਿਸ ਤਰ੍ਹਾਂ ਗਵਰਨਰ ਸਾਹਿਬ ਨੇ ਆਪਣੇ ਭਾਸ਼ਨ ਵਿਚ ਕਿਹਾ ਹੈ ਕਿ ਚੀਨੀ ਸ਼ਹਿਰਾਂ ਅਤੇ ਪਿੰਡਾਂ ਵਿਚ ਇਕਸਾਰ ਮਿਲੇਗੀ, ਕੀ ਮਨਿਸਟਰ ਸਾਹਿਬ ਦਸਣਗੇ ਕਿ ਚੀਨੀ ਕਿਸੇ ਪਿੰਡ ਵਿਚ ਗਈ ਵੀ ਹੈ ?

ਰਾਜ ਮੰਤਰੀ : ਜੋ ਕੋਟਾ ਪਹਿਲਾ ਮੁਕਰੱਰ ਹੈ, ਉਸ ਦੇ ਮੁਤਾਬਿਕ ਜਾਂਦਾ ਹੈ ਜੇ ਕਿਤੇ ਨਹੀਂ ਜਾਂਦਾ ਅਤੇ ਜੇ ਉਸ ਵਿਚ ਕਿਤੇ ਨੁਕਸ ਹੈ ਤਾਂ ਆਨਰੇਬਲ ਮੈਂਬਰ ਸਾਹਿਬ ਮੇਰੇ ਨੋਟਿਸ ਵਿਚ ਲੈ ਆਉਣ, ਅਸੀਂ ਇਸ ਪਾਸੇ ਪੂਰੀ ਪੂਰੀ ਕੋਸ਼ਿਸ਼ ਕਰਾਂਗੇ ।

ਕਾਮਰੇਡ ਜਗੀਰ ਸਿੰਘ ਜੋਗਾ : ਸਪੀਕਰ ਸਾਹਿਬ, ਜਦੋਂ ਕਿ ਖੰਡ ਦੀ ਕਿੱਲਤ ਹੈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕੇਂਦਰ ਸਰਕਾਰ ਪਾਸ ਸਫਾਰਸ਼ ਕਰੇ ਕਿ ਮਿੱਲਾਂ ਦਾ ਕੌਮੀਕਰਨ ਕੀਤਾ ਜਾਏ ।

ਸ੍ਰੀ ਸਪੀਕਰ : ਇਸ ਸਵਾਲ ਦਾ ਜਵਾਬ ਅਗੇ ਹੀ ਦਿਤਾ ਜਾ ਚੁਕਾ ਹੈ । (The reply to this question has already been given.)

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ ਇਹ ਸਵਾਲ ਨਹੀਂ ਹੈ, ਸਜੈਸ਼ਨ ਹੈ । ਸਪੀਕਰ ਸਾਹਿਬ, ਮਿਲ ਮਾਲਕਾ ਨੇ ਗੰਨਾਂ ਬੜੇ ਘੱਟ ਮੁਲਤੇ ਖਰੀਦਿਆ ਹੈ ਔਰ ਹੁਣ ਖੰਡ ਦੀ ਕਿੱਲਤ ਦਾ ਫਾਇਦਾ ਉਠਾ ਕੇ ਉਨ੍ਹਾਂ ਨੇ ਖੰਡ ਮਹਿੰਗੀ ਕਰ ਦਿਤੀ ਹੈ । ਸਪੀਕਰ ਸਾਹਿਬ ਮਿੱਲ ਮਾਲਕ ਲੋਕਾਂ ਦੀ ਅਤੇ ਕਿਸਾਨਾਂ ਦੀ ਛਿੱਲ ਲਾਹ ਰਹੇ ਹਨ। ਉਨ੍ਹਾਂ ਦੋਹਾਂ ਨੂੰ ਲੁਟਿਆ ਜਾ ਰਿਹਾ ਹੈ । ਕੀ ਸਰਕਾਰ ਇਸ ਬਾਰੇ ਕੋਈ ਪ੍ਰਬੰਧ ਕਰ ਰਹੀ ਹੈ ?

ਸਿਖਿਆ ਮੰਤਰੀ : ਸਪੀਕਰ ਸਾਹਿਬ ਇਸ ਮਸਲੇ ਦਾ ਸਵਾਲ ਨਾਲ ਕੋਈ ਸਬੰਧ ਨਹੀਂ ਹੈ । ਮੈਨੂੰ ਇਹ ਨੋਟਿਸ ਦੇ ਦੇਣ, ਅਸੀਂ ਵਿਚਾਰ ਕਰ ਲਵਾਂਗੇ ।

ਮਾਸਟਰ ਗੁਰਬੰਤਾ ਸਿੰਘ : ਸਪੀਕਰ ਸਾਹਿਬ ਸਰਕਾਰ ਦੇ ਕਹਿਣ ਮੁਤਾਬਿਕ ਖੰਡ ਦੀ ਬੜੀ ਕਿੱਲਤ ਹੈ । ਮੇਰਾ ਸੁਝਾਓ ਹੈ ਕਿ ਖੰਡ ਦੀ ਪੈਦਾਵਾਰ ਵਧਾਉਣ ਵਾਸਤੇ ਜਲੰਧਰ ਦੇ ਕੋਲ 'ਹਮੀਰਾ' ਮਿਲ ਲਗੀ ਹੋਈ ਸੀ, ਇਹ ਉਥੋਂ ਚੁਕੀ ਗਈ ਹੈ । ਉਥੇ ਦੇ ਲੋਕਾਂ ਦੀ ਮੰਗ ਹੈ ਕਿ ਇਹ ਕਿੱਲਤ ਪੂਰੀ ਕਰਨ ਵਾਸਤੇ ਸਰਕਾਰ ਉਥੇ ਫਿਰ ਖੰਡ ਦੀ ਮਿੱਲ ਲਗਾ ਦੇਵੇ । ਸਪੀਕਰ ਸਾਹਿਬ ਕੀ ਸਰਕਾਰ ਇਸ ਮੰਗ ਨੂੰ ਪੂਰਾ ਕਰਨ ਲਈ ਤਿਆਰ ਹੈ ?

ਵਿਕਾਸ ਮੰਤਰੀ : ਸਪੀਕਰ ਸਾਹਿਬ, ਗੱਲ ਤਾਂ ਵਿਆਹਾਂ ਦੇ ਕੋਟੇ ਦੀ ਹੋ ਰਹੀ ਹੈ ਔਰ ਇਹ ਮਿੱਲਾਂ ਲਗਾਉਣ ਦੀ ਸੋਚ ਰਹੇ ਹਨ । (ਹਾਸਾ)

ਮਾਸਟਰ ਗੁਰਬੰਤਾ ਸਿੰਘ : ਸਪੀਕਰ ਸਾਹਿਬ, ਜਦੋਂ ਖੰਡ ਦੀ ਕਿੱਲਤ ਹੈ ਤਾਂ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਹੋਰ ਮਿੱਲਾਂ ਲਗਾਏ । (ਵਿਘਨ)

POLICE ENCOUNTERS WITH ALLEGED NAXALITES

*39 **Comrade Chand Singh Chopra Master** : Will the Chief Minister be pleased to state:—

(a) the number of police encounters with alleged Naxalites in the State during the last one year;

(b) the number of police officials and other persons who were killed or injured in the said encounters;

(c) whether the Government propose to appoint a Commision for holding a judicial enquiry into the said police encounters ?

ਗਿਆਨੀ ਜ਼ੈਲ ਸਿੰਘ . (ਏ) (1-4-71 ਤੋਂ 1-4-72 ਤਕ)

(ਬੀ) ਪੁਲਿਸ ਕਰਮਚਾਰੀ ਕੋਈ ਨਹੀਂ । 12 ਨਕਸਲੀਏ ਮਾਰੇ ਗਏ ।

(ਸੀ) ਨਹੀਂ ਜੀ ।

ਕਾਮਰੇਡ ਚੰਦ ਸਿਘ ਚੋਪੜਾ ਮਾਸਟਰ : ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਸਰਕਾਰ ਪਾਸੋਂ ਪੁੱਛਣਾ ਚਾਹੁੰਦਾ ਹਾਂ ਕਿ ਐਨਕਾਊਂਟਰ ਵਿਚ ਇਕ ਪਾਸੇ ਤਾਂ ਇਤਨਾ ਜਾਨੀ ਨੁਕਸਾਨ ਹੋ ਜਾਵੇ ਪਰ ਦੂਜੇ ਪਾਸੇ ਪੁਲਿਸ ਦਾ ਕੋਈ ਵੀ ਕਰਮਚਾਰੀ ਨਾ ਮਾਰਿਆ ਗਿਆ ਹੋਵੇ, ਕੀ ਸਰਕਾਰ ਇਹ ਦੱਸਣ ਦਾ ਯਤਨ ਕਰੇਗੀ ਕਿ ਇਹ ਐਨਕਾਊਂਟਰ ਕਿਵੇਂ ਬਣਿਆ ? (ਵਿਘਨ) ਕੀ ਇਹ ਅਖੌਤੀ ਮੁਕਾਬਲਾ ਨਹੀਂ ਹੈ ?

ਸਿਖਿਆ ਮੰਤਰੀ : ਕਈ ਜਗਾਹ ਪੁਲਿਸ ਵਾਲੇ ਵੀ ਮਰੇ ਹਨ । (ਵਿਘਨ)

ਸਰਦਾਰ ਜਸਦੇਵ ਸਿੰਘ ਸੰਧੂ : ਪੁਆਇੰਟ ਆਫ ਆਰਡਰ, ਸਰ ।

ਸਿਖਿਆ ਮੰਤਰੀ : ਕੁਐਸਚਨ ਆਵਰ ਵਿਚ ਪੁਆਇੰਟ ਆਫ ਆਰਡਰ........ (ਵਿਘਨ)

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਕੁਐਸਚਨ ਆਵਰ ਵਿਚ ਪੁਆਇੰਟ ਆਫ ਆਰਡਰ ਹੋ ਸਕਦਾ ਹੈ ਜਾਂ ਨਹੀਂ, ਕੀ ਇਹ ਫੈਸਲਾ ਕਰਨਾ ਤੁਹਾਡਾ ਕੰਮ ਹੈ ਜਾਂ ਇਨ੍ਹਾਂ ਦਾ ?

ਸ੍ਰੀ ਸਪੀਕਰ : ਸੰਧੂ ਸਾਹਿਬ, ਕੁਐਸਚਨ ਆਵਰ ਵਿਚ ਪੁਆਇੰਟ ਆਫ ਆਰਡਰ ਨਹੀਂ ਹੋ ਸਕਦਾ । ਇਹ ਹਾਊਸ ਦੀ ਟਰੈਡੀਸ਼ਨ ਹੈ । (ਵਿਘਨ)

[ਸ੍ਰੀ ਸਪੀਕਰ]

(Sandhu Sahib, no point of order can be raised during the question hour according to the tradition of the House.)

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਤੁਸੀਂ ਸਾਨੂੰ ਸਮਝਾਉਂਦੇ ਹੋ ਇਨ੍ਹਾਂ ਨੂੰ ਵੀ ਸਮਝਾਇਆ ਕਰੋ । (ਵਿਘਨ)

ਸ੍ਰੀ ਸਪੀਕਰ : ਸੰਧੂ ਸਾਹਿਬ, ਤੁਸੀਂ ਆਪਸ ਵਿਚ ਹੀ ਸਮਝ ਲਿਆ ਕਰੋ । The hon. Members may dispose of such matters among themselves).

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਸਰਕਾਰ ਪਾਸੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਐਨਕਾਊਂਟਰ ਕਿਵੇਂ ਆਖਦੇ ਹਨ ਜਦੋਂ ਕਿ ਪੁਲਿਸ ਦਾ ਕੋਈ ਆਦਮੀ ਨਹੀਂ ਮਰਿਆ ।

ਸਿਖਿਆ ਮੰਤਰੀ : ਸਪੀਕਰ ਸਾਹਿਬ, ਜਿੰਨੇ ਵੀ ਨਕਸਲਵਾੜੀ ਮਾਰੇ ਗਏ ਹਨ ਸਰਕਾਰ ਨੇ ਉਨ੍ਹਾਂ ਨੂੰ ਫੜਨ ਵਾਸਤੇ ਕਿਸੇ ਲਈ ਦੋ ਹਜ਼ਾਰ ਦਾ ਅਤੇ ਕਿਸੇ ਲਈ ਚਾਰ ਹਜ਼ਾਰ ਦਾ ਇਨਾਮ ਰਖਿਆ ਹੋਇਆ ਸੀ ਕਿਉਂਕਿ ਉਹ ਬਹੁਤ ਖਤਰਨਾਕ ਸਨ । ਇਸ ਕਾਰਨ ਇਹ ਐਨਕਾਊਟਰ ਹੋਏ ਹਨ ।

Acharya Prithvi Singh Azad: Whether it is a fact that all these so called Naxalites were killed during the Akali regime ?

ਸਿਖਿਆ ਮੰਤਰੀ : ਇਸ ਦਾ ਇਸ ਸਵਾਲ ਨਾਲ ਕੋਈ ਸਬੰਧ ਨਹੀਂ ਹੈ ਜੀ । ਇਹ ਸੈਪਰੇਟ ਨੋਟਿਸ ਦੇ ਦੇਣ, ਜਵਾਬ ਦੇ ਦਿਆਂਗੇ ।

Acharya Prithvi Singh Azad: May I know through you from the hon. Minister the number of those who were killed during 1969-70 and 1971 ?

ਸਿਖਿਆ ਮੰਤਰੀ : ਸਪੀਕਰ ਸਾਹਿਬ ਇਹ ਐਨਕਾਊਂਟਰ ਪਿਛਲੇ ਤਿੰਨ ਚਾਰ ਸਾਲਾਂ ਤੋਂ ਚਲੇ ਆ ਰਹੇ ਹਨ । ਮੈਂਬਰ ਸਾਹਿਬ ਨੋਟਿਸ ਦੇ ਦੇਣ ਡੇਟਵਾਈਜ਼ ਇਨਫਰਮੇਸ਼ਨ ਸਦਨ ਦੀ ਮੇਜ਼ ਤੇ ਰੱਖ ਦਿਆਂਗੇ ।

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ ਮੈਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ 12 ਨੇਕਸਾਲਾਈਟ ਐਨਕਾਊਂਟਰ ਵਿਚ ਮਾਰੇ ਗਏ ਹਨ ਔਰ ਉਹ ਬਹੁਤ ਖਤਰਨਾਕ ਸਨ ! ਪੰਜ ਪੰਜ ਹਜ਼ਾਰ ਉਨ੍ਹਾਂ ਨੂੰ ਗਰਿਫ਼ਤਾਰ ਕਰਨ ਲਈ ਇਨਾਮ ਰਖਿਆ ਹੋਇਆ ਸੀ ਔਰ ਪੁਲਿਸ ਦੀ ਰੀਪੋਰਟ ਹੈ ਕਿ ਜਦੋਂ ਐਨਕਾਊਂਟਰ ਹੋਇਆ ਤਾਂ ਇਨ੍ਹਾਂ ਕੋਲ ਗਨਜ਼ ਸਨ, ਰੀਵਾਲਵਰ ਸਨ । ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ ਕੀ ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਪੁਲਿਸ ਦਾ ਕੋਈ ਵੀ ਕਰਮਚਾਰੀ ਜ਼ਖਮੀਂ ਤਕ ਵੀ ਨਾ ਹੋਇਆ ਹੋਵੇ । ਕੀ ਇਹ ਗੱਲ ਮਨਿਸਟਰ ਸਾਹਿਬ, ਕਹਿਣ ਨੂੰ ਤਿਆਰ ਨਹੀਂ ਕਿ ਇਹ ਵਿਅਕਤੀ ਪੁਲੀਸ ਨੇ ਫੜਕੇ 12 ਦੇ 12 ਹੀ ਕਤਲ ਕੀਤੇ ਹਨ ? (ਵਿਘਨ)

ਸਿਖਿਆ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਬਾਰਾਂ ਵਿਚੋਂ ਕੇਵਲ ਇਕ ਐਸਾ ਕੇਸ ਹੋਇਆ ਹੈ ਜਿਥੇ ਕਿ ਨੈਕਸਾਲਾਈਟ ਨੇ ਆਪਣੇ ਆਪ ਨੂੰ ਪੁਲੀਸ ਦੇ ਹਵਾਲੇ ਕਰ ਦਿਤਾ ਹੋਵੇ ਨਹੀਂ ਤਾਂ ਬਾਕੀ ਸਾਰੇ ਹੀ ਐਨਕਾਊਂਟਰ ਹੋਣ ਤੇ ਗਰਿਫਤਾਰ ਕੀਤੇ ਗਏ ਹਨ ਔਰ ਸਵਾਏ ਇਕ ਦੇ ਸਾਰਿਆਂ ਵਿਚ ਮੈਜਸਟੀਰੀਅਲ ਇਨਕੁਆਇਰੀ ਹੋਈ ਹੈ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ ਮੈਂ ਤੁਹਾਡੇ ਥਰੂ ਮਨਿਸਟਰ ਕਨਸਰਨਡ ਨੂੰ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਨਾਮਨਹਾਦ ਨਕਸਲੀਆਂ ਨੂੰ ਫੜ ਕੇ ਮਾਰਿਆ । ਬੇਦੋਸ਼ਿਆਂ ਨੂੰ ਨੈਕਸਲਾਈਟ ਕਹਿਕੇ ਪੁਲੀਸ ਨੇ ਬਿਨਾਂ ਇਨਕੁਆਇਰੀ ਦੇ ਮਾਰਿਆ ਹੈ, ਕੀ ਸਰਕਾਰ ਉਨ੍ਹਾਂ ਪੁਲੀਸ ਕਰਮਚਾਰੀਆਂ ਦੇ ਖਿਲਾਫ ਕੋਈ ਕਾਰਵਾਈ ਕਰੇਗੀ ?

ਸਿਖਿਆ ਮੰਤਰੀ : ਸਪੀਕਰ ਸਾਹਿਬ ਮੈਂ ਦਸਣਾਂ ਚਾਹੁੰਦਾ ਹਾਂ ਕਿ ਹਰ ਇਕ ਕੇਸ ਵਿਚ ਮੈਜਸਟੀਰੀਅਲ ਇਨਕੁਆਇਰੀ ਹੁੰਦੀ ਹੈ ਔਰ ਅਗਰ ਕੋਈ ਮੈਂਬਰ ਸਾਹਿਬ ਅਜੇਹਾ ਕੇਸ ਸਾਡੇ ਨੋਟਿਸ ਵਿਚ ਲਿਆਉਣਗੇ ਜਿਥੇ ਕਿ ਇਨਕੁਆਇਰੀ ਨਹੀਂ ਹੋਈ ਹੋਵੇਗੀ ਤਾਂ ਅਸੀਂ ਜ਼ਰੂਰ ਯੋਗ ਕਾਰਵਾਈ ਕਰਾਂਗੇ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਇਕ ਸਟੈਂਡਿੰਗ ਆਰਡਰ ਸੀ ਸਰਕਾਰ ਦਾ ਆਈ. ਜੀ. ਨੂੰ ਕਿ ਨੈਕਸਲਾਈਟ ਨੂੰ ਫੜ ਕੇ ਮਾਰ ਦਿਓ ।ਇਹ ਆਰਡਰ ਸਰਦਾਰ ਗੁਰਨਾਮ ਸਿੰਘ ਦੀ ਮਨਿਸਟਰੀ ਵਿੱਚ ਜਾਰੀ ਹੋਇਆ ਸੀ । ਕੀ ਹਾਊਸ ਨੂੰ ਸਰਕਾਰ ਇਹ ਐਸ਼ੋਅਰ ਕਰੇਗੀ ਕਿ ਇਨਕੁਆਇਰੀ ਬਗੈਰ ਕਿਸੇ ਵੀ ਨਾਮਨਹਾਦ ਨਕਸਲੀ ਨੂੰ ਪੁਲੀਸ ਫੜਕੇ ਮਾਰੇਗੀ ਨਹੀਂ ?

ਸ਼੍ਰੀ ਸਪੀਕਰ : ਜੋਸ਼ ਸਾਹਿਬ, ਮਨਿਸਟਰ ਸਾਹਿਬ ਨੇ ਹਾਊਸ ਨੂੰ ਇਸ ਸਬੰਧ ਵਿਚ ਪਹਿਲਾਂ ਹੀ ਐਸ਼ੋਅਰ ਕਰਵਾ ਦਿਤਾ ਹੈ । (Josh Sahib, the Minister concerned has already assured the House in this respect.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, 1 ਜਨਵਰੀ, 1972 ਨੂੰ ਸਰਦਾਰ ਜਗੀਰ ਸਿੰਘ ਵਲਦ ਨਿਕਾ ਸਿੰਘ, ਪਿੰਡ ਮਾਛੀ ਕਲਾਂ, ਜ਼ਿਲ੍ਹਾ ਰੋਪੜ, ਅੱਜ ਤਕ ਲਾਪਤਾ ਹੈ । ਉਸ ਦੀ ਬੀਵੀ ਨੂੰ ਵੀ ਦਸ ਦਿਨ ਗਰਿਫਤਾਰ ਕਰਨ ਪਿਛੋਂ ਛੱਡਿਆ ਗਿਆ । ਸਾਰੇ ਪੰਜਾਬ ਨੂੰ ਇਸ ਗਲ ਦਾ ਪਤਾ ਹੈ । ਕੀ ਮਨਿਸਟਰ ਸਾਹਿਬ ਇਸ ਕੇਸ ਦੀ ਇਨਕੁਆਇਰੀ ਕਰਾਉਣਗੇ ? (ਵਿਘਨ) ਉਸ ਦਾ ਪਿੰਡ ਵੀ ਗਿਆਨੀ ਜੀ ਦੇ ਪਿੰਡ ਦੇ ਨੇੜੇ ਹੀ ਹੈ । (ਵਿਘਨ)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਇਸ ਤਰ੍ਹਾਂ ਦਾ ਇਕ ਹੋਰ ਕੇਸ ਮੇਰੇ ਨੋਟਿਸ ਵਿੱਚ ਵੀ ਹੈ । ਸਰਦੂਲਗੜ੍ਹ ਦਾ ਸਰਪੰਚ ਸਰਦਾਰ ਹਰਨੇਕ ਸਿੰਘ ਨੂੰ ਪੁਲੀਸ ਨੇ ਗਰਿਫਤਾਰ ਕੀਤਾ ਸੀ ਪਰ ਉਹ ਹੁਣ ਤਕ ਲਾਪਤਾ ਹੈ । ਆਇਆ ਉਸ ਕੇਸ ਦੀ ਵੀ ਕੋਈ ਇਨਕੁਆਇਰੀ ਕਰਾਈ ਗਈ ਹੈ ?

ਸਿਖਿਆ ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਅੱਗੇ ਵੀ ਇਹ ਕਿਹਾ ਹੈ ਕਿ ਜਿਨ੍ਹਾਂ ਸੱਜਣਾਂ ਦੇ ਖਿਲਾਫ ਕੇਸ ਸਨ ਔਰ ਜਿਹੜੇ ਕਿ ਡਿਕਲੇਅਰਡ ਉਫੈਂਡਰਜ਼ ਸਨ, ਉਨ੍ਹਾਂ ਸਭ ਵਿਚ ਬਕਾਇਦਾ ਤੌਰ ਤੇ ਮੈਜਸਟੀਰੀਅਲ ਇਨਕੁਆਇਰੀ ਹੋਈ ਹੈ । ਅਜੇਹੇ ਬਹੁਤ ਸਾਰੇ ਕੇਸ ਹਨ । (ਵਿਘਨ)

(ਇਸ ਸਮੇਂ ਕਈ ਮਾਨਯੋਗ ਮੈਂਬਰ ਵਿਰੋਧੀ ਦਲ ਵਿੱਚ ਅਤੇ ਕਮਿਊਨਿਸਟ ਧੜੇ ਦੇ ਅਨੁਪੂਰਕ ਪ੍ਰਸ਼ਨ ਕਰਨ ਲਈ ਖੜੇ ਹੋ ਗਏ)

ਸਰਦਾਰ ਬਲਵਿੰਦਰ ਸਿੰਘ ਭੂੰਡਰ : ਕੀ ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛ ਸਕਦਾ ਹਾਂ ਕਿ ਸਰਦੂਲਗੜ੍ਹ ਦੇ ਸਰਪੰਚ ਨੂੰ ਦਿਨ ਦਿਹਾੜੇ ਕਤਲ ਕੀਤਾ ਗਿਆ, ਪਰ ਇਸ ਦੀ ਅੱਜ ਤਕ ਕੋਈ ਇਨਕੁਆਇਰੀ ਨਹੀਂ ਕੀਤੀ ਗਈ, ਕੀ ਸਰਕਾਰ ਇਸ ਦੀ ਜੁਡੀਸ਼ਲ ਇਨਕੁਆਇਰੀ ਕਰਾਵੇਗੀ ਅਤੇ ਇਸ ਇਨਕੁਆਇਰੀ ਦੇ ਸ਼ੁਰੂ ਹੋਣ ਤੋਂ ਪਹਿਲਾਂ ਸਾਰੇ ਅਫ਼ਸਰ ਉਥੋਂ ਬਦਲ ਦਿਤੇ ਜਾਣਗੇ ? (ਵਿਘਨ)

(ਕਈ ਮੈਂਬਰ ਸਵਾਲ ਕਰਨ ਲਈ ਖੜ੍ਹੇ ਹੋ ਗਏ ।)

ਇਸ ਗਵਰਨਰੀ ਰਾਜ ਵਿਚ ਮਾਰਿਆ ਗਿਆ ਸੀ । (ਵਿਘਨ) ਛੇ ਮਹੀਨੇ ਵੀ ਨਹੀਂ ਹੋਏ । (ਵਿਘਨ)

Mr. Speaker : Please resume your seats.

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਿਸੇ ਦੇ ਰਾਜ ਦਾ ਸਵਾਲ ਨਹੀਂ ਕਿ ਕਾਂਗਰਸ ਰਾਜ ਸੀ ਜਾਂ ਅਕਾਲੀ ਸਰਕਾਰ ਸੀ ਜਾਂ ਗਵਰਨਰ ਰਾਜ ਸੀ (ਵਿਘਨ) ਇਸ ਗਲ ਨੂੰ ਸੀਰੀਅਸਲੀ ਸੋਚਣਾ ਚਾਹੀਦਾ ਹੈ ਕਿ ਇਸ ਤਰ੍ਹਾਂ ਨੈਕਸੇਲਾਇਟ ਕਹਿ ਕੇ ਪੁਲਿਸ ਬੰਦਿਆਂ ਨੂੰ ਮਾਰ ਦੇਵੇ ਬਗੈਰ ਮੁਕੱਦਮਾ ਚਲਾਏ ਦੇ, ਕੀ ਇਹ ਠੀਕ ਹੈ ? (ਵਿਘਨ) ਕੀ ਪੁਲਿਸ ਅਫ਼ਸਰ ਇਸ ਤਰ੍ਹਾਂ ਆਪਣੇ ਆਪ ਘਰੋਂ ਫੜ ਕੇ ਬੰਦਿਆਂ ਨੂੰ ਲੈ ਆਉਣ ਅਤੇ ਨੈਕਸਲਾਇਟ ਕਹਿ ਕੇ ਮਾਰ ਦੇਣ, ਕੀ ਇਹਦੀ ਕਾਨੂੰਨ ਇਜਾਜ਼ਤ ਦਿੰਦਾ ਹੈ ? ਇਸ ਦੇ ਬਾਰੇ ਵਿਚ ਸਰਕਾਰ ਠੀਕ ਜਵਾਬ ਨਹੀਂ ਦੇ ਰਹੀ (ਵਿਘਨ) ਇਹ ਬਜਾਏ ਇਸ ਤਰ੍ਹਾਂ ਦੇ ਆਸ਼ਵਾਸਨ ਦੇਣ ਕਿ ਪੁਲਿਸ ਇਸ ਤਰ੍ਹਾਂ ਨਾਂ ਮਾਰੇ ਇਹ ਪੁਲਿਸ ਦੇ ਇਸ ਐਕਸ਼ਨ ਨੂੰ ਜਸਟੀਫਾਈ ਕਰ ਰਹੇ ਹਨ (ਵਿਘਨ) (ਸ਼ੋਰ)

Mr. Speaker : Not allowed (Interruptions) (Noise) Order please.

ਵਿੱਤ ਮੰਤਰੀ : ਸਪੀਕਰ ਸਾਹਿਬ, ਇੰਨੇ ਸਪਲੀਮੈਂਟਰੀ ਕਰੀ ਜਾਂਦੇ ਹਨ ਕਿ ਜਵਾਬ ਵੀ ਨਹੀਂ ਦਿਤਾ ਜਾ ਸਕਦਾ । (ਵਿਘਨ)

ਸ਼੍ਰੀ ਸਪੀਕਰ : ਤੁਹਾਡੀ ਮੁਸ਼ਕਲ ਹੱਲ ਹੋ ਗਈ ਹੈ । (ਹਾਸਾ) (Your problem is solved)

ਵਿੱਤ ਮੰਤਰੀ : ਮੈਂ ਇਹ ਗਲ ਸਪਸ਼ਟ ਕਰ ਦੇਣੀ ਚਾਹੁੰਦਾ ਹਾਂ ਕਿ ਕੋਈ ਵੀ ਬੇਗੁਨਾਹ ਜੇਕਰ ਕਿਸੇ ਵੀ ਕੇਸ ਵਿਚ ਇਨਵਾਲਵ ਕੀਤਾ ਗਿਆ ਹੈ ਜਾਂ ਕੀਤਾ ਜਾਵੇਗਾ ਭਾਵੇਂ ਇਹ ਕੇਸ ਇਸ ਸਰਕਾਰ ਤੋਂ ਪਹਿਲੀ ਸਰਕਾਰ ਦੇ ਵੇਲੇ ਦੇ ਹਨ, ਅਕਾਲੀ ਸਰਕਾਰ ਵੇਲੇ ਹੋਏ ਜਾਂ ਗਵਰਨਰੀ ਰਾਜ ਵਿਚ ਹੋਏ, ਜੇਕਰ ਕੋਈ ਵੀ ਕੇਸ ਅਜਿਹਾ ਹੋਵੇਗਾ ਜਿਸ ਵਿਚ ਕੋਈ ਬੇਗੁਨਾਹ ਆਦਮੀ ਪਕੜ ਲਿਆ ਗਿਆ ਜਾਂ ਨੈਕਸਲਾਇਟ ਕਹਿ ਕੇ ਮਾਰ ਦਿੱਤਾ ਗਿਆ ਜਾਂ ਉਸ ਤੇ ਗਲਤ ਮੁਕੱਦਮਾਂ ਬਣਾਇਆ ਗਿਆ, ਤਾਂ ਉਸ ਕੇਸ ਵਿਚ ਇਹ ਸਰਕਾਰ ਪਰਾਪਰ ਐਕਸ਼ਨ ਲਵੇਗੀ । (ਪ੍ਰਸੰਸਾ)

ਸਪੀਕਰ ਸਾਹਿਬ ਕੋਈ ਵੀ ਆਦਮੀ ਚਾਹੇ ਕਿਸੇ ਵੀ ਪਾਰਟੀ ਦਾ ਕਿਉਂ ਨਾ ਹੋਵੇ ਜੇਕਰ ਵਾਇਲੈਂਸ ਕਰੇਗਾ ਜਾਂ ਤਸ਼ਦਦ ਕਰੇਗਾ ਤਾਂ ਅਸੀਂ ਉਸ ਨਾਲ ਸਖਤੀ ਨਾਲ ਨਿਪਟਾਂਗੇ । (ਪ੍ਰਸ਼ੰਸਾ) (ਵਿਘਨ ਵਲੋਂ ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ)

ਮੈਨੂੰ ਆਪਣੀ ਗਲ ਕਹਿ ਲੈਣ ਦਿਓ । ਅਤੇ ਜੇਕਰ ਕੋਈ ਆਦਮੀ ਕਿਸੇ ਵੀ ਢੰਗ ਨਾਲ ਵਾਇਲੈਂਸ ਦੇ ਮਕਸਦ ਨੂੰ ਅਚੀਵ ਕਰਨ ਲਈ ਕਿਸੇ ਦੀ ਮਦੱਦ ਕਰੇਗਾ ਚਾਹੇ ਉਹ ਕਿਸੇ ਵੀ ਪਾਰਟੀ ਦਾ ਹੋਵੇ, ਉਸ ਨੂੰ ਇਹ ਸਰਕਾਰ ਮਾਫ ਨਹੀਂ ਕਰੇਗੀ । (ਵਿਘਨ)

(ਕਈ ਮੈਂਬਰ ਸਵਾਲ ਕਰਨ ਲਈ ਖੜ੍ਹੇ ਹੋ ਗਏ)

Chaudhri Darshan Singh : Naxalite is a movement. May I know whether to be a member of the Naxalite movement is an offence or not ?

(No reply)

Sardar Ajaib Singh Sandhu : On a point of order, Sir. (*Interruptions*)

Mr. Speaker: No point of order. Please resume your seat.

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ ਕੀ ਵਜ਼ੀਰ ਖਜ਼ਾਨਾ ਸਾਹਿਬ ਇਹ ਗਲ ਦਸਣਗੇ ਕਿ ਇਨ੍ਹਾਂ ਨੇ ਕਿਹਾ ਹੈ ਕਿ ਕੋਈ ਵੀ ਜਿਹੜਾ ਤਸ਼ੱਦਦ ਕਰੇਗਾ ਜਾਂ ਜਿਸ ਤੇ ਸ਼ਕ ਹੋਵੇਗਾ ਉਸ ਨਾਲ ਸਰਕਾਰ ਸਖਤੀ ਨਾਲ ਨਿਪਟੇਗੀ, ਕੀ ਇਹ ਸਮਝਦੇ ਹਨ ਕਿ ਪੁਲਿਸ ਕਿਸੇ ਨੂੰ ਘਰੋਂ ਫੜ ਕੇ ਲੈ ਆਵੇ ਅਤੇ ਗੋਲੀ ਨਾਲ ਉੜਾ ਦੇਵੇ ਅਤੇ ਇਹ ਕਹਿ ਦੇਵੇ ਕਿ ਪੁਲਿਸ ਐਨਕਊਂਟਰ ਹੈ ਅਤੇ ਜੇਕਰ ਇਸ ਦੇ ਖਿਲਾਫ ਇਥੇ ਅਸੀਂ ਆਵਾਜ਼ ਉਠਾਈਏ ਤਾਂ ਇਹ ਅਸਾਨੂੰ ਵੀ ਥਰੇਟ ਕਰ ਦੇਣ ਕਿ ਤੁਹਾਨੂੰ ਵੀ ਸਜ਼ਾ ਦਿਤੀ ਜਾਵੇਗੀ, ਕੀ ਇਹ ਠੀਕ ਹੈ?

ਵਿੱਤ ਮੰਤਰੀ : ਸਪੀਕਰ ਸਾਹਿਬ, ਮੇਰਾ ਇਸ਼ਾਰਾ ਕਿਸੇ ਵੱਲ ਨਹੀਂ ਸੀ । ਸੀ. ਪੀ. ਐਮ. ਵਾਲਿਆਂ ਨੇ ਇਕ ਸਵਾਲ ਕੀਤਾ ਸੀ, ਉਸ ਦੇ ਜਵਾਬ ਵਿੱਚ ਮੈਂ ਕਿਹਾ ਹੈ ਕਿ ਕੋਈ ਵੀ ਆਦਮੀ ਜਿਹੜਾ ਕਿਸੇ ਤਰ੍ਹਾਂ ਦੇ ਤਸ਼ੱਦਦ ਕਰਨ ਨੂੰ ਇਨਸਟੀਗੇਟ ਕਰੇਗਾ ਜਾਂ ਅਬੇਟ ਕਰੇਗਾ ਜਾਂ ਸ਼ਹਿ ਦੇਵੇਗਾ ਭਾਵੇਂ ਉਹ ਕਿਸੇ ਵੀ ਪਾਰਟੀ ਦਾ ਹੋਵੇ, ਇਹ ਗੌਰਮਿੰਟ ਟਾਲਰੇਟ ਨਹੀਂ ਕਰੇਗੀ । (ਵਿਘਨ) (ਪ੍ਰਸ਼ੰਸਾ)

ਚੌਧਰੀ ਸੁੰਦਰ ਸਿੰਘ : (ਮਾਇਕ ਵਾਲਾ ਬਟਨ ਦਬਾ ਕੇ : ਲੈ ਭਈ ਛੱਡ ਦੇ ਇਨ੍ਹੂੰ) (ਹਾਸਾ) ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਸਰਦਾਰ ਉਮਰਾਓ ਸਿੰਘ ਹੋਰਾਂ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਿਹੜਾ ਸਵਾਲ ਉਨ੍ਹਾਂ ਨੇ ਚੌਧਰੀ ਦਰਸ਼ਨ ਸਿੰਘ ਨੇ ਕੀਤਾ ਸੀ ਉਸ ਦਾ ਜਵਾਬ ਨਹੀਂ ਦਿਤਾ ਗਿਆ ਕਿ ਕੀ ਨੈਕਸਲਾਇਟ ਬਣਨਾ ਪਾਪ ਹੈ, ਗੁਨਾਹ ਹੈ, ਇਸ ਦਾ ਜਵਾਬ ਆਉਣਾ ਚਾਹੀਦਾ ਹੈ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਨੈਕਸਲਾਇਟ ਇਕ ਮੂਵਮੈਂਟ ਹੈ, ਕੀ ਇਹ ਖਿਲਾਫ ਕਾਨੂੰਨ ਹੈ ਜਾਂ ਕਾਨੂੰਨ ਦੇ ਨਾਲ ਹੈ ਇਹ ਇਕ ਇਮਪਾਰਟੈਂਟ ਸਵਾਲ ਹੈ, ਇਸ ਦਾ ਉੱਤਰ ਆਉਣ ਨਾਲ ਸਾਰਾ ਮਸਲਾ ਹੱਲ ਹੋ ਜਾਂਦਾ ਹੈ ।

ਸਿੱਖਿਆ ਮੰਤਰੀ : ਮੈਂ ਇਹ ਕਿਹਾ ਹੈ ਕਿ ਜਿਹੜਾ ਸ਼ਖ਼ਸ ਵਾਇਲੈਂਸ ਕਰਦਾ ਹੈ ਜਾਂ ਵਾਇਲੈਂਸ ਦੇ ਕੇਸਿਜ਼ ਵਿਚ ਇਨਵਾਲਵ ਕੀਤਾ ਹੋਇਆ ਹੈ ਅਤੇ ਜਿਹੜਾ ਉਸ ਨੂੰ ਸ਼ਹਿ ਦਿੰਦਾ ਹੈ ਇਹ ਐਟ ਪਾਰ ਟ੍ਰੀਟ ਕੀਤੇ ਜਾਂਦੇ ਹਨ ਭਾਵੇਂ ਉਹ ਨੈਕਸਲਾਇਟ ਸਨ, ਜਾਂ ਨਹੀਂ । (ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ ਕੀ ਖਜ਼ਾਨਾ ਮੰਤਰੀ ਸਾਹਿਬ ਦਸੱਣਗੇ ਕਿ ਜਿਹੜਾ ਕੋਈ ਵਾਇਲੰਸ ਕਰੇਗਾ ਉਸ ਦੇ ਖਿਲਾਫ਼ ਮੁਨਾਸਿਬ ਕਾਰਵਾਈ ਕੀਤੀ ਜਾਵੇਗੀ, ਇਹ ਇਨ੍ਹਾਂ ਨੇ ਕਿਹਾ ਹੈ ਤਾਂ ਕਿ ਅੱਜ 15 ਦਿਨ ਹੋ ਗਏ ਹਨ ਕੋਟਕਪੂਰੇ ਦੇ ਸਰਦੂਲਗੜ੍ਹ ਵਿਚ ਇਕ ਸ਼ਰੀਫ਼ ਨੂੰ ਨੈਕਸਲਾਇਟ ਕਹਿ ਕੇ ਮਾਰ ਦਿੱਤਾ ਗਿਆ, ਕੀ ਇਸ ਦੀ ਪੜਤਾਲ ਕਰਾਉਣਗੇ ? (ਵਿਘਨ)

ਵਿੱਤ ਮੰਤਰੀ: ਜਿਥੇ ਤਕ ਮੇਰਾ ਖਿਆਲ ਹੈ, ਇਸ ਸਬੰਧ ਵਿਚ ਲੀਡਰ ਆਫ ਦੀ ਆਪੋਜ਼ੀਸ਼ਨ ਨੂੰ ਮੁਖ ਮੰਤਰੀ ਸਾਹਿਬ ਨੇ ਕਲ ਵੀ ਵਿਸ਼ਵਾਸ ਦਿਵਾਇਆ ਸੀ ਕਿ ਇਸ ਵਿਚ ਇਨਕੁਆਇਰੀ ਕਰਾਵਾਂਗੇ ਅਤੇ ਕਸੂਰਵਾਰ ਪੁਲਿਸ ਅਫ਼ਸਰ ਦੇ ਖਿਲਾਫ਼ ਜੇਕਰ ਇਲਜ਼ਾਮ ਹੋਇਆ ਤਾਂ ਪੂਰੀ ਸਜ਼ਾ ਦਿਤੀ ਜਾਵੇਗੀ । (ਵਿਘਨ)

(ਇਸ ਸਮੇਂ ਕਈ ਮੈਂਬਰ ਸਵਾਲ ਕਰਨ ਲਈ ਖੜੇ ਹੋ ਗਏ)

Mr. Speaker : Please resume your seats. (interruptions) Order please.

ਕਾਮਰੇਡ ਸੱਤ ਪਾਲ ਡਾਂਗ . ਸਪੀਕਰ ਸਾਹਿਬ ਸਰਕਾਰ ਵਲੋਂ ਕੋਈ ਸਿੱਧਾ ਜਵਾਬ ਨਹੀਂ ਆ ਰਿਹਾ । ਕਿਸੇ ਬੇਗੁਨਾਹ ਆਦਮੀ ਨੂੰ ਪੁਲਿਸ ਜਦ ਵੀ ਚਾਹੇ ਘਰੋਂ ਫੜ ਕੇ ਲੈ ਜਾਂਦੀ ਹੈ ਅਤੇ ਗ਼ਲਤ ਅਤੇ ਝੂਠਾ ਕੇਸ ਬਣਾ ਕੇ ਐਨਕਾਊਂਟਰ ਕਹਿ ਕੇ ਮਾਰ ਦਿੱਤਾ ਹੈ । (ਵਿਘਨ)

ਕੋਈ ਅਸ਼ੋਰੈਂਸ ਨਹੀਂ ਦਿੱਤੀ ਜਾ ਰਹੀ ਕਿ ਜਿਹੜੇ ਬੰਦੇ ਘਰੋਂ ਫੜ ਕੇ ਪੁਲਿਸ ਲਿਆ ਕੇ ਮਾਰ ਦਿੰਦੀ ਹੈ, ਨਾ ਉਨ੍ਹਾਂ ਦਾ ਕੋਈ ਵਕੀਲ ਹੁੰਦਾ ਹੈ ਆਪੇ ਹੀ ਉਨ੍ਹਾਂ ਦੇ ਵਕੀਲ ਆਪੇ ਹੀ ਜੱਜ ਅਤੇ ਆਪੇ ਹੀ ਪੁਲਿਸ ਸਜ਼ਾ ਦੇ ਦਿੰਦੀ ਹੈ, ਇਸ ਦਾ ਇਸ ਸਰਕਾਰ ਨੇ ਕੀ ਹੱਲ ਸੋਚਿਆ ਹੈ ? ਇਹ ਕਿਸ ਤਰ੍ਹਾਂ ਬਰਦਾਸ਼ਤ ਕੀਤਾ ਜਾ ਸਕਦਾ ਹੈ (ਵਿਘਨ)

Mr. Speaker: Please resume your seat. (Interruptions)

Sardar Ajaib Singh Sandhu: On a point of order, Sir. (Interruptions).

Mr. Speaker: No point of order please. Next question (Interruptions). (noise)

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ਼ ਆਰਡਰ ਸਰ........

Mr. Speaker : Please resume your seat. (Interruptions) We will not allow it. Order please. (Interruptions) (Noise).

ਸਰਦਾਰ ਅਜਾਇਬ ਸਿੰਘ ਸੰਧੂ : x x x x

Mr. Speaker: Please resume your seat.

(ਇਸ ਸਮੇਂ ਸਪੀਕਰ ਸਾਹਿਬ ਆਪਣੀ ਸੀਟ ਤੇ ਖੜ੍ਹੇ ਹੋ ਗਏ ਪਰ ਸਰਦਾਰ ਅਜਾਇਬ ਸਿੰਘ ਸੰਧੂ ਬੋਲਦੇ ਰਹੇ) (ਵਿਘਨ)

Mr. Speaker: Order please.

ਸਰਦਾਰ ਅਜਾਇਬ ਸਿੰਘ ਸੰਧੂ : x x x x

Mr. Speaker: I would request Sardar Ajaib Singh Sandhu to resume his seat.

ਸਰਦਾਰ ਅਜਾਇਬ ਸਿੰਘ ਸੰਧੂ : x x x x x

ਸ੍ਰੀ ਸਪੀਕਰ : ਜੋ ਕੁਝ ਵੀ ਸੰਧੂ ਜੀ ਵਲੋਂ ਵਿਦਆਊਟ ਪਰਮਿਸ਼ਨ ਕਿਹਾ ਜਾ ਰਿਹਾ ਹੈ, ਇਹ ਪਾਰਟ ਆਫ ਦੀ ਪ੍ਰੋਸੀਡਿੰਗ ਨਾ ਬਣੇ । (Whatever is being said by the hon. Member, Sardar Ajaib Singh Sandhu, without the permission of the Chair may not form part of the proceedings).

ਸਰਦਾਰ ਅਜਾਇਬ ਸਿੰਘ ਸੰਧੂ : x x x x

FUNDS OF GRAM PANCHAYAT, GODAIANKALAN
BLOCK BHADSON AT NABHA, DISTRICT PATIALA

*49. **Comrade Achhra Singh:** Will the Minister for Development be pleased to state :—

(a) the break up of Panchayat funds of the Gram Panchayat' Godaian Kalan, Block Bhadson at Nabha, District Patiala as on 31st December, 1960, 31st December, 1961, 31st December, 1962 31st December, 1963, 31st December, 1963, 31st December, 1964, 31st December, 1965, 31st December, 1966, 31st December, 1967 31st December, 1968, 31st December, 1969, 31st December, 1970 and 31st December, 1971, separately ;

(b) the break up of total amount of the said Panchayat funds in the form of cash in hand in post office or in bank on each of the dates mentioned in part (a) above ;

---

*Expunged as ordered by the Chair.

(Comrade Achhra Singh)

(c) the amount which a Sarpanch is authorised to keep in hand at a time and the period for which he can keep the same with him ;

(d) whether it is a fact that the Gram Panchayat mentioned in part (a) above kept more funds in hand in contravention of the Punjab Gram Panchayat Rules ; if so action, if any, taken against the said Gram Panchayat ?

(Notice received on 22nd March, 1972)

Capt. Rattan Singh: (a) & (b) Statement showing the break-up of Panchayat funds of Gram Panchayat, Godaian Kalan, Block Bhadson at Nabha, district Patiala, from 31st December, 1960 to 31st, December, 1971 along with the breakup, of total amount of Panchayat funds in the form of cash-in-hand, Post Office or in Bank is laid on the Table of House.

(c) Rs./ 50 up to 24th July, 1970 and Rs. 250/- thereafter.

(d) Yes. No action taken.

[(ੳ) ਅਤੇ (ਅ) ਗਰਾਮ ਪੰਚਾਇਤ ਗੋਦਇਆਂ ਕਲਾਂ, ਬਲਾਕ ਭਾਦਸੋਂ, ਸਥਿਤ ਨਾਭਾ, ਜ਼ਿਲ੍ਹਾ ਪਟਿਆਲਾ ਦਾ ਮਿਤੀ 31 ਦਸੰਬਰ 1960, ਤੋਂ 31 ਦਸੰਬਰ, 1971 ਤੱਕ ਕੁਲ ਪੰਚਾਇਤ ਫੰਡ ਦੇ ਵੇਰਵੇ, ਸਰਪੰਚ ਦੇ ਹੱਥ ਵਿਚ, ਡਾਕਖਾਨੇ ਵਿਚ ਜਾਂ ਬੈਂਕ ਵਿਚ ਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ੲ) 24 ਜੁਲਾਈ, 1970 ਤੱਕ 50/- ਰੁਪਏ ਅਤੇ ਇਸ ਤੋਂ ਬਾਦ 250 ਰੁਪਏ ।

(ਸ) ਹਾਂ । ਕੋਈ ਕਾਰਵਾਈ ਨਹੀਂ ਕੀਤੀ ਗਈ ।]

STATEMENT SHOWING THE BREAK-UP OF PANCHAYAT FUNDS OF GRAM PANCHAYAT, GODAIAN KALAN, BLOCK BHADSON AT NABHA (PATIALA)

S. No.	Date	Total Panchayat funds	Cash-in-Hand	In Bank	In Post Office.
1.	31.12.60	—	Panchayat did not exist.		
2.	31.12.61	38.76	38.76	—	—
3.	31.12.62	843.44	29.33	814.11	—
4.	31.12.63	674.59	1.26	673.33	—
5.	31.12.64	1813.67	81.82	1731.85	—
6.	31.12.65	3928.15	1088.07	2840.08	—
7.	31.12.66	1986.06	108.62	1877.44	—
8.	31.12.67	2270.98	14.39	2256.59	—
9.	31.12.68	1991.85	—	1991.85	—
10-	31.12.69	1146.03	1108.81	26.37	10.85
11.	31.12.70	1694.36	196.99	1486.52	10.85
12.	31.12.71	2144.19	713.63	419.60	1010.96

ਗਰਾਮ ਪੰਚਾਇਤ ਗੋਦ ਇਆਂ ਕਲਾਂ, ਬਲਾਕ ਭਾਦਸੋਂ ਸਥਿਤ ਨਾਭਾ (ਪਟਿਆਲਾ)
ਦੇ ਪੰਚਾਇਤ ਫੰਡ ਦਾ ਵਿਵਰਣ

ਲੜੀ ਨੰ:	ਮਿਤੀ	ਕੁਲ ਪੰਚਾਇਤ ਫੰਡ	ਹੱਥ ਵਿਚ	ਬੈਂਕ ਵਿਚ	ਡਾਕ ਖਾਨੇ ਵਿਚ
1.	31.12.60	ਪੰਚਾਇਤ ਬਣੀ ਨਹੀਂ ਸੀ।			
2.	31.12.61	38.76	38.76	—	—
3.	31.12.62	843.44	29.33	814.11	—
4.	31.12.63	674.59	1.26	673.33	—
5.	31.12.64	1813.67	81.82	1731.85	—
6.	31.12.65	3928.15	1088.07	2840.08	—
7.	31.12.66	1986.06	108.62	1877.44	—
8.	31.12.67	2270.98	14.39	2256.59	—
9.	31.12.68	1991.85	--	1991.85	—
10.	31.12.69	1146.03	1108.81	26.37	10.85
11.	31.12.70	1694.36	196.99	1486.52	10.85
12.	31.12.71	2144.19	713.63	419.60	1010.96

GRANTS GIVEN TO GRAM PANCHAYAT GODAIAN KALAN DISTRICT PATIALA

*50 **Comrade Acchra Singh** : Will the Minister for Development be pleased to —

(a) lay on the Table of the House a statement showing the details of the grants given by the Government to Gram Panchayat Godaian Kalan, Block Bhadson at Nabha, District Patiala, during the period from 1-1-60 to 15-3-72;

(b) lay on the Table of the House a statement showing the amount of each grant mentioned in part (a) above, the data on which and the purpose for which the said grants were given;

(c) state the dates by which each of the Grants referred to in part (b) above was to be utilized;

(d) state whether each of the grants referred to in part (b) above was utilized within the prescribed period for the purpose for which it was given:

(Comrade Achhra Singh)

(e) state if the answer to part (d) above be in the negative, whether the Government received any complaints in this connection; if so, whether any enquiry was held into the said complaints; stating the result thereof and the details of the action taken against the Sarpanch of the said Gram Panchayat ?

(Notice received on 22nd March, 1972)

Capt. Rattan Singh : (a), (b) & (c) : The statement showing necessary details of the grants given by the Govt. to Gram Panchayat, Godaian Kalan from 1st January, 1960 to 15th March, 1972 is laid on the Table of the House.

(d) No.

(e) No.

[(ੳ), (ਅ) ਅਤੇ (ੲ): ਗ੍ਰਾਮ ਪੰਚਾਇਤ ਗੋਦਾਈਆਂ ਕਲਾਂ ਜ਼ਿਲ੍ਹਾ ਪਟਿਆਲਾ ਨੂੰ 1 ਜਨਵਰੀ,1960 ਤੋਂ 15 ਮਾਰਚ, 1972 ਤਕ ਦੀਆਂ ਸਰਕਾਰ ਵਲੋਂ ਗਰਾਟਾਂ ਦੇਣ ਦੀ ਸੂਚੀ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ ।

(ਸ) ਨਹੀਂ ।

(ਹ) ਨਹੀਂ ।]

Statement showing the details of grants given by the Govt. to Gram Panchayat Godaian, Block Bhadson at Nabha (Patiala)

Sr. No.	Purpose of grant	Amount (Rs.)	Date of disbursment	Date by which to be utilized
1.	Repair of School building	80.00	23.3.67	23.3.68
2.	—do—	94.00	1.4.68	1.4.69
3.	Repair of Well and Hand-pumps	300.00	1.4.69	1.4.70

ਗ੍ਰਾਮ ਪੰਚਾਇਤ ਗੋਦਾਇਆਂ ਕਲਾਂ ਜ਼ਿਲ੍ਹਾ ਪਟਿਆਲਾ ਨੂੰ 1-1-60 ਤੋਂ 15-3-72 ਤਕ ਦੀਆਂ ਸਰਕਾਰ ਵਲੋਂ ਗਰਾਟਾਂ ਦੇਣ ਦੀ ਸੂਚੀ ।

ਲੜੀ ਨੰ:	ਜਿਸ ਕੰਮ ਲਈ ਗਰਾਂਟ ਦਿਤੀ	ਧੰਨ (ਰੁਪੈ)	ਦੇਣ ਦੀ ਮਿਤੀ	ਜਿਸ ਮਿਤੀਂ ਤਕ ਖਰਚ ਕਰਨਾ ਸੀ
1.	ਸਕੂਲ ਦੀ ਇਮਾਰਤ ਦੀ ਮੁਰੰਮਤ ਲਈ ..	80.00	23-3-67	23-3-68
2.	ਸਕੂਲ ਦੀ ਇਮਾਰਤ ਦੀ ਮੁਰੰਮਤ ਲਈ ..	94.00	1-4-68	1-4-69
3.	ਖੂਹ ਅਤੇ ਗੇੜਨ ਵਾਲੇ ਨਲਕੇ ਦੀ ਮੁਰੰਮਤ ਲਈ ..	300.00	1-4-69	1-4-70

STARRED QUESTIONS NOS. 48 and 38*

Mr. Speaker : Extension has been asked for in respect of Starred Questions Nos. 48 and 38.

GRANTS FOR WAR-HIT PEOPLE

*44 **Shri Balmukand Sharma** : Will the Minister for Education be pleased to state :—

(a) whether the Government have during or after the recent war sanctioned any grants for the war-hit people residing within three miles of the border;

(b) whether the people of Ferozepore have been given the said grants, if not, the reasons therefor ;

(c) whether it is a fact that the uprooted families residing within two/three miles of the border were granted ration;

(d) if the reply to part (c) above be in the affirmative whether the families thus uprooted in the Ferozepore area were also given any ration ; if not the reasons therefor ;

(e) a copy of details of the policy of the Government to grant relief to the war-hit people of border area within ten miles border belt be laid on the Table of the House.

*Starred Question No. 48 and reply there to appear in the PUNJAB VIDHAN SABHA Debate dated 24th April, 1972.

Starred Question No. 38 was included in the list of Postponed Questions for 24th April, 1972 but it was not put.

Sardar Umrao Singh : (a) No. No specific belt on the basis of distance from the border has been fixed. Relief grants have been given keeping in view the following criteria and also in consultation with the local Army authorities :

(i) There was actual shelling by the enemy ;

(ii) The position of the enemy guns; and

(iii) Migration of the people owing to the war threat.

(b) No. Ferozepore Town is not covered by the criteria as mentioned above.

(c) No. Only residents of the villages which were indentified as category 'A' and 'B' have been given cash doles etc. as admissimible.

(d) Question does not arise.

(e) There is no policy of the Government to grant relief on the basis of distance from the border.

[(ੲ) ਨਹੀਂ ਜੀ । ਬਾਡਰ ਤੋਂ ਦੂਰੀ ਦੇ ਆਧਾਰ ਤੇ ਖਾਸ ਬੈਲਟ ਨਿਸ਼ਚਿਤ ਨਹੀਂ ਕੀਤੀ ਗਈ । ਨਿਮਨ ਲਿਖਤ ਕਸਵੱਟੀ ਅਤੇ ਸਥਾਨਿਕ ਫੌਜੀ ਅਧਿਕਾਰੀਆਂ ਦੀ ਸਲਾਹ ਨੂੰ ਮੁਖ ਰਖਦਿਆਂ ਹੋਇਆਂ ਰਲੀਫ ਗਰਾਂਟਾਂ ਦਿਤੀਆਂ ਗਈਆਂ ਹਨ :—

(i) ਜਿਥੇ ਦੁਸ਼ਮਣ ਵਲੋਂ ਸੈਲਿੰਗ ਕੀਤੀ ਗਈ ।

(ii) ਦੁਸ਼ਮਣ ਦੀਆਂ ਗਨਾਂ ਦੀ ਸਥਿਤੀ ਅਤੇ

(iii) ਲੜਾਈ ਦੇ ਡਰ ਕਾਰਨ ਲੋਕਾਂ ਦਾ ਪਰਵਾਸ਼ ਕਰਨਾ

(ਬੀ) ਨਹੀ ਜੀ । ਫੀਰੋਜ਼ਪੁਰ ਸ਼ਹਿਰ ਉਕਤ ਨੀਤੀ ਦੇ ਘੇਰੇ ਵਿਚ ਨਹੀ ਆਉਂਦਾ ।

(ਸੀ) ਨਹੀ ਜੀ । ਕੇਵਲ ਉਨ੍ਹਾਂ ਪਿੰਡਾਂ ਦੇ ਵਸਨੀਕਾਂ ਨੂੰ ਕੈਸ਼ ਡੋਲ ਆਦਿ ਦਿਤੇ ਗਏ ਹਨ ਜਿਹੜੇ ਕਿ ਕੈਟੇਗਰੀ 'ਏ' ਅਤੇ 'ਬੀ' ਸਨਾਖਤ ਕੀਤੇ ਗਏ ਹਨ ।

(ਡੀ) ਸਵਾਲ ਪੈਦਾ ਨਹੀ ਹੁੰਦਾ ।

(ਈ) ਬਾਰਡਰ ਤੋਂ ਦੂਰੀ ਦੇ ਆਧਾਰ ਤੇ ਗਰਾਂਟ ਰਲੀਫ ਦੇਣ ਲਈ ਸਰਕਾਰ ਦੀ ਕੋਈ ਨੀਤੀ ਨਹੀਂ ਹੈ ।

ਸ੍ਰੀ ਬਾਲਮੁਕੰਦ ਸ਼ਰਮਾ : ਕੀ ਵਜ਼ੀਰ ਸਾਹਿਬ ਇਹ ਦਸਣ ਦੀ ਖੇਚਲ ਕਰਨਗੇ ਕਿ ਗਵਰਨਰ ਸਾਹਿਬ ਦੇ ਐਡਵਾਈਜਰ ਫੀਰੋਜ਼ਪੁਰ ਗਏ ਸਨ, ਉਥੇ ਸ੍ਰੀ ਸ਼ਾਹੀ ਨੇ ਮੌਕਾ ਵੇਖ ਕੇ ਇਹ ਫੈਸਲਾ ਕੀਤਾ ਸੀ ਕਿ ਫਿਰੋਜ਼ਪੁਰ ਨੂੰ ਵੀ ਡਿਸਟਰਬਡ ਏਰੀਆ ਵਿਚ ਇਨਕਲੂਡ ਕੀਤਾ ਜਾਵੇ । ਪਰ ਹੁਣ ਆਰਡਰ ਸਰਕਾਰ ਦੇ ਇਹ ਹੋਏ ਹਨ ਕਿ ਗ੍ਰਾਂਟ ਸਿਰਫ ਦੋ ਤਿੰਨ ਮੀਲ ਤੱਕ ਹੀ ਦਿੱਤੀ ਜਾਵੇਗੀ ।

ਸਿੱਖਿਆ ਮੰਤਰੀ : ਮੈਂ ਫਾਈਲ ਮੰਗਵਾ ਕੇ ਵੇਖਾਂਗਾ ਕਿ ਸਹੀ ਪੁਜ਼ੀਸ਼ਨ ਕੀ ਹੈ ਜੇ ਕੋਈ ਇਸ ਤਰ੍ਹਾਂ ਦੇ ਆਰਡਰ ਹੋਏ ਤਾਂ ਜ਼ਰੂਰ ਇੰਪਲੀਮੈਂਟ ਕੀਤੇ ਜਾਣਗੇ ।

ਕਾਮਰੇਡ ਸੱਤ ਪਾਲ ਡਾਂਗ : ਜਿਸ ਕਰਾਈਟੇਰੀਆ ਦੇ ਅੰਦਰ ਤੁਸੀਂ ਬਾਰਡਰ ਦੇ ਪਿੰਡਾਂ ਨੂੰ "ਬੀ" ਕੈਟੇਗਰੀ ਦੇ ਵਿਚ ਰਖਣ ਦਾ ਫੈਸਲਾ ਕੀਤਾ ਹੈ ਕਿ ਜੰਗ ਦੇ ਦੌਰਾਨ ਉਥੇ ਰਹਿਣਾ ਸੰਭਵ ਨਾ ਹੋਵੇ ਜਾਂ ਹੋਰ ਕਾਰਨਾਂ ਕਰਕੇ ਨਿਕਲਨਾ ਪਵੇ, ਕੀ ਇਸੇ ਤਰ੍ਹਾਂ ਦੀ ਇਹ ਵੀ ਕੋਈ ਵੀ ਹਕੀਕਤ ਨਹੀਂ ਕਿ ਫਿਰੋਜ਼ਪੁਰ ਦੇ ਵਿਚ ਸ਼ੈਲਿੰਗ ਹੋਈ ਜੇ ਇਹ ਸਮਝਿਆ ਜਾ ਰਿਹਾ ਹੈ ਕਿ ਫਿਰੋਜ਼ਪੁਰ ਦੀਆਂ ਹਦਾਂ ਰਾਹੀਂ ਪਾਕਿਸਤਾਨ ਕਰਾਸ ਕਰਕੇ ਵੀ ਆ ਸਕਦਾ ਹੈ ਤਾਂ ਫਿਰ ਫਿਰੋਜ਼ਪੁਰ ਨੂੰ ਕੈਟੇਗਰੀ "ਬੀ" ਦੇ ਵਿਚ ਸ਼ਾਮਲ ਕਰਕੇ ਰੀਲੀਫ ਡੀਕਲੇਅਰ ਕਰਕੇ ਕਿਉਂ ਨਹੀਂ ਦਿੱਤਾ ਜਾ ਰਿਹਾ ।

ਸਿੱਖਿਆ ਮੰਤਰੀ : ਮੈਂ ਦੱਸਿਆ ਹੈ ਕਿ ਜਿਥੇ ਐਕਚੁਅਲੀ ਸ਼ੈਲਿੰਗ ਹੋਈ ਹੋਵੇ, ਜਾਂ ਗਨਜ਼ ਦੇ ਚਲਣ ਕਰਕੇ ਰਹਿਣਾ ਸੰਭਵ ਨਾ ਹੋਵੇ ਜਾਂ ਉਥੋਂ ਲੋਕ ਮਾਈਗਰੇਟ ਕਰ ਗਏ ਹੋਣ ਉਨ੍ਹਾਂ ਨੂੰ ਕੇਟੇਗਰੀ "ਬੀ" ਦੇ ਵਿਚ ਰੱਖਿਆ ਜਾਂਦਾ ਹੈ । ਅਸੀਂ ਪੁਜ਼ੀਸ਼ਨ ਐਗਜ਼ਾਮਿਨ ਕਰ ਲਵਾਂਗੇ ਜੇ ਵਾਕਈ ਕੋਈ ਨੁਕਸਾਨ ਹੋਇਆ ਤਾਂ ਜ਼ਰੂਰ ਉਨ੍ਹਾਂ ਨੂੰ ਗਰਾਂਟ ਦੇਵਾਂਗੇ ।

ਸ੍ਰੀ ਬਾਲ ਮੁਕੰਦ ਸ਼ਰਮਾ : ਸਪੀਕਰ ਸਾਹਿਬ, ਸ਼ੈਲਿੰਗ ਫਿਰੋਜ਼ਪੁਰ ਸ਼ਹਿਰ ਦੇ ਵਿਚ ਹੋਈ, ਸੈਂਟਰਲ ਜੇਲ੍ਹ ਦੇ ਵਿਚ ਹੋਈ, ਮਿਉਂਸੀਪਲ ਕਮੇਟੀ ਦੇ ਪਾਸ ਹੋਈ ਜਿਥੋਂ ਕਿ ਮੈਂ 100 ਗਜ਼ ਦੇ ਫਾਸਲੇ ਤੇ ਬੈਠਾ ਹੋਇਆ ਸੀ । ਇਹ ਠੀਕ ਹੈ ਕਿ ਜਾਨੀ ਨੁਕਸਾਨ ਨਹੀਂ ਹੋਇਆ, ਕੀ ਇਸ ਦਾ ਮਤਲਬ ਇਹ ਹੈ ਗਰਾਂਟ ਤਦ ਹੀ ਦਿੱਤੀ ਜਾਂਦੀ ਹੈ ਜੇ ਸਾਰਾ ਸ਼ਹਿਰ ਹੀ ਤਬਾਹ ਕਰ ਦਿੱਤਾ ਜਾਂਦਾ ?

ਸਿੱਖਿਆ ਮੰਤਰੀ : ਇਹ ਸਾਰੀਆਂ ਗੱਲਾਂ ਮੈਂਬਰ ਸਾਹਿਬ ਦੇ ਨੋਟਿਸ ਵਿਚ ਹੀ ਹਨ ਕਿ ਨੁਕਸਾਨ ਹੋਇਆ ਹੈ, ਜਾਂ ਨਹੀਂ । ਜੇ ਕੋਈ ਨੁਕਸਾਨ ਦੀ ਗੱਲ ਉਹ ਮੇਰੇ ਨੋਟਿਸ ਵਿਚ ਲਿਆਉਣਗੇ ਤਾਂ ਮੈਂ ਜ਼ਰੂਰ ਕਾਰਵਾਈ ਕਰਾਂਗਾ ।

ਸ੍ਰੀ ਬਾਲ ਮੁਕੰਦ ਸ਼ਰਮਾ : ਜਿਹੜੀ ਗਰਾਂਟ 2-3 ਮੀਲ ਦੇ ਏਰੀਆ ਦੇ ਵਿਚ ਵੰਡੀ ਗਈ ਇਹ ਦੇ ਵਿਚ ਬੜੀ ਕੁਰਪਸ਼ਨ ਹੋਈ ਹੈ । ਗਰਾਂਟ ਸਿਰਫ ਉਨ੍ਹਾਂ ਨੂੰ ਹੀ ਦਿੱਤੀ ਗਈ ਜਿਹੜੇ ਮੈਂਬਰ ਹਲਕਾ ਦੇ ਬੰਦੇ ਹੁੰਦੇ ਸਨ ਜਾਂ ਸਰਪੰਚ ਨਾਲ ਮਿਲਕੇ ਉਹ ਗਰਾਂਟ ਆਪੋ ਆਪਣੇ ਬੰਦਿਆਂ ਨੂੰ ਦੇਂਦੇ ਸਨ । ਜਾਇਜ਼ ਆਦਮੀਆਂ ਨੂੰ ਗਰਾਂਟ ਦਿੱਤੀ ਹੀ ਨਹੀਂ ਗਈ, ਕੀ ਸਰਕਾਰ ਇਸ ਮੁਆਮਲੇ ਵਿਚ ਉਥੋਂ ਦੇ ਸਰਪੰਚ ਦੀ ਇਨਕੁਆਇਰੀ ਕਰਾਵੇਗੀ ?

ਸਿੱਖਿਆ ਮੰਤਰੀ : ਮੈਂ ਪਹਿਲਾਂ ਵੀ ਅਰਜ਼ ਕਰ ਚੁਕਾ ਹਾਂ ਕਿ ਕੁਰਪਸ਼ਨ ਦੇ ਕੇਸਿਜ਼ ਦੇ ਮੁਤਾਲਿਕ ਕੋਈ ਸਪੈਸੇਫਿਕ ਇਨਸਟਾਂਸਿਜ਼ ਹੋਣੀਆਂ ਚਾਹੀਦੀਆਂ । ਮੈਂ ਹਾਊਸ ਨੂੰ ਯਕੀਨ ਦਿਵਾਉਂਦਾ ਹਾਂ ਕਿ ਇਸ ਤਰ੍ਹਾਂ ਦਾ ਜੇ ਕੋਈ ਵੀ ਵਾਕਾ ਹੋਵੇਗਾ ਉਸ ਦੀ ਉੱਚੇ ਪੱਧਰ ਤੇ ਇਨਕੁਆਇਰੀ ਕਰਵਾਈ ਜਾਵੇਗੀ । ਇਹ ਇਕ ਅਹਿਮ ਗੱਲ ਹੈ ਸਾਰੇ ਮੈਂਬਰ ਸਾਹਿਬਾਨ ਨੂੰ ਇਸ ਮੁਆਮਲੇ ਵਿਚ ਸਾਡਾ ਹੱਥ ਵਟਾਉਣਾ ਚਾਹੀਦਾ ਹੈ ।

ਮਾਸਟਰ ਗੁਰਬੰਤਾ ਸਿੰਘ : ਮੈਂ ਵਜ਼ੀਰ ਸਾਹਿਬ ਤੋਂ ਇਹ ਗਲ ਪੁੱਛਣੀ ਚਾਹੁੰਦਾ ਹਾਂ ਕਿ ਜਲੰਧਰ ਜ਼ਿਲ੍ਹੇ ਵਿਚ ਦੋ ਪਿੰਡਾਂ, ਆਲਮਗੀਰ ਅਤੇ ਘੋੜਾਵਾਲੀ ਜੰਗ ਦੇ ਦਿਨਾਂ ਦੇ ਵਿਚ 20 ਮੌਤਾਂ ਹੋਈਆਂ, ਪਿੰਡਾਂ ਦੇ ਹੋਰ ਲੋਕਾਂ ਦਾ ਮਾਲੀ ਨੁਕਸਾਨ ਹੋਇਆ । ਜਿਨ੍ਹਾਂ ਦੀਆਂ ਮੌਤਾਂ ਹੋਈਆਂ

(ਮਾਸਟਰ ਗੁਰਬੰਤਾ ਸਿੰਘ)

ਸਨ ਉਨ੍ਹਾਂ ਨੂੰ ਤਾਂ ਰੀਲੀਫ ਦੇ ਦਿਤਾ ਗਿਆ । ਜਿਨ੍ਹਾਂ ਦੇ ਮਕਾਨ ਗਿਰੇ, ਮਵੈਸ਼ੀ ਮਰੇ ਹੋਰ ਮਾਲੀ ਨੁਕਸਾਨ ਹੋਇਆ ਉਨ੍ਹਾਂ ਨੂੰ ਅਜੇ ਤਕ ਕੁਝ ਨਹੀਂ ਦਿਤਾ ਗਿਆ ।

ਸਿੱਖਿਆ ਮੰਤਰੀ: ਮੈਂ ਮਾਸਟਰ ਜੀ ਦੀ ਖਿਦਮਤ ਵਿਚ ਅਰਜ਼ ਕਰਾਂਗਾ ਕਿ ਜਿਹੜੇ ਵੀ ਕੋਈ ਐਸੇ ਡੀਜ਼ਰਵਿੰਗ ਕੇਸਿਜ਼ ਹਨ ਉਹ ਮੇਰੇ ਨੋਟਿਸ ਵਿਚ ਲਿਆਉਣ, ਮੈਂ ਪਤਾ ਕਰਕੇ ਵੇਖ ਲਵਾਂਗਾ ਕਿ ਉਨ੍ਹਾਂ ਨੂੰ ਗਰਾਂਟ ਮਿਲਣੀ ਚਾਹੀਦੀ ਹੈ ਜਾਂ ਨਹੀਂ ।

ਡਾਕਟਰ ਅਮੀਰ ਸਿੰਘ ਕਲਕਟ: ਮੈਂ ਵਜ਼ੀਰ ਸਾਹਿਬ ਤੋਂ ਇਹ ਜਾਨਣਾ ਚਾਹੁੰਦਾ ਹਾਂ ਕਿ ਮੰਤਰੀ ਮਹੋਦਯ ਕੋਈ ਐਸੀ ਹਾਊਸ ਦੀ ਕਮੇਟੀ ਬਣਾਉਣਗੇ ਕਿ ਜੇ ਕਿਸੇ ਦੇ ਖਿਲਾਫ ਕੋਈ ਸੀਰੀਅਸ ਕਿਸਮ ਦੀ ਐਲੀਗੇਸ਼ਨ ਹੋਵੇ ਉਹ ਇਸ ਦੀ ਪੜਤਾਲ ਕਰਕੇ ਸਰਕਾਰ ਨੂੰ ਰਿਪੋਰਟ ਦੇ ਸਕੇ ।

ਸਿੱਖਿਆ ਮੰਤਰੀ: ਮਾਨ ਯੋਗ ਮੈਂਬਰ ਇਹ ਗੱਲ ਬੜੀ ਚੰਗੀ ਤਰ੍ਹਾਂ ਜਾਣਦੇ ਹਨ ਕਿ ਉਨ੍ਹਾਂ ਨੂੰ ਕਿਸ ਹਾਲਤ ਵਿਚ ਐਡਮਨਿਸਟਰੇਸ਼ਨ ਮਿਲੀ ਹੈ, ਜਿਸ ਨੂੰ ਸੁਧਾਰਨ ਲਈ ਅਸੀਂ ਹਰ ਸੰਭਵ ਯਤਨ ਕਰ ਰਹੇ ਹਾਂ । ਮੈਂ ਹੁਣ ਫੇਰ ਯਕੀਨ ਦਿਵਾਉਂਦਾ ਹਾਂ ਕਿ ਅਸੀਂ ਐਡਮਨਿਸਟਰੇਸ਼ਨ ਨੂੰ ਇੰਪਰੂਵ ਕਰਾਂਗੇ ਜੇ ਕੋਈ ਸਪੈਸੇਫਿਕ ਐਲੀਗੇਸ਼ਨ ਉਹ ਸਾਡੇ ਸਾਹਮਣੇ ਲਿਆਉਣਗੇ ਅਸੀਂ ਤੁਰੰਤ ਉਸ ਦੀ ਇਨਕੁਆਇਰੀ ਕਰਾਂਗੇ ।

ਸ੍ਰੀ ਪਿਆਰਾ ਰਾਮ ਧੰਨੋਵਾਲੀ: ਸਪੀਕਰ ਸਾਹਿਬ; ਘੋੜੇ-ਵਾਲੀ ਅਤੇ ਆਲੀਮਗੀਰ ਦੇ ਪਿੰਡਾਂ ਵਿਚ ਹਲਕੇ ਦੇ ਐਮ. ਐਲ. ਏ. ਦੇ ਕਹਿਣ ਤੇ ਲੋਕਾਂ ਨੂੰ ਗਰਾਂਟ ਦਵਾਈ ਹੈ, ਜਿਨ੍ਹਾਂ ਦਾ ਐਕਚੁਅਲੀ ਨੁਕਸਾਨ ਹੋਇਆ ਹੈ; ਉਨ੍ਹਾਂ ਨੂੰ ਕੁਝ ਨਹੀਂ ਦਿਤਾ ਗਿਆ । ਮੈਂ ਵਜ਼ੀਰ ਸਾਹਿਬ ਤੋਂ ਇਹ ਜਾਣਕਾਰੀ ਚਾਹੁੰਦਾ ਹਾਂ ਕਿ ਕੀ ਸਰਕਾਰ ਉਨ੍ਹਾਂ ਅਫਸਰਾਂ ਦੇ ਖਿਲਾਫ ਕੋਈ ਐਕਸ਼ਨ ਲਵੇਗੀ ਜਿਨ੍ਹਾਂ ਦੀ ਕੋਤਾਹੀ ਨਾਲ ਗਲਤ ਗਰਾਂਟ ਤਕਸੀਮ ਹੋਈ । ਕੀ ਇਹ ਗਰਾਂਟ ਵਾਪਸ ਕਰਵਾਕੇ ਜਿਹੜੇ ਡੀਜ਼ਰਵਿੰਗ ਕੇਸਿਜ਼ ਹਨ ਉਨ੍ਹਾਂ ਨੂੰ ਗਰਾਂਟ ਦਿਤੀ ਜਾਵੇਗੀ ?

ਸਿੱਖਿਆ ਮੰਤਰੀ: ਸਪੀਕਰ ਸਾਹਿਬ, ਇਸ ਸਦਨ ਦੇ ਸਾਹਮਣੇ ਦੋ ਵਿਚਾਰ ਆਏ ਹਨ ਇਕ ਤਾਂ ਇਹ ਕਿ ਜਿਹੜੀਆਂ ਗਲਤ ਕੰਪਾਸੇਸ਼ਨ ਦਿਤੀਆਂ ਗਈਆਂ ਹਨ ਉਨ੍ਹਾਂ ਦੀ ਇਨਕੁਆਇਰੀ ਕਰਵਾਈ ਜਾਵੇ ਅਤੇ ਦੂਜਾ ਵਿਚਾਰ ਇਹ ਆਇਆ ਹੈ ਕਿ ਜਿਨ੍ਹਾਂ ਨੂੰ ਭਾਵੇਂ ਗਲਤ ਰਲੀਫ ਵੀ ਮਿਲ ਗਈ ਹੈ, ਉਹ ਵਾਪਸ ਨਾ ਲਈ ਜਾਵੇ । ਕਿਹੜੀ ਗਲ ਹੋਣੀ ਚਾਹੀਦੀ ਹੈ ਇਸ ਦੇ ਲਈ ਮੈਂ ਤੁਹਾਡੀ ਪ੍ਰੋਟੈਕਸ਼ਨ ਤੇ ਗਾਈਡੈਂਸ ਸੀਕ ਕਰਦਾ ਹਾਂ ।

ਸ੍ਰੀ ਸਪੀਕਰ: ਜਿਨ੍ਹਾਂ ਲੀਡਰਾਂ ਨੇ ਪ੍ਰੈਸ਼ਰ ਪਾਕੇ ਗਲਤ ਕੰਮ ਕਰਵਾਏ ਹਨ, ਉਨ੍ਹਾਂ ਦੇ ਖਿਲਾਫ ਇਨਕੁਆਇਰੀ ਕਰਵਾਉ । (ਥੰਪਿੰਗ) (Inquiry may be held against those leaders, who got wrong things done through pressure.)

ਸਰਦਾਰ ਹਰਭਜਨ ਸਿੰਘ: ਮੇਰੇ ਹਲਕੇ ਦੇ ਦੋ ਪਿੰਡਾਂ ਤੇ ਵੀ ਬੰਬਾਰਮੈਂਟ ਹੋਣ ਕਰਕੇ ਉਥੇ ਵੀ ਨੁਕਸਾਨ ਹੋਇਆ ਹੈ । ਜਿਨ੍ਹਾਂ ਦੇ ਬੰਦੇ ਮਰ ਗਏ ਸੀ ਉਨ੍ਹਾਂ ਨੂੰ ਤਾਂ ਡੀ. ਸੀ. ਨੇ 2, 3 ਜਾਂ 4 ਹਜ਼ਾਰ ਰੁਪਿਆ ਦਿਤਾ ਹੈ, ਪਰ ਜਿਨ੍ਹਾਂ ਦੇ ਘਰ ਗਿਰ ਗਏ ਸੀ, ਉਨ੍ਹਾਂ

ਹਰੀਜਨਾਂ ਨੂੰ ਰੁਪਿਆ ਦੇਣ ਦੀ ਥਾਂ ਤੇ ਨਾਇਬ ਤਸੀਲਦਾਰ ਦੁਆਰਾ ਉਥੇ ਦੇ ਇਕ ਕਾਮਰੇਡ ਜ਼ਿਮੀਦਾਰ ਨੂੰ ਪਹਿਲਾਂ ਬਹਿ ਚੁਕੇ ਐਮ. ਐਲ. ਏ. ਦੇ ਕਹਿਣ ਤੇ ਗ੍ਰਾਂਟ ਦੇ ਦਿਤੀ ਗਈ। ਇਸ ਬਾਰੇ ਮੈਂ ਡੀ. ਸੀ. ਕੋਲ ਸ਼ਿਕਾਇਤ ਕੀਤੀ ਅਤੇ ਇਨਕੁਆਇਰੀ ਕਰਵਾਣ ਲਈ ਕਿਹਾ। ਮੈਨੂੰ ਪਤਾ ਲਗਾ ਹੈ ਕਿ ਉਸ ਕੇਸ ਨੂੰ ਦਬਾਉਣ ਲਈ ਕੋਸ਼ਿਸ਼ ਹੋ ਰਹੀ ਹੈ। ਕੀ ਵਜ਼ੀਰ ਸਾਹਿਬ ਇਸ ਬਾਰੇ ਇਨਕੁਆਇਰੀ ਕਰਵਾਉਣਗੇ ? ਦੂਜੀ ਗੱਲ ਇਹ ਹੈ ਕਿ ਕਈਆਂ ਦਾ ਪਾਰਸ਼ਲ ਨੁਕਸਾਨ ਹੋਇਆ ਹੈ। ਘੋੜਾਵਾਹੀ ਦੇ ਇਕ ਕਿਸਾਨ ਦਾ ਟਿਊਬਵੈਲ ਪੁਰਜ਼ੇ ਪੁਰਜ਼ੇ ਹੋ ਕੇ ਉਡ ਗਿਆ ਹੈ, ਕੀ ਇਹੋ ਜਿਹੇ ਗਰੀਬਾਂ ਨੂੰ ਵੀ ਮਦਦ ਦੇਣਗੇ ?

(ਇਸ ਸਮੇਂ ਸਰਦਾਰ ਗੁਰਬੰਤਾ ਸਿੰਘ ਜੀ ਵੀ ਬੈਠੇ ਬੈਠੇ **ਕੁਝ** ਬੋਲੇ)

ਸਿੱਖਿਆ ਮੰਤਰੀ ਮੈਂ ਮਾਸਟਰ ਜੀ ਨੂੰ ਯਕੀਨ ਦਵਾਉਂਦਾ ਹਾਂ ਕਿ ਜੇ ਉਹ ਕੋਈ ਅਜਿਹੇ ਵਾਜਬ ਕੇਸ ਸਾਡੇ ਨੋਟਿਸ ਵਿਚ ਲਿਆਉਣਗੇ ਤਾਂ ਜ਼ਰੂਰ ਕਾਰਵਾਈ ਕਰਾਂਗੇ।

LOSS OF MEN AND MATERIAL SUFFERED BY RESIDENTS OF BORDER AREAS DUE TO INDO-PAK WAR.

*47 **Sardar Dhanna Singh Gulshan** : Will the Minister for Education be pleased to state —

(a) the district-wise details of loss of men and material suffered by the residents of border areas of the State during the recent Indo-Pak war;

(b) whether the Government has given any compensation for the said losses, if so, the rate of compensation, if no compensation has been given, the reasons therefor ?

Sardar Umrao Singh : (a) The district-wise detail of loss of men is as under—

Amritsar	42
Ferozepore	33
Gurdaspur	47
Bhatinda	4

It is not possible to calculate exact loss of material and the labour involved in collecting this information will not be commensurate with the benefits.

(b) No compensation as such can be paid. However, ad-hoc relief and resettlement grants amounting to Rs. 580 lakhs have been disbursed from 3rd Decembsr, 1971 to 31st March, 1972 for the items mentioned in the statement being placed on the Table of the House.

(Education Minister)

(ੲ) ਜ਼ਿਲ੍ਹੇ-ਵਾਰ ਜਾਨੀ ਨੁਕਸਾਨ ਦਾ ਵਿਸਥਾਰ ਨਿਮਨ ਲਿਖਤ ਹੈ :—

ਅੰਮ੍ਰਿਤਸਰ	42
ਫਿਰੋਜ਼ਪੁਰ	33
ਗੁਰਦਾਸਪੁਰ	47
ਬਠਿੰਡਾ	4

ਸਾਮਾਨ ਦੀ ਹਾਨੀ ਦਾ ਸਹੀ ਹਿਸਾਬ ਲਾਉਣਾ ਸੰਭਵ ਨਹੀਂ ਹੈ ਅਤੇ ਸੂਚਨਾਂ ਇਕੱਤਰ ਕਰਨ ਉਤੇ ਖਰਚ ਹੋਣ ਵਾਲੇ ਸਮੇਂ ਅਤੇ ਮਿਹਨਤ ਦੇ ਟਾਕਰੇ ਉਤੇ ਪ੍ਰਾਪਤ ਹੋਣ ਵਾਲੇ ਕਿਸੇ ਲਾਭ ਦੀ ਕੋਈ ਵੁੱਕਤ ਨਹੀਂ ਹੋਵੇਗੀ ।

(ਬੀ) ਇਸ ਕਾਰਨ ਕੋਈ ਮੁਆਵਜ਼ਾ ਨਹੀਂ ਦਿੱਤਾ ਜਾ ਸਕਦਾ । ਤਾਹਮ 580 ਰੁਪਏ ਐਡਹਾਕ ਰਲੀਫ ਅਤੇ ਰੀਸੈਟਲਮੈਂਟ ਗਰਾਂਟਾਂ, ਵਿਵਰਨ ਵਿਚ ਬਿਆਨ ਕੀਤੀਆਂ ਗਈਆਂ ਆਈਟਮਾਂ ਤੇ ਮਿਤੀ 3 ਦਸੰਬਰ, 1971 ਤੋਂ 31 ਮਾਰਚ, 1972 ਤਾਈ ਦਿੱਤੀਆਂ ਗਈਆਂ ਹਨ, ਜਿਸ ਨੂੰ ਕਿ ਸਦਨ ਦੀ ਮੇਜ਼ ਤੇ ਰਖਿਆ ਜਾ ਰਿਹਾ ਹੈ ।]

STATEMENT REGARDING GRANT & RELIEF ASSISTANCE

1. (a) For families whose bread winners have been killed by air bombing, paratroopers, shell fire or other enemy action.
   - (i) Rs. 1,500 ex-gratia
   - (ii) Free education of children up to Higher Secondary.
   - (iii) Admission of orphaned children in Swaraj Bhavan, Allahabad and widows to be sent to Gandhi Vanita Ashram and other similar places Fees to be paid by the Government.

   (b) Other than bread-winners. .. Rs. 500

   (c) For those injured by action as above and have lost a limb or has been temporarily disabled for work.
   - (i) Rs. 500 ex-gratia
   - (ii) Rs. 50 per mensem for three months.
   - (iii) Free Medical Aid.

   (d) Fully & permanently disabled civilian by action as above. Rs. 1,500 ex-gratia

2. **Adhoc grant for maintenance (B category villages)—**

For a family of one member	.. Rs. 150
For a family of two members	.. Rs. 225
For a family of three members	.. Rs. 300
For a family of four members	.. Rs. 350
For a family of five members & above	.. Rs. 400

3. **Cash doles ('A' Category villages)—**

(a) Adults (including children above 8 years)	.. Rs. 1.50 per day
(b) Children between 3-8 years	.. Rs. 1.00 per day
(c) Children below 3 years	.. Rs. 0.50 per day

Residents of Category 'A' villages will continue to draw the cash dole till they are in a position to go back and harvest one crop.

4. **Clothing—**

Rs. 26 per head per adult and Rs. 18 per minor aged 12 years or loss for one year provided the income of the family does not exceed Rs. 200 per month including cash doles.

5. **Blankets/Quilts—**

Blankets/Quilts at the rate of one blanket/quilt per adult (including children of 8 years or more) subject to the maximum of three per family. In case of cash Rs. 30 per blanket/quilt subject to the maximum of Rs. 90.

6. **Cremation and Sradh Grants—**

At the rate of Rs. 40 per dead person for adult and Rs. 25 per minor (up to 12 years).

7. **Utensils**

Utensils etc. subject to the maximum of Rs. 20 per family.

8. **Medical and educational facilities—**

Facilities to the inmates at the State Govt. Scales.

9. **Marriage Grant—**

Females not exceeding Rs. 250

10. **Warm clothing—**

Warm clothing (woollen bundies or jackets or sweaters) to the children of camp inmates in deserving cases at a rate not exceeding Rs, 11.

11. **Fodder Grant—**

Fodder grant @ 75 paise per head of cattle per day,

12. **Loss of cattle—**

(a) For bullocks up to Rs. 1000 per bullock.

(b) For a camel up to Rs. 2000

(c) For a milch cattle up to Rs. 800

(d) For seeds & Fertilizers up to Rs. 500

(e) For agricultural implements up to 500

13. **Damage to buildings—**

		Grant up to	Loan up to
Kacha building	..	Rs. 3,000	—
Pucca building	..	Rs. 5,000	Rs. 6,000

(Education Minister)

14. Grant/Loan to Non-agriculturists

Item	Grant up to Rs.	Loan up to Rs.
(i) Hawkers	300	—
(ii) Artisans including carpenters, blacksmiths, potters, etc. ..	750	—
(iii) Tea-stall holders and small hotel keepers. ..	1,000	5,000
(iv) Shop-keepers & traders, etc. ..	1,000	5,000
(v) Professional people doctors, lawyers. ..	1,000	5,000

Sardar Ajaib Singh Sandhu : The hon. Minister has not come fully prepared.

Education Minister: I have already said that the collection of information will not be commensurate with the benefit to be derived. There is no question of not coming prepared

ਸ੍ਰੀ ਸਪੀਕਰ : ਗੁਲਸ਼ਨ ਜੀ ਤੁਸੀਂ ਸਵਾਲ ਪੁਛਿਆ ਹੈ ਬਾਰਡਰ ਏਰੀਏ ਬਾਰੇ ਬਾਰਡਰ ਏਰੀਏ ਦੇ ਵਿਚ ਬਠਿੰਡਾ ਤਾਂ ਨਹੀਂ ਆਉਂਦਾ (Sardar Dhanna Singh Gulshan you have asked about border areas, but Bhatinda District does not fall in that category.)

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ ਮੈਂ ਜ਼ਿਲੇਵਾਰ ਨੁਕਸਾਨ ਪੁਛਿਆ ਸੀ ਉਸ ਵਿਚ ਪੰਜਾਬ ਦੇ 11 ਦੇ 11 ਜ਼ਿਲੇ ਆ ਜਾਂਦੇ ਹਨ ਅਤੇ ਬਠਿੰਡਾ ਵੀ ਆ ਜਾਂਦਾ ਹੈ।

ਸਿਖਿਆ ਮੰਤਰੀ: ਇਹ ਪੜ੍ਹ ਲਉ ਜੀ, ਇਸ ਵਿਚ ਲਿਖਿਆ ਹੈ।

"(a) the district-wise details of loss of men and material suffered by the residents of border areas of the State during the recent Indo-Pak war.

ਸੋ ਇਨ੍ਹਾਂ ਨੇ ਸਰਹਦੀ ਜ਼ਿਲ੍ਹਿਆਂ ਦੇ ਬਾਰੇ ਸਵਾਲ ਕੀਤਾ ਹੈ, ਬਠਿੰਡਾ ਸਰਹਦੀ ਜ਼ਿਲ੍ਹਾ ਨਹੀਂ ਹੈ। ਉਥੇ ਮੌਤਾਂ ਬੰਬਾਰਡਮੈਂਟ ਦੇ ਨਾਲ ਹੋਈਆਂ ਹਨ, ਬੰਬਾਰਡਮੈਂਟ ਨਾਲ ਕਿਤੇ ਵੀ ਮੌਤਾਂ ਹੋ ਸਕਦੀਆਂ ਹਨ, ਇਸ ਲਈ ਇਹ ਸਵਾਲ ਕਵਰ ਨਹੀਂ ਕਰਦਾ।

ਕਾਮਰੇਡ ਸਤਪਾਲ ਡਾਂਗ: ਕੀ ਮਨਿਸਟਰ ਸਾਹਿਬ ਦਸਣਗੇ ਕਿ ਬੰਬਾਰਡਮੈਂਟ ਜਾਂ ਸੈਲਿੰਗ ਦੇ ਨਾਲ ਜਿਨ੍ਹਾਂ ਟਬਰਾਂ ਦੇ ਕਮਾਊ ਬੰਦਿਆਂ ਦੀ ਮੌਤਾਂ ਹੋਈਆਂ ਹਨ, ਉਨ੍ਹਾਂ ਟੱਬਰਾਂ ਨੂੰ ਐਡ ਹਾਕ ਗ੍ਰਾਂਟਾਂ ਦੇਣ ਦੇ ਨਾਲ ਨਾਲ ਉਨ੍ਹਾਂ ਦੇ ਬੀਵੀ ਬਚਿਆਂ ਨੂੰ ਕੋਈ ਪੈਨਸ਼ਨਾਂ ਵੀ ਦੇਣਗੇ ?

ਮੰਤਰੀ: ਇਹ ਮਸਲਾ ਕਲ ਵੀ ਆਇਆ ਸੀ ਤਾਂ ਮੈਂ ਕਿਹਾ ਸੀ ਕਿ ਅਸੀਂ ਇਸ ਤੇ ਵਿਚਾਰ ਕਰਾਂਗੇ ਅਤੇ ਰੀਸੋਰਸਿਜ ਨੇ ਇਜਾਜ਼ਤ ਦਿਤੀ ਤਾਂ ਉਨ੍ਹਾਂ ਨੂੰ ਜ਼ਰੂਰ ਪੈਨਸ਼ਨਾਂ ਦਿਆਂਗੇ।

ਕਾਮਰੇਡ ਸਤਪਾਲ ਡਾਂਗ: ਮਨਿਸਟਰ ਸਾਹਿਬ ਨੇ ਰੀਸੋਰਸਿਜ਼ ਦੀ ਗੱਲ ਕੀਤੀ ਹੈ। ਮੈਂ ਉਨਾਂ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਨੂੰ ਪਤਾ ਹੈ ਕਿ ਡਿਫੈਂਸ ਐਂਡ ਸਿਕਿਉਰਟੀ ਫੰਡ ਦਾ ਪੈਸਾ ਇਕ ਬੈਂਕ ਵਿਚ 2 ਕਰੋੜ ਰੁਪਿਆ ਹੈ ਅਤੇ ਇਕ ਮਨਿਸਟਰ ਨੇ ਇਹ ਕੋਸ਼ਿਸ਼ ਵੀ ਕੀਤੀ ਸੀ ਕਿ ਉਸ ਪੈਸੇ ਨੂੰ ਕਢਵਾ, ਆਪਣੇ ਪਿੰਡ ਇਕ ਪਬਲਿਕ ਸਕੂਲ ਖੁਲਵਾ ਲਏ। ਹੁਣ ਤਾਂ ਉਸ ਫੰਡ ਵਿਚ ਹੋਰ ਵੀ ਪੈਸਾ ਜ਼ਮਾ ਹੋ ਗਿਆ ਹੈ।

ਮੰਤਰੀ: ਜਿਸ ਫੰਡ ਦਾ ਡਾਂਗ ਸਾਹਿਬ ਨੇ ਜ਼ਿਕਰ ਕੀਤਾ ਹੈ, ਉਹ ਮੇਰੇ ਨੋਟਿਸ ਵਿਚ ਹੈ, ਅਸੀਂ ਵਿਚਕਾਰ ਕਰ ਲਵਾਂਗੇ। ਜਿਹੜੇ ਬੰਦੇ ਸ਼ਹੀਦ ਹੋਏ ਹਨ ਸਰਕਾਰ ਇਹ ਆਪਣਾ ਫਰਜ਼ ਸਮਝਦੀ ਹੈ ਕਿ ਘੱਟੋ ਘਟ ਉਨਾਂ ਦੇ ਬਚਿਆਂ ਨੂੰ ਪੜ੍ਹਾਉਣ ਦੀ ਜ਼ਿਮੇਵਾਰੀ ਲਵੇਗੀ। ਇਸ ਤੋਂ ਬਿਨਾਂ ਵੀ ਜੋ ਸਰਕਾਰ ਕੋਈ ਮਦਦ ਕਰ ਸਕਦੀ ਹੋਈ ਤਾਂ ਪਿਛੇ ਨਹੀਂ ਹਟੇਗੀ।

ਕਾਮਰੇਡ ਜੰਗੀਰ ਸਿੰਘ ਜੋਗਾ: ਕੀ ਵਜੀਰ ਸਾਹਿਬ ਉਸ ਮਨਿਸਟਰ ਦਾ ਨਾਂ ਦਸਣਗੇ ਜਿਸ ਨੇ ਡੀਫੈਂਸ ਫੰਡ ਦੇ ਨਾਲ ਅਪਣੇ ਪਿੰਡ ਵਿਚ ਪਬਲਿਕ ਸਕੂਲ ਖੋਲ੍ਹਣ ਦੀ ਕੋਸ਼ਿਸ਼ ਕੀਤੀ ਸੀ?

ਮੰਤਰੀ: ਘਟੋ ਘਟ ਇਨ੍ਹਾਂ ਬੈਂਚਾਂ ਤੇ ਨਹੀਂ ਬੈਠਾ ਹੋਇਆ। (ਹਾਸਾ)

ਸਰਦਾਰ ਸੁਰਜੀਤ ਸਿੰਘ: ਮੈਂ ਵਜੀਰ ਸਾਹਿਬ ਤੋਂ ਬਾਰਡਰ ਦੇ ਏਰੀਏ ਦੀ ਡੈਫੀਨੀਸ਼ਨ ਪੁਛਣਾ ਚਾਹੁੰਦਾ ਹਾਂ।

ਮੰਤਰੀ: ਬਾਰਡਰ ਦੇ ਏਰੀਏ ਨੂੰ ਦੋ ਕੈਟੇਗਰੀਆਂ ਵਿਚ ਵੰਡ ਦਿਤਾ ਗਿਆ ਹੈ 'ਏ' ਅਤੇ 'ਬੀ'। ਜੋ 'ਏ' ਕੈਟੇਗਰੀ ਹੈ, ਉਸ ਵਿਚ ਜਿਨ੍ਹਾਂ ਪਿੰਡਾਂ ਤੇ ਸਿਧੀ ਸ਼ੈਲਿੰਗ ਹੋਈ ਹੈ, ਐਨਮੀ ਦੀਆਂ ਗੰਨਜ਼ ਲਗੀਆਂ ਹੋਈਆਂ ਸਨ ਅਤੇ ਜਿਥੇ ਲੋਕ ਲੜਾਈ ਤੋਂ ਡਰ ਕੇ ਆਪਣਾ ਇਲਾਕਾ ਛਡ ਆਏ ਸੀ, ਇਹ ਸਾਰੇ ਇਲਾਕੇ 'ਏ' ਕੈਟੇਗਰੀ ਵਿਚ ਆਉਂਦੇ ਹਨ। 'ਬੀ' ਕੈਟੇਗਰੀ ਸਰਹੱਦੀ ਪਿੰਡ ਦੀ ਇਕ ਪੱਟੀ ਹੈ। ਇਸ ਦੇ ਬਾਰੇ ਜੇ ਹੋਰ ਇਨਫਾਰਮੇਸ਼ਨ ਲੈਣੀ ਹੋਵੇ ਤਾਂ ਹਾਊਸ ਦੀ ਮੇਜ਼ ਤੇ ਇਕ ਸਟੇਟਮੈਂਟ ਲੇ ਕੀਤੀ ਗਈ ਹੈ, ਉਹ ਵੇਖ ਲੈਣ।

UNSTARRED QUESTIONS AND ANSWERS

SCHEME FOR DIGGING DEEP TUBEWELLS IN ROPAR DISTRICT

4. **Comrade Shamsher Singh Josh**: Will the Minister for Irrigation & Power be pleased to state whether there is any scheme for digging deep tubewells by the Government in Ropar District, if so, the details of the proposed scheme and the names of villages where such tubewells are likely to be set up be placed on the Table of the House?

Shri Gurmail Singh: The Government has no such scheme, but the Punjab State Tubewell Corporation Ltd. has prepared/approved a project estimate for installation of 94 tubewells in Ropar, Kharar and Sialba Majri Blocks of the District.

(Irrigation and Power Minister)

Details of the project are given below : —

(i) No. of tubewells to be installed	—Ropar Block—		30.
	Kharar	,,	43.
	Sialba Majri	,,	21.
	Total		94.
(ii) Cost of the Project	..	Rs.	90.26 lacks.
(iii Area to be benefited	..		37,600 acres.
(iv) No. of villages to be benefited as per list attached.	..		182.

Location sites for the tubewells are still to be determined.

ਅਜਿਹੀ ਕੋਈ ਸਕੀਮ ਸਰਕਾਰ ਨੇ ਨਹੀਂ ਬਣਾਈ, ਪਰ ਪੰਜਾਬ ਸਟੇਟ ਟਿਊਬਵੈਲ ਕਾਰਪੋਰੇਸ਼ਨ ਲਿਮਿਟਿਡ ਨੇ ਇਕ ਪ੍ਰੋਜੈਕਟ ਐਸਟੀਮੇਟ ਬਣਾਇਆ ਹੈ/ਪ੍ਰਵਾਨ ਕੀਤਾ ਹੈ ਜਿਸ ਦੇ ਮੁਤਾਬਕ ਜਿਲੇ ਦੇ ਰੋਪੜ, ਖਰੜ, ਅਤੇ ਸਿਆਲਬਾ ਮਾਜਰੀ ਬਲਾਕਾਂ ਵਿਚ 94 ਟਿਊਬਵੈਲ ਲਗਾਏ ਜਾਣਗੇ ।

ਪ੍ਰੋਜੈਕਟ ਦਾ ਵੇਰਵਾ ਹੇਠ ਪ੍ਰਕਾਰ ਹੈ :—

(1) ਜਿਨੇ ਟਿਊਬਵੈਲ ਲਗਾਏ ਜਾਣਗੇ	ਰੋਪੜ ਬਲਾਕ	..	30
	ਖਰੜ ,,	..	43
	ਸਿਆਲਬਾ ਮਾਜ਼ਰੀ ,,	..	21
	ਟੋਟਲ	..	94
(2) ਪ੍ਰੋਜੈਕਟ ਦੇ ਖਰਚੇ ਦਾ ਅਨੁਮਾਨ			90.26 ਲੱਖ
(3) ਜਿਨੇ ਇਲਾਕੇ ਨੂੰ ਲਾਭ ਪੁਜੇਗਾ			37,600 ਏਕੜ
(4) ਜਿਨੇ ਪਿੰਡਾਂ ਨੂੰ ਲਾਭ ਮਿਲੇਗਾ (ਲਿਸਟ ਨਾਲ ਲਾਈ ਜਾਂਦੀ ਹੈ) ।		..	182.

ਟਿਊਬਵੈਲ ਲਗਾਉਣ ਦੀਆਂ ਥਾਂਵਾਂ ਅਜੇ ਨਿਰਧਾਰਣ ਕਰਨੀਆਂ ਹਨ ।

ROPAR BLOCK

VILLAGES TO BE BENEFITED

1. Ropar.
2. Bari Haveli.
3. Arajipur.
4. Achepur.
5. Chhoti Haveli.
6. Shampur.
7. Bari Railon.
8. Samrala.
9. Khairabad.
10. Bada Mansuhan.
11. Chhota Mansuhan.
12. Raotan.
13. Bhaowal.
14. Bhaini.
15. Mahlan,
16. Chhota Jhallian.
17. Kamalpur.
18. Kheri Salbatpur.
19. Bara Chounta.
20. Chhota Chounta.
21. Badha Bheora.
22. Chhota Phul.
23. Gurdaspur.
24. Bara Phul.
25. Salehpur.
26. Balsanda.
27. Jhallian Kalan.
28. Ratheri Jattan.
29. Patheri Rajputan.
30. Sangatpur.
31. Chhota Bande Mahal
32. Bada Bande Mahal
33. Gobindpur.
34. Bara.
35. Salara.
36. Rasulpur.
37. Relon Khurd.
38. Sukhrampur.
39. Kotla Nihang.
40. Phulpur.
41. Simbal Jhalian.
42. Bheora.
43. Paprala.
44. Gurupura.
45. Chhoti Gandhon.
46. Nagilpur.
47. Manik Majra.
48. Lakhimpur
49. Jhona.
50. Bari Mandon.
51. Rajo Mazra.
52. Raipur Patti.
53. Mianpur.
54. Dao Mazra
55. Akalgarh.
56. Ramgarh.
57. Cherian.
58. Kalal Mazra.
59. Kakran.
60. Kishanpura.
61. Atalgarh.
62. Lohari.
63. Bhagemajra.
64. Chaklan.
65. Santpur.
66. Brahman Mazra.
67. Bhagwantpur.
68. Singh.
69. Kabre.
70. Solhian.
71. Asmanpur.
72. Behrampur.
73. Patek Majra.
74. Haripur.
75. Shihon Majra.
76. Mugalmazrai
77. Goslan.
78. Dulchi Mazra,
79. Bhakumajra.

(Irrigation aud Power Minister)

KHARAR BLOCK

VILLAGES TO BE BENEFITTED

1. Allapur.
2. Ghataur.
3. Sahauran·
4. Radiala.
5. Bhukrai.
6. Ojlan.
7. Khanpur.
8. Dao Majra.
9. Bhago Majra
10. Rurki Pukhta.
11. Simbal Majra
12. Pir Sohana.
13. Bajhen.
14. Shakrulapur
15. Badali.
16. Badala Naya Chahar.
17. Kharar
18. Narlalpur.
19. Chandon Gobindgarh
20. Jandpur.
21. Jhungian.
22. Fatehhulapur.
23. Mundi Kharar.
24. Dasu Mazra.
25. Daun
26. Raipur
27. Bad Majra
28. Balongi
29. Balo Mazra
30. Chhaju Mazra
31. Baliali.
32. Badi Chapar·
33. Sante Mazra.
34. Khuni Mazra.
36. Tole Mazra.
37. Kailon.
38. Megar.
39. Rajan Heri
40. Sagal.
41. Tirpari.
42. Bada Cholta.
43. Gabe Majra.
44. Rengian.
45. Popnan.
46. Khanpur Behlan
47. Sar Kapra
48. Chunni Kalan.
49. Chunni Khurd
40. Todar Mazra.
51. Majat.
52. Dharak Khurd.
53. Bharak Kalan.
54. Dhabal.
55. Bassian.
56. Nemain.
57. Majatri
58. Majran.
59. Janjori.

SIALBAMAJRI BLOCK

VILLAGES TO BENEFITED

1. Singhpura.
2. Kalowal.
3. Coslan.
4. Chutamla
5, Dhianpura.
6. Badali.
7. Paprali.
8. Badala.
9. Chagowal
10. Charhari.
11. Kurali
12. Aihrera Urf Kotla·
13. Ban Mazra.
23. Mulanpur. Sodhian
24. Manoham Mastan"
25. Bhajouli
26. Sohali,
27. Hasanpur
28. Lakhanpur.
29. Shahpur.
30. Naggal
31. Nanhori.
32. Singhpur
33. Rakouji
34. Shoikhpura.
35. Andheri.

14. Mathari.
15. Chatauli.
16. Patehgarh.
17. Rattangarh.
18. Nihulka.
19. Rampur.
20. Ghintgarh
21. Dhangtana.
22. Akalgarh.
36. Fatehgarh.
37. Dosarna.
38. Kanauran.
39- Chanalan.
40. Jhingran.
41. Mendhon Bhagsingh
42. Nagal
43. Tajpur.
44. Bhupnagar.

CONSTRUCTION OF A BRIDGE AT VILLAGE LADRAN ON KHARAR BANAUR ROAD

Comrade Shamsher Singh Josh : Will the Chief Minister be pleased to state whether the Government is considering any proposal to construct a bridge at village Ladran on Kharar Banaur Road on a Naddi crossing the above road at this village, if the time by which it is likely to be finalised and implemented ?

Giani Zail Singh (Chief Minister) No. [ਨਹੀਂ ਜੀ]

NEW POSTS CREATED IN THE CADRE OF MASTERS IN GOVERNMENT SCHOOLS IN THE STATE

6 **Comrade Chand Singh Chopra Master** : Will the Minister for Education be pleased to state : —

(a) The total number of new posts created in the cadre of masters in the Government Schools in the State during the years 1966, 1967, 1968, 1969, 1970, and 1971 year-wise together with the number of those which fell vacant due to retirement or some other reasons ;

(b) the year-wise number of unadjusted B. Eds who were employed year-wise against the posts mentioned above;

(c) whether the total number of unadjusted B. Eds, promoted from the J. B. T. or Classical Cadre, was 33% of the total vacant posts, if not the time by which the Government propose to complete the 33% quota of promotion ?

ਸਰਦਾਰ ਉਮਰਾਓ ਸਿੰਘ :

(ਏ)

ਸਾਲ	ਕੁਲ ਅਸਾਮੀਆਂ
1-11-66 ਤੋਂ ਬਾਅਦ	
1966-67	28
1967-68	498
1968-69	164
1969-70	435
1970-71	1281
1971-72	1500

ਜਿਨੇ ਅਧਿਆਪਕ ਬੀ. ਟੀ. ਗਰੇਡ ਵਿਚ ਨਿਯੁਕਤ ਕੀਤੇ

(ਬੀ) (1-11-66 ਤੋਂ ਪਹਿਲਾ)

1966	378
1967-68	ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਤੋਂ ਐਲੋਕੇਸ਼ਨ ਵਿਚ ਬਦਲੀ ਕਾਰਨ ਮਾਸਟਰ/ਮਿਸਟਰੈਸਾਂ ਪੰਜਾਬ ਵਿਚ ਆਉਂਦੀਆਂ ਰਹੀਆਂ ।
1969	40
1970	82
1971 ਤੋਂ 1972	178
	40 ਹੋਰ ਆਸਾਮੀਆਂ ਤੇ ਇਸਤਰੀ ਅਧਿਆਪਕਾਂ ਦੀ ਬੀ. ਟੀ. ਗਰੇਡ ਵਿਚ ਨਿਯੁਕਤੀ ਕੀਤੀ ਜਾਂ ਰਹੀ ਹੈ ।

(ਸੀ) ਵਿਸ਼ੇ ਵਾਰ ਆਸਾਮੀਆਂ ਦੇ 25% ਰਿਜਰਵ ਕੋਟੇ ਦੇ ਅਧਾਰ ਤੇ ਅਜਿਹੇ ਬੀ. ਟੀ. ਪਾਸ, ਜੇ. ਬੀ.ਟੀ./ਸੀ. ਵੀ. ਅਧਿਆਪਕਾਂ ਨੂੰ ਬੀ.ਟੀ. ਗਰੇਡ ਵਿਚ ਨਿਯੁਕਤ ਕੀਤਾ ਜਾਂਦਾ ਹੈ । ਮਾਸਟਰ ਕੇਡਰ ਦੀਆਂ ਆਸਾਮੀਆਂ ਜਿਵੇਂ ਕਿ ਸੋਸ਼ਲ ਸਟੱਡੀ ਮਾਸਟਰ/ਮਿਸਟਰੈਸਾਂ ਸਾਇੰਸ ਮਾਸਟਰ/ਮਿਸਟਰੈਸਾਂ, ਹਿਸਾਬ ਮਾਸਟਰ/ਮਿਸਟਰੈਸਾਂ ਡੀ.ਪੀ.ਈ., ਮਾਸਟਰ/ਮਿਸਟਰੈਸਾਂ, ਹੋਮ ਸ਼ਾਇੰਸ ਮਿਸਟਰੈਸਾਂ, ਅਤੇ ਮਿਊਜ਼ਿਕ ਮਿਸਟਰੈਸਾਂ ਆਦਿ ਵਿਸ਼ਿਆਂ ਦੀਆਂ ਆਸਾਮੀਆਂ ਦੇ ਰੀਜਰਵ ਕੋਟੇ ਦੇ ਅਧਾਰ ਤੇ ਬੀ. ਐਡ./ਬੀ.ਟੀ. ਅਧਿਆਪਕ ਵਿਸ਼ੇਵਾਰ ਬੀ.ਟੀ. ਗਰੇਡ ਵਿਚ ਨਿਯੁਕਤ ਕੀਤੇ ਜਾਂ ਸਕਦੇ ਹਨ । ਪ੍ਰੰਤੂ ਸੋਸ਼ਲ ਸਟੱਡੀ ਵਿਸ਼ੇ ਤੋਂ ਸਿਵਾਏ ਬਾਕੀ ਵਿਸ਼ਿਆਂ ਵਿਚ ਅਜਿਹੇ ਯੋਗ ਅਧਿਆਪਕ ਵਿਰਲੇ ਹੀ ਮਿਲਦੇ ਹਨ । ਇਸ ਲਈ ਸੋਸ਼ਲ ਸਟੱਡੀ ਦੀ ਕੈਟੇਗਰੀ ਦੀਆਂ ਰਾਖਵੀਆਂ ਆਸਾਮੀਆਂ ਹੀ ਸੋਸ਼ਲ ਸਟੱਡੀ ਵਿਚ ਯੋਗ ਅਧਿਆਪਕਾਂ ਨੂੰ ਦਿੱਤੀਆਂ ਜਾਂਦੀਆਂ ਹਨ । ਜਿਨ੍ਹਾਂ ਵਿਸ਼ਿਆਂ ਵਿਚ ਯੋਗ ਅਧਿਆਪਕ ਨਹੀਂ ਮਿਲਦੇ ਉਹ ਅਸਾਮੀਆਂ ਸਿੱਧੀ ਭਰਤੀ ਰਾਹੀਂ ਭਰੀਆਂ ਜਾਂਦੀਆਂ ਹਨ ।

[(a)

Year	Total number of posts
After 1.11.1966	
1966-67	28
1967-68	498
1968-69	164
1969-70	435
1970-71	1281
1971-72	1500

(b)

Before 1.11.1966	Number of teachers appointed in B.T. grade
1966	378
1967-68	Master/Mistresses came over to Punjab on the change of their allocations from Haryana and Himachal Pradesh.
1969	40
1970	82
1971-72	178-40 more lady teachers are being appointed in the B.T. grade.

(c) J.B.T./C.V. teachers, who have passed B.T. are appointed in the B.T. grade on the basis of 25% quota reserved for such posts subject-wise. The posts in the cadre of masters like Social Study Masters/Mistresses, Science Masters/Mistresses, Mathematics Masters/Mistresses, D.P.E. Masters/Mistresses, Home Science Mistresses and Music Mistresses can be filled up in the B. T. grade from amongst the B.Ed/B.T. teachers on the basis of subject-wise reservations. But suitable candidates except in the subject of Social Study are not easily available. As such the posts reserved in the cadre of Social Study are given to suitable Social Study teachers. The posts in the subjects for which suitable candidates are not available, are filled up through direct recruitment]

SELECTION GRADE GIVEN TO TEACHERS

7 **Comrade Chand Singh Chopra Master:** Will the Minister for Education be pleased to state :—

(a) the total number of teachers in service of the Government as on 1st March, 1962.

(b) the number of such teachers who were given the Selection Grade of Rs. 120—175 and whether it works out to 15 per cent of the total number of teachers;

[Comrade Chand Singh Chopra Master]

(c) total number of J.B.T. teachers in service as on 31st March, 1965, together with the number of those who were given the said Selection Grade;

(d) whether the number of those who were given Selection Grade is also 15 % of the total number of J. B. T, teachers in service if not, the time by which the Government propose to release said Selection Grade to the remaining teachers ?

Sardar Umrao Singh : (a) 27,226.

(b) (i) 2,293. (ii) No.

(c) (i) 31,413 (ii) 2,370

(d) No The two grades of J.B.T. teachers viz; Rs. 60—120 and Rs. 120—175 were unified with effect from 1st April, 1965. A ban was imposed on the release of selection grade to J.B.T. teachers for the future, even if they were entitled to the award of selection grade before 31st March, 1965. The said ban has been lifted recently by the Government.The steps are now being taken to release the selection grade to those teachers who were eligible on 31st March, 1965. It is also stated that 15 per cent selection grade is, awarded on the basis of permanent posts available in the cadre and not on that of the total number of posts in the cadre. These selection grades will be released shortly.

[(ਏ) 27226

(ਬੀ) (i) 2293 (ii) ਨਹੀਂ ਜੀ

(ਸੀ) (i) 31413 (ii) 2370

(ਡੀ) ਨਹੀਂ ਜੀ ।

ਸਰਕਾਰ ਨੇ ਜੇ, ਬੀ. ਟੀ. ਦੇ ਗਰੇਡਾਂ (ਰੁ: 60-120 ਅਤੇ 120-175) ਦਾ ਏਕੀਕਰਨ 1-4-65 ਤੋਂ ਕਰਕੇ ਸਲੈਕਸ਼ਨ ਗਰੇਡ ਸਮਾਪਤ ਕਰ ਦਿਤਾ ਅਤੇ ਅਗੋ ਤੋਂ ਟੀਚਰਾਂ ਨੂੰ ਸਲੈਕਸ਼ਨ ਗਰੇਡ ਸਮਾਪਤ ਕਰ ਦਿਤਾ ਤੇ ਅੱਗੇ ਤੋਂ ਟੀਚਰਾਂ ਨੂੰ ਸਲੈਕਸ਼ਨ ਗਰੇਡ ਰਲੀਜ਼ ਕਰਨ ਤੇ ਪਾਬੰਦੀ ਲ ਦਿਤੀ ਭਾਵੇਂ ਉਹ ਟੀਚਰ 31-3-65 ਤੋਂ ਪਹਿਲਾਂ ਇਸ ਸਲੈਕਸ਼ਨ ਗਰੇਡ ਦੇ ਹੱਕਦਾਰ ਸਨ । ਉਹ ਪਾਬੰਦੀ ਹੁਣੇ ਹੀ ਉਠਾਈ ਗਈ ਹੈ ।

ਜਿਹੜੇ ਟੀਚਰ 31—3-65 ਤਕ ਸਾਰਿਆਂ ਸ਼ਰਤਾ ਸਲੈਕਸ਼ਨ ਗਰੇਡ ਬਾਰੇ ਪੂਰੀਆਂ ਕਰਦੇ ਸਨ, ਉਨ੍ਹਾਂ ਨੂੰ ਪੱਕੀਆਂ ਪੋਸਟਾਂ ਦਾ ਬਣਦਾ 15 ਪ੍ਰਤੀਸ਼ਤ ਸਲੈਕਸ਼ਨ ਗਰੇਡ ਰਲੀਜ਼ ਕਰਨ ਸਬੰਧੀ ਕਾਰਵਾਈ ਕੀਤੀ ਜਾ ਰਹੀ ਹੈ । ਸਲੈਕਸਨ ਗਰੇਡ ਕੇਵਲ ਪੱਕੀਆਂ ਅਸਾਮੀਆਂ ਨੂੰ ਮੁੱਖ ਰੱਖਦੇ ਹੋਏ 15 ਪ੍ਰਤੀਸ਼ਤ ਹੀ ਦਿਤਾ ਜਾਂਦਾ ਹੈ ਨਾਕਿ ਕਾਡਰ ਵਿਚ ਸਾਰੀਆਂ (ਕੱਚੀਆ ਅਤੇ ਪੱਕੀਆਂ) ਪੋਸਟਾਂ ਤੇ । ਇਹ ਸਲੈਕਸਨ ਗਰੇਡ ਜਲਦੀ ਹੀ ਦਿਤੇ ਜਾਣਗੇ ।]

REVISION OF GRADES OF PAY OF

J. B. T. /CLASSICAL TEACHERS

8. **Comrade Chand Singh Chopra Master**: Will the Minister for Education be pleased to state :-

(a) the scales/grades of pay allowed to the J.B.T. and Classical Teachers separately at the time of their appointment on 1st Oct., 1957;

(b) the grades of pay of J.B.T. and Classical Teachers revised subsequently;

(c) The initial grades of pay of Classical and J.B.T. teachers as on 1st Nov., 1971.

(d) whether there is any proposal under the consideration of Government to bring the initial pay scales of the J.B.T. Teachers at par with those of the Classical Teachers ?

ਸਰਦਾਰ ਉਮਰਾਓ ਸਿੰਘ

ੲ)	ਜੇ. ਬੀ. ਟੀ.	(1)	60—120	85% ਆਸਾਮੀਆਂ ਵਾਸਤੇ
		(2)	120—175	15%
	ਸੀ ਤੇ ਵੀ	(1)	60--120	50% ਆਸਾਮੀਆਂ ਵਾਸਤੇ
		(2)	120—175	35%
		(3)	140—220	15%

ਓ: ਟੀ: ਹਿੰਦੀ, ਪੰਜਾਬੀ, ਡਰਾਇੰਗ ਮਾਸਟਰ ਅਤੇ ਆਰਟ ਤੇ ਕਰਾਫਟ ਅਧਿਆਪਕਾਂ ਨੂੰ ਤਿੰਨ ਵਾਧੂ ਸਾਲਾਨਾ ਤਰੱਕੀਆਂ ਅਤੇ ਸ਼ਾਸਤਰੀ ਨੂੰ ਪੰਜ ਵਾਧੂ ਸਾਲਾਨਾਂ ਤਰੱਕੀਆਂ ਪ੍ਰਦਾਨ ਕੀਤੀਆਂ ਗਈਆਂ !

(ਬੀ) ਜੇ. ਬੀ. ਟੀ.

ਮਿਤੀ 1-4-65 60—175 ਚਾਲੂ ਗਰੇਡ ਸਭਨਾਂ ਲਈ

ਮਿਤੀ 1-11-66 125—300 ਸਭਨਾਂ ਲਈ।

ਸੀ ਤੇ ਵੀ

ਮਿਤੀ 1-11-66 (1) 125—300 85% ਆਸਾਮੀਆਂ ਲਈ

(2) 220—400 15% ਆਸਾਮੀਆਂ ਲਈ

(ਸਿਖਿਆ ਮੰਤਰੀ)

ਮਿਤੀ	1-2-68	(1)	125—300	70%	ਆਸਾਮੀਆਂ ਲਈ
		(2)	220—400	30%	ਆਸਾਮੀਆਂ ਲਈ
ਮਿਤੀ	1-11-71	(1)	170—350	70%	ਆਸਾਮੀਆਂ ਲਈ
		(2)	220—430	30%	ਆਸਾਮੀਆਂ ਲਈ

ਪੱਦਧਾਰੀ ਪਹਿਲਾਂ ਵਾਂਗ ਹੀ ਵਾਧੂ ਤਰਕੀਆਂ ਦੇ ਹੱਕਦਾਰ ਹੋਣਗੇ ।

ਉ. ਟੀ. ਹਿੰਦੀ, ਪੰਜਾਬੀ ਅਤੇ ਡਰਾਇੰਗ ਮਾਸਟਰਾਂ ਨੂੰ ਤਿੰਨ ਵਾਧੂ ਸਾਲਾਨਾ ਤਰੱਕੀਆਂ ਅਤੇ ਸ਼ਾਸ਼ਤਰੀਆਂ ਨੂੰ ਪੰਜ ਵਾਧੂ ਤਰੱਕੀਆਂ ਪ੍ਰਦਾਨ ਕੀਤੀਆਂ ਗਈਆਂ ।

ਸੀ. ਜੇ. ਬੀ, ਟੀ. 125—300

ਸੀ ਤੇ ਵੀ.	(1)	170—350	70%	ਆਸਾਮੀਆਂ ਲਈ
	(2)	220—430	30%	ਆਸਾਮੀਆਂ ਲਈ

ਪੱਦਧਾਰੀ ਪਹਿਲਾਂ ਵਾਂਗ ਹੀ ਵਾਧੂ ਤਰੱਕੀਆਂ ਦੇ ਹੱਕਦਾਰ ਹੋਣਗੇ ।

ਡੀ. ਨਹੀਂ ਜੀ ।

(a)	J.B.T. Teachers	(i)	60—120	85 per cent posts.
		(ii)	120—175	15 per cent posts
	Classical and	(i)	60—120	50 per cent posts
	Vernacular	(ii)	120—175	35 per cent posts
	Teachers	(iii)	140—220	15 per cent posts

O. T. Hindi, Punjabi, Drawing Masters and Arts and Crafts Teachers would get three advance increments while Shastri teachers would get five advance increments.

(b)	J.B.T. Teachers	1.4.1965	60-175	(for all)
		1.11.1966	125-300	,,
	Classical and	1.11.1966	(i) 125-300	85 per cent posts

Vernacular teachers		(ii) 220-400	15 per cent posts
	1.2.1968	(i) 125-300	70 per cent posts
		(ii) 220-400	30 per cent posts

Shastris to get 5 advance increments. Gyanis/Pharbhakar and Drawing Masters advance increments as before 1st Nov., 1966.

	1.11.1971	(i) 170-350	70 per cent posts
		(ii) 220-430	30 per cent posts

The incumbents will be entitled to advance increments as before.

(c)	J.B.T. Teachers		Rs.	125-300	
	Classical and	(i)	Rs.	170-350	70 per cent posts
	Vernacular Teachers	(ii)	Rs.	220-430	30 per cent posts

The incumbents will be entitled to advance increments as before.

(d) No.]

AREA UNDER THE COMMAND OF KOTLA AND GHAGGAR BRANGH CANALS

9. **Comrade Jangir Singh Joga . :**

Comrade Achhra Singh . : Will the Minister for Irrigation and Power be pleased to state :

(a) whether the area under the command of Kotla and Ghaggar Branch Canals situated on Patiala side of the Ferozepur-Delhi. line has been excluded from the water-logged area;

(b) if the reply to part (a) above be in the affirmative, the time by which the quantum of water is likely to be increased in the distributaries of the canals ?

Shri Gurmail Singh : No. Sir.

(d) Does not arise.

[(ੳ) ਨਹੀਂ ਜੀ ।

(ਅ) ਸਵਾਲ ਪੈਦਾ ਨਹੀਂ ਹੁੰਦਾ ।]

CONSTRUCTION OF V. R. BRIDGE ON SIRHIND CHOE DRAIN

10. 1. **Comrade Jangir Singh Joga** :

2. **Comrade Achhra Singh** : Will the Minister for Irrigation and Power be pleased to state :—

(a) whether any V.R. bridge is being constructed on Sirhind Choe Drain between Hodla Kalan and Hiron Khurd;

(b) if the reply to part (a) above be in the affirmative, the time by which the said bridge is likely to be completed ?

Shri Gurmail Singh :(a) Villages Hodla Kalan and Hiron Khurd fall in reach RD- 125000-155000 of Sirhind Choe. One bridge at R.D. 138800 already exists. However, there is no proposal to construct another bridge at present in this reach.

(b) The question does not arise.

[ੳ) ਪਿੰਡ ਹੋਡਲਾਂ ਕਲਾਂ ਅਤੇ ਹੀਰੋਂ ਖੁਰਦ ਸਰਹਿੰਦ ਚੋ ਦੀ ਬੁਰਜੀ ਨੰ: 125000—155000 ਵਿਚਕਾਰ ਪੈਂਦੇ ਹਨ। ਇਹ ਪੁਲ ਪਹਿਲਾਂ ਹੀ ਬੁਰਜੀ 138800 ਤੇ ਬਣਿਆ ਹੋਇਆ ਹੈ। ਇਸ ਰੀਚ ਵਿਚ ਹੋਰ ਪੁਲ ਬਨਾਉਣ ਲਈ ਹਾਲ ਦੀ ਘੜੀ ਕੋਈ ਤਜਵੀਜ਼ ਨਹੀਂ ਹੈ।

ਅ) ਸਵਾਲ ਹੀ ਪੈਦਾ ਨਹੀਂ ਹੁੰਦਾ।]

STARTING BUS SERVICE ON BUDHLADA FAFRE BAHIKE MANSA ROUTE

11. 1. **Comrade Jangir Singh Joga** :

2. **Comrade Achhra Singh** : Will the Chief Minister be pleased to state :

(a) whether the Secretary R.T.A. Patiala has surveyed the Budhlada—Fafre Bhaike-Mansa route for starting bus service thereon;

(b) if the reply to part (a) above be in the affirmative, whether the said officer has declared the route fit for plying buses thereon ; if so, the time by which the bus service is likely to be started on the said route?

Giani Zail Singh : (a) Yes.

(b) Stage Carriage permits are granted after completion of thc formalities under the law; as such the issue for the grant of permit on the above route in question will be considered in the next meeting of the State Transport Commissioner, Punjab in this month.

[(ੳ) ਹਾਂ ਜੀ ।]

ਅ) ਇਸ ਸੇਵਾਵਾਂ ਦੇ ਪਰਮਿਟ ਕਾਨੂੰਨ ਅਧੀਨ ਰਸਮੀ ਕਾਰਵਾਈ ਪੂਰੀ ਕਰਨ ਉਪਰੰਤ ਜਾਰੀ ਹੁੰਦੇ ਹਨ । ਇਸ ਲਈ ਉਪਰੋਕਤ ਰੂਟ ਤੇ ਪਰਮਿਟ ਦਾ ਸਵਾਲ ਸਟੇਟ ਟਰਾਂਸਪੋਰਟ ਕਮਿਸ਼ਨਰ ਦੀ ਅਗਲੀ ਮੀਟਿੰਗ ਵਿੱਚ ਵਿਚਾਰਿਆ ਜਾਵੇਗਾ ਜੋ ਕਿ ਇਸੇ ਹੀ ਮਹੀਨੇ ਵਿਚ ਹੋਵੇਗੀ ।]

SITTING UP GRAIN MARKET AT BHIKHI TOWN, DISTRICT BHATINDA

12. 1. **Comrade Jangir Singh Joga**
2. **Comrade Achhra Singh**

Will the Minister for Development be pleased to state :—

(a) whether there is any proposal under the consideration of the Government to set up a grain market in Bhikhi Town, District Bhatinda;

(b) if the reply to part (a) above be in the affirmative, the time by which the said grain market is likely to be set up ?

ਸਰਦਾਰ ਉਮਰਾਓ ਸਿੰਘ (ਵਿਦਿਆ ਮੰਤਰੀ) :

(ੲ) ਹਾਂ ਜੀ । ਮਗਰ ਅਜੇ ਆਖਰੀ ਫੈਸਲਾ ਨਹੀਂ ਹੋਇਆ ।

(ਬੀ) ਸਰਕਾਰ ਦੀ ਪਰਵਾਨਗੀ ਤੋਂ ਬਾਦ ਮੰਡੀ ਦੀ ਸਥਾਪਨਾ ਵਿਚ ਛੇ ਮਹੀਨੇ ਲਗ ਜਾਂਦੇ ਹਨ ।

[(a) Yes, but a final decision is yet to be taken.

(b) After the Mandi is sanctioned by Government; it takes a period of 6 months to develop a Mandi.]

OPENING OF HEALTH CENTRE IN TOWN BHIKHI OF MANSA BLOCK

13. 1. **Comrade Jangir Singh Joga** | Will the Minister for Finance be
2. **Comrade Achhra Singh** |

pleased to state :—

(a) whether the Government propose to open two Health Centres in each of the Block in the State;

(b) if the reply to part (a) above be in the affirmative, whether the Government propose to open any Health Centre in Bhikhi Town of Mansa Block?

Shri Hans Raj Sharma : (a) The matter regarding opening of second Primary Health Centre in each Block is under correspondence with the Government of India.

(b) The question regarding opening of second Primary Health Centre in Bhikhi Town of Mansa Block will arise only after the decision of the Central Government is received.

[(ੲ) ਹਰ ਬਲਾਕ ਵਿਚ ਦੂਜਾ ਪ੍ਰਾਇਮਰੀ ਸਿਹਤ ਕੇਂਦਰ ਖੋਲ੍ਹਣ ਬਾਰੇ ਮਾਮਲਾ ਅਜੇ ਭਾਰਤ ਸਰਕਾਰ ਨਾਲ ਚਲ ਰਿਹਾ ਹੈ ।

(ਬੀ) ਭੀਖੀ ਸ਼ਹਿਰ ਵਿਖੇ ਦੂਜਾ ਪ੍ਰਾਇਮਰੀ ਸਿਹਤ ਕੇਂਦਰ ਖੋਲ੍ਹਣ ਬਾਰੇ ਪ੍ਰਸ਼ਨ ਉਸ ਸਮੇਂ ਉਠੇਗਾ ਜੱਦ ਕਿ ਭਾਰਤ ਸਰਕਾਰ ਦਾ ਫੈਸਲਾ ਰਾਜ ਸਰਕਾਰ ਪਾਸ ਪੁਜ ਜਾਵੇਗਾ ।]

CONSTRUCTION OF CERTAIN LINK ROADS ON SUNAM BHATINDA, BHIKHI-BARNALA AND MANSA BARNALA ROAD

14. 1. **Comrade Jangir Singh Joga** | Will the Chief Minister be pleased to
Comrade Achhra Singh |

state :—

(a) whether any amount was deposited during the year 1968-69 for the construction of Jassar-wala-Mohar Singh-wala link road on the Sunam-Bhatinda road, Gurthri link road on the Bhikhi-Barnala road and Tamkot link road on the Mansa-Barnala road.

(b) if the reply to part (a) above be in the affirmative, the reasons, if any, for which construction work of the said link roads has not been taken in hand so far;

(c) the date by which the construction work of the said link roads is likely to be taken in hand now ?

Giani Zail Singh : (a) Yes, the detail is as under:—

(i)	Jassarwala-Mohar Singh Wala link road from Sunam-Bhatinda Road.	Nil
(ii)	Gurthri link road from Bhikhi-Dhanola road.	Rs. 6000/-
(iii)	Tamkot link road from Mansa-Barnala road.	Rs. 5000/-

(b) Construction of these roads could not be taken up as these were not approved under any scheme.

(c) In view of (b) above question does not arise.

[(ਏ) ਹਾਂ ਜੀ, ਇਸ ਦਾ ਵੇਰਵਾ ਇਸ ਪ੍ਰਕਾਰ ਹੈ—

(1)	ਜਸਰ ਸਿੰਘ ਵਾਲਾ ਮੋਹਰ ਸਿੰਘ ਵਾਲਾ ਨੂੰ ਸੁਨਾਮ-ਬਠਿੰਡਾ ਸੜਕ ਤੋਂ ਲਿੰਕ ਰੋਡ	ਨਿਲ
(2)	ਗੁਰਥਰੀ ਨੂੰ ਭੀਖੀ-ਧਨੌਲਾ ਸੜਕ ਤੋਂ	6000 ਰੁ.
(3)	ਤਾਮਕੋਟ ਲਿੰਕ ਰੋਡ ਮਾਨਸਾ-ਬਰਨਾਲਾ ਸੜਕ ਤੋਂ	5,000 ਰੁ.

(ਬੀ) ਇਨ੍ਹਾਂ ਸੜਕਾਂ ਤੇ ਕੰਮ ਚਾਲੂ ਨਹੀਂ ਕੀਤਾ ਜਾ ਸਕਿਆ ਕਿਉਂਕਿ ਇਹ ਕਿਸੇ ਭੀ ਸਕੀਮ ਅਧੀਨ ਮਨਜ਼ੂਰ ਨਹੀਂ ਸਨ ।

(ਸੀ) ਉਪਰੋਕਤ (ਬੀ) ਅਨੁਸਾਰ ਸੁਆਲ ਹੀ ਪੈਦਾ ਨਹੀਂ ਹੁੰਦਾ ।]

Mr. Speaker : Question hour is over. Now the House will take up Call Attention Notices.

CALL ATTENTION NOTICES UNDER RULE 66

(ਕ੍ਰਮ ਨੰ: 135)

ਕਾਮਰੇਡ ਰਾਜ ਕੁਮਾਰ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਾ ਚਾਹੁੰਦਾ ਹਾਂ, ਅਰਥਾਤ. ਲੜਾਈ ਵਿਚ ਹੋਏ ਨਾਕਾਰਾ ਫੌਜੀਆਂ ਅਤੇ ਵਿਧਵਾਂ ਨੂੰ ਜ਼ਮੀਨਾਂ ਜੋ ਸਰਕਾਰ ਅਲਾਟ ਕਰ ਰਹੀ ਹੈ ਉਨ੍ਹਾਂ ਦਾ ਕਬਜ਼ਾ ਉਨ੍ਹਾਂ ਨੂੰ ਨਹੀਂ ਮਿਲ ਰਿਹਾ ਜਿਸ ਨਾਲ ਕਈ ਤਰ੍ਹਾਂ ਦੀਆਂ ਔਕੜਾਂ ਪੇਸ਼ ਆ ਰਹੀਆਂ ਹਨ ਅਤੇ ਇਸ ਤਰ੍ਹਾਂ ਦੇ ਫੌਜੀਆਂ ਅਤੇ ਨੌਜਵਾਨਾਂ ਦੀਆਂ ਵਿਧਵਾਵਾਂ ਵਿਚ ਹਦ ਦੀ ਬੇਚੈਨੀ ਫੈਲੀ ਹੋਈ ਹੈ । ਇਸ ਬਾਰੇ ਸਰਕਾਰ ਆਪਣੀ ਨੀਤੀ ਸਪਸ਼ਟ ਕਰੇ ਅਤੇ ਇਸ ਦੀ ਉਚਿਤ ਪਰਬੰਧ ਫੌਰੀ ਤੌਰ ਤੇ ਕੀਤਾ ਜਾਵੇ ਤਾਂ ਕਿ ਨਾਕਾਰਾ ਫੌਜੀਆਂ ਵਿਚ ਵਿਸ਼ਵਾਸ ਪੈਦਾ ਕੀਤਾ ਜਾ ਸਕੇ ।

ਸ੍ਰੀ ਸਪੀਕਰ: ਪ੍ਰਵਾਨ ਕੀਤਾ ਜਾਂਦਾ ਹੈ, ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । (Admitted. The Minister concerned may please make a statement.)

(ਕ੍ਰਮ ਨੰ: 144)

Comrade Satyapal Dang: Sir, I beg to draw the attention of the Government towards a matter of urgent public importance, namely, that thousands of industrial workers in industrial centres like Amritsar, Gobindgarh and Ludhiana are facing unemployment because a big portion of raw material for industry being distributed under quota system through Government is being given to "factories" which are either not working at all or are working only a few days in the month. While such units make profits by selling their raw material quotas generally to firms outside the State, genuine factories are not able to get raw material in adequate quantity and this has resulted in large scale unemployment for industrial workers.

Raw materials involved are billets, artsilk yarn, etc. Position in relation to coal is similar.

In view of the obvious and urgent importance of the matter, Government may please be asked to make a statement in the House.

ਸ੍ਰੀ ਸਪੀਕਰ: ਪਰਵਾਨ ਕੀਤੀ ਜਾਂਦੀ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ। (Admitted. The Minister concerned may please make a statement.)

(ਕ੍ਰਮ ਨੰ: 145)

ਕਾਮਰੇਡ ਸਮਸ਼ੇਰ ਸਿੰਘ ਜੋਸ਼: ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਾ ਚਾਹੁੰਦਾ ਹਾਂ, ਅਰਥਾਤ, ਕੇਂਦਰੀ ਸਰਕਾਰ ਨੇ ਸਰਬ-ਭਾਰਤੀ ਕਪਾਹ ਕਾਰਪੋਰੇਸ਼ਨ ਨੂੰ ਆਦੇਸ਼ ਜਾਰੀ ਕੀਤੇ ਹਨ ਕਿ ਗੁਜਰਾਤ ਰਾਜ ਦੀ ਸਾਰੀ ਦੀ ਸਾਰੀ ਕਪਾਹ ਵਰਤਮਾਨ ਮਾਰਕੀਟ ਕੀਮਤ ਜਾਂ ਸਰਕਾਰੀ ਨਿਯੁਕਤ ਕੀਮਤ ਜਿਹੜੀ ਵੀ ਵਧ ਹੋਵੇ, ਦੇ ਰੇਟ ਉਤੇ ਫੌਰੀ ਖਰੀਦੇ ਇਸ ਨੋਟਿਸ ਰਾਹੀਂ ਪੰਜਾਬ ਸਰਕਾਰ ਨੂੰ ਕਿਹਾ ਜਾਂਦਾ ਹੈ ਕਿ ਉਹ ਕੇਂਦਰ ਤੋਂ ਪੰਜਾਬ ਦੀ ਖਰੀਦ ਬਾਰੇ ਭੀ ਇਹੋ ਜਿਹਾ ਹੁਕਮ ਕਰਵਾਏ ਕਿਉਂਕਿ ਪੰਜਾਬ ਨਾਲ ਇਹ ਸਖਤ ਧੱਕਾ ਅਤੇ ਵਿਤਕਰਾ ਹੈ। ਜਿਸ ਨਾਲ ਪੰਜਾਬ ਦੇ ਕਪਾਹ ਕਾਸ਼ਤਕਾਰਾਂ ਵਿਚ ਰੋਸ ਅਤੇ ਗੁੱਸੇ ਦੀ ਲਹਿਰ ਦੌੜ ਰਹੀ ਹੈ। ਸਰਕਾਰ ਇਸ ਬਾਰੇ ਆਪਣੀ ਪੁਜ਼ੀਸ਼ਨ ਦਾ ਸਪਸ਼ਟੀਕਰਣ ਕਰੇ।

ਸ੍ਰੀ ਸਪੀਕਰ: ਪਰਵਾਨ ਕੀਤੀ ਜਾਂਦੀ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ। (Admitted. The Minister concerned may please make a statement.)

ਵਿਕਾਸ ਮੰਤਰੀ (ਕੈਪਟਨ ਰਤਨ ਸਿੰਘ): ਸਪੀਕਰ ਸਾਹਿਬ, ਇਹੋ ਜਿਹਾ ਜਿਹੜਾ ਹੁਕਮ ਹੈ ਪੰਜਾਬ ਲਈ ਇਹ ਪਹਿਲਾਂ ਹੀ ਲਾਗੂ ਹੈ। ਸਰਬ-ਭਾਰਤੀ ਕਪਾਹ ਕਾਰਪੋਰੇਸ਼ਨ ਨੂੰ, ਤੁਹਾਨੂੰ ਅੱਜ ਪਤਾ ਵੀ ਲਗ ਗਿਆ ਹੋਣਾ ਹੈ ਕਿ ਗੌਰਮੈਂਟ ਆਫ ਇੰਡੀਆ ਨੇ ਇਹ ਜਿਹੜੀ ਕਪਾਹ ਬਾਹਰੋਂ ਮੰਗਵਾਈਂ ਜਾਂਦੀ ਸੀ ਉਹਦੇ ਵਿਚ ਰੋਕ ਲਗਾ ਦਿਤੀ ਹੈ। ਸਾਡੇ ਐਮ. ਪੀਜ਼. ਨੇ ਕੋਸ਼ਿਸ਼ ਕੀਤੀ, ਉਨ੍ਹਾਂ ਨੇ ਮਿਲ ਕੇ ਕੰਮ ਕਰਿਆ ਔਰ ਇਹ ਜਿਹੜਾ ਆਰਡਰ ਹੈ ਪੰਜਾਬ ਲਈ ਪਹਿਲਾਂ ਹੀ ਲਾਗੂ ਹੈ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਜੋ ਕੈਪਟਨ ਸਾਹਿਬ ਫਰਮਾ ਰਹੇ ਹਨ ਜੇ ਇਹ ਠੀਕ ਹੈ ਤਾਂ ਫਿਰੋਜ਼ਪੁਰ ਅਤੇ ਬਠਿੰਡੇ ਵਿਚ ਕਾਟਨ ਕਾਰਪੋਰੇਸ਼ਨ ਕਿਉਂ ਨਹੀਂ ਖਰੀਦ ਕਰ ਰਹੀ।

ਵਿਕਾਸ ਮੰਤਰੀ: ਜਿਹੜੀ ਫਲੋਰ ਪਰਾਈਸ ਗੌਰਮੈਂਟ ਆਫ ਇੰਡੀਆ ਨੇ ਮੁਕਰਰ ਕੀਤੀ ਹੈ, ਉਹ ਮਾਰਕਿਟ ਪਰਾਈਸ ਨਾਲੋਂ ਘੱਟ ਹੈ ।

ਕਾਮਰੇਡ ਰਾਜ ਕੁਮਾਰ: ਕਾਲ ਅਟੈਨਸ਼ਨ ਨੰ. 146 ਮੇਰੀ ਵਾਪਸ ਆ ਗਈ ਹੈ ਕਿਉਂਕਿ ਇਸ ਉਤੇ ਇਕ ਸ਼ਾਰਟ ਨੋਟਿਸ ਕੁਐਸਚਨ ਐਡਮਿਟ ਹੋ ਚੁਕਾ ਹੈ । ਮੈਂ ਅਰਜ਼ ਕਰਾਂ ਕਿ ਇਕ ਤਿੰਨ ਸਾਲ ਦੇ ਬੱਚੇ ਨੂੰ ਕਤਲ ਕਰ ਦਿਤਾ ਗਿਆ । (ਵਿਘਨ)

ਸ੍ਰੀ ਸਪੀਕਰ: ਇਹ ਦੁਬਾਰਾ ਰੀਪੀਟ ਕਰਨ ਵਾਲੀ ਗੱਲ ਹੈ । (It will be merely a repetition).

ਕਾਮਰੇਡ ਰਾਜ ਕੁਮਾਰ: ਤਿੰਨ ਸਾਲ ਦੇ ਬੱਚੇ ਨੂੰ ਕਤਲ ਕੀਤਾ ਗਿਆ ਹੈ (ਵਿਘਨ)

ਕਾਮਰੇਡ ਸੱਤਪਾਲ ਡਾਂਗ ਜੇ ਤਾਂ ਸ਼ਾਰਟ ਨੋਟਿਸ ਕੁਐਸਚਨ ਐਡਮਿਟ ਹੋ ਗਿਆ ਹੈ ਤਾਂ ਤੇ ਠੀਕ ਹੈ ਨਹੀਂ ਤਾਂ ਕਾਲ ਅਟੈਨਸ਼ਨ ਨੋਟਿਸ ਐਡਮਿਟ ਕਰ ਲਵੋ । ਕਿਉਂਕਿ ਸੈਸ਼ਨ ਇਕ ਦਿਨ ਹੋਰ ਚਲਣਾ ਹੈ ਇਸ ਲਈ ਸ਼ਾਰਟ ਕੁਐਸਚਨ ਦਾ ਜਵਾਬ ਕਲ ਨੂੰ ਆ ਜਾਣਾ ਚਾਹੀਦਾ ਹੈ ਨਹੀਂ ਤਾਂ ਇਹ ਕਾਲ ਅਟੈਨਸ਼ਨ ਨੋਟਿਸ ਐਡਮਿਟ ਹੋ ਜਾਣੀ ਚਾਹੀਦੀ ਹੈ ।

ਸ੍ਰੀ ਸਪੀਕਰ: ਜੇ ਸ਼ਾਰਟ ਨੋਟਿਸ ਕੁਐਸਚਨ ਦਾ ਜਵਾਬ ਨਾ ਆਇਆ ਤਾਂ ਇਹ ਕਾਲ ਅਟੈਨਸ਼ਨ ਨੋਟਿਸ ਕਲ ਐਡਮਿਟ ਹੋ ਜਾਵੇਗੀ । ਕਾਲ ਅਟੈਨਸ਼ਨ ਨੋਟਿਸ ਨੰ. 69 ਦਾ ਜਵਾਬ ਵਿਦਿਆ ਮੰਤਰੀ ਸਾਹਿਬ ਹਾਉਸ ਦੀ ਮੇਜ਼ ਤੇ ਰਖਣ । (The Call Attention Notice will be admitted in case reply to the Short Notice Question does not come by tomorrow. Now the Education Minister will place reply to Call Attention Notice No. 69 on the Table of the House).

STATEMENT IN REPLY TO CALL ATTENTION NOTICE PLACED ON THE TABLE OF THE HOUSE

ਸਿਖਿਆ ਮੰਤਰੀ ਮੈਂ ਕਾਲ ਅਟੈਨਸ਼ਨ ਨੋਟਿਸ ਨੰ. 69 ਦਾ ਜਵਾਬ ਸਦਨ ਦੀ ਮੇਜ਼ ਤੇ ਰਖਦਾ ਹਾਂ ।

(ਕ੍ਰਮ ਨੰ: 69)

ਸਰਦਾਰ ਬਸੰਤ ਸਿੰਘ ਖਾਲਸਾ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ, ਜੇ. ਬੀ. ਟੀ. ਟੀਚਰ ਕਿਸੇ ਬੋਰਡ ਜਾਂ ਕਮੇਟੀ ਨੇ ਹਾਲੇ ਤਕ ਸਲੈਕਟ ਨਹੀਂ ਕੀਤੇ ਪਰ ਉਹ ਬਹੁਤ ਦੇਰ ਤੋਂ ਛ ਛੇ ਮਹੀਨੇ ਲਈ ਸਰਵਿਸ ਕਰਦੇ ਆ ਰਹੇ ਸਨ, ਪਰ ਕੁਝ ਮਹੀਨੇ ਹੋਏ ਉਹ ਸਰਵਿਸ ਤੋਂ ਕੱਢ ਦਿਤੇ ਹਨ, ਕਿਉਂਕਿ ਉਹ ਮੈਟ੍ਰਿਕ ਹਿੰਦੀ ਨਾਲ ਪਾਸ ਨਹੀਂ ਹਨ । ਜਦ ਕਿ ਉਹ ਜੇ. ਬੀ. ਟੀ. ਉਸੇ ਨਿਯਤ ਕੀਤੇ ਕੋਰਸ ਨਾਲ ਪਾਸ ਕੀਤੀ ਹੈ, ਤੇ ਉਹ ਮੈਟ੍ਰਿਕ ਰਾਜ ਭਾਸ਼ਾ ਪੰਜਾਬੀ ਨਾਲ ਪਾਸ ਹੈ । ਉਨ੍ਹਾਂ ਨੂੰ ਛੇ ਛੇ ਮਹੀਨੇ ਰਖਿਆ ਜਾਵੇ । ਤੇ ਹਿੰਦੀ ਦੀ ਆਰਜ਼ੀ ਤੌਰ ਤੇ ਛੋਟ ਦਿਤੀ ਜਾਵੇ, ਤਾਂ ਕਿ ਬੇ-ਰੁਜ਼ਗਾਰੀ ਦੂਰ ਕੀਤੀ ਜਾਵੇ । ਇਸ ਜ਼ਰੂਰੀ ਮਾਮਲੇ ਵਲ ਸਰਕਾਰ ਤੋਂ ਬਿਆਨ ਦਿਵਾਉਣ ਦੀ ਕਿਰਪਾ ਕੀਤੀ ਜਾਵੇ ।

ਸਰਦਾਰ ਉਮਰਾਓ ਸਿੰਘ: ਪੰਜਾਬ ਸਿਖਿਆ ਸਰਵਿਸ ਕਲਾਸ-III (ਸਕੂਲ ਕਾਡਰ) ਰੂਲਾਂ ਅਨੁਸਾਰ ਜੇ. ਬੀ. ਟੀ. ਟੀਚਰ ਲੱਗਣ ਵਾਸਤੇ ਹਰ ਵਿਅਕਤੀ ਨੂੰ ਮੈਟ੍ਰਿਕ ਸਮੇਤ ਜੇ. ਬੀ. ਟੀ. ਦਾ ਦੋ ਸਾਲਾ ਕੋਰਸ ਅਤੇ ਪ੍ਰਾਫੀਸ਼ੈਂਸੀ ਇਨ ਹਿੰਦੀ ਐਂਡ ਪੰਜਾਬੀ ਹੋਣਾ ਚ ਹੀਦਾ ਹੈ । ਇਸ ਵਾਸਤੇ ਜਿਹੜੇ ਵਿਅਕਤੀ ਇਹ ਯੋਗਤਾਵਾਂ ਨਾ ਰਖਦੇ ਹੋਣ, ਉਹ ਜੇ. ਬੀ. ਟੀ. ਟੀਚਰ ਲਗਣ ਦੇ ਹੱਕਦਾਰ ਨਹੀਂ ਮੰਨੇ ਜਾ ਸਕਦੇ । ਸਿਖਿਆ ਵਿਭਾਗ ਦੇ ਵਿਚਾਰ ਅਨੁਸਾਰ ਛੇ ਮਹੀਨੇ ਦੇ ਆਧਾਰ ਤੇ ਨਿਯੁਕਤੀ ਵੀ ਉਸ ਵਿਅਕਤੀ ਨੂੰ ਮਿਲਣੀ ਚਾਹੀਦੀ ਹੈ, ਜਿਹੜਾ ਉਪਰੋਕਤ ਪੂਰੀਆਂ ਯੋਗਤਾਵਾਂ ਰਖਦਾ ਹੋਵੇ, ਪੰਜਾਬ ਦੀ ਸਰਕਾਰੀ ਭਾਸ਼ਾ ਦੀ ਪਾਲਿਸੀ ਅਨੁਸਾਰ ਅਤੇ ਸਕੂਲਾਂ ਦੇ ਨਿਸ਼ਚਿਤ ਸਲੇਬਸ ਅਨੁਸਾਰ ਪੰਜਾਬ ਦੇ ਹਰ ਬੱਚੇ ਨੂੰ ਜਿਹੜਾ ਕਿ ਸਰਕਾਰੀ ਸਕੂਲਾਂ ਵਿਚ ਪੜ੍ਹਦਾ ਹੈ, ਪਹਿਲੀ ਤੋਂ ਪੰਜਾਬੀ ਪੜ੍ਹਨੀ ਪੈਂਦੀ ਹੈ, ਅਤੇ ਤੀਜੀ/ਚੌਥੀ ਸ੍ਰੇਣੀ ਤੋਂ ਹਿੰਦੀ ਪੜ੍ਹਨੀ ਪੈਂਦੀ ਹੈ । ਇਕੋ ਹੀ ਅਧਿਆਪਕ ਪਹਿਲੀ ਤੋਂ ਪੰਜਵੀਂ ਜਮਾਤ ਤਕ ਦੇ ਸਾਰੇ ਵਿਸ਼ੇ ਪੜ੍ਹਾਉਂਦਾ ਹੈ । ਇਸ ਲਈ ਉਨ੍ਹਾਂ ਵਿਅਕਤੀਆਂ ਨੂੰ ਜਿਹੜੇ ਹਿੰਦੀ/ਪੰਜਾਬੀ ਦੀਆਂ ਲੋੜੀਂਦੀਆਂ ਯੋਗਤਾਵਾਂ ਨਹੀਂ ਰਖਦੇ, ਰੈਗੂਲਰ/ਆਰਜ਼ੀ ਤੌਰ ਤੇ ਅਧਿਆਪਕ ਲਾਣਾ ਬਚਿਆਂ ਦੀ ਸਿਖਿਆ ਦੇ ਹਿੱਤ ਵਿਚ ਨਹੀਂ ਹੋਵੇਗਾ ।

(According to Punjab Education Service Class III (School Cadre) Rules, it is incumbent upon every candidate desirous of becoming J. B. T. Teacher that he should be Matriculate and J. B. T, (2-year course) alongwith proficiency in Hindi and Punjabi. The persons who do not possess these qualifications are not entitled to get these posts. According to the Education Department, the appointments are to be made on six month basis in the case of persons who fulfil the above said requisite qualifications. According to Punjab Government policy and also according to prescribed school syllabus every child studying in Government schools has to study Punjabi from the very first Standard and from 3rd/4th standard onwards they are required to read Hindi as well. One and the same teacher teaches all the subjects from 1st to 4th class standard. The appointment of such persons, who do not possess the requisite Hindi/Punjabi qualifications, as J. B. T. teachers either on adhoc basis or on regular basis would adversely affect the education of children.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : * * * * *

ਸ੍ਰੀ ਸਪੀਕਰ : ਕੋਈ ਅਜਿਹਾ ਮਸਲਾ ਹਾਊਸ ਵਿਚ ਨਹੀਂ ਹੈ ਜਿਸ ਉਤੇ ਇਹ ਤੁਹਾਡਾ ਪੁਆਇੰਟ ਆਫ ਆਰਡਰ ਬਣਦਾ ਹੋਵੇ । ਜੋ ਕੁਝ ਵੀ ਜੋਸ਼ ਸਾਹਿਬ ਨੇ ਬਗੈਰ ਚੇਅਰ ਦੀ ਪਰਮਿਸ਼ਨ ਦੇ ਕਿਹਾ ਹੈ, ਉਹ ਪਾਰਟ ਆਫ ਦੀ ਪਰੋਸੀਡਿੰਗਜ਼ ਨਹੀਂ ਬਣੇਗਾ ! (No such business is before the House out of which this point of order may arise. Whatever Comrade Shamsher Singh Josh has said without the permission of the Chair, may not form part of the proceedings of the House).

ਕਾਮਰੇਡ ਸੱਤਪਾਲ ਡਾਂਗ : ਜ਼ੀਰੋ ਆਵਰ ਵਿਚ ਮੈਂ ਅਰਜ਼ ਕਰਦਾ ਹਾਂ ਕਿ (ਵਿਘਨ) ਚੀਫ ਮਨਿਸਟਰ ਸਾਹਿਬ ਨੇ ਬਿਆਨ ਦਿਤਾ ਹੈ ਕਿ ਪੰਜਾਬ ਵਿਚ 30 ਸਟੈਂਡਰਡ ਏਕੜ ਦੀ ਸੀਲਿੰਗ ਹੋਵੇਗੀ । ਮੈਂ ਬੇਨਤੀ ਕਰਦਾ ਹਾਂ ਕਿ, ਮੈਂ ਕੋਈ ਪਰਿਵਲੇਜ਼ ਨਹੀਂ ਰੇਜ਼ ਕਰਦਾ, ਮੈਂ ਤਾਂ ਇਹ ਕਹਿੰਦਾ ਹਾਂ ਕਿ ਇਸ ਕਿਸਮ ਦੇ ਨੇਤਾ ਨੂੰ ਬਿਆਨ ਬਾਹਰ ਨਹੀਂ ਦੇਣਾ

* Expunged as ordered by the Chair.

ਚਾਹੀਦਾ (ਵਿਘਨ) ਨਵੀਂ ਸਰਕਾਰ ਦਾ ਧਿਆਨ ਇਸ ਪਾਸੇ ਵਲ ਦਿਵਾਉਣਾ ਚਾਹੁੰਦਾ ਹਾਂ । ਦੂਜਾ ਬਹੁਤ ਅਹਿਮ ਮਸਲਾ ਇਹ ਹੈ ਕਿ ਕੀ ਸਰਕਾਰ ਸਾਨੂੰ ਇਸ ਉਤੇ ਬਹਿਸ ਕਰਨ ਲਈ ਮੌਕਾ ਦੇ ਰਹੀ ਹੈ ਜਾਂ ਕਿ ਨਹੀਂ । ਸਰਕਾਰ ਦੀ ਕੀ ਪੁਜ਼ੀਸ਼ਨ ਹੈ ?

ਸਿਖਿਆ ਮੰਤਰੀ : ਮੇਰੇ ਸਾਥੀ ਡਾਂਗ ਸਾਹਿਬ ਨੇ ਕੌਲ ਅਤੇ ਸ਼ਕਦਰ ਦੀ ਕਿਤਾਬ ਸ਼ਾਇਦ ਨਹੀਂ ਪੜ੍ਹੀ । ਜੇ ਕੋਈ ਪਾਰਟੀ ਮੀਟਿੰਗ ਵਿਚ ਫੈਸਲਾ ਕਰਦਾ ਹੈ ਤਾਂ ਉਹ ਹਾਊਸ ਬਰੀਚ ਨਹੀਂ ਕਰਦਾ । ਜਿਹੜਾ ਚੀਫ ਮਨਿਸਟਰ ਸਾਹਿਬ ਨੇ ਬਿਆਨ ਦਿਤਾ ਸੀ ਉਹ ਕਾਂਗਰਸ ਲੈਜਿਸਲੇਚਰ ਪਾਰਟੀ ਦੀ ਮੀਟਿੰਗ ਵਿਚ ਹੋਇਆ ਹੈ । ਜੇ ਕੋਈ ਪਾਰਟੀ ਮੀਟਿੰਗ ਦਾ ਫੈਸਲਾ ਹੁੰਦਾ ਹੈ ਤ ਉਹ ਗੌਰਮੈਂਟ ਦਾ ਫੈਸਲਾ ਨਹੀਂ ਹੁੰਦਾ । ਇਹ ਬਿਆਨ ਇਕ ਲੀਡਰ ਆਫ ਦੀ ਪਾਰਟੀ ਦੇ ਤੌਰ ਤੇ ਦਿੱਤਾ ਹੈ । ਲੈਂਡ ਰਿਫਾਰਮਜ਼ ਦੇ ਮੁਤਅੱਲਕ ਬਿਲ ਦੁਬਾਰਾ ਸੈਸ਼ਨ ਬੁਲਾਉਣਾ ਹੈ, ਇਹ ਉਸ ਵਿਚ ਲਿਆਇਆ ਜਾ ਰਿਹਾ ਹੈ । ਉਸ ਵਿਚ ਡਾਂਗ ਸਾਹਿਬ ਨੂੰ ਖੁਲ੍ਹਾ ਮੌਕਾ ਦਿਤਾ ਜਾਵੇਗਾ ਉਹ ਜੋ ਮਰਜ਼ੀ ਆਪਣੀਆਂ ਤਜਵੀਜ਼ਾਂ ਰਖ ਸਕਦੇ ਹਨ ।

ਸਰਦਾਰ ਅਜਾਇਬ ਸਿੰਘ ਸੰਧੂ : ਜੋ ਵਜ਼ੀਰ ਸਾਹਿਬ ਨੇ ਫਰਮਾਇਆ ਹੈ (ਵਿਘਨ) ਇਨ੍ਹਾਂ ਦੀ ਪਾਰਟੀ ਨੇ ਜੋ ਫੈਸਲਾ ਦਿਤਾ ਹੈ (ਵਿਘਨ) ਕੀ ਉਹ ਇਨ੍ਹਾਂ ਤੇ ਆਇਦ ਨਹੀਂ ਹੁੰਦਾ ?

DISCUSSIONS ON GOVERNOR'S ADDRESS (RESUMPTION)

Mr. Speaker: Chaudhri Darshan Singh may please resume discussion on Governor's Address.

ਚੌਧਰੀ ਦਰਸ਼ਨ ਸਿੰਘ (ਨੂਰ ਮਹਿਲ) : ਸਪੀਕਰ ਸਾਹਿਬ ਮੈਂ ਪਿਛਲੇ ਦਿਨ ਗਵਰਨਰ ਸਾਹਿਬ ਦੇ ਐਡਰਸ ਉਤੇ ਮੋਸ਼ਨ ਆਫ ਥੈਂਕਸ ਜਿਹੜੀ ਸਰਦਾਰ ਪ੍ਰੇਮ ਸਿੰਘ ਪ੍ਰੇਮ ਨੇ ਮੂਵ ਕੀਤੀ ਸੀ ਉਸ ਉਤੇ ਆਪਣੇ ਵਿਚਾਰ ਰਖ ਰਿਹਾ ਸੀ । ਸਪੀਕਰ ਸਾਹਿਬ ਇਸ ਵਿਚ ਗਵਰਨਰ ਸਾਹਿਬ ਨੇ ਦਸਿਆ ਹੈ 1971 ਵਿਚ ਹੋਣ ਵਾਲੇ ਵਾਕਿਆਂ ਦਾ ਜ਼ਿਕਰ ਕੀਤਾ । ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਇਹ ਗਲ ਕਹਿਣੀ ਪਈ ਕਿ 1971 ਵਿਚ ਬੰਗਲਾ ਦੇਸ਼ ਦੀ ਆਜ਼ਾਦੀ ਪਰਾਪਤੀ ਕਰਨ ਵਿਚ ਕੱਲੇ ਪਰਾਇਮ-ਮਨਿਸਟਰ ਸ਼੍ਰੀਮਤੀ ਇੰਦਰਾ ਗਾਂਧੀ ਨੂੰ ਕਰੈਡਿਟ ਨਹੀਂ ਜਾਂਦਾ । ਇਹ ਆਪੋਜ਼ੀਸ਼ਨ ਦੇ ਲੀਡਰ ਨੇ ਕਹੀ । ਮੈਂ ਮੰਨਦਾ ਹਾਂ ਕਿ ਉਸ ਵੇਲੇ ਸਾਰੀ ਕੌਮ ਨਾਲ ਸੀ, ਸਾਰੀ ਪੁਲੀਟੀਕਲ ਪਾਰਟੀਆਂ ਨਾਲ ਸਨ ਲੇਕਿਨ ਇਸ ਗਲ ਤੋਂ ਬਿਲਕੁਲ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਫੌਜੀ ਜਨਰਲ ਲੜੇ, ਸਿਆਸੀ ਪਾਰਟੀਆਂ ਨੇ ਸਹਾਇਤਾ ਦਿਤੀ । ਪਰ ਇਸ ਗਲ ਤੋਂ ਵੀ ਕੌਣ ਇਨਕਾਰ ਕਰ ਸਕਦਾ ਹੈ ਕਿ ਜੇ ਸੈਂਟਰ ਵਿਚ ਮਜ਼ਬੂਤ ਲੀਡਰਸ਼ਿਪ ਨਾ ਹੁੰਦੀ ਤਾਂ ਸ਼ਾਇਦ ਇਹ ਸਿੱਟਾ ਨਾ ਨਿਕਲਦਾ । ਸਪੀਕਰ ਸਾਹਿਬ, ਮੈਨੂੰ 4 ਦਸੰਬਰ ਨੂੰ ਲੋਕ ਸਭਾ ਵਿਚ ਜੋ ਸ਼੍ਰੀ ਅਟਲ ਬਿਹਾਰੀ ਬਾਜਪਾਈ ਜੀ ਨੇ ਲਫਜ਼ ਕਹੇ ਉਹ ਭੁਲ ਨਹੀਂ ਸਕਦੇ । ਜਿਸ ਦਿਨ ਲੋਕ ਸਭਾ ਮੀਟ ਕੀਤੀ, ਸਰਦਾਰ ਗੁਰਦਿਆਲ ਸਿੰਘ ਜੀ ਢਿਲੋਂ ਸਪੀਕਰ ਸਨ ਉਨ੍ਹਾਂ ਨੇ ਕਿਹਾ ਕਿ ਹੁਣ ਜਨ ਸੰਘ ਦੇ ਪ੍ਰਧਾਨ ਸ਼੍ਰੀ ਅਟਲ ਬਿਹਾਰੀ ਬਾਜਪਾਈ ਜੀ ਆਪਣੇ ਵਿਚਾਰ ਰਖਣਗੇ । ਸ਼੍ਰੀ ਅਟਲ ਬਿਹਾਰੀ ਬਾਜਪਾਈ ਜੀ ਨੇ ਉਸ ਵੇਲੇ ਆਖਿਆ ਕਿ ਸਪੀਕਰ ਸਾਹਿਬ ਨਾ ਕੋਈ ਇਸ ਵੇਲੇ ਜਨ ਸੰਘ ਹੈ ਔਰ ਨਾ ਕੋਈ ਪਾਰਟੀ ਹੈ ਔਰ ਨਾ ਕੋਈ ਪਾਰਟੀ ਲੀਡਰ ਹੈ । ਦੇਸ਼ ਸਾਰਾ ਇਕ ਹੈ ਔਰ ਦੇਸ਼ ਦੀ ਨੇਤਾ ਸ਼੍ਰੀਮਤੀ ਇੰਦਰਾ ਗਾਂਧੀ ਹੈ । (ਥੰਪਿੰਗ) ਉਸ ਵੇਲੇ ਸਾਰੀ ਕੌਮ ਇੱਕਠੀ ਸੀ ।

[ਚੌਧਰੀ ਦਰਸ਼ਨ ਸਿੰਘ]

(ਇਸ ਵਕਤ ਸ਼੍ਰੀ ਡਿਪਟੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ)

ਡਿਪਟੀ ਸਪੀਕਰ ਸਾਹਿਬ, ਇਸ ਗਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਉਸ ਮਜ਼ਬੂਤ ਲੀਡਰਸ਼ਿਪ ਦੇ ਥਲੇ ਦੇਸ਼ ਅੱਗੇ ਵਧਿਆ ਔਰ ਸੰਸਾਰ ਦੇ ਮਜ਼ਬੂਤ ਦੇਸ਼ਾਂ ਵਿਚ ਸਾਡਾ ਦੇਸ਼ ਖੜਾ ਹੋਇਆ। ਡਿਪਟੀ ਸਪੀਕਰ ਸਾਹਿਬ, ਹਿੰਦੁਸਤਾਨ ਦਾ ਕੋਈ ਵਿਅਕਤੀ ਪ੍ਰਾਈਮ ਮਨਿਸਟਰ ਸਾਹਿਬ ਦਾ ਇਹ ਜਵਾਬ ਕਿ ਵਕਤ ਆਉਣ ਤੇ ਸਭ ਕੁਝ ਠੀਕ ਹੋ ਜਾਵੇਗਾ, ਨਹੀਂ ਭੁਲ ਸਕਦਾ। ਅਪੋਜ਼ੀਸ਼ਨ ਪਾਰਟੀਆਂ ਦੇ ਲੀਡਰ ਸਾਹਿਬਾਨ ਨੇ ਔਰ ਕਈ ਲੋਕਾਂ ਨੇ ਇਹ ਆਖਿਆ ਕਿ ਅਜ ਹੀ ਬੰਗਲਾ ਦੇਸ਼ ਨੂੰ ਮਾਨਤਾ ਦੇ ਦਿਉ। ਕੁਝ ਸਜਣਾਂ ਨੇ ਕਿਹਾ ਕਿ ਇਹ ਈਸਟ ਪਾਕਿਸਤਾਨ ਤੇ ਵੈਸਟ ਪਾਕਿਸਤਾਨ ਦਾ ਹਮਲਾ ਹੈ। ਕੁਝ ਸਜਣਾਂ ਨੇ ਕਿਹਾ ਕਿ ਇਕ ਕਰੋੜ ਰਿਫਿਊਜੀਆਂ ਨੂੰ ਐਵੇਂ ਹੀ ਹਿੰਦੁਸਤਾਨ ਵਿਚ ਲੈ ਆਂਦਾ, ਇਹ ਇਕ ਮਰਿਆ ਹੋਇਆ ਸੱਪ ਗਲ ਵਿਚ ਪਾ ਲਿਆ ਹੈ ਜਿਹੜਾ ਕਿ ਗਲੋਂ ਹੁਣ ਲਹਿਣਾ ਨਹੀਂ। ਲੇਕਿਨ ਸਾਡੇ ਮਜ਼ਬੂਤ ਲੀਡਰ ਨੇ ਉਸ ਵਕਤ ਇਹ ਕਿਹਾ ਕਿ ਸਮੇਂ ਦੀ ਇੰਤਜ਼ਾਰ ਕਰੋ, ਸਾਰੀਆਂ ਗਲਾਂ ਦਰੁਸਤ ਹੋ ਜਾਣਗੀਆਂ। ਇਹ ਮਜ਼ਬੂਤ ਲੀਡਰਸ਼ਿਪ ਦਾ ਹੀ ਨਤੀਜਾ ਸੀ ਕਿ ਸਾਡਾ ਦੇਸ਼ ਅਗੇ ਵਧਿਆ। ਸਾਡਾ ਦੇਸ਼ ਉਸ ਸਮੇਂ ਅਗੇ ਵਧਿਆ ਜਦੋਂ ਅਮਰੀਕਾ ਦਾ ਸਤਵਾਂ ਬੇੜਾ ਸਾਡੇ ਹਿੰਦੁਸਤਾਨ ਦੇ ਪਾਣੀਆਂ ਵਿਚ ਆ ਗਿਆ। ਚੀਨ ਨੇ ਸਰਹੱਦਾਂ ਉਤੇ ਹਰਕਤ ਕਰਨੀ ਸ਼ੁਰੂ ਕਰ ਦਿਤੀ। ਲੇਕਿਨ ਹਿੰਦੁਸਤਾਨ ਦੀ ਕੌਮ ਮਜ਼ਬੂਤ ਲੀਡਰਸ਼ਿਪ ਦੇ ਥਲੇ ਗੁਮਰਾਹ ਨਹੀਂ ਹੋਈ। ਜੇ ਡਿਪਟੀ ਸਪੀਕਰ ਸਾਹਬ, ਮੈਂ ਇਹ ਕਹਾਂ ਕਿ ਪੰਡਤ ਜਵਾਹਰ ਲਾਲ ਜੀ ਨਹਿਰੂ ਨੇ ਸੰਸਾਰ ਦੀ ਤਵਾਰੀਖ਼ ਬਦਲੀ ਤਾਂ ਇਸ ਮਜ਼ਬੂਤ ਲੀਡਰ ਸ੍ਰੀਮਤੀ ਇੰਦਰਾ ਗਾਂਧੀ ਜੀ ਨੇ ਸੰਸਾਰ ਦਾ ਜੁਗਰਾਫੀਆ ਬਦਲ ਕੇ ਰਖ ਦਿਤਾ। (ਥੰਪਿੰਗ) ਕਿਸੇ ਨੇ ਕਿਹਾ ਕਿ ਈਸਟ ਪਾਕਿਸਤਾਨ ਇਸ ਨਕਸ਼ੇ ਵਿਚ ਹੁੰਦਾ ਸੀ ਉਹ ਕਿਥੇ ਗਿਆ ? ਮੇਰੀ ਅਰਜ਼ ਹੈ ਅੱਜ ਨਕਸ਼ਿਆਂ ਤੇ ਚੇਪੀਆਂ ਲਗ ਗਈਆਂ ਔਰ ਈਸਟ ਪਾਕਿਸਤਾਨ ਦਾ ਨਾਮਾ ਮਿਟ ਗਿਆ। ਹੁਣ ਇਹ ਈਸਟ ਪਾਕਿਸਤਾਨ ਨਹੀਂ, ਬੰਗਲਾ ਦੇਸ਼ ਹੈ। ਇਹ ਸਾਰਾ ਕੁਝ, ਡਿਪਟੀ ਸਪੀਕਰ ਸਾਹਿਬ, ਕੇਵਲ ਇਸ ਲਈ ਹੋਇਆ ਹੈ ਕਿ ਸਾਡੀ ਇਕ ਮਜ਼ਬੂਤ ਲੀਡਰਸ਼ਿਪ ਹੈ। ਇਸ ਮਜ਼ਬੂਤ ਲੀਡਰਸ਼ਿਪ ਦੇ ਥਲੇ ਸਾਨੂੰ ਕਿਸੇ ਕਿਸਮ ਦਾ ਕੋਈ ਖ਼ਤਰਾ ਨਹੀਂ।

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਮੈਂ ਗਵਰਨਰ ਸਾਹਿਬ ਦਾ ਭਾਸ਼ਨ ਪੜ੍ਹਿਆ ਹੈ ਔਰ ਫਾਈਨੈਂਸ ਮਨਿਸਟਰ ਸਾਹਿਬ ਨੇ ਜੋ ਬਜਟ ਸਪੀਚ ਦਿਤੀ ਸੀ ਉਸ ਨੂੰ ਵੀ ਪੜ੍ਹਿਆ ਹੈ। ਇਸ ਦੇ ਵਿਚ ਇਨ੍ਹਾਂ ਨੇ 5-6 ਤਰੱਕੀ ਦੇ ਕੰਮ ਕੀਤੇ ਹਨ ਜਿਸ ਦੇ ਲਈ ਮੈਂ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ। ਇਨ੍ਹਾਂ ਨੇ ਮੁਲਾਜ਼ਮਾਂ ਨੂੰ ਇਨਟੈਰਿਮ ਰਿਲੀਫ ਦਿਤਾ। ਫਿਰ ਦੋ ਸਾਲ ਵਿਚ ਸਾਰੇ ਪਿੰਡਾਂ ਵਿਚ ਸੜਕਾਂ ਤੇ ਬਿਜਲੀ ਦੇਣ ਦਾ ਯਤਨ ਕੀਤਾ। (ਵਿਘਨ)

ਇਕ ਆਵਾਜ਼: ਯਤਨ ਨਹੀਂ ਵਾਅਦਾ ਕੀਤਾ।

ਚੌਧਰੀ ਦਰਸ਼ਨ ਸਿੰਘ: ਚਲੋ ਵਾਅਦਾ ਹੀ ਸਹੀ। ਜੇ ਵਾਅਦਾ ਕੀਤਾ ਹੈ ਤਾਂ ਪੂਰਾ ਵੀ ਕਰਨਗੇ। Where there is a will there is a way.

ਡਿਪਟੀ ਸਪੀਕਰ ਸਾਹਿਬ, 14-15 ਕਰੋੜ ਰੁਪਏ ਦਾ ਘਾਟਾ ਸ਼ੋ ਕੀਤਾ ਗਿਆ ਹੈ। ਇਸ ਗਲ ਦੇ ਬਾਰੇ ਕੋਈ ਸਮਝ ਨਹੀਂ ਲਗੀ। ਕੁਝ ਇਥੇ ਇਹ ਮੰਗ ਵੀ ਕੀਤੀ ਗਈ ਕਿ ਸਕੂਲ ਅਪਗਰੇਡ ਕਰਨ ਵਾਸਤੇ ਕੋਈ ਰਕਮ ਨਹੀਂ ਰਖੀ ਗਈ ਲੇਕਿਨ ਵਿੱਤ ਮੰਤਰੀ ਜੀ ਨੇ ਆਖਿਆ

ਕਿ ਉਹ ਵੀ ਰੱਖੀ ਜਾਵੇਗੀ ਔਰ ਅੱਪ ਗਰੇਡਿੰਗ ਵੀ ਸਕੂਲਾਂ ਦੀ ਕੀਤੀ ਜਾਵੇਗੀ । ਫਿਰ ਇਥੇ ਧਰਮਸ਼ਾਲਾਵਾਂ ਵਾਸਤੇ ਵੀ ਮੰਗ ਕੀਤੀ ਗਈ ਤਾਂ ਵਿੱਤ ਮੰਤਰੀ ਜੀ ਨੇ ਇਨ੍ਹਾਂ ਬਾਰੇ ਵੀ ਕਿਹਾ ਕਿ ਉਨ੍ਹਾਂ ਵਾਸਤੇ ਵੀ ਕੋਸ਼ਿਸ਼ ਕੀਤੀ ਜਾਵੇਗੀ । ਡਿਪਟੀ ਸਪੀਕਰ ਸਾਹਿਬ, ਮੈਂ ਪਿਛਲੀਆਂ ਵੀ ਕਈ ਬਜਟ ਸਪੀਚਾਂ ਪੜ੍ਹੀਆ ਹਨ ਜੋ ਇਥੇ ਗੋਪੀ ਚੰਦ ਭਾਰਗਵ, ਸਰਦਾਰ ਉੱਜਲ ਸਿੰਘ, ਸਰਦਾਰ ਜਗਜੀਤ ਸਿੰਘ, ਸ੍ਰੀ ਕ੍ਰਿਸ਼ਨ ਲਾਲ ਔਰ ਸਰਦਾਰ ਬਲਵੰਤ ਸਿੰਘ ਹੋਰਾਂ ਨੇ ਦਿਤੀਆਂ। ਫਾਈਨੈਂਸ ਮਨਿਸਟਰ ਸਾਹਿਬ ਹਮੇਸ਼ਾਂ ਹੀ ਇਹ ਕਹਿੰਦੇ ਰਹੇ ਹਨ ਦੋ ਤੇ ਦੋ ਚਾਰ ਹੋਇਆ ਕਰਦਾ ਹੈ 5 ਨਹੀਂ ਹੋਇਆ ਕਰਦਾ । ਇਹ 15 ਕਰੋੜ ਦਾ ਘਾਟਾ ਸਾਡੇ ਤੇ ਪਾਇਆ ਗਿਆ ਹੈ । ਫਿਰ 27 ਕਰੋੜ ਰੁਪਏ ਦੇ ਘਾਟੇ ਦਾ ਜ਼ਿਕਰ ਹੋਇਆ ਹੈ । ਸਰਦਾਰ ਸੁਰਜੀਤ ਸਿੰਘ ਜੀ ਨੇ ਜ਼ਿਕਰ ਕੀਤਾ ਹੈ ਕਿ ਇਹ ਬਿਆਸ ਪੌਂਗ ਡੈਮ ਦਾ ਦੇਣਾ ਹੈ । (ਵਿਘਨ) ਇਸ ਦੇ ਲਈ ਡਿਪਟੀ ਸਪੀਕਰ ਸਾਹਿਬ, ਮੇਰੀ ਇਕ ਅਰਜ਼ ਹੈ ਕਿ ਇਸ ਦੇ ਵਿਚ ਹਰਿਆਣੇ ਦਾ ਵੀ ਹਿਸਾ ਹੈ । 27 ਕਰੋੜ ਦਾ ਜਿਹੜਾ ਇਹ ਘਾਟਾ ਹੈ ਇਕੱਲੇ ਇਹ ਸਾਨੂੰ ਹੀ ਨਹੀਂ ਦੇਣਾ, ਇਹ ਹਰਿਆਣੇ ਤੇ ਵੀ ਪੈਣਾ ਚਾਹੀਦਾ ਹੈ । (ਵਿਘਨ) ਪੰਜਾਬ ਦੀ ਅਕਾਲੀ ਸਰਕਾਰ ਦੇ ਮੈਂਬਰਾਂ ਨੂੰ ਪਤਾ ਹੋਣਾ ਹੈ ਕਿ ਹਰਿਆਣੇ ਦੇ ਇੰਜਨੀਅਰ ਰੋਪੜ ਨਹਿਰ ਲਈ ਸਰਵੇ ਕਰਨ ਲਈ ਗਏ ਸੀ । ਜੇ ਉਹ ਆਪਣਾ ਹਿਸਾ ਇਸ ਤਰ੍ਹਾਂ ਮੰਗਦੇ ਹਨ ਤਾਂ ਸਾਨੂੰ ਵੀ ਉਨ੍ਹਾਂ ਤੋਂ ਪੌਂਗ ਡੈਮ ਦਾ ਜੋ ਹਿੱਸਾ ਬਣਦਾ ਹੈ, ਲੈਣਾ ਚਾਹੀਦਾ ਹੈ । ਇਸ ਲਈ ਮੈਂ ਵਜ਼ੀਰ ਖ਼ਜ਼ਾਨਾ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਸਾਡੇ ਇਕੱਲੇ ਤੇ ਇਹ ਰੁਪਿਆ ਨਹੀਂ ਪੈਣਾ ਚਾਹੀਦਾ, ਹਰਿਆਣੇ ਨੂੰ ਵੀ ਜੋ ਹਿੱਸਾ ਉਨ੍ਹਾਂ ਦਾ ਬਣਦਾ ਹੈ ਉਨ੍ਹਾਂ ਤੇ ਪੈਣਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਇਕ ਗੱਲ ਵਿੱਤ ਮੰਤਰੀ ਜੀ ਨੇ ਇਥੇ ਇਸ ਹਾਊਸ ਵਿਚ ਇਹ ਕਹੀ ਕਿ ਪੰਜਾਬ ਦੇ ਲੋਕਾਂ ਦੀ ਜੋ ਡਿਪਾਜ਼ਿਟ ਹੈ ਉਹ ਸਾਨੂੰ 28 ਪ੍ਰਤੀਸ਼ਤ ਮਿਲਦੀ ਹੈ ਅਸੀਂ ਉਹ ਐਫਰਟ ਕਰਕੇ 50 ਪ੍ਰਤੀਸ਼ਤ ਪੰਜਾਬ ਲਈ ਲੈਣ ਦੀ ਕੋਸ਼ਿਸ਼ ਕਰਾਂਗੇ । ਇਸ ਦੇ ਬਾਰੇ ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਬਾਕੀ ਦੀਆਂ ਸਟੇਟਾਂ ਦੇ ਅੰਕੜੇ ਤੁਸੀਂ ਦੇਖ ਲਓ ਉਹ ਸੌ ਫੀ ਸਦੀ ਤੋਂ ਵੀ ਜ਼ਿਆਦਾ ਅਮਾਊਂਟ ਲੈ ਰਹੇ ਹਨ । ਤਾਮਲ ਨਾਡੂ ਦੇ ਅੰਕੜੇ ਤੁਸੀਂ ਦੇਖ ਲਓ, ਉਹ 114 ਫੀ ਸਦੀ ਲੋਨ ਲੈ ਰਹੇ ਹਨ । ਆਪਣੇ ਡਿਪਾਜ਼ਟ ਦੀ ਅਮਾਊਂਟ ਤੋਂ 14 ਫੀਸਦੀ ਫਾਲਤੂ ਲੈ ਰਹੇ ਹਨ । ਇਸੇ ਤਰ੍ਹਾਂ ਬੰਗਾਲ ਜਿਹੜਾ ਹੈ ਉਹ 109 ਫੀ ਸਦੀ ਲੈ ਰਿਹਾ ਹੈ ਅਰਥਾਤ ਆਪਣੇ ਡਿਪਾਜ਼ਟ ਅਮਾਊਂਟ ਤੋਂ 9 ਫੀ ਸਦੀ ਫਾਲਤੂ ਲੈ ਰਿਹਾ ਹੈ । ਸੋ ਮੇਰੀ ਬੇਨਤੀ ਹੈ ਕਿ ਅਸੀਂ ਵੀ ਆਪਣੇ ਪੰਜਾਬ ਲਈ 50 ਫੀ ਸਦੀ ਦੀ ਬਜਾਏ 100 ਫੀ ਸਦੀ ਲਿਆਉਣ ਦਾ ਯਤਨ ਕਿਉਂ ਨਾ ਕਰੀਏ ? (ਵਿਘਨ)

ਡਿਪਟੀ ਸਪੀਕਰ ਸਾਹਿਬ, ਇਕ ਗਲ ਮੈਂ ਹੋਰ ਤੁਹਾਡੇ ਰਾਹੀਂ ਗਿਆਨੀ ਜੀ ਨੂੰ ਜੋ ਇਸ ਵੇਲੇ ਹਾਊਸ ਵਿਚ ਬੈਠੇ ਨਹੀਂ ਔਰ ਉਨ੍ਹਾਂ ਦੇ ਮੰਤਰੀ ਮੰਡਲ ਨੂੰ ਦਸਣਾ ਚਾਹੁੰਦਾ ਹਾਂ ਕਿ ਹੁਣ ਇਕ ਵਰਕਰ ਵਜ਼ਾਰਤ ਬਣੀ ਹੈ । ਇਹ ਉਹ ਵਰਕਰ ਜਮਾਤ ਹੈ ਜਿਹੜੀ ਪਰਜਾ ਮੰਡਲ ਵੇਲੇ ਰਾਜਿਆਂ ਮਹਾਰਾਜਿਆਂ ਦੇ ਨਾਲ ਟੱਕਰ ਲੈਂਦੀ ਰਹੀ ਹੈ । ਮੇਰਾ ਖਿਆਲ ਹੈ ਕਿ ਉਹ ਹੁਣ ਸੋਸ਼ਲਿਜ਼ਮ ਵਲ ਚੰਗੇ ਕਦਮ ਚੁਕਣਗੇ । ਅਸੀਂ ਪਿੰਡਾਂ ਵਿਚੋਂ ਵੋਟਾਂ ਲੈ ਕੇ ਆਏ ਹਾਂ । ਜਦੋਂ ਅਸੀਂ ਪਿੰਡਾਂ ਵਿਚ ਵੋਟਾਂ ਮੰਗਣ ਗਏ ਤਾਂ ਸਮਾਜ ਦੇ ਉਸ ਹਿਸੇ ਨੇ ਜੋ ਚਿਟੇ ਕਾਲਰ ਵਾਲੇ ਹਨ, ਜੋ ਵੱਡੇ ਜ਼ਿਮੀਂਦਾਰ ਹਨ, ਜਿਨ੍ਹਾਂ ਦੇ ਕੋਲ ਪੰਜ ਪੰਜ ਸੌ ਕਿੱਲਿਆਂ ਵਿਚ ਆਲੂ ਲਗਦੇ ਹਨ,

[ਚੌਧਰੀ ਦਰਸ਼ਨ ਸਿਘ]

ਜਿਨ੍ਹਾਂ ਦੇ ਘਰਾਂ ਵਿਚ ਟੈਲੀਫੋਨ ਲਗੇ ਹੋਏ ਹਨ, ਜਿਨ੍ਹਾਂ ਨੂੰ ਹੋਰ ਕਈ ਕਿਸਮ ਦਾ ਆਰਾਮ ਹੈ ਉਹ ਸਾਨੂੰ ਕਹਿੰਦੇ ਹਨ ਕਿ ਕਾਂਗਰਸ ਨੇ 20 ਸਾਲਾਂ ਵਿਚ ਸਾਡੇ ਲਈ ਕੀ ਕੀਤਾ ਹੈ। ਪਰ ਸਮਾਜ ਦੇ ਉਸ ਹਿੱਸੇ ਨੇ ਜਿਨ੍ਹਾਂ ਕੋਲ ਰੋਟੀ ਖਾਣ ਨੂੰ ਨਹੀਂ, ਜਿਹੜੇ ਗਰੀਬ ਹਨ, ਜਿਨ੍ਹਾਂ ਕੋਲ ਬੱਚਿਆਂ ਦੀ ਫੀਸ ਭਰਨ ਲਈ ਪੈਸੇ ਨਹੀਂ, ਜਿਨ੍ਹਾਂ ਕੋਲ ਆਟਾ ਲੈਣ ਨੂੰ ਪੈਸੇ ਨਹੀਂ ਔਰ ਜਿਨ੍ਹਾਂ ਨੂੰ ਜ਼ਿੰਦਗੀ ਵਿਚ ਕਈ ਕਿਸਮ ਦੀਆਂ ਹੋਰ ਔਕੜਾਂ ਦੇਖਣੀਆਂ ਪੈਂਦੀਆਂ ਹਨ ਉਨ੍ਹਾਂ ਨੇ ਕਿਹਾ ਕਿ ਅਸੀਂ ਇਨਾਂ ਚਿਰ ਕਾਂਗਰਸ ਦੇ ਦੋ ਬੈਲਾਂ ਨੂੰ ਪੱਠੇ ਪਾਉਂਦੇ ਰਹੇ। ਹੁਣ ਤੁਸੀਂ ਗਾਂ ਤੇ ਬਛੜਾ ਰਖ ਲਿਆ ਹੈ, ਅਸੀਂ ਗਾਂ ਤੇ ਬਛੜੇ ਨੂੰ ਵੀ ਪੱਠੇ ਪਾਵਾਂਗੇ ਪਰ ਇਕ ਗਲ ਦਾ ਖਿਆਲ ਰਖੀਓ ਕਿ ਜੇ ਸਾਨੂੰ ਗਾਂ ਦਾ ਦੁਧ ਪੀਣ ਨੂੰ ਨਹੀਂ ਮਿਲ ਸਕਦਾ ਤਾਂ ਲੱਸੀ ਜ਼ਰੂਰ ਪੀਣ ਨੂੰ ਦੇ ਦੇਣਾ। ਸੋ, ਡਿਪਟੀ ਸਪੀਕਰ ਸਾਹਿਬ, ਮੈਂ ਗਿਆਨੀ ਜੀ ਨੂੰ ਔਰ ਇਨ੍ਹਾਂ ਦੀ ਵਜ਼ਾਰਤ ਨੂੰ ਬੇਨਤੀ ਕਰਾਂਗਾ ਕਿ ਇਨ੍ਹਾਂ ਗਰੀਬ ਲੋਕਾਂ ਦੇ ਵਲ ਉਹ ਆਪਣਾ ਪੂਰਾ ਪੂਰਾ ਧਿਆਨ ਦੇਣ। ਔਰ ਮੈਂ ਇਨ੍ਹਾਂ ਨੂੰ ਇਹ ਕਹਾਂਗਾ ਕਿ ਉਹ ਇਨ੍ਹਾਂ ਅਫਸਰਾਂ ਦੇ ਦਿਤੇ ਹੋਏ ਅੰਕੜਿਆਂ ਵਲ ਨਾ ਜਾਣ। ਇਨ੍ਹਾਂ ਦੇ ਅੰਕੜਿਆਂ ਨੇ ਤਾਂ ਕਹਿ ਦੇਣਾ ਹੈ ਕਿ ਇਤਨੇ ਮੁਜ਼ਾਰੇ ਬਹਾਲ ਕੀਤੇ ਗਏ, ਇਤਨੇ ਮੁਜ਼ਾਰਿਆਂ ਨੂੰ ਜ਼ਮੀਨ ਦਿਤੀ ਗਈ। ਇਹ ਕਰ ਦਿੱਤਾ ਉਹ ਕਰ ਦਿੱਤਾ। ਇਨ੍ਹਾਂ ਦੇ ਅੰਕੜਿਆਂ ਵਲ ਨਾ ਜਾਣਾ ਪ੍ਰੈਕਟੀਕਲੀ ਲੋਕਾਂ ਨੂੰ ਅਸੀਂ ਕੁਝ ਕਰਕੇ ਦਿਖਾਉਣਾ ਹੈ। ਮੈਨੂੰ ਯਾਦ ਹੈ ਕਿ 1960 ਵਿਚ ਹਿੰਦੁਸਤਾਨ ਦੇ ਪ੍ਰਾਈਮ ਮਨਿਸਟਰ ਸਾਹਿਬ ਪੰਡਿਤ ਜਵਾਹਰ ਲਾਲ ਜੀ ਨੇ ਕਿਹਾ ਸੀ ਕਿ ਇਹ ਜਿਹੜਾ ਅੰਕੜੇ ਇਕਠੇ ਕਰਨ ਵਾਲਾ ਮਹਿਕਮਾ ਔਰ ਇਨ੍ਹਾਂ ਦੇ ਜਿਹੜੇ ਅੰਕੜੇ ਹਨ ਇਨ੍ਹਾਂ ਨੂੰ ਕਿਸੇ ਗਹਿਰੇ ਸਮੁੰਦਰ ਵਿਚ ਸੁੱਟ ਦਿਓ ਜਿਥੋਂ ਕਿ ਇਹ ਨਿਕਲ ਨਾ ਸਕਣ। ਸੋ ਮੇਰੀ ਅਰਜ਼ ਹੈ ਕਿ ਜੇ ਤੁਸੀਂ ਗਰੀਬਾਂ ਦਾ, ਮੁਜ਼ਾਰਿਆਂ ਦਾ, ਹਰੀਜਨਾਂ ਦਾ ਸੁਧਾਰ ਕਰਨਾ ਚਾਹੁੰਦੇ ਹੋ ਤਾਂ ਇਨ੍ਹਾਂ ਦੇ ਅੰਕੜਿਆਂ ਵਲ ਨਾ ਜਾਣਾ।

ਡਿਪਟੀ ਸਪੀਕਰ ਸਾਹਿਬ, ਜਦੋਂ ਇਥੇ ਫੈਮਿਲੀ ਯੂਨਿਟ ਦੀ ਗਲ ਹੋਈ ਤਾਂ ਕਈ ਵਡੇ ਵਡੇ ਜ਼ਿਮੀਂਦਾਰਾਂ ਨੇ ਆਪਣੀਆਂ ਪਤਨੀਆਂ ਤੋਂ ਵਖਰੇ ਹੋ ਗਏ......(ਵਿਘਨ)

ਡਿਪਟੀ ਸਪੀਕਰ ਸਾਹਿਬ, ਮੈਂ ਇਕੱਲਿਆਂ ਅਕਾਲੀ ਵੀਰਾਂ ਨੂੰ ਨਹੀਂ ਕਹਿੰਦਾ। ਇਸ ਸੂਬੇ ਵਿਚ, ਇਸ ਪ੍ਰਦੇਸ਼ ਵਿਚ ਵਸਣ ਵਾਲੇ ਲੈਂਡ ਲਾਰਡਜ਼ ਨੂੰ ਕਹਿੰਦਾ ਹਾਂ, ਮੈਂ ਇਸ ਸੂਬੇ ਵਿਚ ਵਸਣ ਵਾਲੇ ਸਰਮਾਇਆਦਾਰਾਂ ਨੂੰ ਕਹਿੰਦਾ ਹਾਂ ਕਿ ਉਹ ਦੇਸ਼ ਨਾਲ ਕੋਈ ਹਿੱਤ ਨਹੀਂ ਕਰਦੇ। ਮੈਨੂੰ ਬੜੀ ਖੁਸ਼ੀ ਹੋਈ ਜਦੋਂ ਮੈਂ ਸਰਦਾਰ ਜਸਵਿੰਦਰ ਸਿੰਘ ਬਰਾੜ ਬਾਰੇ ਟਰਿਬਿਊਨ ਵਿਚ ਪੜ੍ਹਿਆ, ਦੀ ਯੰਗੈਸਟਰ ਲਾਅ ਗਰੈਜੂਏਟ, ਛੋਟਾ ਜਿਹਾ ਜ਼ਿਮੀਂਦਾਰ, ਜਿਸਦੀ ਉਮਰ (ਵਿਘਨ) ਸਿਰਫ਼ 38 ਸਾਲ ਹੀ ਹੈ ਔਰ ਜਿਸ ਦੇ ਹੱਥਾਂ ਵਿਚ ਅਕਾਲੀ ਲੈਜਿਸਲੇਟਰਜ਼ ਦੀ ਬਾਗਡੋਰ ਹੈ, ਉਸ ਦਾ ਕੰਡੱਕਟ ਹਾਊਸ ਵਿਚ ਬਹੁਤ ਅੱਛਾ ਹੈ, (ਵਿਘਨ) ਇਸ ਵਕਤ ਪੰਜਾਬ ਵਿੱਚ ਮਜ਼ਬੂਤ ਆਪੋਜ਼ੀਸ਼ਨ ਦੀ ਲੋੜ ਹੈ. ਜੇ ਕਰ ਮਜ਼ਬੂਤ ਆਪੋਜ਼ੀਸ਼ਨ ਨਹੀਂ ਹੋਵੇਗੀ ਤਾਂ ਇਥੇ (ਟਰੈਜ਼ਰੀ ਬੈਂਚਿਜ਼ ਵਲ ਇਸ਼ਾਰਾ ਕਰਦੇ ਹੋਏ) ਇਨ੍ਹਾਂ ਬੈਂਚਾਂ ਤੇ ਬੈਠਣ ਵਾਲੇ ਲੋਕ ਸੌਂ ਜਾਣਗੇ। ਸਟਰਾਂਗ ਆਪੋਜ਼ੀਸ਼ਨ ਕਿਸ ਤਰ੍ਹਾਂ ਹੋ ਸਕਦੀ ਹੈ, ਇਹ ਤਾਂ ਹੀ ਹੋ ਸਕਦੀ ਹੈ ਜੇ ਛੱਡੋ ਪੁਰਾਣੀਆਂ ਦਾਅਵੇਦਾਰੀਆਂ, ਜੇ ਛੱਡੋ ਪੁਰਾਣੀਆਂ ਠੇਕੇਦਾਰੀਆਂ। (ਵਿਘਨ) ਅਕਾਲੀ ਦਲ ਬਾਰੇ ਮੈਂ ਕੁਝ ਨਹੀਂ ਕਹਿੰਦਾ। ਅਕਾਲੀ ਦਲ ਤਾਂ ਉਹ ਜਮਾਤ ਹੈ ਜਿਸ ਨੇ ਦੇਸ਼ ਲਈ ਕੁਰਬਾਨੀਆਂ ਵਿਚ ਬੜ੍ਹ ਚੜ੍ਹ ਕੇ ਹਿਸਾ ਲਿਆ। ਅਕਾਲੀ ਦਲ ਉਹ ਜਮਾਤ ਹੈ ਜਿਸ ਨੇ ਸਵਰਨ ਸਿੰਘ ਪੈਦਾ ਕੀਤਾ, ਹੁਕਮ ਸਿੰਘ ਪੈਦਾ ਕੀਤਾ। ਅਕਾਲੀ ਦਲ ਉਹ ਜਮਾਤ ਹੈ

ਜਿਸ ਨੇ ਸਾਡਾ ਹੁਣ ਦਾ ਚੀਫ ਮਨਿਸਟਰ ਪੈਦਾ ਕੀਤਾ, ਅਕਾਲੀ ਦਲ ਉਹ ਜਮਾਤ ਹੈ ਜਿਸ ਨੇ ਸਾਡਾ ਵਿਦਿਆ ਮੰਤਰੀ ਪੈਦਾ ਕੀਤਾ (ਵਿਘਨ) ਉਸ ਨੂੰ ਮੈਂ ਬੁਰਾ ਨਹੀਂ ਕਹਿੰਦਾ, ਉਸ ਨੂੰ ਹੁਣ ਸੁਧਾਰੋ, ਉਸ ਨੂੰ ਸੁਧਾਰਣ ਦੀ ਲੋੜ ਹੈ । (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਮੌਜੂਦਾ ਅਕਾਲੀ ਦਲ ਬਾਰੇ ਇਹ ਅਰਜ਼ ਕਰਨੀ ਚਾਹੁੰਦਾ ਹਾਂ (ਵਿਘਨ) ਮੈਂ ਕਹਿੰਦਾ ਹਾਂ ਕਿ ਅਕਾਲੀ ਦਲ ਮਾੜੀ ਜਮਾਤ ਨਹੀਂ । ਇਸ ਨੂੰ ਪੁਲੀਟੀਕਲ ਜਮਾਤ ਬਣਾਉ, ਇਸ ਦਾ ਕੋਈ ਆਰਥਿਕ ਪ੍ਰੋਗਰਾਮ ਬਣਾਉ । ਤੁਸੀਂ ਕਹਿੰਦੇ ਹੋ ਕਿ ਅਕਾਲੀ ਦਲ ਨੇ ਮੋਰਚਾ ਲਾਇਆ, ਆਜ਼ਾਦੀ ਦੀ ਜੰਗ ਲੜੀ ਕੇਸਰੀ ਝੰਡੇ ਥਲੇ। ਮੈਂ ਕਹਿੰਦਾ ਹਾਂ ਕਿ ਇਸ ਕੇਸਰੀ ਝੰਡੇ ਦੇ ਥੱਲੇ ਤੁਸੀਂ ਕੱਲੇ ਨਹੀਂ ਲੜੇ, ਮੈਂ ਕੇਸਰੀ ਝੰਡੇ ਦਾ ਇਹਤਰਾਮ ਕਰਦਾ ਹਾਂ, ਇਸ ਦੇ ਥੱਲੇ ਪ੍ਰਾਈਮ ਮਨਿਸਟਰ ਇੰਦਰਾ ਗਾਂਧੀ ਜੀ ਦੇ ਪਿਤਾ ਪੰਡਿਤ ਜਵਾਹਰ ਲਾਲ ਨਹਿਰੂ ਨੇ ਵੀ ਮੋਰਚਾ ਲਾਇਆ । ਮੈਂ ਕਹਿੰਦਾ ਹਾਂ ਕਿ ਇਸ ਝੰਡੇ ਦਾ ਇਹਤਰਾਮ ਹੋਣਾ ਚਾਹੀਦਾ ਹੈ । (ਵਿਘਨ) ਮੈਂ ਕਹਿਣਾ ਚਾਹੁੰਦਾ ਹਾਂ ਕਿ ਸੂਬੇ ਦੀ ਚਾਰ ਸਾਲ ਦੀ ਇਨਸਟੇਬਿਲਿਟੀ ਦੇ ਦੌਰਾਨ ਸੂਬੇ ਦੀ ਇੰਡਸਟਰੀ ਤਬਾਹ ਹੋਈ । ਇਨਸਟੇਬਲ ਮਨਿਸਟਰੀ ਹੋਣ ਕਰਕੇ ਹੀ ਸਰਮਾਇਆਦਾਰ ਲੋਕਾਂ ਨੇ, ਇੰਡਸਟਰੀਆਲਿਸਟਸ ਨੇ, ਇੰਡਸਟਰੀ ਤੇ ਇਸ ਸੂਬੇ ਵਿਚ ਸਰਮਾਇਆ ਲਾਉਣਾ ਬੰਦ ਕਰ ਦਿਤਾ (ਵਿਘਨ) (ਅਵਾਜ਼ਾਂ : ਉਹ ਤਾਂ ਜੰਗ ਦੇ ਕਾਰਨ ਬੰਦ ਕਰ ਕੇ ਦੌੜੇ) ਇਥੋਂ ਦੇ ਸਰਮਾਇਆਦਾਰ ਜੰਗ ਦੇ ਕਾਰਨ ਨਹੀਂ ਦੌੜੇ (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਇੰਡਸਟਰੀ ਬਾਰੇ ਅਰਜ਼ ਕਰ ਰਿਹਾ ਸੀ ਕਿ ਸੂਬੇ ਦੀ ਇੰਡਸਟਰੀ ਤਬਾਹ ਹੋ ਗਈ । ਇੰਡਸਟਰੀ ਨੂੰ ਬਹਾਲ ਕਰਨ ਵਾਸਤੇ ਸਰਮਾਇਆਦਾਰਾਂ ਨੂੰ ਕਾਨਫੀਡੈਂਸ ਜ਼ਰੂਰੀ ਚਾਹੀਦਾ ਹੈ (ਵਿਘਨ) ਇਥੋਂ ਨਾਅਰੇ ਲਾਏ ਗਏ, ਜਲੂਸ ਕੱਢੇ ਗਏ ਅਤੇ ਸਰਮਾਇਆਦਾਰ ਇਥੋਂ ਭਜਿਆ । (ਵਿਘਨ) ਮੈਂ ਦਸਦਾ ਹਾਂ ਕਿ ਕਿਸ ਤਰ੍ਹਾਂ ਦੇ ਨਾਅਰੇ ਲਾਏ ਗਏ । ਨਾਅਰੇ ਲਾਏ ਗਏ "ਖਿੜਿਆ ਫੁਲ ਗੁਲਾਬ ਦਾ ਚੰਡੀਗੜ੍ਹ ਪੰਜਾਬ ਦਾ", ਛੁਟੀਆਂ ਕੀਤੀਆਂ ਗਈਆਂ, ਦੀਵੇ ਜਗਾਏ ਗਏ, ਖੁਸ਼ੀਆਂ ਮਨਾਈਆਂ ਗਈਆਂ । ਪਰ ਉਹ ਖਿੜਿਆ ਫੁਲ ਪੰਜਾਬ ਦਾ ਚੰਡੀਗੜ੍ਹ ਪੰਜਾਬ ਵਿਚ ਨਾ ਆਇਆ । (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਇਸ ਮਾਹੌਲ ਨੂੰ ਬਦਲੋ । ਉਹ ਛੱਡ ਦਿਓ ਪੁਰਾਣੀਆਂ ਅਰਦਾਸਾਂ, ਅਰਦਾਸਾਂ ਦਾ ਮੁੱਲ ਬਹੁਤ ਮਹਿੰਗਾ ਪੈਂਦਾ ਹੈ (ਵਿਘਨ)

ਸਰਦਾਰ ਰਣਧੀਰ ਸਿੰਘ ਚੀਮਾ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਆਨਰੇਬਲ ਮੈਂਬਰ ਸਾਹਿਬ ਨੇ ਕਿਹਾ ਹੈ। ਕਿ ਸਾਡੇ ਟਾਈਮ ਵਿਚ ਇੰਡਸਟਰੀ ਤਬਾਹ ਹੋਈ ਹੈ...... ਵਿਘਨ ।

ਸ੍ਰੀ ਡਿਪਟੀ ਸਪੀਕਰ : ਇਹ ਪੁਆਇੰਟ ਆਫ਼ ਆਰਡਰ ਨਹੀਂ ਇਹ ਇੰਟਰਪਸ਼ਨ ਹੈ, Please resume your seat (ਵਿਘਨ) I cannot allow you. (*Interruption.*) (It is not a point of order it is an interruption. Please resume your seat. I cannot allow you) (*Interruption*).

ਸਰਦਾਰ ਰਣਧੀਰ ਸਿੰਘ ਚੀਮਾ : ਡਿਪਟੀ ਸਪੀਕਰ ਸਾਹਿਬ, ਤੁਸੀਂ ਮੈਨੂੰ ਪਹਿਲਾਂ ਸੁਣ ਤਾਂ ਲਵੋ (ਵਿਘਨ)

ਸ੍ਰੀ ਡਿਪਟੀ ਸਪੀਕਰ: ਮੇਰੀ ਆਨਰੇਬਲ ਮੈਂਬਰ ਸਾਹਿਬਾਨ ਦੀ ਖ਼ਿਦਮਤ ਵਿਚ ਬੇਨਤੀ ਹੈ ਕਿ ਗਵਰਨਰ ਸਾਹਿਬ ਦੇ ਐਡਰੈਸ ਤੇ ਬਹਿਸ ਹੋ ਰਹੀ ਹੈ, ਕੋਈ ਖ਼ਾਸ ਗਲ ਹੋਵੇ ਤਾਂ ਪੁਆਇੰਟ ਆਫ ਆਰਡਰ ਕਰੋ ਐਵੇਂ ਨਾ ਕਰੋ । ਜੇ ਕੋਈ ਕੰਸਟਰਕਟਿਵ ਗਲ ਹੋਵੇਗੀ ਤਾਂ ਟਾਈਮ ਮਿਲੇਗਾ ਵਰਨਾ ਨਹੀਂ । (I will request the hon. Members not to raise points of order without any justification. Let the discussion on Governor's Address proceed. The hon. Members will be allowed to speak, if they have any constructive suggestion.)

ਸਰਦਾਰ ਰਣਧੀਰ ਸਿੰਘ ਚੀਮਾਂ: ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਇਹ ਗਲਤ ਗਲ ਕਰ ਰਹੇ ਹਨ (ਵਿਘਨ)

ਚੌਧਰੀ ਦਰਸ਼ਨ ਸਿੰਘ: (ਆਪੋਜ਼ੀਸ਼ਨ ਵੱਲ ਇਸ਼ਾਰਾ ਕਰਦੇ ਹੋਏ) ਤੁਸੀਂ ਜਵਾਬ ਦਿਓ ਇੰਡਸਟਰੀ ਵਧੀ ਹੈ ? (ਵਿਘਨ) ਅਸੀਂ 20 ਸਾਲ ਇਥੇ ਨਾਅਰੇ ਨਹੀਂ ਲਾਏ । ਅਸੀਂ ਇਥੇ ਇਸ ਤਰ੍ਹਾਂ ਨਹੀਂ ਕਿਹਾ ਕਿ ਅਸੀਂ ਸੜ ਕੇ ਮਰਾਂਗੇ (ਵਿਘਨ) ਕਿਸੇ ਨੇ ਬਾਬਾ ਜੀ ਤੋਂ ਪੁਛਿਆ ਕਿ ਤੁਸੀਂ ਕਿਹਾ ਹੈ ਕਿ ਤੁਸੀਂ ਸੜ ਕੇ ਮਰੋਗੇ ਤਾਂ ਬਾਬਾ ਜੀ ਨੇ ਕਿਹਾ ਕਿ ਲੋਕਾਂ ਨੇ ਗਲਤ ਸੁਣਿਆ ਹੈ । ਮੈਂ ਤਾਂ ਕਿਹਾ ਸੀ ਕਿ ਮੈਂ ਤਾਂ ਮਰ ਕੇ ਸੜਾਂਗਾ । (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਗਿਆਨੀ ਜੀ ਨੂੰ ਚਾਹੀਦਾ ਹੈ ਕਿ ਉਹ ਇੰਡਸਟਰੀਆਲਿਸਟਸ, ਉਹ ਸਰਮਾਇਆਦਾਰ ਜਿਹੜੇ ਬਾਹਰਲਿਆਂ ਸੂਬਿਆਂ ਵਿਚ ਵਸਣ ਵਾਲੇ ਪੰਜਾਬੀ ਹਨ ਉਨ੍ਹਾਂ ਵਿਚ ਕਾਨਫੀਡੈਂਸ ਕਰੀਏਟ ਕਰੋ, ਸੂਬੇ ਦਾ ਮਾਹੌਲ ਬਦਲੋ, ਅਤੇ ਉਨ੍ਹਾਂ ਨੂੰ ਸਿੱਧ ਕਰਕੇ ਦਿਖਾਓ ਕਿ ਪੰਜਾਬ ਵਿਚ ਵਸਣ ਵਾਲੇ ਹਿੰਦੂ ਸਿਖ ਇਕ ਹਨ, ਇਥੇ ਕਿਸੇ ਵਿਚ ਕੋਈ ਮੱਤ ਭੇਦ ਨਹੀਂ ਹੈ । ਤਾਂ ਹੀ ਪੰਜਾਬ ਵਿਚ ਇੰਡਸਟਰੀ ਲਗ ਸਕੇਗੀ । ਮੈਂ ਗਿਆਨੀ ਜੀ ਨੂੰ ਕਹਾਂਗਾ ਕਿ ਸੈਂਟਰ ਤੇ ਵੀ ਇੰਡਸਟਰੀ ਲਾਉਣ ਵਾਸਤੇ ਜ਼ੋਰ ਪਾਉਣ । ਸੈਂਟਰ ਨੇ 450 ਕਰੋੜ ਦੀ ਇੰਡਸਟਰੀ ਲਾਈ ਪਰ ਪੰਜਾਬ ਦੇ ਵਿਚ ਸਿਰਫ਼ 32 ਕਰੋੜ ਰੁਪਏ ਦੀ ਇੰਡਸਟਰੀ ਲਗੀ । ਉਸ 32 ਕਰੋੜ ਰੁਪਏ ਨਾਲ ਨੰਗਲ ਫ਼ਰਟੇਲਾਈਜ਼ਰ ਫ਼ੈਕਟਰੀ ਲੱਗੀ, ਜਿਸ ਵਿਚ ਘਾਟਾ ਪੈ ਰਿਹਾ ਹੈ । ਜਿਹੜੀ ਪੰਜਾਬ ਦੇ ਹਿੱਸੇ ਦੀ ਬਿਜਲੀ ਸੀ, ਜਿਹੜੀ ਬਿਜਲੀ ਸਾਡੇ ਹਿਸੇ ਵਿਚ ਆਉਣੀ ਸੀ, ਉਸ ਦਾ ⅓ ਹਿੱਸਾ ਉਹ ਫ਼ਰਟੇਲਾਈਜ਼ਰ ਫੈਕਟਰੀ ਵਿਚ ਕੰਜ਼ਿਊਮ ਹੋ ਜਾਂਦਾ ਹੈ । ਔਰ ਇਹ ਬਿਜਲੀ ਉਸ ਫੈਕਟਰੀ ਨੂੰ ਨਾਮੀਨਲ ਰੇਟ ਤੇ ਦਿੱਤੀ ਜਾਂਦੀ ਹੈ । ਬਿਜਲੀ ਨਾਮੀਨਲ ਰੇਟ ਤੇ ਸਪਲਾਈ ਕਰਨ ਦੇ ਕਾਰਨ ਪੰਜਾਬ ਨੂੰ ਹਰ ਸਾਲ ਉਸ ਫੈਕਟਰੀ ਤੋਂ 5 ਕਰੋੜ ਰੁਪਏ ਦਾ ਘਾਟਾ ਪੈਂਦਾ ਹੈ ਜਦੋਂ ਫਰਟੇਲਾਈਜ਼ਰ ਸਾਨੂੰ ਮਹਿੰਗੇ ਰੇਟਸ ਤੇ ਦਿਤਾ ਜਾਂਦਾ ਹੈ ਤਾਂ ਫਿਰ ਉਹ 5 ਕਰੋੜ ਰੁਪਏ ਦਾ ਘਾਟਾ ਹਰ ਸਾਲ ਪੰਜਾਬ ਕਿਉਂ ਭਰੇ ? ਮੈਂ ਦਸਣਾ ਚਾਹੁੰਦਾ ਹਾਂ ਕਿ 32 ਕਰੋੜ ਰੁਪਏ ਦੀ ਇੰਡਸਟਰੀ ਲਗੀ ਸੀ, ਜਿਸ ਲਈ ਪੰਜਾਬ ਨੂੰ 50 ਕਰੋੜ ਰੁਪਏ ਘਾਟਾ ਪੈ ਚੁਕਾ ਹੈ । ਮੈਂ ਚੀਫ ਮਨਿਸਟਰ ਸਾਹਿਬ ਨੂੰ ਅਰਜ਼ ਕਰਾਂਗਾ ਕਿ ਉਹ ਸੈਂਟਰ ਤੇ ਜ਼ੋਰ ਪਾਉਣ ਕਿ ਪੰਜਾਬ ਨੂੰ ਹੈਵੀ ਇੰਡਸਟਰੀ ਅਤੇ ਦੂਸਰੀ ਇੰਡਸਟਰੀ ਮਿਲਣੀ ਚਾਹੀਦੀ ਹੈ । (ਵਿਘਨ)

ਸ੍ਰੀ ਡਿਪਟੀ ਸਪੀਕਰ: ਚੌਧਰੀ ਸਾਹਿਬ, ਤੁਸੀਂ 20 ਮਿੰਟ ਬੋਲ ਚੁਕੇ ਹੋ ਅਤੇ 5 ਮਿੰਟ ਹੋਰ ਲੈ ਲਵੋ । (Chaudhri Sahib, you have taken 20 minutes. Now please wind up within five minutes.)

ਚੌਧਰੀ ਦਰਸ਼ਨ ਸਿੰਘ : ਮੈਂ 10 ਮਿੰਟਾਂ ਵਿਚ ਖ਼ਤਮ ਕਰ ਦਿਆਂਗਾ ਜੀ । ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਇਕ ਅਰਜ਼ ਕਰਨੀ ਚਾਹੁੰਦਾ ਹਾਂ, ਪੰਜਾਬ ਦੇ ਕਿਸਾਨ ਬਾਰੇ । ਪੰਜਾਬ ਇਕ ਐਗਰੀਕਲਚਰਲ ਸੂਬਾ ਹੈ । ਮੈਂ ਆਪਣੇ ਅਕਾਲੀ ਭਰਾਵਾਂ ਨੂੰ ਇਕ ਗਲ ਕਹਿਣਾ ਚਾਹੁੰਦਾ ਹਾਂ । (ਵਿਘਨ) ਮੈਂ, ਡਿਪਟੀ ਸਪੀਕਰ ਸਾਹਿਬ, ਕਹਿਣਾ ਚਾਹੁੰਦਾ ਹਾਂ ਕਿ ਸਾਡੇ ਪੰਜਾਬ ਦੀ 75% ਆਬਾਦੀ ਖੇਤੀ ਬਾੜੀ ਤੇ ਨਿਰਭਰ ਹੈ । ਪੰਜਾਬ ਦੀ ਜਿਸ ਵੇਲੇ ਦੋ ਵਾਰ ਤਕਸੀਮ ਹੋਈ ਤਾਂ ਵੀ ਤਬਾਹੀ ਹੋਈ, ਫਿਰ ਦੋ ਤਿੰਨ ਵੇਰ ਲੜਾਈ ਹੋਈ ਤਾਂ ਤਬਾਹੀ ਹੋਈ । ਪੰਜਾਬ ਦੇ ਕਿਸਾਨ ਉਤੇ ਟੈਕਸ ਲਗਾਏ ਗਏ, ਸਰਚਾਰਜ ਲਗਾਇਆ, ਲੋਕਲ ਸਰਚਾਰਜ ਲਗਾਇਆ, ਸੈਸ ਲਗਿਆ, ਪਰ ਉਸ ਨੇ ਇਨਕਾਰ ਨਹੀਂ ਕੀਤਾ ਅਤੇ ਉਸ ਦੇ ਮੁਕਾਬਲੇ ਸ਼ਹਿਰਾਂ ਵਿਚ ਵਸਣ ਵਾਲੇ ਲੋਕ ਸੇਲਜ਼ ਟੈਕਸ ਦੀ ਚੋਰੀ ਕਰਦੇ ਹਨ, ਇਨਕਮ ਟੈਕਸ ਦੀ ਚੋਰੀ ਕਰਦੇ ਹਨ, ਪਰ ਇਹ ਗਰੀਬ ਕਿਸਾਨ ਇਸ ਕਿਸਮ ਦੀ ਕੋਈ ਚੋਰੀ ਨਹੀਂ ਕਰ ਸਕਦਾ । ਮੈਂ ਅਰਜ਼ ਕਰਾਂ ਕਿ ਇਸ ਵਕਤ ਸਾਡਾ 50 ਲੱਖ ਟਨ ਉਪਜ ਸੈਂਟਰ ਸਰਕਾਰ ਨੂੰ ਦੇਣ ਦਾ ਟੀਚਾ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਕਰ ਕਾਗਜ਼ ਜਾਂ ਪੈਂਸਲ ਲੈਣੀ ਹੋਵੇ ਤਾਂ ਅਸੀਂ ਜਦੋਂ ਦੁਕਾਨ ਤੇ ਜਾਂਦੇ ਹਾਂ ਤਾਂ ਉਨ੍ਹਾਂ ਦਾ ਭਾਅ ਕੌਣ ਦਸਦਾ ਹੈ ? ਉਨ੍ਹਾਂ ਦਾ ਭਾਅ ਦਸਦਾ ਹੈ ਦੁਕਾਨਦਾਰ । ਫ਼ਰਜ਼ ਕਰੋ ਅਗਰ ਉਸ ਨੇ 12 ਆਨੇ ਮੰਗ ਲਏ ਤਾਂ ਜੇ ਅਸੀਂ ਕਹੀਏ ਕਿ 8 ਆਨੇ ਲੈ ਲਉ ਜਾਂ ਕੁਝ ਘੱਟ ਲੈ ਲਉ ਤਾਂ ਦੁਕਾਨਦਾਰ ਦੇ ਇਹ ਲਫ਼ਜ਼ ਹੁੰਦੇ ਹਨ ਕਿ ਲੈਣੀ ਹੈ ਤਾਂ ਲੈ ਨਹੀਂ ਚਲ ਅਗੇ । ਪਰ ਇਸ ਦੇ ਉਲਟ ਕਣਕ ਪੈਦਾ ਕਰਨ ਵਾਲੇ ਦਾ ਭਾਅ ਕੌਣ ਦਸਦਾ ਹੈ, ਉਸ ਦਾ ਮੁਲ ਦਸਦਾ ਹੈ ਖਰੀਦਣ ਵਾਲਾ....

ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਸਾਨੂੰ ਗਿਆਨੀ ਜੀ ਦੀ ਰਾਹੀਂ ਜ਼ੋਰ ਨਾਲ ਆਵਾਜ਼ ਉਠਾਉਣੀ ਚਾਹੀਦੀ ਹੈ ਤਾਕਿ ਕਿਸਾਨ ਨੂੰ ਸਪੋਰਟਿੰਗ ਪਰਾਈਸਿਜ਼ ਮਿਲ ਸਕਣ ।

ਡਿਪਟੀ ਸਪੀਕਰ ਸਾਹਿਬ, ਫਿਰ 18 ਲੱਖ ਟਨ ਚੌਲਾਂ ਦਾ ਟੀਚੇ ਦੀ ਗਲ ਹੈ । ਡਿਪਟੀ ਸਪੀਕਰ ਸਾਹਿਬ, ਇਹ ਸੂਬਾ ਹਿੰਦੋਸਤਾਨ ਵਿਚ ਚੌਲਾਂ ਦੇ ਮਾਮਲੇ ਵਿਚ ਵੀ ਚੀਫ ਐਕਸਪੋਰਟਰ ਬਣ ਰਿਹਾ ਹੈ (ਤਾੜੀਆਂ) ਔਰ ਕਣਕ ਦੇ ਮਾਮਲੇ ਵਿਚ ਤਾਂ ਇਹ ਅੱਗੇ ਹੀ ਬਣਿਆ ਹੋਇਆ ਹੈ ਪਰ ਇਹ ਤਾਂ ਹੀ ਹੋ ਸਕਦਾ ਹੈ ਜੇਕਰ ਗਰੋਅਰ ਨੂੰ ਉਸ ਦੀ ਪੈਦਾਵਾਰ ਦੀਆਂ ਪੂਰੀਆਂ ਕੀਮਤਾਂ ਮਿਲਣ । ਇਸ ਲਈ ਮੇਰੀ ਸਰਕਾਰ ਪਾਸ ਬੇਨਤੀ ਹੈ ਕਿ ਉਹ ਇਸ ਪਾਸੇ ਵਿਸ਼ੇਸ਼ ਧਿਆਨ ਦੇਵੇ ।

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਮੰਡ ਦੇ ਏਰੀਏ ਬਾਰੇ ਵੀ ਬੇਨਤੀ ਕਰਨਾ ਚਾਹੁੰਦਾ ਹਾਂ । ਮੰਡ ਵਿਚ ਵੱਡੇ ਵੱਡੇ ਅਫ਼ਸਰਾਂ ਨੇ ਫ਼ਾਰਮ ਬਣਾਏ ਹੋਏ ਹਨ । ਕਿਸੇ ਅਫ਼ਸਰ ਨੇ ਤਿੰਨ ਸੌ ਏਕੜ ਜ਼ਮੀਨ ਰਖੀ ਹੋਈ ਹੈ ਕਿਸੇ ਨੇ ਪੰਜ ਸੌ ਏਕੜ ਤੇ ਕਬਜ਼ਾ ਕੀਤਾ ਹੋਇਆ ਹੈ । ਇਸੇ ਤਰ੍ਹਾਂ ਹੀ ਜ਼ਿਮੀਦਾਰਾਂ ਨੇ ਵੀ ਵੱਡੇ ਵੱਡੇ ਫ਼ਾਰਮ ਬਣਾਏ ਹੋਏ ਹਨ ਔਰ ਦੂਜੇ ਪਾਸੇ ਤੁਸੀਂ ਆਖਦੇ ਹੋ ਕਿ ਲੈਂਡ ਰੀਫਾਰਮਜ਼ ਕੀਤੀਆਂ ਜਾਣਗੀਆਂ । ਮੇਰਾ ਸੁਝਾਓ ਹੈ ਕਿ ਸਭ ਤੋਂ ਪਹਿਲਾਂ ਅਫ਼ਸਰਾਂ ਦੀ ਇਨਕੁਆਰੀ ਕਰਾਈ ਜਾਵੇ । ਇਕ ਕਮਿਸ਼ਨ ਨਿਯੁਕਤ ਕਰੋ ਜਿਹੜਾ ਕਿ ਇਨ੍ਹਾਂ ਅਫ਼ਸਰਾਂ ਦੀ ਜਾਇਦਾਦ ਦੀ ਇਨਕੁਆਇਰੀ ਕਰੇ ।

ਆਪੋਜ਼ੀਸ਼ਨ ਵਲੋਂ ਆਵਾਜ਼ਾਂ : ਇਹ ਤੁਹਾਡੀ ਪੁਰਾਣੀ ਸਰਕਾਰ ਦੇ ਹੀ ਕੰਮ ਹਨ ।

ਚੌਧਰੀ ਦਰਸ਼ਨ ਸਿੰਘ : ਡਿਪਟੀ ਸਪੀਕਰ ਸਾਹਿਬ ਮੇਰੀ ਬੇਨਤੀ ਹੈ ਕਿ **Government is a continuing process.** ਭਾਵੇਂ ਉਹ ਸਾਡੀ ਹੈ ਜਾਂ ਤੁਹਾਡੀ (ਪ੍ਰਸ਼ੰਸਾ) ਪਰ ਇਕ ਗਲ ਮੈਂ ਦਾਹਵੇ ਨਾਲ ਕਹਿੰਦਾ ਹਾਂ ਕਿ ਇਹ ਅਫ਼ਸਰ ਨਾ ਤੁਹਾਡੇ ਹਨ ਅਤੇ ਨਾ ਸਾਡੇ । ਜੇਕਰ ਤੁਹਾਡੀ ਸਰਕਾਰ ਹੋਵੇਗੀ ਤਾਂ ਇਹ ਆਖਣਗੇ ਕਿ ਕਾਂਗਰਸ ਨੇ ਬੜਾ ਤੰਗ ਕੀਤਾ ਹੋਇਆ ਸੀ । ਇਨ੍ਹਾਂ ਨੇ ਇਹ ਕੰਮ ਗਲਤ ਕੀਤਾ ਹੈ ਉਹ ਗਲਤ ਕੀਤਾ ਹੈ ਔਰ ਜੇਕਰ ਕਾਂਗਰਸ ਦੀ ਹਕੂਮਤ ਆਵੇ ਤਾਂ ਕਹਿੰਦੇ ਹਨ ਕਿ ਅਕਾਲੀਆਂ ਨੇ ਬੜਾ ਹੀ ਤੰਗ ਕੀਤਾ ਹੋਇਆ ਸੀ । ਸੋ ਡਿਪਟੀ ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਇਨ੍ਹਾਂ ਅਫ਼ਸਰਾਂ ਨੇ ਆਪਣੀ ਵਾਈਫ ਦੇ ਨਾਉਂ, ਆਪਣੇ ਬੱਚਿਆਂ ਦੇ ਨਾਉਂ ਜ਼ਮੀਨ ਲਗਾਈ ਹੋਈ ਹੈ ਜਿਸ ਦੀ ਕਿ ਇਨਕੁਆਇਰੀ ਹੋਣੀ ਚਾਹੀਦੀ ਹੈ । ਪਰ ਦੂਜੇ ਪਾਸੇ ਡਿਪਟੀ ਸਪੀਕਰ ਸਾਹਿਬ ਰਾਏ ਸਿੱਖ ਹਨ ਜਿਨ੍ਹਾਂ ਵਿਚਾਰਿਆਂ ਨੇ ਬੜੀ ਮਿਹਨਤ ਦੇ ਨਾਲ ਮੰਡ ਵਿਚ ਪੰਜ ਪੰਜ ਏਕੜ ਜ਼ਮੀਨ ਪੱਟੀ ਹੋਈ ਹੈ ਪਰ ਉਨ੍ਹਾਂ ਨੂੰ ਪਟਵਾਰੀ ਹੀ ਤੰਗ ਕਰ ਰਹੇ ਹਨ ਉਨ੍ਹਾਂ ਦੀਆਂ ਗਰਦਾਵਰੀਆਂ ਬਦਲ ਦਿੰਦੇ ਹਨ । ਇਸ ਲਈ ਮੇਰੀ ਬੇਨਤੀ ਹੈ ਕਿ ਉਹ ਪੰਜ ਪੰਜ ਕਿੱਲੇ ਜ਼ਮੀਨ ਬਿਨਾਂ ਗਰਦਾਵਰੀ ਦੀ ਪਰਵਾਹ ਕਰਦੇ ਹੋਏ ਰਾਏ ਸਿੱਖਾਂ ਪਾਸ ਰਹਿਣ ਦੇਣੀ ਚਾਹੀਦੀ ਹੈ ।

ਡਿਪਟੀ ਸਪੀਕਰ ਸਾਹਿਬ, ਇਸ ਤੋਂ ਅਗੇ ਮੈਂ ਹੁਣ ਇਕ ਗਲ ਕਹਿਣ ਲਗਾ ਹਾਂ ਜਿਹੜੀ ਕਿ ਸੂਬੇ ਵਾਸਤੇ ਬਹੁਤ ਹੀ ਇੰਪਾਰਟੈਂਟ ਹੈ ਔਰ ਉਹ ਹੈ ਬਿਜਲੀ ਦਾ ਮਸਲਾ । ਜੇਕਰ ਬਿਜਲੀ ਦੀ ਘਾਟ ਵਲ ਨਿਗਾਹ ਮਾਰੀਏ ਤਾਂ ਇਹ ਟੋਟਲ ਘਾਟ 258 ਮੈਗਾਵਾਟ ਹੈ ਔਰ ਅਗਲੇ ਸਾਲ ਇਹ ਘਾਟ ਵਧਕੇ 480 ਮੈਗਾਵਾਟ ਹੋ ਜਾਵੇਗੀ । ਇਸੇ ਤਰ੍ਹਾਂ ਹੀ ਇਹ ਘਾਟ ਵਧ ਕੇ 1978-79 ਵਿਚ 1186 ਮੈਗਾਵਾਟ ਹੋ ਜਾਵੇਗੀ । ਇਕ ਹਜ਼ਾਰ ਮੈਗਾਵਾਟ ਬਿਜਲੀ ਦੀ ਘਾਟ ਐਗਰੀਕਲਚਰਿਸਟਾਂ ਨੂੰ ਹੈ ਔਰ ਜੇਕਰ ਇੰਡਸਟਰੀ ਨੂੰ ਪੂਰੀ ਤਰ੍ਹਾਂ ਬਿਜਲੀ ਦਿਤੀ ਜਾਵੇ ਤਾਂ ਇਹ ਘਾਟ 2 ਹਜ਼ਾਰ ਮੈਗਾਵਾਟ ਹੋ ਜਾਂਦੀ ਹੈ ।

ਡਿਪਟੀ ਸਪੀਕਰ ਸਾਹਿਬ, ਥੀਨ ਡੈਮ ਬਾਰੇ ਕਿਤਨੇ ਚਿਰ ਤੋਂ ਚਰਚਾ ਚਲੀ ਆ ਰਹੀ ਹੈ ਪਰ ਸੈਂਟਰ ਦੀ ਸਰਕਾਰ ਕਲੀਅਰੈਂਸ ਹੀ ਨਹੀਂ ਦੇ ਰਹੀ ।

ਫਿਰ 31 ਮਾਰਚ, 1970 ਨੂੰ ਵਾਟਰ ਟਰੀਟੀ ਦੇ ਥਲੇ 100 ਕਰੋੜ ਰੁਪਿਆ ਹਿੰਦੁਸਤਾਨ ਨੇ ਦਿਤਾ ਹੈ ਪਰ ਪਾਣੀ ਫਿਰ ਵੀ ਪਾਕਿਸਤਾਨ ਨੂੰ ਜਾ ਰਿਹਾ ਹੈ ਅਗਰ ਉਸ ਪਾਣੀ ਨੂੰ ਏਥੇ ਵਰਤਿਆ ਜਾਵੇ ਤਾਂ ਉਸ ਨਾਲ 30 ਲੱਖ ਏਕੜ ਜ਼ਮੀਨ ਸੈਰਾਬ ਹੋ ਸਕਦੀ ਹੈ। (ਘੰਟੀ) ਬੱਸ ਜੀ ਤਿੰਨਾਂ ਮਿੰਟਾਂ ਵਿਚ ਵਾਈਂਡ ਅੱਪ ਕਰ ਦੇਵਾਂਗਾ । ਡਿਪਟੀ ਸਪੀਕਰ ਸਾਹਿਬ ਮੈਂ ਹਾਊਸ ਅਗੇ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਥੀਨ ਡੈਮ ਦੀ 91 ਕਰੋੜ ਰੁਪਏ ਦਾ ਪ੍ਰਾਜੈਕਟ ਹੈ ਸੈਂਟਰ ਤੇ ਜ਼ੋਰ ਦੇਣਾ ਚਾਹੀਦਾ ਹੈ ਤਾਂ ਕਿ ਇਸ ਸਾਲ ਇਹ ਪ੍ਰਾਜੈਕਟ ਤਿਆਰ ਹੋ ਜਾਵੇ । ਥਰਮਲ ਪਲਾਂਟ ਵੀ ਜੇਕਰ ਨਾਰਮਲ ਰੋਟੀਨ ਵਿਚ ਚਲੇ ਤਾਂ 110 ਮੈਗਾਵਾਟ ਹਰ ਸਾਲ ਬਿਜਲੀ ਪੈਦਾ ਕਰੇਗਾ । ਇਸ ਲਈ ਸਰਕਾਰ ਨੂੰ ਉਹ ਵੀ ਛੇਤੀ ਤਿਆਰ ਕਰਾਉਣਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਬਿਜਲੀ ਬੋਰਡ ਦੇ ਬਾਰੇ ਵੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਨੂੰ ਓਵਰਹਾਲ ਕੀਤਾ ਜਾਵੇ । ਜੇਕਰ ਇਹ ਆ ਗਏ ਤਾਂ ਇਨ੍ਹਾਂ ਨੇ ਆਪਣੇ ਆਦਮੀ ਲਗਾ ਲਏ ਜੇਕਰ ਗਿੱਲ ਸਾਹਿਬ ਆ ਗਏ ਤਾਂ ਉਨ੍ਹਾਂ ਨੇ ਆਪਣੇ ਲਗਾ ਦਿਤੇ ।

ਲਾਅ ਪ੍ਰੋਵਾਈਡ ਕਰਦਾ ਹੈ ਕਿ ਇਕ ਮੈਂਬਰ ਹੋਵੇ ਲੇਕਿਨ ਇਥੇ ਇਸ ਤਰ੍ਹਾਂ ਨਹੀਂ ਹੋ ਰਿਹਾ। ਡਿਪਟੀ ਸਪੀਕਰ ਸਾਹਿਬ, ਇਕ ਮੈਂਬਰ ਦੀ 1,800 ਰੁਪਏ ਮਹੀਨੇ ਤਨਖਾਹ ਮਿਲਦੀ ਹੈ। ਇਕ ਮੈਂਬਰ ਦੀ ਰਿੱਟ ਮਨਜ਼ੂਰ ਹੋ ਗਈ ਹੈ ਅਤੇ ਉਹ ਵੀ ਆ ਗਿਆ ਹੈ। ਉਹ ਕਹਿੰਦਾ ਹੈ ਕਿ ਮੈਂ ਹੀ ਇਸ ਬੋਰਡ ਦਾ ਮਾਲਕ ਹਾਂ।

ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਾਂ ਕਿ ਇਸ ਬੋਰਡ ਵਿਚ ਕੁਰੱਪਸ਼ਨ ਬਹੁਤ ਚਲ ਰਹੀ ਹੈ। ਐਡਮਿਨਿਸਟਰੇਟਿਵ ਮੈਂਬਰ ਸਾਰੇ ਸੰਸਾਰ ਦਾ ਦੌਰਾ ਕਰਕੇ ਆਉਂਦੇ ਹਨ ਅਤੇ ਚੀਜ਼ਾਂ ਖਰੀਦਣ ਜਾਂਦੇ ਹਨ। ਉਨ੍ਹਾਂ ਉਪਰ ਲੱਖਾਂ ਰੁਪਏ ਖਰਚ ਕੀਤੇ ਜਾ ਰਹੇ ਹਨ। ਉਨ੍ਹਾਂ ਦੀ ਫੈਮਿਲੀ ਵੀ ਸਾਰੇ ਸੰਸਾਰ ਦੀ ਸੈਰ ਕਰਦੀ ਹੈ। ਲੱਖਾਂ ਰੁਪਏ ਦੇ ਗ਼ਬਨ ਹੋ ਰਹੇ ਹਨ। ਇਸ ਲਈ ਇਸ ਦੀ ਓਵਰਹਾਲਿੰਗ ਹੋਣੀ ਚਾਹੀਦੀ ਹੈ। ਔਰ ਬਿਜਲੀ ਦੀ ਸ਼ਾਰਟਏਜ ਨੂੰ ਪੂਰਾ ਕਰਨ ਵਾਸਤੇ ਵੀ ਸਾਨੂੰ ਦੋ ਤਿੰਨ ਹੋਰ ਪ੍ਰਾਜੈਕਟ ਲਗਾਉਣੇ ਚਾਹੀਦੇ ਹਨ।... (ਵਿਘਨ)

Mr. Deputy Speaker : Please wind up.

ਚੌਧਰੀ ਦਰਸ਼ਨ ਸਿੰਘ : ਡਿਪਟੀ ਸਪੀਕਰ ਸਾਹਿਬ, ਜਿਥੋਂ ਤਕ ਲੈਂਡ ਸੀਲਿੰਗ ਦਾ ਸਵਾਲ ਹੈ ਮੇਰੀ ਅਰਜ਼ ਹੈ ਕਿ ਸਰਕਾਰ ਦੇ ਕਹਿਣ ਮੁਤਾਬਿਕ, ਜਿਹੜੀ ਟਿਊਬਵੈੱਲ ਇਰੀ-ਗੇਟਿਡ ਲੈਂਡ ਹੈ ਉਸ ਦੀ ਕੀਮਤ ਤਾਂ ਛੇ ਆਨੇ ਹੋਵੇਗੀ ਔਰ ਜਿਹੜੀ ਨਹਿਰੀ ਹੈ ਉਸਦੀ ਕੀਮਤ ਇਕ ਰੁਪਿਆ ਸਮਝੀ ਜਾਵੇਗੀ। ਸਪੀਕਰ ਸਾਹਿਬ, ਜੇਕਰ ਇਸ ਤਰ੍ਹਾਂ ਕੀਤਾ ਗਿਆ ਤਾਂ ਲੋਕ ਨਹਿਰੀ ਪਾਣੀ ਲੈਣਾ ਬੰਦ ਕਰ ਦੇਣਗੇ ਕਿਉਂਕਿ ਉਨ੍ਹਾਂ ਦੀ ਜ਼ਮੀਨ ਕੱਟੀ ਜਾਣੀ ਹੈ। ਜੇਕਰ ਬਿਜਲੀ ਨਹੀਂ ਹੋਵੇਗੀ ਤਾਂ ਕਿਸਾਨ ਆਪਣੀ ਬੰਬੀ ਲਗਾ ਲੈਣਗੇ ਤਾਂਕਿ ਜ਼ਮੀਨ ਸਰਪਲਸ ਨਾ ਹੋ ਸਕੇ। ਇਸ ਲਈ ਸਰਕਾਰ ਪਾਸ ਮੇਰੀ ਬੇਨਤੀ ਹੈ ਕਿ ਸੀਲਿੰਗ ਕਰਦੇ ਸਮੇਂ ਇਸ ਗਲ ਦਾ ਵੀ ਧਿਆਨ ਰਖਿਆ ਜਾਵੇ।

ਫਿਰ ਡਿਪਟੀ ਸਪੀਕਰ ਸਾਹਿਬ, ਇਸ ਐਡਰੈਸ ਵਿਚ ਗਵਰਨਰ ਸਾਹਿਬ ਨੇ ਕੋਈ ਫਿਕਰਾ ਨਹੀਂ ਲਿਖਿਆ ਕਿ ਇਥੇ ਟਾਪ ਹੈਵੀ ਐਡਮਿਨਿਸਟਰੇਸ਼ਨ ਹੈ ਅਤੇ ਇਸ ਨੂੰ ਘਟਾਉਣ ਲਈ ਸਰਕਾਰ ਉਪਰਾਲਾ ਕਰੇਗੀ। ਡਿਪਟੀ ਸਪੀਕਰ ਸਾਹਿਬ, ਤੁਸੀਂ ਸਿਰਫ ਕੋਅਪਰੇਟਿਵ ਸੋਸਾਇ-ਟੀਆਂ ਦੇ ਬਾਰੇ ਹੀ ਵੇਖ ਲਓ। ਕਿਤਨੇ ਜ਼ਿਆਦਾ ਇਨਸਪੈਕਟਰ ਰੱਖੇ ਹੋਏ ਹਨ। ਕਿਸ ਤਰ੍ਹਾਂ ਉਹ ਗਬਨ ਕਰ ਰਹੇ ਹਨ (ਘੰਟੀ)। ਮੇਰੀ ਬੇਨਤੀ ਹੈ ਕਿ ਇਨ੍ਹਾਂ ਨੂੰ ਘੱਟ ਕੀਤਾ ਜਾਵੇ ਤਾਂ ਕਿ ਸੂਬੇ ਤੇ ਬੋਝ ਘਟ ਸਕੇ (ਘੰਟੀ)। ਡਿਪਟੀ ਸਪੀਕਰ ਸਾਹਿਬ, ਹੋਰ ਵੀ ਕਈਆਂ ਮਹਿਕਮਿਆਂ ਵਿਚ ਐਸੀ ਹਾਲਤ ਹੈ ਪਰ ਗਵਰਨਰ ਸਾਹਿਬ ਨੇ ਇਸ ਬਾਰੇ ਕੁਝ ਨਹੀਂ ਕਿਹਾ ਕਿ ਸੂਬੇ ਨੂੰ ਕਲੀਨ ਐਡਮਿਨਿਸਟਰੇਸ਼ਨ ਦਿਤੀ ਜਾਵੇਗੀ। (ਵਿਘਨ) ਵੈਸੇ ਤਾਂ ਇਹ ਚੰਗੀ ਗਲ ਹੀ ਕੀਤੀ ਹੈ ਕਿਉਂਕਿ ਜਿਸ ਕਿਸੇ ਇਹ ਵਾਅਦਾ ਕੀਤਾ ਕਿ ਉਹ ਦੋ ਸਾਲਾਂ ਵਿਚ ਕੁਰੱਪਸ਼ਨ ਬੰਦ ਕਰ ਦੇਣਗੇ, ਉਹ ਆਪ ਤਾਂ ਚਲੇ ਗਏ ਪਰ ਕੁਰੱਪਸ਼ਨ ਨਹੀਂ ਗਈ। ਇਸ ਲਈ ਸਾਨੂੰ ਸੂਬੇ ਨੂੰ ਕਲੀਨ ਐਡਮਿਨਿਸਟ੍ਰੇਸ਼ਨ ਦੇਣੀ ਚਾਹੀਦੀ ਹੈ।

ਕਾਮਰੇਡ ਜਗੀਰ ਸਿੰਘ ਜੋਗਾ (ਮਾਨਸਾ) : ਡਿਪਟੀ ਸਪੀਕਰ ਸਾਹਿਬ, ਇਸ ਐਡਰੈਸ ਦੇ ਵਿਚ ਗਵਰਨਰ ਸਾਹਿਬ ਨੇ ਪੈਦਾਵਾਰ ਦੇ ਜਿਹੜੇ ਅੰਕੜੇ ਪੇਸ਼ ਕੀਤੇ ਹਨ ਕਿ ਪੰਜਾਬ ਦੀ ਪੈਦਾਵਾਰ ਵਧ ਰਹੀ ਹੈ ਪਰ ਜਦੋਂ ਤਕ ਪੈਦਾਵਾਰ ਦੀ ਗਰੰਟੀ ਨਹੀਂ ਦਿਤੀ ਜਾਂਦੀ

[ਕਾਮਰੇਡ ਜੰਗੀਰ ਸਿੰਘ ਜੋਗਾ]

ਪੈਦਾਵਾਰ ਦੀ ਸਹੀ ਕੀਮਤ ਕਿਸਾਨ ਨੂੰ ਨਹੀਂ ਮਿਲਦੀ ਉਤਨੀ ਦੇਰ ਤਕ ਸਹੀ ਮਹਿਨਿਆਂ ਵਿਚ ਸੂਬੇ ਦੀ ਉਨਤੀ ਨਹੀਂ ਹੋ ਸਕਦੀ। ਡਿਪਟੀ ਸਪੀਕਰ ਸਾਹਿਬ, ਅੱਜ ਕੀ ਹਾਲਤ ਹੈ। ਕਣਕ ਦਾ ਭਾਅ ਇਤਨਾ ਘੱਟ ਹੈ ਕਿ ਕਿਸਾਨ ਦੇ ਖਰਚੇ ਵੀ ਪੂਰੇ ਨਹੀਂ ਹੁੰਦੇ ਔਰ ਜੇਕਰ ਇਸ ਤਰ੍ਹਾਂ ਦੀ ਹਾਲਤ ਹੀ ਰਹੀ ਤਾਂ ਡਿਪਟੀ ਸਪੀਕਰ ਸਾਹਿਬ, ਕਿਸਾਨ ਨਿਰਾਸ਼ ਹੋ ਜਾਵੇਗਾ ਔਰ ਉਤਨੀ ਉਤਸ਼ਾਹ ਨਾਲ ਫਸਲ ਨਹੀਂ ਉਗਾਏਗਾ। ਇਸ ਲਈ ਮੇਰੀ ਸਰਕਾਰ ਪਾਸ ਬੇਨਤੀ ਹੈ ਕਿ ਉਹ ਇਸ ਅਹਿਮ ਮਸਲੇ ਵਲ ਫੌਰੀ ਤੌਰ ਤੇ ਧਿਆਨ ਦੇਵੇ ਤਾਂਕਿ ਕਿਸਾਨ ਨੂੰ ਉਸ ਦੀ ਜਿਣਸ ਦੀ ਪੂਰੀ ਗਰੰਟੀ ਮਿਲ ਸਕੇ।

ਫਿਰ ਸੜਕਾਂ ਦੇ ਬਾਰੇ, ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਅੱਜ ਸੜਕਾਂ ਦੀ ਇਹ ਹਾਲਤ ਹੈ ਕਿ ਅੱਗਾ ਦੌੜ ਤੇ ਪਿੱਛਾ ਚੌੜ ਹੋ ਰਿਹਾ ਹੈ। ਇਥੇ ਸੜਕਾਂ ਸ਼ੁਰੂ ਕੀਤੀਆਂ ਜਾਂਦੀਆਂ ਹਨ ਪਰ ਉਨ੍ਹਾਂ ਨੂੰ ਪੂਰਾ ਨਹੀਂ ਕੀਤਾ ਜਾਂਦਾ। ਡਿਪਟੀ ਸਪੀਕਰ ਸਾਹਿਬ, ਇਥੇ ਕਈ ਸਰਕਾਰਾਂ ਆਈਆਂ ਪਰ ਉਹ ਸਾਰੀਆਂ ਸਰਕਾਰਾਂ ਇਕੋ ਰਸਤੇ ਤੇ ਹੀ ਚਲਦੀਆਂ ਰਹੀਆਂ ਅਤੇ ਕਿਸੇ ਨੇ ਪੀ. ਡਬਲਯੂ. ਡੀ. ਦੇ ਮਹਿਕਮੇ ਦੀਆਂ ਖਾਮੀਆਂ ਵਲ ਧਿਆਨ ਨਹੀਂ ਦਿਤਾ। ਪਹਿਲਾ ਸਰਦਾਰ ਗੁਰਨਾਮ ਸਿੰਘ ਜੀ ਦੀ ਸਰਕਾਰ ਆਈ ਫਿਰ ਗਿੱਲ, ਬਾਦਲ ਅਤੇ ਇਸ ਤੋਂ ਪਿੱਛੋਂ ਗਵਰਨਰੀ ਰਾਜ ਆਇਆ ਪਰ ਕਿਸੇ ਸਰਕਾਰ ਨੇ ਇਸ ਪਾਸੇ ਪੂਰਾ ਧਿਆਨ ਨਹੀਂ ਦਿਤਾ। ਹੁਣ ਗਿਆਨੀ ਜੀ ਚੀਫ ਮਨਿਸਟਰ ਹਨ ਇਸ ਲਈ ਮੈਂ ਉਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਉਹ ਪੀ. ਡਬਲਯੂ. ਡੀ. ਦੇ ਮਹਿਕਮੇ ਵਲ ਜ਼ਾਤੀ ਤੌਰ ਤੇ ਧਿਆਨ ਦੇਣ ਕਿ ਉਸ ਮਹਿਕਮੇ ਵਿਚ ਕਿਸ ਤਰ੍ਹਾਂ ਕੰਮ ਚਲ ਰਿਹਾ ਹੈ, ਔਰ ਸੜਕਾਂ ਦੀ ਕੀ ਹਾਲਤ ਹੈ। ਸੜਕਾਂ ਤੇ ਕਿਸ ਤਰ੍ਹਾਂ ਬਰੀਕ ਬੱਜਰੀ ਦੀ ਥਾਂ ਤੇ ਮੋਟੀ ਬੱਜਰੀ ਪਾ ਦਿਤੀ ਜਾਂਦੀ ਹੈ। ਜਿਸ ਨਾਲ ਸੜਕਾਂ ਬਹੁਤ ਜਲਦੀ ਟੁੱਟ ਜਾਂਦੀਆਂ ਹਨ। ਇਸ ਗਲ ਵਲ ਧਿਆਨ ਦੇਣ ਦੀ ਲੋੜ ਹੈ।

ਫਿਰ ਡਿਪਟੀ ਸਪੀਕਰ ਸਾਹਿਬ, ਮੈਂ ਮਾਰਕਫੈਡ ਦੇ ਬਾਰੇ ਜ਼ਿਕਰ ਕਰਨਾ ਚਾਹੁੰਦਾ ਹਾਂ। ਪਿਛੇ ਜਿਹੇ ਮਾਰਕਫੈਡ ਦੀ ਸੀਲੈਕਸ਼ਨ ਹੋਈ। ਜਿਹੜੇ ਮੁੰਡੇ ਥਰਡ ਡਵੀਜਨ ਸਨ ਉਹ ਸਲੈਕਟ ਕਰ ਲਏ ਗਏ ਕਿਉਂਕਿ ਉਨ੍ਹਾਂ ਦੀ ਕੋਈ ਨਾ ਕੋਈ ਸਿਫਾਰਸ਼ ਸੀ ਪਰ ਫਸਟ ਅਤੇ ਸੈਕੰਡ ਡਵੀਜ਼ਨ ਦੇ ਮੁੰਡਿਆਂ ਨੂੰ ਨਹੀਂ ਰਖਿਆ ਗਿਆ। ਹਜ਼ਾਰਾਂ ਗਰੈਜੂਏਟਾਂ ਨੇ ਦਸ ਦਸ ਰੁਪਏ ਦੇ ਪੋਸਟਲ ਆਰਡਰਾਂ ਨਾਲ ਆਪਣੀਆਂ ਐਪਲੀਕੇਸ਼ਨ ਭੇਜੀਆਂ ਪਰ ਉਨ੍ਹਾਂ ਦਾ ਉਹ ਪੈਸਾ ਜ਼ਾਇਆ ਗਿਆ ਔਰ ਸਿਲੈਕਸ਼ਨ ਸਿਰਫ ਸਿਫ਼ਾਰਸ਼ ਵਾਲਿਆ ਦੀ ਹੀ ਹੋਈ। ਉਨ੍ਹਾਂ ਨੌਜਵਾਨਾ ਨਾਲ ਧੱਕਾ ਹੋਇਆ ਹੈ। ਇਸ ਲਈ ਸਰਕਾਰ ਨੂੰ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ।

ਡਿਪਟੀ ਸਪੀਕਰ ਸਾਹਿਬ, ਮਾਰਕਫੈਡ ਪਾਸ ਪੰਜ ਹਜ਼ਾਰ ਅਰਜ਼ੀਆਂ ਸਨ। ਉਸ 5000 ਨੂੰ ਨਾ ਸਦਿਆ ਅਤੇ ਵਜ਼ੀਰ ਸਾਹਿਬ ਨੇ ਚੋਰੀ ਹੀ ਆਪਣੇ 30 ਮੁੰਡੇ ਬੁਲਾ ਲਏ ਅਤੇ ਨੌਕਰੀ ਤੇ ਲਗਾ ਦਿਤਾ (ਸ਼ੇਮ, ਸ਼ੇਮ) ਉਸ ਪੰਜ ਹਜ਼ਾਰ ਲੜਕਿਆਂ ਨੂੰ ਇਤਲਾਹ ਤਕ ਨਹੀਂ ਦਿਤੀ ਗਈ। ਜੇਕਰ ਇਸ ਤਰ੍ਹਾਂ ਦੀ ਹਾਲਤ ਨੌਕਰੀਆਂ ਵਿਚ ਹੁੰਦੀ ਰਹੀ ਤਾਂ ਇਕ ਦਿਨ ਆਵੇਗਾ ਜਦ ਕਿ ਕੇਵਲ ਵਜ਼ੀਰਾਂ ਅਤੇ ਅਫਸਰਾਂ ਦੇ ਬੱਚੇ ਹੀ ਨੌਕਰੀ ਵਿਚ ਦਿਖਣਗੇ ਅਤੇ ਭਰਤੀ ਕੀਤੇ ਜਾਣਗੇ, ਬਾਕੀ ਨਹੀਂ।

ਇਸ ਤੋਂ ਅਗੇ, ਡਿਪਟੀ ਸਪੀਕਰ ਸਾਹਿਬ, ਮੈਂ ਇਕ ਗੱਲ ਬਿਜਲੀ ਦੇ ਬਾਰੇ ਵਿਚ ਕਹਿਣਾ ਚਾਹੁੰਦਾ ਹਾਂ ਕਿ ਬਿਜਲੀ ਦਾ ਰੇਟ ਬਹੁਤ ਵੱਧ ਰਿਹਾ ਹੈ ਜਿਥੇ ਬਿਜਲੀ ਲਗਾਣ ਲਈ ਸਿਕਿਉਰੇਟੀ ਪਹਿਲਾਂ 20 ਰੁਪਏ ਸੀ ਫਿਰ 40 ਕਰ ਦਿਤੀ ਗਈ ਅਤੇ ਹੁਣ 90 ਰੁਪਏ ਕਰ ਦਿਤੀ ਗਈ ਹੈ । ਇਹ ਗਰੀਬ ਆਦਮੀ ਭਰ ਨਹੀਂ ਸਕਦਾ । ਦੂਜੇ ਪਾਸੇ ਇਹ ਹਾਲਤ ਹੈ ਕਿ ਇਸ ਮਹਿਕਮੇ ਵਿਚ ਭਾਰੀ ਕੁਰਪਸ਼ਨ ਪੈਦਾ ਹੋ ਗਈ ਹੈ, ਇਹ ਐਨੀ ਵਧ ਗਈ ਹੈ ਕਿ ਇਸ ਦੀ ਮਿਸਾਲ ਨਹੀਂ ਮਿਲ ਸਕਦੀ । ਇਕ ਇਕ ਆਦਮੀ ਇਸ ਬਿਜਲੀ ਬੋਰਡ ਦਾ ਚੇਅਰਮੈਨ ਬਣਨ ਲਈ ਇਕ ਇਕ ਲਖ ਰੁਪਿਆ ਮਨਿਸਟਰਾਂ ਨੂੰ ਦੇਣ ਨੂੰ ਤਿਆਰ ਹੈ ਤਾਂ ਕਿ ਉਸ ਨੂੰ ਕਾਮਯਾਬ ਕੀਤਾ ਜਾਵੇ, ਇਸ ਪੋਸਟ ਲਈ । ਮੈਂ ਡਿਪਟੀ ਸਪੀਕਰ ਸਾਹਿਬ, ਆਪਦੇ ਰਾਹੀਂ ਇਹ ਬੇਨਤੀ ਚੀਫ ਮਨਿਸਟਰ ਅਤੇ ਸਬੰਧਤ ਵਜ਼ੀਰ ਪਾਸ ਕਰਨੀ ਚਾਹੁੰਦਾ ਹਾਂ ਕਿ ਇਸ ਕਿਸਮ ਦੇ ਆਦਮੀ ਨੂੰ ਇਸ ਬਿਜਲੀ ਬੋਰਡ ਦਾ ਚੇਅਰਮੈਨ ਨਾ ਬਣਾਇਆ ਜਾਵੇ ਜਿਸ ਦੇ ਖਿਲਾਫ ਪਹਿਲਾਂ ਹੀ ਕੁਰਪਸ਼ਨ ਦੇ ਚਾਰਜ ਹੋਣ ਅਤੇ ਜਿਸ ਪਾਸ ਕਲੀਨ ਚਿਟ ਆਪਣੇ ਬਾਰੇ ਵਿਚ ਨਾ ਹੋਵੇ ਜੇਕਰ ਸਰਕਾਰ ਨੇ ਕਿਸੇ ਦਬਾ ਵਿਚ ਆਕੇ ਇਸ ਤਰ੍ਹਾਂ ਦੇ ਕਿਸੇ ਆਦਮੀ ਨੂੰ ਚੈਅਰਮੈਂਨ ਬਣਾ ਦਿਤਾ ਤਾਂ ਕਮਿਊਨਿਸਟ ਪਾਰਟੀ ਇਸ ਸਦਨ ਵਿਚ ਜਦੋ ਜਹਿਦ ਕਰੇਗੀ, ਇਸ ਤਰ੍ਹਾਂ ਦੀ ਧਾਂਦਲੀ ਦੇ ਵਿਰੁਧ (ਪ੍ਰਸੰਸ਼ਾ)

ਡਿਪਟੀ ਸਪੀਕਰ ਸਾਹਿਬ, ਜਿਥੋਂ ਤਕ ਖਾਦ ਦੀਆਂ ਕੀਮਤਾਂ ਦਾ ਤੁਅਲਕ ਹੈ ਇਹ ਦਿਨੋ ਦਿਨ ਵਧ ਰਹੀਆਂ ਹਨ ਜਿਥੇ ਪੈਦਾਵਾਰ ਵਧ ਰਹੀ ਹੈ ਉਥੇ ਖਾਦ ਦੀਆਂ ਕੀਮਤਾਂ ਦੀ ਕੀਮਤ ਵੀ ਵਧ ਰਹੀ ਹੈ । ਇਸ ਦੇ ਨਾਲ ਹੀ ਸੰਦਾਂ ਦੀ ਕੀਮਤ ਵੀ ਵਧ ਰਹੀ ਹੈ । ਇਸ ਪਾਸੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ਅਤੇ ਸੈਂਟਰ ਦੀ ਸਰਕਾਰ ਪਾਸ ਜ਼ੋਰ ਦੇਣਾ ਚਾਹੀਦਾ ਹੈ ਕਿ ਇਸ ਤਰ੍ਹਾਂ ਵਧ ਰਹੀਆਂ ਕੀਮਤਾਂ ਨੂੰ ਰੋਕਿਆ ਜਾਵੇ ਅਤੇ ਚੀਫ ਮਨਿਸਟਰ ਸਾਹਿਬ ਆਪਣਾ ਦਬਾ ਉਨ੍ਹਾਂ ਤੇ ਪਾਣ ।

ਇਸ ਤੋਂ ਅੱਗੇ ਸਰਕਾਰ ਨੇ ਐਗਰੋਇਨਡਸਟਰੀਅਲ ਕਾਰਪੋਰੇਸ਼ਨ ਬਣਾਈ ਹੋਈ ਹੈ, ਇਸ ਵਿਚ ਕਿਸਾਨ ਨੂੰ ਟਰੈਕਟਰ ਦਿਤੇ ਜਾਂਦੇ ਹਨ । ਇਸ ਵਿਚ ਉਨ੍ਹਾਂ ਨੇ ਇਹ ਨਵਾਂ ਤਰੀਕਾ ਬਲੈਕ ਦਾ ਕਢਿਆ ਹੋਇਆ ਹੈ ਕਿ ਕਿਸਾਨ ਪਾਸੋਂ 10 ਹਜ਼ਾਰ ਰੁਪਿਆ ਟਰੈਕਟਰ ਲਈ ਲੈ ਲਿਆ ਜਾਂਦਾ ਹੈ ਪਰ ਤਿੰਨ ਤਿੰਨ ਸਾਲ ਤਕ ਕੋਈ ਸੂਦ ਨਹੀਂ ਦਿਤਾ ਜਾਂਦਾ ਅਤੇ ਇਸ ਤਰ੍ਹਾਂ ਵਡੇ ਅਫਸਰਾਂ ਦੀਆਂ ਤਨਖਾਹਾਂ ਪੂਰੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਟਰੈਕਟਰ ਵੀ ਉਨ੍ਹਾਂ ਨੂੰ ਨਹੀਂ ਦਿਤੇ ਜਾਂਦੇ । ਇਸ ਤਰ੍ਹਾਂ ਦੀ ਹਾਲਤ ਇਸ ਕਾਰਪੋਰੇਸ਼ਨ ਵਿਚ ਹੈ, ਇਹ ਬਲੈਕ ਦਾ ਅੱਡਾ ਬਣਿਆ ਹੋਇਆ ਹੈ । ਟਰੈਕਟਰ ਵਡੇ ਵਡੇ ਅਫਸਰ ਹੀ ਲੈ ਜਾਂਦੇ ਹਨ ਜਾਂ ਵਜ਼ੀਰਾਂ ਦੇ ਘਰਾਂ ਵਿਚ ਪਹੁੰਚ ਜਾਂਦੇ ਹਨ । ਪਿਛਲੀ ਅਕਾਲੀ ਸਰਕਾਰ ਵੇਲੇ ਇਕ ਵਜ਼ੀਰ ਦੇ ਕੋਲ 5 ਏਕੜ ਜ਼ਮੀਨ ਸੀ ਤਾਂ ਉਸ ਨੇ ਦੋ ਟਰੈਕਟਰ ਆਪਣੇ ਨਾਮ ਤੇ ਅਲਾਟ ਕਰਵਾ ਲਏ। ਇਕ ਸਾਲ ਦੇ ਅੰਦਰ ਅੰਦਰ ਉਹ ਲੈ ਗਿਆ ਦੋ ਟਰੈਕਟਰ, ਇਨ੍ਹਾਂ ਅਫਸਰਾਂ ਦੀਆਂ ਚਲਾਕੀਆਂ ਨਾਲ । ਇਸ ਦੀ ਜਾਂਚ ਕੀਤੀ ਜਾਣੀ ਚਾਹੀਦੀ ਹੈ ।

ਇਸ ਦੇ ਨਾਲ ਹੀਂ ਮੈਂ ਕੁਆਪਰੇਟਿਵ ਦੇ ਬਾਰੇ ਵਿਚ ਅਰਜ਼ ਕਰਨੀ ਚਾਹੁੰਦਾ ਹਾਂ ਕਿ ਕੋਈ ਵੀ ਕੁਆਪਰੇਟਿਵ ਸੁਸਾਇਟੀ ਅਜੇਹੀ ਨਹੀਂ ਕਿ ਜਿਸ ਵਿਚ ਇਕ ਜਾਂ ਦੋ ਲਖ ਤੋਂ ਘਟ ਦਾ ਗਬਨ ਹੋਵੇ । ਕਿਸੇ ਨੂੰ ਵੀ ਵੇਖ ਲਉ ਕਿਤੇ 2 ਲਖ ਕਿਤੇ ਚਾਰ ਲਖ ਦਾ ਗਬਨ

[ਕਾਮਰੇਡ ਜੰਗੀਰ ਸਿੰਘ ਜੋਗਾ]

ਕੀਤਾ ਗਿਆ ਹੈ ਅਤੇ ਇਹ ਅਫਸਰਾਂ ਅਤੇ ਬਾਕੀਆਂ ਨੇ ਮਿਲ ਕੇ ਕੀਤਾ ਹੈ ਪਰ ਇਸ ਦੀ ਕੋਈ ਇਨਕੁਆਇਰੀ ਨਹੀਂ ਕੀਤੀ ਗਈ । ਨਾ ਹੀ ਇਹ ਗਬਨ ਦੀ ਰਕਮ ਇਨ੍ਹਾਂ ਕੁਆਪਰੇ-ਟਿਵ ਸੁਸਾਇਟੀਆਂ ਪਾਸੋਂ ਵਸੂਲ ਕੀਤੀ ਗਈ ਹੈ । ਇਹ ਸੁਸਾਇਟੀਆਂ ਗਬਨ ਦਾ ਵਡਾ ਅੱਡਾ ਬਣੀਆਂ ਹੋਈਆਂ ਹਨ । ਸਾਰੇ ਲੋਕ ਇਸ ਤਰ੍ਹਾਂ ਦੀ ਰਕਮ ਨੂੰ ਇਸ ਮਹਿਕਮੇ ਵਿਚ ਛਕ ਛਕਾ ਜਾਂਦੇ ਹਨ। ਇਸ ਲਈ ਮੈਂ ਕਹਾਂਗਾ ਕਿ ਇਸ ਦੀ ਪੂਰੀ ਇਨਕੁਆਇਰੀ ਕੀਤੀ ਜਾਣੀ ਚਾਹੀਦੀ ਹੈ ਅਤੇ ਇਸ ਦੇ ਨਾਲ ਹੀ ਮੈਂ ਇਹ ਵੀ ਕਹਾਂਗਾ ਕਿ ਕੁਆਪਰੇਟਿਵ ਦੇ ਜਿਹੜੇ ਕਾਨੂੰਨ ਇਸ ਸਮੇਂ ਹਨ ਉਨ੍ਹਾਂ ਵਿਚ ਸੁਧਾਰ ਲਿਆਣ ਦੀ ਲੋੜ ਹੈ ਕਿਉਂਕਿ ਗਬਨ ਦਾ ਰੁਪਿਆ ਵਸੂਲ ਕਰਨ ਦਾ ਜੋ ਤਰੀਕਾ ਅਤੇ ਨਿਯਮ ਇਸ ਸਮੇਂ ਹੈ ਉਹ ਬੜਾ ਲੰਮਾ ਅਤੇ ਔਖਾ ਹੈ । ਇਸ ਗਬਨ ਦੀ ਰੋਕ ਥਾਮ ਲਈ ਪਰੋਸੀਜਰ ਨੂੰ ਸਿੰਪਲ ਕੀਤਾ ਜਾਣਾ ਚਾਹੀਦਾ ਹੈ । ਅਤੇ ਜਿਤਨੇ ਵੀ ਲੂਪ-ਹੋਲਜ਼ ਇਸ ਸਮੇਂ ਰਖੇ ਹੋਏ ਹਨ ਉਨ੍ਹਾਂ ਨੂੰ ਬੰਦ ਕਰਨਾ ਚਾਹੀਦਾ ਹੈ । ਇਹ ਅੱਜ ਸੋਸ਼ਲਿਜ਼ਮ ਦੀਆਂ ਗਲਾਂ ਕਰਦੇ ਹਨ ਸੋਸ਼ਲਿਜ਼ਮ ਕੁਆਪਰੇਟਿਵ ਨੂੰ ਮਜ਼ਬੂਤ ਕਰਨ ਨਾਲ ਹੀ ਆ ਸਕਦਾ ਹੈ । ਕੋਈ ਵੀ ਕੁਆਪਰੇਟਿਵ ਸੋਸਾਇਟੀ ਹੋਵੇ ਜ਼ਮੀਨ ਦੀ ਜਾਂ ਦੂਸਰੀ ਉਸ ਵਿਚ ਜਦ ਤਕ ਸ਼ੁਧ ਨੀਤੀ ਨਹੀਂ ਅਪਣਾਈ ਜਾਂਦੀ ਸੋਸ਼ਲਿਜ਼ਮ ਨਹੀਂ ਆ ਸਕਦਾ ਅਤੇ ਲੋਕਾਂ ਵਿਚ ਬਦ ਇਤਮਾਦੀ ਪੈਦਾ ਹੋਵੇਗੀ ਅਤੇ ਸਮਾਂ ਆ ਜਾਵੇਗਾ ਕਿ ਲੋਕੀ ਸੋਸ਼ਲਿਜ਼ਮ ਦਾ ਨਾਂ ਭੁਲ ਜਾਣਗੇ । ਇਹ ਮੈਂ ਸਮਝਦਾ ਹਾਂ ਕਿ ਸ਼ਰਮਾਏਦਾਰ ਜਾਣ ਬੁਝ ਕੇ ਕਰਵਾ ਰਹੇ ਹਨ ਤਾਂ ਕਿ ਕੁਆਪਰੇਟਿਵ ਲਹਿਰ ਨੂੰ ਹੀ ਖਤਮ ਕੀਤਾ ਜਾਵੇ ਅਤੇ ਇਸ ਮੂਵਮੈਂਟ ਦਾ ਸਤਿਆਨਾਸ ਕੀਤਾ ਜਾਵੇ । ਇਸ ਲਈ ਸਰਕਾਰ ਨੂੰ ਇਸ ਪਾਸੇ ਫੌਰੀ ਤੌਰ ਤੇ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਸਹੀ ਮਹਿਨਿਆਂ ਵਿਚ ਸੋਸ਼ਲਿਜ਼ਮ ਲਿਆਂਦਾ ਜਾ ਸਕੇ ।

ਇਕ ਗੱਲ ਪੁਲਿਸ ਦੇ ਬਾਰੇ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਸਮਝਣਾ ਕਿ ਤਸ਼ਦਦ ਨਾਲ ਇਨਕਲਾਬ ਲਿਆਂਦਾ ਜਾ ਸਕਦਾ ਹੈ ਠੀਕ ਨਹੀਂ । ਇਕੜ ਦੁਕੜ ਨੂੰ ਮਾਰ ਕੇ ਇਨਕਲਾਬ ਨਹੀਂ ਲਿਆਂਦਾ ਜਾ ਸਕਦਾ । ਸਾਡੀ ਪਾਰਟੀ ਸਦਾ ਹੀ ਇਸ ਦੇ ਖਿਲਾਫ ਮੁਢ ਤੋਂ ਹੀ ਰਹੀ ਹੈ । ਅਤੇ ਜਿਹੜੇ ਇਸ ਰਾਹ ਤੇ ਪੈ ਜਾਂਦੇ ਹਨ ਉਨ੍ਹਾਂ ਦੇ ਬਾਰੇ ਵਿਚ ਜਿਹੜਾ ਪੁਲਿਸ ਦਾ ਵਤੀਰਾ ਹੈ ਇਹ ਠੀਕ ਹੋਣਾ ਚਾਹੀਦਾ ਹੈ । ਕਿਸੇ ਆਦਮੀ ਨੂੰ ਘਰ ਤੋਂ ਫੜ ਕੇ ਮਾਰ ਦਿਤਾ ਜਾਵੇ, ਇਹ ਠੀਕ ਨਹੀਂ । ਮੈਂ ਆਪ ਦਸਦਾ ਹਾਂ ਕਿ ਕਾਲਜ ਵਿਚ ਮੁੰਡਿਆਂ ਵਿਚ ਇਹ ਬੀਮਾਰੀ ਸੀ ਪਰ ਇਸ ਤੋਂ ਇਹ ਭਾਵ ਨਹੀਂ ਕਿ ਪੁਲਿਸ ਵਾਲੇ ਘਰੋਂ ਫੜ ਕੇ ਲਿਆ ਕੇ ਝੂਠੇ ਕੇਸ ਬਣਾ ਦੇਣ ਅਤੇ ਮਾਰ ਦੇਣ ਅਤੇ ਕਹਿ ਦੇਣ ਕਿ ਐਨਕਾਊਂਟਰ ਹੋਇਆ ਹੈ । ਇਨ੍ਹਾਂ ਤੇ ਕੇਸ ਚਲਾਉਣੇ ਚਾਹੀਦੇ ਹਨ ਜਾਂ ਪੁਲਿਸ ਨੂੰ ਹੋਰ ਤਰੀਕੇ ਅਪਨਾ-ਉਣੇ ਚਾਹੀਦੇ ਹਨ । ਅਤੇ ਇਹ ਜਿਹੜਾ ਤਰੀਕਾ ਹੁਣ ਪੁਲਿਸ ਨੇ ਅਪਣਾਇਆ ਹੋਇਆ ਹੈ ਇਸ ਨੂੰ ਤਰਕ ਕਰ ਦੇਣਾ ਚਾਹੀਦਾ ਹੈ । ਜੇਕਰ ਇਹ ਜਾਰੀ ਰਿਹਾ ਤਾਂ ਇਸ ਦੇ ਮੁਲਕ ਲਈ ਭੈੜੇ ਨਤੀਜੇ ਨਿਕਲਣਗੇ । ਇਸੇ ਹੀ ਸਬੰਧ ਵਿਚ ਪੁਲਿਸ ਕੀ ਕਰਦੀ ਹੈ ਮੈਂ ਇਕ ਕੇਸ ਬਠਿੰਡੇ ਦੇ ਬਾਰੇ ਵਿਚ ਦਸਣਾ ਚਾਹੁੰਦਾ ਹਾਂ ਕਿ ਪੁਲਿਸ ਵਿਚ ਰਿਸ਼ਵਤ ਕਿਸ ਹਦ ਤਕ ਫੈਲੀ ਹੋਈ ਹੈ । ਪੰਜ ਪੈਸੇ ਦਿਉ ਤਾਂ ਵੀ ਪੁਲਿਸ ਵਾਲਾ ਉਸ ਤੇ ਡਿਗ ਪੈਂਦਾ ਹੈ । ਨੈਕਸੇਲਾਇਟ ਕਹਿ ਕੇ ਵੀ ਰਿਸ਼ਵਤ ਲਈ ਜਾਂਦੀ ਹੈ । ਬਠਿੰਡੇ ਕਾਲਜ ਵਿਚ ਇਕ ਸੈਕੰਡ ਈਅਰ ਦੇ ਵਿਦਿਆਰਥੀ ਨੂੰ ਨੈਕਸੇਲਾਇਟ ਕਹਿ ਕੇ ਗ੍ਰਿਫਤਾਰ ਕਰ ਲਿਆ ਗਿਆ, ਹਾਲਾਂ ਕਿ ਉਹ ਤਲਵੰਡੀ ਸਾਬੋ ਕਾਲਜ ਤੋਂ ਆਇਆ ਸੀ ਅਤੇ ਆਇਆ ਵੀ ਇਕ ਸਾਲ ਤੋਂ ਉਪਰ ਹੋ

ਗਿਆ ਸੀ, ਉਥੇ ਹੜਤਾਲ ਹੋਈ ਸੀ ਤਾਂ ਇਹ ਆਇਆ ਸੀ ਅਤੇ ਪੁਲਿਸ ਨੇ ਇਹ ਕਿਹਾ ਕਿ ਜਦ ਤੂੰ ਉਸ ਕਾਲਜ ਦੇ ਹੋਸਟਲ ਵਿਚ ਸੀ ਤਾਂ ਤੇਰੇ ਨਾਲ ਨੈਕਸੇਲਾਇਟ ਰਹਿੰਦਾ ਸੀ (ਘੰਟੀ) ਮੈਂ ਬਸ ਖਤਮ ਹੀ ਕਰਨ ਲਗਾ ਹਾਂ, ਡਿਪਟੀ ਸਪੀਕਰ ਸਾਹਿਬ, ਉਸ ਤੋਂ ਦੋ ਹਜ਼ਾਰ ਰੁਪਿਆ ਲਿਆ ਗਿਆ ਰਾਮਾਮੰਡੀ ਦੇ ਥਾਣੇ ਵਾਲਿਆਂ ਅਤੇ ਤਾਂ ਛਡਿਆ । ਇਸ ਲਈ ਮੈਂ ਇਹ ਕਹਾਂਗਾ ਕਿ ਹਾਲਾਤ ਖਰਾਬ ਹਨ ਅਤੇ ਪੁਲਿਸ ਵਿਚ ਇਸ ਤਰ੍ਹਾਂ ਦੀ ਰਿਸ਼ਵਤ ਦੀਆਂ ਕਈ ਮਿਸਾਲਾਂ ਦਿਤੀਆਂ ਜਾ ਸਕਦੀਆਂ ਹਨ । ਇਸ ਸਬੰਧ ਵਿਚ ਡੀ. ਐਸ. ਪੀ. ਅਤੇ ਡੀ. ਸੀ. ਨੂੰ ਵੀ ਕਿਹਾ ਗਿਆ ਕਿ ਇਸ ਗੱਲ ਦੀ ਇਨਕੁਆਇਰੀ ਕੀਤੀ ਜਾਣੀ ਚਾਹੀਦੀ ਹੈ, ਇਸ ਲੜਕੇ ਦੇ ਬਾਰੇ ਵਿਚ ਪੂਰੀ ਜਾਂਚ ਕੀਤੀ ਜਾਣੀ ਚਾਹੀਦੀ ਹੈ, ਅਸੀਂ ਤਿਆਰ ਹਾਂ ਕਿ ਜੇਕਰ ਇਸ ਲੜਕੇ ਦਾ ਸਬੰਧ ਨੈਕਸੇਲਾਇਟ ਨਾਲ ਹੋਵੇ, ਪਰ ਅੱਜ ਤਕ ਕੋਈ ਕਾਰਵਾਈ ਨਹੀਂ ਕੀਤੀ ਗਈ । ਪੁਲਿਸ ਨੇ ਇਸ ਤਰ੍ਹਾਂ ਨੈਕਸੇਲਾਇਟ ਦਾ ਨਾਂ ਲੈ ਕੇ ਲੋਕਾਂ ਨੂੰ ਲੁਟਣ ਦਾ ਯਤਨ ਕੀਤਾ ਹੋਇਆ ਹੈ । ਡਿਪਟੀ ਸਪੀਕਰ ਸਾਹਿਬ, ਇਹ ਕੰਮ ਸਰਦਾਰ ਗੁਰਨਾਮ ਸਿੰਘ ਦੇ ਵੇਲੇ ਤੋਂ ਸ਼ੁਰੂ ਕੀਤਾ ਗਿਆ ਸੀ ਕਿ ਨੈਕਸੇਲਾਇਟ ਦੇ ਨਾਂ ਤੇ ਅਤੇ ਇਸ ਦੀ ਆੜ ਵਿਚ ਇਸ ਤਰ੍ਹਾਂ ਕੀਤਾ ਜਾਵੇ ਹੁਣ ਜਦ ਕਿ ਕਾਂਗਰਸ ਸਰਕਾਰ ਆ ਗਈ ਹੈ ਇਹ ਉਸ ਰਾਹ ਨੂੰ ਛਡ ਕੇ ਚੰਗਾ ਰਸਤਾ ਅਪਣਾਵੇ, ਮੈਂ ਇਨ੍ਹਾਂ ਕਹਿ ਕੇ ਆਪ ਦਾ ਧੰਨਵਾਦ ਕਰਦਾ ਹਾਂ ਕਿ ਆਪ ਨੇ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ ।

ਡਾਕਟਰ ਹਰਭਜਨ ਸਿੰਘ (ਆਦਮਪੁਰ): ਡਿਪਟੀ ਸਪੀਕਰ ਸਾਹਿਬ, ਮੈਂ ਆਪ ਦਾ ਮਸ਼ਕੂਰ ਹਾਂ ਕਿ ਆਪ ਨੇ ਮੈਨੂੰ ਗਵਰਨਰ ਸਾਹਿਬ ਦੇ ਐਡਰੈਸ ਤੇ ਆਪਣੇ ਵਿਚਾਰ ਰਖਣ ਦਾ ਮੌਕਾ ਦਿਤਾ ਹੈ । ਇਹ ਠੀਕ ਹੈ ਕਿ ਗਵਰਨਰ ਸਾਹਿਬ ਦੇ ਐਡਰੈਸ ਵਿਚ ਅਤੇ ਬਜਟ ਸਪੀਚ ਵਿਚ ਕਾਫੀ ਪ੍ਰੋਵੀਜ਼ਨ ਰਖੇ ਗਏ ਹਨ, ਪਰ ਮੈਂ ਸਮਝਦਾ ਹਾਂ ਕਿ ਇਹ ਘਟ ਹਨ । ਸਰਕਾਰ ਨੇ ਸਕੂਲਾਂ ਨੂੰ ਅਪਗਰੇਡ ਕਰਨ ਲਈ ਅਤੇ ਫੀਮੇਲ ਐਜੂਕੇਸ਼ਨ ਨੂੰ ਪਰੋਮੋਟ ਕਰਨ ਲਈ ਕੋਈ ਖਾਸ ਪਰਬੰਧ ਨਹੀਂ ਕੀਤੇ ਅਤੇ ਪਰਾਈਵੇਟ ਸਕੂਲਾਂ ਨੂੰ ਟੇਕ ਓਵਰ ਕਰਨ ਲਈ ਕੋਈ ਪਰਬੰਧ ਇਸ ਵਿਚ ਨਹੀਂ ਅਤੇ ਨਾ ਹੀ ਜ਼ਿਕਰ ਕੀਤਾ ਗਿਆ ਹੈ । ਅਜ ਵੀ ਪਰਾਈਵੇਟ ਮੈਨੇਜਡ ਸਕੂਲਾਂ ਵਿਚ ਮੈਨੇਜਮੈਂਟ ਦੀ ਲੜਾਈ ਚਲਦੀ ਹੈ ਹਲਾਂਕਿ ਸਰਕਾਰ ਨੇ ਦਿੱਲੀ ਪੈਟਰਨ ਤੇ ਕਈ ਸਕੂਲ ਲਿਆ ਕੇ, ਉਨ੍ਹਾ ਨੂੰ 95 % ਤਕ ਗਰਾਂਟ ਦੇ ਕੇ ਉਨ੍ਹਾਂ ਦਾ ਘਾਟਾ ਪੂਰਾ ਕੀਤਾ ਜਾਂਦਾ ਹੈ ਅਤੇ ਸਰਕਾਰ ਇਹ ਬੋਝ ਆਪਣੇ ਸਿਰ ਤੇ ਲੈ ਰਹੀ ਹੈ । ਫਿਰ ਜਿਥੇ ਬੈਕਵਰਡ ਅਤੇ ਸ਼ਡੂਲਡ ਕਾਸਟ ਬਹੁਤ ਜ਼ਿਆਦਾ ਤਾਦਾਦ ਵਿਚ ਪੜ੍ਹਦੇ ਹਨ, ਉਨ੍ਹਾਂ ਨੂੰ ਸੈਂਟ ਪਰਸੈਂਟ ਗਰਾਂਟ ਦਿੱਤੀ ਜਾਂਦੀ ਹੈ, ਫਿਰ ਹੈਰਾਨੀ ਦੀ ਗਲ ਹੈ ਕਿ ਸਰਕਾਰ ਇਨ੍ਹਾਂ ਨੂੰ ਟੇਕ ਓਵਰ ਕਿਉਂ ਨਹੀਂ ਕਰਦੀ । ਇਸ ਲਈ ਮੈਂ ਕਹਾਂਗਾ ਕਿ ਪਰਾਈਵੇਟਲੀ-ਮੈਨੇਜਡ ਸਾਰੇ ਸਕੂਲ ਜਿਨ੍ਹਾਂ ਨੂੰ ਦਿੱਲੀ ਪੈਟਰਨ ਤੇ ਗਰਾਂਟ ਦਿੱਤੀ ਜਾਂਦੀ ਹੈ, ਸਰਕਾਰ ਨੂੰ ਆਪ ਟੇਕ ਓਵਰ ਕਰ ਲੈਣੇ ਚਾਹੀਦੇ ਹਨ ।

ਇਥੇ ਹਰੀਜਨਾਂ ਦੇ ਬਾਰੇ ਵਿਚ ਕਾਫੀ ਚਰਚਾ ਕੀਤੀ ਗਈ ਅਤੇ ਰੌਲਾ ਪਿਆ ਕਿ ਡਿਵੈਲਪਮੈਂਟ ਨਹੀਂ ਹੋ ਰਹੀ, ਇਨ੍ਹਾਂ ਨੇ ਇਸ ਸਬੰਧ ਵਿਚ ਇਕ ਹਜ਼ਾਰ ਧਰਮਸ਼ਾਲਾ ਬਨਾਉਣ ਦੇ ਬਾਰੇ ਵਿਚ ਜ਼ਿਕਰ ਕੀਤਾ ਹੈ ਅਤੇ ਇਹ 10, 10 ਪਿੰਡਾਂ ਵਿਚ ਬਣਨਗੀਆਂ ਅਤੇ ਇਸ ਤਰ੍ਹਾਂ 5 ਸਾਲਾਂ ਵਿਚ 50 ਬਣਨਗੀਆਂ ।

[ਡਾ. ਹਰਭਜਨ ਸਿੰਘ]

ਪਿਛਲੀਆਂ ਸਰਕਾਰਾਂ ਦੇ ਵੇਲੇ, ਸਾਰੇ ਹਲਕਿਆਂ ਵਿਚ ਲੋਕਾਂ ਦੇ ਨਾਲ ਵਿਤਕਰੇ ਭਰਿਆ ਸਲੂਕ ਜਾਰੀ ਰਖਿਆ ਹੈ, ਮੈਂ ਸਮਝਦਾ ਹਾਂ ਕਿ ਸਰਕਾਰ ਦੀ ਪਾਲੀਸੀ ਬਿਲਕੁਲ ਅਨਫਿਟ ਸਾਬਤ ਹੋਈ ਹੈ, ਨਾ ਇਹ ਹਰੀਜਨਾਂ ਨੂੰ ਸੈਟਿਸਫਾਈ ਕਰ ਸਕੇ ਹਨ ਅਤੇ ਨਾ ਹੀ ਕਿਸੇ ਹੋਰ ਤਬਕੇ ਨੂੰ ਖੁਸ਼ ਕਰ ਸਕੇ ਹਨ । ਕੋਈ ਇਕ ਆਈਟਮ ਵੀ ਜਨਤਾ ਦੇ ਭਲੇ ਦਾ ਇਨ੍ਹਾਂ ਤੋਂ ਨਹੀਂ ਹੋਇਆ ।

ਫੇਰ ਗਵਰਨਰ ਸਾਹਿਬ ਨੇ ਆਪਣੇ ਭਾਸ਼ਨ ਦੇ ਵਿਚ ਇਹ ਵੀ ਕਿਹਾ ਹੈ ਕਿ ਅਸੀਂ ਇਨ੍ਹਾਂ ਗਰੀਬ ਹਰੀਜਨਾਂ ਨੂੰ ਮਕਾਨ ਪਾਉਣ ਲਈ ਜ਼ਮੀਨਾਂ ਦੇਵਾਂਗੇ, ਇਨ੍ਹਾਂ ਨੂੰ ਸਸਤੇ ਰੇਟ ਇੱਟਾਂ ਤੇ ਹੋਰ ਸਾਮਾਨ ਵੀ ਦੇਵਾਂਗੇ, ਮੈਂ ਕਹਿੰਦਾ ਲੋਕ ਉਨ੍ਹਾਂ ਨੂੰ ਟੱਟੀ ਜਾਣ ਨੂੰ ਰਸਤੇ ਨਹੀਂ ਦੇ ਰਹੇ ਹੋਰ ਤਾਂ ਕੀ ਦੇਵੋਗੇ । ਇਸ ਐਡਰੈਸ ਵਿਚ ਗਵਰਨਰ ਸਾਹਿਬ ਨੂੰ ਦਸਣਾ ਚਾਹੀਦਾ ਸੀ ਕਿ ਉਨ੍ਹਾਂ ਨੇ ਇਨ੍ਹਾਂ ਮਕਾਨਾਂ ਲਈ ਕਿਤਨਾ ਰੁਪਿਆ ਦੇਣਾ ਹੈ ਪਰ ਇਹ ਕਿਤੇ ਵੀ ਦਸਿਆ ਨਹੀਂ ਗਿਆ ।

ਬਿਜਲੀ ਬਾਰੇ ਮੈਂ ਇਹੋ ਕਹਾਂਗਾ ਭਾਵੇਂ ਮੇਰੇ ਦੋਸਤਾਂ ਨੇ ਮੇਰੇ ਤੋਂ ਪਹਿਲਾਂ ਵੀ ਬਹੁਤ ਕੁਝ ਕਿਹਾ ਹੈ, ਕਿ ਜਿਤਨੀ ਵੀ ਖਾਦ ਬਣਦੀ ਹੈ ਉਹ ਨੰਗਲ ਫੈਕਟਰੀ ਦੇ ਵਿਚ ਬਣਦੀ ਹੈ, ਇਨ੍ਹਾਂ ਨੂੰ ਚਾਹੀਦਾ ਸੀ ਕਿ ਇਹ ਪੰਜਾਬ ਦੇ ਲੋਕਾਂ ਨੂੰ ਸਸਤੇ ਰੇਟ ਤੇ ਸਪਲਾਈ ਕਰਦੇ, ਪਰ ਸਾਨੂੰ ਪੂਰੀ ਖਾਦ ਨਹੀਂ ਮਿਲਦੀ ਅਤੇ ਬਾਹਰ ਭੇਜੀ ਜਾਂਦੀ ਹੈ । ਸਾਨੂੰ ਇਹ ਬੋਰਾ 35 ਰੁਪਏ ਦਾ ਦਿੱਤਾ ਜਾਂਦਾ ਹੈ । ਮੈਂ ਪੁਛਣਾ ਚਾਹੁੰਦਾ ਹਾਂ ਕਿ ਪੰਜਾਬ ਦੀ ਖਾਦ ਬਾਹਰ ਕਿਉਂ ਜਾਂਦੀ ਹੈ ਜਦੋਂ ਕਿ ਇਸ ਦੀ ਪੰਜਾਬ ਨੂੰ ਬੇਹੱਦ ਜਰੂਰਤ ਹੈ । ਇਹੋ ਬੋਰਾ 14-15 ਦਾ ਹੁੰਦਾ ਸੀ ਜਿਹੜਾ ਹੁਣ ਵਧਾ ਕੇ 35 ਕਰ ਦਿੱਤਾ ਹੈ । ਇਤੇ ਤਰ੍ਹਾਂ ਮੈਂ ਕਹਾਂਗਾ ਕਿ ਸਰਕਾਰ ਜ਼ਿਮੀਦਾਰਾਂ ਨੂੰ ਕੋਈ ਉਤਸ਼ਾਹ ਨਹੀਂ ਦੇ ਰਹੀ ਸਗੋਂ ਉਨ੍ਹਾਂ ਨੂੰ ਉਕਸਾਇਆ ਜਾ ਰਿਹਾ ਹੈ । (ਤਾੜੀਆਂ)

ਕਣਕ ਦੇ ਭਾਉ ਇਤਨੇ ਮੰਦੇ ਹਨ ਮੈਂ ਕਹਾਂਗਾ ਕਿ ਇਸ ਨਾਲ ਜ਼ਿਮੀਂਦਾਰ ਦਾ ਲਗਿਆ ਮੁਲ ਵੀ ਪੂਰਾ ਨਹੀਂ ਹੁੰਦਾ. . . .

ਸ੍ਰੀ ਡਿਪਟੀ ਸਪੀਕਰ : ਮੈਂ ਆਨਰੇਬਲ ਮੈਂਬਰ ਸਾਹਿਬਾਨ ਦੀ ਖਿਦਮਤ ਦੇ ਵਿਚ ਅਰਜ ਕਰਾਂਗਾ ਕਿ ਜਿਹੜੇ ਪੁਆਇੰਟਸ ਕਹੇ ਗਏ ਹਨ ਉਨ੍ਹਾਂ ਨੂੰ ਜੇ ਰੀਪੀਟ ਨਾ ਕੀਤਾ ਜਾਵੇ ਤਾਂ ਇਹ ਬਹੁਤ ਅਛਾ ਹੋਵੇਗਾ । (I would request the hon. Members not to repeat arguments).

ਡਾਕਟਰ ਹਰਭਜਨ ਸਿੰਘ : ਬਹੁਤ ਅੱਛਾ ਜੀ ਮੈਂ ਰਿਪੀਟ ਨਹੀਂ ਕਰਦਾ, ਮੈਂ ਅਰਜ਼ ਕਰ ਰਿਹਾ ਸੀ ਕਿ ਜੇ ਉਹ ਕਣਕ ਦੇ ਰੇਟ ਵਧਾ ਨਹੀਂ ਸਕਦੇ ਤਾਂ ਉਨ੍ਹਾਂ ਨੂੰ ਘਟਣ ਵੀ ਨਹੀਂ ਦੇਣਾ ਚਾਹੀਦਾ, 76 ਰੁ: ਕੁਇੰਟਲ ਤਾਂ ਰਹਿਣੀ ਹੀ ਚਾਹੀਦੀ ਹੈ । ਇਕ ਗਲ ਮੈਂ ਸੜਕਾਂ ਦੇ ਬਾਰੇ ਵੀ ਆਪਦੇ ਰਾਹੀਂ ਇਥੇ ਕਹਿਣੀ ਚਾਹੁੰਦਾ ਹਾਂ । ਸਾਡਾ ਇਲਾਕਾ ਸ਼ੁਰੂ ਤੋਂ ਹੀ ਪਛੜਿਆ ਹੋਇਆ ਹੈ । ਹੁਣ ਤੱਕ ਜਿਤਨੀਆਂ ਵੀ ਸਰਕਾਰਾਂ ਆਈਆਂ ਹਨ ਉਨ੍ਹਾਂ ਨੇ ਇਸ ਨੂੰ ਉੱਚਾ ਚੁਕਣ ਵਾਸਤੇ ਕਦੇ ਕੋਈ ਕੋਸ਼ਿਸ਼ ਨਹੀਂ ਕੀਤੀ । ਜੌਨਪੁਰ, ਕੋਟਲੀ ਨੌਲੀ, ਈਸ਼ਰ ਵਾਲਾ-ਕਪੂਰ ਪਿੰਡ ਖਿਚੀਪੁਰ

ਨਰੰਗਪੁਰ, ਡਰੌਲੀ ਖੁਰਦ, ਅਧਿਆਨਾ ਲੁਟੇਰਾ ਕਲਾਂ, ਲੁਟੇਰਾ ਖੁਰਦ ਅਤੇ ਹੋਰ ਵੀ ਬਹੁਤ ਸਾਰੇ ਪਿੰਡ ਹਨ ਜਿਨ੍ਹਾਂ ਨੂੰ ਅਜੇ ਤੱਕ ਕੋਈ ਸੜਕ ਨਹੀਂ ਦਿੱਤੀ । ਜਿਤਨੇ ਵੀ ਐਮ. ਐਲ. ਏ. ਹੁਣ ਤੱਕ ਏਥੇਂ ਆਉਂਦੇ ਹਨ ਇਹੋ ਕਹਿਕੇ ਆਉਂਦੇ ਹਨ ਕਿ ਅਸੀਂ ਤੁਹਾਨੂੰ ਸੜਕਾਂ ਦੇਵਾਂਗੇ ਤੁਹਾਨੂੰ ਸਕੂਲ ਦੇਵਾਂਗੇ ਪਰ ਅਜੇ ਤੱਕ ਇਨ੍ਹਾਂ ਨੇ ਕਿਸੇ ਪਿੰਡ ਨੂੰ ਕੋਈ ਸੜਕ ਨਹੀਂ ਦਿੱਤੀ।

ਫੇਰ ਇਸ ਐਡਰੈਸ ਵਿਚ ਪਸ਼ੂ ਧਨ ਦੇ ਵਧਾਉਣ ਵਾਸਤੇ ਕੁਝ ਨਹੀਂ ਦਸਿਆ ਗਿਆ । ਮੇਰੇ ਆਪਣੇ ਹਲਕੇ ਵਿਚ ਪਿਛਲੀ 23 ਤਾਰੀਖ ਦਾ ਵਾਕਾ ਹੈ ਕਿ ਉਥੇ ਕੁਝ ਡੰਗਰਾਂ ਵਿਚ ਬੀਮਾਰੀ ਪੈ ਗਈ ਅਤੇ ਲੋਕਾਂ ਨੇ ਨਜ਼ਦੀਕ ਦੇ ਡਾਕਟਰ ਤੋਂ ਜਾਕੇ ਟੀਕੇ ਲਗਵਾ ਦਿੱਤੇ, ਪਰ ਟੀਕੇ ਲਗਣ ਤੋਂ ਦੋ ਦਿਨ ਹੀ ਡੰਗਰ ਮਰਨੇ ਸ਼ੁਰੂ ਹੋ ਗਏ । ਮੈਂ ਏਥੇ ਸਰਕਾਰ ਨੂੰ ਕਹਾਂਗਾ ਕਿ ਉਨ੍ਹਾਂ ਲੋਕਾਂ ਦਾ ਜ਼ਿਨ੍ਹਾਂ ਦਾ ਇਸ ਤਰ੍ਹਾਂ ਨੁਕਸਾਨ ਹੋਇਆ ਹੈ ਉਨ੍ਹਾਂ ਨੂੰ ਕੰਪੇਨਸ਼ੇਟ ਕਰਨਾ ਚਾਹੀਦਾ ਹੈ । ਡਾਕਟਰ ਦੀ ਇਸ ਮੁਆਮਲੇ ਬਾਰੇ ਰਿਪੋਰਟ ਲਈ ਗਈ ਤਾਂ ਉਸ ਨੇ ਲਿਖ ਕੇ ਭੇਜ ਦਿੱਤਾ ਕਿ ਇਹ ਪਸ਼ੂ ਤਾਂ ਪਹਿਲਾਂ ਹੀ ਬੀਮਾਰ ਸਨ (ਇਕ ਮਾਨ ਯੋਗ ਮੈਂਬਰ : ਡਾਕਟਰ ਅਮੀਰ ਸਿੰਘ ਨੇ ਲਾਇਆ ਹੋਵੇਗਾ (ਹਾਸ) ਉਨ੍ਹਾਂ ਨੂੰ ਮੈਂ ਜਾਣਦਾ ਹਾਂ ਉਹ ਤਾਂ ਬੰਦਿਆਂ ਦੇ ਡਾਕਟਰ ਹਨ ਡੰਗਰਾਂ ਦੇ ਨਹੀਂ । ਇਥੇ ਮੈਂ ਇਕ ਗਲ ਹੋਰ ਕਰਨੀ ਚਾਹੁੰਦਾ ਹਾਂ ਕਿ ਏਥੇ ਸਿਲੈਕਟਿਡ ਪ੍ਰਸਨੈਲਿਟੀਜ਼ ਅਪੋਜ਼ੀਸ਼ਨ ਵਿਚ ਬੈਠੇ ਨਜ਼ਰ ਆਉਂਦੇ ਹਨ, ਸਾਨੂੰ ਕੋਈ ਠਿਗਰ ਗਲਾਂ ਇਸ ਹਾਊਸ ਵਿਚ ਆਕੇ ਦੇਣੀਆਂ ਚਾਹੀਦੀਆਂ ਹਨ ਪਰ....(ਵਿਘਨ)

ਮੈਂ ਵੇਖਦਾ ਹਾਂ ਕਿ ਇਸ ਵੇਲੇ ਚੌਧਰੀ ਜਗਤ ਰਾਮ ਜਿਹੜੇ [x xxxxxx]

ਸ੍ਰੀ ਡਿਪਟੀ ਸਪੀਕਰ : ਜੋ ਲਫਜ਼ ਚੌਧਰੀ ਜਗਤ ਰਾਮ ਬਾਰੇ ਕਹੇ ਗਏ ਹਨ ਉਹ ਐਕਸਪੰਜ ਕਰ ਦਿਤੇ ਜਾਣ । (The words spoken, in respect of the hon. Member, Chaudhri Jagat Ram, may be expunged.)

ਡਾ: ਹਰਭਜਨ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਆਪਦੇ ਰਾਹੀਂ ਬੇਨਤੀ ਕਰਾਂਗਾ ਉਹ ਇਹ ਕਿ ਹੁਣ ਤੱਕ ਜਿਤਨੇ ਕੰਮ ਵੀ ਇਸ ਸਦਨ ਵਿਚ ਹੋਏ ਹਨ ਉਹ ਨਾਹਰੇਬਾਜ਼ੀ ਦੇ ਹੀ ਹੋਏ ਹਨ । ਕੋਈ ਪ੍ਰੈਕਟੀਕਲ ਚੀਜ਼ ਨਹੀਂ ਹੋਈ । ਜਿਤਨੇ ਵੀ ਵੀਰ ਆਏ ਹਨ ਉਨ੍ਹਾਂ ਨੇ ਆਖਿਆ ਕੁਝ ਨਹੀਂ ਸਿਵਾਏ ਇਸ ਗਲ ਦੇ ਨਾਹਰੇਬਾਜ਼ੀ ਜਾਂ ਹੁਲੜ ਬਾਜੀ ਪੈਦਾ ਕੀਤੀ ਜਾਂਦੀ........

ਸ੍ਰੀ ਡਿਪਟੀ ਸਪੀਕਰ : ਉਹ ਕੋਈ ਕਨਸਟਰਕਟਿਵ ਗਲ ਕਰਨ, ਆਨਰੇਬਲ ਮੈਂਬਰ ਸਾਹਿਬ ਇਸ ਤਰ੍ਹਾਂ ਸਾਰੇ ਹਾਊਸ ਦੇ ਮੈਂਬਰਾਂ ਤੇ ਪਰਸਨਲ ਰੀਮਾਰਕਸ ਨਾ ਕਰਨ। (I would request the hon. Member to make constructive suggestions instead of indulging in remarks of personal nature.)

ਡਾ: ਹਰਭਜਨ ਸਿੰਘ : ਮੈਂ ਹੋਰ ਜ਼ਿਆਦਾ ਗਲਾਂ ਨਹੀਂ ਕਹਿੰਦਾ ਇਕੋ ਹੀ ਗਲ ਕਹਿਕੇ ਬੈਠ ਜਾਵਾਂਗਾ । ਮੈਂ ਇਹ ਕਹਿੰਦਾ ਹਾਂ ਜਿਹੜੀ ਆਲਮਗੀਰ ਵਿਚ ਗਰਾਂਟ ਤਕਸੀਮ ਹੋਈ ਹੈ ਇਹ ਪੁਰਾਣੇ ਐਮ. ਐਲ. ਏਜ਼ ਨੇ ਕਰਾਈ ਹੈ । ਸਰਕਾਰ ਨੂੰ ਉਨ੍ਹਾਂ ਅਫ਼ਸਰਾਂ ਦੇ

*Expunged as ordered by the Chair.

[ਡਾ: ਹਰਭਜਨ ਸਿੰਘ]

ਖਿਲਾਫ ਐਕਸ਼ਨ ਲੈਣਾ ਚਾਹੀਦਾ ਹੈ ਜਿਨ੍ਹਾਂ ਨੇ ਇਸ ਤਰ੍ਹਾਂ ਦੀ ਕਾਰਵਾਈ ਕੀਤੀ । ਇਤਨੇ ਸ਼ਬਦ ਕਹਿੰਦਾ ਹੋਇਆ ਮੈਂ ਆਪ ਦਾ ਧੰਨਵਾਦ ਕਰਦਾ ਹਾਂ ।

ਸਰਦਾਰ ਕਿਰਪਾਲ ਸਿੰਘ ਢਿਲੋਂ (ਕਪੂਰਥਲਾ) **:** ਡਿਪਟੀ ਸਪੀਕਰ ਸਾਹਿਬ, ਮੈਨੂੰ ਇਸ ਗਲ ਦਾ ਦੁਖ ਹੁੰਦਾ ਹੈ ਕਿ ਅੱਜ ਗਵਰਨਰ ਸਾਹਿਬ ਦੇ ਐਡਰੈਸ ਤੇ ਬੋਲਣ ਦਾ ਆਖਰੀ ਦਿਨ ਹੈ ਅਤੇ ਅਜ ਹੀ ਲੀਡਰ ਆਫ ਦੀ ਹਾਊਸ ਇਸ ਦਾ ਜਵਾਬ ਵੀ ਦੇਣਗੇ । ਮੈਂ ਆਪ ਜੀ ਦੇ ਰਾਹੀਂ ਸਾਰੇ ਮੈਂਬਰ ਸਾਹਿਬਾਨ ਨੂੰ ਇਹ ਬੇਨਤੀ ਪਹਿਲਾਂ ਕਰਨੀ ਜ਼ਰੂਰੀ ਸਮਝਦਾ ਹਾਂ ਕਿ ਭਾਵੇਂ ਉਹ ਸਰਕਾਰੀ ਬੈਂਚੇਜ਼ ਤੇ ਹਨ ਜਾਂ ਆਪੋਜ਼ੀਸ਼ਨ ਦੇ ਬੈਂਚਾਂ ਤੇ ਹਨ, ਉਨ੍ਹਾਂ ਨੂੰ ਮੇਰੀ ਗਲ ਵਲ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ । ਬਹੁਤੀ ਨਾਹਰੇ ਬਾਜ਼ੀ ਨਾਲ ਅਸੀਂ ਆਪਣੀਆਂ ਭਾਵਨਾਵਾਂ ਦਾ ਪ੍ਰਗਟਾ ਨਹੀਂ ਕਰ ਸਕਦੇ । ਹੁਣ ਤੱਕ ਆਮ ਲੋਕਾਂ ਵਿਚ ਇਹੋ ਕੁਰਲਾਹਟ ਸੀ, ਬੇਚੈਨੀ ਸੀ ਕਿਉਂਕਿ ਇਸ ਹਾਊਸ ਵਿਚ ਹੁਣ ਤੱਕ ਲਗਾਤਾਰ 5 ਐਡਰੈਸ ਆਏ ਹਨ ਅਤੇ ਉਨ੍ਹਾਂ ਤੇ ਭਾਸ਼ਣ ਹੋਏ ਹਨ, ਇਹ ਛੇਵਾਂ ਐਡਰੈਸ ਹੈ ਜੋ ਕਿ 1972 ਵਿਚ ਸਾਡੇ ਸਾਹਮਣੇ ਆਇਆ ਹੈ । ਸਪੀਕਰ ਸਾਹਿਬ, ਮੋਟੇ ਤੌਰ ਤੇ ਮੈਂ ਇਸ ਮਤੇ ਨੂੰ ਤਿੰਨ ਹਿੱਸਿਆਂ ਦੇ ਵਿਚ ਵੰਡਦਾ ਹਾਂ । ਇਕ ਤਾਂ ਇਹ ਕਿ ਇਸ ਮੁਲਕ ਦੀ ਬੜੀ ਵਡੀ ਆਬਾਦੀ ਨੇ ਆਪਣੇ ਮਹਾਨ ਨੇਤਾ ਸ੍ਰੀਮਤੀ ਇੰਦਰਾ ਗਾਂਧੀ ਦੀ ਚੋਣ ਕੀਤੀ ਜਿਸ ਨੂੰ ਭਗਵਤੀ ਦੇਵੀ ਦੇ ਨਾਂਉਂ ਨਾਲ ਜਾਂ ਕਿਸੇ ਨੇ ਇਨ੍ਹਾਂ ਨੂੰ ਮਹਾਨ ਦੇਵੀ ਦਾ ਨਾਂਉਂ ਲੈਕੇ ਤਾਰੀਫ ਕੀਤੀ । ਕਿਉਂ ਉਨ੍ਹਾਂ ਨੂੰ ਸੰਸਾਰ ਦੀ ਸ਼ਾਂਤੀ ਨਾਲ ਪਿਆਰ ਹੈ, ਭਾਵੇਂ ਚੀਨ ਇਸ ਮੁਲਕ ਵਿਚ ਗੜ ਬੜ ਕਰਾ ਰਿਹਾ ਸੀ ਪਰ ਇਨ੍ਹਾਂ ਨੇ ਉਸ ਦਾ ਵੀ ਪਖ ਪੂਰਿਆ । ਇਸੇ ਤਰ੍ਹਾਂ ਗੁਰੂ ਨੌਵੇਂ ਪਾਤਸ਼ਾਹ ਨੇ ਕਿਹਾ ਸੀ "ਜੋ ਸ਼ਰਨ ਆਏ ਤਿਸ ਕੰਠ ਲਾਏ" ।

ਉਨ੍ਹਾਂ ਨੇ ਇਹ ਮਹਾਨ ਵਾਕ ਉਸ ਵੇਲੇ ਉਚਾਰੇ ਜਦੋਂ ਕਸ਼ਮੀਰ ਵਿਚੋਂ ਕੁਝ ਦੁਖੀ ਲੋਕ ਉਨ੍ਹਾਂ ਕੋਲ ਆਏ ਅਤੇ ਉਨ੍ਹਾਂ ਲਈ ਉਨ੍ਹਾਂ ਨੂੰ ਆਪਣਾ ਸੀਸ ਦਿੱਲੀ ਜਾ ਕੇ ਦੇਣਾ ਪਿਆ । ਇਸੇ ਤਰ੍ਹਾਂ ਇਥੇ ਇਕ ਕੋਰੜ ਭੁਖੇ ਤੇ ਨੰਗੇ ਬੰਗਾਲੀ ਲੋਕ ਆਪਣਾ ਦੇਸ਼ ਛਡ ਕੇ ਆਏ ਤਾਂ ਉਨ੍ਹਾਂ ਨੇ ਇਨ੍ਹਾਂ ਸ਼ਬਦਾਂ ਤੇ ਅਮਲ ਕਰਦੇ ਹੋਏ ਉਨ੍ਹਾਂ ਲੋਕਾਂ ਨੂੰ ਆਸਰਾ ਦਿਤਾ ਅਤੇ ਫਿਰ ਮੋੜ ਕੇ ਉਨ੍ਹਾਂ ਨੂੰ ਆਪਣੇ ਘਰ ਭੇਜ ਦਿਤਾ ਅਤੇ ਉਨ੍ਹਾਂ ਦਾ ਮਹਾਨ ਨੇਤਾ ਵੀ ਉਨ੍ਹਾਂ ਨੂੰ ਮੋੜ ਦਿਤਾ । ਅਤੇ ਫਿਰ ਆਪਣੀਆਂ ਫੌਜਾਂ ਅਮਨ ਦੇ ਨਾਲ ਉਥੋਂ ਕਢ ਲਈਆਂ ਅਤੇ ਹਿੰਦੁਸਤਾਨ ਨੂੰ ਉਥੇ ਖੜਾ ਕਰ ਦਿਤਾ ਜਿਥੇ ਦੁਨੀਆਂ ਵਿਚ ਉਸ ਦੀ ਇਜ਼ਤ ਹੁੰਦੀ ਹੈ । ਇਸ ਗੱਲ ਦਾ ਗਵਰਨਰ ਸਾਹਿਬ ਨੇ ਪਹਿਲੇ ਸਫੇ ਤੇ ਜ਼ਿਕਰ ਕੀਤਾ ਹੈ । ਇਥੇ ਵੀ ਇਕ ਆਫੀਸ਼ਲ ਰੈਜ਼ੋਲੀਊਸ਼ਨ ਸਰਕਾਰ ਵਲੋਂ ਅਤੇ ਆਪੋਜ਼ੀਸਨ ਦੇ ਮੈਂਬਰਾ ਵਲੋਂ ਇਸ ਗੱਲ ਦੀ ਵਧਾਈ ਦੇਣ ਲਈ ਪਾਸ ਕੀਤਾ ਗਿਆ ਹੈ ।

ਫਿਰ, ਡਿਪਟੀ ਸਪੀਕਰ ਸਾਹਿਬ, ਇਸ ਦੇ ਨਾਲ ਹੀ 5-6 ਸੌ ਪਿੰਡਾਂ ਦੀ ਕੁਰਬਾਨੀ ਦਿਤੀ ਗਈ ਹੈ ਅਤੇ ਲਗ ਭਗ ਸਾਡੇ ਤਿੰਨ ਲਖ ਲੋਕ ਆਪਣੇ ਘਰਾਂ ਤੋਂ ਉਜੜ ਗਏ ਹਨ । ਸਰਕਾਰ ਨੇ ਇਸ ਲਈ ਵੀ 5 ਕਰੋੜ ਰੁਪਿਆ ਦੇ ਕੇ ਜੋ ਵੀ ਉਪਰਾਲਾ ਉਹ ਕਰ ਸਕਦੀ ਸੀ ਉਹ ਕੀਤਾ ਹੈ । ਇਸ ਤੋਂ ਬਿਨਾਂ ਕੈਂਪ ਆਦਿ ਲਾਉਣ ਲਈ ਪੌਣੇ ਦੋ ਕਰੋੜ ਰੁਪਿਆ

ਦਿਤਾ ਹੈ । ਇਸ ਲਈ ਮੈਂ ਗਵਰਨਰ ਸਾਹਿਬ ਦੇ ਰਾਜਪ੍ਰਬੰਧ ਦਾ ਤਹਿ ਦਿਲੋਂ ਧੰਨਵਾਦੀ ਹਾਂ । ਗਵਰਨਰ ਸਾਹਿਬ ਨੇ ਸਾਨੂੰ ਐਮ. ਐਲ. ਏਜ਼. ਚੁਣੇ ਜਾਣ ਤੇ ਮੁਬਾਰਕਬਾਦ ਦਿਤੀ ਹੈ, ਇਸ ਲਈ ਅਸੀਂ ਵੀ ਉਨ੍ਹਾਂ ਨੂੰ ਭਾਸ਼ਣ ਦੇਣ ਲਈ ਮੁਬਾਰਕਬਾਦ ਦਿੰਦੇ ਹਾਂ ।

ਫਿਰ, ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਇਕ ਗੱਲ ਹੋਰ ਕੀਤੀ ਹੈ ਕਿ ਇਥੋਂ ਸਥਿਰਤਾ ਰਹਿਣ ਕਰਕੇ ਭਾਵ ਕੋਈ ਸਿਥਰ ਸਰਕਾਰ ਨਾ ਹੋਣ ਕਰਕੇ ਪੰਜਾਬ ਦੀ ਪਰ ਕੇਪੀਟਾ ਇਨਕਮ ਸਾਰੇ ਦੇਸ਼ ਦੀ ਨੈਸ਼ਨਲ ਇਨਕਮ ਨਾਲੋਂ ਸਿਰਫ 1.1 ਪੁਆਇੰਟ ਹੀ ਵਧੀ ਹੈ ਜੇ ਇਥੇ ਕੋਈ ਸਥਿਰ ਸਰਕਾਰ ਹੁੰਦੀ ਤਾਂ ਇਹ 5-6 ਪੁਆਇੰਟ ਹੀ ਨਹੀਂ ਸਗੋਂ 10.11 ਪੁਆਇੰਟ ਵੀ ਵੱਧ ਸਕਦੀ ਸੀ । ਇਥੇ ਅਸਥਿਰ ਸਰਕਾਰ ਹੋਣ ਕਰਕੇ ਇਸ ਸੂਬੇ ਨੂੰ ਇਹ ਘਾਟਾ ਪਿਆ ਹੈ । ਅਸੀ ਇਸ ਗੱਲ ਤੇ ਅਸੰਤੁਸ਼ਟਤਾ ਪ੍ਰਗਟ ਕਰਦੇ ਹਾਂ ਪੰਜਾਬ ਦੀ ਤਰੱਕੀ ਨੂੰ 5 ਸਾਲਾਂ ਲਈ ਰੋਕੀ ਰਖਿਆ ਗਿਆ ਹੈ । ਉਨ੍ਹਾਂ ਨੇ ਅਗੇ ਲਿਖਿਆ ਹੈ ਕਿ ਪੰਜਾਬ ਦੀ ਜਨਤਾ ਹੁਣ ਸਿਆਣੀ ਅਤੇ ਸੂਝਵਾਨ ਹੋ ਗਈ ਹੈ । ਇਸ ਲਈ ਉਸਨੇ ਆਪਣੇ ਮਨ ਪਸੰਦ ਦਾ ਰਾਜ ਲਿਆਂਦਾ ਹੈ । ਮੈਂ ਸਮਝਦਾ ਹਾਂ ਕਿ ਜੇ ਪੰਜਾਬ ਦੀ ਸਾਰੀ ਜਨਤਾ ਸੂਝਵਾਨ ਹੋ ਗਈ ਹੁੰਦੀ ਤਾਂ ਇਥੇ ਇਹ ਜਿਹੜੇ 25% ਮੈਂਬਰ ਆਪੋਜ਼ੀਸ਼ਨ ਵਿਚ ਬੈਠੇ ਹਨ ਇਹ ਵੀ ਨਾ ਬੈਠੇ ਹੋਏ ਹੁੰਦੇ । (ਥੰਪਿੰਗ) ਹੋਣਾ ਇਹ ਚਾਹੀਦਾ ਸੀ ਕਿ ਇਨ੍ਹਾਂ ਬੈਂਚਾਂ ਤੇ 11 ਕਮਿਊਨਿਸਟ ਅਤੇ 93 ਕਾਂਗਰਸੀ ਮੈਂਬਰ ਹੁੰਦੇ । (ਵਿਘਨ) (ਸ਼ੋਰ) ਮੈਨੂੰ ਅਫਸੋਸ ਹੈ ਕਿ ਗਵਰਨਰ ਸਾਹਿਬ ਨੂੰ ਆਪਣੇ ਭਾਸ਼ਣ ਵਿਚ ਇਹ ਗੱਲ ਆਖਣੀ ਚਾਹੀਦੀ ਸੀ, ਪਰ ਉਨ੍ਹਾਂ ਨੇ ਨਹੀਂ ਆਖੀ । (ਵਿਘਨ) (ਸ਼ੋਰ)

ਸ੍ਰੀ ਡਿਪਟੀ ਸਪੀਕਰ : ਇੰਟਰਪਟ ਨਾ ਕਰੋ । (Please do not interrupt.)

ਸਰਦਾਰ ਕਿਰਪਾਲ ਸਿੰਘ ਢਿਲੋਂ : ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਦੂਜੇ ਹਿਸੇ ਬਾਰੇ ਇਹ ਕਹਿਣਾ ਹੈ ਕਿ ਸਾਡੇ ਪੰਜਾਬ ਦਾ ਦਾਰੋਮਦਾਰ ਐਗਰੀਕਲਚਰ ਤੇ ਹੈ । ਜੇ ਪੰਜਾਬ ਦੀ ਤਰੱਕੀ ਇਕ ਗਡੀ ਹੈ ਤਾਂ ਇਸ ਦਾ ਸਭ ਤੋਂ ਲੰਬਾ ਚੱਕਰ, ਮੀਲ ਪਥਰ ਜੇ ਹੈ ਤਾਂ ਉਹ ਐਗਰੀਕਲਚਰ ਹੈ ਇਸ ਲਈ ਇਕ ਸੁਲਝੀ ਹੋਈ ਗੱਲ ਪੇਸ਼ ਕਰਦਾ ਹਾਂ ਕਿ ਜੇ ਐਗਰੀਗਲਚਰ ਇਕ ਸ਼ਰੀਰ ਹੈ ਤਾਂ ਇੰਡਸਟਰੀ ਇਸ ਸ਼ਰੀਰ ਦਾ ਲਿਬਾਸ ਹੈ । ਜਦੋਂ ਤਕ ਦੋਨੋ ਮਿਲ ਨਾ ਜਾਣ ਗਲ ਨਹੀਂ ਬਣਦੀ । ਜੇ ਲਿਬਾਸ ਕਿਲੀ ਤੇ ਹੀ ਟੰਗਿਆ ਰਹੇ ਤਾਂ ਸ਼ਰੀਰ ਨੂੰ ਉਸ ਦਾ ਕੋਈ ਫਾਇਦਾ ਨਹੀਂ ਹੈ ਅਤੇ ਜੇ ਐਗਰੀਕਲਚਰ ਸਰੀਰ ਲਈ ਖੂਬਸੂਰਤ ਲਿਬਾਸ ਨਹੀਂ ਹੈ ਤਾਂ ਵੀ ਕੋਈ ਗੱਲ ਨਹੀਂ ਬਣਦੀ । ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਕੁਝ ਗਲਾਂ ਐਗਰੀਕਲਚਰ ਬਾਰੇ ਕਹੀਆ ਹਨ । ਮੈਂ, ਡਿਪਟੀ ਸਪੀਕਰ ਸਾਹਿਬ, ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਗੱਲ ਚਿੰਤਾ ਵਾਲੀ ਹੈ ਕਿ ਅੱਜ ਕਿਸਾਨ ਨੂੰ ਸੰਸਾ ਹੈ ਕਿ ਪਤਾ ਨਹੀਂ ਜੋ ਉਹ ਫਸਲ ਪੈਦਾ ਕਰ ਰਿਹਾ ਹੈ ਉਸ ਦੀ ਪੂਰੀ ਕੀਮਤ ਵੀ ਉਸ ਨੂੰ ਮਿਲੇਗੀ ਜਾਂ ਨਹੀਂ ਅਤੇ ਇਸ ਦੇ ਨਾਲ ਹੀ ਜੋ ਅਨਾਜ ਨੂੰ ਖਾਣ ਵਾਲੇ ਹਨ ਉਨ੍ਹਾਂ ਨੂੰ ਵੀ ਇਹ ਸੰਸਾ ਹੈ ਕਿ ਪਤਾ ਨਹੀਂ ਖਾਣ ਲਈ ਅਨਾਜ ਕਿਤਨਾ ਮਹਿੰਗਾ ਮਿਲੇਗਾ । ਇਹ ਦੋਨਾਂ ਦੇ ਸੰਸੇ ਦੂਰ ਹੋਣੇ ਚਾਹੀਦੇ ਹਨ । ਜ਼ਿਮੀਦਾਰ ਨੂੰ ਉਸ ਦੇ ਐਪਲਾਇਸ ਪੂਰੇ ਅਤੇ

[ਸਰਦਾਰ ਕਿਰਪਾਲ ਸਿੰਘ ਢਿਲੋਂ]

ਸਬਸਿਡੀ ਦੇ ਨਾਲ ਮਿਲਣੇ ਚਾਹੀਦੇ ਹਨ । ਬਿਜਲੀ, ਪਾਣੀ, ਖਾਦ ਅਤੇ ਬੀਜ ਆਦਿ ਲਈ ਉਸ ਨੂੰ ਸਬਸਿਡੀ ਮਿਲੇ ਤਾਂ ਉਸ ਨੂੰ ਭਾਵੇਂ 70 ਰੁਪਏ ਦਾ ਭਾਅ ਪੁਗ ਜਾਵੇ ਨਹੀਂ ਤਾਂ ਉਸ ਨੂੰ । 120 ਰੁਪਏ ਤੋਂ ਘਟ ਦਾ ਭਾਅ ਬਿਲਕੁਲ ਨਹੀਂ ਪੁਗਦਾ । ਇਸ ਦੇ ਨਾਲ ਹੀ ਜੋ ਅਨਾਜ ਦੇ ਪਾਉਣ ਵਾਲੇ ਹਨ ਸਰਕਾਰ ਨੂੰ ਧਿਆਨ ਰਖਣਾ ਚਾਹੀਦਾ ਹੈ ਕਿ ਕਿਤੇ ਉਹ ਨਾ ਪਿਸ ਜਾਣ । ਇਸ ਲਈ ਉਨ੍ਹਾਂ ਨੂੰ ਵੀ ਸਬਸਿਡੀ ਦੇ ਕੇ ਸਸਤਾ ਅਨਾਜ ਸਪਲਾਈ ਕਰਨਾ ਚਾਹੀਦਾ ਹੈ । ਇਸ ਦੇ ਨਾਲ ਹੀ ਮੈਂ ਅਰਜ਼ ਕਰਾਂਗਾ ਕਿ ਜ਼ਿਮੀਦਾਰਾਂ ਦੇ ਨਾਲ ਸਬੰਧ ਰਖਣ ਵਾਲਾ ਮਹਿਕਮਾ ਬਿਜਲੀ ਦਾ ਵੀ ਹੈ । ਪਰ ਜਦੋਂ ਵਿਸਾਖੀ ਤੋਂ ਬਾਦ ਕਿਸਾਨ ਕਣਕ ਵਢ ਲੈਂਦੇ ਹਨ ਅਤੇ ਫਿਰ ਵਕਤ ਆਉਂਦਾ ਹੈ ਥਰੈਸ਼ਰਾਂ ਦਾ ਤਾਂ ਬਿਜਲੀ ਵਾਲੇ ਮਈ ਦੇ ਅਖੀਰ ਵਿਚ ਜਾਕੇ ਉਸ ਨੂੰ ਕੁਨੈਕਸ਼ਨ ਦਿੰਦੇ ਹਨ ਜਦੋਂ ਕਿ ਕਿਸਾਨ ਬਲਦਾਂ ਦੇ ਰਾਹੀਂ ਜਾਂ ਕਿਸੇ ਹੋਰ ਤਰੀਕੇ ਨਾਲ ਕਣਕ ਗਾਹ ਲੈਂਦਾ ਹੈ । ਇਸ ਲਈ ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਇਸ ਲਈ ਕੋਈ ਟਾਈਮ-ਲਿਮਟ ਬੰਨ ਦੇਣੀ ਚਾਹੀਦੀ ਹੈ ਕਿ ਜਿਹੜਾ ਐਸ. ਡੀ. ਓ. ਜਾਂ ਐਕਸ. ਈ. ਐਨ. ਟਾਈਮ ਸਿਰ ਕੁਨੈਕਸ਼ਨ ਨਾ ਦੇਵੇਗਾ ਉਸ ਨੂੰ ਸਸਪੈਂਡ ਕਰ ਦਿਤਾ ਜਾਵੇਗਾ । ਤਾਂ ਹੀ ਕਿਸਾਨਾਂ ਨੂੰ ਥਰੈਸ਼ਰਾਂ ਲਈ ਕੁਨੈਕਸ਼ਨ ਵਕਤ ਸਿਰ ਮਿਲ ਸਕਣਗੇ ਅਤੇ ਉਨ੍ਹਾਂ ਦੀ ਫਸਲ ਬਾਰਸ਼ ਅਤੇ ਹਨੇਰੀ ਤੋਂ ਬਚ ਸਕੇਗੀ ।

ਫਿਰ, ਮੈਂ ਇੰਡਸਟਰੀ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਲਿਬਾਸ ਦੀ ਗੱਲ ਕਰਨੀ ਚਾਹੁੰਦਾ ਹਾਂ । ਮੈਂ ਸਮਝਦਾ ਹਾਂ ਕਿ ਵਡੇ ਵਡੇ ਕਾਰਖਾਨਿਆਂ ਨੂੰ ਅਤੇ ਛੋਟੀ ਇੰਡਸਟਰੀ ਨੂੰ ਸਟਰੀਮਲਾਈਨ ਕਰਨਾ ਚਾਹੀਦਾ ਹੈ । ਭਾਵੇਂ ਇਕ ਇੰਡਸਟਰੀਅਲ ਕਾਰਪੋਰੇਸ਼ਨ ਵੀ ਬਣ ਚੁਕੀ ਹੈ, ਪਰ ਉਸ ਨੇ ਵੀ ਕੁਝ ਨਹੀਂ ਕੀਤਾ । ਖਤੋ ਖਿਤਾਬਤ ਤੋਂ ਬਿਨਾਂ ਕੋਈ ਕੰਮ ਸਿਰੇ ਨਹੀਂ ਚਾੜ੍ਹਿਆ । ਕਦੇ ਲਾਇਸੰਸ ਲੈ ਲਿਆ ਕਦੇ ਵਾਪਸ ਕਰ ਦਿੱਤਾ, ਕਦੇ ਲੋਨ ਲੈ ਲਿਆ ਕਦੇ ਵਾਪਸ ਕਰ ਦਿਤਾ । ਪਰ ਲੋਕਾਂ ਵਿਚ ਤਾਂ ਨਾਂ ਕੋਈ ਲਾਇਸੰਸ ਪਹੁੰਚਿਆ ਤੇ ਨਾ ਹੀ ਕੋਈ ਲੋਨ । ਇਸ ਲਈ ਮੈਂ ਆਪਣੀ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਇਸ ਕਾਰਪੋਰੇਸ਼ਨ ਦੇ ਕੰਮ ਨੂੰ ਵੀ ਸਟਰੀਮ ਲਾਈਨ ਕੀਤਾ ਜਾਵੇ । ਇਸ ਦਾ ਚੇਅਰਮੈਨ ਕੋਈ ਐਸਾ ਆਦਮੀ ਲਾਇਆ ਜਾਵੇ ਜਿਸ ਨੂੰ ਕਿ ਐਡਮਨਿਸਟਰੇਸ਼ਨ ਦੇ ਨਾਲ ਨਾਲ ਟੈਕਨੀਕਲ ਵਾਕਫੀਅਤ ਵੀ ਹੋਵੇ । ਕਿਉਂਕਿ ਜੇ ਉਹ ਸਿਰਫ ਐਡਮਨਿਸਟਰੇਟਰ ਹੀ ਹੋਇਆ ਤਾਂ ਟੈਕਨੀਕਲ ਸਾਈਡ ਪਿਛੇ ਰਹਿ ਜਾਵੇਗੀ ਅਤੇ ਜੇ ਉਹ ਸਿਰਫ ਟੈਕਨੀਕਲ ਹੈਂਡ ਹੋਇਆ ਤਾਂ ਐਡਮਨਿਸਟਰੇਸ਼ਨ ਦਾ ਭਠਾ ਬਹਿ ਜਾਵੇਗਾ । ਇਸ ਲਈ ਇਸ ਦਾ ਚੇਅਰਮੈਨ ਕੋਈ ਦੋਨਾਂ ਪਾਸਿਆ ਦਾ ਐਕਸਪੀਰੀਐਂਸਡ ਬੰਦਾ ਲਾਇਆ ਜਾਵੇ । ਫਿਰ, ਡਿਪਟੀ ਸਪੀਕਰ ਸਾਹਿਬ, ਇਥੋਂ ਬੋਗਸ ਕੋਟਿਆ ਦਾ ਸਵਾਲ ਹੈ (ਘੰਟੀ) ਬਸ ਜੀ, ਮੈਂ ਸਿਰਫ ਇਕ ਦੋ ਮਿੰਟ ਹੀ ਲਵਾਂਗਾ । ਇਨ੍ਹਾਂ ਕੋਟਿਆ ਨੂੰ ਰੋਕਣਾ ਚਾਹੀਦਾ ਹੈ ।

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿੰਦਾ ਹਾਂ ਕਿ ਸਿਰਫ ਪੰਜਾਬ ਸਰਕਾਰ ਹੀ ਨਹੀਂ ਸਗੋਂ ਦੁਨੀਆਂ ਦੀਆਂ ਸਾਰੀਆਂ ਸਰਕਾਰਾਂ ਜਿਹੜੀਆਂ ਫੈਸਿਲਟੀਜ਼ ਨੂੰ ਜ਼ਰੂਰੀ ਸਮਝਦੀਆਂ ਹਨ ਜਿਵੇਂ ਕਿ ਹੈਲਥ, ਸੜਕਾਂ, ਬਿਜਲੀ, ਪਾਣੀ, ਐਜੂਕੇਸ਼ਨ. ਹਾਊਸਿੰਗ ਜਿਸ ਦੇ ਲਈ ਬੋਰਡ ਵੀ ਬਣ ਚੁਕਾ ਹੈ, ਆਦਿ ਉਹ ਜ਼ਰੂਰ ਦੇਣੀਆਂ ਚਾਹੀਦੀਆਂ ਹਨ । ਜੇ ਮੈਂ ਉਨ੍ਹਾਂ ਸਾਰੀਆਂ ਦੀ ਵਿਆਖਿਆ ਕਰਨ ਲਗਾਂ ਤਾਂ ਤੁਸੀਂ ਮੈਨੂੰ ਟਾਈਮ ਨਹੀਂ ਦੇਣਾ । ਇਸ ਲਈ ਮੈਂ ਅਖੀਰ ਵਿਚ ਸਿਰਫ ਇਹ ਹੀ ਕਹਿਣਾ ਹੈ ਕਿ ਇਹ ਜੋ ਛੇਵਾਂ ਐਡਰੈਸ ਗਵਰਨਰ ਸਾਹਿਬ

ਨੇ ਪੜ੍ਹਿਆ ਹੈ ਇਸ ਵਿਚ ਕਈ ਨਿੱਗਰ, ਮਾਕੂਲ ਅਤੇ ਚੰਗੀਆਂ ਗੱਲਾਂ ਕਹੀਆਂ ਗਈਆਂ ਹਨ । 1967 ਵਿਚ ਜਦੋਂ ਕਿ ਇਨ੍ਹਾਂ ਦਾ ਰਾਜ ਆਇਆ ਸੀ ਅਤੇ ਗਵਰਨਰ ਸਾਹਿਬ ਨੇ ਇਥੇ ਇਕ ਐਡਰੇਸ ਪੜ੍ਹਿਆ ਸੀ । ਉਸ ਦੇ ਦੂਜੇ ਪਹਿਰੇ ਵਿਚ ਲਿਖਿਆ ਸੀ ਕਿ :

To bring purity in public life, to constitute High Powered Judicial Tribunal to go into cases of corruption.

ਇਥੇ ਹੀ ਬਸ ਨਹੀਂ । ਜਨਰਲ ਐਡਮਿਨਿਸਟਰੇਸ਼ਨ ਬਾਰੇ ਲਿਖਿਆ ਸੀ ਕਿ ਅਸੀਂ ਰੈਡਟੇਪਇਜ਼ਮ ਨੂੰ ਕਟ ਦਿਆਂਗੇ । ਉਸ ਵਿਚ ਅਗੇ ਲਿਖਿਆ ਸੀ ਕਿ :—

Vigilance Committees consisting of representatives of different parties shall be constituted in the Districts.

ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਨ੍ਹਾਂ ਨੇ ਕਮਿਸ਼ਨ ਦੀ ਗੱਲ ਕੀਤੀ ਸੀ। ਪਰ ਉਸ ਤੇ ਅਮਲ ਨਹੀਂ ਸੀ ਕੀਤਾ । ਨਹੀਂ ਤਾਂ ਇਥੇ ਹੁਣ ਜਿਹੜਾ ਦਵੇ ਕਮਿਸ਼ਨ ਬਠਾ ਹੈ, ਇਸ ਤਕ ਹਾਲਤ ਨਹੀਂ ਸੀ ਪੁਜਣੀ । (ਥੰਪਿੰਗ) ਇਹ ਹਾਲਤ ਅਜ ਨਹੀਂ ਸੀ ਆਉਣੀ ਜੇ ਉਹ ਆਪਣੇ ਕਮਿਸ਼ਨ ਬਣਾਉਣ ਦੀ ਗੱਲ ਤੇ ਅਮਲ ਕਰ ਦਿੰਦੇ ।

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਮੇਰੇ ਹਲਕੇ ਦੇ ਇਕ ਥਾਣੇ ਵਿਚ ਦੋ ਐਸ. ਐਚ. ਓ. ਹਨ (ਹਾਸਾ) ਇਕ ਸਰਦਾਰ ਬਲਵੰਤ ਸਿੰਘ ਜੀ ਅਤੇ ਦੂਜਾ ਸਰਦਾਰ ਆਤਮਾ ਸਿੰਘ ਇਨ੍ਹਾਂ ਦੀ ਐਡਮਨਿਸਟਰੇਸ਼ਨ ਦਾ ਇਹ ਹਾਲ ਸੀ ਕਿ ਇਕ ਜ਼ਿਲ੍ਹੇ ਵਿਚ 6 ਮਹੀਨੇ ਕੋਈ ਡੀ. ਸੀ. ਨਹੀਂ ਸੀ ਲਗਾ ।

(ਵਿਘਨ) (ਸ਼ੋਰ)

ਜੋ ਸਰਕਾਰੀ ਮੁਲਾਜ਼ਮ ਹਨ ਉਨ੍ਹਾਂ ਦੇ ਪੇ-ਸਕੇਲ ਵਿਚ ਤਰੁਟੀਆਂ ਦੂਰ ਕਰਨ ਵਿਚ ਪਿਛਲੀ ਸਰਕਾਰ ਨੇ ਅਧਿਆਂ ਦੇ ਗਰੇਡ ਤਾਂ 1 ਫਰਵਰੀ 1968 ਤੋਂ ਮਨਜ਼ੂਰ ਕਰ ਦਿਤੇ ਅਤੇ ਅਧਿਆਂ ਦੇ 1 ਫਰਵਰੀ, 1971 ਤੋਂ ਮਨਜ਼ੂਰ ਕਰ ਦਿਤੇ । ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਮੁਲਾਜ਼ਮਾਂ ਵਿਚ ਲੜਾਈ ਕਰਾ ਦਿਤੀ (ਘੰਟੀ) ਮੈਂ ਬੜਾ ਹੈਰਾਨ ਹਾਂ ਅਤੇ ਪਰੇਸ਼ਾਨ ਹਾਂ, ਡਿਪਟੀ ਸਪੀਕਰ ਸਾਹਿਬ, ਕਿ ਸਰਦਾਰ ਲਛਮਣ ਸਿੰਘ ਇਕ ਬਹੁਤ ਨਿਡਰ ਅਤੇ ਮਹਾਨ ਜਰਨੈਲ ਸਨ ਜਿਸ ਨੂੰ ਸਾਡੀ ਸਪੋਰਟ ਸੀ ਉਨ੍ਹਾਂ ਨੇ ਪੰਜਾਬ ਨੂੰ ਇਕ ਬਹੁਤ ਬੜਾ ਕਰੇਸ਼ ਪਰੋਗਰਾਮ ਦਿਤਾ ਪਰ ਉਨ੍ਹਾਂ ਦੀ ਸਾਹਿਬ ਜਾਦੀ ਬੀਬੀ ਕੁਲਵੰਤ ਕੌਰ ਵਿਰੋਧੀ ਬੈਂਚਾਂ ਤੇ ਬੈਠੀ ਹੈ । ਇਸ ਨਾਲ ਮੈਨੂੰ ਬਹੁਤ ਹੈਰਾਨੀ ਹੋਈ ਹੈ । (ਵਿਘਨ)

ਡਿਪਟੀ ਸਪੀਕਰ ਸਾਹਿਬ, ਮੈਂ ਵਲਾਇਤ ਗਿਆ, ਉਥੇ ਮੈਂ x x x x x x

Mr. Deputy Speaker: Please resume your seat.

ਸਰਦਾਰ ਕਿਰਪਾਲ ਸਿੰਘ ਢਿਲੋਂ : ਸਿਖ ਕੌਮ ਬਹਾਦਰ ਹੈ, ਸਿਖ ਜਨਤਾ ਬਹਾਦਰ ਹੈ (ਵਿਘਨ) ਇਕ ਮੇਰਾ ਨਾਨ ਆਫਿਸਲ ਰੇਜ਼ੋਲਿਊਸ਼ਨ ਮੰਨ ਲਵੋ x x x x x x

*Expunged as ordered by the Chair.

ਸਰਦਾਰ ਰੰਧੀਰ ਸਿੰਘ ਚੀਮਾ : ਇਹ ਕਾਰਵਾਈ ਜੋ ਇਨ੍ਹਾਂ ਵਲੋਂ ਕੀਤੀ ਜਾ ਰਹੀਂ ਹੈ, ਇਹ ਐਕਸਪਜ ਹੋਣੀ ਚਾਹੀਦੀ ਹੈ।

(ਇਸ ਵੇਲੇ ਤਕਰੀਬਨ ਅਕਾਲੀ ਪਾਰਟੀ ਦੇ ਸਾਰੇ ਮੈਂਬਰਜ਼ ਆਪਣੀਆਂ ਸੀਟਾਂ ਤੇ ਖੜੇ ਹੋ ਗਏ ਅਤੇ ਕੁਝ ਬੋਲਦੇ ਰਹੇ ਜੋ ਕਿ ਸ਼ੋਰ ਜ਼ਿਆਦਾ ਹੋਣ ਕਾਰਨ ਸੁਣਿਆ ਨਹੀਂ ਜਾ ਸਕਿਆ।)

(ਇਸ ਵੇਲੇ ਸ੍ਰੀ ਡਿਪਟੀ ਸਪੀਕਰ ਆਪਣੀ ਸੀਟ ਤੇ ਖੜੇ ਹੋ ਗਏ)

ਸ੍ਰੀ ਡਿਪਟੀ ਸਪੀਕਰ : ਆਨਰੇਬਲ ਮੈਂਬਰਜ ਸਾਹਿਬਾਨ ਤਸ਼ਰੀਫ਼ ਰਖਣ ਅਤੇ ਜਿਸ ਨੇ ਗੱਲ ਕਰਨੀ ਹੈ, ਉਹ ਇਕ ਮੈਂਬਰ ਖੜਾ ਹੋਕੇ ਗੱਲ ਕਰੇ। (ਵਿਘਨ), (ਸ਼ੋਰ) (All the hon. Members concerned are requested to resume their seats and only one hon. Member may please speak at a time).

ਸਰਦਾਰ ਧੰਨਾ ਸਿੰਘ ਗੁਲਸ਼ਨ : * * * *

ਸਰਦਾਰ ਰੰਧੀਰ ਸਿੰਘ ਚੀਮਾਂ : ਮੇਰਾ ਪੁਆਇਟ ਆਫ ਆਰਡਰ ਇਹ ਹੈ ਕਿ ਜੋ ਗੱਲਾਂ ਢਿਲੋਂ ਸਾਹਿਬ ਨੇ ਕਹੀਆਂ ਹਨ, ਕੀ ਇਹ ਸਾਬਤ ਕਰ ਸਕਦੇ ਹਨ ?

(ਵਿਘਨ)

ਸਰਦਾਰ ਕਿਰਪਾਲ ਸਿੰਘ ਢਿਲੋਂ : * * * *

ਇਕ ਆਵਾਜ਼ : * * * *

ਸਰਦਾਰ ਜਸਵਿੰਦਰ ਸਿੰਘ ਬਰਾੜ : ਆਨ ਏ ਪੁਆਇੰਟ ਆਫ ਆਡਰ ਸਰ। ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਆਨਰੇਬਲ ਮੈਂਬਰ ਨੂੰ ਰਿਕੁਐਸਟ ਕਰਾਂਗਾ ਕਿ ਕਿਸੇ ਪਾਰਟੀ ਤੇ, ਸ਼ਹੀਦਾਂ ਦੀ ਪਾਰਟੀ ਤੇ ਦੂਸ਼ਣ ਲਾਉਣੇ ਇਹ ਸੁਲਝੇ ਹੋਏ ਦਿਮਾਗ ਦੀ ਗਲ ਨਹੀਂ ਹੈ। ਜੇ ਇਨ੍ਹਾਂ ਨੇ ਕੁਝ ਕਹਿਣਾ ਹੈ ਤਾਂ ਉਸ ਚੀਜ਼ ਨੂੰ ਸਾਬਤ ਕਰਕੇ ਦਿਖਾਉਣ। (ਵਿਘਨ) ਮੈਂ ਬੇਨਤੀ ਕਰਾਂਗਾ ਕਿ ਇਨ੍ਹਾਂ ਨੇ ਜਿੰਨੇ ਵੀ ਅਕਾਲੀ ਪਾਰਟੀ ਦੇ ਖਿਲਾਫ ਦੂਸ਼ਣ ਲਗਾਏ ਹਨ, ਉਹ ਐਕਸਪੰਜ ਕੀਤੇ ਜਾਣ। (ਸ਼ੋਰ) (ਵਿਘਨ)

ਸ੍ਰੀ ਡਿਪਟੀ ਸਪੀਕਰ : ਲੀਡਰ ਆਫ ਦੀ ਆਪੋਜ਼ੀਸ਼ਨ ਨੇ ਜਿਹੜੀ ਰਿਕੁਐਸਟ ਕੀਤੀ ਹੈ ਕਿ ਜਿਹੜੇ ਸ਼ਬਦ ਅਕਾਲੀ ਪਾਰਟੀ ਦੇ ਬਾਰੇ ਵਿਚ ਕਹੇ ਗਏ ਹਨ ਸਰਦਾਰ ਕਿਰਪਾਲ ਸਿੰਘ ਵਲੋਂ, ਉਹ ਉਨ੍ਹਾਂ ਦੇ ਆਪਣੇ ਜ਼ਾਤੀ ਹਨ, ਉਹ ਉਨ੍ਹਾਂ ਦੀ ਆਪਣੀ ਜ਼ਾਤੀ ਰਾਏ ਹੈ। ਇਨ੍ਹਾਂ ਰਾਵਾਂ ਨੂੰ ਐਕਸਪੰਜ ਕਰ ਦਿਤਾ ਜਾਵੇ। (On the suggestion of Leader of the Opposition, Sardar Jaswinder Singh Brar, I am of the opinion that the words spoken by Sardar Kirpal Singh are his personal opinion and may not form part of the proceedings.)

*Expunged as ordered by the Chair.

ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ : ਆਨ ਏ ਪੁਆਇੰਟ ਆਫ਼ ਆਰਡਰ ਸਰ । ਇਹ ਲਫ਼ਜ਼ ਜਿਹੜੇ ਇਨ੍ਹਾਂ ਨੇ ਵਰਤੇ ਹਨ "**" ਦੇ ਉਹ ਵੀ ਐਕਸਪੰਜ ਹੋ ਜਾਣੇ ਚਾਹੀਦੇ ਹਨ। ਜਾਂ ਹੋਰ ਕੁਝ ਜਿਹੜਾ ਇਨ੍ਹਾਂ ਨੇ ਵਾਜਬ ਨਹੀਂ ਕਿਹਾ ਉਹ ਪਾਰਟ ਆਫ਼ ਦੀ ਪਰੋਸੀਡਿੰਗਜ਼ ਨਹੀਂ ਬਨਣਾ ਚਾਹੀਦਾ । (ਵਿਘਨ)

ਸ੍ਰੀ ਡਿਪਟੀ ਸਪੀਕਰ : ਜੋ ਸ਼ਬਦ ਰੀ-ਐਕਸ਼ਨ ਵਜੋਂ ਅਕਾਲੀ ਪਾਰਟੀ ਵਲੋਂ ਕਹੇ ਗਏ ਹਨ ਉਹ ਵੀ ਐਕਸਪੰਜ ਕੀਤੇ ਜਾਂਦੇ ਹਨ । (Whatever has been said from Akali Benches as a reaction, that will also not form part of the proceedings.)

ਭਗਤ ਗੁਰਾਂ ਦਾਸ ਹੰਸ : ਆਨ ਏ ਪੁਆਇੰਟ ਆਫ ਆਰਡਰ, ਸਰ । ਇਹ ਬੜਾ ਮੁਅਜ਼ਜ਼ ਹਾਊਸ ਹੈ । ਮੈਂ ਬੇਨਤੀ ਕਰਦਾ ਹਾਂ ਕਿ ਇਸ ਹਾਊਸ ਅਗੇ ਜਿਸ ਵੇਲੇ ਸਪੀਕਰ ਸਾਹਿਬ ਖੜੇ ਹੋ ਜਾਣ ਤਾਂ ਕਿਸੇ ਮੈਂਬਰ ਨੂੰ ਖੜਾ ਨਹੀਂ ਹੋਣਾ ਚਾਹੀਦਾ । ਜਿਸ ਵੇਲੇ ਤੁਸੀਂ ਖੜੇ ਹੁੰਦੇ ਹੋ ਤਾਂ ਸਾਰੇ (ਵਿਘਨ) ਅਕਾਲੀ ਮੈਂਬਰ ਖੜੇ ਹੋਕੇ ਬੋਲਣ ਲਗ ਜਾਂਦੇ ਹਨ ।

ਸਰਦਾਰ ਧੰਨਾ ਸਿੰਘ ਗੁਲਸ਼ਨ : ਕਲ ਜਦੋਂ ਸਪੀਕਰ ਸਾਹਿਬ ਖੜੇ ਸੀ ਤਾਂ ਉਸ ਵੇਲੇ ਕਾਂਗਰਸੀ ਮੈਂਬਰ ਖੜੇ ਹੋਕੇ ਕਿਉਂ ਬੋਲੀ ਜਾਂਦੇ ਸੀ (ਵਿਘਨ)

ਸਰਦਾਰ ਦਰਸ਼ਨ ਸਿੰਘ ਕੇ. ਪੀ. (ਜਮਸ਼ੇਰ–ਐਸ. ਸੀ.) : ਗਵਰਨਰ ਸਾਹਿਬ ਦੇ ਭਾਸ਼ਨ ਤੇ ਬਹਿਸ ਹੋ ਰਹੀ ਹੈ ਔਰ ਮੈਂ ਵੀ ਆਪਣੇ ਖਿਆਲਾਤ ਇਸ ਦੇ ਮੁਤੱਲਿਕ ਆਪਣੀ ਸਰਕਾਰ ਨੂੰ ਦਿਆਂਗਾ । ਸਫਾ 15 ਤੇ ਲਿਖਿਆ ਹੋਇਆ ਹੈ ਕਿ "ਸਰਕਾਰ ਹਰੀਜਨਾਂ ਦੀ ਭਲਾਈ ਅਤੇ ਉੱਨਤੀ ਦੀਆਂ ਸਕੀਮਾਂ ਨੂੰ ਬਣਾਉਣ ਅਤੇ ਉਨ੍ਹਾਂ ਨੂੰ ਲਾਗੂ ਕਰਨ ਵਿਚ ਸਭ ਤੋਂ ਪਹਿਲ ਦੇਵੇਗੀ । ਸਰਕਾਰ ਦੇਹਾਤੀ ਖੇਤਰਾਂ ਵਿਚ ਭੋਂ-ਰਹਿਤ ਹਰੀਜਨਾਂ ਨੂੰ ਮੁਫਤ ਰਿਹਾਇਸ਼ੀ ਪਲਾਟ ਦੇਵੇਗੀ । ਹਰ ਪਿੰਡ ਵਿਚ ਧਰਮਸ਼ਾਲਾ ਅਤੇ ਚੋਪਾਲਾਂ ਬਣਾਉਣ ਦੀਆਂ ਸਕੀਮਾਂ ਨੂੰ ਤੇਜ਼ ਕਰ ਦਿਤਾ ਜਾਵੇਗਾ ਅਤੇ ਇਹ ਸਹੂਲਤਾਂ ਰਾਜ ਦੇ ਹਰ ਪਿੰਡ ਵਿਚ ਦੋ ਸਾਲਾਂ ਦੇ ਅੰਦਰ ਅੰਦਰ ਮੁਹੱਈਆ ਕਰ ਦਿਤੀਆਂ ਜਾਣਗੀਆਂ ।" ਡਿਪਟੀ ਸਪੀਕਰ ਸਾਹਿਬ, ਇਹ ਬੜੀ ਖੁਸ਼ੀ ਦੀ ਗਲ ਹੈ ਜੋ ਗਵਰਨਰ ਸਾਹਿਬ ਨੇ ਆਪਣੇ ਭਾਸ਼ਨ ਵਿਚ ਇਸ ਬਾਰੇ ਦਸਿਆ ਹੈ ਅਤੇ ਸਾਨੂੰ ਵਿਸ਼ਵਾਸ਼ ਹੈ ਕਿ ਸਾਡੀ ਸਰਕਾਰ, ਜੋ ਕਾਂਗਰਸ ਪਾਰਟੀ ਦੀ ਸਰਕਾਰ ਹੁਣ ਬਣੀ ਹੈ, ਇਸ ਦੇ ਰਾਜ ਵਿਚ ਇਹ ਸਾਰੇ ਕੰਮ ਹੋਣਗੇ । ਪਰ ਪਹਿਲਾਂ ਜੋ ਅਕਾਲੀ ਸਰਕਾਰ ਨੇ ਦੋ ਵਰ੍ਹਿਆਂ ਵਿਚ ਕੀਤਾ ਉਨ੍ਹਾਂ ਨੇ ਬਹੁਤ ਵਿਸ਼ਵਾਸ਼-ਘਾਤਾਂ ਕੀਤੀਆਂ ।

ਡਿਪਟੀ ਸਪੀਕਰ ਸਾਹਿਬ, ਕਈ ਜਗ੍ਹਾ ਧਰਮਸ਼ਾਲਾਵਾਂ ਬਣੀਆਂ ਪਰ ਇਨ੍ਹਾਂ ਨੇ (ਅਕਾਲੀ ਪਾਰਟੀ ਵਲ ਇਸ਼ਾਰਾ ਕਰਦੇ ਹੋਏ) ਆਪਣੇ ਹਲਕਿਆਂ ਵਿਚ ਔਰ ਆਪਣੇ ਮੈਂਬਰਾਂ ਦੇ ਕਹਿਣ ਤੇ ਹੀ ਧਰਮਸ਼ਾਲਾਵਾਂ ਬਣਾਈਆਂ, ਸਾਨੂੰ ਇਕ ਵੀ ਧਰਮਸ਼ਾਲਾ ਇਨ੍ਹਾਂ ਨੇ ਨਹੀਂ ਦਿਤੀ । ਫਿਰ ਡਿਪਟੀ ਸਪੀਕਰ ਸਾਹਿਬ, ਬਾਦਲ ਸਰਕਾਰ ਨੇ ਕਿਹਾ ਸੀ ਕਿ ਡਿਸਟ੍ਰਿਕਟ ਲੈਵਲ ਤੇ ਰਿਹਾਇਸ਼ੀ ਪਲਾਟ ਹਰੀਜਨਾਂ ਨੂੰ 35% ਦਿਤੇ ਜਾਣਗੇ, ਇਹ ਗਲ ਵੀ ਇਨ੍ਹਾਂ ਦੀ ਝੂਠੀ ਨਿਕਲੀ । ਹੁਣ ਮੈਂ ਆਪਣੀ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਉਹ ਪੰਜ ਸਾਲਾਂ ਦੇ ਬਾਦ

---

*Expunged as ordered by the Chair.

[ਸਰਦਾਰ ਦਰਸ਼ਨ ਸਿੰਘ ਕੇ.ਪੀ.]

ਭਾਰੀ ਬਹੁ ਗਿਣਤੀ ਵਿਚ ਇਥੇ ਸਰਕਾਰ ਬਣਾ ਕੇ ਆਈ ਹੈ ਜਿਸ ਤਰ੍ਹਾਂ ਇਨ੍ਹਾਂ ਨੇ (ਅਕਾਲੀ ਪਾਰਟੀ ਵਲ ਇਸ਼ਾਰਾ) ਗਰੀਬ ਜਨਤਾ ਨਾਲ ਕੀਤਾ ਹੈ, ਸਾਨੂੰ ਨਹੀਂ ਕਰਨਾ ਚਾਹੀਦਾ । ਇਨ੍ਹਾਂ ਨੇ ਜੋ ਕੁਝ ਜਨਤਾ ਨਾਲ ਕੀਤਾ, ਉਸ ਦਾ ਨਤੀਜਾ ਅੱਜ ਇਹ ਭੁਗਤ ਰਹੇ ਹਨ । ਡਿਪਟੀ ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਗਰੀਬ ਲੋਕ ਚਾਹੁੰਦੇ ਕੀ ਹਨ ? ਉਹ ਲੋਕ ਚਾਹੁੰਦੇ ਹਨ ਕਿ ਸਾਡੀ ਅਨਐਪਲਾਇਮੈਂਟ ਨੂੰ ਦੂਰ ਕੀਤਾ ਜਾਵੇ, ਲੋਕਾਂ ਨੂੰ ਕਾਰੋਬਾਰ ਮਿਲੇ, ਖਾਣ ਲਈ ਰੋਟੀ ਮਿਲੇ । ਜਿਹੜੇ ਵਿਚਾਰੇ ਬੇਜ਼ਮੀਨੇ ਕਿਸਾਨ ਹਨ, ਹਰੀਜਨ ਹਨ, ਮੁਜ਼ਾਰੇ ਹਨ ਉਨ੍ਹਾਂ ਨੂੰ ਜ਼ਮੀਨਾਂ ਦਿਤੀਆਂ ਜਾਣ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਪਣੀ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਉਹ ਲੈਂਡ ਰੀਫਾਰਮ ਵਾਸਤੇ ਬਿਲ ਜ਼ਰੂਰ ਇਥੇ ਲਿਆਉਣ । ਇਸ ਸੈਸ਼ਨ ਵਿਚ ਨਹੀਂ ਤਾਂ ਅਗਲੇ ਸੈਸ਼ਨ ਵਿਚ ਇਹ ਬਿਲ ਜ਼ਰੂਰ ਇਥੇ ਲਿਆਉਣਾ ਚਾਹੀਦਾ ਹੈ । ਜਿਹੜੇ ਲੋਕ ਬਹੁਤੀਆਂ ਜ਼ਮੀਨਾਂ ਦੱਬੀ ਬੈਠੇ ਹਨ ਉਨ੍ਹਾਂ ਤੋਂ ਕੁਝ ਜ਼ਮੀਨਾਂ ਲੈ ਲੈਣੀਆਂ ਚਾਹੀਦੀਆਂ ਹਨ । ਜੇ ਹੋਰ ਨਹੀਂ ਤਾਂ ਜਿਹੜੀਆਂ ਬਾਗ ਬਾਗਵਾਨੀਆਂ ਹਨ ਉਨ੍ਹਾਂ ਨੂੰ ਜ਼ਰੂਰ ਖ਼ਤਮ ਕਰਨਾ ਚਾਹੀਦਾ ਹੈ । (ਵਿਘਨ)

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਆਪਣੇ ਹਲਕੇ ਬਾਰੇ ਕੁਝ ਅਰਜ਼ ਕਰਨੀ ਚਾਹੁੰਦਾ ਹਾਂ । ਸੜਕਾਂ ਦੇ ਬਾਰੇ ਇਥੇ ਜ਼ਿਕਰ ਕੀਤਾ ਗਿਆ ਹੈ । ਮੇਰੀ ਅਰਜ਼ ਹੈ ਮੇਰੇ ਹਲਕੇ ਵਿਚ ਵੀ ਇਹ ਬਣਨੀਆਂ ਚਾਹੀਦੀਆਂ ਹਨ । ਜਿਹੜੀਆਂ ਜਿਹੜੀਆਂ ਸੜਕਾਂ ਪਹਿਲਾਂ ਬਣਦੀਆਂ ਬਣਦੀਆਂ ਰੁਕ ਗਈਆਂ ਹਨ ਉਨ੍ਹਾਂ ਨੂੰ ਹੁਣ ਪੂਰਾ ਕਰਨਾ ਚਾਹੀਦਾ ਹੈ । ਚਾਲੀਆਂ ਟਾਲੀ ਤੋਂ ਹੁੰਦੇ ਹੋਏ ਜੰਡਿਆਲਾ ਤਕ ਸੜਕ ਜਾਂਦੀ ਹੈ, ਉਸ ਨੂੰ ਪੂਰਾ ਕਰਨਾ ਚਾਹੀਦਾ ਹੈ । ਇਸੇ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਬੋਪਾਰਾਏ ਤਕ ਨਹਿਰੀ ਪਟੜੀ ਹੈ ਉਸ ਤੋਂ ਅੱਗੇ ਨਹੀਂ, ਉਹ ਵੀ ਬਣਨੀ ਚਾਹੀਦੀ ਹੈ । ਇਸੇ ਤਰ੍ਹਾਂ ਚੱਕ ਬਜੂਏ ਕਲਾਂ ਬੈਂਡਲ ਤੋਂ ਬਈਂ ਕੰਖਣ ਤਕ ਪੁਲ ਬਣਨਾ ਚਾਹੀਦਾ ਹੈ । ਫਿਰ ਭਿਣਵੀਆਲ ਭਾਲ ਤੋਂ ਵੇਹਲਾ ਤਕ ਪੁਲ ਹੋਣਾ ਚਾਹੀਦਾ ਹੈ । ਫਿਰ ਬੰਬੀਆਲ ਤੋਂ ਕਰਾਲਾ ਤਕ ਤੇ ਜੁਗਰਾਲ ਤੇ ਵਜੂਹੇ ਕਲਾਂ ਤਕ ਪੁਲ ਹੋਣਾ ਚਾਹੀਦਾ ਹੈ । ਇਸੇ ਤਰਾਂ, ਡਿਪਟੀ ਸਪੀਕਰ ਸਾਹਿਬ, ਮਿਠਾਪੁਰ, ਜੁਗਰਾਲ, ਕਾਦੀਆਂ ਔਰ ਬਜੂਏ ਪਿੰਡ ਹੈ ਉਥੇ ਵੀ ਸੜਕਾਂ ਤੇ ਪੁਲ ਬਣਨੇ ਚਾਹੀਦੇ ਹਨ ।

ਸਕੂਲਾਂ ਦੇ ਬਾਰੇ ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਬੜੀ ਚੰਗੀ ਗਲ ਹੈ ਕਿ ਪ੍ਰਾਇਮਰੀ ਸਕੂਲ ਬਣਾਏ ਜਾ ਰਹੇ ਹਨ । ਪਰ ਮੇਰੀ ਅਰਜ਼ ਹੈ ਕਿ ਸਕੂਲਾਂ ਨੂੰ ਅਪ-ਗਰੇਡ ਵੀ ਕਰਨਾ ਚਾਹੀਦਾ ਹੈ । ਮੇਰੇ ਹਲਕੇ ਵਿਚ ਇਕ ਕਲਿਆਣਪੁਰ ਮਿਡਲ ਸਕੂਲ ਹੈ ਉਸ ਨੂੰ ਅਪਗਰੇਡ ਕਰਨਾ ਚਾਹੀਦਾ ਹੈ । ਇਸੇ ਤਰ੍ਹਾਂ ਕੰਗ ਸਾਬੂ ਵਿਚ ਮਿਡਲ ਸਕੂਲ ਹੈ ਉਸ ਨੂੰ ਅਪ-ਗਰੇਡ ਕਰਨਾ ਚਾਹੀਦਾ ਹੈ । ਇਸੇ ਤਰ੍ਹਾਂ ਡਿਪਟੀ ਸਪੀਕਰ ਸਾਹਿਬ, ਊਦੋਪੁਰ, ਬਰਸਾਲ, ਮਿਠੇਪੁਰ, ਰਾਏਪੁਰ, ਬੋਪਾ ਰਾਏ ਔਰ ਸਿਧਵਾਂ ਵਿਚ ਸਕੂਲ ਹਨ ਉਨ੍ਹਾਂ ਨੂੰ ਅਪਗਰੇਡ ਕਰਨਾ ਚਾਹੀਦਾ ਹੈ । ਇਸੇ ਤਰ੍ਹਾਂ ਇਕ ਲਾਬੜਾਂ ਵਿਚ ਬਹੁਤ ਪੁਰਾਣਾ ਸਕੂਲ ਹੈ, ਉਹ ਗੌਰਮਿੰਟ ਨੂੰ ਟੇਕ ਔਵਰ ਕਰ ਲੈਣਾ ਚਾਹੀਦਾ ਹੈ । (ਵਿਘਨ)

ਫਿਰ ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਗਾਰਡਨ ਕਾਲੋਨੀਆਂ ਵਿਚ ਮੁਰਬੇਬੰਦੀ ਹੋਣੀ ਚਾਹੀਦੀ ਹੈ । ਇਸ ਲਈ ਪੰਚਾਇਤਾਂ ਨੂੰ ਅਧਿਕਾਰ ਹੋਣਾ ਚਾਹੀਦਾ ਹੈ । (ਵਿਘਨ) ਪਿੰਡਾਂ ਵਿਚ ਜੋ ਗਾਰਡਨ ਕਾਲੋਨੀਆਂ ਦੀ ਜ਼ਮੀਨ ਹੈ ਔਰ ਉਸ

ਮਕਸਦ ਵਾਸਤੇ ਉਹ ਵਰਤੀ ਨਹੀਂ ਜਾ ਰਹੀ ਤਾਂ ਉਹ ਜ਼ਮੀਨ ਸਰਪਲਸ ਡੇਕਲੇਅਰ ਕਰਕੇ ਹਰੀਜਨਾਂ ਨੂੰ ਦੇ ਦੇਣੀ ਚਾਹੀਦੀ ਹੈ । (ਘੰਟੀ)

ਫਿਰ ਡਿਪਟੀ ਸਪੀਕਰ ਸਾਹਿਬ, ਗੜ ਤੇ ਗੁੜਾ ਪਿੰਡ ਹੈ ਉਸ ਪਿੰਡ ਵਿਚ ਕੋਈ ਫਿਰਨੀ ਨਹੀਂ ਹੈ, ਨਾ ਕੋਈ ਢੋਰਾਂ ਵਾਸਤੇ ਉਥੇ ਜ਼ਮੀਨ ਹੈ ਔਰ ਨਾ ਹੀ ਕੋਈ ਸਿਵਿਆਂ ਵਾਸਤੇ ਜ਼ਮੀਨ ਹੈ । ਪਾਣੀ ਦੇ ਨਿਕਾਸ ਵਾਸਤੇ ਵੀ ਕੋਈ ਜਗ੍ਹਾ ਨਹੀਂ । ਨਾਲੀਆਂ ਬੜੀਆਂ ਗੰਦੀਆਂ ਹਨ ਔਰ ਉਨ੍ਹਾਂ ਵਿਚ ਬੜੇ ਕੀੜੇ ਪਏ ਹੋਏ ਹਨ । ਉਥੋਂ ਦੇ ਲੋਕ ਬੜੇ ਦੁਖੀ ਹਨ । ਇਸ ਲਈ ਮੇਰੀ ਅਰਜ਼ ਹੈ ਕਿ ਇਨ੍ਹਾਂ ਕੰਮਾਂ ਵਲ ਸਾਡੀ ਸਰਕਾਰ ਨੂੰ ਹੁਣ ਧਿਆਨ ਦੇਣਾ ਚਾਹੀਦਾ ਹੈ । ਫਿਰ ਡਿਪਟੀ ਸਪੀਕਰ ਸਾਹਿਬ, ਜਿਹੜੇ ਗੜੇ ਤੇ ਗੁੜੇ ਪਿੰਡ ਦੇ ਫੌਜੀ ਸ਼ਹੀਦ ਹੋਏ ਹਨ ਜਾਂ ਹੋਰ ਕੋਈ ਸ਼ਹੀਦ ਹੋਇਆ ਹੈ ਉਨ੍ਹਾਂ ਨੂੰ ਕੋਈ ਏਡ ਵਗੈਰਾ ਨਹੀਂ ਮਿਲੀ, ਉਹ ਵੀ ਮਿਲਣੀ ਚਾਹੀਦੀ ਹੈ । (ਘੰਟੀ) (ਵਿਘਨ)

ਡਿਪਟੀ ਸਪੀਕਰ ਸਾਹਿਬ, ਤੁਹਾਡਾ ਸ਼ੁਕਰੀਆ ਅਦਾ ਕਰਨ ਤੋਂ ਪਹਿਲਾਂ ਕੁਝ ਗੱਲਾਂ ਮੈਂ ਅਕਾਲੀ ਵੀਰਾਂ ਦੀ ਚਿਤਾਵਨੀ ਲਈ ਅਰਜ਼ ਕਰਨੀਆਂ ਚਾਹੁੰਦਾ ਹਾਂ । ਇਨ੍ਹਾਂ ਅਕਾਲੀਆਂ ਨੇ ਰਿਪਬਲਿਕ ਡੇ ਤੇ ਮਹਾਤਮਾਂ ਗਾਂਧੀ ਜੀ ਦੇ ਬੁਤ ਦੀ ਬੇਅਦਬੀ ਕੀਤੀ । (ਵਿਘਨ) (ਸ਼ੋਰ) ਇਸ ਦਾ ਇਵਜ਼ਾਨਾ ਇਨ੍ਹਾਂ ਨੂੰ ਅੱਜ ਮਿਲ ਗਿਆ । (ਵਿਘਨ) (ਸ਼ੋਰ)

ਡਿਪਟੀ ਸਪੀਕਰ ਸਾਹਿਬ, ਇਥੇ ਕੱਲ ਵੀ ਹਾਊਸ ਵਿਚ ਇਹ ਮਸਲਾ ਆਇਆ ਸੀ ਔਰ ਸਾਡੇ ਐਕਸ ਐਜੂਕੇਸ਼ਨ ਮਨਿਸਟਰ ਸਾਹਿਬ ਨੇ ਉਸ ਵਲ ਕੋਈ ਧਿਆਨ ਨਹੀਂ ਦਿਤਾ ਸਗੋਂ ਉਸ ਦੀ ਵਕਾਲਤ ਕੀਤੀ । ਸਾਡੇ ਲੀਡਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਇਸ ਗੱਲ ਦਾ ਸਾਨੂੰ ਵਿਸ਼ਵਾਸ ਦੁਆਇਆ ਲੇਕਿਨ ਦੂਸਰੇ ਇਕ ਮਨਿਸਟਰ ਸਾਹਿਬ ਤੋਂ ਇਹ ਵਿਸ਼ਵਾਸ ਹਾਸਲ ਨਹੀਂ ਹੋਇਆ । ਮੈਂ ਆਸ ਕਰਦਾ ਹਾਂ ਕਿ ਉਹ ਵੀ ਵਿਸ਼ਵਾਸ ਦਿਵਾਉਣਗੇ ਔਰ ਕੋਈ ਵਿਸ਼ਵਾਸਘਾਤ ਨਹੀਂ ਹੋਵੇਗਾ । (ਸ਼ੋਰ) (ਵਿਘਨ)

ਫਿਰ ਡਿਪਟੀ ਸਪੀਕਰ ਸਾਹਿਬ, ਨਕਸਲਬਾੜੀਆਂ ਬਾਰੇ ਮੈਂ ਕੁਝ ਅਰਜ਼ ਕਰਨੀ ਚਾਹੁੰਦਾ ਹਾਂ । ਜੋ ਕੁਝ ਅਕਾਲੀ ਰਾਜ ਵਿਚ ਹੁੰਦਾ ਰਿਹਾ ਹੈ, ਮੈਂ ਆਪਣੀ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਹੁਣ ਨਹੀਂ ਹੋਣਾ ਚਾਹੀਦਾ । (ਵਿਘਨ) ਜਾਂ ਤਾਂ ਬਾਹਰੋਂ ਰਸਾਲੇ ਜਿਹੜੇ ਇਥੇ ਆਉਂਦੇ ਹਨ ਉਨ੍ਹਾਂ ਨੂੰ ਬੰਦ ਕਰ ਦਿਓ । (ਵਿਘਨ) ਇਕ ਮਿਸਟਰ ਜੋਹਰ ਕੋਈ ਹਨ ਔਰ ਉਨ੍ਹਾਂ ਦੇ ਦੋਸਤ ਮਿਸਟਰ ਹਾਂਡਾ ਤੇ ਉਨ੍ਹਾਂ ਦੀ ਵਾਈਫ ਹੈ । ਸ਼ਾਇਦ ਉਹ ਐਲ. ਆਈ. ਸੀ. ਦੇ ਮੁਲਾਜ਼ਮ ਹਨ ਔਰ ਕਿਸੇ ਸੰਸਥਾ ਦੇ ਸ਼ਾਇਦ ਸੈਕਟਰੀ ਵੀ ਹਨ, ਉਨ੍ਹਾਂ ਨੂੰ ਬਿਨਾ ਕਿਸੇ ਸਬੂਤ ਦੇ ਅੰਦਰ ਕੀਤਾ ਹੋਇਆ ਹੈ । ਮੇਰੀ ਅਰਜ਼ ਹੈ ਕਿ ਸਰਕਾਰ ਨੂੰ ਉਸ ਨੂੰ ਰਿਹਾ ਕਰਨਾ ਚਾਹੀਦਾ ਹੈ । (ਵਿਘਨ) ਡਿਪਟੀ ਸਪੀਕਰ ਸਾਹਿਬ, ਇਸ ਤਰ੍ਹਾਂ ਇਕ ਛਿੰਦਾ ਹਰੀਜਨ ਹੈ, ਉਸ ਨੂੰ ਨਕਸਲਬਾੜੀ ਕਹਿ ਕੇ ਮਾਰਿਆ ਗਿਆ । (ਵਿਘਨ) ਡਾਕਾ ਪਿਆ ਮੈਂ ਕਹਿੰਦਾ ਹਾਂ ਕਿ ਸਰਦਾਰ ਬਲਵੰਤ ਸਿੰਘ ਦੇ ਕਹਿਣ ਤੇ ਸਭ ਕੁਝ ਹੋਇਆ ਔਰ ਉਸ ਵਿਚਾਰੇ ਹਰੀਜਨ ਨੂੰ ਨਕਸਲਬਾੜੀ ਕਹਿ ਕੇ ਮਾਰਿਆ ਗਿਆ । ਹੁਣ ਮੈਂ ਆਪਣੀ ਸਰਕਾਰ ਨੂੰ ਅਪੀਲ ਕਰਾਂਗਾ ਕਿ ਉਹ ਕੋਈ ਐਸਾ ਕੰਮ ਨਾ ਕਰੇ ਜਿਸ ਨਾਲ ਕਿ ਗਰੀਬ ਵਿਚਾਰੇ ਐਵੇਂ ਹੀ ਮਾਰੇ ਜਾਣ । (ਵਿਘਨ)

[ਸਰਦਾਰ ਦਰਸ਼ਨ ਸਿੰਘ ਕੇ.ਪੀ.]

ਡਿਪਟੀ ਸਪੀਕਰ ਸਾਹਿਬ, ਇਥੇ ਕਣਕ ਦੇ ਭਾਅ ਵਧਾਉਣ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ ਕਿ ਭਾਵੇਂ ਭਾਅ ਤੁਸੀਂ ਜਿਹੜਾ ਮਰਜ਼ੀ ਮੁਕੱਰਰ ਕਰ ਲਓ ਪਰ ਇਹ ਗਰੀਬ ਨੂੰ ਖਾਣ ਲਈ ਕਣਕ ਸਸਤੀ ਮਿਲਣੀ ਚਾਹੀਦੀ ਹੈ। ਕਿਸਾਨਾਂ ਨੂੰ ਖਾਦ ਸਸਤੀ ਮਿਲਣੀ ਚਾਹੀਦੀ ਹੈ, ਉਸ ਨੂੰ ਬਿਜਲੀ ਪੂਰੀ ਮਿਲਣੀ ਚਾਹੀਦੀ ਹੈ ਔਰ ਹੋਰ ਜਿਹੜੀਆਂ ਐਗਰੀਕਲਚਰ ਨੀਡਜ਼ ਹਨ ਉਹ ਉਨ੍ਹਾਂ ਦੀਆਂ ਪੂਰੀਆਂ ਹੋਣੀਆਂ ਚਾਹੀਦੀਆਂ ਹਨ ਫਿਰ ਸਰਕਾਰ ਭਾਵੇਂ 65-66 ਰੁਪਏ ਕਣਕ ਦਾ ਭਾਅ ਮੁਕੱਰਰ ਕਰ ਦੇਵੇ ਇਸ ਨਾਲ ਕੋਈ ਫਰਕ ਨਹੀਂ ਪੈਣ ਲਗਾ। (ਵਿਘਨ) ਇਹ ਪੈਦਾਵਾਰ ਦੀ ਗਲ ਕਰਦੇ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਖੁਦ ਜ਼ਿਮੀਂਦਾਰ ਹਾਂ। ਮੇਰੇ ਨਾਲ ਇਹ ਬੇਸ਼ਕ ਜ਼ਮੀਨ ਤਬਦੀਲ ਕਰ ਲੈਣ, ਮੈਂ ਉਥੇ ਵੀ ਪੈਦਾਵਾਰ ਜ਼ਿਆਦਾ ਕਰ ਕੇ ਦਿਖਾਵਾਂਗਾ। ਇਹ ਤਾਂ ਐਵੇਂ ਰੋਂਦੇ ਹੀ ਰਹਿੰਦੇ ਹਨ।

ਡਿਪਟੀ ਸਪੀਕਰ ਸਾਹਿਬ, ਮੈਂ ਆਖਰ ਵਿੱਚ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਗਲ ਕਹੀ ਹੈ ਸਾਡੀ ਸਰਕਾਰ ਨੇ ਕਿ ਅਸੀਂ ਟਰਾਂਸਪੋਰਟ ਨੈਸ਼ਨਾਲਾਈਜ਼ ਕਰਨੀ ਹੈ, ਮੈਂ ਇਸ ਦੇ ਹੱਕ ਵਿਚ ਹਾਂ ਕਿ ਇਹ ਟਰਾਂਸਪੋਰਟ ਨੈਸ਼ਨਾਲਾਈਜ਼ ਹੋਣੀ ਚਾਹੀਦੀ ਹੈ। ਪਰ ਇਹ ਨੈਸ਼ਨਾਲਾਈਜ਼ੇਸ਼ਨ ਦਾ ਭੁਲੇਖਾ ਨਹੀਂ ਹੋਣਾ ਚਾਹੀਦਾ। ਜੇ ਨੈਸ਼ਨਾਲਾਈਜ਼ੇਸ਼ਨ ਨਹੀਂ ਕਰਨੀ ਅਤੇ ਅਗਰ ਕਿਸੇ ਨੂੰ ਕੋਈ ਹੋਰ ਰੂਟਸ ਦੇਣੇ ਹਨ ਤਾਂ ਮੈਂ ਕਹਾਂਗਾ ਕਿ ਉਨ੍ਹਾਂ ਦੇ ਵਿਚੋਂ ਹਰੀਜਨਾਂ ਨੂੰ ਪੂਰਾ ਹਿੱਸਾ ਮਿਲਣਾ ਚਾਹੀਦਾ ਹੈ। ਮੈਂ ਅਰਜ਼ ਕਰਦਾ ਹਾਂ ਕਿ ਸਾਨੂੰ ਦੂਸਰੇ ਹਰ ਖੇਤਰ ਵਿਚ ਜਿਵੇਂ ਕਿ ਨੌਕਰੀਆਂ ਹਨ ਪੂਰੀ ਪੂਰੀ ਰੈਜ਼ਰਵੇਸ਼ਨ ਮਿਲਣੀ ਚਾਹੀਦੀ ਹੈ। ਮੈਂ ਆਪਣੇ ਗਿਆਨੀ ਜੀ ਤੋਂ ਆਸ ਰਖਦਾ ਹਾਂ ਕਿ ਉਹ ਹਰੀਜਨਾਂ ਵਲ ਪੂਰਾ ਪੂਰਾ ਧਿਆਨ ਦੇਣਗੇ (ਵਿਘਨ)

Mr. Deputy Speaker: Please resume your seat.

ਸਰਦਾਰ ਦਰਸ਼ਨ ਸਿੰਘ ਕੇ. ਪੀ. : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਹੁਣ ਸ਼ੁਕਰੀਆ ਅਦਾ ਕਰਦਾ ਹਾਂ ਅਤੇ ਕਹਿੰਦਾ ਹਾਂ ਕਿ ਤੁਸੀਂ ਡਿਪਟੀ ਸਪੀਕਰ ਚੁਣੇ ਗਏ ਅਤੇ ਮੈਥੋਂ ਵਧਾਈ ਵੀ ਨਹੀਂ ਦਿਤੀ ਗਈ। (ਵਿਘਨ) ਇਨ੍ਹਾਂ ਲਫ਼ਜ਼ਾਂ ਦੇ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਸਰਦਾਰ ਜਸਵਿੰਦਰ ਸਿੰਘ ਬਰਾੜ (ਕੋਟਕਪੂਰਾ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਉਸ ਵੀਰ ਨੂੰ ਦੋਬਾਰਾ ਵਿਸ਼ਵਾਸ਼ ਦਿਲਾਉਣਾ ਚਾਹੁੰਦਾ ਹਾਂ ਬੇਸ਼ਕ ਕਿ ਉਹ ਹਰੀਜਨ ਮੈਂਬਰ ਹਨ, ਹਰੀਜਨਾਂ ਦੀ ਭਲਾਈ ਵਾਸਤੇ, ਬੇਜ਼ਮੀਨੇ ਕਿਸਾਨਾਂ ਦੀ ਭਲਾਈ ਵਾਸਤੇ ਜਾਂ ਮਜ਼ਦੂਰਾਂ ਦੀ ਭਲਾਈ ਵਾਸਤੇ ਜੇ ਕੋਈ ਅਗਾਂਹ-ਵਧੂ ਪ੍ਰੋਗਰਾਮ ਦੇਣਗੇ, ਅਸੀਂ ਉਨ੍ਹਾਂ ਦਾ ਪੂਰਾ ਪੂਰਾ ਸਾਥ ਦਿਆਂਗੇ।

ਦੂਜੀ ਗੱਲ ਹਾਊਸ ਵਿਚ ਜੋ ਰੋਜ਼ ਰੌਲਾ ਪਾਇਆ ਜਾਂਦਾ ਹੈ ਡਾਕਟਰ ਜਗਜੀਤ ਸਿੰਘ ਡਾਕਟਰ ਜਗਜੀਤ ਸਿੰਘ, ਉਸ ਦੇ ਬਾਰੇ ਮੈਂ ਅਰਜ਼ ਕਰਾਂ ਕਿ ਸਾਡੀ ਸ਼੍ਰੋਮਣੀ ਅਕਾਲੀ ਦਲ ਨੇ ਤਾਂ ਉਸ ਨੂੰ ਉਸੇ ਵਕਤ ਆਪਣੇ ਦਲ ਵਿਚੋਂ ਕੱਢ ਦਿਤਾ ਸੀ (ਵਿਘਨ) ਔਰ ਆਪਣੀ ਸੰਸਥਾ ਵਿਚੋਂ ਕੱਢ ਦਿਤਾ ਸੀ (ਵਿਘਨ) (ਅਵਾਜ਼ਾਂ : ਕਦੋਂ ਕਢਿਆ ਸੀ...... ਵਿਘਨ) ਮੈਂ ਹਾਊਸ ਨੂੰ ਦਸਣਾ ਚਾਹੁੰਦਾ ਹਾਂ ਕਿ ਸਾਡਾ ਡਾਕਟਰ ਜਗਜੀਤ ਸਿੰਘ ਨਾਲ ਕੋਈ ਸਬੰਧ ਨਹੀਂ। ਇਨ੍ਹਾਂ ਦਾ (ਟਰੇਜ਼ਰੀ ਬੈਂਚਾਂ ਵਲ ਇਸ਼ਾਰਾ ਕਰਦੇ ਹੋਏ) ਕੋਈ ਸਬੰਧ ਹੋਣਾ ਹੈ,

ਇਨ੍ਹਾਂ ਦੀ ਕੋਈ ਉਸ ਨਾਲ ਸਾਜ਼ਸ਼ ਹੋਣੀ ਹੈ । (ਵਿਘਨ) ਸਾਡੇ ਅਕਾਲੀ ਦਲ ਵਾਸਤੇ ਜੋ ਮਾੜੇ ਲਫ਼ਜ਼ ਵਰਤੇ ਜਾਂਦੇ ਹਨ ਉਹ ਨਹੀਂ ਵਰਤੇ ਜਾਣੇ ਚਾਹੀਦੇ । ਮੈਂ ਅਰਜ਼ ਕਰਦਾ ਹਾਂ ਕਿ ਸਰਦਾਰ ਸੁਰਿੰਦਰ ਸਿੰਘ ਕੈਰੋਂ, ਗਿਆਨੀ ਜ਼ੈਲ ਸਿੰਘ ਜੀ ਅਤੇ ਸਰਦਾਰ ਉਮਰਾਓ ਸਿੰਘ ਜੀ, ਇਸ ਅਕਾਲੀ ਦਲ ਦੀ ਪੈਦਾਇਸ਼ ਹਨ । ਜੇ ਕੋਈ ਅਕਾਲੀ ਦਲ ਵਾਸਤੇ ਮਾੜੇ ਲਫ਼ਜ਼ ਵਰਤਦਾ ਹੈ ਤਾਂ ਇਹ ਮਾੜੀ ਗੱਲ ਹੈ (ਵਿਘਨ)

Mr. Deputy Speaker: Please resume your seat.

आचार्य पृथ्वी सिंह आज़ाद : डिप्टी स्पीकर साहिब, अभी अभी लीडर आफ दी आपोज़ीशन ने यह कहा, 'बेशक वह एक हरिजन मैंबर है' । मैं आपके ज़रिये अर्ज़ करना चाहता हूं कि इस हाऊस में सभी मैंबर हैं । कोई आनरबेल मैंबर किसी को हरिजन, हिन्दू, सिख, मुसलमान या इसाई कह कर उसमें तमीज़ पैदा नहीं कर सकता । हम सभी मैंबर हैं । (विघ्न)

ਮਾਸਟਰ ਦਲੀਪ ਚੰਦ (ਬਲਾਚੌਰ) : ਡਿਪਟੀ ਸਪੀਕਰ ਸਾਹਿਬ, ਮੈਂ ਗਵਰਨਰ ਸਾਹਿਬ ਦੇ ਭਾਸ਼ਨ ਲਈ ਆਪ ਜੀ ਦੁਆਰਾ ਗਿਆਨੀ ਜੀ ਨੂੰ ਵਧਾਈ ਦਿੰਦਾ ਹਾਂ । ਉਨ੍ਹਾਂ ਨੇ ਐਮਪਲਾਈਜ਼ ਨੂੰ ਜੋ ਰਲੀਫ ਦੇਣ ਦਾ ਕਦਮ ਚੁਕਿਆ ਹੈ ਇਹ ਬਹੁਤ ਹੀ ਚੰਗਾ ਕਦਮ ਹੈ। ਕਿਉਂਕਿ ਇਹ ਐਮਪਲਾਈਜ਼ ਇਸ ਦੇ ਮੁਸਤਹਿਕ ਸੀ । ਮੈਂ ਇਨ੍ਹਾਂ ਦੀ ਇਸ ਨੀਤੀ ਨਾਲ ਸਹਿਮਤ ਹਾਂ । ਹੁਣ ਮੈਂ ਥੋੜ੍ਹੇ ਜਿਹੇ ਸਮੇਂ ਵਿਚ ਆਪਣੇ ਹਲਕੇ ਦੀਆਂ ਕੁਝ ਮੰਗਾ ਰਖਾਂਗਾ । ਤੁਸੀਂ, ਡਿਪਟੀ ਸਪੀਕਰ ਸਾਹਿਬ, ਮੇਰੇ ਹਲਕੇ ਨੂੰ ਚੰਗੀ ਤਰ੍ਹਾਂ ਜਾਣਦੇ ਹੋ । ਮੇਰਾ ਹਲਕਾ ਬਲਾਚੌਰ ਸੂਬੇ ਵਿਚ ਸਭ ਇਲਾਕਿਆਂ ਤੋਂ ਬੈਕਵਰਡ ਹੈ । ਮੈਂ ਉਸ ਪਛੜੇ ਹੋਏ ਇਲਾਕੇ ਦੀਆਂ ਮੰਗਾ ਤੁਹਾਡੇ ਸਾਹਮਣੇ ਰਖਾਂਗਾ ਅਤੇ ਇਸ ਵਲ ਪੰਜਾਬ ਸਰਕਾਰ ਦਾ ਧਿਆਨ ਦਿਵਾਵਾਂਗਾ ।

ਪਹਿਲੀ ਅਰਜ਼ ਇਹ ਹੈ ਕਿ ਪੰਜਾਬ ਦੇ ਵਿਚ 104 ਕੰਸਟੀਚੁਐਂਸੀਜ਼ ਹਨ । ਕੋਈ ਐਸੀ ਕੰਸਟੀਚੁਐਂਸੀ ਨਹੀਂ ਹੋਵੇਗੀ ਜਿਸ ਦੇ ਵਿਚ ਕੋਈ ਕਾਲਜ ਨਾ ਹੋਵੇ । ਬਲਾਚੌਰ ਇਕ ਐਸਾ ਹਲਕਾ ਹੈ ਜਿਸ ਦੇ ਵਿਚ ਹਾਲੇ ਤਕ ਕੋਈ ਕਾਲਜ ਨਹੀਂ ਬਣਇਆ ਗਿਆ । ਉਥੇ ਵਾਈ. ਬੀ. ਚੌਹਾਨ ਆਏ ਸਨ। ਉਸ ਵਕਤ ਉਨ੍ਹਾਂ ਦੇ ਨਾਲ ਸ੍ਰੀ ਰਾਮ ਕਿਸ਼ਨ ਅਤੇ ਕੈਪਟਨ ਸਾਹਿਬ ਵੀ ਸਨ । ਉਨ੍ਹਾਂ ਨੇ ਉਥੇ ਕਿਹਾ ਸੀ ਕਿ ਬਿਕਰਮ ਸਿੰਘ ਦੀ ਯਾਦਗਾਰ ਵਿਚ 10 ਲੱਖ ਰੁਪਏ ਲਾ ਕੇ ਇਕ ਕਾਲਜ ਬਣਾ ਦਿਤਾ ਜਾਏਗਾ । ਉਸ ਦੇ ਲਈ ਉਥੇ 20-25 ਏਕੜ ਜ਼ਮੀਨ ਦਾ ਇੰਤਕਾਲ ਵੀ ਹੋ ਚੁਕਾ ਹੈ । ਮੈਂ ਆਪਣੀ ਗੌਰਮਿੰਟ ਨੂੰ ਅਰਜ਼ ਕਰਾਂਗਾ ਕਿ ਸ੍ਰੀ ਵਾਈ. ਬੀ. ਚੌਹਾਨ ਦੇ ਇਲਾਨ ਨੂੰ ਜਲਦੀ ਤੋਂ ਜਲਦੀ ਪੂਰਾ ਕੀਤਾ ਜਾਵੇ । ਔਰ ਇਕ ਚੰਗਾ ਕਾਲਜ ਉਥੇ ਬਣਾਇਆ ਜਾਵੇ ।

ਇਸ ਦੇ ਨਾਲ ਇਕ ਹੋਰ ਅਰਜ਼ ਇਹ ਹੈ ਕਿ 18-20 ਸਾਲਾਂ ਵਿਚ ਮੇਰੇ ਆਪਣੇ ਹਲਕੇ ਵਿਚ, ਇਥੇ ਜੋ ਵੀ ਸਰਕਾਰ ਬਣੀ, ਕੋਈ ਸਕੂਲ ਅਪਗਰੇਡ ਨਹੀਂ ਕੀਤਾ ਗਿਆ । ਹੁਣ ਪਿਛਲੇ ਸਾਲ ਦੋ ਸਕੂਲ ਭਾਲ ਮਿਡਲ ਤੋਂ ਹਾਈ ਅਤੇ ਚੰਨੀਆ ਪ੍ਰਾਈਮਰੀ ਤੋਂ ਮਿਡਲ ਕਰਨ ਦਾ ਫੈਸਲਾ ਹੋਇਆ ਸੀ ਅਤੇ ਉਨ੍ਹਾਂ ਦੇ ਕਾਗਜ਼ਾਤ ਆ ਚੁਕੇ ਹਨ, ਉਨ੍ਹਾਂ ਦੋਨਾਂ ਸਕੂਲਾਂ ਨੂੰ, ਪਸਮਾਂਦਾ ਇਲਾਕਾ ਸਮਝ ਕੇ, ਅੱਪ ਗਰੇਡ ਕਰ ਦਿਤਾ ਜਾਵੇ ।

[ਮਾਸਟਰ ਦਲੀਪ ਚੰਦ]

ਸੜਕਾਂ ਬਾਰੇ ਮੈਂ ਅਰਜ਼ ਕਰਾਂ ਕਿ ਪਿਛਲੇ ਸਾਲ ਵਿਚ ਸਰਕਾਰ ਨੇ ਬਹੁਤ ਲਿੰਕ ਰੋਡਾਂ ਬਣਾਈਆ, ਪਰ ਮੇਰੇ ਹਲਕੇ ਵਿਚ ਇਕ ਸੜਕ ਨਹੀਂ ਬਣੀ, ਉਥੇ ਆਵਾਜਾਈ ਦੇ ਸਾਧਨ ਬੜੇ ਔਖੇ ਹਨ। ਜਿਹੜਾ ਕਰੈਸ਼ ਪ੍ਰੋਗਰਾਮ ਹੈ ਉਸ ਦੇ ਵਿਚ ਰਤੇਵਾਲ ਅਤੇ ਭੋਜੇਵਾਲ ਆ ਚੁਕੇ ਹਨ। ਉਨ੍ਹਾਂ ਦਾ ਕੰਮ ਪੂਰਾ ਹੋਣਾ ਚਾਹੀਦਾ ਹੈ ਅਤੇ ਉਥੇ ਹੋਰ ਲਿੰਕ ਰੋਡਾਂ ਦੇਣੀਆਂ ਚਾਹੀਦੀਆਂ ਹਨ।

ਸੇਮ ਬਾਰੇ ਮੈਂ ਅਰਜ਼ ਕਰਾਂ ਕਿ ਜਿਹੜਾਂ ਰੋਪੜ ਕੋਲ ਇਲਾਕਾ ਹੈ ਉਸ ਲਈ 14 ਲੱਖ ਰੁਪਏ ਦੀ ਸਕੀਮ ਹੈ। ਲੇਕਿਨ ਸਾਲ ਦੋ ਸਾਲ ਤੋਂ ਉਪਰ ਹੋ ਚੁਕਾ ਹੈ ਪਰ ਉਹ ਅਜੇ ਤਕ ਪੂਰੀ ਨਹੀਂ ਕੀਤੀ ਗਈ। ਇਸ ਦੇ ਨਾਲ ਜਿਹੜੀ ਹਜਾਰਾਂ ਏਕੜ ਜਮੀਨ ਹੈ, ਜਿਹੜਾ ਬੇਟ ਦਾ ਇਲਾਕਾ ਹੈ ਇਸ ਦੇ ਵਿਚ ਆ ਜਾਂਦਾ ਹੈ। ਮੈਂ ਸਮਝਦਾ ਹਾਂ ਕਿ ਇਸ ਸਕੀਮ ਦੇ ਪੂਰਾ ਹੋ ਜਾਣ ਨਾਲ ਜਿਹੜੀ ਉਸ ਬੇਟ ਦੇ ਇਲਾਕੇ ਤੋਂ ਉਪਜ ਹੋਵੇਗੀ ਉਸ ਦੇ ਨਾਲ ਸਾਰੇ ਹੁਸ਼ਿਆਰਪੁਰ ਦੇ ਜ਼ਿਲ੍ਹੇ ਨੂੰ ਕਾਫੀ ਮੱਦਦ ਪਹੁੰਚੇਗੀ।

ਇਸ ਤੋਂ ਇਲਾਵਾ ਮੈਂ ਅਰਜ ਕਰਾਂ ਕਿ ਬਲਾਚੌਰ ਤਹਿਸੀਲ ਬਣ ਚੁਕੀ ਹੈ ਅਤੇ ਤਹਿਸੀਲਦਾਰ ਤੇ ਬਾਕੀ ਸਾਰੇ ਉਥੇ ਕੰਮ ਕਰਨੇ ਸ਼ੁਰੂ ਹੋ ਗਏ ਹਨ, ਪਰ ਉਥੇ ਖ਼ਜ਼ਾਨੇ ਦਾ ਕੰਮ ਸ਼ੁਰੂ ਨਹੀਂ ਹੋਇਆ। ਲੋਕਾਂ ਨੂੰ ਖਜ਼ਾਨੇ ਦੇ ਕੰਮ ਲਈ ਗੜਸੰਕਰ ਜਾਣਾ ਪੈਂਦਾ ਹੈ, ਜਿਸ ਦੇ ਨਾਲ ਲੋਕਾਂ ਦਾ ਬੜਾ ਨੁਕਸਾਨ ਹੁੰਦਾ ਹੈ ਅਤੇ ਉਨ੍ਹਾਂ ਨੂੰ ਬੜੀ ਦਿੱਕਤ ਆਉਂਦੀ ਹੈ, ਇਸ ਲਈ ਉਥੇ ਟਰੇਜ਼ਰੀ ਛੇਤੀ ਤੋਂ ਛੇਤੀ ਖੋਲੀ ਜਾਣੀ ਚਾਹੀਦੀ ਹੈ।

ਹੁਣ ਮੈਂ ਵਾਟਰ-ਸਪਲਾਈ ਸਕੀਮ ਬਾਰੇ ਅਰਜ਼ ਕਹਾਂਗਾ। ਵਾਟਰ-ਸਪਲਾਈ ਸਕੀਮ ਭਾਸ਼ਨ ਵਿਚ ਆ ਚਕੀ ਹੈ। ਮੈਂ ਅਰਜ਼ ਕਰਾਂ ਕਿ ਉਸ ਇਲਾਕੇ ਵਿਚ ਪਾਣੀ ਦੀ ਬੜੀ ਸਮੱਸਿਆ ਹੈ। ਇਕ ਵਾਟਰ—ਸਪਲਾਈ ਦੀ ਸਕੀਮ ਜਿਹੜੀ ਠਕਲਾ ਅਤੇ ਤੌਂਸਾ ਲਈ ਹੈ ਉਸ ਦੇ ਲਈ ਰੁਪਈਆ ਵੀ ਪਾਸ ਹੋ ਚੁਕਾ ਹੈ ਲੇਕਿਨ ਅਜੇ ਤਕ ਉਹ ਸਕੀਮ ਚਾਲੂ ਨਹੀਂ ਕੀਤੀ ਗਈ। ਲੋਕੀ ਅੱਜ ਕਲ ਵੀ ਉਂਟਾਂ ਤੇ ਗਡਿਆਂ ਨਾਲ ਪਾਣੀ ਚਾਰ ਚਾਰ ਮੀਲ ਅਤੇ ਪੰਜ ਪੰਜ ਮੀਲ ਤੋਂ ਲੈ ਕੇ ਆਉਂਦੇ ਹਨ। ਮੈਂ ਆਸ ਕਰਦਾ ਹਾਂ ਕਿ ਸਰਕਾਰ ਬਲਾਚੌਰ ਦੇ ਇਲਾਕੇ ਵਿਚ ਜਿਥੇ ਅਜੇ ਤਕ ਪਾਣੀ ਉਂਟਾਂ ਅਤੇ ਗਡਿਆਂ ਤੇ ਆ ਰਿਹਾ ਹੈ ਵਾਟਰ—ਸਪਲਾਈ ਸਕੀਮਾਂ ਚਾਲੂ ਕਰਨ ਦੇ ਉਪਰਾਲੇ ਕਰੇਗੀ।

ਆਖਰ ਵਿਚ ਮੈਂ ਅਰਜ ਕਰਾਂਗਾ ਕਿ ਇਕ ਪਿੰਡ ਜਿਹੜਾ ਕਿ ਬਲਾਚੌਰ ਤੋਂ 30 ਮੀਲ ਦੇ ਫਾਸਲੇ ਤੇ ਹੈ ਉਸ ਦੇ ਵਿਚ ਕੋਈ ਛੋਟੀ ਮੋਟੀ ਡਿਸਪੈਂਸਰੀ ਨਹੀਂ ਬਣੀ। ਮੈਂ ਅਰਜ ਕਰਾਂ ਕਿ 1968 ਵਿਚ ਹੈਲਥ ਮਨਿਸਟਰ ਸਾਹਿਬ ਨੇ ਤੌਂਸਾ ਵਿਚ ਇਕ ਡਿਸਪੈਂਸਰੀ ਖੋਲਣ ਵਾਸਤੇ ਫਾਉਂਡੇਸ਼ਨ ਸਟੋਨ ਰਖਿਆ ਸੀ। ਲੇਕਿਨ ਉਸ ਦੇ ਬਾਦ ਉਸ ਇਲਾਕੇ ਨੇ ਉਥੇ 7-8 ਕਮਰੇ ਬਣਾ ਦਿਤੇ, ਪਰ ਇਤਨੇ ਸਾਲਾਂ ਵਿਚ ਉਥੇ ਕੋਈ ਸਟਾਫ ਨਹੀਂ ਭੇਜਿਆ ਗਿਆ। ਮੈਂ ਆਸ ਰਖਦਾ ਹਾਂ ਕਿ ਉਥੇ ਹੁਣ ਜਰੂਰ ਸਟਾਫ ਭੇਜਿਆ ਜਾਵੇਗਾ।

ਅੰਤ ਵਿਚ ਮੈਂ ਆਸ ਰਖਦਾ ਹਾਂ ਕਿ ਬਲਾਚੌਰ ਦੇ ਇਲਾਕੇ ਦਾ ਖਾਸ ਧਿਆਨ ਰਖਦਿਆਂ ਹੋਇਆਂ ਜੋ ਕੁਝ ਜਰੂਰੀ ਮੰਗਾਂ ਤੁਹਾਡੇ ਪਾਸ ਰਖੀਆਂ ਹਨ, ਉਨ੍ਹਾਂ ਨੂੰ ਪੂਰਾ ਕਰਨ ਦਾ ਯਤਨ ਕਰੋਗੇ। ਮੈਂ ਪੰਜਾਬ ਸਰਕਾਰ ਤੋਂ ਵਿਸ਼ਵਾਸ ਰਖਦਾ ਹਾਂ ਕਿ ਬਲਾਚੌਰ ਸ਼ਹਿਰ ਨੂੰ

ਜਿਸ ਨੂੰ ਸੁਰੂ ਤੋਂ ਹੀ ਇਗਨੋਰ ਕੀਤਾ ਹੋਇਆ ਹੈ, ਉਸ ਵਲ ਪੂਰਾ ਧਿਆਨ ਦੇਣਗੇ । ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਡਾ ਧੰਨਵਾਦੀ ਹਾਂ ਜੋ ਮੈਨੂੰ ਬੋਲਣ ਦਾ ਤੁਸੀਂ ਟਾਇਮ ਦਿਤਾ ਹੈ ।

ਸ਼੍ਰੀਮਤੀ ਕੁਲਵੰਤ ਕੌਰ (ਧਰਮਕੋਟ) : ਮਾਨ ਯੋਗ ਡਿਪਟੀ ਸਪੀਕਰ ਸਾਹਿਬ, ਅਜ ਮੈਂ ਹਾਊਸ ਵਿਚ ਗਵਰਨਰ ਸਾਹਿਬ ਦੇ ਭਾਸ਼ਨ ਤੇ ਆਪਣੇ ਵਿਚਾਰ ਰਖਣ ਲਈ ਖੜੀ ਹੋਈ ਹਾਂ। ਬੜੀ ਉਮੀਦ ਸੀ ਕਿ ਉਨ੍ਹਾਂ ਦੇ ਭਾਸ਼ਨ ਵਿਚ ਕੁਝ ਨਵੀਆਂ ਸਕੀਮਾਂ ਤੇ ਕੁਝ ਨਵੇਂ ਪ੍ਰੋਗਰਾਮ ਆਉਣਗੇ, ਪਰ ਜਦੋਂ ਉਹ ਭਾਸ਼ਨ ਪੜ੍ਹਿਆ ਤਾਂ ਬੜਾ ਦੁਖ ਹੋਇਆ । ਇਹੋ ਜਿਹੀ ਕੋਈ ਨਵੀਂ ਸਕੀਮ ਜਾਂ ਪ੍ਰੋਗਰਾਮ ਨਹੀਂ ਲਿਆਂਦਾ ਗਿਆ ।

ਸਭ ਤੋਂ ਪਹਿਲਾਂ ਮੈਂ ਸਿਹਤ ਦੇ ਬਾਰੇ ਵਿਚ ਕੁਝ ਬੋਲਣਾ ਚਾਹੁੰਦੀ ਹਾਂ । ਕਿਸੇ ਵੀ ਕੌਮ ਨੂੰ ਤਰੱਕੀ ਵਾਲੇ ਪਾਸੇ ਲੈ ਕੇ ਜਾਣਾ ਹੋਵੇ ਤਾਂ ਜ਼ਰੂਰੀ ਹੈ ਕਿ ਉਥੇ ਦੇ ਬਚਿਆਂ ਦੀ ਜਾਂ ਜੋ ਉਥੇ ਦੇ ਰਹਿਣ ਵਾਲੇ ਹਨ, ਉਨ੍ਹਾਂ ਦੀ ਸਿਹਤ ਅੱਛੀ ਹੋਵੇ ਪਰ ਗਵਰਨਰ ਸਾਹਿਬ ਨੇ ਆਪਣੇ ਭਾਸ਼ਨ ਵਿਚ ਕੋਈ ਵੀ ਸਿਹਤ ਦਾ ਪ੍ਰੋਵੀਜ਼ਨ ਨਹੀਂ ਰਖਿਆ । ਮੈਂ ਬੇਨਤੀ ਕਰਾਂ ਕਿ ਪਿੰਡਾਂ ਦੇ ਵਿਚ 80% ਲੋਕ ਰਹਿੰਦੇ ਹਨ, ਉਨ੍ਹਾਂ ਲਈ ਨਵੇਂ ਹਸਪਤਾਲ ਖੋਲ੍ਹਣ ਲਈ ਕੋਈ ਪ੍ਰੋਵੀਜ਼ਨ ਨਹੀਂ ਰਖਿਆ । ਇਸ ਦੇ ਨਾਲ ਨਾਲ ਪਿੰਡਾਂ ਦੀਆਂ ਜ਼ਨਾਨੀਆਂ ਦੀਆਂ ਤਕਲੀਫਾਂ ਵਾਸਤੇ ਕੋਈ ਪ੍ਰਬੰਧ ਨਹੀਂ ਕੀਤੇ । ਜਦੋਂ ਉਨ੍ਹਾਂ ਨੂੰ ਕੋਈ ਤਕਲੀਫ ਹੁੰਦੀ ਹੈ ਤਾਂ ਉਨ੍ਹਾਂ ਨੂੰ ਕਾਫੀ ਦੂਰ ਦੂਰ ਦੇ ਹਸਪਤਾਲਾਂ ਵਿਚ ਜਾਣਾ ਪੈਂਦਾ ਹੈ..ਡਿਪਟੀ ਸਪੀਕਰ ਸਾਹਿਬ ਸਰਕਾਰ ਨੇ ਦਸਿਆ ਹੈ ਕਿ 20 ਡਿਸਪੈਂਸਰੀਆਂ ਖੁਲ੍ਹ ਜਾਣਗੀਆਂ ਪਰ ਮੇਰਾ ਖਿਆਲ ਹੈ ਕਿ ਇਹ ਘਟ ਹਨ ਅਤੇ ਹੋਰ ਡਿਸਪੈਂਸਰੀਆਂ, ਹਸਪਤਾਲ ਤੇ ਮੈਟਰਨਿਟੀ ਹਸਪਤਾਲ ਖੁਲ੍ਹਣੇ ਚਾਹੀਦੇ ਹਨ । ਇਸ ਤੋਂ ਬਾਅਦ ਗਵਰਨਰ ਸਾਹਿਬ ਨੇ ਭਾਸ਼ਨ ਵਿਚ ਦਸਿਆ ਹੈ ਕਿ ਸੂਬੇ ਪੰਜਾਬ ਦੇ ਵਿਚ ਪੰਜ ਹਜ਼ਾਰ ਐਸੇ ਪਿੰਡ ਹਨ ਜਿਥੇ ਕਿ ਪ੍ਰਾਇਮਰੀ ਸਕੂਲ ਨਹੀਂ ਹਨ । ਸਾਡਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ ਕਿ 25 ਸਾਲ ਹੋ ਗਏ ਹਨ ਸਾਡੇ ਦੇਸ਼ ਨੂੰ ਅਜ਼ਾਦ ਹੋਇਆ ਔਰ ਮੇਰੇ ਪੰਜਾਬ ਵਿਚ ਅਜੇਹੇ ਵੀ ਬਦਕਿਸਮਤ ਪਿੰਡ ਹਨ ਜਿਥੇ ਕਿ ਪ੍ਰਾਇਮਰੀ ਸਕੂਲ ਤਕ ਵੀ ਨਹੀਂ ਖੋਹਲੇ ਗਏ । ਮੈਂ ਡਿਪਟੀ ਸਪੀਕਰ ਸਾਹਿਬ ਆਪਣੇ ਧਰਮਕੋਟ ਹਲਕੇ ਦੀ ਗਲ ਕਰਨਾ ਚਾਹੁੰਦੀ ਹਾਂ । ਡਿਪਟੀ ਸਪੀਕਰ ਸਾਹਿਬ, ਉਹ ਬੇਟ ਦਾ ਇਲਾਕਾ ਹੈ ਔਰ ਉਸ ਵਿਚ ਪਾਕਿਸਤਾਨ ਤੋਂ ਆਏ ਸਾਡੇ ਸ਼ਰਨਾਰਥੀਆਂ ਦਾ ਬਹੁਤ ਹਿੱਸਾ ਹੈ। ਅੱਜ ਸਾਨੂੰ ਬੜਾ ਮਾਨ ਹੁੰਦਾ ਹੈ ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਬੰਗਲਾ ਦੇਸ਼ ਤੋਂ ਆਏ ਸ਼ਰਨਾਰਥੀਆਂ ਨੂੰ ਅਸੀਂ ਸੰਭਾਲਿਆ ਹੈ ਉਨ੍ਹਾਂ ਨੂੰ ਬਾਇਜ਼ਤ ਵਾਪਿਸ ਭੇਜਿਆ ਹੈ । ਡਿਪਟੀ ਸਪੀਕਰ ਸਾਹਿਬ 1967 ਦੇ ਵਿਚ ਮੈਨੂੰ ਮੌਕਾ ਮਿਲਿਆ ਬੇਟ ਦੇ ਇਲਾਕੇ ਵਿਚ ਜਾਣ ਦਾ । ਮੈਨੂੰ ਇਹ ਦੇਖ ਕੇ ਦੁਖ ਹੋਇਆ ਕਿ ਉਥੇ ਸੜਕ ਕੋਈ ਨਹੀਂ ਹੈ ਔਰ ਪਿੰਡਾਂ ਦੀ ਹਾਲਤ ਇਹ ਸੀ ਕਿ ਨਾ ਹੀ ਉਥੇ ਕੋਈ ਸਕੂਲ ਸੀ ਅਤੇ ਨਾ ਹੀ ਕਿਸੇ ਪਿੰਡ ਵਿਚ ਬਿਜਲੀ ਗਈ ਸੀ ਔਰ ਇਹ ਇਲਾਕਾ ਸੇਮ ਦਾ ਮਾਰਿਆ ਹੋਇਆ ਇਲਾਕਾ ਸੀ । ਜਦੋਂ ਮੈਂ ਇਹ ਗੱਲ ਦਸਦੀ ਹਾਂ ਤਾਂ ਮੇਰਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ ਕਿ ਉਥੇ ਦੀਆਂ ਜ਼ਨਾਨੀਆਂ ਜਦੋਂ ਖੇਤਾਂ ਵਿਚ ਰੋਟੀ ਲੈ ਕੇ ਜਾਂਦੀਆਂ ਸਨ ਤਾਂ ਆਪਣੇ ਕਪੜੇ ਉਤਾਰ ਕੇ ਜਾਂਦੀਆਂ ਸਨ ਕਿਉਂਕਿ ਰਸਤਾ ਬੜਾ ਚਿੱਕੜ ਵਾਲਾ ਹੁੰਦਾ ਸੀ ।

[ਸ੍ਰੀ ਮਤੀ ਕੁਲਵੰਤ ਕੌਰ]
ਡਿਪਟੀ ਸਪੀਕਰ ਸਾਹਿਬ ਮੈਨੂੰ ਗਿੱਲ ਸਾਹਿਬ ਨਾਲ ਉਥੇ ਜਾਣ ਦਾ ਮੌਕਾ ਮਿਲਿਆ ਸੀ। ਜਦੋਂ ਗਿੱਲ ਸਾਹਿਬ ਨੇ ਇਹ ਹਾਲਤ ਲੋਕਾਂ ਦੀ ਵੇਖੀ ਤਾਂ ਉਨ੍ਹਾਂ ਨੇ ਉਥੇ ਹੀ ਕਸਮ ਖਾਧੀ ਔਰ ਕਿਹਾ ਕਿ ਮੈਨੂੰ ਕੋਈ ਹੱਕ ਨਹੀਂ ਹੈ ਕਿ ਮੈਂ ਦੁਬਾਰਾ ਇਸ ਹਾਊਸ ਵਿਚ ਆਵਾਂ ਜਦੋਂ ਤਕ ਮੈਂ ਇਨ੍ਹਾਂ ਲੋਕਾਂ ਦੀਆਂ ਤਕਲੀਫਾਂ ਨੂੰ ਦੂਰ ਨਹੀਂ ਕਰਦਾ। ਡਿਪਟੀ ਸਪੀਕਰ ਸਾਹਿਬ ਇਹ ਗਲ ਸਭ ਜਾਣਦੇ ਹਨ ਕਿ ਕਿਸ ਤਰ੍ਹਾਂ ਗਿੱਲ ਸਾਹਿਬ ਨੇ ਥੋੜੇ ਹੀ ਸਮੇਂ ਵਿਚ ਇਤਨਾ ਕੁਝ ਕਰਕੇ ਵਿਖਾਇਆ ਹੈ। ਉਹ ਉਸ ਇਲਾਕੇ ਵਿਚ ਸੜਕਾਂ ਲਜਾਣ ਵਿਚ ਸਕੂਲ ਖੋਲ੍ਹਣ ਵਿਚ ਕਾਫੀ ਹੱਦ ਤਕ ਕਾਮਯਾਬ ਹੋਏ। ਪਰ ਅਜੇ ਵੀ 100 ਪਿੰਡ ਅਜਿਹੇ ਰਹਿ ਗਏ ਹਨ ਜਿਥੇ ਕਿ ਸਕੂਲ ਨਹੀਂ ਹਨ। ਲੋਕਾਂ ਨੇ ਕਈ ਜਗ੍ਹਾ ਬਿਲਡਿੰਗਜ਼ ਬਣਾਈਆਂ ਹੋਈਆਂ ਹਨ ਪਰ ਸਕੂਲ ਨਹੀਂ ਖੋਲ੍ਹੇ ਗਏ ਅਤੇ ਸੜਕਾਂ ਜਿਹੜੀਆਂ ਸ਼ੁਰੂ ਕੀਤੀਆਂ ਗਈਆਂ ਸਨ ਗਵਰਨਰ ਰਾਜ ਵਿਚ ਉਹ ਬਣਾਈਆਂ ਨਹੀਂ ਗਈਆਂ। ਇਸ ਲਈ ਮੇਰੀ ਬੇਨਤੀ ਹੈ ਕਿ ਅਗਰ ਕਿਸੇ ਪਿੰਡ ਨੇ ਬਿਲਡਿੰਗ ਬਣਾਈ ਹੋਈ ਹੈ ਤਾਂ ਸਰਕਾਰ ਨੂੰ ਚਾਹੀਦਾ ਹੈ ਕਿ ਉਥੇ ਛੇਤੀ ਛੇਤੀ ਸਕੂਲ ਖੋਲ੍ਹ ਦੇਵੇ ਔਰ ਸੜਕਾਂ ਜਿਹੜੀਆਂ ਕਿ ਇੰਨਕੰਪਲੀਟ ਹਨ ਉਨ੍ਹਾਂ ਵਲ ਵੀ ਧਿਆਨ ਦਿੱਤਾ ਜਾਵੇ। ਸਕੂਲਾਂ ਦੇ ਨਾਲ ਨਾਲ ਕਾਲਜਿਜ਼ ਦੀ ਵੀ ਲੋੜ ਹੈ ਪਰ ਇਸ ਭਾਸ਼ਨ ਵਿਚ ਗਵਰਨਰ ਸਾਹਿਬ ਨੇ ਨਹੀਂ ਆਖਿਆ ਕਿ ਨਵੇਂ ਕਾਲਿਜ਼ ਖੋਲ੍ਹੇ ਜਾਣਗੇ। ਪਿਛਲੀ ਅਕਾਲੀ ਸਰਕਾਰ ਨੇ ਤਿੰਨ ਕਾਲਿਜ ਖੋਲ੍ਹੇ ਸਨ ਪਰ ਮੇਰੇ ਇਲਾਕੇ ਵਿਚ ਕੋਈ ਕਾਲਜ਼ ਨਹੀਂ ਹੈ ਅਤੇ ਕਾਲਜਾਂ ਦੀ ਕਮੀਂ ਕਾਰਨ ਵਿਦਿਆਰਥੀਆਂ ਦੀ ਪੜ੍ਹਾਈ ਅਧੂਰੀ ਰਹਿ ਜਾਂਦੀ ਹੈ। ਜਿਹੜੇ ਪ੍ਰਾਈਵੇਟਲੀ ਮੈਨੇਜਡ ਕਾਲਜ਼ ਹਨ ਉਹ ਬਹੁਤ ਦੂਰ ਦੂਰ ਹਨ। ਇਸ ਲਈ ਮੇਰੀ ਮੰਗ ਹੈ ਕਿ ਧਰਮਕੋਟ ਵਿਚ ਕਾਲਜ਼ ਖੋਲਿਆ ਜਾਵੇ। ਇਸ ਤਰ੍ਹਾਂ ਹੀ ਡਿਪਟੀ ਸਪੀਕਰ ਸਾਹਿਬ ਉਸ ਹਲਕੇ ਵਿਚ ਔਰਤਾਂ ਵਾਸਤੇ ਕਾਲਜ ਖੋਲ੍ਹੇ ਜਾਣ ਅਤੇ ਉਨ੍ਹਾਂ ਵਾਸਤੇ ਟਰੇਨਿੰਗ ਸੈਂਟਰ ਵੀ ਹੋਣੇ ਚਾਹੀਦੇ ਹਨ ਉਹ ਜਿਥੋਂ ਕਿ ਡੌਲ ਮੇਕਿੰਗ ਜਾਂ ਟੇਲਰਿੰਗ ਦਾ ਕੰਮ ਸਿੱਖ ਸਕਣ।

ਡਿਪਟੀ ਸਪੀਕਰ ਸਾਹਿਬ ਸਰਕਾਰ ਨੇ ਸੜਕਾਂ ਦੇ ਬਾਰੇ ਵਿਚ ਕਿਹਾ ਹੈ ਕਿ ਵੱਧ ਤੋਂ ਵੱਧ ਕੰਮ ਕੀਤਾ ਜਾਵੇਗਾ। ਹਰ ਪਿੰਡ ਨੂੰ ਲਿੰਕ ਰੋਡਜ਼ ਨਾਲ ਮਲਾਇਆ ਜਾਵੇਗਾ ਪ੍ਰੰਤੂ ਇਸ ਕੰਮ ਲਈ ਜਿਹੜੀ ਰਕਮ ਰਖੀ ਗਈ ਹੈ ਉਹ ਬਹੁਤ ਹੀ ਥੋੜ੍ਹੀ ਹੈ। ਜੇਕਰ ਅਸੀਂ ਪਿਛਲੇ ਅੰਕੜੇ ਲਈਏ ਤਾਂ ਪਤਾ ਲਗਦਾ ਹੈ ਕਿ ਸੰਨ 1970-71 ਵਿਚ ਸੱਤ ਕਰੋੜ 24 ਲੱਖ ਰੁਪਏ ਰਖੇ ਗਏ ਸਨ ਲੇਕਿਨ 1972-73 ਲਈ ਇਹ ਰਕਮ ਘਟਾ ਕੇ 6 ਕਰੋੜ 50 ਲੱਖ ਰੁਪਏ ਦੀ ਕਰ ਦਿਤੀ ਹੈ ਜਿਸ ਨਾਲ ਕਿ ਸਾਨੂੰ ਸ਼ੰਕਾ ਪੈਦਾ ਹੋ ਗਿਆ ਕਿ ਜਿਸ ਤਰ੍ਹਾਂ ਇਹ ਕਹਿੰਦੇ ਹਨ ਕਿ ਦੋ ਸਾਲਾਂ ਦੇ ਅੰਦਰ ਅੰਦਰ ਹਰ ਪਿੰਡ ਨੂੰ ਸੜਕਾਂ ਨਾਲ ਜੋੜ ਦੇਣਾ ਹੈ ਮੇਰਾ ਖਿਆਲ ਹੈ ਕਿ ਇਹ ਆਪਣਾ ਵਾਇਦਾ ਪੂਰਾ ਨਹੀਂ ਕਰ ਸਕਣਗੇ। ਮੇਰਾ ਇਹ ਵੀ ਸੁਝਾਓ ਹੈ ਕਿ ਨਵੀਆਂ ਸੜਕਾਂ ਬਨਾਉਣ ਦਾ ਉਤਨਾ ਚਿਰ ਤਕ ਕੋਈ ਫਾਇਦਾ ਨਹੀਂ ਹੋਵੇਗਾ ਜਦੋਂ ਤਕ ਕਿ ਪੁਰਾਣੀਆਂ ਸੜਕਾਂ ਦੀ ਮੇਨਟੇਨੇਂਸ ਵਲ ਧਿਆਨ ਨਾ ਦਿੱਤਾ ਜਾਵੇ ਔਰ ਅਧੂਰੀਆਂ ਸੜਕਾਂ ਨੂੰ ਪੂਰਾ ਨਾ ਕੀਤਾ ਜਾਵੇ।

ਡਿਪਟੀ ਸਪੀਕਰ ਸਾਹਿਬ ਗਿਆਨੀ ਜੀ ਨੇ ਦੱਸਿਆ ਹੈ ਕਿ 97 ਪ੍ਰਤਿਸ਼ਤ ਅਜਿਹੇ ਕਿਸਾਨ ਹਨ ਜਿਨ੍ਹਾਂ ਪਾਸ 20 ਏਕੜ ਤੋਂ ਘੱਟ ਜ਼ਮੀਨ ਹੈ ਅਤੇ ਉਨ੍ਹਾਂ ਨੇ ਕਿਹਾ

ਸੀ ਕਿ ਅਸੀਂ ਕਿਸਾਨ ਨੂੰ ਅੱਗੇ ਲੈ ਜਾਣਾ ਚਾਹੁੰਦੇ ਹਾਂ ਪਰ ਹਾਲਤ ਇਹ ਹੈ ਕਿ ਜਦੋਂ ਦੀ ਇਹ ਸਰਕਾਰ ਆਈ ਹੈ ਟਰੈਕਟਰਾਂ ਦੀਆਂ ਕੀਮਤਾਂ ਵਧ ਗਈਆਂ ਹਨ, ਖਾਦ ਮਹਿੰਗੀ ਹੋ ਗਈ ਹੈ, ਬਿਜਲੀ ਮਹਿੰਗੀ ਹੋ ਗਈ ਹੈ ਔਰ ਜੋ ਚੀਜ਼ਾਂ ਸਾਡੇ ਕਿਸਾਨ ਨੇ ਖਰੀਦਣੀਆਂ ਹਨ ਉਹ ਤਾਂ ਇਸ ਪਕਾਰ ਮਹਿੰਗੀਆਂ ਹੋ ਗਈਆਂ ਹਨ ਪਰ ਜਿਹੜੀ ਚੀਜ਼ ਉਸ ਨੇ ਵੇਚਣੀ ਹੈ ਉਹ ਹੈ ਉਸਦੇ ਖੇਤਾਂ ਦੀ ਉਪਜ । ਜਿਸ ਦਾ ਕਿ ਉਸ ਨੂੰ ਵਾਜਬ ਭਾਅ ਨਹੀਂ ਮਿਲ ਰਿਹਾ । ਅੱਜ ਕਣਕ ਦਾ ਭਾਅ ਬਹੁਤ ਘੱਟ ਹੈ । ਮੇਰੀ ਬੇਨਤੀ ਹੈ ਕਿ ਅਗਰ ਸੀ. ਐਮ. ਸਾਹਿਬ ਚਾਹੁੰਦੇ ਹਨ ਕਿ 97 ਪ੍ਰਤਿਸ਼ਤ ਕਿਸਾਨਾਂ ਨੂੰ ਅੱਗੇ ਲਿਆਂਦਾ ਜਾਵੇ ਤਾਂ ਫਿਰ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਨ੍ਹਾਂ ਦੀ ਜਿਣਸ ਦੇ ਭਾਅ ਉਨ੍ਹਾਂ ਦੇ ਖਰਚ ਦੇ ਮੁਤਾਬਿਕ ਹੋਣ । ਡਿਪਟੀ ਸਪੀਕਰ ਸਾਹਿਬ ਇਹ ਉਹ ਕਿਸਾਨ ਹੈ ਜਿਸ ਨੇ ਸਾਰੇ ਹਿੰਦੁਸਤਾਨ ਨੂੰ ਲਲਕਾਰਿਆ ਸੀ ਕਿ ਅਸੀਂ ਕਿਸੇ ਵੀ ਦੂਸਰੇ ਮੁਲਕ ਪਾਸ ਅਨਾਜ ਲਈ ਝੋਲੀ ਨਹੀਂ ਅੱਡਾਂਗੇ । ਅੱਜ ਇਹ ਵਾਅਦਾ ਕਿਸਾਨ ਨੇ ਆਪਣਾ ਪੂਰਾ ਕਰਕੇ ਵਿਖਾ ਦਿਤਾ ਹੈ । ਇਸ ਵਾਸਤੇ ਮੇਰੀ ਸੀ. ਐਮ. ਸਾਹਿਬ ਪਾਸ ਬੇਨਤੀ ਹੈ ਕਿ ਉਹ ਐਗਰੀਕਲਚਰਲ ਯੂਨੀਵਰਸਿਟੀ ਦੇ ਅੰਕੜੇ ਕਢਾ ਕੇ ਵੇਖ ਲੈਣ । ਉਨ੍ਹਾਂ ਦੇ ਮੁਤਾਬਿਕ ਕਣਕ ਦਾ ਭਾਅ 100 ਰੁਪਏ ਤੋਂ ਘੱਟ ਨਹੀਂ ਹੋਣਾ ਚਾਹੀਦਾ । ਅੱਜ ਇਨ੍ਹਾਂ ਦੀ ਹੀ ਸਰਕਾਰ ਸੈਂਟਰ ਵਿਚ ਹੈ ਇਸ ਲਈ ਆਸ ਹੈ ਕਿ ਇਹ ਜ਼ੋਰ ਪਾਕੇ ਉਨ੍ਹਾਂ ਨੂੰ ਮਨਾ ਲੈਣਗੇ ਅਤੇ ਕਣਕ ਦਾ ਮੁਨਾਸਿਬ ਭਾਅ ਲੋਕਾਂ ਨੂੰ ਦਿਵਾਉਣਗੇ ।

ਫਿਰ ਕਪਾਹ ਬਾਰੇ ਇਏ ਰੋਜ਼ ਗਲਾਂ ਹੁੰਦੀਆਂ ਅਤੇ ਸਰਕਾਰ ਇਹ ਕਹਿੰਦੀ ਹੈ ਕਿ ਉਹ ਪੰਜ ਸੱਤ ਦਿਨਾਂ ਤਕ ਸੈਂਟਰ ਨਾਲ ਗੱਲ ਬਾਤ ਕਰਕੇ ਕਪਾਹ ਦੀ ਕੀਮਤ ਨਿਸ਼ਚਿਤ ਕਰਾਉਣਗੇ। ਪਰ ਡਿਪਟੀ ਸਪੀਕਰ ਸਾਹਿਬ ਕਿਸਾਨ ਨੂੰ ਪੈਸੇ ਦੀ ਲੋੜ ਹੁੰਦੀ ਹੈ ਇਸ ਲਈ ਉਸ ਨੇ ਮਹਿੰਗੇ ਸੱਸਤੇ ਭਾਅ ਉਸ ਨੂੰ ਵੇਚ ਦੇਣਾ ਹੁੰਦਾ ਹੈ । ਹੁਣ ਜਦੋਂ ਕਿ ਕਪਾਹ ਮੰਡੀਆਂ ਵਿਚ ਆ ਚੁਕੀ ਹੈ ਪਰ ਉਸ ਦਾ ਭਾਅ ਨਿਸਚਿਤ ਨਹੀਂ ਕੀਤਾ ਜਾ ਰਿਹਾ । ਇਸ ਲਈ ਇਸ ਦਾ ਛੇਤੀ ਤੋਂ ਛੇਤੀ ਭਾਅ ਫਿਕਸ ਕੀਤਾ ਜਾਵੇ ਨਹੀਂ ਤਾਂ ਬਾਅਦ ਵਿਚ ਤਾਂ ਕੇਵਲ ਮਿੱਲ ਮਾਲਕਾਂ ਨੂੰ ਹੀ ਫਾਇਦਾ ਹੋਵੇਗਾ । ਅਤੇ ਕਿਸਾਨ ਆਪਣੀ ਕਪਾਹ ਸੱਸਤੇ ਭਾਅ ਤੇ ਵੇਚ ਦੇਵੇਗਾ ।

ਡਿਪਟੀ ਸਪੀਕਰ ਸਾਹਿਬ, ਮੈਂ ਖੁਸ਼ ਹਾਂ ਕਿ ਸਾਡੇ ਆਨਰੇਬਲ ਮੈਂਬਰ ਮਿਸਜ਼ ਬਰਾੜ ਸੋਸ਼ਲ ਵੈਲਫੇਅਰ ਬੋਰਡ ਦੇ ਚੇਅਰਮੈਨ ਹਨ । ਮੈਂ ਉਨ੍ਹਾਂ ਪਾਸ ਵੀ ਬੇਨਤੀ ਕਰਨਾ ਚਾਹੁੰਦੀ ਹਾਂ ਕਿ ਉਹ ਪਛੜੇ ਹੋਏ ਪਿੰਡਾਂ ਵਿਚ ਸੋਸ਼ਲ ਵੈਲਫੇਅਰ ਬੋਰਡ ਦੇ ਕੰਮ ਜ਼ਿਆਦਾ ਕਰਾਉਣ ਲਈ ਯਤਨ ਕਰਨ ਵੂਮੈਨ ਵਾਸਤੇ ਪਿੰਡਾਂ ਵਿਚ ਸੈਂਟਰ ਖੋਲ੍ਹ ਦੇਣੇਂ ਚਾਹੀਦੇ ਹਨ ਜਿਥੇ ਕਿ ਔਰਤਾਂ ਡੋਲ ਮੇਕਿੰਗ ਜਾਂ ਟੇਲਰਿੰਗ ਆਦਿ ਦੀ ਟ੍ਰੇਨਿੰਗ ਪ੍ਰਾਪਤ ਕਰ ਸਕਣ ।

ਡਿਪਟੀ ਸਪੀਕਰ ਸਾਹਿਬ ਇਥੇ ਹਾਊਸ ਵਿਚ ਰੋਜ਼ ਮੇਰੇ ਬਾਰੇ ਔਰ ਗਿੱਲ ਸਾਹਿਬ ਬਾਰੇ ਬਹਿਸ ਹੁੰਦੀ ਹੈ । ਮੈਂ ਇਹ ਗੱਲ ਅੱਜ ਸਪੱਸ਼ਟ ਕਰ ਦੇਣਾ ਚਾਹੁੰਦੀ ਹੈ ਕਿ ਗਿੱਲ ਸਾਹਿਬ ਅਕਾਲੀ ਸਨ ਔਰ ਉਹ ਆਖਰੀ ਦਮ ਤਕ ਅਕਾਲੀ ਹੀ ਰਹੇ । ਇਹ ਠੀਕ ਹੈ ਕਿ ਉਨ੍ਹਾਂ ਨੇ ਅੱਠ ਨੌਂ ਮਹੀਨੇ ਵਾਸਤੇ ਸਰਕਾਰ ਦੀ ਪ੍ਰਤੀਨਿਧਤਾ ਕੀਤੀ ਹੈ ਔਰ ਜੋ ਕੁਝ ਪਿੰਡਾਂ ਦੀ ਤਰੱਕੀ ਵਾਸਤੇ ਉਨ੍ਹਾਂ ਨੇ ਕਰ ਵਿਖਾਇਆ ਹੈ, ਉਹ ਸਾਰਾ ਪੰਜਾਬ ਜਾਣਦਾ ਹੈ ।

ਟ੍ਰੇਯਰੀ ਬੈਂਚਾਂ ਵਲੋਂ ਆਵਾਜ਼ਾਂ : ਉਨ੍ਹਾਂ ਨੂੰ ਸਾਹਮਣੇ ਬੈਠੇ ਵੀਰਾਂ ਨੇ ਹੀ ਕਤਲ ਕੀਤਾ ਹੈ ।

ਸ਼੍ਰੀਮਤੀ ਕੁਲਵੰਤ ਕੌਰ : ਮੈਂ ਜਾਣਦੀ ਹਾਂ ਕਿ ਉਨ੍ਹਾਂ ਦਾ ਕਾਤਲ ਕੌਣ ਹੈ (ਵਿਘਨ)

Mr. Deputy Speaker : No interruptions please.

ਸ਼੍ਰੀਮਤੀ ਕੁਲਵੰਤ ਕੌਰ : ਡਿਪਟੀ ਸਪੀਕਰ ਸਾਹਿਬ, ਇਥੇ ਆਨਰੇਬਲ ਮੈਂਬਰ ਅਚਾਰੀਆ ਪ੍ਰਿਥਵੀ ਸਿੰਘ ਅਜ਼ਾਦ ਨੇ ਦੱਸਿਆ ਹੈ ਕਿ ਮੇਰੇ ਦੋ ਲੜਕੇ ਹਨ । ਇਕ ਨੇ ਹਿੰਦੀ ਪੜ੍ਹੀ ਹੈ ਔਰ ਉਹ ਕਾਫੀ ਲਾਇਕ ਹੈ, ਅਫਸਰ ਬਣ ਗਿਆ ਹੈ ਪਰ ਦੂਜੇ ਨੇ ਪੰਜਾਬੀ ਪੜ੍ਹੀ ਹੈ ਅਤੇ ਉਹ ਅੱਗੇ ਪੜ੍ਹ ਹੀ ਨਹੀਂ ਸਕਿਆ । ਉਨ੍ਹਾਂ ਨੂੰ ਇਹ ਗਲਤ ਫਹਿਮੀ ਹੈ । ਬੱਚਿਆਂ ਦੀ ਆਪਣੀ ਆਪਣੀ ਰੁਚੀ ਹੁੰਦੀ ਹੈ, ਦਿਮਾਗ ਹੁੰਦਾ ਹੈ, ਭਾਵਨਾ ਹੁੰਦੀ ਹੈ। ਪਰ ਡਿਪਟੀ ਸਪੀਕਰ ਸਾਹਿਬ, ਇਹ ਗਲ ਮੈਂ ਜ਼ਰੂਰੀ ਕਹਾਂਗੀ ਕਿ ਕਿਸੇ ਵੀ ਕੌਮ ਨੂੰ ਅੱਗੇ ਲੈ ਜਾਣਾ ਹੋਵੇ ਤਾਂ ਉਸ ਕੌਮ ਦੀ ਬੋਲੀ ਨੂੰ ਅੱਗੇ ਲਿਜਾਣਾ ਜ਼ਰੂਰੀ ਹੋ ਜਾਂਦਾ ਹੈ ।

ਡਿਪਟੀ ਸਪੀਕਰ ਸਾਹਿਬ, ਤੁਸੀਂ ਵੇਖਿਆ ਹੋਣਾ ਹੈ ਕਿ ਜਿਨ੍ਹਾਂ ਕੌਮਾਂ ਦੀ ਆਪਣੀ ਜ਼ਬਾਨ ਨਾ ਹੋਵੇ ਉਹ ਦੇਰ ਤਕ ਨਹੀਂ ਚਲਦੀਆਂ ਹੁੰਦੀਆਂ । (ਪ੍ਰਸੰਸਾ) ਮੈਂ ਆਪਣੀ ਸਰਕਾਰ ਅਗੇ ਇਹ ਬੇਨਤੀ ਕਰਾਂਗੀ ਕਿ ਪੰਜਾਬੀ ਦੇ ਵਿਕਾਸ ਲਈ ਉਚਿਤ ਪ੍ਰਬੰਧ ਕੀਤਾ ਜਾਵੇ ਅਤੇ ਇਸ ਦੇ ਨਾਲ ਹੀ ਅਸਾਨੂੰ ਚਾਹੀਦਾ ਹੈ ਕਿ ਬਾਕੀ ਦੀਆਂ ਜ਼ਬਾਨਾਂ ਵੀ ਪੜ੍ਹੀਏ ਤਾਂ ਕਿ ਪਤਾ ਲਗ ਸਕੇ ਕਿ ਲੋਕੀਂ ਕਿਥੇ ਤੱਕ ਤਰੱਕੀ ਕਰ ਰਹੇ ਹਨ । ਪਰ ਪਹਿਲ ਆਪਣੀ ਜ਼ਬਾਨ ਨੂੰ ਹੀ ਦੇਣੀ ਚਾਹੀਦੀ ਹੈ । ਜਿਸ ਨੂੰ ਹਰ ਬੱਚਾ ਬੁੱਢਾ ਅਤੇ ਹਰ ਇਸਤਰੀ ਸਮਝ ਸਕਦੀ ਹੈ । ਤੁਸੀਂ ਵੇਖਿਆ ਹੋਣਾ ਹੈ ਕਿ ਅਗੇ ਕੋਰਟਸ ਵਿਚ ਸਾਰੀ ਬਹਿਸ ਅੰਗਰੇਜ਼ੀ ਵਿਚ ਹੁੰਦੀ ਸੀ ਅਤੇ ਮੌਅਕਲਾਂ ਨੂੰ ਪਤਾ ਤਕ ਨਹੀਂ ਸੀ ਲਗਦਾ ਕਿ ਉਨ੍ਹਾਂ ਦਾ ਵਕੀਲ ਕਿਸ ਪੁਆਇੰਟ ਤੇ ਬਹਿਸ ਕਰ ਰਿਹਾ ਹੈ ਅਤੇ ਕਿਸ ਤਰ੍ਹਾਂ ਪੇਸ਼ ਕਰ ਰਿਹਾ ਹੈ । ਇਸ ਲਈ ਮੈਂ ਕਹਾਂਗੀ ਕਿ ਪੰਜਾਬੀ ਦੇ ਵਿਕਾਸ ਲਈ ਜ਼ਿਆਦਾ ਪ੍ਰਬੰਧ ਕਰਨਾ ਚਾਹੀਦਾ ਹੈ ।

ਇਥੇ ਹਰੀਜਨਾਂ ਦੇ ਵਾਸਤੇ ਬਹੁਤ ਕੁਝ ਕਿਹਾ ਗਿਆ ਹੈ ਪਰ ਮੇਰੇ ਖਿਆਲ ਵਿਚ ਜੋ ਅਕਾਲੀ ਪਾਰਟੀ ਨੇ ਆਪਣੀ ਸਰਕਾਰ ਵੇਲੇ ਧਰਮਸ਼ਾਲਾ ਬਨਾਣ ਦਾ ਕੰਮ ਸ਼ੁਰੂ ਕੀਤਾ ਸੀ, ਉਸ ਦੇ ਮੁਕਾਬਲੇ ਵਿਚ ਹੁਣ ਬਹੁਤ ਘਟ ਰਕਮ ਰਖੀ ਗਈ ਹੈ। ਇਸ ਨਾਲ ਅੱਗੇ ਤੋਂ ਘਟ ਧਰਮਸ਼ਾਲਾਂ ਪਿੰਡਾਂ ਵਿਚ ਬਣਨਗੀਆਂ ਇਸ ਤਰ੍ਹਾਂ ਸਕੂਲਾਂ ਦੇ ਬਾਰੇ ਵਿਚ 1970-71 ਵਿਚ ਗਵਰਨਰ ਸਾਹਿਬ ਨੇ ਦਸਿਆ ਹੈ ਕਿ 80 ਪ੍ਰਾਇਮਰੀ ਸਕੂਲ ਬਣਾਏ ਗਏ । ਜੇਕਰ ਇਹੀ ਹਾਲ ਰਿਹਾ ਤਾਂ ਪਤਾ ਨਹੀਂ ਕਿ ਕਿਸ ਤਰ੍ਹਾਂ ਇਹ 5 ਹਜ਼ਾਰ ਪਿੰਡਾਂ ਨੂੰ ਸਕੂਲ ਬਣਾਕੇ ਕਵਰ ਕਰ ਲੈਣਗੇ । ਇਸ ਭਾਸ਼ਨ ਵਿਚ ਮੈਂ ਸਮਝਦੀ ਹਾਂ ਕਿ ਕੋਈ ਵੀ ਪਰਾਗਰੇਸਿਵ ਪਰੋਗਰਾਮ ਨਹੀਂ ਦਿਤਾ ਗਿਆ, ਜਿਸ ਨਾਲ ਕਿ ਸਮਾਜਵਾਦ ਲਿਆਂਦਾ ਜਾ ਸਕੇ ਅਤੇ ਪੰਜਾਬ ਨੂੰ ਤਰੱਕੀ ਵਾਲੇ ਪਾਸੇ ਲਿਜਾਂਦਾ ਹੋਵੇ । ਇਤਨਾ ਕਹਿ ਕੇ ਮੈਂ ਡਿਪਟੀ ਸਪੀਕਰ ਸਾਹਿਬ ਆਪ ਦਾ ਧੰਨਵਾਦ ਕਰਦੀ ਹਾਂ ਕਿ ਆਪ ਨੇ ਮੈਨੂੰ ਗਵਰਨਰ ਸਾਹਿਬ ਦੇ ਭਾਸ਼ਨ ਤੇ ਆਪਣੇ ਵਿਚਾਰ ਰੱਖਣ ਦਾ ਮੌਕਾ ਦਿਤਾ ਹੈ (ਪ੍ਰਸੰਸਾ) (ਵਿਘਨ) ।

आचार्य पृथ्वी सिंह आज़ाद : माननीय डिपटी स्पीकर साहिब, मैं निहायत अदब से आप के द्वारा लेडी मैंबर से जो कि मेरे दोस्त की लड़की है और मेरे एक दोस्त के लड़के की बीवी है, यह पूछना चाहूंगा कि इन्होंने शिक्षा कौन से स्कूल में ली है ?

(विघन)

Mr. Deputy Speaker : No please. The hon. Member cannot ask this question from the lady member. (Interruptions)

Mr. Speaker : Order please.

ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ (ਸ਼ੇਰਪੁਰ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਜਿਹੜਾ ਗਵਰਨਰ ਸਾਹਿਬ ਨੇ ਐਡਰੈਸ ਦਿਤਾ ਹੈ ਇਹ ਕਾਂਗਰਸ ਸਰਕਾਰ ਵਲੋਂ ਤਿਆਰ ਕੀਤਾ ਗਿਆ ਅਤੇ ਇਹ ਕਾਂਗਰਸ ਦੀਆਂ ਨੀਤੀਆਂ ਨੂੰ ਦਰਸਾਂਦਾ ਹੈ। ਅਤੇ ਕਾਂਗਰਸ ਸਰਕਾਰ ਵਲੋਂ ਹੀ ਤਿਆਰ ਕਰਕੇ ਪੇਸ਼ ਕਰਵਾਇਆ ਗਿਆ ਹੈ। ਮੈਂ ਇਸ ਦੇ ਬਾਰੇ ਵਿੱਚ ਇਨਾਂ ਹੀ ਕਹਿਣਾ ਚਾਹੁੰਦਾ ਹਾਂ ਕਿ ਇਹ ਚਲਾਕੀ ਭਰਿਆ ਐਡਰੈਸ ਹੈ ਅਤੇ ਇਸ ਦੇ ਬਾਰੇ ਵਿੱਚ ਕਿਸ ਤਰ੍ਹਾਂ ਮੇਰੇ ਕਾਂਗਰਸੀ ਵੀਰ ਕਹਿੰਦੇ ਸਨ ਫਖਰ ਨਾਲ ਕਿ ਭਾਸ਼ਨ ਗਵਰਨਰ ਸਾਹਿਬ ਨੇ ਪੰਜਾਬੀ ਵਿਚ ਪੜ੍ਹਿਆ ਪਰ ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਸੈਕਟੇਰੀਏਟ ਵਿਚ ਤਾਂ ਅੰਗਰੇਜ਼ੀ ਬੋਲੀ ਪੰਜਾਬੀ ਦੀ ਥਾਂ ਤੇ ਜਾਰੀ ਹੈ (ਵਿਘਨ) (ਆਪੋਜ਼ੀਸ਼ਨ ਵਲੋਂ ਸ਼ੇਮ ਸ਼ੇਮ) 20 ਸਾਲ ਪਹਿਲਾਂ ਵੀ ਜਦ ਇਨ੍ਹਾਂ ਦਾ ਰਾਜ ਸੀ ਤਾਂ ਵੀ ਇਹ ਚਲਾਕੀਆਂ ਕਰਦੇ ਆਏ ਹਨ ਅਤੇ ਹੁਣ ਫਿਰ ਸ਼ੁਰੂ ਕਰ ਦਿੱਤੀਆਂ ਹਨ। (ਵਿਘਨ)

ਜਿਥੋਂ ਤਕ ਜ਼ਮੀਨੀ ਸੁਧਾਰ ਦਾ ਸਬੰਧ ਹੈ, ਕਾਂਗਰਸ ਸਰਕਾਰ ਦਾ ਮਨ ਚਲਾਕੀ ਨਾਲ ਭਰਿਆ ਪਿਆ ਹੈ ਅਤੇ ਮੈਂ ਦਾਹਵੇ ਨਾਲ ਕਹਿ ਸਕਦਾ ਹਾਂ ਕਿ ਇਹ ਜ਼ਮੀਨੀ ਸੁਧਾਰ ਕਰ ਨਹੀਂ ਸਕਣਗੇ ਕਿਉਂਕਿ ਇਹ ਸਮਸਿਆ ਸਗੋਂ ਹੋਰ ਵਿਗੜਦੀ ਜਾ ਰਹੀ ਹੈ। ਇਨ੍ਹਾਂ ਨੂੰ ਪਤਾ ਨਹੀਂ ਹੈ ਕਿ ਚੀਫ ਮਨਿਸਟਰਜ਼ ਦੀ ਇਕ ਕਮੇਟੀ ਬਣਾਈ ਗਈ ਸੀ ਅਤੇ ਉਸ ਵਿਚ ਇਹ ਕਿਹਾ ਗਿਆ ਸੀ ਕਿ ਜ਼ਮੀਨ 18 ਸਟੈਂਡਰਡ ਏਕੜ ਪ੍ਰਤੀ ਪਰਵਾਰ ਹਦ ਮੁਕੱਰਰ ਕੀਤੀ ਜਾਵੇ ਪਰ ਅਜ ਗਵਰਨਰ ਸਾਹਿਬ ਨੇ ਇਸ ਸਮਸਿਆ ਬਾਰੇ ਕੋਈ ਜ਼ਿਕਰ ਆਪਣੇ ਭਾਸ਼ਨ ਵਿੱਚ ਨਹੀਂ ਕੀਤਾ। ਅਤੇ ਇਹ ਵੀ ਨਹੀਂ ਕਿਹਾ ਕਿ ਜ਼ਮੀਨੀ ਸੁਧਾਰ ਲਈ ਕੁਝ ਕੀਤਾ ਜਾਵੇਗਾ ਕਿਉਂਕਿ ਹਾਲਤ ਇਹ ਹੈ ਕਿ ਭੂਮੀ ਤੇ ਇਨ੍ਹਾਂ ਦੀ ਮਨਾਪਲੀ ਹੈ ਤੇ ਮਨਾਪਲੀ ਨੂੰ ਤੋੜਿਆ ਜਾਵੇ ਪਰ ਇਸ ਮਨਾਪਲੀ ਨੂੰ ਇਹ ਸਰਕਾਰ ਤੋੜ ਨਹੀਂ ਸਕਦੀ। ਜੇਕਰ ਉਨ੍ਹਾਂ ਪਾਸੋਂ ਜ਼ਮੀਨ ਖੋਹ ਨਹੀਂ ਸਕਦੇ ਤਾਂ ਬੇਜ਼ਮੀਨਾਂ ਨੂੰ ਵੰਡੀ ਕਿਵੇਂ ਜਾ ਸਕਦੀ ਹੈ। ਇਸ ਵਿਚ ਤਾਂ ਮੈਨੂੰ ਸ਼ਕ ਹੀ ਨਹੀਂ ਸਗੋਂ ਇਹ ਗਲ ਸਪਸ਼ਟ ਹੁੰਦੀ ਜਾ ਰਹੀ ਹੈ ਕਿ ਕਾਂਗਰਸ ਸਰਕਾਰ ਜ਼ਮੀਨ ਸੁਧਾਰ ਨਹੀਂ ਕਰ ਸਕਦੀ। ਕਿਉਂਕਿ ਜ਼ਮੀਨਾਂ ਤੇ ਅਮੀਰ ਅਤੇ ਧਨਾਢਾਂ ਦਾ ਕਬਜ਼ਾ ਹੈ ਅਤੇ ਇਨ੍ਹਾਂ ਦੇ ਜਿਹੜੇ 66 ਐਮ. ਐਲ. ਏਜ਼. ਹਨ ਇਨ੍ਹਾਂ ਵਿਚੋਂ 30 ਤੋਂ ਵਧ ਅਜੇਹੇ ਹਨ ਜਿਨ੍ਹਾਂ ਪਾਸ ਜ਼ਮੀਨ ਹਦੋਂ ਵਧ ਹੈ (ਪ੍ਰਸ਼ੰਸਾ) ਹਾਲਾਂ ਕਿ ਮੁਖ ਮੰਤਰੀਆਂ ਦੀ ਕਮੇਟੀ ਨੇ 18 ਸਟੈਂਡਰਡ ਏਕੜ ਦਾ ਫੈਸਲਾ ਕੀਤਾ ਹੋਇਆ ਹੈ, ਪਰ ਕਾਂਗਰਸ ਸਰਕਾਰ ਇਸ ਆਪਣੀ ਪਾਲਿਸੀ ਨੂੰ ਲਾਗੂ ਨਹੀਂ ਕਰ ਸਕਦੀ, ਐਂਵੇ ਇਕ ਫੜ ਮਾਰ ਦਿਤੀ ਜਾਂਦੀ ਹੈ।

[ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ]

ਇਸ ਦੇ ਨਾਲ ਹੀ ਇਹ ਫੜ ਮਾਰੀ ਗਈ ਕਿ ਅਨਾਜ ਦੀ ਪੈਦਾਵਾਰ ਇਨ੍ਹਾਂ ਵਧਾਈ ਹੈ ਇਹ ਗਲਤ ਗਲ ਹੈ ਅਨਾਜ ਦੀ ਪੈਦਾਵਾਰ ਕਿਸਾਨ ਅਤੇ ਖੇਤ ਮਜ਼ਦੂਰ ਨੇ ਵਧਾਈ ਹੈ, ਆਪਣੀ ਹਿੰਮਤ ਅਤੇ ਮਿਹਨਤ ਨਾਲ (ਪ੍ਰਸ਼ੰਸਾ) ਭੂਮੀ ਸੁਧਾਰ ਲਈ ਮੈਂ ਸੁਝਾਵ ਦਿਆਂਗਾਂ ਕਿ ਸਾਡੀ ਪਾਰਟੀ ਨੇ ਇਕ ਮੈਮੋਰੰਡਮ ਦਿੱਤਾ ਸੀ ਕਿ 18 ਸਟੈਂਡਰਡ ਏਕੜ ਦੀ ਹੱਦ ਅਤੇ ਜਿਹੜੀ ਹਦ ਨਾਲੇ ਚੀਫ ਮਨਿਸਟਰਾਂ ਦੀ ਕਮੇਟੀ ਨੇ ਮੁਕੱਰਰ ਕੀਤੀ ਹੈ, ਉਹ ਲਾਗੂ ਹੋਣੀ ਚਾਹੀਦੀ ਹੈ (ਵਿਘਨ) ਪਰ ਉਸ ਤੇ ਕੋਈ ਕਾਰਵਾਈ ਨਹੀਂ ਕੀਤੀ ਗਈ।

ਇਸ ਤੋਂ ਅਗੇ, ਡਿਪਟੀ ਸਪੀਕਰ ਸਾਹਿਬ, ਕਪਾਹ ਦੀ ਅੱਜ ਕੀ ਹਾਲਤ ਹੈ। ਕਪਾਹ ਦੀਆਂ ਕੀਮਤਾਂ ਦੇ ਬਾਰੇ ਵਿਚ ਕੋਈ ਜ਼ਿਕਰ ਗਵਰਨਰ ਸਾਹਿਬ ਨੇ ਆਪਣੇ ਐਡਰੇਸ ਵਿਚ ਨਹੀਂ ਕੀਤਾ, ਇਹ ਵੀ ਇਕ ਚਲਾਕੀ ਵਾਲੀ ਗੱਲ ਹੈ। ਕਪਾਹ ਅੱਜ ਮੰਡੀਆਂ ਵਿਚ ਆ ਚੁਕੀ ਹੈ ਅਤੇ ਵਿਕ ਰਹੀ ਹੈ ਜਦ ਉਹ ਸਾਰੀ ਵਿਕ ਜਾਵੇਗੀ ਤਾਂ ਇਹ ਭਾਅ ਦੇ ਬਾਰੇ ਵਿਚ ਕੁਝ ਕਰਨਗੇ। ਕਪਾਹ ਮੰਡੀਆਂ ਵਿਚ ਰੁਲ ਰਹੀ ਹੈ। ਇਨ੍ਹਾਂ ਨੂੰ ਚਾਹੀਦਾ ਹੈ ਕਿ ਜੇਕਰ ਇਹ ਭਾਅ ਜ਼ਿਆਦਾ ਦਿਵਾਣਾ ਚਾਹੁੰਦੇ ਹਨ ਤਾਂ ਇੰਦਰਾ ਗਾਂਧੀ ਦੀ ਸਰਕਾਰ ਨੂੰ ਕਹਿ ਕੇ ਭਾਅ ਦਿਵਾ ਸਕਦੇ ਹਨ ਪਰ ਇਨ੍ਹਾਂ ਦੀ ਆਪਣੀ ਕੋਈ ਮਨਸ਼ਾ ਇਸ ਤਰ੍ਹਾਂ ਕਰਨ ਦੀ ਨਹੀਂ ਦਿਸਦੀ। ਫਿਰ ਜੋ ਕਰਨਗੇ ਉਹ ਈਦ ਬਾਦ ਤੰਬੇ ਨੂੰ ਫੂਕਣ ਵਾਲੀ ਗਲ ਹੋਵੇਗੀ। ਜਦੋਂ ਤਕ ਕੋਈ ਕਾਨੂੰਨ ਬਣੇਗਾ, ਕਪਾਹ ਮੰਡੀਆਂ ਵਿਚੋਂ ਸਰਮਾਏਦਾਰਾਂ ਪਾਸ ਪਹੁੰਚ ਜਾਵੇਗੀ।

ਇਸੇ ਤਰ੍ਹਾਂ ਕਣਕ ਦੇ ਭਾਅ ਦਾ ਮੁਕੱਰਰ ਕੀਤਾ ਜਾਣਾ ਹੈ। ਇਹ ਪਿਛਲੇ ਸਾਲ 76 ਰੁਪਏ ਸੀ ਅਤੇ ਹੁਣ ਇਹ ਗਲ ਚਲ ਰਹੀ ਹੈ ਕਿ ਇਸ ਦਾ ਭਾਅ 66 ਰੁਪਏ ਮੁਕੱਰਰ ਕੀਤਾ ਜਾਵੇ। ਇਸ ਤੋਂ ਇਹ ਪਤਾ ਲਗ ਨਹੀਂ ਸਕਿਆ ਕਿ ਕੀ ਸਰਕਾਰ ਨੇ ਰੇਹ ਤੇ ਤੇਲ਼ ਦੀ ਕੀਮਤ ਵਿਚ ਵੀ ਘਾਟਾ ਕਰ ਦਿੱਤਾ ਹੈ ਕਿ ਨਹੀਂ, ਇਕ ਪਾਸੇ ਤਾਂ ਰੇਹ ਅਤੇ ਤੇਲ ਤੇ ਟੈਕਸ ਵਧਾ ਦਿਤਾ ਹੈ ਤੇ ਕੀਮਤ ਵਧਾ ਦਿਤੀ ਹੈ ਅਤੇ ਦੂਜੇ ਭਾਅ ਪਿਛਲੇ ਸਾਲ ਨਾਲੋਂ ਵੀ ਘਟ ਕੀਤਾ ਜਾ ਰਿਹਾ ਹੈ। ਜੇਕਰ ਇਹ ਕਾਂਗਰਸ ਸਰਕਾਰ ਭਾਅ ਨੂੰ ਵਧਾ ਨਹੀਂ ਸਕਦੀ ਤਾਂ ਪਿਛਲੇ ਸਾਲ ਵਾਲਾ 76 ਰੁਪਏ ਤਾਂ ਜ਼ਰੂਰ ਰਖਣਾ ਚਾਹੀਦਾ ਹੈ। ਇਸ ਪਾਸੇ ਫੌਰੀ ਤੌਰ ਤੇ ਕਾਰਵਾਈ ਕਰਨੀ ਚਾਹੀਦੀ ਹੈ। ਤੇ ਟੈਕਸ ਵਾਪਸ ਲੈਣੇ ਚਾਹੀਦੇ ਹਨ।

ਹਰੀਜਨਾਂ ਦੀ ਹਾਲਤ ਅੱਜ ਉਹੀ ਹੈ ਜਿਹੜੀ ਪਿਛਲੇ 25 ਸਾਲ ਹੋਏ ਅਸੀਂ ਵੇਖਦੇ ਸੀ। ਜਿਹੜੇ ਵੀ ਵੋਟਾਂ ਲੈਣ ਜਾਂਦੇ ਹਨ, ਉਨ੍ਹਾਂ ਨੂੰ ਤਰ੍ਹਾਂ ਤਰ੍ਹਾਂ ਦੇ ਭੁਲੇਖੇ ਪਾ ਕੇ ਆ ਜਾਂਦੇ ਹਨ, ਪਰ ਇਨ੍ਹਾਂ ਦੀ ਹਾਲਤ ਹੁਣ ਵੀ ਉਸੇ ਤਰ੍ਹਾਂ ਦੀ ਹੈ ਜਿਸ ਤਰ੍ਹਾਂ ਅਜ਼ਾਦੀ ਤੋਂ ਪਹਿਲਾਂ ਹੁੰਦੀ ਸੀ। ਇਨ੍ਹਾਂ ਨੂੰ ਕਿਹਾ ਗਿਆ ਕਿ ਅਸੀਂ ਤੁਹਾਨੂੰ ਜ਼ਮੀਨਾਂ ਦੇਵਾਂਗੇ. ਪਰ ਅਜ ਤੱਕ ਕਿਸੇ ਹਰੀਜਨ ਨੂੰ ਜ਼ਮੀਨ ਨਹੀਂ ਦਿੱਤੀ ਉਨ੍ਹਾਂ ਦੀ ਹਾਲਤ ਪਤਲੀ ਹੁੰਦੀ ਜਾ ਰਹੀ ਹੈ। ਗਵਰਨਰ ਸਾਹਿਬ ਨੇ ਆਪਣੇ ਭਾਸ਼ਨ ਵਿਚ ਹਰੀਜਨਾਂ ਨੂੰ ਰਿਹਾਇਸ਼ੀ ਮਕਾਨਾਂ ਵਾਸਤੇ ਉਨ੍ਹਾਂ ਨੂੰ ਪਲਾਟ ਦੇਣ ਵਾਸਤੇ ਕਿਹਾ ਹੈ। ਪਰ ਇਹ ਕਿਤੇ ਨਹੀਂ ਦਸਿਆ ਕਿ ਉਨ੍ਹਾਂ ਨੂੰ ਇਹ ਬਣਾਨ ਲਈ ਸਰਕਾਰ ਕੀ ਦੇਵੇਗੀ, ਜਦੋਂ ਇਥੇ ਕਿਸੇ ਰਕਮ ਦਾ ਇਸ ਵਿਚ ਜ਼ਿਕਰ ਹੀ ਨਹੀਂ ਹੈ। ਇਸੇ ਤਰ੍ਹਾਂ ਹੀ ਜ਼ਮੀਨਾਂ ਦੇ ਲਾਰੇ ਲਾਏ ਗਏ ਹਨ ਕਿ ਵਾਧੂ ਜ਼ਮੀਨ ਉਹ 5 ਸਟੈਂਡਰਡ ਏਕੜ ਦੇ ਹਿਸਾਬ ਨਾਲ ਹਰੀਜਨਾਂ ਦੇ ਵਿਚ ਵਡਣਗੇ। ਇਹ ਉਨ੍ਹਾਂ ਨੂੰ ਜੇ ਦਿੱਤੀ ਜਾਵੇ ਤਾਂ ਬਿਨਾਂ ਪੈਸੇ ਮਿਲਣੀ ਚਾਹੀਦੀ ਹੈ। ਪਰ ਅਫਸਰ ਸ਼ਾਹੀ ਉਨ੍ਹਾਂ ਦੀ ਇਮਦਾਦ ਕਰਨ ਦੀ ਬਜਾਏ ਉਨ੍ਹਾਂ

ਜ਼ਮੀਨਾਂ ਤੇ ਆਪਣਾ ਕਾਬੂ ਪਾਉਣਾ ਚਾਹੁੰਦੀ ਤੇ ਜ਼ਮੀਨ ਆਪਣੇ ਨਾਮ ਲਵਾਂਦੀ ਹੈ। ਉਸ ਦੀ ਪੜਤਾਲ ਕੀਤੀ ਜਾਵੇਗੀ ਜਿਥੇ ਉਹ ਆਬਾਦ ਕਰਨਾ ਚਾਹੁੰਦੇ ਹਨ ਉਥੇ ਉਹ ਪਿੰਡਾਂ ਵਿਚ ਹਰੀਜਨਾਂ ਦਾ ਬਾਈਕਾਟ ਕਰਵਾਈ ਜਾਂਦੇ ਹਨ। ਮੈਂ ਸਰਕਾਰ ਨੂੰ ਕਹਾਂਗਾ ਕਿ ਇਸ ਤਰ੍ਹਾਂ ਦੇ ਬਾਈਕਾਟ ਰੋਕਣ ਲਈ ਸਰਕਾਰ ਨੂੰ ਕਨੂੰਨ ਬਨਾਉਣੇ ਚਾਹੀਦੇ ਹਨ।

ਇਸੇ ਤਰ੍ਹਾਂ ਸੜਕਾਂ ਬਾਰੇ ਵੀ ਗਵਰਨਰ ਸਾਹਿਬ ਨੇ ਕਿਹਾ ਹੈ ਕਿ ਸਰਕਾਰ ਦੋ ਸਾਲਾਂ ਦੇ ਵਿਚ ਹਰ ਇਕ ਪਿੰਡ ਨੂੰ ਲਿੰਕ ਰੋਡ ਦੇ ਦੇਵੇਗੀ। ਪਰ ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੇ ਇਸ ਲਈ 4 ਕਰੋੜ ਰੁਪਿਆ ਰਖਿਆ ਹੈ, ਜਿਹੜਾ ਕਿ ਬਹੁਤ ਘੱਟ ਹੈ। ਪਹਿਲੀ ਸਰਕਾਰ ਵੇਲੇ 7·90 ਕਰੋੜ ਰੁਪਿਆ ਰਖਿਆ ਗਿਆ ਸੀ, ਜਿਸ ਨਾਲ ਬਹੁਤ ਹੀ ਘਟ ਸੜਕਾਂ ਬਣੀਆਂ ਹਨ। 4 ਕਰੋੜ ਨਾਲ ਕੀ ਹੋਣਾ ਹੈ। ਮੈਂ ਇਕ ਸੜਕ ਬਾਰੇ ਇਥੇ ਮਿਸਾਲ ਦੇਂਦਾ ਹਾਂ, ਉਹ ਇਹ ਕਿ ਕਾਤਰੋਂ ਤੋਂ ਮਨਾਲ ਤੱਕ ਤਾਲਬ ਸਾਹਿਬ ਵੇਲੇ ਇਕ ਸੜਕ ਮਨਜ਼ੂਰ ਕੀਤੀ ਗਈ ਸੀ ਪਰ, ਇਹ ਸੜਕ ਹੁਣ ਤੱਕ ਕਾਗਜ਼ਾਂ ਦੇ ਵਿਚ ਪਕੀ ਹੀ ਚਲੀ ਆ ਰਹੀ ਹੈ ਪਰ ਏਥੇ ਅਜੇ ਤੱਕ ਇਕ ਰੋੜਾ ਵੀ ਨਹੀਂ ਲਾਇਆ ਗਿਆ। ਮੈਂ ਮੰਗ ਕਰਦਾ ਹਾਂ ਕਿ ਇਹ ਜਿਹੜੀ ਕਾਗਜ਼ਾਂ ਦੇ ਵਿਚ ਪੱਕੀ ਸੜਕ ਹੈ, ਇਸ ਬਾਰੇ ਇਨਕੁਆਇਰੀ ਕੀਤੀ ਜਾਵੇ ਤੇ ਦੋਸ਼ੀਆਂ ਨੂੰ ਸਜ਼ਾ ਦਿਤੀ ਜਾਵੇਗੀ। ਇਸੇ ਤਰ੍ਹਾਂ ਮੇਰੇ ਹਲਕੇ ਵਿਚ ਸ਼ੇਰਪੁਰ ਤੋਂ ਅਲਾਲ, ਮੂਲੋਵਾਲ ਤੋਂ ਬਰਨਾਲਾ ਇਹ ਦੋ ਜ਼ਰੂਰੀ ਸੜਕਾਂ ਹਨ ਜਿਹੜੀਆਂ ਜਲਦੀ ਤੋਂ ਜਲਦੀ ਬਣਾਈਆਂ ਜਾਣ। ਜੇ ਸਰਕਾਰ ਇਹ ਸੜਕਾਂ ਅਮਲੀ ਰੂਪ ਵਿਚ ਸਾਰੀਆਂ ਪੱਕੀਆਂ ਕਰਨਾ ਚਾਹੁੰਦੀ ਹੈ ਤਾਂ ਮੈਂ ਇਨ੍ਹਾਂ ਦੀ ਸੇਵਾ ਵਿਚ ਅਰਜ਼ ਕਰਾਂਗਾ ਕਿ ਇਹ ਰੁਪਿਆ ਬਹੁਤ ਹੀ ਘਟ ਹੈ। ਇਹਦੇ ਨਾਲ ਸੜਕਾਂ ਨਹੀਂ ਬਨਣਗੀਆਂ ਕਾਗਜ਼ੀ ਕਰਵਾਈ ਹੀ ਹੋਣੀ ਹੈ ਹੋਰ ਕੁਝ ਨਹੀਂ ਹੋਣਾ। ਖੇਤ ਮਜ਼ਦੂਰ ਦੇ ਵਾਸਤੇ ਗਵਰਨਰ ਸਾਹਿਬ ਦੇ ਭਾਸ਼ਨ ਦੇ ਵਿਚ ਕੁਝ ਨਹੀਂ ਕਿਹਾ ਗਿਆ ਨਾ ਹੀ ਦਸਿਆ ਗਿਆ ਹੈ ਕਿ ਉਨ੍ਹਾਂ ਨੇ ਇਸ ਦੀ ਭਲਾਈ ਵਾਸਤੇ ਕਰਨਾ ਕੀ ਹੈ। ਇਕ ਖੇਤ ਮਜ਼ਦੂਰ ਦੀ ਘਟ ਤੋਂ ਘਟ ਦਿਹਾੜੀ 6 ਰੁਪਏ ਹੋਣੀ ਚਾਹੀਦੀ ਹੈ ਅਤੇ ਜੋ ਕਿਤੇ ਇਹ ਲਾਗੂ ਨਾ ਹੋਵੇ ਤਾਂ ਇਸ ਦੇ ਲਈ ਕਾਨੂੰਨ ਬਨਾਉਣਾ ਚਾਹੀਦਾ ਹੈ। ਇਹ ਕਾਨੂੰਨ ਬਨਾਉਣ ਲਈ ਇਕ ਕਮੇਟੀ ਬਨਣੀ ਚਾਹੀਦੀ ਹੈ ਜਿਸ ਦੇ ਵਿਚ ਖੇਤ ਮਜ਼ਦੂਰ ਦੇ ਨਮਾਇੰਦੇ ਹੋਣੇ ਚਾਹੀਦੇ ਹਨ।

ਟਰਾਂਸਪੋਰਟ ਦਾ ਜ਼ਿਕਰ ਕਰਦਿਆਂ ਗਵਰਨਰ ਸਾਹਿਬ ਨੇ ਕਿਹਾ ਹੈ ਕਿ ਟਰਾਂਸਪੋਰਟ ਦਾ ਕੌਮੀ-ਕਰਨ ਕਰਨਾ ਚਾਹੀਦਾ ਹੈ। ਪਰ ਗਲ ਉਲਟੀ ਹੀ ਹੋ ਰਹੀ ਹੈ ਕੌਮੀਕਰਨ ਦੀ ਥਾਂ ਰੋਡਵੇਜ਼ ਨੂੰ ਕਾਰਪੋਰੇਸ਼ਨ ਦੇ ਵਿਚ ਬਦਲਿਆ ਜਾ ਰਿਹਾ ਹੈ। ਇਸ ਤਰ੍ਹਾਂ ਹੋ ਜਾਣ ਨਾਲ ਜਿਹੜੇ ਸਮਾਜਵਾਦ ਦਾ ਨਾਹਰਾ ਲਾਉਂਦੇ ਹਨ, ਇਹ ਫੋਕਾ ਹੀ ਬਨਕੇ ਰਹਿ ਜਾਂਦਾ ਹੈ। ਇਹ ਪਾਰਟੀ ਵਿਚ ਦਰਅਸਲ ਸਭ ਤੋਂ ਵਧ ਟਰਾਂਸਪੋਰਟਰਜ਼ ਹਨ, ਇਹੋ ਕਾਰਨ ਹੈ ਕਿ ਇਹ ਸਰਕਾਰ ਲਾਗੂ ਨਹੀਂ ਕਰ ਸਕਦੀ।

(ਇਸ ਵੇਲੇ ਸ੍ਰੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ)

ਸਪੀਕਰ ਸਾਹਿਬ, ਜੇਕਰ ਟਰਾਂਸਪੋਰਟ ਨੂੰ ਨੈਸ਼ਨਾਲਾਈਜ਼ ਕਰ ਦਿੱਤਾ ਜਾਵੇ ਤਾਂ ਇਸ ਨਾਲ ਕਾਫੀ ਆਮਦਨ ਹੋ ਸਕਦੀ ਹੈ ਅਤੇ ਹਰ ਤਰ੍ਹਾਂ ਦੇ ਫਾਲਤੂ ਖਰਚੇ ਤੋਂ ਬੱਚਤ ਹੋ ਸਕਦੀ ਹੈ। ਸਪੀਕਰ ਸਾਹਿਬ, ਟਰਾਂਸਪੋਰਟ ਐਕਟ 1961 ਦੇ ਵਿਚ ਆਇਆ ਸੀ, ਪਰ ਅੱਜ ਤਾਈਂ ਉਸ

[ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ]

ਤੇ ਅਮਲ ਨਹੀਂ ਹੋ ਰਿਹਾ । ਵਰਕਰਜ਼ ਤੋਂ ਓਵਰ ਟਾਈਮ ਲਵਾ ਕੇ ਵਧ ਕੰਮ ਲਿਆ ਜਾ ਰਿਹਾ ਹੈ, ਕੋਈ ਵਾਧੂ ਕੰਮ ਦੀ ਪੇਮੈਂਟ ਨਹੀਂ ਅਤੇ ਨਾ ਹੀ ਕੋਈ ਬੋਨਸ ਦਿੱਤਾ ਜਾਂਦਾ ਹੈ । ਇਸ ਤਰ੍ਹਾਂ ਹੀ ਇਨ੍ਹਾਂ ਦੀਆਂ ਯੂਨੀਫਾਰਮਜ਼ ਦਾ ਹਾਲ ਹੈ । ਸਰਕਾਰ ਨੇ ਗਵਰਮੈਂਟ ਟਰਾਂਸਪੋਰਟ ਦੇ ਮੁਲਾਜ਼ਮਾਂ ਦੀ ਗਰਮ ਵਰਦੀ ਗਵਰਨਮੈਂਟ ਨੇ 83 ਰੁਪਏ ਦੀ ਬਜਾਏ 125 ਰੁਪਏ ਦੀ ਕਰ ਦਿੱਤੀ ਹੈ ਅਤੇ ਠੰਡੀ 38 ਰੁਪਏ ਦੀ ਬਜਾਏ 65 ਰੁਪਏ ਦੀ ਕਰ ਦਿੱਤੀ ਹੈ ਪਰ ਵਰਕਸ਼ਾਪ ਵਾਲਿਆਂ ਦੀ ਉਹੀ 38 ਰੁਪਏ ਦੀ ਹੈ ਅਤੇ 15 ਰੁਪਏ ਦੀ ਜਰਸੀ ਹੈ । ਇਸ ਦੇ ਨਾਲ ਹੀ ਮੈਂ ਇਹ ਵੀ ਕਹਾਂਗਾ ਕਿ ਜਿਸ ਤਰ੍ਹਾਂ ਰੋਡਵੇਜ਼ ਵਰਕਰਾਂ ਦੀ ਤਨਖਾਹਾਂ ਹਨ ਉਸੇ ਤਰ੍ਹਾਂ ਹੀ ਪੈਪਸੂ ਰੋਡਵੇਜ਼ ਵਰਕਰਾਂ ਦੀਆਂ ਤਨਖਾਹਾਂ ਵਧਾਈਆਂ ਜਾਣ ਤੇ ਬੋਨਸ ਬਰਾਬਰ ਦਿਤਾ ਜਾਵੇ ਸਰਕਾਰ ਨੇ ਜੋ ਮਹਿੰਗਾਈ ਭੱਤਾ ਦਿੱਤਾ ਹੈ ਇਸ ਦੇ ਲਈ ਜਨਵਰੀ, 1971 ਤੋਂ ਸਟਰਾਈਕ ਹੋਈ ਸੀ ਪਰ ਸਰਕਾਰ ਨੇ ਮੁਲਾਜ਼ਮਾਂ ਨੂੰ ਪਾੜ ਝਾੜ ਕੇ ਜਿਹੜਾ ਇੰਟੈਰਿਮ ਰੀਲੀਫ ਜਨਵਰੀ, 1970 ਤੋਂ ਦੇਣਾ ਮੰਨਿਆ ਸੀ ਉਹ 17 ਮਾਰਚ, 1972 ਤੋਂ ਦਿਤਾ ਮੰਨਿਆ ਹੈ । ਮਹਿੰਗਾਈ ਦੇ ਮੁਤਾਬਿਕ ਹੀ ਇਹ ਵਾਧਾ ਹੋਣਾ ਚਾਹੀਦਾ ਹੈ । ਇਨ੍ਹਾਂ ਦੀ ਮਨਿਸਟਰੀ ਜੋ ਹੁਣ ਆਈ ਹੈ ਤਦ ਕੀ ਹੈ ਮਹਿੰਗਾਈ ਲਈ ਤਾਂ 1970 ਤੋਂ ਮੰਗ ਕੀਤੀ ਜਾ ਰਹੀ ਹੈ, ਇਹ ਉਦੋਂ ਤੋਂ ਹੀ ਵਧਣੀ ਚਾਹੀਦੀ ਹੈ । ਇਸੇ ਤਰ੍ਹਾਂ ਟਰਾਂਸਪੋਰਟ ਵਰਕਰਜ਼ ਦੇ ਖਿਲਾਫ ਕੇਸਿਜ਼ ਚਲ ਰਹੇ ਹਨ, ਜਿਹੜੇ ਵਾਪਸ ਲਏ ਜਾਣੇ ਚਾਹੀਦੇ ਹਨ । ਪੰਜਾਬ ਰੋਡਵੇਜ਼ ਅਤੇ ਕਾਰਪੋਰੇਸ਼ਨ ਦੇ ਮੁਲਾਜ਼ਮਾਂ ਵਿਚ ਜਿਹੜਾ 10 ਪ੍ਰਤਿਸ਼ਤ ਘੱਟ ਬੋਨਸ ਦੇ ਕੇ ਵਿਤਕਰਾ ਪਾਇਆ ਹੋਇਆ ਹੈ ਇਹ ਦੂਰ ਹੋਣਾ ਚਾਹੀਦਾ ਹੈ । ਮੁਲਾਜ਼ਮਾਂ ਤੋਂ 24 ਘੰਟੇ ਕੰਮ ਲਿਆ ਜਾ ਰਿਹਾ ਹੈ, ਉਨ੍ਹਾਂ ਤੋਂ ਦਫਤਰ ਸਮੇਂ ਵਿਚ ਹੀ ਕੰਮ ਲਿਆ ਜਾਵੇ ਅਤੇ ਮੁਲਾਜ਼ਮਾਂ ਦੀ ਹਾਲਤ ਬੇਹਤਰ ਬਣਾਈ ਜਾਵੇ । ਤਹਿਸੀਲਾਂ ਵਿਚ ਜਿਹੜੇ ਫੋਰਥ ਕਲਾਸ ਦੇ ਮੁਲਾਜ਼ਮ ਕੰਮ ਰਹੇ ਹਨ ਉਨ੍ਹਾਂ ਪਾਸ ਗਰਮ ਵਰਦੀ ਨਹੀਂ ਹੈ ਜਿਹੜੀ ਕਿ ਦਿੱਤੀ ਜਾਣੀ ਚਾਹੀਦੀ ਹੈ ।

ਗਵਰਨਰ ਸਾਹਿਬ ਨੇ ਆਪਣੇ ਭਾਸ਼ਨ ਵਿੱਚੋਂ ਜਿਹੜਾ ਅਮਨ ਕਾਨੂੰਨ ਬਾਰੇ ਕਿਹਾ ਹੈ ਕਿ ਹਾਲਾਤ ਠੀਕ ਰਹੇ ਹਨ ਮੈਂ ਸਮਝਦਾ ਹਾਂ ਗਵਰਨਰ ਸਾਹਿਬ ਦੇ ਅਹਿਦ ਵਿਚ ਜਿਤਨੀ ਅਮਨ-ਕਾਨੂੰਨ ਦੇ ਹਾਲਾਤ ਵਿਗੜੇ ਇਹ ਅੰਗਰੇਜ਼ੀ ਰਾਜ ਵਿੱਚ ਸ਼ਾਇਦ ਹੀ ਕਦੇ ਵਿਗੜੇ ਹੋਣ । ਇਨ੍ਹਾਂ ਦੀ ਹਕੂਮਤ ਵਿੱਚ ਸਾਡੇ ਨੌਜਵਾਨ ਵਰਕਰਾਂ ਨੂੰ ਘਰੋਂ ਫੜ ਕੇ ਮਾਰਿਆ ਗਿਆ ਅਖੌਤੀ ਮੁਕਾਬਲਾ ਬਣਾ ਕੇ ਕਾਗਜ਼ਾਂ ਦਾ ਪੇਟ ਭਰਿਆ ਗਿਆ । ਦਦਾਹੂਰ ਦਾ ਵਾਕਾ ਜਿਹੜਾ ਹੋਇਆ ਹੈ ਜੇ ਪੁਲਿਸ ਨੂੰ ਸ਼ਕ ਸੀ ਕਿ ਇਕ-ਦੋ ਨਕਸਲੀਏ ਉਥੇ ਖਰਾਬੀਆਂ ਕਰਦੇ ਹਨ ਤਾਂ ਬੇਸ਼ਕ ਉਨ੍ਹਾਂ ਨੂੰ ਫੜਿਆ ਜਾਂਦਾ, ਪਰ ਆਈ. ਜੀ. ਅਸ਼ਵਨੀ ਕੁਮਾਰ ਨੇ ਆਕੇ ਕਿਹਾ ਕਿ ਮੈਂ ਸਾਰੇ ਪਿੰਡ ਨੂੰ ਦੇਖਣਾ ਨਹੀਂ ਚਾਹੁੰਦਾ । ਸਾਡੀ ਧੀਆਂ ਭੈਣਾਂ ਦੀ ਇਜ਼ਤ ਜਿਹੜੀ ਕਿ ਸਾਰਿਆਂ ਦੀ ਸਾਂਝੀ ਹੁੰਦੀ ਹੈ, ਪਿੰਡ ਦੀਆਂ ਲੜਕੀਆਂ ਦੀ ਭੈਣਾਂ ਦੀ ਉਹ ਬੁਰੀ ਹਾਲਤ ਕੀਤੀ ਜਿਹੜੀ ਕਿ ਮੈਂ ਤੁਹਾਡੇ ਕੋਲ ਵਰਨਣ ਕਰ ਹੀ ਨਹੀਂ ਸਕਦਾ, ਜਿਸ ਤਰ੍ਹਾਂ ਦਾ ਉਥੇ ਤਸ਼ਦਦ ਹੋਇਆ ਹੈ ਮੈਂ ਇਸ ਗੱਲ ਦੀ ਮੰਗ ਕਰਦਾ ਹਾਂ ਕਿ ਇਸ ਗੱਲ ਦੀ ਅਦਾਲਤੀ ਜਾਂਚ ਕਰਵਾਈ ਜਾਵੇ । ਮੈਂ ਇਕ ਤਸ਼ੱਦਦ ਦੀ ਹੋਰ ਮਿਸਾਲ ਦੇਣੀ ਚਾਹੁੰਦਾ ਹਾਂ ਕਿ ਮਾਸਟਰ ਸੁਖਦੇਵ ਸਿੰਘ, ਕੇ.ਕੇ. ਬਾਮਾ ਅਤੇ ਫਕੀਰ ਚੰਦ ਆਪਣੀਆਂ ਯੂਨੀਅਨ ਦੀਆਂ ਚੋਣਾਂ ਦੇ ਸਿਲਸਿਲੇ ਵਿਚ ਕਿਧਰੇ ਗਏ ਹੋਏ ਸੀ । ਮੁੜਦਿਆਂ ਰਾਹ ਵਿਚ ਰਾਤ ਪੈ ਗਈ ਅਤੇ ਉਹ ਸੁਖਦੇਵ ਸਿੰਘ ਦੇ ਇਕ ਰਿਸ਼ਤੇਦਾਰ ਦੇ ਘਰ ਰਾਤ ਕਟਣ ਲਈ ਟਿਕ ਗਏ । ਸ਼ੇਰਪੁਰ ਪੁਲੀਸ

ਨੇ ਸਵੇਰੇ ਹੀ ਉਨ੍ਹਾਂ ਨੂੰ ਉਥੋਂ ਫੜ ਲਿਆ ਅਤੇ ਉਨ੍ਹਾਂ ਤੇ ਉਹ ਤਸ਼ੱਦਦ ਕੀਤਾ ਕਿ ਮੈਂ ਇਥੇ ਦਸ ਨਹੀਂ ਸਕਦਾ । ਉਨ੍ਹਾਂ ਤੇ ਕੋਈ ਕੇਸ ਵੀ ਨਹੀਂ ਸੀ ਕਿਉਂਕਿ ਉਨ੍ਹਾਂ ਨੇ ਤਾਂ ਕੀਤਾ ਵੀ ਕੁਝ ਨਹੀਂ ਸੀ । ਉਨ੍ਹਾਂ ਦਾ ਕਸੂਰ ਸਿਰਫ ਇਹ ਸੀ ਕਿ ਉਹ ਨੌਜਵਾਨ ਵਰਕਰ ਆਪਣੇ ਹੱਕਾਂ ਲਈ ਆਪਣੀ ਅਵਾਜ਼ ਉਚੀ ਕਰਦੇ ਸੀ ।

ਫਿਰ ਪੁਲਿਸ ਨੇ ਕਾਂਜਲੇ ਦਾ ਜੇਠੂ ਰਾਮ ਨੂੰ ਫੜ ਕੇ ਮਾਰ ਦਿਤ । ਉਹ ਵੀ ਕਿਉਂਕਿ ਦਲੇਰ ਵਰਕਰ ਸੀ ਅਤੇ ਆਪਣੇ ਹੱਕਾਂ ਦੀ ਰਾਖੀ ਲਈ ਲੜਦਾ ਸੀ । ਫਿਰ ਪੁਲਿਸ ਨੇ ਸਾਥੀ ਸੰਪੂਰਣ ਸਿੰਘ ਧੌਲਾ, ਸਾਥੀ ਹਰਦਿੱਤ ਸਿੰਘ ਭੱਠਲ, ਸਾਥੀ ਸੁਖਦੇਵ ਸਿੰਘ, ਸਾਥੀ ਸੁਲੇਮਾਨ ਰੁੜਕਾ, ਸਾਥੀ ਗੁਰਮੇਲ ਪੰਡੀ ਔਰ ਸਾਥੀ ਸਚਦਾਨੰਦ ਆਦਿ ਤੇ ਝੂਠੇ ਮੁਕੱਦਮੇ ਬਣਾਏ ਹੋਏ ਹਨ । ਮੈਂ ਮੰਗ ਕਰਦਾ ਹਾਂ ਕਿ ਇਹ ਮੁਕੱਦਮੇ ਵਾਪਸ ਲਏ ਜਾਣ ਅਤੇ ਜਿਨਾਂ ਨੇ ਤਸ਼ੱਦਦ ਕੀਤਾ ਹੈ, ਉਨ੍ਹਾਂ ਦੇ ਖਿਲਾਫ ਅਦਾਲਤੀ ਕਾਰਵਾਈ ਕੀਤੀ ਜਾਵੇ ।

ਫਿਰ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਨਜ਼ਰ ਬੰਦੀ ਕਾਨੂੰਨ ਦੇ ਹੇਠਾਂ ਇਨ੍ਹਾਂ ਨੇ ਕਾਮਰੇਡ ਅਮਰੀਕ ਸਿੰਘ, ਸੁਰਜੀਤ ਸਿੰਘ, ਰਣਜੀਤ ਸਿੰਘ, ਕੁਲਜੀਤ ਸਿੰਘ, ਗਿਆਨੀ ਮਹਿੰਦਰ ਸਿੰਘ ਅਤੇ ਗੁਰਸੇਵਕ ਸਿੰਘ ਆਦਿ ਨੂੰ ਕੈਦ ਕੀਤਾ ਹੋਇਆ ਹੈ । ਮੈਂ ਮੰਗ ਕਰਦਾ ਹਾਂ ਕਿ ਉਨ੍ਹਾਂ ਨੂੰ ਫੌਰਨ ਰਿਹਾ ਕਰ ਦਿਤਾ ਜਾਵੇ ।

ਸ੍ਰੀ ਸਪੀਕਰ : ਤੁਸੀਂ ਹੁਣ ਬੈਠ ਜਾਓ । (Please resume Your seat.)

ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ : ਦੱਦਾਹੂਰ, ਤਾਰਾ ਗੜ੍ਹ, ਸ਼ੇਰਪੁਰ ਧਸੋਲਾ ਆਦਿ ਵਿੱਚ ਜੋ ਤੱਸ਼ਦਦ ਹੋਇਆ ਹੈ, ਉਸ ਦੀ ਵੀ ਅਦਾਲਤੀ ਜਾਂਚ ਕਰਵਾਈ ਜਾਵੇ । ਇਥੇ ਸਾਡੇ ਵਿੱਤ ਮੰਤਰੀ ਜੀ ਨੇ ਮਾਰਕਸੀ ਪਾਰਟੀ ਵਲ ਇਸ਼ਾਰਾ ਕਰਦੇ ਹੋਏ ਕਿਹਾ ਕਿ ਜਿਹੜਾ ਵੀ ਹਿੰਸਕ ਕਾਰਵਾਈਆਂ ਕਰੇਗਾ ਅਸੀਂ ਉਸ ਤੇ ਜ਼ੁਲਮ ਕਰਾਂਗੇ । ਮੈਂ ਕਹਿੰਦਾ ਹਾਂ ਕਿ ਜਿਹੜਾ ਹਿੰਸਕ ਕਾਰਵਾਈਆਂ ਕਰਦਾ ਹੈ ਬੇਸ਼ਕ ਉਸ ਨੂੰ ਫੜੋ । ਅਸੀਂ ਨਕਸਲਬਾੜੀਆਂ ਦੇ ਹਿਮਾਇਤੀ ਨਹੀਂ । ਸਾਡੀ ਪਾਰਟੀ ਦਾ ਉਨ੍ਹਾਂ ਦੇ ਨਾਲ ਕੋਈ ਤੁਅੱਲਕ ਨਹੀਂ । ਸਾਡੇ 1000 ਤੋਂ ਵੀ ਵੱਧ ਵਰਕਰ ਸਾਰੇ ਹਿੰਦੁਸਤਾਨ ਵਿਚ ਨਕਸਲੀਆਂ ਨੇ ਕਾਂਗਰਸੀ ਸ਼ਹਿ ਨਾਲ ਮਾਰ ਦਿਤੇ ਹਨ । ਪਰ ਜੋ ਆਮ ਲੋਕਾਂ ਤੇ ਜ਼ੁਲਮ ਕਰਨ ਲਈ ਸਰਕਾਰ ਨੇ ਪੁਲੀਸ ਦੇ ਆਈ. ਜੀ. ਅਸ਼ਵਨੀ ਕੁਮਾਰ ਨੂੰ ਲਿਆ ਬਿਠਾਇਆ ਹੈ, ਇਸ ਨੂੰ ਤਸ਼ੱਦਦ ਕਰਨ ਤੋਂ ਰੋਕਿਆ ਜਾਵੇ । (ਵਿਘਨ) (ਸ਼ੋਰ)

ਸ੍ਰੀ ਸਪੀਕਰ : ਤੁਸੀਂ ਹੁਣ ਬੈਠ ਜਾਓ । (Please resume your seat now.)

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਸਾਡੀ ਪਾਰਟੀ ਦਾ ਟਾਈਮ ਅਜੇ ਰਹਿੰਦਾ ਹੈ ।

ਸ੍ਰੀ ਸਪੀਕਰ : ਤੁਹਾਡੀ ਪਾਰਟੀ ਤਾਂ ਜ਼ਿਆਦਾ ਟਾਈਮ ਲੈ ਚੁਕੀ ਹੈ । ਭਗਤ ਗੁਰਾਂ ਦਾਸ ਹੰਸ ਜੀ, ਸਿਰਫ 5 ਮਿੰਟ ਤੁਹਾਡੇ ਬੋਲਣ ਲਈ ਦਿਤੇ ਜਾਂਦੇ ਹਨ । (Your party has already taken more than due share of the time. Now Bhagat Guran Dass Hans may speak for five minutes.)

ਭਗਤ ਗੁਰਾਂ ਦਾਸ ਹੰਸ (ਸ਼ਾਮ ਚੁਰਾਸੀ ਐਸ. ਸੀ.) : ਸਪੀਕਰ ਸਾਹਿਬ 5 ਮਿੰਟ ਤਾਂ ਬਹੁਤ ਥੋੜ੍ਹੇ ਹਨ । ਇਹ ਜੋ ਗਵਰਨਰ ਦੇ ਐਡਰੈਸ ਤੇ ਵਿਚਾਰ ਹੋ ਰਿਹਾ ਹੈ ਇਸ ਵਿਚ ਸਰਕਾਰ ਨੇ ਕੀ ਕੰਮ ਕੀਤੇ ਹਨ ਅਤੇ ਅਗਲੇ ਸਾਲ ਉਸ ਦਾ ਕੀ ਕਰਨ ਦਾ ਇਰਾਦਾ ਹੈ, ਇਸ ਗਲ ਦਾ ਜ਼ਿਕਰ ਕੀਤਾ ਹੁੰਦਾ ਹੈ । ਪਰ ਸਪੀਕਰ ਸਾਹਿਬ ਤੁਸੀਂ ਮੇਰੇ ਤੇ 5 ਮਿੰਟ ਦੀ ਪਾਬੰਦੀ ਲਾ ਦਿਤੀ ਹੈ ਇਸ ਵਿਚ ਕੀ ਕਿਹਾ ਜਾ ਸਕਦਾ ਹੈ । ਮੈਂ ਅਰਜ਼ ਕਰਦਾ ਹਾਂ ਕਿ ਇਸ ਵਿਚ ਇਸ ਸਰਕਾਰ ਨੇ ਕੁਝ ਗਲਾਂ ਕਹੀਆਂ ਹਨ ਕਿ ਅਸੀਂ ਹਰ ਪਿੰਡ ਨੂੰ ਬਿਜਲੀ ਦਿਆਂਗੇ ਅਤੇ ਹਰ ਇਕ ਪਿੰਡ ਤਕ ਸੜਕ ਪਹੁੰਚਾ ਦਿਆਂਗੇ । ਮੈਂ ਸਮਝਦਾ ਹਾਂ ਕਿ ਇਹ ਬਹੁਤ ਹੀ ਚੰਗੀਆਂ ਗੱਲਾਂ ਹਨ । ਇਸ ਦੇ ਬਾਰੇ ਹੀ ਮੈਂ ਅਰਜ਼ ਕਰਦਾ ਹਾਂ ਕਿ ਹੁਸ਼ਿਆਰਪੁਰ ਦਾ ਜੋ ਜ਼ਿਲ੍ਹਾ ਹੈ ਇਹ ਬਹੁਤ ਪਛੜਿਆ ਹੋਇਆ ਹੈ । ਇਥੇ ਜਦੋਂ ਅੰਗਰੇਜ਼ਾਂ ਦਾ ਰਾਜ ਸੀ ਤਾਂ ਉਨ੍ਹਾਂ ਨੇ ਇਸ ਇਲਾਕੇ ਨੂੰ ਜਾਣ ਬੁਝ ਕੇ ਪਿਛੇ ਰਖਿਆ ਕਿਉਂਕਿ ਇਥੋਂ ਹੀ ਸਭ ਤੋਂ ਜ਼ਿਆਦਾ ਲੋਕਾਂ ਨੇ ਅਜ਼ਾਦੀ ਦੀ ਲੜਾਈ ਲੜੀ ਸੀ । ਅੰਗਰੇਜ਼ਾਂ ਨੇ ਇਸ ਇਲਾਕੇ ਤੇ ਬੜਾ ਤਸ਼ਦੱਦ ਕੀਤਾ ਸੀ, ਅੱਜ ਜਦ ਕਿ ਸਾਡੀ ਆਪਣੀ ਗੌਰਮਿੰਟ ਹੈ ਤਾਂ ਇਸ ਨੂੰ ਇਸ ਇਲਾਕੇ ਵੱਲ ਧਿਆਨ ਦੇਣ ਦੀ ਲੋੜ ਹੈ । ਇਹ ਠੀਕ ਹੈ ਕਿ 3,4 ਸਾਲ ਅਕਾਲੀ ਭਰਾ ਵੀ ਰਾਜ ਕਰਦੇ ਰਹੇ ਪਰ ਉਨ੍ਹਾਂ ਨੇ ਵੀ ਇਸ ਇਲਾਕੇ ਨੂੰ ਉਹੀ ਸਮਝਿਆ ਜੋ ਕਿ ਅੰਗਰੇਜ਼ ਸਮਝਦੇ ਸੀ ਮਤਲਬ ਕਿ ਇਨਕਲਾਬੀ ਜ਼ਿਲ੍ਹਾ । ਉਨ੍ਹਾਂ ਨੇ ਤਾਂ ਪੰਜਾਬ ਦਾ ਸਾਰਾ ਪੈਸਾ, ਮਾਰਕਿਟ ਕਮੇਟੀਆਂ ਦੀ ਸਾਰੀ ਰਕਮ ਸਿਰਫ਼ ਦੋ ਜ਼ਿਲ੍ਹਿਆਂ ਵਿਚ ਖਰਚ ਕੀਤੀ, ਉਹ ਸੀ ਸੰਗਰੂਰ ਅਤੇ ਬਠਿੰਡਾ । ਉਨ੍ਹਾਂ ਦਾ ਵਿਚਾਰ ਸੀ ਕਿ ਪੰਜਾਬ ਵਿਚ ਸਿਰਫ਼ ਦੋ ਹੀ ਜ਼ਿਲ੍ਹੇ ਪਛੜੇ ਹੋਏ ਹਨ । ਹੋਰ ਕੋਈ ਨਹੀਂ ।

ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਦੇਸ਼ ਵਿਚ ਅਨਾਜ ਦਾ ਤੋੜਾ ਹੈ । ਪਰ ਜੇ ਤੁਸੀਂ ਮੇਰੇ ਇਲਾਕੇ ਵਿਚ, ਰੋਪੜ ਤੇ ਦਸੂਹੇ ਤਕ ਜਾਓ ਤਾਂ ਇਸ ਇਲਾਕੇ ਵਿਚ ਉਪਰਲੇ ਪਾਸੇ ਬੇਬਹਾ ਜ਼ਮੀਨ ਪਈ ਹੈ । ਉਥੇ ਜੇ ਕਿਸੇ ਨੂੰ ਅਲਾਟ ਵੀ ਕਰਦੇ ਹਨ ਤਾਂ ਉਥੇ ਕੋਈ ਕਬਜ਼ਾ ਕਰਨ ਵੀ ਨਹੀਂ ਜਾਂਦਾ । ਕਿਉਂਕਿ ਉਥੇ ਪਾਣੀ ਨਹੀਂ ਅਤੇ ਟਿਊਬਵੈਲ ਜੋ ਲਗਦੇ ਹਨ ਉਹ ਬਹੁਤ ਡੂੰਘੇ ਲਗਦੇ ਹਨ । ਗਰੀਬ ਆਦਮੀ ਆਪ ਲਗਾ ਨਹੀਂ ਸਕਦੇ । ਸਰਕਾਰ ਨੂੰ ਚਾਹੀਦਾ ਹੈ ਕਿ ਉਹ ਜ਼ਮੀਨ 12,12 ਏਕੜ ਦੇ ਪਲਾਟਾਂ ਵਿਚ ਵੰਡ ਕੇ ਉਥੇ ਡੂੰਘੇ ਟਿਊਬਵੈਲ ਲਗਾ ਕੇ ਔਰ ਫਿਰ ਉਸ ਜ਼ਮੀਨ ਦੀ ਕੀਮਤ ਪਾਕੇ ਗਰੀਬ ਲੋਕਾਂ ਨੂੰ ਦੇਵੇ ਤਾਂ ਕਿ ਉਹ ਉਥੇ ਅਨਾਜ ਪੈਦਾ ਕਰ ਸਕਣ । ਇਸ ਪਾਸੇ ਧਿਆਨ ਦੇਣ ਦੀ ਲੋੜ ਹੈ ਪਤਾ ਨਹੀਂ ਕਿਉਂ ਅਜ ਤਕ ਕਿਸੇ ਗੌਰਮਿੰਟ ਨੇ ਇਸ ਪਾਸੇ ਧਿਆਨ ਨਹੀਂ ਦਿਤਾ । ਇਹ ਸਰਕਾਰ ਜੋ ਭਾਈ ਲਾਲੋ ਦੀ ਸਰਕਾਰ ਅਖਵਾਉਂਦੀ ਹੈ, ਇਸ ਪਾਸੇ ਧਿਆਨ ਦੇਵੇ । ਹੁਸ਼ਿਆਰਪੁਰ ਜ਼ਿਲ੍ਹੇ ਨੂੰ ਇਹ ਫਖਰ ਹੈ ਕਿ ਜਦੋਂ ਗਿਆਨੀ ਜੀ ਅੰਗਰੇਜ਼ਾਂ ਦੇ ਨਾਲ ਜਾਂ ਰਜਵਾੜਿਆਂ ਦੇ ਨਾਲ ਲੜਦੇ ਸੀ ਤਾਂ ਕਈ ਵਾਰ ਉਹ ਹੁਸ਼ਿਆਰਪੁਰ ਵੀ ਆ ਕੇ ਰਹਿੰਦੇ ਸੀ । ਹੁਸ਼ਿਆਰਪੁਰ ਜ਼ਿਲ੍ਹਾ ਉਨ੍ਹਾਂ ਤੋਂ ਭੁਲਿਆ ਹੋਇਆ ਨਹੀਂ ਹੈ । ਇਸ ਲਈ ਮੈਨੂੰ ਆਸ ਹੈ ਕਿ ਉਹ ਇਸ ਇਲਾਕੇ ਵਲ ਧਿਆਨ ਦੇਣਗੇ । ਮੈਂ ਅਰਜ਼ ਕਰਦਾ ਹਾਂ ਕਿ ਸ਼ਾਮ ਚੁਰਾਸੀ ਤੋਂ ਕੋਠਾਰ ਤਕ ਦੀ ਸੜਕ ਲਈ 65 ਹਜ਼ਾਰ ਰੁਪਿਆ ਜ਼ਿਲ੍ਹਾ ਪ੍ਰੀਸ਼ਦ ਨੇ ਮਨਜ਼ੂਰ ਵੀ ਕੀਤਾ ਹੋਇਆ ਹੈ ਪਰ ਉਹ ਸੜਕ ਅਜੇ ਮੁਕੰਮਲ ਨਹੀਂ ਹੋਈ । (ਵਿਘਨ) ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਬੇਨਤੀ ਕਰਦਾ ਹਾਂ ਕਿ ਜਿਸ ਇਲਾਕੇ ਨੇ ਬਹੁਗਿਣਤੀ ਵਿਚ ਕਾਂਗਰਸ ਦੇ ਮੈਂਬਰ ਭੇਜੇ ਹੋਣ ਉਸ ਵਿਚ ਖ਼ਾਸ ਖਿਆਲ ਕੀਤਾ ਜਾਵੇ । (ਵਿਘਨ) ਜਨਤਾ ਵਿਚੋਂ ਆ ਜਾਂਦੀ ਹੈ ।

ਇਕ ਹੋਰ ਗਲ ਮੈਂ ਚੀਫ਼ ਮਨਿਸਟਰ ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਕੰਡੀ ਦੇ ਇਲਾਕੇ ਵਿਚ ਜ਼ਮੀਨ ਹੈ। ਉਹ ਜ਼ਮੀਨ ਸੈਂਟਰ ਦੀ ਸਰਕਾਰ ਨੇ ਹਰੀਜਨਾਂ ਨੂੰ ਦੇਣ ਲਈ ਯਤਨ ਕੀਤਾ ਸੀ ਪਰ ਜੰਗਲਾਤ ਦੇ ਮਹਿਕਮੇ ਨੇ ਜਿਸ ਦੀ ਜ਼ਮੀਨ ਸੜਕ ਦੇ ਦਾਹਿਨੀ ਤਰਫ਼ ਹੈ, ਉਹ ਜ਼ਮੀਨ 5 ਰੁਪਏ ਏਕੜ ਦੇ ਹਿਸਾਬ ਨਾਲ ਖਰੀਦ ਲਈ ਹੈ। ਉਹ ਜ਼ਮੀਨ ਬੜੀ ਜ਼ਰਖੇਜ਼ ਹੈ। ਹੁਣ ਹਾਲਤ ਇਹ ਹੈ ਕਿ ਜੇ ਕਿਸੇ ਗਰੀਬ ਦਾ ਪਸ਼ੂ ਵੀ ਉਧਰ ਚਰਨ ਚਲਾ ਜਾਵੇ ਤਾਂ ਭਾਵੇਂ ਉਸ ਜ਼ਮੀਨ ਵਿਚ ਉਨ੍ਹਾਂ ਨੇ ਕੋਈ ਫਸਲ ਬੀਜੀ ਨਹੀਂ ਹੋਈ ਪਰ ਫਿਰ ਵੀ ਉਹ ਇਕ ਇਕ ਗਊ ਜਾਂ ਮਝ ਦਾ 5 ਰੁਪਏ ਜਾਂ 10 ਰੁਪਏ ਜੁਰਮਾਨਾ ਲੈ ਲੈਂਦੇ ਹਨ। ਮੈਂ ਸਮਝਦਾ ਹਾਂ ਕਿ ਸਾਨੂੰ ਜੰਗਲਾਤ ਦੀ ਜ਼ਰੂਰਤ ਹੈ। ਇਹ ਜਿਹੜੀ ਸਿਲਟ ਰੁੜ੍ਹ ਜਾਂਦੀ ਹੈ ਇਸ ਨੂੰ ਰੋਕਣ ਲਈ ਜੰਗਲਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਪਰ ਇਹ ਪਹਾੜੀਆਂ ਦੇ 5 ਜਾਂ 10 ਮੀਲ ਦੇ ਅੰਦਰ ਅੰਦਰ ਹੋਣੇ ਚਾਹੀਦੇ ਹਨ ਪਰ ਇਹ ਤਾਂ 40-40 ਮੀਲ ਦੂਰ ਤਕ ਹਨ। ਇਸ ਗਲ ਵਲ ਵੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। (ਵਿਘਨ) (ਮਰੜ੍ਹੀ ਸਾਹਿਬ ਵਲੋਂ ਵਿਘਨ) ਇਥੇ ਬੀਬੀ ਜੀ ਨੇ ਜ਼ਿਕਰ ਕੀਤਾ ਕਿ ਅਕਾਲੀ ਸਰਕਾਰ ਵੇਲੇ ਸੜਕਾਂ ਬੜੀਆਂ ਬਣੀਆਂ ਹਨ। ਪਰ ਉਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਗਿੱਲ ਸਾਹਿਬ ਦੇ ਵੇਲੇ ਇਹ ਸੜਕਾਂ ਦਾ ਕਰੈਸ਼ ਪ੍ਰੋਗਰਾਮ ਬਣਿਆ ਸੀ ਅਤੇ ਕਾਂਗਰਸ ਨੇ ਹੀ ਉਸ ਵੇਲੇ ਉਸ ਨੇ ਅਪਣਾਇਆ ਸੀ। (ਵਿਘਨ) (ਸਰਦਾਰ ਕਰਨੈਲ ਸਿੰਘ ਮਰੜ੍ਹੀ ਵਲੋਂ ਵਿਘਨ) ਜਦੋਂ ਗਿੱਲ ਸਾਹਿਬ ਦੀ ਵਜ਼ਾਰਤ ਬਣੀ ਤਾਂ ਮੈਂ ਉਨ੍ਹਾਂ ਦੀ ਕੋਠੀ ਤੇ ਬੈਠਾ ਸੀ। ਉਨ੍ਹਾਂ ਕਿਹਾ ਸੀ ਕਿ 16 ਵਜ਼ੀਰ ਤਾਂ ਬਣ ਗਏ ਹਨ 17ਵਾਂ ਕਿਹੜਾ ਬਣਾਈਏ ਤਾਂ ਮੈਂ ਕਿਹਾ ਸੀ ਕਿ ਮਰੜ੍ਹੀ ਨੂੰ ਬਣਾ ਲਓ। (ਵਿਘਨ) ਇਹਨੂੰ ਅਸੀਂ ਵਜ਼ੀਰ ਬਣਵਾਇਆ।

ਸਰਦਾਰ ਗੁਰਦੇਵ ਸਿੰਘ ਬਾਦਲ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਕਾਂਗਰਸ ਪਹਿਲਾਂ 22-23 ਸਾਲ ਰਾਜ ਕਰਦੀ ਰਹੀ, ਉਦੋਂ ਉਸ ਨੂੰ ਸੜਕਾਂ ਦਾ ਖਿਆਲ ਨਾ ਆਇਆ ਅਤੇ ਗਿੱਲ ਸਾਹਿਬ ਦੇ ਵੇਲੇ ਇਕ ਦਮ ਕਿਸ ਤਰ੍ਹਾਂ ਆ ਗਿਆ ? (ਵਿਘਨ)

ਭਗਤ ਗੁਰਾਂ ਦਾਸ ਹੰਸ : ਮੈਂ ਸਰਦਾਰ ਗੁਰਦੇਵ ਸਿੰਘ ਨੂੰ ਆਪ ਦੇ ਰਾਹੀਂ ਇਹ ਦਸਣਾ ਚਾਹੁੰਦਾ ਹਾਂ ਕਿ ਕਾਂਗਰਸ ਨੇ ਵੀਹ ਸਾਲ ਰਾਜ ਕੀਤਾ ਅਤੇ ਇਸ ਰਾਜ ਦੇ ਸਮੇਂ ਵਿਚ ਉਹ ਕੰਮ ਕੀਤਾ ਕਿ ਅੱਜ ਭਾਵੇਂ ਜੱਟ ਹੋਵੇ, ਭਾਵੇਂ ਰਾਜਪੂਤ ਹੋਵੇ ਜਾਂ ਪੰਡਤ ਹੋਵੇ (ਵਿਘਨ) ਸਾਰੇ ਇਕੋ ਸਟੇਜ ਤੇ ਲਿਆਕੇ ਖੜੇ ਕਰ ਦਿਤੇ ਹਨ। ਇਨਸਾਨੀ ਜੀਵਨ ਕਾਂਗਰਸ ਨੇ ਦਿਤਾ ਹੈ। (ਥੰਪਿੰਗ)

ਸਰਦਾਰ ਗੁਰਦੇਵ ਸਿੰਘ (ਫਰੀਦਕੋਟ ਐਸ. ਸੀ.) : * X X X

ਸ੍ਰੀ ਸਪੀਕਰ : ਜੋ ਕੁਝ ਇਨ੍ਹਾਂ ਨੇ ਬਗੈਰ ਪਰਮੀਸ਼ਨ ਆਫ ਦੀ ਚੇਅਰ ਕਿਹਾ ਹੈ ਉਹ ਐਕਸਪੰਜ ਕਰ ਦਿਤਾ ਜਾਵੇ। (Whatever the hon. Member has said without the permission of the Chair, shall not form part of the proceedings.)

*Expunged as ordered by the Chair.

ਭਗਤ ਗੁਰਾਂ ਦਾਸ ਹੰਸ : ਮੈਂ ਤੁਹਾਡੀ ਸੇਵਾ ਵਿਚ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਾਡੇ ਹੁਸ਼ਿਆਰਪੁਰ ਦੇ ਜ਼ਿਲ੍ਹੇ ਵਿਚ ਥੋੜ੍ਹੇ ਜਿਹੇ ਟਿਊਬਵੈੱਲ ਲਗੇ ਹੋਏ ਹਨ । ਇਥੇ ਵਡੇ ਟਿਊਬਵੈੱਲ ਨਹੀਂ ਹਨ । ਵਡੇ ਵਡੇ ਟਿਊਬਵੈੱਲ ਜਿਹੜੇ ਕਿ 400 ਏਕੜ ਜ਼ਮੀਨ ਨੂੰ ਸਹਿਰਾਬ ਕਰ ਸਕਦੇ ਹਨ ਇਹ ਤਾਂ ਜ਼ਿਲ੍ਹਾ ਸੰਗਰੂਰ ਨੂੰ ਹੀ ਦਿਤੇ ਹੋਏ ਹਨ । (ਵਿਘਨ) ਇਸ ਲਈ ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਵਡੇ ਵਡੇ ਟਿਊਬਵੈੱਲ ਜਿਹੜੇ ਕਿ 400 ਏਕੜ ਜ਼ਮੀਨ ਨੂੰ ਸੈਰਾਬ ਕਰ ਸਕਦੇ ਹਨ, ਇਹ ਸਾਡੇ ਪਛੜੇ ਹੋਏ ਇਲਾਕਿਆਂ ਵਿਚ ਲਿਆਉਣੇ ਚਾਹੀਦੇ ਹਨ । ਔਰ ਗਰੀਬਾਂ ਦੀਆਂ ਜ਼ਮੀਨਾਂ ਵਿਚ ਲਗਾਉਣੇ ਚਾਹੀਦੇ ਹਨ ।

ਲੜਾਈ ਦੇ ਦਿਨਾਂ ਵਿਚ, ਇਹ ਠੀਕ ਹੈ ਕਿ ਤਿੰਨ ਲੜਾਈਆਂ ਅਸੀਂ ਲੜੀਆਂ ਹਨ, ਪਰ ਇਸ ਲੜਾਈ ਵਿਚ ਮੈਨੂੰ ਫਖਰ ਹੈ ਕਿ ਇਸ ਲੜਾਈ ਵਿਚ ਜਿੰਨ੍ਹਾ ਸਾਡਾ ਨਾਮ ਉੱਚਾ ਹੋਇਆ ਹੈ ਉਨ੍ਹਾਂ ਕਦੇ ਅਗੇ ਨਹੀਂ ਹੋਇਆ । ਪੰਜਾਬ ਦਾ ਵਾਸੀ ਆਪਣਾ ਸਿਰ ਉੱਚਾ ਕਰਕੇ ਤੁਰ ਸਕਦਾ ਹੈ । ਇਸ ਲੜਾਈ ਨੇ ਸਾਡੇ ਦੇਸ਼ ਦੀ ਸ਼ਾਨ ਬਣਾਈ ਹੈ । ਲੜਾਈ ਵਿਚ ਨੁਕਸਾਨ ਤਾਂ ਹੁੰਦਾ ਹੀ ਹੈ । ਇਸ ਚੌਦਾਂ ਦਿਨ ਦੀ ਲੜਾਈ ਨੇ ਇਹ ਦਸ ਦਿਤਾ ਹੈ ਕਿ ਦੇਸ਼ ਵਿਚ ਏਕਤਾ ਕਿੰਨੀ ਜ਼ਿਆਦਾ ਹੈ । ਇਹ ਕਿਸੇ ਇਕ ਲੀਡਰਸ਼ਿਪ ਦੀ ਮੇਹਰਬਾਨੀ ਕਰਕੇ ਹੋਇਆ ਹੈ । ਉਨ੍ਹਾਂ ਦਿਨਾਂ ਵਿਚ ਜਦ ਕਿ ਦੇਸ਼ ਬੜੀ ਭਾਰੀ ਲੜਾਈ ਲੜ ਰਿਹਾ ਸੀ, ਉਦੋਂ ਚੋਰਾਂ ਨੇ ਚੋਰੀਆਂ ਕਰਨੀਆਂ ਛਡ ਦਿਤੀਆਂ ਸਨ ਅਤੇ ਕਾਤਲਾਂ ਨੇ ਕਤਲ ਕਰਨੇ ਛਡ ਦਿਤੇ ਸਨ ਪਰ ਇਨ੍ਹਾਂ ਲੋਕਾਂ ਨੇ ਮੋਰਚਾ ਲਗਾਉਣ ਲਈ ਦਿੱਲੀ ਨੂੰ ਤੁਰਨਾ ਸ਼ੁਰੂ ਕਰ ਦਿਤਾ ਸੀ । (ਸ਼ੋਰ) (ਵਿਘਨ)

ਸਰਦਾਰ ਧੰਨਾ ਸਿੰਘ ਗੁਲਸ਼ਨ : ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮਰੜੀ ਸਾਹਿਬ ਦੇ ਚਾਰ ਬਚੇ ਲੜਾਈ ਵਿਚ ਲੜਦੇ ਰਹੇ, ਭਗਤ ਜੀ ਦਸਣ ਇਨ੍ਹਾਂ ਦੇ ਕਿੰਨੇ ਮੁੰਡੇ ਲੜਾਈ ਵਿਚ ਗਏ ?

Mr. Speaker : Please resume your seat.

ਭਗਤ ਗੁਰਾਂ ਦਾਸ ਹੰਸ : ਇਨ੍ਹਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ (ਵਿਘਨ)

ਚੌਧਰੀ ਸੁੰਦਰ ਸਿੰਘ: ਆਨ ਏ ਪੁਆਇੰਟ ਆਫ ਆਰਡਰ, ਸਰ ।

ਸਰਦਾਰ ਬਸੰਤ ਸਿੰਘ ਖਾਲਸਾ: ਆਨ ਏ ਪੁਆਇੰਟ ਆਫ ਆਰਡਰ, ਸਰ ।

ਚੌਧਰੀ ਸੁੰਦਰ ਸਿੰਘ: ਭਗਤ ਜੀ ਨੇ ਕਿਹਾ ਹੈ ਕਿ ਜਦੋਂ ਲੜਾਈ ਹੋਈ ਤਾਂ ਚੋਰਾਂ ਨੇ ਚੋਰੀਆਂ ਛੱਡ ਦਿਤੀਆਂ, ਹਾਲੀਆਂ ਨੇ ਹੱਲ ਛੱਡ ਦਿਤੇ, ਕੀ ਇਨ੍ਹਾਂ ਦੇ ਕਹਿਣ ਦਾ ਇਹ ਮਤਲਬ ਸੀ ਕਿ ਅਕਾਲੀਆਂ ਨੇ ਆਪਣੀ ਆਦਤ ਨਹੀਂ ਛਡੀ ।

ਸਰਦਾਰ ਬਸੰਤ ਸਿੰਘ ਖਾਲਸਾ: ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਬੇਨਤੀ ਇਹ ਹੈ ਕਿ ਗਵਰਨਰ ਸਾਹਿਬ ਦੇ ਭਾਸ਼ਣ ਦੇ ਸਫਾ (2) ਤੇ ਫਲਾਇੰਗ ਅਫਸਰ ਪਰਮਜੀਤ ਸਿੰਘ ਸੇਖੋਂ (ਵਿਘਨ) ਦਾ ਨਾਉਂ ਲਿਖਿਆ ਹੋਇਆ ਹੈ । ਅਸਲ ਵਿਚ ਇਹ ਮੇਰੇ ਇਲਾਕੇ ਦੇ ਹਨ । ਇਨ੍ਹਾਂ ਦਾ ਨਾਉਂ ਨਿਰਮਲਜੀਤ ਸਿੰਘ ਹੈ । ਇਨ੍ਹਾਂ ਦਾ ਨਾਉਂ ਗਲਤ ਦੇ ਕੇ ਕੀ ਇਨ੍ਹਾਂ ਨਾਲ ਧੱਕਾ ਨਹੀਂ ਕੀਤਾ ਗਿਆ ਹੈ (ਵਿਘਨ) ਇਸ ਦਾ ਕੌਣ ਜ਼ਿੰਮੇਵਾਰ ਹੈ ?

ਭਗਤ ਗੁਰਾਂ ਦਾਸ ਹੰਸ : ਮੈਂ (ਘੰਟੀ) ਇਹ ਕਹਿਣਾ ਚਾਹੁੰਦਾ ਹਾਂ ਕਿ ਜਿੰਨੇ ਸਾਡੇ ਸੂਬੇ ਨੇ ਮਹਾਜ਼ ਉਤੇ ਲੜਾਈ ਲੜੀ ਹੈ, ਇਸ ਸਬੰਧੀ ਮੈਂ ਫਖਰ ਨਾਲ ਕਹਿ ਸਕਦਾ ਹਾਂ ਕਿ ਲੜਾਈ ਦੇ ਦਿਨਾਂ ਵਿਚ ਕਿਸਾਨਾਂ ਨੇ ਬੜੀ ਬਹਾਦਰੀ ਨਾਲ ਕੰਮ ਕੀਤਾ ਹੈ। (ਵਿਘਨ) ਮੇਰੇ ਹਲਕੇ ਵਿਚ ਇਕ ਜਿਮੀਂਦਾਰ ਸੀ ਉਸ ਨੇ ਲੜਾਈ ਦੇ ਦਿਨਾਂ ਵਿਚ ਕਹਿ ਦਿਤਾ ਸੀ ਕਿ ਜਿੰਨੀ ਵੀ ਜ਼ਮੀਨ ਉਸ ਦੀ ਹੈ ਉਹ ਗੌਰਮਿੰਟ ਦੇ ਨਾਉਂ (ਵਿਘਨ) ਲਿਖ ਦਿਤੀ ਜਾਵੇ। ਇਸ ਕਰਕੇ ਮੈਂ ਕਹਿੰਦਾ ਹਾਂ ਕਿ ਸਾਰਿਆਂ ਨੇ ਕੰਮ ਕੀਤਾ ਹੈ। (ਵਿਘਨ) ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਦੇਸ਼ ਦੀ ਤਰੱਕੀ ਵੱਲ ਧਿਆਨ ਦੇਣਾ ਚਾਹੀਦਾ ਹੈ। (ਘੰਟੀ) ਕਿਸਾਨਾਂ ਲਈ ਮੈਂ ਬੇਨਤੀ ਕਰਾਂਗਾ ਕਿ ਦਿਨ ਰਾਤ ਸੱਪਾਂ ਦੀਆਂ ਸਿਰੀਆਂ ਮਿੱਧ ਕੇ ਇਨ੍ਹਾਂ ਨੇ ਖੇਤਾਂ ਵਿਚ ਕੰਮ ਕੀਤਾ ਹੈ ਅਤੇ ਕਰਦੇ ਹਨ, ਹੋਰ ਛੋਟੇ ਦੁਕਾਨਦਾਰ ਹਨ, ਇਨ੍ਹਾਂ ਲੋਕਾਂ ਨੂੰ ਬਿਜਲੀ ਘਟ ਰੇਟ ਤੇ ਮਿਲਣੀ ਚਾਹੀਦੀ ਹੈ। ਖਾਦ ਵੀ ਇਨ੍ਹਾਂ ਨੂੰ ਘਟ ਰੇਟ ਤੇ ਮਿਲਣੀ ਚਾਹੀਦੀ ਹੈ। ਇਨ੍ਹਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ। ਕਣਕ ਦੀ ਕੀਮਤ ਮੁਕੱਰਰ ਕਰੋ ਜਿੰਨੀ ਮਰਜ਼ੀ ਪਰ ਗਰੀਬਾਂ ਨੂੰ, ਛੋਟੇ ਕਿਸਾਨਾਂ ਨੂੰ, ਛੋਟੇ ਦੁਕਾਨਦਾਰਾਂ ਨੂੰ ਅਤੇ ਹੋਰ ਗਰੀਬ ਆਦਮੀਆਂ ਨੂੰ ਜਿਨ੍ਹਾਂ ਦੀ ਆਮਦਨੀ 200 ਜਾਂ 300 ਰੁਪਏ ਤੱਕ ਹੈ ਉਨ੍ਹਾਂ ਨੂੰ ਜਿਸ ਤਰ੍ਹਾਂ ਰੇਲਵੇ ਦੇ ਮੁਲਾਜ਼ਮਾਂ ਨੂੰ ਘਟ ਕੀਮਤ ਤੇ ਅਨਾਜ ਮਿਲਦਾ ਹੈ ਉਸੇ ਤਰਾਂ ਇਨ੍ਹਾਂ ਨੂੰ ਵੀ ਅਨਾਜ ਦਿਉ। ਇਸ ਤਰ੍ਹਾਂ ਨਾਲ ਗਰੀਬਾਂ ਦਾ ਮਸਲਾ ਕੁਝ ਹੱਦ ਤਕ ਹਲ ਹੋ ਸਕਦਾ ਹੈ। ਸਰਪਲਸ ਜ਼ਮੀਨ ਜਲਦੀ ਤੋਂ ਜਲਦੀ ਵੰਡੀ ਜਾਣੀ ਚਾਹੀਦੀ ਹੈ। ਮੇਰੇ ਇਲਾਕੇ ਵਿਚ ਚੋਆਂ ਦਾ ਮਸਲਾ ਵੀ ਹੈ। ਚੀਫ ਮਨਿਸਟਰ ਸਾਹਿਬ ਦਾ ਮੈਂ ਧੰਨਵਾਦੀ ਹਾਂ ਕਿਉਂਕਿ ਇਨ੍ਹਾਂ ਨੇ ਜਿਹੜਾ ਸਾਡਾ ਵਜ਼ੀਰ ਬਣਾਇਆ ਹੈ ਉਸ ਨੂੰ ਇਰੀਗੇਸ਼ਨ ਅਤੇ ਪਾਵਰ ਦੇ ਮਹਿਕਮੇ ਦਿੱਤੇ ਹਨ। ਹੁਸ਼ਿਆਰਪੁਰ ਤੋਂ ਦਸੂਏ ਤਕ 27 ਚੋਏ ਆਉਂਦੇ ਹਨ। ਇਨ੍ਹਾਂ ਵਲ ਵੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ (ਘੰਟੀ) ਸਾਡੇ ਹੁਸ਼ਿਆਰਪੁਰ ਦੇ ਜਿਹੜੇ ਚੌਧਰੀ ਖੜੇ ਹੋ ਗਏ ਉਹ ਚੌਧਰੀ ਤਾਂ ਖਤਮ ਹੋ ਗਏ ਪਰ ਇਹ ਪਰਾਬਲਮ ਚੋਆਂ ਵਾਲੀ ਖਤਮ ਨਹੀਂ ਹੋਈ ਹੈ। (ਵਿਘਨ) ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਜਿਥੇ ਹਿੰਦੂਆਂ ਦੇ ਮੁੰਡੇ ਡਾਕਟਰ ਜਾਂ ਵਕੀਲ ਹੁੰਦੇ ਹਨ ਉਥੇ ਹਰੀਜਨਾਂ ਦੇ ਮੁੰਡੇ ਚੌਧਰੀ ਜਾਂ ਲੀਡਰ ਹੁੰਦੇ ਹਨ। (ਵਿਘਨ)

Mr. Speaker : Please resume your seat.

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) : ਸਤਿਕਾਰ ਯੋਗ ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਐਡਰੈਸ ਤੋਂ ਬਾਅਦ ਉਨ੍ਹਾਂ ਦੇ ਧੰਨਵਾਦ ਕਰਨ ਲਈ ਮਤਾ ਪੇਸ਼ ਹੋਇਆ ਔਰ ਉਸ ਉਤੇ ਬਹਿਸ ਹੋਈ। ਮੈਂ ਮੈਂਬਰ ਸਾਹਿਬਾਨ ਦਾ ਬਹੁਤ ਮਸ਼ਕੂਰ ਹਾਂ ਕਿ ਉਨ੍ਹਾਂ ਨੇ ਬੜੀ ਚੰਗੀ ਮਿਹਨਤ ਨਾਲ ਇਸ ਬਹਿਸ ਵਿਚ ਹਿੱਸਾ ਲਿਆ। ਔਰ ਲੀਡਰ ਆਫ ਦੀ ਆਪੋਜ਼ੀਸ਼ਨ ਤੇ ਲੀਡਰ ਆਫ ਦੀ ਸੀ. ਪੀ. ਆਈ. ਔਰ ਆਜ਼ਾਦ ਮੈਂਬਰਾਂ ਦਾ ਵੀ ਮਸ਼ਕੂਰ ਹਾਂ ਕਿ ਉਨ੍ਹਾਂ ਨੇ ਜ਼ਿਆਦਾ ਧਿਆਨ ਤਾਮੀਰੀ ਨੁਕਤਾਚੀਨੀ ਵੱਲ ਕੀਤਾ ਔਰ ਅਜਿਹੀਆਂ ਚੀਜ਼ਾਂ ਵਲ ਸਰਕਾਰ ਨੂੰ ਆਕਰਸ਼ਤ ਕੀਤਾ ਜਿਹੜੀਆਂ ਲੋਕਾਂ ਨਾਲ ਹਿੱਤ ਰਖਦੀਆਂ ਹਨ। ਮੈਂ ਆਪਣੀ ਪਾਰਟੀ, ਅਤੇ ਵਿਰੋਧੀ ਪਾਰਟੀ ਦੇ ਮੈਂਬਰਾਂ ਦਾ ਧੰਨਵਾਦ ਕਰਦਾ ਹਾਂ ਔਰ ਮੈਂ ਇਸ ਗਲ ਤੇ ਖ਼ੁਸ਼ ਹਾਂ ਕਿ ਉਨ੍ਹਾਂ ਨੇ ਐਨੀ ਮਿਹਨਤ ਕੀਤੀ ਹੈ। ਸੈਸ਼ਨ ਦੇ ਸ਼ੁਰੂ ਸ਼ੁਰੂ ਵਿਚ ਅਸੀਂ

[ਮੁੱਖ ਮੰਤਰੀ]

ਕੁਝ ਘਾਟਾ ਮਹਿਸੂਸ ਕਰਦੇ ਸਾਂ ਕਿਉਂਕਿ ਸਾਡੇ ਬੈਸਟ ਪਾਰਲੀਮੈਂਟੇਰੀਅਨ ਜਾਂ ਤਾਂ ਉਨ੍ਹਾਂ ਨੇ ਐਤਕੀ ਆਉਣ ਦਾ ਖਿਆਲ ਛੱਡ ਦਿਤਾ ਸੀ ਜਾਂ ਜਨਤਾ ਨੇ ਉਨ੍ਹਾਂ ਨੂੰ ਆਉਣ ਨਹੀਂ ਸੀ ਦਿਤਾ। ਉਨ੍ਹਾਂ ਦੀ ਘਾਟ ਮੈਂ ਮਹਿਸੂਸ ਕਰਦਾ ਸੀ ਪਰ ਮੈਨੂੰ ਖੁਸ਼ੀ ਹੋਈ ਹੈ ਕਿ ਉਸ ਘਾਟ ਨੂੰ ਜਲਦੀ ਹੀ ਇਥੇ ਆਨਰੇਬਲ ਮੈਂਬਰਾਂ ਨੇ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਮੈਨੂੰ ਇਸ ਗਲ ਦੀ ਵੀ ਖੁਸ਼ੀ ਹੈ ਕਿ ਕੋਈ ਅਜੇਹਾ ਮਸਲਾ ਬੇਲੋੜਾ ਮੇਰੇ ਸਾਹਮਣੇ ਨਹੀਂ ਲਿਆਂਦਾ ਜਿਸ ਦੇ ਉਤੇ ਮੈਨੂੰ ਜਵਾਬ ਦੇਣ ਵਿਚ ਕੜਵਾ ਸ਼ਬਦ ਵਰਤਣਾ ਪਵੇ ਜਾਂ ਮੈਨੂੰ ਕੋਈ ਬਹੁਤ ਜ਼ਿਆਦਾ ਮਿਹਨਤ ਕਰਨੀ ਪਵੇ। ਲਾਅ ਐਂਡ ਆਰਡਰ ਦੀ ਇਥੇ ਕਾਫੀ ਚਰਚਾ ਹੋਈ ਹੈ। ਸਾਡੀ ਸਰਕਾਰ 17 ਤਾਰੀਖ ਨੂੰ ਬਣੀ ਸੀ ਔਰ ਜੋ ਗੱਲਾਂ ਇਥੇ ਆਈਆਂ ਹਨ ਉਹ ਉਸ ਤੋਂ ਪਹਿਲਾਂ ਦੀਆਂ ਹੀ ਬਹੁਤੀਆਂ ਗਲਾਂ ਆਈਆਂ ਹਨ। ਜਿਥੋਂ ਤਕ ਮੈਂ ਘੋਖ ਸਕਿਆ ਹਾਂ, ਦੇਖ ਸਕਿਆ ਹਾਂ, ਬਹੁਤ ਸਾਰੀਆਂ ਕਾਰਵਾਈਆਂ ਨੂੰ ਐਡਮਨਿਸਟਰੇਸ਼ਨ ਨੇ ਪੂਰੀ ਯੋਗਤਾ ਨਾਲ ਨਿਭਾਉਣ ਦਾ ਯਤਨ ਕੀਤਾ ਔਰ ਉਸ ਤੋਂ ਪਹਿਲਾਂ ਸਾਲਾਂ ਨਾਲੋਂ ਸਾਡੇ ਪ੍ਰਾਂਤ ਦੀ ਕਾਨੂੰਨੀ ਅਵਸਥਾ ਹੁਣ ਚੰਗੀ ਰਹੀ ਹੈ। ਪਰ ਜੇ ਕਿਤੇ ਕਿਸੇ ਕਿਸਮ ਦੀ ਕੋਈ ਸ਼ਿਕਾਇਤ ਹੈ ਤਾਂ ਮੈਂ ਹਾਊਸ ਨੂੰ ਇਹ ਯਕੀਨ ਦੁਆਉਣਾ ਚਾਹੁੰਦਾ ਹਾਂ ਕਿ ਅਸੀਂ ਪੂਰਾ ਖਿਆਲ ਰਖਾਂਗੇ ਕਿ ਲਾਅ ਐਂਡ ਆਰਡਰ ਬਿਲਕੁਲ ਦਰੁਸਤ ਰਹੇ। ਮੇਰਾ ਇਹ ਯਕੀਨ ਹੈ ਕਿ ਪੰਜਾਬ ਦੇ ਅੰਦਰ ਕੋਈ ਭੈਣ, ਕੋਈ ਬੇਟੀ, ਕੋਈ ਗਰੀਬ, ਕੋਈ ਅਮੀਰ, ਕੋਈ ਵਡਾ, ਕੋਈ ਛੋਟਾ ਪੂਰੀ ਆਜ਼ਾਦੀ ਨਾਲ ਪੂਰੀ ਸੁਤੰਤਰਤਾ ਨਾਲ ਜਿਥੇ ਉਹ ਚਾਹੇ ਜਾ ਆ ਸਕੇਗਾ। ਉਸ ਦੀ ਜਾਨ ਨੂੰ, ਉਸ ਦੇ ਮਾਲ ਨੂੰ ਕਿਸੇ ਤਰ੍ਹਾਂ ਦਾ ਕੋਈ ਖਤਰਾ ਨਹੀਂ ਹੋਵੇਗਾ। (ਥੰਪਿੰਗ) ਇਸ ਤੋਂ ਜ਼ਿਆਦਾ ਮੈਂ ਕੁਝ ਨਹੀਂ ਕਹਿੰਦਾ।

ਸਪੀਕਰ ਸਾਹਿਬ, ਹਾਊਸ ਦੇ ਕੁਝ ਮੈਂਬਰਾਂ ਨੇ ਇਸ ਗਲ ਵਲ ਧਿਆਨ ਦਿਵਾਇਆ ਸੀ ਕਿ ਟਾਪ ਹੈਵੀ ਐਡਮਿਨਿਸਟਰੇਸ਼ਨ ਨੂੰ ਸਾਨੂੰ ਕੁਝ ਥੋੜਾ ਜਿਹਾ ਛਾਂਟਣਾ ਚਾਹੀਦਾ ਹੈ। ਇਸ ਸਬੰਧ ਵਿਚ ਮੈਂ ਆਪ ਵੀ ਪਹਿਲਾਂ ਮਹਿਸੂਸ ਕਰਦਾ ਸੀ ਲੇਕਿਨ ਇਸ ਜਗ੍ਹਾ ਤੇ ਪਹੁੰਚਣ ਤੋਂ ਬਾਦ ਜਿੰਨਾ ਸਮਾਂ ਮੈਨੂੰ ਮਿਲਿਆ ਹੈ, ਉਸ ਸਮੇਂ ਵਿਚ ਜੋ ਮੈਂ ਸੋਚਿਆ ਹੈ ਜੋ ਮੈਂ ਵਿਚਾਰਿਆ ਹੈ ਉਸ ਤੋਂ ਬਾਦ ਮੈਂ ਇਸ ਨਤੀਜੇ ਤੇ ਪਹੁੰਚਿਆ ਹਾਂ ਕਿ ਅਸੀਂ ਥੋੜਾ ਜਿਹਾ ਇਸ ਤੇ ਹੋਰ ਸੋਚਣ ਤੋਂ ਬਾਦ ਇਸ ਦਾ ਇਲਾਜ ਕਰਾਂਗੇ। ਮਗਰ ਇਸ ਗੱਲ ਵੱਲ ਜ਼ਰੂਰ ਧਿਆਨ ਰਖਣਾ ਪਵੇਗਾ ਕਿ ਜੋ ਤਰੱਕੀ ਦੇ ਕੰਮ ਹਨ ਉਨ੍ਹਾਂ ਨੂੰ ਤੇਜ਼ੀ ਨਾਲ ਕੀਤਾ ਜਾਵੇ ਔਰ ਉਨਾਂ ਵਿਚ ਕੋਈ ਘਾਟ ਨਾ ਆ ਜਾਵੇ। ਹਰ ਮਹਿਕਮਾ ਪੁਰਾਣੇ ਜ਼ਮਾਨੇ ਨਾਲੋਂ ਜ਼ਿਆਦਾ ਫੈਲਿਆ ਹੋਇਆ ਹੈ ਇਸ ਵਾਸਤੇ ਜਦੋਂ ਮਹਿਕਮੇ ਦਾ ਫੈਲਾਓ ਜ਼ਿਆਦਾ ਹੈ ਤਾਂ ਜ਼ਰੂਰੀ ਹੋ ਜਾਂਦਾ ਹੈ ਕਿ ਐਫੀਸ਼ੈਂਟ ਔਰ ਤਜਰਬਾਕਾਰ ਅਫਸਰ ਉਨ੍ਹਾਂ ਨੂੰ ਉਸ ਨੂੰ ਚਲਾਉਣ ਲਈ ਸੌਂਪਿਆ ਜਾਵੇ। ਇਸ ਲਈ ਸਾਰੀਆਂ ਚੀਜਾਂ ਨੂੰ ਧਿਆਨ ਵਿਚ ਰਖ ਕੇ ਇਸ ਪਾਸੇ ਵੱਲ ਪੂਰਾ ਧਿਆਨ ਦਿਤਾ ਜਾਵੇਗਾ।

ਸਨਮਾਨਯੋਗ ਸਪੀਕਰ ਸਾਹਿਬ, ਮਾਨਯੋਗ ਮੈਂਬਰਾਂ ਨੇ ਇਸ ਗਲ ਦਾ ਵੀ ਜ਼ਿਕਰ ਕੀਤਾ ਹੈ ਔਰ ਕੁਝ ਕਾਲ ਅਟੈਨਸ਼ਨ ਮੋਸ਼ਨਾਂ ਵੀ ਆਈਆਂ ਹਨ ਕਿ ਹਰੀਜਨਾਂ ਦੇ ਨਾਲ ਚੰਗਾ ਵਰਤਾਵ ਕੀਤਾ ਜਾਵੇ। ਮੇਰੀ ਸਰਕਾਰ ਇਸ ਗਲ ਤੇ ਦ੍ਰਿੜ ਵਿਸ਼ਵਾਸ਼ ਰਖਦੀ ਹੈ ਕਿ ਉਨ੍ਹਾਂ ਨਾਲ ਚੰਗਾ ਵਰਤਾਵ ਕੀਤਾ ਜਾਵੇਗਾ। ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰਾਂ ਨੂੰ ਇਹ ਦਸਣਾ ਚਾਹੁੰਦਾ ਹਾਂ ਕਿ ਜੋ ਇਥੇ ਹਰੀਜਨ ਵਰਗ ਸਮਾਜਿਕ ਤੌਰ ਤੇ ਪਛੜਿਆ

ਹੋਇਆ ਹੈ, ਆਰਥਿਕ ਤੌਰ ਤੇ ਪਛੜਿਆ ਹੋਇਆ ਹੈ ਉਸ ਨੂੰ ਸਿਰਫ ਪੋਲੀਟੀਕਲ ਤੌਰ ਤੇ ਰੀਜ਼ਰਵੇਸ਼ਨ ਮਿਲਣ ਨਾਲ ਉਸ ਦੀ ਬਰਾਬਰਤਾ ਨਹੀਂ ਹੋ ਸਕਦੀ। ਪੰਜਾਬ ਦੀ ਸਰਕਾਰ ਇਸ ਗੱਲ ਦਾ ਯਤਨ ਕਰੇਗੀ ਕਿ ਕੋਈ ਵੀ ਹਰੀਜਨ ਜਾਂ ਕੋਈ ਹੋਰ ਕਿਸੇ ਵਰਗ ਦਾ ਆਦਮੀ ਜਿਹੜਾ ਪਛੜਿਆ ਹੋਇਆ ਹੈ, ਬੇਘਰ ਹੈ ਉਸ ਨੂੰ ਪਛੜੇਵੇ ਪਨ ਵਿਚੋਂ ਕਢ ਕੇ ਬਰਾਬਰਤਾ ਵਿਚ ਲਿਆ ਸਕੀਏ। (ਤਾੜੀਆਂ) ਆਰਥਿਕ ਤੌਰ ਤੇ ਔਰ ਸਮਾਜਿਕ ਤੌਰ ਤੇ ਉਨ੍ਹਾਂ ਨੂੰ ਅਸੀਂ ਬਰਾਬਰ ਲਿਆਈਏ। ਮੈਂ ਪੁਲਿਸ ਨੂੰ ਇਹ ਹਦਾਇਤ ਕਰ ਦਿਤੀ ਹੈ ਕਿ ਉਹ ਸਮਾਜ ਦੇ ਕਮਜ਼ੋਰ ਵਰਗ ਵਲੋਂ ਜੇ ਕੋਈ ਸ਼ਿਕਾਇਤ ਆਵੇ ਤਾਂ ਉਸ ਵਲ ਆਪਣਾ ਵਿਸ਼ੇਸ਼ ਧਿਆਨ ਦੇਵੇ।

ਫਿਰ ਸਪੀਕਰ ਸਾਹਿਬ, ਇਥੇ ਹਰੀਜਨਾਂ ਦੇ ਲਈ ਧਰਮਸ਼ਾਲਾਵਾਂ ਦੇ ਕੰਮ ਦਾ ਬੜੇ ਜ਼ੋਰ ਨਾਲ ਸਵਾਲ ਉਠਿਆ ਹੈ। ਆਨਰੇਬਲ ਮੈਂਬਰ ਸਰਦਾਰ ਸੁਰਜੀਤ ਸਿੰਘ ਜੀ ਨੇ ਕਿਹਾ ਸੀ ਕਿ ਸਰਕਾਰ ਨੇ ਇਸ ਕੰਮ ਵਾਸਤੇ ਰੁਪਿਆ ਥੋੜ੍ਹਾ ਰਖਿਆ ਹੈ ਔਰ ਧਰਮਸ਼ਾਲਾ ਬਣਾਉਣ ਦਾ ਜੋ ਵਾਅਦਾ ਕਰ ਲਿਆ ਹੈ ਉਹ ਪੂਰਾ ਨਹੀਂ ਹੋ ਸਕੇਗਾ। ਮੈਂ ਇਸ ਗੱਲ ਨੂੰ ਚੰਗੇ ਗੌਰ ਨਾਲ ਦੇਖਿਆ ਹੈ। ਭਾਵੇਂ ਇਸ ਅਧੂਰੇ ਬਜਟ ਵਿਚ ਰਕਮ ਥੋੜ੍ਹੀ ਹੈ ਪਰ ਅਸੀਂ ਇਸ ਲਈ ਰਕਮ ਦੀ ਹੋਰ ਭਾਲ ਕਰਾਂਗੇ ਔਰ ਵਧਾਉਣ ਦੀ ਕੋਸ਼ਿਸ਼ ਕਰਾਂਗੇ ਤੇ ਜੋ ਵਾਅਦਾ ਗਵਰਨਰ ਸਾਹਿਬ ਦੇ ਐਡਰੈਸ ਵਿਚ ਕੀਤਾ ਗਿਆ ਹੈ ਉਹ ਪੂਰਾ ਕੀਤਾ ਜਾਵੇਗਾ। ਦੋ ਸਾਲਾਂ ਵਿਚ ਪੰਜਾਬ ਦਾ ਕੋਈ ਹਰੀਜਨਾਂ ਦਾ ਅਜਿਹਾ ਪਿੰਡ ਨਹੀਂ ਹੋਵੇਗਾ ਜਿਥੇ ਹਰੀਜਨਾਂ ਦੀਆਂ ਪੱਕੀਆਂ ਧਰਮਸ਼ਾਲਾ ਤੇ ਪੱਕੀਆਂ ਸੜਕਾਂ ਨਹੀਂ ਹੋਣਗੀਆਂ। (ਵਿਘਨ)

ਇਕ ਆਵਾਜ਼ : ਪੱਕੀਆਂ ਸੜਕਾਂ ਜਾਂ ਧਰਮਸ਼ਾਲਾਵਾਂ ? (ਵਿਘਨ)

ਮੁੱਖ ਮੰਤਰੀ : ਪੱਕੀਆਂ ਸੜਕਾਂ ਦਾ ਵੀ ਕਹਿ ਦਿਤਾ ਹੈ ਕਿ ਕੋਈ ਅਜੇਹਾ ਪਿੰਡ ਹਰੀਜਨਾਂ ਦਾ ਨਹੀਂ ਹੋਵੇਗਾ ਜਿਥੇ ਕਿ ਪੱਕੀਆਂ ਸੜਕਾਂ ਨਹੀਂ ਹੋਣਗੀਆਂ, ਜਿਥੇ ਹਰੀਜਨਾਂ ਦੀਆਂ ਧਰਮਸ਼ਾਲਾਵਾ ਨਹੀਂ ਹੋਣਗੀਆਂ।

ਸਪੀਕਰ ਸਾਹਿਬ, ਹਰੀਜਨਾਂ ਵਾਸਤੇ ਜੋ ਇਕ ਡੀਵੈਲਪਮੈਂਟ ਕਾਰਪੋਰੇਸ਼ਨ ਬਣੀ ਹੈ ਉਸ ਦੇ ਵਿਚ ਕੁਝ ਤਰੁਟੀਆਂ ਸਾਡੇ ਨੋਟਿਸ ਵਿਚ ਆਈਆਂ ਹਨ। 7 ਫੀ ਸਦੀ ਵਿਆਜ ਜ਼ਿਆਦਾ ਮਹਿਸੂਸ ਕੀਤਾ ਗਿਆ ਹੈ, ਇਸ ਤੇ ਅਸੀਂ ਗੌਰ ਕਰਾਂਗੇ ਔਰ ਜਿੰਨਾ ਘਟਾਇਆ ਜਾ ਸਕੇਗਾ ਉਸ ਵਿਆਜ ਨੂੰ ਘਟਾ ਦਿਤਾ ਜਾਵੇਗਾ। (ਤਾੜੀਆਂ) ਔਰ ਰਹਿਨਨਾਮੇ ਦੇ ਅਸ਼ਟਾਮ ਤੇ ਜੋ ਫੀਸ ਲਗਦੀ ਹੈ ਉਸ ਦੀ ਛੋਟ ਦੇਣ ਵਾਸਤੇ ਵੀ ਗੌਰ ਕੀਤਾ ਜਾਵੇਗਾ। (ਪ੍ਰਸੰਸ਼ਾ) ਮੈਂ ਮਹਿਸੂਸ ਕਰਦਾ ਹਾਂ ਕਿ ਹਰੀਜਨਾਂ ਵੱਲ ਉਚੇਚਾ ਤੇ ਚੰਗੇਰਾ ਧਿਆਨ ਦਿਤਾ ਜਾਵੇ। ਕਿਉਂਕਿ ਭੂਤਕਾਲ ਤੋਂ ਵਿਰਸੇ ਵਿਚ ਉਨ੍ਹਾਂ ਨੂੰ ਜੋ ਪਛੜੇਵਾ ਮਿਲਿਆ ਹੈ ਉਸ ਵਿਚ ਨਾ ਉਨ੍ਹਾਂ ਦੀ ਕੋਈ ਗਲਤੀ ਹੈ ਔਰ ਨਾਂ ਹੀ ਸਾਡੀ ਕੋਈ ਗਲਤੀ ਹੈ, ਇਹ ਗਲਤੀ ਸਾਡੇ ਸਮਾਜਿਕ ਬਣਤਰ ਦੀ ਸੀ। ਇਸ ਲਈ ਸਪੀਕਰ ਸਾਹਿਬ, ਅਸੀਂ ਪਛੜੇ ਲੋਕਾਂ ਦੇ ਪ੍ਰਤੀਨਿਧ ਜਿਹੜੇ ਸਭਿਆ, ਧਰਮ ਔਰ ਨਿਰਪੱਖ ਸਮਾਜ ਲਈ ਵਚਨ ਬੱਧ ਹਾਂ ਉਸ ਨਿਸ਼ਾਨੇ ਤੇ ਪਹੁੰਚਣ ਲਈ ਸਿਰ ਤੋੜ ਯਤਨ ਕਰਾਂਗੇ ਤਾਂ ਕਿ ਮਨੁਖਤਾ ਨਾਲ ਕੋਈ ਕਿਸੇ ਕਿਸਮ ਦਾ ਵਿਤਕਰਾ ਨਾ ਹੋਵੇ।

[ਮੁੱਖ ਮੰਤਰੀ]

ਸਨਮਾਨਯੋਗ ਸਪੀਕਰ ਸਾਹਿਬ, ਇਸ ਹਾਊਸ ਵਿਚ ਸਿਖਿਆ ਦੇ ਮਾਮਲੇ ਵਿਚ ਵੀ ਕਾਫੀ ਚਰਚਾ ਹੋਇਆ ਹੈ । ਸਾਡੇ ਮਾਨਯੋਗ ਸਾਬਕਾ ਸਿਖਿਆ ਮੰਤਰੀ ਸਰਦਾਰ ਸੁਰਜੀਤ ਸਿੰਘ ਜੀ ਨੇ ਕੁਝ ਅੰਕੜੇ ਪੇਸ਼ ਕੀਤੇ ਸਨ, ਉਨ੍ਹਾਂ ਦੇ ਬਾਰੇ ਮੈਂ ਨਹੀਂ ਕਹਿ ਸਕਦਾ ਕਿ ਉਹ ਅੰਕੜੇ ਉਨ੍ਹਾਂ ਨੇ ਕਿਥੋਂ ਲਏ ਪਰ ਮੈਂ ਇਹ ਦਸਣਾ ਚਾਹੁੰਦਾ ਹਾਂ ਰਾਜ ਵਿਚ ਉਨ੍ਹਾਂ ਪਿੰਡਾਂ ਨੂੰ ਛੱਡ ਕੇ ਜਿਹੜੇ ਬੇਚਿਰਾਗ ਹਨ ਲਗਭਗ ਕੁਲ 12,000 ਪਿੰਡ ਹਨ ਔਰ ਪ੍ਰਾਇਮਰੀ ਸਕੂਲਾਂ ਦੀ ਕੁਲ ਗਿਣਤੀ ਕੇਵਲ 7,133 ਹੈ ਜਿਨ੍ਹਾਂ ਵਿਚੋਂ ਚੋਖੀ ਗਿਣਤੀ ਦੇ ਸਕੂਲ ਸ਼ਹਿਰੀ ਇਲਾਕਿਆਂ ਵਿਚ ਹਨ । (ਵਿਘਨ) ਮੇਰੇ ਕਹਿਣ ਦਾ ਭਾਵ ਇਹ ਨਹੀਂ ਕਿ ਇਨ੍ਹਾਂ ਅੰਕੜਿਆਂ ਨੂੰ ਆਪਣੇ ਹਿਤ ਲਈ ਵਰਤਿਆ ਨਹੀਂ ਜਾ ਸਕਦਾ ਅਸੀਂ ਸਾਰੇ ਹੀ ਇਸ ਗੱਲ ਤੋਂ ਜਾਣੂ ਹਾਂ, ਪਰ ਮੈਂ ਤਾਂ ਅਸਲੀਅਤ ਬਿਆਨ ਕਰਨ ਵਿਚ ਵਿਸ਼ਵਾਸ ਰਖਦਾ ਹਾਂ । ਇਹ ਸੱਚ ਹੈ ਕਿ ਕੁਝ ਪਿੰਡ ਅਜੇਹੇ ਹਨ ਜਿਥੇ ਵਸੋਂ ਘੱਟ ਹੈ ਜਿਸ ਤਰ੍ਹਾਂ ਕਿ ਕੰਡੀ ਦੇ ਇਲਾਕਿਆਂ ਵਿਚ ਅਤੇ ਹੋਰ ਨੀਮ-ਪਹਾੜੀ ਜਿਥੇ ਇਲਾਕਿਆਂ ਵਿਚ ਹੈ ਵਸੋਂ ਦੇ ਆਧਾਰ ਤੇ ਸਕੂਲ ਖੋਲ੍ਹਣਾ ਨਹੀਂ ਵੀ ਬਣਦਾ । ਪਰ ਇਹੋ ਉਨ੍ਹਾਂ ਇਲਾਕਿਆਂ ਵਿਚ ਸਕੂਲ ਖੋਲ੍ਹਣੇ ਪੈਣੇ ਹਨ । ਜਿਥੇ ਅਗੇ ਅਖੋਂ ਔਹਲੇ ਇਹ ਚੀਜ਼ਾਂ ਕੀਤੀਆਂ ਗਈਆਂ ਹਨ ਉਨ੍ਹਾਂ ਨੂੰ ਅਸੀਂ ਜ਼ਿਆਦਾ ਦੇਰ ਨਜ਼ਰ ਅੰਦਾਜ਼ ਨਹੀਂ ਕਰ ਸਕਦੇ । ਜਿਥੇ ਸਕੂਲਾਂ ਦੀ ਗਿਣਤੀ ਘੱਟ ਹੈ ਔਰ ਬਚਿਆਂ ਦੀ ਗਿਣਤੀ ਵੱਧ ਹੈ ਉਥੇ ਹੋਰ ਵੱਧ ਸਕੂਲ ਖੋਲ੍ਹਣ ਦਾ ਯਤਨ ਕੀਤਾ ਜਾਵੇਗਾ । ਸਾਡੀ ਕੋਸ਼ਿਸ਼ ਤਾਂ ਇਹ ਹੈ ਕਿ ਇਥੇ ਕੋਈ ਵੀ ਅਨਪੜ੍ਹ ਬੱਚਾ ਨਾ ਮਿਲੇ । ਸਾਡਾ ਅਨੁਮਾਨ ਹੈ ਕਿ ਇਸ ਸਾਲ ਵਿਚ ਜੋ ਬਚੇ ਅਗੇ ਸਕੂਲਾਂ ਵਿਚ ਜਾਂਦੇ ਹਨ ਉਨ੍ਹਾਂ ਨਾਲੋਂ 80,000 ਵਧ ਬੱਚੇ ਸਕੂਲਾਂ ਵਿਚ ਜਾਣਗੇ । (ਤਾੜੀਆਂ)

ਅਸੀਂ ਇਸ ਗਲ ਲਈ, ਐਜੂਕੇਸ਼ਨ ਮਨਿਸਟਰ ਸਾਹਿਬ ਦੀ ਸਲਾਹ ਨਾਲ ਜਿਥੇ ਜਿਥੇ ਵੀ ਕੋਈ ਕਮੀ ਹੈ ਉਸ ਨੂੰ ਪੂਰਾ ਕਰਨ ਦੇ ਯਤਨ ਕਰਾਂਗੇ । ਮੈਂ ਇਹ ਗਲ ਵੀ ਕਹਿਣੀ ਮੁਨਾਸਿਬ ਸਮਝਦਾ ਹਾਂ, ਸਪੀਕਰ ਸਾਹਿਬ, ਕਿ ਪ੍ਰਾਈਵੇਟ ਐਜੂਕੇਸ਼ਨਲ ਇੰਸਟੀਚਿਊਟਸ ਦੇ ਵਿਚ ਜਿਹੜੇ ਟੀਚਰਜ਼ ਹਨ ਜਾਂ ਹੋਰ ਕਰਮਚਾਰੀ ਹਨ ਉਨ੍ਹਾਂ ਦੀ ਸਰਵਿਸ ਦੀ ਸਿਕਿਓਰਟੀ ਵਾਸਤੇ ਉਨ੍ਹਾਂ ਨੂੰ ਚਿੰਤਾ ਰਹਿੰਦੀ ਹੈ ਔਰ ਉਨ੍ਹਾਂ ਦੀਆਂ ਕੁਝ ਹੋਰ ਵੀ ਮੰਗਾਂ ਹਨ, ਜਿਹੜੀਆਂ ਸਰਕਾਰ ਸੋਚ ਕੇ, ਵਿਚਾਰ ਕੇ ਉਨ੍ਹਾਂ ਦੀ ਤਸੱਲੀ ਮੁਤਾਬਿਕ ਔਰ ਜਿਸ ਢੰਗ ਨਾਲ ਉਹ ਇੰਸਟੀਚਿਊਸ਼ਨਜ਼ ਵੀ ਪ੍ਰਫੁਲਤ ਹੋਣ, ਕਾਇਮ ਰਹਿ ਸਕਣ ਉਤਸ਼ਾਹ ਵੱਧੇ, ਉਨ੍ਹਾਂ ਮੁਲਾਜ਼ਮਾਂ ਦਾ ਅਤੇ ਪ੍ਰਬੰਧਕਾਂ ਦਾ ਸਾਰੇ ਮਾਮਲੇ ਨੂੰ ਵਿਚਾਰ ਕੇ ਯੋਗ ਕਾਰਵਾਈ ਕਰਾਂਗੇ ।

ਸਨਮਾਨਯੋਗ ਸਪੀਕਰ ਸਾਹਿਬ, ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਸਦਨ ਦੇ ਸਾਰੇ ਮੈਂਬਰਾਂ ਨੇ ਸਾਰਿਆਂ ਪਿੰਡਾਂ ਨੂੰ ਦੋ ਸਾਲ ਦੇ ਸਮੇਂ ਅੰਦਰ ਸੜਕਾਂ ਨਾਲ ਜੋੜ ਦੇਣ ਦੇ ਪ੍ਰੋਗਰਾਮ ਨੂੰ ਪੂਰਾ ਕਰਨ ਲਈ ਉਤਸ਼ਾਹ ਦਿਤਾ ਹੈ । ਇਸ ਗੱਲ ਦੀ ਵੀ ਚਿੰਤਾ ਪ੍ਰਗਟ ਕੀਤੀ ਹੈ ਕਿ ਇਹ ਸਰਕਾਰ ਕੀ ਪਤਾ ਬਣਾਉਗੀ ਵੀ ਜਾਂ ਨਹੀਂ । ਮੈਂ ਯਕੀਨ ਦਿਲਾਉਣਾ ਚਾਹੁੰਦਾ ਹਾਂ ਕਿ ਇਨ੍ਹਾਂ ਸੜਕਾਂ ਨੂੰ ਦੋ ਸਾਲਾਂ ਵਿਚ ਪੂਰਾ ਕੀਤਾ ਜਾਵੇਗਾ ਅਤੇ ਜੇਕਰ ਜਿਹੜਾ ਬਜਟ ਹੈ ਉਹ ਲੋੜ ਦੇ ਮੁਤਾਬਿਕ ਪੂਰਾ ਨਾ ਹੋਵੇ ਤਾਂ ਉਸ ਨੂੰ ਵਧਾਇਆ ਜਾਵੇਗਾ । ਇਸ ਲਈ ਅਸੀਂ ਜੋ ਪ੍ਰੋਗਰਾਮ ਲੈ ਕੇ ਆਏ ਹਾਂ ਪੂਰਾ ਕੀਤਾ ਜਾਵੇਗਾ । ਮਾਰਕਿਟ ਕਮੇਟੀਆਂ ਪਾਸੋਂ ਲਗਭਗ 7 ਕਰੋੜ ਰੁਪਏ ਦੇ ਸਾਧਨ ਪੈਦਾ ਕਰਨ ਬਾਰੇ ਸੋਚਿਆ ਹੈ, ਸਾਡੀ ਉਸ ਤੋਂ ਵੀ ਜ਼ਿਆਦਾ ਕੋਸ਼ਿਸ਼ ਹੋਵੇਗੀ ਕਿ ਕਿਸੇ ਤਰੀਕੇ ਨਾਲ ਹੋਰ ਜ਼ਿਆਦਾ ਫੰਡਜ਼ ਪ੍ਰਾਪਤ ਕਰ

ਸਕੀਏ । ਸਪੀਕਰ ਸਾਹਿਬ, ਮੈਂ ਇਸ ਗਲ ਦਾ ਯਕੀਨ ਦਿਲਾਉਂਦਾ ਹਾਂ ਕਿ ਪੰਜਾਬ ਦੀ ਅਕਾਨੋਮੀ ਨੂੰ ਜੋ ਬੇਤਰਤੀਬਾ ਰਖਿਆ ਗਿਆ ਹੈ, ਉਹ ਅਸੀਂ ਬੇਤਰਤੀਬਾ ਨਹੀਂ ਰਹਿਣ ਦੇਣਾ । ਇਸ ਵਾਸਤੇ ਆਰਥਿਕ ਯੋਜਨਾ ਬੰਦੀ ਲਈ ਅਕਾਨੋਮਿਕ ਐਕਸਪਰਟਸ ਹਨ ਅਤੇ ਜੋ ਸਮਾਜਵਾਦ ਵਿਚ ਵਿਸ਼ਵਾਸ ਰਖਦੇ ਹਨ । ਉਨ੍ਹਾਂ ਨੂੰ ਲੈ ਕੇ ਇਥੇ ਇਕ ਕਮੇਟੀ ਬਣਾ ਦਿਆਂਗੇ ਔਰ ਇਥੇ ਦੀ ਆਰਥਿਕ ਯੋਜਨਾ ਜਿਟੜੀ ਹੈ ਉਸ ਨੂੰ ਨਿਹਾਇਤ ਐਫੀਸ਼ੈਂਟ ਲੀਹਾਂ ਤੇ ਪਾ ਕੇ ਅਗੇ ਵਧਣ ਦੇ ਯਤਨ ਕਰਾਂਗੇ । ਮੈਂ ਸਮਝਦਾ ਹਾਂ ਕਿ ਮੇਰੇ ਅਜੋਕੇ ਰਾਜ ਪ੍ਰਬੰਧ ਵਿਚ ਸਭ ਤੋਂ ਕਮਜ਼ੋਰ ਲਿੰਕ ਆਰਥਿਕ ਯੋਜਨਾ ਬੰਦੀ ਦਾ ਹੈ । ਪਿਛਲੇ 5 ਸਾਲਾਂ ਵਿਚ ਆਰਥਿਕ ਯੋਜਨਾ ਬੰਦੀ ਦੀ ਸਮਸਿਆ ਤੇ ਕੋਈ ਗੰਭੀਰ ਵਿਚਾਰ ਨਹੀਂ ਸੀ ਕੀਤਾ ਗਿਆ । ਕਿਉਂਕਿ ਉਸ ਸਮੇਂ ਦੀ ਸਰਕਾਰ ਰਾਜ ਦੇ ਆਰਥਿਕ ਵਿਕਾਸ ਬਾਰੇ ਸੋਚਣ ਦੀ ਥਾਂ ਮੁੱਖ ਤੌਰ ਤੇ ਆਪਣੀ ਸਥਿਰਤਾ ਲਈ ਸੋਚਦੀ ਸੀ । ਮੈਂ ਉਨ੍ਹਾਂ ਸ਼ਖਸੀਅਤਾਂ ਦਾ ਵਿਰੋਧ ਨਹੀਂ ਕਰਦਾ । ਮੈਂ ਸਮਝਦਾ ਹਾਂ ਕਿ ਜਿਹੜੀ ਸਰਕਾਰ ਨੂੰ ਇਕ ਹੱਥ ਕੁਰਸੀ ਨੂੰ ਅਤੇ ਦੂਜਾ ਹੱਥ ਪਗੜੀ ਨੂੰ ਪਾਉਣ ਲਈ ਮਜਬੂਰ ਹੋਣਾ ਪਵੇ, ਉਸ ਦੇ ਕੋਲ ਤੀਜਾ ਹੱਥ ਨਹੀਂ ਜਿਸ ਨਾਲ ਲੋਕ ਭਲਾਈ ਸੋਚ ਸਕੇ । ਉਨ੍ਹਾਂ ਦੇ ਮਨ ਵਿਚ ਮੈਂਬਰਾਂ ਦੇ ਉਨ੍ਹਾਂ ਨਾਲੋਂ ਟੁਟ ਕੇ ਥੋੜ੍ਹੇ ਹੋ ਜਾਣ ਦਾ ਧਿਆਨ ਰਹਿੰਦਾ ਸੀ, ਉਨ੍ਹਾਂ ਦਾ ਬਹੁਤ ਸਮਾਂ ਆਰਥਿਕ ਵਿਕਾਸ ਦੇ ਕੰਮਾਂ ਤੇ ਨਹੀਂ ਸੀ ਲਗਦਾ । ਪੰਜਾਬ ਵਿਚ ਕਾਫ਼ੀ ਸਮੇਂ ਤਕ ਕੋਈ ਸਰਕਾਰ ਸਥਿਰ ਨਹੀਂ ਰਹਿ ਸਕੀ । ਇਨਸਟੇਬਿਲਿਟੀ ਨੇ ਪੰਜਾਬ ਦਾ ਬੜਾ ਨੁਕਸਾਨ ਕੀਤਾ, ਪਰ ਮੈਂ ਪੰਜਾਬ ਦੇ ਲੋਕਾਂ ਨੂੰ ਪਰਣਾਮ ਕਰਦਾ ਹਾਂ ਜਿਨ੍ਹਾਂ ਨੇ ਸਰਕਾਰ ਦੇ ਨਾ ਹੋਣ ਦੇ ਬਾਵਜੂਦ ਸਰਕਾਰਾਂ ਦੇ ਟੁਟਣ ਭਜਣ ਦੇ ਬਾਵਜੂਦ, ਸਥਿਰਤਾ ਨਾ ਆਉਣ ਦੇ ਬਾਵਜੂਦ, ਆਪਣੇ ਤਰੱਕੀ ਦੇ ਕੰਮ ਵਿਚ ਆਪਣੀ ਰਫ਼ਤਾਰ ਨੂੰ ਜਾਰੀ ਰਖਿਆ । ਪੰਜਾਬੀਆਂ ਵਿਚ ਇਹ ਗੁਣ ਹੈ । ਜਿਹੜਾ ਗੁਣ ਪੰਜਾਬ ਦੀ ਸਰਕਾਰ ਨੂੰ ਆਪਣੇ ਵਿਚ ਲਿਆਉਣਾ ਜ਼ਰੂਰੀ ਹੈ, ਉਹ ਇਹ ਹੈ ਕਿ ਉਸ ਨੂੰ ਇਕ ਚੰਗੇ ਰਸਤੇ ਤੇ ਪਾ ਦਿਤਾ ਜਾਏ ਤਾਂ ਉਹ ਇਸ ਕੰਮ ਨੂੰ ਚੰਗੇ ਤਰੀਕੇ ਨਾਲ ਕਰਦੀ ਰਹੇ । ਪੰਜਾਬੀ ਹਰ ਕੰਮ ਵਿਚ ਸਭ ਤੋਂ ਵਧੇਰੇ ਉਨਤੀ ਕਰਨ ਦੀ ਸਮਰਥਾ ਰਖਦਾ ਹੈ । ਸਪੀਕਰ ਸਾਹਿਬ, ਮੈਨੂੰ ਅਫ਼ਸੋਸ ਹੈ ਕਿ ਪੰਜਾਬ ਦੀ ਤਰੱਕੀ ਪਿਛਲੇ ਪੰਜ ਸਾਲਾਂ ਵਿਚ ਕਿਸ ਤਰ੍ਹਾਂ ਰੁਕੀ ਰਹੀ । ਉਹ ਐਡਮਿਨਿਸਟਰੇਸ਼ਨ, ਜਿਸ ਦੇ ਸਹਾਰੇ ਤੇ ਸਰਕਾਰ ਨੇ ਚਲ ਕੇ ਤਰੱਕੀ ਕਰਨੀ ਹੈ, ਉਸ ਨੂੰ ਕਿਸ ਤਰ੍ਹਾਂ ਮਜਬੂਰ ਕੀਤਾ ਜਾਂਦਾ ਸੀ ਔਰ ਉਨ੍ਹਾਂ ਦੀਆਂ ਵਿਕਾਸ ਸ਼ੀਲ ਸੋਚਾਂ ਅਤੇ ਵਿਚਾਰਾਂ, ਉਨ੍ਹਾਂ ਦੀ ਇੰਟੈਲੀਜੈਂਸ ਨੂੰ ਮਜਬੂਰ ਕਰਕੇ ਨਕਾਰਾ ਬਣਾ ਦਿਤਾ ਜਾਂਦਾ ਸੀ । ਉਸ ਨੂੰ ਜਦੋਂ ਮੈਂ ਧਿਆਨ ਨਾਲ ਵੇਖਿਆ ਤਾਂ ਐਸਾ ਮਹਿਸੂਸ ਕਰਦਾ ਹਾਂ ਕਿ ਅਸੀਂ ਇਸ ਟੁੱਟੇ ਫੁਟੇ ਢਾਂਚੇ ਨੂੰ ਲੈ ਕੇ ਅਜੇ ਸੌਂਹ ਖਾਕੇ ਆਏ ਹੀ ਸਾਂ ਤੇ ਬਜਟ ਸੈਸ਼ਨ ਆ ਗਿਆ । ਇਸ ਵਾਸਤੇ ਕਈ ਸਕੀਮਾਂ ਵੱਲ ਪੂਰਾ ਧਿਆਨ ਨਹੀਂ ਦਿਤਾ ਜਾ ਸਕਿਆ । ਇਸ ਲਈ ਇਸ ਦੀ ਦਰੁਸਤੀ ਕਾਫ਼ੀ ਧਿਆਨ ਨਾਲ ਕਰਨੀ ਪਏਗੀ । ਸਰਕਾਰੀ ਐਡਮਨਿਸਟਰੇਸ਼ਨ ਦੇ ਕਈ ਪੁਰਜ਼ੇ ਖਰਾਬ ਹੋ ਗਏ, ਕਈ ਤੋੜ ਦਿਤੇ, ਕਈਆਂ ਦੀ ਲੋੜ ਕਿਤੇ ਸੀ ਤੇ ਲਾਏ ਕਿਤੇ, ਤੇ ਕੁਝ ਹੋਰ ਪੁਰਜੇ ਘਸ ਗਏ, ਮਸ਼ੀਨਰੀ ਟੁਟਣ ਵਾਲੀ ਹੋ ਗਈ, ਇਸ ਲਈ ਇਸ ਸਾਰੇ ਢਾਂਚੇ ਨੂੰ ਪੂਰੀ ਯੋਗਤਾ ਨਾਲ ਵੇਖ ਕੇ ਫ਼ਿਟ ਕਰਨਾ ਪਏਗਾ ।

ਇਕ ਹੋਰ ਗਲ, ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਸਦਨ ਵਿਚ ਦਸਣਾ ਚਾਹੁੰਦਾ ਹਾਂ ਕਿ ਪਿਛਲੇ ਪੰਜ ਸਾਲਾਂ ਵਿਚ ਸੰਨ 1969 ਤੋਂ ਲੈ ਕੇ ਪੰਜ ਸਾਲਾਂ ਵਿਚ ਹੀ ਨਹੀਂ

[ਮੁੱਖ ਮੰਤਰੀ]

ਬਲਕਿ ਢਾਈ ਸਾਲਾਂ ਵਿਚ ਸੰਨ 1969 ਤੋਂ ਲੈ ਕੇ ਸੰਨ 1971 ਤੱਕ ਸੈਂਟਰ ਗੌਰਮਿੰਟ ਨੇ ਵਡੀਆਂ ਇੰਡਸਟਰੀਆਂ ਲਈ 16 ਲੈਟਰ ਆਫ਼ ਇੰਟੈਂਟ ਦਿਤੇ ਅਤੇ ਉਨ੍ਹਾਂ ਤੋਂ ਉਸ ਸਮੇਂ ਦੀ ਸਰਕਾਰ ਕੋਈ ਫ਼ਾਇਦਾ ਨਾ ਉਠਾ ਸਕੀ। ਇਹ ਪ੍ਰੋਜੈਕਟ ਜੋ ਸਨ ਇਹ ਸਾਰੇ 70 ਕਰੋੜ ਰੁਪਏ ਦੇ ਬਣਦੇ ਹਨ, ਅਗਰ ਇਹ 70 ਕਰੋੜ ਦੇ ਪ੍ਰੋਜੈਕਟ 16 ਦੇ 16 ਚਾਲੂ ਕੀਤੇ ਜਾਂਦੇ ਤਾਂ ਅੱਜ ਉਨ੍ਹਾਂ ਦਾ ਮੁਲ 200 ਕਰੋੜ ਰੁਪਏ ਹੋਣਾ ਸੀ।

ਸਪੀਕਰ ਸਾਹਿਬ, ਮੇਰੇ ਵਿਰੋਧੀਆਂ ਨੂੰ ਮੈਂ ਅਦਬ ਨਾਲ ਕਹਿੰਦਾ ਹਾਂ ਕਿ ਮੈਂ ਜਦੋਂ ਸੁਣਦਾ ਸੀ ਕਿ ਸੈਂਟਰਲ ਗੌਰਮਿੰਟ ਸਾਨੂੰ ਪੰਜਾਬ ਨੂੰ ਇਗਨੋਰ ਕਰਦੀ ਹੈ ਤਾਂ ਮੈਨੂੰ ਬੜਾ ਗੁੱਸਾ ਆਉਂਦਾ ਸੀ, ਪਰ ਹੁਣ ਜਦੋਂ ਆ ਕੇ ਵੇਖਿਆ, ਮੈਂ ਹਾਲੇ ਇਕ ਮਹਿਕਮੇ ਦੀ ਪੜਤਾਲ ਕਰਵਾਈ ਹੈ, ਤੇ ਮੈਨੂੰ ਉਸ ਤੋਂ ਪਤਾ ਲਗਿਆ ਹੈ ਕਿ 70 ਕਰੋੜ ਰੁਪਏ ਦੇ ਪ੍ਰੋਜੈਕਟ ਸੈਂਟਰਲ ਗੌਰਮਿੰਟ ਨੇ ਸੰਨ 1969 ਤੋਂ ਲੈ ਕੇ ਸੰਨ 1971 ਤਕ ਦਿਤੇ ਹਨ। ਮੈਂ ਉਨ੍ਹਾਂ ਬਾਰੇ ਥੋੜ੍ਹਾ ਜਿਹਾ ਦਸਣਾ ਚਾਹੁੰਦਾ ਹਾਂ :—

ਪਹਿਲਾ 2 ਅਪ੍ਰੈਲ, 1969	ਦੂਜਾ 12 ਨਵੰਬਰ, 1970
ਤੀਜਾ 24 ਦਸੰਬਰ, 1970	ਚੌਥਾ 28 ਮਈ, 1970
ਪੰਜਵਾਂ 10 ਅਕਤੂਬਰ, 1969	ਛੇਵਾਂ 16 ਅਪ੍ਰੈਲ, 1971
ਸਤਵਾਂ 12 ਅਗਸਤ, 1970	ਅਠਵਾਂ 12 ਦਸੰਬਰ, 1970
ਨੌਵਾਂ 11 ਫਰਵਰੀ, 1971	

ਇਨ੍ਹਾਂ ਵਿਚੋਂ ਤੁਸੀਂ ਹੈਰਾਨ ਹੋਵੋਗੇ ਕਿ ਇਹ ਪ੍ਰੋਜੈਕਟ ਉਹ ਨੇ ਜਿਨ੍ਹਾਂ ਵਿਚੋਂ 15 ਕਰੋੜ ਤੋਂ ਲੈ ਕੇ ਢੇਡ ਕਰੋੜ ਤਕ ਦੇ ਕਾਰਖਾਨੇ ਲਗਾਉਣੇ ਸਨ, ਪਰ ਸਰਕਾਰ ਨੇ ਕੋਈ ਫਾਇਦਾ ਨਾ ਉਠਾਇਆ। ਪਿਛਲੀ ਸਰਕਾਰ ਇਸ ਤਰ੍ਹਾਂ ਲੱਠ ਫੜ ਕੇ ਖੜੀ ਹੋਈ ਸੀ ਕਿ ਰਾਜਪੁਰੇ ਤੋਂ ਅਗਾਂਹ ਕੋਈ ਕਾਰਖਾਨਾ ਨਹੀਂ ਲੰਘਣ ਦੇਣਾ। ਇਸ ਲਈ ਮੈਂ ਹਾਊਸ ਨੂੰ ਯਕੀਨ ਦਿਲਾਉਂਦਾ ਹਾਂ ਕਿ, ਸਪੀਕਰ ਸਾਹਿਬ, ਅਸੀਂ ਉਨ੍ਹਾਂ ਸਾਰੇ ਪ੍ਰੋਜੈਕਟਾਂ ਨੂੰ ਜਿਨ੍ਹਾਂ ਦੇ ਬਣਾਉਣ ਦੀ ਸਾਨੂੰ ਆਗਿਆ ਮਿਲ ਗਈ ਹੈ, ਨੂੰ ਪੰਜਾਬ ਦੇ ਵਿਚ ਲਾਵਾਂਗੇ (ਥੰਪਿੰਗ) ਔਰ ਇਹ 70 ਕਰੋੜ ਦੇ ਪ੍ਰੋਜੈਕਟ ਪੰਜਾਬ ਵਿਚ ਆਉਣ ਤੋਂ ਬਾਦ ਦੋ ਸਾਲਾਂ ਦੇ ਅੰਦਰ ਅੰਦਰ ਉਨ੍ਹਾਂ ਦਾ ਮੁਲ 200 ਕਰੋੜ ਰੁਪਏ ਹੋ ਜਾਏਗਾ। ਸ਼ੁਰੂ ਵਿਚ ਜਦੋਂ ਇਨ੍ਹਾਂ ਦਾ ਕੰਮ ਚਾਲੂ ਹੋਵੇਗਾ ਤਾਂ ਪੰਜ ਹਜ਼ਾਰ ਪੰਜਾਬ ਦੇ ਟੈਕਨੀਕਲ ਆਦਮੀ ਟੈਕਨੀਸ਼ੀਅੱਨਜ਼ ਅਤੇ ਜਿਹੜੇ ਇੰਜੀਨੀਅਰ ਹਨ, ਉਨ੍ਹਾਂ ਨੂੰ ਐਮਪਲਾਇਮੈਂਟ ਮਿਲੇਗੀ। ਇਸ ਤੋਂ ਇਲਾਵਾ ਅੱਨਸਕਿਲਡ ਮਜ਼ਦੂਰ ਦੀ ਗਿਣਤੀ ਬਹੁਤ ਜ਼ਿਆਦਾ ਹੋਵੇਗੀ।

ਇਸੇ ਤਰ੍ਹਾਂ ਹੀ ਮੇਰੇ ਨੋਟਿਸ ਵਿਚ ਇਹ ਚੀਜ਼ ਆਈ ਕਿ ਹਿੰਦ ਸਰਕਾਰ ਨੇ ਪੰਜਾਬ ਨੂੰ ਕਿਹਾ ਕਿ ਤੁਸੀਂ ਇਕ ਹਾਊਸਿੰਗ ਬੋਰਡ ਬਣਾਓ, ਮਗਰ ਹਾਊਸਿੰਗ ਬੋਰਡ ਨਹੀਂ ਬਣਾਇਆ ਗਿਆ।

ਨਤੀਜਾ ਇਹ ਹੋਇਆ ਕਿ ਢਾਈ ਕਰੋੜ ਰੁਪਿਆ ਜੋ ਹਾਊਸਿੰਗ ਬੋਰਡ ਨੂੰ ਮਿਲਣਾ ਸੀ ਉਹ ਇਸ ਦਾ ਫਾਇਦਾ ਨਾ ਉਠਾ ਸਕੇ। ਇਥੇ ਹੀ ਬਸ ਨਹੀਂ, ਹਰੀਜਨਾਂ ਦੀ ਡੀਵੈਲਪਮੈਂਟ ਵਾਸਤੇ ਇਕ ਕਰੋੜ ਰੁਪਏ ਇਕੱਠੇ ਕੀਤੇ ਗਏ ਪ੍ਰੰਤੂ ਇਨ੍ਹਾਂ ਨੇ ਕੇਵਲ 20 ਲੱਖ ਖਰਚ ਕੀਤਾ ਅਤੇ ਬਾਕੀ 80 ਲੱਖ ਪਿਆ ਹੈ। । (ਵਿਘਨ) (ਸ਼ੇਮ, ਸ਼ੇਮ)

ਸਰਦਾਰ ਅਜਾਇਬ ਸਿੰਘ ਸੰਧੂ : ਪੁਆਇੰਟ ਆਫ ਆਰਡਰ ਸਰ । ਸਪੀਕਰ ਸਾਹਿਬ, ਮੇਰਾ ਕਾਨਸਟੀਚਿਊਸ਼ਨਲ ਪੁਆਇੰਟ ਹੈ ਜੀ। ਇਸ ਲਈ ਮੈਨੂੰ ਬੋਲਣ ਦੀ ਇਜਾਜ਼ਤ ਦਿਓ ।

Mr. Speaker : Please resume your seat.

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਮੇਰਾ ਕਾਨਸਟੀਚਿਊਸ਼ਨਲ ਪੁਆਇੰਟ ਹੈ । ਮੇਰਾ ਫਰਜ਼ ਬਣਦਾ ਹੈ....(ਵਿਘਨ)

ਸ਼੍ਰੀ ਸਪੀਕਰ ਕੀ ਫਰਜ਼ ਬਣਦਾ ਹੈ ਜੀ ਤੁਹਾਡਾ ? ਤੁਹਾਡਾ ਕੀ ਕਾਨਸਟੀਚਿਊਸ਼ਨਲ ਪੁਆਇੰਟ ਹੈ ਜੀ ? (What is your duty? what is your constitutional point)

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਤੁਸੀਂ ਸਾਡਾ ਇਮਤਿਹਾਨ ਲੈਣ ਲਈ ਨਹੀਂ ਬੈਠੇ ਹੋਏ ਬਲਕਿ ਤੁਸੀਂ ਸਾਡੇ ਰਾਈਟਸ ਨੂੰ ਪ੍ਰੋਟੈਕਟ ਕਰਨ ਵਾਸਤੇ ਹੋ ।.. (ਵਿਘਨ)..ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਪਿਛਲਿਆ ਤਿੰਨ ਸਾਲਾਂ ਵਿਚ ਆਈਆਂ ਸਰਕਾਰਾਂ ਇਨ੍ਹਾਂ ਨੇ ਤੋੜੀਆਂ ਹਨ ਇਨ੍ਹਾਂ ਨੂੰ ਸੈਂਟਰ ਦੀ ਸਰਕਾਰ ਵਲੋਂ ਹਦਾਇਤਾਂ..(ਵਿਘਨ)

Mr. Speaker : This is no point of order.

ਮੁੱਖ ਮੰਤਰੀ: ਸਪੀਕਰ ਸਾਹਿਬ, ਮੈਂ ਇਥੇ ਸਿਰਫ ਪੰਜਾਬ ਦੀ ਆਰਥਿਕਤਾ ਉਤੇ ਵਿਚਾਰ ਕਰਨ ਵਾਲਾ ਸੀ ਅੌਰ ਚਾਹੁੰਦਾ ਸੀ ਕਿ ਇਹ ਜਿਹੜੇ ਵਿਰੋਧੀ ਭਰਾ ਹਨ ਉਹ ਵੀ ਇਸ ਗਲ ਤੇ ਵਿਚਾਰ ਕਰਕੇ ਸਪੀਕਰ ਸਾਹਿਬ, ਸਰਕਾਰ ਦੀ ਅਨਸਟੇਬਿਲਟੀ ਸੂਬੇ ਨੂੰ ਬਰਬਾਦ ਕਰਦੀ ਹੈ । ਸਰਦਾਰ ਅਜਾਇਬ ਸਿੰਘ ਸੰਧੂ ਜੀ ਤਾਂ ਉਸ ਵੇਲੇ ਹਾਊਸ ਵਿਚ ਵੀ ਨਹੀਂ ਸਨ ਆਏ ਪਰ ਮੈਂ ਇਨ੍ਹਾਂ ਦੀ ਜਾਣਕਾਰੀ ਲਈ ਇਹ ਗੱਲ ਦਸ ਦੇਵਾਂ ਕਿ ਇਨ੍ਹਾਂ ਦੀ ਮਨਿਸਟਰੀ ਕਿਸੇ ਨੇ ਨਹੀਂ ਤੋੜੀ । ਇਨ੍ਹਾਂ ਦੀਆਂ ਸਰਕਾਰਾਂ ਇਨ੍ਹਾਂ ਨੇ ਆਪ ਹੀ ਤੋੜੀਆਂ ਹਨ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਜੇਕਰ ਮੈਂ ਇਥੇ ਹੁੰਦਾ ਤਾਂ ਇਹ ਤੋੜ ਨਹੀਂ ਸਨ ਸਕਦੇ ।

ਮੁਖ ਮੰਤਰੀ: ਸਪੀਕਰ ਸਾਹਿਬ, ਸਰਦਾਰ ਅਜਾਇਬ ਸਿੰਘ ਸੰਧੂ ਮੇਰੇ ਮਿੱਤਰ ਹਨ । ਮੈਂ ਉਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਵਿਰੋਧੀਆਂ ਦਾ ਕੰਮ ਤਾਮੀਰੀ ਨੁਕਤਾਚੀਨੀ ਵੀ ਕਰਨਾ ਹੁੰਦਾ ਹੈ ਅਤੇ ਵਿਰੋਧੀਆਂ ਦਾ ਕੰਮ ਵਿਰੋਧੀਆਂ ਨੂੰ ਥਲੇ ਲਾਹ ਕੇ ਗੱਦੀਆਂ ਤੇ ਬੈਠਣ ਦਾ ਵੀ ਹੁੰਦਾ ਹੈ । ਪਰ ਅਸੀਂ ਅਕਾਲੀ ਸਰਕਾਰਾਂ ਨੂੰ ਤੋੜਨ ਦਾ ਯਤਨ ਨਹੀਂ ਕੀਤਾ । ਸਪੀਕਰ ਸਾਹਿਬ, ਉਹ ਸਰਕਾਰਾਂ ਸਾਡੇ ਵਿਰੋਧੀਆਂ......(ਵਿਘਨ) (ਸ਼ੋਰ)

ਸਰਦਾਰ ਅਜਾਇਬ ਸਿੰਘ ਸੰਧੂ : * * *

---

*Expunged as ordered by the Chair.

ਸ੍ਰੀ ਸਪੀਕਰ . ਜਿਹੜੇ ਲਫਜ਼ without the permission of the Chair ਕਹੇ ਜਾਣ those should not form part of the proceedings. (Whatever is said without the permission of the Chair, should not form part of the proceedings)

ਸਰਦਾਰ ਕਰਨੈਲ ਸਿੰਘ ਮਰੜ੍ਹੀ: * * *

ਮੁੱਖ ਮੰਤਰੀ: ਸਤਿਕਾਰਯੋਗ ਸਪੀਕਰ ਸਾਹਿਬ, ਮੇਰਾ ਸੁਭਾਉ ਨਹੀਂ ਹੈ ਗਾਲ੍ਹਾਂ ਦੇਣ ਦਾ ਅਤੇ ਮੈਨੂੰ ਗਾਲ੍ਹਾਂ ਕੱਢਣੀਆਂ ਆਉਂਦੀਆਂ ਹੀ ਨਹੀਂ ਹਨ । ਮੈਂ ਮਰੜ੍ਹੀ ਸਾਹਿਬ ਬਾਰੇ ਇਥੇ ਨਹੀਂ ਸੀ ਕਹਿਣਾ ਚਾਹੁੰਦਾ ਪਰ ਮੈਂ ਉਨ੍ਹਾਂ ਨੂੰ ਯਾਦ ਦਿਵਾਉਣਾ ਚਾਹੁੰਦਾ ਹਾਂ ਕਿ ਜਿਸ ਵੇਲੇ ਅਕਾਲੀਆਂ ਦੀ ਸਰਕਾਰ ਇਥੇ ਆਈ ਔਰ ਉਹ ਨਾ ਚਲ ਸਕੀ ਤਾਂ ਅਕਾਲੀਆਂ ਦੇ ਨੇਤਾ ਨੇ ਕਿਹਾ ਕਿ ਅਸੀਂ ਤਾਂ ਸਰਕਾਰ ਚਲਾ ਨਹੀਂ ਸਕੇ ਅਤੇ ਹਾਂ ਵੀ ਅਸੀਂ ਪੱਕੇ ਅਕਾਲੀ ਅਤੇ ਸਰਕਾਰ ਚਲਾਉਣਾ ਵੀ ਚਾਹੁੰਦੇ ਹਾਂ ਤਾਂ ਅਸੀਂ ਕਿਹਾ ਕਿ ਭਾਈ ਤੁਸੀਂ ਫਿਰ ਚਲਾਕੇ ਵੇਖ ਲਉ । ਕਾਂਗਰਸ ਪਾਰਟੀ ਨੇ ਉਨ੍ਹਾਂ ਨੂੰ ਸਹਿਯੋਗ ਦਿਤਾ । ਮਰੜ੍ਹੀ ਸਾਹਿਬ ਨੇ ਵੀ ਉਨ੍ਹਾਂ ਨੂੰ ਨੇਤਾ ਮੰਨ ਲਿਆ ਅਤੇ ਇਹ ਡਿਪਟੀ ਮਨਿਸਟਰ ਬਣੇ ਰਹੇ । ਪਰ ਹੁਣ ਪਤਾ ਨਹੀਂ ਕੀ ਗਲ ਹੈ ਕਿ ਹੁਣ ਉਹ ਕਾਲੀਆਂ ਪਗੜੀਆਂ ਤੋਂ ਬਗੈਰ ਨਹੀਂ ਰਹਿੰਦੇ । (ਵਿਘਨ) ਫਿਰ ਸੁਣੋ, ਸਪੀਕਰ ਸਾਹਿਬ, ਉਸ ਤੋਂ ਬਾਅਦ ਵੀ ਅਕਾਲੀਆਂ ਨੇ ਆਪਣੀ ਸਰਕਾਰ ਆਪ ਤੋੜ ਲਈ । ਸਰਦਾਰ ਲੱਛਮਣ ਸਿੰਘ ਗਿੱਲ ਨੇ ਸਰਦਾਰ ਗੁਰਨਾਮ ਸਿੰਘ ਦੀ ਸਰਕਾਰ ਨੂੰ ਤੋੜਿਆ । ਫਿਰ ਗਿੱਲ ਸਾਹਿਬ ਦੀ ਸਰਕਾਰ ਅਕਾਲੀਆਂ ਨੇ ਤੋੜੀ । ਜਦੋਂ ਸਰਦਾਰ ਗੁਰਨਾਮ ਸਿੰਘ ਜੀ ਦੁਬਾਰਾ ਮੁੱਖ ਮੰਤਰੀ ਬਣੇ ਤਾਂ ਉਨ੍ਹਾਂ ਦੀ ਸਰਕਾਰ ਬਾਦਲ ਸਾਹਿਬ ਨੇ ਤੋੜ ਦਿਤੀ । ਅੱਜ ਸਰਦਾਰ ਅਜਾਇਬ ਸਿੰਘ ਜੀ ਕਹਿੰਦੇ ਹਨ ਕਿ ਅਸੀਂ ਅਕਾਲੀਆਂ ਦੀਆਂ ਸਰਕਾਰਾਂ ਤੋੜੀਆਂ ਹਨ । ਸਪੀਕਰ ਸਾਹਿਬ, ਮੈਂ ਸੰਧੂ ਸਾਹਿਬ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਜੇਕਰ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਹੁਣ ਇਥੇ ਹੁੰਦੇ ਤਾਂ ਉਨ੍ਹਾਂ ਨੂੰ ਇਹ ਕਹਿਣਾ ਪੈਣਾ ਸੀ ਕਿ ਇਹ ਕਾਂਗਰਸੀਆਂ ਦੀ ਮਿਹਰਬਾਨੀ ਸੀ ਕਿ ਉਨ੍ਹਾਂ ਨੂੰ 15 ਮਹੀਨੇ ਰਾਜ ਕਰਨ ਦਾ ਸਮਾਂ ਦਿਤਾ । ਫਿਰ ਬਾਦਲ ਸਰਕਾਰ ਨੇ ਕੀ ਕੀਤਾ..(ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪਰਸਨਲ ਐਕਸਪਲੇਨੇਸ਼ਨ, ਸਰ ।

ਸ੍ਰੀ ਸਪੀਕਰ : ਸੰਧੂ ਸਾਹਿਬ, ਤੁਹਾਡੀ ਪਰਸਨਲ ਐਕਸਪਲੇਨੇਸ਼ਨ ਬਣਦੀ ਨਹੀਂ ਹੈ। Sandhu Sahib, there is no ground for you to rise on a personal explanation).

ਮੁੱਖ ਮੰਤਰੀ: ਸੋ, ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਉਹ ਸਰਕਾਰਾਂ ਅਸੀਂ ਤੋੜੀਆਂ ਨਹੀਂ ਕਿਉਂਕਿ ਉਨ੍ਹਾਂ ਪਾਸ ਮੈਜਾਰਿਟੀ ਸੀ । ਪਰ, ਸਪੀਕਰ ਸਾਹਿਬ, ਮਜਾਰਿਟੀ ਦੇ ਹੁੰਦੇ ਹੋਏ ਵੀ ਉਨ੍ਹਾਂ ਨੂੰ ਖਦਸ਼ਾ ਪੈਦਾ ਹੋ ਗਿਆ ਔਰ ਗਵਰਨਰ ਸਾਹਿਬ

---

*Expunged as ordered by the Chair.

ਨੂੰ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਲਿਖ ਕੇ ਦੇ ਆਏ ਕਿ ਸਰਕਾਰ ਵੀ ਤੋੜੋ ਔਰ ਅਸੈਂਬਲੀ ਵੀ ਤੋੜੋ । ਮੈਂ ਆਨਰੇਬਲ ਮੈਂਬਰ ਸਾਹਿਬ ਨੂੰ ਇਹ ਦਸਣਾ ਚਾਹੁੰਦਾ ਹਾਂ ਕਿ ਸੱਭ ਤੋਂ ਅਸੈਂਬਲੀ ਟੁੱਟਨ ਦਾ ਦੁੱਖ ਤਾਂ ਮੈਨੂੰ ਹੋਇਆ ਕਿਉਂਕਿ ਮੈਨੂੰ ਤਾ ਅਜੇ ਛੇ ਮਹੀਨੇ ਹੀ ਹੋਏ ਸਨ ਮੈਂਬਰ ਬਣੇ ਨੂੰ । ਇਸ ਲਈ ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਸਰਕਾਰਾਂ ਤੋੜਨ ਦਾ ਸਾਡੇ ਤੇ ਅਲਜ਼ਾਮ ਨਾ ਲਗਾਉ । ਇਥੇ ਮੈਂ ਆਪਣੇ ਆਨਰੇਬਲ ਮੈਂਬਰ ਸਾਹਿਬਾਨ ਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਕਾਂਗਰਸ ਜਮਾਤ ਉਹ ਜਮਾਤ ਹੈ ਜਿਹੜੀ ਕਿ ਰਾਜ ਕਰਨ ਵਾਸਤੇ ਰਾਜ ਨਹੀਂ ਕਰਦੀ ਬਲਕਿ ਲੋਕਾਂ ਦੀ ਭਲਾਈ ਕਰਨ ਵਾਸਤੇ ਰਾਜ ਕਰਦੀ ਹੈ ਔਰ ਕਦੇ ਰਾਜ ਦੇ ਪਿਛੇ ਦੌੜ ਕੇ ਰਾਜ ਨਹੀਂ ਲਿਆ । ਜੇਕਰ ਉਨ੍ਹਾਂ ਨੂੰ ਰਾਜ ਮਿਲਿਆ ਹੈ ਤਾਂ ਲੋਕਾਂ ਦੀਆਂ ਸ਼ੁਭ ਕਾਮਨਾਵਾਂ ਨਾਲ ਅਤੇ ਲੋਕਾਂ ਦੀ ਬਰਕਤ ਨਾਲ ਮਿਲਿਆ ਹੈ । ਇਸ ਲਈ ਮੈਨੂੰ ਇਸ ਗਲ ਦੀ ਖੁਸ਼ੀ ਹੈ ਕਿ ਸੰਧੂ ਸਾਹਿਬ ਨੇ ਮੈਨੂੰ ਇਹ ਗਲਾਂ ਚੇਤੇ ਕਰਵਾ ਦਿਤੀਆਂ ਹਨ ਨਹੀਂ ਤਾਂ ਮੈਂ ਆਪਣੇ ਰਸਤੇ ਉਤੇ ਚਲ ਰਿਹਾ ਸੀ ।

ਫਿਰ, ਸਪੀਕਰ ਸਾਹਿਬ, ਮੈਂ ਸਰਕਾਰੀ ਕਰਮਚਾਰੀਆਂ ਦੇ ਸਬੰਧ ਵਿਚ ਅਰਜ਼ ਕਰਨਾ ਚਾਹੁੰਦਾ ਹਾਂ । ਸਪੀਕਰ ਸਾਹਿਬ, ਪੰਜਾਬ ਵਿਚ ਅਜੇ ਤਕ ਕੋਈ ਸਰਕਾਰ ਐਸੀ ਨਹੀਂ ਬਣੀ ਜਿਹੜੀ ਸਰਕਾਰ ਨੇ 12 ਪੁਆਇੰਟ ਪ੍ਰੋਗਰਾਮ ਦਿਤਾ ਹੋਵੇ ਔਰ 12 ਦਿਨਾਂ ਵਿਚ 3 ਪੁਆਇੰਟਾਂ ਦੇ ਵਾਇਦਿਆਂ ਨੂੰ ਪੂਰਾ ਕਰ ਦਿਤਾ ਹੋਵੇ । ਅਸੀਂ ਕਰਮਚਾਰੀਆਂ ਪ੍ਰਤੀ ਜੋ ਸਾਡਾ ਫਰਜ਼ ਹੈ ਉਹ ਜ਼ਰੂਰ ਪੂਰਾ ਕਰ ਦਿਤਾ ਹੈ ਔਰ ਮੈਂ ਚਾਹੁੰਦਾ ਹਾਂ ਕਿ ਸਰਕਾਰੀ ਕਰਮਚਾਰੀ ਵੀ ਇਸ ਗੱਲ ਦਾ ਧਿਆਨ ਰਖਣ ਕਿ ਉਹ ਜਨਤਾ ਦੇ ਸੇਵਾਦਾਰ ਹਨ। ਅਸੀਂ ਸਰਕਾਰੀ ਕਰਮਚਾਰੀਆਂ ਦੇ ਸਹਾਰੇ ਨਾਲ ਲੋਕਾਂ ਨੂੰ ਐਫੀਸੈਂਟ ਤੇ ਕਲੀਨ ਅਤੇ ਆਨੈਸਟ ਐਡਮਨਿਸਟਰੇਸ਼ਨ ਦੇ ਸਕਦੇ ਹਾਂ । ਮੈਨੂੰ ਯਕੀਨ ਹੈ ਕਿ ਸਰਕਾਰੀ ਕਰਮਚਾਰੀ ਸਰਕਾਰ ਨੂੰ ਪੂਰੀ ਤਰ੍ਹਾਂ ਨਾਲ ਸਹਿਯੋਗ ਦੇਣਗੇ ਅਤੇ ਸਮਾਜ ਵਾਸਤੇ ਜਿਸ ਦੇ ਕਿ ਉਹ ਬਹੁਤ ਰਿਣੀ ਹਨ ਉਸ ਦੀ ਸੇਵਾ ਲਈ ਵਧ ਚੜ੍ਹ ਕੇ ਹਿੱਸਾ ਪਾਉਣਗੇ । ਸਰਕਾਰ ਦੀ ਨਿਪੁੰਨਤਾ ਸਹੀ ਅਰਥਾਂ ਵਿਚ ਸਰਕਾਰੀ ਕਰਮਚਾਰੀਆਂ ਦੀ ਆਪਣੀ ਨਿਪੁੰਨਤਾ ਹੈ । ਉਹ ਸਰਕਾਰ ਦੇ ਪੁਰਜ਼ੇ ਹਨ ਜਿਨ੍ਹਾਂ ਰਾਹੀਂ ਕਿ ਅਸੀਂ ਆਪਣੀਆਂ ਨੀਤੀਆਂ ਲਾਗੂ ਕਰਦੇ ਹਾਂ । ਇਸ ਲਈ ਉਨ੍ਹਾਂ ਨੂੰ ਆਪਣੇ ਜ਼ਾਤੀ ਕੰਮਾਂ ਵਿਚ ਖੱਚਤ ਨਹੀਂ ਹੋਣਾ ਚਾਹੀਦਾ ਸਗੋਂ ਸਮਾਜ ਦੀ ਡੱਟ ਕੇ ਸੇਵਾ ਕਰਨੀ ਚਾਹੀਦੀ ਹੈ । ਜੋ ਕੇਵਲ ਨਿੱਜੀ ਮੁਫ਼ਾਦ ਲਈ ਕੰਮ ਕਰਦਾ ਹੈ ਉਹ ਆਤਮ—ਸਨਮਾਨ ਵਾਲਾ ਵਿਅਕਤੀ ਨਹੀਂ ਹੋ ਸਕਦਾ । ਮੈਂ ਇਸ ਸਮੇ ਇਨ੍ਹਾਂ ਤੋਂ ਇਹ ਹੀ ਆਸ ਕਰਦਾ ਹਾਂ ਕਿ ਉਹ ਅਪਣਾ ਫਰਜ਼ ਪਛਾਨਣਗੇ ਅਤੇ ਲੋਕ ਭਲਾਈ ਦੇ ਕੰਮ ਵਿਚ ਜੁਟ ਜਾਣਗੇ । ਇਸ ਲਈ ਮੈਂ ਅਪੀਲ ਕਰਾਂਗਾ ਕਿ ਇਹ ਸਮਰਪਿਤ ਭਾਵਨਾ ਨਾਲ ਸਰਕਾਰ ਦੇ ਕੰਮ ਵਿਚ ਹਿਸਾ ਪਾਣ ।

ਮੇਰੇ ਨੋਟਿਸ ਵਿਚ ਇਹ ਗਲ ਆਈ ਹੈ ਕਿ ਸਰਕਾਰੀ ਕਰਮਚਾਰੀਆਂ ਜਿਨ੍ਹਾਂ ਨੂੰ ਸਰਕਾਰ ਨੇ ਮੈਡੀਕਲ ਏਡ ਦੇਣ ਦਾ ਫੈਸਲਾ ਕੀਤਾ ਹੋਇਆ ਹੈ ਇਹ ਸਰਕਾਰ ਦੇ ਇਸ ਫੈਸਲੇ ਦੀ ਦੁਰਵਰਤੋਂ ਵੀ ਕਰਦੇ ਹਨ ਅਤੇ ਕਈ ਆਦਮੀ ਅਜੇਹੇ ਹਨ ਕਿ ਜਿਨ੍ਹਾਂ ਦੇ ਬੱਚੇ ਤੰਦਰੁਸਤ ਹੁੰਦੇ ਹਨ ਪਰ ਡਾਕਟਰਾਂ ਨਾਲ ਮਿਲ ਕੇ ਦਵਾਈਆਂ ਲਿਖਵਾ ਲੈਂਦੇ ਹਨ ਅਤੇ ਜਿਹੜੀ ਰੀਇਮਬਰਸਮੈਂਟ

[ਮੁੱਖ ਮੰਤਰੀ]

ਉਨ੍ਹਾਂ ਨੂੰ ਕੀਤੀ ਜਾਂਦੀ ਹੈ ਉਸ ਵਿਚ ਕੁਝ ਕਮਾਈ ਡਾਕਟਰਾਂ ਨੂੰ ਹੋ ਜਾਂਦੀ ਹੈ ਅਤੇ ਕੁਝ ਕਮਾਈ ਉਹ ਆਪ ਕਰ ਲੈਂਦੇ ਹਨ । ਇਸ ਤਰ੍ਹਾਂ ਨਾਲ ਸਰਕਾਰ ਤੇ ਲੱਖਾਂ ਰੁਪਏ ਦਾ ਬੋਝ ਪੈਂਦਾ ਹੈ । ਅਸੀਂ ਸਰਕਾਰੀ ਤੌਰ ਤੇ ਮੈਡੀਕਲ ਏਡ ਨੂੰ ਬੰਦ ਨਹੀਂ ਕਰਨਾ ਚਾਹੁੰਦੇ ਪਰ ਇਹ ਸੋਚਣਾ ਜ਼ਰੂਰ ਪਏਗਾ ਕਿ ਇਸ ਲਈ ਕਿਹੜੇ ਰਸਤੇ ਅਪਣਾਏ ਜਾਣ ਜਿਨ੍ਹਾਂ ਨਾਲ ਇਸ ਤਰ੍ਹਾਂ ਦੀ ਚੋਰੀ ਨਾ ਕੀਤੀ ਜਾ ਸਕੇ ਅਤੇ ਪੰਜਾਬ ਨੂੰ ਬਰਬਾਦੀ ਤੋਂ ਰੋਕਿਆ ਜਾ ਸਕੇ ।

ਸਪੀਕਰ ਸਾਹਿਬ, ਇਥੇ ਟ੍ਰਾਂਸਪੋਰਟ ਦੀ ਨੈਸ਼ਨੇਲਾਇਜ਼ੇਸ਼ਨ ਦੇ ਬਾਰੇ ਵਿਚ ਜ਼ਿਕਰ ਕੀਤਾ ਗਿਆ । ਮੈਂ ਆਪਣੇ ਅਕਾਲੀ ਭਰਾਵਾਂ ਅਤੇ ਅਪੋਜ਼ੀਸ਼ਨ ਦੇ ਲੀਡਰ, ਮੇਰੇ ਪਿਆਰੇ ਨੌਜਵਾਨ ਸਰਦਾਰ ਜਸਵਿੰਦਰ ਸਿੰਘ ਬਰਾੜ ਸਾਹਿਬ ਨੂੰ ਮੁਬਾਰਿਕਬਾਦ ਦਿੰਦਾ ਹਾਂ ਕਿ ਉਨ੍ਹਾਂ ਨੇ ਮੇਰਾ ਇਸ ਮਸਲੇ ਵਿਚ ਹੱਥ ਵਟਾਇਆ ਹੈ ਅਤੇ ਸਹਿਯੋਗ ਦਾ ਹੱਥ ਵਧਾਇਆ ਹੈ । ਇਸ ਲਈ ਮੈਂ ਸਮਝਦਾ ਹਾਂ ਕਿ ਜਦ ਇਸ ਕੰਮ ਵਿਚ ਕੋਈ ਵਿਰੋਧਤਾ ਹੀ ਨਹੀਂ ਅਤੇ ਸਾਰਾ ਹਾਊਸ ਮੁਤਫਿਕ ਹੈ ਤਾਂ ਕਿਉਂ ਨਾ ਇਸ ਕੰਮ ਨੂੰ ਕੀਤਾ ਜਾਵੇ । ਇਸ ਲਈ ਅਸੀਂ ਟ੍ਰਾਂਸਪੋਰਟ ਦੀ ਨੈਸ਼ਨੇਲਾਇਜ਼ੇਸ਼ਨ ਲਈ ਸਕੀਮ ਤਿਆਰ ਕਰਾਂਗੇ ਜਿਸ ਨਾਲ ਲੋਕਾਂ ਦੀ ਆਵਾਜਾਈ ਵਿਚ ਵੀ ਕੋਈ ਵਿਘਨ ਨਾ ਪਏ ਉਨ੍ਹਾਂ ਨੂੰ ਸਾਧਨ ਮਿਲਦੇ ਰਹਿਣ, ਸਰਕਾਰ ਦੇ ਖਜ਼ਾਨੇ ਤੇ ਵੀ ਬੋਝ ਨਾ ਪਏ ਅਤੇ ਜਿਹੜੇ ਕਰਮਚਾਰੀ ਇਨ੍ਹਾਂ ਟ੍ਰਾਂਸਪੋਰਟ ਕੰਪਨੀਆਂ ਵਿਚ ਕੰਮ ਕਰ ਰਹੇ ਹਨ ਉਨ੍ਹਾਂ ਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਨਾ ਹੋਵੇ ਅਤੇ ਜਿਨ੍ਹਾਂ ਦੀਆਂ ਗੱਡੀਆਂ ਹਨ ਉਨ੍ਹਾਂ ਨੂੰ ਵੀ ਕੋਈ ਨੁਕਸਾਨ ਨਾ ਹੋਵੇ । ਇਸ ਤਰ੍ਹਾਂ ਦੀ ਸਕੀਮ ਲਭਣ ਦੀ ਕੋਸ਼ਿਸ਼ ਕਰਾਂਗੇ ਤਾਂ ਕਿ ਸਾਰਿਆਂ ਨੂੰ ਸੰਤੁਸ਼ਟ ਕਰ ਸਕੀਏ । (ਪ੍ਰਸ਼ੰਸਾ) (ਵਿਘਨ)।

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਸਰ । ਇਹ ਸਪਸ਼ਟ ਕਹਿਣ ਕਿ ਅਸੀਂ ਨੈਸ਼ਨੇਲਾਈਜ਼ੇਸ਼ਨ ਕਰਾਂਗੇ । (ਵਿਘਨ)

Mr. Speaker : Order please. (Interruption) Please resume your seat (Interruption)

Sardar Ajaib Singh Sandhu: * * * * * *

Mr. Speaker : Whatever the hon. Member has said without the permission of the Chair should not form part of the proceedings.

ਮੁੱਖ ਮੰਤਰੀ : ਮੈਂ ਸਪੀਕਰ ਸਾਹਿਬ, ਸੰਧੂ ਸਾਹਿਬ ਨੂੰ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਇਨ੍ਹਾਂ ਦਾ ਅਤੇ ਸਾਡਾ ਜ਼ਿਲ੍ਹਾ ਰਲਦਾ ਹੈ ਇਹ ਸਾਡੇ ਪੜੋਸ ਵਿਚ ਵਸਦੇ ਹਨ, ਇਹ ਜਦੋਂ ਮਰਜ਼ੀ ਆ ਜਾਣ ਜਾਂ ਲਿਖ ਕੇ ਭੇਜ ਦਿਆ ਕਰਨ ਤਾਂਕਿ ਉਸ ਤੇ ਗੌਰ ਕੀਤਾ ਜਾ ਸਕੇ । ਮੈਂ ਤਾਂ ਇਹ ਵੀ ਬੇਨਤੀ ਕਰਾਂਗਾ ਕਿ ਗਵਰਨਰ ਸਾਹਿਬ ਦੇ ਐਡਰੈਸ ਤੇ ਬਹਿਸ ਕਰਦਿਆਂ ਕੁਝ ਦੋਸਤਾਂ ਨੂੰ ਮੌਕਾ ਨਹੀਂ ਮਿਲਿਆ ਹੋਣਾ ਉਹ ਆਪਣੇ ਸੁਝਾਵ ਲਿਖ ਕੇ ਆਪ ਪਾਸ ਭੇਜ ਦੇਣ ਅਤੇ ਆਪ ਦੀ ਰਾਹੀਂ ਸਾਨੂੰ ਭੇਜ ਦਿਤੇ ਜਾਣ ਤਾਂ ਸਰਕਾਰ ਉਨ੍ਹਾਂ ਤੇ ਗੌਰ ਕਰ ਸਕੇਗੀ ।

*Expunged as ordered by the Chair.

ਇਸ ਹਾਊਸ ਵਿਚ ਇਕ ਮਤਾ ਪਾਸ ਕੀਤਾ ਗਿਆ ਕਿ ਪਾਰਲੀਮੈਂਟ ਨੂੰ ਅਧਿਕਾਰ ਦਿਤਾ ਜਾਵੇ ਕਿ ਉਹ ਅਰਬਨ ਪਰਾਪਰਟੀ ਤੇ ਸੀਲਿੰਗ ਲਗਾਣ ਲਈ ਯੋਗ ਕਾਨੂੰਨ ਬਨਾਣ। ਇਸ ਬਾਰੇ ਅਪੋਜੀਸ਼ਨ ਦੇ ਲੀਡਰ ਜਿਹੜੇ ਮੇਰੇ ਹੀ ਪਿੰਡ ਦੇ ਹਨ ਅਤੇ ਬੜੇ ਉਤਸ਼ਾਹੀ ਨੌਜਵਾਨ ਹਨ ਮੇਰਾ ਖਿਆਲ ਰਖਦੇ ਹਨ ਕਿ ਕਿਤੇ ਇਸ ਨਾਲ ਮੇਰੀ ਇਜ਼ਤ ਵਿਚ ਫਰਕ ਨਾ ਆਵੇ। ਇਸ ਦੇ ਬਾਰੇ ਵਿਚ ਮੈਂ ਉਨ੍ਹਾਂ ਨੂੰ ਕਹਾਂਗਾ ਕਿ ਇਸ ਮਤੇ ਦੇ ਪਾਸ ਕਰਨ ਨਾਲ ਮੇਰੀ ਇਜ਼ਤ ਵਿਚ ਕੋਈ ਫਰਕ ਨਹੀਂ ਪਏਗਾ। ਸਾਡੇ ਸਾਹਮਣੇ ਇਹ ਆਦਰਸ਼ ਹੈ ਕਿ ਅਸੀਂ ਪੇਂਡੂ ਅਤੇ ਸ਼ਹਿਰੀ ਨੂੰ ਇਕ ਨਿਗਾਹ ਨਾਲ ਦੇਖਦੇ ਹਾਂ ਅਤੇ ਮੈਂ ਇਨ੍ਹਾਂ ਵਿਚ ਦੀਂ ਡਿਸਪੈਰੇਟੀ ਨੂੰ ਦੂਰ ਕਰਨਾ ਚਾਹੁੰਦਾ ਹਾਂ (ਪ੍ਰਸੰਸਾ) ਜੋ ਫ਼ੈਸਲਾ ਕੀਤਾ ਜਾਵੇਗਾ ਕਿ ਐਨੇ ਮੁੱਲ ਦੀ ਜਾਇਦਾਦ ਪਿੰਡਾਂ ਵਿਚ ਇਥੇ ਛਡੀ ਜਾਵੇ ਉਤਨੇ ਹੀ ਮੁਲ ਦੀ ਉਥੇ ਛਡੀ ਜਾਵੇਗੀ ਇਸ ਤੋਂ ਭਾਵ ਇਹ ਹੈ ਕਿ ਸਾਰਿਆਂ ਨਾਲ ਇਕੋ ਜਿਹਾ ਵਰਤਾਵ ਕੀਤਾ ਜਾਵੇਗਾ (ਪ੍ਰਸੰਸ਼ਾ) ਇਸ ਦਾ ਭਾਵ ਇਹ ਹੈ ਕਿ ਜੇਕਰ ਸੀਲਿੰਗ ਪਿੰਡਾਂ ਦੀ ਜਾਇਦਾਦ ਤੇ ਹੈ ਤਾਂ ਸ਼ਹਿਰੀ ਤੇ ਵੀ ਹੋਣੀ ਚਾਹੀਦੀ ਹੈ ਪਰ ਇਸ ਦਾ ਇਹ ਭਾਵ ਨਹੀਂ ਹੋਵੇਗਾ ਕਿ ਡਿਸਪੈਰੇਟੀ ਦੂਰ ਕਰਨ ਸਮੇਂ ਪਿੰਡਾਂ ਵਿਚ ਕੋਠੇ ਢਾਹ ਕੇ ਕੋਠਿਆਂ ਬਣਾ ਦਿਤੀਆਂ ਜਾਣਗੀਆਂ ਅਤੇ ਸ਼ਹਿਰਾਂ ਵਿਚ ਕੋਠੀਆਂ ਢਾਹ ਕੇ ਕਿਆਰੇ ਕੱਢ ਦਿਤੇ ਜਾਣਗੇ। ਇਸ ਦੇ ਬਾਰੇ ਵਿਚ ਬੇਨਤੀ ਕਰਦਾ ਹਾਂ ਕਿ ਖੇਤਾਂ ਦੀ ਪੈਦਾਵਾਰ ਹੋਰ ਕਿਸਮ ਦੀ ਹੈ ਕਾਰਖਾਨਿਆਂ ਦੀ ਪੈਦਾਵਾਰ ਹੋਰ ਤਰ੍ਹਾਂ ਦੀ ਹੈ ਦੁਕਾਨਾਂ ਅਤੇ ਮਕਾਨਾ ਦੇ ਕਿਰਾਏ ਦੀ ਆਮਦਨ ਹੋਰ ਤਰ੍ਹਾਂ ਦੀ ਹੈ। ਸਾਡਾ ਦੇਸ਼ ਵਡੇ ਅਤੇ ਛੋਟੇ ਕਸਬਿਆਂ ਵਿਚ ਵੰਡਿਆਂ ਹੋਇਆ ਹੈ, ਇਸ ਲਈ ਜਿਹੜੇ ਹਾਲਾਤ ਵਿਚ ਦੇਸ਼ ਹੈ ਇਸ ਵਿਚ ਜੇਕਰ ਪਾਰਲੀਮੈਂਟ ਨੂੰ ਅਧਿਕਾਰ ਨਾ ਦੇਕੇ ਸੂਬਕ ਸਰਕਾਰ ਆਪ ਕਾਨੂੰਨ ਬਣਾਦੀਆਂ ਜਿਹਾ ਕਿ ਉਹ ਕਰ ਸਕਦੀਆਂ ਸਨ ਕਿਉਂਕਿ ਇਹ ਸਟੇਟ ਸਬਜੈਕਟ ਹੈ ਤਾਂ ਉਸ ਵਿਚ ਯੂਨੀਫਾਰਮਿਟੀ ਨਹੀਂ ਸੀ ਆ ਸਕਦੀ। ਮੁਲਕ ਨੂੰ ਇਸ ਗਲ ਦੀ ਲੋੜ ਹੈ ਕਿ ਇਸ ਵਿਚ ਜਿਹੜਾ ਕਾਨੂੰਨ ਇਸ ਸਬੰਧ ਵਿਚ ਬਣਾਇਆ ਜਾਵੇ ਯੂਨੀਫਾਰਮ ਹੋਵੇ ਜਿਸ ਨਾਲ ਕਿ ਸਾਰੇ ਦੇਸ਼ ਵਿਚ ਵਨ-ਨੈਸ (one-ness) ਪੈਦਾ ਹੋਵੇ। ਇਸ ਪਖ ਵਿਚ ਵੱਧ ਤੋਂ ਵੱਧ ਯਤਨ ਕਰਨਾ ਚਾਹੀਦਾ ਹੈ ਅਤੇ ਕੀਤਾ ਹੈ। ਮੈਂ ਹਾਊਸ ਨੂੰ ਇਸ ਲਈ ਕਹਾਂਗਾ ਕਿ ਪਾਰਲੀਮੈਂਟ ਵਿਚ ਇਸ ਸਭਾ ਦੀ ਜਿਹੜੀ ਰਾਏ ਹੈ ਅਤੇ ਮੈਂਬਰ ਸਾਹਿਬਾਨ ਦੇ ਜਿਹੜੇ ਵਿਚਾਰ ਹਨ ਉਹ ਉਨ੍ਹਾਂ ਦੇ ਧਿਆਨਗੋਚਰਾ ਲਿਆਵਾਂਗੇ ਅਤੇ ਪਾਰਲੀਮੈਂਟ ਵਿਚ ਸਾਡੇ ਨੁਮਾਇੰਦੇ ਹਨ ਜਿਹੜੇ ਸਾਡੇ ਹਿੱਤਾ ਦਾ ਖਿਆਲ ਕਰਨਗੇ ਇਸ ਲਈ ਇਨ੍ਹਾਂ ਨੂੰ ਇਸ ਪਖ ਵਿਚ ਚਿੰਤਾ ਕਰਨ ਦੀ ਲੋੜ ਨਹੀਂ।

ਲੈਂਡ ਰਿਫਾਰਮਜ਼ ਦੇ ਬਾਰੇ ਵਿਚ ਜ਼ਿਕਰ ਕੀਤਾ ਗਿਆ ਅਤੇ ਤਰ੍ਹਾਂ ਤਰ੍ਹਾਂ ਦੀਆਂ ਗਲਾਂ ਆਖੀਆਂ ਗਈਆਂ। ਇਸ ਲਈ ਮੈਂ ਇਹ ਗਲ ਸਾਫ ਕਰ ਦੇਣਾ ਚਾਹੁੰਦਾ ਹਾਂ ਕਿ ਸਮਾਜ-ਵਾਦ ਦੇ ਢਾਂਚੇ ਨੂੰ ਪੂਰਾ ਕਰਨ ਲਈ ਅਸੀਂ ਇਹ ਰਸਤੇ ਚੁਣੇ ਹਨ ਅਤੇ ਇਨ੍ਹਾਂ ਨੂੰ ਪੂਰਾ ਕਰਨ ਦਾ ਯਤਨ ਕਰਾਂਗੇ। ਇਨ੍ਹਾਂ ਵਿਚ ਕੋਈ ਲਗਜ਼ਿਸ਼ ਨਹੀਂ ਆਣ ਦੇਵਾਂਗੇ (ਪ੍ਰਸੰਸ਼ਾ) ਮੇਰੇ ਸਾਥੀ ਸੀ.ਪੀ. ਆਈ. ਵਾਲੇ ਸਾਡੇ ਤੋਂ ਵੱਧ ਅਗੇ ਕਦਮ ਰਖਣ ਦਾ ਵਿਖਾਵਾ ਕਰਦੇ ਹਨ, ਮੈਂ ਉਨ੍ਹਾਂ ਦਾ ਆਦਰ ਕਰਦਾ ਹਾਂ, ਮੈਂ ਉਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਜਦ ਲੈਨਿਨ ਸਾਹਿਬ ਨੂੰ ਪਹਿਲੀ ਵੇਰ ਥਿਊਰੀ ਨੂੰ ਅਮਲ ਵਿਚ ਲਿਆਉਣ ਦਾ ਮੌਕਾ ਮਿਲਿਆ ਤਾਂ ਉਨ੍ਹਾਂ ਨੇ ਫੈਸਲਾ ਕੀਤਾ ਕਿ ਸਮਾਜਵਾਦ ਦੀ ਬੁਨਿਆਦ ਪੱਕੀ ਕਰਨੀ ਹੈ ਅਤੇ ਉਨ੍ਹਾਂ ਨੇ ਕਿਹਾ ਕਿ ਇਸ ਲਈ

[ਮੁੱਖ ਮੰਤਰੀ]

ਜਿਹੜਾ ਚੈਨਲ ਹੈ ਉਹ ਕੈਪੀਟਲਿਜ਼ਮ ਹੈ ਇਸ ਨੂੰ ਹੀ ਚੈਨਲ ਬਣਾ ਕੇ ਪੈਦਾਵਾਰ ਵੱਧਾ ਕੇ ਸਮਾਜਵਾਦ ਦੀਆਂ ਨੀਹਾਂ ਨੂੰ ਪੱਕਿਆਂ ਕੀਤਾ ਜਾ ਸਕਦਾ ਹੈ । ਅਤੇ ਉਨ੍ਹਾਂ ਨੇ ਇਸੇ ਤਰ੍ਹਾਂ ਹੀ ਕੀਤਾ । ਇਸ ਲਈ ਇਸ ਸਬੰਧ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਗਰੀਬੀ ਨਹੀਂ ਵੰਡਣੀ ਅਸੀਂ ਤਾਂ ਅਮੀਰੀ ਵੰਡਣੀ ਹੈ (ਪ੍ਰਸੰਸਾ) ਲੋਕਾਂ ਨੂੰ ਭੁਖੇ ਨਹੀਂ ਕਰਨਾ ਸਗੋਂ ਰਜਵਾਂ ਦੇਣਾ ਹੈ ਇਹ ਨਹੀਂ ਕਰਨਾ ਕਿ ਅੱਧਾ । ਇਸ ਨੂੰ ਢਕ ਦੇਈਏ ਅਤੇ ਅੱਧਾ ਦੂਜੇ ਨੂੰ ਢਕ ਦੇਈਏ ਅਸੀਂ ਸਾਰਿਆਂ ਨੂੰ ਪੂਰਾ ਮਾਣ ਦੇ ਕੇ ਅਮੀਰੀ ਵੰਡਣੀ ਹੈ (ਪ੍ਰਸੰਸਾ) ਅਤੇ ਸਮਾਜਵਾਦ ਦਾ ਮੁਖ ਨਿਸ਼ਾਨਾ ਇਹ ਹੈ ਕਿ ਮੀਨਜ਼ ਆਫ ਪਰੋਡਕਸ਼ਨ ਅਤੇ ਡਿਸਟ੍ਰੀਬਯੂਸ਼ਨ ਸਮਾਜ ਦੇ ਹੱਥ ਵਿਚ ਹੋਣ । ਮੈਂ ਮੀਨਜ਼ ਆਫ ਪਰੋਡਕਸ਼ਨ ਬਾਰੇ ਚਿੰਤਾਤੁਰ ਹਾਂ ਅਤੇ ਡਿਸਟ੍ਰੀਬਯੂਸ਼ਨ ਨੂੰ ਅਸੀਂ ਸੰਭਾਲਾਂਗੇ ਕਿ ਕਿਸ ਤਰ੍ਹਾਂ ਇਕੋ ਜਿਹੀ ਹੋਵੇ । ਪੈਦਾਵਾਰ ਵਧਾਣ ਲਈ ਇਹ ਵੇਖਣਾ ਜ਼ਰੂਰੀ ਹੈ ਕਿ ਲੈਂਡ ਦੇ ਸੀਲਿੰਗ ਅਨਇਕਨਾਮਿਕ ਨਾ ਹੋਵੇ । ਅਤੇ ਮੈਂ ਸਮਝਦਾ ਹਾਂ ਕਿ ਅਨਇਕਨਾਮਿਕ ਯੂਨਿਟ ਦਾ ਫੈਸਲਾ ਕੌਣ ਕਰੇ ਉਹ ਨਹੀਂ ਜਿਸ ਪਾਸ 1,000 ਏਕੜ ਜ਼ਮੀਨ ਹੈ । ਇਸ ਦਾ ਫੈਸਲਾ ਉਹ ਕਰੇਗਾ ਜਿਹੜਾ ਖੇਤ ਵਿਚ ਆਪ ਹਲ ਚਲਾਂਦਾ ਹੈ ਟ੍ਰੈਕਟਰ ਚਲਾਂਦਾ ਹੈ ਅਤੇ ਧੁਪ ਸਰਦੀ, ਗਰਮੀ ਸਹਾਰ ਕੇ ਅਨਾਜ ਪੈਦਾ ਕਰਦਾ ਹੈ, ਇਹ ਫੈਸਲਾ ਉਹੀ ਕਰੇਗਾ ਕਿ ਅਨਇਕਨਾਮਿਕ ਯੂਨਿਟ ਕੀ ਹੁੰਦੀ ਹੈ (ਪ੍ਰਸੰਸਾ)

ਪੰਜਾਬ ਦੀ ਅਕਾਨੌਮੀ ਦਾ ਨਿਰਭਰ ਖੇਤੀ ਬਾੜੀ ਤੇ ਹੈ ਅਤੇ ਖੇਤੀ ਬਾੜੀ ਹੀ ਸਾਡੇ ਸੂਬੇ ਦੀ ਆਰਥਕਤਾ ਦੀ ਬੁਨਿਆਦ ਹੈ ਅਤੇ ਇਹ ਹਾਲਤ ਵੱਡੀ ਇਨਡਸਟਰੀ ਲਿਆਣ ਨਾਲ ਹੀ ਬੇਹਤਰ ਹੋ ਸਕਦੀ ਹੈ । ਸਾਡੇ ਸਾਹਮਣੇ ਨਕਸ਼ਾ ਹੈ ਕਿ ਖੇਤੀ ਬਾੜੀ ਦੇ ਨਾਲ ਨਾਲ ਇਸ ਸੂਬੇ ਵਿਚ ਇਨਡਸਟਰੀ ਨੂੰ ਵੀ ਵਧਾਈਏ । ਅਤੇ ਇਨ੍ਹਾਂ ਲਈ ਜੋ ਬੁਨਿਆਦੀ ਲੋੜ ਹੈ ਉਹ ਪਾਣੀ ਅਤੇ ਬਿਜਲੀ ਹੈ, ਇਸ ਘਾਟ ਨੂੰ ਹਰ ਪਹਿਲੂ ਤੋਂ ਪੂਰਾ ਕਰਨ ਦਾ ਯਤਨ ਕਰਾਂਗੇ ।

ਜਿਹੜਾ ਇਕਨਾਮਿਕ ਯੂਨਿਟ ਦਾ ਸਵਾਲ ਸੀ ਅਸੀਂ ਇਸ ਦੇ ਬਾਰੇ ਆਪਣਾ ਮਨ ਓਪਨ ਰੱਖਿਆ ਸੀ । ਅਸੀਂ ਸੋਚਿਆ ਸੀ ਕਿ ਅਸੀਂ ਸਾਰਿਆਂ ਦੀ ਰਾਏ ਲਵਾਂਗੇ, ਸਾਰਿਆਂ ਦੀ ਸਲਾਹ ਨਾਲ ਰਖਣ ਦਾ ਵਿਚਾਰ ਸੀ । ਮੈਂ ਹਾਊਸ ਦੀ ਵਾਕਫੀਅਤ ਲਈ ਅਰਜ਼ ਕਰਾਂ ਕਿ ਪੰਜਾਬ ਵਿੱਚ 8876 ਉਹ ਲੋਕ ਹਨ ਜਿਨ੍ਹਾਂ ਕੋਲ 50 ਏਕੜ ਤੋਂ ਵਧੇਰੇ ਜ਼ਮੀਨ ਹੈ ਅਤੇ 47,987 ਉਹ ਹਨ ਜਿਨ੍ਹਾਂ ਦੀ ਜ਼ਮੀਨ 30 ਅਤੇ 50 ਸਟੈਂਡਰਡ ਏਕੜ ਦੇ ਦਰਮਿਆਨ ਹੈ । ਜੇ ਇਹ ਜੀ ਪ੍ਰਤੀ ਸਾਰੇ ਪੰਜਾਬ ਦੇ ਅੰਕੜੇ ਲਾਏ ਜਾਣ ਤਾਂ ਇਹ ਇਕ ਬੰਦੇ ਨੂੰ $2\frac{1}{4}$ ਏਕੜ ਤੋਂ ਜਿਆਦਾ ਅਤੇ $\frac{1}{2}$ ਏਕੜ ਤੋਂ ਘਟ ਪਰਸੈਂਟ ਦੇ ਹਿਸਾਬ ਨਾਲ ਬੈਠਦੀ ਹੈ । ਇਸ ਦਾ ਭਾਵ ਇਹ ਹੈ ਕਿ ਅਸੀਂ ਦੋ ਬੰਦਿਆਂ ਦਾ ਨੁਕਸਾਨ ਕਰਕੇ 88 ਬੰਦਿਆਂ ਨੂੰ ਸੌਖੇ ਕਰ ਸਕਦੇ ਹਾਂ ਇਤਨਿਆਂ ਨੂੰ ਸੁਖਾਲਾ ਕਰਨ ਲਈ ਜੇ ਦੋ ਬੰਦਿਆਂ ਦਾ ਨੁਕਸਾਨ ਹੋ ਵੀ ਜਾਵੇ ਤਾਂ ਇਹ ਕੋਈ ਪਾਪ ਨਹੀਂ । ਮੈਨੂੰ ਉਮੀਦ ਹੈ ਕਿ ਆਪੋਜ਼ੀਸ਼ਨ ਦੇ ਸਾਰੇ ਅਨਰੇਬਲ ਮੈਂਬਰ ਮੇਰੀ ਇਸ ਗੱਲ ਨਾਲ ਇਤਫਾਕ ਕਰਨਗੇ ਕਿ ਪੰਜਾਬ ਦੇ ਵਿੱਚ ਲੈਂਡ ਰਿਫਾਰਮਜ਼ ਦਾ ਹੋਣਾ ਬਹੁਤ ਹੀ ਜਰੂਰੀ ਹੈ । ਇਹ ਗੱਲ ਵੀ ਹੁਣ ਮੁਸ਼ਕਲ ਲਗਦੀ ਹੈ ਕਿ ਜਿਹੜੇ ਪੰਜਾਬ ਦੇ ਅਫਸਰ ਹਨ, ਨੌਕਰ ਹਨ ਉਹ ਵੀ ਲੈਂਡ ਦੇ ਮਾਲਕ ਬਣੇ ਰਹਿਣ, ਜੇ ਮੈਂ ਚਾਹਾਂ ਵੀ ਤਾਂ ਇਹ ਐਸਾ ਨਹੀਂ ਹੋ ਸਕਦਾ ਕਿਉਂਕਿ ਸਾਰੇ ਮੁਲਕ ਦੇ ਵਿਚ ਐਸੀ ਹਵਾ ਵਗ ਚੁੱਕੀ ਹੈ, ਉਹ ਇਨ੍ਹਾਂ ਨੂੰ ਇਸ ਤਰ੍ਹਾਂ ਰਹਿਣ ਨਹੀਂ ਦੇਵੇਗੀ । ਸਚਾਈ ਇਹ ਹੈ ਕਿ ਇਕ ਆਨਰੇਬਲ

ਮੈਂਬਰ ਨੇ ਕਿਹਾ ਸੀ ਕਿ ਅਸੀਂ ਸ਼ਹਿਰੀਆ ਦੇ ਖਿਲਾਫ ਹਾਂ ਅਸੀਂ ਸ਼ਹਿਰੀਆਂ ਦੇ ਖਿਲਾਫ ਨਹੀਂ ਅਤੇ ਨਾ ਹੀ ਅਸੀਂ ਲੈਂਡ ਲਾਰਡਜ਼ ਦੇ ਖਿਲਾਫ ਹਾਂ, ਅਸੀਂ ਤਾਂ ਇਸ ਸਿਸਟਮ ਦੇ ਖਿਲਾਫ ਹਾਂ, ਉਨ੍ਹਾਂ ਹਾਲਾਤ ਦੇ ਖਿਲਾਫ ਹਾਂ ਜਿਨ੍ਹਾਂ ਹਾਲਤ ਕਰਕੇ ਮੁੱਠੀ ਭਰ ਬੰਦਿਆਂ ਦੇ ਹੱਥ ਵਿਚ ਦੌਲਤ ਆਉਂਦੀ ਹੈ ਐਸਾ ਵਿਅਕਤੀ ਭਾਵੇਂ ਸਾਨੂੰ ਕਿਤਨਾ ਹੀ ਪਿਆਰਾ ਕਿਉਂ ਨਾ ਹੋਵੇ, ਉਸਦਾ ਲਿਹਾਜ ਕਰਕੇ ਅਸੀਂ ਜਨਤਾ ਦੇ ਨਾਲ ਗਦਾਰੀ ਨਹੀਂ ਕਰ ਸਕਦੇ । ਅਸੀਂ ਇਹ ਫੈਸਲਾ ਕਰ ਲਿਆ ਹੈ ਕਿ ਅਸੀਂ ਜਲਦੀ ਹੀ ਲੈਂਡ-ਰਿਫਾਰਮਜ਼ ਲਿਆਕੇ ਸ਼ਹਿਰੀ ਅਤੇ ਪੇਂਡੂ ਜਨਤਾ ਵਿੱਚ ਜਿਹੜੀ ਡਿਸਪੈਰਟੀ ਹੈ ਉਸ ਨੂੰ ਦੂਰ ਕਰਨਾ ਹੈ । ਸਾਨੂੰ ਇਸ ਗਲ ਦਾ ਖਿਆਲ ਹੈ ਕਿ ਜਿਹੜੇ ਲੋਕ ਕੁਝ ਕੰਮ ਕਰਦੇ ਹਨ ਅਸੀਂ ਉਨ੍ਹਾਂ ਨੂੰ ਇਨ੍ਹਾਂ ਵੇਹਲੜਾਂ ਤੋਂ ਲੈਕੇ ਕੁਝ ਦੇ ਸਕੀਏ । (ਤਾੜੀਆਂ) ਮੈਂ ਇਹ ਅਰਜ਼ ਕਰ ਰਿਹਾ ਸੀ, ਸਪੀਕਰ ਸਾਹਿਬ, ਕਿ ਅਸੀਂ ਸੀਲਿੰਗ ਦੇ ਉਤੇ ਹੀ ਜ਼ੋਰ ਨਹੀਂ ਦੇਣਾ, ਅਸੀਂ ਕਿਸਾਨ ਦੀ ਆਰਥਿਕ ਦਿਸ਼ਾ ਨੂੰ ਵੀ ਸੁਧਾਰਨਾ ਚਾਹੁੰਦੇ ਹਾਂ। ਹੁਣ ਤੱਕ ਪਲੈਨਿੰਗ ਰਾਹੀਂ ਜਿਹੜੇ ਕਰਜ਼ੇ ਦਿਤੇ ਗਏ ਹਨ, ਏਥੇ ਇਕ ਆਨਰੇਬਲ ਮੈਂਬਰ ਨੇ ਗਿਣਤੀ ਕਰਕੇ ਦੱਸਿਆ ਕਿ ਇਕ ਖਾਸ ਤਬਕੇ ਨੂੰ ਹੀ ਦਿੱਤੇ ਗਏ ਹਨ । ਜਿਵੇਂ ਜੋ ਟਰੈਕਟਰ ਦੇਣੇ ਹਨ ਉਹ ਦੀ ਕੀਮਤ ਇਤਨੀ ਰੱਖੀ ਗਈ ਹੈ ਕਿ ਇਕ ਗਰੀਬ ਆਦਮੀ ਖਰੀਦ ਹੀ ਨਹੀਂ ਸਕਦਾ ਪਰ ਇਹ ਹਕੀਕਤ ਹੈ ਕਿ ਨਾ ਇਹ ਟਰੈਕਟਰ ਉਨ੍ਹਾਂ ਧਨਾਢਾਂ ਕੋਲ ਰਹਿਣੇ ਹਨ ਅਤੇ ਨਾ ਹੀ ਜ਼ਮੀਨਾਂ ਉਨ੍ਹਾਂ ਪਾਸ ਰਹਿਣੀਆਂ ਹਨ । ਉਨ੍ਹਾਂ ਸਾਰੇ ਹਾਲਾਤ ਨੂੰ ਮੁੱਖ ਰਖਦੇ ਹੋਏ ਅਸੀਂ ਚਾਹੁੰਦੇ ਹਾਂ ਕਿ ਮੁਲਕ ਦਾ ਕਰੋੜਾਂ ਰੁਪਿਆ ਜਿਹੜਾ ਪੈਦਾਵਾਰ ਰਾਹੀਂ ਆਇਆ ਹੈ ਉਹ ਉਨ੍ਹਾਂ ਕਾਮਿਆਂ ਕੋਲੋਂ ਆਇਆ ਜਿਨ੍ਹਾਂ ਨੂੰ ਪਲੈਨਿੰਗ ਦੇ ਵਿੱਚ ਕੋਈ ਇਮਦਾਦ ਨਹੀਂ ਮਿਲੀ । ਉਨ੍ਹਾਂ ਨੂੰ ਹੀ ਇਹ ਦੇਣਾ ਹਕ ਬਣਦਾ ਹੈ। ਟਰੈਕਟਰ ਕਿਸ ਨੇ ਲੈਣਾ ਹੈ ਜਿਸਦੇ ਪਾਸ ਬਹੁਤੀ ਜ਼ਮੀਨ ਹੈ ਧੰਨ-ਦੌਲਤ ਹੈ । ਵਧੀਆ ਬੀਜ ਕੌਣ ਲੈ ਸਕਦਾ ਹੈ ਜਿਸਦੇ ਪਾਸ ਵੱਡੇ ਵੱਡੇ ਫਾਰਮਜ਼ ਹਨ । ਖਾਦ ਵਧੀਆ ਤੋਂ ਵਧੀਆ ਕੌਣ ਪਾ ਸਕਦਾ ਹੈ ਜੋ ਧਨੀ ਹੈ, ਵੱਡੇ ਵਡੇ ਫਾਰਮ ਹਨ, ਹੁਣ ਤੱਕ ਦੇ ਹਾਲਾਤ ਤਾਂ ਇਹੋ ਜਹੇ ਹਨ ਗਵਰਮੈਂਟ ਆਫ ਇੰਡੀਆ ਨੇ ਪੰਜਾਬ ਵਿੱਚ ਇਕ ਸਕੀਮ ਚਾਲੂ ਕਰਵਾਈ ਹੈ ਕਿ ਇਕ 2½ ਏਕੜ ਦੇ ਮਾਲਕ ਕਿਸਾਨ ਨੂੰ ਉਸ ਦੇ ਰਹਿਣ ਲਈ ਮਕਾਨ ਉਪਜ ਦੀ ਸੰਭਾਲ ਲਈ ਜਗ੍ਹਾ ਅਤੇ ਜੋ ਵੀ ਕੋਈ ਉਸ ਦੀ ਖੇਤੀ ਦੀ ਉਨਤੀ ਲਈ ਸਾਧਨ ਹਨ ਉਹ ਸਰਕਾਰ ਉਹਨੂੰ ਕਰਜ਼ੇ ਦੇ ਤੌਰ ਤੇ ਦੇਵੇਗੀ । ਇਸ ਦਾ ਤੀਜਾ ਹਿੱਸਾ ਬਤੌਰ ਸਬਸਿਡੀ ਦੇ ਇਸ ਨੂੰ ਦਿੱਤਾ ਜਾਵੇਗਾ । (ਤਾੜੀਆਂ) ਇਸੇ ਤਰ੍ਹਾਂ ਕਿਸਾਨ ਦੀ ਹਾਲਤ ਨੂੰ ਸੁਧਾਰਨ ਵਾਸਤੇ ਸਰਕਾਰ ਨੇ ਬੈਲਾਂ ਲਈ ਵੀ ਕਰਜ਼ਾ ਦੇਣਾ ਹੈ । ਪਰ ਹੁਣ ਤੱਕ ਦੇ ਹਾਲਾਤ ਤਾਂ ਇਹ ਹਨ ਕਿ ਛੋਟਾ ਕਿਸਾਨ ਤਾਂ ਕੀ 10 ਏਕੜ ਵਾਲਾ ਵੀ ਫਾਇਦਾ ਨਹੀਂ ਉਠਾ ਸਕਦਾ । ਅਸੀਂ ਇਨ੍ਹਾਂ ਛੋਟੇ ਛੋਟੇ ਕਿਸਾਨਾਂ ਨੂੰ ਫ਼ਾਇਦਾ ਪਹੁੰਚਾਉਣਾ ਚਾਹੁੰਦੇ ਹਾਂ।

ਬਾਦਲ ਸਰਕਾਰ ਵੇਲੇ ਜ਼ਮੀਦਾਰਾਂ ਦਾ ਮਾਲੀਆ ਮੁਆਫ ਕਰਨ ਵਾਸਤੇ ਇਕ ਫੈਸਲਾ ਕੀਤਾ ਸੀ ਪਰ ਉਹ ਕਾਗਜ਼ੀ ਫੈਸਲਾ ਹੀ ਬਣ ਕੇ ਰਹਿ ਗਿਆ ਹੈ । ਹਕੀਕਤ ਇਹ ਹੈ ਕਿ ਬਾਦਲ ਸਰਕਾਰ ਜੇ ਸਹੀ ਮਾਨਿਆ ਵਿੱਚ ਕਿਸਾਨਾਂ ਦਾ ਮਾਲੀਆ ਮੁਆਫ ਕਰਨਾ ਚਾਹੁੰਦੀ ਸੀ ਇਹ ਉਦੋਂ ਤੱਕ ਮੁਆਫ ਨਹੀਂ ਹੋ ਸਕਦਾ ਸੀ ਜਦੋਂ ਤੱਕ ਕਿ ਸਰਕਾਰ ਕੋਈ ਆਰਡੀਨੈਂਸ ਨਾ ਕਰਦੀ ਜਾਂ ਉਹ ਅਸੈਂਬਲੀ ਵਿੱਚ ਕੋਈ ਲਿਆ ਕੇ ਬਿਲ ਪਾਸ ਨਾ ਕਰਾਉਂਦੀ । ਪਰ ਨਾ ਇਨ੍ਹਾਂ ਨੇ ਕੋਈ ਆਰਡੀਨੈਂਸ ਕਰਵਾਇਆ ਅਤੇ ਨਾ ਹੀ ਕੋਈ ਬਿਲ

[ਮੁੱਖ ਮੰਤਰੀ]

ਪਾਸ ਕਰਵਾਇਆ । ਸਰਕਾਰ ਟੁੱਟਨ ਤੋਂ ਬਾਦ ਹੀ ਇਨ੍ਹਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਅਸੀਂ ਮੁਆਮਲੇ ਵਿੱਚ ਛੋਟ ਦੇ ਦਿੱਤੀ ਹੈ । ....(ਵਿਘਨ)

ਸਰਦਾਰ ਧੰਨਾ ਸਿੰਘ ਗੁਲਸ਼ਨ : ਆਨ ਏ ਪੁਆਇੰਟ ਆਫ ਆਰਡਰ ਸਰ, ਇਹ ਗੱਲ ਗਲਤ ਹੈ ਮੈਂ ਇਕ ਸਵਾਲ ਕੀਤਾ ਸੀ, ਉਸ ਦਾ ਜਵਾਬ ਆਇਆ ਹੈ ਕਿ ਆਰਡੀਨੈਂਸ ਜਾਰੀ ਹੋਇਆ ਹੈ (ਸ਼ੋਰ)

Mr. Speaker: Please resume your seat.

ਮੁੱਖ ਮੰਤਰੀ: ਮੈਂ ਹਾਊਸ ਦਾ ਜ਼ਿਆਦਾ ਸਮਾਂ ਨਹੀਂ ਲੈਣਾ । ਸਰਦਾਰ ਸੁਰਜੀਤ ਸਿੰਘ ਜਾਂ ਹਰਭਜਨ ਸਿੰਘ ਵਰਗਾ ਕੋਈ ਗੱਲ ਕਹਿੰਦਾ ਤਾਂ ਮੈਂ ਮੰਨ ਲੈਂਦਾ ਕਿ ਕੋਈ ਨਹੀਂ ਉਨ੍ਹਾਂ ਦੀ ਸਮਝ ਹੀ ਇਤਨੀ ਹੈ, ਪਰ ਮੈਨੂੰ ਹੈਰਾਨੀ ਹੋਈ ਹੈ ਕਿ ਸਰਦਾਰ ਧੰਨਾ ਸਿੰਘ ਗੁਲਸ਼ਨ ਵਰਗੇ ਵੀ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ । (ਵਿਘਨ-ਸ਼ੋਰ) ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਸਾਰਿਆਂ ਦਾ ਧੰਨਵਾਦ ਕੀਤਾ ਸੀ ਪਰ ਹੁਣ ਇਨ੍ਹਾਂ ਨੇ ਮੈਨੂੰ ਧੰਨਵਾਦ ਕਰਨ ਵਾਲਾ ਰਹਿਣ ਨਹੀਂ ਦਿੱਤਾ । ਮੈਂ ਆਪਣੇ ਦੋਸਤਾਂ ਨੂੰ ਆਪ ਦੀ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਮੇਰੇ ਮੰਨ ਵਿੱਚ ਸਾਰਿਆਂ ਲਈ ਇਜ਼ਤ ਹੈ ਮੈਂ ਨਹੀਂ ਚਾਹੁੰਦਾ ਕਿ ਉਨ੍ਹਾਂ ਨੂੰ ਕਿਸੇ ਤਰ੍ਹਾਂ ਵੀ ਦੇਸ਼ ਗੱਦਾਰ ਕਹਾਂ । ਪਰ ਇਨ੍ਹਾਂ ਨੇ ਕਈ ਕੰਮ ਐਸੇ ਕਰ ਦਿੱਤੇ ਹਨ ਜਿਨ੍ਹਾਂ ਨੂੰ ਸੁਧਾਰਨ ਵਿਚ ਬੜੀ ਮਿਹਨਤ ਕਰਨੀ ਪੈਣੀ ਹੈ । ਜਦੋਂ ਮੈਂ ਛੋਟੇ ਕਿਸਾਨ ਦੀ ਗੱਲ ਕਰਦਾ ਹਾਂ ਤਾਂ ਇਹ ਰੌਲਾ ਪਾਉਂਦੇ ਹਨ । ਮੈਂ ਉਨ੍ਹਾਂ ਨੂੰ ਦਸਦਾ ਹਾਂ ਕਿ ਜਦੋਂ ਹਿੰਦੁਸਤਾਨ ਦੀ ਲੜਾਈ ਲੱਗੀ ਇਨਾਂ ਅਕਾਲੀਆਂ ਨੇ ਉਦੋਂ ਆਪਣਾ ਮੋਰਚਾ ਵਾਪਸ ਲਿਆ ਜਦੋਂ ਬੰਗਲਾ ਦੇਸ਼ ਬਣ ਗਿਆ । ਸਾਡੀ ਪਾਰਟੀ ਨੇ ਇਨ੍ਹਾਂ ਨੂੰ ਹਰ ਜਗ੍ਹਾ ਮਿਲਵਰਤਨ ਦਿੱਤੀ ਹੈ (ਆਵਾਜ਼ਾਂ: Wrong statement ਸ਼ੋਰ) ਮੈਂ ਉਨ੍ਹਾਂ ਸਾਰਿਆਂ ਨੂੰ ਦੇਸ਼ ਭਗਤ ਸਮਝਦਾ ਹਾਂ ਪਰ ਡਾਕਟਰ ਜਗਜੀਤ ਸਿੰਘ ਨੇ ਉਸ ਵੇਲੇ ਦੇਸ਼ ਨਾਲ ਗਦਾਰੀ ਕੀਤੀ ਜਦੋਂ ਦੁਸ਼ਮਣ ਦੀ ਤਲਵਾਰ ਸਾਡੀ ਗਰਦਨ ਤੇ ਲਟਕਦੀ ਸੀ, ਪਾਕਿਸਤਾਨ, ਅਮਰੀਕਾ, ਚੀਨ, ਰਲ ਕੇ ਸਾਡੇ ਮੁਲਕ ਤੇ ਹਮਲੇ ਕਰ ਰਹੇ ਸਨ ਪਰ ਅਕਾਲੀ ਦਲ ਦੇ ਜਰਨਲ ਸੈਕਟਰੀ, ਹਮਲਾਵਰ ਦੇ ਦੇਸ਼ ਵਿੱਚ ਵਖਰੀ ਸਟੇਟ ਦਾ ਐਲਾਨ ਕਰ ਰਹੇ ਸਨ । ਆਪਣੇ ਇਸ ਗੱਦਾਰ ਜਰਨਲ ਸੈਕਟਰੀ ਨੂੰ ਇਨ੍ਹਾਂ ਨੇ ਉਸ ਵੇਲੇ ਆਪਣੀ ਪਾਰਟੀ ਵਿੱਚੋਂ ਕੱਢਿਆ ਜਦੋਂ ਕਿ ਹਿੰਦੁਸਤਾਨ ਨੇ ਇਹ ਜੰਗ ਫਤਿਹ ਕਰ ਲਈ ਸੀ । ਮੈਂ ਸਮਝਦਾ ਹਾਂ ਕਿ ਡਾਕਟਰ ਜਗਜੀਤ ਸਿੰਘ ਅਕਾਲੀ ਦਲ ਦਾ ਜਰਨਲ ਸੈਕਟਰੀ........(ਵਿਘਨ-ਸ਼ੋਰ) ਸਪੀਕਰ ਸਾਹਿਬ, ਇਸ ਭਾਵਨਾ ਨੂੰ ਖਰਾਬ ਕਰਨ ਵਾਸਤੇ ਮੈਂ ਸਮਝਦਾ ਹਾਂ ਇਹ ਆਨਰੇਬਲ ਮੈਂਬਰ ਖਾਹਮਖਾਹ ਰੌਲਾ ਪਾ ਕੇ ਵਿਘਨ ਪੈਦਾ ਕਰ ਰਹੇ ਹਨ । ਮੈਂ ਧੰਨਵਾਦ ਇਨ੍ਹਾਂ ਦਾ ਕਰਦਾ ਜੇ ਇਹ ਉਸ ਵਕਤ ਬਾਈਕਾਟ ਨਾ ਕਰਦੇ, ਜਦੋਂ ਕਿ ਗਵਰਨਰ ਸਾਹਿਬ ਆਪਣੇ ਐਡਰੈਸ ਰਾਹੀਂ ਹਾਊਸ ਵਿੱਚ ਸ਼ਹੀਦਾਂ ਨੂੰ ਸ਼ਰਧਾਂਜਲੀ ਦੇ ਰਹੇ ਸੀ ।

ਮੈਨੂੰ ਅਫਸੋਸ ਇਸ ਗੱਲ ਦਾ ਹੈ ਕਿ ਜਦੋਂ ਉਹ ਜੰਗ ਵਿੱਚ ਸ਼ਹੀਦ ਹੋਏ ਲੋਕਾਂ ਨੂੰ ਸ਼ਰਧਾਂਜਲੀ ਪੇਸ਼ ਕਰ ਰਹੇ ਸੀ ਤਾਂ ਇਨ੍ਹਾਂ ਨੇ ਵਾਕ-ਆਊਟ ਕੀਤਾ । (ਵਿਘਨ) (ਸ਼ੋਰ) (ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਖੜੇ ਹੋ ਗਏ, ਸ਼ੋਰ ਇਤਨਾ ਸੀ ਕਿ ਕੁਝ ਸੁਣਾਈ ਨਹੀਂ ਸੀ ਦੇ ਰਿਹਾ ।)

ਸਰਦਾਰ ਅਜਾਇਬ ਸਿੰਘ ਸੰਧੂ: * * * *

ਸ੍ਰੀ ਸਪੀਕਰ: ਕਿਉਂਕਿ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਰਿਪੋਰਟ ਵੀ ਅੱਜ ਆਉਣੀ ਹੈ, ਇਸ ਲਈ ਹਾਊਸ ਦਾ ਸਮਾਂ ਅੱਧਾ ਘੰਟਾ ਹੋਰ ਵੱਧਾ ਦਿੱਤਾ ਜਾਵੇ। (Because the report of the Business Advisory Committee is yet to come before the House, the time of the sitting may be extended by half-an-hour)

(*Voices: Yes, yes.*)

(ਇਸ ਸਮੇਂ ਫਿਰ ਸਰਦਾਰ ਅਜਾਇਬ ਸਿੰਘ ਸੰਧੂ ਖੜੇ ਹੋ ਗਏ)

Mr. Speaker: The sitting of the House is extended by half-an-hour.

ਤੁਸੀਂ ਬੈਠ ਜਾਓ। ਤੁਹਾਡਾ ਕੋਈ ਪੁਆਇੰਟ ਆਫ ਆਰਡਰ ਵੀ ਨਹੀਂ ਹੈ। (ਵਿਘਨ) (ਸ਼ੋਰ) (Please resume your seat. You are not even on a point of order.)

ਸਰਦਾਰ ਅਜਾਇਬ ਸਿੰਘ ਸੰਧੂ: * * * *

ਸ੍ਰੀ ਸਪੀਕਰ: ਸੰਧੂ ਸਾਹਿਬ, ਤੁਸੀਂ ਆਪੋਜ਼ੀਸ਼ਨ ਦੇ ਡਿਪਟੀ ਲੀਡਰ ਹੋ, ਤੁਹਾਨੂੰ ਹਾਊਸ ਦੇ ਡੈਕੋਰਮ ਦਾ ਪੂਰਾ ਖਿਆਲ ਰਖਣਾ ਚਾਹੀਦਾ ਹੈ, ਤੁਸੀਂ ਬੈਠ ਜਾਓ। (Sandhu Sahib, You are Deputy Leader of the Opposition. You should maintain the decorum of the House. Please resume your seat.)

ਸਰਦਾਰ ਅਜਾਇਬ ਸਿੰਘ ਸੰਧੂ: * * * *

(ਇਸ ਸਮੇਂ ਬਹੁਤ ਸਾਰੇ ਮੈਂਬਰ ਖੜੇ ਸਨ)

ਸ੍ਰੀ ਸਪੀਕਰ: ਬਰਾੜ ਸਾਹਿਬ, ਮੈਂ ਤੁਹਾਨੂੰ ਰਿਕੁਐਸਟ ਕਰਦਾ ਹਾਂ ਕਿ ਸੰਧੂ ਸਾਹਿਬ ਨੂੰ ਬਿਠਾਓ। (I request the Leader of the Opposition to make Shri Sandhu resume his seat.)

ਸਰਦਾਰ ਜਸਵਿੰਦਰ ਸਿੰਘ ਬਰਾੜ: ਸਪੀਕਰ ਸਾਹਿਬ, ਮੈਂ ਇਹੀ ਗੱਲ ਕਹਿਣ ਲਗਾ ਸੀ ਪਰ ਤੁਸੀਂ ਉਸ ਵੇਲੇ ਮੈਨੂੰ ਬੋਲਣ ਨਹੀਂ ਸੀ ਦਿਤਾ। (ਵਿਘਨ) (ਸ਼ੋਰ)

ਸਰਦਾਰ ਜਸਦੇਵ ਸਿੰਘ ਸੰਧੂ: * * * *

(ਇਸ ਸਮੇਂ ਕਈ ਮੈਂਬਰ ਬੋਲ ਰਹੇ ਸੀ, ਸਰਦਾਰ ਅਜਾਇਬ ਸਿੰਘ ਸੰਧੂ ਵੀ ਸਪੀਕਰ ਸਾਹਿਬ ਦੇ ਬਾਰ ਬਾਰ ਮਨ੍ਹਾ ਕਰਨ ਦੇ ਬਾਵਜੂਦ ਬੋਲ ਰਹੇ ਸੀ।)

---

*Expunged as ordered by the Chair.

ਸ੍ਰੀ ਸਪੀਕਰ: ਸੰਧੂ ਸਾਹਿਬ ਤੁਸੀਂ ਬੈਠ ਜਾਓ ਨਹੀਂ ਤਾਂ ਮੈਨੂੰ ਤੁਹਾਨੂੰ ਨੇਮ ਕਰਨਾ ਪਏਗਾ । ਇਹ ਬੜਾ ਅਨਪਲੈਜ਼ੈਂਟ ਜਿਹਾ ਕੰਮ ਹੈ । ਤੁਸੀਂ ਬੈਠ ਜਾਉ । (ਵਿਘਨ) (ਸ਼ੋਰ) (Sandhu Sahib, please resume your seat, otherwise I shall have to name you. This is a very unpleasant task. Please resume your seat.)

ਬਹੁਤ ਸਾਰੇ ਮੈਂਬਰ ਸਾਹਿਬਾਨ: * * * *

ਸਰਦਾਰ ਅਜਾਇਬ ਸਿੰਘ ਸੰਧੂ: * * * *

ਸ੍ਰੀ ਸਪੀਕਰ: ਜੋ ਕੁਝ ਚੇਅਰ ਦੀ ਆਗਿਆ ਤੋਂ ਬਿਨਾਂ ਕਿਹਾ ਗਿਆ ਹੈ ਉਹ ਪਾਰਟ ਆਫ ਦੀ ਪ੍ਰੋਸੀਡਿੰਗਜ਼ ਨਹੀਂ ਹੋਵੇਗਾ । [Whatever has been said without the permission of the Chair, shall not form part of the proceedings.)

(ਇਸ ਵੇਲੇ ਬਹੁਤ ਸਾਰੇ ਮੈਂਬਰ ਸਾਹਿਬਾਨ ਇਕੱਠੇ ਹੀ ਬੋਲ ਰਹੇ ਸੀ ਪਰ ਸ਼ੋਰ ਕਰਕੇ ਕੁਝ ਸੁਣਾਈ ਨਹੀਂ ਦਿੱਤਾ ।)

ਸ੍ਰੀ ਸਪੀਕਰ: ਜੋ ਕੁਝ ਵੀ ਚੇਅਰ ਦੀ ਆਗਿਆ ਤੋਂ ਬਿਨਾਂ ਕਿਹਾ ਗਿਆ ਹੈ ਪ੍ਰੋਸੀਡਿੰਗਜ਼ ਦਾ ਭਾਗ ਨਹੀਂ ਬਣੇਗਾ । (ਵਿਘਨ) (ਸ਼ੋਰ) (Whatever has been said without the permission of the Chair, will not form part of the proceedings)

ਸਰਦਾਰ ਜਸਵਿੰਦਰ ਸਿੰਘ ਬਰਾੜ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ.ਐਮ. ਸਾਹਿਬ ਦੀ ਸੇਵਾ ਵਿਚ ਬੇਨਤੀ ਕਰਦਾ ਹਾਂ ਕਿ ਇਤਨੇ ਵੱਡੇ ਔਹਦੇ ਤੇ ਬੈਠ ਕੇ ਉਨ੍ਹਾਂ ਨੂੰ ਅਜਿਹੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ ਜਿਹੜੀਆਂ ਇਸ ਔਹਦੇ ਨੂੰ ਬੀਹੇਵ ਨਾ ਕਰਨ । ਇਸ ਦੇ ਨਾਲ ਹੀ ਮੈਂ ਆਪੋਜ਼ੀਸ਼ਨ ਦੇ ਆਪਣੇ ਸਾਥੀਆਂ ਨੂੰ ਕਹਾਂਗਾ ਕਿ ਅਸੀਂ ਵਾਅਦਾ ਕੀਤਾ ਹੈ ਕਿ ਜੇ ਇਹ ਚੰਗੀ ਗੱਲ ਕਰਨਗੇ ਤਾਂ ਅਸੀਂ ਨਹੀਂ ਟੋਕਾਂਗੇ ਪਰ ਜੇ ਮਾੜੀ ਗੱਲ ਕਰਨਗੇ ਤਾਂ ਜ਼ਰੂਰ ਟੋਕਾਂਗੇ ।

(ਇਸ ਸਮੇਂ ਫਿਰ ਬਹੁਤ ਸਾਰੇ ਮੈਂਬਰ ਸਾਹਿਬਾਨ ਖੜੇ ਹੋ ਗਏ । ਸਰਦਾਰ ਅਜਾਇਬ ਸਿੰਘ ਸੰਧੂ ਵੀ ਕੁਝ ਬੋਲ ਰਹੇ ਸੀ ਜੋ ਸ਼ੋਰ ਕਾਰਨ ਸਮਝ ਵਿਚ ਨਹੀਂ ਆ ਸਕਿਆ ।)

ਸ੍ਰੀ ਸਪੀਕਰ: ਸੰਧੂ ਸਾਹਿਬ, ਤੁਸੀਂ ਬੈਠ ਜਾਉ ਨਹੀਂ ਤਾਂ ਤੁਹਾਨੂੰ ਨੇਮ ਕਰਨਾ ਪਏਗਾ । (Sandhu Sahib, please resume your seat otherwise I will have to name you).

ਸਰਦਾਰ ਅਜਾਇਬ ਸਿੰਘ ਸੰਧੂ: * * * *

*Expunged as ordered by the Chair.

ਸ੍ਰੀ ਸਪੀਕਰ : ਜੋ ਕੁਝ ਵੀ ਸੰਧੂ ਸਾਹਿਬ ਕਹਿ ਰਹੇ ਹਨ ਪ੍ਰੋਸੀਡਿੰਗਜ਼ ਦਾ ਭਾਗ ਨਹੀਂ ਬਣੇਗਾ । (Whatever Shri Sandhu is saying shall not form part of the proceedings.)

ਸਰਦਾਰ ਅਜਾਇਬ ਸਿੰਘ ਸੰਧੂ [* * * *]

ਸ੍ਰੀ ਸਪੀਕਰ : ਸੰਧੂ ਸਾਹਿਬ ਮੈਂ ਦੋ ਵਾਰੀ ਤੁਹਾਨੂੰ ਨਾਂ ਲੈਕੇ ਕਹਿ ਚੁਕਾ ਹਾਂ ਕਿ ਤੁਸੀਂ ਹਾਊਸ ਦੀ ਕਾਰਵਾਈ ਨਹੀਂ ਚਲਣ ਦੇ ਰਹੇ । (ਵਿਘਨ) (ਸ਼ੋਰ) (I have twice told you, Shri Sandhu, by name that you are obstructing the proceedings of the House).

ਮੁੱਖ ਮੰਤਰੀ : ਸਨਮਾਨਯੋਗ ਸਪੀਕਰ ਸਾਹਿਬ, ਮੈਂ ਆਸ ਰੱਖਦਾ ਸੀ ਅਤੇ ਹੁਣ ਵੀ ਰੱਖਦਾ ਹਾਂ ਕਿ ਇਹ ਜਗਜੀਤ ਸਿੰਘ ਨਾਲ ਸਬੰਧ ਨਹੀਂ ਰੱਖਦੇ (ਵਿਘਨ) (ਸ਼ੋਰ)

(ਇਸ ਵੇਲੇ ਸਰਦਾਰ ਧੰਨਾ ਸਿੰਘ ਗੁਲਸ਼ਨ ਖੜੇ ਹੋਕੇ ਕੁਝ ਬੋਲ ਰਹੇ ਸੀ ਪਰ ਉਨ੍ਹਾਂ ਦਾ ਮਾਈਕ ਕੰਮ ਨਾ ਕਰਨ ਕਰਕੇ ਕੁਝ ਸੁਣਾਈ ਨਹੀਂ ਦਿੱਤਾ ।)

ਸ੍ਰੀ ਸਪੀਕਰ : ਜੋ ਕੁਝ ਗੁਲਸ਼ਨ ਜੀ ਕਹਿ ਰਹੇ ਹਨ, ਇਹ ਪ੍ਰੋਸੀਡਿੰਗਜ਼ ਦਾ ਭਾਗ ਨਹੀਂ ਬਣੇਗਾ । (Whatever Sardar Dhanna Singh Gulshan is saying shall not form part of the proceedings.)

ਮੁੱਖ ਮੰਤਰੀ. ਸਪੀਕਰ ਸਾਹਿਬ, ਮੈਂ ਤਾਂ ਇਨ੍ਹਾਂ ਨੂੰ ਦੇਸ਼ ਭਗਤ ਵੀ ਸਮਝਦਾ ਹਾਂ ਇਨ੍ਹਾਂ ਦੇ ਨਾਲ ਮੈਨੂੰ ਪਿਆਰ ਵੀ ਬੜਾ ਹੈ ਪਰ ਪਤਾ ਨਹੀਂ ਕਿਉਂ ਜਦੋਂ ਮੈਂ ਡਾਕਟਰ ਜਗਜੀਤ ਸਿੰਘ ਦਾ ਨਾਂ ਲੈਂਦਾ ਹਾਂ........(ਵਿਘਨ) (ਸ਼ੋਰ)

ਸਰਦਾਰ ਜਸਦੇਵ ਸਿੰਘ ਸੰਧੂ : [* * * *]

ਸ੍ਰੀ ਸਪੀਕਰ. ਜੋ ਕੁਝ ਵੀ ਸੰਧੂ ਸਾਹਿਬ ਨੇ ਕਿਹਾ ਹੈ ਉਹ ਪਾਰਟ ਆਫ ਦੀ ਪ੍ਰੋਸੀਡਿੰਗਜ਼ ਨਹੀਂ ਬਣੇਗਾ । (ਵਿਘਨ) (ਸ਼ੋਰ) (Whatever the hon. Member, Shri Sandhu, has said, shall not form part of the proceedings.)

ਮੁੱਖ ਮੰਤਰੀ ਇਹ ਕਹਿੰਦੇ ਹਨ ਕਿ ਮੁਕੱਦਮੇ ਚਲਾਓ । ਮੈਂ ਸੰਧੂ ਸਹਿਬ ਨੂੰ ਕਹਾਂਗਾ ਕਿ ਇਹ ਆਪਣੀ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਕਹਿਣ ਕਿ ਸਾਡਾ ਜਨਰਲ ਸੈਕਟਰੀ ਗੱਦਾਰ ਹੈ, ਇਸ ਲਈ ਉਸ ਤੇ ਮੁਕੱਦਮਾ ਚਲਾਓ (ਵਿਘਨ) (ਸ਼ੋਰ)

(ਇਸ ਵੇਲੇ ਫਿਰ ਕਈ ਮੈਂਬਰ ਖੜੇ ਹੋ ਗਏ ਅਤੇ ਬੋਲਣਾ ਸ਼ੁਰੂ ਕਰ ਦਿਤਾ । ਪਰ ਸ਼ੋਰ ਕਰਕੇ ਕੁਝ ਸਾਫ ਸੁਣਾਈ ਨਹੀਂ ਦਿਤਾ ।)

---

*Expunged as ordered by the Chair.

ਸ੍ਰੀ ਸਪੀਕਰ: ਜੋ ਕੁਝ ਚੇਅਰ ਦੀ ਆਗਿਆ ਤੋਂ ਬਿਨਾਂ ਕਿਹਾ ਜਾ ਰਿਹਾ ਹੈ, ਉਹ ਪ੍ਰੋਸੀਡਿੰਗਜ਼ ਦਾ ਭਾਗ ਨਹੀਂ ਬਣੇਗਾ । (Whatever is being said without the permission of the Chair, shall not form part of the proceedings.)

ਕਾਮਰੇਡ ਸੱਤਪਾਲ ਡਾਂਗ: ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੂਰੀ ਜ਼ਿਮੇਵਾਰੀ ਨਾਲ ਕਹਿੰਦਾ ਹਾਂ ਕਿ ਜਦੋਂ ਡਾਕਟਰ ਜਗਜੀਤ ਸਿੰਘ ਪਾਕਿਸਤਾਨ ਵਿੱਚੋਂ ਇਹ ਬ੍ਰਾਡਕਾਸਟ ਕਰ ਰਿਹਾ ਸੀ ਕਿ ਸਿੱਖਾਂ ਲਈ ਖਾਲਿਸਤਾਨ ਲਿਆ ਜਾਵੇਗਾ ਤਾਂ ਉਸ ਵੇਲੇ ਅਕਾਲੀ ਦੱਲ ਦੇ ਇਕ ਲੀਡਰ ਨੇ ਬਠਿੰਡਾ ਵਿਚ ਜ਼ਿਲ੍ਹਾ ਕਮਿਸ਼ਨਰ ਦੀ ਕਚਿਹਰੀ ਅਗੇ ਡਾਕਟਰ ਜਗਜੀਤ ਸਿੰਘ ਜ਼ਿੰਦਬਾਦ ਦੇ ਨਾਹਰੇ ਮਾਰੇ ਸਨ ਅਤੇ ਉਹ ਲੀਡਰ ਅਜੇ ਵੀ ਅਕਾਲੀ ਦਲ ਵਿਚ ਹੈ । (ਥੰਪਿੰਗ) (ਵਿਘਨ) (ਸ਼ੋਰ)

(ਆਵਾਜ਼ਾਂ : ਗਲਤ ਹੈ, ਗਲਤ ਹੈ ।

(ਫਿਰ ਕਈ ਮੈਂਬਰ ਖੜ੍ਹੇ ਹੋਕੇ ਬੋਲ ਰਹੇ ਸੀ ਜੋ ਸ਼ੋਰ ਕਰਕੇ ਸੁਣਾਈ ਨਹੀਂ ਦਿਤਾ।)

ਮੁੱਖ ਮੰਤਰੀ: ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਜਦੋਂ ਮੈਂ ਪੰਜਾਬ ਦੇ ਛੋਟੇ ਕਿਸਾਨਾਂ ਦੀ ਗੱਲ ਕਰ ਰਿਹਾ ਸੀ ਤਾਂ ਮੈਨੂੰ ਨਾ ਤਾਂ ਡਾਕਟਰ ਜਗਜੀਤ ਸਿੰਘ ਯਾਦ ਸੀ ਅਤੇ ਨਾ ਇਨ੍ਹਾਂ ਦਾ ਵਾਕ-ਆਊਟ ਯਾਦ ਸੀ । ਇਨ੍ਹਾਂ ਨੇ ਆਪ ਹੀ ਯਾਦ ਕਰਵਾਇਆ ਹੈ । ਮੈਂ ਫਿਰ ਕਹਿੰਦਾ ਹਾਂ ਕਿ ਮੈਨੂੰ ਇਨ੍ਹਾਂ ਦਾ ਸਨਮਾਨ ਹੈ, ਇਨ੍ਹਾਂ ਤੇ ਭਰੋਸਾ ਹੈ, ਕਿ ਇਨ੍ਹਾਂ ਦਾ ਡਾਕਟਰ ਜਗਜੀਤ ਸਿੰਘ ਦੇ ਨਾਲ ਕੋਈ ਸਬੰਧ ਨਹੀਂ ਪਰ ਜਦੋਂ ਮੈਂ ਡਾਕਟਰ ਜਗਜੀਤ ਸਿੰਘ ਦਾ ਨਾਂ ਲੈਂਦਾ ਹਾਂ ਤਾਂ ਇਹ ਉਠਿਆ ਨਾ ਕਰਨ । (ਹਾਸਾ)

ਸਪੀਕਰ ਸਾਹਿਬ (ਵਿਘਨ) (ਸ਼ੋਰ)

ਸਰਦਾਰ ਅਜਾਇਬ ਸਿੰਘ ਸੰਧੂ : ਐਨੀ ਪਬਲਿਸਿਟੀ (ਵਿਘਨ)

Mr. Speaker : Please resume your seat.

ਮੁੱਖ ਮੰਤਰੀ: ਇਨ੍ਹਾਂ ਨੂੰ ਛੋਟੇ ਕਿਸਾਨ ਦੇ ਭਲੇ ਦੀ ਗੱਲ ਪਸੰਦ ਨਹੀਂ ਆਈ ਜਾਂ ਡਾਕਟਰ ਜਗਜੀਤ ਸਿੰਘ ਨਾਲ ਪਿਆਰ ਸੀ । (ਸ਼ੋਰ) (ਵਿਘਨ) ਛੋਟੇ ਕਿਸਾਨ ਦੀ ਗੱਲ ਤਾਂ ਸੁਣ ਲਵੋ । (ਸ਼ੋਰ) (ਵਿਘਨ) ਮੈਂ ਇਹ ਬੇਨਤੀ ਕਰਦਾ ਹਾਂ ਕਿ ਪੰਜਾਬ ਦਾ (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ: * * * *

ਸ੍ਰੀ ਸਪੀਕਰ: ਜੋ ਕੁਝ ਇਨ੍ਹਾਂ ਨੇ ਬਗੈਰ ਪਰਮੀਸ਼ਨ ਦੇ ਕਿਹਾ ਹੈ ਉਹ ਪਾਰਟ ਆਫ ਦੀ ਪਰੋਸੀਡਿੰਗਜ਼ ਨਹੀਂ ਬਣੇਗਾ । (Whatever the hon. Member has said without the permission of the Chair, shall not form part of the proceedings.)

*Expunged as ordered by the Chair.

ਮੁੱਖ ਮੰਤਰੀ: ਹੁਣ ਵੀ ਮੈਂ ਬੇਨਤੀ ਕਰਦਾ ਹਾਂ ਕਿ ਛੋਟੇ ਕਿਸਾਨ ਦੇ ਭਲੇ ਦੀ ਗੱਲ ਪ੍ਰੇਮ ਨਾਲ ਸੁਣਨੀ ਚਾਹੀਦੀ ਹੈ। ਇਹ ਪੰਜਾਬ ਹੁਣ ਤਕ ਜੋ ਹਰ ਸੋਭੇ ਵਿਚ ਅੱਗੇ ਰਿਹਾ ਹੈ, ਇਸ ਨੇ ਸਾਰੇ ਦੇਸ਼ ਨਾਲੋਂ ਨਿਸਬਤਨ ਡਾਕਟਰ ਜ਼ਿਆਦਾ ਪੈਦਾ ਕੀਤੇ, ਨਿਸਬਤਨ ਇੰਜਨੀਅਰ ਜ਼ਿਆਦਾ ਪੈਦਾ ਕੀਤੇ, ਨਿਸਬਤਨ ਆਈ. ਏ. ਐਸ. ਜ਼ਿਆਦਾ ਪੈਦਾ ਕੀਤੇ ਔਰ ਨਿਸਬਤਨ ਅਨਾਜ ਵੀ ਸਭ ਤੋਂ ਜ਼ਿਆਦਾ ਪੈਦਾ ਕੀਤਾ ਔਰ ਸਾਰੇ ਦੇਸ਼ ਦੀ ਭੁਖ ਨੂੰ ਮਿਟਾਇਆ। ਕਿਸਾਨ ਜਿਹੜਾ ਖੇਤੀ ਬਾੜੀ ਕਰਕੇ ਰੋਟੀ ਖਾਂਦਾ ਹੈ, ਉਸ ਨੇ ਇਸ ਵਿਚ ਬਹੁਤ ਹਿੱਸਾ ਪਾਇਆ ਹੈ। ਜਦ ਤਕ ਕਿਸਾਨ ਦੇ ਚੇਹਰੇ ਤੇ ਰੌਣਕ ਨਹੀਂ ਆ ਜਾਂਦੀ ਉਦੋਂ ਤਕ ਮੈਂ ਸਮਝਦਾ ਹਾਂ ਕਿ ਪੰਜਾਬ ਦੇ ਚੇਹਰੇ ਤੇ ਰੌਣਕ ਨਹੀਂ ਆਏਗੀ (ਥੰਪਿੰਗ) ਇਸ ਕਿਸਾਨ ਨੇ ਦਿਨ ਰਾਤ ਇਕ ਕਰਕੇ ਅਨਾਜ ਦੀ ਪੈਦਾਵਾਰ ਵਿਚ ਵਾਧਾ ਕੀਤਾ ਅਤੇ ਦੇਸ਼ ਦੇ ਅੰਨ ਸੰਕਟ ਨੂੰ ਟਾਲਿਆ (ਵਿਘਨ) ਇਹ ਤਾਂ ਪੰਜਾਬ ਦੀ ਦੇਗ ਅਤੇ ਤੇਗ ਦੋਵੇਂ ਹੀ ਹਨ। ਪਰ ਜਿਹੜਾ ਵੱਡਾ ਲੈਂਡਲਾਰਡ ਹੈ ਉਹ ਗਰੀਬ ਕਿਸਾਨ ਨੂੰ ਸਰਦਾਰ ਵੀ ਨਹੀਂ ਕਹਿਣਾ ਚਾਹੁੰਦਾ। ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਹੈ ਕਿ—

"ਜਿਨਕੀ ਜ਼ਾਤ ਪਾਤ ਕਰਮ ਏਕੋ
ਤਿਨਹੀਂ ਕੋ ਸਰਦਾਰ ਬਣਾਉਂ
ਤਬੀ ਗੋਬਿੰਦ ਸਿੰਘ ਨਾਮ ਕਹਾਊਂ।"

ਇਸ ਲਈ ਛੋਟੇ ਕਿਸਾਨ ਨੂੰ ਜ਼ਿਆਦਾ ਮੱਦਦ ਦੇਕੇ ਅਸੀਂ ਉਨ੍ਹਾਂ ਦੀਆਂ ਕਮੀਆਂ ਨੂੰ ਪੂਰਾ ਕਰਨਾ ਚਾਹੁੰਦੇ ਹਾਂ। ਪੰਜਾਬ ਨੇ ਅਨਾਜ ਦੇ ਭੰਡਾਰ ਤੋਂ ਇਲਾਵਾ ਉਆਇਲ ਸੀਡ ਦੀ ਕਮੀ ਨੂੰ ਪੂਰਾ ਕਰਨ ਦਾ ਵਚਨ ਦਿਤਾ ਹੈ ਔਰ ਉਸ ਉਆਇਲ ਸੀਡ ਦੀ ਕਮੀ ਨੂੰ ਦੋ ਸਾਲ ਦੇ ਅੰਦਰ ਅੰਦਰ ਪੂਰਾ ਕਰ ਦਿਤਾ ਜਾਏਗਾ। ਪੰਜਾਬ ਇਸ ਦੀ ਜ਼ਿੰਮੇਵਾਰੀ ਲੈਂਦਾ ਹੈ। (ਥੰਪਿੰਗ) ਹਿੰਦੁਸਤਾਨ ਵਿਚ ਉਆਇਲ ਸੀਡ ਦੀ ਕਮੀ ਨਹੀਂ ਰਹੇਗੀ। ਹਿੰਦੁਸਤਾਨ ਵਿਚ ਜਿਥੇ ਅਜ ਤੱਕ ਚਾਵਲ ਦੀ ਕਮੀ ਰਹੀ ਹੈ ਉਸ ਨੂੰ ਪੂਰਾ ਕਰਨ ਲਈ ਕਿਸਾਨ ਨੂੰ ਮਦਦ ਦੇਕੇ ਨਵਾਂ ਤਰੀਕਾ ਅਖਤਿਆਰ ਕਰਕੇ ਸਾਡੇ ਐਗਰੀਕਲਚਰ ਦੇ ਮਨਿਸਟਰ ਨੇ ਇਹ ਭਰੋਸਾ ਦਿਵਾਇਆ ਹੈ ਕਿ ਤਿੰਨ ਸਾਲਾਂ ਵਿਚ ਹਿੰਦੁਸਤਾਨ ਵਿਚ ਚਾਵਲਾਂ ਦੀ ਕਮੀ ਨਹੀਂ ਰਹੇਗੀ। (ਥਪਿੰਗ) ਹਾਊਸਿੰਗ ਬੋਰਡ ਬਣਾਕੇ ਬੇ-ਘਰਾਂ ਨੂੰ ਘਰ ਦੇਣ ਲਈ (ਵਿਘਨ) ਔਰ ਇਸੇ ਸੈਸ਼ਨ ਵਿਚ ਜਿਹੜਾ ਕਿ ਹੁਣ ਕੰਟੀਨਿਊ ਕਰੇਗਾ ਅਸੀਂ ਹਾਊਸਿੰਗ ਬੋਰਡ ਵਾਸਤੇ ਇਕ ਬਿਲ ਲਿਆ ਰਹੇ ਹਾਂ। ਮੈਂ ਬੇਨਤੀ ਕਰ ਰਿਹਾ ਸਾਂ ਕਿ ਸਾਡੇ ਪੰਜਾਬ ਦੇ ਕਿਸਾਨ ਨੂੰ, ਵਪਾਰੀ ਨੂੰ, ਸਰਕਾਰੀ ਕਰਮਚਾਰੀ ਨੂੰ, ਮਜ਼ਦੂਰ ਨੂੰ, ਕਾਰਖਾਨੇਦਾਰ ਨੂੰ ਉਤਸ਼ਾਹ ਮਿਲਿਆ ਹੈ। ਪਰ ਦੋ ਜੰਗਾਂ ਨੇ ਸਾਡਾ ਨੁਕਸਾਨ ਬੜਾ ਕੀਤਾ ਹੈ। ਆਨਰੇਬਲ ਮੈਂਬਰਾਂ ਨੇ ਸਾਰਿਆਂ ਨੇ ਮਹਿਸੂਸ ਕੀਤਾ ਕਿ ਸਾਡੇ ਸਰਹੱਦੀ ਇਲਾਕੇ ਵਿਚ ਵਸਣ ਵਾਲੇ ਲੋਕ ਜਿਹੜੇ ਹਨ ਉਨ੍ਹਾਂ ਦਾ ਨੁਕਸਾਨ ਜਿਹੜਾ ਹੋਇਆ ਹੈ ਉਸ ਬਾਰੇ ਸਾਨੂੰ ਪੂਰੀ ਹਮਦਰਦੀ ਨਾਲ ਵਿਚਾਰ ਕਰਕੇ ਉਨ੍ਹਾਂ ਦੀ ਮਦਦ ਕਰਨੀ ਚਾਹੀਦੀ ਹੈ। ਮੈਨੂੰ ਇਹ ਗੱਲ ਕਹਿਣ ਵਿਚ ਫਖਰ ਹਾਸਲ ਹੈ ਕਿ ਪਰੈਜ਼ੀਡੈਂਟ ਰੂਲ ਵਿਚ ਅਫਸਰਾਂ ਦੀ ਸਰਕਾਰ ਸੀ ਪਰ ਇਨ੍ਹਾਂ ਅਫਸਰਾਂ ਨੇ ਇਸ ਮਸਲੇ ਉਤੇ ਕੋਈ ਦਿਲ ਨਹੀਂ

[ਮੁੱਖ ਮੰਤਰੀ]

ਵਿਖਾਈ, ਕੋਈ ਗਲਤੀ ਨਹੀਂ ਕੀਤੀ, ਕਿਤੇ ਕਮੀ ਜ਼ਰੂਰ ਰਹਿ ਗਈ ਹੋਵੇਗੀ, ਪਰ ਉਨ੍ਹਾਂ ਨੇ ਬੜੀ ਹਮਦਰਦੀ ਨਾਲ ਉਨ੍ਹਾਂ ਦੀ ਮੱਦਦ ਕਰਨ ਦਾ ਯਤਨ ਕੀਤਾ। ਪੰਜਾਬ ਇਕ ਵਡਾ ਅੰਤਰ-ਰਾਸ਼ਟਰੀ ਸਰਹੱਦੀ ਇਲਾਕਾ ਹੈ। ਇਥੇ ਭਾਵੇਂ ਫੌਜੀ ਹੋਣ ਜਾਂ ਨਾਗਰਿਕ, ਇਨ੍ਹਾਂ ਨੇ ਦੁਸ਼ਮਣ ਦੀ ਲਲਕਾਰ ਦਾ ਦੋ ਵਾਰੀ ਸਾਹਮਣਾ ਕੀਤਾ ਅਤੇ ਸਫਲਤਾ ਪਰਾਪਤ ਕੀਤੀ। ਇਹ ਤਾਂ ਸਾਡੀ ਇਤਿਹਾਸਕ ਪਰੰਪਰਾ ਹੈ। ਇਹ ਤਾਂ ਸਾਡੇ ਲਹੂ ਵਿਚ ਸਿੰਝਿਆ ਹੋਇਆ ਹੈ। ਫੇਰ ਵੀ ਸਰਹੱਦੀ ਇਲਾਕੇ ਵਿਚ ਧਿਆਨ ਦੇਣਾ ਜ਼ਰੂਰੀ ਹੈ। ਕਿਉਂਕਿ ਕੁਝ ਅਜਿਹੀਆਂ ਸਮੱਸਿਆਵਾਂ ਜੰਗ ਦੇ ਦੌਰਾਨ ਸਾਡੇ ਧਿਆਨ ਵਿਚ ਆਈਆਂ ਹਨ ਜਿਨ੍ਹਾਂ ਵਲ ਸਾਨੂੰ ਲੰਮੇ ਸਮੇਂ ਦੇ ਅਧਾਰ ਤੇ ਨਜਿਠਣਾ ਪਵੇਗਾ। ਛੋਟੇ ਕਿਸਾਨ, ਵਪਾਰੀ, ਮਜ਼ਦੂਰ ਦੀਆਂ ਤਕਲੀਫਾਂ ਨੂੰ ਦੂਰ ਕਰਨ ਲਈ, ਉਨ੍ਹਾਂ ਵਿਚ ਜੀਉਣ ਜੋਗਾ ਅਹਿਸਾਸ ਪੈਦਾ ਕਰਨ ਲਈ ਕੁਝ ਉਪਾ ਤਾਂ ਪਹਿਲਾਂ ਹੀ ਕੀਤੇ ਜਾ ਚੁਕੇ ਹਨ ਅਤੇ ਬਾਕੀ ਦੇ ਕੁਝ ਹੋਰ ਕਰਨ ਵਾਸਤੇ ਸਰਕਾਰ ਵਿਚਾਰ ਕਰ ਰਹੀ ਹੈ। ਉਹ ਬਦ ਕਿਸਮਤ ਲੋਕ ਜੋ ਘਰੋਂ ਬੇਘਰ ਹੋ ਗਏ ਉਨ੍ਹਾਂ ਨੂੰ ਅਸੀਂ ਪਟੜੀਆਂ ਤੇ ਨਹੀਂ ਰੁਲਣ ਦਿਆਂਗੇ। ਪੰਜਾਬ ਵਿਚ ਜਿਨ੍ਹਾਂ ਲੋਕਾਂ ਨੇ ਜੰਗ ਵਿਚ ਕੁਰਬਾਨੀਆਂ ਦਿਤੀਆਂ ਹਨ ਉਨ੍ਹਾਂ ਦੀ ਔਲਾਦ ਨੂੰ, ਮਾਵਾਂ ਨੂੰ, ਬੱਚੇ ਅਤੇ ਬੱਚੀਆਂ ਨੂੰ ਪਟੜੀਆਂ ਤੇ ਨਹੀਂ ਰੁਲਣ ਦਿਤਾ ਜਾਵੇਗਾ (ਵਿਘਨ) ਇਨ੍ਹਾਂ ਦਾ ਬੜਾ ਖਿਆਲ ਰਖਿਆ ਜਾਵੇਗਾ ਔਰ ਉਨ੍ਹਾਂ ਦੀ ਬੜੀ ਸਹਾਇਤਾ ਕੀਤੀ ਜਾਵੇਗੀ। ਆਨਰੇਬਲ ਸਪੀਕਰ ਸਾਹਿਬ, ਮੈਂ ਸਾਰੀਆਂ ਚੀਜ਼ਾਂ ਕਹਿਣੀਆਂ ਚਾਹੁੰਦਾ ਸਾਂ ਪਰ ਹੁਣ ਮੈਂ ਛੱਡ ਦੇਣਾ ਚਾਹੁੰਦਾ ਹਾਂ ਔਰ ਐਨਾ ਵਿਸ਼ਵਾਸ਼ ਦਿਵਾਉਣਾ ਚਾਹੁੰਦਾ ਹਾਂ ਕਿ ਜੋ ਕੁਝ ਵੀ ਹਾਊਸ ਵਿਚ ਕਿਹਾ ਗਿਆ ਹੈ ਉਸ ਵੱਲ ਪੂਰੇ ਧਿਆਨ ਨਾਲ ਸੋਚਿਆ ਜਾਵੇਗਾ ਔਰ ਸਮਰਥਾ ਦੇ ਮੁਤਾਬਿਕ ਉਸ ਨੂੰ ਦਰੁਸਤ ਕਰਨ ਦਾ ਤਰੀਕਾ ਸੋਚਿਆ ਜਾਵੇਗਾ।

ਇਸ ਹਾਊਸ ਵਿਚ ਕੁਝ ਮੈਂਬਰਾਂ ਨੇ ਅਮੈਂਡਮੈਂਟਸ ਦਿੱਤੀਆਂ ਹਨ, ਉਨ੍ਹਾਂ ਵਿਚੋਂ ਕਾਮਰੇਡ ਸੱਤ ਪਾਲ ਡਾਂਗ, ਸਰਦਾਰ ਧੰਨਾ ਸਿੰਘ ਗੁਲਸ਼ਨ ਅਤੇ ਕੁਝ ਹੋਰ ਮੈਂਬਰ ਵੀ ਹਨ। ਇਨ੍ਹਾਂ ਨੂੰ ਮੇਰੀ ਇਹ ਪ੍ਰਾਰਥਨਾ ਹੈ, ਸਪੀਕਰ ਸਾਹਿਬ, ਕਿ ਹਾਊਸ ਵਿਚ ਹਰ ਮਾਮਲੇ ਉਤੇ ਕਾਫੀ ਹੱਦ ਤੱਕ ਬਹਿਸ ਹੋ ਗਈ ਹੈ। ਇਨ੍ਹਾਂ ਵਿਚੋਂ ਕੁਝ ਗੱਲਾਂ ਦੇ ਜਵਾਬ ਤਾਂ ਮੈਂ ਇਸ ਭਾਸ਼ਣ ਵਿਚ ਦੇ ਦਿਤੇ ਹਨ ਅਤੇ ਬਾਕੀ ਜੋ ਰਹਿ ਗਏ ਹਨ ਉਨ੍ਹਾਂ ਬਾਰੇ ਆਨਰੇਬਲ ਮੈਂਬਰ ਸਾਹਿਬਾਨ ਸਾਡੇ ਨਾਲ ਗੱਲ ਬਾਤ ਕਰ ਸਕਦੇ ਹਨ। ਸੁੰਦਰਤਾ ਇਸ ਵਿਚ ਹੈ ਕਿ ਗਵਰਨਰ ਸਾਹਿਬ ਦੇ ਭਾਸ਼ਣ ਤੇ ਧੰਨਵਾਦ ਦਾ ਮਤਾ ਇਤਫਾਕ ਰਾਏ ਨਾਲ ਪਾਸ ਕਰੀਏ। ਜਿਨ੍ਹਾਂ ਆਨਰੇਬਲ ਮੈਂਬਰ ਸਾਹਿਬਾਨ ਦੀਆਂ ਅਮੈਂਡਮੈਂਟਸ ਹਨ ਉਨ੍ਹਾਂ ਨੂੰ ਮੈਂ ਬੇਨਤੀ ਕਰਾਂਗਾ ਕਿ ਉਹ ਆਪਣੀਆਂ ਅਮੈਂਡਮੈਂਟਸ ਨੂੰ ਵਾਪਸ ਲੈ ਲੈਣ (ਥੰਪਿੰਗ) ਧੰਨਵਾਦ।

ਸ੍ਰੀ ਸਪੀਕਰ: ਸਰਦਾਰ ਧੰਨਾ ਸਿੰਘ ਗੁਲਸ਼ਨ ਜੀ ਦੀ ਅਮੈਂਡਮੈਂਟ ਸੀ। (There was an amendment by Sardar Dhanna Singh Gulshan.)

ਸਰਦਾਰ ਧੰਨਾ ਸਿੰਘ ਗੁਲਸ਼ਨ: ਸਪੀਕਰ ਸਾਹਿਬ, ਮੇਰੀ ਅਮੈਂਡਮੈਂਟ ਹੈ। ਮੈਂ ਵਾਪਸ ਨਹੀਂ ਲੈਂਦਾ। ਮੈਂ ਪੜ੍ਹਕੇ ਸੁਣਾਉਣਾ ਚਾਹੁੰਦਾ ਹਾਂ (ਵਿਘਨ)

Mr. speaker : Question is—

That in the motion, the following be added at the end, namely;—

"but regret that no mention has been made in the Address :—

(1) about giving adequate and satisfactory assistance to the families of 117 civilians killed during the 14 days Indo-Pak War;

(2) about giving satisfactory relief to meet the heavy losses suffered by the farmers, agricultural labourers, petty shop-keepers and small-scale industrialists during the war for keeping their business running;

(3) about the meritorious services rendered by the Truck operators and other Transporters of Punjab during the recent War and it is sher injustice to allow higher daily freight to the truck operators from other States than the truck operators from Punjab State;

(4) about giving timely grants for the rehabilitation of residents of 564 villages affected by War;

(5) about perpetuating the decision of the Akali Ministry for maintaining perennial and double supply of water to the farmers for securing double production of foodgrains and their scheme to keep the tube-wells in action;

(6) about extending the facilities of canal water and supplying fertilizers and diesel at cheaper rates to the farmers for increasing the production which is the main occupation of the farmers and in the absence of purchase of cotton (Narma) by the Government in the markets and the declining prices thereof;

(7) about the removal of discrimination in the distribution of sugar in rural and urban areas for which empty promises have been made;

(8) about the immediate implementation of the scheme formulated for giving more facilities to the Government employees in order to increase the efficiency of transport services;

(9) about the time by which the schemes for the welfare of Backward Classes referred to in the Address would be implemented;

(10) about the increase in poverty due to rising prices whereas the Governor has supported the slogan of "Garibi Hatao" raised by the Prime Minister."

The motion was lost.

Mr. Speaker: Question is—

That in the motion, the following be added at the end, namely:—
"but regret that—

(a) the Address reveals an amazing and complete lack of awareness of the problems and difficulties facing the industrial working class in the State;

(b) the Address is silent about the unprecedented (extent to which corruption has reached in the State and makes no mention of any measure for fighting and reducing the same;

(c) the Address maintains absolute silence about the most heinous crimes and innumerable illegal acts which the police has been committing in the State; and

(d) the Address shows complacency about the rise in prices for essential commodities and falsely paints a rosy picture."

[Mr. Speaker]

(After ascertaining the votes of the House by voices, Mr. Speaker said 'I think Noes have it.' This opinion was challenged. The bells were sounded. The question was put again and Mr. Speaker said 'I think Noes have it'. Again it was challenged. The Members were asked to rise in their places. Twenty two Members rose in support of the Motion and fifty eight against the motion. The motion was declared lost.)

Ayes : 22

Noes : 58

The motion was lost.

Mr. Speaker : Question is—

"That an Address be presented to the Governor in the following terms :—

'That the Members of this House assembled in this Session are deeply grateful to the Governor for the Address which he has been pleased to deliver to the House on the 22nd March, 1972.'"

The motion was carried.

THIRD REPORT OF THE BUSINESS ADVISORY COMMITTEE

Mr. Speaker : I Have to report to the House the programme of the Punjab Vidhan Sabha as contained in the Third Report of the Business Advisory Committee. It reads as under :—

After some discussion the Committee recommended that the following business be transacted at the sitting to be held on the 8th April, 1972 :—

Saturday, the 8th April

1. Motion for the adjournment of the House till Monday, the 24th April, 1972.

2. The Punjab Gram Panchayat (Amendment) Bill, 1972.

(One hour)

3. Official Resolution under Article 252(1) of the Constitution for authorising the Parliament to enact a uniform Law throughout India for the protection of Wild animals and birds.

(15 minutes)

5. Official Resolution regarding ratification of the Constitution (Twenty-Fifth Amendment) Bill, 1971, as passed by both Houses of Parliament. (Remaining time)

To this extent, the earlier decision of the House will stand modified.

The Committee also recommended that the following time be allocated to various items of business to be transacted at sittings to be held from 24th April, 1972, onwards :-

General Discussion on the Budget. — 4 days

Discussion on Demands for Grant as under :—

(i) General Administration and Police. — One day

Development Minister (Captain Rattan Singh) : Sir, I beg to move—

> That this House agrees with the recommendations contained in the Third Report of the Business Advisory Committee.

Mr. Speaker : Motion moved—

> That this House agrees with the recommendations contained in the Third Report of the Business Advisory Committee.

Mr. Speaker : Question is—

> That this House agrees with the recommendations contained in the Third Report of the Business Advisory Committee.

The motion was carried

Mr. Speaker : The House stands adjourned till 9.00 a. m. on Saturday, the 8th April, 1972.

1.50 p.m. | *(The Sabha then adjourned till 9.00 A.M. on Saturday, the 8th April, 1972.)*

—

231—15-9-72—300 ਪੰਜਾਬ ਗੌਰਮਿੰਟ ਪਰੈਸ, ਪਟਿਆਲਾ ।

B-18287